ੴ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਸਟੀਕ

# ਗੁਰਬਾਣੀ ਅਰਥ-ਭੰਡਾਰ

## ਪੋਥੀ ਦਸਵੀਂ

{ਅੰਗ ੧੧੧੯ ਤੋਂ ੧੨੫੩ ਤੱਕ}

ਟੀਕਾਕਾਰ :
ਸੰਤ ਹਰੀ ਸਿੰਘ 'ਰੰਧਾਵੇ ਵਾਲੇ'
ਸੰਪ੍ਰਦਾ ਦਮਦਮੀ ਟਕਸਾਲ

ੴ ਸਤਿਗੁਰ ਪ੍ਰਸਾਦਿ॥

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਸਟੀਕ

# ਗੁਰਬਾਣੀ ਅਰਥ-ਭੰਡਾਰ

## ਪੋਥੀ ਦਸਵੀਂ

[ਅੰਗ ੧੧੧੮ ਤੋਂ ੧੨੫੩ ਤਕ]


*ਟੀਕਾਕਾਰ :*

**ਬਾਬਾ ਹਰੀ ਸਿੰਘ 'ਰੰਧਾਵੇ ਵਾਲੇ'**

ਸੰਪ੍ਰਦਾ ਦਮਦਮੀ ਟਕਸਾਲ



*ਪ੍ਰਕਾਸ਼ਕ :*

**ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:)**

ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ

ਮੋਬਾਈਲ : 98158-35035, 98551-03132, 99149-36036

GURBANI ARTH BHANDAR – Vol. X

[An annotation of the Sikh Scripture]

*by*

BABA HARI SINGH 'RANDHAWE WALE'

*Published by*

**KHALSA CHARITABLE TRUST (REGD.)**

**GURMAT VIDYALA, JATHA RANDHAWA**

CHANDIGARH ROAD, NEAR GURDWARA JYOTI SAROOP,
DISTT. FATEHGARH SAHIB, PUNJAB (INDIA)
MOBILE : 98158-35035, 98551-03132, 99149-36036

© ਟੀਕਾਕਾਰ

*ਜਿਸ ਤਰ੍ਹਾਂ ਦਸ ਗੁਰੂ ਸਾਹਿਬਾਨਾਂ ਨੇ ਗੁਰਬਾਣੀ ਦਾ ਸਤਿਕਾਰ ਕਰਨਾ, ਸ਼ੁਧ ਪੜ੍ਹਨਾ, ਵਿਚਾਰਨਾ ਤੇ ਮੰਨਣ ਕਰਨਾ ਦੱਸਿਆ ਹੈ, ਉਸੇ ਉਪਦੇਸ਼ ਨੂੰ ਮੁਖ ਰੱਖਦਿਆਂ ਸਾਨੂੰ ਗੁਰਬਾਣੀ ਦੀਆਂ ਪੋਥੀਆਂ ਦਾ ਵੱਧ ਤੋਂ ਵੱਧ ਅਦਬ ਕਰਨਾ ਚਾਹੀਦਾ ਹੈ, ਨੰਗੇ ਸਿਰ, ਜੋੜੇ ਪਾ ਕੇ ਜਾਂ ਜੂਠੇ ਹੱਥਾਂ ਨਾਲ ਪੋਥੀਆਂ ਪੜ੍ਹਨੀਆਂ ਨਹੀਂ ਚਾਹੀਦੀਆਂ। ਜੇਕਰ ਘਰ ਦੇ ਵਿਚ ਗੁਰਬਾਣੀ ਦੀਆਂ ਪੋਥੀਆਂ ਦਾ ਸਤਿਕਾਰ ਨਾ ਹੋ ਸਕੇ ਤਾਂ ਗੁਰੂ ਘਰ ਜਾਂ ਕਿਸੇ ਰਹਿਤ ਬਹਿਤ ਵਾਲੇ ਗੁਰਮੁਖ ਸੱਜਣ ਨੂੰ ਪੋਥੀਆਂ ਭੇਟਾ ਕਰ ਦੇਣੀਆਂ ਚਾਹੀਦੀਆਂ ਹਨ ਤੇ ਗੁਰਬਾਣੀ ਦਾ ਸਤਿਕਾਰ ਕਰਨਾ ਚਾਹੀਦਾ ਹੈ।*

ਪਹਿਲੀ ਵਾਰ ਅਗਸਤ ੨੦੧੭

**ਭੇਟਾ :**

***ਗੁਰਬਾਣੀ ਦਾ ਪ੍ਰੇਮ ਸਹਿਤ ਪੜ੍ਹਨਾ, ਵਿਚਾਰਨਾ ਅਤੇ ਅਦਬ ਕਰਨਾ ਹੀ ਇਸ ਸਟੀਕ ਦੀ ਭੇਟਾ ਹੈ।***

*ਪ੍ਰਕਾਸ਼ਕ :*

**ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:)**

**ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ**

ਚੰਡੀਗੜ੍ਹ ਰੋਡ, ਨੇੜੇ ਗੁਰਦੁਆਰਾ ਜੋਤੀ ਸਰੂਪ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ,
ਪੰਜਾਬ (ਭਾਰਤ)

*ਪ੍ਰਿੰਟਰ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ ਸਟੀਕ

## ਰਾਗੁ ਕੇਦਾਰਾ


**ਰਾਗੁ ਕੇਦਾਰਾ ਮਹਲਾ ੪**

ਮੇਰੇ ਮਨ ਰਾਮ ਨਾਮ ੧੩
ਮੇਰੇ ਮਨ ਹਰਿ ਹਰਿ ਗੁਨ ੧੫

**ਮਹਲਾ ੫**

ਮਾਈ ਸੰਤ ਸੰਗਿ ਜਾਗੀ ੧੬
ਦੀਨ ਬਿਨਉ ਸੁਨੁ ੧੭
ਸਰਨੀ ਆਇਓ ਨਾਥ ੧੯
ਹਰਿ ਕੇ ਦਰਸਨ ਕੋ ਮਨਿ ੨੦
ਪ੍ਰਿਅ ਕੀ ਪ੍ਰੀਤਿ ਪਿਆਰੀ ੨੧
ਹਰਿ ਹਰਿ ਹਰਿ ਗੁਨ ੨੨
ਹਰਿ ਬਿਨੁ ਜਨਮ ੨੩
ਹਰਿ ਬਿਨੁ ਕੋਇ ਨ ੨੪
ਬਿਸਰਤ ਨਾਹਿ ਮਨ ਤੇ ੨੫
ਪ੍ਰੀਤਮ ਬਸਤ ਰਿਦ ਮਹਿ ੨੬
ਰਸਨਾ ਰਾਮ ਰਾਮ ੨੭
ਹਰਿ ਕੇ ਨਾਮ ਕੋ ਆਧਾਰ ੨੮
ਹਰਿ ਕੇ ਨਾਮੁ ਬਿਨੁ ਧ੍ਰਿਗੁ ੨੯
ਸੰਤਹ ਧੂਰਿ ਲੇ ਮੁਖਿ ੩੦
ਹਰਿ ਕੇ ਨਾਮ ਕੀ ਮਨ ੩੧

**ਛੰਤ ਮਹਲਾ ੫**

ਮਿਲੁ ਮੇਰੇ ਪ੍ਰੀਤਮ ੩੨

**ਬਾਣੀ ਕਬੀਰ ਜੀਉ ਕੀ**

ਉਸਤਤਿ ਨਿੰਦਾ ਦੋਊ ੩੬
ਕਿਨਹੀ ਬਨਜਿਆ ੩੮
ਰੀ ਕਲਵਾਰਿ ਗਵਾਰਿ ੩੯
ਕਾਮ ਕ੍ਰੋਧ ਤ੍ਰਿਸਨਾ ਕੇ ੪੧
ਟੇਢੀ ਪਾਗ ਟੇਢੇ ਚਲੇ ੪੨
ਚਾਰਿ ਦਿਨ ਅਪਨੀ ੪੩

**ਰਵਿਦਾਸ ਜੀਉ**

ਖਟੁ ਕਰਮ ਕੁਲ ੪੪


## ਰਾਗੁ ਭੈਰਉ


**ਮਹਲਾ ੧**

ਤੁਝ ਤੇ ਬਾਹਰਿ ਕਿਛੂ ਨ ੪੮
ਗੁਰ ਕੈ ਸਬਦਿ ਤਰੇ ੪੯
ਨੈਨੀ ਦ੍ਰਿਸਟਿ ਨਹੀ ੫੧
ਭੂੰਡੀ ਚਾਲ ਚਰਣ ਕਰ ੫੨
ਸਗਲੀ ਰੈਣਿ ਸੋਵਤ ੫੪
ਗੁਰ ਕੈ ਸੰਗਿ ਰਹੈ ਦਿਨ ੫੫
ਹਿਰਦੈ ਨਾਮੁ ਸਰਬ ਧਨੁ ੫੮
ਜਗਨ ਹੋਮ ਪੁੰਨ ਤਪ ੬੦

**ਮਹਲਾ ੩**

ਜਾਤਿ ਕਾ ਗਰਬੁ ਨ ੬੨
ਜੋਗੀ ਗ੍ਰਿਹੀ ਪੰਡਿਤ ੬੩
ਜਾ ਕਉ ਰਾਖੈ ਅਪਣੀ ੬੪
ਮੈ ਕਾਮਣਿ ਮੇਰਾ ਕੰਤੁ ੬੬
ਸੋ ਮੁਨਿ ਜਿ ਮਨ ਕੀ ੬੭
ਰਾਮ ਨਾਮੁ ਜਗਤ ੬੮
ਨਾਮੇ ਉਧਰੇ ਸਭਿ ੬੯
ਗੋਵਿੰਦ ਪ੍ਰੀਤਿ ੭੦
ਕਲਜੁਗ ਮਹਿ ਰਾਮ ੭੧
ਕਲਜੁਗ ਮਹਿ ਬਹੁ ੭੨
ਦੁਬਿਧਾ ਮਨਮੁਖ ਰੋਗਿ ੭੩
ਮਨਮੁਖਿ ਦੁਬਿਧਾ ਸਦਾ ੭੫
ਦੁਖ ਵਿਚਿ ਜੰਮੈ ਦੁਖਿ ੭੬
ਸਬਦੁ ਬੀਚਾਰੇ ਸੋ ਜਨੁ ੭੮

ਮਨਮੁਖ ਆਸਾ ਨਹੀ ੭੯
ਕਲਿ ਮਹਿ ਪ੍ਰੇਤ ਜਿਨ੍ਹੀ ੮੧
ਮਨਸਾ ਮਨਹਿ ਸਮਾਇ ਲੈ ੮੨
ਬਾਝੁ ਗੁਰੂ ਜਗਤੁ ੮੪
ਹਉਮੈ ਮਾਇਆ ਮੋਹਿ ੮੫
ਮੇਰੀ ਪਟੀਆ ਲਿਖਹੁ ੮੭
ਆਪੇ ਦੈਤ ਲਾਇ ਦਿਤੇ ੯੦

**ਮਹਲਾ ੪**

ਹਰਿ ਜਨ ਸੰਤ ਕਰਿ ੯੨
ਬੋਲਿ ਹਰਿ ਨਾਮੁ ਸਫਲ ੯੩
ਸੁਕ੍ਰਿਤੁ ਕਰਣੀ ਸਾਰੁ ੯੪
ਸਭਿ ਘਟ ਤੇਰੇ ਤੂ ੯੬
ਹਰਿ ਕਾ ਸੰਤੁ ਹਰਿ ਕੀ ੯੭
ਤੇ ਸਾਧੂ ਹਰਿ ਮੇਲਹੁ ੯੯
ਸਤਸੰਗਤਿ ਸਾਈ ਹਰਿ ੧੦੦

**ਮਹਲਾ ੫**

ਸਗਲੀ ਥੀਤਿ ਪਾਸਿ ੧੦੨
ਊਠਤ ਸੁਖੀਆ ਬੈਠਤ ੧੦੪
ਵਰਤ ਨ ਰਹਉ ਨ ਮਹ ੧੦੫
ਦਸ ਮਿਰਗੀ ਸਹਜੇ ੧੦੮
ਜੇ ਸਉ ਲੋਚਿ ਲੋਚਿ ੧੦੯
ਜੀਉ ਪ੍ਰਾਣ ਜਿਨਿ ੧੧੧
ਆਗੈ ਦਯੁ ਪਾਛੈ ੧੧੨
ਕੋਟਿ ਮਨੋਰਥ ਆਵਹਿ ੧੧੩
ਲੇਪੁ ਨ ਲਾਗੋ ਤਿਲ ਕਾ ੧੧੫
ਖੂਬੁ ਖੂਬੁ ਖੂਬੁ ਖੂਬੁ ੧੧੬
ਸਾਚ ਪਦਾਰਥੁ ੧੧੭
ਸਤਿਗੁਰ ਸੇਵਿ ਸਰਬ ੧੧੮
ਅਪਣੇ ਦਾਸ ਕਉ ਕੰਠਿ ੧੧੯
ਸ੍ਰੀਧਰ ਮੋਹਨ ਸਗਲ ੧੨੦
ਬਨ ਮਹਿ ਪੇਖਿਓ ਤ੍ਰਿਣ ੧੨੨
ਨਿਕਟਿ ਬੁਝੈ ਸੋ ਬੁਰਾ ੧੨੪
ਜਿਸੁ ਤੂ ਰਾਖਹਿ ਤਿਸੁ ੧੨੬
ਤਉ ਕੜੀਐ ਜੇ ਹੋਵੈ ੧੨੮
ਬਿਨੁ ਬਾਜੇ ਕੈਸੋ ਨਿਰਤਿਕਾਰੀ ੧੩੦
ਹਉਮੈ ਰੋਗੁ ਮਾਨੁਖ ਕਉ ੧੩੨
ਚੀਤਿ ਆਵੈ ਤਾਂ ਮਹਾ ੧੩੪
ਬਾਪੁ ਹਮਾਰਾ ਸਦ ੧੩੫
ਨਿਰਵੈਰ ਪੁਰਖ ਸਤਿਗੁਰ ੧੩੮
ਸਤਿਗੁਰੁ ਮੇਰਾ ਬੇਮੁਹਤਾਜੁ ੧੪੧
ਨਾਮੁ ਲੈਤ ਮਨੁ ਪਰਗਟੁ ੧੪੩
ਨਮਸਕਾਰ ਤਾ ਕਉ ੧੪੪
ਮੋਹਿ ਦੁਹਾਗਨਿ ਆਪਿ ੧੪੬
ਚਿਤਵਤ ਪਾਪ ਨ ੧੪੮
ਅਪਣੀ ਦਇਆ ਕਰੇ ਸੋ ੧੪੯
ਨਾਮੁ ਹਮਾਰੈ ਅੰਤਰਜਾਮੀ ੧੫੧
ਤੂ ਮੇਰਾ ਪਿਤਾ ਤੂਹੈ ਮੇਰਾ ੧੫੩
ਸਭ ਤੇ ਊਚ ਜਾ ਕਾ ਦਰਬਾਰੁ ੧੫੫
ਰੋਵਨਹਾਰੀ ਰੋਜੁ ਬਨਾਇਆ ੧੫੬
ਸੰਤ ਕੀ ਨਿੰਦਾ ਜੋਨੀ ੧੫੮
ਨਾਮੁ ਹਮਾਰੈ ਬੇਦ ਅਰੁ ੧੬੧
ਨਿਰਧਨ ਕਉ ਤੁਮ ੧੬੩
ਸੰਤ ਮੰਡਲ ਮਹਿ ਹਰਿ ੧੬੫
ਰੋਗੁ ਕਵਨੁ ਜਾਂ ਰਾਖੈ ੧੬੬
ਤੇਰੀ ਟੇਕ ਰਹਾ ਕਲਿ ੧੬੮
ਪ੍ਰਥਮੇ ਛੋਡੀ ਪਰਾਈ ੧੬੯
ਸੁਖੁ ਨਾਹੀ ਬਹੁਤੈ ਧਨਿ ੧੭੧
ਗੁਰ ਮਿਲਿ ਤਿਆਗਿਓ ੧੭੩
ਸਭ ਤੇ ਊਚਾ ਜਾ ਕਾ ਨਾਉ ੧੭੪
ਜਿਸੁ ਸਿਮਰਤ ਮਨਿ ੧੭੬
ਲਾਜ ਮਰੈ ਜੋ ਨਾਮੁ ਨ ੧੭੭
ਗੁਰ ਸੁਪ੍ਰਸੰਨ ਹੋਏ ਭਉ ੧੮੦
ਕਰਣ ਕਾਰਣ ਸਮਰਥੁ ੧੮੧
ਮਨੁ ਤਨੁ ਰਾਤਾ ਰਾਮ ੧੮੩
ਨਾਮੁ ਲੈਤ ਕਿਛੁ ਬਿਘਨੁ ੧੮੪
ਆਪੇ ਸਾਸਤੁ ਆਪੇ ਬੇਦੁ ੧੮੬
ਭਗਤਾ ਮਨਿ ਆਨੰਦੁ ੧੮੮
ਭੈ ਕਉ ਭਉ ਪੜਿਆ ੧੯੦
ਪੰਚ ਮਜਮੀ ਜੋ ਪੰਚ ਨ ੧੯੧
ਨਿੰਦਕ ਕਉ ਫਿਟਕੇ ੧੯੩
ਦੁਇ ਕਰ ਜੋਰਿ ਕਰਉ ੧੯੪
ਸਤਿਗੁਰ ਅਪੁਨੇ ਸੁਨੀ ੧੯੬
ਪਰਤਿਪਾਲ ਪ੍ਰਭ ਕ੍ਰਿਪਾਲ ੧੯੮

**ਅਸਟਪਦੀਆ ਮਹਲਾ ੧**

ਆਤਮ ਮਹਿ ਰਾਮੁ ਰਾਮ ੨੦੦

**ਮਹਲਾ ੩**

ਤਿਨਿ ਕਰਤੈ ਇਕੁ ੨੦੩
ਗੁਰ ਸੇਵਾ ਤੇ ਅੰਮ੍ਰਿਤ ੨੧੦

**ਮਹਲਾ ੫ ਅਸਟਪਦੀਆ**

ਜਿਸੁ ਨਾਮੁ ਰਿਦੈ ਸੋਈ ੨੧੨
ਕੋਟਿ ਬਿਸਨ ਕੀਨੇ ਅਵਤਾਰ ੨੧੬
ਸਤਿਗੁਰਿ ਮੋਕਉ ਕੀਨੋ ੨੧੯

**ਭਗਤ ਕਬੀਰ ਜੀਉ**

ਇਹੁ ਧਨੁ ਮੇਰੇ ਹਰਿ ਕੋ ੨੨੩
ਨਾਂਗੇ ਆਵਨੁ ਨਾਂਗੇ ੨੨੪
ਮੈਲਾ ਬ੍ਰਹਮਾ ਮੈਲਾ ਇੰਦੁ ੨੨੬
ਮਨੁ ਕਰਿ ਮਕਾ ਕਿਬਲਾ ੨੨੯
ਗੰਗਾ ਕੇ ਸੰਗ ਸਲਿਤਾ ੨੩੦
ਮਾਥੇ ਤਿਲਕੁ ਹਥਿ ੨੩੧
ਉਲਟਿ ਜਾਤਿ ਕੁਲ ੨੩੨
ਨਿਰਧਨ ਆਦਰੁ ਕੋਈ ੨੩੪
ਗੁਰ ਸੇਵਾ ਤੇ ਭਗਤਿ ੨੩੬
ਸਿਵ ਕੀ ਪੁਰੀ ਬਸੈ ਬੁਧਿ ੨੩੯
ਸੋ ਮੁਲਾਂ ਜੋ ਮਨ ਸਿਉ ੨੪੨
ਜੋ ਪਾਥਰ ਕਉ ਕਹਤੇ ੨੪੫
ਜਲ ਮਹਿ ਮੀਨ ਮਾਇਆ ੨੪੭
ਜਬ ਲਗੁ ਮੇਰੀ ਮੇਰੀ ੨੪੯
ਸਤਰਿ ਸੈਇ ਸਲਾਰ ਹੈ ੨੫੦
ਸਭੁ ਕੋਈ ਚਲਨ ਕਹਤ ੨੫੩
ਕਿਉ ਲੀਜੈ ਗਢੁ ਬੰਕਾ ੨੫੪
ਗੰਗ ਗੁਸਾਇਨਿ ਗਹਿਰ ੨੫੭
ਅਗਮ ਦ੍ਰੁਗਮ ਗੜਿ ੨੫੮
ਕੋਟਿ ਸੂਰ ਜਾ ਕੈ ੨੬੩

**ਨਾਮਦੇਵ ਜੀਉ ਕੀ**

ਰੇ ਜਿਹਬਾ ਕਰਉ ਸਤ ਖੰਡ ੨੬੬
ਪਰ ਧਨ ਪਰ ਦਾਰਾ ਪਰ ੨੬੭
ਦੂਧ ਕਟੋਰੈ ਗਡਵੈ ਪਾਨੀ ੨੬੯
ਮੈ ਬਉਰੀ ਮੇਰਾ ਰਾਮੁ ੨੭੧
ਕਬਹੂ ਖੀਰਿ ਖਾਡ ਘੀਉ ੨੭੨
ਹਸਤ ਖੇਲਤ ਤੇਰੇ ਦੇਹੁਰੇ ੨੭੪
ਜੈਸੀ ਭੂਖੇ ਪ੍ਰੀਤਿ ਅਨਾਜ ੨੭੫
ਘਰ ਕੀ ਨਾਰਿ ਤਿਆਗੈ ੨੭੬
ਸੰਡਾ ਮਰਕਾ ਜਾਇ ੨੭੯
ਸੁਲਤਾਨੁ ਪੂਛੈ ਸੁਨੁ ਬੇ ੨੮੧
ਜਉ ਗੁਰਦੇਉ ਤ ਮਿਲੈ ੨੮੭

**ਰਵਿਦਾਸ ਜੀਉ ਕੀ**

ਬਿਨੁ ਦੇਖੈ ਉਪਜੈ ਨਹੀ ਆਸਾ ੨੯੪

**ਨਾਮਦੇਵ**

ਆਉ ਕਲੰਦਰ ਕੇਸਵਾ ੨੯੭


## ਰਾਗੁ ਬਸੰਤੁ


**ਮਹਲਾ ੧**

ਮਾਹਾ ਮਾਹ ਮੁਮਾਰਖੀ ੩੦੦
ਰੁਤਿ ਆਈਲੇ ਸਰਸ ੩੦੨
ਸੁਇਨੇ ਕਾ ਚਉਕਾ ੩੦੪

**ਮਹਲਾ ੩**

ਬਸਤ੍ਰ ਉਤਾਰਿ ਦਿਗੰਬਰੁ ੩੦੬

**ਮਹਲਾ ੧**

ਸਗਲ ਭਵਨ ਤੇਰੀ ੩੦੮
ਮੇਰੀ ਸਖੀ ਸਹੇਲੀ ੩੧੦
ਆਪੇ ਕੁਦਰਤਿ ਕਰੇ ਸਾਜਿ ੩੧੨

**ਮਹਲਾ ੩**

ਸਾਹਿਬ ਭਾਵੈ ਸੇਵਕੁ ੩੧੪

**ਮਹਲਾ ੧**

ਸਾਲਗ੍ਰਾਮ ਬਿਪ ਪੂਜਿ ੩੧੫
ਸਾਹੁਰੜੀ ਵਥੁ ਸਭੁ ਕਿਛੁ ਸਾਝੀ ੩੧੭
ਰਾਜਾ ਬਾਲਕੁ ਨਗਰੀ ੩੧੯
ਸਾਚਾ ਸਾਹੁ ਗੁਰੂ ਸੁਖਦਾਤਾ ੩੨੨

**ਮਹਲਾ ੩**

ਮਾਹਾ ਰੁਤੀ ਮਹਿ ਸਦ ੩੨੪
ਰਾਤੇ ਸਾਚਿ ਹਰਿ ਨਾਮਿ ੩੨੫
ਹਰਿ ਸੇਵੇ ਸੋ ਹਰਿ ਕਾ ੩੨੭
ਅੰਤਰਿ ਪੂਜਾ ਮਨ ਤੇ ੩੨੯
ਭਗਤਿ ਵਛਲੁ ਹਰਿ ੩੩੦
ਮਾਇਆ ਮੋਹੁ ਸਬਦਿ ੩੩੨
ਪੂਰੈ ਭਾਗਿ ਸਚੁ ਕਾਰ ੩੩੩
ਭਗਤਿ ਕਰਹਿ ਜਨ ੩੩੫
ਨਾਮਿ ਰਤੇ ਕੁਲਾਂ ਕਾ ੩੩੭
ਬਿਨੁ ਕਰਮਾ ਸਭ ੩੩੮
ਕ੍ਰਿਪਾ ਕਰੇ ਸਤਿਗੁਰੂ ੩੪੦
ਗੁਰ ਸਬਦੀ ਹਰਿ ਚੇਤਿ ੩੪੨
ਤੇਰਾ ਕੀਆ ਕਿਰਮ ਜੰਤੁ ੩੪੩
ਬਨਸਪਤਿ ਮਉਲੀ ੩੪੪
ਸਭਿ ਜੁਗ ਤੇਰੇ ਕੀਤੇ ੩੪੫
ਤਿਨ੍ ਬਸੰਤੁ ਜੋ ਹਰਿ ੩੪੬
ਬਸੰਤੁ ਚੜਿਆ ਫੂਲੀ ੩੪੮
ਗੁਰ ਕੀ ਬਾਣੀ ਵਿਟਹੁ ੩੪੯

**ਮਹਲਾ ੪**

ਜਿਉ ਪਸਰੀ ਸੂਰਜ ੩੫੧
ਰੈਣਿ ਦਿਨਸੁ ਦੁਇ ਸਦੇ ੩੫੨
ਰਾਮ ਨਾਮੁ ਰਤਨ ਕੋਠੜੀ ੩੫੩
ਤੁਮ੍ ਵਡ ਪੁਰਖ ਵਡ ੩੫੫
ਮੇਰਾ ਇਕੁ ਖਿਨੁ ਮਨੂਆ ੩੫੬
ਮਨੁ ਖਿਨੁ ਖਿਨੁ ਭਰਮਿ ੩੫੮
ਆਵਣ ਜਾਣੁ ਭਇਆ ੩੬੦

**ਮਹਲਾ ੫**

ਗੁਰੁ ਸੇਵਉ ਕਰਿ ਨਮਸਕਾਰ ੩੬੨
ਹਟਵਾਣੀ ਧਨ ਮਾਲ ੩੬੩
ਤਿਸੁ ਬਸੰਤੁ ਜਿਸੁ ਪ੍ਰਭੁ ੩੬੫
ਜੀਅ ਪ੍ਰਾਣ ਤੁਮ੍ ਪਿੰਡ ੩੬੬
ਪ੍ਰਭ ਪ੍ਰੀਤਮ ਮੇਰੈ ਸੰਗਿ ੩੬੮
ਮਿਲਿ ਪਾਣੀ ਜਿਉ ਹਰੇ ੩੬੯
ਤੁਮ ਬਡ ਦਾਤੇ ਦੇ ਰਹੇ ੩੭੧
ਤਿਸੁ ਤੂ ਸੇਵਿ ਜਿਨਿ ਤੂ ੩੭੨
ਜਿਸੁ ਬੋਲਤ ਮੁਖੁ ੩੭੪
ਮਨ ਤਨ ਭੀਤਰਿ ਲਾਗੀ ੩੭੬
ਰਾਮ ਰੰਗਿ ਸਭ ਗਏ ੩੭੭
ਸਚੁ ਪਰਮੇਸਰੁ ਨਿਤ ੩੭੮
ਗੁਰ ਚਰਣ ਸਰੇਵਤ ੩੮੦
ਸਗਲ ਇਛਾ ਜਪਿ ਪੁੰਨੀਆ ੩੮੨
ਕਿਲਬਿਖ ਬਿਨਸੇ ੩੮੩
ਰੋਗ ਮਿਟਾਏ ਪ੍ਰਭੂ ੩੮੪
ਹੁਕਮੁ ਕਰਿ ਕੀਨੇ੍ ੩੮੫
ਦੇਖੁ ਫੂਲ ਫੂਲ ਫੂਲੇ ੩੮੬
ਹੋਇ ਇਕਤ੍ਰ ਮਿਲਹੁ ੩੮੮
ਤੇਰੀ ਕੁਦਰਤਿ ਤੂਹੈ ੩੯੦
ਮੂਲੁ ਨ ਬੂਝੈ ਆਪੁ ਨ ਸੂਝੈ ੩੯੧

**ਮਹਲਾ ੯**

ਸਾਧੋ ਇਹ ਤਨੁ ਮਿਥਿਆ ੩੯੨
ਪਾਪੀ ਹੀਐ ਮੈ ਕਾਮੁ ੩੯੩
ਮਾਈ ਮੈ ਧਨੁ ਪਾਇਓ ੩੯੪
ਮਨ ਕਹਾ ਬਿਸਾਰਿਓ ੩੯੫
ਕਹਾ ਭੂਲਿਓ ਰੇ ਝੂਠੇ ੩੯੬

**ਮਹਲਾ ੧ ਅਸਟਪਦੀਆ**

ਜਗੁ ਕਊਆ ਨਾਮੁ ਨਹੀ ੩੯੮
ਮਨੁ ਭੂਲਉ ਭਰਮਸਿ ੪੦੧
ਦਰਸਨ ਕੀ ਪਿਆਸ ੪੦੪
ਚੰਚਲੁ ਚੀਤੁ ਨ ਪਾਵੈ ੪੦੭
ਮਤੁ ਭਸਮ ਅੰਧੂਲੇ ੪੧੧
ਦੁਬਿਧਾ ਦੁਰਮਤਿ ਅਧੁਲੀ ੪੧੩
ਆਪੇ ਭਵਰਾ ਫੂਲ ਬੇਲਿ ੪੧੪

**ਮਹਲਾ ੧**

ਨਉ ਸਤ ਚਉਦਹ ਤੀਨਿ ਚਾਰਿ ੪੧੬

**ਮਹਲਾ ੪**

ਕਾਂਇਆ ਨਗਰਿ ਇਕੁ ੪੨੦

**ਮਹਲਾ ੫**

ਸੁਣਿ ਸਾਖੀ ਮਨ ਜਪਿ ੪੨੨
ਅਨਿਕ ਜਨਮ ਭ੍ਰਮੇ ੪੩੫

**ਬਸੰਤ ਕੀ ਵਾਰ ਮਹਲੁ ੫**

ਹਰਿ ਕਾ ਨਾਮੁ ਧਿਆਇ ਕੈ ੪੩੮

**ਕਬੀਰ ਜੀ**

ਮਉਲੀ ਧਰਤੀ ਮਉਲਿਆ ੪੪੨
ਪੰਡਿਤ ਜਨ ਮਾਤੇ ਪੜ੍ਹਿ ੪੪੩
ਜੋਇ ਖਸਮੁ ਹੈ ਜਾਇਆ ੪੪੬
ਪ੍ਰਹਲਾਦ ਪਠਾਏ ੪੫੦
ਇਸੁ ਤਨ ਮਨ ਮਧੇ ੪੫੨
ਨਾਇਕੁ ਏਕੁ ਬਨਜਾਰੇ ੪੫੩
ਮਾਤਾ ਜੂਠੀ ਪਿਤਾ ਭੀ ਜੂਠਾ ੪੫੭

**ਰਾਮਾਨੰਦ ਜੀ**

ਕਤ ਜਾਈਐ ਰੇ ਘਰ ੪੫੯

**ਨਾਮਦੇਉ ਜੀ ਕੀ**

ਸਾਹਿਬੁ ਸੰਕਟਵੈ ਸੇਵਕੁ ੪੬੧
ਲੋਭ ਲਹਰਿ ਅਤਿ ਨੀਝਰ ੪੬੨
ਸਹਜ ਅਵਲਿ ਧੂੜਿ ੪੬੩

**ਰਵਿਦਾਸ ਕੀ**

ਤੁਝਹਿ ਸੁਝੰਤਾ ਕਛੂ ਨਾਹਿ ੪੬੫

**ਕਬੀਰ ਜੀਉ**

ਸੁਰਹ ਕੀ ਜੈਸੀ ਤੇਰੀ ਚਾਲ ੪੬੭


## ਰਾਗੁ ਸਾਰਗ


**ਮਹਲਾ ੧**

ਅਪੁਨੇ ਠਾਕੁਰ ਕੀ ਹਉ ੪੭੦
ਹਰਿ ਬਿਨੁ ਕਿਉ ਰਹੀਐ ੪੭੨
ਦੂਰਿ ਨਾਹੀ ਮੇਰੋ ਪ੍ਰਭੁ ੪੭੪

**ਮਹਲਾ ੪**

ਹਰਿ ਕੇ ਸੰਤ ਜਨਾ ਕੀ ੪੭੬
ਗੋਬਿੰਦ ਚਰਨਨ ਕਉ ੪੭੭
ਹਰਿ ਹਰਿ ਅੰਮ੍ਰਿਤ ਨਾਮੁ ੪੭੯
ਗੋਬਿਦ ਕੀ ਐਸੀ ਕਾਰ ੪੮੧
ਮੇਰਾ ਮਨੁ ਰਾਮ ਨਾਮਿ ੪੮੩
ਜਪ ਮਨ ਰਾਮ ਨਾਮੁ ੪੮੪
ਕਾਹੇ ਪੂਤ ਝਗਰਤਹਉ ੪੮੬
ਜਪਿ ਮਨ ਜਗੰਨਾਥ ੪੮੮
ਜਪਿ ਮਨ ਨਰਹਰੇ ੪੯੧
ਜਪਿ ਮਨ ਮਾਧੋ ਮਧੁਸੂਦਨੋ ੪੯੪
ਜਪਿ ਮਨ ਨਿਰਭਉ ੪੯੭
ਜਪਿ ਮਨ ਗੋਵਿੰਦੁ ਹਰਿ ੪੯੮
ਜਪਿ ਮਨ ਸਿਰੀ ਰਾਮੁ ੫੦੦

**ਮਹਲਾ ੫**

ਸਤਿਗੁਰ ਮੂਰਤਿ ਕਉ ੫੦੨
ਹਰਿ ਜੀਉ ਅੰਤਰਜਾਮੀ ੫੦੮
ਅਬ ਮੋਰੋ ਨਾਚਨੋ ਰਹੋ ੫੧੦
ਅਬ ਪੂਛੇ ਕਿਆ ਕਹਾ ੫੧੩
ਮਾਈ ਧੀਰਿ ਰਹੀ ੫੧੫
ਮਾਈ ਸਤਿ ਸਤਿ ਸਤਿ ੫੧੭
ਮੇਰੈ ਮਨਿ ਬਾਸਿਬੋ ਗੁਰ ੫੧੯
ਅਬ ਮੋਹਿ ਰਾਮ ਭਰੋਸਉ ੫੨੧
ਉਇ ਸੁਖ ਕਾ ਸਿਉ ੫੨੨
ਬਿਖਈ ਦਿਨੁ ਰੈਨਿ ਇਵ ੫੨੪
ਅਵਰਿ ਸਭਿ ਭੂਲੇ ਭ੍ਰਮਤ ੫੨੭
ਅਨਦਿਨੁ ਰਾਮ ਕੇ ਗੁਣ ੫੨੯
ਬਲਿਹਾਰੀ ਗੁਰਦੇਵ ੫੩੦
ਗਾਇਓ ਰੀ ਮੈ ਗੁਣ ਨਿਧਿ ੫੩੨
ਕੈਸੇ ਕਹਉ ਮੋਹਿ ਜੀਅ ੫੩੩
ਰੇ ਮੂੜੇ ਤੂ ਕਿਉ ਸਿਮਰਤ ੫੩੬
ਕਿਉ ਜੀਵਨੁ ਪ੍ਰੀਤਮ ੫੩੭
ਉਆ ਅਉਸਰ ਕੈ ਹਉ ੫੩੮
ਮਨੋਰਥ ਪੂਰੇ ਸਤਿਗੁਰ ੫੪੧
ਮਨ ਕਹਾ ਲੁਭਾਈਐ ੫੪੨
ਮਨ ਸਦਾ ਮੰਗਲ ੫੪੩
ਹਰਿ ਜਨ ਸਗਲ ੫੪੪
ਹਰਿ ਜਨ ਰਾਮ ਰਾਮ ੫੪੫
ਮੋਹਨ ਘਰਿ ਆਵਹੁ ੫੪੬
ਅਬ ਕਿਆ ਸੋਚਉ ਸੋਚ ੫੪੮
ਅਬ ਮੋਹਿ ਸਰਬ ੫੪੯

| | |
|---|---|
| ਅਬ ਮੋਹਿ ਲਬਧਿਓ ਹੈ | ੫੫੦ |
| ਮੇਰਾ ਮਨੁ ਏਕੈ ਹੀ ਪ੍ਰਿਅ | ੫੫੧ |
| ਅਬ ਮੋਰੋ ਠਾਕੁਰ ਸਿਉ | ੫੫੨ |
| ਮੇਰੈ ਮਨਿ ਚੀਤਿ ਆਏ | ੫੫੩ |
| ਹਰਿ ਜੀਉ ਕੇ ਦਰਸਨ | ੫੫੪ |
| ਅਬ ਮੇਰੋ ਪੰਚਾ ਤੇ ਸੰਗੁ | ੫੫੫ |
| ਅਬ ਮੇਰੋ ਠਾਕੁਰ ਸਿਉ | ੫੫੬ |
| ਮੋਹਨ ਸਭਿ ਜੀਅ ਤੇਰੇ | ੫੫੭ |
| ਅਬ ਮੋਹਿ ਧਨੁ ਪਾਇਓ | ੫੫੮ |
| ਮੇਰੈ ਮਨਿ ਮਿਸਟ ਲਗੇ | ੫੫੯ |
| ਰਸਨਾ ਰਾਮ ਕਹਤ ਗੁਣ | ੫੬੨ |
| ਨੈਨਹੁ ਦੇਖਿਓ ਚਲਤੁ | ੫੬੩ |
| ਚਰਨਹ ਗੋਬਿੰਦ ਮਾਰਗੁ | ੫੬੪ |
| ਧਿਆਇਓ ਅੰਤਿ ਬਾਰ | ੫੬੬ |
| ਗੁਰ ਮਿਲਿ ਐਸੇ ਪ੍ਰਭੂ | ੫੬੭ |
| ਮੇਰੈ ਮਨਿ ਸਬਦੁ ਲਗੋ | ੫੬੮ |
| ਹਰਿ ਹਰਿ ਨਾਮੁ ਦੀਓ | ੫੬੯ |
| ਰੇ ਮੂੜੇ ਆਨ ਕਾਹੇ ਕਤ | ੫੭੦ |
| ਓਅੰ ਪ੍ਰਿਅ ਪ੍ਰੀਤਿ ਚੀਤਿ | ੫੭੧ |
| ਮਨ ਓਇ ਦਿਨਸ ਧੰਨਿ | ੫੭੨ |
| ਅਬ ਮੋਰੋ ਸਹਸਾ ਦੂਖੁ | ੫੭੩ |
| ਪ੍ਰਭੁ ਮੇਰੋ ਇਤ ਉਤ | ੫੭੪ |
| ਅਪਨਾ ਮੀਤੁ ਸੁਆਮੀ | ੫੭੫ |
| ਓਟ ਸਤਾਣੀ ਪ੍ਰਭ ਜੀਉ | ੫੭੬ |
| ਪ੍ਰਭ ਸਿਮਰਤ ਦੂਖ | ੫੭੭ |
| ਮੋਰੋ ਮਨੁ ਜਤ ਕਤ | ੫੭੮ |
| ਮਨ ਤੇ ਭੈ ਭਉ ਦੂਰਿ | ੫੭੯ |
| ਅੰਮ੍ਰਿਤ ਨਾਮੁ ਮਨਹਿ | ੫੮੦ |
| ਬਿਨੁ ਪ੍ਰਭ ਰਹਨੁ ਨ | ੫੮੧ |
| ਰਸਨਾ ਜਪਤੀ ਤੂਹੀ | ੫੮੨ |
| ਜਾਹੂ ਕਾਹੂ ਅਪੁਨੋ ਹੀ | ੫੮੪ |
| ਝੂਠੋ ਮਾਇਆ ਕੋ ਮਦ | ੫੮੫ |
| ਅਪੁਨੀ ਇਤਨੀ ਕਛੂ | ੫੮੬ |
| ਮੋਹਨੀ ਮੋਹਤ ਰਹੈ | ੫੮੭ |
| ਕਹਾ ਕਰਹਿ ਰੇ ਖਾਟਿ | ੫੮੮ |
| ਗੁਰ ਜੀਉ ਸੰਗਿ ਤੁਹਾਰੈ | ੫੮੯ |
| ਹਰਿ ਹਰਿ ਦੀਓ ਸੇਵਕ | ੫੯੦ |
| ਤੂ ਮੇਰੇ ਮੀਤ ਸਖਾ ਹਰਿ | ੫੯੧ |
| ਕਰਹੁ ਗਤਿ ਦਇਆਲ | ੫੯੩ |
| ਠਾਕੁਰ ਬਿਨਤੀ ਕਰਨ | ੫੯੪ |
| ਜਾ ਕੀ ਰਾਮ ਨਾਮ ਲਿਵ | ੫੯੫ |
| ਅਬ ਜਨ ਊਪਰਿ ਕੋ | ੫੯੬ |
| ਹਰਿਜਨ ਛੋਡਿਆ | ੫੯੭ |
| ਮੇਰੈ ਗੁਰਿ ਮੋਰੋ ਸਹਸਾ | ੫੯੮ |
| ਸਿਮਰਤ ਨਾਮੁ ਪ੍ਰਾਨ | ੫੯੯ |
| ਅਪੁਨੇ ਗੁਰ ਪੂਰੇ | ੬੦੦ |
| ਬਿਨੁ ਹਰਿ ਹੈ ਕੋ ਕਹਾ | ੬੦੦ |
| ਠਾਕੁਰ ਤੁਮ੍ ਸਰਣਾਈ | ੬੦੧ |
| ਹਰਿ ਕੇ ਨਾਮ ਕੀ ਗਤਿ | ੬੦੨ |
| ਜਿਹਵੇ ਅੰਮ੍ਰਿਤ ਗੁਣ | ੬੦੩ |
| ਹੋਤੀ ਨਹੀ ਕਵਨ ਕਛੁ | ੬੦੪ |
| ਫੀਕੇ ਹਰਿ ਕੇ ਨਾਮ ਬਿਨੁ | ੬੦੫ |
| ਆਇਓ ਸੁਨਨ ਪੜਨ | ੬੦੬ |
| ਧਨਵੰਤ ਨਾਮ ਕੇ | ੬੦੭ |
| ਪ੍ਰਭ ਜੀ ਮੋਹਿ ਕਵਨੁ | ੬੦੮ |
| ਆਵੈ ਰਾਮ ਸਰਣਿ | ੬੦੯ |
| ਜਾ ਤੇ ਸਾਧੂ ਸਰਣਿ ਗਹੀ | ੬੧੦ |
| ਰਸਨਾ ਰਾਮ ਕੋ ਜਸੁ | ੬੧੧ |
| ਬੈਕੁੰਠ ਗੋਬਿੰਦ ਚਰਨ | ੬੧੨ |
| ਸਾਚੇ ਸਤਿਗੁਰੂ ਦਾਤਾਰਾ | ੬੧੩ |
| ਗੁਰ ਕੇ ਚਰਨ ਬਸੇ ਮਨ | ੬੧੪ |
| ਜੀਵਨੁ ਤਉ ਗਨੀਐ | ੬੧੫ |
| ਸਿਮਰਨ ਰਾਮ ਕੋ ਇਕੁ | ੬੧੬ |
| ਧੂਰਤੁ ਸੋਈ ਜਿ ਧੁਰ ਕਉ | ੬੧੭ |
| ਹਰਿ ਹਰਿ ਸੰਤ ਜਨਾ ਕੀ | ੬੧੮ |
| ਹਰਿ ਕੇ ਨਾਮ ਹੀਨ | ੬੨੦ |
| ਮਨਿ ਤਨਿ ਰਾਮ ਕੋ | ੬੨੧ |
| ਹਰਿ ਕੇ ਨਾਮ ਹੀਨ ਮਤਿ | ੬੨੧ |
| ਚਿਤਵਉ ਵਾ ਅਉਸਰ | ੬੨੨ |
| ਮੇਰਾ ਪ੍ਰਭੁ ਸੰਗੇ ਅੰਤਰਜਾਮੀ | ੬੨੪ |
| ਜਾ ਕੈ ਰਾਮ ਕੋ ਬਲੁ | ੬੨੫ |
| ਜੀਵਤੁ ਰਾਮ ਕੇ ਗੁਣ | ੬੨੫ |
| ਮਨ ਰੇ ਨਾਮ ਕੋ ਸੁਖ ਸਾਰ | ੬੨੬ |
| ਬਿਰਾਜਤਿ ਰਾਮ ਕੋ ਪਰਤਾਪ | ੬੨੭ |

ਆਤੁਰੁ ਨਾਮ ਬਿਨੁ ੬੨੮
ਮੈਲਾ ਹਰਿ ਕੇ ਨਾਮ ਬਿਨੁ ੬੨੯
ਰਮਣ ਕਉ ਰਾਮ ਕੇ ਗੁਣਬਾਦ ੬੩੦
ਕੀਨੇ੍ ਪਾਪ ਕੇ ਬਹੁ ਕੋਟ ੬੩੧
ਅੰਧੇ ਖਾਵਹਿ ਬਿਸੂ ਕੇ ੬੩੨
ਟੂਟੀ ਨਿੰਦਕ ਕੀ ਅਧ ਬੀਚ ੬੩੩
ਤ੍ਰਿਸਨਾ ਚਲਤ ਬਹੁ ੬੩੪
ਰੇ ਪਾਪੀ ਤੈ ਕਵਨ ੬੩੫
ਮਾਈ ਰੀ ਚਰਨਹ ਓਟ ੬੩੬
ਮਾਈ ਰੀ ਮਨੁ ਮੇਰੋ ਮਤਵਾਰੋ ੬੩੭
ਮਾਈ ਰੀ ਆਨ ਸਿਮਰਿ ੬੩੮
ਹਰਿ ਕਾਟੀ ਕੁਟਿਲਤਾ ੬੩੯
ਪੋਥੀ ਪਰਮੇਸਰ ਕਾ ੬੪੦
ਵੂਠਾ ਸਰਬ ਥਾਈ ਮੇਹੁ ੬੪੧
ਗੋਬਿਦ ਜੀਉ ਤੂ ਮੇਰੇ ੬੪੩
ਨਿਬਹੀ ਨਾਮ ਕੀ ਸਚੁ ੬੪੩
ਮਾਈ ਰੀ ਪੇਖਿ ਰਹੀ ੬੪੪
ਮਾਈ ਰੀ ਮਾਤੀ ਚਰਣ ੬੪੫
ਬਿਨਸੇ ਕਾਚ ਕੇ ਬਿਉਹਾਰ ੬੪੬
ਤਾ ਤੇ ਕਰਣ ਪਲਾਹ ਕਰੇ ੬੪੭
ਹਰਿ ਕੇ ਨਾਮ ਕੇ ਜਨ ੬੪੮
ਮਾਖੀ ਰਾਮ ਕੀ ਤੂ ਮਾਖੀ ੬੪੯
ਮਾਈ ਰੀ ਕਾਟੀ ਜਮ ਕੀ ੬੫੦
ਮਾਈ ਰੀ ਅਰਿਓ ਪ੍ਰੇਮ ੬੫੧
ਨੀਕੀ ਰਾਮ ਕੀ ਧੁਨਿ ੬੫੨
ਹਰਿ ਕੇ ਨਾਮ ਕੀ ਮਤਿ ੬੫੩
ਮਾਨੀ ਤੂੰ ਰਾਮ ਕੈ ਦਰਿ ੬੫੪
ਤੁਅ ਚਰਨ ਆਸਰੋ ੬੫੫
ਹਰਿ ਭਜਿ ਆਨ ਕਰਮ ੬੫੬
ਸੁਭ ਬਚਨ ਬੋਲਿ ਗੁਨ ੬੫੮
ਕੰਚਨਾ ਬਹੁ ਦਤ ਕਰਾ ੬੫੯
ਰਾਮ ਰਾਮ ਰਾਮ ਜਾਪਿ ੬੬੧
ਹਰਿ ਹਰੇ ਹਰਿ ਮੁਖਹੁ ੬੬੨
ਨਾਮ ਭਗਤਿ ਮਾਗੁ ਸੰਤ ੬੬੩
ਗੁਨ ਲਾਲ ਗਾਵਉ ਗੁਰ ੬੬੪
ਮਨਿ ਬਿਰਾਗੈਗੀ ੬੬੫
ਐਸੀ ਹੋਇ ਪਰੀ ੬੬੬
ਲਾਲ ਲਾਲ ਮੋਹਨ ੬੬੬
ਕਰਤ ਕੇਲ ਬਿਖੈ ਮੇਲ ੬੬੭

**ਮਹਲਾ ੯**

ਹਰਿ ਬਿਨੁ ਤੇਰੋ ਕੋ ਨ ੬੬੯
ਕਹਾ ਮਨ ਬਿਖਿਆ ੬੭੦
ਕਹਾ ਨਰ ਅਪਨੋ ਜਨਮੁ ੬੭੧
ਮਨ ਕਰ ਕਬਹੂ ਨ ਹਰਿ ੬੭੨

**ਅਸਟਪਦੀਆ ਮਹਲਾ ੧**

ਹਰਿ ਬਿਨੁ ਕਿਉ ਜੀਵਾ ੬੭੩
ਹਰਿ ਬਿਨੁ ਕਿਉ ਧੀਰੈ ੬੭੬

**ਮਹਲਾ ੩ ਅਸਟਪਦੀਆ**

ਮਨ ਮੇਰੇ ਹਰਿ ਕੈ ਨਾਮਿ ੬੮੦
ਮਨ ਮੇਰੇ ਹਰਿ ਕਾ ਨਾਮੁ ੬੮੩
ਮਨ ਮੇਰੇ ਹਰਿ ਕੀ ਅਕਥ ੬੮੫

**ਮਹਲਾ ੫ ਅਸਟਪਦੀਆ**

ਗੁਸਾਈ ਪਰਤਾਪੁ ੬੮੮
ਅਗਮ ਅਗਾਧਿ ਸੁਨਹੁ ੬੯੨
ਸਭ ਦੇਖੀਐ ਅਨਭੈ ਕਾ ਦਾਤਾ ੬੯੮

**ਸਾਰੰਗ ਕੀ ਵਾਰ ਮਹਲਾ ੪**

ਗੁਰੁ ਕੁੰਜੀ ਪਾਹੂ ਨਿਵਲੁ ੭੦੪

**ਕਬੀਰ ਜੀ**

ਕਹਾ ਨਰ ਗਰਬਸਿ ੮੦੫
ਰਾਜਾਸ੍ਰਮ ਮਿਤਿ ਨਹੀ ੮੦੭

**ਨਾਮਦੇਉ ਜੀ ਕੀ**

ਕਾਏਂ ਰੇ ਮਨ ਬਿਖਿਆ ੮੨੪
ਬਦਹੁ ਕੀ ਨ ਹੋਡ ਮਾਧਉ ੮੨੬
ਦਾਸ ਅਨਿੰਨ ਮੇਰੋ ਨਿਜ ੮੨੭

**ਪਰਮਾਨੰਦ**

ਤੈ ਨਰ ਕਿਆ ਪੁਰਾਨੁ ੮੩੩
ਛਾਡਿ ਮਨੁ ਹਰਿ ਬਿਮੁਖਨ ੮੩੭

**ਸੂਰਦਾਸ**

ਹਰਿ ਕੇ ਸੰਗ ਬਸੇ ੮੩੭

**ਕਬੀਰ ਜੀਉ**

ਹਰਿ ਬਿਨੁ ਕਉਨੁ ਸਹਾਈ ੮੩੯

# ਤਤਕਰਾ ਸਾਖੀਆਂ

## ਰਾਗੁ ਕੇਦਾਰਾ


| | | | |
|---|---|---|---|
| ਸਾਖੀ ਬਾਲਮੀਕ ਜੀ ਦੀ | ੪੫ | | |


## ਰਾਗੁ ਭੈਰਉ


| | | | |
|---|---|---|---|
| ਸਾਖੀ ਭਾਈ ਗੋਂਦਾ ਜੀ ਦੀ | ੫੬ | ਸਾਖੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ (ਸ੍ਰੀ ਅਨੰਦਪੁਰ ਵਸਾਉਣ ਦੀ) | ੨੩੬ |
| ਸਾਖੀ ਕਬੂਤਰਾਂ ਨੂੰ ਮਾਰਨ ਵਾਲੇ ਦੋ ਚੇਲਿਆਂ ਦੀ | ੧੨੪ | ਸਾਖੀ ਬਾਬੇ ਆਦਮ ਦੀ | ੨੫੧ |
| ਸਾਖੀ ਭਾਈ ਮਾਧੋਦਾਸ ਜੀ ਦੀ | ੧੩੯ | ਸਾਖੀ ਸੰਤ ਬਸਤੀ ਰਾਮ ਜੀ ਦੀ (ਸੁਦਾਗਰ ਦੀ ਘਰਵਾਲੀ ਦੇ ਮੱਥੇ ਦੇ ਲੇਖ ਮੇਟਣ ਦੀ) | ੨੮੯ |
| ਸਾਖੀ ਰਾਜੇ ਅਜ ਦੀ | ੧੬੦ | | |


## ਰਾਗੁ ਬਸੰਤੁ


| | | | |
|---|---|---|---|
| ਸਾਖੀ ਸ਼ਿਵਜੀ ਦੇ ਉਪਾਸ਼ਕਾਂ ਦੀ | ੩੭੩ | ਸਾਖੀ ਬਿਦਰ ਭਗਤ ਦੀ | ੪੩੦ |
| ਸਾਖੀ ਅਜਾਮਲ ਦੀ | ੪੨੨ | ਸਾਖੀ ਭਗਤ ਪ੍ਰਹਿਲਾਦ ਜੀ ਦੀ | ੪੩੧ |
| ਸਾਖੀ ਬਾਲਮੀਕ ਦੀ | ੪੨੪ | ਸਾਖੀ ਦ੍ਰੋਪਤੀ ਦੀ | ੪੩੨ |
| ਸਾਖੀ ਭਗਤ ਧ੍ਰੂ ਜੀ ਦੀ | ੪੨੫ | ਸਾਖੀ ਭਗਤ ਧੰਨਾ ਜੀ ਦੀ | ੪੩੩ |
| ਸਾਖੀ ਗਨਕਾ ਦੀ | ੪੨੬ | ਸਾਖੀ ਭਗਤ ਬੇਣੀ ਜੀ ਦੀ | ੪੩੪ |
| ਸਾਖੀ ਹਾਥੀ ਤੇ ਤੰਦੂਏ ਦੀ | ੪੨੭ | ਸਾਖੀ ਸੁਕਦੇਵ ਮੁਨੀ ਦੀ | ੪੪੪ |
| ਸਾਖੀ ਸੁਦਾਮੇ ਭਗਤ ਦੀ | ੪੨੮ | ਸਾਖੀ ਅਕਰੂਰ ਭਗਤ ਦੀ | ੪੪੪ |
| ਸਾਖੀ ਬਧਿਕ ਦੀ | ੪੨੯ | ਸਾਖੀ ਹਨੂੰਮਾਨ ਦੀ | ੪੪੫ |
| ਸਾਖੀ ਕੁਬਿਜਾ ਦੀ | ੪੩੦ | ਸਾਖੀ ਨਲ ਅਤੇ ਨੀਲ ਦੀ | ੪੪੫ |


## ਰਾਗੁ ਸਾਰਗ


| | | | |
|---|---|---|---|
| ਸਾਖੀ ਭਾਈ ਗੁਰਦਾਸ ਜੀ ਦੀ | ੫੦੨ | ਸਾਖੀ ਛੱਜੂ ਭਗਤ ਦੀ | ੭੨੧ |
| ਸਾਖੀ ਕਾਲੀ ਦਾਸ ਦੀ (ਲੱਕੜਾਂ ਕੱਟਣ ਦੀ) | ੫੨੫ | ਸਾਖੀ ਪੰਡਤਾਂ ਤੋਂ ਨਾਮ ਜਪਾਉਣ ਦੀ | ੭੨੨ |
| ਸਾਖੀ ਭਗਤ ਸੈਣ ਜੀ ਦੀ | ੫੩੯ | ਸਾਖੀ ਮੂਲੇ ਖੱਤਰੀ ਦੀ | ੭੭੯ |
| ਸਾਖੀ ਭਾਈ ਧੰਨਾ ਸਿੰਘ ਜੀ ਦੀ | ੫੬੦ | ਸਾਖੀ ਸ਼ਾਹੂਕਾਰ ਦੇ ਲੜਕੇ ਦੇ ਕੰਗਾਲ ਹੋਣ ਦੀ | ੭੯੦ |
| ਸਾਖੀ ਸੰਤ ਬਿਸ਼ਨ ਸਿੰਘ ਜੀ ਦੀ | ੫੬੫ | ਸਾਖੀ ਜੈ ਬਿਜੈ ਦੀ | ੮੦੭ |

| | | | |
|---|---|---|---|
| ਸਾਖੀ ਬੀਬੀ ਸੁਲੱਖਣੀ ਦੀ | ੯੦੮ | ਸਾਖੀ ਛੱਜੂ ਝੀਵਰ ਦੀ | ੯੧੭ |
| ਸਾਖੀ ਪੰਜਾ ਸਾਹਿਬ ਦੀ | ੯੧੦ | ਸਾਖੀ ਗਾਂਗੇ ਤੇਲੀ ਕੀ | ੯੧੮ |
| ਸਾਖੀ ਇਕ ਰਾਜੇ ਤੇ ਮਹਾਤਮਾ ਦੀ | ੯੧੨ | ਸਾਖੀ ਦ੍ਰੁਪਦ ਰਾਜੇ ਦੀ | ੯੨੦ |
| ਸਾਖੀ ਰਾਜੇ ਨੌਖ ਦੀ | ੯੧੩ | ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ | |
| ਸਾਖੀ ਲੋਹੀਆ ਅਤੇ ਸੰਦਲੀ ਦੀ | ੯੧੪ | ਇਕ ਲੜਕੀ ਤੋਂ ਲੜਕਾ ਬਣਾਉਣ ਦੀ | ੯੨੧ |
| ਸਾਖੀ ਇਕ ਮਹਾਤਮਾ ਦੀ ਰਾਜਾ ਬਣਨ ਦੀ | ੯੧੫ | ਸਾਖੀ ਭਾਈ ਬੁੱਧੂ ਸ਼ਾਹ ਜੀ ਦੀ | ੯੨੮ |
| ਸਾਖੀ ਕਾਲੀ ਦਾਸ ਦੀ | ੯੧੬ | ਸਾਖੀ ਲੋਦੇ ਨਾਮੇ ਬਿਆਧਿ (ਸ਼ਿਕਾਰੀ) ਦੀ | ੯੩੧ |

# ਮੂਲਮੰਤ੍ਰ

ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ
ਗੁਰਪ੍ਰਸਾਦਿ ॥
॥ ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ
ਨਾਨਕ ਹੋਸੀ ਭੀ ਸਚੁ ॥੧॥

# ਗੁਰਮੰਤ੍ਰ

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ ਵਾਹਿਗੁਰੂ

# ਰਾਗੁ ਕੇਦਾਰਾ

ਇਹ ਰਾਗ ਭਾਰਤੀ ਸੰਗੀਤ ਵਿਚ ਪੁਰਾਤਨ ਤੇ ਪ੍ਰਚੱਲਤ ਰਾਗੁ ਹੈ। ਕੇਦਾਰਾ ਰਾਗੁ ਦਾ ਜ਼ਿਕਰ ਸੰਸਕ੍ਰਿਤ ਗ੍ਰੰਥਾਂ ਵਿਚ ਆਮ ਮਿਲਦਾ ਹੈ। ਗੁਰਮਤਿ ਸੰਗੀਤ ਦੇ ਆਧਾਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗੁ ਕੇਦਾਰ ਨੂੰ ਕੇਦਾਰਾ ਵਜੋਂ ਅੰਕਿਤ ਕੀਤਾ ਗਿਆ ਹੈ। ਇਸ ਰਾਗੁ ਦੇ ਅਧੀਨ ਮਹਲਾ ੪, ੫, ਭਗਤ ਕਬੀਰ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ। ਰਾਗ ਮਾਲਾ ਵਿਚ ਇਸ ਰਾਗੁ ਨੂੰ ਮੇਘ ਰਾਗ ਦਾ ਪੁੱਤ੍ਰ ਕਰਕੇ ਲਿਖਿਆ ਹੈ। ਜੈਸਾ ਕਿ :

**ਬੈਰਾਧਰ ਗਜਧਰ ਕੇਦਾਰਾ॥ ਜਬਲੀਧਰ ਨਟ ਅਉ ਜਲਧਾਰਾ॥**
**ਪੁਨਿ ਗਾਵਹਿ ਸੰਕਰ ਅਉ ਸਿਆਮਾ॥ ਮੇਘ ਰਾਗ ਪੁਤ੍ਰਨ ਕੇ ਨਾਮਾ॥** *(ਰਾਗਮਾਲਾ, ਅੰਗ ੧੪੩੦)*

ਰਾਗੁ ਕੇਦਾਰਾ ਵਿਚ ਦੋਵੇਂ ਮਧਿਅਮ ਪ੍ਰਯੋਗ ਕਰਦਿਆਂ ਆਰੋਹ ਵਿਚ ਰਿਸ਼ਭ, ਗੰਧਾਰ ਅਤੇ ਅਵਰੋਹ ਵਿਚ ਕੇਵਲ ਗੰਧਾਰ ਵਰਜਿਤ ਕੀਤਾ ਜਾਂਦਾ ਹੈ। ਇਸ ਦਾ ਵਾਦੀ ਮਧਿਅਮ, ਸੰਵਾਦੀ ਸ਼ੜਜ, ਥਾਟ ਕਲਿਆਣ, ਸਮਾਂ ਰਾਤ ਦਾ ਪਹਿਲਾ ਪਹਿਰ ਅਤੇ ਜਾਤੀ ਔੜਵ ਸਾੜਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਰਾਗੁ ਦਾ ੨੩ਵਾਂ ਸਥਾਨ ਹੈ :

ਆਰੋਹ : ਸ ਮ, ਮ ਪ, ਧ ਪ, ਨੀ ਧ ਸੰ।
ਅਵਰੋਹ : ਸੰ ਨੀ ਧ ਪ, ਮੇ ਪ ਧ ਪ ਮ, ਰੇ ਸ।

**[ਅੰਗ ੧੧੧੮]**

## ਕੇਦਾਰਾ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਕੇਦਾਰਾ ਰਾਗੁ ਦੇ ਅੰਦਰ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਪਰਮ ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮੇਰੇ ਮਨ; ਰਾਮ ਨਾਮ ਨਿਤ ਗਾਵੀਐ ਰੇ॥

ਰੇ = ਹੇ ਮੇਰੇ ਮਨਾਂ ! ਨਿਤ = ਨਿਤਾਪ੍ਰਤੀ ਰਾਮ = ਪਰਮਾਤਮਾ ਦੇ ਨਾਮ ਨੂੰ ਗਾਵੀਐ = ਗਾਉਣਾ ਕਰੀਏ **ਅਥਵਾ** ਹੇ ਮੇਰੇ ਪਿਆਰੇ ! ਮਨ = ਸ਼੍ਰੋਮਣੀ ਪਰਮਾਤਮਾ ਦੇ ਨਾਮ ਨੂੰ ਨਿਤਾਪ੍ਰਤੀ ਕੀਰਤਨ ਰੂਪ ਵਿਚ ਗਾਉਣਾ ਕਰੀਏ।

## ਅਗਮ ਅਗੋਚਰੁ ਨ ਜਾਈ ਹਰਿ ਲਖਿਆ; ਗੁਰੁ ਪੂਰਾ ਮਿਲੈ ਲਖਾਵੀਐ ਰੇ ॥ਰਹਾਉ॥

ਰੇ = ਹੇ ਮੇਰੇ ਮਨਾਂ ! ਉਹ ਹਰਿ = ਪਰਮਤਮਾ ਬੇਦਾਂ ਸ਼ਾਸਤ੍ਰਾਂ ਕਰਕੇ ਅਗਮ = ਗੰਮਤਾ ਤੋਂ ਰਹਿਤ ਅਤੇ

ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਹੈ, ਜੋ ਸ਼ਕਤੀ ਬਿਰਤੀ ਕਰਕੇ ਲਖਿਆ = ਜਾਣਿਆ ਨਹੀਂ ਜਾਈ = ਜਾ ਸਕਦਾ, ਜੇਕਰ ਪੂਰਾ = ਪੂਰਨ ਗੁਰੂ ਮਿਲੈ = ਮਿਲ ਪਵੇ ਤਾਂ ਉਹ ਲਖਣਾ ਬਿਰਤੀ ਦੁਆਰਾ ਲਖਾਵੀਐ = ਜਣਾ ਦੇਂਦਾ ਹੈ ॥ਰਹਾਉ॥

## ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ;
## ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥

ਰੇ = ਹੇ ਮਨਾਂ ! ਜਿਸ ਉਪਰ ਮੇਰਾ ਸੁਆਮੀ = ਮਾਲਕ ਪ੍ਰਭੂ ! ਆਪ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰੇ = ਕਰਦਾ ਹੈ, ਤਿਸੁ = ਉਸ ਜਨੁ = ਪੁਰਖ ਕਉ = ਨੂੰ ਹਰਿ = ਪ੍ਰਭੂ ਆਪ ਹੀ ਆਪਣੀ ਲਿਵ = ਪ੍ਰੀਤੀ ਲਾਵੀਐ = ਲਾਉਣਾ ਕਰਦਾ ਹੈ।

## ਸਭੁ ਕੋ ਭਗਤਿ ਕਰੇ ਹਰਿ ਕੇਰੀ; ਹਰਿ ਭਾਵੈ ਸੋ ਥਾਇ ਪਾਵੀਐ ਰੇ ॥੧॥

ਆਪਣੇ ਆਪ ਵੱਲੋਂ ਤਾਂ ਸਭ ਕੋ = ਕੋਈ ਹੀ ਹਰਿ = ਪਰਮਾਤਮਾ ਕੇਰੀ = ਦੀ ਭਗਤਿ = ਭਗਤੀ ਕਰੇ = ਕਰਦਾ ਹੈ, ਪਰ ਜੋ ਹਰਿ = ਪਰਮਾਤਮਾ ਨੂੰ ਭਾਵੈ = ਭਾਉਂਦਾ ਹੈ, ਸੋ = ਉਸੇ ਦੀ ਭਾਉ-ਭਗਤੀ ਥਾਉ = ਥਾਂ, ਪ੍ਰਵਾਨਗੀ ਵਿਚ ਪਾਵੀਐ = ਪਾਉਣਾ ਕਰਦਾ ਹੈ ॥੧॥

## ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ; ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥

ਰੇ = ਹੇ ਮਨ ! ਹਰਿ = ਪਰਮਾਤਮਾ ਦੇ ਪਹਿ = ਪਾਸ ਹਰਿ = ਹਰੇਕ ਨੂੰ ਹਰਿ = ਹਰੇ-ਭਰੇ ਕਰਨ ਵਾਲਾ ਅਮੋਲਕੁ = ਬੇ-ਕੀਮਤਾ ਨਾਮ ਹੈ, ਜੇਕਰ ਉਹ ਹਰਿ = ਪਰਮਾਤਮਾ ਆਪ ਕਿਰਪਾ ਕਰਕੇ ਗੁਰਾਂ ਦੁਆਰਾ ਆਪਣਾ ਨਾਮ ਦੇਵੈ = ਦੇਣਾ ਕਰੇ, ਤਾ = ਤਦੋਂ ਹੀ ਉਸ ਦਾ ਨਾਮ ਧਿਆਵੀਐ = ਧਿਆਉਣਾ ਕਰੀਦਾ ਹੈ।

## ਜਿਸ ਨੋ ਨਾਮੁ ਦੇਇ ਮੇਰਾ ਸੁਆਮੀ; ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥

ਰੇ = ਹੇ ਮਨਾਂ ! ਜਿਸ ਮਨੁੱਖ ਨੋ = ਨੂੰ ਮੇਰਾ ਸੁਆਮੀ = ਮਾਲਕ ਪ੍ਰਭੂ ਗੁਰਾਂ ਦੁਆਰਾ ਆਪਣਾ ਨਾਮ ਦੇਇ = ਦੇਣਾ ਕਰਦਾ ਹੈ, ਤਿਸੁ = ਉਸ ਮਨੁੱਖ ਦਾ ਕਰਮਾਂ-ਧਰਮਾਂ ਦਾ ਸਭੁ = ਸਾਰਾ ਲੇਖਾ = ਹਿਸਾਬ-ਕਿਤਾਬ ਛਡਾਵੀਐ = ਛੁਡਾ ਦੇਂਦਾ ਹੈ ॥੨॥

## ਹਰਿ ਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ;
## ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥

ਰੇ = ਹੇ ਮਨਾਂ ! ਜੋ ਪੁਰਖ ਹਰਿ = ਪਰਮਾਤਮਾ ਦੇ ਨਾਮ ਨੂੰ ਅਰਾਧਹਿ = ਸਿਮਰਦੇ ਹਨ, ਸੇ = ਉਹ ਜਨੁ = ਪੁਰਖ ਧੰਨੁ = ਧੰਨਤਾ ਜੋਗ ਕਹੀਅਹਿ = ਆਖੇ ਜਾਂਦੇ ਹਨ, ਤਿਨ = ਉਨ੍ਹਾਂ ਦੇ ਮਸਤਕਿ = ਮੱਥੇ ਉਪਰ ਕਰਤਾ ਪੁਰਖ ਨੇ ਧੁਰਿ = ਆਦਿ ਤੋਂ ਹੀ ਸ੍ਰੇਸ਼ਟ ਭਾਗੁ = ਲੇਖ ਲਿਖ ਕੇ ਪਾਵੀਐ = ਪਾਉਣਾ ਕੀਤੇ ਹਨ।

## ਤਿਨ ਦੇਖੇ ਮੇਰਾ ਮਨੁ ਬਿਗਸੈ; ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥੩॥

ਤਿਨ = ਉਨ੍ਹਾਂ ਪੁਰਖਾਂ ਨੂੰ ਦੇਖੇ = ਵੇਖਣ ਕਰਕੇ ਮੇਰਾ ਮਨੁ = ਹਿਰਦਾ ਇਉਂ ਬਿਗਸੈ = ਪ੍ਰਫੁੱਲਤ ਹੁੰਦਾ ਹੈ, ਰੇ = ਹੇ ਮੇਰੇ ਮਨਾਂ ! ਜਿਉ = ਜਿਵੇਂ ਸੁਤੁ = ਪੁੱਤਰ ਨੂੰ ਮਿਲ ਕਰਕੇ ਮਾਤ = ਮਾਤਾ ਆਪਣੇ ਗਲਿ = ਕੰਠ ਨਾਲ ਲਾਵੀਐ = ਲਾਉਣਾ ਕਰਦੀ ਹੈ **ਵਾ:** ਇਸੇ ਪ੍ਰਕਾਰ ਗੁਰਮੁਖ ਜਨ ਭਾਉ-ਭਗਤੀ ਰੂਪੀ ਮਾਤਾ ਦੁਆਰਾ ਜਗਿਆਸੂ ਰੂਪੀ ਪੁੱਤਰ ਨੂੰ ਅਭੇਦ ਨਿਸਚੇ ਰੂਪੀ ਕੰਠ ਨਾਲ ਲਾਉਣਾ ਕਰਦੇ ਹਨ ॥੩॥

**ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ; ਮੋਕਉ ਦੇਹੁ ਮਤੀ, ਜਿਤੁ ਹਰਿ ਪਾਵੀਐ ਰੇ ॥**

ਹੇ ਹਰਿ = ਹਰੇ-ਭਰੇ ਕਰਨ ਵਾਲੇ ਮੇਰੇ ਪਿਤਾ ਸਰੂਪ ਪ੍ਰਭ = ਪਰਮਾਤਮਾ ! ਹਮ = ਅਸੀਂ ਤੇਰੇ ਬਾਰਿਕ = ਬੱਚੇ ਹਾਂ, ਮੋਕਉ = ਮੇਰੇ ਤਾਈਂ ਇਹ ਮਤੀ = ਬੁੱਧੀ, ਸਿੱਖਿਆ ਦੇਹੁ = ਦੇਣਾ ਕਰ, ਜਿਤੁ = ਜਿਸ ਕਰਕੇ ਹੇ ਹਰਿ = ਹਰੀ ! ਤੈਨੂੰ ਪਾਵੀਐ = ਪਾਉਣਾ ਕਰ ਲਈਏ।

**ਜਿਉ ਬਛੁਰਾ ਦੇਖਿ, ਗਊ ਸੁਖੁ ਮਾਨੈ; ਤਿਉ ਨਾਨਕ, ਹਰਿ ਗਲਿ ਲਾਵੀਐ ਰੇ ॥੪॥੧॥**

ਜਿਉ = ਜਿਵੇਂ ਆਪਣਾ ਬਛੁਰਾ = ਵੱਛਾ ਦੇਖਿ = ਵੇਖ ਕਰਕੇ ਗਊ = ਗਾਂ ਸੁੱਖ ਮਾਨੈ = ਮੰਨਦੀ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਹਰੀ ! ਤਿਉ = ਤਿਵੇਂ ਹੀ ਅਸੀਂ ਵੱਛਿਆਂ ਦੀ ਨਿਆਈਂ ਤੇਰੇ ਬੱਚੇ ਹਾਂ ਤੇ ਸਾਨੂੰ ਆਪਣੇ ਅਭੇਦ ਨਿਸਚੈ ਰੂਪੀ ਗਲਿ = ਕੰਠ ਨਾਲ ਲਾਵੀਐ = ਲਾਉਣਾ ਕਰ ॥੪॥੧॥

## ਕੇਦਾਰਾ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਕੇਦਾਰਾ ਰਾਗੁ ਅੰਦਰ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਮੇਰੇ ਮਨ; ਹਰਿ ਹਰਿ ਗੁਨ ਕਹੁ ਰੇ ॥**

ਰੇ = ਹੇ ਮੇਰੇ ਮਨਾਂ ! ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਗੁਨ ਕਹੁ = ਕਹਿਣਾ ਕਰ।

**ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ;**
**ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ਰਹਾਉ॥**

ਰੇ = ਹੇ ਮਨਾਂ ! ਸਤਿਗੁਰੂ ਸਾਹਿਬ ਜੀ ਕੇ = ਦੇ ਪੂਜਨੀਕ ਚਰਨ ਧੋਇ ਧੋਇ = ਧੋ ਧੋ ਕੇ ਪੂਜਹੁ = ਪੂਜਣਾ ਕਰ **ਵਾ:** ਸ਼ਬਦ ਰੂਪੀ ਚਰਨਾਂ ਨੂੰ ਧਿਆਨ ਕਰਨ ਰੂਪ ਧੋ ਧੋ ਕੇ ਪੂਜਣਾ ਕਰ, ਇਨ = ਇਸ ਬਿਧਿ = ਤਰੀਕੇ ਨਾਲ ਤੂੰ ਮੇਰਾ ਸਭ ਨੂੰ ਹਰਿ = ਹਰੇ-ਭਰੇ ਕਰਨ ਵਾਲਾ ਪ੍ਰਭੁ = ਪਰਮਾਤਮਾ ਲਹੁ = ਪ੍ਰਾਪਤ ਕਰ ਲੈਣਾ ਕਰੇਂਗਾ ॥ਰਹਾਉ॥

**ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ, ਬਿਖੈ ਰਸ; ਇਨ ਸੰਗਤਿ ਤੇ ਤੂ ਰਹੁ ਰੇ ॥**

ਰੇ = ਹੇ ਮਨਾਂ! ਜੋ ਕਾਮੁ = ਵਿਕਾਰ ਦ੍ਰਿਸ਼ਟੀ, ਕ੍ਰੋਧੁ = ਗ਼ੁੱਸਾ, ਲੋਭੁ = ਲਾਲਚ, ਮੋਹੁ = ਸਨੇਹ, ਅਭਿਮਾਨੁ = ਹੰਕਾਰ ਅਤੇ ਬਿਖੈ = ਵਿਸ਼ਿਆਂ ਦੇ ਰਸ ਹਨ, ਇਨ = ਇਨ੍ਹਾਂ ਦੀ ਸੰਗਤ ਤੇ = ਤੋਂ ਤੂੰ ਦੂਰ ਰਹੁ = ਰਹਿਣਾ ਕਰ।

**ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ, ਸਾਧੂ ਸਿਉ ਗੋਸਟਿ;**
**ਹਰਿ ਪ੍ਰੇਮ ਰਸਾਇਣੁ, ਰਾਮ ਨਾਮੁ ਰਸਾਇਣੁ; ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥**

ਹੇ ਮਨਾਂ ! ਸਤਿਸੰਗਤ ਵਿਚ ਮਿਲ ਕਰਕੇ ਸਾਧੂ = ਸ੍ਰੇਸ਼ਟ ਮਹਾਤਮਾ ਜਨਾਂ ਸਿਉ = ਨਾਲ ਗੋਸਟਿ = ਚਰਚਾ ਕਰ।

***ਪ੍ਰਸ਼ਨ :*** *ਕਿਹੜੀ ਚਰਚਾ ਕਰਾਂ ?*

***ਗੁਰ-ਉੱਤਰ :*** ਹਰਿ = ਪਰਮਾਤਮਾ ਦੀ ਪ੍ਰਾਪਤੀ ਰੂਪੀ ਗੋਸਟਿ = ਚਰਚਾ ਕੀਜੈ = ਕਰ।

ਹਰਿ = ਪਰਮਾਤਮਾ ਦਾ ਪ੍ਰੇਮ ਵੀ ਰਸਾਇਣੁ = ਰਸਾਂ ਦਾ ਘਰ ਹੈ ਅਤੇ ਰਾਮ = ਪਰਮਾਤਮਾ ਦਾ ਨਾਮ ਵੀ ਸਾਰੇ ਰਸਾਇਣੁ = ਰਸਾਂ ਦਾ ਘਰ ਹੈ, ਉਸ ਰਾਮ = ਰਮੇ ਹੋਏ ਹਰਿ = ਪਰਮਾਤਮਾ ਤੇ ਰਾਮ ਨਾਮ ਨੂੰ ਪ੍ਰੇਮ ਨਾਲ ਰਮਹੁ = ਉਚਾਰਣ ਕਰ ॥੧॥

**[ਅੰਗ ੧੧੧੯]**

## ਅੰਤਰ ਕਾ ਅਭਿਮਾਨੁ ਜੋਰੁ, ਤੂ ਕਿਛੁ ਕਿਛੁ, ਕਿਛੁ ਜਾਨਤਾ; ਇਹੁ ਦੂਰਿ ਕਰਹੁ, ਆਪਨ ਗਹੁ ਰੇ ॥

(ਦੂਸਰਾ ਪਾਠ **ਆਪ ਨ ਗਹੁ ਰੇ**)

ਹੇ ਭਾਈ! ਆਪਣੇ ਅੰਤਰ = ਅੰਦਰ ਕਾ = ਦਾ ਅਭਿਮਾਨੁ = ਹੰਕਾਰ ਤੇ ਜੋਰੁ = ਬਲ ਜੋ ਕਿਛੁ = ਕੁਝ ਤੂੰ ਜਾਨਤਾ = ਜਾਣਦਾ ਹੈਂ ਪੁਨਾ ਵਿੱਦਿਆ ਦਾ ਕਿਛੁ = ਕੁਝ ਅਭਿਮਾਨ ਤੇ ਧਨ ਦਾ ਕਿਛੁ = ਕੁਝ ਹੰਕਾਰ ਜਾਣਦਾ ਹੈਂ।

ਇਹ ਦੂਰ ਕਰਹੁ = ਕਰ ਅਤੇ ਆਪਨ = ਆਪਣੇ ਆਤਮ ਸਰੂਪ ਨੂੰ ਗਹੁ = ਗ੍ਰਹਿਣ ਕਰ **ਵਾ:** (ਆਪ ਨ ਗਹੁ ਰੇ) ਰੇ = ਹੇ ਭਾਈ! ਆਪ = ਆਪਾ-ਭਾਵ (ਹੰਕਾਰ) ਨੂੰ ਗ੍ਰਹਿਣ ਨਾ ਕਰ।

## ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ; ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸੁਆਮੀ = ਮਾਲਕ ਹਰਿ = ਪਰਮਾਤਮਾ! ਮੈ ਜਨ = ਦਾਸ ਕਉ = ਦੇ ਉਪਰ ਦਇਆਲ = ਕ੍ਰਿਪਾਲੂ ਹੋਹੁ = ਹੋਣਾ ਕਰ। ਹੇ ਹਰੇ ਭਰੇ ਕਰਨ ਵਾਲੇ ਹਰਿ = ਹਰੀ! ਮੈਨੂੰ ਆਪਣੇ ਸੰਤਨ = ਸ਼ਾਂਤ-ਚਿਤ ਮਹਾਤਮਾ ਦੇ ਚਰਨਾਂ ਕੀ = ਦੀ ਧੂਰਿ = ਧੂੜੀ ਬਣਾਉਣਾ ਕਰ ॥੨॥੧॥੨॥

## ਕੇਦਾਰਾ ਮਹਲਾ ੫ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਅੰਦਰ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਵਿਚ ਇਹ ਪਾਵਨ ਪਵਿੱਤਰ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮਾਈ; ਸੰਤ ਸੰਗਿ ਜਾਗੀ ॥

ਹੇ ਮਾਈ = ਮਾਂ ਭਾਵ ਉੱਤਮ ਸਖੀ! ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੇ ਸੰਗਿ = ਨਾਲ ਭਾਵ ਉਨ੍ਹਾਂ ਦੀ ਸੰਗਤ ਕਰਕੇ ਮੇਰੀ ਬਿਰਤੀ ਪਰਮਾਰਥ ਵੱਲ ਜਾਗੀ = ਜਾਗ ਗਈ ਹੈ **ਵਾ:** ਮਾਈ = ਮਾਇਆ ਦੇ ਪਤੀ ਕਰਤਾਰ ਵੱਲ ਸੰਤਾਂ ਦੀ ਸੰਗਤ ਕਰਕੇ ਬਿਰਤੀ ਜਾਗ ਪਈ ਹੈ।

## ਪ੍ਰਿਅ ਰੰਗ ਦੇਖੈ; ਜਪਤੀ ਨਾਮੁ ਨਿਧਾਨੀ ॥ਰਹਾਉ॥

ਪ੍ਰਿਅ = ਪਿਆਰੇ ਦੇ ਰੰਗ = ਕੌਤਕ ਨੂੰ ਦੇਖੈ = ਦੇਖਦੀ ਹਾਂ **ਵਾ:** ਰੰਗ = ਅਨੰਦ ਸਰੂਪ ਪਿਆਰੇ ਪ੍ਰਭੂ ਨੂੰ ਵੇਖਦੀ ਹਾਂ ਅਤੇ ਪਰਮਾਤਮਾ ਦਾ ਨਾਮ ਜਪਤੀ = ਜਪਦੀ ਹੋਈ ਸੁੱਖਾਂ ਦੇ ਨਿਧਾਨੀ = ਖ਼ਜ਼ਾਨੇ ਵਾਲੀ ਬਣ ਗਈ ਹਾਂ **ਵਾ:** ਮੇਰੇ ਅੰਦਰ ਨਾਮ ਦੀ ਨਿਧੀ ਭਾਉ ਭਗਤੀ ਆ ਗਈ ਹੈ॥ਰਹਾਉ॥

## ਦਰਸਨ ਪਿਆਸ; ਲੋਚਨ ਤਾਰ ਲਾਗੀ ॥ ਬਿਸਰੀ; ਤਿਆਸ ਬਿਡਾਨੀ ॥੧॥

ਪਿਰੀ ਦੇ ਦਰਸਨ = ਦੀਦਾਰਾਂ ਦੀ ਪਿਆਸ = ਤ੍ਰੇਹ ਕਰਕੇ, ਮੇਰੇ ਲੋਚਨ = ਨੇਤ੍ਰਾਂ ਵਿਚ ਤਾਰ = ਲਿਵ ਲਾਗੀ = ਲੱਗੀ ਹੋਈ ਹੈ **ਵਾ:** ਮਨ ਬੁੱਧ ਰੂਪੀ ਨੇਤ੍ਰਾਂ ਵਿਚ ਤਾਰ = ਤੇਲ ਧਾਰਾਂ ਵੱਤ ਸਮਾਧੀ ਲੱਗੀ ਹੋਈ ਹੈ।

ਬਿਡਾਨੀ = ਬੇਗਾਨੀ (ਕਾਮਾਦਿਕਾਂ, ਹੋਰ ਦੇਵੀ-ਦੇਵਤਿਆਂ ਦੀ) ਤਿਆਸ = ਪਿਆਸ, ਇੱਛਾ ਵੀ ਬਿਸਰੀ = ਵਿਸਰ ਗਈ ਹੈ॥੧॥

## ਅਬ ਗੁਰੁ ਪਾਇਓ ਹੈ, ਸਹਜ ਸੁਖਦਾਇਕ; ਦਰਸਨੁ ਪੇਖਤ ਮਨੁ ਲਪਟਾਨੀ ॥

ਕਿਉਂਕਿ ਅਬ = ਹੁਣ ਮੈਂ ਸਹਜ = ਸੁਭਾਵਿਕ ਹੀ ਸੁਖਦਾਇਕ = ਆਤਮਿਕ ਸੁਖ ਦੇਣ ਵਾਲਾ ਗੁਰੂ ਪਾਇਓ = ਪ੍ਰਾਪਤ ਕਰ ਲਿਆ ਹੈ ਅਤੇ ਗੁਰਾਂ ਦੁਆਰਾ ਪਰਮਾਤਮਾ ਪਿਰੀ ਦੇ ਦਰਸਨੁ = ਦੀਦਾਰ ਪੇਖਤ = ਵੇਖ ਕੇ ਮੇਰੇ ਮਨੁ = ਹਿਰਦੇ ਦੀ ਬਿਰਤੀ ਉਸ ਦੇ ਚਰਨਾਂ ਵਿਚ ਲਪਟਾਨੀ = ਲਪਟ ਗਈ ਹੈ।

## ਦੇਖਿ ਦਮੋਦਰ ਰਹਸੁ ਮਨਿ ਉਪਜਿਓ; ਨਾਨਕ ਪ੍ਰਿਅ ਅੰਮ੍ਰਿਤ ਬਾਨੀ ॥੨॥੧॥

ਦਮੋਦਰ = ਪਰਮਾਤਮਾ ਦੇ ਦਰਸ਼ਨ ਦੇਖਿ = ਵੇਖ ਕਰਕੇ ਮੇਰੇ ਮਨਿ = ਹਿਰਦੇ ਵਿਚ ਰਹਸੁ = ਅਨੰਦ ਉਪਜਿਓ = ਪੈਦਾ ਹੋਇਆ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਪ੍ਰਿਅ = ਪਿਆਰੇ ਪ੍ਰਭੂ ਦੀ ਬਾਨੀ = ਬਾਣੀ ਅੰਮ੍ਰਿਤ ਰੂਪ ਹੈ **ਵਾ:** ਉਸ ਦੀ ਅੰਮ੍ਰਿਤ ਰੂਪੀ ਬਾਣੀ ਮੈਨੂੰ ਪਿਆਰੀ ਲੱਗਦੀ ਹੈ॥੨॥੧॥

## ਕੇਦਾਰਾ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਅੰਦਰ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਘਰੁ ੩ = ਤੀਸਰੇ ਸੁਰਤਾਲ ਵਿਚ ਜਗਿਆਸੂ ਦੀ ਬੇਨਤੀ ਕਥਨ ਕਰਦਿਆਂ ਇਹ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਦੀਨ ਬਿਨਉ; ਸੁਨੁ ਦਇਆਲ ॥

ਹੇ ਦਇਆਲ = ਕਿਰਪਾਲੂ ਪ੍ਰਭੂ ! ਮੈਂ ਦੀਨ = ਗ਼ਰੀਬ ਦੀ ਬਿਨਉ = ਬੇਨਤੀ ਸੁਨੁ = ਸੁਣਨਾ ਕਰ।

## ਪੰਚ ਦਾਸ ਤੀਨਿ ਦੋਖੀ; ਏਕ ਮਨੁ ਅਨਾਥ ਨਾਥ ॥

ਹੇ ਪ੍ਰਭੂ ! ਪੰਚ = ਪੰਜ ਕਾਮਾਦਿਕਾਂ ਨੇ ਮੈਨੂੰ ਦਾਸ = ਗ਼ੁਲਾਮ ਕੀਤਾ ਹੋਇਆ ਹੈ, ਤੀਨਿ = ਤਿੰਨ ਗੁਣਾਂ ਨੇ ਮੈਨੂੰ ਦੋਖੀ = ਦੋਸ਼ੀ ਬਣਾ ਦਿੱਤਾ ਹੈ **ਵਾ:** ਪੰਜ ਵਿਸ਼ਿਆਂ, ਦਾਸ = ਦਸ ਇੰਦ੍ਰੀਆਂ ਤੇ ਤਿੰਨ ਗੁਣਾਂ ਨੇ ਆਪਣੇ ਵਿਚ ਲਗਾ ਕੇ ਮੈਨੂੰ ਦੋਸ਼ੀ ਬਣਾ ਦਿੱਤਾ ਹੈ, ਹੇ ਨਾਥ = ਮਾਲਕ ਪ੍ਰਭੂ ! ਮੇਰਾ ਮਨ ਏਕ = ਇਕ ਅਨਾਥ = ਯਤੀਮ ਹੋਈ ਬੈਠਾ ਹੈ।

**ਅਥਵਾ** ਆਪਣੇ ਆਪ ਵਿਚ ਨਾਥ = ਮਾਲਕ ਬਣੀ ਬੈਠੇ ਪੰਜ ਕਾਮ ਕ੍ਰੋਧ ਅਤੇ ਦੋਖੀ = ਦੋਸ਼ ਲਾਉਣ ਵਾਲੇ ਤਿੰਨ ਗੁਣਾਂ ਨੇ ਮੇਰੇ ਇਕ ਅਨਾਥ ਮਨ ਨੂੰ ਆਪਣਾ ਦਾਸ ਕਰ ਛੱਡਿਆ ਹੈ।

## ਰਾਖੁ ਹੋ; ਕਿਰਪਾਲ ॥ਰਹਾਉ॥

ਹੇ ਕਿਰਪਾਲ = ਕ੍ਰਿਪਾਲੂ ਪ੍ਰਭੂ ! ਇਸ ਕਰਕੇ ਤੁਸੀਂ ਮੈਨੂੰ ਇਨ੍ਹਾਂ ਦੋਸ਼ਾਂ, ਵਿਕਾਰਾਂ ਤੋਂ ਬਚਾ ਕੇ ਰਾਖੁ = ਰੱਖ ਲੈਣਾ ਹੋ = ਕਰੋ।

## ਅਨਿਕ ਜਤਨ; ਗਵਨੁ ਕਰਉ ॥ ਖਟੁ ਕਰਮ ਜੁਗਤਿ; ਧਿਆਨੁ ਧਰਉ ॥

ਹੇ ਪ੍ਰਭੂ ! ਇਨ੍ਹਾਂ ਤੋਂ ਬਚਣ ਲਈ ਅਨੇਕਾਂ ਸਾਧਨਾ ਦੇ ਜਤਨ = ਉਪਾਵ ਕੀਤੇ, ਅਤੇ ਬੇਅੰਤ ਤੀਰਥਾਂ 'ਤੇ ਯਾਤਰਾ ਲਈ ਗਵਨੁ = ਜਾਣਾ ਕਰਉ = ਕਰਦਾ ਰਿਹਾ **ਵਾ:** ਅਨੇਕਾਂ ਜਤਨਾਂ ਕਰਕੇ ਬਿਸਨ ਪਦੇ ਆਦਿ ਗਵਨੁ = ਗਾਇਨ ਕਰਦਾ ਹਾਂ **ਵਾ:** ਸਰੀਰ ਕਰਕੇ ਅਨੇਕਾਂ ਜਤਨ ਕਰਦਾ ਹਾਂ ਅਤੇ ਮਨ ਇੱਛਾ ਕਰਕੇ ਵਿਚਰਨਾ ਕਰਦਾ ਹਾਂ।

ਖਟੁ ਕਰਮ = ਸੰਧਿਆ, ਤਰਪਣ, ਅਥਿਤੀ ਪੂਜਨ, ਦੇਵ ਅਰਚਨ, ਗਾਇਤ੍ਰੀ, ਇਸ਼ਨਾਨ **ਵਾ:** ਵਿੱਦਿਆ ਪੜ੍ਹਨੀ ਤੇ ਪੜ੍ਹਾਉਣੀ, ਯਗ ਕਰਨਾ ਤੇ ਕਰਾਉਣਾ, ਦਾਨ ਦੇਣਾ ਤੇ ਲੈਣਾ ਆਦਿ ਛੇ ਕਰਮਾਂ ਦੇ ਜੁਗਤਿ = ਸੰਯੁਕਤ ਹੋ ਕੇ ਧਿਆਨ ਵੀ ਧਰਉ = ਧਾਰਦਾ ਹਾਂ।

## ਉਪਾਵ ਸਗਲ ਕਰਿ ਹਾਰਿਓ; ਨਹ ਨਹ ਹੁਟਹਿ ਬਿਕਰਾਲ ॥੧॥

ਇਉਂ ਸਗਲ = ਸਾਰੇ ਉਪਾਵ = ਜਤਨ ਕਰਿ = ਕਰਕੇ ਹਾਰਿਓ = ਹਾਰ ਗਿਆ ਹਾਂ, ਪਰ ਇਹ ਬਿਕਰਾਲ = ਭੈਦਾਇਕ ਕਾਮ ਕ੍ਰੋਧ ਸਾਧਨਾ ਕਰਕੇ ਵੀ ਨਹ = ਨਹੀਂ ਹੁਟਹਿ = ਥੱਕਦੇ ਤੇ ਅਨੇਕਾਂ ਕਰਮਾਂ ਕਰਕੇ ਵੀ ਨਹੀਂ ਥੱਕਦੇ ॥੧॥

## ਸਰਣਿ ਬੰਦਨ; ਕਰੁਣਾ ਪਤੇ ॥ ਭਵ ਹਰਣ; ਹਰਿ ਹਰਿ ਹਰਿ ਹਰੇ ॥

ਹੇ ਕਰੁਣਾ ਪਤੇ = ਕਿਰਪਾ ਦੇ ਪਤੀ, ਮਾਲਕ ਪ੍ਰਭੂ ! ਮੈਂ ਤੇਰੀ ਸਰਣਿ = ਓਟ ਵਿਚ ਪਿਆ ਹਾਂ ਅਤੇ ਤੈਨੂੰ ਬੰਦਨ = ਨਮਸਕਾਰ ਕਰਦਾ ਹਾਂ।

ਹੇ ਹਰਿ = ਹਰੇਕ ਦੇ ਪਾਪਾਂ ਨੂੰ ਹਰਿ = ਨਾਸ਼ ਕਰਕੇ ਹਰਿ = ਹਰੇ-ਭਰੇ ਕਰਨ ਵਾਲੇ ਹਰੇ = ਪਰਮਾਤਮਾ ! ਤੂੰ ਹੀ ਭਵ = ਸੰਸਾਰ ਦੇ ਵਿਚ ਜੰਮਣ-ਮਰਨ ਨੂੰ ਹਰਨ = ਨਾਸ਼ ਕਰਨ ਵਾਲਾ ਹੈਂ।

## ਏਕ ਤੂਹੀ; ਦੀਨ ਦਇਆਲ ॥ ਪ੍ਰਭ ਚਰਨ; ਨਾਨਕ ਆਸਰੋ ॥

ਹੇ ਪ੍ਰਭੂ ! ਏਕ = ਇਕ ਤੂਹੀ = ਤੂੰ ਹੀ ਦੀਨ = ਗ਼ਰੀਬਾਂ ਉਪਰ ਦਇਆਲ = ਦਿਆਲਤਾ ਕਰਨ ਵਾਲਾ ਹੈਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮਾਤਮਾ ! ਸਾਨੂੰ ਤੇਰੇ ਚਰਨਾਂ ਦਾ ਹੀ ਆਸਰੋ = ਆਸਰਾ ਹੈ।

## ਉਧਰੇ; ਭ੍ਰਮ ਮੋਹ ਸਾਗਰ ॥ ਲਗਿ ਸੰਤਨਾ; ਪਗ ਪਾਲ ॥੨॥੧॥੨॥

ਹੇ ਪ੍ਰਭੂ ! ਉਹ ਮਨੁੱਖ ਭਰਮ ਅਤੇ ਮੋਹ = ਅਗਿਆਨ ਦੇ ਸੰਸਾਰ ਰੂਪੀ ਸਾਗਰ = ਸਮੁੰਦਰ ਤੋਂ ਉਧਰੇ = ਤਰ ਗਏ ਹਨ।

ਜਿਨ੍ਹਾਂ ਨੇ ਤੇਰੇ ਸੰਤਨਾ = ਸੰਤ ਜਨਾਂ ਦੇ ਪਗ = ਚਰਨਾਂ ਵਿਚ ਲੱਗਣਾ ਕੀਤਾ ਹੈ ਅਤੇ ਉਨ੍ਹਾਂ ਦੀ ਸ਼ਰਨ ਦਾ ਪਾਲ = ਪੱਲਾ ਪਕੜਨਾ ਕੀਤਾ ਹੈ **ਵਾ:** ਜਿਨ੍ਹਾਂ ਨੇ ਸੰਤ ਜਨਾਂ ਦੇ ਚਰਨੀਂ ਲੱਗ ਕੇ ਭਾਵ ਉਨ੍ਹਾਂ ਦੀ ਸੰਗਤ ਦੁਆਰਾ ਤੇਰਾ ਪੱਲਾ ਪਕੜਨਾ ਕੀਤਾ ਹੈ **ਵਾ:** ਉਹ ਪਾਲ = ਵੱਟ ਭਾਵ ਮੁਕਤ ਰੂਪੀ ਕਿਨਾਰੇ 'ਤੇ ਪਹੁੰਚ ਗਏ ਹਨ **ਵਾ:** ਤੂੰ ਆਪ ਉਨ੍ਹਾਂ ਨੂੰ ਪਾਲ = ਪਾਲਣਾ ਕਰਦਾ ਹੈਂ ॥੨॥੧॥੨॥

## ਕੇਦਾਰਾ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਅੰਦਰ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਘਰੁ ੪ = ਚੌਥੇ ਸੁਰਤਾਲ ਵਿਚ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸਰਨੀ ਆਇਓ; ਨਾਥ ਨਿਧਾਨ ॥

ਹੇ ਨਿਧਾਨ = ਨਿੱਧੀਆਂ ਦੇ ਘਰ ਨਾਥ = ਮਾਲਕ ਪ੍ਰਭੂ ! ਮੈਂ ਤੇਰੀ ਸਰਨੀ = ਓਟ ਵਿਚ ਆਇਓ = ਆਇਆ ਹਾਂ।

## ਨਾਮ ਪ੍ਰੀਤਿ ਲਾਗੀ ਮਨ ਭੀਤਰਿ; ਮਾਗਨ ਕਉ ਹਰਿ ਦਾਨ ॥੧॥ਰਹਾਉ॥

ਮੇਰੇ ਮਨ = ਹਿਰਦੇ ਭੀਤਰਿ = ਵਿਚ ਤੇਰੇ ਨਾਮ ਦੀ ਪ੍ਰੀਤਿ = ਪ੍ਰੀਤੀ, ਲਗਨ ਲਾਗੀ = ਲੱਗੀ ਹੈ, ਹੇ ਹਰਿ = ਹਰੀ ! ਇਹੀ ਨਾਮ, ਬ੍ਰਹਮ ਗਿਆਨ ਦਾ ਦਾਨ = ਖ਼ੈਰਾਤ ਮਾਗਨ = ਮੰਗਣ ਕਉ = ਵਾਸਤੇ ਤੇਰੀ ਸ਼ਰਨ ਗ੍ਰਹਿਣ ਕੀਤੀ ਹੈ ॥੧॥ਰਹਾਉ॥

## ਸੁਖਦਾਈ ਪੂਰਨ ਪਰਮੇਸੁਰ; ਕਰਿ ਕਿਰਪਾ ਰਾਖਹੁ ਮਾਨ ॥

ਹੇ ਸੁਖਦਾਈ = ਸੁੱਖਾਂ ਦੇ ਦੇਣ ਵਾਲੇ ਪੂਰਨ = ਵਿਆਪਕ ਪਰਮੇਸੁਰ = ਪ੍ਰਭੂ ! ਤੂੰ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਮੇਰਾ ਮਾਨ = ਆਦਰ ਰਾਖਹੁ = ਰੱਖਣਾ ਕਰੋ **ਵਾ:** ਮਾਨ = ਅਭਿਮਾਨ ਵੱਲੋਂ ਬਣਾ ਕੇ ਰਾਖਹੁ = ਰੱਖ ਲਵੋ **ਵਾ:** ਵਿਧੀ ਪੱਖ ਦੁਆਰਾ ਖਟ ਪਰਮਾਣਾਂ ਦੇ ਵਿਸ਼ੇ ਤੇ ਸ੍ਵੈ ਅਨੁਭਵ ਪ੍ਰਮਾਣ ਹੈ, ਉਸ ਵਿਚ ਮੈਨੂੰ ਰੱਖਣਾ ਕਰੋ **ਵਾ:** ਮੇਰਾ ਮਾਨ = ਮਨ ਆਪਣੇ ਚਰਨਾਂ ਵਿਚ ਜੋੜ ਕੇ ਰੱਖੋ।

## ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ; ਹਰਿ ਗੁਨ ਰਸਨ ਬਖਾਨ ॥੧॥

ਹੇ ਸੁਆਮੀ = ਮਾਲਕ ਪ੍ਰਭੂ ! ਮੈਨੂੰ ਸਾਧੂ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਿ = ਸੰਗਤ ਦੀ ਪ੍ਰੀਤਿ = ਪ੍ਰੀਤੀ ਦੇਹੁ = ਦੇਣਾ ਕਰ **ਵਾ:** ਸਾਧੂਆਂ ਦੀ ਸੰਗਤ ਦੁਆਰਾ ਆਪਣੀ ਪ੍ਰੀਤੀ ਬਖ਼ਸ਼। ਹੇ ਹਰਿ = ਹਰੀ ! ਉਨ੍ਹਾਂ ਸੰਤਾਂ ਨਾਲ ਮਿਲ ਕੇ ਮੈਂ ਤੇਰੇ ਗੁਣਾਂ ਨੂੰ ਆਪਣੀ ਰਸਨ = ਜੀਭ ਦੁਆਰਾ ਬਖਾਨ = ਉਚਾਰਣ ਕਰਾਂ ॥੧॥

## ਗੋਪਾਲ ਦਇਆਲ ਗੋਬਿਦ ਦਮੋਦਰ; ਨਿਰਮਲ ਕਥਾ ਗਿਆਨ ॥

ਹੇ (ਗੋ + ਪਾਲ) ਗੋ = ਪ੍ਰਿਥਵੀ ਦੇ ਪਾਲ = ਪਾਲਕ, (ਗੋ + ਬਿਦ) ਗੋ = ਬਾਣੀ ਕਰਕੇ ਬਿਦ = ਪ੍ਰਾਪਤ ਹੋਣ ਜੋਗ ਦਇਆਲ = ਦਿਆਲੂ ਦਮੋਦਰ = ਪਰਮਾਤਮਾ ! ਤੇਰੇ ਨਿਰਮਲ = ਉੱਜਲ ਸਰੂਪ ਦੀ ਸਰੂਪ ਲੱਖਣਾਂ ਵਾਲੀ ਕਥਾ ਸੁਣਨੀ ਅਤੇ ਆਪਣੇ ਸਰੂਪ ਦਾ ਗਿਆਨ ਦੇਣਾ **ਵਾ:** ਤੇਰੀ ਕਥਾ ਨਿਰਮਲ ਗਿਆਨ = ਜਾਣੀਦੀ ਹੈ।

## ਨਾਨਕ ਕਉ ਹਰਿ ਕੈ ਰੰਗਿ ਰਾਗਹੁ; ਚਰਨ ਕਮਲ ਸੰਗਿ ਧਿਆਨ ॥੨॥੧॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪ੍ਰਭੂ ! ਮੈਨੂੰ ਦਾਸ ਕਉ = ਨੂੰ ਆਪ ਕੈ = ਦੇ ਰੰਗਿ = ਪ੍ਰੇਮ ਵਿਚ ਰਾਗਹੁ = ਰੰਗਣਾ ਕਰੋ ਅਤੇ ਤੇਰੇ ਚਰਨਾਂ ਕਮਲਾਂ ਦੇ ਸੰਗਿ = ਨਾਲ ਹੀ ਮੇਰਾ ਧਿਆਨ ਜੁੜਿਆ ਰਹੇ ॥੨॥੧॥੩॥

## ਕੇਦਾਰਾ ਮਹਲਾ ੫ ॥

## ਹਰਿ ਕੇ ਦਰਸਨ ਕੋ; ਮਨਿ ਚਾਉ ॥

ਹੇ ਭਾਈ ! ਹਰਿ = ਪਰਮਾਤਮਾ ਕੇ = ਦੇ ਦਰਸਨ = ਦੀਦਾਰ ਕੋ = ਦਾ ਮੇਰੇ ਮਨਿ = ਹਿਰਦੇ ਵਿਚ ਚਾਉ = ਉਤਸ਼ਾਹ ਲੱਗਾ ਹੋਇਆ ਹੈ ਕਿ ਕਦੋਂ ਦਰਸ਼ਨ ਹੋਣ।

## ਕਰਿ ਕਿਰਪਾ ਸਤਸੰਗਿ ਮਿਲਾਵਹੁ; ਤੁਮ ਦੇਵਹੁ ਅਪਨੋ ਨਾਉ ॥ਰਹਾਉ॥

ਇਸ ਲਈ ਬੇਨਤੀ ਕਰਦੇ ਹਾਂ ਕਿ ਹੇ ਪ੍ਰਭੂ ! ਤੂੰ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਮੈਨੂੰ ਸਤਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਵਿਚ ਮਿਲਾਵਹੁ = ਮਿਲਾਉਣਾ ਕਰੋ ਅਤੇ ਸੰਗਤ ਦੁਆਰਾ ਤੁਮ = ਤੁਸੀਂ ਮੈਨੂੰ ਅਪਨੋ = ਆਪਣਾ ਨਾਉ = ਨਾਮ ਦੇਵਹੁ = ਦੇਣਾ ਕਰੋ ॥ਰਹਾਉ॥

## ਕਰਉ ਸੇਵਾ ਸਤਪੁਰਖ ਪਿਆਰੇ; ਜਤ ਸੁਨੀਐ, ਤਤ ਮਨਿ ਰਹਸਾਉ ॥

ਹੇ ਸਤ ਸਰੂਪ, ਪੁਰਖ = ਪੂਰਨ ਤੇ ਪਿਆਰੇ ਪ੍ਰਭੂ ! ਮੈਂ ਤੇਰੀ ਭਗਤੀ ਰੂਪੀ ਸੇਵਾ = ਟਹਿਲ ਕਰਉ = ਕਰਾਂ **ਵਾ:** ਹੇ ਪਿਆਰੇ ਪ੍ਰਭੂ ! ਮੈਂ ਸਤਿਸੰਗਤ ਵਿਚ ਸਤ ਪੁਰਖ ਮਹਾਤਮਾ ਜਨਾਂ ਦੀ ਸੇਵਾ ਕਰਾਂ ਅਤੇ ਜਤ = ਜਿਥੇ ਵੀ ਤੇਰਾ ਜੱਸ ਸੁਨੀਐ = ਸੁਣਨਾ ਕਰੀਏ, ਤਤ = ਉਥੇ ਹੀ ਮਨਿ = ਹਿਰਦੇ ਵਿਚ ਰਹਸਾਉ = ਅਨੰਦ ਪ੍ਰਾਪਤ ਹੋਵੇ **ਵਾ:** ਜਤ = ਜਿਸ ਸਾਧਨ ਦੁਆਰਾ ਤੇਰੀ ਪ੍ਰਾਪਤੀ ਸੁਣੀਏ, ਤਿਸ ਵਿਚ ਹੀ ਮੇਰਾ ਮਨ ਰਹਿਣਾ ਕਰੇ।

[ਅੰਗ ੧੧੨੦]

## ਵਾਰੀ ਫੇਰੀ ਸਦਾ ਘੁਮਾਈ; ਕਵਨੁ ਅਨੂਪੁ ਤੇਰੋ ਠਾਉ ॥੧॥

ਹੇ ਪ੍ਰਭੂ ! ਮੈਂ ਤੇਰੇ ਤੋਂ ਮਨ ਕਰਕੇ ਵਾਰੀ = ਵਾਰਨੇ, ਤਨ ਕਰਕੇ ਫੇਰੀ = ਫੇਰਨੇ ਤੇ ਬਾਣੀ ਕਰਕੇ ਸਦਾ = ਹਮੇਸ਼ਾ ਘੁਮਾਈ = ਕੁਰਬਾਨ ਜਾਂਦਾ ਹਾਂ ਪੁਨਾ ਤੇਰੋ = ਤੇਰਾ ਉਹ ਅਨੂਪੁ = ਉਪਮਾ ਤੋਂ ਰਹਿਤ ਕਵਨੁ = ਕਿਹੜਾ ਠਾਉ = ਥਾਂ ਹੈ, ਜਿਥੇ ਤੂੰ ਇਸਥਿਤ ਰਹਿੰਦਾ ਹੈਂ **ਵਾ:** ਜਿਥੇ ਤੂੰ ਸਖਿਆਤ ਹੋ ਜਾਂਦਾ ਹੈਂ **ਵਾ:** ਉਹ ਸੰਗਤ, ਸਰੂਪ, ਸੱਚਖੰਡ ਰੂਪੀ ਥਾਂ ਹੈ ॥੧॥

## ਸਰਬ ਪ੍ਰਤਿਪਾਲਹਿ, ਸਗਲ ਸਮਾਲਹਿ; ਸਗਲਿਆ ਤੇਰੀ ਛਾਉ ॥

ਹੇ ਪ੍ਰਭੂ ! ਤੂੰ ਸਰਬ = ਸਾਰਿਆਂ ਨੂੰ ਪ੍ਰਤਿਪਾਲਹਿ = ਪਾਲਣਾ ਕਰਦਾ ਹੈਂ, ਸਗਲ = ਸਾਰਿਆਂ ਨੂੰ ਸਮਾਲਹਿ = ਸੰਭਾਲਣਾ ਕਰਦਾ ਹੈਂ ਅਤੇ ਸਗਲਿਆ = ਸਾਰਿਆਂ ਜੀਵਾਂ ਨੂੰ ਤੇਰੀ ਹੀ ਛਾਉ = ਓਟ ਹੈ **ਵਾ:** ਸਾਰਿਆਂ ਵਿਚ ਤੇਰੀ ਹੀ ਜੋਤ ਛਾਈ ਹੋਈ ਹੈ।

## ਨਾਨਕ ਕੇ ਪ੍ਰਭ ਪੁਰਖ ਬਿਧਾਤੇ;
## ਘਟਿ ਘਟਿ ਤੁਝਹਿ ਦਿਖਾਉ ॥੨॥੨॥੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਾਡੇ ਜਨਾਂ ਕੇ = ਦੇ ਬਿਧਾਤੇ = ਫਲ ਪ੍ਰਦਾਤੇ ਪੁਰਖ = ਪੂਰਨ ਪ੍ਰਭ = ਪ੍ਰਭੂ ! ਸਾਰੇ ਘਟਿ ਘਟਿ = ਸਰੀਰਾਂ ਸਰੀਰਾਂ ਵਿਚ ਮੈਂ ਤੁਝਹਿ = ਤੈਨੂੰ ਦਿਖਾਉ = ਦੇਖਣਾ ਕਰਾਂ ॥੨॥੨॥੪॥

## ਕੇਦਾਰਾ ਮਹਲਾ ੫ ॥
## ਪ੍ਰਿਅ ਕੀ ਪ੍ਰੀਤਿ; ਪਿਆਰੀ ॥

ਹੇ ਪ੍ਰਿਅ = ਪਿਆਰੇ ਪਤੀ ਪਰਮਾਤਮਾ ! ਆਪ ਜੀ ਕੀ = ਦੀ ਪ੍ਰੀਤਿ = ਪ੍ਰੀਤੀ ਮੈਨੂੰ ਪਿਆਰੀ ਲੱਗਦੀ ਹੈ **ਵਾ:** ਜਿਸ ਨੂੰ ਪਿਆਰੇ ਗੁਰਾਂ ਦੀ ਪ੍ਰੀਤੀ ਹੈ, ਉਹ ਜਗਿਆਸੂ ਸਖੀ ਤੈਨੂੰ ਪਿਆਰੀ ਲੱਗਦੀ ਹੈ।

## ਮਗਨ ਮਨੈ ਮਹਿ ਚਿਤਵਉ ਆਸਾ; ਨੈਨਹੁ ਤਾਰ ਤੁਹਾਰੀ ॥ਰਹਾਉ॥

ਮੈਂ ਮਨੈ = ਹਿਰਦੇ ਮਹਿ = ਵਿਚ ਮਗਨ = ਮਸਤ ਹੋ ਕੇ ਤੇਰੇ ਦਰਸ਼ਨਾਂ ਦੀ ਆਸਾ ਚਿਤਵਉ = ਚਿਤਵਨੀ ਕਰਦਾ ਹਾਂ ਅਤੇ ਨੈਨਹੁ = ਨੇਤਰਾਂ ਵਿਚ ਵੀ ਤੁਹਾਰੀ = ਤੇਰੀ ਹੀ ਤਾਰ = ਇਕ ਟਿਕ, ਅਚੱਲ ਦ੍ਰਿਸ਼ਟੀ ਲੱਗੀ ਹੋਈ ਹੈ **ਵਾ:** ਮਨ ਬੁੱਧ ਰੂਪੀ ਨੇਤਰਾਂ ਵਿਚ ਤਾਰ = ਤੇਲ ਧਾਰਾ ਵੱਤ ਇਕ ਰਸ ਤੇਰੀ ਹੀ ਪ੍ਰੀਤੀ ਲੱਗੀ ਹੋਈ ਹੈ ॥ਰਹਾਉ॥

## ਓਇ ਦਿਨ ਪਹਰ ਮੂਰਤ ਪਲ ਕੈਸੇ; ਓਇ ਪਲ ਘਰੀ ਕਿਹਾਰੀ ॥

ਓਇ = ਉਹ ਦਿਨ, ਪਹਰ, ਮੂਰਤ = ਦੋ ਘੜੀਆਂ, ਪਲ ਕੈਸੇ = ਕਿਹੋ ਜਿਹੇ ਹੋਣਗੇ ਅਤੇ ਓਇ = ਉਹ ਨੇਤਰਾਂ ਦੀ ਪਲ = ਪਲਕ ਤੇ ਇਕ ਘੜੀ = ਘੜੀ ਕਿਹਾਰੀ = ਕਿਹੋ ਜਿਹੀ ਹੋਵੇਗੀ।

**ਅਥਵਾ** ਉਹ ਦਿਨ ਕਿਹੋ ਜਿਹਾ ਹੋਵੇਗਾ, ਜਦੋਂ ਤੇਰੀ ਸ਼ਰਨ ਵਿਚ ਆਵਾਂਗਾ **ਵਾ:** ਜਦੋਂ ਗਿਆਨ ਰੂਪੀ ਦਿਨ ਚੜ੍ਹੇਗਾ, ਉਹ ਪਹਿਰ ਕਿਹੋ ਜਿਹਾ ਹੋਵੇਗਾ, ਜਦੋਂ ਮਨ ਉਪਰ ਪਹਿਰਾ ਦੇਵਾਂਗਾ, ਉਹ ਮੂਰਤ = ਦੋ ਘੜੀਆਂ ਕਿਹੋ ਜਿਹੀਆਂ ਹੋਣਗੀਆਂ, ਜਦੋਂ ਚਿੱਤ ਇਕਾਗਰ ਹੋ ਕੇ ਤੇਰੇ ਸਰੂਪ ਵਿਚ ਜੁੜ ਜਾਵੇਗਾ, ਉਹ ਪਲ ਕਿਹੋ ਜਿਹਾ ਹੋਵੇਗਾ, ਜਦੋਂ ਤੂੰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇਂਗਾ ਅਤੇ ਉਹ ਪਲ = ਪਲਕ ਮਾਤ੍ਰ ਘਰੀ = ਘੜੀ ਕਿਹੋ ਜਿਹੀ ਹੋਵੇਗੀ।

## ਖੂਲੇ ਕਪਟ ਧਪਟ ਬੁਝਿ ਤ੍ਰਿਸਨਾ; ਜੀਵਉ ਪੇਖਿ ਦਰਸਾਰੀ ॥੧॥

ਜਦੋਂ ਪੰਜਾਂ ਕੋਸ਼ਾਂ ਦੇ ਕਪਟ = ਤਖ਼ਤੇ ਖੂਲੇ = ਖੁੱਲ੍ਹ ਜਾਣਗੇ ਅਤੇ ਧਪਟ = ਸ਼ੀਘਰ ਹੀ ਤ੍ਰਿਸ਼ਨਾ ਦੀ ਅਗਨ ਬੁਝ ਜਾਵੇਗੀ ਅਤੇ ਤੇਰੇ ਦਰਸਾਰੀ = ਦਰਸ਼ਨ ਪੇਖਿ = ਦੇਖ ਕਰਕੇ ਜੀਵਉ = ਜਿਉਂਦਾ ਹੋ ਜਾਵਾਂਗਾ ॥੧॥

## ਕਵਨੁ ਸੁ ਜਤਨੁ, ਉਪਾਉ ਕਿਨੇਹਾ; ਸੇਵਾ ਕਉਨ ਬੀਚਾਰੀ ॥

ਸੁ = ਉਹ ਸਰੀਰ ਕਰਕੇ ਜਤਨ ਕਵਨੁ = ਕਿਹੜਾ ਹੈ ਅਤੇ ਬਾਣੀ ਕਰਕੇ ਸ਼ਾਸਤਰ ਗਿਆਨ ਆਦਿ ਨੂੰ ਪ੍ਰਾਪਤ ਕਰਨ ਰੂਪ ਉਪਾਉ = ਜਤਨ ਕਿਨੇਹਾ = ਕਿਹੜਾ ਹੈ ਅਤੇ ਉਹ ਸੇਵਾ = ਟਹਿਲ ਕਿਹੜੀ ਹੈ, ਜਿਸ ਕਰਕੇ ਬੀਚਾਰੀ = ਵਿਚਾਰਵਾਨ ਹੋਵਾਂ ਅਤੇ ਮੈਨੂੰ ਦਰਸ਼ਨ ਪ੍ਰਾਪਤ ਹੋਵੇ। ਅੱਗੇ ਉੱਤਰ ਦੇਂਦੇ ਹਨ :

## ਮਾਨੁ ਅਭਿਮਾਨੁ ਮੋਹੁ ਤਜਿ ਨਾਨਕ; ਸੰਤਹ ਸੰਗਿ ਉਧਾਰੀ ॥੨॥੩॥੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮਾਨੁ = ਸਤਿਕਾਰ ਤੇ ਅਭਿਮਾਨੁ = ਹੰਕਾਰ, ਸਰੀਰਾਂ ਦਾ ਮੋਹ = ਸਨੇਹ ਤਜਿ = ਛੱਡ ਕਰਕੇ ਸੰਤਹ = ਸੰਤ ਜਨਾਂ ਦੇ ਸੰਗਿ = ਨਾਲ ਭਾਵ ਉਨ੍ਹਾਂ ਦੀ ਸੰਗਤ ਕਰੇ ਤਾਂ ਉਧਾਰੀ = ਪਾਰ-ਉਤਾਰਾ ਹੋਵੇਗਾ ਅਤੇ ਪ੍ਰਭੂ ਦੇ ਦਰਸ਼ਨ ਹੋ ਜਾਣਗੇ ਅਰਥਾਤ ਸਾਧ ਸੰਗਤ ਕਰਕੇ ਹੀ ਸਾਰੇ ਜਤਨ ਸਫਲੇ ਹਨ ਅਤੇ ਸਾਧ ਸੰਗਤ ਦੀ ਸੇਵਾ ਹੀ ਸਰੂਪ ਦੇ ਗਿਆਨ ਦੀ ਵਿਚਾਰ ਦੇਣ ਵਾਲੀ ਹੈ ॥੨॥੩॥੫॥

## ਕੇਦਾਰਾ ਮਹਲਾ ੫ ॥
## ਹਰਿ ਹਰਿ ਹਰਿ; ਗੁਨ ਗਾਵਹੁ ॥

ਹੇ ਭਾਈ! ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਗੁਨ ਗਾਵਹੁ = ਗਾਉਣਾ ਕਰੋ।

## ਕਰਹੁ ਕ੍ਰਿਪਾ ਗੋਪਾਲ ਗੋਬਿਦੇ; ਅਪਨਾ ਨਾਮੁ ਜਪਾਵਹੁ ॥ਰਹਾਉ॥

ਅਤੇ ਬੇਨਤੀ ਕਰੋ ਕਿ ਹੇ (ਗੋ + ਪਾਲ) ਗੋ = ਪ੍ਰਿਥਵੀ ਦੇ ਪਾਲ = ਪਾਲਕ ਗੋਬਿਦੇ = ਪਰਮਾਤਮਾ! ਆਪਣੀ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਕਰਹੁ = ਕਰੋ ਤੇ ਮੇਰੇ ਪਾਸੋਂ ਅਪਨਾ = ਆਪ ਦਾ ਨਾਮ ਜਪਾਵਹੁ = ਜਪਾਉਣਾ ਕਰੋ ॥ਰਹਾਉ॥

## ਕਾਢਿ ਲੀਏ ਪ੍ਰਭ ਆਨ ਬਿਖੈ ਤੇ; ਸਾਧਸੰਗਿ ਮਨੁ ਲਾਵਹੁ ॥

ਹੇ ਪ੍ਰਭ = ਪਰਮਾਤਮਾ! ਜਿਹੜੇ ਤੂੰ ਆਨ = ਹੋਰ ਬਿਖੈ = ਵਿਸ਼ਿਆਂ ਵਿਕਾਰਾਂ ਤੇ = ਤੋਂ ਕਾਢਿ = ਕੱਢ ਲੀਏ = ਲਏ ਹਨ, ਉਨ੍ਹਾਂ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਦੇ ਸੰਗਿ = ਨਾਲ ਭਾਵ ਉਨ੍ਹਾਂ ਦੀ ਸੰਗਤ ਵਿਚ ਮੇਰਾ ਮਨ ਲਾਵਹੁ = ਲਾਉਣਾ ਭਾਵ ਜੋੜਨਾ ਕਰੋ।

## ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ; ਅਪਨਾ ਦਰਸੁ ਦਿਖਾਵਹੁ ॥੧॥

ਗੁਰਾਂ ਦੇ ਬਚਨੀ = ਉਪਦੇਸ਼ ਦੁਆਰਾ ਪੰਜ ਪ੍ਰਕਾਰ ਦਾ ਭਰਮ, ਸੱਤ ਪ੍ਰਕਾਰ ਦਾ ਭਉ = ਡਰ ਤੇ ਸਰੀਰਾਂ ਆਦਿ ਦਾ ਮੋਹ = ਸਨੇਹ ਕਟਿਓ = ਕੱਟ ਦਿਓ ਅਤੇ ਅਪਨਾ = ਆਪ ਦਾ ਦਰਸੁ = ਦਰਸ਼ਨ ਦਿਖਾਵਹੁ = ਦਿਖਾਉਣਾ ਕਰੋ ॥੧॥

## ਸਭ ਕੀ ਰੇਨ, ਹੋਇ ਮਨੁ ਮੇਰਾ; ਅਹੰਬੁਧਿ ਤਜਾਵਹੁ ॥

ਤੇਰੇ ਸਭ = ਸਾਰਿਆਂ ਦੇ ਚਰਨਾਂ ਕੀ = ਦੀ ਰੇਨ = ਧੂੜੀ ਮੇਰਾ ਮਨ ਹੋਇ = ਹੋ ਜਾਵੇ ਅਤੇ ਮੇਰੇ ਅੰਦਰੋਂ ਅਹੰਬੁਧਿ = ਹੰਕਾਰ ਵਾਲੀ ਬੁੱਧੀ ਤਜਾਵਹੁ = ਛੁਡਾ ਦੇਵੋ।

## ਅਪਨੀ ਭਗਤਿ ਦੇਹਿ ਦਇਆਲਾ; ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥

ਹੇ ਦਇਆਲਾ = ਦਿਆਲੂ ਪ੍ਰਭੂ! ਤੂੰ ਮੈਨੂੰ ਅਪਨੀ = ਆਪ ਦੀ ਪ੍ਰੇਮਾ ਭਗਤਿ = ਭਗਤੀ ਦੇਹਿ = ਦੇਣਾ ਕਰ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰੀ! ਇਉਂ ਵਡਭਾਗੀ = ਵੱਡੇ ਭਾਗਾਂ ਵਾਲਾ ਹੋ ਕੇ ਤੈਨੂੰ ਪਾਵਹੁ = ਪਾ ਲਵਾਂ **ਵਾ:** ਤੇਰੀ ਪ੍ਰਾਪਤੀ ਕਰਕੇ ਵੱਡੇ ਭਾਗਾਂ ਵਾਲਾ ਹੋ ਜਾਵਾਂ ॥੨॥੪॥੬॥

## ਕੇਦਾਰਾ ਮਹਲਾ ੫ ॥

## ਹਰਿ ਬਿਨੁ; ਜਨਮੁ ਅਕਾਰਥ ਜਾਤ ॥

ਹੇ ਭਾਈ! ਹਰਿ = ਪਰਮਾਤਮਾ ਦੀ ਪ੍ਰਾਪਤੀ ਤੋਂ ਬਿਨੁ = ਬਗ਼ੈਰ, ਇਹ ਅਮੋਲਕ ਮਨੁੱਖਾ ਜਨਮ ਅਕਾਰਥ = ਵਿਅਰਥ ਹੀ ਚਲਾ ਜਾਤ = ਜਾਂਦਾ ਹੈ।

## ਤਜਿ ਗੋਪਾਲ ਆਨ ਰੰਗਿ ਰਾਚਤ; ਮਿਥਿਆ ਪਹਿਰਤ ਖਾਤ ॥ਰਹਾਉ॥

ਜੋ ਗੋਪਾਲ = ਪਰਮਾਤਮਾ ਨੂੰ ਤਜਿ = ਛੱਡ ਕਰਕੇ ਆਨ = ਹੋਰਨਾਂ ਪਦਾਰਥਾਂ, ਦੇਵੀ-ਦੇਵਤਿਆਂ ਦੀ ਉਪਾਸ਼ਨਾ ਦੇ ਰੰਗ ਵਿਚ ਰਾਚਤ = ਰਚੇ ਰਹਿੰਦੇ ਹਨ **ਵਾ:** ਆਨ = ਦ੍ਵੈਤ ਦੇ ਰੰਗ ਵਿਚ ਰਚੇ ਰਹਿੰਦੇ ਹਨ, ਉਨ੍ਹਾਂ ਦਾ ਬਸਤਰਾਂ ਦਾ ਪਹਿਰਤ = ਪਹਿਨਣਾ ਤੇ ਭੋਜਨ ਆਦਿ ਦਾ ਖਾਤ = ਖਾਣਾ ਸਭ ਮਿਥਿਆ = ਝੂਠਾ ਹੀ ਹੈ ॥ਰਹਾਉ॥

## ਧਨੁ ਜੋਬਨੁ ਸੰਪੈ ਸੁਖ ਭੋਗਵੈ; ਸੰਗਿ ਨ ਨਿਬਹਤ ਮਾਤ ॥

ਜੋ ਪ੍ਰਾਣੀ ਧਨ = ਦੌਲਤ, ਜੋਬਨੁ = ਜਵਾਨੀ ਤੋਂ ਸੰਪੈ = ਬਿਭੂਤੀ ਆਦਿ ਦੇ ਸੁਖ ਭੋਗਵੈ = ਮਾਨਣਾ ਕਰਦਾ ਹੈ, ਪਰ ਪਰਲੋਕ ਵਿਚ ਤਾਂ ਮਾਤ = ਮਾਤਾ-ਪਿਤਾ ਆਦਿ ਨੇੜੇ ਦੇ ਸੰਬੰਧੀ ਵੀ ਸੰਗਿ = ਨਾਲ ਨਹੀਂ ਨਿਬਹਤ = ਨਿਭਦੇ **ਅਥਵਾ** ਧਨ, ਜਵਾਨੀ, ਬਿਭੂਤੀ ਆਦਿ ਸੁੱਖਾਂ ਨੂੰ ਭੋਗਦਾ ਹੋਇਆ ਉਨ੍ਹਾਂ ਵਿਚ ਮਾਤ = ਮਸਤ ਰਹਿੰਦਾ ਹੈ, ਪਰ ਇਹ ਪਰਲੋਕ ਵਿਚ ਨਾਲ ਨਹੀਂ ਨਿਭਦੇ।

## ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ; ਦ੍ਰੁਮ ਛਾਇਆ ਰੰਗਿ ਰਾਤ ॥੧॥

ਇਹ ਬਾਵਰ = ਕਮਲਾ ਜੀਵ ਮ੍ਰਿਗ ਤ੍ਰਿਸ਼ਨਾ ਦੇ ਪਾਣੀ ਵਾਂਗ ਮਿਥਿਆ ਪਦਾਰਥਾਂ ਨੂੰ ਦੇਖਿ = ਵੇਖ ਕਰਕੇ ਉਨ੍ਹਾਂ ਵਿਚ ਰਚਿਓ = ਰਚ ਰਿਹਾ ਹੈ, ਭਾਵ ਜਦੋਂ ਰੇਤਲੇ ਮੈਦਾਨਾਂ ਵਿਚ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ, ਤਦੋਂ ਰੇਤ ਦੀ ਚਮਕ ਨਾਲ ਜਲ ਭਰੀ ਝੀਲ ਦਿਸਣ ਲੱਗ ਜਾਂਦੀ ਹੈ। ਜਿਉਂ ਜਿਉਂ ਪਿਆਸੇ ਆਦਮੀ ਜਾਂ ਹਿਰਨ ਉਸ ਵੱਲ ਜਾਂਦੇ ਹਨ, ਤਿਉਂ ਤਿਉਂ ਉਹ ਹੋਰ ਦੂਰ ਪ੍ਰਤੀਤ ਹੁੰਦੀ ਜਾਂਦੀ ਹੈ। ਹਿਰਨ ਤੇ ਪਿਆਸੇ ਆਦਮੀ ਇਸ ਭਰਮ ਵਿਚ ਹੀ ਭਟਕਦੇ ਫਿਰਦੇ ਹਨ। ਇਸੇ ਪ੍ਰਕਾਰ ਪਰਮਾਤਮਾ ਰੂਪੀ ਸੂਰਜ ਦੀ ਸੱਤਾ ਰੂਪੀ ਕਿਰਨਾਂ ਨਾਲ ਮਾਇਆ ਰੂਪੀ ਰੇਤਾ ਚਮਕ ਰਿਹਾ ਹੈ ਤੇ ਕਮਲਾ ਮਨੁੱਖ ਉਸ ਚਮਕ ਰਹੇ ਰੇਤੇ ਨੂੰ ਸੁੱਖ ਰੂਪ, ਸਮਝ ਕੇ ਉਸ ਵਿਚ ਹੀ ਭਰਮ ਰਿਹਾ ਹੈ।

ਅੱਗੇ ਦੂਜਾ ਦ੍ਰਿਸ਼ਟਾਂਤ ਦੇਂਦੇ ਹਨ ਕਿ ਇਹ ਕਮਲਾ ਮਨੁੱਖ ਦ੍ਰੁਮ = ਬਿਰਛ ਦੀ ਛਾਇਆ = ਛਾਂ ਵਾਂਗ ਖਿਨ ਭੰਗਰ ਪਦਾਰਥਾਂ ਦੇ ਰੰਗਿ = ਅਨੰਦ ਵਿਚ ਰਾਤ = ਰੱਤਾ ਰਹਿੰਦਾ ਹੈ ਅਰਥਾਤ ਜਿਵੇਂ ਸੂਰਜ ਦੇ ਢਲਣ ਨਾਲ ਛਾਂ ਵੀ ਢਲ ਜਾਂਦੀ ਹੈ, ਇਉਂ ਪਰਾਲਬਧ, ਪੁੰਨ ਰੂਪੀ ਸੂਰਜ ਢਲਣ ਨਾਲ ਸਰੀਰ ਰੂਪੀ ਬਿਰਛ ਪਾਸੋਂ ਪਦਾਰਥਾਂ ਰੂਪੀ ਛਾਂ ਵੀ ਢਲ ਜਾਂਦੀ ਹੈ ॥੧॥

## ਮਾਨ ਮੋਹ ਮਹਾ ਮਦ ਮੋਹਤ; ਕਾਮ ਕ੍ਰੋਧ ਕੈ ਖਾਤ ॥

ਗੁਣਾਂ, ਧਨ ਦੇ ਮਾਨ = ਹੰਕਾਰ ਤੇ ਸਰੀਰਾਂ ਦੇ ਮੋਹ ਰੂਪ ਮਹਾ = ਵੱਡੇ ਮਦ = ਨਸ਼ੇ ਵਿਚ ਮੋਹਤ = ਮੋਹਿਆ, ਮੂਰਛਾ ਹੋਇਆ ਜੀਵ ਕਾਮ ਕ੍ਰੋਧ ਆਦਿ ਵਿਕਾਰਾਂ ਕੈ = ਦੇ ਖਾਤ = ਟੋਏ ਵਿਚ ਡਿੱਗਾ ਰਹਿੰਦਾ ਹੈ **ਵਾ:** ਕਾਮ ਕ੍ਰੋਧ ਕਰਕੇ ਨਰਕ ਰੂਪੀ ਟੋਏ ਵਿਚ ਡਿੱਗਦਾ ਹੈ।

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਫੇਰ ਇਸ ਤੋਂ ਬਚਣ ਦਾ ਕੋਈ ਉਪਾਅ ਦੱਸੋ ?*
***ਗੁਰ-ਉੱਤਰ :*** ਗੁਰੂ ਜੀ ਕਹਿੰਦੇ ਹਨ ਕਿ ਉਸ ਪ੍ਰਭੂ ਅੱਗੇ ਇਉਂ ਬੇਨਤੀ ਕਰੋ :

## ਕਰੁ ਗਹਿ ਲੇਹੁ ਦਾਸ ਨਾਨਕ ਕਉ; ਪ੍ਰਭ ਜੀਉ ਹੋਇ ਸਹਾਤ ॥੨॥੫॥੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪ੍ਰਭੂ ਜੀਉ = ਜੀ ! ਤੁਸੀਂ ਲੋਕ ਪਰਲੋਕ ਵਿਚ ਸਹਾਤ = ਸਹਾਇਕ ਹੋਇ = ਹੋਵੋ ਅਤੇ ਮੈਂ ਦਾਸ = ਸੇਵਕ ਕਉ = ਨੂੰ ਕਰੁ = ਹੱਥ ਗਹਿ = ਪਕੜ ਕੇ ਇਸ ਟੋਏ ਵਿਚ ਡਿੱਗਣ ਤੋਂ ਬਚਾ ਲੇਹੁ = ਲਵੋ **ਵਾ:** ਮੇਰਾ ਮਨ ਰੂਪੀ ਹੱਥ ਪਕੜ ਕੇ ਬਚਾ ਲਵੋ ॥੨॥੫॥੭॥

## ਕੇਦਾਰਾ ਮਹਲਾ ੫ ॥
## ਹਰਿ ਬਿਨੁ; ਕੋਇ ਨ ਚਾਲਸਿ ਸਾਥ ॥

ਹੇ ਭਾਈ ! ਹਰਿ = ਪਰਮਾਤਮਾ ਤੋਂ ਬਿਨੁ = ਬਗ਼ੈਰ ਪਰਲੋਕ ਵਿਚ ਕੋਇ = ਕੋਈ ਵੀ ਸਾਥ = ਨਾਲ ਨਹੀਂ ਚਾਲਸਿ = ਚੱਲਦਾ।

## ਦੀਨਾ ਨਾਥ ਕਰੁਣਾਪਤਿ ਸੁਆਮੀ; ਅਨਾਥਾ ਕੇ ਨਾਥ ॥ਰਹਾਉ॥

ਉਹ ਪਰਮੇਸ਼ਰ ਜੀ ਦੀਨਾ = ਗ਼ਰੀਬਾਂ ਦੇ ਨਾਥ = ਮਾਲਕ, ਕਰੁਣਾਪਤਿ = ਕਿਰਪਾ ਦੇ ਪਤੀ **ਵਾ:** (ਕਰੁਣਾ + ਪਤਿ) ਕਰੁਣਾ = ਕਿਰਪਾ ਰੂਪ, ਪਤਿ = ਪ੍ਰਤਿਸ਼ਠਾ, ਇੱਜ਼ਤ ਦੇਣ ਵਾਲੇ ਸੁਆਮੀ = ਮਾਲਕ ਹਨ ਅਤੇ ਸਭਨਾਂ ਅਨਾਥਾ = ਯਤੀਮਾਂ ਕੇ = ਦੇ ਨਾਥ = ਮਾਲਕ ਹਨ।

**ਅਥਵਾ** ਅਨਾਥਾਂ ਦੇ ਨਾਥ, ਦੀਨਾਂ ਦੇ ਮਾਲਕ, ਕਿਰਪਾ ਦੇ ਪਤੀ, ਸਰਬ ਦੇ ਸੁਆਮੀ ਹਰੀ ਤੋਂ ਬਿਨਾਂ ਕੋਈ ਵੀ ਨਾਲ ਨਹੀਂ ਚੱਲਦਾ ॥ਰਹਾਉ॥

## ਸੁਤ ਸੰਪਤਿ ਬਿਖਿਆ ਰਸ ਭੋੁਗਵਤ; ਨਹ ਨਿਬਹਤ ਜਮ ਕੈ ਪਾਥ ॥

ਸੁਤ = ਪੁੱਤਰ ਸੰਪਤਿ = ਬਿਭੂਤੀ ਤੇ ਬਿਖਿਆ = ਵਿਸ਼ਿਆਂ ਦਾ ਜੋ ਰਸ ਭੋੁਗਵਤ = ਭੋਗਣਾ ਹੈ, ਇਹ ਜਮ = ਜਮਦੂਤਾਂ ਕੈ = ਦੇ ਪਾਥ = ਰਸਤੇ ਵਿਚ ਨਾਲ ਨਹ = ਨਹੀਂ ਨਿਬਹਤ = ਨਿੱਭਦਾ।

## ਨਾਮੁ ਨਿਧਾਨੁ ਗਾਉ ਗੁਨ ਗੋਬਿੰਦ; ਉਧਰੁ ਸਾਗਰ ਕੇ ਖਾਤ ॥੧॥

ਹੇ ਭਾਈ ! ਗੁਰਾਂ ਦੁਆਰਾ ਨਾਮ ਦੇ ਨਿਧਾਨੁ = ਖ਼ਜ਼ਾਨੇ ਨੂੰ ਪ੍ਰਾਪਤ ਕਰੋ ਅਤੇ ਗੋਬਿੰਦ = ਪਰਮਾਤਮਾ ਦੇ ਗੁਣਾਂ ਨੂੰ ਸੰਗਤ ਵਿਚ ਮਿਲਾ ਕੇ ਗਾਉ = ਗਾਉਣਾ ਕਰੋ, ਇਉਂ ਸਾਗਰ = ਸਮੁੰਦਰ ਦੀ ਨਿਆਈਂ ਸੰਸਾਰ ਕੇ = ਦੇ ਖਾਤ = ਟੋਏ ਵਿੱਚੋਂ ਉਧਰੁ = ਉਧਰਨਾ ਕਰੋ ॥੧॥

## ਸਰਨਿ ਸਮਰਥ ਅਕਥ ਅਗੋਚਰ; ਹਰਿ ਸਿਮਰਤ ਦੁਖ ਲਾਥ ॥

ਸਮਰਥ = ਸਰਬ ਸ਼ਕਤੀਮਾਨ, ਸ਼ਕਤੀ ਬਿਰਤੀ ਕਰਕੇ ਅਕਥ = ਕਥਨ ਤੋਂ ਰਹਿਤ, ਅਗੋਚਰ, ਇੰਦ੍ਰੀਆਂ ਦੇ ਅਵਿਸ਼ੇ ਪਰਮਾਤਮਾ ਦੀ ਸ਼ਰਨ ਵਿਚ ਪੈਣਾ ਕਰੋ ਅਤੇ ਉਸ ਹਰਿ = ਪਰਮਾਤਮਾ ਦੇ ਸਿਮਰਤ = ਸਿਮਰਨ ਕਰਨ ਨਾਲ ਸਾਰੇ ਜੰਮਣ ਮਰਨ ਆਦਿ ਦੇ ਦੁਖ ਲਾਥ = ਲਹਿ ਜਾਂਦੇ ਹਨ।

## ਨਾਨਕ ਦੀਨ ਧੂਰਿ ਜਨ ਬਾਂਛਤ; ਮਿਲੈ ਲਿਖਤ ਧੁਰਿ ਮਾਥ ॥੨॥੬॥੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਦੀਨ = ਗ਼ਰੀਬ ਪਰਮਾਤਮਾ ਦੇ ਜਨ = ਦਾਸਾਂ ਦੀ ਚਰਨ ਧੂਰਿ = ਧੂੜੀ ਬਾਂਛਤ = ਚਾਹੁੰਦਾ ਹਾਂ, ਪਰ ਇਹ ਤਾਂ ਹੀ ਮਿਲ ਸਕਦੀ ਹੈ, ਜੇਕਰ ਧੁਰਿ = ਆਦਿ ਤੋਂ ਹੀ ਮਾਥ = ਮੱਥੇ ਉਪਰ ਪ੍ਰਾਪਤੀ ਦੀ ਲਿਖਤ ਪਈ ਹੋਵੇ ॥੨॥੬॥੮॥

## ਕੇਦਾਰਾ ਮਹਲਾ ੫ ਘਰੁ ੫ ੧ੴ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਅੰਦਰ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਘਰੁ ੫ = ਪੰਜਵੇਂ ਸੁਰਤਾਲ ਵਿਚ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਬਿਸਰਤ ਨਾਹਿ; ਮਨ ਤੇ ਹਰੀ ॥

ਹੇ ਭਾਈ! ਉਹ ਹਰੀ = ਪਰਮਾਤਮਾ ਮੇਰੇ ਮਨ = ਹਿਰਦੇ ਤੇ = ਤੋਂ ਹੁਣ ਬਿਸਰਤ = ਭੁੱਲਦਾ ਨਾਹਿ = ਨਹੀਂ ਹੈ।

## ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ; ਆਨ ਬਿਖੈ ਜਰੀ ॥ਰਹਾਉ॥

ਅਬ = ਹੁਣ ਇਹ ਹਰੀ ਨਾਮ ਦੀ ਪ੍ਰੀਤਿ = ਪ੍ਰੀਤੀ ਮਹਾ = ਬਹੁਤ ਪ੍ਰਬਲ = ਜ਼ੋਰ ਵਾਲੀ ਭਈ = ਹੋਈ ਹੈ ਕਿ ਇਸ ਪ੍ਰੀਤੀ ਕਾਰਨ ਆਨ = ਹੋਰ ਬਿਖੈ = ਵਿਸ਼ਿਆਂ ਦੀ ਪ੍ਰੀਤੀ ਬ੍ਰਹਮ ਅਭਿਆਸ ਅਗਨੀ ਵਿਚ ਜਰੀ = ਸੜ ਗਈ ਹੈ ॥ਰਹਾਉ॥

ਪ੍ਰੀਤੀ ਦੇ ਬਾਬਤ ਅੱਗੇ ਦ੍ਰਿਸ਼ਟਾਂਤ ਦੇ ਕੇ ਕਥਨ ਕਰਦੇ ਹਨ:

## ਬੂੰਦ ਕਹਾ ਤਿਆਗਿ ਚਾਤ੍ਰਿਕ; ਮੀਨ ਰਹਤ ਨ ਘਰੀ ॥

ਜਿਵੇਂ ਚਾਤ੍ਰਿਕ = ਬਬੀਹਾ ਸ੍ਵਾਂਤੀ ਬੂੰਦ ਨੂੰ ਤਿਆਗਿ = ਛੱਡ ਕਰਕੇ ਕਹਾ = ਕਿਥੇ ਰਹਿ ਸਕਦਾ ਹੈ, ਤਿਵੇਂ ਮੇਰਾ ਚਿਤ ਰੂਪੀ ਬਬੀਹਾ ਪ੍ਰਭੂ ਦੇ ਦਰਸ਼ਨਾਂ ਰੂਪੀ ਸ੍ਵਾਂਤੀ ਬੂੰਦ ਤੋਂ ਬਿਨਾਂ ਨਹੀਂ ਰਹਿ ਸਕਦਾ ਅਤੇ ਜਿਵੇਂ ਮੀਨ = ਮੱਛੀ ਪਾਣੀ ਤੋਂ ਬਿਨਾਂ ਇਕ ਘਰੀ = ਘੜੀ ਭਾਵ ਥੋੜੇ ਸਮੇਂ ਮਾਤਰ ਵੀ ਨਹੀਂ ਰਹਿ ਸਕਦੀ, ਤਿਵੇਂ ਮੇਰੀ ਬੁੱਧ ਰੂਪੀ ਮੱਛੀ ਪ੍ਰਭੂ ਦੇ ਨਾਮ ਰੂਪੀ ਜਲ ਤੋਂ ਬਿਨਾਂ ਇਕ ਘੜੀ ਵੀ ਨਹੀਂ ਰਹਿ ਸਕਦੀ।

[ਅੰਗ ੧੧੨੧]

## ਗੁਨ ਗੋਪਾਲ ਉਚਾਰੁ ਰਸਨਾ; ਟੇਵ ਏਹ ਪਰੀ ॥੧॥

ਮੇਰੀ ਰਸਨਾ = ਜੀਭਾ ਗੋਪਾਲ = ਪਰਮਾਤਮਾ ਦੇ ਗੁਣਾਂ ਨੂੰ ਉਚਾਰੁ = ਉਚਾਰਣ ਕਰਦੀ ਹੈ, ਮੈਨੂੰ ਹੁਣ ਏਹ = ਇਹ ਟੇਵ = ਆਦਤ ਹੀ ਪਰੀ = ਪੈ ਗਈ ਹੈ ॥੧॥

## ਮਹਾ ਨਾਦ ਕੁਰੰਕ ਮੋਹਿਓ; ਬੇਧਿ ਤੀਖਨ ਸਰੀ ॥

ਜਿਵੇਂ ਕੁਰੰਕ = ਹਿਰਨ ਨਾਦ = ਸ਼ਬਦ ਦੀ ਆਵਾਜ਼ ਉਪਰ ਮਹਾ = ਬਹੁਤ ਮੋਹਿਓ = ਮੋਹਿਆ ਜਾਂਦਾ

ਹੈ **ਵਾ:** ਮਹਾ ਨਾਦ = ਘੰਡੇ-ਹੇੜੇ ਦਾ ਸ਼ਬਦ ਸੁਣ ਕੇ ਹਿਰਨ ਮੋਹਿਆ ਜਾਂਦਾ ਹੈ ਤੇ ਤੀਖਨ = ਤਿੱਖੇ ਸਰੀ = ਬਾਨ ਨਾਲ ਬੇਧਿ = ਵਿੰਨ੍ਹਿਆ ਜਾਂਦਾ ਹੈ, ਇਸੇ ਪ੍ਰਕਾਰ ਗੁਰਾਂ ਦੇ ਸ਼ਬਦ ਵਿਚ ਮੇਰਾ ਚਿੱਤ ਰੂਪੀ ਹਿਰਨ ਬਹੁਤ ਮੋਹਿਆ ਗਿਆ ਹੈ ਤੇ ਪ੍ਰੇਮ ਰੂਪੀ ਤਿੱਖੇ ਤੀਰਾਂ ਨਾਲ ਵਿੰਨ੍ਹਿਆ ਗਿਆ ਹੈ।

## ਪ੍ਰਭ ਚਰਨ ਕਮਲ ਰਸਾਲ ਨਾਨਕ; ਗਾਠਿ ਬਾਧਿ ਧਰੀ ॥੨॥੧॥੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰਭ = ਪਰਮਾਤਮਾ ਦੇ ਚਰਨ ਕਮਲ ਵੱਤ ਨਿਰਲੇਪ ਅਤੇ ਰਸਾਲ = ਸੁੰਦਰ ਹਨ, ਉਨ੍ਹਾਂ ਚਰਨਾਂ ਦੀ ਪ੍ਰੀਤੀ ਰੂਪੀ ਗਾਠਿ = ਗੰਢ ਬਾਧਿ = ਬੰਨ੍ਹ ਕੇ ਆਪਣੇ ਹਿਰਦੇ ਵਿਚ ਧਰੀ = ਧਾਰਨ ਕੀਤੀ ਹੈ ॥੨॥੧॥੯॥

## ਕੇਦਾਰਾ ਮਹਲਾ ੫ ॥

## ਪ੍ਰੀਤਮ; ਬਸਤ ਰਿਦ ਮਹਿ ਖੋਰ ॥

ਹੇ ਪ੍ਰੀਤਮ = ਪਿਆਰੇ ਪ੍ਰਭੂ ! ਤੂੰ ਮੇਰੇ ਰਿਦ = ਹਿਰਦੇ ਰੂਪੀ ਖੋਰ = ਗੁਫ਼ਾ ਵਿਚ ਪ੍ਰਕਾਸ਼ ਰੂਪ ਹੋ ਕੇ ਬਸਤ = ਵੱਸਦਾ ਹੈਂ **ਵਾ:** ਗੁਰਾਂ ਦੁਆਰਾ ਇਹ ਨਿਸਚੇ ਕੀਤਾ ਹੈ ਕਿ ਹੇ ਪ੍ਰੀਤਮ ਪ੍ਰਭੂ ! ਜਦੋਂ ਤੂੰ ਹਿਰਦੇ ਵਿਚ ਵੱਸ ਜਾਂਦਾ ਹੈਂ ਤਾਂ ਤੇਰੇ ਨਾਮ ਦੀ ਖੋਰ = ਖ਼ੁਮਾਰੀ, ਮਸਤੀ ਚੜ੍ਹ ਜਾਂਦੀ ਹੈ।

## ਭਰਮ ਭੀਤਿ ਨਿਵਾਰਿ ਠਾਕੁਰ; ਗਹਿ ਲੇਹੁ ਅਪਨੀ ਓਰ ॥੧॥ਰਹਾਉ॥

ਹੇ ਠਾਕੁਰ = ਸੁਆਮੀ ਪ੍ਰਭੂ ! ਮੇਰੇ ਅੰਦਰੋਂ ਭਰਮ ਰੂਪੀ ਭੀਤਿ = ਕੰਧ, ਪੜਦੇ ਨੂੰ ਨਿਵਾਰਿ = ਨਵਿਰਤ ਕਰ ਅਤੇ ਮੇਰੇ ਮਨ ਨੂੰ ਗਹਿ = ਪਕੜ ਕੇ ਅਪਨੀ = ਆਪ ਦੀ ਓਰ = ਤਰਫ਼ ਖਿੱਚ ਲੇਹੁ = ਲੈਣਾ ਕਰ, ਭਾਵ ਆਪਣੀ ਸ਼ਰਨ, ਭਗਤੀ ਵਿਚ ਲਾ ਕੇ ਹੋਰ ਕਿਸੇ ਪਾਸੇ ਨਾ ਜਾਣ ਦੇਵੋ ॥੧॥ਰਹਾਉ॥

## ਅਧਿਕ ਗਰਤ ਸੰਸਾਰ ਸਾਗਰ; ਕਰਿ ਦਇਆ ਚਾਰਹੁ ਧੋਰ ॥

ਇਹ ਸੰਸਾਰ ਰੂਪੀ ਸਾਗਰ = ਸਮੁੰਦਰ ਅਧਿਕ = ਬਹੁਤ ਵੱਡਾ ਗਰਤ = ਟੋਇਆ ਹੈ **ਵਾ:** ਸੰਸਾਰ ਰੂਪੀ ਸਮੁੰਦਰ ਵਿਚ ਮੋਹ, ਵਾਸ਼ਨਾ ਰੂਪੀ ਅਤਿਅੰਤ ਗਰਤ = ਦਲਦਲ ਹੈ, ਜੋ ਨਰਕਾਂ ਵਿਚ ਪਾਉਣ ਵਲੀ ਹੈ, ਹੇ ਪ੍ਰਭੂ ! ਤੂੰ ਆਪਣੀ ਦਇਆ = ਮਿਹਰ ਕਰਿ = ਕਰਕੇ ਮੈਨੂੰ ਮੁਕਤੀ ਰੂਪੀ ਧੋਰ = ਕਿਨਾਰੇ ਉਪਰ ਚਾਰਹੁ = ਚਾੜ੍ਹਨਾ ਕਰ।

## ਸੰਤ ਸੰਗਿ ਹਰਿ ਚਰਨ ਬੋਹਿਥ; ਉਧਰਤੇ ਲੈ ਮੋਰ ॥੧॥

ਹੇ ਹਰਿ = ਪ੍ਰਭੂ ! ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੀ ਸੰਗਤ ਦੁਆਰਾ ਆਪਣੇ ਨਾਮ **ਵਾ:** ਗੁਰਾਂ ਦੇ ਚਰਨ ਰੂਪੀ ਬੋਹਿਥ = ਜਹਾਜ਼ ਵਿਚ ਚੜ੍ਹਾ ਕੇ ਮੋਰ = ਮੈਨੂੰ ਉਧਰਤੇ = ਉਧਾਰ ਲੈ = ਲੈਣਾ ਕਰ ॥੧॥

## ਗਰਭ ਕੁੰਟ ਮਹਿ ਜਿਨਹਿ ਧਾਰਿਓ; ਨਹੀ ਬਿਖੈ ਬਨ ਮਹਿ ਹੋਰ ॥

ਜਿਨਹਿ = ਜਿਸ ਆਪ ਜੀ ਨੇ ਮਾਤਾ ਦੇ ਗਰਭ = ਪੇਟ ਰੂਪੀ ਕੁੰਟ = ਕੁੰਡ ਮਹਿ = ਵਿਚ ਆਪਣੇ ਸਿਮਰਨ ਦੇ ਧਾਰਿਓ = ਆਸਰੇ ਰੱਖਣਾ ਕੀਤਾ ਸੀ **ਵਾ:** ਮਾਤਾ ਦੀ ਜਠਰਾ ਅਗਨੀ ਵਿਚ ਮੈਨੂੰ ਧਾਰਿਓ = ਧਾਰਨ ਕਰਕੇ ਰੱਖਿਆ ਸੀ। ਹੁਣ ਵੀ ਇਸ ਬਿਖੈ = ਵਿਸ਼ਿਆਂ ਦੇ ਸੰਸਾਰ ਰੂਪੀ ਬਨ = ਜੰਗਲ ਮਹਿ = ਵਿਚ ਤੇਰੇ ਤੋਂ ਬਿਨਾਂ ਕੋਈ ਹੋਰ ਰੱਖਿਅਕ ਨਹੀਂ ਹੈ **ਵਾ:** ਸੰਸਾਰ ਸਾਗਰ ਦੇ ਵਿਸ਼ਿਆਂ ਰੂਪੀ ਬਨ = ਰਸ **ਵਾ:** ਬਨ = ਪਾਣੀ ਵਿਚ ਕੇਵਲ ਤੁਸੀਂ ਹੀ ਬਚਾ ਕੇ ਰੱਖਣ ਵਾਲੇ ਹੋ।

## ਹਰਿ ਸਕਤ ਸਰਨ ਸਮਰਥ ਨਾਨਕ; ਆਨ ਨਹੀ ਨਿਹੋਰ ॥੨॥੨॥੧੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਰਬ ਸਕਤ = ਸ਼ਕਤੀਆਂ ਦੇ ਮਾਲਕ **ਵਾ:** ਭਗਤੀ ਦੀ ਸ਼ਕਤੀ ਵਾਲੇ ਸਮਰਥ = ਸਰਬ ਸ਼ਕਤੀਮਾਨ ਹਰਿ = ਪ੍ਰਭੂ ! ਮੈਂ ਤੇਰੀ ਸਰਨ = ਓਟ ਵਿਚ ਆਇਆ ਹਾਂ। ਤੇਰੇ ਤੋਂ ਬਿਨਾਂ ਆਨ = ਹੋਰ ਕਿਸੇ ਨੂੰ ਨਿਹੋਰ = ਤੱਕਦਾ ਨਹੀਂ ਹਾਂ **ਵਾ:** ਹੋਰ ਕਿਸੇ ਦਾ ਨਿਹੋਰ = ਅਹਿਸਾਨ ਨਹੀਂ ਝੱਲਦਾ ॥੨॥੨॥੧੦॥

## ਕੇਦਾਰਾ ਮਹਲਾ ੫ ॥

## ਰਸਨਾ; ਰਾਮ ਰਾਮ ਬਖਾਨੁ ॥

ਹੇ ਭਾਈ ! ਰਸਨਾ = ਜੀਭਾ ਕਰਕੇ ਰਾਮ = ਰਮੇ ਹੋਏ ਰਾਮ = ਪਰਮਾਤਮਾ ਦੇ ਨਾਮ ਭਾਵ ਜਸ ਨੂੰ ਬਖਾਨੁ = ਉਚਾਰਣ ਕਰ।

## ਗੁਨ ਗੋੁਪਾਲ ਉਚਾਰੁ ਦਿਨੁ ਰੈਨਿ; ਭਏ ਕਲਮਲ ਹਾਨ ॥ਰਹਾਉ॥

ਗੋੁਪਾਲ = ਪਰਮਾਤਮਾ ਦੇ ਗੁਣਾਂ ਨੂੰ ਕੀਰਤਨ ਵਿਚ ਪਾ ਕੇ ਵੀ ਦਿਨ ਰੈਨਿ = ਰਾਤ ਉਚਾਰੁ = ਉਚਾਰਣ ਕਰ, ਤਾਂ ਤੇਰੇ **ਵਾ:** ਕਲਮਲ = ਕਲਵਲਾਹਟ ਪਾਉਣ ਵਾਲੇ ਪਾਪ **ਵਾ:** (ਕਲ + ਮਲ) ਕਲ = ਕਲਿਜੁਗ ਦੇ ਮਲ = ਮੈਲ ਰੂਪ ਪਾਪ **ਵਾ:** ਮਲ ਵਿਖੇਪ ਅਵਰਨ ਰੂਪ ਕਲਮਲ = ਪਾਪ ਹਾਨ = ਨਾਸ਼ ਭਏ = ਹੋ ਜਾਣਗੇ ॥ਰਹਾਉ॥

## ਤਿਆਗਿ ਚਲਨਾ ਸਗਲ ਸੰਪਤ; ਕਾਲੁ ਸਿਰ ਪਰਿ ਜਾਨੁ ॥

ਹੇ ਭਾਈ ! ਅੰਤ ਨੂੰ ਹਾਥੀ, ਘੋੜੇ, ਮੱਝਾਂ, ਗਾਵਾਂ ਆਦਿ ਸਗਲ = ਸਾਰੀ ਸੰਪਤ = ਬਿਭੂਤੀ ਏਥੇ ਹੀ ਤਿਆਗਿ = ਛੱਡ ਕਰਕੇ ਪਰਲੋਕ ਨੂੰ ਚਲਨਾ = ਚਲੇ ਜਾਣਾ ਹੈ, ਇਸ ਲਈ ਕਾਲੁ = ਮੌਤ ਨੂੰ ਸਦਾ ਹੀ ਆਪਣੇ ਸਿਰ ਪਰਿ = ਉਪਰ ਖਲੋਤੀ ਜਾਨੁ = ਜਾਨਣਾ ਕਰ।

## ਮਿਥਨ ਮੋਹ ਦੁਰੰਤ ਆਸਾ; ਝੂਠੁ ਸਰਪਰ ਮਾਨੁ ॥੧॥

ਜੋ ਮਿਥਨ = ਝੂਠੇ ਪਦਾਰਥਾਂ ਦੇ ਮੋਹ = ਸਨੇਹ ਕਰਕੇ ਦੁਰੰਤ = ਕਠਿਨ, ਬੇਅੰਤ ਆਸਾ = ਇੱਛਾ ਲੱਗੀ ਹੋਈ ਹੈ, ਇਨ੍ਹਾਂ ਪਦਾਰਥਾਂ ਨੂੰ ਸਰਪਰ = ਜ਼ਰੂਰ ਬਰ ਜ਼ਰੂਰ ਝੂਠੇ ਹੀ ਮਾਨੁ = ਮੰਨਣਾ ਕਰ ॥੧॥

## ਸਤਿ ਪੁਰਖ ਅਕਾਲ ਮੂਰਤਿ; ਰਿਦੈ ਧਾਰਹੁ ਧਿਆਨੁ ॥

ਜੋ ਸਤਿ = ਨਾਸ਼ ਤੋਂ ਰਹਿਤ ਪੁਰਖ = ਪੂਰਨ, ਅਕਾਲ = ਕਾਲ ਤੋਂ ਰਹਿਤ ਮੂਰਤਿ = ਹਸਤੀ, ਸਰੂਪ ਵਾਲਾ ਪ੍ਰਭੂ ਹੈ, ਉਸ ਦਾ ਆਪਣੇ ਰਿਦੈ = ਹਿਰਦੇ ਵਿਚ ਧਿਆਨ ਧਾਰਹੁ = ਧਰਨਾ ਕਰ **ਵਾ:** ਹਿਰਦੇ ਵਿਚ ਨਿਸਚੇ ਕਰਨ ਰੂਪ ਧਿਆਨ ਧਾਰਨ ਕਰ।

## ਨਾਮੁ ਨਿਧਾਨੁ ਲਾਭੁ ਨਾਨਕ; ਬਸਤੁ ਇਹ ਪਰਵਾਨੁ ॥੨॥੩॥੧੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਾਂ ਦੁਆਰਾ ਬਖ਼ਸ਼ਿਆ ਹੋਇਆ ਨਾਮ ਦਾ ਨਿਧਾਨੁ =

ਖ਼ਜ਼ਾਨਾ ਹੀ ਲਾਭੁ = ਨਫ਼ੇ ਵਾਲਾ ਹੈ ਅਤੇ ਇਹੋ ਹੀ ਬਸਤੁ = ਵਸਤੂ ਲੋਕ-ਪਰਲੋਕ ਵਿਚ ਪਰਵਾਨੁ = ਪ੍ਰਵਾਨਿਕ ਸਫਲੀ ਹੈ **ਵਾ:** ਇਹ ਨਾਮ ਰੂਪੀ ਵਸਤੂ ਹੀ ਪਰਵਾਨ ਕਰ ॥੨॥੩॥੧੧॥

## ਕੇਦਾਰਾ ਮਹਲਾ ੫ ॥

## ਹਰਿ ਕੇ ਨਾਮ ਕੋ; ਆਧਾਰੁ ॥

ਹੇ ਭਾਈ ! ਆਪਣੇ ਹਿਰਦੇ ਵਿਚ ਹਰਿ = ਪਰਮਾਤਮਾ ਕੇ = ਦੇ ਨਾਮ ਕੋ = ਦਾ ਹੀ ਆਧਾਰੁ = ਆਸਰਾ ਲੈਣਾ ਕਰੋ।

## ਕਲਿ ਕਲੇਸ ਨ ਕਛੁ ਬਿਆਪੈ; ਸੰਤ ਸੰਗਿ ਬਿਉਹਾਰੁ ॥ਰਹਾਉ॥

ਤਦੋਂ ਤੁਹਾਨੂੰ ਕਲਿ = ਕਲਪਨਾ, ਝਗੜੇ ਤੇ ਕਲੇਸ[1] = ਦੁਖ ਆਦਿ ਕਛੁ = ਕੁਝ ਵੀ ਨਹੀਂ ਬਿਆਪੈ = ਵਿਆਪਣਗੇ, ਇਸ ਲਈ ਸੰਤ ਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਦੁਆਰਾ ਨਾਮ ਦਾ ਜਪਣ ਜਪਾਉਣ ਰੂਪ ਬਿਉਹਾਰੁ = ਵਪਾਰ ਕਰੋ ॥ਰਹਾਉ॥

## ਕਰਿ ਅਨੁਗ੍ਰਹੁ ਆਪਿ ਰਾਖਿਓ; ਨਹ ਉਪਜਤਉ ਬੇਕਾਰੁ ॥

ਪਰਮੇਸ਼ਰ ਆਪਣੀ ਅਨੁਗ੍ਰਹੁ = ਕਿਰਪਾ ਕਰਿ = ਕਰਕੇ ਜਿਸ ਨੂੰ ਆਪ ਰਾਖਿਓ = ਰੱਖ ਲੈਂਦਾ ਹੈ, ਉਸ ਦੇ ਅੰਦਰ ਬੇਕਾਰੁ = ਕਾਮ ਕ੍ਰੋਧ ਆਦਿ ਵਿਕਾਰ ਉਪਜਤਉ = ਪੈਦਾ ਨਹੀਂ ਹੁੰਦੇ, ਭਾਵ ਨਿਰਵਿਕਾਰ ਜੀਵਨ ਹੋ ਜਾਂਦਾ ਹੈ।

## ਜਿਸੁ ਪਰਾਪਤਿ ਹੋਇ ਸਿਮਰੈ; ਤਿਸੁ ਦਹਤ ਨਹ ਸੰਸਾਰੁ ॥੧॥

ਜਿਸ ਮਨੁੱਖ ਨੂੰ ਗੁਰਾਂ ਦੁਆਰਾ ਪ੍ਰਭੂ ਦਾ ਨਾਮ ਪ੍ਰਾਪਤ ਹੋਇ = ਹੁੰਦਾ ਹੈ **ਵਾ:** ਪ੍ਰਾਪਤ ਹੋਣਾ ਲਿਖਿਆ ਹੋਇਆ ਹੈ, ਉਹੋ ਹੀ ਨਾਮ ਸਿਮਰੈ = ਸਿਮਰਦਾ ਹੈ ਅਤੇ ਤਿਸੁ = ਉਸ ਮਨੁੱਖ ਨੂੰ ਸੰਸਾਰੁ = ਜਗਤ ਵਿਚਲੇ ਵਿਕਾਰ, ਤ੍ਰਿਸ਼ਨਾ, ਈਰਖਾ ਦੀ ਅੱਗ ਦਹਤ = ਸਾੜ ਨਹ = ਨਹੀਂ ਸਕਦੀ ॥੧॥

## ਸੁਖ ਮੰਗਲ ਆਨੰਦ ਹਰਿ ਹਰਿ; ਪ੍ਰਭ ਚਰਨ ਅੰਮ੍ਰਿਤ ਸਾਰੁ ॥

ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਨਾਮ ਨੂੰ ਜਪਣ ਕਰਕੇ ਹੀ ਮਨ ਕਰਕੇ ਸੁਖ, ਬਾਣੀ ਕਰਕੇ ਮੰਗਲ = ਖ਼ੁਸ਼ੀ ਤੇ ਸਰੀਰ ਕਰਕੇ ਅਨੰਦ ਬਣਿਆ ਰਹਿੰਦਾ ਹੈ **ਵਾ:** ਸੁਖ ਸਰੂਪ ਹਰਿ ਹਰਿ ਪਰਮਾਤਮਾ ਦੇ ਮੰਗਲ = ਜਸ ਗਾਉਣ ਕਰਕੇ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਪ੍ਰਭ = ਪਰਮਾਤਮਾ ਦੇ ਚਰਨਾਂ ਦਾ ਪਿਆਰ, ਧਿਆਨ ਅੰਮ੍ਰਿਤ = ਮਿਰਤੂ ਤੋਂ ਰਹਿਤ ਕਰਨ ਵਾਲਾ ਸਾਰੁ = ਸ੍ਰੇਸ਼ਟ ਸਾਧਨ ਹੈ **ਵਾ:** ਅੰਮ੍ਰਿਤ ਤੋਂ ਵੀ ਸ੍ਰੇਸ਼ਟ ਹੈ।

---

੧. **ਕਲੇਸ :** ਵਿਦਵਾਨਾਂ ਨੇ ਪੰਜ ਪ੍ਰਕਾਰ ਦੇ ਕਲੇਸ਼ ਸੰਸਕ੍ਰਿਤ ਗ੍ਰੰਥਾਂ ਵਿਚ ਲਿਖੇ ਹਨ :

(ੳ) ਅਵਿਦਯਾ : ਅਸਲੀਅਤ ਨਾ ਸਮਝਣੀ, ਉਲਟੀ ਸਮਝ।

(ਅ) ਅਸੰਮਤਾ : ਦੇਹ, ਧਨ, ਸੰਬੰਧੀ ਆਦਿ ਵਿਚ ਹੰਗਤਾ **ਵਾ:** ਕਿਸੇ ਨਾਲ ਸੰਗਤੀ ਨਾ ਹੋਣੀ।

(ੲ) ਰਾਗ : ਬਿਨਾਂ ਕਾਰਨ ਤੋਂ ਕਿਸੇ ਨਾਲ ਮੋਹ।

(ਸ) ਦ੍ਵੈਖ : ਬਿਨਾਂ ਕਾਰਨ ਤੋਂ ਕਿਸੇ ਨਾਲ ਈਰਖਾ।

(ਹ) ਅਭਿਨਿਵੇਸ਼ : ਉਲਟਾ ਹਠ, ਨਾ ਕਰਨ ਯੋਗਜ ਕਰਮਾਂ ਨੂੰ ਜਾਣ ਕੇ ਵੀ ਹਠ ਨਾਲ ਉਨ੍ਹਾਂ ਵਿਚ ਮਨ ਲਾਉਣਾ ਅਤੇ ਮੌਤ ਤੋਂ ਡਰਨਾ।

## ਨਾਨਕ ਦਾਸ ਸਰਨਾਗਤੀ; ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਮੈਂ ਦਾਸ = ਸੇਵਕ ਤੇਰੀ ਸਰਨਾਗਤੀ = ਸ਼ਰਨ ਵਿਚ ਆ ਕੇ ਪ੍ਰਾਪਤ ਹੋਇਆ ਹਾਂ, ਤੇਰੇ ਸੰਤਨਾ = ਸੰਤ ਜਨਾਂ ਦੇ ਚਰਨਾਂ ਕੀ = ਦੀ ਮੈਨੂੰ ਛਾਰੁ = ਧੂੜੀ ਬਣਾਉਣਾ ਕਰ **ਵਾ:** ਤੇਰੇ ਸੰਤ ਜਨਾਂ ਦੀ ਧੂੜ ਪ੍ਰਾਪਤ ਹੋਵੇ॥੨॥੪॥੧੨॥

## ਕੇਦਾਰਾ ਮਹਲਾ ੫ ॥

## ਹਰਿ ਕੇ ਨਾਮ ਬਿਨੁ; ਧ੍ਰਿਗੁ ਸ੍ਰੋਤ ॥

ਹੇ ਭਾਈ ! ਹਰਿ = ਪਰਮਾਤਮਾ ਕੇ = ਦੇ ਨਾਮ ਨੂੰ ਸੁਣਨ ਤੋਂ ਬਿਨੁ = ਬਗ਼ੈਰ ਸ੍ਰੋਤ = ਕੰਨ ਵੀ ਧ੍ਰਿਗੁ = ਧ੍ਰਿਕਾਰ ਜੋਗ ਹਨ।

## ਜੀਵਨ ਰੂਪ ਬਿਸਾਰਿ ਜੀਵਹਿ; ਤਿਹ ਕਤ ਜੀਵਨ ਹੋਤ ॥ਰਹਾਉ॥

ਜੋ ਮਨੁੱਖ ਜੀਵਨ ਰੂਪ ਪਰਮਾਤਮਾ ਨੂੰ ਬਿਸਾਰਿ = ਭੁਲਾ ਕੇ ਜੀਵਹਿ = ਜਿਉਣਾ ਕਰਦੇ ਹਨ, ਭਾਵ ਆਪਣੇ ਆਪ ਨੂੰ ਜਿਉਂਦੇ ਮੰਨਦੇ ਹਨ, ਤਿਹ = ਉਨ੍ਹਾਂ ਦਾ ਕਤ = ਕਿਸ ਪ੍ਰਕਾਰ ਜੀਵਨ = ਜਿਉਣਾ ਹੋਤ = ਹੁੰਦਾ ਹੈ, ਭਾਵ ਉਨ੍ਹਾਂ ਦਾ ਜੀਵਨ ਵਿਅਰਥ ਤੇ ਧ੍ਰਿਕਾਰ ਜੋਗ ਹੈ॥ਰਹਾਉ॥

## ਖਾਤ ਪੀਤ ਅਨੇਕ ਬਿੰਜਨ; ਜੈਸੇ ਭਾਰ ਬਾਹਕ ਖੋਤ ॥

ਉਹ ਅਨੇਕ = ਬੇਅੰਤ ਪ੍ਰਕਾਰ ਦੇ ਬਿੰਜਨ = ਭੋਜਨ ਖਾਤ = ਖਾਂਦੇ ਤੇ ਬੇਅੰਤ ਪ੍ਰਕਾਰ ਦੇ ਰਸ-ਕਸ ਪੀਤ = ਪੀਂਦੇ ਹਨ, ਉਹ ਸਭ ਕੁਝ ਇਸ ਪ੍ਰਕਾਰ ਹੈ ਜੈਸੇ = ਜਿਵੇਂ ਭਾਰ = ਬੋਝ ਨੂੰ ਬਾਹਕ = ਢੋਣ, ਵਾਹੁਣ ਵਾਲਾ ਖੋਤ = ਖੋਤਾ ਹੁੰਦਾ ਹੈ ਅਰਥਾਤ ਜਿਵੇਂ ਘੁਮਿਆਰ ਨੇ ਭਾਰ ਢੋਹਣ ਵਾਸਤੇ ਖੋਤਾ ਰੱਖਿਆ ਹੁੰਦਾ ਹੈ ਤੇ ਆਪ ਸੁਖ ਨਾਲ ਉੱਪਰ ਬੈਠ ਜਾਂਦਾ ਹੈ ਤੇ ਕੰਮ-ਕਾਰ ਕਰਨ ਤੋਂ ਬਾਅਦ ਉਸ ਨੂੰ ਰੂੜੀਆਂ 'ਤੇ ਛੱਡ ਦੇਂਦਾ ਹੈ ਅਤੇ ਘਾਹ-ਫੂਸ ਚੁਣ ਕੇ ਖਾਂਦਾ ਹੈ। ਇਸੇ ਪ੍ਰਕਾਰ ਇਸਤ੍ਰੀ ਪੁੱਤਰ ਆਦਿ ਘੁਮਿਆਰ ਦੀ ਨਿਆਈਂ ਹਨ ਤੇ ਜੀਵ ਨੂੰ ਖੋਤੇ ਵਾਂਗ ਰੱਖਿਆ ਹੋਇਆ ਹੈ। ਭਾਰ ਚੁੱਕਣ ਦੀ ਨਿਆਈਂ ਅਨੇਕਾਂ ਪਦਾਰਥ ਲਿਆ ਕੇ ਦੇਂਦਾ ਹੈ ਤੇ ਆਪ ਕਈ ਵਾਰ ਭੁੱਖਾ ਹੀ ਸੌਂ ਜਾਂਦਾ ਹੈ **ਵਾ:** ਵਿਸ਼ਿਆਂ ਦੀ ਰੂੜੀ ਵਿਚ ਵਿਕਾਰ ਭੋਗਣ ਰੂਪ ਘਾਹ ਖਾਂਦਾ ਹੈ।

## ਆਠ ਪਹਰੁ, ਮਹਾ ਸ੍ਰਮੁ ਪਾਇਆ; ਜੈਸੇ ਬਿਰਖ ਜੰਤੀ ਜੋਤ ॥੧॥

ਜੀਵ ਆਠ ਪਹਰੁ = ਅੱਠੇ ਪਹਿਰ ਭਾਵ ਰਾਤ ਦਿਨ ਉਨ੍ਹਾਂ ਦਾ ਪੇਟ ਪਾਲਣ ਲਈ ਮਹਾ = ਬਹੁਤ ਸ੍ਰਮੁ = ਥਕਾਵਟ ਨੂੰ ਪਾਇਆ = ਪਾਉਣਾ ਕਰਦਾ ਹੈ, ਜੈਸੇ = ਜਿਵੇਂ ਬਿਰਖ = ਬੈਲ ਜੰਤੀ = ਯੰਤ੍ਰ (ਕੋਹਲੂ) ਅੱਗੇ ਜੋਤ = ਜੋੜਿਆ ਹੁੰਦਾ ਹੈ **ਵਾ:** ਇਸੇ ਪ੍ਰਕਾਰ ਜੀਵ ਰੂਪੀ ਬੈਲ ਇਸਤ੍ਰੀ ਪੁੱਤਰ ਆਦਿ ਰੂਪੀ ਤੇਲੀਆਂ ਦਾ ਪਦਾਰਥਾਂ ਰੂਪੀ ਕੋਹਲੂ ਨਾਲ ਜੋੜਿਆ ਹੋਇਆ ਹੈ॥੧॥

## ਤਜਿ ਗੁੋਪਾਲੁ, ਜਿ ਆਨ ਲਾਗੇ; ਸੇ ਬਹੁ ਪ੍ਰਕਾਰੀ ਰੋਤ ॥

ਗੁੋਪਾਲ = ਪ੍ਰਿਥਵੀ ਦੇ ਪਾਲਕ ਪਰਮਾਤਮਾ ਨੂੰ ਤਜਿ = ਛੱਡ ਕਰਕੇ, ਜਿ = ਜਿਹੜੇ ਮਨੁੱਖ ਆਨ = ਹੋਰ ਪਦਾਰਥਾਂ ਦੇ ਮੋਹ, ਦੇਵੀ-ਦੇਵਤਿਆਂ ਦੀ ਉਪਾਸ਼ਨਾ ਵਿਚ ਲਾਗੇ = ਲੱਗੇ ਹੋਏ ਹਨ, ਸੇ = ਉਹ ਬਹੁ = ਬਹੁਤ ਪ੍ਰਕਾਰੀ = ਤਰ੍ਹਾਂ ਕਰਕੇ ਰੋਤ = ਰੋਂਦੇ ਭਾਵ ਦੁਖੀ ਹੁੰਦੇ ਹਨ।

## ਕਰ ਜੋਰਿ ਨਾਨਕ ਦਾਨੁ ਮਾਗੈ; ਹਰਿ ਰਖਉ ਕੰਠਿ ਪਰੋਤ ॥੨॥੫॥੧੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਬੇਨਤੀ ਕਰੋ ਕਿ ਹੇ ਪ੍ਰਭੂ! ਮੈਂ ਆਪਣੇ ਪ੍ਰਤੱਖ, ਮਨ ਬੁੱਧ ਰੂਪੀ ਕਰ = ਹੱਥ ਜੋਰਿ = ਜੋੜ ਕਰਕੇ ਇਹ ਦਾਨ ਮਾਗੈ = ਮੰਗਦਾ ਹਾਂ ਕਿ ਹੇ ਹਰੀ! ਮੈਂ ਤੇਰੇ ਨਾਮ ਨੂੰ ਆਪਣੇ ਹਿਰਦੇ ਰੂਪੀ ਕੰਠਿ = ਗਲ ਵਿਚ ਪ੍ਰੀਤ ਰੂਪੀ ਧਾਗੇ ਨਾਲ ਪਰੋਤ = ਪ੍ਰੋ ਕੇ ਰਖਉ = ਰੱਖਣਾ ਕਰਾਂ ॥੨॥੫॥੧੩॥

## ਕੇਦਾਰਾ ਮਹਲਾ ੫ ॥
## ਸੰਤਹ ਧੂਰਿ ਲੇ; ਮੁਖਿ ਮਲੀ ॥

ਜਿਸ ਮਨੁੱਖ ਨੇ ਸੰਤਹ = ਸੰਤ ਜਨਾਂ ਦੇ ਚਰਨਾਂ ਦੀ ਧੂਰਿ = ਧੂੜੀ ਲੇ = ਲੈ ਕਰਕੇ ਆਪਣੇ ਮੁਖਿ = ਮੂੰਹ, ਮਸਤਕ ਉਪਰ ਮਲੀ = ਮਲਣਾ ਕੀਤੀ ਹੈ।

## ਗੁਣਾ ਅਚੁਤ ਸਦਾ ਪੂਰਨ; ਨਹ ਦੋਖ ਬਿਆਪਹਿ ਕਲੀ ॥ਰਹਾਉ॥

ਉਹ ਅਚੁਤ = ਅਗਿੜ ਰੂਪ ਪਰਮਾਤਮਾ ਦੇ ਗੁਣ ਗਾ ਕੇ ਸਦਾ = ਹਮੇਸ਼ਾ ਲਈ ਪੂਰਨ ਹੋ ਗਿਆ ਹੈ **ਵਾ:** ਸਦਾ ਗੁਣਾਂ ਕਰਕੇ ਪੂਰਨ ਅਚੁਤ ਪ੍ਰਭੂ ਉਸ ਨੂੰ ਪ੍ਰਾਪਤ ਹੋਇਆ ਹੈ ਅਤੇ ਉਸ ਨੂੰ ਕਲੀ = ਕਲਿਜੁਗ, ਕਲਪਨਾ ਦੇ ਦੋਖ = ਦੋਸ਼ ਵੀ ਨਹੀਂ ਬਿਆਪਹਿ = ਵਿਆਪਦੇ **ਵਾ:** ਕਲੀ = ਹਰੀ ਭਾਵ ਹਾਥੀ ਆਦਿਕ ਜੂਨਾਂ ਵਿਚ ਪੈਣ ਵਾਲੇ ਦੋਸ਼ ਨਹੀਂ ਲੱਗਦੇ **ਵਾ:** ਜਿਵੇਂ ਕਮਲ ਦੀ ਕਲੀ ਪਾਣੀ ਵਿਚ ਨਿਰਲੇਪ ਰਹਿੰਦੀ ਹੈ, ਇਸੇ ਪ੍ਰਕਾਰ ਉਹ ਪੁਰਖ ਸੰਸਾਰ ਦੇ ਪਦਾਰਥਾਂ ਰੂਪੀ ਪਾਣੀ ਤੋਂ ਨਿਰਲੇਪ ਰਹਿੰਦਾ ਹੈ ਅਤੇ ਮਨ ਵਿਸ਼ੇਪ ਅਵਰਨ ਰੂਪੀ ਕੋਈ ਦੋਖ ਨਹੀਂ ਲੱਗਦਾ ॥ਰਹਾਉ॥

## ਗੁਰ ਬਚਨਿ ਕਾਰਜ ਸਰਬ ਪੂਰਨ; ਈਤ ਊਤ ਨ ਹਲੀ ॥

ਗੁਰਾਂ ਦੇ ਬਚਨਿ = ਉਪਦੇਸ਼ ਨੂੰ ਮੰਨਣ ਕਰਕੇ ਉਸ ਦੇ ਵਿਵਹਾਰਕ ਤੇ ਪਰਮਾਰਥ ਆਦਿ ਦੇ ਸਰਬ = ਸਾਰੇ ਕਾਰਜ = ਕੰਮ ਪੂਰਨ = ਪੂਰੇ ਹੋਏ ਹਨ ਅਤੇ ਉਸ ਦੇ ਚਿੱਤ ਦੀ ਬਿਰਤੀ ਈਤ ਊਤ = ਇਧਰ ਉਧਰ ਪਦਾਰਥਾਂ ਵਿਚ ਈਤ = ਇਸ ਲੋਕ ਦੇ ਪਦਾਰਥਾਂ ਅਤੇ ਸਵਰਗ ਲੋਕ ਦੇ ਦਿਬ ਭੋਗਾਂ ਨੂੰ ਸੁਣ ਕੇ ਨਹੀਂ ਹਲੀ = ਹਿੱਲਦੀ, ਸਦਾ ਪਰਮਾਤਮਾ ਦੇ ਸਿਮਰਨ ਵਿਚ ਜੁੜੀ ਰਹਿੰਦੀ ਹੈ **ਵਾ:** ਲੋਕ-ਪਰਲੋਕ ਵਿਚ ਹਿਲਦਾ ਨਹੀਂ ਹੈ, ਭਾਵ ਜੰਮਣ ਮਰਣ ਵਿਚ ਨਹੀਂ ਆਉਂਦਾ।

## ਪ੍ਰਭ ਏਕ ਅਨਿਕ ਸਰਬਤ ਪੂਰਨ; ਬਿਖੈ ਅਗਨਿ ਨ ਜਲੀ ॥੧॥

ਜਿਸ ਨੇ ਸਰਬਤ = ਸਾਰਿਆਂ ਥਾਵਾਂ ਵਿਚ ਅਨਿਕ = ਅਨੇਕਾਂ ਜੀਵਾਂ ਅੰਦਰ ਏਕ = ਇਕ ਪ੍ਰਭ = ਪਰਮਾਤਮਾ ਨੂੰ ਪੂਰਨ = ਵਿਆਪਕ ਜਾਣਿਆ ਹੈ, ਉਸ ਦੀ ਬਿਰਤੀ, ਬੁੱਧੀ ਬਿਖੈ = ਵਿਸ਼ਿਆਂ ਦੀ ਅਗਨਿ = ਅੱਗ ਵਿਚ ਜਲੀ = ਸੜਦੀ ਨਹੀਂ ਹੈ ॥੧॥

## ਗਹਿ ਭੁਜਾ ਲੀਨੋ ਦਾਸੁ ਅਪਨੋ; ਜੋਤਿ ਜੋਤੀ ਰਲੀ ॥

ਪ੍ਰਭੂ ਨੇ ਜਿਸ ਮਨੁੱਖ ਨੂੰ ਅਪਨੋ = ਆਪਣਾ ਦਾਸ = ਸੇਵਕ ਬਣਾ ਕੇ ਉਸ ਦੀ ਬਿਰਤੀ ਰੂਪੀ ਭੁਜਾ = ਬਾਂਹ ਗਹਿ = ਪਕੜ ਕੇ ਆਪਣੇ ਵਿਚ ਲੀਨੋ = ਲੀਨ ਕਰ ਲਿਆ ਹੈ, ਇਉਂ ਉਸ ਦੀ ਪਰਤਕ ਜੋਤ, ਅਦ੍ਵੈਤ ਅਨੰਦ ਸਰੂਪ ਜੋਤੀ ਪਰਮਾਤਮਾ ਵਿਚ ਰਲੀ = ਰਲ, ਮਿਲ ਜਾਂਦੀ ਹੈ।

## ਪ੍ਰਭ ਚਰਨ ਸਰਨ ਅਨਾਥੁ ਆਇਓ; ਨਾਨਕ ਹਰਿ ਸੰਗਿ ਚਲੀ ॥੨॥੬॥੧੪॥

ਇਉਂ ਬੇਨਤੀ ਕਰੀਏ ਕਿ ਹੇ ਪ੍ਰਭ = ਪਰਮਾਤਮਾ ! ਮੈਂ ਅਨਾਥ = ਯਤੀਮ ਤੇਰੇ ਚਰਨਾਂ ਦੀ ਸਰਨ = ਓਟ ਵਿਚ ਆਇਓ = ਆਇਆ ਹਾਂ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਹਰੀ ! ਤੇਰੀ ਭਗਤੀ, ਪ੍ਰੀਤੀ ਹੀ ਮੇਰੇ ਸੰਗਿ = ਨਾਲ ਪਰਲੋਕ ਨੂੰ ਚਲੀ = ਚੱਲਦੀ ਹੈ, ਚੱਲਣ ਵਾਲੀ ਹੈ॥੨॥੬॥੧੪॥

[ਅੰਗ ੧੧੨੨]

## ਕੇਦਾਰਾ ਮਹਲਾ ੫ ॥

## ਹਰਿ ਕੇ ਨਾਮ ਕੀ; ਮਨ ਰੁਚੈ ॥

ਜਿਸ ਪੁਰਖ ਨੂੰ ਹਰਿ = ਪਰਮਾਤਮਾ ਕੇ = ਦੇ ਨਾਮ ਕੀ = ਦੀ ਮਨ = ਹਿਰਦੇ ਵਿਚ ਰੁਚੈ = ਰੁਚੀ, ਪ੍ਰੀਤੀ, ਚਾਹਨਾ ਹੈ।

## ਕੋਟਿ ਸਾਂਤਿ ਅਨੰਦ ਪੂਰਨ; ਜਲਤ ਛਾਤੀ ਬੁਝੈ ॥ਰਹਾਉ॥

ਉਸਦਾ ਹਿਰਦਾ ਕੋਟਿ = ਕ੍ਰੋੜਾਂ ਹੀ ਸਾਂਤਿ = ਸ਼ਾਂਤੀ ਆਦਿ ਗੁਣਾਂ ਤੇ ਅਨੰਦ = ਸੁਖ ਨਾਲ ਪੂਰਨ = ਲਬਾਲਬ ਭਰਿਆ ਹੋਇਆ ਹੈ **ਵਾ:** ਉਸ ਨੂੰ ਪੂਰਨ = ਵਿਆਪਕ ਪ੍ਰਭੂ ਦਾ ਅਨੰਦ ਪ੍ਰਾਪਤ ਹੁੰਦਾ ਹੈ ਤੇ ਜੋ ਛਾਤੀ ਤ੍ਰਿਸ਼ਨਾ ਦੀ ਅੱਗ ਕਰਕੇ ਜਲਤ = ਸੜਦੀ ਪਈ ਸੀ, ਉਹ ਤ੍ਰਿਸ਼ਨਾ ਦੀ ਅੱਗ ਨਾਮ ਰੂਪੀ ਜਲ ਪੈਣ ਕਰਕੇ ਬੁਝੈ = ਬੁਝ ਗਈ ਹੈ॥ਰਹਾਉ॥

## ਸੰਤ ਮਾਰਗਿ ਚਲਤ ਪ੍ਰਾਨੀ; ਪਤਿਤ ਉਧਰੇ ਮੁਚੈ ॥

ਜੋ ਪ੍ਰਾਨੀ = ਜੀਵ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਵਾਲੇ ਭਗਤੀ ਸਹਿਤ ਗਿਆਨ ਦੇ ਮਾਰਗਿ = ਰਸਤੇ ਉਪਰ ਚਲਤ = ਚੱਲਦੇ ਹਨ, ਉਹ ਮੁਚੈ = ਬਹੁਤ ਸਾਰੇ ਪਤਿਤ = ਪਾਪੀ ਪੁਰਖ ਵੀ ਉਧਰੇ = ਤਰ ਗਏ ਹਨ **ਵਾ:** ਉਨ੍ਹਾਂ ਪਾਪੀ ਪੁਰਖਾਂ ਦੇ ਬੰਧਨ ਮੁਚੈ = ਕੱਟੇ ਗਏ ਹਨ ਤੇ ਉਹ ਸੰਸਾਰ ਤੋਂ ਪਾਰ ਉਤਰ ਗਏ ਹਨ।

## ਰੇਨੁ ਜਨ ਕੀ ਲਗੀ ਮਸਤਕਿ; ਅਨਿਕ ਤੀਰਥ ਸੁਚੈ ॥੧॥

ਜਿਨ੍ਹਾਂ ਦੇ ਮਸਤਕਿ = ਮੱਥੇ ਉਪਰ ਸੰਤ ਜਨਾਂ ਦੇ ਚਰਨਾਂ ਕੀ = ਦੀ ਪ੍ਰਤੱਖ, ਸ਼ਰਧਾ ਰੇਨੁ = ਧੂੜੀ ਲੱਗੀ ਹੈ, ਉਹ ਅਨਿਕ = ਅਨੇਕਾਂ ਤੀਰਥਾਂ ਨੂੰ ਸੁਚੈ = ਪਵਿੱਤਰ ਕਰਨ ਵਾਲੇ ਹੋਏ ਹਨ **ਵਾ:** ਉਨ੍ਹਾਂ ਨੂੰ ਅਨੇਕਾਂ ਤੀਰਥਾਂ ਦੀ ਸੁਚੈ = ਪਵਿੱਤਰਤਾ ਪ੍ਰਾਪਤ ਹੋਈ ਹੈ॥੧॥

## ਚਰਨ ਕਮਲ ਧਿਆਨ ਭੀਤਰਿ; ਘਟਿ ਘਟਹਿ ਸੁਆਮੀ ਸੁਝੈ ॥

ਜਿਨ੍ਹਾਂ ਦੇ ਹਿਰਦੇ ਭੀਤਰਿ = ਵਿਚ ਪਰਮਾਤਮਾ ਦੇ ਚਰਨ ਕਮਲਾਂ ਦਾ ਧਿਆਨ ਜੁੜਿਆ ਹੋਇਆ ਹੈ, ਉਨ੍ਹਾਂ ਨੂੰ ਘਟਿ ਘਟਹਿ = ਸਰੀਰਾਂ ਸਰੀਰਾਂ **ਵਾ:** ਚਾਰੇ ਖਾਣੀਆਂ ਦੇ ਘਟਾਂ ਘਟਾਂ ਵਿਚ ਸੁਆਮੀ = ਮਾਲਕ ਪ੍ਰਭੂ ਵੱਸਦਾ ਹੋਇਆ ਸੁਝੈ = ਦਿਸ, ਪ੍ਰਗਟ ਹੋ ਆਉਂਦਾ ਹੈ।

## ਸਰਨਿ ਦੇਵ ਅਪਾਰ ਨਾਨਕ; ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਅਪਾਰ = ਪਾਰਾਵਾਰ ਤੋਂ ਰਹਿਤ ਦੇਵ = ਪੂਜਨੀਕ,

ਰਾਜਾ ਰੂਪ ਪਰਮਾਤਮਾ ਦੀ ਸਰਨਿ = ਓਟ ਵਿਚ ਪਏ ਹਨ, ਉਨ੍ਹਾਂ ਦੇ ਨਾਲ ਬਹੁਰਿ = ਮੁੜ ਕੇ ਜਮੁ = ਜਮਦੂਤ ਲੁਝੈ = ਝਗੜਦੇ ਨਹੀਂ ਹਨ॥੨॥੭॥੧੫॥

## ਕੇਦਾਰਾ ਛੰਤ ਮਹਲਾ ੫

## ੧ਓ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਦੇ ਅੰਦਰ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਛੰਤ = ਜਸ ਰੂਪੀ ਬਾਣੀ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮਿਲੁ; ਮੇਰੇ ਪ੍ਰੀਤਮ ਪਿਆਰਿਆ ॥ਰਹਾਉ॥

ਹੇ ਮੇਰੇ ਪ੍ਰੀਤਮ = ਪਰਮ ਪ੍ਰੇਮ ਦੇ ਅਸਪਦ ਰੂਪ ਪਿਆਰਿਆ = ਪਿਆਰੇ ਪ੍ਰਭੂ ! ਤੂੰ ਮੈਨੂੰ ਮਿਲੁ = ਮਿਲਣਾ ਕਰ ॥ਰਹਾਉ॥

## ਪੂਰਿ ਰਹਿਆ ਸਰਬਤ੍ਰ ਮੈ; ਸੋ ਪੁਰਖੁ ਬਿਧਾਤਾ ॥

ਹੇ ਪ੍ਰਭੂ ! ਤੂੰ ਸਰਬਤ੍ਰ = ਸਾਰਿਆਂ ਥਾਵਾਂ ਮੈ = ਵਿਚ ਪੂਰਿ = ਪੂਰਨ, ਵਿਆਪਕ ਹੋ ਰਹਿਆ = ਰਿਹਾ ਹੈਂ ਅਤੇ ਸੋ ਤੂੰ ਕਰਮਾਂ ਅਨੁਸਾਰ ਬਿਧਾਤਾ = ਫਲ ਪ੍ਰਦਾਤਾ ਪੁਰਖ ਹੈਂ **ਵਾ:** ਸੋ = ਤਤ ਪਦ ਦਾ ਲਖ ਅਰਥ ਰੂਪ, ਪੁਰਖ = ਪੁਰਸ਼ਾਰਥ ਦੇਣ ਵਾਲਾ ਤੇ ਕਰਮਾਂ ਅਨੁਸਾਰ ਬਿਧਾਤਾ = ਫਲ ਪ੍ਰਦਾਤਾ ਹੈਂ।

## ਮਾਰਗੁ ਪ੍ਰਭ ਕਾ ਹਰਿ ਕੀਆ; ਸੰਤਨ ਸੰਗਿ ਜਾਤਾ ॥

ਹੇ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭ = ਪ੍ਰਭੂ ! ਮੈਂ ਤੇਰੀ ਪ੍ਰਾਪਤੀ ਕਾ = ਦਾ ਮਾਰਗੁ = ਰਸਤਾ ਇਹ ਨਿਸਚੇ ਕੀਆ = ਕੀਤਾ ਹੈ ਕਿ ਤੂੰ ਸੰਤਨ = ਸਾਂਤ-ਚਿੱਤ ਮਹਾਤਮਾ ਦੇ ਸੰਗਿ = ਨਾਲ ਭਾਵ ਉਨ੍ਹਾਂ ਦੀ ਸੰਗਤ ਕਰਕੇ ਜਾਤਾ = ਜਾਣਿਆ ਜਾਂਦਾ ਹੈ **ਵਾ:** ਤੇਰੇ ਭਗਤੀ ਸਹਿਤ ਗਿਆਨ ਦੇ ਰਸਤੇ ਨੂੰ ਸੰਤ ਜਨਾਂ ਦੀ ਸੰਗਤ ਕਰਕੇ ਜਾਣਿਆ ਹੈ।

## ਸੰਤਨ ਸੰਗਿ ਜਾਤਾ, ਪੁਰਖੁ ਬਿਧਾਤਾ; ਘਟਿ ਘਟਿ ਨਦਰਿ ਨਿਹਾਲਿਆ ॥

ਹੇ ਪੁਰਖ = ਪੂਰਨ ਤੇ ਕਰਮਾਂ ਅਨੁਸਾਰ ਬਿਧਾਤਾ = ਫਲ ਪ੍ਰਦਾਤਾ ਪ੍ਰਭੂ ! ਤੂੰ ਸੰਤਨ = ਸ਼ਾਂਤ-ਚਿਤ ਮਹਾਤਮਾ ਦੇ ਸੰਗਿ = ਨਾਲ ਭਾਵ ਉਨ੍ਹਾਂ ਦੀ ਸੰਗਤ ਕਰਕੇ ਜਾਤਾ = ਜਾਣਿਆ ਜਾਂਦਾ ਹੈਂ, ਗੁਰਮੁਖਾਂ ਨੇ ਤੈਨੂੰ ਘਟਿ ਘਟਿ = ਸਰੀਰਾਂ ਸਰੀਰਾਂ ਵਿਚ **ਵਾ:** ਚਾਰੇ ਪਾਣੀਆਂ ਦੇ ਘਟਾਂ ਘਟਾਂ ਵਿਚ ਗਿਆਨ ਨਦਰਿ = ਦ੍ਰਿਸ਼ਟੀ ਕਰਕੇ ਵਿਆਪਕ ਨਿਹਾਲਿਆ = ਦੇਖਣਾ ਕੀਤਾ ਹੈ।

## ਜੋ ਸਰਨੀ ਆਵੈ, ਸਰਬ ਸੁਖ ਪਾਵੈ; ਤਿਲੁ ਨਹੀ ਭੰਨੈ ਘਾਲਿਆ ॥

ਹੇ ਪ੍ਰਭੂ ! ਜੋ = ਜਿਹੜਾ ਵੀ ਮਨੁੱਖ ਤੇਰੀ ਸਰਨੀ = ਓਟ ਵਿਚ ਆਵੈ = ਆਉਂਦਾ ਹੈ, ਉਹ ਲੋਕ-ਪਰਲੋਕ ਦੇ ਸਰਬ = ਸਾਰੇ ਸੁਖ ਪਾਵੈ = ਪਾ ਲੈਂਦਾ ਹੈ, ਤੂੰ ਤਿਲ ਮਾਤਰ ਵੀ ਕਿਸੇ ਦੀ ਘਾਲਿਆ = ਕਮਾਈ ਨੂੰ ਭੰਨੈ = ਭੰਨਦਾ ਭਾਵ ਅਜਾਈਂ ਨਹੀਂ ਜਾਣ ਦੇਂਦਾ।

## ਹਰਿ ਗੁਣ ਨਿਧਿ ਗਾਏ, ਸਹਜ ਸੁਭਾਏ; ਪ੍ਰੇਮ ਮਹਾ ਰਸ ਮਾਤਾ ॥

(**ਮੱਤਾ** ਦਾ ਉਚਾਰਣ ਕੱਸ ਕੇ ਹੈ)

ਹੇ ਗੁਣਾਂ ਦੇ ਨਿਧਿ = ਸਮੁੰਦਰ ਹਰਿ = ਪ੍ਰਭੂ ! ਜਿਸ ਨੇ ਤੈਨੂੰ ਸਹਜ = ਸ਼ਾਂਤੀ ਸੁਭਾਏ = ਸੁਭਾਅ ਧਾਰ ਕੇ ਗਾਏ = ਗਾਉਣਾ ਕੀਤਾ ਹੈ, ਉਹ ਤੇਰੇ ਨਾਲ ਪ੍ਰੇਮ = ਪਿਆਰ ਕਰਕੇ ਮਹਾ = ਵੱਡੇ ਬ੍ਰਹਮਾਨੰਦ ਰੂਪੀ ਰਸ ਵਿਚ ਮਾਤਾ = ਮਸਤ ਹੋ ਜਾਂਦਾ ਹੈ।

## ਨਾਨਕ ਦਾਸ ਤੇਰੀ ਸਰਣਾਈ; ਤੂ ਪੂਰਨ ਪੁਰਖੁ ਬਿਧਾਤਾ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਅਸੀਂ ਦਾਸ = ਸੇਵਕ ਤੇਰੀ ਸਰਣਾਈ = ਸ਼ਰਨ ਵਿਚ ਆਏ ਹਾਂ, ਤੂੰ ਸਭ ਥਾਵਾਂ ਵਿਚ ਪੂਰਨ = ਵਿਆਪਕ, ਪੁਰਖੁ = ਪੁਰਖਾਰਥ ਦੇਣ ਵਾਲਾ ਤੇ ਕਰਮਾਂ ਅਨੁਸਾਰ ਬਿਧਾਤਾ = ਫਲ ਪ੍ਰਦਾਤਾ ਹੈਂ ॥੧॥

## ਹਰਿ ਪ੍ਰੇਮ ਭਗਤਿ ਜਨ ਬੇਧਿਆ; ਸੇ ਆਨ ਕਤ ਜਾਹੀ ॥

ਜਿਨ੍ਹਾਂ ਜਨ = ਪੁਰਖਾਂ ਦਾ ਮਨ ਹਰਿ = ਪਰਮਾਤਮਾ ਦੀ ਪ੍ਰੇਮ = ਪ੍ਰੇਮਾ ਭਗਤਿ = ਭਗਤੀ ਵਿਚ ਬੇਧਿਆ = ਵਿੰਨ੍ਹਿਆ ਗਿਆ ਹੈ, ਸੇ = ਉਹ ਪ੍ਰਭੂ ਨੂੰ ਛੱਡ ਕੇ ਆਨ = ਹੋਰ ਕਤ = ਕਿਥੇ ਜਾਹੀ = ਜਾਂਦੇ ਹਨ, ਭਾਵ ਕਿਤੇ ਨਹੀਂ ਜਾਂਦੇ ਅਰਥਾਤ ਉਨ੍ਹਾਂ ਦਾ ਜੂਨਾਂ ਵਿਚ ਆਉਣਾ-ਜਾਣਾ ਮੁੱਕ ਜਾਂਦਾ ਹੈ।

## ਮੀਨੁ ਬਿਛੋਹਾ ਨਾ ਸਹੈ; ਜਲ ਬਿਨੁ ਮਰਿ ਪਾਹੀ ॥

ਜਿਵੇਂ ਮੀਨੁ = ਮੱਛੀ ਜਲ ਦਾ ਬਿਛੋਹਾ = ਵਿਛੋੜਾ ਨਹੀਂ ਸਹੈ = ਸਹਾਰ ਸਕਦੀ, ਉਹ ਜਲ = ਪਾਣੀ ਤੋਂ ਬਿਨੁ = ਬਗ਼ੈਰ ਮਰਿ = ਮਰਨਾ ਪਾਹੀ = ਪਾਉਂਦੀ ਹੈ **ਅਥਵਾ** ਇਸੇ ਪ੍ਰਕਾਰ ਸਾਡੀ ਬੁੱਧ ਰੂਪੀ ਮੱਛੀ ਪ੍ਰਭੂ ਦਾ ਵਿਛੋੜਾ ਸਹਾਰ ਨਹੀਂ ਸਕਦੀ, ਉਹ ਪ੍ਰਭੂ ਦੇ ਨਾਮ ਰੂਪੀ ਜਲ ਤੋਂ ਬਿਨਾਂ ਮਰਨਾ ਪਾਉਂਦੀ ਹੈ।

## ਹਰਿ ਬਿਨੁ ਕਿਉ ਰਹੀਐ, ਦੂਖ ਕਿਨਿ ਸਹੀਐ;
## ਚਾਤ੍ਰਿਕ ਬੂੰਦ ਪਿਆਸਿਆ ॥

ਹੇ ਭਾਈ ! ਹਰਿ = ਪਰਮਾਤਮਾ ਤੋਂ ਬਿਨੁ = ਬਗ਼ੈਰ ਕਿਉ = ਕਿਵੇਂ ਰਹੀਐ = ਰਹਿ ਸਕਦੇ ਹਾਂ ਅਤੇ ਵਿਛੋੜੇ ਦੇ ਦੂਖ = ਦੁੱਖ ਨੂੰ ਕਿਨਿ = ਕਿਸ ਪ੍ਰਕਾਰ ਸਹੀਐ = ਸਹਾਰਨਾ ਕਰੀਏ, ਭਾਵ ਸਹਾਰੇ ਨਹੀਂ ਜਾਂਦੇ, ਜਿਵੇਂ ਚਾਤ੍ਰਿਕ = ਬਬੀਹਾ ਸ੍ਵਾਂਤੀ ਬੂੰਦ ਦਾ ਪਿਆਸਿਆ = ਪਿਆਸਾ ਹੁੰਦਾ ਹੈ, ਇਉਂ ਸਾਡਾ ਚਿੱਤ ਰੂਪੀ ਬਬੀਹਾ ਪ੍ਰਭੂ ਦੇ ਨਾਮ, ਦਰਸ਼ਨਾਂ ਰੂਪੀ ਸ੍ਵਾਂਤੀ ਬੂੰਦ ਦਾ ਪਿਆਸਾ ਹੈ।

## ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ; ਸੂਰਜ ਕਿਰਣਿ ਪ੍ਰਗਾਸਿਆ ॥

ਜਿਵੇਂ ਚਕਵੀ ਕਹਿੰਦੀ ਹੈ ਕਿ ਕਬ = ਕਦੋਂ ਇਹ ਰੈਨਿ = ਰਾਤ ਬਿਹਾਵੈ = ਬਤੀਤ ਹੋਵੇ ਤੇ ਮੈਂ ਚਕਵੇ ਨੂੰ ਦੇਖ ਕੇ ਸੁਖ ਪਾਉਣਾ ਕਰਾਂ, ਇਸ ਲਈ ਸੂਰਜ ਦੀਆਂ ਕਿਰਣਿ = ਕਿਰਨਾਂ ਦਾ ਪ੍ਰਗਾਸਿਆ = ਪ੍ਰਕਾਸ਼ ਹੋਵੇ **ਅਥਵਾ** ਏਸੇ ਪ੍ਰਕਾਰ ਚਕਵੀ ਦੀ ਨਿਆਈਂ ਜਗਿਆਸੂ ਕਹਿੰਦਾ ਹੈ ਕਿ ਕਬ = ਕਦੋਂ ਮੇਰੀ ਅਵਿੱਦਿਆ ਰੂਪੀ ਰਾਤ ਬਤੀਤ ਹੋਵੇਗੀ ਤੇ ਮੈਂ ਬ੍ਰਹਮ ਰੂਪੀ ਚਕਵੇ ਨੂੰ ਮਿਲ ਕੇ ਆਤਮਿਕ ਅਨੰਦ ਪਾਵਾਂਗਾ। ਇਸ ਲਈ ਗੁਰੂ ਰੂਪੀ ਸੂਰਜ ਆਪਣੀਆਂ ਉਪਦੇਸ਼ ਰੂਪੀ ਕਿਰਨਾਂ ਦਾ ਪ੍ਰਕਾਸ਼ ਕਰਨ।

## ਹਰਿ ਦਰਸਿ ਮਨੁ ਲਾਗਾ, ਦਿਨਸੁ ਸਭਾਗਾ; ਅਨਦਿਨੁ ਹਰਿ ਗੁਣ ਗਾਹੀ ॥

ਜਿਸ ਦਿਨ ਹਰਿ = ਪਰਮਾਤਮਾ ਦੇ ਦਰਸਿ = ਦਰਸ਼ਨਾਂ ਵਿਚ ਮਨੁ = ਹਿਰਦਾ ਲਾਗਾ = ਲੱਗਿਆ ਭਾਵ ਜੁੜਿਆ, ਉਹ ਦਿਨਸੁ = ਦਿਨ ਸਭਾਗਾ = ਸ੍ਰੇਸ਼ਟ ਭਾਗਾਂ ਵਾਲਾ ਹੋ ਗਿਆ, ਇਸ ਲਈ ਹੁਣ ਅਸੀਂ ਅਨਦਿਨੁ = ਰਾਤ ਦਿਨ ਹਰਿ = ਪਰਮਾਤਮਾ ਦੇ ਗੁਣ ਗਾਹੀ = ਗਾਉਣਾ ਕਰਦੇ, ਗ੍ਰਹਿਣ ਕਰਦੇ ਹਾਂ।

## ਨਾਨਕ ਦਾਸੁ ਕਹੈ ਬੇਨੰਤੀ; ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥੨॥

ਸਤਿਗੁਰੂ ਸਾਹਿਬ ਜੀ ਦਾਸੁ = ਦਾਸਾ-ਭਾਵ ਧਾਰ ਕੇ ਬੇਨੰਤੀ = ਬੇਨਤੀ ਪੂਰਬਕ ਕਹੈ = ਕਥਨ ਕਰਦੇ ਹਨ ਕਿ ਹਰਿ = ਪਰਮਾਤਮਾ ਤੋਂ ਬਿਨੁ = ਬਗ਼ੈਰ ਸਾਡੇ ਪ੍ਰਾਣ ਕਤ = ਕਿਸ ਪ੍ਰਕਾਰ ਟਿਕਾਹੀ = ਟਿਕ ਸਕਦੇ ਹਨ, ਭਾਵ ਨਹੀਂ ਟਿਕ ਸਕਦੇ॥੨॥

## ਸਾਸ ਬਿਨਾ ਜਿਉ ਦੇਹੁਰੀ; ਕਤ ਸੋਭਾ ਪਾਵੈ ॥

ਜਿਉ = ਜਿਸ ਪ੍ਰਕਾਰ ਸਾਸ = ਸ੍ਵਾਸਾਂ, ਪ੍ਰਾਣਾਂ ਤੋਂ ਬਿਨਾ = ਬਗ਼ੈਰ ਇਹ ਦੇਹੁਰੀ = ਦੇਹੀ ਕਤ = ਕਿਥੇ ਸੋਭਾ ਪਾਵੈ = ਪਾਉਂਦੀ ਹੈ, ਭਾਵ ਕੋਈ ਸੋਭਾ ਨਹੀਂ ਪਾ ਸਕਦੀ।

## ਦਰਸ ਬਿਹੂਨਾ ਸਾਧ ਜਨੁ; ਖਿਨੁ ਟਿਕਣੁ ਨ ਆਵੈ ॥

ਇਸੇ ਪ੍ਰਕਾਰ ਪਰਮਾਤਮਾ ਦੇ ਦਰਸ = ਦਰਸ਼ਨਾਂ ਤੋਂ ਬਿਹੂਨਾ = ਬਿਨਾਂ ਸਾਧ ਜਨੁ = ਮਹਾਤਮਾ ਜਨ ਇਕ ਖਿਨੁ = ਛਿਨ ਮਾਤਰ ਵੀ ਟਿਕਣੁ = ਇਸਥਿਤ ਹੋਣ ਵਿਚ ਨਹੀਂ ਆਵੈ = ਆਉਂਦੇ।

## ਹਰਿ ਬਿਨੁ ਜੋ ਰਹਣਾ, ਨਰਕੁ ਸੋ ਸਹਣਾ; ਚਰਨ ਕਮਲ ਮਨੁ ਬੇਧਿਆ ॥

ਹਰਿ = ਪਰਮਾਤਮਾ ਤੋਂ ਬਿਨੁ = ਬਗ਼ੈਰ ਜੋ = ਜਿਹੜਾ ਰਹਣਾ = ਰਹਿਣਾ, ਜਿਉਣਾ ਹੈ, ਸੋ = ਉਹ ਨਰਕ ਸਹਣਾ = ਸਹਾਰਣੇ ਦੇ ਬਰਾਬਰ ਹੈ, ਇਸ ਵਾਸਤੇ ਜਨਾਂ ਦਾ ਮਨ ਹਰੀ **ਵਾ:** ਗੁਰਾਂ ਦੇ ਚਰਨ ਕਮਲਾਂ ਵਿਚ ਬੇਧਿਆ = ਵਿੰਨ੍ਹਿਆ, ਮਿਲਿਆ ਹੋਇਆ ਹੈ।

## ਹਰਿ ਰਸਿਕ ਬੈਰਾਗੀ, ਨਾਮਿ ਲਿਵ ਲਾਗੀ; ਕਤਹੁ ਨ ਜਾਇ ਨਿਖੇਧਿਆ ॥

ਜੋ ਹਰਿ = ਹਰੀ ਸਭ ਰਸਾਂ ਵਿਚ ਰਸਿਕ = ਰਸੀਆ ਹੋ ਰਿਹਾ ਹੈ, ਉਸ ਦਾ ਬੈਰਾਗੀ = ਪ੍ਰੇਮੀ ਹੋ ਕਰਕੇ ਉਸ ਦੇ ਨਾਮ ਵਿਚ ਲਿਵ = ਬਿਰਤੀ, ਪ੍ਰੀਤੀ ਲਾਗੀ = ਲੱਗੀ ਹੋਈ ਹੈ **ਵਾ:** ਜੋ ਹਰੀ ਦੇ ਨਾਮ ਦੇ ਰਸੀਏ ਤੇ ਪਦਾਰਥਾਂ ਵੱਲੋਂ ਬੈਰਾਗੀ = ਵੈਰਾਗਵਾਨ ਹੋਏ ਹਨ, ਉਨ੍ਹਾਂ ਦੀ ਹਰਿ ਨਾਮ ਵਿਚ ਲਿਵ ਲੱਗਦੀ ਹੈ ਅਤੇ ਉਨ੍ਹਾਂ ਨੂੰ ਕਤਹੁ = ਕਦੇ ਵੀ ਨਿਖੇਧਿਆ = ਨਿਕਾਰਿਆ, ਨਿਖੇੜਿਆ ਨਹੀਂ ਜਾਇ = ਜਾ ਸਕਦਾ।

## ਹਰਿ ਸਿਉ ਜਾਇ ਮਿਲਣਾ, ਸਾਧਸੰਗਿ ਰਹਣਾ; ਸੋ ਸੁਖੁ ਅੰਕਿ ਨ ਮਾਵੈ ॥

ਜੋ ਸਾਧਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਵਿਚ ਰਹਿਣਾ ਕਰਦਾ ਹੈ, ਉਹ ਹਰਿ = ਪਰਮਾਤਮਾ ਦੇ ਸਿਉ = ਨਾਲ ਜਾਇ = ਜਾ ਕੇ ਮਿਲਣਾ ਕਰਦਾ ਹੈ, ਉਸ ਨੂੰ ਜੋ ਪ੍ਰਾਪਤੀ ਦਾ ਸੁੱਖ ਪ੍ਰਾਪਤ ਹੁੰਦਾ ਹੈ, ਸੋ = ਉਹ ਸੁਖ ਉਸ ਦੇ ਅੰਕਿ = ਹਿਰਦੇ ਵਿਚ ਮਾਵੈ = ਸਮਾਉਂਦਾ ਨਹੀਂ ਹੈ, ਭਾਵ ਬੇਅੰਤ ਸੁੱਖ ਪ੍ਰਾਪਤ ਹੁੰਦਾ ਹੈ।

## ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ; ਹਰਿ ਚਰਨਹ ਸੰਗਿ ਸਮਾਵੈ ॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਾਡੇ ਜਨਾਂ ਕੇ = ਦੇ ਸੁਆਮੀ = ਮਾਲਕ ਪ੍ਰਭੂ ! ਤੁਸੀਂ

ਸਾਡੇ ਉਪਰ ਕ੍ਰਿਪਾਲ = ਮਿਹਰਵਾਨ ਹੋਹੁ = ਹੋਣਾ ਕਰੋ ਅਤੇ ਹੇ ਹਰਿ = ਹਰੀ ! ਤੇਰੇ ਚਰਨਹ = ਚਰਨ ਕਮਲਾਂ ਦੇ ਸੰਗਿ = ਨਾਲ ਸਾਡਾ ਮਨ ਸਮਾਵੈ = ਸਮਾਅ ਜਾਵੇ ॥੩॥

## ਖੋਜਤ ਖੋਜਤ ਪ੍ਰਭ ਮਿਲੇ; ਹਰਿ ਕਰੁਣਾ ਧਾਰੇ ॥

ਸਾਧੂਆਂ ਦੀ ਸੰਗਤ ਦੁਆਰਾ ਖੋਜਤ ਖੋਜਤ = ਲੱਭਦਿਆਂ ਲੱਭਦਿਆਂ ਪ੍ਰਭ = ਪ੍ਰਭੂ ਜੀ ਮਿਲੇ = ਮਿਲ, ਪ੍ਰਾਪਤ ਹੋਏ ਹਨ।

***ਪ੍ਰਸ਼ਨ : ਕਿਵੇਂ ਮਿਲੇ ?***

***ਗੁਰ-ਉੱਤਰ :*** ਹਰਿ = ਪ੍ਰਭੂ ਜੀ ਆਪਣੀ ਕਰੁਣਾ = ਕਿਰਪਾ ਧਾਰੇ = ਧਾਰਨ ਕਰਕੇ ਮਿਲੇ ਹਨ।

## ਨਿਰਗੁਣੁ ਨੀਚੁ ਅਨਾਥੁ ਮੈ; ਨਹੀ ਦੋਖ ਬੀਚਾਰੇ ॥

ਮੈਂ ਨਿਰਗੁਣੁ = ਗੁਣਾਂ ਤੋਂ ਹੀਣਾ, ਨੀਚੁ = ਪਤਿਤ ਕਰਮਾਂ ਨੂੰ ਕਰਨ ਵਾਲਾ ਤੇ ਨਾਮ ਰੂਪੀ ਧਨ ਤੋਂ ਹੀਣਾ ਅਨਾਥੁ = ਯਤੀਮ ਸਾਂ, ਪਰ ਪ੍ਰਭੂ ਨੇ ਮੇਰੇ ਕੋਈ ਵੀ ਦੋਖ = ਦੋਸ਼, ਐਬ ਬੀਚਾਰੇ = ਵਿਚਾਰਨਾ ਨਹੀਂ ਕੀਤੇ।

## ਨਹੀ ਦੋਖ ਬੀਚਾਰੇ, ਪੂਰਨ ਸੁਖ ਸਾਰੇ; ਪਾਵਨ ਬਿਰਦੁ ਬਖਾਨਿਆ ॥

ਉਸ ਪ੍ਰਭੂ ਨੇ ਮੇਰੇ ਕੋਈ ਵੀ ਦੋਖ = ਐਬ ਬੀਚਾਰੇ = ਵਿਚਾਰਨਾ ਨਹੀਂ ਕੀਤੇ, ਸਾਰੇ ਹੀ ਸੁਖ ਪੂਰਨ ਤੌਰ 'ਤੇ ਦੇ ਦਿੱਤੇ ਹਨ, ਇਹ ਉਸ ਪ੍ਰਭੂ ਦਾ ਪਾਵਨ = ਪਵਿੱਤਰ, ਪਤਿਤ ਪਾਵਨ ਬਿਰਦੁ = ਧਰਮ ਬਖਾਨਿਆ = ਵਰਣਨ ਕੀਤਾ ਹੈ।

## ਭਗਤਿ ਵਛਲੁ ਸੁਨਿ, ਅੰਚਲੋੁ ਗਹਿਆ; ਘਟਿ ਘਟਿ ਪੂਰ ਸਮਾਨਿਆ ॥

ਉਸ ਪ੍ਰਭੂ ਨੂੰ ਗੁਰਾਂ, ਸੰਤਾਂ, ਮਹਾਤਮਾ ਦੁਆਰਾ ਭਗਤਿ = ਭਗਤੀ ਕਰਨ ਵਾਲਿਆਂ ਦਾ ਵਛਲੁ = ਪਿਆਰਾ ਸੁਨਿ = ਸੁਣ ਕਰਕੇ ਮੈਂ ਉਸ ਪ੍ਰਭੂ ਦਾ ਸ਼ਰਨ, ਨਾਮ ਰੂਪੀ ਅੰਚਲੋੁ = ਪੱਲਾ ਗਹਿਆ = ਪਕੜਨਾ ਕੀਤਾ ਹੈ ਅਤੇ ਘਟਿ ਘਟਿ = ਸਰੀਰਾਂ ਸਰੀਰਾਂ ਵਿਚ ਪੂਰ = ਪੂਰਨ ਸਮਾਨਿਆ = ਸਮਾਇਆ ਹੋਇਆ ਨਿਸਚੇ ਕੀਤਾ ਹੈ **ਵਾ:** ਘਟਾਂ ਘਟਾਂ ਵਿਚ ਪੂਰ = ਵਿਆਪਕ ਤੇ ਸਭ ਦਾ ਆਤਮਾ ਰੂਪ ਹੋਣ ਕਰਕੇ ਸਭਨਾਂ ਵਿਚ ਸਮਾਨਿਆ = ਸਮਾਇਆ, ਮਿਲਿਆ ਹੋਇਆ ਹੈ **ਵਾ:** ਘਟਾਂ ਘਟਾਂ ਵਿਚ ਪੂਰਨ ਜਾਣ ਕੇ ਮੇਰਾ ਚਿੱਤ ਉਸ ਵਿਚ ਸਮਾਨਿਆ = ਸਮਾਅ ਗਿਆ ਹੈ।

## ਸੁਖ ਸਾਗਰੋੁ ਪਾਇਆ, ਸਹਜ ਸੁਭਾਇਆ; ਜਨਮ ਮਰਨ ਦੁਖ ਹਾਰੇ ॥

ਇਸ ਪ੍ਰਕਾਰ ਸਹਜ = ਸ਼ਾਂਤੀ ਸੁਭਾਇਆ = ਸੁਭਾਅ ਧਾਰਨ ਕਰਕੇ ਸੁਖਾਂ ਦਾ ਸਾਗਰੋੁ = ਸਮੁੰਦਰ ਪ੍ਰਭੂ ਪਾਇਆ = ਪਾ ਲਿਆ ਹੈ, ਜਿਸ ਕਰਕੇ ਮੇਰੇ ਜੰਮਣ-ਮਰਣ ਦੇ ਦੁਖ = ਕਸ਼ਟ ਹਾਰੇ = ਹਾਰ ਗਏ, ਨਵਿਰਤ ਹੋ ਗਏ ਹਨ।

## ਕਰੁ ਗਹਿ ਲੀਨੇ, ਨਾਨਕ ਦਾਸ ਅਪਨੇ; ਰਾਮ ਨਾਮ ਉਰਿ ਹਾਰੇ ॥੪॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰਭੂ ਨੇ ਅਪਨੇ = ਆਪ ਦੇ ਦਾਸ = ਸੇਵਕ ਦਾ ਮਨ ਰੂਪੀ ਕਰੁ = ਹੱਥ ਗਹਿ = ਪਕੜ ਕੇ ਆਪਣੇ ਵਿਚ ਲੀਨੇ = ਲੀਨ ਕਰ ਲਿਆ ਹੈ ਅਤੇ ਮੈਂ ਦਾਸ ਨੇ ਰਾਮ = ਪਰਮਾਤਮਾ ਦੇ ਨਾਮ ਦਾ ਹਾਰੇ = ਹਾਰ ਆਪਣੇ ਉਰਿ = ਹਿਰਦੇ ਵਿਚ ਪਹਿਰਨਾ, ਧਾਰਨ ਕੀਤਾ ਹੈ ॥੪॥੧॥

# ਭਗਤ ਬਾਣੀ ਆਰੰਭ

[ਅੰਗ ੧੧੨੩]

## ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ ੴ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਦੇ ਅੰਦਰ ਸਤਿਗੁਰੂ ਸਾਹਿਬ ਜੀ ਭਗਤ ਕਬੀਰ ਸਾਹਿਬ ਜੀ ਦੀ ਉਚਾਰਣ ਕੀਤੀ ਬਾਣੀ ਦਰਜ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਇਸ ਸ਼ਬਦ ਵਿਚ ਭਗਤ ਕਬੀਰ ਜੀ ਗਿਆਨਵਾਨਾਂ ਦੀ ਬਾਬਤ ਦੱਸਦੇ ਹਨ।

## ਉਸਤਤਿ ਨਿੰਦਾ ਦੋਊ ਬਿਬਰਜਿਤ; ਤਜਹੁ ਮਾਨੁ ਅਭਿਮਾਨਾ ॥

(**ਬਿ-ਬਰਜਿਤ** ਉਚਾਰਣ ਹੈ)

ਜਿਨ੍ਹਾਂ ਨੇ ਆਪਣੀ ਉਸਤਤਿ = ਖ਼ੁਸ਼ਾਮਦ, ਵਡਿਆਈ, ਕਿਸੇ ਦੀ ਨਿੰਦਾ = ਅਪਕੀਰਤੀ ਦੋਊ = ਦੋਵੇਂ ਹੀ ਬਿਬਰਜਿਤ = ਨਿਸ਼ੇਧ ਕੀਤੀਆਂ, ਤਿਆਗੀਆਂ ਹਨ ਅਤੇ ਮਾਨੁ = ਆਦਰ ਤੇ ਅਭਿਮਾਨਾ = ਹੰਕਾਰ ਵੀ ਤਜਹੁ = ਤਿਆਗ ਦਿੱਤਾ ਹੈ **ਵਾ:** ਆਪਣੇ ਮਾਣ ਦੀ ਇੱਛਾ ਤੇ ਹੰਕਾਰੀ ਹੋ ਕੇ ਦੂਸਰੇ ਦਾ ਅਪਮਾਨ ਕਰਨਾ, ਇਨ੍ਹਾਂ ਸੁਭਾਵਾਂ ਨੂੰ ਵੀ ਛੱਡਿਆ ਹੈ।

## ਲੋਹਾ ਕੰਚਨੁ ਸਮ ਕਰਿ ਜਾਨਹਿ; ਤੇ ਮੂਰਤਿ ਭਗਵਾਨਾ ॥੧॥

ਫੇਰ ਲੋਹਾ ਤੇ ਕੰਚਨੁ = ਸੋਨਾ ਦੋਵਾਂ ਨੂੰ ਇਕ ਸਮ = ਸਮਾਨ ਬਿਰਤੀ ਕਰਿ = ਕਰਕੇ ਜਾਨਹਿ = ਜਾਨਣਾ ਕਰਦੇ ਹਨ ਤੇ = ਉਹ ਪੁਰਖ ਭਗਵਾਨਾ = ਪਰਮਾਤਮਾ ਦਾ ਮੂਰਤਿ = ਸਰੂਪ ਹੀ ਹਨ ॥੧॥

## ਤੇਰਾ ਜਨੁ; ਏਕੁ ਆਧੁ ਕੋਈ ॥

ਹੇ ਪ੍ਰਭੂ ! ਤੇਰਾ ਅਸਲ ਜਨੁ = ਦਾਸ ਤਾਂ ਕੋਈ ਏਕੁ = ਇਕ ਆਧੁ = ਅੱਧਾ ਭਾਵ ਵਿਰਲਾ ਹੀ ਹੈ **ਵਾ:** ਇਕ ਬ੍ਰਹਮ ਗਿਆਨੀ ਤੇ ਅੱਧਾ ਜਗਿਆਸੂ ਹੈ, ਭਾਵ ਜਗਿਆਸੂ ਦੇ ਅੰਦਰ ਸੰਸੇ ਬਿਰਤੀ ਹੁੰਦੀ ਹੈ।

## ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ; ਹਰਿ ਪਦੁ ਚੀਨੈ੍ ਸੋਈ ॥੧॥ਰਹਾਉ॥

ਕਿਉਂਕਿ ਜੋ ਕਾਮ = ਵਿਕਾਰ ਦ੍ਰਿਸ਼ਟੀ, ਕ੍ਰੋਧੁ = ਗ਼ੁੱਸੇ ਪਦਾਰਥਾਂ ਦੇ ਲੋਭੁ = ਲਾਲਚ ਤੇ ਸਰੀਰਾਂ ਦੇ ਮੋਹ ਆਦਿ ਵਿਕਾਰਾਂ ਨੂੰ ਬਿਬਰਜਿਤ = ਵਿਸ਼ੇਸ਼ ਕਰਕੇ ਰੋਕਦਾ, ਤਿਆਗਦਾ ਹੈ, ਹੇ ਹਰਿ = ਹਰੀ ! ਸੋਈ = ਉਹੋ ਹੀ ਤੇਰੀ ਸਰੂਪ ਦੀ ਪਦੁ = ਪਦਵੀ ਨੂੰ ਚੀਨੈ੍ = ਜਾਣਦਾ ਹੈ **ਵਾ:** ਉਹੋ ਹੀ ਤੇਰੇ ਸਰੂਪ ਦੀ ਪ੍ਰਾਪਤੀ ਦੀ ਪਦਵੀ ਹੋਰਨਾਂ ਨੂੰ ਜਣਾ ਦੇਂਦਾ ਹੈ ॥੧॥ਰਹਾਉ॥

## ਰਜ ਗੁਣ, ਤਮ ਗੁਣ, ਸਤ ਗੁਣ ਕਹੀਐ; ਇਹ ਤੇਰੀ ਸਭ ਮਾਇਆ ॥

ਹੇ ਪ੍ਰਭੂ ! ਜੋ ਰਜ ਗੁਣ = ਰਜੋਗੁਣ, ਤਮ ਗੁਣ = ਤਮੋਗੁਣ, ਸਤ ਗੁਣ = ਸਤੋਗੁਣ ਕਹੀਐ = ਆਖੀਦੇ ਹਨ, ਇਹ ਤ੍ਰਿਗੁਣੀ ਰੂਪ ਸਭ = ਸਾਰੀ ਤੇਰੀ ਹੀ ਮਾਇਆ ਹੈ **ਅਥਵਾ** ਬ੍ਰਹਮਾ ਰਜੋਗੁਣੀ, ਸ਼ਿਵਜੀ ਤਮੋਗੁਣੀ ਤੇ ਵਿਸ਼ਨੂੰ ਸਤੋਗੁਣੀ ਆਖੀਦੇ ਹਨ, ਇਹ ਵੀ ਸਭ ਤੇਰੀ ਮਾਇਆ ਹੀ ਹੈ।

***ਨੋਟ :*** ਰਜੋਗੁਣ = ਪਦਾਰਥਾਂ ਦੇ ਲਾਲਚ ਕਰਕੇ ਉਨ੍ਹਾਂ ਵਿਚ ਚਿਤ ਜੋੜੀ ਰੱਖਣਾ। ਤਮੋਗੁਣ = ਕ੍ਰੋਧੀ ਸੁਭਾਅ ਹੋਣਾ। ਸਤੋਗੁਣੀ = ਨਿਮਰਤਾ ਵਾਲੀ ਬਿਰਤੀ, ਵਡਿਆਈ ਦੀ ਇੱਛਾ ਹੋਣੀ।

## ਚਉਥੇ ਪਦ ਕਉ ਜੋ ਨਰੁ ਚੀਨੈ੍; ਤਿਨ ਹੀ ਪਰਮਪਦੁ ਪਾਇਆ ॥੨॥

ਇਨ੍ਹਾਂ ਤਿੰਨਾਂ ਗੁਣਾਂ ਨੂੰ ਛੱਡ ਕੇ ਜੋ = ਜਿਹੜਾ ਨਰੁ = ਮਨੁੱਖ ਗੁਰਾਂ ਦੁਆਰਾ ਚਉਥੇ ਪਦ = ਤੁਰੀਆ ਪਦ ਕਉ = ਨੂੰ ਚੀਨੈ੍ = ਜਾਣਦਾ ਹੈ, ਤਿਨ = ਉਸੇ ਨੇ ਹੀ ਪਰਮਪਦੁ = ਵੱਡੀ ਕੈਵਲ ਮੋਖ ਰੂਪੀ ਪਦਵੀ ਨੂੰ ਪਾਇਆ = ਪਾਉਣਾ ਕੀਤਾ ਹੈ **ਵਾ:** ਸਰੂਪ ਦੀ ਪ੍ਰਾਪਤੀ (ਪਰਮ + ਪਦੁ) ਪਰਮ = ਵੱਡਾ ਪਦੁ = ਮਰਾਤਬਾ ਪਾਉਣਾ ਕੀਤਾ ਹੈ ॥੨॥

## ਤੀਰਥ ਬਰਤ ਨੇਮ ਸੁਚਿ ਸੰਜਮ; ਸਦਾ ਰਹੈ ਨਿਹਕਾਮਾ ॥

ਉਹ ਤੀਰਥ ਯਾਤ੍ਰਾ, ਇਕਾਦਸ਼ੀਆਂ ਆਦਿ ਦੇ ਵਰਤ, ਯਮ ਨੇਮ ਆਦਿ ਸਾਧਨ, ਸੁਚਿ = ਪਵਿੱਤਰਤਾ ਅਤੇ ਸੰਜਮ = ਇੰਦ੍ਰੀਆਂ ਦਾ ਦਮਨ ਆਦਿ ਸਾਧਨਾ ਦੀ ਨਿਹਕਾਮਾ = ਕਾਮਨਾ ਤੋਂ ਸਦਾ ਰਹਿਤ ਰਹੇ = ਰਹਿੰਦਾ ਹੈ।

## ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ; ਚਿਤਵਤ ਆਤਮ ਰਾਮਾ ॥੩॥

ਉਸ ਦੀ ਰਸਾਂ ਕਸਾਂ, ਭੋਗਾਂ ਦੀ ਤ੍ਰਿਸਨਾ ਅਰੁ = ਅਤੇ ਮਾਇਆ ਕਰਕੇ ਪਿਆ ਹੋਇਆ ਸਰੂਪ ਦਾ ਭ੍ਰਮ ਵੀ ਚੂਕਾ = ਚੁੱਕਿਆ ਗਿਆ ਹੈ, ਹੇ ਰਾਮਾ = ਪ੍ਰਭੂ! ਉਹ ਤੈਨੂੰ ਆਤਮ = ਆਪਣਾ ਰੂਪ ਕਰਕੇ ਚਿਤਵਤ = ਚੇਤੇ ਕਰਦਾ ਰਹਿੰਦਾ ਹੈ **ਵਾ:** ਜਿਵੇਂ ਚੇਤਨ ਰੂਪ ਰਾਮ ਤੋਂ ਭਿੰਨ ਸਭ ਵਸਤੂਆਂ ਜੜ੍ਹ ਹਨ, ਇਉਂ ਚੇਤਨ ਦੀ ਅੰਸ ਆਤਮਾ ਤੋਂ ਭਿੰਨ ਅਨਾਤਮ ਪਦਾਰਥ ਸਭ ਜੜ੍ਹ ਹਨ, ਇਸ ਲਈ ਰਾਮ ਹੀ ਆਤਮ ਤੇ ਆਤਮ ਹੀ ਰਾਮ ਹੈ, ਇਉਂ ਉਹ ਆਤਮ ਭਾਵ ਤ੍ਵੰ ਪਦ ਦੇ ਲਖ ਅਰਥ ਤੇ ਰਾਮ ਭਾਵ ਤਤ ਪਦ ਦੇ ਲਖ ਅਰਥ ਨੂੰ ਇਕ ਰੂਪ ਕਰਕੇ ਹੀ ਚਿਤਵਦਾ ਰਹਿੰਦਾ ਹੈ ॥੩॥

## ਜਿਹ ਮੰਦਰਿ ਦੀਪਕੁ ਪਰਗਾਸਿਆ; ਅੰਧਕਾਰੁ ਤਹ ਨਾਸਾ ॥

ਜਿਵੇਂ ਜਿਹ = ਜਿਸ ਮੰਦਰਿ = ਘਰ ਵਿਚ ਦੀਪਕੁ = ਦੀਵਾ ਪਰਗਾਸਿਆ = ਪ੍ਰਕਾਸ਼ਦਾ ਹੈ, ਤਹ = ਉਸੇ ਘਰ ਦਾ ਅੰਧਕਾਰੁ = ਹਨੇਰਾ ਨਾਸਾ = ਨਾਸ਼ ਹੋ ਜਾਂਦਾ ਹੈ। ਏਸੇ ਪ੍ਰਕਾਰ ਜਿਸ ਅੰਤਹਕਰਨ ਰੂਪੀ ਮੰਦਰ ਵਿਚ ਗਿਆਨ ਰੂਪੀ ਦੀਵਾ ਪ੍ਰਕਾਸ਼ਿਆ ਹੈ, ਉਸੇ ਅੰਤਹਕਰਨ ਵਿੱਚੋਂ ਅਗਿਆਨਤਾ ਦਾ ਹਨੇਰਾ ਨਾਸ਼ ਹੋਇਆ ਹੈ।

## ਨਿਰਭਉ ਪੂਰਿ ਰਹੇ ਭ੍ਰਮੁ ਭਾਗਾ; ਕਹਿ ਕਬੀਰ ਜਨ ਦਾਸਾ ॥੪॥੧॥

ਹੇ ਨਿਰਭਉ = ਭੈ ਤੋਂ ਰਹਿਤ ਹਰੀ! ਉਸ ਨੇ ਐਸੇ ਨਿਸਚੇ ਕੀਤਾ ਹੈ ਕਿ ਤੁਸੀਂ ਸਭ ਥਾਈਂ ਪੂਰਿ = ਪੂਰਨ ਹੋ ਰਹੇ ਹੋ, ਉਸ ਦਾ ਸਾਰਾ ਭਰਮ ਵੀ ਭਾਗਾ = ਭੱਜ ਗਿਆ ਹੈ, ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਜਨ = ਪੁਰਸ਼ ਹੀ ਤੇਰਾ ਅਸਲ ਦਾਸਾ = ਸੇਵਕ ਹੈ **ਵਾ:** ਉਸ ਪੁਰਖ ਦਾ ਮੈਨੂੰ ਦਾਸ ਬਣਾਉਣਾ ਕਰੋ ॥੪॥੧॥

ਇਸ ਸ਼ਬਦ ਵਿਚ ਭਗਤ ਕਬੀਰ ਸਾਹਿਬ ਜੀ ਸੰਸਾਰੀ ਪੁਰਖਾਂ ਦੇ ਕਾਰੋ-ਵਿਹਾਰਾਂ ਤੇ ਮਹਾਤਮਾ ਦੇ ਪਰਮਾਰਥ ਦੇ ਵਿਵਹਾਰਾਂ ਦੇ ਬਾਬਤ ਕਥਨ ਕਰਦੇ ਹਨ।

## ਕਿਨਹੀ ਬਨਜਿਆ ਕਾਂਸੀ ਤਾਂਬਾ; ਕਿਨਹੀ ਲਉਗ ਸੁਪਾਰੀ ॥

ਹੇ ਭਾਈ ! ਕਿਨਹੀ = ਕਿਸੇ ਨੇ ਕਾਂਸੀ = ਕੈਂਹ ਤੇ ਤਾਂਬੇ ਆਦਿ ਧਾਤਾਂ ਦਾ ਬਨਜਿਆ = ਵਪਾਰ ਕੀਤਾ ਹੈ, ਕਿਨਹੀ = ਕਿਸੇ ਨੇ ਲਉਗ = ਲੌਂਗ ਤੇ ਸੁਪਾਰੀ ਆਦਿ ਪਦਾਰਥਾਂ ਨੂੰ ਵਣਜਨਾ ਕੀਤਾ ਹੈ **ਅਥਵਾ** ਕਿਸੇ ਨੇ ਕਾਂਸੀ ਵਿਚ ਜਾ ਕੇ ਕਰਵੱਤ੍ਰ ਨੂੰ ਲੈਣ ਰੂਪ ਵਣਜਨਾ, ਖ਼ਰੀਦਣਾ ਕੀਤਾ ਹੈ, ਕਿਸੇ ਨੇ ਤਾਂਬੇ ਆਦਿ ਦੀਆਂ ਜ਼ੰਜੀਰਾਂ ਲੱਕ ਨੂੰ ਬੰਨ੍ਹਣ ਰੂਪ ਵਣਜ ਕੀਤਾ ਹੈ, ਕਿਸੇ ਨੇ ਲੌਂਗ ਸੁਪਾਰੀ ਦੀ ਨਿਆਈਂ ਅਨੇਕਾਂ ਸਮੱਗਰੀਆਂ ਲੈ ਕੇ ਜਗ ਕਰਨ ਰੂਪ ਵਣਜ ਕੀਤਾ ਹੈ। ਪਰ

## ਸੰਤਹੁ ਬਨਜਿਆ ਨਾਮੁ ਗੋਬਿਦ ਕਾ; ਐਸੀ ਖੇਪ ਹਮਾਰੀ ॥੧॥

ਸੰਤਹੁ = ਸੰਤ ਜਨਾਂ ਨੇ ਗੋਬਿਦ = ਪਰਮਾਤਮਾ ਕਾ = ਦਾ ਨਾਮ ਹੀ ਬਨਜਿਆ = ਖ਼ਰੀਦਣਾ ਕੀਤਾ ਹੈ ਭਾਵ ਨਾਮ ਦਾ ਵੀ ਜਪਣ ਜਪਾਉਣ ਰੂਪ ਵਪਾਰ ਕੀਤਾ ਹੈ, ਐਸੀ = ਅਜਿਹੀ ਨਾਮ ਦੀ ਹੀ ਹਮਾਰੀ = ਸਾਡੀ ਖੇਪ = ਪੂੰਜੀ ਹੈ॥੧॥

## ਹਰਿ ਕੇ ਨਾਮ ਕੇ; ਬਿਆਪਾਰੀ ॥

ਹੇ ਭਾਈ ! ਅਸੀਂ ਹਰਿ = ਪਰਮਾਤਮਾ ਕੇ = ਦੇ ਨਾਮ ਕੇ = ਦੇ ਬਿਆਪਾਰੀ = ਵਪਾਰੀ ਹਾਂ, ਭਾਵ ਨਾਮ ਜਪਣ ਜਪਾਉਣ ਦਾ ਵਪਾਰ ਕਰਦੇ ਹਾਂ।

## ਹੀਰਾ ਹਾਥਿ ਚੜਿਆ ਨਿਰਮੋਲਕੁ; ਛੂਟਿ ਗਈ ਸੰਸਾਰੀ ॥੧॥ਰਹਾਉ॥

ਸਾਡੇ ਮਨ ਰੂਪੀ ਹਾਥਿ = ਹੱਥ ਵਿਚ ਹਰੀ, ਨਾਮ ਰੂਪੀ ਨਿਰਮੋਲਕੁ = ਅਮੋਲਕ ਹੀਰਾ ਚੜਿਆ = ਚੜ੍ਹ ਗਿਆ, ਸਿਖਿਆਤ ਹੋਇਆ ਹੈ, ਜਿਸ ਕਰਕੇ ਸਾਡੀ ਸੰਸਾਰੀ = ਸੰਸਾਰ ਦੇ ਵਿਹਾਰਾਂ ਵਾਲੀ ਬਿਰਤੀ ਛੂਟਿ = ਛੁੱਟ ਗਈ ਹੈ **ਵਾ:** ਸੰਸਾਰੀ ਬਣ ਕੇ ਵਿਕਾਰਾਂ ਵਾਲੀ ਦ੍ਰਿਸ਼ਟੀ ਛੁੱਟ ਗਈ ਹੈ॥੧॥ਰਹਾਉ॥

## ਸਾਚੇ ਲਾਏ, ਤਉ ਸਚ ਲਾਗੇ; ਸਾਚੇ ਕੇ ਬਿਉਹਾਰੀ ॥

ਜਦੋਂ ਸਾਚੇ = ਸੱਚੇ ਪਰਮਾਤਮਾ ਦੁਆਰਾ ਅਸੀਂ ਨਾਮ ਜਪਣ ਵਿਚ ਲਾਏ ਗਏ ਤਉ = ਤਦੋਂ ਹੀ ਸਚ = ਸੱਚੇ ਨਾਮ ਜਪਣ ਵਿਚ ਲਾਗੇ = ਲੱਗੇ ਹਾਂ, ਇਉਂ ਅਸੀਂ ਸਾਚੇ = ਸੱਚੇ ਨਾਮ ਕੇ = ਦੇ ਜਪਣ ਜਪਾਉਣ ਰੂਪ ਬਿਉਹਾਰੀ = ਵਪਾਰੀ ਹਾਂ।

## ਸਾਚੀ ਬਸਤੁ ਕੇ ਭਾਰ ਚਲਾਏ; ਪਹੁਚੇ ਜਾਇ ਭੰਡਾਰੀ ॥੨॥

ਅਸੀਂ ਸਾਚੀ = ਸੱਚੀ ਨਾਮ, ਸ੍ਰਵਣ, ਮੰਨਣ, ਨਿਧਿਆਸਣ ਰੂਪ **ਵਾ:** ਭਗਤੀ ਰੂਪ ਬਸਤੁ = ਵਸਤੂ ਕੇ = ਦੇ ਭਾਰ ਆਪਣੇ ਅੰਤਹਕਰਨ ਰੂਪੀ ਗੱਡੇ ਉਪਰ ਲੱਦ ਕੇ ਚਲਾਏ = ਚੱਲਦੇ ਹਾਂ। ਇਸ ਨਾਲ ਭੰਡਾਰੀ = ਖ਼ਜ਼ਾਨਿਆਂ ਵਾਲੇ ਹਰੀ ਪਾਸ ਪਹੁਚੇ = ਪਹੁੰਚ ਜਾਇ = ਜਾਵਾਂਗੇ **ਵਾ:** (ਭੰਡ + ਅਰੀ) ਅਵਿੱਦਿਆ ਰੂਪੀ ਭੰਡ ਦਾ ਅਰੀ = ਵੈਰੀ ਭਾਵ ਗਿਆਨ ਅਰਥਾਤ ਗਿਆਨ ਸਰੂਪ ਵਿਚ ਪਹੁੰਚ ਜਾਵਾਂਗੇ **ਵਾ:** ਸੰਤਾਂ ਮਹਾਤਮਾਂ ਰੂਪੀ ਭੰਡਾਰੀਆਂ ਪਾਸ ਭਾਵ ਉਨ੍ਹਾਂ ਦੀ ਸੰਗਤ ਵਿਚ ਪਹੁੰਚ ਗਏ ਹਾਂ॥੨॥

## ਆਪਹਿ ਰਤਨ ਜਵਾਹਰ ਮਾਨਿਕ; ਆਪੈ ਹੈ ਪਾਸਾਰੀ ॥

ਹੁਣ ਐਸਾ ਨਿਸਚਾ ਕੀਤਾ ਹੈ ਕਿ ਉਹ ਪਰਮਾਤਮਾ ਆਪ ਹੀ ਵੈਰਾਗ ਰੂਪੀ ਰਤਨ, ਅਪ੍ਰੋਖ ਗਿਆਨ

ਰੂਪੀ ਜਵੇਹਰ ਤੇ ਸ੍ਵਣ ਮੰਨਣ ਰੂਪ ਮਾਣਿਕ ਦੀ ਨਿਆਈਂ ਹੈ ਅਤੇ ਆਪੈ = ਆਪ ਹੀ ਸੰਸਾਰ ਦੇ ਪਾਸਾਰੀ = ਪਸਾਰੇ ਨੂੰ ਰਚਣ ਵਾਲਾ ਹੈ **ਵਾ:** ਆਪ ਹੀ ਜਗਿਆਸੂ ਦੇ ਅੰਦਰ ਸਾਧਨਾਂ ਦੇ ਪਸਾਰੇ ਨੂੰ ਰਚਣ ਵਾਲਾ ਹੈ।

## ਆਪੈ ਦਹ ਦਿਸ ਆਪ ਚਲਾਵੈ; ਨਿਹਚਲੁ ਹੈ ਬਿਆਪਾਰੀ ॥੩॥

ਪ੍ਰਭੂ ਆਪੈ = ਆਪ ਹੀ ਦਹ ਦਿਸ = ਦਸ ਦਿਸ਼ਾਵਾਂ ਰੂਪ ਹੈ ਤੇ ਆਪ ਹੀ ਜੀਵਾਂ ਦੀ ਵਾਸ਼ਨਾ ਅਨੁਸਾਰ ਇਨ੍ਹਾਂ ਦਿਸ਼ਾਵਾਂ ਵਿਚ ਜੀਵਾਂ ਨੂੰ ਚਲਾਵੈ = ਚਲਾਉਂਦਾ ਹੈ **ਵਾ:** ਆਪ ਹੀ ਦਸੇ ਇੰਦ੍ਰੀਆਂ ਰੂਪੀ ਦਸ ਦਿਸ਼ਾਵਾਂ ਰੂਪ ਹੈ ਤੇ ਆਪ ਹੀ ਇਨ੍ਹਾਂ ਇੰਦ੍ਰੀਆਂ ਦੀ ਵਾਸ਼ਨਾ ਵਿਚ ਜੀਵਾਂ ਦੀ ਕਰਣੀ ਅਨੁਸਾਰ ਚਲਾਉਣਾ ਕਰਦਾ ਹੈ **ਵਾ:** ਚੇਤਨ ਸਰੂਪ ਹਰੀ ਆਪ ਦਸੇ ਦਿਸ਼ਾਵਾਂ ਵਿਚ ਵਿਆਪਕ ਹੈ ਤੇ ਜਗਿਆਸੂ ਦੇ ਮਨ ਨੂੰ ਆਪਣੇ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੇ ਭਾਉ-ਭਗਤੀ ਦੇ ਰਸਤੇ ਉਪਰ ਚਲਾਉਣਾ ਕਰਦਾ ਹੈ, ਹਰੀ ਆਪ ਨਿਹਚਲੁ = ਅਚੱਲ ਬਿਆਪਾਰੀ = ਵਪਾਰੀ ਹੈ **ਵਾ:** ਨਾਮ ਦਾ ਜਪਣ ਜਪਾਉਣ ਰੂਪ ਵਪਾਰ ਕਰਨ ਵਾਲੇ ਮਹਾਤਮਾ ਅਚੱਲ ਸਰੂਪ ਵਿਚ ਇਸਥਿਤ ਹੋ ਕੇ ਰਹਿੰਦੇ ਹਨ॥੩॥

## ਮਨੁ ਕਰਿ ਬੈਲੁ, ਸੁਰਤਿ ਕਰਿ ਪੈਡਾ; ਗਿਆਨ ਗੋਨਿ ਭਰਿ ਡਾਰੀ ॥

ਇਸ ਵਪਾਰ ਦੇ ਲਈ ਅਸੀਂ ਮਨ ਨੂੰ ਬੈਲੁ = ਬਲਦ ਬਣਾਉਣਾ ਕਰਿ = ਕਰਿਆ ਹੈ, ਸੁਰਤਿ = ਬਿਰਤੀ, ਸ੍ਰੇਸ਼ਟ ਪ੍ਰੀਤੀ ਦਾ ਪੈਡਾ = ਮਾਰਗ ਕਰਿ = ਕਰਿਆ ਹੈ ਅਤੇ ਗਿਆਨ ਰੂਪੀ ਗੋਨਿ = ਬੋਰੀ ਭਰ ਕੇ ਉਸ ਬੈਲ ਉਪਰ ਡਾਰੀ = ਸੁੱਟੀ, ਲੱਦਣਾ ਕੀਤੀ ਹੈ **ਵਾ:** ਅੰਤਹਕਰਨ ਰੂਪੀ ਗੋਨਿ = ਬੋਰੀ ਵਿਚ ਗਿਆਨ ਰੂਪੀ ਵਸਤੂ ਭਰ ਕੇ ਡਾਰੀ = ਸੁੱਟੀ, ਲੱਦੀ ਹੋਈ ਹੈ।

## ਕਹਤੁ ਕਬੀਰੁ ਸੁਨਹੁ ਰੇ ਸੰਤਹੁ; ਨਿਬਹੀ ਖੇਪ ਹਮਾਰੀ ॥੪॥੨॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਰੇ = ਹੇ ਸੰਤਹੁ = ਸੰਤ ਜਨੋਂ ! ਇਹ ਵਿਚਾਰ ਸੁਨਹੁ = ਸੁਣਨਾ ਕਰੋ। ਇਸ ਪ੍ਰਕਾਰ ਹਮਾਰੀ = ਸਾਡੀ ਨਾਮ, ਬ੍ਰਹਮ ਗਿਆਨ, ਜੀਵਨ ਮੁਕਤੀ ਦੀ ਖੇਪ = ਪੂੰਜੀ ਸਿਰ ਤੋੜ ਤਕ ਨਿਬਹੀ = ਨਿੱਭ ਗਈ ਹੈ॥੪॥੨॥

ਕੋਈ ਜੋਗੀ ਭਗਤ ਕਬੀਰ ਸਾਹਿਬ ਜੀ ਦੇ ਪਾਸ ਆਇਆ, ਜਿਸ ਦੀ ਸ਼ਰਾਬ ਪੀਣ ਦੀ ਆਦਤ ਸੀ, ਉਸ ਦੀ ਭੈੜੀ ਨਸ਼ੇ ਵਾਲੀ ਆਦਤ ਛੁਡਾਉਣ ਲਈ ਇਹ ਸ਼ਬਦ ਉਚਾਰਣ ਕਰਦੇ ਹਨ।

## ਰੀ ਕਲਵਾਰਿ ਗਵਾਰਿ ਮੂਢ ਮਤਿ; ਉਲਟੋ ਪਵਨੁ ਫਿਰਾਵਉ ॥

ਰੀ = ਹੇ ਕਲਵਾਰਿ = ਕਲੇਸ਼ ਵਾਲੇ, ਸ਼ਰਾਬ ਕੱਢਣ ਵਾਲੇ, ਸ਼ਾਸਤ੍ਰ ਗਿਆਨ ਵੱਲੋਂ ਗਵਾਰਿ = ਬੇ-ਸਮਝ ਤੇ ਪਰਮਾਰਥ ਵੱਲੋਂ ਮੂਢ ਮਤਿ = ਮੂਰਖ ਬੁੱਧੀ ਵਾਲੇ ਜੋਗੀ! ਤੂੰ ਅਪਾਨ ਪਵਨੁ = ਵਾਯੂ ਤੇ ਪ੍ਰਾਣਾਂ ਨੂੰ ਉਲਟੋ = ਉਲਟਾ ਕਰਕੇ ਦਸਮ ਦੁਆਰ ਵੱਲ ਫਿਰਾਵਉ = ਫੇਰਨਾ ਕਰ **ਅਥਵਾ** ਰੀ = ਇੰਦ੍ਰੀਆਂ ਨੂੰ (ਕਲ + ਵਾਰਿ) ਵਿਸ਼ਿਆਂ ਵੱਲੋਂ ਵਾਰਿ = ਵਰਜ ਕੇ ਕਲ = ਸ਼ਾਂਤ ਕਰ, ਬੇ-ਸਮਝ ਪੁਣੇ ਨੂੰ ਗਵਾ ਦੇ ਅਤੇ ਮਤਿ = ਬੁੱਧ ਦੇ ਤਾਈਂ ਮੂਢ = ਮੂੜੇ ਵਾਂਗ ਇਸਥਿਤ ਕਰ ਅਤੇ ਸੰਸਾਰ ਦੀ ਵਾਸ਼ਨਾ ਵੱਲੋਂ ਮਨ ਨੂੰ ਉਲਟਾ ਕੇ ਪਰਮਾਰਥ ਵੱਲ ਫੇਰਨਾ ਕਰ।

## ਮਨੁ ਮਤਵਾਰ ਮੇਰ ਸਰ ਭਾਠੀ; ਅੰਮ੍ਰਿਤ ਧਾਰ ਚੁਆਵਉ ॥੧॥

ਮਨ ਨੂੰ ਮਤਵਾਰ = ਮਸਤ ਕਰਨ ਲਈ ਮੇਰ = ਸ਼ਿਰੋਮਣੀ ਦਸਮ ਦੁਆਰ ਨੂੰ ਭਾਠੀ = ਭੱਠੀ ਦੇ ਸਰ = ਸਦਰਸ਼ ਕਰ ਅਤੇ ਜੋਗਾਨੰਦ ਰੂਪੀ ਅੰਮ੍ਰਿਤ ਦੀ ਧਾਰ ਚੁਆਵਉ = ਚੁਆਉਣਾ ਕਰ **ਅਥਵਾ** ਮਨ ਨੂੰ ਆਤਮ ਵਿਸ਼ੈਣੀ ਮਤਵਾਰ = ਮਤ ਵਾਲਾ ਬਣਾਉਣਾ ਕਰ ਅਤੇ ਸਰ = ਸਾਰਿਆਂ ਦੇ ਮੇਰ = ਸ਼ਿਰੋਮਣੀ ਬ੍ਰਹਮ ਚੇਤਨ

ਵਿਚ ਭਾਵਨਾ ਕਰਨ ਰੂਪ ਭੱਠੀ ਬਣਾਉਣਾ ਕਰ। ਫੇਰ ਬ੍ਰਹਮਾਕਾਰ ਬਿਰਤੀ ਕਰਕੇ ਅੰਤਹਕਰਨ ਰੂਪੀ ਪਿਆਲੇ ਵਿਚ ਬ੍ਰਹਮਾਨੰਦ ਰੂਪੀ ਅੰਮ੍ਰਿਤ ਦੀ ਧਾਰ ਚੁਆਉਣਾ ਕਰ। ਇਉਂ ਅੰਤ੍ਰੀਵ ਅਨੰਦ ਦੇਣ ਵਾਲੀ ਅਵਸਥਾ ਬਣਾ ਕੇ ਬਾਹਰਲੀ ਭੈੜੀ ਸ਼ਰਾਬ ਛਡਣਾ ਕਰ॥੧॥

## ਬੋਲਹੁ ਭਈਆ; ਰਾਮ ਕੀ ਦੁਹਾਈ॥

ਹੇ ਭਈਆ = ਭਾਈ! ਰਾਮ ਨਾਮ ਬੋਲਹੁ = ਬੋਲਣਾ ਕਰੋ, ਮੈਂ ਰਾਮ = ਪਰਮਾਤਮਾ ਕੀ = ਦੀ ਇਹ ਗੱਲ ਦੁਹਾਈ = ਪੁਕਾਰ ਪੁਕਾਰ ਕੇ ਕਹਿੰਦਾ ਹਾਂ **ਵਾ:** ਤੁਹਾਨੂੰ ਰਾਮ ਦੀ ਦੁਹਾਈ = ਕਸਮ ਹੈ।

## ਪੀਵਹੁ ਸੰਤ ਸਦਾ ਮਤਿ ਦੁਰਲਭ; ਸਹਜੇ ਪਿਆਸ ਬੁਝਾਈ॥੧॥ਰਹਾਉ॥

ਹੇ ਭਾਈ! ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੀ ਸੰਗਤ ਦੁਆਰਾ ਐਸੀ ਦੁਰਲਭ = ਕਠਿਨਤਾਈ ਨਾਲ ਪ੍ਰਾਪਤ ਹੋਣ ਵਾਲੀ ਬ੍ਰਹਮਾਨੰਦ ਰੂਪੀ ਸ਼ਰਾਬ ਆਪਣੀ ਮਤਿ = ਬੁੱਧ ਦੇ ਵਿਚ ਸਦਾ = ਹਮੇਸ਼ਾਂ ਪੀਵਹੁ = ਪੀਣਾ ਕਰੋ, ਜਿਨ੍ਹਾਂ ਨੇ ਪੀਣਾ ਕੀਤਾ ਹੈ, ਉਨ੍ਹਾਂ ਨੇ ਸਹਜੇ = ਸੁਭਾਵਿਕ ਹੀ ਆਪਣੇ ਅੰਦਰੋਂ ਵਿਸ਼ਿਆਂ, ਤ੍ਰਿਸ਼ਨਾ ਦੀ ਪਿਆਸ = ਤ੍ਰੇਹ ਬੁਝਾਈ = ਮੇਟ ਲਈ ਹੈ॥੧॥ਰਹਾਉ॥

## ਭੈ ਬਿਚਿ ਭਾਉ ਭਾਇ ਕੋਊ ਬੂਝਹਿ; ਹਰਿ ਰਸੁ ਪਾਵੈ ਭਾਈ॥

ਪਰਮਾਤਮਾ ਦੇ ਭੈ = ਡਰ ਬਿਚਿ = ਅੰਦਰ ਰਹਿਣ ਕਰਕੇ ਪਰਮਾਤਮਾ ਦਾ ਭਾਉ = ਪ੍ਰੇਮ ਪੈਦਾ ਹੁੰਦਾ ਹੈ, ਪਰ ਕੋਊ = ਕੋਈ ਵਿਰਲਾ ਹੀ ਗੁਰਾਂ ਦੇ ਭਾਇ = ਅਨੁਸਾਰ ਹੋ ਕੇ ਇਸ ਗੱਲ ਨੂੰ ਬੂਝਹਿ = ਬੁੱਝਦਾ ਹੈ **ਵਾ:** ਭਾਇ = ਪ੍ਰਕਾਸ਼ ਸਰੂਪ ਨੂੰ ਕੋਈ ਉੱਤਮ ਅਧਿਕਾਰੀ ਹੀ ਬੁੱਝਦਾ ਹੈ। ਹੇ ਭਾਈ! ਉਹੀ ਪੁਰਖ ਹਰਿ = ਪਰਮਾਤਮਾ ਦੇ ਰਸ = ਅਨੰਦ ਨੂੰ ਪਾਉਂਦਾ ਹੈ।

## ਜੇਤੇ ਘਟ, ਅੰਮ੍ਰਿਤੁ ਸਭ ਹੀ ਮਹਿ; ਭਾਵੈ ਤਿਸਹਿ ਪੀਆਈ॥੨॥

ਜੇਤੇ = ਜਿਤਨੇ ਵੀ ਅੰਤਹਕਰਨ ਰੂਪੀ ਘਟ = ਘੜੇ ਹਨ, ਉਨ੍ਹਾਂ ਸਭ = ਸਾਰਿਆਂ ਦੇ ਮਹਿ = ਵਿਚ ਹੀ ਪਰਮਾਤਮਾ ਨੇ ਆਪਣਾ ਨਾਮ, ਬ੍ਰਹਮਾਨੰਦ ਰੂਪੀ ਅੰਮ੍ਰਿਤ ਰੱਖਿਆ ਹੋਇਆ ਹੈ, ਪਰ ਜਿਹੜਾ ਪ੍ਰਭੂ ਨੂੰ ਭਾਵੈ = ਭਾਅ ਜਾਂਦਾ ਹੈ, ਤਿਸਹਿ = ਉਸ ਨੂੰ ਹੀ ਇਹ ਅੰਮ੍ਰਿਤ ਪੀਆਈ = ਪਿਲਾਉਣਾ ਕਰਦਾ ਹੈ॥੨॥

## ਨਗਰੀ ਏਕੈ ਨਉ ਦਰਵਾਜੇ; ਧਾਵਤੁ ਬਰਜਿ ਰਹਾਈ॥

ਇਹ ਦੇਹ ਰੂਪੀ ਏਕੈ = ਇਕ ਨਗਰੀ ਹੈ ਅਤੇ ਇਸ ਦੇ ਨਉ = ਨੌਂ ਗੋਲਕਾਂ ਰੂਪੀ ਨੌਂ ਦਰਵਾਜ਼ੇ ਹਨ, ਇਸ ਵਿਚ ਬਾਹਰਮੁਖ ਧਾਵਤੁ = ਦੌੜਦੇ ਹੋਏ ਮਨ ਨੂੰ ਬਰਜਿ = ਰੋਕ ਕੇ ਰਹਾਈ = ਰੱਖਣਾ ਕਰੇ।

## ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ; ਤਾ ਮਨੁ ਖੀਵਾ ਭਾਈ॥੩॥

ਜਦੋਂ ਗਿਆਤਾ ਗਿਆਨ ਗੇਯ, ਧਿਆਤਾ ਧਿਆਨ ਧੇਯ, ਕਰਤਾ ਕਰਮ ਕ੍ਰਿਯਾ ਰੂਪੀ ਤ੍ਰਿਕੁਟੀ ਛੂਟੈ = ਛੁੱਟ ਜਾਂਦੀ ਹੈ, ਤਦੋਂ ਦਸਵਾਂ ਦਰੁ = ਦੁਆਰ ਖੁਲੈ = ਖੁੱਲ੍ਹ ਜਾਂਦਾ ਹੈ **ਵਾ:** ਦਸਵਾਂ ਜੋ ਚੇਤਨ ਸਰੂਪ ਹੈ, ਉਸ ਦਾ ਅਪ੍ਰੋਖ ਗਿਆਨ ਰੂਪੀ ਦਰ ਖੁੱਲ੍ਹ ਜਾਂਦਾ ਹੈ। ਹੇ ਭਾਈ! ਤਾ = ਤਦੋਂ ਇਹ ਮਨ ਅਨੰਦ ਵਿਚ ਖੀਵਾ = ਮਸਤ ਹੋ ਜਾਂਦਾ ਹੈ॥੩॥

## ਅਭੈ ਪਦ ਪੂਰਿ ਤਾਪ ਤਹ ਨਾਸੇ; ਕਹਿ ਕਬੀਰ ਬੀਚਾਰੀ॥

ਜਿਸ ਨੂੰ ਅਭੈ = ਭੈ ਤੋਂ ਰਹਿਤ ਪਦ = ਪਦਵੀ ਦੀ ਪੂਰਿ = ਪੂਰਨ ਪ੍ਰਾਪਤੀ ਹੋਈ ਹੈ, ਤਹ = ਉਸ ਦੇ

ਆਧੀ-ਬਿਆਧੀ ਆਦਿ ਤਾਪ ਨਾਸੇ = ਨੱਸ ਗਏ ਹਨ। ਭਗਤ ਕਬੀਰ ਸਾਹਿਬ ਜੀ ਕਹਿ = ਕਥਨ ਕਰਦੇ ਹਨ ਕਿ ਅਸੀਂ ਇਹ ਗੱਲ ਬੀਚਾਰੀ = ਵਿਚਾਰ ਕੇ ਕਹੀ ਹੈ।

## ਉਬਟ ਚਲੰਤੇ ਇਹੁ ਮਦੁ ਪਾਇਆ; ਜੈਸੇ ਖੋਂਦ ਖੁਮਾਰੀ ॥੪॥੩॥

ਹੇ ਜੋਗੀ! ਜਦੋਂ ਪ੍ਰਾਣ ਉਬਟ = ਉਲਟੇ ਹੋ ਕੇ ਦਸਮ ਦੁਆਰ ਦੀ ਤਰਫ਼ ਚਲੰਤੇ = ਚੱਲੇ, ਤਦੋਂ ਇਹ ਜੋਗਾਨੰਦ ਰੂਪੀ ਮਦੁ = ਸ਼ਰਾਬ ਨੂੰ ਪਾਇਆ = ਪਾਉਣਾ ਕੀਤਾ, ਤਦੋਂ ਐਸੀ ਮਸਤੀ ਚੜ੍ਹੀ ਜੈਸੇ = ਜਿਸ ਪ੍ਰਕਾਰ ਸ਼ਰਾਬੀ ਆਦਮੀ ਨੂੰ ਸ਼ਰਾਬ ਦੇ ਖੋਂਦ = ਪਿਆਲੇ ਦੀ ਖੁਮਾਰੀ = ਮਸਤੀ ਚੜ੍ਹਦੀ ਹੈ।

**ਅਥਵਾ** ਜਦੋਂ ਸੰਸਾਰ ਰੂਪੀ ਉਬਟ = ਉਜਾੜ ਵੱਲੋਂ ਹਰੀ ਦੀ ਤਰਫ਼ ਚੱਲੇ, ਤਦੋਂ ਬ੍ਰਹਮਾਨੰਦ ਰੂਪੀ ਸ਼ਰਾਬ ਨੂੰ ਪਾਉਣਾ ਕੀਤਾ, ਤਦੋਂ ਐਸੀ ਮਸਤੀ ਚੜ੍ਹੀ ਜਿਵੇਂ ਕਿਸੇ ਆਦਮੀ ਨੂੰ ਧਰਤੀ ਖੋਂਦ = ਖੋਦਦਿਆਂ ਹੇਠੋਂ ਧਨ ਆਦਿ **ਵਾ:** ਖ਼ਜ਼ਾਨਾ ਲੱਭਣ ਨਾਲ ਮਸਤੀ ਚੜ੍ਹਦੀ ਹੈ, ਇਉਂ ਜਗਿਆਸੂ ਜਨਾਂ ਨੂੰ ਗੁਰਾਂ ਦੀ ਕਿਰਪਾ ਦੁਆਰਾ ਨਾਮ ਜਪ ਕੇ ਬੁੱਧ ਰੂਪੀ ਧਰਤੀ ਅੰਦਰੋਂ ਸ਼ੁਭ ਗੁਣਾਂ ਰੂਪੀ ਖ਼ਜ਼ਾਨਾ ਪ੍ਰਾਪਤ ਹੋਣ ਕਰਕੇ ਮਸਤੀ ਚੜ੍ਹ ਜਾਂਦੀ ਹੈ ॥੪॥੩॥

ਕਿਸੇ ਹੰਕਾਰੀ ਆਦਮੀ ਦੇ ਤਾਈਂ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ; ਗਤਿ ਨਹੀ ਏਕੈ ਜਾਨੀ ॥

ਕਾਮ = ਵਿਕਾਰ ਦ੍ਰਿਸ਼ਟੀ, ਕ੍ਰੋਧ = ਗ਼ੁੱਸਾ ਤੇ ਤ੍ਰਿਸ਼ਨਾ ਕੇ = ਦੇ ਵਿਚ ਲੀਨੇ = ਲੀਨ ਹੋਏ ਪੁਰਖਾਂ ਨੇ ਏਕੈ = ਇਕ ਪਰਮਾਤਮਾ ਦੀ ਗਤਿ = ਪ੍ਰਾਪਤੀ ਨਹੀਂ ਜਾਨੀ = ਜਾਨਣਾ ਕੀਤੀ।

## ਫੂਟੀ ਆਖੈ ਕਛੂ ਨ ਸੂਝੈ; ਬੂਡਿ ਮੂਏ ਬਿਨੁ ਪਾਨੀ ॥੧॥

ਉਨ੍ਹਾਂ ਦੀਆਂ ਵਿਚਾਰ, ਸ਼ਰਧਾ ਰੂਪੀ ਆਖੈ = ਅੱਖਾਂ ਫੂਟੀ = ਫੁੱਟੀਆਂ ਹੋਈਆਂ ਤੋਂ ਅੰਨ੍ਹੇ ਹੋ ਜਾਣ ਕਾਰਨ ਪਰਮਾਰਥ ਦਾ ਰਸਤਾ ਕਛੂ = ਕੁਝ ਵੀ ਨਹੀਂ ਸੂਝੈ = ਦਿਸਦਾ, ਉਹ ਤਾਂ ਪ੍ਰਤੱਖ ਪਾਨੀ = ਜਲ ਤੋਂ ਬਿਨੁ = ਬਗ਼ੈਰ ਵਿਸ਼ਿਆਂ, ਪਦਾਰਥਾਂ ਰੂਪੀ ਪਾਣੀ ਵਿਚ ਬੂਡਿ = ਡੁੱਬ ਕੇ ਮੂਏ = ਮਰ ਰਹੇ ਹਨ ॥੧॥

[ਅੰਗ ੧੧੨੪]

## ਚਲਤ ਕਤ; ਟੇਢੇ ਟੇਢੇ ਟੇਢੇ ॥

ਹੇ ਭਾਈ! ਤੁਸੀਂ ਕਤ = ਕਿਸ ਵਾਸਤੇ ਟੇਢੇ = ਵਿੰਗੇ ਮਨ ਵਾਲੇ ਹੋ ਕੇ ਟੇਢੇ = ਛਲ ਦੇ ਸਹਿਤ ਟੇਢੇ = ਟੇਢਤਾਈ ਵਾਲੇ ਰਸਤੇ ਵੱਲ ਚਲਤ = ਚੱਲਦੇ ਹੋ **ਅਥਵਾ** ਮਨ ਬਾਣੀ ਸਰੀਰ ਕਰਕੇ **ਵਾ:** ਟੇਢੇ ਮਨ ਵਾਲੇ ਪੁਰਖਾ! ਤੂੰ ਕਿਸ ਵਾਸਤੇ ਟੇਢੇ = ਛਲ ਦੇ ਸਹਿਤ ਸੰਗਤ ਤੋਂ ਉਲਟ ਕੇ ਟੇਢਤਾਈ ਵਾਲੀ ਕੁਸੰਗਤ ਵੱਲ ਚੱਲਦਾ ਹੈਂ।

## ਅਸਤਿ ਚਰਮ ਬਿਸਟਾ ਕੇ ਮੂੰਦੇ; ਦੁਰਗੰਧ ਹੀ ਕੇ ਬੇਢੇ ॥੧॥ਰਹਾਉ॥

ਜਿਸ ਸਰੀਰਾਂ ਦਾ ਤੁਸੀਂ ਅਭਿਮਾਨ ਕਰਦੇ ਹੋ, ਉਹ ਅਸਤਿ = ਹੱਡੀਆਂ, ਚਰਮ = ਚਮੜੀ ਤੇ ਬਿਸਟਾ = ਗੰਦਗੀ ਕੇ = ਦੇ ਨਾਲ ਮੂੰਦੇ = ਭਰੇ, ਢੱਕੇ ਹੋਏ ਹਨ ਅਤੇ ਦੁਰਗੰਧ = ਬਦਬੂ ਕੇ = ਦੇ ਨਾਲ ਹੀ ਬੇਢੇ = ਲਪੇਟੇ ਹੋਏ ਹਨ **ਅਥਵਾ** ਹੱਡੀਆਂ, ਬਿਸਟਾ ਤੇ ਦੁਰਗੰਧੀ ਦੇ ਨਾਲ ਭਰੇ ਹੋਏ ਹਨ ਅਤੇ ਚਮੜੀ ਦੇ ਨਾਲ ਬੇਢੇ = ਲਪੇਟੇ (ਵਲੇ), ਮੜ੍ਹੇ ਹੋਏ ਹਨ ॥੧॥ਰਹਾਉ॥

## ਰਾਮ ਨ ਜਪਹੁ, ਕਵਨ ਭ੍ਰਮ ਭੂਲੇ; ਤੁਮ ਤੇ ਕਾਲੁ ਨ ਦੂਰੇ ॥

ਹੇ ਭਾਈ ! ਤੁਸੀਂ ਹੁਣ ਰਾਮ = ਪਰਮਾਤਮਾ ਦੇ ਨਾਮ ਨੂੰ ਜਪਹੁ = ਜਪਣਾ ਨਹੀਂ ਕਰਦੇ, ਤੁਸੀਂ ਕੁਸੰਗਤ ਦੇ ਕਾਰਨ ਕਵਨ = ਕਿਹੜੇ ਭਰਮ ਵਿਚ ਭੁੱਲੇ ਹੋਏ ਹੋ, ਪਰ ਤੁਮ = ਤੁਹਾਡੇ ਤੇ = ਤੋਂ ਕਾਲੁ = ਮੌਤ ਦੂਰੇ = ਦੂਰ ਨਹੀਂ ਹੈ, ਭਾਵ ਤੁਹਾਡੇ ਸਿਰ ਉਪਰ ਮੰਡਰਾ ਰਹੀ ਹੈ।

## ਅਨਿਕ ਜਤਨ ਕਰਿ ਇਹ ਤਨੁ ਰਾਖਹੁ; ਰਹੈ ਅਵਸਥਾ ਪੂਰੇ ॥੨॥

ਜੋ ਅਨਿਕ = ਅਨੇਕਾਂ ਜਤਨ = ਉਪਾਅ ਕਰਿ = ਕਰਕੇ ਇਹ = ਇਸ ਤਨੁ = ਸਰੀਰ ਨੂੰ ਬਚਾ ਕੇ ਰਾਖਹੁ = ਰੱਖਦੇ ਹੋ, ਪਰ ਇਹ ਅਵਸਥਾ = ਉਮਰ ਪੂਰੇ = ਪੂਰੀ ਹੋਣ ਤਕ ਹੀ ਰਹੈ = ਰਹੇਗਾ, ਭਾਵ ਉਮਰ ਰੂਪੀ ਹੋਣ ਤੋਂ ਬਾਅਦ ਇਕ ਛਿਨ ਮਾਤਰ ਵੀ ਇਸ ਨੇ ਨਹੀਂ ਰਹਿਣਾ ॥੨॥

## ਆਪਨ ਕੀਆ ਕਛੂ ਨ ਹੋਵੈ; ਕਿਆ ਕੋ ਕਰੈ ਪਰਾਨੀ ॥

ਹੇ ਭਾਈ ! ਆਪਨ = ਆਪਣਾ ਕੀਆ = ਕੀਤਾ ਹੋਇਆ ਕਛੂ = ਕੁਝ ਵੀ ਯਤਨ ਨਹੀਂ ਹੋਵੈ = ਹੋ ਸਕਦਾ, ਫੇਰ ਕੋ = ਕੋਈ ਪਰਾਨੀ = ਜੀਵ ਕਿਆ = ਕੀ ਕਰੈ = ਕਰ ਸਕਦਾ ਹੈ, ਭਾਵ ਕੁਝ ਨਹੀਂ ਕਰ ਸਕਦਾ।

## ਜਾ ਤਿਸੁ ਭਾਵੈ ਸਤਿਗੁਰੁ ਭੇਟੈ; ਏਕੋ ਨਾਮੁ ਬਖਾਨੀ ॥੩॥

ਜਾ = ਜਦੋਂ ਤਿਸੁ = ਉਸ ਪ੍ਰਭੂ ਨੂੰ ਜੀਵ ਦੇ ਨਿਸ਼ਕਾਮ ਕਰਮ ਭਾਵੈ = ਭਾਉਂਦੇ ਹਨ, ਤਦੋਂ ਹੀ ਜੀਵ ਦੇ ਤਾਈਂ ਸਤਿਗੁਰੁ = ਸੱਚਾ ਗੁਰੂ ਭੇਟੈ = ਮਿਲਦਾ ਹੈ, ਫੇਰ ਗੁਰਾਂ ਦੁਆਰਾ ਉਹ ਜੀਵ ਹੋਰ ਸਾਰੇ ਆਸਰੇ ਛੱਡ ਕੇ ਏਕੋ = ਇਕ ਪਰਮਾਤਮਾ ਦੇ ਨਾਮ ਨੂੰ ਹੀ ਬਖਾਨੀ = ਉਚਾਰਣਾ ਕਰਦਾ ਹੈ ॥੩॥

## ਬਲੂਆ ਕੇ ਘਰੂਆ ਮਹਿ ਬਸਤੇ; ਫੁਲਵਤ ਦੇਹ ਅਇਆਨੇ ॥

ਹੇ ਭਾਈ ! ਤੁਸੀਂ ਪੰਜਾਂ ਤੱਤਾਂ ਰੂਪੀ ਬਲੂਆ = ਰੇਤੇ ਕੇ = ਦੇ ਘਰੂਆ = ਘਰ ਮਹਿ = ਵਿਚ ਕਾਲ ਰੂਪੀ ਨਦੀ ਦੇ ਕਿਨਾਰੇ ਬਸਤੇ = ਵੱਸਦੇ ਹੋ ਅਤੇ ਅਇਆਨੇ = ਅੰਞਾਣ ਹੋ ਕੇ ਇਸ ਦੇਹ = ਸਰੀਰ ਅੰਦਰ ਫੁਲਵਤ = ਹੰਕਾਰ ਨਾਲ ਆਫਰੇ ਫਿਰਦੇ ਹੋ **ਵਾ:** ਹੇ ਅਇਆਨੇ = ਅਗਿਆਨੀ ਜੀਵੋ ! ਤੁਸੀਂ ਇਸ ਦੇਹੀ ਵਿਚ ਦੀਵੇ ਦੇ (ਫੁਲ + ਵਤ) ਫੁਲ = ਗੁਲ ਵਤ = ਵਾਂਗ ਕਾਲਸ ਨਾਲ ਭਰੇ ਹੋਏ ਹੋ।

## ਕਹੁ ਕਬੀਰ ਜਿਹ ਰਾਮੁ ਨ ਚੇਤਿਓ; ਬੂਡੇ ਬਹੁਤੁ ਸਿਆਨੇ ॥੪॥੪॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹ = ਜਿਨ੍ਹਾਂ ਪੁਰਖਾਂ ਨੇ ਰਾਮੁ = ਪਰਮਾਤਮਾ ਦੇ ਨਾਮ ਨੂੰ ਚੇਤਿਓ = ਚੇਤੇ ਨਹੀਂ ਕੀਤਾ, ਉਹ ਬਹੁਤ ਸਿਆਨੇ = ਸਿਆਣਪ ਵਾਲੇ ਵਿਦਵਾਨ ਵੀ ਸੰਸਾਰ-ਸਮੁੰਦ੍ਰ ਵਿਚ ਬੂਡੇ = ਡੁੱਬਦੇ ਵੇਖੀਦੇ ਹਨ ॥੪॥੪॥

## ਟੇਢੀ ਪਾਗ ਟੇਢੇ ਚਲੇ; ਲਾਗੇ ਬੀਰੇ ਖਾਨ ॥

ਹੇ ਭਾਈ ! ਤੁਸੀਂ ਟੇਢੀ = ਵਿੰਗੀ ਜਿਹੀ ਪਾਗ = ਪੱਗ ਬੰਨ੍ਹ ਕੇ ਅਭਿਮਾਨ ਦੇ ਵਿਚ ਟੇਢੇ = ਵਿੰਗੇ, ਆਕੜ ਕੇ ਚਲੇ = ਚੱਲਦੇ ਹੋ ਅਤੇ ਆਪਣੇ ਆਪ ਨੂੰ ਬੀਰੇ = ਬਹਾਦਰ ਤੇ ਖਾਨ = ਸਰਦਾਰ ਅਖਵਾਉਣ ਵਾਲੇ ਲਾਗੇ = ਲੱਗੇ ਹੋਏ ਹੋ **ਵਾ:** ਆਪਣੇ ਜੀਵਨ ਨੂੰ ਬਰਬਾਦ ਕਰਨ ਵਾਸਤੇ ਪਾਨਾਂ ਦੇ ਬੀਰੇ = ਬੀੜੇ ਖਾਣ ਵਿਚ ਲੱਗੇ ਹੋਏ ਹੋ।

## ਭਾਉ ਭਗਤਿ ਸਿਉ ਕਾਜੁ ਨ ਕਛੂਐ; ਮੇਰੋ ਕਾਮੁ ਦੀਵਾਨ ॥੧॥

ਜੇ ਕੋਈ ਕਹੇ ਕਿ ਪ੍ਰਭੂ ਜੀ ਭਗਤੀ ਕਰੋ ਤਾਂ ਕਹਿੰਦੇ ਹੋ ਕਿ ਭਾਉ = ਪ੍ਰੇਮਾ ਭਗਤਿ = ਭਗਤੀ ਦੇ ਸਿਉ = ਨਾਲ ਸਾਡਾ ਕਛੂਐ = ਕੋਈ ਵੀ ਕਾਜੁ = ਕੰਮ ਨਹੀਂ ਹੈ, ਮੇਰੋ = ਸਾਡਾ ਕਾਮੁ = ਕੰਮ ਤਾਂ ਦੀਵਾਨ = ਕਚਹਿਰੀ ਲਾਉਣ, ਹਕੂਮਤ ਕਰਨ ਦਾ ਹੈ **ਵਾ:** ਇਹ ਕੰਮ ਤਾਂ ਦੀਵਾਨ = ਦਿਵਾਨੇ, ਮਸਤਾਨਿਆਂ ਦਾ ਹੈ ॥੧॥

## ਰਾਮੁ ਬਿਸਾਰਿਓ ਹੈ; ਅਭਿਮਾਨਿ ॥

ਹੇ ਭਾਈ ! ਤੂੰ ਅਭਿਮਾਨਿ = ਹੰਕਾਰ ਕਰਕੇ ਰਾਮ = ਪਰਮਾਤਮਾ ਨੂੰ ਬਿਸਾਰਿਓ = ਭੁਲਾਇਆ ਹੋਇਆ ਹੈ।

## ਕਨਿਕ ਕਾਮਨੀ ਮਹਾ ਸੁੰਦਰੀ; ਪੇਖਿ ਪੇਖਿ ਸਚੁ ਮਾਨਿ ॥੧॥ਰਹਾਉ॥

ਕਨਿਕ = ਸੋਨੇ ਤੇ ਮਹਾ = ਬਹੁਤ ਸੁੰਦਰੀ = ਸੋਹਣੀ ਕਾਮਨੀ = ਇਸਤਰੀ ਅਤੇ ਪਦਾਰਥਾਂ ਨੂੰ ਪੇਖਿ ਪੇਖਿ = ਵੇਖ ਵੇਖ ਕੇ ਸਚੁ = ਸਚੇ ਮਾਨਿ = ਮੰਨੀ ਬੈਠਾ ਹੈਂ ਕਿ ਇਹ ਸਦਾ ਮੇਰੇ ਨਾਲ ਹੀ ਰਹਿਣਗੇ ॥੧॥ ਰਹਾਉ॥

## ਲਾਲਚ ਝੂਠ ਬਿਕਾਰ ਮਹਾ ਮਦ; ਇੰਹ ਬਿਧਿ ਅਉਧ ਬਿਹਾਨਿ ॥

ਹੇ ਭਾਈ ! ਤੂੰ ਪਦਾਰਥ ਖਾਣ ਦੇ ਲਾਲਚ = ਲੋਭ, ਝੂਠ = ਮਿਥਿਆ ਬੋਲਣ, ਬਿਕਾਰ = ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਭੋਗਣ ਤੇ ਮਹਾ = ਅਤਿਅੰਤ ਮਦ = ਸ਼ਰਾਬ ਦੇ ਨਸ਼ੇ ਵਿਚ ਗ਼ਲਤਾਨ ਰਹਿਣ ਕਰ ਕੇ ਇੰਹ = ਇਸ ਬਿਧਿ = ਪ੍ਰਕਾਰ ਹੀ ਸਾਰੀ ਅਉਧ = ਉਮਰ ਵਿਅਰਥ ਬਿਹਾਨਿ = ਬਤੀਤ ਕਰ ਲਈ ਹੈ।

## ਕਹਿ ਕਬੀਰ ਅੰਤ ਕੀ ਬੇਰ; ਆਇ ਲਾਗੋ ਕਾਲੁ ਨਿਦਾਨਿ ॥੨॥੫॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਜਦੋਂ ਅੰਤ = ਅਖ਼ੀਰ ਕੀ = ਦੀ ਬੇਰ = ਵਾਰੀ ਆ ਜਾਂਦੀ ਹੈ, ਤਦੋਂ ਨਿਦਾਨਿ = ਅੰਤ ਕਰਨ ਵਾਲਾ ਕਾਲ ਆਇ = ਆ ਕੇ ਲਾਗੋ = ਲੱਗ ਜਾਂਦਾ ਹੈ **ਵਾ:** ਹੇ ਨਿਦਾਨਿ = ਮੂਰਖ ਜੀਵ ! ਤੈਨੂੰ ਅੰਤ ਦੇ ਵੇਲੇ ਕਾਲ ਆ ਕੇ ਚੰਬੜ ਜਾਵੇਗਾ ॥੨॥੫॥

## ਚਾਰਿ ਦਿਨ; ਅਪਨੀ ਨਉਬਤਿ ਚਲੇ ਬਜਾਇ ॥

ਹੇ ਭਾਈ ! ਸੰਸਾਰ ਵਿਚ ਜੀਵ ਚਾਰ ਕੁ ਦਿਨ ਅਪਨੀ = ਆਪ ਦੀ ਹਕੂਮਤ ਦੇ ਨਉਬਤਿ = ਨਗਾਰੇ ਬਜਾਇ = ਵਜਾ ਕੇ ਚਲੇ = ਤੁਰ ਗਏ ਹਨ।

## ਇਤਨਕੁ ਖਟੀਆ ਗਠੀਆ ਮਟੀਆ; ਸੰਗਿ ਨ ਕਛੁ ਲੈ ਜਾਇ ॥੧॥ਰਹਾਉ॥

ਜੀਵ ਆਪਣੇ ਚਿੱਤ ਅੰਦਰ ਵਿਚਾਰਦਾ ਹੈ ਕਿ ਮੇਰੇ ਪਾਸ ਇਤਨਕੁ = ਇਤਨੀ ਕੁ ਖਟੀਆ = ਕਮਾਈ, ਖੱਟੀ ਹੈ, ਇਤਨੀ ਕੁ ਗਠੀਆ = ਗੰਢ ਵਿਚ ਭਾਵ ਪੱਲੇ ਹੈ ਅਤੇ ਇਤਨੀ ਕੁ ਮਟੀਆ = ਮਿੱਟੀ ਵਿਚ ਦੱਬੀ ਹੋਈ ਹੈ **ਵਾ:** ਇਤਨੇ ਕੁ ਖਟੀਆ = ਮੰਜੇ ਹਨ, ਇਤਨੀਆਂ ਕੁ ਕੱਪੜਿਆਂ ਦੀਆਂ ਗੰਢਾਂ ਹਨ ਅਤੇ ਇਤਨੀ ਕੁ ਮਟੀਆ = ਮਿੱਟੀ ਭਾਵ ਜ਼ਮੀਨ ਜਾਇਦਾਦ ਹੈ, ਪਰ ਪਰਲੋਕ ਲਈ ਕਛੁ = ਕੁਝ ਵੀ ਸੰਗਿ = ਨਾਲ ਲੈ ਕੇ ਨਹੀਂ ਜਾਇ = ਜਾਂਦਾ, ਸਭ ਕੁਝ ਐਥੇ ਹੀ ਛੱਡ ਜਾਂਦਾ ਹੈ ॥੧॥ਰਹਾਉ॥ ਮਰਨ ਤੋਂ ਬਾਅਦ :

## ਦੇਹਰੀ ਬੈਠੀ ਮਿਹਰੀ ਰੋਵੈ; ਦੁਆਰੈ ਲਉ ਸੰਗਿ ਮਾਇ ॥

(ਪਾਠਾਂਤ੍ਰ **ਦਿਹਰੀ**)

ਘਰ ਦੀ ਦੇਹਰੀ = ਦਹਿਲੀਜ਼ ਉੱਪਰ ਬੈਠੀ ਹੋਈ ਮਿਹਰੀ = ਇਸਤਰੀ ਰੋਵੈ = ਰੋਂਦੀ ਹੈ ਅਤੇ ਨਗਰ

ਦੇ ਦੁਆਰੈ = ਦਰਵਾਜ਼ੇ ਲਉ = ਤਕ ਮਾਇ = ਮਾਂ ਸੰਗਿ = ਨਾਲ ਜਾਂਦੀ ਹੈ (ਇਹ ਪੂਰਬ ਦੇ ਇਲਾਕੇ ਦੀ ਗੀਤੀ ਹੈ)।

## ਮਰਹਟ ਲਗਿ, ਸਭੁ ਲੋਗੁ ਕੁਟੰਬੁ ਮਿਲਿ; ਹੰਸੁ ਇਕੇਲਾ ਜਾਇ ॥੧॥

ਫੇਰ ਕੁਟੰਬੁ = ਪਰਿਵਾਰ ਵਾਲਿਆਂ ਨਾਲ ਮਿਲ ਕੇ ਨਗਰ ਵਾਲੇ ਜਾਂ ਸੰਬੰਧੀ ਆਦਿ ਸਭੁ = ਸਾਰੇ ਲੋਗੁ = ਲੋਕ ਮਰਹਟ = ਮਸਾਣ ਭੂਪੀ ਲਗਿ = ਤਕ ਜਾਂਦੇ ਹਨ ਅਤੇ ਅੱਗੇ ਪਰਲੋਕ ਵਿਚ ਹੰਸੁ = ਜੀਵਾਤਮਾ ਇਕੇਲਾ = ਇਕੱਲਾ ਹੀ ਜਾਇ = ਜਾਂਦਾ ਹੈ ॥੧॥ ਜੈਸਾ ਕਿ :

**ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥**
**ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥੩॥** *(ਅੰਗ ੪੭੮)*

**ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥**
**ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥੩॥** *(ਅੰਗ ੬੫੪)*

## ਵੈ ਸੁਤ, ਵੈ ਬਿਤ, ਵੈ ਪੁਰ ਪਾਟਨ; ਬਹੁਰਿ ਨ ਦੇਖੈ ਆਇ ॥

ਵੈ = ਉਹ ਸੁਤ = ਪੁੱਤਰ, ਵੈ = ਉਹ ਬਿਤ = ਧਨ, ਵੈ = ਉਹ ਪੁਰ = ਨਗਰ ਤੇ ਪਾਟਨ = ਸ਼ਹਿਰ ਬਹੁਰਿ = ਮੁੜ ਕੇ ਆਇ = ਆ ਕੇ ਦੇਖੈ = ਦੇਖਦਾ ਨਹੀਂ ਹੈ, ਭਾਵ ਵਾਸ਼ਨਾ ਦਾ ਬੱਧਾ ਹੋਇਆ ਜੀਵ ਪਤਾ ਨਹੀਂ ਕਿਧਰ ਚਲਿਆ ਜਾਂਦਾ ਹੈ।

## ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ; ਜਨਮੁ ਅਕਾਰਥੁ ਜਾਇ ॥੨॥੬॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਤੁਸੀਂ ਰਾਮੁ = ਪਰਮਾਤਮਾ ਨੂੰ ਕੀ = ਕਿਉਂ ਨਹੀਂ ਸਿਮਰਹੁ = ਸਿਮਰਦੇ ? ਪਰਮਾਤਮਾ ਦੇ ਨਾਮ ਤੋਂ ਬਿਨਾਂ ਇਹ ਅਮੋਲਕ ਮਨੁੱਖਾ ਜਨਮ ਅਕਾਰਥੁ = ਵਿਅਰਥ ਜਾਇ = ਜਾ ਰਿਹਾ ਹੈ ॥੨॥੬॥

## ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ ੴ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਦੇ ਅੰਦਰ ਸਤਿਗੁਰੂ ਸਾਹਿਬ ਜੀ ਭਗਤ ਰਵਿਦਾਸ ਜੀਉ = ਜੀ ਕੀ = ਦੀ ਉਚਾਰਣ ਕੀਤੀ ਬਾਣੀ ਦਰਜ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਭਗਤ ਰਵਿਦਾਸ ਜੀ ਇਸ ਸ਼ਬਦ ਅੰਦਰ ਭਗਤੀ ਦੀ ਵਿਸ਼ੇਸ਼ਤਾ ਦੱਸਦੇ ਹਨ।

## ਖਟੁ ਕਰਮ ਕੁਲ ਸੰਜੁਗਤੁ ਹੈ; ਹਰਿ ਭਗਤਿ ਹਿਰਦੈ ਨਾਹਿ ॥

ਭਾਵੇਂ ਕੋਈ ਸ਼ਾਸਤਰਾਂ ਦੇ ਦੱਸੇ ਖਟੁ = ਛੇ ਕਰਮ ਕਰਦਾ ਹੈ, ਚੰਗੀ ਕੁਲ ਦੇ ਸੰਜੁਗਤੁ = ਸਹਿਤ ਵੀ ਹੈ, ਪਰ ਜੇਕਰ ਹਰਿ = ਪਰਮਾਤਮਾ ਦੀ ਭਗਤਿ = ਭਗਤੀ ਉਸ ਦੇ ਹਿਰਦੈ = ਮਨ ਵਿਚ ਨਾਹਿ = ਨਹੀਂ ਹੈ, ਅਤੇ

## ਚਰਨਾਰਬਿੰਦ ਨ ਕਥਾ ਭਾਵੈ; ਸੁਪਚ ਤੁਲਿ ਸਮਾਨਿ ॥੧॥

ਪਰਮਾਤਮਾ ਦੇ ਚਰਨਾਰਬਿੰਦ = ਚਰਨ ਕਮਲ ਤੇ ਹਰੀ ਦੇ ਸਰੂਪ ਦੀ ਪ੍ਰਾਪਤੀ ਵਾਲੀ ਕਥਾ ਭਾਵੈ = ਚੰਗੀ ਨਹੀਂ ਲੱਗਦੀ ਤਾਂ ਉਹ ਪੁਰਖ ਸੁਪਚ = ਚੰਡਾਲ ਦੇ ਸਮਾਨਿ = ਬਰਾਬਰ ਹੀ ਤੁਲਿ = ਵਿਚਾਰਨਾ ਕਰੋ ॥੧॥

## ਰੇ ਚਿਤ; ਚੇਤਿ ਚੇਤ ਅਚੇਤ ॥ ਕਾਹੇ ਨ; ਬਾਲਮੀਕਹਿ ਦੇਖ ॥

ਰੇ = ਹੇ ਅਚੇਤ = ਗ਼ਾਫ਼ਲ ਚਿਤ ! ਚੇਤ = ਚੇਤਨ ਪਰਮਾਤਮਾ ਨੂੰ ਚੇਤਿ = ਚੇਤੇ ਕਰ **ਵਾ:** ਹੇ ਭਾਈ ! ਚੇਤਨ ਤੋਂ ਅਚੇਤ ਹੋਵੇ, ਤੂੰ ਚਿਤ ਵਿਚ ਪਰਮਾਤਮਾ ਨੂੰ ਚੇਤੇ ਕਰ।

ਜੇਕਰ ਤੈਨੂੰ ਕੋਈ ਇਹ ਕਹੇ ਕਿ ਤੂੰ ਨੀਵੀਂ ਜਾਤ ਵਾਲਾ ਤਰ ਨਹੀਂ ਸਕਦਾ ਤਾਂ ਤੂੰ ਬਾਲਮੀਕਹਿ = ਬਾਲਮੀਕ ਨੂੰ ਕਾਹੇ = ਕਿਉਂ ਨਹੀਂ ਦੇਖ = ਦੇਖਦਾ।

## ਕਿਸੁ ਜਾਤਿ ਤੇ, ਕਿਹ ਪਦਹਿ ਅਮਰਿਓ; ਰਾਮ ਭਗਤਿ ਬਿਸੇਖ ॥੧॥ਰਹਾਉ॥

ਉਹ ਕਿਸ ਜਾਤ ਤੇ = ਤੋਂ ਕਿਹ = ਕਿਸ ਪਦਹਿ = ਪਦਵੀ ਤੇ ਅਮਰਿਓ = ਪਹੁੰਚ ਗਿਆ ਭਾਵ ਉਸ ਨੇ ਬ੍ਰਾਹਮਣਾਂ ਦੁਆਰਾ ਆਖੀ ਜਾਂਦੀ ਨੀਵੀਂ ਜਾਤ ਵਿਚ ਹੀ ਪਰਮ ਪਦਵੀ ਨੂੰ ਪਾਉਣਾ ਕੀਤਾ। ਇਸ ਕਰਕੇ ਰਾਮ = ਪਰਮਾਤਮਾ ਦੀ ਭਗਤਿ = ਭਗਤੀ ਸਭ ਸਾਧਨਾ ਤੋਂ ਬਿਸੇਖ = ਵਿਸ਼ੇਸ਼ ਕਰਕੇ ਅਧਿਕ ਹੈ ॥੧॥ਰਹਾਉ॥

**ਸਾਖੀ—ਬਾਲਮੀਕ ਜੀ ਦੀ :** ਇਕ ਤ੍ਰੇਤਾ ਜੁੱਗ ਵਿਚ ਬਾਲਮੀਕ ਜੀ ਹੋਏ ਹਨ, ਜਿਨ੍ਹਾਂ ਨੇ ਰਾਮ ਚੰਦਰ ਜੀ ਦੇ ਜਨਮ ਤੋਂ ਦਸ ਹਜ਼ਾਰ ਸਾਲ ਪਹਿਲਾਂ ਹੀ ਰਾਮਾਇਣ ਲਿਖ ਦਿੱਤੀ ਸੀ। ਇਥੇ ਦੂਸਰੇ ਬਾਲਮੀਕ ਜੀ ਦੀ ਕਥਾ ਹੈ, ਜੋ ਦੁਆਪਰ ਜੁਗ ਵਿਚ ਹੋਏ ਹਨ, ਉਹ ਉਸ ਘਰ ਵਿਚ ਜਨਮੇ, ਜਿਸ ਨੂੰ ਉਸ ਸਮੇਂ ਦੇ ਧਰਮ ਦੇ ਆਗੂ ਬ੍ਰਾਹਮਣ ਨੀਚ ਅਤੇ ਅਪਵਿੱਤਰ ਮੰਨਦੇ ਸਨ, ਭਾਵੇਂ ਇਸ ਬਾਲਮੀਕ ਜੀ ਦਾ ਪਹਿਲਾ ਜੀਵਨ ਕਿਸੇ ਤਰ੍ਹਾਂ ਦਾ ਵੀ ਸੀ, ਪਰ ਜਦੋਂ ਮਹਾਂਪੁਰਖਾਂ ਦਾ ਮਿਲਾਪ ਹੋਇਆ, ਜਿਨ੍ਹਾਂ ਨੂੰ ਧਨ ਦੇ ਬਦਲੇ ਮਾਰਨ ਲੱਗਾ ਸੀ, ਉਨ੍ਹਾਂ ਦੇ ਕਹਿਣ ’ਤੇ ਕਿ ਜਿਸ ਪਰਿਵਾਰ ਬਦਲੇ ਤੂੰ ਇਤਨੇ ਪਾਪ ਕਰਦਾ ਹੈਂ, ਉਹ ਅੰਤ ਸਮੇਂ ਤੇਰਾ ਸਾਥ ਨਹੀਂ ਦੇਣਗੇ। ਜਦੋਂ ਪਰਿਵਾਰ ਨੂੰ ਪੁੱਛਿਆ ਤਾਂ ਉਨ੍ਹਾਂ ਸਾਰਿਆਂ ਨੇ ਸਾਫ਼ ਸਾਫ਼ ਕਹਿ ਦਿੱਤਾ ਕਿ ਅਸੀਂ ਤੇਰੇ ਬਦਲੇ ਪਰਲੋਕ ਵਿਚ ਸਜ਼ਾ ਨਹੀਂ ਭੁਗਤ ਸਕਦੇ। ਤੇਰਾ ਫ਼ਰਜ਼ ਹੈ ਕਿ ਸਾਨੂੰ ਪਾਲਣਾ, ਭਾਵੇਂ ਜਿਵੇਂ ਮਰਜ਼ੀ ਪਾਲ। ਉਥੇ ਤਾਂ ਆਪੋ-ਆਪਣੇ ਕਰਮਾਂ ਦਾ ਲੇਖਾ-ਜੋਖਾ ਭੁਗਤਣਾ ਪੈਂਦਾ ਹੈ, ਕੋਈ ਵੀ ਕਿਸੇ ਦੀ ਸਹਾਇਤਾ ਨਹੀਂ ਕਰਦਾ। ਫੇਰ ਵਾਪਸ ਉਨ੍ਹਾਂ ਮਹਾਂਪੁਰਖਾਂ ਕੋਲ ਆਇਆ ਤੇ ਖਿਮਾ ਮੰਗੀ ਅਤੇ ਉਪਦੇਸ਼ ਦੀ ਯਾਚਨਾ ਕੀਤੀ। ਤਦੋਂ ਉਨ੍ਹਾਂ ਬੇਦਾਂ ਸ਼ਾਸਤਰਾਂ ਦੇ ਗਿਆਤੇ ਪੰਡਿਤਾਂ ਤੋਂ ਡਰਦੇ ਹੋਇਆਂ ਨੇ ਰਾਮ ਦੀ ਬਜਾਇ ਮਰਾ ਮਰਾ ਦਾ ਉਪਦੇਸ਼ ਦੇ ਦਿੱਤਾ, ਜੋ ਉਲਟ ਕੇ ਰਾਮ ਰਾਮ ਹੀ ਹੋ ਗਿਆ। ਫਿਰ ਇਸ ਨੇ ਸੰਸਾਰ ਤੋਂ ਉਪਰਾਮ ਹੋ ਕੇ ਐਸੀ ਬੰਦਗੀ ਕੀਤੀ, ਜਿਸ ਬੰਦਗੀ ਦੇ ਪ੍ਰਤਾਪ ਕਰਕੇ ਇਹ ਬਾਲਮੀਕ ਚੌਹਾਂ ਕੂੰਟਾਂ ਵਿਚ ਜਾਣਿਆ ਗਿਆ ਅਤੇ ਇਕ ਮਹਾਨ ਰਿਸ਼ੀ ਬਣਿਆ। ਇਸੇ ਮਹਾਂਰਿਸ਼ੀ ਦੇ ਚਰਨ ਪੈਣ ਕਾਰਨ ਹੀ ਪਾਂਡਵਾਂ ਦਾ ਜਗ ਸੰਪੂਰਨ ਹੋਇਆ ਸੀ ਅਤੇ ਕ੍ਰਿਸ਼ਨ ਜੀ ਨੇ ਆਪ ਇਸ ਰਿਸ਼ੀ ਦੇ ਚਰਨ ਧੋਤੇ ਸਨ।

## ਸੁਆਨ ਸਤ੍ਰੁ ਅਜਾਤੁ ਸਭ ਤੇ; ਕ੍ਰਿਸ੍ਨ ਲਾਵੈ ਹੇਤੁ ॥

ਜਿਸ ਨੂੰ ਸੁਆਨ = ਕੁੱਤਿਆਂ ਦਾ ਸਤ੍ਰੁ = ਵੈਰੀ[੧] ਤੇ ਸਭ = ਸਾਰਿਆਂ ਤੇ = ਤੋਂ ਅਜਾਤ = ਨੀਵੀਂ ਜਾਤ ਵਾਲਾ ਸਮਝਿਆ ਜਾਂਦਾ ਸੀ, ਉਸ ਦੇ ਨਾਲ ਭਗਵਾਨ ਕ੍ਰਿਸ਼ਨ ਨੇ ਵੀ ਹੇਤੁ = ਪ੍ਰੇਮ ਲਾਵੈ = ਲਾਉਣਾ ਕੀਤਾ **ਵਾ:** ਉਸ ਬਾਲਮੀਕ ਨੇ ਕ੍ਰਿਸ਼ਨ ਨਾਲ ਪ੍ਰੇਮ ਲਾਉਣਾ ਕੀਤਾ।

---

੧. **ਸੁਆਨ ਸਤ੍ਰੁ** = ਕੁੱਤਿਆਂ ਦਾ ਵੈਰੀ ਭਾਵ ਚੰਡਾਲ ਅਰਥਾਤ ਜੋ ਕੁੱਤੇ ਮਾਰ ਕੇ ਉਨ੍ਹਾਂ ਦੀਆਂ ਖੱਲਾਂ ਵੇਚਦੇ ਸਨ। ਇਸ ਕਰਕੇ ਉਨ੍ਹਾਂ ਨੂੰ ਕੁੱਤਿਆਂ ਦੇ ਵੈਰੀ ਕਿਹਾ ਜਾਂਦਾ ਹੈ **ਵਾ:** ਉਸ ਸਮੇਂ ਦੇ ਲੋਕ ਭੰਗੀਆਂ ਕੋਲੋਂ ਕੁੱਤੇ ਮਰਵਾਉਣ ਦਾ ਕੰਮ ਕਰਵਾਉਂਦੇ ਸਨ ਜਾਂ ਜੂਠੀਆਂ ਪੱਤਲਾਂ ਦੇ ਖਾਣ ਦਾ ਕੰਮ ਕੁੱਤਿਆਂ ਦਾ ਸੀ, ਪਰ ਭੰਗੀ ਜੂਠ ਚੁੱਕ ਕੇ ਲੈ ਜਾਂਦੇ ਸਨ, ਇਸ ਲਈ ਕੁੱਤਿਆਂ ਦੇ ਵੈਰੀ ਕਿਹਾ ਹੈ।

## ਲੋਗੁ ਬਪੁਰਾ ਕਿਆ ਸਰਾਹੈ; ਤੀਨਿ ਲੋਕ ਪ੍ਰਵੇਸ ॥੨॥

ਇਹ ਬਪੁਰਾ = ਤੁਛ ਲੋਗੁ = ਜੀਵ, ਜਗਤ ਬਾਲਮੀਕ ਆਦਿ ਪ੍ਰਭੂ ਦੇ ਪਿਆਰਿਆਂ ਨੂੰ ਕਿਆ = ਕੀ ਸਰਾਹੈ = ਸਲਾਹ ਸਕਦਾ ਹੈ, ਉਸ ਬਾਲਮੀਕ ਦਾ ਜਸ ਤਾਂ ਤੀਨਿ = ਤਿੰਨਾਂ ਲੋਕਾਂ ਵਿਚ ਹੀ ਪ੍ਰਵੇਸ਼ ਹੋ ਗਿਆ ॥੨॥

## ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ; ਗਏ ਹਰਿ ਕੈ ਪਾਸਿ ॥

ਦੇਖੋ ਅਜਾਮਲ, ਪਿੰਗਲਾ ਨਾਮੇ ਵੇਸ਼ਵਾ, ਲੁਭਤੁ = ਲੁਬਧਕ ਭਾਵ ਸ਼ਿਕਾਰੀ ਤੇ ਕੁੰਚਰੁ = ਹਾਥੀ ਇਹ ਵੀ ਹਰਿ = ਪਰਮਾਤਮਾ ਕੈ = ਦੇ ਪਾਸਿ = ਕੋਲ ਗਏ ਹਨ ਅਰਥਾਤ ਅਜਾਮਲ ਸੰਤਾਂ ਦੇ ਬਚਨਾਂ ਅਨੁਸਾਰ ਆਪਣੇ ਪੁੱਤਰ ਦਾ ਨਾਰਾਯਣ ਨਾਮ ਰੱਖ ਕੇ ਅੰਤ ਨੂੰ ਨਾਰਾਯਣ-ਨਾਰਾਯਣ ਕਰਦਾ ਪਰਮਗਤੀ ਨੂੰ ਪ੍ਰਾਪਤ ਹੋਇਆ।

**ਪਿੰਗਲਾ :** ਇਹ ਜਨਕਪੁਰੀ ਵਿਚ ਇਕ ਵੇਸ਼ਵਾ ਰਹਿੰਦੀ ਸੀ, ਜਿਸ ਦਾ ਨਾਮ ਪਿੰਗਲਾ ਸੀ। ਉਸ ਨੇ ਇਕ ਦਿਨ ਇਕ ਧਨੀ ਸੁੰਦਰ ਜਵਾਨ ਦੇਖਿਆ ਅਤੇ ਕਾਮ ਨਾਲ ਵਿਆਕੁਲ ਹੋ ਗਈ, ਪਰ ਉਹ ਉਸ ਪਾਸ ਨਾ ਆਇਆ, ਜਿਸ ਤੋਂ ਉਸ ਦੀ ਸਾਰੀ ਰਾਤ ਬੇਚੈਨੀ ਵਿਚ ਬੀਤੀ ਤੇ ਅੰਮ੍ਰਿਤ ਵੇਲੇ ਨੂੰ ਉਸ ਦੇ ਮਨ ਵਿਚ ਵੈਰਾਗ ਉਤਪੰਨ ਹੋਇਆ ਕਿ ਜੇਕਰ ਅਜਿਹਾ ਪ੍ਰੇਮ ਈਸ਼ਵਰ ਵਿਚ ਲਾਉਂਦੀ, ਤਦੋਂ ਕੇਹਾ ਉੱਤਮ ਫਲ ਪ੍ਰਾਪਤ ਹੁੰਦਾ। ਇਸ ਪ੍ਰਕਾਰ ਉਹ ਪਰਮਾਤਮਾ ਦੇ ਸਿਮਰਨ ਵਿਚ ਲੱਗ ਕੇ ਮੁਕਤ ਹੋਈ **ਵਾ:** ਇਸ ਪ੍ਰਕਾਰ ਵੀ ਮੰਨਿਆ ਜਾਂਦਾ ਹੈ ਕਿ ਇਹ ਰਾਜੇ ਜਨਕ ਦੇ ਸਰੀਰ ਉਪਰ ਮੋਹਿਤ ਸੀ। ਜਦੋਂ ਵੀ ਉਸ ਦੀ ਸਭਾ ਲੱਗਦੀ, ਤਦੋਂ ਉਸ ਦੇ ਚਿਹਰੇ ਵੱਲ ਹੀ ਤੱਕਦੀ ਰਹਿੰਦੀ ਸੀ। ਇਕ ਦਿਨ ਰਾਜਾ ਜਨਕ ਰਿਸ਼ੀਆਂ ਨਾਲ ਵਿਚਾਰ ਗੋਸ਼ਟੀ ਕਰ ਰਿਹਾ ਸੀ, ਤਦੋਂ ਉਨ੍ਹਾਂ ਦੀ ਵਿਚਾਰ ਸੁਣ ਕੇ ਵੇਸ਼ਵਾ ਨੂੰ ਆਪਣੇ ਉਪਰ ਬੜੀ ਗਿਲਾਨੀ ਹੋਈ ਤੇ ਆਪਣੇ ਕਰਮਾਂ ਨੂੰ ਧਿਰਕਾਰ ਕੇ ਰਿਖੀਆਂ ਦੇ ਉਪਦੇਸ਼ ਨੂੰ ਕਮਾ ਕੇ ਤਪ ਕੀਤਾ ਅਤੇ ਮੁਕਤੀ ਨੂੰ ਪ੍ਰਾਪਤ ਹੋਈ।

**ਲੁਭਤੁ :** ਲੁਬਧਕ (ਬੱਧਿਕ), ਜਿਸ ਨੇ ਚੰਦ੍ਰਕਮੁਨੀ ਦਾ ਬਚਨ ਮੰਨ ਕੇ ਚਤੁਰਭੁਜੀ ਜਾਨਵਰ ਨੂੰ ਪਕੜਨ ਲਈ ਹੱਠ ਕੀਤਾ, ਤਦੋਂ ਇਸ ਦਾ ਸੰਤਾਂ ਦੇ ਬਚਨ ਉਪਰ ਭਰੋਸਾ ਦੇਖ ਕੇ ਭਗਵਾਨ ਨੇ ਚਤੁਰਭੁਜੀ ਰੂਪ ਧਾਰਨ ਕੀਤਾ ਤੇ ਇਸ ਦੇ ਹੱਥ ਆ ਗਏ। ਜਦੋਂ ਮੁਨੀ ਜੀ ਕੋਲ ਲੈ ਕੇ ਗਿਆ ਤਾਂ ਭਗਵਾਨ ਨੇ ਪ੍ਰਗਟ ਹੋ ਕੇ ਦਰਸ਼ਨ ਦਿੱਤੇ ਤੇ ਇਸ ਦਾ ਵੀ ਉੱਧਾਰ ਕੀਤਾ **ਵਾ:** ਦੂਸਰਾ ਫੰਧਕ ਉਹ ਹੈ, ਜਿਸ ਨੇ ਕ੍ਰਿਸ਼ਨ ਜੀ ਦੇ ਚਰਨਾਂ ਵਿਚ ਤੀਰ ਮਾਰਿਆ ਸੀ ਤੇ ਕ੍ਰਿਸ਼ਨ ਜੀ ਨੇ ਉਸ ਦਾ ਵੀ ਉੱਧਾਰ ਕੀਤਾ।

**ਕੁੰਚਰ :** ਹਾਥੀ, ਜਿਸ ਨੂੰ ਤਲਾਅ ਵਿਚ ਤੇਂਦੂਏ ਨੇ ਗ੍ਰਸ ਲਿਆ ਸੀ, ਜਦੋਂ ਨਿਰਬਲ ਹੋ ਕੇ ਡੁੱਬਣ ਲੱਗਾ, ਤਦੋਂ ਤਲਾਅ ਵਿਚ ਤੈਰਦਾ ਆਉਂਦਾ ਕਮਲ ਦਾ ਫੁੱਲ ਆਪਣੀ ਸੁੰਡ ਵਿਚ ਪਕੜ ਕੇ ਭਗਵਾਨ ਅੱਗੇ ਬੇਨਤੀ ਕੀਤੀ, ਤਦੋਂ ਭਗਵਾਨ ਨੇ ਪ੍ਰਸੰਨ ਹੋ ਕੇ ਇਸ ਦੀ ਰੱਖਿਆ ਕੀਤੀ ਤੇ ਇਸ ਦੇ ਸਾਰੇ ਬੰਧਨ ਕੱਟ ਦਿੱਤੇ।

## ਐਸੇ ਦੁਰਮਤਿ ਨਿਸਤਰੇ; ਤੂ ਕਿਉ ਨ ਤਰਹਿ ਰਵਿਦਾਸ ॥੩॥੧॥

ਐਸੇ = ਅਜਿਹੇ ਦੁਰਮਤਿ = ਖੋਟੀ ਮਤ ਵਾਲੇ ਕਈ ਮਨੁੱਖ ਇਸ ਸੰਸਾਰ-ਸਮੁੰਦ੍ਰ ਤੋਂ ਨਿਸਤਰੇ = ਤਰ ਗਏ ਹਨ। ਭਗਤ ਰਵਿਦਾਸ ਜੀ ਕਥਨ ਕਰਦੇ ਹਨ ਕਿ ਫੇਰ ਤੂੰ ਕਿਉਂ ਨਹੀਂ ਤਰਹਿ = ਤਰੇਂਗਾ, ਭਾਵ ਪਰਮਾਤਮਾ ਦੀ ਭਗਤੀ ਕਰਕੇ ਤੂੰ ਵੀ ਇਥੋਂ ਤਰ ਜਾਵੇਂਗਾ ॥੩॥੧॥

[ਰਾਗੁ ਕੇਦਾਰਾ ਸਮਾਪਤੰ]

# ਰਾਗੁ ਭੈਰਉ

ਇਹ ਰਾਗ ਭਾਰਤੀ ਸੰਗੀਤ ਵਿਚ ਪ੍ਰਚੱਲਤ, ਮਧੁਰ ਤੇ ਗੰਭੀਰ ਪ੍ਰਕ੍ਰਿਤੀ ਦਾ ਧਾਰਨੀ ਹੈ। ਅੰਮ੍ਰਿਤ ਵੇਲੇ ਦੇ ਰਾਗਾਂ ਵਿੱਚੋਂ 'ਭੈਰਵ' ਪੁਰਾਤਨ ਤੇ ਪ੍ਰਸਿੱਧ ਰਾਗ ਹੈ, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਭੈਰਉ' ਨਾਮ ਨਾਲ ਅੰਕਿਤ ਕੀਤਾ ਗਿਆ ਹੈ, ਇਹ ਸੰਪੂਰਨ ਜਾਤੀ ਦਾ ਮਾਰਗੀ (ਮਾਰਗੀਯ) ਹੈ। ਭਾਰਤੀ ਸੰਗੀਤ ਵਿਚ ਪੁਰਾਤਨ ਅਤੇ ਦਸਾਂ ਥਾਟਾਂ ਵਿੱਚੋਂ ਭੈਰਵ ਥਾਟ ਦੇ ਆਸ਼ਰਯ ਰਾਗ ਹੋਣ ਕਰਕੇ ਇਸ ਦੇ ਕਈ ਪ੍ਰਕਾਰ ਪ੍ਰਚਾਰ ਵਿਚ ਹਨ। ਜਿਵੇਂ ਅਹੀਰ ਭੈਰਵ, ਆਨੰਦ ਭੈਰਵ, ਸ਼ਿਵਮਤ ਭੈਰਵ, ਨਟ ਭੈਰਵ ਆਦਿ। ਰਾਗ ਰਾਗਣੀ ਪੱਧਤੀ ਮੰਨਣ ਵਾਲੇ ਵਿਦਵਾਨਾਂ ਨੇ ਇਸ ਰਾਗ ਨੂੰ ਛੇ ਮੁਖ ਰਾਗਾਂ ਵਿਚ ਪ੍ਰਮੁੱਖ ਮੰਨਿਆ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵੀ ਰਾਗਮਾਲਾ ਵਿਚ ਇਸ ਰਾਗ ਨੂੰ ਪ੍ਰਮੁੱਖ ਕਰਕੇ ਰੱਖਿਆ ਹੈ। ਜੈਸਾ ਕਿ :

**ਪ੍ਰਥਮ ਰਾਗ ਭੈਰਉ ਵੈ ਕਰਹੀ ॥ ਪੰਚ ਰਾਗਨੀ ਸੰਗਿ ਉਚਰਹੀ ॥** *(ਰਾਗਮਾਲਾ, ਅੰਗ ੧੪੨੯)*

ਇਸ ਰਾਗ ਅਧੀਨ ਮਹਲਾ ੧, ੩, ੪, ੫, ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ, ਭਗਤ ਨਾਮਦੇਵ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਦਰਜ ਹੈ।

ਇਸ ਰਾਗ ਵਿਚ ਰਿਸ਼ਭ, ਧੈਵਤ ਕੋਮਲ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸੇ ਦਾ ਵਾਦੀ ਧੈਵਤ, ਸੰਵਾਦੀ ਰਿਸ਼ਭ, ਥਾਟ ਭੈਰਵ, ਸਮਾਂ ਸਵੇਰ ਦਾ ਸੰਧੀ ਪ੍ਰਕਾਸ਼ (ਚਾਰ ਕੁ ਘੜੀ ਰਾਤ ਰਹਿੰਦੀ ਤੋਂ ਲੈ ਕੇ ਸੂਰਜ ਚੜ੍ਹਨ ਤੱਕ) ਅਤੇ ਜਾਤੀ ਸੰਪੂਰਨ ਹੈ।

ਆਰੋਹ : ਸਾ ਰੁ, ਗ ਮ ਪ, ਧੁ, ਨੀ ਸਂ।
ਅਵਰੋਹੀ : ਸਂ ਨੀ ਧੁ ਧੁ ਪ, ਗ ਮ ਰੁ ਰੁ, ਸ।

ਇਸ ਰਾਗ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨੪ਵਾਂ ਅਸਥਾਨ ਹੈ।

**[ਅੰਗ ੧੧੨੫]**

## ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ

ਰਾਗੁ ਭੈਰਉ ਦੇ ਅੰਦਰ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਚਉਪਦੇ = ਚਾਰ-ਚਾਰ ਪਦਿਆਂ ਵਾਲੇ ਸ਼ਬਦ ਉਚਾਰਣ ਕਰਦੇ ਹਨ :

## ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿ = ਨਾਸ਼ ਤੋਂ ਰਹਿਤ ਸੱਚ ਸਰੂਪ, ਨਾਮੁ = ਪ੍ਰਸਿੱਧ, ਕਰਤਾ = ਜਗਤ ਦਾ ਰਚੈਤਾ, ਪੁਰਖੁ = ਪੂਰਨ, ਨਿਰਭਉ = ਭੈ ਤੋਂ ਰਹਿਤ, ਨਿਰਵੈਰੁ = ਵੈਰ ਤੋਂ ਰਹਿਤ, ਅਕਾਲ = ਕਾਲ (ਮੌਤ) ਤੋਂ ਰਹਿਤ, ਮੂਰਤਿ = ਹਸਤੀ (ਸਰੂਪ), ਅਜੂਨੀ = ਜੂਨਾਂ ਤੋਂ ਰਹਿਤ, ਸੈਭੰ = ਸੁਤੇ

ਪ੍ਰਕਾਸ਼ ਸਰੂਪ, ਗੁਰ = ਚੇਤਨ ਅਤੇ ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮਾਤਮਾ ਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਸਤਿਗੁਰੂ ਜੀ ਇਸ ਸ਼ਬਦ ਵਿਚ ਪਰਮਾਤਮਾ ਦੇ ਸਨਮੁਖ ਬੇਨਤੀ ਕਰਨ ਦਾ ਢੰਗ ਦੱਸਦੇ ਹੋਏ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਤੁਝ ਤੇ ਬਾਹਰਿ; ਕਿਛੂ ਨ ਹੋਇ ॥

ਹੇ ਪਰਮਾਤਮਾ! ਤੁਝ = ਤੇਰੇ ਹੁਕਮ ਤੇ = ਤੋਂ ਬਾਹਰਿ = ਬਗ਼ੈਰ **ਵਾ:** ਭਿੰਨ, ਕਿਸੇ ਪਾਸੋਂ ਕੁਝ ਵੀ ਨਹੀਂ ਹੋਇ = ਹੁੰਦਾ।

## ਤੂ ਕਰਿ ਕਰਿ ਦੇਖਹਿ; ਜਾਣਹਿ ਸੋਇ ॥੧॥

ਹੇ ਪ੍ਰਭੂ! ਤੂੰ ਆਪ ਹੀ ਸਭ ਦੀ ਉਤਪਤੀ ਕਰਿ = ਕਰਕੇ ਤੇ ਪਾਲਣਾ ਕਰਿ = ਕਰਕੇ ਸਭ ਦੇ ਕਰਮਾਂ ਨੂੰ ਦੇਖਹਿ = ਦੇਖਦਾ ਹੈਂ ਅਤੇ ਸਭ ਦੀਆਂ ਸੋਇ = ਕਨਸੋਆਂ (ਖ਼ਬਰਾਂ) ਨੂੰ ਜਾਣਹਿ = ਜਾਣਦਾ ਹੈਂ ॥੧॥

## ਕਿਆ ਕਹੀਐ; ਕਿਛੁ ਕਹੀ ਨ ਜਾਇ ॥

ਹੇ ਪ੍ਰਭੂ! ਤੇਰੀ ਕਿਆ = ਕੀ ਉਪਮਾ ਕਹੀਐ = ਕਹਿਣਾ ਕਰੀਏ, ਸਾਥੋਂ ਸ਼ਕਤੀ ਬਿਰਤੀ ਕਰਕੇ ਕਿਛੁ = ਕੁਝ ਕਹੀ = ਆਖੀ ਨਹੀਂ ਜਾਇ = ਜਾਂਦੀ।

## ਜੋ ਕਿਛੁ ਅਹੈ; ਸਭ ਤੇਰੀ ਰਜਾਇ ॥੧॥ਰਹਾਉ॥

ਜੋ = ਜਿਹੜਾ ਕਿਛੁ = ਕੁਝ ਵੀ ਸੰਸਾਰ ਦਾ ਪਸਾਰਾ ਦ੍ਰਿਸ਼ਟੀ ਵਿਚ ਆ ਰਿਹਾ ਅਹੈ = ਹੈ, ਉਹ ਸਭ = ਸਾਰਾ ਕੁਝ ਤੇਰੀ ਹੀ ਰਜਾਇ = ਆਗਿਆ ਵਿਚ ਹੈ॥੧॥ਰਹਾਉ॥

## ਜੋ ਕਿਛੁ ਕਰਣਾ; ਸੁ ਤੇਰੈ ਪਾਸਿ ॥ ਕਿਸੁ ਆਗੈ; ਕੀਚੈ ਅਰਦਾਸਿ ॥੨॥

ਹੇ ਪ੍ਰਭੂ! ਜੋ ਕਿਛੁ = ਕੁਝ ਵੀ ਬੇਨਤੀ ਆਦਿ ਦਾ ਕਰਤਬ ਕਰਣਾ = ਕਰਨਾ ਹੈ, ਸੁ = ਉਹ ਅਸੀਂ ਤੇਰੇ ਪਾਸਿ = ਕੋਲ ਹੀ ਕਹਿਣਾ ਕਰਦੇ ਹਾਂ।

ਤੇਰੇ ਤੋਂ ਬਿਨਾਂ ਹੋਰ ਕਿਸ ਦੇ ਆਗੈ = ਅੱਗੇ ਅਰਦਾਸਿ = ਬੇਨਤੀ ਕੀਚੈ = ਕਰੀਏ ਕਿ ਕਾਮ ਕ੍ਰੋਧ ਆਦਿ ਵੈਰੀ ਸਾਡੇ ਦਾਸ ਬਣ ਜਾਣ॥੨॥

## ਆਖਣੁ ਸੁਨਣਾ; ਤੇਰੀ ਬਾਣੀ ॥ ਤੂ ਆਪੇ ਜਾਣਹਿ; ਸਰਬ ਵਿਡਾਣੀ ॥੩॥

ਹੇ ਪ੍ਰਭੂ! ਅਸੀਂ ਜੋ ਵੀ ਮੁਖ ਦੁਆਰਾ **ਵਾ:** ਅਖਿਆਣਾਂ ਦੁਆਰਾ ਆਖਣੁ = ਕਹਿਣਾ ਤੇ ਕੰਨਾਂ ਦੁਆਰਾ ਸੁਨਣਾ = ਸ੍ਰਵਨ ਕਰਦੇ ਹਾਂ, ਉਹ ਤੇਰੀ ਬਾਣੀ ਹੈ **ਵਾ:** ਤੇਰੀ ਨਾਮ ਰੂਪੀ ਬਾਣੀ ਨੂੰ ਤੂੰ ਆਪ ਹੀ ਗੁਰੂ, ਈਸ਼ਰ ਰੂਪ ਹੋ ਕੇ ਆਖਣ ਵਾਲਾ ਹੈਂ ਅਤੇ ਜਗਿਆਸੂ, ਜੀਵ ਰੂਪ ਹੋ ਕੇ ਸੁਣਨ ਵਾਲਾ ਹੈਂ।

ਹੇ ਵਿਡਾਣੀ = ਅਸਚਰਜ ਕੌਤਕਾਂ ਦੇ ਕਰਨ ਵਾਲੇ ਪ੍ਰਭੂ! ਤੂੰ ਆਪ ਹੀ ਸਰਬ = ਸਭ ਦੇ ਦਿਲ ਦੀ ਭਾਵਨਾ ਨੂੰ ਜਾਣਹਿ = ਜਾਣਦਾ ਹੈਂ॥੩॥

## ਕਰੇ ਕਰਾਏ; ਜਾਣੈ ਆਪਿ ॥ ਨਾਨਕ; ਦੇਖੈ ਥਾਪਿ ਉਥਾਪਿ ॥੪॥੧॥

ਹੇ ਪ੍ਰਭੂ! ਤੂੰ ਆਪ ਹੀ ਸਭ ਜੀਵ ਪੈਦਾ ਕਰੇ = ਕੀਤੇ ਹਨ ਅਤੇ ਸਭ ਦੇ ਪਾਸੋਂ ਉਨ੍ਹਾਂ ਦੀ ਵਾਸ਼ਨਾ

ਅਨੁਸਾਰ ਕਰਤਬ ਕਰਾਏ = ਕਰਾਉਂਦਾ ਹੈਂ **ਵਾ:** ਆਪ ਹੀ ਬ੍ਰਹਮਾ ਆਦਿਕ ਪੈਦਾ ਕੀਤੇ ਹਨ ਅਤੇ ਉਨ੍ਹਾਂ ਪਾਸੋਂ ਸ੍ਰਿਸ਼ਟੀ ਦੀ ਉਤਪਤੀ ਕਰਾਉਂਦਾ ਹੈਂ ਅਤੇ ਸਭ ਦੇ ਅੰਦਰ ਦੀ ਗੱਲ ਆਪ ਹੀ ਜਾਣੈ = ਜਾਣਦਾ ਹੈਂ **ਅਥਵਾ:** ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਕਰਦਾ ਹੈਂ, ਆਪ ਹੀ ਸਿੱਖਾਂ ਦੇ ਪਾਸੋਂ ਅਭਿਆਸ ਕਰਾਉਂਦਾ ਹੈਂ ਅਤੇ ਆਪ ਹੀ ਤਤਬੇਤਾ ਰੂਪ ਹੋ ਕੇ ਆਪਣੇ ਸਰੂਪ ਨੂੰ ਜਾਣੈ = ਜਾਣਦਾ ਹੈਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਤੂੰ ਆਪ ਹੀ ਸੰਸਾਰ ਨੂੰ ਥਾਪਿ = ਇਸਥਿਤ ਕਰਕੇ ਫੇਰ ਉਥਾਪਿ = ਨਾਸ਼ ਕਰਕੇ ਇਸ ਲੀਲਾ ਨੂੰ ਦੇਖੈ = ਦੇਖ ਰਿਹਾ ਹੈਂ **ਵਾ:** ਆਪ ਹੀ ਤਤ ਬੇਤਿਆਂ ਦੇ ਅੰਦਰੋਂ ਅਗਿਆਨ ਨੂੰ ਪੁੱਟ ਕੇ ਅਤੇ ਸ਼ੁਭ ਗੁਣਾਂ ਨੂੰ ਥਾਪ ਕੇ ਆਪਣੇ ਸਰੂਪ ਨੂੰ ਵੇਖਦਾ ਹੈਂ ॥੪॥੧॥

## ੧ੴ ਸਤਿਗੁਰ ਪ੍ਰਸਾਦਿ ॥ ਰਾਗੁ ਭੈਰਉ ਮਹਲਾ ੧ ਘਰੁ ੨ ॥

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਰਾਗੁ ਭੈਰਉ ਦੇ ਅੰਦਰ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਵਿਚ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

## ਗੁਰ ਕੈ ਸਬਦਿ ਤਰੇ ਮੁਨਿ ਕੇਤੇ; ਇੰਦ੍ਰਾਦਿਕ ਬ੍ਰਹਮਾਦਿ ਤਰੇ ॥

ਹੇ ਭਾਈ ! ਗੁਰਾਂ ਕੈ = ਦੇ ਸਬਦਿ = ਉਪਦੇਸ਼ ਨੂੰ ਕਮਾ ਕਰਕੇ ਕੇਤੇ = ਕਿਤਨੇ ਹੀ ਮੁਨਿ = ਮੁਨੀ ਜਨ ਇਸ ਸੰਸਾਰ ਤੋਂ ਤਰੇ = ਤਰ ਗਏ ਹਨ, ਇੰਦ੍ਰਾਦਿਕ = ਇੰਦ੍ਰ ਆਦਿ ਦੇਵਤੇ ਤੇ ਬ੍ਰਹਮਾਦਿ = ਬ੍ਰਹਮਾ ਆਦਿ ਵੀ ਤਰੇ = ਤਰ ਗਏ ਹਨ।

ਅਰਥਾਤ ਨਾਰਦ ਮੁਨੀ ਜੀ ਮਾਛੀ ਬਣੇ ਵਸ਼ਿਸ਼ਟ ਜੀ ਤੋਂ ਉਪਦੇਸ਼ ਲੈ ਕੇ ਤਰ ਗਏ, ਇੰਦ੍ਰ ਆਦਿਕ ਦੇਵਤੇ ਬ੍ਰਹਸਪਤਿ ਜੀ ਤੋਂ ਉਪਦੇਸ਼ ਲੈ ਕੇ ਤਰ ਗਏ ਤੇ ਬ੍ਰਹਮਾ ਅਕਾਸ਼ ਬਾਣੀ ਦੁਆਰਾ ਗੁਰੂ ਅਕਾਲ ਦੇ ਸ਼ਬਦ ਨੂੰ ਸੁਣ ਕੇ ਕਿ ਨਾਮ ਜਪ, ਨਾਮ ਜਪ, ਨਾਮ ਜਪ ਇਸ ਉਪਦੇਸ਼ ਨਾਲ ਤਰ ਗਿਆ।

## ਸਨਕ ਸਨੰਦਨ ਤਪਸੀ ਜਨ ਕੇਤੇ; ਗੁਰ ਪਰਸਾਦੀ ਪਾਰਿ ਪਰੇ ॥੧॥

ਸਨਕ ਸਨੰਦਨ ਆਦਿ ਬ੍ਰਹਮਾ ਦੇ ਪੁੱਤਰ ਤੇ ਹੋਰ ਵੀ ਕੇਤੇ = ਕਿਤਨੇ ਹੀ ਤਪਸੀ = ਤਪੱਸਵੀ ਜਨ = ਪੁਰਖ ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਹੀ ਸੰਸਾਰ-ਸਮੁੰਦ੍ਰ ਤੋਂ ਪਾਰ ਪਰੇ = ਪਏ ਹਨ ॥੧॥

## ਭਵਜਲੁ; ਬਿਨੁ ਸਬਦੈ ਕਿਉ ਤਰੀਐ ॥

ਹੇ ਭਾਈ ! ਇਸ ਲਈ ਇਹ ਭਵਜਲੁ = ਸੰਸਾਰ-ਸਮੁੰਦ੍ਰ ਗੁਰਾਂ ਦੇ ਸਬਦੈ = ਉਪਦੇਸ਼ ਦੀ ਕਮਾਈ ਤੋਂ ਬਿਨੁ = ਬਗ਼ੈਰ ਕਿਉਂ = ਕਿਵੇਂ ਤਰੀਐ = ਤਰਨਾ ਕਰੀਏ ? ਭਾਵ ਨਹੀਂ ਤਰਿਆ ਜਾ ਸਕਦਾ।

## ਨਾਮ ਬਿਨਾ ਜਗੁ ਰੋਗਿ ਬਿਆਪਿਆ; ਦੁਬਿਧਾ ਡੁਬਿ ਡੁਬਿ ਮਰੀਐ ॥੧॥ਰਹਾਉ॥

ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਜਗੁ = ਸੰਸਾਰ ਦੇ ਜੀਵਾਂ ਨੂੰ ਪ੍ਰਤੱਖ, ਹਉਮੈ, ਅਗਿਆਨ ਦਾ ਰੋਗਿ = ਦੁਖ ਬਿਆਪਿਆ = ਲੱਗਿਆ ਰਹਿੰਦਾ ਹੈ ਅਤੇ ਦੁਬਿਧਾ = ਦੁਚਿੱਤੇ ਪੁਣੇ ਵਿਚ **ਵਾ:** ਦੁਚਿੱਤੇ ਪੁਣੇ ਕਾਰਨ ਪਰਮਾਤਮਾ ਤੋਂ ਬੇਮੁਖ ਹੋ ਕੇ ਸੰਸਾਰ-ਸਮੁੰਦ੍ਰ ਅੰਦਰ ਵਿਸ਼ਿਆਂ ਰੂਪੀ ਪਾਣੀ ਵਿਚ ਡੁੱਬ-ਡੁੱਬ ਕੇ ਮਰੀਐ = ਮਰੀਦਾ ਹੈ ॥੧॥ਰਹਾਉ॥

## ਗੁਰੁ ਦੇਵਾ, ਗੁਰ ਅਲਖ ਅਭੇਵਾ; ਤ੍ਰਿਭਵਣ ਸੋਝੀ, ਗੁਰ ਕੀ ਸੇਵਾ ॥

ਗੁਰੂ ਹੀ ਦੇਵਾ = ਪੂਜਨੀਕ, ਪ੍ਰਕਾਸ਼ ਰੂਪ ਹੈ, ਗੁਰੂ ਅਸ਼ੁੱਧ ਮਨ ਕਰਕੇ ਅਲਖ = ਲਖਣ ਤੋਂ ਰਹਿਤ ਅਤੇ ਸ਼ਕਤੀ ਬਿਰਤੀ ਕਰਕੇ ਅਭੇਵਾ = ਭੇਦ ਪਾਉਣ ਤੋਂ ਰਹਿਤ ਹੈ, ਗੁਰੂ ਕੀ = ਦੀ ਭਗਤੀ ਰੂਪੀ ਸੇਵਾ = ਟਹਿਲ ਕਰਕੇ ਤ੍ਰਿਭਵਣ = ਤਿੰਨਾਂ ਲੋਕਾਂ ਦੀ ਸੋਝੀ = ਗਿਆਤ ਹੋ ਜਾਂਦੀ ਹੈ **ਵਾ:** ਤਿੰਨਾਂ ਭਵਨਾਂ ਭਾਵ ਜਾਗਰਤ, ਸੁਪਨ, ਸੁਖੋਪਤ ਦੇ ਪ੍ਰਕਾਸ਼ਕ ਦੀ ਸੋਝੀ ਹੋ ਜਾਂਦੀ ਹੈ **ਵਾ:** ਤਿੰਨਾਂ ਭਵਨਾਂ ਵਿਚ ਭ੍ਰਮਣ ਕਰਨ ਵਾਲੇ ਮਨ ਦੇ ਰੋਕਣ ਦੀ ਸੋਝੀ ਆ ਜਾਂਦੀ ਹੈ।

## ਆਪੇ ਦਾਤਿ ਕਰੀ, ਗੁਰਿ ਦਾਤੈ; ਪਾਇਆ ਅਲਖ ਅਭੇਵਾ ॥੨॥

ਜਦੋਂ ਆਪੇ = ਆਪ ਹੀ ਦਾਤੈ = ਦਾਤਾਰ ਗੁਰਾਂ ਨੇ ਆਪਣੀ ਨਾਮ, ਬ੍ਰਹਮ ਗਿਆਨ ਦੀ ਦਾਤਿ = ਬਖ਼ਸ਼ਿਸ਼ ਕਰੀ = ਕੀਤੀ, ਤਦੋਂ ਅਸ਼ੁੱਧ ਮਨ ਕਰਕੇ ਅਲਖ = ਲਖਣ ਤੋਂ ਰਹਿਤ ਤੇ ਸ਼ਕਤੀ ਬਿਰਤੀ ਕਰਕੇ ਅਭੇਵਾ = ਭੇਦ ਤੋਂ ਰਹਿਤ ਪਰਮਾਤਮਾ ਨੂੰ ਪਾਇਆ = ਪਾਉਣਾ ਕੀਤਾ ॥੨॥

## ਮਨੁ ਰਾਜਾ, ਮਨੁ ਮਨ ਤੇ ਮਾਨਿਆ; ਮਨਸਾ ਮਨਹਿ ਸਮਾਈ ॥

ਉਸ ਮਨੁੱਖ ਦਾ ਮਨ ਰਾਜਾ = ਪ੍ਰਕਾਸ਼ ਵਾਲਾ ਹੋ ਗਿਆ ਹੈ, ਜਿਸ ਦਾ ਪਹਿਲਾ ਅਸ਼ੁੱਧ ਮਨ ਸ਼ੁੱਧ ਮਨ ਦੀ ਸਿੱਖਿਆ ਤੇ = ਤੋਂ ਮਾਨਿਆ = ਮੰਨ ਗਿਆ ਹੈ **ਵਾ:** ਗੁਰਾਂ ਦੇ ਮਨੁ = ਮੰਤ੍ਰ ਕਰਕੇ ਮਨ = ਸ਼੍ਰੋਮਣੀ ਬ੍ਰਹਮ ਵਿਚ ਮੰਨ ਗਿਆ ਹੈ ਅਤੇ ਮਨਸਾ = ਮਨ ਦੀ ਵਾਸ਼ਨਾ ਮਨਹਿ = ਮਨ ਦੇ ਵਿਚ ਹੀ ਸਮਾਈ = ਸਮਾਅ ਗਈ ਹੈ।

## ਮਨੁ ਜੋਗੀ, ਮਨੁ ਬਿਨਸਿ ਬਿਓਗੀ; ਮਨੁ ਸਮਝੈ ਗੁਣ ਗਾਈ ॥੩॥

ਜਦੋਂ ਮਨ ਆਪਣੀਆਂ ਬਿਰਤੀਆਂ ਨੂੰ ਰੋਕਣ ਲੱਗ ਜਾਂਦਾ ਹੈ, ਤਦੋਂ ਜੋਗੀ = ਜੁੜਿਆ ਹੋਇਆ ਅਖਵਾਉਂਦਾ ਹੈ, ਜਦੋਂ ਮਨ ਬਿਨਸਿ = ਨਾਸ਼ ਹੋਣ ਵਾਲੇ ਪਦਾਰਥਾਂ ਵਿਚ ਲੱਗਦਾ ਹੈ ਤਦੋਂ ਬਿਓਗੀ = ਵਿਜੋਗੀ ਬਣ ਜਾਂਦਾ ਹੈ **ਵਾ:** ਪਰਮਾਤਮਾ ਤੋਂ ਬਿਓਗੀ = ਵਿਛੜ ਕੇ ਨਾਸ਼ ਹੁੰਦਾ ਰਹਿੰਦਾ ਹੈ ਅਤੇ ਪਰਮਾਤਮਾ ਦੇ ਗੁਣ ਗਾਈ = ਗਾਉਣ ਕਰਕੇ ਮਨ ਸਮਝੈ = ਸਮਝ ਜਾਂਦਾ ਹੈ **ਵਾ:** ਜਦੋਂ ਮਨ ਗੁਰਾਂ ਦੁਆਰਾ ਕੁਝ ਸਮਝ ਜਾਂਦਾ ਹੈ, ਤਦੋਂ ਪਰਮਾਤਮਾ ਦੇ ਗੁਣ ਗਾਉਣ ਲੱਗ ਜਾਂਦਾ ਹੈ ॥੩॥

## ਗੁਰ ਤੇ ਮਨੁ ਮਾਰਿਆ, ਸਬਦੁ ਵੀਚਾਰਿਆ; ਤੇ ਵਿਰਲੇ ਸੰਸਾਰਾ ॥

ਜਿਨ੍ਹਾਂ ਨੇ ਗੁਰਾਂ ਦੇ ਸਬਦੁ = ਉਪਦੇਸ਼ ਨੂੰ ਵੀਚਾਰਿਆ = ਵਿਚਾਰਨਾ ਕੀਤਾ ਹੈ ਤੇ ਗੁਰਾਂ ਦੁਆਰਾ ਆਪਣੇ ਮਨ ਦੇ ਮੰਦੇ ਸੁਭਾਅ ਨੂੰ ਮਾਰਿਆ = ਮਾਰਨਾ ਕੀਤਾ ਹੈ **ਵਾ:** ਗੁਰਾਂ ਦੇ ਮਨੁ = ਮੰਤ੍ਰ ਦੁਆਰਾ **ਵਾ:** ਮਨੁ = ਸ਼ਿਰੋਮਣੀ ਪਰਮਾਤਮਾ ਦੇ ਨਾਮ ਦਾ ਮੰਨਣ ਕਰਕੇ ਆਪਣੇ ਮਨ ਦੇ ਮੰਦੇ ਸੁਭਾਅ ਨੂੰ ਮਾਰਨਾ ਕੀਤਾ ਹੈ ਅਤੇ ਸਭ ਥਾਵਾਂ ਵਿਚ ਸਬਦੁ = ਬ੍ਰਹਮ ਨੂੰ ਹੀ ਵਿਆਪਕ ਜਾਣ ਕੇ ਵਿਚਾਰਨਾ ਕੀਤਾ ਹੈ **ਵਾ:** ਸਬਦੁ = ਸੰਸਾਰ ਵਿਚ ਪਰਮਾਤਮਾ ਨੂੰ ਵਿਚਾਰਨਾ ਕੀਤਾ ਹੈ। ਤੇ = ਉਹ ਮਨੁੱਖ ਇਸ ਸੰਸਾਰਾ = ਜਗਤ ਵਿਚ ਵਿਰਲੇ = ਟਾਵੇਂ-ਟਾਵੇਂ ਹਨ।

## ਨਾਨਕ, ਸਾਹਿਬੁ ਭਰਿਪੁਰਿ ਲੀਣਾ; ਸਾਚ ਸਬਦਿ ਨਿਸਤਾਰਾ ॥੪॥੧॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਸਾਹਿਬੁ = ਮਾਲਕ ਪਰਮਾਤਮਾ ਸਭ ਥਾਈਂ ਭਰਿਪੁਰਿ = ਲਬਾਲਬ ਪੂਰਨ ਹੋ ਕੇ ਲੀਣਾ = ਲੀਨ, ਮਿਲਿਆ ਹੋਇਆ ਹੈ। ਗੁਰਾਂ ਦੇ ਸਾਚ = ਸੱਚੇ ਸਬਦਿ = ਉਪਦੇਸ਼ ਦੁਆਰਾ ਉਸ ਮਾਲਕ ਨੂੰ ਜਾਣ ਕੇ ਹੀ ਨਿਸਤਾਰਾ = ਪਾਰ-ਉਤਾਰਾ ਹੁੰਦਾ ਹੈ ॥੪॥੧॥੨॥

# ਭੈਰਉ ਮਹਲਾ ੧ ॥

ਇਸ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਬਿਰਧ ਅਵਸਥਾ ਦੀ ਹਾਲਤ ਦੱਸਦੇ ਹੋਏ, ਉਪਦੇਸ਼ ਬਖ਼ਸ਼ਿਸ਼ ਕਰਦੇ ਹਨ :

## ਨੈਨੀ ਦ੍ਰਿਸਟਿ ਨਹੀ, ਤਨੁ ਹੀਨਾ; ਜਰਿ ਜੀਤਿਆ ਸਿਰਿ ਕਾਲੋ ॥੧॥

ਹੇ ਭਾਈ ! ਬ੍ਰਿਧ ਅਵਸਥਾ ਵਿਚ ਨੈਨੀ = ਨੇਤ੍ਰਾਂ ਅੰਦਰ ਦ੍ਰਿਸਟਿ = ਦੇਖਣ ਦੀ ਸ਼ਕਤੀ ਨਹੀਂ ਰਹਿੰਦੀ, ਤਨੁ = ਸਰੀਰ ਹੀਨਾ = ਕਮਜ਼ੋਰ ਹੋ ਜਾਂਦਾ ਹੈ, ਇਉਂ ਇਸ ਸਰੀਰ ਨੂੰ ਜਰਿ = ਬੁਢੇਪਾ ਜੀਤਿਆ = ਜਿੱਤ ਲੈਂਦਾ ਹੈ ਤੇ ਅੰਤ ਨੂੰ ਸਿਰ ਉੱਪਰ ਕਾਲੋ = ਕਾਲ ਆ ਜਾਂਦਾ ਹੈ ॥੧॥

## ਰੂਪੁ ਰੰਗੁ ਰਹਸੁ ਨਹੀ ਸਾਚਾ; ਕਿਉ ਛੋਡੈ ਜਮ ਜਾਲੋ ॥੧॥

ਸਰੀਰ ਦਾ ਰੂਪੁ = ਅਕਾਰ, ਰੰਗ ਤੇ ਰਹਸੁ = ਸੁਆਦ ਸਾਚਾ = ਸੱਚਾ ਨਹੀਂ ਹੈ **ਵਾ:** ਜਿਸ ਨੂੰ ਰੂਪ ਭਾਵ ਦਿਲ ਦੀ ਸਫ਼ਾਈ, ਵਾਹਿਗੁਰੂ ਦਾ ਰੰਗੁ = ਪ੍ਰੇਮ ਅਤੇ ਸੱਚੇ ਪ੍ਰਭੂ ਦਾ ਰਹਸੁ = ਅਨੰਦ ਪ੍ਰਾਪਤ ਨਹੀਂ ਹੋਇਆ, ਉਸ ਨੂੰ ਜਮ = ਜਮਰਾਜ ਅਪਣੀ ਜਾਲੋ = ਫਾਹੀ ਵਿਚ ਪਾਉਣ ਤੋਂ ਕਿਉ = ਕਿਵੇਂ ਛੋਡੈ = ਛੱਡ ਸਕਦਾ ਹੈ ਭਾਵ ਨਹੀਂ ਛੱਡੇਗਾ ॥੧॥

## ਪ੍ਰਾਣੀ ਹਰਿ ਜਪਿ; ਜਨਮੁ ਗਇਓ ॥

ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਹਰਿ = ਪਰਮਾਤਮਾ ਦਾ ਨਾਮ ਜਪ, ਤੇਰਾ ਮਨੁੱਖਾ ਜਨਮ ਬਹੁਤ ਚਲਿਆ ਗਿਆ ਹੈ।

[ਅੰਗ ੧੧੨੬]

## ਸਾਚ ਸਬਦ ਬਿਨੁ, ਕਬਹੁ ਨ ਛੂਟਸਿ; ਬਿਰਥਾ ਜਨਮੁ ਭਇਓ ॥੧॥ਰਹਾਉ॥

ਸਾਚ = ਸੱਚੇ ਗੁਰਾਂ ਦੇ ਸਬਦ = ਉਪਦੇਸ਼ ਤੋਂ ਬਿਨੁ = ਬਗ਼ੈਰ ਤੂੰ ਕਬਹੁ = ਕਦੇ ਵੀ ਜਮਾਂ ਆਦਿ ਦੇ ਬੰਧਨਾਂ ਤੋਂ ਛੂਟਸਿ = ਛੁੱਟ ਨਹੀਂ ਸਕੇਂਗਾ, ਇਸ ਪ੍ਰਕਾਰ ਤੇਰਾ ਅਮੋਲਕ ਮਨੁੱਖਾ ਜਨਮ ਨਾਮ ਸਿਮਰਨ, ਵਾਹਿਗੁਰੂ ਦੀ ਪ੍ਰਾਪਤੀ ਤੋਂ ਬਗ਼ੈਰ ਬਿਰਥਾ = ਵਿਅਰਥ ਹੀ ਬਤੀਤ ਭਇਓ = ਹੋਇਆ ਹੈ ॥੧॥ਰਹਾਉ॥

## ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ; ਕਠਿਨ ਪੀਰ ਅਤਿ ਭਾਰੀ ॥

ਹੇ ਜੀਵ ! ਤੇਰੇ ਤਨ = ਸਰੀਰ ਮਹਿ = ਵਿਚ ਕਾਮੁ = ਵਿਕਾਰ ਦ੍ਰਿਸ਼ਟੀ, ਕ੍ਰੋਧੁ = ਗ਼ੁੱਸੇ, ਹਉ = ਹੰਗਤਾ ਤੇ ਮਮਤਾ = ਮੇਰ-ਤੇਰ ਦੀ ਅਤਿ = ਅਤਿਅੰਤ ਭਾਰੀ ਤੇ ਕਠਿਨ = ਔਖੀ, ਦੁਖਦਾਈ ਪੀਰ = ਪੀੜਾ ਹੋ ਰਹੀ ਹੈ **ਵਾ:** ਇਨ੍ਹਾਂ ਵਿਕਾਰਾਂ ਦੀ ਕੁਸੰਗਤ ਕਰਕੇ ਜੰਮਣ ਮਰਣ ਦੀ ਅਤਿਅੰਤ ਭਾਰੀ ਪੀੜਾ ਹੋ ਰਹੀ ਹੈ ਜੋ ਸਹਾਰਨੀ ਬਹੁਤ ਕਠਿਨ = ਮੁਸ਼ਕਲ ਹੈ।

## ਗੁਰਮੁਖਿ ਰਾਮ ਜਪਹੁ ਰਸੁ ਰਸਨਾ; ਇਨ ਬਿਧਿ ਤਰੁ ਤੂ ਤਾਰੀ ॥੨॥

ਹੇ ਜੀਵ ! ਗੁਰਮੁਖਿ = ਮੁਖੀ ਗੁਰਾਂ **ਵਾ:** ਗੁਰਮੁਖਾਂ ਦੀ ਸੰਗਤ ਕਰਕੇ ਰਸੁ = ਪ੍ਰੇਮ ਨਾਲ ਰਸਨਾ = ਜੀਭਾ ਦੁਆਰਾ ਰਾਮ = ਪਰਮਾਤਮਾ ਦਾ ਨਾਮ ਜਪਹੁ = ਜਪਣਾ ਕਰ **ਵਾ:** ਆਪਣੀ ਰਸਨਾ ਨੂੰ ਨਾਮ ਵਿੱਚੋਂ ਰਸਾਉਣਾ ਕਰ **ਵਾ:** ਰਸਨਾ ਦੇ ਰਸਾਂ ਨੂੰ ਛੱਡ ਕੇ ਰਾਮ ਨਾਮ ਨੂੰ ਜਪਣਾ ਕਰ **ਵਾ:** ਸ਼ਬਦ ਸਪਰਸ਼, ਰੂਪ, ਰਸ ਗੰਧ ਆਦਿ

ਵਿਸ਼ਿਆਂ ਨੂੰ ਛੱਡ ਕੇ ਪ੍ਰੀਤ ਰੂਪੀ ਰਸਨਾ ਦੁਆਰਾ ਪਰਮਾਤਮਾ ਦਾ ਨਾਮ ਜਪ ਕੇ ਆਤਮ ਰਸ ਨੂੰ ਪ੍ਰਾਪਤ ਕਰ। ਅਤੇ ਇਨ = ਇਸ ਬਿਧਿ = ਤਰੀਕੇ ਨਾਲ ਤੂੰ ਵਿਕਾਰਾਂ, ਆਸਾਂ ਰੂਪੀ ਨਾਰੀ = ਨਦੀ ਤੋਂ ਤਰੁ = ਤਰਨਾ ਕਰ **ਵਾ:** ਭਗਤੀ ਰੂਪੀ ਤਾਰੀ = ਬੇੜੀ ਉੱਪਰ ਚੜ੍ਹ ਕੇ ਬੈਤਰਨੀ ਨਦੀ **ਵਾ:** ਸੰਸਾਰ-ਸਮੁੰਦ੍ਰ ਤੋਂ ਤਰਨਾ ਕਰ ॥੨॥

## ਬਹਰੇ ਕਰਨ ਅਕਲਿ ਭਈ ਹੋਛੀ; ਸਬਦ ਸਹਜੁ ਨਹੀ ਬੂਝਿਆ ॥

ਬਿਰਧ ਅਵਸਥਾ ਵਿਚ ਤੇਰੇ ਕਰਨ = ਕੰਨ ਬਹਰੇ = ਬੋਲ਼ੇ ਹੋ ਗਏ ਹਨ, ਅਕਲਿ = ਮਤ ਵੀ ਹੋਛੀ = ਤੁਛ ਭਈ = ਹੋ ਗਈ ਹੈ ਪਰ ਗੁਰਾਂ ਦੇ ਸਬਦ = ਉਪਦੇਸ਼ ਦੁਆਰਾ **ਵਾ:** ਸਬਦ = ਸੰਸਾਰ ਵਿਚ ਰਹਿ ਕੇ ਤੂੰ ਸਹਜੁ = ਗਿਆਨ ਸਰੂਪ ਨਹੀਂ ਬੂਝਿਆ = ਬੁੱਝਣਾ ਕੀਤਾ।

## ਜਨਮੁ ਪਦਾਰਥੁ ਮਨਮੁਖਿ ਹਾਰਿਆ; ਬਿਨੁ ਗੁਰ ਅੰਧੁ ਨ ਸੂਝਿਆ ॥੩॥

ਮਨਮੁਖ ਪੁਰਖ ਨੇ ਆਪਣਾ ਮਨੁੱਖਾ ਜਨਮ ਰੂਪੀ ਅਮੋਲਕ ਪਦਾਰਥ ਵਿਸ਼ਿਆਂ ਦੇ ਜੂਏ ਵਿਚ ਹਾਰਿਆ = ਹਾਰ ਦਿੱਤਾ ਹੈ, ਗੁਰਾਂ ਤੋਂ ਬਿਨੁ = ਬਗ਼ੈਰ ਅੰਧੁ = ਅਗਿਆਨੀ ਮਨੁੱਖ ਨੂੰ ਕੁਝ ਵੀ ਭਾਉ-ਭਗਤੀ, ਪਰਮਾਰਥ ਦਾ ਰਸਤਾ ਸੂਝਿਆ = ਦਿਸਦਾ ਨਹੀਂ ਹੈ ॥੩॥

## ਰਹੈ ਉਦਾਸੁ ਆਸ ਨਿਰਾਸਾ; ਸਹਜ ਧਿਆਨਿ ਬੈਰਾਗੀ ॥

ਜਿਹੜਾ ਪੁਰਖ ਆਸਾਂ ਤੋਂ ਨਿਰਾਸ਼ਾ ਹੋ ਕੇ ਸੰਸਾਰ ਵੱਲੋਂ ਉਦਾਸੁ = ਉਪਰਾਮ ਰਹੈ = ਰਹਿੰਦਾ ਹੈ ਅਤੇ ਵਿਸ਼ਿਆਂ, ਪਰਿਵਾਰ ਦੇ ਮੋਹ ਤੋਂ ਬੈਰਾਗੀ = ਵੈਰਾਗਵਾਨ ਹੋ ਕੇ ਸਹਜ = ਗਿਆਨ ਸਰੂਪ ਵਿਚ ਧਿਆਨ ਜੋੜਦਾ ਹੈ।

## ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ; ਰਾਮ ਨਾਮਿ ਲਿਵ ਲਾਗੀ ॥੪॥੨॥੩॥

ਸਤਿਗੁਰੂ ਸਾਹਿਬ ਜੀ ਪ੍ਰਣਵਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਜਿਸ ਦੀ ਰਾਮ = ਪਰਮਾਤਮਾ ਦੇ ਨਾਮ ਵਿਚ ਲਿਵ = ਬਿਰਤੀ, ਪ੍ਰੀਤੀ ਲਾਗੀ = ਲੱਗ ਜਾਂਦੀ ਹੈ, ਉਹ ਗੁਰਮੁਖਿ = ਗੁਰਾਂ ਦੁਆਰਾ **ਵਾ:** ਗੁਰਮੁਖਾਂ ਦੀ ਸੰਗਤ ਕਰਕੇ ਸੰਸਾਰਕ ਬੰਧਨਾਂ ਤੋਂ ਛੂਟਸਿ = ਛੁੱਟ ਗਿਆ ਹੈ ॥੪॥੨॥੩॥

## ਭੈਰਉ ਮਹਲਾ ੧ ॥

ਇਸ ਸ਼ਬਦ ਵਿਚ ਵੀ ਸਤਿਗੁਰੂ ਸਾਹਿਬ ਜੀ ਬਿਰਧ ਅਵਸਥਾ ਬਾਬਤ ਕਥਨ ਕਰਦੇ ਹਨ।

## ਭੂੰਡੀ ਚਾਲ, ਚਰਣ ਕਰ ਖਿਸਰੇ; ਤੁਚਾ ਦੇਹ ਕੁਮਲਾਨੀ ॥

ਬਿਰਧ ਅਵਸਥਾ ਵਿਚ ਚਾਲ = ਤੋਰ ਭੂੰਡੀ = ਕੋਝੀ, ਡਗਮਗੀ ਹੋ ਜਾਂਦੀ ਹੈ, ਚਰਣ = ਪੈਰ ਤੇ ਕਰ = ਹੱਥ ਖਿਸਰੇ = ਖਿਸਕਣ, ਹਿੱਲਣ ਲੱਗ ਜਾਂਦੇ ਹਨ ਅਤੇ ਦੇਹ = ਸਰੀਰ ਦੀ ਤੁਚਾ = ਚਮੜੀ ਵੀ ਕੁਮਲਾਨੀ = ਕੁਮਲਾ, ਮੁਰਝਾ ਜਾਂਦੀ ਹੈ।

## ਨੇਤ੍ਰੀ ਧੁੰਧਿ ਕਰਨ ਭਏ ਬਹਰੇ; ਮਨਮੁਖਿ ਨਾਮੁ ਨ ਜਾਨੀ ॥੧॥

ਨੇਤ੍ਰੀ = ਅੱਖਾਂ ਵਿਚ ਧੁੰਧਿ = ਧੁੰਧਲਾ ਜਿਹਾ ਦਿਸਣ ਲੱਗਦਾ ਹੈ ਅਤੇ ਕਰਨ = ਕੰਨ ਸੁਣਨ ਵਲੋਂ ਬਹਰੇ = ਬੋਲ਼ੇ ਭਏ = ਹੋ ਜਾਂਦੇ ਹਨ ਪਰ ਮਨਮੁਖਿ = ਮਨ ਦੇ ਪਿੱਛੇ ਲੱਗਣ ਵਾਲੇ ਮਨੁੱਖ ਨੇ ਪਰਮਾਤਮਾ ਦੇ ਨਾਮ ਵਿਚ ਪ੍ਰੀਤੀ ਕਰਨੀ ਨਹੀਂ ਜਾਨੀ = ਜਾਨਣਾ ਕੀਤੀ ॥੧॥

## ਅੰਧੁਲੇ; ਕਿਆ ਪਾਇਆ ਜਗਿ ਆਇ ॥

ਹੇ ਮਨ ਬੁੱਧ ਨੇਤ੍ਰਾਂ ਵਿਚ ਵਿਚਾਰ ਰੂਪੀ ਨਿਗ੍ਹਾ ਤੋਂ ਹੀਣੇ ਅੰਧੁਲੇ = ਅਗਿਆਨੀ ਜੀਵ! ਤੂੰ ਇਸ ਜਗਿ = ਸੰਸਾਰ ਵਿਚ ਮਨੁੱਖਾ ਜਨਮ ਅੰਦਰ ਆਇ = ਆ ਕੇ ਕਿਆ = ਕੀ ਪਾਇਆ = ਪਾਉਣਾ ਕੀਤਾ ਹੈ ਭਾਵ ਕੁਝ ਵੀ ਪ੍ਰਾਪਤ ਨਹੀਂ ਕੀਤਾ।

## ਰਾਮੁ ਰਿਦੈ ਨਹੀ ਗੁਰ ਕੀ ਸੇਵਾ; ਚਾਲੇ ਮੂਲੁ ਗਵਾਇ ॥੧॥ਰਹਾਉ॥

ਜਿਨ੍ਹਾਂ ਦੇ ਰਿਦੈ = ਹਿਰਦੇ ਵਿਚ ਰਾਮ = ਪਰਮਾਤਮਾ ਸਾਖਸ਼ਾਤ ਨਹੀਂ ਹੈ ਅਤੇ ਨਾ ਹੀ ਗੁਰਾਂ ਕੀ = ਦੀ ਸੇਵਾ = ਟਹਿਲ ਕੀਤੀ ਹੈ **ਵਾ:** ਜਿਨ੍ਹਾਂ ਨੇ ਹਿਰਦੇ ਅੰਦਰ ਗੁਰਾਂ ਦੀ ਸੇਵਾ ਦੁਆਰਾ ਰਾਮ = ਪ੍ਰਭੂ ਸਾਖਸ਼ਾਤ ਨਹੀਂ ਕੀਤਾ, ਉਹ ਮਨੁੱਖ ਆਪਣੇ ਪੁੰਨ, ਸ੍ਵਾਸਾਂ ਰੂਪੀ ਮੂਲੁ = ਮੁੱਢ ਨੂੰ ਗਵਾਇ = ਗੁਆ ਕੇ ਪ੍ਰਲੋਕ ਨੂੰ ਖ਼ਾਲੀ ਚਾਲੇ = ਚੱਲੇ ਹਨ ॥੧॥ਰਹਾਉ॥

## ਜਿਹਵਾ, ਰੰਗਿ ਨਹੀ ਹਰਿ ਰਾਤੀ; ਜਬ ਬੋਲੈ ਤਬ ਫੀਕੇ ॥

ਹੇ ਅਗਿਆਨੀ ਜੀਵ! ਤੂੰ ਆਪਣੀ ਜਿਹਵਾ = ਰਸਨਾ ਵੀ ਹਰਿ = ਪਰਮਾਤਮਾ ਦੇ ਰੰਗਿ = ਪ੍ਰੇਮ ਵਿਚ ਨਹੀ ਰਾਤੀ = ਰੰਗਣਾ ਕੀਤੀ, ਜਬ = ਜਦੋਂ ਵੀ ਇਹ ਬੋਲੈ = ਬੋਲਦੀ ਸੀ, ਤਬ = ਤਦੋਂ ਹੀ ਇਹ ਫੀਕੇ = ਫਿੱਕੇ, ਬੇ-ਰਸੀ ਵਾਲੇ ਬੋਲ ਬੋਲਦੀ ਰਹੀ।

## ਸੰਤ ਜਨਾ ਕੀ ਨਿੰਦਾ ਵਿਆਪਸਿ; ਪਸੂ ਭਏ ਕਦੇ ਹੋਹਿ ਨ ਨੀਕੇ ॥੨॥

ਹੇ ਭਾਈ! ਤੂੰ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਕੀ = ਦੀ ਨਿੰਦਾ = ਅਪਕੀਰਤੀ ਵਿਚ ਹੀ ਵਿਆਪਸਿ = ਲੱਗਿਆ ਰਹਿੰਦਾ ਹੈਂ, ਇਉਂ ਤੇਰੇ ਹੁਣ ਮਨੁੱਖਾ ਜਨਮ ਪ੍ਰਾਪਤ ਹੋਣ 'ਤੇ ਵੀ ਕੰਮ ਪਸ਼ੂਆਂ ਵਾਲੇ ਭਏ = ਹੋਏ ਪਏ ਹਨ (ਭਾਵ ਜਿਵੇਂ ਪਸ਼ੂ ਸਿੰਗ ਮਾਰਦਾ ਹੈ ਇਉਂ ਤੂੰ ਕੁਤਰਕਾਂ ਰੂਪੀ ਸਿੰਗ ਮਾਰਦਾ ਰਹਿੰਦਾ ਹੈਂ, ਜਿਵੇਂ ਉਹ ਘਾਹ ਆਦਿ ਚਾਰਾ ਚਰਦੇ ਹਨ ਇਉਂ ਤੂੰ ਵਿਸ਼ਿਆਂ ਰੂਪੀ ਚਾਰਾ ਚਰ ਰਿਹਾ ਹੈਂ) ਇਹ ਤੇਰੇ ਕੰਮ ਕਦੇ = ਕਦਾਚਿਤ ਵੀ ਨੀਕੇ = ਚੰਗੇ ਨਹੀਂ ਹੋਹਿ = ਹੋ ਸਕਦੇ ॥੨॥

## ਅੰਮ੍ਰਿਤ ਕਾ ਰਸੁ ਵਿਰਲੀ ਪਾਇਆ; ਸਤਿਗੁਰ ਮੇਲਿ ਮਿਲਾਏ ॥

ਜਿਨ੍ਹਾਂ ਦੇ ਪੂਰਬਲੇ ਪੁੰਨ ਕਰਮਾਂ ਦੇ ਪ੍ਰੇਰੇ ਹੋਏ ਪਰਮਾਤਮਾ ਨੇ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਸਤਿਗੁਰਾਂ ਦੇ ਮੇਲ ਵਿਚ ਮਿਲਾਏ = ਮਿਲਾ ਦਿੱਤੇ ਹਨ **ਵਾ:** ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਆਪਣੀ ਸੰਗਤ, ਸ਼ਬਦ ਦੇ ਮੇਲ ਵਿਚ ਮਿਲਾਉਣਾ ਕੀਤਾ ਹੈ, ਉਨ੍ਹਾਂ ਵਿਰਲੀ = ਵਿਰਲਿਆਂ ਨੇ ਹੀ ਗੁਰਾਂ ਦੁਆਰਾ ਅੰਮ੍ਰਿਤ ਨਾਮ ਦਾ ਰਸੁ = ਸੁਆਦ ਪਾਇਆ = ਪਾਉਣਾ ਕੀਤਾ ਹੈ।

## ਜਬ ਲਗੁ ਸਬਦ ਭੇਦੁ ਨਹੀ ਆਇਆ; ਤਬ ਲਗੁ ਕਾਲੁ ਸੰਤਾਏ ॥੩॥

ਜਬ = ਜਦੋਂ ਲਗੁ = ਤੱਕ ਮਨੁੱਖ ਨੂੰ ਗੁਰਾਂ ਦੇ ਸਬਦੁ = ਉਪਦੇਸ਼ ਦਾ ਭੇਦ ਨਹੀਂ ਆਇਆ = ਆਉਂਦਾ **ਵਾ:** ਗੁਰਾਂ ਦੇ ਸ਼ਬਦ ਵਿਚ ਮਨ ਭੇਦੁ = ਵਿੰਨ੍ਹਣਾ ਨਹੀਂ ਕੀਤਾ **ਵਾ:** ਜਦੋਂ ਤਕ ਗੁਰਾਂ ਦੁਆਰਾ ਸਬਦ = ਬ੍ਰਹਮ ਦਾ ਭੇਦ ਨਹੀਂ ਆਉਂਦਾ, ਤਬ = ਤਦੋਂ ਲਗੁ = ਤੱਕ ਜੀਵ ਨੂੰ ਕਾਲ ਸੰਤਾਏ = ਦੁੱਖ ਦੇਂਦਾ, ਭਲੀ ਪ੍ਰਕਾਰ ਤਪਾਉਂਦਾ ਰਹਿੰਦਾ ਹੈ ॥੩॥

## ਅਨ ਕੋ ਦਰੁ ਘਰੁ, ਕਬਹੂ ਨ ਜਾਨਸਿ; ਏਕੋ ਦਰੁ ਸਚਿਆਰਾ ॥

ਜੋ ਮਨੁੱਖ ਅਨ = ਹੋਰ ਦੇਵੀ ਦੇਵਤਿਆਂ ਆਦਿ ਕੋ = ਦੇ ਘਰਾਂ ਦੇ ਦਰੁ = ਦਰਵਾਜ਼ਿਆਂ ਨੂੰ ਕਬਹੂ = ਕਦੇ ਵੀ ਨਹੀ ਜਾਨਸਿ = ਜਾਣਦਾ **ਵਾ:** ਜੋ ਅਨ = ਦ੍ਵੈਤ ਵਿਚ ਲੱਗਣ ਕਰਕੇ ਪ੍ਰਭੂ ਦੇ ਗਿਆਨ ਰੂਪੀ ਦਰ ਤੇ ਸਰੂਪ ਰੂਪੀ ਘਰ ਨੂੰ ਕਦੇ ਵੀ ਨਹੀਂ ਜਾਣਦਾ ਅਤੇ ਏਕੋ = ਇੱਕੋ ਸਚਿਆਰਾ = ਸੱਚ ਦੀ ਪ੍ਰਾਪਤੀ ਵਾਲੇ ਸਾਧਸੰਗਤ ਰੂਪੀ ਦਰੁ = ਦੁਆਰੇ ਨੂੰ ਨਿਸਚੇ ਕਰਦਾ ਹੈ।

## ਗੁਰਪਰਸਾਦਿ, ਪਰਮਪਦੁ ਪਾਇਆ; ਨਾਨਕੁ ਕਹੈ ਵਿਚਾਰਾ ॥੪॥੩॥੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਵਿਚਾਰਾ = ਵਿਚਾਰ ਕੇ ਕਹੈ = ਕਥਨ ਕਰਦੇ ਹਾਂ ਕਿ ਉਸ ਮਨੁੱਖ ਨੇ ਗੁਰਾਂ ਦੀ ਪਰਸਾਦਿ = ਕਿਰਪਾ ਦੁਆਰਾ ਪਰਮਪਦੁ = ਵੱਡੀ ਕੈਵਲ ਮੋਖ ਰੂਪੀ ਪਦਵੀ ਨੂੰ ਪਾਇਆ = ਪਾਉਣਾ ਕੀਤਾ ਹੈ ॥੪॥੩॥੪॥

## ਭੈਰਉ ਮਹਲਾ ੧ ॥

ਆਮ ਮਨੁੱਖ ਦੀ ਜਿਸ ਪ੍ਰਕਾਰ ਅਵਸਥਾ ਗੁਜ਼ਰਦੀ ਹੈ, ਉਸ ਪ੍ਰਕਾਰ ਕਥਨ ਕਰਕੇ ਉਪਦੇਸ਼ ਦੇਂਦੇ ਹਨ।

## ਸਗਲੀ ਰੈਣਿ, ਸੋਵਤ ਗਲਿ ਫਾਹੀ; ਦਿਨਸੁ, ਜੰਜਾਲਿ ਗਵਾਇਆ ॥

ਸਗਲੀ = ਸਾਰੀ ਰੈਣਿ = ਰਾਤ ਸੋਵਤ = ਸੁੱਤੇ ਹੋਇਆਂ ਨੀਂਦ ਦੀ ਫਾਹੀ ਜੀਵ ਦੇ ਗਲਿ = ਗਲੇ ਵਿਚ ਪਈ ਰਹਿੰਦੀ ਹੈ **ਵਾ:** ਵਿਸ਼ਈ ਪੁਰਖਾਂ ਦੇ ਗਲ ਵਿਚ ਸਾਰੀ ਰਾਤ ਕਾਂਤਾਂ ਦੀਆਂ ਭੁਜਾਵਾਂ ਰੂਪੀ ਫਾਹੀ ਪਈ ਰਹਿੰਦੀ ਹੈ ਅਤੇ ਦਿਨਸੁ = ਦਿਨ ਜੰਜਾਲਿ = ਬੰਧਨਾਂ ਵਿਚ ਫਸ ਕੇ ਗਵਾਇਆ = ਗੁਆ ਦਿੱਤਾ ਹੈ।

## ਖਿਨੁ ਪਲੁ ਘੜੀ, ਨਹੀ ਪ੍ਰਭੁ ਜਾਨਿਆ; ਜਿਨਿ ਇਹੁ ਜਗਤੁ ਉਪਾਇਆ ॥੧॥

ਜਿਨਿ = ਜਿਸ ਪਰਮਾਤਮਾ ਨੇ ਇਹੁ = ਇਹ ਸਾਰਾ ਜਗਤੁ = ਸੰਸਾਰ ਉਪਾਇਆ = ਪੈਦਾ ਕੀਤਾ ਹੈ, ਉਸ ਪ੍ਰਭੁ = ਪ੍ਰਭੂ ਨੂੰ ਇਕ ਖਿਨੁ = ਛਿਨ, ਪਲ ਤੇ ਘੜੀ ਮਾਤਰ ਵੀ ਨਹੀਂ ਜਾਨਿਆ = ਜਾਨਣਾ ਕੀਤਾ ॥੧॥

## ਮਨ ਰੇ; ਕਿਉ ਛੂਟਸਿ ਦੁਖੁ ਭਾਰੀ ॥

ਰੇ = ਹੇ ਮਨਾਂ ! ਇਸ ਪ੍ਰਕਾਰ ਤੂੰ ਕਿਉ = ਕਿਵੇਂ ਛੂਟਸਿ = ਛੁੱਟ ਸਕੇਂਗਾ, ਕਿਉਂਕਿ ਤੈਨੂੰ ਜੰਮਣ ਮਰਣ ਦੇ ਭਾਰੀ ਦੁਖ ਚਿੰਬੜੇ ਹੋਏ ਹਨ।

## ਕਿਆ ਲੇ ਆਵਸਿ, ਕਿਆ ਲੇ ਜਾਵਸਿ; ਰਾਮ ਜਪਹੁ ਗੁਣਕਾਰੀ ॥੧॥ਰਹਾਉ॥

ਤੂੰ ਇਸ ਸੰਸਾਰ ਵਿਚ ਕਿਆ = ਕੀ ਲੇ = ਲੈ ਕਰਕੇ ਆਵਸਿ = ਆਇਆ ਸੀ ਤੇ ਕਿਆ = ਕੀ ਲੇ = ਲੈ ਕਰਕੇ ਜਾਵਸਿ = ਜਾਵੇਂਗਾ ਭਾਵ ਪੁੰਨ ਲੈ ਕੇ ਆਇਆ ਸੀ ਤੇ ਪਾਪ ਲੈ ਕੇ ਜਾਵੇਂਗਾ **ਵਾ:** ਖ਼ਾਲੀ ਹੱਥੀਂ ਆਇਆ ਸੀ ਤੇ ਖ਼ਾਲੀ ਹੱਥੀਂ ਜਾਵੇਂਗਾ, ਇਸ ਲਈ ਗੁਣਕਾਰੀ = ਗੁਣ ਕਰਨ ਵਾਲੇ ਰਾਮ = ਪਰਮਾਤਮਾ ਦੇ ਨਾਮ ਨੂੰ ਜਪਹੁ = ਜਪਣਾ ਕਰ **ਵਾ:** ਗੁਣਕਾਰੀ = ਉਪਕਾਰੀ ਸਤਿਗੁਰਾਂ ਨਾਲ ਮਿਲ ਕੇ ਰਾਮ ਨਾਮ ਜਪਣਾ ਕਰ **ਵਾ:** ਰਾਮ ਨਾਮ ਨੂੰ ਜਪ ਜੋ (ਗੁਣ + ਕਾਰੀ) ਗੁਣ = ਵਿਸ਼ਿਆਂ ਨੂੰ ਮੇਟਣ ਦੀ ਕਾਰੀ = ਦਵਾਈ ਰੂਪ ਹੈ ॥੧॥ਰਹਾਉ॥

## ਊਂਧਉ ਕਵਲੁ, ਮਨਮੁਖ ਮਤਿ ਹੋਛੀ; ਮਨਿ ਅੰਧੈ ਸਿਰਿ ਧੰਧਾ ॥

ਹੇ ਮਨਮੁਖ ਜੀਵ ! ਤੇਰਾ ਹਿਰਦਾ ਰੂਪੀ ਕਵਲ ਬੇਮੁਖ ਹੋਣ ਰੂਪ ਊਂਧਉ = ਮੂਧਾ ਹੋਇਆ ਪਿਆ ਹੈ

ਅਤੇ ਤੇਰੀ ਮਨਮੁਖਤਾਈ ਵਾਲੀ ਮਤਿ = ਅਕਲ ਹੋਛੀ = ਤੁੱਛ ਹੈ, ਤੂੰ ਮਨ ਕਰਕੇ ਅੰਧੈ = ਅਗਿਆਨੀ ਹੈਂ ਤੇ ਧੰਧਾ = ਜੰਜਾਲਾਂ ਵਿਚ ਹੀ ਆਪਣਾ ਸਿਰ ਦਿੱਤਾ ਹੋਇਆ ਹੈ ਭਾਵ ਕੰਮਾਂ-ਕਾਰਾਂ ਵਿਚ ਗ਼ਲਤਾਨ ਹੋਇਆ ਰਹਿੰਦਾ ਹੈਂ।

## ਕਾਲੁ ਬਿਕਾਲੁ, ਸਦਾ ਸਿਰਿ ਤੇਰੈ; ਬਿਨੁ ਨਾਵੈ ਗਲਿ ਫੰਧਾ ॥੨॥

ਕਾਲੁ = ਮੌਤ ਤੇ ਬਿਕਾਲੁ = ਮੌਤ ਤੋਂ ਉਲਟ ਭਾਵ ਜਨਮ ਅਰਥਾਤ ਜੰਮਣ ਮਰਣ ਦਾ ਗੇੜ ਸਦਾ = ਹਮੇਸ਼ਾਂ ਤੇਰੇ ਸਿਰ ਉੱਪਰ ਬਣਿਆ ਰਹਿੰਦਾ ਹੈ, ਪਰਮਾਤਮਾ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਗਲ ਵਿਚ ਜਮਾਂ ਦਾ ਫੰਧਾ = ਫਾਹਾ ਪੈਂਦਾ ਹੈ **ਵਾ:** ਨਾਮ ਤੋਂ ਬਿਨਾਂ ਹੋਣ ਕਰਕੇ ਮਾਇਆ, ਤ੍ਰਿਸ਼ਨਾ, ਅਗਿਆਨ ਆਦਿ ਦੀ ਫਾਹੀ ਪਈ ਰਹਿੰਦੀ ਹੈ॥੨॥

## ਡਗਰੀ ਚਾਲ, ਨੇਤ੍ਰ ਫੁਨਿ ਅਧੁਲੇ; ਸਬਦ ਸੁਰਤਿ ਨਹੀ ਭਾਈ ॥

ਬਿਰਧ ਅਵਸਥਾ ਵਿਚ ਚਾਲ = ਤੋਰ ਡਗਰੀ = ਡਗਮਗੀ ਡਾਵਾਂ ਡੋਲ ਹੋ ਜਾਂਦੀ ਹੈ, ਫੁਨਿ = ਪੁਨਾ ਨੇਤ੍ਰ = ਨਯਣ ਵੀ ਅਧੁਲੇ = ਅੰਨ੍ਹੇ ਜਿਹੇ ਹੋ ਜਾਂਦੇ ਹਨ ਪਰ ਫੇਰ ਵੀ ਜੀਵ ਨੂੰ ਸਬਦ = ਗੁਰ ਉਪਦੇਸ਼ **ਵਾ:** ਬ੍ਰਹਮ ਵਿਚ ਆਪਣੀ ਸੁਰਤਿ = ਬਿਰਤੀ ਲਾਉਣੀ ਭਾਈ = ਚੰਗੀ ਨਹੀਂ ਲੱਗੀ।

## ਸਾਸਤ੍ਰ ਬੇਦ, ਤ੍ਰੈਗੁਣ ਹੈ ਮਾਇਆ; ਅੰਧੁਲਉ ਧੰਧੁ ਕਮਾਈ ॥੩॥

ਛੇ ਸ਼ਾਸਤ੍ਰ ਚਾਰ ਬੇਦ **ਵਾ:** ਤ੍ਰੈਗੁਣ = ਤਿੰਨਾਂ ਗੁਣਾਂ ਵਾਲੀ ਮਾਇਆ ਵਾਲੇ ਹੈ = ਹਨ, ਇਨ੍ਹਾਂ ਦੇ ਸਿਧਾਂਤ ਤੋਂ ਵਾਂਝਾ ਕਰਮ ਕਾਂਡਾਂ ਵਿਚ ਫਸਿਆ ਹੋਇਆ ਅੰਧੁਲਉ = ਅਗਿਆਨੀ ਜੀਵ ਧੰਧੁ = ਧੰਧਿਆਂ ਦੀ ਕਮਾਈ ਹੀ ਕਰੀ ਜਾਂਦਾ ਹੈ॥੩॥

## ਖੋਇਓ ਮੂਲੁ, ਲਾਭੁ ਕਹ ਪਾਵਸਿ; ਦੁਰਮਤਿ ਗਿਆਨ ਵਿਹੂਣੇ ॥

ਹੇ ਗਿਆਨ ਤੋਂ ਵਿਹੂਣੇ = ਹੀਣ ਦੁਰਮਤਿ = ਖੋਟੀ ਮੱਤ ਵਾਲੇ ਜੀਵ! ਜਦੋਂ ਤੂੰ ਪੁੰਨ, ਸ੍ਵਾਸਾਂ ਰੂਪੀ ਮੂਲੁ = ਪੂੰਜੀ ਨੂੰ ਹੀ ਖੋਇਓ = ਗੁਆ ਲਿਆ, ਫੇਰ ਨਾਮ, ਸਰੂਪ ਰੂਪੀ ਲਾਭ ਕਹ = ਕਿਥੋਂ ਪਾਵਸਿ = ਪਾ ਸਕੇਂਗਾ, ਭਾਵ ਨਹੀਂ ਪਾ ਸਕੇਂਗਾ।

## ਸਬਦੁ ਬੀਚਾਰਿ, ਰਾਮ ਰਸੁ ਚਾਖਿਆ; ਨਾਨਕ ਸਾਚਿ ਪਤੀਣੇ ॥੪॥੪॥੫॥

ਜਿਨ੍ਹਾਂ ਪੁਰਖਾਂ ਨੇ ਗੁਰਾਂ ਦੇ ਸਬਦੁ = ਉਪਦੇਸ਼ ਦੀ ਵਿਚਾਰ ਕਰਕੇ ਰਾਮ = ਪਰਮਾਤਮਾ ਦੇ ਰਸੁ = ਪ੍ਰੇਮ **ਵਾ:** ਨਾਮ ਰਸ ਨੂੰ ਚਾਖਿਆ = ਚੱਖਿਆ ਭਾਵ ਧਾਰਨ ਕੀਤਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੇ ਮਨ ਸਾਚਿ = ਸੱਚੇ ਪਰਮਾਤਮਾ ਵਿਚ ਪਤੀਣੇ = ਪਤੀਜ ਗਏ ਹਨ॥੪॥੪॥੫॥

## ਭੈਰਉ ਮਹਲਾ ੧ ॥

ਇਸ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਸੇਵਕ ਦੀ ਵਡਿਆਈ ਕਰਦੇ ਹਨ।

## ਗੁਰ ਕੈ ਸੰਗਿ, ਰਹੈ ਦਿਨ ਰਾਤੀ; ਰਾਮੁ ਰਸਨਿ ਰੰਗਿ ਰਾਤਾ ॥

ਜੋ ਮਨੁੱਖ ਦਿਨ ਰਾਤ ਸਦਾ ਗੁਰਾਂ ਕੈ = ਦੇ ਸੰਗਿ = ਨਾਲ ਆਪਣਾ ਚਿੱਤ ਜੋੜ ਕੇ ਰਹੈ = ਰਹਿੰਦਾ ਹੈ ਅਤੇ ਰਸਨਿ = ਜੀਭਾ ਕਰਕੇ ਰਾਮ = ਪਰਮਾਤਮਾ ਦੇ ਨਾਮ ਜਪਣ ਦੇ ਰੰਗਿ = ਪ੍ਰੇਮ ਵਿਚ ਰਾਤਾ = ਰੰਗਿਆ ਰਹਿੰਦਾ ਹੈ।

**ਸਾਖੀ—ਭਾਈ ਗੋਂਦਾ ਜੀ ਦੀ :** ਭਾਈ ਗੋਂਦਾ ਜੀ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰਬਾਰ ਵਿਚ ਬਹੁਤ ਸ਼ਰਧਾ ਤੇ ਲਗਨ ਨਾਲ ਸੇਵਾ ਕਰਿਆ ਕਰਦੇ ਸਨ ਅਤੇ ਹਮੇਸ਼ਾਂ ਸਿਮਰਨ ਵਿਚ ਲੀਨ ਰਹਿੰਦੇ ਸਨ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ ਕਿ ਤੁਹਾਡੀ ਘਾਲਣਾ ਥਾਇ ਪਈ ਹੈ। ਹੁਣ ਤੁਸੀਂ ਕਾਬਲ ਵਿਚ ਜਾ ਕੇ ਸਿੱਖ ਸੰਗਤਾਂ ਨੂੰ ਸਿੱਖੀ ਦ੍ਰਿੜ੍ਹ ਕਰਵਾਉ ਅਤੇ ਜੋ ਸੰਗਤਾਂ ਵੱਲੋਂ ਕਾਰ ਭੇਟਾ ਆਵੇ, ਉਸ ਨਾਲ ਲੰਗਰ ਚਲਾਉ। ਜੈਸਾ ਕਿ :

**ਤਹਿਂ ਕੀ ਜੋ ਗੁਰ ਕਾਰ ਅਸ਼ੇਸ਼। ਕਰਹੁ ਸਕੇਲਨਿ ਸਗਰੇ ਦੇਸ਼।**
**ਸੰਤ ਅਥਿਤ ਸਿੱਖਜਨਿ ਅਚਵਾਵਹੁ। ਗੁਰ ਕੀ ਦੇਗ਼ ਬਿਸਾਲ ਚਲਾਵਹੁ ॥੪॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੯, ਅੰਸੂ ੫)*

ਭਾਵੇਂ ਭਾਈ ਗੋਂਦਾ ਜੀ ਦਾ ਸਤਿਗੁਰਾਂ ਦੇ ਪਾਸੋਂ ਜਾਣ ਨੂੰ ਚਿਤ ਤਾਂ ਨਹੀਂ ਕਰਦਾ ਸੀ, ਪ੍ਰੰਤੂ ਸਤਿਗੁਰਾਂ ਦਾ ਬਚਨ ਮੰਨਦੇ ਹੋਏ ਸਤਿਗੁਰਾਂ ਦੇ ਚਰਨਾਂ ਉੱਪਰ ਸੀਸ ਨਿਵਾਇਆ ਅਤੇ ਆਗਿਆ ਪਾ ਕੇ ਕਾਬਲ ਵੱਲ ਚੱਲ ਪਏ। ਕਾਬਲ ਚੱਲ ਕੇ ਉਨ੍ਹਾਂ ਨੇ ਇਕ ਧਰਮਸ਼ਾਲਾ ਬਣਵਾਈ। ਦੋਵੇਂ ਵੇਲੇ ਸਤਿਸੰਗ ਹੋਣ ਲੱਗਾ ਅਤੇ ਸੰਗਤ ਵੱਲੋਂ ਭੇਟ ਕੀਤੀ ਕਾਰ ਭੇਟਾ ਨਾਲ ਲੰਗਰ ਚਲਾਉਣ ਲੱਗੇ। ਹਰ ਰੋਜ਼ ਸਤਿਗੁਰਾਂ ਦੀ ਬਾਣੀ ਪੜ੍ਹਦੇ ਅਤੇ ਸੰਗਤਾਂ ਨੂੰ ਸੁਣਾਉਂਦੇ। ਹਮੇਸ਼ਾਂ ਵਾਹਿਗੁਰੂ ਮੰਤ੍ਰ ਵਿਚ ਲੀਨ ਰਹਿੰਦੇ। ਸੁਤੇ ਹੀ ਉਨ੍ਹਾਂ ਦਾ ਧਿਆਨ ਗੁਰੂ ਚਰਨਾਂ ਨਾਲ ਜੁੜਨ ਲੱਗ ਪਿਆ।

ਇਕ ਵਾਰੀ ਭਾਈ ਗੋਂਦਾ ਜੀ ਇਸ਼ਨਾਨ ਕਰਕੇ ਜਪੁ ਜੀ ਸਾਹਿਬ ਜੀ ਦੇ ਪਾਠ ਦੀ ਸਮਾਪਤੀ ਉਪਰੰਤ ਗੁਰੂ ਚਰਨਾਂ ਦੇ ਧਿਆਨ ਵਿਚ ਐਸੇ ਲੀਨ ਹੋਏ ਕਿ ਧਿਆਨ ਵਿਚ ਹੀ ਸਤਿਗੁਰਾਂ ਦੇ ਦੋਵੇਂ ਚਰਨ ਘੁੱਟ ਕੇ ਫੜ ਲਏ ਅਤੇ ਸਰੀਰ ਦਾ ਚੇਤਾ ਹੀ ਭੁੱਲ ਗਿਆ। ਜੈਸਾ ਕਿ :

**ਧਯਾਨ ਬਿਖੈ ਗੁਰ ਕੇ ਨਿਜ ਹਾਥ। ਪਦ ਅਰਬਿੰਦ ਗਹੇ ਰਤਿ ਸਾਥ।**
**ਇਸ ਅਨੰਦ ਮੈਂ ਲੈ ਹੁਇ ਗਯੋ। ਨਿਰ ਬਿਕਲਪ ਸਮਾਧਿ ਥਿਤ ਠਯੋ ॥੧੨॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੯, ਅੰਸੂ ੫)*

ਇਧਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਸਤਿਗੁਰੂ ਹਰਿਰਾਇ ਸਾਹਿਬ ਜੀ ਅੰਮ੍ਰਿਤ ਵੇਲੇ ਸਿੰਘਾਸਨ 'ਤੇ ਬੈਠੇ ਸਨ। ਰਾਗੀ ਕੀਰਤਨ ਕਰ ਰਹੇ ਸਨ। ਸਤਿਗੁਰੂ ਜੀ ਨੇ ਆਪਣੇ ਦੋਵੇਂ ਚਰਨ ਇਕੱਠੇ ਕਰ ਲਏ ਅਤੇ ਅਹਿੱਲ, ਅਡੋਲ ਅਵਸਥਾ ਦੇ ਵਿਚ ਬੈਠੇ ਰਹੇ। ਸਤਿਗੁਰੂ ਜੀ ਨੇ ਆਪਣਾ ਕੋਈ ਚਰਨ ਵੀ ਨਾ ਹਿਲਾਇਆ। ਦੋ ਪਹਿਰ ਦਿਨ ਬੀਤ ਗਿਆ। ਲਾਂਗਰੀ ਸਿੱਖ ਨੇ ਆ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ! ਲੰਗਰ ਤਿਆਰ ਹੈ, ਪ੍ਰੰਤੂ ਗੁਰੂ ਜੀ ਕੁਝ ਨਾ ਬੋਲੇ, ਸਾਰੇ ਸਿੱਖ ਹੈਰਾਨ ਸਨ। ਪ੍ਰੰਤੂ ਇਸ ਪ੍ਰੇਮ ਦੀ ਖੇਡ ਨੂੰ ਕੌਣ ਸਮਝ ਸਕਦਾ ਸੀ। ਦੋ ਵਾਰ ਲਾਂਗਰੀ ਸਿੱਖ ਨੇ ਆ ਕੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਲੰਗਰ ਠੰਢਾ ਹੋ ਚੁੱਕਾ ਹੈ। ਆਪ ਜੀ ਤੋਂ ਬਿਨਾਂ ਕਿਸੇ ਨੇ ਵੀ ਲੰਗਰ ਨਹੀਂ ਛਕਣਾ ਹੈ। ਸਤਿਗੁਰੂ ਜੀ ਫੇਰ ਵੀ ਚੁੱਪ ਅਤੇ ਅਡੋਲ ਬੈਠੇ ਰਹੇ। ਅਖ਼ੀਰ ਜਦੋਂ ਦੋ ਕੁ ਘੜੀਆਂ ਦਿਨ ਬਾਕੀ ਰਹਿ ਗਿਆ ਤਾਂ ਸਤਿਗੁਰੂ ਜੀ ਨੇ ਨੇਤ੍ਰ ਖੋਲ੍ਹੇ ਅਤੇ ਆਪਣੇ ਪਾਵਨ ਚਰਨ ਹਿਲਾਏ। ਸੰਗਤਾਂ ਨੇ ਬੜੀ ਹੈਰਾਨੀ ਨਾਲ ਸਤਿਗੁਰੂ ਜੀ ਤੋਂ ਇਸ ਤਰ੍ਹਾਂ ਅਡੋਲ ਬੈਠੇ ਰਹਿਣ ਦਾ ਕਾਰਨ ਪੁੱਛਿਆ, ਤਦੋਂ ਸਤਿਗੁਰੂ ਜੀ ਨੇ ਦੱਸਿਆ, ਜੈਸਾ ਕਿ :

**ਕਾਬਲ ਮਹਿਂ ਗੋਂਦਾ ਸਿਖ ਰਹੇ। ਧਰੇ ਧਯਾਨ ਦੋਨੋ ਪਦ ਗਹੇ।**
**ਕਿਸ ਬਿਧਿ ਤਿਸ ਤੇ ਚਰਨ ਛੁਟਾਵੌਂ। ਬਿਨਾ ਛੁਟੇ ਕਿਮ ਲੰਗਰ ਜਾਵੌਂ ॥੨੬॥**
**ਰਹਯੋ ਉਡੀਕਤਿ ਛੋਰਹਿ ਮੋਹੀ। ਦ੍ਰਿਢ ਗਹਿ ਰਾਖਯੋ ਤਯਾਗ ਨ ਹੋਹੀ।**
**ਜਬਿ ਸੰਧਯਾ ਹੋਈ ਦਿਨ ਗਯੋ। ਤਬਿ ਗੋਂਦਾ ਜਾਗਤਿ ਤਹਿਂ ਭਯੋ ॥੨੭॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੯, ਅੰਸੂ ੫)*

ਹੇ ਗੁਰਸਿੱਖੋ ! ਭਾਈ ਗੋਂਦੇ ਨੇ ਧਿਆਨ ਵਿਚ ਸਾਡੇ ਚਰਨਾਂ ਨੂੰ ਫੜ ਕੇ ਸਾਨੂੰ ਸਾਰਾ ਦਿਨ ਬਿਠਾ ਰੱਖਿਆ ਸੀ। ਫੇਰ ਸਤਿਗੁਰੂ ਜੀ ਲੰਗਰ ਵਿਚ ਗਏ ਅਤੇ ਲੰਗਰ ਵਰਤਿਆ। ਇਹ ਸੁਣ ਕੇ ਸੰਗਤਾਂ ਆਪੋ ਵਿਚ ਕਹਿਣ ਕਿ 'ਧੰਨ ਗੁਰੂ ਤੇ ਧੰਨ ਸਿੱਖੀ'। ਕੁਝ ਸਮੇਂ ਬਾਅਦ ਜਦੋਂ ਭਾਈ ਗੋਂਦਾ ਜੀ ਕਾਬਲ ਦੀ ਸੰਗਤ ਲੈ ਕੇ ਸਤਿਗੁਰਾਂ ਦੇ ਦਰਸ਼ਨਾਂ ਲਈ ਸ੍ਰੀ ਕੀਰਤਪੁਰ ਸਾਹਿਬ ਆਏ ਤਾਂ ਸ੍ਰੀ ਕੀਰਤਪੁਰ ਸਾਹਿਬ ਦੇ ਸਿਆਣੇ ਸਿੱਖਾਂ ਨੇ ਭਾਈ ਗੋਂਦਾ ਜੀ ਦੇ ਨਾਲ ਆਏ ਸਿੱਖਾਂ ਤੋਂ ਉਸ ਦਿਨ ਦਾ ਕਾਬਲ ਦਾ ਹਾਲ ਪੁੱਛਿਆ ਤਾਂ ਕਾਬਲ ਦੀਆਂ ਸੰਗਤਾਂ ਨੇ ਵੀ ਦੱਸਿਆ ਕਿ ਠੀਕ ਉਸੇ ਦਿਨ ਭਾਈ ਗੋਂਦਾ ਜੀ ਵੀ ਕਾਬਲ ਵਿਚ ਸਾਰਾ ਦਿਨ ਸਮਾਧੀ ਵਿਚ ਲੀਨ ਹੋ ਕੇ ਬੈਠੇ ਰਹੇ ਸਨ। ਜੈਸਾ ਕਿ :

**ਸੁਨਿ ਦੁਹਿਦਿਸ਼ਿ ਕੇ ਸਭਿ ਬਿਰਤਾਂਤ। ਬਿਸਮੈ ਹੋਇ ਲਖਿ ਸਿੱਧਾਂਤ॥੪੩॥**
**ਸਤਿਗੁਰ ਮਹਿਮਾ ਮਹਾਂ ਮਹਾਨੇ। ਕਜਾ ਅਲਪੱਗਜ ਜੀਵ ਹਮ ਜਾਨੇਂ।**
**ਭਾਈ ਗੋਂਦੇ ਕੀ ਬਡਿਆਈ। ਭਈ ਅਧਿਕ ਸ੍ਰੀ ਮੁਖ ਤੇ ਗਾਈ॥੪੪॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੯, ਅੰਸੂ ੫)*

## ਅਵਰੁ ਨ ਜਾਨਸਿ, ਸਬਦੁ ਪਛਾਨਸਿ; ਅੰਤਰਿ ਜਾਣਿ ਪਛਾਤਾ ॥੧॥

ਜੋ ਅਵਰੁ = ਹੋਰ ਦ੍ਵੈਤ ਵਾਲੀ ਗੱਲ ਨੂੰ ਨਹੀਂ ਜਾਨਸਿ = ਜਾਣਦਾ, ਗੁਰਾਂ ਦੇ ਸਬਦੁ = ਉਪਦੇਸ਼ ਨੂੰ ਹੀ ਆਪਣਾ ਆਸਰਾ ਪਛਾਨਸਿ = ਪਛਾਣਦਾ ਹੈ ਅਤੇ ਆਪਣੇ ਹਿਰਦੇ ਅੰਤਰਿ = ਵਿਚ ਗਿਆਨ ਸਰੂਪ ਨੂੰ ਜਾਣ ਕੇ ਪਛਾਤਾ = ਪਛਾਣਿਆ ਹੈ **ਵਾ:** ਅੰਦਰ ਪਰਤਕ ਚੇਤਨ ਨੂੰ ਅਦ੍ਵੈਤ ਅਨੰਦ ਸਮਝ ਕੇ ਭੇਦ ਅਭੇਦ ਤੋਂ ਰਹਿਤ ਆਪਣਾ ਸਾਖੀ ਰੂਪ ਬ੍ਰਹਮ ਪਛਾਣ ਲਿਆ ਹੈ॥੧॥

## ਸੋ ਜਨੁ ਐਸਾ; ਮੈ ਮਨਿ ਭਾਵੈ ॥

ਸੋ = ਉਹ ਐਸਾ = ਅਜਿਹਾ ਜਨੁ = ਦਾਸ ਮੈ = ਮੇਰੇ ਮਨਿ = ਹਿਰਦੇ ਵਿਚ ਭਾਵੈ = ਭਾਉਂਦਾ ਹੈ।

## ਆਪੁ ਮਾਰਿ ਅਪਰੰਪਰਿ ਰਾਤਾ; ਗੁਰ ਕੀ ਕਾਰ ਕਮਾਵੈ ॥੧॥ਰਹਾਉ॥

ਜੋ ਆਪੁ = ਆਪਾ-ਭਾਵ (ਹੰਕਾਰ) ਮਾਰਿ = ਨਵਿਰਤ ਕਰਕੇ ਅਪਰੰਪਰਿ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਪਰਮਾਤਮਾ ਦੇ ਪ੍ਰੇਮ ਵਿਚ ਰਾਤਾ = ਰੰਗਿਆ ਰਹਿੰਦਾ ਹੈ ਅਤੇ ਗੁਰਾਂ ਕੀ = ਦੀ **ਵਾ:** ਗੁਰਾਂ ਦੀ ਦੱਸੀ ਹੋਈ ਕਾਰ = ਸੇਵਾ ਕਮਾਵੈ = ਕਮਾਉਣਾ ਕਰਦਾ ਹੈ॥੧॥ਰਹਾਉ॥

## ਅੰਤਰਿ ਬਾਹਰਿ ਪੁਰਖੁ ਨਿਰੰਜਨੁ; ਆਦਿ ਪੁਰਖੁ ਆਦੇਸੋ ॥

ਜੋ ਪਰਮਾਤਮਾ ਸਰੀਰਾਂ ਦੇ ਅੰਤਰਿ = ਵਿਚ ਸਾਖੀ ਰੂਪ, ਬਾਹਰ ਬ੍ਰਹਮੰਡ ਦਾ ਪ੍ਰਕਾਸ਼ਕ, ਸਭ ਥਾਈਂ ਪੁਰਖੁ = ਪੂਰਨ, ਨਿਰੰਜਨੁ = ਸ਼ੁੱਧ ਸਰੂਪ ਸਾਰੇ ਜਗਤ ਦਾ ਆਦਿ = ਮੁੱਢ ਸਰੂਪ ਤੇ ਪੁਰਖੁ = ਪੁਰਸ਼ਾਰਥ ਦੇਣ ਵਾਲਾ ਹੈ, ਉਸ ਨੂੰ ਜੋ ਮਨੁੱਖ ਆਦੇਸੋ = ਨਮਸਕਾਰ ਕਰਦਾ ਹੈ ਅਤੇ ਐਸਾ ਨਿਸਚਾ ਕਰਦਾ ਹੈ ਕਿ :

## ਘਟ ਘਟ ਅੰਤਰਿ, ਸਰਬ ਨਿਰੰਤਰਿ; ਰਵਿ ਰਹਿਆ ਸਚੁ ਵੇਸੋ ॥੨॥

ਉਹ ਪ੍ਰਭੂ ਘਟ ਘਟ = ਸਰੀਰਾਂ, ਹਿਰਦਿਆਂ ਦੇ ਅੰਤਰਿ = ਵਿਚ ਸਰਬ = ਸਭ ਥਾਵਾਂ ਵਿਚ ਨਿਰੰਤਰਿ = ਇਕ ਰਸ ਵਿਆਪਕ ਹੈ **ਵਾ:** ਚੌਹਾਂ ਖਾਣੀਆਂ ਦੇ ਘਟਾਂ-ਘਟਾਂ ਵਿਚ ਅੰਤਰਿ = ਫ਼ਰਕ ਹੈ ਪਰ ਉਹ ਪ੍ਰਭੂ ਇਨ੍ਹਾਂ ਦੇ ਅੰਤਰੇ ਤੋਂ ਰਹਿਤ ਸਰਬ = ਸਾਰਿਆਂ ਵਿਚ ਨਿਰੰਤਰਿ = ਇਕ ਰਸ ਵੱਸ ਰਿਹਾ ਹੈ, ਉਸ ਦਾ ਸਚੁ = ਸੱਚਾ ਵੇਸੋ = ਸਰੂਪ ਹੈ ਅਤੇ ਸਾਰੀਆਂ ਥਾਵਾਂ ਵਿਚ ਰਵਿ = ਵਿਆਪਕ ਹੋ ਰਿਹਾ ਹੈ॥੨॥

[ਅੰਗ ੧੧੨੭]

## ਸਾਚਿ ਰਤੇ, ਸਚੁ ਅੰਮ੍ਰਿਤੁ ਜਿਹਵਾ; ਮਿਥਿਆ ਮੈਲੁ ਨ ਰਾਈ ॥

ਜੋ ਮਨ ਕਰਕੇ ਸਾਚਿ = ਸੱਚੇ ਪ੍ਰਭੂ ਦੇ ਪ੍ਰੇਮ ਵਿਚ ਰਤੇ = ਰੰਗੇ ਹੋਏ ਹਨ ਅਤੇ ਜਿਹਵਾ = ਰਸਨਾ ਦੁਆਰਾ ਵੀ ਸਚੁ = ਸੱਚੇ ਨਾਮ ਅੰਮ੍ਰਿਤ ਨੂੰ ਪੀਂਦੇ ਹਨ, ਉਨ੍ਹਾਂ ਨੂੰ ਮਿਥਿਆ = ਝੂਠੇ ਪਦਾਰਥਾਂ ਦੀ ਰਾਈ = ਤਨਿਕ ਮਾਤ੍ਰ ਵੀ ਮੈਲੁ = ਮਲੀਨਤਾਈ ਨਹੀਂ ਰਹਿੰਦੀ।

## ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ; ਸਬਦਿ ਰਤੇ ਪਤਿ ਪਾਈ ॥੩॥

ਉਨ੍ਹਾਂ ਨੂੰ ਹੀ ਨਿਰਮਲ = ਉੱਜਲ ਕਰਨ ਵਾਲਾ ਪਰਮਾਤਮਾ ਦਾ ਅੰਮ੍ਰਿਤ ਰੂਪੀ ਨਾਮ ਰਸ ਚਾਖਿਆ = ਚੱਖਣਾ ਭਾਵ ਧਾਰਨਾ ਕੀਤਾ ਹੈ **ਵਾ**: ਉੱਜਲ ਨਾਮ ਦੁਆਰਾ ਬ੍ਰਹਮਾਨੰਦ ਰੂਪੀ ਰਸ ਚੱਖਣਾ ਕੀਤਾ ਹੈ, ਉਨ੍ਹਾਂ ਸਤਿਗੁਰਾਂ ਦੇ ਸਬਦਿ = ਉਪਦੇਸ਼ ਵਿਚ ਰਤੇ = ਰੰਗੇ ਹੋਇਆਂ ਨੇ ਲੋਕ-ਪ੍ਰਲੋਕ ਵਿਚ ਪਤਿ = ਇੱਜ਼ਤ ਪਾਈ = ਪਾਉਣਾ ਕੀਤੀ ਹੈ **ਵਾ**: ਪਤਿ = ਪਤੀ ਪਰਮਾਤਮਾ ਦੀ ਪ੍ਰਾਪਤੀ ਕੀਤੀ ਹੈ॥੩॥

## ਗੁਣੀ ਗੁਣੀ ਮਿਲਿ, ਲਾਹਾ ਪਾਵਸਿ; ਗੁਰਮੁਖਿ ਨਾਮਿ ਵਡਾਈ ॥

ਗੁਣੀ = ਗੁਣਵਾਨ ਸਤਿਗੁਰਾਂ ਨਾਲ ਸ਼ਰਧਾ ਆਦਿ ਗੁਣੀ = ਗੁਣਾਂ ਵਾਲੇ ਜਗਿਆਸੂ ਮਿਲ ਕਰਕੇ ਬ੍ਰਹਮਾਨੰਦ ਦੀ ਪ੍ਰਾਪਤੀ ਦਾ ਲਾਹਾ = ਲਾਭ ਪਾਵਸਿ = ਪਾਉਂਦੇ ਹਨ, ਉਹ ਗੁਰਮੁਖ ਨਾਮ ਕਰਕੇ **ਵਾ**: ਨਾਮੀ ਪਰਮਾਤਮਾ ਨੂੰ ਪਾਉਣ ਰੂਪੀ ਵਡਾਈ = ਵਡਿਆਈ ਪ੍ਰਾਪਤ ਕਰਦੇ ਹਨ।

## ਸਗਲੇ ਦੂਖ ਮਿਟਹਿ ਗੁਰ ਸੇਵਾ; ਨਾਨਕ ਨਾਮੁ ਸਖਾਈ ॥੪॥੫॥੬॥

ਇਸ ਪ੍ਰਕਾਰ ਗੁਰਾਂ ਦੀ ਸੇਵਾ = ਟਹਿਲ ਕਰਕੇ ਉਨ੍ਹਾਂ ਸੇਵਕਾਂ ਦੇ ਸਗਲੇ = ਸਾਰੇ ਦੂਖ = ਕਸ਼ਟ ਮਿਟਹਿ = ਮਿਟ ਜਾਂਦੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰਭੂ ਦਾ ਨਾਮ ਉਨ੍ਹਾਂ ਦਾ ਸਖਾਈ = ਸਹਾਇਤਾ ਕਰਨ ਵਾਲਾ ਮਿਤ੍ਰ ਰੂਪ ਹੈ॥੪॥੫॥੬॥

## ਭੈਰਉ ਮਹਲਾ ੧ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਆਪਣੇ ਮਨ ਦੇ ਪ੍ਰਥਾਏ ਸਭ ਜੀਵਾਂ ਨੂੰ ਪਰਮਾਤਮਾ ਦੀ ਭਗਤੀ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਹਿਰਦੈ ਨਾਮੁ ਸਰਬ ਧਨੁ ਧਾਰਣੁ; ਗੁਰਪਰਸਾਦੀ ਪਾਈਐ ॥

ਹਿਰਦੈ = ਮਨ ਵਿਚ ਸਰਬ = ਸਾਰਿਆਂ ਨੂੰ ਧਾਰਣੁ = ਆਸਰਾ ਦੇਣ ਵਾਲੇ ਪਰਮਾਤਮਾ ਦਾ ਨਾਮ ਰੂਪੀ ਧਨ ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਪਾਈਐ = ਪਾਉਣਾ ਕਰੀਦਾ ਹੈ।

## ਅਮਰ ਪਦਾਰਥ ਤੇ ਕਿਰਤਾਰਥ; ਸਹਜ ਧਿਆਨਿ ਲਿਵ ਲਾਈਐ ॥੧॥

ਜਿਨ੍ਹਾਂ ਨੇ ਅਮਰ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਨਾਮ ਰੂਪੀ ਪਦਾਰਥ ਪਾਇਆ ਹੈ, ਤੇ = ਉਹ ਕਿਰਤਾਰਥ = ਕ੍ਰਿਤ-ਕ੍ਰਿਤ, ਨਿਹਾਲ ਹੋ ਗਏ ਹਨ, ਇਸ ਲਈ ਹੇ ਭਾਈ! ਸਹਜ = ਸ਼ਾਂਤ ਸਰੂਪ ਪਰਮਾਤਮਾ ਦੇ ਧਿਆਨ ਵਿਚ ਲਿਵ = ਬਿਰਤੀ ਲਾਈਐ = ਲਾਉਣਾ ਕਰੀਏ॥੧॥

## ਮਨ ਰੇ; ਰਾਮ ਭਗਤਿ ਚਿਤੁ ਲਾਈਐ ॥

ਰੇ = ਹੇ ਮਨਾਂ ! ਰਾਮ = ਪਰਮਾਤਮਾ ਦੀ ਭਗਤਿ = ਭਗਤੀ ਵਿਚ ਚਿਤੁ = ਮਨ ਲਾਈਐ = ਲਾਉਣਾ ਕਰੀਏ।

## ਗੁਰਮੁਖਿ ਰਾਮ ਨਾਮੁ ਜਪਿ ਹਿਰਦੈ; ਸਹਜ ਸੇਤੀ ਘਰਿ ਜਾਈਐ ॥੧॥ਰਹਾਉ॥

ਗੁਰਮੁਖਿ = ਮੁਖੀ ਗੁਰਾਂ **ਵਾ:** ਗੁਰਮੁਖਾਂ ਦੀ ਸੰਗਤ ਕਰਕੇ ਹਿਰਦੈ = ਅੰਤਹਕਰਨ ਵਿਚ ਰਾਮ = ਪਰਮਾਤਮਾ ਦਾ ਨਾਮ ਜਪਿ = ਜਪਣਾ ਕਰੀਏ, ਇਸ ਪ੍ਰਕਾਰ ਸਹਜ = ਗਿਆਨ ਦੇ ਸੇਤੀ = ਨਾਲ ਸਰੂਪ ਰੂਪੀ ਘਰ ਵਿਚ ਜਾਈਐ = ਜਾਣਾ ਕਰੀਏ **ਵਾ:** ਸਹਜ ਸੇਤੀ = ਸ਼ਾਂਤੀ ਪੂਰਵਕ ਸਚਖੰਡ ਰੂਪੀ ਘਰ ਵਿਚ ਜਾਣਾ ਕਰੀਏ ॥੧॥ਰਹਾਉ॥

## ਭਰਮੁ ਭੇਦੁ ਭਉ, ਕਬਹੁ ਨ ਛੂਟਸਿ; ਆਵਤ ਜਾਤ ਨ ਜਾਨੀ ॥

ਪਰਮਾਤਮਾ ਦੀ ਪ੍ਰੀਤੀ ਤੋਂ ਬਿਨਾਂ ਪੰਜ ਪ੍ਰਕਾਰ ਦਾ ਭਰਮ, ਪੰਜ ਪ੍ਰਕਾਰ ਦਾ ਭੇਦ, ਸੱਤ ਪ੍ਰਕਾਰ ਦਾ ਭਉ = ਡਰ ਕਬਹੁ = ਕਦੇ ਵੀ ਛੂਟਸਿ = ਛੁੱਟਦਾ ਨਹੀਂ ਹੈ ਅਤੇ ਆਵਤ ਜਾਤ = ਆਉਣ ਜਾਣ ਭਾਵ ਜੰਮਣ-ਮਰਣ ਦੀ ਗਿਣਤੀ ਵੀ ਨਹੀਂ ਜਾਨੀ = ਜਾਣੀ ਜਾਂਦੀ **ਵਾ:** ਉਹ ਮਨੁੱਖ ਆਉਂਦਾ ਜਾਂਦਾ ਰਹਿੰਦਾ ਹੈ, ਪਰ ਉਸ ਨੇ ਪਰਮਾਤਮਾ ਦੀ ਭਗਤੀ ਨਹੀਂ ਜਾਨਣਾ ਕੀਤੀ।

## ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ; ਡੂਬਿ ਮੁਏ ਬਿਨੁ ਪਾਨੀ ॥੨॥

ਹਰਿ = ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਕੋ = ਕੋਈ ਵੀ ਮੁਕਤਿ = ਮੁਕਤੀ ਨਹੀਂ ਪਾਵਸਿ = ਪਾ ਸਕਦਾ, ਨਾਮ ਤੋਂ ਹੀਣੇ ਮਨੁੱਖ ਤਾਂ ਪਰਤੱਖ ਪਾਨੀ ਤੋਂ ਬਿਨੁ = ਬਗ਼ੈਰ ਹੀ ਪਦਾਰਥਾਂ ਰੂਪੀ ਪਾਨੀ ਵਿਚ ਡੂਬਿ = ਡੁੱਬ ਕੇ ਮੁਏ = ਮਰ ਗਏ ਹਨ ॥੨॥

## ਧੰਧਾ ਕਰਤ, ਸਗਲੀ ਪਤਿ ਖੋਵਸਿ; ਭਰਮੁ ਨ ਮਿਟਸਿ ਗਵਾਰਾ ॥

ਉਹ ਸੰਸਾਰਕ ਧੰਧਾ = ਕਾਰੋ-ਵਿਹਾਰ ਕਰਤ = ਕਰਦੇ ਹੋਏ ਆਪਣੀ ਸਗਲੀ = ਸਾਰੀ ਪਤਿ = ਇੱਜ਼ਤ ਖੋਵਸਿ = ਗੁਆ ਲੈਂਦੇ ਹਨ, ਉਨ੍ਹਾਂ ਗਵਾਰਾ = ਮੂਰਖਾਂ ਦਾ ਕਦੇ ਵੀ ਸਰੂਪ ਦਾ ਭਰਮ ਨਹੀਂ ਮਿਟਸਿ = ਮਿੱਟਦਾ।

## ਬਿਨੁ ਗੁਰ ਸਬਦ, ਮੁਕਤਿ ਨਹੀ ਕਬ ਹੀ; ਅੰਧੁਲੇ ਧੰਧੁ ਪਸਾਰਾ ॥੩॥

ਸਤਿਗੁਰਾਂ ਦੇ ਸਬਦ = ਉਪਦੇਸ਼ ਦੀ ਕਮਾਈ ਤੋਂ ਬਿਨੁ = ਬਗ਼ੈਰ ਕਬ ਹੀ = ਕਦੇ ਵੀ ਮੁਕਤਿ = ਮੁਕਤੀ ਨਹੀਂ ਪ੍ਰਾਪਤ ਹੋ ਸਕਦੀ, ਅੰਧੁਲੇ = ਅਗਿਆਨੀ ਜੀਵ ਧੰਧੁ = ਕਾਰੋ-ਵਿਹਾਰਾਂ ਦੇ ਪਸਾਰਾ = ਪਸਾਰੇ ਵਿਚ ਪਸਰੇ ਰਹਿੰਦੇ ਹਨ ॥੩॥

## ਅਕੁਲ ਨਿਰੰਜਨ ਸਿਉ ਮਨੁ ਮਾਨਿਆ; ਮਨ ਹੀ ਤੇ ਮਨੁ ਮੂਆ ॥

ਜਿਨ੍ਹਾਂ ਦਾ ਅਕੁਲ = ਕੁਲਾਂ ਤੋਂ ਰਹਿਤ ਤੇ ਨਿਰੰਜਨ = ਸ਼ੁੱਧ ਸਰੂਪ ਪਰਮਾਤਮਾ ਦੇ ਸਿਉ = ਨਾਲ ਮਨ ਮਾਨਿਆ = ਮੰਨ ਗਿਆ ਹੈ, ਉਨ੍ਹਾਂ ਦਾ ਮਨ ਗੁਰਾਂ ਦੇ ਮਨ = ਮੰਤ੍ਰ ਤੋਂ ਹੀ ਮੰਦੇ ਸੁਭਾਅ ਵਲੋਂ ਮੂਆ = ਮਰਿਆ ਹੈ **ਵਾ:** ਮਨ = ਸ਼ਿਰੋਮਣੀ ਪ੍ਰਭੂ ਦਾ ਨਿਸਚਾ ਕਰਕੇ ਹੀ ਮਨ ਦਾ ਮੰਦਾ ਸੁਭਾਅ ਮਰਿਆ ਹੈ।

## ਅੰਤਰਿ ਬਾਹਰਿ ਏਕੋ ਜਾਨਿਆ; ਨਾਨਕ ਅਵਰੁ ਨ ਦੂਆ ॥੪॥੬॥੭॥

ਉਨ੍ਹਾਂ ਨੇ ਹੀ ਸਰੀਰ ਦੇ ਅੰਤਰਿ = ਵਿਚ ਅਤੇ ਬਾਹਰ ਬ੍ਰਹਮੰਡ ਵਿਚ ਏਕੋ = ਅਦੁੱਤੀ ਪਰਮਾਤਮਾ ਨੂੰ ਵਿਆਪਕ ਜਾਨਿਆ = ਜਾਨਣਾ ਕੀਤਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਕਿ ਉਨ੍ਹਾਂ ਨੂੰ ਅਵਰੁ = ਹੋਰ ਕੋਈ ਦੂਆ = ਦੂਜਾ ਪ੍ਰਤੀਤ ਨਹੀਂ ਹੁੰਦਾ ॥੪॥੬॥੭॥

## ਭੈਰਉ ਮਹਲਾ ੧ ॥

ਇਸ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਨਾਮ ਸਿਮਰਨ ਤੋਂ ਬਿਨਾਂ ਸਾਧਨਾ ਦੀ ਨਿਸ਼ਫਲਤਾ ਦੱਸਦੇ ਹੋਏ ਸਕਾਮ ਕਰਮਾਂ ਵਿਚ ਲੱਗੇ ਹੋਏ ਜੀਵਾਂ ਨੂੰ ਉਪਦੇਸ਼ ਬਖ਼ਸ਼ਦੇ ਹਨ।

## ਜਗਨ ਹੋਮ, ਪੁੰਨ ਤਪ ਪੂਜਾ; ਦੇਹ ਦੁਖੀ, ਨਿਤ ਦੂਖ ਸਹੈ ॥

ਜਗਨ = ਯਗ ਕਰਨੇ, ਹੋਮ = ਹਵਨ, ਪੁੰਨ = ਸ਼ੁਭ ਸਮੇਂ ਕੀਤਾ ਗਿਆ ਦਾਨ, ਤਪ = ਤਪੱਸਿਆ ਤੇ ਪੂਜਾ ਆਦਿਕ ਬਾਹਰੀ ਸਾਧਨ ਕਰਨ ਨਾਲ ਦੇਹ = ਕਾਇਆ ਦੁਖੀ = ਦੁਖ ਦੇ ਸਹਿਤ ਹੀ ਰਹਿੰਦੀ ਹੈ ਅਤੇ ਨਿਤ = ਨਿਤਾਪ੍ਰਤੀ ਦੂਖ = ਦੁੱਖ ਹੀ ਸਹੈ = ਸਹਾਰਦੀ ਹੈ।

## ਰਾਮ ਨਾਮ ਬਿਨੁ, ਮੁਕਤਿ ਨ ਪਾਵਸਿ; ਮੁਕਤਿ ਨਾਮਿ ਗੁਰਮੁਖਿ ਲਹੈ ॥੧॥

ਰਾਮ = ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਕੋਈ ਵੀ ਮੁਕਤਿ = ਕਲਿਆਣ ਨਹੀਂ ਪਾਵਸਿ = ਪਾ ਸਕਦਾ, ਪਰਮਾਤਮਾ ਦੇ ਨਾਮ ਕਰਕੇ ਹੀ ਮੁਕਤਿ = ਕਲਿਆਣ ਦੀ ਪ੍ਰਾਪਤੀ ਹੋਣੀ ਹੈ, ਉਹ ਨਾਮ ਗੁਰਮੁਖਿ = ਮੁਖੀ ਗੁਰਾਂ ਦੁਆਰਾ ਲਹੈ = ਪ੍ਰਾਪਤ ਕਰੀਦਾ ਹੈ ॥੧॥

## ਰਾਮ ਨਾਮ ਬਿਨੁ; ਬਿਰਥੇ ਜਗਿ ਜਨਮਾ ॥

ਰਾਮ = ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਜਗਿ = ਸੰਸਾਰ ਵਿਚ ਮਨੁੱਖਾ ਜਨਮ ਬਿਰਥੇ = ਨਿਸਫਲ ਹੀ ਹੈ।

## ਬਿਖੁ ਖਾਵੈ, ਬਿਖੁ ਬੋਲੀ ਬੋਲੈ; ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ਰਹਾਉ॥

ਉਹ ਜੀਵ ਬਿਖੁ = ਵਿਹੁ ਰੂਪੀ ਮਾਇਆ, ਵਿਸ਼ਿਆਂ ਭੋਗਣ ਰੂਪ ਨੂੰ ਖਾਵੈ = ਖਾਂਦਾ ਹੈ ਤੇ ਬਿਖੁ = ਵਿਹੁ ਰੂਪੀ ਕੌੜੀ, ਵਿਸ਼ਿਆਂ ਵਾਲੀ ਬੋਲੀ ਬੋਲੈ = ਬੋਲਦਾ ਹੈ, ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਉਸ ਦਾ ਜਨਮ ਨਿਹਫਲੁ = ਵਿਅਰਥ ਹੈ ਅਤੇ ਉਸ ਨੇ ਮਰ ਕੇ ਵੀ ਜੂਨਾਂ ਵਿਚ ਭ੍ਰਮਨਾ = ਭਟਕਣਾ ਹੁੰਦਾ ਹੈ ॥੧॥ਰਹਾਉ॥

## ਪੁਸਤਕ ਪਾਠ ਬਿਆਕਰਣ ਵਖਾਣੈ; ਸੰਧਿਆ ਕਰਮ ਤਿਕਾਲ ਕਰੈ ॥

ਜੀਵ ਅਨੇਕਾਂ ਪੁਸਤਕਾਂ ਦਾ ਪਾਠ = ਪਠਨ ਭਾਵ ਪੜ੍ਹਨਾ ਕਰਦਾ ਹੈ, ਵਿਆਕਰਣ ਆਦਿ ਵਖਾਣੈ = ਕਥਨ ਕਰਦਾ ਹੈ, ਤਿਕਾਲ = ਤਿੰਨ ਕਾਲ ਸੰਧਿਆ ਆਦਿ ਕਰਮਾਂ ਨੂੰ ਕਰੈ = ਕਰਦਾ ਹੈ **ਵਾ:** ਤਿਕਾਲ = ਤਿੰਨ ਪਦਾਂ ਵਾਲੀ ਗਾਇਤ੍ਰੀ ਆਦਿਕ ਦਾ ਉਚਾਰਣਾ ਕਰਦਾ ਹੈ।

## ਬਿਨੁ ਗੁਰ ਸਬਦ, ਮੁਕਤਿ ਕਹਾ ਪ੍ਰਾਣੀ; ਰਾਮ ਨਾਮ ਬਿਨੁ ਉਰਝਿ ਮਰੈ ॥੨॥

ਗੁਰੂ ਸਾਹਿਬ ਜੀ ਦੇ ਸਬਦ = ਉਪਦੇਸ਼ ਨੂੰ ਕਮਾਏ ਤੋਂ ਬਿਨੁ = ਬਗ਼ੈਰ ਪ੍ਰਾਣੀ = ਪ੍ਰਾਣਾਧਾਰੀ ਜੀਵ

ਕਹਾ = ਕਿਥੇ ਮੁਕਤਿ = ਕਲਿਆਣ ਨੂੰ ਪ੍ਰਾਪਤ ਹੋ ਸਕਦਾ ਹੈ ਭਾਵ ਨਹੀਂ ਮੁਕਤ ਹੋ ਸਕਦਾ, ਰਾਮ = ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਜੀਵ ਕਰਮਕਾਂਡਾਂ ਦੀ ਹੰਗਤਾ ਵਿਚ ਹੀ ਉਰਝਿ = ਫਸ ਕੇ ਮਰ ਜਾਂਦਾ ਹੈ ॥੨॥

## ਡੰਡ ਕਮੰਡਲ, ਸਿਖਾ ਸੂਤੁ ਧੋਤੀ; ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥

ਜੀਵ ਜੋਗੀ ਬਣ ਕੇ ਹੱਥ ਵਿਚ ਡੰਡ = ਡੰਡਾ, ਕਮੰਡਲ = ਕਾਠ ਦਾ ਪਾਤਰ ਫੜ ਲੈਂਦਾ ਹੈ, ਬ੍ਰਹਮਣ ਬਣ ਕੇ ਸਿਰ ਉੱਪਰ ਸਿਖਾ = ਬੋਦੀ ਧਾਰਨ ਕਰਦਾ ਹੈ, ਗਲ ਵਿਚ ਸੂਤੁ = ਜਨੇਊ ਤੇ ਤੇੜ ਧੋਤੀ ਬੰਨ੍ਹ ਲੈਂਦਾ ਹੈ, ਬ੍ਰਹਮਚਾਰੀ ਬਣ ਕੇ ਤੀਰਥਾਂ ਤੇ ਗਵਨੁ = ਜਾਣਾ ਕਰਦਾ ਹੈ ਅਤੇ ਸੰਨਿਆਸੀ ਬਣ ਕੇ ਅਤਿ = ਅਤਿਅੰਤ ਹੀ ਭ੍ਰਮਨਾ ਕਰੈ = ਕਰਦਾ ਰਹਿੰਦਾ ਹੈ।

## ਰਾਮ ਨਾਮ ਬਿਨੁ, ਸਾਂਤਿ ਨ ਆਵੈ; ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥

ਪਰ ਰਾਮ = ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਸਾਂਤਿ = ਸ਼ਾਂਤੀ ਨਹੀਂ ਆਵੈ = ਆਉਂਦੀ, ਜੋ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਹਰੀ ਦਾ ਨਾਮ ਜਪਦਾ ਹੈ, ਸੁ = ਉਹੋ ਹੀ ਇਸ ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤੀ ਰੂਪੀ ਕਿਨਾਰੇ 'ਤੇ ਪਰੈ = ਪੈਂਦਾ, ਪਹੁੰਚਦਾ ਹੈ ॥੩॥

## ਜਟਾ ਮੁਕਟੁ, ਤਨਿ ਭਸਮ ਲਗਾਈ; ਬਸਤ੍ਰ ਛੋਡਿ ਤਨਿ ਨਗਨੁ ਭਇਆ ॥

ਭਾਵੇਂ ਕੋਈ ਜਟਾ ਮੁਕਟੁ = ਜਟਾਵਾਂ ਦਾ ਜੂੜਾ ਕਰਕੇ ਤਨਿ = ਸਰੀਰ ਉੱਪਰ ਭਸਮ = ਸੁਆਹ ਲਗਾਈ = ਲਾਈ ਜਾਵੇ ਅਤੇ ਬਸਤ੍ਰ = ਕੱਪੜਿਆਂ ਨੂੰ ਛੋਡਿ = ਛੱਡ ਕੇ ਤਨਿ = ਸਰੀਰ ਕਰਕੇ ਨਗਨੁ = ਨੰਗਾ ਭਇਆ = ਹੋ ਗਿਆ ਹੋਵੇ।

## ਰਾਮ ਨਾਮ ਬਿਨੁ, ਤ੍ਰਿਪਤਿ ਨ ਆਵੈ; ਕਿਰਤ ਕੈ ਬਾਂਧੈ ਭੇਖੁ ਭਇਆ ॥੪॥

ਪਰ ਰਾਮ = ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਆਤਮਿਕ ਤ੍ਰਿਪਤਿ = ਤ੍ਰਿਪਤੀ ਨਹੀਂ ਆਵੈ = ਆਉਂਦੀ, ਕਿਰਤ = ਕਰਮਾਂ ਕੈ = ਦੇ ਬਾਂਧੇ = ਬੰਨ੍ਹੇ ਹੋਣੇ ਦਾ ਇਹ ਭੇਖੁ = ਲਿਬਾਸ ਧਾਰਨ ਕੀਤਾ ਭਇਆ = ਹੋਇਆ ਹੈ ॥੪॥

## ਜੇਤੇ ਜੀਅ ਜੰਤ, ਜਲਿ ਥਲਿ ਮਹੀਅਲਿ; ਜਤ੍ਰ ਕਤ੍ਰ ਤੂ ਸਰਬ ਜੀਆ ॥

ਹੇ ਪ੍ਰਭੂ ! ਜੇਤੇ = ਜਿਤਨੇ ਵੀ ਛੋਟੇ-ਵੱਡੇ ਜੀਵ ਜੰਤ ਜਲਿ = ਪਾਣੀ ਵਾਲੀਆਂ ਥਾਂਵਾਂ 'ਤੇ ਥਲਿ = ਖ਼ੁਸ਼ਕ ਥਾਂਵਾਂ ਮਹੀਅਲਿ = ਵਿਚ ਵੱਸਦੇ ਹਨ, ਜਤ੍ਰ = ਜਿਥੇ ਕਤ੍ਰ = ਕਿਥੇ ਵੀ ਤੂੰ ਸਰਬ = ਸਾਰਿਆਂ ਜੀਆ = ਜੀਵਾਂ ਅੰਦਰ ਵਿਆਪਕ ਹੈਂ **ਵਾ:** ਸਭਨਾਂ ਦੀ ਪਾਲਣਾ ਕਰਦਾ ਹੈਂ।

## ਗੁਰਪਰਸਾਦਿ, ਰਾਖਿ ਲੇ ਜਨ ਕਉ;
## ਹਰਿ ਰਸੁ ਨਾਨਕ ਝੋਲਿ ਪੀਆ ॥੫॥੭॥੮॥

ਗੁਰਾਂ ਦੀ ਪਰਸਾਦਿ = ਕਿਰਪਾ ਦੁਆਰਾ ਮੈਂ ਜਨ = ਦਾਸ ਕਉ = ਨੂੰ ਆਪਣੀ ਸ਼ਰਨ ਵਿਚ ਰਾਖਿ = ਰੱਖ ਲੇ = ਲੈਣਾ ਕਰ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਹਰੀ ! ਤੇਰੇ ਨਾਮ ਰਸ ਦੇ ਤਾਈਂ ਮੈਂ ਸੰਗਤ ਵਿਚ ਝੋਲਿ = ਵਿਚਾਰ ਕੇ ਪੀਆ = ਪੀਣਾ ਕਰਦਾ ਹਾਂ **ਵਾ:** ਵਿਚਾਰ ਕਰਨ ਰੂਪ ਝੋਲਿ = ਝੱਲ ਮਾਰਨਾ ਕਰਦਾ ਹਾਂ ॥੫॥੭॥੮॥

# ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਰਾਗੁ ਭੈਰਉ ਦੇ ਅੰਦਰ ਮਹਲਾ ੩ = ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪਹਿਲੇ ਘਰੁ = ਸੁਰਤਾਲ ਵਿਚ ਚਉਪਦੇ = ਚਾਰ-ਚਾਰ ਪਦਿਆਂ ਵਾਲੇ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓਁ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਪਾਸ ਕੁਝ ਬ੍ਰਾਹਮਣ ਆਏ, ਉਨ੍ਹਾਂ ਨੇ ਆਪਣੇ ਆਪ ਨੂੰ ਸਭ ਤੋਂ ਸ੍ਰੇਸ਼ਟ ਕਥਨ ਕਰਦਿਆਂ ਆਪਣੀ ਜਾਤ ਦਾ ਹੰਕਾਰ ਕੀਤਾ, ਤਦੋਂ ਉਨ੍ਹਾਂ ਦੀ ਜਾਤ ਦਾ ਹੰਕਾਰ ਤੋੜਨ ਲਈ ਸਤਿਗੁਰੂ ਜੀ ਪਰਮ ਪਵਿੱਤਰ ਉਪਦੇਸ਼ ਕਥਨ ਕਰਦੇ ਹਨ :

## ਜਾਤਿ ਕਾ ਗਰਬੁ; ਨ ਕਰੀਅਹੁ ਕੋਈ ॥
## ਬ੍ਰਹਮੁ ਬਿੰਦੇ; ਸੋ ਬ੍ਰਾਹਮਣੁ ਹੋਈ ॥੧॥

ਹੇ ਭਾਈ ! ਆਪਣੀ ਜਾਤਿ = ਜਾਤੀ, ਬੁੱਧ ਕਾ = ਦਾ ਗਰਬੁ = ਹੰਕਾਰ ਕੋਈ ਵੀ ਨਾ ਕਰੀਅਹੁ = ਕਰੋ। ਕਿਉਂਕਿ ਜੋ ਬ੍ਰਹਮੁ = ਪਰਮਾਤਮਾ ਨੂੰ ਬਿੰਦੇ = ਜਾਣ ਲੈਂਦਾ ਹੈ, ਸੋ = ਉਹੋ ਹੀ ਅਸਲ ਬ੍ਰਾਹਮਣ ਹੋਈ = ਹੋ ਸਕਦਾ ਹੈ ॥੧॥

## ਜਾਤਿ ਕਾ ਗਰਬੁ ਨ ਕਰਿ; ਮੂਰਖ ਗਵਾਰਾ ॥

ਹੇ ਸ਼ਾਸਤ੍ਰ ਗਿਆਨ ਤੋਂ ਰਹਿਤ ਮੂਰਖ = ਮੂੜ ਤੇ ਪਰਮਾਰਥ ਤੋਂ ਰਹਿਤ ਗਵਾਰਾ = ਬੇ-ਸਮਝ ਜੀਵ ! ਤੂੰ ਆਪਣੀ ਜਾਤਿ = ਜਾਤੀ, ਬੁੱਧ ਦਾ ਗਰਬੁ = ਹੰਕਾਰ ਨਾ ਕਰ।

[ਅੰਗ ੧੧੨੮]

## ਇਸੁ ਗਰਬ ਤੇ; ਚਲਹਿ ਬਹੁਤੁ ਵਿਕਾਰਾ ॥੧॥ਰਹਾਉ॥

ਇਸ ਗਰਬ = ਹੰਕਾਰ ਕਰਨ ਤੇ = ਤੋਂ ਹਿਰਦੇ ਅੰਦਰ ਕਾਮ ਕ੍ਰੋਧ ਰੂਪੀ ਬਹੁਤ ਵਿਕਾਰ ਚਲਹਿ = ਚੱਲਣ ਲੱਗ ਪੈਂਦੇ ਹਨ ॥੧॥ਰਹਾਉ॥

## ਚਾਰੇ ਵਰਨ; ਆਖੈ ਸਭੁ ਕੋਈ ॥ ਬ੍ਰਹਮੁ ਬਿੰਦੁ ਤੇ; ਸਭ ਓਪਤਿ ਹੋਈ ॥੨॥

ਹੇ ਭਾਈ ! ਖੱਤ੍ਰੀ, ਬ੍ਰਾਹਮਣ, ਸ਼ੂਦ, ਵੈਸ਼ ਇਹ ਚਾਰੇ ਵਰਨ ਸਭੁ = ਸਾਰੇ ਕੋਈ ਭਿੰਨ ਭਿੰਨ ਆਖੈ = ਕਹਿੰਦੇ ਹਨ।

ਪਰ ਬ੍ਰਹਮੁ = ਪਰਮਾਤਮਾ ਦੀ ਜੋਤ ਰੂਪੀ ਬਿੰਦੁ = ਅੰਸ਼ ਤੇ = ਤੋਂ ਹੀ ਸਭ = ਸਾਰਿਆਂ ਦੀ ਓਪਤਿ = ਉਤਪਤੀ ਹੋਈ ਹੈ **ਵਾ:** ਬ੍ਰਹਮ ਦੀ ਬਿੰਦੁ = ਬੂੰਦ ਭਾਵ ਪਾਣੀ ਤੋਂ ਸਭ ਦੀ ਉਤਪਤੀ ਹੋਈ ਹੈ **ਵਾ:** ਇਹ ਬਿੰਦੁ = ਜਾਨਣਾ ਕਰੋ ਕਿ ਉਸ ਬ੍ਰਹਮ ਤੋਂ ਹੀ ਸਭ ਦੀ ਪੈਦਾਇਸ਼ ਹੋਈ ਹੈ **ਵਾ:** ਬ੍ਰਹਮ ਦੇ ਜਾਨਣ ਕਰਕੇ ਬ੍ਰਾਹਮਣਪੁਣੇ ਦੀ ਪੈਦਾਇਸ਼ ਹੁੰਦੀ ਹੈ ॥੨॥

## ਮਾਟੀ ਏਕ; ਸਗਲ ਸੰਸਾਰਾ ॥ ਬਹੁ ਬਿਧਿ; ਭਾਂਡੇ ਘੜੈ ਕੁਮ੍ਹਾਰਾ ॥੩॥

ਇਹ ਸਗਲ = ਸਾਰਾ ਸੰਸਾਰਾ = ਜਗਤ ਪੰਜਾਂ ਤੱਤਾਂ ਦੀ ਇਕ ਮਿੱਟੀ ਤੋਂ ਹੀ ਬਣਿਆ ਹੋਇਆ ਹੈ।

ਜਿਵੇਂ ਇਕ ਮਿੱਟੀ ਤੋਂ ਬਹੁ = ਬਹੁਤ ਬਿਧਿ = ਤਰ੍ਹਾਂ ਕਰਕੇ ਕੁਮ੍ਹਾਰਾ = ਘੁਮਿਆਰ ਭਾਂਡੇ = ਬਰਤਨ ਘੜੈ = ਘੜਦਾ, ਬਣਾਉਂਦਾ ਹੈ, ਏਸੇ ਪ੍ਰਕਾਰ ਈਸ਼ਰ ਰੂਪ ਘੁਮਿਆਰ ਨੇ ਪੰਜਾਂ ਤੱਤਾਂ ਦੀ ਮਿੱਟੀ ਤੋਂ ਰਾਜਸੀ, ਤਾਮਸੀ, ਸਾਂਤਕੀ ਸੁਭਾਵਾਂ ਵਾਲੇ **ਵਾ:** ਚਾਰੇ ਖਾਣੀਆਂ ਵਾਲੇ ਅਨੇਕਾਂ ਜੀਵਾਂ ਰੂਪੀ ਭਾਂਡੇ ਘੜਨਾ ਕੀਤੇ ਹਨ ॥੩॥

## ਪੰਚ ਤਤੁ ਮਿਲਿ; ਦੇਹੀ ਕਾ ਆਕਾਰਾ ॥
## ਘਟਿ ਵਧਿ; ਕੋ ਕਰੈ ਬੀਚਾਰਾ ॥੪॥

ਇਨ੍ਹਾਂ ਪੰਚ ਤਤੁ = ਪੰਜ ਤੱਤਾਂ ਨੂੰ (ਪੱਚੀ ਪ੍ਰਕਿਰਤੀਆਂ ਵਿਚ) ਮਿਲਿ = ਮੇਲ ਕੇ ਇਸ ਸਥੂਲ ਦੇਹੀ = ਸਰੀਰ ਕਾ = ਦਾ ਆਕਾਰਾ = ਅਕਾਰ, ਢਾਂਚਾ ਬਣਾਉਣਾ ਕੀਤਾ ਹੈ ਭਾਵ ਅਵਿੱਦਿਆ ਕਰਕੇ ਜੀਵਾਂ ਦੇ ਕਾਰਣ ਸਰੀਰ ਹਨ, ਸਤਾਰਾਂ ਸੂਖਮ ਤੱਤਾਂ (ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਸੂਖਮ ਤਤ, ਮਨ ਤੇ ਬੁੱਧ) ਦਾ ਸੂਖਮ ਸਰੀਰ ਅਤੇ ਪੰਜ ਤੱਤਾਂ ਨੂੰ ਪੱਚੀ ਹਿੱਸਿਆਂ ਵਿਚ ਵੰਡ ਕੇ ਪੱਚੀ ਪ੍ਰਕ੍ਰਿਤੀਆਂ ਦੁਆਰਾ ਅਸਥੂਲ ਸਰੀਰ ਰਚਣਾ ਕੀਤੇ ਹਨ।

ਇਸ ਵਿਚ ਘੱਟ ਵੱਧ ਕਰਕੇ ਕੋ = ਕਿਹੜਾ ਬਿਚਾਰਾ = ਨਿਰਣਾ ਕਰੈ = ਕਰ ਸਕਦਾ ਹੈ ਭਾਵ ਕਿ ਇਹ ਕੌਣ ਕਹਿ ਸਕਦਾ ਹੈ ਕਿ ਕਿਸੇ ਵਰਨ ਵਿਚ ਥੋੜ੍ਹੇ ਤੱਤ ਹਨ, ਭਾਵ ਕੋਈ ਨਹੀਂ ਆਖ ਸਕਦਾ ॥੪॥

## ਕਹਤੁ ਨਾਨਕ; ਇਹੁ ਜੀਉ ਕਰਮ ਬੰਧੁ ਹੋਈ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹੁ = ਇਹ ਜੀਉ = ਜੀਵ ਤਾਂ ਕਰਮਾਂ ਦਾ ਬੰਧੁ = ਬੱਝਿਆ ਹੋਈ = ਹੋਇਆ ਹੈ।

## ਬਿਨੁ ਸਤਿਗੁਰ ਭੇਟੇ; ਮੁਕਤਿ ਨ ਹੋਈ ॥੫॥੧॥

ਸਤਿਗੁਰੂ ਸਾਹਿਬ ਜੀ ਦੇ ਭੇਟੇ = ਮਿਲਣ ਤੋਂ ਬਿਨੁ = ਬਗ਼ੈਰ ਇਨ੍ਹਾਂ ਕਰਮਾਂ, ਬੰਧਨਾਂ ਤੋਂ ਮੁਕਤੀ ਦੀ ਪ੍ਰਾਪਤੀ ਨਹੀਂ ਹੋਈ = ਹੁੰਦੀ ॥੫॥੧॥

## ਭੈਰਉ ਮਹਲਾ ੩ ॥

ਇਸ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਪਰਮਾਦਤਾਈ ਦੀ ਨੀਂਦ ਵਿਚ ਸੁੱਤੇ ਹੋਇਆਂ ਦੀ ਹਾਲਤ ਦੱਸ ਕੇ ਗਿਆਨ ਜਾਗਰਤ ਵਿਚ ਜਾਗਣ ਵਾਲਿਆਂ ਬਾਬਤ ਉਪਦੇਸ਼ ਕਥਨ ਕਰਦੇ ਹਨ।

## ਜੋਗੀ ਗ੍ਰਿਹੀ; ਪੰਡਿਤ ਭੇਖਧਾਰੀ ॥ ਏ ਸੂਤੇ; ਅਪਣੈ ਅਹੰਕਾਰੀ ॥੧॥

ਜੋ ਜੋਗੀ = ਯੋਗ ਮਤ ਵਾਲੇ, ਸਿੱਧ ਆਦਿ, ਗ੍ਰਿਹੀ = ਗ੍ਰਿਹਸਥੀ, ਪੰਡਿਤ = ਵਿਦਵਾਨ ਅਤੇ ਭੇਖਧਾਰੀ = ਭੇਖਾਂ ਨੂੰ ਧਾਰਨ ਵਾਲੇ ਹਨ।

ਏ = ਇਹ ਸਾਰੇ ਹੀ ਅਪਣੈ = ਆਪੋ-ਆਪਣੇ ਅਹੰਕਾਰੀ = ਅਭਿਮਾਨ ਵਿਚ ਹੀ ਸੂਤੇ = ਸੁੱਤੇ ਹੋਏ ਹਨ **ਵਾ:** ਹੰਕਾਰ ਕਰਕੇ ਮੋਹ, ਅਗਿਆਨ ਦੀ ਨੀਂਦ ਵਿਚ ਸੁੱਤੇ ਹੋਏ ਹਨ ॥੧॥

## ਮਾਇਆ ਮਦਿ ਮਾਤਾ; ਰਹਿਆ ਸੋਇ ॥ ਜਾਗਤੁ ਰਹੈ; ਨ ਮੂਸੈ ਕੋਇ ॥੧॥ਰਹਾਉ॥

ਇਹ ਜੀਵ ਮਾਇਆ ਦੇ ਮਦਿ = ਨਸ਼ੇ ਵਿਚ ਮਾਤਾ = ਮਸਤ ਹੋਇਆ ਅਵਿੱਦਿਆ ਦੀ ਨੀਂਦ ਵਿਚ ਸੋਇ = ਸੌਂ ਰਹਿਆ = ਰਿਹਾ ਹੈ।

ਪਰ ਜੋ ਜਾਗਤ = ਜਾਗਦਾ ਰਹੈ = ਰਹਿੰਦਾ ਹੈ, ਉਹ ਕੋਇ = ਕੋਈ ਚੋਰਾਂ ਕਰਕੇ ਮੂਸੈ = ਲੁੱਟਿਆ ਨਹੀਂ ਜਾਂਦਾ **ਵਾ:** ਜੋ ਗਿਆਨ ਅਵਸਥਾ ਵਿਚ ਜਾਗਦਾ ਰਹਿੰਦਾ ਹੈ, ਉਹ ਕੋਈ ਕਾਮ ਕ੍ਰੋਧ ਰੂਪੀ ਚੋਰਾਂ ਕਰਕੇ ਲੁੱਟਿਆ ਨਹੀਂ ਜਾਂਦਾ॥੧॥ਰਹਾਉ॥

## ਸੋ ਜਾਗੈ; ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ; ਓਹੁ ਵਸਗਤਿ ਕਰੈ ॥੨॥

ਪਰ ਗਿਆਨ ਅਵਸਥਾ ਵਿਚ ਸੋ = ਉਹੋ ਹੀ ਜਾਗੈ = ਜਾਗਦਾ ਹੈ, ਜਿਸ ਨੂੰ ਸਤਿਗੁਰੂ ਮਿਲੈ = ਮਿਲਦਾ ਹੈ। ਫੇਰ ਪੰਚ ਦੂਤ = ਪੰਜ ਕਾਮ ਕ੍ਰੋਧ ਰੂਪੀ ਵੈਰੀਆਂ ਨੂੰ ਉਹ ਮਨੁੱਖ ਆਪਣੇ ਵਸਗਤਿ = ਅਧੀਨ ਕਰੈ = ਕਰ ਲੈਂਦਾ ਹੈ **ਵਾ:** ਇਨ੍ਹਾਂ ਵਿਕਾਰਾਂ ਦੀ ਗਤਿ = ਚਾਲ ਆਪਣੇ ਵੱਸ ਵਿਚ ਕਰ ਲੈਂਦਾ ਹੈ॥੨॥

## ਸੋ ਜਾਗੈ; ਜੋ ਤਤੁ ਬੀਚਾਰੈ ॥ ਆਪਿ ਮਰੈ; ਅਵਰਾ ਨਹ ਮਾਰੈ ॥੩॥

ਸੋ = ਉਹੋ ਹੀ ਗਿਆਨ ਅਵਸਥਾ ਵਿਚ ਜਾਗੈ = ਜਾਗਦਾ ਹੈ, ਜੋ = ਜਿਹੜਾ ਤੱਤ ਸਰੂਪ ਦੀ ਬੀਚਾਰੈ = ਵਿਚਾਰ ਕਰਦਾ ਹੈ ਅਤੇ ਆਪ ਦੇਹ ਅਭਿਮਾਨ ਵੱਲੋਂ ਮਰੈ = ਮਰਦਾ ਹੈ ਤੇ ਅਵਰਾ = ਹੋਰਨਾਂ ਨੂੰ ਦੁੱਖ ਦੇਣ ਰੂਪ ਨਹੀਂ ਮਾਰੈ = ਮਾਰਦਾ॥੩॥

## ਸੋ ਜਾਗੈ; ਜੋ ਏਕੋ ਜਾਣੈ ॥ ਪਰਕਿਰਤਿ ਛੋਡੈ; ਤਤੁ ਪਛਾਣੈ ॥੪॥

ਸੋ = ਉਹੋ ਹੀ ਮਨੁੱਖ ਗਿਆਨ ਅਵਸਥਾ ਵਿਚ ਜਾਗੈ = ਜਾਗਦਾ ਹੈ, ਜੋ = ਜਿਹੜਾ ਗੁਰਾਂ ਦੁਆਰਾ ਏਕੋ = ਇਕ ਪਰਮਾਤਮਾ ਨੂੰ ਸਭਨਾਂ ਵਿਚ ਵਿਆਪਕ ਜਾਣੈ = ਜਾਣ ਲੈਂਦਾ ਹੈ।

ਫੇਰ ਪਰਕਿਰਤਿ = ਮਾਇਆ ਦੀ ਵਾਸ਼ਨਾ ਛੋਡੈ = ਛੱਡ ਕਰਕੇ ਤੱਤ ਸਰੂਪ ਨੂੰ ਪਛਾਣੈ = ਪਛਾਣਦਾ ਹੈ॥੪॥

## ਚਹੁ ਵਰਨਾ ਵਿਚਿ; ਜਾਗੈ ਕੋਇ ॥ ਜਮੈ ਕਾਲੈ ਤੇ; ਛੂਟੈ ਸੋਇ ॥੫॥

ਵਰਨਾ = ਚਾਰ ਵਰਨ (ਬ੍ਰਾਹਮਣ, ਖੱਤਰੀ, ਸੂਦ, ਵੈਸ਼) ਵਿੱਚੋਂ ਕੋਇ = ਕੋਈ ਵਿਰਲਾ ਹੀ ਗਿਆਨ ਅਵਸਥਾ ਵਿਚ ਜਾਗੈ = ਜਾਗਦਾ ਹੈ।

ਜੋ ਜਾਗ ਪੈਂਦਾ ਹੈ, ਸੋਇ = ਉਹ ਕਾਲੈ = ਕਾਲ ਕਰਨ ਵਾਲੇ ਜਮੈ = ਯਮਰਾਜ ਤੋਂ ਛੂਟੈ = ਛੁੱਟ ਜਾਂਦਾ ਹੈ॥੫॥

## ਕਹਤ ਨਾਨਕ; ਜਨੁ ਜਾਗੈ ਸੋਇ ॥
## ਗਿਆਨ ਅੰਜਨੁ; ਜਾ ਕੀ ਨੇਤ੍ਰੀ ਹੋਇ ॥੬॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋਇ = ਉਹ ਮਨੁੱਖ ਹੀ ਅਵਿੱਦਿਆ, ਮੋਹ ਦੀ ਨੀਂਦ ਤੋਂ ਜਾਗੈ = ਜਾਗਦਾ ਹੈ।

ਜਾ = ਜਿਸ ਕੀ = ਦੀਆਂ ਮਨ ਬੁੱਧ ਰੂਪੀ ਨੇਤ੍ਰੀ = ਅੱਖਾਂ ਵਿਚ ਜਗਤ ਰੂਪੀ ਸਲਾਈਆਂ ਨਾਲ ਗਿਆਨ ਰੂਪੀ ਅੰਜਨੁ = ਸੁਰਮਾ ਪਿਆ ਹੋਇ = ਹੁੰਦਾ ਹੈ॥੬॥੨॥

## ਭੈਰਉ ਮਹਲਾ ੩ ॥

## ਜਾ ਕਉ ਰਾਖੈ; ਅਪਣੀ ਸਰਣਾਈ ॥ ਸਾਚੇ ਲਾਗੈ; ਸਾਚਾ ਫਲੁ ਪਾਈ ॥੧॥

ਹੇ ਭਾਈ ! ਜਾ = ਜਿਸ ਮਨੁੱਖ ਕਉ = ਨੂੰ ਪ੍ਰਭੂ ਆਪਣੀ = ਆਪਦੀ ਸਰਣਾਈ = ਸ਼ਰਨ ਵਿਚ ਰਾਖੈ = ਰੱਖਦਾ ਹੈ।

ਉਹ ਸਾਚੇ = ਸੱਚੇ ਨਾਮ ਦੇ ਜਪਣ ਵਿਚ ਲਾਗੈ = ਲੱਗਾ ਹੈ ਅਤੇ ਸਾਚਾ = ਸੱਚਾ ਬ੍ਰਹਮ ਗਿਆਨ ਰੂਪੀ ਫਲ ਪਾਈ = ਪਾਉਣਾ ਕਰਦਾ ਹੈ॥੧॥

## ਰੇ ਜਨ; ਕੈ ਸਿਉ ਕਰਹੁ ਪੁਕਾਰਾ ॥
## ਹੁਕਮੇ ਹੋਆ; ਹੁਕਮੇ ਵਰਤਾਰਾ ॥੧॥ਰਹਾਉ॥

ਰੇ = ਹੇ ਜਨ = ਪੁਰਖਾ! ਪ੍ਰਭੂ ਤੋਂ ਬਿਨਾਂ ਹੋਰ ਕੈ = ਕਿਸ ਦੇਵੀ ਦੇਵਤਿਆਂ ਦੇ ਸਿਉ = ਕੋਲ ਪੁਕਾਰਾ = ਫ਼ਰਿਆਦ ਕਰਹੁ = ਕਰਦਾ ਹੈਂ।

ਇਹ ਪਰਮਾਤਮਾ ਦੇ ਹੁਕਮੇ = ਹੁਕਮ ਵਿਚ ਹੀ ਸਾਰਾ ਸੰਸਾਰ ਪੈਦਾ ਹੋਆ = ਹੋਇਆ ਪਿਆ ਹੈ ਅਤੇ ਹੁਕਮੇ = ਹੁਕਮ ਵਿਚ ਸਾਰਾ ਵਰਤਾਰਾ ਵਰਤ ਰਿਹਾ ਹੈ॥੧॥ਰਹਾਉ॥

## ਏਹੁ ਆਕਾਰੁ; ਤੇਰਾ ਹੈ ਧਾਰਾ ॥ ਖਿਨ ਮਹਿ ਬਿਨਸੈ; ਕਰਤ ਨ ਲਾਗੈ ਬਾਰਾ ॥੨॥

ਹੇ ਪੁਰਖਾ! ਜਿਸ ਪਰਮਾਤਮਾ ਨੇ ਤੇਰਾ ਏਹੁ = ਇਸ ਸਰੀਰ ਦਾ ਆਕਾਰ ਧਾਰਾ = ਧਾਰਨ ਕੀਤਾ ਹੋਇਆ ਹੈ।

ਉਹ ਸਰੀਰ ਇਕ ਖਿਨ = ਛਿਨ ਮਹਿ = ਵਿਚ ਹੀ ਬਿਨਸੈ = ਨਾਸ਼ ਹੋ ਜਾਵੇਗਾ ਤੇ ਉਸ ਪਰਮਾਤਮਾ ਨੂੰ ਤੇਰਾ ਸਰੀਰ ਨਾਸ਼ ਕਰਤ = ਕਰਦਿਆਂ ਬਾਰਾ = ਦੇਰ ਨਹੀਂ ਲਾਗੈ = ਲੱਗਦੀ **ਅਥਵਾ** ਜੇਕਰ ਗੁਰਾਂ ਦਾ ਉਪਦੇਸ਼ ਧਾਰਨ ਕਰੇਂਗਾ, ਤਦੋਂ ਤੇਰਾ ਦੇਹ ਅਭਿਮਾਨ ਛਿਨ ਵਿਚ ਹੀ ਨਾਸ਼ ਹੋ ਜਾਵੇਗਾ ਅਤੇ ਫੇਰ ਬ੍ਰਹਮ ਗਿਆਨ ਪ੍ਰਾਪਤ ਕਰਦਿਆਂ ਦੇਰ ਨਹੀਂ ਲਾਗੈ = ਲੱਗੇਗੀ॥੨॥

## ਕਰਿ ਪ੍ਰਸਾਦੁ; ਇਕੁ ਖੇਲੁ ਦਿਖਾਇਆ ॥
## ਗੁਰ ਕਿਰਪਾ ਤੇ; ਪਰਮਪਦੁ ਪਾਇਆ ॥੩॥

ਪਰਮਾਤਮਾ ਨੇ ਆਪਣੀ ਪ੍ਰਸਾਦੁ = ਮਿਹਰ ਕਰਿ = ਕਰਕੇ ਜਿਸਨੂੰ ਇਹ ਸੰਸਾਰ ਇਕ ਖੇਲੁ = ਖੇਡ ਵਾਂਗ ਮਿਥਿਆ ਰੂਪ ਕਰਕੇ ਦਿਖਾਇਆ = ਵਿਖਾਉਣਾ ਕੀਤਾ ਹੈ। ਉਸ ਨੇ ਗੁਰਾਂ ਦੀ ਕਿਰਪਾ = ਮਿਹਰ ਤੇ = ਤੋਂ ਪਰਮਪਦੁ = ਵੱਡੀ ਕੈਵਲ ਮੋਖ ਰੂਪੀ ਪਦਵੀ ਨੂੰ ਪਾਇਆ = ਪਾਉਣਾ ਕੀਤਾ ਹੈ॥੩॥

## ਕਹਤ ਨਾਨਕੁ; ਮਾਰਿ ਜੀਵਾਲੇ ਸੋਇ ॥
## ਐਸਾ ਬੂਝਹੁ; ਭਰਮਿ ਨ ਭੂਲਹੁ ਕੋਇ ॥੪॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ, ਸੋਇ = ਉਹ ਪਰਮਾਤਮਾ ਆਪ ਹੀ ਪਰਾਲਬਧ ਪੂਰੀ ਹੋਈ ਤੋਂ ਮਾਰਨ ਵਾਲਾ ਤੇ ਜੀਵਾਂ ਦੀ ਵਾਸ਼ਨਾ ਕਰਕੇ ਜੀਵਾਲੇ = ਜੀਵਾਲਣਾ ਕਰਦਾ ਹੈ **ਵਾ:** ਜੀਵਤ-ਭਾਵ ਤੋਂ ਮਾਰ ਕੇ ਆਪਣੇ ਸਰੂਪ ਵਿਚ ਜੀਵਾਲਣ ਵਾਲਾ ਹੈ।

ਹੇ ਭਾਈ! ਐਸਾ = ਅਜਿਹਾ ਸਿਧਾਂਤ ਬੂਝਹੁ = ਸਮਝਣਾ ਕਰੋ, ਐਵੇਂ ਭਰਮ ਵਿਚ ਕੋਇ = ਕੋਈ ਵੀ ਭੂਲਹੁ = ਭੁੱਲਣਾ ਨਾ ਕਰੋ॥੪॥੩॥

## ਭੈਰਉ ਮਹਲਾ ੩ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਪਰਮਾਤਮਾ ਦੀ ਉਪਾਸ਼ਨਾ ਕਰਨ ਵਾਲਿਆਂ ਨੂੰ ਪ੍ਰਭੂ ਵਿਚ ਪ੍ਰੇਮ ਲਾਉਣ ਦਾ ਢੰਗ ਦੱਸਦੇ ਹਨ:

## ਮੈ ਕਾਮਣਿ; ਮੇਰਾ ਕੰਤੁ ਕਰਤਾਰੁ ॥ ਜੇਹਾ ਕਰਾਏ; ਤੇਹਾ ਕਰੀ ਸੀਗਾਰੁ ॥੧॥

ਹੇ ਉੱਤਮ ਸਖੀ! ਮੈ ਕਾਮਣਿ = ਇਸਤ੍ਰੀ ਦੀ ਨਿਆਈਂ ਹਾਂ ਅਤੇ ਮੇਰਾ ਕੰਤੁ = ਪਤੀ ਕਰਤਾਰ = ਪਰਮਾਤਮਾ ਹੈ।

ਮੈਂ ਤੇਹਾ = ਉਹੋ ਜਿਹਾ ਹੀ ਗਿਆਨ, ਭਗਤੀ, ਸਾਧਨਾ ਦਾ ਸੀਗਾਰੁ = ਸ਼ਿੰਗਾਰ ਕਰੀ = ਕਰਦੀ ਹਾਂ, ਜੇਹੋ ਜਿਹਾ ਉਹ ਪਤੀ ਪਰਮਾਤਮਾ ਮੇਰੇ ਪਾਸੋਂ ਕਰਾਏ = ਕਰਾਉਂਦਾ ਹੈ॥੧॥

## ਜਾਂ ਤਿਸੁ ਭਾਵੈ; ਤਾਂ ਕਰੇ ਭੋਗੁ ॥
## ਤਨੁ ਮਨੁ; ਸਾਚੇ ਸਾਹਿਬ ਜੋਗੁ ॥੧॥ਰਹਾਉ॥

ਜਾਂ = ਜਦੋਂ ਤਿਸੁ = ਉਸ ਪ੍ਰਭੂ ਨੂੰ ਭਾਵੈ = ਭਾਉਂਦਾ ਹੈ, ਤਾਂ = ਤਦੋਂ ਆਪਣੇ ਵਿਚ ਅਭੇਦ ਕਰਨ ਨੂੰ ਭੋਗੁ = ਅਨੰਦ ਦੇਣਾ ਕਰਦਾ ਹੈ **ਵਾ:** ਬ੍ਰਹਮਾਨੰਦ ਰੂਪੀ ਭੋਗ ਪ੍ਰਾਪਤ ਹੁੰਦਾ ਹੈ।

ਇਸ ਕਰਕੇ ਇਹ ਤਨੁ = ਸਰੀਰ ਤੇ ਮਨੁ = ਹਿਰਦਾ ਸਾਚੇ = ਸੱਚੇ ਸਾਹਿਬ = ਮਾਲਕ ਦੇ ਜੋਗ = ਜੋਗਾ ਹੀ ਕਰ ਦਿੱਤਾ ਹੈ **ਵਾ:** ਤਨ ਮਨ ਕਰਕੇ ਵਾਹਿਗੁਰੂ ਦੇ ਵਿਚ ਜੋਗੁ = ਜੁੜੀ ਰਹਿੰਦੀ ਹਾਂ॥੧॥ਰਹਾਉ॥

## ਉਸਤਤਿ ਨਿੰਦਾ; ਕਰੇ ਕਿਆ ਕੋਈ ॥ ਜਾਂ ਆਪੇ ਵਰਤੈ; ਏਕੋ ਸੋਈ ॥੨॥

ਉਸਤਤਿ = ਵਡਿਆਈ ਤੇ ਨਿੰਦਾ = ਅਪਕੀਰਤੀ ਕੋਈ ਕਿਆ = ਕੀ ਕਰੇ = ਕਰ ਸਕਦਾ ਹੈ।

ਜਾ = ਜਦੋਂ ਉਸਤਤ ਤੇ ਨਿੰਦਿਆ ਵਾਲਿਆਂ ਵਿਚ ਸੋਈ = ਉਹ ਏਕੋ = ਇਕ ਪਰਮਾਤਮਾ ਆਪੇ = ਆਪ ਹੀ ਵਰਤੈ = ਵਰਤ ਰਿਹਾ ਹੈ॥੨॥

## ਗੁਰਪਰਸਾਦੀ; ਪਿਰਮ ਕਸਾਈ ॥
## ਮਿਲਉਗੀ ਦਇਆਲ; ਪੰਚ ਸਬਦ ਵਜਾਈ ॥੩॥

ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਮੈਨੂੰ ਪਿਰਮ = ਪਿਆਰੇ ਪਤੀ ਦੇ ਪ੍ਰੇਮ ਦੀ ਕਸਾਈ = ਖਿੱਚ ਪਈ ਹੈ।

ਮੈਂ ਪੰਚ = ਸੰਤ ਜਨਾਂ ਦੇ ਸਬਦ = ਉਪਦੇਸ਼ ਨੂੰ ਵਜਾਈ = ਵਜਾ ਭਾਵ ਧਾਰਨ ਕਰਕੇ ਦਇਆਲ = ਦਿਆਲੂ ਪ੍ਰਭੂ ਨੂੰ ਮਿਲਉਗੀ = ਮਿਲਾਂਗੀ **ਵਾ:** ਦਸਮ ਦੁਆਰ ਵਿਚ ਪੰਚ ਸਬਦ = ਤਤ, ਵ੍ਰਿਤ, ਘਨ, ਨਾਦ ਤੇ ਸੁਖਰ ਆਦਿ ਨੂੰ ਵਜਾ ਕੇ ਦਇਆਲੂ ਪ੍ਰਭੂ ਦੀ ਚੇਤਨ ਦੀ ਲਾਟ ਨਾਲ ਮਿਲਾਂਗੀ **ਵਾ:** ਪੰਚ ਸਬਦ = ਪੰਚ ਸਤ, ਸੰਤੋਖ, ਦਇਆ ਧਰਮ ਤੇ ਵਿਚਾਰ ਰੂਪੀ ਵਾਜਿਆਂ ਨੂੰ ਵਜਾ ਕੇ ਦਿਆਲੂ ਪ੍ਰਭੂ ਨੂੰ ਮਿਲਾਂਗੀ॥੩॥

## ਭਨਤਿ ਨਾਨਕੁ; ਕਰੇ ਕਿਆ ਕੋਇ ॥ ਜਿਸ ਨੋ; ਆਪਿ ਮਿਲਾਵੈ ਸੋਇ ॥੪॥੪॥

ਸਤਿਗੁਰੂ ਸਾਹਿਬ ਜੀ ਭਨਤਿ = ਉਚਾਰਣ ਕਰਦੇ ਹਨ ਕਿ ਕੋਇ = ਕੋਈ ਜੀਵ ਉਸ ਮਨੁੱਖ ਦਾ ਕਿਆ = ਕੀ ਵਿਗਾੜ ਕਰੇ = ਕਰ ਸਕਦਾ ਹੈ।

ਜਿਸ ਨੂੰ ਸੋਇ = ਉਹ ਪਤੀ ਪ੍ਰਭੂ ਆਪ ਗੁਰਾਂ ਦੁਆਰਾ ਆਪਣੇ ਨਾਲ ਮਿਲਾਵੈ = ਮੇਲ ਲੈਂਦਾ ਹੈ॥੪॥੪॥

## ਭੈਰਉ ਮਹਲਾ ੩ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਮੁਨੀ ਦੇ ਲੱਖਣ ਦੱਸਦੇ ਹੋਏ ਉਪਦੇਸ਼ ਬਖ਼ਸ਼ਦੇ ਹਨ।

## ਸੋ ਮੁਨਿ; ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ; ਬ੍ਰਹਮੁ ਬੀਚਾਰੇ ॥੧॥

ਹੇ ਭਾਈ! ਸੋ = ਉਹੋ ਹੀ ਮੁਨਿ = ਮੁਨੀ (ਮੰਨਣਸ਼ੀਲ ਮਹਾਤਮਾ) ਹੈ, ਜਿ = ਜਿਹੜਾ ਆਪਣੇ ਮਨ ਕੀ = ਦੀ ਦੁਬਿਧਾ = ਦੁਭਾਂਤੀ, ਦ੍ਵੈਤ ਨੂੰ ਮਾਰੇ = ਮਾਰਦਾ ਹੈ।

ਫੇਰ ਦੁਬਿਧਾ = ਦਵੈਤ ਨੂੰ ਮਾਰ ਕੇ ਇਕ ਬ੍ਰਹਮੁ = ਪਰਮਾਤਮਾ ਨੂੰ ਬੀਚਾਰੇ = ਵਿਚਾਰਨਾ ਕਰਦਾ ਹੈ ॥੧॥

## ਇਸੁ ਮਨ ਕਉ; ਕੋਈ ਖੋਜਹੁ ਭਾਈ ॥
## ਮਨੁ ਖੋਜਤ; ਨਾਮੁ ਨਉ ਨਿਧਿ ਪਾਈ ॥੧॥ਰਹਾਉ॥

ਹੇ ਭਾਈ! ਕੋਈ ਇਸ ਮਨ ਕਉ = ਨੂੰ ਖੋਜਹੁ = ਖੋਜਣਾ ਕਰੋ।

ਮਨ ਨੂੰ ਖੋਜਤ = ਖੋਜਣ ਨਾਲ ਹੀ ਨੌਂ ਨਿਧਾਂ ਦੇ ਦੇਣ ਵਾਲਾ ਨਾਮ ਪਾਈ = ਪ੍ਰਾਪਤ ਕਰੀਦਾ ਹੈ **ਅਥਵਾ** ਗੁਰਾਂ ਦੇ ਮਨੁ = ਮੰਤ੍ਰ, ਉਪਦੇਸ਼ ਨੂੰ ਖੋਜਣਾ ਕਰੋ **ਵਾ**: ਮਨੁ = ਸ਼ਿਰੋਮਣੀ ਪਰਮਾਤਮਾ ਦੀ ਖੋਜ ਕਰੋ, ਉਸ ਦੀ ਪ੍ਰਾਪਤੀ ਨਾਮ ਹੈ, ਨਾਮ ਦੁਆਰਾ ਨੌਂ ਗੋਲਕਾਂ ਰੂਪੀ ਨਿੱਧਾਂ ਦੇ ਆਧਾਰ ਪਰਮਾਤਮਾ ਨੂੰ ਪਾ ਲਵੋਗੇ ॥੧॥ਰਹਾਉ॥

## ਮੂਲੁ ਮੋਹੁ ਕਰਿ; ਕਰਤੈ ਜਗਤੁ ਉਪਾਇਆ ॥
## ਮਮਤਾ ਲਾਇ; ਭਰਮਿ ਭੋੁਲਾਇਆ ॥੨॥

ਮੋਹੁ = ਅਗਿਆਨ ਨੂੰ ਮੂਲੁ = ਮੁੱਢ ਬਣਾ ਕਰਿ = ਕਰਕੇ ਕਰਤੈ = ਕਰਤਾ ਪੁਰਖ ਨੇ **ਵਾ**: ਮੁੱਢ ਰੂਪ ਪਰਮਾਤਮਾ ਨੇ ਮੋਹ ਆਦਿ ਵਿਕਾਰ ਪੈਦਾ ਕਰਕੇ ਇਹ ਜਗਤੁ = ਸੰਸਾਰ ਉਪਾਇਆ = ਪੈਦਾ ਕੀਤਾ ਹੈ **ਵਾ**: ਕਰਤਾ ਪੁਰਖ ਨੇ ਮੂਲ ਕਾਰਨ ਜੋ ਮਾਇਆ ਹੈ, ਉਸ ਵਿਚ ਮੋਹ ਲਾ ਕੇ ਜਗਤ ਨੂੰ ਪੈਦਾ ਕਰ ਦਿੱਤਾ ਹੈ। ਫੇਰ ਮਮਤਾ = ਮੇਰ-ਤੇਰ ਵਿਚ ਲਾਇ = ਲਾ ਕੇ ਜੀਵਾਂ ਨੂੰ ਭਰਮ ਵਿਚ ਭੋੁਲਾਇਆ = ਭੁਲਾਉਣਾ ਕੀਤਾ ਹੈ ॥੨॥

## ਇਸੁ ਮਨ ਤੇ; ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ; ਹੁਕਮੁ ਬੁਝਿ ਸਮਾਣਾ ॥੩॥

ਇਸ ਮਨ ਦੇ ਸੰਸਕਾਰਾਂ ਤੇ = ਤੋਂ ਹੀ ਸਭ = ਸਾਰੇ ਪਿੰਡ = ਸਰੀਰ ਤੇ ਪਰਾਣਾ = ਸ੍ਵਾਸ ਚੱਲਦੇ ਹਨ **ਵਾ**: ਮਨ = ਸ਼੍ਰੋਮਣੀ ਪ੍ਰਭੂ ਦੀ ਸੱਤਾ ਤੋਂ ਹੀ ਸਾਰੇ ਸਰੀਰ ਤੇ ਪ੍ਰਾਣ ਚੱਲਦੇ ਹਨ।

ਜੋ ਮਨੁੱਖ ਮਨ ਕੈ = ਦੇ ਸਰੂਪ ਦਾ ਵਿਚਾਰ ਕਰਦਾ ਹੈ **ਵਾ**: ਮਨ = ਸ਼ਿਰੋਮਣੀ ਪਰਮਾਤਮਾ ਦਾ ਵਿਚਾਰ ਕਰਦਾ ਹੈ, ਉਹ ਪ੍ਰਭੂ ਦੇ ਹੁਕਮ ਨੂੰ ਬੁੱਝ ਕੇ ਉਸ ਦੇ ਸਰੂਪ ਵਿਚ ਸਮਾਣਾ = ਸਮਾਅ ਜਾਂਦਾ ਹੈ ॥੩॥

[ਅੰਗ ੧੧੨੯]

## ਕਰਮੁ ਹੋਵੈ; ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ; ਇਸੁ ਮਨ ਕੀ ਦੁਬਿਧਾ ਮਰੈ ॥੪॥

ਜਿਸ ਮਨੁੱਖ ਦੇ ਪੂਰਬਲੇ ਨਿਸ਼ਕਾਮ ਕਰਮ ਕੀਤੇ ਹੋਵੈ = ਹੁੰਦੇ ਹਨ, ਉਸ ਉੱਪਰ ਗੁਰੂ ਆਪਣੀ ਕਿਰਪਾ = ਮਿਹਰ ਕਰੈ = ਕਰਦਾ ਹੈ।

ਤਦੋਂ ਹੀ ਇਹ ਮਨ ਗਿਆਨ ਅਵਸਥਾ ਵਿਚ ਜਾਗੈ = ਜਾਗਦਾ ਹੈ ਅਤੇ ਇਸ ਮਨ ਕੀ = ਦੀ ਦੁਬਿਧਾ = ਦ੍ਵੈਤ ਭ੍ਰਾਂਤੀ ਮਰੈ = ਮਰ ਜਾਂਦੀ ਹੈ ॥੪॥

## ਮਨ ਕਾ ਸੁਭਾਉ; ਸਦਾ ਬੈਰਾਗੀ ॥ ਸਭ ਮਹਿ ਵਸੈ; ਅਤੀਤੁ ਅਨਰਾਗੀ ॥੫॥

***ਪਹਿਲਾ ਅਰਥ :*** ਇਸ ਮਨ ਕਾ = ਦਾ ਸੁਭਾਉ = ਸੁਭਾਵ ਸਦਾ = ਹਮੇਸ਼ਾਂ ਬੈਰਾਗੀ = ਵੈਰਾਗ ਵਾਲਾ ਹੈ,

ਅਰਥਾਤ ਜਿਵੇਂ ਕਿਸੇ ਪਾਤਸ਼ਾਹ ਦਾ ਛੋਟਾ ਪੁੱਤਰ ਸਭਾ ਵਿਚ ਆ ਗਿਆ, ਤਦੋਂ ਸਭਾ ਵਿਚ ਸਾਰੇ ਲੋਕ ਰਾਜੇ ਦਾ ਪੁੱਤਰ ਜਾਣ ਕੇ ਉਸ ਨੂੰ ਚੁੱਕਣ, ਪਰ ਉਹ ਪੁੱਤਰ ਹਰੇਕ ਦੀ ਸ਼ਕਲ ਦੇਖ ਕੇ ਉਤਰ ਕੇ ਅੱਗੇ ਚਲਿਆ ਜਾਵੇ ਕਿ ਇਹ ਮੇਰਾ ਪਿਤਾ ਨਹੀਂ ਹੈ, ਤਦੋਂ ਵਜ਼ੀਰ ਨੇ ਉਸ ਕੁੱਛੜ ਚੁੱਕ ਕੇ ਪਾਤਸ਼ਾਹ ਦੀ ਗੋਦੀ ਵਿਚ ਬਿਠਾ ਦਿੱਤਾ ਤੇ ਉਹ ਪਿਤਾ ਦੇ ਚਿਹਰੇ ਨੂੰ ਤੱਕ ਕੇ ਬਹੁਤ ਖ਼ੁਸ਼ ਹੋਇਆ ਤੇ ਆਰਾਮ ਨਾਲ ਉਥੇ ਹੀ ਬੈਠ ਗਿਆ, ਏਸੇ ਪ੍ਰਕਾਰ ਇਹ ਮਨ ਵੀ ਅਕਾਲ ਪੁਰਖ ਰੂਪੀ ਪਾਤਸ਼ਾਹ ਦਾ ਟਿੱਕਾ ਸਪੁੱਤਰ ਹੈ। ਸਭ ਪਦਾਰਥਾਂ ਦੀ ਸਭਾ ਲੱਗੀ ਹੋਈ ਹੈ, ਇਹ ਮਨ ਜਿਸ ਪਦਾਰਥ ਵਿਚ ਸੁੱਖ ਨਹੀਂ ਵੇਖਦਾ, ਉਸ ਨੂੰ ਛੱਡ ਕੇ ਅੱਗੇ ਤੁਰ ਜਾਂਦਾ ਹੈ। ਇਉਂ ਮਨ ਬੈਰਾਗੀ ਹੋ ਕੇ ਇਕ ਥਾਂ 'ਤੇ ਟਿੱਕਦਾ ਨਹੀਂ ਹੈ। ਸੋ ਜਦੋਂ ਗੁਰੂ ਰੂਪੀ ਵਜ਼ੀਰ ਆਪਣੇ ਸ਼ਬਦ ਰੂਪੀ ਕੁੱਛੜ ਵਿਚ ਚੁੱਕ ਕੇ ਅਕਾਲ ਪੁਰਖ ਪਾਤਸ਼ਾਹ ਦੀ ਸਰੂਪ ਰੂਪੀ ਗੋਦ ਵਿਚ ਇਸਥਿਤ ਕਰ ਦੇਂਦੇ ਹਨ, ਤਦੋਂ ਇਹ ਅਬਨਾਸ਼ੀ ਪਦ ਪਾ ਲੈਂਦਾ ਹੈ। ਇਸ ਪ੍ਰਕਾਰ ਮਨ ਸਦਾ ਵੈਰਾਗੀ ਹੈ।

**ਸਭ ਮਹਿ ਵਸੈ, ਅਤੀਤੁ ਅਨਰਾਗੀ ॥**

ਫੇਰ ਇਹ ਮਨ ਸਭ = ਸਾਰਿਆਂ ਮਹਿ = ਵਿਚ ਅਨਰਾਗੀ = ਪ੍ਰੇਮੀ ਤੇ ਅਤੀਤੁ = ਅਸੰਗ ਹੋ ਕੇ ਵਸੈ = ਵੱਸਦਾ ਹੈ।

***ਦੂਸਰਾ ਅਰਥ :*** ਸਾਰਿਆਂ ਦਾ ਮਨ = ਸ਼ਿਰੋਮਣੀ ਤੇ ਸੁਭਾਉ = ਭਲੀ ਪ੍ਰਕਾਰ ਪ੍ਰਕਾਸ਼ਣ ਵਾਲਾ ਪਰਮਾਤਮਾ ਸਦਾ ਹੀ ਸਭ ਤੋਂ ਬੈਰਾਗੀ = ਨਿਰਲੇਪ ਰਹਿੰਦਾ ਹੈ। ਜੋ ਪ੍ਰਭੂ ਸਾਰਿਆਂ ਵਿਚ ਵੱਸਦਾ ਹੋਇਆ ਵੀ ਸਭ ਤੋਂ ਅਤੀਤੁ = ਅਸੰਗ ਤੇ ਅਨਰਾਗੀ = ਮੋਹ ਤੋਂ ਰਹਿਤ ਰਹਿੰਦਾ ਹੈ॥੫॥

## ਕਹਤ ਨਾਨਕੁ; ਜੋ ਜਾਣੈ ਭੇਉ ॥ ਆਦਿ ਪੁਰਖੁ, ਨਿਰੰਜਨ ਦੇਉ ॥੬॥੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ = ਜਿਹੜਾ ਮਨੁੱਖ ਇਸ ਭੇਉ = ਭੇਦ ਨੂੰ ਜਾਣੈ = ਜਾਣ ਲੈਂਦਾ ਹੈ।

ਉਹ ਮਨੁੱਖ ਆਦਿ = ਮੁੱਢ ਸਰੂਪ, ਪੁਰਖੁ = ਪੂਰਨ, ਨਿਰੰਜਨ = ਸ਼ੁੱਧ ਸਰੂਪ ਤੇ ਦੇਉ = ਪ੍ਰਕਾਸ਼ ਸਰੂਪ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ॥੬॥੫॥

# ਭੈਰਉ ਮਹਲਾ ੩ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਨਾਮ ਦੀ ਮਹਿਮਾ ਵਰਣਨ ਕਰਦੇ ਹਨ।

## ਰਾਮ ਨਾਮੁ; ਜਗਤ ਨਿਸਤਾਰਾ ॥ ਭਵਜਲੁ; ਪਾਰਿ ਉਤਾਰਣਹਾਰਾ ॥੧॥

ਹੇ ਭਾਈ! ਰਾਮ = ਪਰਮਾਤਮਾ ਦਾ ਨਾਮ ਜਪਣ ਨਾਲ ਹੀ ਜਗਤੁ = ਸੰਸਾਰ ਦੇ ਜੀਵਾਂ ਦਾ ਨਿਸਤਾਰਾ = ਪਾਰ-ਉਤਾਰਾ ਹੁੰਦਾ ਹੈ।

ਇਹ ਨਾਮ ਹੀ ਭਵਜਲੁ = ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤ ਰੂਪੀ ਕਿਨਾਰੇ 'ਤੇ ਉਤਾਰਣਹਾਰਾ = ਉਤਾਰਣ ਵਾਲਾ ਹੈ॥੧॥

## ਗੁਰਪਰਸਾਦੀ; ਹਰਿ ਨਾਮੁ ਸਮ੍ਹਾਲਿ ॥ ਸਦ ਹੀ ਨਿਬਹੈ; ਤੇਰੈ ਨਾਲਿ ॥੧॥ਰਹਾਉ॥

ਹੇ ਭਾਈ! ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਹਰਿ = ਪਰਮਾਤਮਾ ਦਾ ਨਾਮ ਸਮ੍ਹਾਲਿ = ਸੰਭਾਲਣਾ, ਯਾਦ ਕਰ।

ਉਹ ਸਦ = ਹਮੇਸ਼ਾਂ ਹੀ ਲੋਕ-ਪ੍ਰਲੋਕ ਵਿਚ ਤੇਰੇ ਨਾਲ ਨਿਬਹੈ = ਨਿਭੇਗਾ॥੧॥ਰਹਾਉ॥

## ਨਾਮੁ ਨ ਚੇਤਹਿ; ਮਨਮੁਖ ਗਾਵਾਰਾ ॥ ਬਿਨੁ ਨਾਵੈ; ਕੈਸੇ ਪਾਵਹਿ ਪਾਰਾ ॥੨॥

ਮਨਮੁਖ = ਆਪਣੇ ਮਨ ਨੂੰ ਮੁਖੀ ਬਣਾਉਣ ਵਾਲੇ ਗਾਵਾਰਾ = ਬੇ-ਸਮਝ ਮਨੁੱਖ ਪਰਮਾਤਮਾ ਦਾ ਨਾਮ ਚੇਤਹਿ = ਯਾਦ ਨਹੀਂ ਕਰਦੇ।

ਫੇਰ ਉਹ ਪਰਮਾਤਮਾ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ, ਕੈਸੇ = ਕਿਸ ਪ੍ਰਕਾਰ ਸੰਸਾਰ-ਸਮੁੰਦ੍ਰ ਤੋਂ ਪਾਰਾ = ਪਾਰ ਪਾਵਹਿ = ਪਾ ਸਕਦੇ ਹਨ **ਵਾ:** ਪਾਰਾ = ਪਰ੍ਹਾ ਰੂਪ ਪਰਮਾਤਮਾ ਨੂੰ ਕਿਵੇਂ ਪਾ ਸਕਣਗੇ ਭਾਵ ਨਹੀਂ ਪਾ ਸਕਦੇ ॥੨॥

## ਆਪੇ ਦਾਤਿ ਕਰੇ; ਦਾਤਾਰੁ ॥ ਦੇਵਣਹਾਰੇ ਕਉ; ਜੈਕਾਰੁ ॥੩॥

ਦਾਤਾਰੁ = ਦਾਤਾ ਪ੍ਰਭੂ ਆਪ ਹੀ ਗੁਰਾਂ ਦੁਆਰਾ ਆਪਣੇ ਨਾਮ ਦੀ ਦਾਤਿ = ਬਖ਼ਸ਼ਿਸ਼ ਦੇਣਾ ਕਰਦਾ ਹੈ।

ਇਸ ਲਈ ਉਸ ਦੇਵਣਹਾਰੇ = ਦੇਣ ਵਾਲੇ ਦਾਤੇ ਪ੍ਰਭੂ ਕਉ = ਨੂੰ ਸਦਾ ਹੀ ਜੈਕਾਰੁ = ਨਮਸਕਾਰ ਕਰਨੀ ਚਾਹੀਦੀ ਹੈ **ਵਾ:** ਉਸ ਦਾ ਜੈਕਾਰੁ = ਧੰਨਵਾਦ ਕਰਨਾ ਚਾਹੀਦਾ ਹੈ ॥੩॥

## ਨਦਰਿ ਕਰੇ; ਸਤਿਗੁਰੂ ਮਿਲਾਏ ॥
## ਨਾਨਕ; ਹਿਰਦੈ ਨਾਮੁ ਵਸਾਏ ॥੪॥੬॥

ਜੇਕਰ ਉਹ ਪ੍ਰਭੂ ਆਪਣੀ ਨਦਰਿ = ਮਿਹਰ ਕਰੇ = ਕਰ ਦੇਵੇ ਤਾਂ ਸਤਿਗੁਰੂ ਦੇ ਨਾਲ ਮਿਲਾਏ = ਮਿਲਾ ਦੇਂਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਫੇਰ ਗੁਰੂ ਜੀ ਹਿਰਦੈ = ਮਨ ਦੇ ਅੰਦਰ ਪਰਮਾਤਮਾ ਦਾ ਨਾਮ ਵਸਾਏ = ਵਸਾ ਦੇਂਦੇ ਹਨ ॥੪॥੬॥

## ਭੈਰਉ ਮਹਲਾ ੩ ॥

ਇਸ ਸ਼ਬਦ ਵਿਚ ਵੀ ਨਾਮ ਦੀ ਮਹਿਮਾ ਦਾ ਵਰਣਨ ਹੈ।

## ਨਾਮੇ ਉਧਰੇ; ਸਭਿ ਜਿਤਨੇ ਲੋਅ ॥ ਗੁਰਮੁਖਿ; ਜਿਨਾ ਪਰਾਪਤਿ ਹੋਇ ॥੧॥

ਜਿਤਨੇ = ਜਿੰਨੇ ਵੀ ਸਭਿ = ਸਾਰੇ ਲੋਅ = ਲੋਕ ਹਨ, ਉਨ੍ਹਾਂ ਵਿਚ ਉਹ ਮਨੁੱਖ ਨਾਮ ਕਰਕੇ ਹੀ ਉਧਰੇ = ਤਰੇ ਹਨ।

ਜਿਨ੍ਹਾਂ ਨੂੰ ਗੁਰਮੁਖਿ = ਮੁਖੀ ਗੁਰਾਂ ਦੁਆਰਾ ਨਾਮ ਪਰਾਪਤ ਹੋਇ = ਹੁੰਦਾ ਹੈ ॥੧॥

## ਹਰਿ ਜੀਉ; ਅਪਣੀ ਕ੍ਰਿਪਾ ਕਰੇਇ ॥
## ਗੁਰਮੁਖਿ; ਨਾਮੁ ਵਡਿਆਈ ਦੇਇ ॥੧॥ਰਹਾਉ॥

ਇਸ ਲਈ ਬੇਨਤੀ ਕਰੀਏ ਕਿ ਹੇ ਹਰਿ ਜੀਉ = ਪ੍ਰਭੂ ਜੀ ! ਤੁਸੀਂ ਸਾਡੇ ਉੱਪਰ ਆਪਣੀ = ਆਪ ਦੀ ਕ੍ਰਿਪਾ = ਮਿਹਰ ਕਰੇਇ = ਕਰੋ ਅਤੇ :

ਸਾਨੂੰ ਗੁਰਮੁਖਿ = ਮੁਖੀ ਗੁਰਾਂ ਦੁਆਰਾ ਆਪਣੇ ਨਾਮ ਦੀ ਵਡਿਆਈ = ਸ਼ੋਭਾ ਕਰਨੀ ਦੇਇ = ਦੇਣਾ ਕਰੋ ॥੧॥ਰਹਾਉ॥

## ਰਾਮ ਨਾਮਿ; ਜਿਨ ਪ੍ਰੀਤਿ ਪਿਆਰੁ ॥
## ਆਪਿ ਉਧਰੇ; ਸਭਿ ਕੁਲ ਉਧਾਰਣਹਾਰੁ ॥੨॥

ਰਾਮ = ਪਰਮਾਤਮਾ ਦੇ ਨਾਮ ਵਿਚ ਜਿਨ = ਜਿਨ੍ਹਾਂ ਦੀ ਮਨ ਕਰਕੇ ਪ੍ਰੀਤਿ = ਪ੍ਰੀਤੀ ਤੇ ਬਾਣੀ, ਸਰੀਰ ਕਰਕੇ ਪਿਆਰ ਹੈ।

ਉਹ ਆਪ ਤਾਂ ਸੰਸਾਰ-ਸਮੁੰਦ੍ਰ ਤੋਂ ਉਧਰੇ = ਤਰ ਹੀ ਗਏ ਹਨ ਅਤੇ ਆਪਣੀਆਂ ਸਭਿ = ਸਾਰੀਆਂ ਕੁਲਾਂ ਨੂੰ ਉਧਾਰਣਹਾਰੁ = ਤਾਰਣ ਵਾਲੇ ਹਨ ॥੨॥

## ਬਿਨੁ ਨਾਵੈ; ਮਨਮੁਖ ਜਮ ਪੁਰਿ ਜਾਹਿ ॥ ਅਉਖੇ ਹੋਵਹਿ; ਚੋਟਾ ਖਾਹਿ ॥੩॥

ਪਰਮਾਤਮਾ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਮਨਮੁਖ = ਮਨ ਦੇ ਪਿੱਛੇ ਲੱਗਣ ਵਾਲੇ ਬੇ-ਸਮਝ ਜੀਵ ਜਮ ਪੁਰਿ = ਜਮਾਂ ਦੀ ਪੁਰੀ (ਯਮਲੋਕ) ਵਿਚ ਜਾਹਿ = ਜਾਂਦੇ ਹਨ।

ਉਥੇ ਜਮਾਂ ਦੀਆਂ ਚੋਟਾ = ਸੱਟਾਂ ਖਾਹਿ = ਖਾਂਦੇ ਹਨ ਅਤੇ ਅਉਖੇ = ਦੁਖੀ ਹੁੰਦੇ ਹਨ ॥੩॥

## ਆਪੇ ਕਰਤਾ ਦੇਵੈ; ਸੋਇ ॥ ਨਾਨਕ; ਨਾਮੁ ਪਰਾਪਤਿ ਹੋਇ ॥੪॥੭॥

ਸੋਇ = ਉਹ ਕਰਤਾ ਪੁਰਖ ਆਪੇ = ਆਪ ਹੀ ਜਿਸ ਨੂੰ ਨਾਮ ਦੀ ਦਾਤ ਦੇਵੈ = ਦੇਣਾ ਕਰਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਨੂੰ ਹੀ ਇਹ ਨਾਮ ਦੀ ਦਾਤ ਪਰਾਪਤ ਹੋਇ = ਹੁੰਦੀ ਹੈ ॥੪॥੭॥

## ਭੈਰਉ ਮਹਲਾ ੩ ॥

## ਗੋਵਿੰਦ ਪ੍ਰੀਤਿ; ਸਨਕਾਦਿਕ ਉਧਾਰੇ ॥ ਰਾਮ ਨਾਮ; ਸਬਦਿ ਬੀਚਾਰੇ ॥੧॥

ਗੋਵਿੰਦ = ਪਰਮਾਤਮਾ ਦੀ ਪ੍ਰੀਤਿ = ਪ੍ਰੀਤੀ ਨੇ ਸਨਕਾਦਿਕ = ਬ੍ਰਹਮਾ ਦੇ ਪੁੱਤਰ (ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ) ਉਧਾਰੇ = ਤਾਰ ਦਿੱਤੇ ਹਨ।

ਕਿਉਂਕਿ ਉਹ ਰਾਮ = ਪਰਮਾਤਮਾ ਦੇ ਨਾਮ ਨੂੰ ਗੁਰਾਂ ਦੇ ਸਬਦੁ = ਉਪਦੇਸ਼ ਦੁਆਰਾ ਬੀਚਾਰੇ = ਵਿਚਾਰਦੇ ਰਹਿੰਦੇ ਸਨ ॥੧॥

## ਹਰਿ ਜੀਉ; ਅਪਣੀ ਕਿਰਪਾ ਧਾਰੁ ॥ ਗੁਰਮੁਖਿ; ਨਾਮੇ ਲਗੈ ਪਿਆਰੁ ॥੧॥ਰਹਾਉ॥

ਇਸ ਲਈ ਆਪਾਂ ਵੀ ਬੇਨਤੀ ਕਰੀਏ ਕਿ ਹੇ ਹਰਿ ਜੀਉ = ਪ੍ਰਭੂ ਜੀ ! ਤੁਸੀਂ ਸਾਡੇ ਉੱਤੇ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਧਾਰੁ = ਧਾਰਨ ਕਰੋ।

ਤਾਂ ਕਿ ਗੁਰਮੁਖਿ = ਮੁਖੀ ਗੁਰਾਂ ਦੁਆਰਾ ਤੇਰੇ ਨਾਮੇ = ਨਾਮ ਵਿਚ ਸਾਡਾ ਪਿਆਰੁ = ਪ੍ਰੇਮ ਲਗੈ = ਲੱਗ ਜਾਵੇ ॥੧॥ਰਹਾਉ॥

## ਅੰਤਰਿ ਪ੍ਰੀਤਿ; ਭਗਤਿ ਸਾਚੀ ਹੋਇ ॥ ਪੂਰੈ ਗੁਰਿ; ਮੇਲਾਵਾ ਹੋਇ ॥੨॥

ਜਿਸ ਦੇ ਹਿਰਦੇ ਅੰਤਰਿ = ਵਿਚ ਪ੍ਰਭੂ ਦੀ ਪ੍ਰੀਤਿ = ਪ੍ਰੀਤੀ ਹੁੰਦੀ ਹੈ, ਉਸ ਦੀ ਹੀ ਸਾਚੀ = ਸੱਚੀ ਭਗਤਿ = ਭਗਤੀ ਹੋਇ = ਹੁੰਦੀ ਹੈ।

ਅਤੇ ਪੂਰੈ = ਪੂਰਨ ਗੁਰਾਂ ਨਾਲ ਮੇਲਾਵਾ = ਮਿਲਾਪ ਹੋਇ = ਹੁੰਦਾ ਹੈ **ਵਾ:** ਪੂਰੇ ਗੁਰਾਂ ਦੁਆਰਾ ਵਾਹਿਗੁਰੂ ਨਾਲ ਮਿਲਾਪ ਹੋ ਜਾਂਦਾ ਹੈ ॥੨॥

## ਨਿਜ ਘਰਿ ਵਸੈ; ਸਹਜਿ ਸੁਭਾਇ ॥ ਗੁਰਮੁਖਿ; ਨਾਮੁ ਵਸੈ ਮਨਿ ਆਇ ॥੩॥

ਫੇਰ ਉਹ ਪੁਰਖ ਸਹਜਿ ਸੁਭਾਇ = ਸੁਤੇ-ਸਿੱਧ ਹੀ **ਵਾ:** ਸਹਜਿ = ਸ਼ਾਂਤੀ ਵਾਲਾ ਸੁਭਾਇ = ਸੁਭਾਅ ਧਾਰ ਕੇ ਨਿਜ = ਆਪਣੇ ਤੁਰੀਆ ਪਦ, ਸਰੂਪ ਰੂਪੀ ਘਰ ਵਿਚ ਵਸੈ = ਵੱਸ ਜਾਂਦਾ ਹੈ।

ਗੁਰਮੁਖਿ = ਮੁਖੀ ਗੁਰਾਂ ਦੁਆਰਾ ਜਿਸ ਦੇ ਮਨਿ = ਹਿਰਦੇ ਵਿਚ ਪਰਮਾਤਮਾ ਦਾ ਨਾਮ ਆਇ = ਆ ਕੇ ਵਸੈ = ਵੱਸ ਜਾਂਦਾ ਹੈ ॥੩॥

## ਆਪੇ ਵੇਖੈ; ਵੇਖਣਹਾਰੁ ॥ ਨਾਨਕ; ਨਾਮੁ ਰਖਹੁ ਉਰ ਧਾਰਿ ॥੪॥੮॥

ਵੇਖਣਹਾਰੁ = ਦੇਖਣ ਵਾਲਾ ਪ੍ਰਭੂ ਆਪੇ = ਆਪ ਹੀ ਕਿਰਪਾ ਦ੍ਰਿਸ਼ਟੀ ਨਾਲ ਵੇਖੈ = ਦੇਖਣਾ ਕਰਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਆਪਣੇ ਉਰ = ਹਿਰਦੇ ਵਿਚ ਪਰਮਾਤਮਾ ਦਾ ਨਾਮ ਧਾਰਿ = ਧਾਰਨ ਕਰਕੇ ਰਖਹੁ = ਰੱਖਣਾ ਕਰੋ ॥੪॥੮॥

## ਭੈਰਉ ਮਹਲਾ ੩ ॥

## ਕਲਜੁਗ ਮਹਿ; ਰਾਮ ਨਾਮੁ ਉਰ ਧਾਰੁ ॥ ਬਿਨੁ ਨਾਵੈ; ਮਾਥੈ ਪਾਵੈ ਛਾਰੁ ॥੧॥

ਹੇ ਭਾਈ ! ਇਸ ਕਲਿਜੁਗ ਮਹਿ = ਵਿਚ ਰਾਮ = ਪਰਮਾਤਮਾ ਦਾ ਨਾਮ ਆਪਣੇ ਉਰ = ਹਿਰਦੇ ਵਿਚ ਧਾਰੁ = ਧਾਰਨ, ਵਸਾ ਕੇ ਰੱਖੋ।

ਕਿਉਂਕਿ ਜੋ ਮਨੁੱਖ ਪਰਮਾਤਮਾ ਦੇ ਨਾਵੈ = ਨਾਮ ਦੀ ਦਾਤ ਤੋਂ ਬਿਨੁ = ਬਗ਼ੈਰ ਹੈ, ਉਹ ਆਪ ਦੇ ਮਾਥੈ = ਮੱਥੇ ਭਾਵ ਸਿਰ ਉੱਪਰ ਲਾਹਨਤਾਂ, ਲੋਕ ਪ੍ਰਲੋਕ ਵਿਚ ਨਿਰਾਦਰੀ ਦੀ ਛਾਰੁ = ਸੁਆਹ ਹੀ ਪਾਵੈ = ਪਾਉਂਦਾ ਹੈ ॥੧॥

## ਰਾਮ ਨਾਮੁ; ਦੁਲਭੁ ਹੈ ਭਾਈ ॥
## ਗੁਰਪਰਸਾਦਿ; ਵਸੈ ਮਨਿ ਆਈ ॥੧॥ਰਹਾਉ॥

ਹੇ ਭਾਈ ! ਰਾਮ = ਪਰਮਾਤਮਾ ਦਾ ਨਾਮ ਇਸ ਸੰਸਾਰ ਵਿਚ ਬਹੁਤ ਦੁਲਭੁ = ਕਠਿਨਤਾਈ ਨਾਲ ਪ੍ਰਾਪਤ ਹੋਣ ਵਾਲਾ ਹੈ।

ਜੋ ਗੁਰਾਂ ਦੀ ਪਰਸਾਦਿ = ਕਿਰਪਾ ਦੁਆਰਾ ਹੀ ਮਨਿ = ਹਿਰਦੇ ਵਿਚ ਆਈ = ਆ ਕੇ ਵਸੈ = ਵੱਸਦਾ ਹੈ ॥੧॥ਰਹਾਉ॥

## ਰਾਮ ਨਾਮੁ; ਜਨ ਭਾਲਹਿ ਸੋਇ ॥ ਪੂਰੇ ਗੁਰ ਤੇ; ਪ੍ਰਾਪਤਿ ਹੋਇ ॥੨॥

ਹੇ ਭਾਈ ! ਰਾਮ = ਪਰਮਾਤਮਾ ਦਾ ਨਾਮ ਸੋਇ = ਉਹ ਜਨ = ਪੁਰਖ ਹੀ ਭਾਲਹਿ = ਖੋਜਦੇ ਹਨ।

ਜਿਨ੍ਹਾਂ ਨੂੰ ਪੂਰੇ = ਪੂਰਨ ਗੁਰਾਂ ਤੇ = ਤੋਂ ਨਾਮ ਕੀ ਦਾਤ ਪ੍ਰਾਪਤ ਹੋਇ = ਹੁੰਦੀ ਹੈ ॥੨॥

## ਹਰਿ ਕਾ ਭਾਣਾ ਮੰਨਹਿ; ਸੇ ਜਨ ਪਰਵਾਣੁ ॥
## ਗੁਰ ਕੈ ਸਬਦਿ; ਨਾਮ ਨੀਸਾਣੁ ॥੩॥

ਹੇ ਭਾਈ ! ਜੋ ਮਨੁੱਖ ਹਰਿ = ਪਰਮਾਤਮਾ ਕਾ = ਦਾ ਭਾਣਾ = ਹੁਕਮ ਮੰਨਹਿ = ਮੰਨਦੇ ਹਨ, ਸੇ = ਉਹ ਜਨ = ਪੁਰਖ ਲੋਕ-ਪ੍ਰਲੋਕ ਵਿਚ ਪਰਵਾਣੁ = ਪਰਵਾਣਿਕ, ਸਫਲ ਜੀਵਨ ਵਾਲੇ ਹਨ।

ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੁਆਰਾ ਉਨ੍ਹਾਂ ਨੂੰ ਲੋਕ-ਪ੍ਲੋਕ ਵਿਚ ਸਹਾਇਤਾ ਕਰਨ ਵਾਲਾ ਪਰਮਾਤਮਾ ਦੇ ਨਾਮ ਦਾ ਨੀਸਾਣੁ = ਟੋਂਬੂ, ਪਰਵਾਨਾ ਮਿਲਿਆ ਹੈ **ਵਾ:** ਗੁਰਾਂ ਦੇ ਉਪਦੇਸ਼ ਦੁਆਰਾ ਉਨ੍ਹਾਂ ਦੇ ਹਿਰਦੇ ਅੰਦਰ ਨਾਮ ਨੀਸਾਣੁ = ਪ੍ਰਗਟ ਹੋਇਆ ਹੈ॥੩॥

## ਸੋ ਸੇਵਹੁ; ਜੋ ਕਲ ਰਹਿਆ ਧਾਰਿ ॥
## ਨਾਨਕ; ਗੁਰਮੁਖਿ ਨਾਮੁ ਪਿਆਰਿ ॥੪॥੯॥

ਹੇ ਭਾਈ! ਸੋ = ਉਸ ਪਰਮਾਤਮਾ ਨੂੰ ਹੀ ਸੇਵਹੁ = ਸੇਵਨਾ ਕਰੋ, ਜੋ = ਜਿਹੜਾ ਸਾਰਿਆਂ ਦੇ ਅੰਦਰ ਆਪਣੀ ਚੇਤਨ ਸੱਤਾ ਰੂਪੀ ਕਲ = ਸ਼ਕਤੀ ਧਾਰਿ = ਧਾਰਨ ਕਰ ਰਹਿਆ = ਰਿਹਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਗੁਰਮੁਖਿ = ਮੁਖੀ ਗੁਰਾਂ ਦੁਆਰਾ ਉਸ ਪਰਮਾਤਮਾ ਦੇ ਨਾਮ ਨਾਲ ਪਿਆਰਿ = ਪ੍ਰੇਮ ਕਰੋ॥੪॥੯॥

## ਭੈਰਉ ਮਹਲਾ ੩ ॥
## ਕਲਜੁਗ ਮਹਿ; ਬਹੁ ਕਰਮ ਕਮਾਹਿ ॥ ਨਾ ਰੁਤਿ; ਨ ਕਰਮ ਥਾਇ ਪਾਹਿ ॥੧॥

ਹੇ ਭਾਈ! ਇਸ ਕਲਿਜੁਗ ਮਹਿ = ਵਿਚ ਜੀਵ ਬਹੁ = ਬਹੁਤ ਤਰ੍ਹਾਂ ਦੇ ਨਿੱਤ ਨਮਿੱਤ, ਸੰਧਿਆ ਤਰਪਣ ਆਦਿ ਕਰਮਾਂ ਨੂੰ ਕਮਾਹਿ = ਕਮਾਉਣਾ ਕਰਦੇ ਹਨ।

ਪਰ ਹੁਣ ਨਾ ਹੀ ਉਨ੍ਹਾਂ ਕਰਮਾਂ ਰੂਪੀ ਬੀਜ ਨੂੰ ਬੀਜਣ ਦੀ ਰੁੱਤ ਹੈ ਅਤੇ ਨਾ ਹੀ ਇਹ ਕਰਮ ਥਾਇ = ਥਾਂ ਪਾਹਿ = ਪੈਂਦੇ ਹਨ ਭਾਵ ਪ੍ਰਭੂ ਦੇ ਦਰ ਵਿਚ ਪਰਵਾਨ ਨਹੀਂ ਹੁੰਦੇ।

ਅਰਥਾਤ ਸਤਿਜੁਗ ਵਿਚ ਜੋਗ, ਸਤ ਆਦਿ ਦੀ ਰੁੱਤ ਸੀ, ਤ੍ਰੇਤੇ ਵਿਚ ਯਗ ਆਦਿ ਦੀ ਰੁੱਤ ਸੀ, ਦੁਆਪਰ ਵਿਚ ਪੂਜਾ ਆਦਿ ਦੀ ਰੁੱਤ ਸੀ, ਹੁਣ ਉਨ੍ਹਾਂ ਪੁਰਾਣੇ ਸਾਧਨਾਂ ਆਦਿ ਕਰਮ ਕਾਂਡਾਂ ਦੇ ਕਰਨ ਦੀ ਰੁੱਤ ਨਹੀਂ ਹੈ॥੧॥ ਜੈਸਾ ਕਿ:

**ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥**
**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥** *(ਗਉੜੀ ਭਗਤ ਰਵਿਦਾਸ ਜੀ, ਅੰਗ ੩੪੬)*

## ਕਲਜੁਗ ਮਹਿ; ਰਾਮ ਨਾਮੁ ਹੈ ਸਾਰੁ ॥
## ਗੁਰਮੁਖਿ; ਸਾਚਾ ਲਗੈ ਪਿਆਰੁ ॥੧॥ਰਹਾਉ॥

ਹੇ ਭਾਈ! ਇਸ ਕਲਿਜੁਗ ਮਹਿ = ਵਿਚ ਰਾਮ = ਪਰਮਾਤਮਾ ਦਾ ਨਾਮ ਹੀ ਸਚੁ = ਸ੍ਰੇਸ਼ਟ ਹੈ।

ਗੁਰਮੁਖਿ = ਮੁਖੀ ਗੁਰਾਂ **ਵਾ:** ਗੁਰਮੁਖਾਂ ਦੀ ਸੰਗਤ ਦੁਆਰਾ ਹੀ ਸਾਚਾ = ਸੱਚੇ ਨਾਮ ਵਿਚ ਪਿਆਰੁ = ਪ੍ਰੇਮ ਲਗੈ = ਲੱਗ ਜਾਂਦਾ ਹੈ॥੧॥ਰਹਾਉ॥

## ਤਨੁ ਮਨੁ ਖੋਜਿ; ਘਰੈ ਮਹਿ ਪਾਇਆ ॥
## ਗੁਰਮੁਖਿ; ਰਾਮ ਨਾਮਿ ਚਿਤੁ ਲਾਇਆ ॥੨॥

ਉਸ ਮਨੁੱਖ ਨੇ ਆਪਣੇ ਤਨੁ = ਸਰੀਰ ਤੇ ਮਨ = ਅੰਤਹਕਰਣ ਨੂੰ ਖੋਜਿ = ਭਾਲ ਕੇ ਆਪਣੇ ਹਿਰਦੇ ਰੂਪੀ ਘਰੈ = ਘਰ ਵਿਚ ਪ੍ਰਭੂ ਨੂੰ ਪਾਇਆ = ਪਾਉਣਾ ਕੀਤਾ ਹੈ **ਵਾ:** ਤਨ ਨੂੰ ਖੋਜ ਕੇ ਮਨ ਲੱਭਿਆ ਹੈ ਅਤੇ ਮਨ ਦੇ ਵਿਚ ਹੀ ਤੁਰੀਆ, ਸਰੂਪ ਰੂਪੀ ਘਰ ਨੂੰ ਪਾਉਣਾ ਕੀਤਾ ਹੈ।

ਜਿਸ ਨੇ ਗੁਰਮੁਖਿ = ਮੁਖੀ ਗੁਰਾਂ ਦੁਆਰਾ ਰਾਮ = ਪਰਮਾਤਮਾ ਦੇ ਨਾਮ ਵਿਚ ਆਪਣੇ ਚਿਤੁ = ਮਨ ਨੂੰ ਲਾਇਆ = ਲਾਉਣਾ ਕੀਤਾ ਹੈ॥੨॥

[ਅੰਗ ੧੧੩੦]

## ਗਿਆਨ ਅੰਜਨੁ; ਸਤਿਗੁਰ ਤੇ ਹੋਇ॥
## ਰਾਮ ਨਾਮੁ; ਰਵਿ ਰਹਿਆ ਤਿਹੁ ਲੋਇ॥੩॥

ਜਿਸ ਨੂੰ ਗਿਆਨ ਰੂਪੀ ਅੰਜਨੁ = ਸੁਰਮਾ ਸਤਿਗੁਰਾਂ ਤੇ = ਤੋਂ ਪ੍ਰਾਪਤ ਹੋਇ = ਹੁੰਦਾ ਹੈ।

ਉਸ ਨੂੰ ਰਾਮ = ਪਰਮਾਤਮਾ ਦਾ ਨਾਮ ਤਿਹੁ = ਤਿੰਨਾਂ ਲੋਕਾਂ ਵਿਚ ਹੀ ਰਵਿ = ਵਿਆਪਕ ਹੋ ਰਿਹਾ ਪ੍ਰਤੀਤ ਹੁੰਦਾ **ਵਾ:** ਜਿਸਦਾ ਨਾਮ ਰਾਮ = ਪਰਮਾਤਮਾ ਹੈ, ਉਹ ਤਿੰਨਾਂ ਲੋਕਾਂ ਵਿਚ ਹੀ ਵਿਆਪਕ ਹੋ ਰਿਹਾ ਹੈ॥੩॥

## ਕਲਿਜੁਗ ਮਹਿ ਹਰਿ ਜੀਉ ਏਕੁ; ਹੋਰ ਰੁਤਿ ਨ ਕਾਈ॥

ਇਸ ਕਲਿਜੁਗ ਮਹਿ = ਵਿਚ ਏਕ = ਇਕ ਹਰਿ ਜੀਉ = ਪ੍ਰਭੂ ਜੀ ਦੇ = ਨਾਮ ਸਿਮਰਨ ਦੀ ਹੀ ਰੁੱਤ ਹੈ, ਹੋਰ ਕਾਈ = ਕੋਈ ਸਾਧਨਾ, ਕਰਮਾਂ ਕਾਂਡਾਂ ਆਦਿ ਦੀ ਰੁੱਤ ਨਹੀਂ ਹੈ।

## ਨਾਨਕ, ਗੁਰਮੁਖਿ ਹਿਰਦੈ; ਰਾਮ ਨਾਮੁ ਲੇਹੁ ਜਮਾਈ॥੪॥੧੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਹੇ ਭਾਈ! ਗੁਰਮੁਖ ਬਣ ਕੇ **ਵਾ:** ਗੁਰਮੁਖਿ = ਮੁਖੀ ਗੁਰਾਂ ਦੁਆਰਾ ਆਪਣੇ ਹਿਰਦੈ = ਮਨ ਵਿਚ ਰਾਮ = ਪਰਮਾਤਮਾ ਦਾ ਨਾਮ ਜਮਾਈ = ਬੀਜ ਲੇਹੁ = ਲੈਣਾ ਕਰੋ ਭਾਵ ਹਿਰਦੇ ਵਿਚ ਪ੍ਰਭੂ ਦਾ ਨਾਮ ਦ੍ਰਿੜ੍ਹ ਕਰੋ। ਮੁਖੀ ਗੁਰਾਂ ਪਾਸੋਂ ਹਿਰਦੇ ਵਿਚ ਪ੍ਰਭੂ ਦਾ ਨਾਮ ਸ੍ਰਵਨ ਕਰਕੇ ਮੰਨਣ ਰੂਪੀ ਜਮਾ ਲੈਣਾ ਕਰੋ॥੪॥੧੦॥

## ਭੈਰਉ ਮਹਲਾ ੩ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਰਾਗੁ ਭੈਰਉ ਦੇ ਅੰਦਰ ਮਹਲਾ ੩ = ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਅੰਦਰ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਦੁਬਿਧਾ ਮਨਮੁਖ ਰੋਗਿ ਵਿਆਪੇ; ਤ੍ਰਿਸਨਾ ਜਲਹਿ ਅਧਿਕਾਈ॥

ਮਨਮੁਖ = ਮਨ ਦੇ ਮਗਰ ਲੱਗਣ ਵਾਲੇ ਬੇ-ਸਮਝ ਪੁਰਖ ਦੁਬਿਧਾ = ਦੁਚਿੱਤੇ ਪੁਣੇ ਵਿਚ ਲੱਗੇ ਰਹਿੰਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਹਉਮੈ ਆਦਿ ਦੇ ਰੋਗ ਵਿਆਪੇ = ਵਿਆਪਦੇ ਹਨ ਅਤੇ ਉਹ ਤ੍ਰਿਸ਼ਨਾ ਰੂਪੀ ਅਗਨੀ ਵਿਚ ਅਧਿਕਾਈ = ਬਹੁਤ ਸਾਰਾ ਜਲਹਿ = ਸੜਦੇ ਰਹਿੰਦੇ ਹਨ।

## ਮਰਿ ਮਰਿ ਜੰਮਹਿ, ਠਉਰ ਨ ਪਾਵਹਿ; ਬਿਰਥਾ ਜਨਮੁ ਗਵਾਈ॥੧॥

ਉਹ ਮਰਿ = ਮੌਤ ਦੇ ਮਾਰੇ ਹੋਏ ਮਰਿ = ਮਰਦੇ ਅਤੇ ਵਾਸ਼ਨਾ ਦੇ ਬੱਧੇ ਹੋਏ ਜੰਮਹਿ = ਜੰਮਦੇ ਰਹਿੰਦੇ ਹਨ ਅਤੇ ਲੋਕ-ਪ੍ਰਲੋਕ ਵਿਚ ਕਿਤੇ ਵੀ ਠਉਰ = ਥਾਂ ਨੂੰ ਨਹੀਂ ਪਾਵਹਿ = ਪਾ ਸਕਦੇ **ਵਾ:** ਸਰੂਪ ਰੂਪੀ ਥਾਂ

ਨੂੰ ਨਹੀਂ ਪਾ ਸਕਦੇ। ਇਸ ਪ੍ਰਕਾਰ ਉਨ੍ਹਾਂ ਨੇ ਆਪਣਾ ਕੀਮਤੀ ਮਨੁੱਖਾ ਜਨਮ ਬਿਰਥਾ = ਵਿਅਰਥ ਹੀ ਗਵਾਈ = ਗੁਆ ਲਿਆ ਹੈ॥੧॥

## ਮੇਰੇ ਪ੍ਰੀਤਮ; ਕਰਿ ਕਿਰਪਾ ਦੇਹੁ ਬੁਝਾਈ॥

ਹੇ ਮੇਰੇ ਪ੍ਰੀਤਮ = ਪਿਆਰੇ ਪ੍ਰਭੂ ! ਤੂੰ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਆਪਣੀ ਪ੍ਰਾਪਤੀ ਦੀ ਸਿੱਖਿਆ ਬੁਝਾਈ = ਸਮਝਾ ਦੇਹੁ = ਦੇਣਾ ਕਰ।

## ਹਉਮੈ ਰੋਗੀ ਜਗਤੁ ਉਪਾਇਆ;
## ਬਿਨੁ ਸਬਦੈ ਰੋਗੁ ਨ ਜਾਈ॥੧॥ਰਹਾਉ॥

ਹੇ ਪ੍ਰਭੂ ! ਤੇਰਾ ਉਪਾਇਆ = ਪੈਦਾ ਕੀਤਾ ਹੋਇਆ ਜਗਤੁ = ਸੰਸਾਰ ਹਉਮੈ = ਹੰਗਤਾ ਦੇ ਰੋਗ ਕਰਕੇ ਰੋਗੀ ਹੋਇਆ ਪਿਆ ਹੈ, ਗੁਰੂ ਸਾਹਿਬ ਜੀ ਦੇ ਸਬਦੈ = ਉਪਦੇਸ਼ ਤੋਂ ਬਿਨੁ = ਬਗ਼ੈਰ ਇਹ ਹਉਮੈ ਦਾ ਰੋਗ ਨਹੀਂ ਜਾਈ = ਜਾਂਦਾ॥੧॥ਰਹਾਉ॥

## ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ; ਬਿਨੁ ਸਬਦੈ ਸੁਰਤਿ ਨ ਪਾਈ॥

ਸਤਾਈ ਸਿੰਮ੍ਰਿਤੀਆਂ, ਛੇ ਸ਼ਾਸਤ੍ਰਾਂ ਆਦਿ ਨੂੰ ਕੇਤੇ = ਕਿਤਨੇ ਹੀ ਮੁਨਿ = ਮੁਨੀ ਜਨ ਪੜਹਿ = ਪੜ੍ਹਦੇ ਹਨ, ਪਰ ਗੁਰਾਂ ਦੇ ਸਬਦੈ = ਉਪਦੇਸ਼ ਤੋਂ ਬਿਨੁ = ਬਗ਼ੈਰ ਕਿਸੇ ਨੇ ਵੀ ਪ੍ਰਭੂ ਪ੍ਰਾਪਤੀ ਦੀ ਸੁਰਤਿ = ਗਿਆਤ ਨਹੀਂ ਪਾਈ = ਪਾਉਣਾ ਕੀਤੀ **ਵਾ:** ਪ੍ਰਭੂ ਦੀ ਸੁ + ਰਤਿ = ਸ੍ਰੇਸ਼ਟ ਪ੍ਰੀਤੀ ਵੀ ਨਹੀਂ ਪਾਈ।

## ਤ੍ਰੈ ਗੁਣ ਸਭੇ ਰੋਗਿ ਵਿਆਪੇ; ਮਮਤਾ ਸੁਰਤਿ ਗਵਾਈ॥੨॥

ਤ੍ਰੈ ਗੁਣ = ਤਿੰਨਾਂ ਗੁਣਾਂ ਵਾਲੇ ਜੀਵ ਸਭੇ = ਸਾਰੇ ਹੰਗਤਾ-ਮਮਤਾ ਦੇ ਰੋਗ ਵਿਚ ਵਿਆਪੇ = ਲੱਗੇ ਹੋਏ ਹਨ, ਮਮਤਾ = ਮੇਰ ਤੇਰ ਨੇ ਉਨ੍ਹਾਂ ਦੀ ਸੁਰਤਿ = ਗਿਆਤ ਹੀ ਗਵਾਈ = ਗੁਆ ਦਿੱਤੀ ਹੈ **ਵਾ:** ਸ੍ਰੇਸ਼ਟ ਪ੍ਰੀਤੀ ਗੁਆ ਦਿੱਤੀ ਹੈ॥੨॥

## ਇਕਿ ਆਪੇ ਕਾਢਿ ਲਏ ਪ੍ਰਭਿ ਆਪੇ; ਗੁਰ ਸੇਵਾ ਪ੍ਰਭਿ ਲਾਏ॥

ਇਕ ਗੁਰਮੁਖ ਆਪੇ ਆਪ ਹੀ ਪ੍ਰਭਿ = ਪਰਮਾਤਮਾ ਨੇ ਸੰਸਾਰ-ਸਮੁੰਦ੍ਰ ਤੋਂ ਕਾਢਿ = ਕੱਢ ਲਏ ਹਨ **ਵਾ:** ਪਰਮਾਤਮਾ ਨੇ ਆਪੇ = ਆਪਣੇ ਸਰੂਪ ਵਿਚ ਜੋੜ ਕੇ ਆਪ ਹੀ ਇਕ ਗੁਰਮੁਖ ਕੱਢ ਲਏ ਹਨ, ਉਹ ਪ੍ਰਭਿ = ਪਰਮਾਤਮਾ ਨੇ ਗੁਰਾਂ ਦੀ ਸੇਵਾ = ਟਹਿਲ ਵਿਚ ਲਾਏ = ਲਾਉਣਾ ਕੀਤੇ ਹਨ।

## ਹਰਿ ਕਾ ਨਾਮੁ ਨਿਧਾਨੋ ਪਾਇਆ; ਸੁਖੁ ਵਸਿਆ ਮਨਿ ਆਇ॥੩॥

ਗੁਰਾਂ ਦੀ ਸੇਵਾ ਦੁਆਰਾ ਉਨ੍ਹਾਂ ਨੇ ਹਰਿ = ਪਰਮਾਤਮਾ ਕਾ = ਦਾ ਨਾਮ ਰੂਪੀ ਨਿਧਾਨੋ = ਖ਼ਜ਼ਾਨਾ ਪਾਇਆ = ਪਾਉਣਾ ਕੀਤਾ ਹੈ, ਨਾਮ ਕਰਕੇ ਉਨ੍ਹਾਂ ਦੇ ਮਨਿ = ਹਿਰਦੇ ਵਿਚ ਆਤਮਿਕ ਸੁੱਖ ਆਇ = ਆ ਕੇ ਵਸਿਆ = ਵੱਸ ਗਿਆ ਹੈ **ਵਾ:** ਸੁੱਖ ਸਰੂਪ ਪ੍ਰਭੂ ਵੱਸ ਗਿਆ ਹੈ॥੩॥

## ਚਉਥੀ ਪਦਵੀ ਗੁਰਮੁਖਿ ਵਰਤਹਿ; ਤਿਨ ਨਿਜ ਘਰਿ ਵਾਸਾ ਪਾਇਆ॥

ਉਹ ਗੁਰਮੁਖ ਚਉਥੀ ਪਦਵੀ = ਤੁਰੀਆ ਅਵਸਥਾ ਵਿਚ ਵਰਤਹਿ = ਵਰਤਦੇ ਹਨ, ਤਿਨ = ਉਨ੍ਹਾਂ ਗੁਰਮੁਖਾਂ ਨੇ ਨਿਜ = ਆਪਣੇ ਸਰੂਪ ਰੂਪੀ ਘਰ ਵਿਚ ਵਾਸਾ = ਨਿਵਾਸ ਪਾਇਆ = ਪਾਉਣਾ ਕੀਤਾ ਹੈ।

## ਪੂਰੈ ਸਤਿਗੁਰਿ ਕਿਰਪਾ ਕੀਨੀ; ਵਿਚਹੁ ਆਪੁ ਗਵਾਇਆ ॥੪॥

ਉਨ੍ਹਾਂ ਉੱਪਰ ਪੂਰੈ = ਪੂਰਨ ਸਤਿਗੁਰਾਂ ਨੇ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕੀਨੀ = ਕੀਤੀ ਹੈ, ਜਿਸ ਕਰਕੇ ਉਨ੍ਹਾਂ ਨੇ ਆਪਣੇ ਹਿਰਦੇ ਵਿਚਹੁ = ਅੰਦਰੋਂ ਆਪੁ = ਆਪਾ-ਭਾਵ ਹੰਕਾਰ ਗਵਾਇਆ = ਗੁਆਉਣਾ ਕੀਤਾ ਹੈ ॥੪॥

## ਏਕਸੁ ਕੀ ਸਿਰਿ ਕਾਰ ਏਕ; ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥

(ਦੂਸਰਾ ਪਾਠ **ਸਿਰਿਕਾਰ** ਇਕੱਠਾ ਹੈ)

ਏਕਸੁ = ਅਦੁੱਤੀ ਪਰਮਾਤਮਾ ਕੀ = ਦੀ ਸਭ ਦੇ ਸਿਰ ਉੱਪਰ ਏਕ = ਇਕ ਹੁਕਮ ਰੂਪੀ ਕਾਰ ਹੈ **ਵਾ:** ਇਕ ਪਰਮਾਤਮਾ ਦੀ ਹੀ ਇਹ ਸ੍ਰਿਸ਼ਟੀ ਰੂਪੀ ਸਿਰਿਕਾਰ = ਰਈਅਤ ਹੈ, ਜਿਨਿ = ਜਿਸ ਪਰਮਾਤਮਾ ਨੇ ਬ੍ਰਹਮਾ ਬਿਸਨੁ = ਵਿਸ਼ਨੂੰ ਤੇ ਰੁਦ੍ਰੁ = ਸ਼ਿਵ ਵਰਗੇ ਵੱਡੇ-ਵੱਡੇ ਦੇਵਤਿਆਂ ਨੂੰ ਉਪਾਇਆ = ਪੈਦਾ ਕੀਤਾ ਹੈ।

## ਨਾਨਕ ਨਿਹਚਲੁ ਸਾਚਾ ਏਕੋ; ਨਾ ਓਹੁ ਮਰੈ ਨ ਜਾਇਆ ॥੫॥੧॥੧੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਏਕੋ = ਅਦੁੱਤੀ ਪਰਮਾਤਮਾ ਹੀ ਸਾਚਾ = ਸੱਚਾ ਤੇ ਨਿਹਚਲੁ = ਅਚੱਲ ਰਹਿਣ ਵਾਲਾ ਹੈ, ਨਾ ਹੀ ਉਹ ਕਦੇ ਮਰੈ = ਮਰਦਾ ਹੈ ਤੇ ਨਾ ਹੀ ਕਿਸੇ ਜੂਨਾਂ ਆਦਿ ਵਿਚ ਜਾਇਆ = ਜਾਂਦਾ ਹੈ ॥੫॥੧॥੧੧॥

## ਭੈਰਉ ਮਹਲਾ ੩ ॥

## ਮਨਮੁਖਿ ਦੁਬਿਧਾ ਸਦਾ ਹੈ ਰੋਗੀ; ਰੋਗੀ ਸਗਲ ਸੰਸਾਰਾ ॥

ਮਨਮੁਖਿ = ਮਨ ਦੇ ਮਗਰ ਲੱਗਣ ਵਾਲੇ ਬੇ-ਸਮਝ ਪੁਰਖ ਦੁਬਿਧਾ = ਦੁਚਿੱਤੇ ਪੁਣੇ ਕਰਕੇ, ਸਦਾ = ਹਮੇਸ਼ਾਂ ਵਿਕਾਰਾਂ, ਹੰਗਤਾ ਕਰਕੇ ਰੋਗੀ ਰਹਿੰਦੇ ਹਨ, ਫੇਰ ਉਨ੍ਹਾਂ ਮਨਮੁਖਾਂ ਨੂੰ ਸਾਰਾ ਸੰਸਾਰਾ = ਜਗਤ ਹੀ ਰੋਗੀ ਪ੍ਰਤੀਤ ਹੁੰਦਾ ਹੈ **ਵਾ:** ਸਾਰਾ ਸੰਸਾਰ ਹਉਮੈ ਆਦਿ ਦੇ ਰੋਗ ਨਾਲ ਗ੍ਰਸਿਆ ਹੋਇਆ ਹੈ।

## ਗੁਰਮੁਖਿ ਬੂਝਹਿ ਰੋਗੁ ਗਵਾਵਹਿ; ਗੁਰ ਸਬਦੀ ਵੀਚਾਰਾ ॥੧॥

ਗੁਰਮੁਖ ਜਨ ਗੁਰਾਂ ਦੁਆਰਾ ਆਪਣੇ ਆਤਮਿਕ ਸਰੂਪ ਨੂੰ ਬੂਝਹਿ = ਬੁੱਝਦੇ ਹਨ ਤੇ ਆਪਣਾ ਹਉਮੈ ਆਦਿ ਦਾ ਰੋਗ ਗਵਾਵਹਿ = ਗੁਆ ਲੈਂਦੇ ਹਨ ਅਤੇ ਗੁਰਾਂ ਦੇ ਸਬਦੀ = ਉਪਦੇਸ਼ ਦੀ ਵੀਚਾਰਾ = ਵਿਚਾਰ ਕਰਦੇ ਰਹਿੰਦੇ ਹਨ ॥੧॥

## ਹਰਿ ਜੀਉ; ਸਤਸੰਗਤਿ ਮੇਲਾਇ ॥

ਹੇ ਹਰਿ ਜੀਉ = ਪ੍ਰਭੂ ਜੀ ! ਸਾਨੂੰ ਆਪਦੀ ਪ੍ਰਾਪਤੀ ਵਾਲੇ ਸਤਸੰਗਤਿ = ਸੱਚ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੀ ਸੰਗਤ ਵਿਚ ਮੇਲਾਇ = ਮਿਲਾਉਣਾ ਕਰ।

## ਨਾਨਕ ਤਿਸ ਨੋ ਦੇਇ ਵਡਿਆਈ; ਜੋ ਰਾਮ ਨਾਮਿ ਚਿਤੁ ਲਾਇ ॥੧॥ਰਹਾਉ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਤੂੰ ਤਿਸ ਨੋ = ਉਸ ਨੂੰ ਆਪਣੇ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ = ਸ਼ੋਭਾ ਦੇਣਾ ਕਰਦਾ ਹੈਂ, ਜੋ ਤੇਰੇ ਰਾਮ ਨਾਮ ਵਿਚ ਆਪਣਾ ਚਿਤੁ = ਮਨ ਲਾਇ = ਲਾਉਂਦਾ ਹੈ ॥੧॥ਰਹਾਉ॥

## ਮਮਤਾ ਕਾਲਿ ਸਭਿ ਰੋਗਿ ਵਿਆਪੇ; ਤਿਨ ਜਮ ਕੀ ਹੈ ਸਿਰਿ ਕਾਰਾ ॥

ਜਿਨ੍ਹਾਂ ਨੂੰ ਮਮਤਾ = ਮੈਂ-ਮੇਰੀ ਦਾ ਰੋਗ ਲੱਗਾ ਹੋਇਆ ਹੈ, ਉਨ੍ਹਾਂ ਸਭਿ = ਸਾਰਿਆਂ ਨੂੰ ਕਾਲ ਵਿਆਪੇ = ਵਿਆਪਦਾ ਹੈ ਅਤੇ ਤਿਨ = ਉਨ੍ਹਾਂ ਦੇ ਸਿਰ ਉੱਪਰ ਜਮਾਂ ਕੀ = ਦੀ ਕਾਰ ਹੈ **ਵਾ:** ਉਹ ਜਮਾਂ ਦੀ ਸਿਰਿ ਕਾਰਾ = ਪਰਜਾ ਹੈ।

## ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ; ਜਿਨ ਹਰਿ ਰਾਖਿਆ ਉਰਿ ਧਾਰਾ ॥੨॥

ਜੋ ਪ੍ਰਾਣੀ = ਪ੍ਰਾਣਾਧਾਰੀ ਜੀਵ ਗੁਰਮੁਖ ਹਨ, ਉਨ੍ਹਾਂ ਦੇ ਜਮ ਨੇੜਿ = ਕੋਲ ਵੀ ਨਹੀਂ ਆਉਂਦਾ (ਪ੍ਰਸ਼ਨ :— ਗੁਰਮੁਖ ਕੌਣ ਹਨ? ਉੱਤਰ) ਜਿਨ = ਜਿਨ੍ਹਾਂ ਨੇ ਆਪਦੇ ਉਰਿ = ਹਿਰਦੇ ਵਿਚ ਹਰਿ = ਪਰਮਾਤਮਾ ਦੇ ਨਾਮ ਨੂੰ ਧਾਰਾ = ਧਾਰਨ, ਵਸਾ ਕੇ ਰਾਖਿਆ = ਰੱਖਣਾ ਕੀਤਾ ਹੈ, ਉਹ ਗੁਰਮੁਖ ਹਨ ॥੨॥

## ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ; ਸੇ ਜਗ ਮਹਿ ਕਾਹੇ ਆਇਆ ॥

ਜਿਨ = ਜਿਸ ਮਨੁੱਖ ਨੇ ਐਸੇ ਗੁਰਮੁਖਾਂ ਦੁਆਰਾ **ਵਾ:** ਗੁਰਾਂ ਦੁਆਰਾ ਹਰਿ = ਪਰਮਾਤਮਾ ਕਾ = ਦਾ ਨਾਮ ਜਾਤਾ = ਜਾਨਣਾ ਨਹੀਂ ਕੀਤਾ, ਸੇ = ਉਹ ਮਨੁੱਖ ਜਗ = ਸੰਸਾਰ ਮਹਿ = ਵਿਚ ਕਾਹੇ = ਕਿਸ ਵਾਸਤੇ ਆਇਆ ਹੈ, ਭਾਵ ਉਸ ਦਾ ਆਉਣਾ ਸਭ ਵਿਅਰਥ ਹੈ।

## ਗੁਰ ਕੀ ਸੇਵਾ ਕਦੇ ਨ ਕੀਨੀ; ਬਿਰਥਾ ਜਨਮੁ ਗਵਾਇਆ ॥੩॥

ਉਸ ਨੇ ਸਤਿਗੁਰਾਂ ਕੀ = ਦੀ ਕਦੇ = ਕਦਾਚਿਤ ਵੀ ਸੇਵਾ = ਟਹਿਲ ਨਹੀਂ ਕੀਨੀ = ਕੀਤੀ, ਜਿਸ ਕਰਕੇ ਉਸ ਨੇ ਆਪਣਾ ਅਮੋਲਕ ਮਨੁੱਖਾ ਜਨਮ ਬਿਰਥਾ = ਵਿਅਰਥ ਗਵਾਇਆ = ਗੁਆ ਲਿਆ ਹੈ ॥੩॥

## ਨਾਨਕ ਸੇ ਪੂਰੇ ਵਡਭਾਗੀ; ਸਤਿਗੁਰ ਸੇਵਾ ਲਾਏ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੇ = ਉਹ ਮਨੁੱਖ ਪੂਰੇ = ਪੂਰਨ ਵਡਭਾਗੀ = ਵੱਡੇ ਭਾਗਾਂ ਵਾਲੇ ਹਨ, ਜਿਹੜੇ ਸਤਿਗੁਰਾਂ ਨੇ ਆਪਣੀ ਸੇਵਾ = ਟਹਿਲ ਵਿਚ ਲਾਏ = ਲਾਉਣਾ ਕੀਤੇ ਹਨ **ਵਾ:** ਜਿਹੜੇ ਪਰਮਾਤਮਾ ਨੇ ਸਤਿਗੁਰਾਂ ਦੀ ਸੇਵਾ ਵਿਚ ਲਾ ਦਿੱਤੇ ਹਨ **ਵਾ:** ਸਤਿਗੁਰਾਂ ਦੁਆਰਾ ਆਪਣੀ ਭਾਉ-ਭਗਤੀ ਰੂਪੀ ਸੇਵਾ ਵਿਚ ਲਾਉਣਾ ਕੀਤਾ ਹੈ।

## ਜੋ ਇਛਹਿ ਸੋਈ ਫਲੁ ਪਾਵਹਿ; ਗੁਰਬਾਣੀ ਸੁਖੁ ਪਾਏ ॥੪॥੨॥੧੨॥

ਉਹ ਜੋ ਵੀ ਇਛਹਿ = ਇੱਛਾ ਕਰਦੇ ਹਨ, ਸੋਈ = ਉਹ ਹੀ ਧਰਮ ਅਰਥ ਕਾਮ ਮੋਖ ਰੂਪੀ ਫਲ ਪਾਵਹਿ = ਪਾ ਲੈਂਦੇ ਹਨ ਅਤੇ ਸਤਿਗੁਰਾਂ ਦੀ ਅੰਮ੍ਰਿਤ ਰੂਪ ਬਾਣੀ ਦੁਆਰਾ ਸੁੱਖ ਸਰੂਪ ਨੂੰ ਪਾਏ = ਪਾ ਲੈਂਦੇ ਹਨ ॥੪॥੨॥੧੨॥

## ਭੈਰਉ ਮਹਲਾ ੩ ॥

## ਦੁਖ ਵਿਚਿ ਜੰਮੈ, ਦੁਖਿ ਮਰੈ; ਦੁਖ ਵਿਚਿ ਕਾਰ ਕਮਾਇ ॥

ਮਨਮੁਖ ਜੀਵ ਦੁਖ ਵਿਚ ਜੰਮੈ = ਜਨਮਦਾ ਹੈ, ਦੁਖ ਵਿਚ ਮਰੈ = ਮਰਦਾ ਹੈ ਅਤੇ ਦੁੱਖ ਵਿਚ ਹੀ ਸੰਸਾਰ ਦੇ ਕਾਰ = ਕੰਮ, ਧੰਧੇ ਕਮਾਇ = ਕਮਾਉਣਾ ਕਰਦਾ ਹੈ **ਵਾ:** ਕਿਸੇ ਨੂੰ ਦੁਖ ਦੇਣ ਵਾਲੀ ਕਾਰ ਕਮਾਉਂਦਾ ਹੈ।

## ਗਰਭ ਜੋਨੀ ਵਿਚਿ ਕਦੇ ਨ ਨਿਕਲੈ; ਬਿਸਟਾ ਮਾਹਿ ਸਮਾਇ ॥੧॥

ਉਹ ਗਰਭ ਜੋਨੀ = ਜੂਨਾਂ ਵਿੱਚੋਂ ਕਦੇ ਵੀ ਬਾਹਰ ਨਹੀਂ ਨਿਕਲੈ = ਨਿਕਲਦਾ, ਉਹ ਏਥੇ ਵਿਸ਼ਿਆਂ ਵਿਚ ਤੇ ਮਰਨ ਤੋਂ ਬਾਅਦ ਨਰਕ ਰੂਪੀ ਬਿਸਟਾ ਮਹਿ = ਵਿਚ ਸਮਾਇ = ਸਮਾਇਆ ਰਹਿੰਦਾ ਹੈ ॥੧॥

## ਧ੍ਰਿਗੁ ਧ੍ਰਿਗੁ ਮਨਮੁਖਿ; ਜਨਮੁ ਗਵਾਇਆ ॥

ਐਸੇ ਮਨਮੁਖਿ = ਮਨ ਦੇ ਮਗਰ ਲੱਗਣ ਵਾਲੇ ਮਨੁੱਖ ਨੂੰ ਧ੍ਰਿਗੁ = ਧਿਰਕਾਰ, ਧ੍ਰਿਗੁ = ਧਿਰਕਾਰ ਹੈ, ਜਿਸ ਨੇ ਆਪਣਾ ਅਮੋਲਕ ਮਨੁੱਖਾ ਜਨਮ ਵਿਅਰਥ ਗਵਾਇਆ = ਗੁਆ ਲਿਆ ਹੈ।

## ਪੂਰੇ ਗੁਰ ਕੀ ਸੇਵ ਨ ਕੀਨੀ; ਹਰਿ ਕਾ ਨਾਮੁ ਨ ਭਾਇਆ ॥੧॥ਰਹਾਉ॥

ਉਸ ਨੇ ਪੂਰੇ = ਪੂਰਨ ਗੁਰਾਂ ਕੀ = ਦੀ ਸੇਵ = ਟਹਿਲ ਆਦਿ ਵੀ ਨਹੀਂ ਕੀਨੀ = ਕੀਤੀ ਅਤੇ ਉਸ ਨੂੰ ਹਰਿ = ਪਰਮਾਤਮਾ ਦਾ ਨਾਮ ਵੀ ਭਾਇਆ = ਚੰਗਾ ਨਹੀਂ ਲੱਗਾ ॥੧॥ਰਹਾਉ॥

## ਗੁਰ ਕਾ ਸਬਦੁ ਸਭਿ ਰੋਗ ਗਵਾਏ; ਜਿਸ ਨੋ ਹਰਿ ਜੀਉ ਲਾਏ ॥

ਗੁਰਾਂ ਕਾ = ਦਾ ਸਬਦੁ = ਉਪਦੇਸ਼ ਸਭਿ = ਸਾਰੇ ਹੰਕਾਰ ਆਦਿ ਰੋਗ ਗਵਾਏ = ਗੁਆ, ਮੇਟ ਦੇਂਦਾ ਹੈ, ਪਰ ਜਿਸ ਨੋ = ਨੂੰ ਹਰਿ ਜੀਉ = ਪ੍ਰਭੂ ਜੀ ਆਪ ਕਿਰਪਾ ਕਰਕੇ ਗੁਰਾਂ ਦੇ ਉਪਦੇਸ਼ **ਵਾ:** ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਵਿਚ ਲਾਏ = ਲਾਉਂਦਾ ਹੈ, ਉਹੋ ਹੀ ਗੁਰਾਂ ਦੇ ਸ਼ਬਦ ਵਿਚ ਲੱਗਦਾ ਹੈ।

[ਅੰਗ ੧੧੩੧]

## ਨਾਮੇ ਨਾਮਿ ਮਿਲੈ ਵਡਿਆਈ; ਜਿਸ ਨੋ ਮੰਨਿ ਵਸਾਏ ॥੨॥

ਨਾਮਿ = ਨਾਮੀ ਪਰਮਾਤਮਾ ਦੇ ਨਾਮ ਕਰਕੇ ਉਸ ਨੂੰ ਲੋਕ-ਪ੍ਰਲੋਕ ਵਿਚ ਵਡਿਆਈ = ਸ਼ੋਭਾ ਮਿਲੈ = ਮਿਲਦੀ ਹੈ, ਜਿਸ ਨੋ = ਨੂੰ ਸਤਿਗੁਰੂ ਜੀ ਨਾਮ ਦਾ ਸ੍ਰਵਣ ਮੰਨਣ ਨਿਧਿਆਸਣ ਕਰਵਾ ਕੇ ਮੰਨਿ = ਹਿਰਦੇ ਵਿਚ ਵਸਾਏ = ਵਸਾ ਦੇਂਦੇ ਹਨ ॥੨॥

## ਸਤਿਗੁਰੁ ਭੇਟੈ ਤਾ ਫਲੁ ਪਾਏ; ਸਚੁ ਕਰਣੀ ਸੁਖ ਸਾਰੁ ॥

ਜੇਕਰ ਸਤਿਗੁਰੂ ਸਾਹਿਬ ਜੀ ਭੇਟੈ = ਮਿਲਣ ਤਾ = ਤਦੋਂ ਹੀ ਕੋਈ ਬ੍ਰਹਮ ਗਿਆਨ ਰੂਪੀ ਫਲ ਪਾਏ = ਪ੍ਰਾਪਤ ਕਰਦਾ ਹੈ, ਫੇਰ ਸਚੁ = ਸੱਚੀ ਭਗਤੀ ਦੀ ਕਰਣੀ ਨਾਲ ਸਾਰੁ = ਸ੍ਰੇਸ਼ਟ ਆਤਮਿਕ ਸੁਖ ਪ੍ਰਾਪਤ ਹੁੰਦਾ ਹੈ **ਵਾ:** ਸਾਰ ਸਰੂਪ ਪਰਮਾਤਮਾ ਦੀ ਪ੍ਰਾਪਤੀ ਦਾ ਸੁਖ ਪ੍ਰਾਪਤ ਹੁੰਦਾ ਹੈ।

## ਸੇ ਜਨ ਨਿਰਮਲ, ਜੋ ਹਰਿ ਲਾਗੇ; ਹਰਿ ਨਾਮੇ ਧਰਹਿ ਪਿਆਰੁ ॥੩॥

ਸੇ = ਉਹ ਜਨ = ਪੁਰਖ ਨਿਰਮਲ = ਉੱਜਲ ਜੀਵਨ ਵਾਲੇ ਹਨ, ਜਿਹੜੇ ਹਰਿ = ਪਰਮਾਤਮਾ ਦੇ ਨਾਮ ਵਿਚ ਲੱਗੇ ਹਨ ਅਤੇ ਹਰਿ = ਪਰਮਾਤਮਾ ਦੇ ਨਾਮੇ = ਨਾਮ ਵਿਚ ਹੀ ਪਿਆਰੁ = ਪ੍ਰੇਮ ਧਰਹਿ = ਧਰਦੇ ਹਨ ॥੩॥

## ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ; ਜਿਨ ਸਤਿਗੁਰੁ ਪੂਰਾ ਧਿਆਇਆ ॥

ਜੇਕਰ ਤਿਨ = ਉਨ੍ਹਾਂ ਦੇ ਚਰਣਾਂ ਕੀ = ਦੀ ਰੇਣੁ = ਧੂੜ ਮਿਲੈ = ਮਿਲ ਜਾਵੇ ਤਾਂ ਮੈਂ ਆਪਣੇ ਮਸਤਕਿ = ਮੱਥੇ ਉੱਪਰ ਲਾਈ = ਲਾਉਣਾ ਕਰਾਂ, ਜਿਨ = ਜਿਨ੍ਹਾਂ ਨੇ ਪੂਰਾ = ਪੂਰਨ ਸਤਿਗੁਰੂ ਨੂੰ ਧਿਆਇਆ = ਧਿਆਉਣਾ ਕੀਤਾ ਹੈ।

## ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ; ਜਿਨੀ ਰਾਮ ਨਾਮਿ ਚਿਤੁ ਲਾਇਆ ॥੪॥੩॥੧੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਨ = ਉਨ੍ਹਾਂ ਗੁਰਮੁਖਾਂ ਦੇ ਚਰਣਾਂ ਕੀ = ਦੀ ਪ੍ਰਤੱਖ, ਸ਼ਰਧਾ ਰੂਪੀ ਰੇਣੁ = ਧੂੜੀ ਪੂਰੈ = ਪੂਰਨ ਭਾਗਿ = ਭਾਗਾਂ ਕਰਕੇ ਹੀ ਪਾਈਐ = ਪ੍ਰਾਪਤ ਕਰੀਦੀ ਹੈ, ਜਿਨੀ = ਜਿਨ੍ਹਾਂ ਨੇ ਰਾਮ = ਪਰਮਾਤਮਾ ਦੇ ਨਾਮ ਵਿਚ ਆਪਣਾ ਚਿਤੁ = ਮਨ ਲਾਇਆ = ਲਾਉਣਾ ਕੀਤਾ ਹੈ ॥੪॥੩॥੧੩॥

## ਭੈਰਉ ਮਹਲਾ ੩ ॥

## ਸਬਦੁ ਬੀਚਾਰੇ ਸੋ ਜਨੁ ਸਾਚਾ; ਜਿਨ ਕੈ ਹਿਰਦੈ ਸਾਚਾ ਸੋਈ ॥

ਹੇ ਭਾਈ ! ਜੋ ਪੁਰਖ ਗੁਰਾਂ ਦੇ ਸਬਦੁ = ਉਪਦੇਸ਼ ਨੂੰ **ਵਾ:** ਉਪਦੇਸ਼ ਦੁਆਰਾ ਸੱਤ-ਅਸੱਤ ਦੀ ਵਿਚਾਰ ਨੂੰ ਬੀਚਾਰੇ = ਵਿਚਾਰਨਾ ਕਰਦਾ ਹੈ, ਸੋ = ਉਹ ਜਨੁ = ਪੁਰਖ ਸਾਚਾ = ਸੱਚਾ ਹੈ, ਫੇਰ ਜਿਨ = ਜਿਸ ਕੈ = ਦੇ ਹਿਰਦੈ = ਮਨ ਵਿਚ ਸੋਈ = ਉਹ ਸਾਚਾ = ਸੱਚਾ ਪ੍ਰਭੂ ਵੀ ਵੱਸਿਆ ਹੋਇਆ ਹੈ, ਉਹ ਉਸੇ ਦਾ ਹੀ ਰੂਪ ਹੈ।

## ਸਾਚੀ ਭਗਤਿ ਕਰਹਿ ਦਿਨੁ ਰਾਤੀ; ਤਾਂ ਤਨਿ ਦੂਖੁ ਨ ਹੋਈ ॥੧॥

ਜੇਕਰ ਕੋਈ ਦਿਨ ਰਾਤ ਸਾਚੀ = ਸੱਚੀ ਭਗਤਿ = ਭਗਤੀ ਕਰਹਿ = ਕਰਦਾ ਹੈ, ਤਾਂ = ਤਦ ਉਸ ਦੇ ਤਨਿ = ਸਰੀਰ ਨੂੰ ਕੋਈ ਵੀ ਦੁਖ ਪ੍ਰਾਪਤ ਨਹੀਂ ਹੁੰਦਾ **ਵਾ:** ਦੁਖ ਦੀ ਪੀੜਾ ਨਹੀਂ ਹੋਈ = ਹੁੰਦੀ ॥੧॥

## ਭਗਤੁ ਭਗਤੁ; ਕਹੈ ਸਭੁ ਕੋਈ ॥

ਪਰਮਾਤਮਾ ਦੀ ਭਗਤੀ ਕਰਨ ਵਾਲਿਆਂ ਨੂੰ ਭਗਤ ਜੀ, ਭਗਤ ਜੀ ਆਖ ਕੇ ਸਭ ਕੋਈ ਸੰਬੋਧਨ ਕਰਦੇ ਹਨ **ਵਾ:** ਇਹ ਪਰਮਾਤਮਾ ਦੀ ਬੰਦਗੀ ਵਾਲਾ ਹੈ, ਇਹ ਭਾਉ-ਭਗਤੀ, ਪਰਮਾਤਮਾ ਨੂੰ ਪ੍ਰਾਪਤ ਹੋਇਆ ਹੈ, ਇਉਂ ਸਭ ਕੋਈ ਕਹਿਣ ਲੱਗ ਜਾਂਦੇ ਹਨ।

## ਬਿਨੁ ਸਤਿਗੁਰ ਸੇਵੇ, ਭਗਤਿ ਨ ਪਾਈਐ; ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥੧॥ਰਹਾਉ॥

ਪਰ ਸਤਿਗੁਰਾਂ ਦੀ ਸੇਵੇ = ਟਹਿਲ ਕੀਤੀ ਤੋਂ ਬਿਨੁ = ਬਗ਼ੈਰ ਪਰਮਾਤਮਾ ਦੀ ਭਗਤਿ = ਭਗਤੀ ਨਹੀਂ ਪਾਈਐ = ਪਾ ਸਕੀਦੀ, ਪੂਰੈ = ਪੂਰਨ ਭਾਗਿ = ਕਰਮਾਂ ਕਰਕੇ ਹੀ ਸੋਈ = ਉਹ ਪ੍ਰਭੁ = ਪ੍ਰਭੂ ਸਰੂਪ ਗੁਰੂ ਜੀ ਮਿਲੈ = ਮਿਲਦੇ ਹਨ ॥੧॥ਰਹਾਉ॥

## ਮਨਮੁਖ ਮੂਲੁ ਗਵਾਵਹਿ, ਲਾਭੁ ਮਾਗਹਿ; ਲਾਹਾ ਲਾਭੁ ਕਿਦੂ ਹੋਈ ॥

ਮਨਮੁਖ ਪੁਰਖ ਆਪਣੇ ਸ੍ਵਾਸਾਂ, ਪੁੰਨਾਂ ਰੂਪੀ ਮੂਲੁ = ਮੂਲਧਨ ਨੂੰ ਗਵਾਵਹਿ = ਗੁਆ ਲੈਂਦੇ ਹਨ ਅਤੇ ਨਾਮ ਦਾ ਲਾਭ = ਨਫ਼ਾ ਮਾਗਹਿ = ਮੰਗਦੇ **ਵਾ:** ਸੁੱਖ ਰੂਪੀ ਲਾਭ ਮੰਗਦੇ ਹਨ **ਵਾ:** ਮਨਮੁਖ ਮੂਲ ਰੂਪ ਬ੍ਰਹਮ, ਨਾਮ ਨੂੰ ਗੁਆਈ, ਭੁਲਾਈ ਬੈਠੇ ਹਨ ਅਤੇ ਬ੍ਰਹਮਾਨੰਦ ਰੂਪੀ ਲਾਭ ਨੂੰ ਮੰਗਦੇ ਹਨ, ਉਨ੍ਹਾਂ ਨੂੰ ਇਸ ਲੋਕ ਵਿਚ ਲਾਹਾ ਤੇ ਪ੍ਰਲੋਕ ਵਿਚ ਐਸਾ ਲਾਭ ਕਿਦੂ = ਕਿਸ ਪ੍ਰਕਾਰ ਪ੍ਰਾਪਤ ਹੋਈ = ਹੋ ਸਕਦਾ ਹੈ ਭਾਵ ਪ੍ਰਾਪਤ ਨਹੀਂ ਹੋ ਸਕਦਾ **ਵਾ:** ਲਾਹਿਆਂ ਵਿੱਚੋਂ ਪਰਮਾਤਮਾ ਦੇ ਨਾਮ ਦਾ ਲਾਹਾ ਕਿਥੋਂ ਪ੍ਰਾਪਤ ਹੋ ਸਕਦਾ ਹੈ **ਵਾ:** ਲਾਹਾ = ਲੱਭਣੇ ਜੋਗ ਪਰਮਾਤਮਾ ਦੇ ਨਾਮ ਦਾ ਲਾਭ ਕਿਵੇਂ ਪ੍ਰਾਪਤ ਹੋ ਸਕਦਾ ਹੈ ਭਾਵ ਪ੍ਰਾਪਤ ਨਹੀਂ ਹੋ ਸਕਦਾ।

## ਜਮਕਾਲੁ ਸਦਾ ਹੈ ਸਿਰ ਊਪਰਿ; ਦੂਜੈ ਭਾਇ ਪਤਿ ਖੋਈ ॥੨॥

ਜਮਕਾਲੁ = ਕਾਲ ਕਰਨ ਵਾਲਾ ਜਮ ਸਦਾ = ਹਮੇਸ਼ਾਂ ਹੀ ਉਨ੍ਹਾਂ ਮਨਮੁਖਾਂ ਦੇ ਸਿਰ ਊਪਰਿ = ਉੱਤੇ ਸਵਾਰ ਰਹਿੰਦਾ ਹੈ, ਪੁਨਾ ਦੂਜੈ ਭਾਇ = ਦ੍ਵੈਤ-ਭਾਵ ਵਿਚ ਲੱਗ ਕੇ ਮਨਮੁਖਾਂ ਨੇ ਆਪਣੀ ਪਤਿ = ਇੱਜ਼ਤ ਖੋਈ = ਗੁਆ ਲਈ ਹੈ ॥੨॥

## ਬਹਲੇ ਭੇਖ ਭਵਹਿ ਦਿਨੁ ਰਾਤੀ; ਹਉਮੈ ਰੋਗੁ ਨ ਜਾਈ ॥

ਉਹ ਮਨਮੁਖ ਬਹਲੇ = ਬਹੁਤੇ ਭੇਖ = ਲਿਬਾਸਾਂ ਨੂੰ ਧਾਰਨ ਕਰਕੇ ਦਿਨ ਰਾਤ ਸੰਸਾਰ ਰੂਪੀ ਉਜਾੜ ਵਿਚ ਵਿਅਰਥ ਭਵਹਿ = ਭਟਕਦੇ ਰਹਿੰਦੇ ਹਨ, ਪਰ ਇਨ੍ਹਾਂ ਭੇਖਾਂ ਨੂੰ ਧਾਰਨ ਕਰਕੇ ਉਨ੍ਹਾਂ ਦੇ ਅੰਦਰੋਂ ਹਉਮੈ = ਹੰਗਤਾ ਮਮਤਾ ਦਾ ਰੋਗ ਨਹੀਂ ਜਾਈ = ਜਾਂਦਾ।

## ਪੜਿ ਪੜਿ ਲੂਝਹਿ ਬਾਦੁ ਵਖਾਣਹਿ; ਮਿਲਿ ਮਾਇਆ ਸੁਰਤਿ ਗਵਾਈ ॥੩॥

ਉਹ ਵੇਦਾਂ ਸ਼ਾਸਤ੍ਰਾਂ ਆਦਿ ਦੀ ਵਿੱਦਿਆ ਪੜ੍ਹ-ਪੜ੍ਹ ਕੇ ਲੂਝਹਿ = ਝਗੜਾ ਕਰਦੇ ਹਨ ਅਤੇ ਬਾਦੁ = ਤਰਕਾਂ ਹੀ ਵਖਾਣਹਿ = ਕਥਨ ਕਰਦੇ ਹਨ, ਮਾਇਆ ਵਿਚ ਮਿਲ ਕਰਕੇ ਉਨ੍ਹਾਂ ਨੇ ਆਪਣੀ ਸੁਰਤਿ = ਗਿਆਤ, ਹੋਸ਼ ਹੀ ਗਵਾਈ ਹੋਈ ਹੈ ॥੩॥

## ਸਤਿਗੁਰੁ ਸੇਵਹਿ, ਪਰਮਗਤਿ ਪਾਵਹਿ; ਨਾਮਿ ਮਿਲੈ ਵਡਿਆਈ ॥

ਜੇਕਰ ਉਹ ਸਤਿਗੁਰਾਂ ਨੂੰ ਸੇਵਹਿ = ਸੇਵਨਾ ਕਰਨ ਤਾਂ ਪਰਮ = ਵੱਡੀ ਕੈਵਲ ਗਤਿ = ਮੁਕਤੀ ਨੂੰ ਪਾਵਹਿ = ਪਾ ਲੈਣ, ਫੇਰ ਉਨ੍ਹਾਂ ਨੂੰ ਪਰਮਾਤਮਾ ਦੇ ਨਾਮ ਕਰਕੇ ਲੋਕ-ਪ੍ਰਲੋਕ ਵਿਚ ਵਡਿਆਈ = ਸ਼ੋਭਾ ਮਿਲੈ = ਮਿਲ ਜਾਵੇਗੀ।

## ਨਾਨਕ ਨਾਮੁ ਜਿਨਾ ਮਨਿ ਵਸਿਆ; ਦਰਿ ਸਾਚੈ ਪਤਿ ਪਾਈ ॥੪॥੪॥੧੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਮਨਿ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸਿਆ = ਵੱਸ ਗਿਆ ਹੈ, ਉਨ੍ਹਾਂ ਨੇ ਸਾਚੈ = ਸੱਚੇ ਪ੍ਰਭੂ ਦੇ ਸਚਖੰਡ ਰੂਪੀ ਦਰ ਵਿਚ ਪਤਿ = ਇੱਜ਼ਤ ਪਾਈ = ਪਾਉਣਾ ਕੀਤੀ ਹੈ **ਵਾ:** ਗਿਆਨ ਰੂਪੀ ਦਰ ਵਿਚ ਇਸਥਿਤ ਹੋ ਕੇ ਪਤਿ = ਪਤੀ ਪਰਮਾਤਮਾ ਦੀ ਪ੍ਰਾਪਤੀ ਕੀਤੀ ਹੈ ॥੪॥੪॥੧੪॥

## ਭੈਰਉ ਮਹਲਾ ੩ ॥

## ਮਨਮੁਖ ਆਸਾ ਨਹੀ ਉਤਰੈ; ਦੂਜੈ ਭਾਇ ਖੁਆਏ ॥

ਮਨਮੁਖ = ਮਨ ਨੂੰ ਮੁਖੀ ਬਣਾਉਣ ਵਾਲੇ ਪੁਰਖਾਂ ਦੇ ਅੰਦਰੋਂ ਪਦਾਰਥਾਂ ਦੀ ਆਸਾ = ਇੱਛਾ ਨਹੀਂ ਉਤਰੈ = ਉਤਰਦੀ, ਭਾਵ ਨਵਿਰਤ ਨਹੀਂ ਹੁੰਦੀ, ਉਹ ਦੂਜੈ ਭਾਇ = ਦ੍ਵੈਤ-ਭਾਵ ਕਰਕੇ ਆਪਣੇ ਸਰੂਪ ਤੋਂ ਖੁਆਏ = ਭੁੱਲੇ ਹੋਏ ਹਨ।

## ਉਦਰੁ ਨੈ ਸਾਣੁ ਨ ਭਰੀਐ ਕਬਹੂ; ਤ੍ਰਿਸਨਾ ਅਗਨਿ ਪਚਾਏ ॥੧॥

(ਦੂਜਾ ਪਾਠ **ਨੈਸਾਣੁ** ਇਕੱਠਾ ਹੈ)

ਉਨ੍ਹਾਂ ਦਾ ਉਦਰੁ = ਪੇਟ ਨੈ = ਨਦੀ ਦੇ ਸਾਣੁ = ਸਦਰਸ਼ **ਵਾ:** ਅਕਾਸ਼, ਸਮੁੰਦਰ ਦੇ ਸਦਰਸ਼ ਕਬਹੂ =

ਕਦੇ ਵੀ ਭਰੀਐ = ਭਰਦਾ ਨਹੀਂ ਹੈ **ਵਾ:** ਉਨ੍ਹਾਂ ਦਾ ਹਿਰਦੇ ਰੂਪੀ ਨੈਸਾਣੁ = ਟੋਆ ਕਦੇ ਵੀ ਪਦਾਰਥਾਂ ਨਾਲ ਨਹੀਂ ਭਰਦਾ, ਭਾਵ ਉਨ੍ਹਾਂ ਨੂੰ ਕਦੇ ਵੀ ਤ੍ਰਿਪਤੀ ਨਹੀਂ ਹੁੰਦੀ। ਉਹ ਤ੍ਰਿਸ਼ਨਾ ਦੀ ਅਗਨਿ = ਅੱਗ ਵਿਚ ਪਚਾਏ = ਸੜਦੇ ਰਹਿੰਦੇ ਹਨ ॥੧॥

## ਸਦਾ ਅਨੰਦੁ; ਰਾਮ ਰਸਿ ਰਾਤੇ ॥

ਜੋ ਰਾਮ = ਪਰਮਾਤਮਾ ਦੇ ਰਸਿ = ਪ੍ਰੇਮ **ਵਾ:** ਨਾਮ ਰਸ ਵਿਚ ਰਾਤੇ = ਰੰਗੇ ਰਹਿੰਦੇ ਹਨ, ਉਨ੍ਹਾਂ ਨੂੰ ਸਦਾ = ਹਮੇਸ਼ਾਂ ਹੀ ਅਨੰਦ = ਖੇੜਾ ਬਣਿਆ ਰਹਿੰਦਾ ਹੈ।

## ਹਿਰਦੈ ਨਾਮੁ ਦੁਬਿਧਾ ਮਨਿ ਭਾਗੀ;
## ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ਰਹਾਉ॥

ਉਨ੍ਹਾਂ ਦੇ ਹਿਰਦੈ = ਅੰਤਹਕਰਨ ਵਿਚ ਪਰਮਾਤਮਾ ਦਾ ਨਾਮ ਵੱਸਿਆ ਹੈ ਅਤੇ ਮਨ ਵਿੱਚੋਂ ਦੁਬਿਧਾ = ਦ੍ਵੈਤ ਭ੍ਰਾਂਤੀ ਭਾਗੀ = ਭੱਜ ਗਈ ਹੈ, ਉਹ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਨਾਮ ਅੰਮ੍ਰਿਤ ਨੂੰ ਪੀ = ਪਾਨ ਕਰਕੇ ਤ੍ਰਿਪਤਾਤੇ = ਅਤਿਅੰਤ ਰੱਜ ਗਏ ਹਨ **ਵਾ:** ਮਨ ਬਾਣੀ ਸਰੀਰ ਦੁਆਰਾ ਅਤਿਸ਼ੇ ਕਰਕੇ ਰੱਜ ਗਏ ਹਨ ॥੧॥ਰਹਾਉ॥

## ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ; ਸਿਰਿ ਸਿਰਿ ਧੰਧੈ ਲਾਏ ॥

ਜਿਨ = ਜਿਸ ਪਾਰਬ੍ਰਹਮੁ = ਪਰਮੇਸ਼ਰ ਨੇ ਆਪੇ = ਆਪ ਹੀ ਸਾਰੀ ਸ੍ਰਿਸਟਿ = ਸ੍ਰਿਸ਼ਟੀ ਸਾਜੀ = ਰਚਨਾ ਕੀਤੀ ਹੈ, ਉਸ ਨੇ ਆਪ ਹੀ ਜੀਵਾਂ ਦੇ ਕਰਮਾਂ ਅਨੁਸਾਰ ਸਭ ਸਿਰਿ ਸਿਰਿ = ਸਿਰ-ਬ-ਸਿਰ ਵੱਖੋ-ਵੱਖ ਧੰਧੈ = ਕੰਮਾਂ-ਕਾਰਾਂ ਵਿਚ ਲਾਏ = ਲਾਉਣਾ ਕੀਤੇ ਹਨ।

## ਮਾਇਆ ਮੋਹੁ ਕੀਆ ਜਿਨਿ ਆਪੇ; ਆਪੇ ਦੂਜੈ ਲਾਏ ॥੨॥

ਜਿਨਿ = ਜਿਸ ਪਰਮਾਤਮਾ ਨੇ ਆਪੇ = ਆਪ ਹੀ ਮਾਇਆ ਦਾ ਮੋਹ ਪੈਦਾ ਕੀਆ = ਕੀਤਾ ਹੈ, ਉਸ ਨੇ ਆਪ ਹੀ ਜੀਵਾਂ ਦੀ ਵਾਸ਼ਨਾ ਅਨੁਸਾਰ ਦੂਜੈ = ਦ੍ਵੈਤ-ਭਾਵ ਵਿਚ ਲਾਏ = ਲਾਉਣਾ ਕੀਤੇ ਹਨ ॥੨॥

## ਤਿਸ ਨੋ ਕਿਹੁ ਕਹੀਐ, ਜੇ ਦੂਜਾ ਹੋਵੈ; ਸਭਿ ਤੁਧੈ ਮਾਹਿ ਸਮਾਏ ॥

ਤਿਸ = ਉਸ ਪਰਮਾਤਮਾ ਨੋ = ਨੂੰ ਕਿਹੁ = ਕੀ ਕੁਝ ਕਹੀਐ = ਕਹਿਣਾ ਕਰੀਏ ਤਾਂ ਹੀ ਜੇ = ਜੇਕਰ ਕੋਈ ਦੂਜਾ = ਦੂਸਰਾ ਉਸ ਵਰਗਾ ਹੋਰ ਹੋਵੇ ਭਾਵ ਉਸ ਤੋਂ ਭਿੰਨ ਕੋਈ ਨਹੀਂ ਹੈ ਇਸ ਲਈ ਬੇਨਤੀ ਕਰੀਏ ਕਿ ਹੇ ਪ੍ਰਭੂ ! ਸਭਿ = ਸਾਰੇ ਗੁਰਮੁਖਾਂ ਗੁਰਾਂ ਦੁਆਰਾ ਤੇਰੀ ਭਾਉ-ਭਗਤੀ, ਗਿਆਨ ਦੀ ਪ੍ਰਾਪਤੀ ਕਰਕੇ ਤੁਧੈ = ਤੇਰੇ ਸਰੂਪ ਮਾਹਿ = ਵਿਚ ਹੀ ਸਮਾਏ = ਲੀਨ, ਮਿਲੇ ਹੋਏ ਹਨ।

## ਗੁਰਮੁਖਿ ਗਿਆਨੁ ਤਤੁ ਬੀਚਾਰਾ; ਜੋਤੀ ਜੋਤਿ ਮਿਲਾਏ ॥੩॥

ਗੁਰਮੁਖਾਂ ਨੇ ਗਿਆਨ ਦੁਆਰਾ ਤੱਤ ਸਰੂਪ ਨੂੰ ਬੀਚਾਰਾ = ਵਿਚਾਰਿਆ ਹੈ, ਇਸ ਕਰਕੇ ਉਨ੍ਹਾਂ ਦੀ ਪਰਤਕ ਜੋਤ ਨੂੰ ਜੋਤੀ ਸਰੂਪ ਪ੍ਰਭੂ ਨੇ ਆਪਣੇ ਵਿਚ ਮਿਲਾਏ = ਮਿਲਾਉਣਾ ਕੀਤਾ ਹੈ ॥੩॥

## ਸੋ ਪ੍ਰਭੁ ਸਾਚਾ ਸਦ ਹੀ ਸਾਚਾ; ਸਾਚਾ ਸਭੁ ਆਕਾਰਾ ॥

ਸੋ = ਉਹ, ਤੱਤ ਪਦ ਦਾ ਲਖ ਅਰਥ ਰੂਪ ਪ੍ਰਭੁ = ਪਰਮਾਤਮਾ ਸਚ ਸਰੂਪ ਹੈ, ਸਦ = ਹਮੇਸ਼ਾਂ ਹੀ

ਸਾਚਾ = ਸੱਚਾ ਹੈ, ਇਸ ਲਈ ਉਸ ਦਾ ਸਭੁ = ਸਾਰਾ ਆਕਾਰਾਂ ਵਾਲਾ ਸੰਸਾਰ ਵੀ ਸੱਚਾ ਹੈ **ਵਾ:** ਗੁਰਮੁਖਾਂ ਨੂੰ ਸਾਰੇ ਆਕਾਰਾਂ ਵਿਚ ਸੱਚਾ ਪ੍ਰਭੂ ਹੀ ਪ੍ਰਤੀਤ ਹੋ ਰਿਹਾ ਹੈ **ਵਾ:** ਸਾਰੇ ਆਕਾਰਾਂ ਨੂੰ ਧਾਰਨ ਕਰਕੇ ਵੀ ਉਹ ਪ੍ਰਭੂ ਆਪ ਸੱਚਾ ਹੈ।

## ਨਾਨਕ ਸਤਿਗੁਰਿ ਸੋਝੀ ਪਾਈ; ਸਚਿ ਨਾਮਿ ਨਿਸਤਾਰਾ ॥੪॥੫॥੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਨੂੰ ਸੱਚੇ ਗੁਰਾਂ ਨੇ ਇਹ ਸੋਝੀ = ਗਿਆਤ, ਸੂਝ ਪਾਈ = ਪਾਉਣਾ ਕੀਤੀ ਹੈ ਕਿ ਉਸ ਸੱਚੇ ਪਰਮਾਤਮਾ ਦੇ ਸੱਚੇ ਨਾਮ ਕਰਕੇ ਹੀ ਸੰਸਾਰ-ਸਮੁੰਦ੍ਰ ਤੋਂ ਨਿਸਤਾਰਾ = ਪਾਰ-ਉਤਾਰਾ ਹੋਵੇਗਾ ॥੪॥੫॥੧੪॥

## ਭੈਰਉ ਮਹਲਾ ੩ ॥

## ਕਲਿ ਮਹਿ ਪ੍ਰੇਤ, ਜਿਨ੍ੀ ਰਾਮੁ ਨ ਪਛਾਤਾ; ਸਤਜੁਗਿ ਪਰਮ ਹੰਸ ਬੀਚਾਰੀ ॥

ਹੇ ਭਾਈ! ਇਸ ਕਲਿ = ਕਲਿਜੁਗ ਮਹਿ = ਵਿਚ ਉਹ ਪੁਰਖ ਪ੍ਰੇਤ = ਭੂਤਾਂ ਦੀ ਨਿਆਈਂ ਹਨ, ਜਿਨ੍ੀ = ਜਿਨ੍ਹਾਂ ਨੇ ਰਾਮੁ = ਪਰਮਾਤਮਾ ਨੂੰ ਪਛਾਤਾ = ਪਛਾਣਨਾ ਨਹੀਂ ਕੀਤਾ, ਸਤਿਜੁਗ ਵਿਚ ਜ਼ਿਆਦਾਤਰ ਆਤਮ ਸਰੂਪ ਦੀ ਬੀਚਾਰੀ = ਵਿਚਾਰ ਵਾਲੇ ਪਰਮ ਹੰਸ = ਤੱਤ ਮਿਥਿਆ ਦਾ ਵਿਵੇਚਨ ਵਾਲੇ ਤੱਤਬੇਤੇ ਸਨ।

## ਦੁਆਪੁਰਿ ਤ੍ਰੇਤੈ ਮਾਣਸ ਵਰਤਹਿ; ਵਿਰਲੈ ਹਉਮੈ ਮਾਰੀ ॥੧॥

ਦੁਆਪੁਰ ਅਤੇ ਤ੍ਰੇਤੇ ਜੁਗ ਵਿਚ ਵੀ ਜੋ ਮਾਣਸ = ਮਨੁੱਖ ਵਰਤਹਿ = ਵਰਤਦੇ ਸਨ **ਵਾ:** ਜਿਹੜੇ ਮਾਣਸ = ਮਾਣ ਦੇ ਸਹਿਤ ਵਰਤਦੇ ਸਨ, ਉਨ੍ਹਾਂ ਵਿੱਚੋਂ ਕਿਸੇ ਵਿਰਲੈ = ਟਾਵੇਂ-ਟਾਵੇਂ ਨੇ ਹੀ ਹਉਮੈ = ਹੰਗਤਾ ਮਮਤਾ ਮਾਰੀ = ਮਾਰਨਾ ਕੀਤੀ ਸੀ ॥੧॥

## ਕਲਿ ਮਹਿ; ਰਾਮ ਨਾਮਿ ਵਡਿਆਈ ॥

ਹੇ ਭਾਈ! ਇਸ ਕਲਿ = ਕਲਿਜੁਗ ਮਹਿ = ਵਿਚ ਰਾਮ = ਪਰਮਾਤਮਾ ਦੇ ਨਾਮ ਸਿਮਰਨ ਦੀ ਹੀ ਵਡਿਆਈ = ਸ਼ੋਭਾ ਹੈ।

## ਜੁਗਿ ਜੁਗਿ ਗੁਰਮੁਖਿ ਏਕੋ ਜਾਤਾ; ਵਿਣੁ ਨਾਵੈ ਮੁਕਤਿ ਨ ਪਾਈ ॥੧॥ਰਹਾਉ॥

ਜੁਗਾਂ-ਜੁਗਾਂ ਦੇ ਅੰਦਰ **ਵਾ:** ਜੁਗਿ = ਚੌਹਾਂ ਸਾਧਨਾਂ ਦੇ ਜੁਗਿ = ਸੰਜੁਗਤ ਹੋ ਕੇ ਗੁਰਮੁਖਾਂ ਨੇ ਏਕੋ = ਅਦੁੱਤੀ ਬ੍ਰਹਮ ਨੂੰ ਹੀ ਜਾਤਾ = ਜਾਨਣਾ ਕੀਤਾ ਹੈ ਅਤੇ ਐਸਾ ਨਿਸਚਾ ਕੀਤਾ ਹੈ ਕਿ ਪਰਮਾਤਮਾ ਦੇ ਨਾਵੈ = ਨਾਮ ਤੋਂ ਵਿਣੁ = ਬਗ਼ੈਰ ਕਿਸੇ ਨੇ ਵੀ ਮੁਕਤਿ = ਮੁਕਤੀ ਨਹੀਂ ਪਾਈ = ਪਾਉਣਾ ਕੀਤੀ ॥੧॥ਰਹਾਉ॥

## ਹਿਰਦੈ ਨਾਮੁ ਲਖੈ ਜਨੁ ਸਾਚਾ; ਗੁਰਮੁਖਿ ਮੰਨਿ ਵਸਾਈ ॥

ਉਹ ਜਨ = ਪੁਰਖ ਸਾਚਾ = ਸੱਚੇ ਪਰਮਾਤਮਾ ਨੂੰ ਲਖੈ = ਜਾਣ ਲੈਂਦਾ ਹੈ ਜਿਸ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਹੈ ਅਤੇ ਉਸ ਨੇ ਗੁਰਮੁਖਿ = ਮੁਖੀ ਗੁਰਾਂ ਦੁਆਰਾ ਹਰੀ ਦੀ ਭਗਤੀ ਆਪਣੇ ਮੰਨਿ = ਅੰਤਹਕਰਨ ਵਿਚ ਵਸਾਈ = ਵਸਾਉਣਾ ਕੀਤੀ ਹੈ।

## ਆਪਿ ਤਰੇ ਸਗਲੇ ਕੁਲ ਤਾਰੇ; ਜਿਨੀ ਰਾਮ ਨਾਮਿ ਲਿਵ ਲਾਈ ॥੨॥

ਜਿਨੀ = ਜਿਨ੍ਹਾਂ ਨੇ ਵੀ ਰਾਮ = ਪਰਮਾਤਮਾ ਦੇ ਨਾਮ ਵਿਚ ਆਪਣੀ ਲਿਵ = ਬਿਰਤੀ ਲਾਈ = ਲਾਉਣਾ

ਕੀਤੀ ਹੈ, ਉਹ ਸੰਸਾਰ-ਸਮੁੰਦ੍ਰ ਤੋਂ ਆਪ ਵੀ ਤਰੇ = ਤਰ ਗਏ ਹਨ ਅਤੇ ਆਪਣੀਆਂ ਸਗਲੇ = ਸੰਪੂਰਨ ਕੁਲਾਂ ਨੂੰ ਵੀ ਤਾਰੇ = ਤਾਰ ਲੈਂਦੇ ਹਨ ॥੨॥

## ਮੇਰਾ ਪ੍ਰਭੁ ਹੈ ਗੁਣ ਕਾ ਦਾਤਾ; ਅਵਗਣ ਸਬਦਿ ਜਲਾਏ ॥

ਹੇ ਭਾਈ ! ਮੇਰਾ ਪ੍ਰਭੁ = ਪਰਮਾਤਮਾ ਸਾਰੇ ਗੁਣਾਂ ਕਾ = ਦਾ ਦਾਤਾ ਹੈ, ਜੋ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਜਗਿਆਸੂ ਦੇ ਹਿਰਦੇ ਅੰਦਰ ਅਵਗਣ = ਗੁਨਾਹਾਂ ਨੂੰ ਨਾਮ ਅਭਿਆਸ ਰੂਪੀ ਅਗਨੀ ਨਾਲ ਜਲਾਏ = ਸਾੜ ਦੇਂਦਾ ਹੈ।

[ਅੰਗ ੧੧੩੨]

## ਜਿਨ ਮਨਿ ਵਸਿਆ ਸੇ ਜਨ ਸੋਹੇ; ਹਿਰਦੈ ਨਾਮੁ ਵਸਾਏ ॥੩॥

ਜਿਨ੍ਹਾਂ ਦੇ ਮਨਿ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸਿਆ = ਵੱਸ ਗਿਆ ਹੈ, ਸੇ = ਉਹ ਜਨ = ਪੁਰਖ ਲੋਕ-ਪ੍ਰਲੋਕ ਵਿਚ ਸੋਹੇ = ਸ਼ੋਭਨੀਕ ਹੋਏ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸਾਉਣਾ ਕੀਤਾ ਹੈ ॥੩॥

## ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ; ਰੰਗ ਸਿਉ ਰਲੀਆ ਮਾਣੈ ॥

ਸਤਿਗੁਰੂ ਸਾਹਿਬ ਜੀ ਨੇ ਜਿਨ੍ਹਾਂ ਨੂੰ ਸਾਰੇ ਘਰਾਂ ਤੇ ਦਰਾਂ ਵਿੱਚੋਂ ਪਰਮਾਤਮਾ ਦਾ ਮਹਲੁ = ਸਰੂਪ ਪ੍ਰਗਟ ਕਰਕੇ ਦਿਖਾਇਆ = ਵਿਖਾ ਦਿੱਤਾ ਹੈ **ਵਾ:** ਸਰੀਰ ਰੂਪੀ ਘਰ ਤੇ ਇੰਦ੍ਰੀਆਂ ਰੂਪੀ ਦਰ ਦੇ ਅੰਦਰ ਤੁਰੀਆ ਪਦ ਰੂਪੀ ਮਹਲ ਦਿਖਾ ਦਿੱਤਾ ਹੈ **ਵਾ:** ਸਾਧ ਸੰਗਤ ਰੂਪੀ ਦਰ ਤੇ ਸੰਸਾਰ ਰੂਪੀ ਘਰ ਅੰਦਰ ਪ੍ਰਭੂ ਦਾ ਸਰੂਪ ਦਿਖਾ ਦਿੱਤਾ ਹੈ **ਵਾ:** ਜੋ ਸਤਿਸੰਗਤ ਰੂਪੀ ਦਰ ਵਿਚ ਮਿਲੇ ਹਨ ਉਨ੍ਹਾਂ ਦੇ ਤਾਈਂ ਘਰੁ = ਹਿਰਦੇ ਦੇ ਅੰਦਰ ਹੀ ਸਤਿਗੁਰਾਂ ਨੇ ਸਤ ਸਰੂਪ ਵਿਖਾ ਦਿੱਤਾ ਹੈ ਅਤੇ ਉਹ ਪ੍ਰਭੂ ਦੇ ਰੰਗ = ਪ੍ਰੇਮ ਦੇ ਸਿਉ = ਸਹਿਤ ਆਤਮਾਨੰਦ ਦੀਆਂ ਰਲੀਆਂ = ਖ਼ੁਸ਼ੀਆਂ ਮਾਣੈ = ਮਾਣਦੇ ਹਨ।

## ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ; ਨਾਨਕ ਨਾਮੁ ਵਖਾਣੈ ॥੪॥੬॥੧੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਜੋ ਕਿਛੁ = ਕੁਝ ਵੀ ਕਹੈ = ਕਹਿੰਦਾ, ਹੁਕਮ ਕਰਦਾ ਹੈ, ਉਹ ਪੁਰਖ ਸੋ = ਉਹੋ ਹੀ ਭਲਾ = ਚੰਗਾ ਕਰਿ = ਕਰਕੇ ਮਾਨੈ = ਮੰਨਦੇ ਹਨ ਅਤੇ ਪਰਮਾਤਮਾ ਦੇ ਨਾਮ ਦਾ ਹੀ ਵਖਾਣੈ = ਕਥਨ ਕਰਦੇ ਹਨ ਭਾਵ ਨਾਮ ਹੀ ਜਪਦੇ ਜਪਾਉਂਦੇ ਰਹਿੰਦੇ ਹਨ ॥੪॥੬॥੧੬॥

## ਭੈਰਉ ਮਹਲਾ ੩ ॥

## ਮਨਸਾ ਮਨਹਿ ਸਮਾਇ ਲੈ; ਗੁਰ ਸਬਦੀ ਵੀਚਾਰ ॥

ਹੇ ਭਾਈ ! ਗੁਰਾਂ ਦੇ ਸਬਦੀ = ਉਪਦੇਸ਼ ਦੀ ਵਿਚਾਰ ਕਰਕੇ ਆਪਣੀਆਂ ਮਨਸਾ = ਮਨ ਦੀਆਂ ਵਾਸ਼ਨਾਵਾਂ ਨੂੰ ਆਪਣੇ ਮਨਹਿ = ਮਨ ਦੇ ਵਿਚ ਹੀ ਸਮਾਇ = ਲੀਨ ਕਰ ਲੈ।

## ਗੁਰ ਪੂਰੇ ਤੇ ਸੋਝੀ ਪਵੈ; ਫਿਰਿ ਮਰੈ ਨ ਵਾਰੋ ਵਾਰ ॥੧॥

ਕਿਉਂਕਿ ਜਿਸ ਨੂੰ ਪੂਰੇ = ਪੂਰਨ ਗੁਰੂ ਤੇ = ਤੋਂ ਸ਼ਬਦ ਦੁਆਰਾ ਆਤਮਿਕ ਜੀਵਨ ਦੀ ਸੋਝੀ = ਸਮਝ ਪਵੈ = ਪੈ ਜਾਂਦੀ ਹੈ, ਫਿਰਿ = ਪੁਨਾ ਉਹ ਵਾਰੋ ਵਾਰ = ਮੁੜ-ਮੁੜ ਜੰਮਦਾ ਮਰਦਾ ਨਹੀਂ ਹੈ ॥੧॥

## ਮਨ ਮੇਰੇ; ਰਾਮ ਨਾਮੁ ਆਧਾਰੁ ॥

ਆਪਣੇ ਮਨ ਨੂੰ ਸਿੱਖਿਆ ਦੇਈਏ ਕਿ ਹੇ ਮੇਰੇ ਮਨਾਂ ! ਜਿਨ੍ਹਾਂ ਨੇ ਵੀ ਰਾਮ = ਪਰਮਾਤਮਾ ਦੇ ਨਾਮ ਦਾ ਆਧਾਰੁ = ਆਸਰਾ ਲੈਣਾ ਕੀਤਾ ਹੈ।

## ਗੁਰਪਰਸਾਦਿ ਪਰਮਪਦੁ ਪਾਇਆ; ਸਭ ਇਛ ਪੁਜਾਵਣਹਾਰੁ ॥੧॥ਰਹਾਉ॥

ਉਨ੍ਹਾਂ ਨੇ ਗੁਰਾਂ ਦੀ ਪਰਸਾਦਿ = ਕਿਰਪਾ ਦੁਆਰਾ ਪਰਮਪਦੁ = ਵੱਡੀ ਕੈਵਲ ਮੋਖ ਰੂਪੀ ਪਦਵੀ ਨੂੰ ਪਾਇਆ = ਪਾਉਣਾ ਕੀਤਾ ਹੈ ਅਤੇ ਉਹ ਨਾਮ ਹੀ ਉਨ੍ਹਾਂ ਦੀਆਂ ਲੋਕ-ਪ੍ਰਲੋਕ ਦੀਆਂ ਸਭ = ਸਾਰੀਆਂ ਇਛ = ਇਛਾਵਾਂ ਨੂੰ ਪੁਜਾਵਣਹਾਰੁ = ਪੂਰਨ ਕਰਨ ਵਾਲਾ ਹੈ ॥੧॥ਰਹਾਉ॥

## ਸਭ ਮਹਿ ਏਕੋ ਰਵਿ ਰਹਿਆ; ਗੁਰ ਬਿਨੁ ਬੂਝ ਨ ਪਾਇ ॥

ਉਨ੍ਹਾਂ ਗੁਰਮੁਖਾਂ ਨੇ ਐਸੇ ਨਿਸਚਾ ਕੀਤਾ ਹੈ ਕਿ ਸਭ = ਸਾਰਿਆਂ ਜੀਵਾਂ ਮਹਿ = ਵਿਚ ਏਕੋ = ਅਦੁੱਤੀ ਪਰਮਾਤਮਾ ਹੀ ਰਵਿ = ਵਿਆਪਕ ਹੋ ਰਹਿਆ = ਰਿਹਾ ਹੈ, ਪਰ ਗੁਰਾਂ ਤੋਂ ਬਿਨੁ = ਬਗ਼ੈਰ ਕੋਈ ਉਸ ਦੀ ਬੂਝ = ਸਮਝ ਨੂੰ ਨਹੀਂ ਪਾਇ = ਪਾ ਸਕਦਾ।

## ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ; ਅਨਦਿਨੁ ਹਰਿ ਗੁਣ ਗਾਇ ॥੨॥

ਮੇਰਾ ਹਰਿ = ਹਰੇ ਭਰੇ ਕਰਨ ਵਾਲਾ ਪ੍ਰਭੁ = ਪਰਮਾਤਮਾ ਗੁਰਮੁਖ ਜਨਾਂ ਨੂੰ ਗੁਰਾਂ ਦੁਆਰਾ ਪ੍ਰਗਟੁ = ਪ੍ਰਤੱਖ, ਸਾਖਿਆਤਕਾਰ ਹੋਆ = ਹੋਇਆ ਹੈ, ਉਹ ਗੁਰਮੁਖ ਅਨਦਿਨੁ = ਰਾਤ ਦਿਨ ਹਰਿ = ਪਰਮਾਤਮਾ ਦੇ ਗੁਣ ਗਾਇ = ਗਾਉਂਦੇ ਰਹਿੰਦੇ ਹਨ ॥੨॥

## ਸੁਖਦਾਤਾ ਹਰਿ ਏਕੁ ਹੈ; ਹੋਰ ਥੈ ਸੁਖੁ ਨ ਪਾਹਿ ॥

ਏਕੁ = ਇਕ ਹਰਿ = ਪਰਮਾਤਮਾ ਹੀ ਸਾਰੇ ਸੁਖਦਾਤਾ = ਸੁੱਖਾਂ ਦਾ ਦਾਤਾ ਹੈ, ਉਸ ਤੋਂ ਬਿਨਾਂ ਕੋਈ ਜੀਵ ਕਿਸੇ ਹੋਰ ਥੈ = ਥਾਵੋਂ ਭਾਵ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਕੇ ਆਤਮਿਕ ਸੁਖ ਨਹੀਂ ਪਾਹਿ = ਪਾ ਸਕਦਾ।

## ਸਤਿਗੁਰੁ ਜਿਨੀ ਨ ਸੇਵਿਆ ਦਾਤਾ; ਸੇ ਅੰਤਿ ਗਏ ਪਛੁਤਾਹਿ ॥੩॥

ਜਿਨੀ = ਜਿਨ੍ਹਾਂ ਮਨੁੱਖਾਂ ਨੇ ਦਾਤਾ = ਦਾਤਾਰ ਸਤਿਗੁਰਾਂ ਨੂੰ **ਵਾ:** ਸਤਿਗੁਰਾਂ ਦੁਆਰਾ ਦਾਤਾਰ ਪਰਮਾਤਮਾ ਨੂੰ ਸੇਵਿਆ = ਸੇਵਨਾ ਨਹੀਂ ਕੀਤਾ, ਸੇ = ਉਹ ਮਨੁੱਖ ਅੰਤਿ = ਅਖ਼ੀਰ ਨੂੰ ਪਛੁਤਾਹਿ = ਪਸ਼ਚਾਤਾਪ ਕਰਦੇ ਹੋਏ ਹੀ ਇਸ ਸੰਸਾਰ ਤੋਂ ਪ੍ਰਲੋਕ ਵੱਲ ਨੂੰ ਗਏ ਹਨ ॥੩॥

## ਸਤਿਗੁਰੁ ਸੇਵਿ ਸਦਾ ਸੁਖੁ ਪਾਇਆ; ਫਿਰਿ ਦੁਖੁ ਨ ਲਾਗੈ ਧਾਇ ॥

ਗੁਰਮੁਖਾਂ ਨੇ ਸਤਿਗੁਰਾਂ ਦੀ ਸੇਵਿ = ਟਹਿਲ ਕਰਕੇ ਸਦਾ = ਹਮੇਸ਼ਾਂ ਰਹਿਣ ਵਾਲੇ ਸੁਖ ਸਰੂਪ ਨੂੰ ਪਾਇਆ = ਪਾਉਣਾ ਕੀਤਾ ਹੈ, ਫਿਰਿ = ਮੁੜ ਕੇ ਉਨ੍ਹਾਂ ਨੂੰ ਕੋਈ ਵੀ ਦੁਖ ਧਾਇ = ਧਾ, ਧਾਵਾ ਬੋਲ ਕੇ ਨਹੀਂ ਲਾਗੈ = ਲੱਗਦਾ।

## ਨਾਨਕ ਹਰਿ ਭਗਤਿ ਪਰਾਪਤਿ ਹੋਈ; ਜੋਤੀ ਜੋਤਿ ਸਮਾਇ ॥੪॥੭॥੧੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਗੁਰਮੁਖਾਂ ਨੂੰ ਹੀ ਗੁਰਾਂ ਦੁਆਰਾ ਹਰਿ = ਪ੍ਰਭੂ ਦੀ

ਭਗਤਿ = ਭਗਤੀ ਪ੍ਰਾਪਤ ਹੋਈ ਹੈ ਅਤੇ ਉਨ੍ਹਾਂ ਦੀ ਪਰਤਕ ਜੋਤ ਅਦ੍ਵੈਤ ਅਨੰਦ ਸਰੂਪ ਜੋਤੀ ਪਰਮਾਤਮਾ ਵਿਚ ਸਮਾਇ = ਲੀਨ ਹੋਈ ਹੈ॥੪॥੭॥੧੭॥

## ਭੈਰਉ ਮਹਲਾ ੩ ॥

## ਬਾਝੁ ਗੁਰੂ ਜਗਤੁ ਬਉਰਾਨਾ; ਭੂਲਾ ਚੋਟਾ ਖਾਈ ॥

ਹੇ ਭਾਈ! ਸਤਿਗੁਰੂ ਧਾਰਨ ਤੋਂ ਬਾਝੁ = ਬਗ਼ੈਰ ਸਾਰਾ ਜਗਤੁ = ਸੰਸਾਰ ਹੀ ਬਉਰਾਨਾ = ਕਮਲਾ ਹੋ ਰਿਹਾ ਹੈ ਅਤੇ ਵਾਹਿਗੁਰੂ ਦੇ ਸਰੂਪ ਤੋਂ ਭੂਲਾ = ਭੁੱਲਿਆ ਹੋਇਆ ਵਿਕਾਰਾਂ, ਜਮਾਂ ਦੀਆਂ ਚੋਟਾਂ = ਸੱਟਾਂ ਖਾਈ = ਖਾਂਦਾ ਹੈ।

## ਮਰਿ ਮਰਿ ਜੰਮੈ ਸਦਾ ਦੁਖੁ ਪਾਏ; ਦਰ ਕੀ ਖਬਰਿ ਨ ਪਾਈ ॥੧॥

ਇਹ ਸੰਸਾਰ ਮਰਿ = ਮੌਤ ਦਾ ਮਾਰਿਆ ਹੋਇਆ ਮਰਿ = ਮਰਦਾ ਤੇ ਵਾਸ਼ਨਾ ਦਾ ਬੱਧਾ ਹੋਇਆ ਜੰਮੈ = ਜੰਮਦਾ ਰਹਿੰਦਾ ਹੈ ਅਤੇ ਸਦਾ = ਹਮੇਸ਼ਾਂ ਆਉਣ ਜਾਣ ਦਾ ਦੁਖ ਪਾਏ = ਪਾਉਣਾ ਕਰਦਾ ਹੈ, ਪਰ ਪਰਮਾਤਮਾ ਦੇ ਦਰ = ਦੁਆਰ **ਵਾ:** ਹਿਰਦੇ ਦੇ ਦਰ = ਅੰਦਰ ਵੱਸਦੇ ਪਰਮਾਤਮਾ ਦੀ ਪ੍ਰਾਪਤੀ ਰੂਪ ਖ਼ਬਰ ਨਹੀਂ ਪਾਈ = ਪਾਉਣਾ ਕੀਤੀ॥੧॥

## ਮੇਰੇ ਮਨ; ਸਦਾ ਰਹਹੁ, ਸਤਿਗੁਰ ਕੀ ਸਰਣਾ ॥

ਹੇ ਮੇਰੇ ਮਨਾਂ! ਇਸ ਲਈ ਤੂੰ ਸਦਾ = ਹਮੇਸ਼ਾਂ ਹੀ ਸਤਿਗੁਰਾਂ ਕੀ = ਦੀ ਸਰਣਾ = ਓਟ ਵਿਚ ਰਹਹੁ = ਰਹਿਣਾ ਕਰ।

## ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ;
## ਗੁਰ ਸਬਦੇ ਭਵਜਲੁ ਤਰਣਾ ॥੧॥ਰਹਾਉ॥

ਜਿਨ੍ਹਾਂ ਦੇ ਹਿਰਦੈ = ਮਨ ਵਿਚ ਹਰਿ = ਪਰਮਾਤਮਾ ਦਾ ਨਾਮ ਸਦ = ਹਮੇਸ਼ਾਂ ਹੀ ਮੀਠਾ = ਪਿਆਰਾ ਲਾਗਾ = ਲੱਗਿਆ ਹੈ, ਉਨ੍ਹਾਂ ਨੇ ਗੁਰਾਂ ਦੇ ਸਬਦੇ = ਉਪਦੇਸ਼ ਦੀ ਕਮਾਈ ਕਰਕੇ ਭਵਜਲੁ = ਸੰਸਾਰ-ਸਮੁੰਦ੍ਰ ਤੋਂ ਤਰਣਾ ਕੀਤਾ ਹੈ॥੧॥ਰਹਾਉ॥

## ਭੇਖ ਕਰੈ, ਬਹੁਤੁ ਚਿਤੁ ਡੋਲੈ; ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥

ਜਿਹੜੇ ਬਾਹਰੋਂ ਅਨੇਕਾਂ ਭੇਖ = ਲਿਬਾਸ ਧਾਰਨ ਕਰੈ = ਕਰਦੇ ਹਨ, ਉਨ੍ਹਾਂ ਦਾ ਚਿਤੁ = ਮਨ ਬਹੁਤੁ = ਅਨੇਕਾਂ ਪਦਾਰਥਾਂ ਦੀ ਇੱਛਾ ਵਿਚ ਡੋਲੈ = ਡੋਲਦਾ ਰਹਿੰਦਾ ਹੈ ਅਤੇ ਉਨ੍ਹਾਂ ਦੇ ਹਿਰਦੇ ਅੰਤਰਿ = ਅੰਦਰ ਕਾਮ, ਕ੍ਰੋਧ ਤੇ ਅਹੰਕਾਰੁ = ਅਭਿਮਾਨ ਆਦਿ ਵਿਕਾਰਾਂ ਦੀ ਬਹੁਲਤਾ ਹੁੰਦੀ ਹੈ।

## ਅੰਤਰਿ ਤਿਸਾ ਭੂਖ, ਅਤਿ ਬਹੁਤੀ; ਭਉਕਤ ਫਿਰੈ ਦਰ ਬਾਰੁ ॥੨॥

(ਦੂਸਰਾ ਪਾਠ **ਦਰਬਾਰੁ** ਇਕੱਠਾ ਹੈ)

ਉਨ੍ਹਾਂ ਦੇ ਹਿਰਦੇ ਅੰਤਰਿ = ਵਿਚ ਅਤਿ = ਅਤਿਅੰਤ ਹੀ ਰਸਾਂ ਕਸਾਂ ਦੀ ਤਿਸਾ = ਤ੍ਰਿਸ਼ਨਾ ਤੇ ਬਹੁਤੀ = ਬਹੁਤ ਜ਼ਿਆਦਾ ਪਦਾਰਥਾਂ ਦੀ ਜੋੜਨ ਦੀ ਭੂਖ = ਭੁੱਖ, ਆਸਾ ਲੱਗੀ ਰਹਿੰਦੀ ਹੈ, ਉਹ ਦਰ ਬਾਰੁ = ਦੁਆਰੇ-ਦੁਆਰੇ ਉੱਪਰ ਭਉਕਤ = ਭੌਂਕਦੇ ਫਿਰੈ = ਫਿਰਦੇ ਹਨ **ਵਾ:** ਬਾਰੁ = ਮੁੜ-ਮੁੜ ਜੂਨਾਂ ਰੂਪੀ ਦੁਆਰਿਆਂ

ਵਿਚ ਹੀ ਭਟਕਦੇ ਰਹਿੰਦੇ ਹਨ **ਵਾ:** ਦਰਬਾਰੁ = ਕਚਹਿਰੀਆਂ ਵਿਚ ਹੀ ਭਟਕਦੇ ਫਿਰਦੇ ਰਹਿੰਦੇ ਹਨ **ਵਾ:** ਪਰਿਵਾਰ ਰੂਪੀ ਦਰਬਾਰ ਵਿਚ ਭਟਕਦੇ ਰਹਿੰਦੇ ਹਨ॥੨॥

## ਗੁਰ ਕੈ ਸਬਦਿ ਮਰਹਿ, ਫਿਰਿ ਜੀਵਹਿ; ਤਿਨ ਕਉ ਮੁਕਤਿ ਦੁਆਰਿ ॥

ਜੋ ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਜੀਵਤ-ਭਾਵ ਵੱਲੋਂ ਮਰਹਿ = ਮਰ ਜਾਂਦੇ ਹਨ ਅਤੇ ਫਿਰਿ = ਮੁੜ ਸ਼ੁਭ ਗੁਣਾਂ, ਪਰਮਾਤਮਾ ਵੱਲ ਜੀਵਹਿ = ਜਿਉਂਦੇ ਹੋ ਜਾਂਦੇ ਹਨ, ਤਿਨ = ਉਨ੍ਹਾਂ ਕਉ = ਨੂੰ ਮੁਕਤਿ = ਮੁਕਤੀ ਦਾ ਦੁਆਰਿ = ਦਰਵਾਜ਼ਾ ਗਿਆਨ ਪ੍ਰਾਪਤ ਹੁੰਦਾ ਹੈ **ਵਾ:** ਦੁਆਰਿਆਂ ਵਾਲੇ ਸੰਸਾਰ, ਸਰੀਰ ਵਿੱਚੋਂ ਮੁਕਤਿ = ਮੁਕਤੀ ਪ੍ਰਾਪਤ ਹੁੰਦੀ ਹੈ।

## ਅੰਤਰਿ ਸਾਂਤਿ ਸਦਾ ਸੁਖੁ ਹੋਵੈ; ਹਰਿ ਰਾਖਿਆ ਉਰ ਧਾਰਿ ॥੩॥

ਉਨ੍ਹਾਂ ਦੇ ਹਿਰਦੇ ਅੰਤਰਿ = ਵਿਚ ਸਾਂਤਿ = ਸ਼ਾਂਤੀ ਅਤੇ ਸਦਾ = ਸਦੀਵੀ ਸੁਖ ਸਰੂਪ ਦੀ ਪ੍ਰਾਪਤੀ ਹੋਵੈ = ਹੁੰਦੀ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਉਰ = ਹਿਰਦੇ ਵਿਚ ਹਰਿ = ਪਰਮਾਤਮਾ ਨੂੰ ਧਾਰਿ = ਧਾਰਨ ਕਰਕੇ ਰਾਖਿਆ = ਰੱਖਿਆ ਹੋਇਆ ਹੈ॥੩॥

## ਜਿਉ ਤਿਸੁ ਭਾਵੈ, ਤਿਵੈ ਚਲਾਵੈ; ਕਰਣਾ ਕਿਛੂ ਨ ਜਾਈ ॥

ਜਿਉ = ਜਿਵੇਂ ਤਿਸੁ = ਉਸ ਪਰਮਾਤਮਾ ਨੂੰ ਭਾਵੈ = ਭਾਉਂਦਾ ਹੈ, ਉਹ ਤਿਵੈ = ਉਵੇਂ ਹੀ ਸੰਸਾਰ ਨੂੰ ਚਲਾਵੈ = ਚਲਾਉਂਦਾ ਹੈ, ਉਸ ਦੇ ਹੁਕਮ ਤੋਂ ਉਲਟ ਆਪਣੇ ਵੱਲੋਂ ਕਿਛੂ = ਕੁਝ ਵੀ ਕਰਣਾ = ਕੀਤਾ ਨਹੀਂ ਜਾਈ = ਜਾ ਸਕਦਾ।

## ਨਾਨਕ ਗੁਰਮੁਖਿ ਸਬਦੁ ਸਮ੍ਾਲੇ; ਰਾਮ ਨਾਮਿ ਵਡਿਆਈ ॥੪॥੮॥੧੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜੇ ਗੁਰਮੁਖ ਗੁਰਾਂ ਦੇ ਸਬਦੁ = ਉਪਦੇਸ਼ ਨੂੰ ਸਮ੍ਾਲੇ = ਯਾਦ ਕਰਦੇ ਹਨ **ਵਾ:** ਗੁਰਾਂ ਦੇ ਸ਼ਬਦ ਦੁਆਰਾ ਪਰਮਾਤਮਾ ਨੂੰ ਯਾਦ ਕਰਦੇ ਹਨ, ਉਨ੍ਹਾਂ ਨੂੰ ਰਾਮ = ਪਰਮਾਤਮਾ ਦੇ ਨਾਮ ਜਪਣ ਜਪਾਉਣ ਦੀ ਵਡਿਆਈ ਮਿਲਦੀ ਹੈ **ਵਾ:** ਨਾਮ ਕਰਕੇ ਲੋਕ-ਪ੍ਰਲੋਕ ਵਿਚ ਵਡਿਆਈ ਮਿਲਦੀ ਹੈ॥੪॥੮॥੧੮॥

## ਭੈਰਉ ਮਹਲਾ ੩ ॥

## ਹਉਮੈ ਮਾਇਆ ਮੋਹਿ ਖੁਆਇਆ; ਦੁਖੁ ਖਟੇ ਦੁਖ ਖਾਇ ॥

ਹੇ ਭਾਈ! ਦੇਹ ਦੀ ਹਉਮੈ = ਹੰਗਤਾ ਮਮਤਾ ਤੇ ਮਾਇਆ ਦੇ ਮੋਹ ਨੇ ਜੀਵ ਨੂੰ ਵਾਹਿਗੁਰੂ ਦੇ ਸਰੂਪ ਵੱਲੋਂ ਖੁਆਇਆ = ਭੁਲਾਇਆ ਹੋਇਆ ਹੈ, ਇਹ ਜੀਵ ਦੁਖੁ = ਦੁਖਦਾਇਕ ਕਰਮਾਂ ਨੂੰ ਖਟੇ = ਖੱਟਦਾ, ਕਮਾਉਂਦਾ ਹੈ ਅਤੇ ਦੁੱਖ ਹੀ ਖਾਇ = ਖਾਂਦਾ, ਭੋਗਦਾ ਹੈ **ਵਾ:** ਕਿਸੇ ਨੂੰ ਦੁਖ ਦੇ ਕੇ ਆਪ ਖਾਣਾ ਖਾਂਦਾ ਹੈ।

## ਅੰਤਰਿ ਲੋਭ ਹਲਕੁ ਦੁਖੁ ਭਾਰੀ; ਬਿਨੁ ਬਿਬੇਕ ਭਰਮਾਇ ॥੧॥

ਜੀਵ ਦੇ ਮਨ ਅੰਤਰਿ = ਵਿਚ ਲੋਭ = ਲਾਲਚ ਰੂਪੀ ਹਲਕ ਹੈ ਜਿਸ ਕਰਕੇ ਭਾਰੀ = ਬਹੁਤ ਵੱਡੇ ਦੁਖ ਦੇ ਸਹਿਤ ਹੋ ਰਿਹਾ ਹੈ, ਆਪਣੇ ਸਰੂਪ ਦੇ ਬਿਬੇਕ = ਗਿਆਨ ਤੋਂ ਬਿਨੁ = ਬਗ਼ੈਰ ਉਹ ਭਰਮਾਇ = ਭਟਕਦਾ ਫਿਰਦਾ ਰਹਿੰਦਾ ਹੈ॥੧॥

## ਮਨਮੁਖਿ; ਧ੍ਰਿਗੁ ਜੀਵਣੁ ਸੈਸਾਰਿ ॥

ਹੇ ਭਾਈ! ਮਨਮੁਖਿ = ਮਨ ਦੇ ਮਗਰ ਲੱਗਣ ਵਾਲੇ ਪੁਰਖਾਂ ਦਾ ਸੈਸਾਰਿ = ਜਗਤ ਵਿਚ ਜੀਵਣੁ = ਜਿਉਂਦਾ ਧ੍ਰਿਗੁ = ਧ੍ਰਿਕਾਰ ਜੋਗ ਹੈ।

## ਰਾਮ ਨਾਮੁ ਸੁਪਨੈ ਨਹੀ ਚੇਤਿਆ;
## ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ਰਹਾਉ॥

ਕਿਉਂਕਿ ਉਨ੍ਹਾਂ ਨੇ ਰਾਮ = ਪਰਮਾਤਮਾ ਦੇ ਨਾਮ ਨੂੰ ਕਦੇ ਸੁਪਨੇ ਵਿਚ ਵੀ ਚੇਤਿਆ = ਯਾਦ ਨਹੀਂ ਕੀਤਾ **ਵਾ:** ਸੁਪਨੇ ਮਾਤ੍ਰ ਸੰਸਾਰ ਵਿਚ ਪਰਮਾਤਮਾ ਦਾ ਨਾਮ ਸਿਮਰਨਾ ਨਹੀਂ ਕੀਤਾ ਅਤੇ ਉਨ੍ਹਾਂ ਦਾ ਹਰਿ = ਪਰਮਾਤਮਾ ਦੇ ਸਿਉ = ਨਾਲ ਕਦੇ = ਕਦਾਚਿਤ ਵੀ ਪਿਆਰੁ = ਪ੍ਰੇਮ ਨਹੀਂ ਲਾਗੈ = ਲੱਗਦਾ ॥੧॥ਰਹਾਉ॥

## ਪਸੂਆ ਕਰਮ ਕਰੈ ਨਹੀ ਬੂਝੈ; ਕੂੜੁ ਕਮਾਵੈ ਕੂੜੋ ਹੋਇ ॥

ਉਹ ਪਸ਼ੂਆਂ ਦੇ ਸਦਰਸ਼ ਕਰਮ = ਕੰਮ ਕਰਦਾ ਹੈ, ਗੁਰਾਂ ਦੇ ਉਪਦੇਸ਼ ਨੂੰ ਬੂਝੈ = ਸਮਝਦਾ ਨਹੀਂ ਹੈ, ਉਹ ਕੂੜੁ = ਝੂਠੇ ਕਰਮ ਕਮਾਵੈ = ਕਮਾਉਣਾ ਕਰਦਾ ਹੈ ਜਿਸ ਕਰਕੇ ਉਹ ਪ੍ਰਲੋਕ ਵਿਚ ਕੂੜੋ = ਝੂਠਾ ਹੀ ਹੋਇ = ਹੋਵੇਗਾ **ਵਾ:** ਉਸ ਨੂੰ ਝੂਠਾ ਹੀ ਫਲ ਪ੍ਰਾਪਤ ਹੋਵੇਗਾ।

## ਸਤਿਗੁਰੁ ਮਿਲੈ ਤ ਉਲਟੀ ਹੋਵੈ; ਖੋਜਿ ਲਹੈ ਜਨੁ ਕੋਇ ॥੨॥

ਜੇਕਰ ਸਤਿਗੁਰੂ ਜੀ ਮਿਲੈ = ਮਿਲ ਪੈਣ ਤ = ਤਾਂ ਬਿਰਤੀ ਸੰਸਾਰ ਵੱਲੋਂ ਉਲਟੀ = ਪਰਤ ਕੇ ਪਰਮਾਰਥ ਵੱਲ ਹੋਵੈ = ਹੋ ਜਾਂਦੀ ਹੈ, ਪਰ ਉਹ ਕੋਇ = ਕੋਈ ਵਿਰਲਾ ਜਨੁ = ਪੁਰਖ ਹੀ ਹੈ ਜੋ ਗੁਰਾਂ ਨੂੰ ਖੋਜਿ = ਭਾਲ ਲਹੈ = ਲੈਂਦਾ ਹੈ **ਵਾ:** ਗੁਰਾਂ ਦੁਆਰਾ ਪਰਮਾਤਮਾ ਤਾਈਂ ਖੋਜ ਲੈਂਦਾ ਹੈ॥੨॥

## ਹਰਿ ਹਰਿ ਨਾਮੁ, ਰਿਦੈ ਸਦ ਵਸਿਆ; ਪਾਇਆ ਗੁਣੀ ਨਿਧਾਨੁ ॥

ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ, ਜਿਨ੍ਹਾਂ ਦੇ ਰਿਦੈ = ਹਿਰਦੇ ਵਿਚ ਸਦ = ਹਮੇਸ਼ਾਂ ਵੱਸਿਆ ਰਹਿੰਦਾ ਹੈ, ਉਨ੍ਹਾਂ ਗੁਣੀ = ਗੁਣਾਂ ਦੇ ਨਿਧਾਨੁ = ਖ਼ਜ਼ਾਨੇ ਪ੍ਰਭੂ ਨੂੰ ਪਾਇਆ = ਪਾਉਣਾ ਕੀਤਾ ਹੈ।

***ਪ੍ਰਸ਼ਨ:*** *ਕਿਵੇਂ ਪਾਇਆ ਹੈ?*
***ਗੁਰ-ਉੱਤਰ:***

## ਗੁਰਪਰਸਾਦੀ ਪੂਰਾ ਪਾਇਆ; ਚੂਕਾ ਮਨ ਅਭਿਮਾਨੁ ॥੩॥

ਉਨ੍ਹਾਂ ਨੇ ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਪੂਰਾ = ਪੂਰਨ ਪ੍ਰਭੂ ਪਾਇਆ = ਪਾਉਣਾ ਕੀਤਾ ਹੈ, ਕਿਉਂਕਿ ਗੁਰਾਂ ਦੀ ਕਿਰਪਾ ਦੁਆਰਾ ਉਨ੍ਹਾਂ ਦੇ ਮਨ = ਹਿਰਦੇ ਵਿੱਚੋਂ ਅਭਿਮਾਨੁ = ਹੰਕਾਰ ਚੂਕਾ = ਚੁੱਕਿਆ ਗਿਆ ਹੈ॥੩॥

## ਆਪੇ ਕਰਤਾ ਕਰੇ ਕਰਾਏ; ਆਪੇ ਮਾਰਗਿ ਪਾਏ ॥

ਉਹ ਜਾਣਦੇ ਹਨ ਕਿ ਕਰਤਾ = ਪਰਮਾਤਮਾ ਆਪੇ = ਆਪ ਹੀ ਜੀਵਾਂ ਨੂੰ ਪੈਦਾ ਕਰੇ = ਕਰਦਾ ਹੈ, ਆਪ ਹੀ ਉਨ੍ਹਾਂ ਦੀ ਵਾਸ਼ਨਾ ਅਨੁਸਾਰ ਪ੍ਰੇਰ ਕੇ ਕਰਮ ਕਰਾਏ = ਕਰਾਉਂਦਾ ਹੈ ਅਤੇ ਆਪ ਹੀ ਸਤਸੰਗਤ ਵਿਚ ਮੇਲ ਕੇ ਭਾਉ-ਭਗਤੀ ਦੇ ਮਾਰਗਿ = ਰਸਤੇ ਪਾਏ = ਪਾਉਂਦਾ ਹੈ।

## ਆਪੇ ਗੁਰਮੁਖਿ ਦੇ ਵਡਿਆਈ; ਨਾਨਕ ਨਾਮਿ ਸਮਾਏ ॥੪॥੯॥੧੯॥

ਆਪੇ = ਆਪ ਹੀ ਗੁਰਮੁਖ ਜਨਾਂ ਨੂੰ ਗੁਰਾਂ ਦੁਆਰਾ ਆਪਣੇ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ = ਸ਼ੋਭਾ ਦੇ = ਦੇਂਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਉਹ ਨਾਮ ਕਰਕੇ **ਵਾ:** ਨਾਮੀ ਪਰਮਾਤਮਾ ਵਿਚ ਸਮਾਏ = ਲੀਨ ਹੋ ਜਾਂਦੇ ਹਨ **ਵਾ:** ਗੁਰਮੁਖਾਂ ਨੂੰ ਨਾਮ ਦੀ ਵਡਿਆਈ ਦੇਂਦਾ ਹੈ।

***ਪ੍ਰਸ਼ਨ:*** *ਗੁਰਮੁਖ ਕੌਣ ਹਨ ?*
**ਉੱਤਰ:** ਜੋ ਪ੍ਰਭੂ ਦੇ ਨਾਮ ਵਿਚ ਸਮਾਏ ਰਹਿੰਦੇ ਹਨ॥੪॥੯॥੧੯॥

**[ਅੰਗ ੧੧੩੩]**

## ਭੈਰਉ ਮਹਲਾ ੩ ॥

ਸਤਿਗੁਰੂ ਸਾਹਿਬ ਜੀ ਇਸ ਸ਼ਬਦ ਵਿਚ ਭਗਤ ਪ੍ਰਹਿਲਾਦ ਜੀ ਦੇ ਜੀਵਨ ਦਾ ਦ੍ਰਿਸ਼ਟਾਂਤ ਦੇਂਦੇ ਹੋਏ ਗੁਰਮੁਖਾਂ ਦੇ ਲਖਣ ਕਥਨ ਕਰਦੇ ਹਨ।

ਜਿਸ ਸਮੇਂ ਹਰਣਾਖਸ ਨੇ ਆਪਣੇ ਪੁੱਤਰ ਭਗਤ ਪ੍ਰਹਿਲਾਦ ਜੀ ਨੂੰ ਪੜ੍ਹਨ ਲਈ ਦੈਂਤਾਂ ਦੇ ਗੁਰੂ ਸ਼ੁਕਰਾਚਾਰਯ ਦੇ ਪੁੱਤਰ ਸੰਡੇ ਮਰਕੇ ਪਾਸ ਭੇਜਣਾ ਕੀਤਾ, ਤਦੋਂ ਉਨ੍ਹਾਂ ਨੇ ਪੱਟੀ ਉੱਪਰ ਦੈਂਤਾਂ ਦੀ ਵਿੱਦਿਆ ਦੇ ਅੱਖਰ ਲਿਖ ਕੇ ਪੜ੍ਹਨ ਲਈ ਕਿਹਾ, ਤਦੋਂ ਜੋ ਪ੍ਰਹਿਲਾਦ ਜੀ ਨੇ ਕਿਹਾ, ਉਸ ਵਾਰਤਾ ਨੂੰ ਗੁਰੂ ਸਾਹਿਬ ਜੀ ਆਪਣੇ ਮੁਖੋਂ ਉਚਾਰਣ ਕਰਕੇ ਉਪਦੇਸ਼ ਬਖ਼ਸ਼ਦੇ ਹਨ।

## ਮੇਰੀ ਪਟੀਆ; ਲਿਖਹੁ, ਹਰਿ ਗੋਵਿੰਦ ਗੋਪਾਲਾ ॥

ਹੇ ਪਾਂਧਾ ਜੀ! ਮੇਰੀ ਪਟੀਆ = ਪੱਟੀ ਉੱਪਰ ਉਸ ਹਰਿ = ਪਰਮਾਤਮਾ ਦਾ ਨਾਮ ਲਿਖਹੁ = ਲਿਖਣਾ ਕਰੋ, ਜੋ ਗੋਵਿੰਦ = ਪ੍ਰਿਥਵੀ ਦੇ ਜੀਵਾਂ ਦੀ ਰੱਖਿਆ ਕਰਨ ਵਾਲਾ ਅਤੇ ਗੋਪਾਲਾ = ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਦਾ ਹੈ **ਵਾ:** ਮੇਰੀ ਪੱਟੀ ਉਪਰ ਹਰਿ, ਗੋਵਿੰਦ ਤੇ ਗੋਪਾਲ ਅੱਖਰ ਲਿਖਣਾ ਕਰੋ।

## ਦੂਜੈ ਭਾਇ; ਫਾਥੇ ਜਮ ਜਾਲਾ ॥

ਕਿਉਂਕਿ ਇਕ ਪਰਮਾਤਮਾ ਤੋਂ ਬਿਨਾਂ ਦੂਜੈ ਭਾਇ = ਦ੍ਵੈਤ-ਭਾਵ ਵਾਲੀ ਪੜ੍ਹਾਈ ਪੜ੍ਹਨ ਨਾਲ **ਵਾ:** ਦੂਜੈ = ਦੂਸਰੇ ਅੱਖਰਾਂ ਵਿਚ ਭਾਇ = ਪ੍ਰੇਮ ਕਰਨ ਨਾਲ ਜਮਾਂ ਦੀ ਜਾਲਾ = ਫਾਹੀ ਵਿਚ ਹੀ ਫਾਥੇ = ਫਸ ਜਾਈਦਾ ਹੈ।

***ਪ੍ਰਸ਼ਨ :*** *ਤਦੋਂ ਅੱਗੋਂ ਉਨ੍ਹਾਂ ਨੇ ਕਿਹਾ ਕਿ ਹੇ ਪੁੱਤਰ ਪ੍ਰਹਿਲਾਦ! ਇਹ ਨਾਮ ਸਾਡੇ ਪੜ੍ਹਨ ਜੋਗ ਨਹੀਂ ਹਨ, ਜੇਕਰ ਤੇਰੇ ਪਿਤਾ ਨੂੰ ਪਤਾ ਲੱਗ ਗਿਆ ਤਾਂ ਤੈਨੂੰ ਉਸ ਤੋਂ ਕੌਣ ਬਚਾਵੇਗਾ ?*
***ਗੁਰ-ਉੱਤਰ :***

## ਸਤਿਗੁਰੁ ਕਰੇ; ਮੇਰੀ ਪ੍ਰਤਿਪਾਲਾ ॥
## ਹਰਿ ਸੁਖਦਾਤਾ; ਮੇਰੈ ਨਾਲਾ ॥੧॥

ਹੇ ਪਾਂਧਾ ਜੀ! ਮੇਰਾ ਸਤਿਗੁਰੂ (ਨਾਰਦ ਮੁਨੀ) **ਵਾ:** ਸਤਿਗੁਰੂ ਪਰਮਾਤਮਾ ਮੇਰੀ ਪ੍ਰਤਿਪਾਲਾ = ਪਾਲਣਾ ਕਰੇ = ਕਰਦਾ ਹੈ।

ਉਹ ਸੁਖਦਾਤਾ = ਸੁੱਖ ਦੇਣ ਵਾਲਾ ਹਰਿ = ਪਰਮਾਤਮਾ ਸਦਾ ਹੀ ਮੇਰੇ ਨਾਲਾ = ਨਾਲ, ਅੰਗ ਸੰਗ ਹੈ॥੧॥

## ਗੁਰ ਉਪਦੇਸਿ; ਪ੍ਰਹਿਲਾਦੁ ਹਰਿ ਉਚਰੈ ॥
## ਸਾਸਨਾ ਤੇ; ਬਾਲਕੁ ਗਮੁ ਨ ਕਰੈ ॥੧॥ਰਹਾਉ॥

ਇਸ ਪ੍ਰਕਾਰ ਆਪਣੇ ਗੁਰੂ (ਨਾਰਦ ਮੁਨੀ) ਦੇ ਉਪਦੇਸ਼ ਕਰਕੇ ਭਗਤ ਪ੍ਰਹਿਲਾਦ ਹਰਿ = ਪਰਮਾਤਮਾ ਦਾ ਨਾਮ ਉਚਰੈ = ਉਚਾਰਣ ਕਰਦਾ ਸੀ।

ਅਨੇਕ ਤਰ੍ਹਾਂ ਦੀ ਸਾਸਨਾ = ਤਾੜਨਾ ਕਰਨ ਤੇ = ਤੋਂ ਵੀ, ਉਸ ਬਾਲਕੁ = ਬੱਚਾ ਪ੍ਰਹਿਲਾਦ ਮਨ ਵਿਚ ਗਮੁ = ਸ਼ੋਕ ਨਹੀਂ ਕਰੈ = ਕਰਦਾ ਸੀ, ਭਾਵ ਡਰਦਾ ਨਹੀਂ ਸੀ ॥੧॥ਰਹਾਉ॥

## ਮਾਤਾ ਉਪਦੇਸੈ; ਪ੍ਰਹਿਲਾਦ ਪਿਆਰੇ ॥
## ਪੁਤ੍ਰ ਰਾਮ ਨਾਮੁ ਛੋਡਹੁ; ਜੀਉ ਲੇਹੁ ਉਬਾਰੇ ॥

ਪਿਆਰੇ ਪ੍ਰਹਿਲਾਦ ਭਗਤ ਨੂੰ ਉਸ ਦੀ ਮਾਤਾ ਵੀ ਉਪਦੇਸੈ = ਸਿੱਖਿਆ ਸਮਝਾਉਂਦੀ ਹੈ ਕਿ :

ਹੇ ਪੁੱਤਰ ਪ੍ਰਹਿਲਾਦ ! ਤੂੰ ਰਾਮ = ਪਰਮਾਤਮਾ ਦਾ ਨਾਮ ਜਪਣਾ ਛੋਡ = ਛੱਡ ਦੇਣਾ ਕਰ ਅਤੇ ਆਪਣੀ ਜੀਉ = ਜ਼ਿੰਦਗੀ ਨੂੰ ਉਬਾਰੇ = ਬਚਾਅ ਲੇਹੁ = ਲੈਣਾ ਕਰ।

## ਪ੍ਰਹਿਲਾਦੁ ਕਹੈ; ਸੁਨਹੁ ਮੇਰੀ ਮਾਇ ॥
## ਰਾਮ ਨਾਮੁ ਨ ਛੋਡਾ; ਗੁਰਿ ਦੀਆ ਬੁਝਾਇ ॥੨॥

ਇਹ ਸੁਣ ਕੇ ਅੱਗੋਂ ਪ੍ਰਹਿਲਾਦ ਭਗਤ ਜੀ ਕਹੈ = ਕਹਿੰਦੇ ਹਨ ਕਿ ਹੇ ਮੇਰੀ ਮਾਇ = ਮਾਤਾ ! ਤੂੰ ਮੇਰੀ ਬੇਨਤੀ ਨੂੰ ਸੁਨਹੁ = ਸੁਣਨਾ ਕਰ।

ਮੈਨੂੰ ਮੇਰੇ ਗੁਰੂ (ਨਾਰਦ ਮੁਨੀ) ਨੇ ਇਹ ਉਪਦੇਸ਼ ਬੁਝਾਇ = ਸਮਝਾ ਦੀਆ = ਦਿੱਤਾ ਹੈ ਕਿ ਤੂੰ ਸਦਾ ਰਾਮ ਨਾਮ ਜਪਣਾ ਹੈ, ਇਸ ਲਈ ਮੈਂ ਹੁਣ ਰਾਮ = ਪਰਮਾਤਮਾ ਦਾ ਨਾਮ ਜਪਣਾ ਨਹੀਂ ਛੋਡਾ = ਛੱਡ ਸਕਦਾ ॥੨॥

## ਸੰਡਾ ਮਰਕਾ; ਸਭਿ ਜਾਇ ਪੁਕਾਰੇ ॥
## ਪ੍ਰਹਿਲਾਦੁ ਆਪਿ ਵਿਗੜਿਆ; ਸਭਿ ਚਾਟੜੇ ਵਿਗਾੜੇ ॥

ਉਸ ਵੇਲੇ ਸ਼ੁਕ੍ਰਾਚਾਰਯ ਦੇ ਪੁੱਤਰ ਸੰਡਾ ਮਰਕਾ ਤੇ ਹੋਰ ਵੀ ਸਭਿ = ਸਾਰੇ ਦੈਂਤਾਂ ਨੇ ਹਰਨਾਖਸ਼ ਕੋਲ ਜਾਇ = ਜਾ ਕੇ ਪੁਕਾਰੇ = ਫ਼ਰਿਆਦ ਕੀਤੀ ਕਿ :

ਹੇ ਹਰਨਾਖਸ਼ ! ਤੇਰਾ ਪੁੱਤਰ ਪ੍ਰਹਿਲਾਦ ਆਪ ਤਾਂ ਵਿਗੜਿਆ ਹੀ ਹੋਇਆ ਹੈ ਤੇ ਇਸ ਨੇ ਹੋਰ ਵੀ ਸਭਿ = ਸਾਰੇ ਚਾਟੜੇ = ਚੇਲੇ, ਵਿਦਿਆਰਥੀ ਵਿਗਾੜੇ = ਵਿਗਾੜ ਦਿੱਤੇ ਹਨ ਭਾਵ ਇਹ ਆਪ ਵੀ ਤੇਰੇ ਦੁਸ਼ਮਨ ਵਿਸ਼ਨੂੰ ਦਾ ਨਾਮ ਜਪਦਾ ਰਹਿੰਦਾ ਹੈ ਅਤੇ ਹੋਰ ਵੀ ਚਾਟੜੇ ਉਸੇ ਦੀ ਭਗਤੀ ਕਰਨ ਵਿਚ ਲਾ ਦਿੱਤੇ ਹਨ।

## ਦੁਸਟ ਸਭਾ ਮਹਿ; ਮੰਤ੍ਰੁ ਪਕਾਇਆ ॥
## ਪ੍ਰਹਲਾਦ ਕਾ ਰਾਖਾ; ਹੋਇ ਰਘੁਰਾਇਆ ॥੩॥

ਫੇਰ ਉਨ੍ਹਾਂ ਦੁਸਟ = ਖੋਟੇ ਦੈਂਤਾਂ ਨੇ ਆਪਣੀ ਸਭਾ ਮਹਿ = ਵਿਚ ਮੰਤ੍ਰੁ = ਮਤਾ ਪਕਾਇਆ = ਪਕਾਉਣਾ ਕੀਤਾ ਕਿ ਇਸ ਨੂੰ ਮਾਰ ਦੇਈਏ।

ਪਰ ਰਘੁਰਾਇਆ = ਪਰਮਾਤਮਾ ਆਪ ਹੀ ਪ੍ਰਹਿਲਾਦ ਕਾ = ਦਾ ਰਾਖਾ = ਰਖਵਾਲਾ ਹੋਇ = ਹੋਇਆ ਸੀ ॥੩॥

## ਹਾਥਿ ਖੜਗੁ ਕਰਿ ਧਾਇਆ; ਅਤਿ ਅਹੰਕਾਰਿ ॥
## ਹਰਿ ਤੇਰਾ ਕਹਾ; ਤੁਝੁ ਲਏ ਉਬਾਰਿ ॥

ਤਦੋਂ ਹਰਨਾਖਸ਼ ਅਤਿ = ਅਤਿਅੰਤ ਅਹੰਕਾਰਿ = ਹੰਕਾਰ ਕਰਕੇ ਅਤੇ ਹਾਥਿ = ਹੱਥ ਵਿਚ ਖੜਗੁ = ਤਲਵਾਰ ਲੈ ਕਰਿ = ਕਰਕੇ ਪ੍ਰਹਿਲਾਦ ਨੂੰ ਮਾਰਨ ਲਈ ਧਾਇਆ = ਦੌੜਿਆ।

ਅਤੇ ਕਿਹਾ ਕਿ ਤੇਰਾ ਹਰਿ = ਪਰਮਾਤਮਾ ਕਹਾ = ਕਿਥੇ ਹੈ, ਜੋ ਹੁਣ ਤੁਝੁ = ਤੈਨੂੰ ਮੇਰੇ ਕੋਲੋਂ ਉਬਾਰਿ = ਬਚਾਅ ਲਵੇ, ਕਿਉਂਕਿ ਹੁਣ ਮੈਂ ਤਲਵਾਰ ਨਾਲ ਤੇਰਾ ਗਲ ਕਟਾਂਗਾ।

## ਖਿਨ ਮਹਿ ਭੈਆਨ ਰੂਪੁ; ਨਿਕਸਿਆ ਥੰਮ੍ ਉਪਾੜਿ ॥

ਤਦੋਂ ਇਕ ਖਿਨ = ਛਿਨ ਮਹਿ = ਵਿਚ ਹੀ ਪਰਮਾਤਮਾ ਭੈਆਨ = ਭਿਆਨਕ (ਨਰਸਿੰਘ) ਰੂਪ = ਸਰੂਪ ਧਾਰਨ ਕਰਕੇ ਅਤੇ ਥੰਮ੍ ਉਪਾੜਿ = ਪਾੜ ਕੇ ਉਸ ਦੇ ਵਿੱਚੋਂ ਹੀ ਨਿਕਸਿਆ = ਨਿਕਲ ਆਇਆ।

## ਹਰਣਾਖਸੁ ਨਖੀ ਬਿਦਾਰਿਆ;
## ਪ੍ਰਹਲਾਦੁ ਲੀਆ ਉਬਾਰਿ ॥੪॥

ਉਹ ਪ੍ਰਭੂ ਨੇ ਨਰਸਿੰਘ ਰੂਪ ਵਿਚ ਦਹਿਲੀਜ਼ ਵਿਚ ਬੈਠ ਕੇ ਆਪਣੇ ਪੱਟਾਂ ਉੱਪਰ ਰੱਖ ਕੇ ਹਰਨਾਖਸ਼ ਨੂੰ ਆਪਣੇ ਨਖੀ = ਨੌਂਹਾਂ ਨਾਲ ਬਿਦਾਰਿਆ = ਚੀਰ ਦਿੱਤਾ ਸੀ ਅਤੇ ਆਪਣੇ ਪਿਆਰੇ ਭਗਤ ਪ੍ਰਹਿਲਾਦ ਨੂੰ ਉਬਾਰਿ = ਬਚਾ ਲੀਆ = ਲੈਣਾ ਕੀਤਾ ਸੀ ॥੪॥

## ਸੰਤ ਜਨਾ ਕੇ; ਹਰਿ ਜੀਉ ਕਾਰਜ ਸਵਾਰੇ ॥

ਇਸ ਪ੍ਰਕਾਰ ਹੇ ਭਾਈ! ਸੰਤ ਜਨਾਂ ਕੇ = ਦੇ ਹਰਿ ਜੀਉ = ਪ੍ਰਭੂ ਜੀ ਆਪ ਹੀ ਸਾਰੇ ਕਾਰਜ = ਕੰਮ ਸਵਾਰੇ = ਸੰਵਾਰਨਾ ਕਰਦਾ ਹੈ।

## ਪ੍ਰਹਲਾਦ ਜਨ ਕੇ; ਇਕੀਹ ਕੁਲ ਉਧਾਰੇ ॥

ਉਸ ਪ੍ਰਭੂ ਨੇ ਪ੍ਰਹਿਲਾਦ ਜਨ = ਭਗਤ ਕੇ = ਦੇ ਇਕੀਹ = ਇੱਕੀ ਕੁਲ ਉਧਾਰੇ = ਤਾਰ ਦਿੱਤੇ ਸਨ ਭਾਵ ਸੱਤ ਨਾਨਕੇ, ਸੱਤ ਦਾਦਕੇ ਅਤੇ ਸੱਤ ਸਹੁਰੇ ਪਰਿਵਾਰ ਦੀਆਂ ਇਉਂ ਇੱਕੀ ਕੁਲਾਂ ਤਾਰ ਦਿੱਤੀਆਂ **ਵਾ:** ਇਕੀਹ = ਇਕ ਪ੍ਰਹਿਲਾਦ ਜਾਂ ਇਕ ਈਸ਼ਵਰ ਨੇ ਪ੍ਰਹਿਲਾਦ ਦੇ ਸਾਰੇ ਕੁਲ ਉੱਧਾਰ ਦਿੱਤੇ।

## ਗੁਰ ਕੈ ਸਬਦਿ; ਹਉਮੈ ਬਿਖੁ ਮਾਰੇ ॥

ਸੰਤ ਜਨਾਂ ਨੇ ਗੁਰਾਂ ਕੈ = ਦੇ ਸਬਦਿ = ਉਪਦੇਸ਼ ਕਰਕੇ ਬਿਖੁ = ਵਿਹੁ ਰੂਪੀ ਹਉਮੈ = ਹੰਗਤਾ ਮਮਤਾ ਨੂੰ ਮਾਰੇ = ਮਾਰਨਾ ਕੀਤਾ ਹੈ **ਵਾ:** ਹੰਗਤਾ ਮਮਤਾ ਤੇ ਵਿਹੁ ਰੂਪੀ ਵਿਸ਼ੇ ਮਾਰਨਾ ਕੀਤੇ ਹਨ।

## ਨਾਨਕ; ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਰਾਮ = ਪਰਮਾਤਮਾ ਦੇ ਨਾਮ ਸਿਮਰਨ ਨੇ ਅਨੇਕਾਂ ਸੰਤ = ਸ਼ਾਂਤ-ਚਿਤ ਮਹਾਤਮਾ ਸੰਸਾਰ-ਸਮੁੰਦ੍ਰ ਤੋਂ ਨਿਸਤਾਰੇ = ਤਾਰ ਦਿੱਤੇ ਹਨ ॥੫॥੧੦॥੨੦॥

## ਭੈਰਉ ਮਹਲਾ ੩ ॥

## ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ; ਆਪੇ ਰਾਖਾ ਸੋਈ ॥

ਹੇ ਪ੍ਰਭੂ ! ਤੂੰ ਆਪੇ = ਆਪ ਹੀ ਸੰਤ ਜਨਾਂ ਕਉ = ਨੂੰ ਪਰਖਣ ਵਾਸਤੇ ਉਨ੍ਹਾਂ ਦੇ ਨਾਲ ਦੈਤ = ਰਾਖਸ਼, ਖੋਟੇ ਪੁਰਖ **ਵਾ:** ਕਾਮ, ਕ੍ਰੋਧ ਆਦਿ ਵਿਕਾਰ ਲਾਇ = ਲਾ ਦਿੱਤੇ ਹਨ (ਕਿ ਇਹ ਮੇਰੇ ਪ੍ਰੇਮਾ-ਭਗਤੀ ਵਿਚ ਪੱਕੇ ਹਨ ਜਾਂ ਨਹੀਂ) ਜਦੋਂ ਉਨ੍ਹਾਂ ਉੱਪਰ ਕੋਈ ਬਿਪਤਾ ਬਣਦੀ ਹੈ, ਤਦੋਂ ਸੋਈ = ਤੂੰ ਆਪ ਹੀ ਉਨ੍ਹਾਂ ਦਾ ਰਾਖਾ = ਰਖਵਾਲਾ ਬਨਦਾ ਹੈਂ।

## ਜੋ ਤੇਰੀ ਸਦਾ ਸਰਣਾਈ; ਤਿਨ ਮਨਿ ਦੁਖੁ ਨ ਹੋਈ ॥੧॥

ਹੇ ਪ੍ਰਭੂ ! ਜੋ = ਜਿਹੜੇ ਮਨੁੱਖ ਸਦਾ = ਹਮੇਸ਼ਾਂ ਤੇਰੀ ਸਰਣਾਈ = ਸ਼ਰਨ ਵਿਚ ਰਹਿੰਦੇ ਹਨ ਭਾਵ ਤੈਨੂੰ ਅੰਗ ਸੰਗ ਸਮਝਦੇ ਅਤੇ ਤੇਰਾ ਸਿਮਰਨ ਕਰਦੇ ਰਹਿੰਦੇ ਹਨ, ਤਿਨ = ਉਨ੍ਹਾਂ ਦੇ ਮਨਿ ਵਿਚ ਕਿਸੇ ਪ੍ਰਕਾਰ ਦਾ ਦੁੱਖ ਨਹੀਂ ਹੋਈ = ਹੁੰਦਾ ॥੧॥

## ਜੁਗਿ ਜੁਗਿ; ਭਗਤਾ ਕੀ ਰਖਦਾ ਆਇਆ ॥

ਹੇ ਪ੍ਰਭੂ ! ਤੂੰ ਜੁਗਿ ਜੁਗਿ = ਜੁਗਾਂ-ਜੁਗਾਂ ਅੰਦਰ ਸਦਾ ਹੀ ਆਪਣੇ ਭਗਤਾਂ ਕੀ = ਦੀ ਪੈਜ ਰੱਖਦਾ ਆਇਆ ਹੈਂ।

## ਦੈਤ ਪੁਤ੍ਰੁ ਪ੍ਰਹਲਾਦੁ, ਗਾਇਤ੍ਰੀ ਤਰਪਣੁ ਕਿਛੂ ਨ ਜਾਣੈ; ਸਬਦੇ ਮੇਲਿ ਮਿਲਾਇਆ ॥੧॥ਰਹਾਉ॥

ਦੈਤ = ਰਾਖਸ਼ ਦਾ ਪੁੱਤਰ ਪ੍ਰਹਿਲਾਦ ਬ੍ਰਾਹਮਣਾਂ ਦੇ ਗਾਇਤ੍ਰੀ ਮੰਤ੍ਰ ਜਪਣੇ, ਤਰਪਣ = ਪਾਣੀ ਛਿੜਕਣਾ ਆਦਿ ਕਿਛੁ = ਕੁਝ ਵੀ ਸਾਧਨ ਨਹੀਂ ਜਾਣੈ = ਜਾਣਦਾ ਸੀ, ਪਰ ਤੂੰ ਉਸ ਨੂੰ ਗੁਰੂ (ਨਾਰਦ ਮੁਨੀ) ਦੇ ਸਬਦੇ = ਉਪਦੇਸ਼ ਦੁਆਰਾ ਆਪਣੇ ਸਰੂਪ ਦੇ ਮੇਲ ਵਿਚ ਮਿਲਾਇਆ = ਮਿਲਾਉਣਾ ਕੀਤਾ **ਵਾ:** ਸ਼ਬਦ ਦੇ ਮੇਲ ਵਿਚ ਮਿਲਾਉਣਾ ਕੀਤਾ ॥੧॥ਰਹਾਉ॥

## ਅਨਦਿਨੁ ਭਗਤਿ ਕਰਹਿ ਦਿਨ ਰਾਤੀ; ਦੁਬਿਧਾ ਸਬਦੇ ਖੋਈ ॥

ਉਹ ਪ੍ਰਹਿਲਾਦ ਦਿਨ ਰਾਤ ਅਨਦਿਨੁ = ਇਕ ਰਸ ਭਗਤਿ = ਭਗਤੀ ਕਰਹਿ = ਕਰਦਾ ਸੀ **ਵਾ:** ਜੋ ਵੀ ਦਿਨ ਰਾਤ ਸਦਾ ਇਕ ਰਸ ਭਗਤੀ ਕਰਹਿ = ਕਰਦੇ ਹਨ, ਉਨ੍ਹਾਂ ਨੇ ਗੁਰਾਂ ਦੇ ਸਬਦੇ = ਉਪਦੇਸ਼ ਕਰਕੇ ਆਪਣੇ ਅੰਦਰੋਂ ਦੁਬਿਧਾ = ਦ੍ਵੈਤ ਭ੍ਰਾਂਤੀ ਖੋਈ = ਨਾਸ਼ ਕਰ ਲਈ ਹੈ।

## ਸਦਾ ਨਿਰਮਲ ਹੈ ਜੋ ਸਚਿ ਰਾਤੇ; ਸਚੁ ਵਸਿਆ ਮਨਿ ਸੋਈ ॥੨॥

ਜੋ ਸਚਿ = ਸੱਚੇ ਪਰਮਾਤਮਾ ਵਿਚ ਰਾਤੇ = ਰੰਗੇ ਹੋਏ ਹਨ, ਉਹ ਮਨੁੱਖ ਸਦਾ = ਹਮੇਸ਼ਾਂ ਹੀ ਨਿਰਮਲ = ਉੱਜਲ ਜੀਵਨ ਵਾਲੇ ਹਨ ਅਤੇ ਉਨ੍ਹਾਂ ਦੇ ਮਨਿ = ਹਿਰਦੇ ਅੰਦਰ ਸੋਈ = ਉਹ ਸਚੁ = ਸੱਚਾ ਪਰਮਾਤਮਾ ਆਪ ਵੱਸਿਆ ਰਹਿੰਦਾ ਹੈ **ਵਾ:** ਉਹ ਸੱਚੇ ਦਾ ਹੀ ਸਰੂਪ ਹੋ ਗਏ ਹਨ ॥੨॥

## ਮੂਰਖ ਦੁਬਿਧਾ ਪੜਹਿ, ਮੂਲੁ ਨ ਪਛਾਣਹਿ; ਬਿਰਥਾ ਜਨਮੁ ਗਵਾਇਆ ॥

ਮੂਰਖ = ਬੇ-ਸਮਝ ਮਨੁੱਖ ਦੁਬਿਧਾ = ਦ੍ਵੈਤ ਦੁਚਿਤੇਪੁਣੇ ਦੀ ਪੜ੍ਹਾਈ ਪੜ੍ਹਹਿ = ਪੜ੍ਹਦੇ ਹਨ ਪਰ ਆਪ

ਦੀ ਮੂਲੁ = ਮੁੱਢ ਸਰੂਪ ਪਰਮਾਤਮਾ ਨੂੰ ਉੱਕਾ ਪਛਾਣਹਿ = ਪਛਾਣਦੇ ਨਹੀਂ ਹਨ, ਇਉਂ ਉਨ੍ਹਾਂ ਨੇ ਆਪਣਾ ਅਮੋਲਕ ਮਨੁੱਖਾ ਜਨਮ ਬਿਰਥਾ = ਵਿਅਰਥ ਗਵਾਇਆ = ਗਵਾਉਣਾ ਕੀਤਾ ਹੈ।

## ਸੰਤ ਜਨਾ ਕੀ ਨਿੰਦਾ ਕਰਹਿ; ਦੁਸਟੁ ਦੈਤੁ ਚਿੜਾਇਆ ॥੩॥

ਉਹ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਕੀ = ਦੀ ਨਿੰਦਾ = ਅਪਕੀਰਤੀ ਕਰਹਿ = ਕਰਦੇ ਹਨ, ਜਿਵੇਂ ਮੂਰਖ ਸੰਡੇ ਤੇ ਮਰਕੇ ਨੇ ਪ੍ਰਹਿਲਾਦ ਦੀ ਨਿੰਦਿਆ ਕਰਕੇ ਦੁਸਟੁ = ਖੋਟੇ ਹਰਨਾਖਸ਼ ਦੈਂਤ ਨੂੰ ਪ੍ਰਹਿਲਾਦ ਦੇ ਵਿਰੁੱਧ ਚਿੜਾਇਆ = ਖਿਝਾਉਣਾ, ਕ੍ਰੋਧਿਤ ਕੀਤਾ ਸੀ ॥੩॥

## ਪ੍ਰਹਲਾਦੁ ਦੁਬਿਧਾ ਨ ਪੜੈ, ਹਰਿ ਨਾਮੁ ਨ ਛੋਡੈ;<br>ਡਰੈ ਨ ਕਿਸੈ ਦਾ ਡਰਾਇਆ ॥

ਪਰ ਪ੍ਰਹਿਲਾਦ ਦੈਂਤਾਂ ਦੀ ਦੁਬਿਧਾ = ਦ੍ਵੈਤ ਵਾਲੀ ਪੜ੍ਹਾਈ ਨਹੀਂ ਪੜੈ = ਪੜ੍ਹਦਾ ਸੀ, ਨਾ ਹੀ ਹਰਿ = ਪਰਮਾਤਮਾ ਦਾ ਨਾਮ ਜਪਣਾ ਛੋਡੈ = ਛੱਡਦਾ ਸੀ ਅਤੇ ਨਾ ਹੀ ਕਿਸੇ ਦਾ ਡਰਾਇਆ ਹੋਇਆ ਡਰੈ = ਡਰਦਾ ਸੀ।

## ਸੰਤ ਜਨਾ ਕਾ ਹਰਿ ਜੀਉ ਰਾਖਾ; ਦੈਤੈ, ਕਾਲੁ ਨੇੜਾ ਆਇਆ ॥੪॥

ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਕਾ = ਦਾ ਤਾਂ ਹਰਿ ਜੀਉ = ਪ੍ਰਭੂ ਜੀ ਸਦਾ ਹੀ ਰਾਖਾ = ਰਖਵਾਲਾ ਹੈ, ਪ੍ਰਹਿਲਾਦ ਦੇ ਪਿਤਾ ਹਰਨਾਖਸ਼ ਦੈਤੈ = ਦੈਂਤ ਦਾ ਹੀ ਕਾਲੁ = ਮੌਤ ਦਾ ਸਮਾਂ ਉਸ ਦੇ ਨੇੜਾ = ਕੋਲ ਆਇਆ = ਆ ਗਿਆ ਸੀ ॥੪॥

## ਆਪਣੀ ਪੈਜ ਆਪੇ ਰਾਖੈ; ਭਗਤਾਂ ਦੇਇ ਵਡਿਆਈ ॥

ਪਰਮਾਤਮਾ ਭਗਤਾਂ ਦੀ ਪੈਜ = ਇੱਜ਼ਤ ਨੂੰ ਆਪਣੀ ਇੱਜ਼ਤ ਜਾਣ ਕੇ ਆਪ ਹੀ ਰਾਖੈ = ਰੱਖਦਾ ਹੈ ਅਤੇ ਆਪਣੇ ਭਗਤਾਂ ਨੂੰ ਆਪਣੇ ਨਾਮ, ਲੋਕ-ਪ੍ਰਲੋਕ ਵਿਚ ਵਡਿਆਈ = ਸ਼ੋਭਾ ਦੇਇ = ਦਿੰਦਾ ਹੈ।

## ਨਾਨਕ, ਹਰਣਾਖਸੁ ਨਖੀ ਬਿਦਾਰਿਆ;<br>ਅੰਧੈ ਦਰ ਕੀ ਖਬਰਿ ਨ ਪਾਈ ॥੫॥੧੧॥੨੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਨੇ ਨਰ ਸਿੰਘ ਰੂਪ ਹੋ ਕੇ ਆਪਣੇ ਨਖੀ = ਨੌਹਾਂ ਨਾਲ ਹਰਨਾਖਸ਼ ਦੈਂਤ ਨੂੰ ਬਿਦਾਰਿਆ = ਚੀਰ ਕੇ ਨਾਸ਼ ਕਰ ਦਿੱਤਾ ਸੀ, ਪਰ ਉਸ ਅੰਧੈ = ਅੰਨ੍ਹੇ, ਅਗਿਆਨੀ ਹਰਨਾਖਸ਼ ਨੇ ਪਰਮਾਤਮਾ ਦੇ ਦਰ = ਦੁਆਰੇ ਕੀ = ਦੀ ਕੋਈ ਖ਼ਬਰ-ਸਾਰ ਨਹੀਂ ਪਾਈ = ਪਾਉਣਾ ਕੀਤੀ ਸੀ ॥੫॥੧੧॥੨੧॥

## ਰਾਗੁ ਭੈਰਉ ਮਹਲਾ ੪ ਚਉਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਰਾਗੁ ਭੈਰਉ ਦੇ ਅੰਦਰ ਮਹਲਾ ੪ = ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਚਉਪਦੇ = ਚਾਰ-ਚਾਰ ਪਦਿਆਂ ਦੇ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਗੁਰਤਾਗੱਦੀ ਉੱਪਰ ਬਿਰਾਜਮਾਨ ਹੋਣ ਤੋਂ ਬਾਅਦ ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਗਏ, ਤਦੋਂ ਉਥੇ ਸੰਗਤਾਂ ਨੇ ਬਹੁਤ ਅਦਬ ਸਤਿਕਾਰ ਨਾਲ ਸਤਿਗੁਰਾਂ ਦੇ ਸਨਮੁਖ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਜਿਵੇਂ ਤੁਸੀਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਸਮੇਂ ਏਥੇ ਗੋਇੰਦਵਾਲ ਸਾਹਿਬ ਵਿਖੇ ਬਿਰਾਜਦੇ ਸੀ, ਉਵੇਂ ਹੁਣ ਵੀ ਸਾਡੇ ਪਾਸ ਏਥੇ ਹੀ ਰਹੋ, ਤਦੋਂ ਸਤਿਗੁਰਾਂ ਨੇ ਕਿਹਾ ਕਿ ਅਸੀਂ ਵੱਡੇ ਸਤਿਗੁਰਾਂ ਦੇ ਹੁਕਮ ਅਨੁਸਾਰ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗਏ ਹਾਂ ਅਤੇ ਉਨ੍ਹਾਂ ਦਾ ਹੁਕਮ ਹੈ ਕਿ ਜਦੋਂ ਤੱਕ ਗੁਰਤਾ ਗੱਦੀ ਉਪਰ ਬਿਰਾਜਮਾਨ ਹੋ, ਤਦੋਂ ਤੱਕ ਉਥੇ ਰਹਿ ਕੇ ਹੀ ਸਿੱਖੀ ਦਾ ਪ੍ਰਚਾਰ ਕਰਨਾ ਹੈ। ਇਸ ਪ੍ਰਕਾਰ ਬਚਨ ਬਿਲਾਸ ਕਰਨ ਤੋਂ ਬਾਅਦ ਸਿੱਖ ਸੰਗਤਾਂ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਜਦੋਂ ਵਾਹਿਗੁਰੂ ਦੀ ਕਿਰਪਾ ਹੋ ਜਾਂਦੀ ਹੈ, ਉਸ ਸਮੇਂ ਕੀ ਲਾਭ ਪ੍ਰਾਪਤ ਹੁੰਦਾ ਹੈ ? ਤਦੋਂ ਉੱਤਰ ਵਿਚ ਸਤਿਗੁਰੂ ਜੀ ਆਪਣੇ ਮਨ ਨੂੰ ਸੰਬੋਧਨ ਕਰਦੇ ਹੋਏ ਇਹ ਸ਼ਬਦ ਉਚਾਰਣ ਕਰਦੇ ਹਨ।

## ਹਰਿ ਜਨ ਸੰਤ; ਕਰਿ ਕਿਰਪਾ ਪਗਿ ਲਾਇਣੁ ॥

ਹੇ ਮਨ ! ਜੋ ਹਰਿ = ਪਰਮਾਤਮਾ ਦੇ ਜਨ = ਸੇਵਕ ਸੰਤ = ਸ਼ਾਂਤ-ਚਿਤ ਮਹਾਤਮਾ ਜਨ ਹਨ, ਪ੍ਰਭੂ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਹੀ ਜਗਿਆਸੂ ਜਨਾਂ ਨੂੰ ਉਨ੍ਹਾਂ ਦੇ ਪਗਿ = ਚਰਨੀਂ ਲਾਇਣੁ = ਲਾਉਣਾ ਕਰਦਾ ਹੈ **ਵਾ:** ਉਨ੍ਹਾਂ ਸੰਤ ਜਨਾਂ ਉੱਪਰ ਹਰੀ ਆਪਣੀ ਕਿਰਪਾ ਕਰਕੇ ਆਪਣੇ ਚਰਨਾਂ ਨਾਲ ਲਾਉਣਾ ਕਰਦਾ ਹੈ **ਅਥਵਾ** ਹਰੀ ਦੇ ਸੰਤ ਜਨ ਆਪਣੀ ਕਿਰਪਾ ਕਰਕੇ ਪਰਮਾਤਮਾ ਦੇ ਚਰਨਾਂ ਨਾਲ ਲਾਉਣਾ ਕਰਦੇ ਹਨ।

**[ਅੰਗ ੧੧੩੪]**

## ਗੁਰ ਸਬਦੀ ਹਰਿ ਭਜੁ; ਸੁਰਤਿ ਸਮਾਇਣੁ ॥੧॥

ਹੇ ਮਨ ! ਗੁਰਾਂ ਦੇ ਸਬਦੀ = ਉਪਦੇਸ਼ ਦੁਆਰਾ ਉਸ ਹਰਿ = ਪਰਮਾਤਮਾ ਨੂੰ ਭਜੁ = ਸਿਮਰਨਾ ਕਰ, ਫੇਰ ਤੇਰੀ ਸੁਰਤਿ = ਬਿਰਤੀ ਉਸ ਪ੍ਰਭੂ ਵਿਚ ਹੀ ਸਮਾਇਣੁ = ਲੀਨ ਹੋ ਜਾਵੇਗੀ **ਵਾ:** ਸੁਰਤਿ = ਗਿਆਤ ਸਰੂਪ ਬ੍ਰਹਮ ਵਿਚ ਸਮਾਅ ਜਾਵੇਂਗਾ **ਵਾ:** ਸੁ+ਰਤਿ = ਸ੍ਰੇਸ਼ਟ ਪ੍ਰੀਤੀ ਕਰਕੇ ਉਸ ਪ੍ਰਭੂ ਵਿਚ ਅਭੇਦ ਹੋ ਜਾਈਦਾ ਹੈ ॥੧॥

## ਮੇਰੇ ਮਨ; ਹਰਿ ਭਜੁ ਨਾਮੁ ਨਰਾਇਣੁ ॥

ਹੇ ਮੇਰੇ ਮਨਾਂ ! ਸਾਰੇ ਨਰਾਇਣੁ = ਨਰਾਂ ਵਿਚ ਆਏ ਹੋਏ ਹਰਿ = ਪਰਮਾਤਮਾ ਦਾ ਨਾਮ ਭਜੁ = ਸਿਮਰਨਾ ਕਰ **ਵਾ:** ਉਸ ਪ੍ਰਭੂ ਦਾ ਨਾਮ ਸਿਮਰ ਜਿਸ ਵਿਚ (ਨ + ਰਾਇਣ) ਅਵਿੱਦਿਆ ਰੂਪੀ ਰਾਤ ਨਹੀਂ ਹੈ **ਵਾ:** ਜਿਸ ਦੇ ਸਰੂਪ ਵਿਚ (ਨ+ਅਰ+ਆਇਣ) ਕਾਮ ਕ੍ਰੋਧ ਰੂਪੀ ਅਰ = ਵੈਰੀ ਆਦਿ ਦਾ ਆਇਣ = ਘਰ ਨ = ਨਹੀਂ ਹੈ।

## ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ;
## ਗੁਰਮੁਖਿ ਭਵਜਲੁ ਹਰਿ ਨਾਮਿ ਤਰਾਇਣੁ ॥੧॥ਰਹਾਉ॥

ਫੇਰ ਉਹ ਹਰਿ = ਹਰੇ ਭਰੇ ਕਰਨ ਵਾਲਾ ਤੇ ਸਾਰੇ ਸੁਖਦਾਤਾ = ਸੁੱਖ ਦੇਣ ਵਾਲਾ ਹਰਿ = ਪ੍ਰਭੂ ਆਪਣੀ ਕ੍ਰਿਪਾ = ਮਿਹਰ ਕਰੇ = ਕਰੇਗਾ ਅਤੇ ਗੁਰਮੁਖਿ = ਮੁਖੀ ਗੁਰਾਂ ਦੁਆਰਾ ਉਹ ਹਰਿ = ਪ੍ਰਭੂ ਆਪਣੇ ਨਾਮ ਕਰਕੇ ਭਵਜਲੁ = ਸੰਸਾਰ-ਸਮੁੰਦ੍ਰ ਤੋਂ ਤਰਾਇਣੁ = ਤਾਰ ਲਵੇਗਾ **ਵਾ:** ਗੁਰੂ ਸਾਹਿਬ ਜੀ ਹਰੀ ਦੇ ਨਾਮ ਰੂਪੀ ਜਹਾਜ਼ ਉੱਪਰ ਚੜ੍ਹਾਅ ਕੇ ਸੰਸਾਰ-ਸਮੁੰਦ੍ਰ ਤੋਂ ਤਾਰ ਦੇਂਦੇ ਹਨ ਅਤੇ ਮੁਕਤ ਰੂਪੀ ਕਿਨਾਰੇ ਉੱਪਰ ਪਹੁੰਚਾ ਦੇਂਦੇ ਹਨ ॥੧॥ਰਹਾਉ॥

## ਸੰਗਤਿ ਸਾਧ ਮੇਲਿ; ਹਰਿ ਗਾਇਣੁ ॥ ਗੁਰਮਤੀ; ਲੇ ਰਾਮ ਰਸਾਇਣੁ ॥੨॥

ਹੇ ਮੇਰੇ ਮਨਾਂ ! ਤੂੰ ਆਪਣੇ ਆਪ ਨੂੰ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਵਿਚ ਮੇਲਿ = ਮੇਲਣਾ ਕਰ ਅਤੇ ਹਰਿ = ਪਰਮਾਤਮਾ ਦੇ ਗੁਣ ਗਾਇਣੁ = ਗਾਉਣਾ ਕਰ।

ਗੁਰਮਤੀ = ਗੁਰਾਂ ਦੀ ਸਿੱਖਿਆ ਦੁਆਰਾ ਰਸਾਇਣੁ = ਰਸਾਂ ਦੇ ਘਰ ਪਰਮਾਤਮਾ ਦੇ ਨਾਮ ਨੂੰ ਲੇ = ਲੈਣਾ ਕਰ **ਵਾ:** ਰਸਾਂ ਦੇ ਘਰ ਪਰਮਾਤਮਾ ਵਿਚ ਆਪਣੀ ਬਿਰਤੀ ਨੂੰ ਲੇ = ਲੈਅ ਕਰ॥੨॥

## ਗੁਰ ਸਾਧੂ; ਅੰਮ੍ਰਿਤ ਗਿਆਨ ਸਰਿ ਨਾਇਣੁ ॥

(**ਨਾਇਣ** ਦਾ ਉਚਾਰਣ ਭਾਰਾ ਹੈ)

ਸਾਧੂ = ਸ੍ਰੇਸ਼ਟ ਗੁਰੂ ਸਾਹਿਬ ਜੀ ਦੁਆਰਾ ਗਿਆਨ ਰੂਪੀ ਅੰਮ੍ਰਿਤ ਸਰਿ = ਸਰੋਵਰ ਵਿਚ ਸਰਵਣ, ਮੰਨਣ, ਨਿਧਿਆਸਣ ਰੂਪ ਨਾਇਣੁ = ਨਹਾਉਣਾ ਕਰ।

## ਸਭਿ ਕਿਲਵਿਖ ਪਾਪ; ਗਏ ਗਾਵਾਇਣੁ ॥੩॥

ਫੇਰ ਸਭਿ = ਸਾਰੇ ਕਿਲਵਿਖ = ਗੁਨਾਹ ਤੇ ਪਾਪ ਗਾਵਾਇਣੁ = ਗੁਆਚ ਗਏ = ਜਾਂਦੇ ਹਨ **ਵਾ:** ਪਿਛਲੇ ਬੱਜਰ ਕਿਲਵਿਖ = ਪਾਪ ਤੇ ਇਸ ਜਨਮ ਦੇ ਪਾਪ ਚਲੇ ਜਾਂਦੇ ਹਨ ਜਿਸਦੇ ਚਲੇ ਗਏ ਹਨ ਉਹ ਹੋਰਨਾਂ ਦੇ ਵੀ ਪਾਪ ਗਾਵਾਇਣੁ = ਗਵਾਉਣਾ, ਮੇਟਣਾ ਕਰਦਾ ਹੈ॥੩॥

## ਤੂ ਆਪੇ ਕਰਤਾ; ਸ੍ਰਿਸਟਿ ਧਰਾਇਣੁ ॥
## ਜਨੁ ਨਾਨਕੁ ਮੇਲਿ; ਤੇਰਾ ਦਾਸ ਦਸਾਇਣੁ ॥੪॥੧॥

ਹੇ ਪ੍ਰਭੂ ! ਤੂੰ ਆਪ ਹੀ ਸਾਰੇ ਸੰਸਾਰ ਦਾ ਕਰਤਾ = ਰਚਨਹਾਰ ਹੈਂ ਅਤੇ ਸਾਰੀ ਸ੍ਰਿਸਟਿ = ਸ੍ਰਿਸ਼ਟੀ ਨੂੰ ਧਰਾਇਣੁ = ਆਸਰਾ ਦੇਣ ਵਾਲਾ ਅਧਿਸ਼ਠਾਨ ਸਰੂਪ ਹੈਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਨੂੰ ਜਨੁ = ਦਾਸ ਨੂੰ ਆਪਣੇ ਨਾਲ ਮੇਲਣਾ ਕਰ, ਮੈਂ ਤੇਰੇ ਦਸਾਇਣੁ = ਦਾਸਾਂ ਦਾ ਦਾਸ ਹਾਂ॥੪॥੧॥

## ਭੈਰਉ ਮਹਲਾ ੪ ॥
## ਬੋਲਿ ਹਰਿ ਨਾਮੁ; ਸਫਲ ਸਾ ਘਰੀ ॥ ਗੁਰ ਉਪਦੇਸਿ; ਸਭਿ ਦੁਖ ਪਰਹਰੀ ॥੧॥

ਹੇ ਭਾਈ ! ਹਰਿ = ਪਰਮਾਤਮਾ ਦਾ ਨਾਮ ਬੋਲਿ = ਜਪਣਾ ਕਰ, ਜਿਸ ਸਮੇਂ ਕੋਈ ਜਪਦਾ ਹੈ, ਸਾ = ਉਹ ਘਰੀ = ਘੜੀ ਸਫਲ = ਸਫਲੀ ਹੈ।

ਗੁਰੂ ਜੀ ਦੇ ਉਪਦੇਸਿ = ਸ਼ਬਦ ਦੀ ਕਮਾਈ ਕਰਕੇ ਸਭਿ = ਸਾਰੇ ਜੰਮਣ ਮਰਣ ਆਦਿ ਦੁੱਖਾਂ ਦੀ ਪੀੜਾ ਪਰਹਰੀ = ਨਾਸ਼ ਹੋ ਜਾਂਦੀ ਹੈ॥੧॥

## ਮੇਰੇ ਮਨ; ਹਰਿ ਭਜੁ ਨਾਮੁ ਨਰਹਰੀ ॥

ਆਪਣੇ ਮਨ ਨੂੰ ਸਿੱਖਿਆ ਦੇਈਏ ਕਿ ਹੇ ਮੇਰੇ ਮਨਾਂ ! ਨਰਹਰੀ = ਨਰਾਂ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਭਜੁ = ਸਿਮਰਨਾ ਕਰ **ਵਾ:** ਉਸ ਪਰਮਾਤਮਾ ਨੂੰ ਸਿਮਰ ਜਿਸ ਦੇ ਨਰਹਰੀ = ਨਰਸਿੰਘ ਆਦਿ ਨਾਮ ਹਨ ਅਤੇ ਇਉਂ ਬੇਨਤੀ ਕਰ ਕਿ :

## ਕਰਿ ਕਿਰਪਾ ਮੇਲਹੁ ਗੁਰੁ ਪੂਰਾ;
## ਸਤਸੰਗਤਿ ਸੰਗਿ ਸਿੰਧੁ ਭਉ ਤਰੀ ॥੧॥ਰਹਾਉ॥

ਹੇ ਪ੍ਰਭੂ ! ਤੂੰ ਕਿਰਪਾ = ਮਿਹਰ ਕਰਿ = ਕਰਕੇ ਮੈਨੂੰ ਪੂਰਾ = ਪੂਰਨ ਗੁਰੂ ਮੇਲਹੁ = ਮੇਲਣਾ ਕਰ, ਜਿਨ੍ਹਾਂ ਗੁਰਾਂ ਦੀ ਸਤਸੰਗਤਿ = ਸਤ ਸਰੂਪ ਦੀ ਪ੍ਰਾਪਤੀ ਵਾਲੀ ਸੰਗਤ ਦੇ ਸੰਗਿ = ਨਾਲ ਲੱਗ ਕੇ ਮੈਂ ਭਉ = ਭੈਦਾਇਕ ਸੰਸਾਰ ਸਿੰਧੁ = ਸਮੁੰਦਰ ਨੂੰ ਤਰੀ = ਤਰ ਜਾਵਾਂ ॥੧॥ਰਹਾਉ॥

## ਜਗਜੀਵਨੁ ਧਿਆਇ ਮਨਿ; ਹਰਿ ਸਿਮਰੀ ॥
## ਕੋਟ ਕੋਟੰਤਰ; ਤੇਰੇ ਪਾਪ ਪਰਹਰੀ ॥੨॥

ਹੇ ਮਨਾਂ ! ਜਗਜੀਵਨੁ = ਜਗਤ ਦੇ ਜੀਵਨ ਰੂਪ ਪ੍ਰਭੂ ਨੂੰ ਧਿਆਕਾਰ ਬਿਰਤੀ ਦੁਆਰਾ ਧਿਆਇ = ਆਰਾਧਨਾ ਕਰ ਅਤੇ ਉਸ ਹਰਿ = ਪ੍ਰਭੂ ਨੂੰ ਇਕਾਗਰ ਬਿਰਤੀ ਕਰਕੇ ਸਿਮਰੀ = ਸਿਮਰਨਾ ਕਰ।

ਜਿਸ ਕਰਕੇ ਤੇਰੇ ਕੋਟਿ = ਕ੍ਰੋੜਾਂ ਜਨਮਾਂ ਦੇ (ਕੋਟ + ਅੰਤਰ) ਕੋਟ = ਕਿਲ੍ਹੇ ਵਾਂਗ ਉਸਰੇ ਹੋਏ ਤੇ ਅੰਤਰ = ਅੰਤਰਾ, ਫ਼ਰਕ ਪਾਉਣ ਵਾਲੇ ਪਾਪ ਪਰਹਰੀ = ਨਾਸ਼ ਹੋ ਜਾਣਗੇ **ਵਾ:** ਹਿਰਦੇ ਅੰਦਰ ਕਿਲ੍ਹਿਆਂ ਵਾਂਗ ਕ੍ਰੋੜਾਂ ਹੀ ਉਸਰੇ ਹੋਏ ਪਾਪ ਨਾਸ਼ ਹੋ ਜਾਣਗੇ ॥੨॥

## ਸਤਸੰਗਤਿ ਸਾਧ; ਧੂਰਿ ਮੁਖਿ ਪਰੀ ॥ ਇਸਨਾਨੁ ਕੀਓ; ਅਠਸਠਿ ਸੁਰਸਰੀ ॥੩॥

ਸਾਧ = ਮਹਾਤਮਾ ਜਨਾਂ ਦੀ ਸਤਸੰਗਤ ਦੀ ਸ਼ਰਧਾ ਰੂਪੀ ਚਰਨ ਧੂੜੀ ਜਿਸ ਦੇ ਅੰਤਹਕਰਨ ਰੂਪੀ ਮੁਖਿ = ਮੂੰਹ ਵਿਚ ਪਰੀ = ਪਈ ਹੈ।

ਉਸ ਨੇ ਅਠਸਠਿ = ਅਠਾਹਠ ਤੀਰਥਾਂ ਅਤੇ ਸੁਰਸਰੀ = ਗੰਗਾ ਆਦਿ ਦਾ ਇਸ਼ਨਾਨ ਕੀਓ = ਕਰ ਲਿਆ ਹੈ **ਵਾ:** ਸੁਰਸਰੀ = ਗੰਗਾ ਦੀ ਨਿਆਈਂ ਮਨ ਦੀ ਬਿਰਤੀ ਇਸਥਿਤ ਕਰ ਲਈ ਹੈ ॥੩॥

## ਹਮ ਮੂਰਖ ਕਉ; ਹਰਿ ਕਿਰਪਾ ਕਰੀ ॥
## ਜਨੁ ਨਾਨਕੁ ਤਾਰਿਓ; ਤਾਰਣ ਹਰੀ ॥੪॥੨॥

ਜਦੋਂ ਹਮ = ਮੈਂ ਮੂਰਖ = ਬੇ-ਸਮਝ ਕਉ = ਨੂੰ ਹਰਿ = ਪਰਮਾਤਮਾ ਨੇ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰੀ = ਕੀਤੀ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਦੋਂ ਤਾਰਣ ਵਾਲੇ ਹਰੀ = ਪਰਮਾਤਮਾ ਨੇ ਮੈਨੂੰ ਜਨੁ = ਦਾਸ ਨੂੰ ਤਾਰਿਓ = ਤਾਰ ਦਿੱਤਾ ॥੪॥੨॥

## ਭੈਰਉ ਮਹਲਾ ੪ ॥

ਗੁਰਸਿੱਖਾਂ ਨੇ ਸਤਿਗੁਰੂ ਸਾਹਿਬ ਜੀ ਪਾਸ ਬੇਨਤੀ ਕਰਕੇ ਪੁੱਛਿਆ ਕਿ ਸਤਿਗੁਰੂ ਜੀ ਮਾਲਾ ਕਿਹੜੀ ਫੇਰਨੀ ਚਾਹੀਦੀ ? ਤਦੋਂ ਉੱਤਰ ਵਿਚ ਕਥਨ ਕਰਦੇ ਹਨ :

## ਸੁਕ੍ਰਿਤੁ ਕਰਣੀ; ਸਾਰੁ ਜਪਮਾਲੀ ॥ ਹਿਰਦੈ ਫੇਰਿ; ਚਲੈ ਤੁਧੁ ਨਾਲੀ ॥੧॥

ਜੋ ਸੁਕ੍ਰਿਤੁ = ਸ੍ਰੇਸ਼ਟ ਪੁੰਨਾਂ ਦੀ ਕਿਰਤ ਕਰਨੀ ਹੈ **ਵਾ:** ਜੋ ਨਿਸ਼ਕਾਮ ਹੋ ਕੇ ਪ੍ਰਭੂ ਦੀ ਕੀਰਤਨ ਭਗਤੀ ਕਰਨੀ ਹੈ, ਇਹੋ ਹੀ ਸਾਰ = ਸ੍ਰੇਸ਼ਟ ਜਪਮਾਲੀ = ਜਪਣ ਵਾਲੀ ਮਾਲਾ ਫੇਰਨੀ ਕਰੋ। ਹੇ ਭਾਈ ! ਇਸ ਨੂੰ

ਆਪਣੇ ਹਿਰਦੈ = ਮਨ ਅੰਦਰ ਫੇਰਿ = ਫੇਰਨਾ ਕਰੋ, ਜੋ ਤੁਧੁ = ਤੇਰੇ ਨਾਲੀ = ਨਾਲ ਪ੍ਰਲੋਕ ਵਿਚ ਵੀ ਚਾਲੀ = ਚੱਲੇਗੀ ॥੧॥

## ਹਰਿ ਹਰਿ ਨਾਮੁ ਜਪਹੁ; ਬਨਵਾਲੀ ॥

ਬਨਵਾਲੀ = ਸੰਸਾਰ ਬਾਗ਼ ਦੇ ਮਾਲੀ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਬਾਣੀ ਕਰਕੇ ਜਪਹੁ = ਜਪਣਾ ਕਰੋ।

## ਕਰਿ ਕਿਰਪਾ ਮੇਲਹੁ ਸਤਸੰਗਤਿ;
## ਤੂਟਿ ਗਈ ਮਾਇਆ ਜਮ ਜਾਲੀ ॥੧॥ਰਹਾਉ॥

ਅਤੇ ਬੇਨਤੀ ਕਰੋ ਕਿ ਹੇ ਪ੍ਰਭੂ ! ਤੂੰ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਸਾਨੂੰ ਉਨ੍ਹਾਂ ਗੁਰਮੁਖਾਂ ਦੀ ਸਤਿਸੰਗਤ ਨਾਲ ਮੇਲਹੁ = ਮੇਲਣਾ ਕਰ ਜਿਨ੍ਹਾਂ ਦੀ ਮਾਇਆ, ਜਮਾਂ, ਮੌਤ ਅਤੇ ਪਦਾਰਥਾਂ ਦੇ ਮੋਹ ਰੂਪੀ ਜਾਲੀ = ਫਾਹੀ ਤੂਟਿ = ਟੁੱਟ ਗਈ ਹੈ ॥੧॥ਰਹਾਉ॥

## ਗੁਰਮੁਖਿ ਸੇਵਾ; ਘਾਲਿ ਜਿਨਿ ਘਾਲੀ ॥
## ਤਿਸੁ ਘੜੀਐ ਸਬਦੁ; ਸਚੀ ਟਕਸਾਲੀ ॥੨॥

ਜਿਨਿ = ਜਿਸ ਮਨੁੱਖ ਨੇ ਗੁਰਮੁਖਿ = ਮੁਖੀ ਗੁਰਾਂ ਦੁਆਰਾ **ਵਾ:** ਜਿਸ ਗੁਰਮੁਖ ਨੇ ਗੁਰਾਂ ਦੀ ਸੇਵਾ = ਟਹਿਲ ਰੂਪੀ ਘਾਲਿ = ਕਮਾਈ ਘਾਲੀ = ਕਮਾਉਣਾ ਕੀਤੀ ਹੈ।

ਸਤਿਸੰਗਤ ਰੂਪੀ ਸੱਚੀ ਟਕਸਾਲੀ = ਟਕਸਾਲ ਵਿਚ ਉਸ ਦਾ ਸਬਦੁ = ਬੋਲ-ਚਾਲ, ਆਚਰਣ ਘੜੀਐ = ਘੜਿਆ ਜਾਂਦਾ ਹੈ ਭਾਵ ਉਸ ਨੂੰ ਕਹਿਣੀ, ਬਹਿਣੀ, ਸਹਿਣੀ ਤੇ ਰਹਿਣੀ ਦੀ ਜਾਚ ਆ ਜਾਂਦੀ ਹੈ ॥੨॥

## ਹਰਿ ਅਗਮ ਅਗੋਚਰੁ; ਗੁਰਿ ਅਗਮ ਦਿਖਾਲੀ ॥
## ਵਿਚਿ ਕਾਇਆ ਨਗਰ; ਲਧਾ ਹਰਿ ਭਾਲੀ ॥੩॥

ਜੋ ਹਰਿ = ਪ੍ਰਭੂ ਅਗਮ = ਮਨ ਦੀ ਗੰਮਤਾ ਤੋਂ ਰਹਿਤ ਤੇ ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਹੈ, ਗੁਰਿ = ਸਤਿਗੁਰਾਂ ਨੇ ਸ੍ਰੇਸ਼ਟ ਪੁੰਨਾਂ ਦੀ ਕਿਰਤ ਕਰਨ ਰੂਪ ਮਾਲਾ ਫੇਰਨ ਵਾਲੇ ਨੂੰ ਉਹ ਅਗਮ = ਬੇਅੰਤ ਪ੍ਰਭੂ ਦੀ ਅਗੰਮਤਾ ਦਿਖਾਲੀ = ਵਿਖਾਉਣਾ ਕੀਤੀ ਹੈ।

ਉਸ ਨੇ ਇਹ ਕਾਇਆ = ਦੇਹ ਰੂਪੀ ਨਗਰ ਵਿਚ ਹੀ ਗੁਰਾਂ ਦੁਆਰਾ ਉਸ ਹਰਿ = ਹਰੀ ਨੂੰ ਭਾਲੀ = ਖੋਜ ਕੇ ਲਧਾ = ਲੱਭ ਲਿਆ ਹੈ ॥੩॥

## ਹਮ ਬਾਰਿਕ; ਹਰਿ ਪਿਤਾ ਪ੍ਰਤਿਪਾਲੀ ॥
## ਜਨ ਨਾਨਕ ਤਾਰਹੁ; ਨਦਰਿ ਨਿਹਾਲੀ ॥੪॥੩॥

ਬੇਨਤੀ ਕਰੀਏ ਕਿ ਹੇ ਪ੍ਰਤਿਪਾਲੀ = ਪਾਲਣਾ ਕਰਨ ਵਾਲੇ ਪਿਤਾ ਸਰੂਪ ਹਰਿ = ਪਰਮਾਤਮਾ ! ਹਮ = ਅਸੀਂ ਤੇਰੇ ਬਾਰਿਕ = ਬੱਚਿਆਂ ਦੀ ਨਿਆਈਂ ਹਾਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਤੂੰ ਆਪਣੀ ਨਦਰਿ = ਕਿਰਪਾ ਦ੍ਰਿਸ਼ਟੀ ਨਾਲ ਨਿਹਾਲੀ = ਤੱਕ ਕੇ ਮੈਨੂੰ ਜਨ = ਦਾਸ ਨੂੰ ਸੰਸਾਰ-ਸਮੁੰਦ੍ਰ ਤੋਂ ਤਾਰਹੁ = ਤਾਰਨਾ ਕਰ ॥੪॥੩॥

## ਭੈਰਉ ਮਹਲਾ ੪ ॥

## ਸਭਿ ਘਟ ਤੇਰੇ; ਤੂ ਸਭਨਾ ਮਾਹਿ ॥ ਤੁਝ ਤੇ ਬਾਹਰਿ; ਕੋਈ ਨਾਹਿ ॥੧॥

ਹੇ ਪ੍ਰਭੂ! ਸਭਿ = ਸਾਰੇ ਘਟ = ਸਰੀਰ ਤੇਰੇ ਹੀ ਰਚੇ ਹੋਏ ਹਨ ਅਤੇ ਤੂੰ ਸਭਨਾ = ਸਾਰਿਆਂ ਦੇ ਮਾਹਿ = ਵਿਚ ਵਿਆਪਕ ਹੋ ਰਿਹਾ ਹੈਂ।

ਤੁਝ = ਤੇਰੇ ਹੁਕਮ ਤੇ = ਤੋਂ ਬਾਹਰ ਕੋਈ ਵੀ ਨਾਹਿ = ਨਹੀਂ ਹੈ ॥੧॥

ਜਿਸ ਪ੍ਰਕਾਰ ਬਜ਼ਾਰ ਵਿਚ ਮੇਲਿਆਂ ਦੌਰਾਨ ਅਨੇਕਾਂ ਪ੍ਰਕਾਰ ਦੇ ਖੰਡ ਦੇ ਖਿਡੌਣੇ ਬਣੇ ਪਏ ਹੁੰਦੇ ਹਨ, ਜਿਵੇਂ ਤੂੰਬੀ, ਗਲਾਸ, ਚਿੜੀ ਆਦਿ, ਜੋ ਵੇਖਣ ਨੂੰ ਵੱਖੋ-ਵੱਖਰੇ ਰੰਗਾਂ ਅਤੇ ਸ਼ਕਲਾਂ ਦੇ ਪ੍ਰਤੀਤ ਹੁੰਦੇ ਹਨ ਪਰ ਜਦੋਂ ਉਨ੍ਹਾਂ ਨੂੰ ਖਾਣਾ ਕਰੀਏ ਤਾਂ ਕੇਵਲ ਖੰਡ ਦਾ ਹੀ ਸਵਾਦ ਆਉਂਦਾ ਹੈ। ਏਸੇ ਪ੍ਰਕਾਰ ਸੰਸਾਰ ਰੂਪੀ ਬਜ਼ਾਰ ਵਿਚ ਅਨੇਕ ਤਰ੍ਹਾਂ ਦੇ ਜੀਵ ਖੰਡ ਦੇ ਖਿਡੌਣਿਆਂ ਵਾਂਗ ਵੱਖੋ-ਵੱਖ ਆਕਾਰ, ਸ਼ਕਲਾਂ, ਸੁਭਾਵਾਂ ਵਾਲੇ ਹਨ। ਕੋਈ ਤੂੰਬੀ ਦੀ ਨਿਆਈਂ ਕੌੜੇ ਬਚਨ ਬੋਲਦੇ ਹਨ, ਕੋਈ ਗਲਾਸ ਦੀ ਨਿਆਈਂ ਆਪਣੀਆਂ ਗੱਲਾਂ ਦੀ ਪੂਰਤੀ ਕਰਕੇ ਤ੍ਰਿਸ਼ਨਾ ਦੀ ਤ੍ਰਿਪਤੀ ਤੇ ਨਵਿਰਤੀ ਕਰਦੇ ਰਹਿੰਦੇ ਹਨ ਅਤੇ ਕੋਈ ਚਿੜੀ ਦੀ ਨਿਆਈਂ ਸਿੱਧੀਆਂ ਦੀ ਪ੍ਰਾਪਤੀ ਕਰਕੇ ਅਕਾਸ਼ ਵਿਚ ਉਡਾਰੀਆਂ ਮਾਰਦੇ ਫਿਰਦੇ ਹਨ। ਪਰ ਜਦੋਂ ਸਤਿਗੁਰੂ ਸਾਹਿਬ ਜੀ ਆਪਣੀ ਕਿਰਪਾ ਦ੍ਰਿਸ਼ਟੀ ਕਰਦੇ ਹਨ, ਉਸ ਵੇਲੇ ਸਤ-ਚਿੱਤ ਅਨੰਦ ਸਰੂਪ ਖੰਡ ਦਾ ਹੀ ਸਵਾਦ ਆਉਂਦਾ ਹੈ ਅਤੇ ਹੋਰ ਸਾਰੇ ਆਕਾਰ ਅਭਾਵ ਹੋ ਜਾਂਦੇ ਹਨ।

## ਹਰਿ ਸੁਖਦਾਤਾ; ਮੇਰੇ ਮਨ ਜਾਪੁ ॥

ਹੇ ਮੇਰੇ ਮਨਾਂ! ਜੋ ਹਰਿ = ਪਰਮਾਤਮਾ ਸਾਰੇ ਸੁਖਦਾਤਾ = ਸੁੱਖਾਂ ਦਾ ਦਾਤਾ ਹੈ, ਤੂੰ ਉਸ ਨੂੰ ਜਪਣਾ ਕਰ ਅਤੇ ਬੇਨਤੀ ਕਰ:

## ਹਉ ਤੁਧੁ ਸਾਲਾਹੀ; ਤੂ ਮੇਰਾ ਹਰਿ ਪ੍ਰਭੁ ਬਾਪੁ ॥੧॥ਰਹਾਉ॥

ਹੇ ਪ੍ਰਭੂ! ਹਉ = ਮੈਂ ਤੁਧੁ = ਤੈਨੂੰ ਹੀ ਸਾਲਾਹੀ = ਸਾਲਾਹੁਣਾ ਕਰਦਾ ਹਾਂ, ਕਿਉਂਕਿ ਹੇ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭੁ = ਪ੍ਰਭੂ! ਤੂੰ ਮੇਰਾ ਬਾਪੁ = ਪਿਤਾ ਹੈਂ ॥੧॥ਰਹਾਉ॥

## ਜਹ ਜਹ ਦੇਖਾ; ਤਹ ਹਰਿ ਪ੍ਰਭੁ ਸੋਇ ॥
## ਸਭ ਤੇਰੈ ਵਸਿ; ਦੂਜਾ ਅਵਰੁ ਨ ਕੋਇ ॥੨॥

ਮੈਂ ਜਹ ਜਹ = ਜਿਥੇ ਜਿਥੇ ਵੀ ਦੇਖਾ = ਵੇਖਣਾ ਕਰਦਾ ਹਾਂ, ਹੇ ਹਰਿ = ਹਰੇ-ਭਰੇ ਕਰਨ ਵਾਲੇ ਸੋਇ = ਸ਼ੋਭਾ ਦੇ ਮਾਲਕ ਪ੍ਰਭੂ! ਤੂੰ ਤਹ = ਉਥੇ ਉਥੇ ਹੀ ਵਿਆਪਕ ਹੋ ਰਿਹਾ ਹੈਂ **ਵਾ:** ਸੋਇ = ਉਹ ਤਤ ਪਦ ਦਾ ਲਖ ਅਰਥ ਰੂਪ ਹੋ ਕੇ ਵੱਸ ਰਿਹਾ ਹੈਂ।

ਹੇ ਪ੍ਰਭੂ! ਸਭ = ਸਾਰਾ ਸੰਸਾਰ ਤੇਰੇ ਹੀ ਵਸਿ = ਅਧੀਨ ਹੈ, ਤੇਰੇ ਤੋਂ ਬਿਨਾਂ ਤੇਰੇ ਵਰਗਾ ਦੂਜਾ = ਦੂਸਰਾ ਅਵਰੁ = ਹੋਰ ਕੋਇ = ਕੋਈ ਵੀ ਨਹੀਂ ਹੈ ॥੨॥

## ਜਿਸ ਕਉ, ਤੁਮ ਹਰਿ; ਰਾਖਿਆ ਭਾਵੈ ॥ ਤਿਸ ਕੈ ਨੇੜੈ; ਕੋਇ ਨ ਜਾਵੈ ॥੩॥

ਹੇ ਹਰਿ = ਪ੍ਰਭੂ! ਜਿਸ ਮਨੁੱਖ ਕਉ = ਨੂੰ ਤੁਮ = ਤੂੰ ਰਾਖਿਆ = ਰੱਖਣਾ ਭਾਵੈ = ਚਾਹੁੰਦਾ ਹੈਂ, ਭਾਵ ਤੈਨੂੰ ਭਾਉਂਦਾ ਹੈ ਕਿ ਮੈਂ ਇਸ ਨੂੰ ਰੱਖਣਾ ਹੈ।

ਤਿਸ = ਉਸ ਮਨੁੱਖ ਕੈ = ਦੇ ਨੇੜੈ = ਪਾਸ ਕੋਇ = ਕੋਈ ਵੀ ਜਮਦੂਤ, ਵਿਘਨ, ਦੁੱਖ ਆਦਿ ਨਹੀਂ ਜਾਵੈ = ਜਾਂਦਾ ॥੩॥

## ਤੂ ਜਲਿ ਥਲਿ ਮਹੀਅਲਿ; ਸਭ ਤੈ ਭਰਪੂਰਿ ॥
## ਜਨ ਨਾਨਕ; ਹਰਿ ਜਪਿ ਹਾਜਰਾ ਹਜੂਰਿ ॥੪॥੪॥

ਹੇ ਪ੍ਰਭੂ! ਤੂੰ ਜਲਿ = ਪਾਣੀ ਤੇ ਥਲਿ = ਖ਼ੁਸ਼ਕ ਥਾਵਾਂ ਦੇ ਮਹੀਅਲਿ = ਵਿਚ ਸਭ = ਸਾਰੀਆਂ ਤੈ = ਥਾਂਵਾਂ ਅੰਦਰ ਭਰਪੂਰਿ = ਵਿਆਪਕ ਹੋ ਰਿਹਾ ਹੈਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪ੍ਰਭੂ ਤੇਰੇ ਜਨ = ਦਾਸ ਤੈਨੂੰ ਹਾਜਰਾ ਹਜੂਰਿ = ਪ੍ਰਤੱਖ (ਹਾਜ਼ਰ ਨਾਜ਼ਰ) ਸਮਝ ਕਰਕੇ ਜਪਿ = ਜਪਦੇ ਹਨ **ਵਾ:** ਹਾਜਰਾ = ਸਾਹਮਣੇ ਤੇ ਹਜੂਰਿ = ਨੇੜੇ ਤੋਂ ਨੇੜੇ ਸਮਝ ਕੇ ਜਪਦੇ ਹਨ ॥੪॥੪॥

## ਭੈਰਉ ਮਹਲਾ ੪ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਰਾਗੁ ਭੈਰਉ ਦੇ ਅੰਦਰ ਮਹਲਾ ੪ = ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਘਰੁ ੨ = ਦੂਜੇ ਸੁਰਤਾਲ ਵਿਚ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓਂ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਕਾ ਸੰਤੁ, ਹਰਿ ਕੀ ਹਰਿ ਮੂਰਤਿ;
## ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥

ਉਹ ਹਰਿ = ਪਰਮਾਤਮਾ ਕਾ = ਦਾ ਸੰਤ = ਭਗਤ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਹਰੀ ਕੀ = ਦੀ ਮੂਰਤਿ = ਮੂਰਤੀ, ਸਰੂਪ ਹੈ **ਵਾ:** ਹਰੇਕ ਮੂਰਤੀ ਵਿੱਚੋਂ ਪਰਮਾਤਮਾ ਦੀ ਮੂਰਤੀ, ਸ਼ਕਲ ਹੀ ਹੈ, ਜਿਸ ਦੇ ਹਿਰਦੈ = ਮਨ ਵਿਚ ਮੁਰਾਰਿ = ਮੁਰਾਰੀ ਹਰਿ = ਪਰਮਾਤਮਾ ਦਾ ਨਾਮ ਵੱਸਦਾ ਹੈ।

## ਮਸਤਕਿ ਭਾਗੁ ਹੋਵੈ ਜਿਸੁ ਲਿਖਿਆ;
## ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਾਰਿ ॥੧॥

ਜਿਸ ਦੇ ਮਸਤਕਿ = ਮੱਥੇ, ਅੰਤਹਕਰਨ ਵਿਚ ਸ੍ਰੇਸ਼ਟ ਭਾਗੁ = ਲੇਖ ਲਿਖਿਆ ਹੋਵੈ = ਹੁੰਦਾ ਹੈ, ਸੋ = ਉਹ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਆਪਣੇ ਹਿਰਦੈ = ਮਨ ਵਿਚ ਹਰਿ = ਪਰਮਾਤਮਾ ਦਾ ਨਾਮ ਸਮ੍ਾਰਿ = ਸੰਭਾਲਣਾ, ਸਿਮਰਨਾ ਕਰਦਾ ਹੈ ॥੧॥

[ਅੰਗ ੧੧੩੫]

## ਮਧੁਸੂਦਨੁ ਜਪੀਐ; ਉਰ ਧਾਰਿ ॥

ਇਸ ਲਈ (ਮਧ + ਸੂਦਨੁ) ਮਧੁ = ਮਧੂ ਦੈਂਤ ਨੂੰ ਸੂਦਨੁ = ਕੱਟਣ ਵਾਲੇ **ਵਾ:** ਹੰਕਾਰ ਰੂਪੀ ਮਧੂ ਦੈਂਤ ਨੂੰ ਕੱਟਣ ਵਾਲੇ ਪਰਮਾਤਮਾ ਨੂੰ ਰਸਨਾ ਕਰਕੇ ਜਪੀਐ = ਜਪਣਾ ਕਰੀਏ ਅਤੇ ਉਰ = ਹਿਰਦੇ ਵਿਚ ਧਾਰਿ = ਧਾਰਨ, ਵਸਾਉਣਾ ਕਰੀਏ।

## ਦੇਹੀ ਨਗਰਿ ਤਸਕਰ ਪੰਚ ਧਾਤੂ ; ਗੁਰ ਸਬਦੀ ਹਰਿ ਕਾਢੇ ਮਾਰਿ ॥੧॥ਰਹਾਉ॥

ਇਸ ਦੇਹੀ = ਕਾਂਇਆ ਰੂਪੀ ਨਗਰਿ = ਨਗਰੀ ਵਿਚ ਸ਼ੁਭ ਗੁਣਾਂ ਦੀ ਤਸਕਰ = ਚੋਰੀ ਕਰਨ ਵਾਲੇ ਪੰਚ = ਪੰਜ ਕਾਮ ਕ੍ਰੋਧ ਆਦਿ ਵਿਕਾਰ ਮਾਇਆ ਦੀ ਧਾਤੂ = ਅੰਸ਼ ਹਨ **ਵਾ:** ਇਨ੍ਹਾਂ ਵਿਕਾਰਾਂ ਵਿਚ ਲੱਗ ਕੇ ਜੀਵ ਜੂਨਾਂ ਵਿਚ ਧਾਤੂ = ਦੌੜਦਾ ਰਹਿੰਦਾ ਹੈ, ਜਿਸ ਨੇ ਵੀ ਮਧਸੂਦਨ ਪਰਮਾਤਮਾ ਨੂੰ ਸਿਮਰਿਆ ਹੈ, ਉਸ ਦੇ ਹਿਰਦੇ ਵਿੱਚੋਂ ਗੁਰਾਂ ਦੇ ਸਬਦੀ = ਉਪਦੇਸ਼ ਦੁਆਰਾ ਹਰਿ = ਪਰਮਾਤਮਾ ਨੇ ਇਹ ਵਿਕਾਰ ਮਾਰ ਕੇ ਬਾਹਰ ਕਾਢੇ = ਕੱਢ ਦਿੱਤੇ ਹਨ **ਵਾ:** ਗੁਰਾਂ ਦੇ ਸ਼ਬਦ ਦੀ ਕਮਾਈ ਕਰਨ ਵਾਲਿਆਂ ਦੇ ਅੰਦਰੋਂ ਪਰਮਾਤਮਾ ਨੇ ਇਹ ਵਿਕਾਰ ਮਾਰ ਕੇ ਬਾਹਰ ਕੱਢ ਦਿੱਤੇ ਹਨ ॥੧॥ਰਹਾਉ॥

## ਜਿਨ ਕਾ ਹਰਿ ਸੇਤੀ ਮਨੁ ਮਾਨਿਆ; ਤਿਨ ਕਾਰਜ ਹਰਿ ਆਪਿ ਸਵਾਰਿ ॥

ਜਿਨ = ਜਿਨ੍ਹਾਂ ਕਾ = ਦਾ ਮਨੁ = ਹਿਰਦਾ ਹਰਿ = ਪਰਮਾਤਮਾ ਦੇ ਸੇਤੀ = ਨਾਲ ਮਾਨਿਆ = ਮੰਨ ਗਿਆ ਹੈ, ਤਿਨ = ਉਨ੍ਹਾਂ ਦੇ ਵਿਵਹਾਰਕ, ਪਰਮਾਰਥ ਆਦਿ ਦੇ ਸਾਰੇ ਕਾਰਜ = ਕੰਮਾਂ ਨੂੰ ਹਰਿ = ਪਰਮਾਤਮਾ ਆਪ ਹੀ ਸਵਾਰਿ = ਸੰਵਾਰਨਾ ਕਰਦਾ ਹੈ।

## ਤਿਨ ਚੂਕੀ ਮੁਹਤਾਜੀ ਲੋਕਨ ਕੀ; ਹਰਿ ਅੰਗੀਕਾਰੁ ਕੀਆ ਕਰਤਾਰਿ ॥੨॥

ਤਿਨ = ਉਨ੍ਹਾਂ ਗੁਰਮੁਖਾਂ ਦੇ ਅੰਦਰੋਂ ਲੋਕਨ = ਲੋਕਾਂ ਕੀ = ਦੀ ਮੁਹਤਾਜੀ = ਖ਼ੁਸ਼ਾਮਦ ਚੂਕੀ = ਚੁੱਕੀ ਗਈ ਹੈ, ਹਰਿ = ਹਰੇ ਭਰੇ ਕਰਨ ਵਾਲੇ ਕਰਤਾਰਿ = ਪਰਮਾਤਮਾ **ਵਾ:** (ਕਰ + ਤਾਰਿ) ਜਿਸਦੇ ਕਰ = ਹੱਥਾਂ ਵਿਚ ਚੇਤਨ ਸੱਤਾ, ਰੋਜ਼ੀ, ਹੁਕਮ ਰੂਪੀ ਤਾਰ ਪਕੜੀ ਹੋਈ ਹੈ, ਉਸ ਨੇ ਆਪ ਉਨ੍ਹਾਂ ਦਾ ਅੰਗੀਕਾਰੁ = ਪੱਖ ਕੀਆ = ਕੀਤਾ ਹੈ ॥੨॥

## ਮਤਾ ਮਸੂਰਤਿ ਤਾਂ ਕਿਛੁ ਕੀਜੈ; ਜੇ ਕਿਛੁ ਹੋਵੈ ਹਰਿ ਬਾਹਰਿ ॥

ਹੇ ਭਾਈ! ਮਤਾ ਮਸੂਰਤਿ = ਸਾਲਾਹ ਮਸ਼ਵਰਾ[੧] ਤਾਂ ਹੀ ਕਿਛੁ = ਕੁਝ ਕੀਜੈ = ਕਰੀਏ, ਜੇ = ਜੇਕਰ ਕਿਛੁ = ਕੁਝ ਹਰਿ = ਪਰਮਾਤਮਾ ਦੇ ਹੁਕਮ ਤੋਂ ਬਾਹਰ ਹੋਵੇ, ਭਾਵ ਸਭ ਕੁਝ ਉਸ ਦੇ ਹੁਕਮ ਅੰਦਰ ਹੀ ਵਰਤ ਰਿਹਾ ਹੈ।

## ਜੋ ਕਿਛੁ ਕਰੈ, ਸੋਈ ਭਲ ਹੋਸੀ; ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥੩॥

ਹੇ ਭਾਈ! ਉਹ ਪਰਮਾਤਮਾ ਜੋ = ਜਿਹੜਾ ਕਿਛੁ = ਕੁਝ ਵੀ ਕਰੈ = ਕਰਦਾ ਹੈ, ਸੋਈ = ਉਹ ਤਿੰਨਾਂ ਕਾਲਾਂ ਵਿਚ ਭਲ = ਭਲਾ ਹੀ ਹੋਸੀ = ਹੋਵੇਗਾ, ਇਸ ਲਈ ਮੁਰਾਰਿ = ਮੁਰ ਦੈਂਤ ਨੂੰ ਮਾਰਨ ਵਾਲੇ **ਵਾ:** ਬਿਰਤੀ ਰੂੜ ਹੋ ਕੇ ਹੰਕਾਰ ਰੂਪੀ ਮੁਰ ਦੈਂਤ ਨੂੰ ਮਾਰਨ ਵਾਲੇ ਹਰਿ = ਪਰਮਾਤਮਾ ਦੇ ਨਾਮ ਨੂੰ ਅਨਦਿਨੁ = ਰਾਤ ਦਿਨ ਧਿਆਵਹੁ = ਸਿਮਰਨਾ ਕਰੋ ॥੩॥

## ਹਰਿ ਜੋ ਕਿਛੁ ਕਰੇ ਸੁ ਆਪੇ ਆਪੇ; ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥

ਹਰਿ = ਪਰਮਾਤਮਾ ਜੋ ਕਿਛੁ = ਕੁਝ ਵੀ ਕਰੇ = ਕਰਦਾ, ਸੁ = ਉਹ ਆਪੇ ਆਪੇ = ਆਪਣੇ ਆਪ ਹੀ ਕਰਦਾ ਹੈ, ਉਹ ਪਰਮਾਤਮਾ ਕਿਸੇ ਕੋਲੋਂ ਕੁਝ ਪੂਛਿ = ਪੁੱਛ ਕੇ ਵੀਚਾਰ ਨਹੀਂ ਕਰਦਾ, ਭਾਵ ਕਿਸੇ ਦੀ ਰਾਇ ਨਹੀਂ ਲੈਂਦਾ।

---

੧. ਚਾਰ ਆਦਮੀਆਂ ਵਿਚ ਕੀਤੀ ਸਾਲਾਹ ਨੂੰ 'ਮਤਾ' ਕਹਿੰਦੇ ਹਨ ਅਤੇ ਬਹੁਤੇ ਲੋਕਾਂ ਵਿਚ ਕੀਤੀ ਸਾਲਾਹ ਨੂੰ 'ਮਸੂਰਤਿ' ਆਖਦੇ ਹਨ।

## ਨਾਨਕ ਸੋ ਪ੍ਰਭੁ ਸਦਾ ਧਿਆਈਐ; ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥੪॥੧॥੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਸੋ = ਉਸ ਪ੍ਰਭੂ = ਪਰਮਾਤਮਾ ਨੂੰ ਇਕ ਚਿਤ ਹੋ ਕੇ ਸਦਾ = ਹਮੇਸ਼ਾਂ ਹੀ ਧਿਆਈਐ = ਸਿਮਰਨਾ ਕਰੀਏ, ਜਿਨਿ = ਜਿਸ ਪ੍ਰਭੂ ਨੇ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਧਾਰਿ = ਧਾਰਨ ਕਰਕੇ ਸਾਨੂੰ ਸਤਿਗੁਰੂ ਨਾਲ ਮੇਲਿਆ = ਮੇਲਣਾ ਕੀਤਾ ਹੈ ॥੪॥੧॥੫॥

## ਭੈਰਉ ਮਹਲਾ ੪ ॥

## ਤੇ ਸਾਧੂ ਹਰਿ ਮੇਲਹੁ ਸੁਆਮੀ; ਜਿਨ ਜਪਿਆ ਗਤਿ ਹੋਇ ਹਮਾਰੀ ॥

ਹੇ ਸੁਆਮੀ = ਮਾਲਕ ਹਰਿ = ਪ੍ਰਭੂ ! ਮੈਨੂੰ ਤੇ = ਉਹ ਸਾਧੂ = ਮਹਾਤਮਾ ਜਨਾਂ ਨਾਲ ਮੇਲਹੁ = ਮੇਲਣਾ ਕਰ, ਜਿਨ = ਜਿਨ੍ਹਾਂ ਦੇ ਨਾਲ ਮਿਲ ਕੇ ਤੇਰਾ ਨਾਮ ਜਪਿਆਂ ਹਮਾਰੀ = ਸਾਡੀ ਗਤਿ = ਕਲਿਆਣ ਹੋਇ = ਹੋ ਜਾਵੇ।

## ਤਿਨ ਕਾ ਦਰਸੁ ਦੇਖਿ ਮਨੁ ਬਿਗਸੈ; ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥

ਤਿਨ = ਉਨ੍ਹਾਂ ਮਹਾਤਮਾ ਜਨਾਂ ਕਾ = ਦਾ ਦਰਸੁ = ਦਰਸ਼ਨ ਦੇਖਿ = ਵੇਖ ਕਰਕੇ ਮੇਰਾ ਮਨ ਬਿਗਸੈ = ਖਿੜ ਆਉਂਦਾ ਹੈ, ਹਉ = ਮੈਂ ਖਿਨੁ ਖਿਨੁ = ਛਿਨ-ਛਿਨ ਕਾਲ ਵਿਚ ਤਿਨ = ਉਨ੍ਹਾਂ ਦੇ ਉਪਰੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ ॥੧॥

## ਹਰਿ ਹਿਰਦੈ ਜਪਿ; ਨਾਮੁ ਮੁਰਾਰੀ ॥

ਹੇ ਮੁਰਾਰੀ ਹਰਿ = ਪ੍ਰਭੂ ! ਮੇਰੇ ਉੱਪਰ ਆਪਣੀ ਕਿਰਪਾ ਦ੍ਰਿਸ਼ਟੀ ਕਰ, ਜਿਸ ਕਰਕੇ ਮੈਂ ਆਪਣੇ ਹਿਰਦੈ = ਮਨ ਵਿਚ ਤੇਰਾ ਨਾਮ ਜਪਿ = ਜਪਣਾ ਕਰਾਂ।

## ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ; ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥੧॥ਰਹਾਉ॥

ਹੇ ਜਗਤ = ਸੰਸਾਰ ਦੇ ਪਿਤ = ਪਿਤਾ ਤੇ ਸਰਬ ਦੇ ਸੁਆਮੀ = ਮਾਲਕ ਪ੍ਰਭੂ ! ਤੂੰ ਮੇਰੇ ਉੱਪਰ ਆਪਣੀ ਕ੍ਰਿਪਾ = ਮਿਹਰ ਕਰ, ਕ੍ਰਿਪਾ = ਮਿਹਰ ਕਰ **ਵਾ:** ਹੇ ਕ੍ਰਿਪਾ (ਕ੍ਰਿਪ + ਆਕਰਿ) ਕਿਰਪਾ ਦੀ ਆਕਰਿ = ਖਾਨ ਪ੍ਰਭੂ ! ਮੇਰੇ ਉਪਰ ਆਪਣੀ ਮਿਹਰ ਕਰ। ਹਮ = ਮੈਨੂੰ ਆਪਣੇ ਦਾਸਨਿ = ਸੇਵਕਾਂ ਦੇ ਦਾਸ = ਸੇਵਕ ਦਾ ਮਨ ਬਾਣੀ ਸਰੀਰ ਕਰਕੇ ਪਨਿਹਾਰੀ = ਪਾਣੀ ਢੋਣ ਵਾਲਾ ਬਣਾਉਣਾ ਕੀਜੈ = ਕਰ ॥੧॥ਰਹਾਉ॥

## ਤਿਨ ਮਤਿ ਊਤਮ ਤਿਨ ਪਤਿ ਊਤਮ; ਜਿਨ ਹਿਰਦੈ ਵਸਿਆ ਬਨਵਾਰੀ ॥

ਹੇ ਬਨਵਾਰੀ = ਸੰਸਾਰ ਬਾਗ਼ ਦੇ ਮਾਲੀ ਪ੍ਰਭੂ ! ਤੂੰ ਜਿਨ੍ਹਾਂ ਦੇ ਹਿਰਦੈ = ਮਨ ਵਿਚ ਵਸਿਆ = ਵੱਸ ਗਿਆ ਹੈਂ, ਤਿਨ = ਉਨ੍ਹਾਂ ਦੀ ਮਤਿ = ਬੁੱਧ ਵੀ ਊਤਮ = ਸ੍ਰੇਸ਼ਟ ਭਾਵ ਆਤਮ ਵਿਸ਼ੈਣੀ ਹੈ ਅਤੇ ਤਿਨ = ਉਨ੍ਹਾਂ ਦੀ ਪਤਿ = ਇੱਜ਼ਤ, ਪ੍ਰਤਿਸ਼ਠਾ ਵੀ ਊਤਮ = ਸ੍ਰੇਸ਼ਟ ਹੈ ਭਾਵ ਨਿਰਵਿਕਾਰੀ ਜੀਵਨ ਹੈ।

## ਤਿਨ ਕੀ ਸੇਵਾ ਲਾਇ ਹਰਿ ਸੁਆਮੀ; ਤਿਨ ਸਿਮਰਤ ਗਤਿ ਹੋਇ ਹਮਾਰੀ ॥੨॥

ਹੇ ਸੁਆਮੀ = ਮਾਲਕ ਹਰਿ = ਪ੍ਰਭੂ ! ਮੈਨੂੰ ਤਿਨ = ਉਨ੍ਹਾਂ ਗੁਰਮੁਖਾਂ ਕੀ = ਦੀ ਸੇਵਾ = ਟਹਿਲ ਵਿਚ ਲਾਇ = ਲਾਉਣਾ ਕਰ, ਤਿਨ = ਉਨ੍ਹਾਂ ਵਾਂਗ ਤੈਨੂੰ ਸਿਮਰਤ = ਸਿਮਰਦਿਆਂ ਹਮਾਰੀ = ਸਾਡੀ ਗਤਿ = ਕਲਿਆਣ ਹੋਇ = ਹੋ ਜਾਵੇ ॥੨॥

## ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ; ਤੇ ਹਰਿ ਦਰਗਹ ਕਾਢੇ ਮਾਰੀ ॥

ਜਿਨ੍ਹਾਂ ਨੇ ਐਸਾ = ਅਜਿਹਾ ਸਾਧੁ = ਸ੍ਰੇਸ਼ਟ ਸਤਿਗੁਰੂ ਪਾਇਆ = ਪਾਉਣਾ ਨਹੀਂ ਕੀਤਾ ਤੇ = ਉਹ ਮਨੁੱਖ ਹਰਿ = ਪਰਮਾਤਮਾ ਨੇ ਬੇਮੁਖ ਜਾਣ ਕੇ ਆਪਣੀ ਦਰਗਹ ਵਿੱਚੋਂ ਮਾਰੀ = ਮਾਰ ਕੇ ਕਾਢੇ = ਕੱਢ ਦਿੱਤੇ ਹਨ, ਭਾਵ ਉਨ੍ਹਾਂ ਦੀ ਮੁਕਤੀ ਨਹੀਂ ਹੋ ਸਕਦੀ।

## ਤੇ ਨਰ ਨਿੰਦਕ ਸੋਭ ਨ ਪਾਵਹਿ; ਤਿਨ ਨਕ ਕਾਟੇ ਸਿਰਜਨਹਾਰੀ ॥੩॥

ਤੇ = ਉਹ ਨਿੰਦਕ = ਨਿੰਦਿਆ ਕਰਨ ਵਾਲੇ ਨਰ = ਪੁਰਖ ਲੋਕ-ਪ੍ਰਲੋਕ ਵਿਚ ਸੋਭ = ਸ਼ੋਭਾ ਨਹੀਂ ਪਾਵਹਿ = ਪਾਉਂਦੇ, ਸਿਰਜਨਹਾਰੀ = ਰਚਨਹਾਰ ਪ੍ਰਭੂ ਨੇ ਆਪ ਹੀ ਉਨ੍ਹਾਂ ਦੇ ਜੱਸ ਰੂਪੀ ਨੱਕ ਲੋਕ-ਪ੍ਰਲੋਕ ਵਿਚ ਕਾਟੇ = ਕੱਟ ਦਿੱਤੇ ਹਨ ॥੩॥

## ਹਰਿ ਆਪਿ ਬੁਲਾਵੈ, ਆਪੇ ਬੋਲੈ; ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ ॥

ਹਰਿ = ਪਰਮਾਤਮਾ ਆਪ ਹੀ ਜੀਵਾਂ ਨੂੰ ਆਪਣੀ ਚੇਤਨ ਸੱਤਾ ਦੇ ਕੇ ਬੁਲਾਵੈ = ਬੁਲਾਉਂਦਾ ਹੈ ਅਤੇ ਆਪ ਹੀ ਸਾਰੇ ਘਟਾਂ-ਘਟਾਂ ਵਿਚ ਬੋਲੈ = ਬੋਲ ਰਿਹਾ ਹੈ, ਹਰਿ = ਪਰਮਾਤਮਾ ਆਪ ਹੀ ਨਿਰੰਜਨੁ = ਸ਼ੁੱਧ ਸਰੂਪ, ਨਿਰੰਕਾਰੁ = ਆਕਾਰਾਂ ਤੋਂ ਰਹਿਤ ਅਤੇ ਨਿਰਾਹਾਰੀ = ਭੋਜਨ ਦੀ ਇੱਛਾ ਤੋਂ ਰਹਿਤ ਸਰੂਪ ਹੈ।

## ਹਰਿ ਜਿਸੁ ਤੂ ਮੇਲਹਿ, ਸੋ ਤੁਧੁ ਮਿਲਸੀ; ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥੪॥੨॥੬॥

ਹੇ ਹਰਿ = ਪ੍ਰਭੂ ! ਪਰ ਜਿਸ ਨੂੰ ਤੂੰ ਆਪ ਆਪਣੇ ਨਾਲ ਮੇਲਹਿ = ਮੇਲਦਾ ਹੈਂ, ਸੋ = ਉਹੋ ਹੀ ਤੁਧੁ = ਤੇਰੇ ਨਾਲ ਮਿਲਸੀ = ਮਿਲਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਏਹਿ = ਇਹ ਵਿਚਾਰੀ = ਵਿਚਾਰੇ ਤੁੱਛ ਜੰਤ = ਜੀਵ ਕਿਆ = ਕੀ ਹਨ **ਵਾ:** ਇਨ੍ਹਾਂ ਤੁਛ ਜੀਵਾਂ ਦੀ ਗੁਣਾਂ ਤੋਂ ਹੀਣੀ ਵਿਚਾਰੀ ਬੁੱਧ ਕੀ ਕਰ ਸਕਦੀ ਹੈ ਭਾਵ ਕੁਝ ਨਹੀਂ ਕਰ ਸਕਦੀ ॥੪॥੨॥੬॥

## ਭੈਰਉ ਮਹਲਾ ੪ ॥

## ਸਤਸੰਗਤਿ ਸਾਈ ਹਰਿ ਤੇਰੀ; ਜਿਤੁ ਹਰਿ ਕੀਰਤਿ ਹਰਿ ਸੁਨਣੇ ॥

ਹੇ ਹਰਿ = ਪ੍ਰਭੂ ! ਤੇਰੀ ਸਾਈ = ਉਹੋ ਹੀ ਸਤਿਸੰਗਤ ਹੈ, ਜਿਤੁ = ਜਿਸ ਵਿਚ ਬੈਠ ਕੇ ਹੇ ਹਰਿ = ਹਰੀ ! ਤੇਰੀ ਕੀਰਤਿ = ਕੀਰਤਨ ਭਗਤੀ ਨੂੰ ਹਰਿ ਸਮੇਂ ਸੁਨਣੇ = ਸੁਣੀਦਾ ਹੈ।

## ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ; ਤਿਨ ਹਮ ਸ੍ਰੇਵਹ ਨਿਤ ਚਰਣੇ ॥੧॥

ਹੇ ਹਰਿ = ਪ੍ਰਭੂ ! ਜਿਨ = ਜਿਨ੍ਹਾਂ ਨੇ ਤੇਰਾ ਨਾਮ ਸੁਣਿਆ = ਸ੍ਰਵਨ ਕੀਤਾ ਹੈ ਅਤੇ ਤੇਰੇ ਪ੍ਰੇਮ ਵਿਚ ਆਪਣੇ ਮਨ ਨੂੰ ਭੀਨਾ = ਭਿਆਉਣਾ, ਸਨਿਗਧ ਕੀਤਾ ਹੈ, ਹਮ = ਅਸੀਂ ਨਿਤ = ਨਿਤਾਪ੍ਰਤੀ ਤਿਨ = ਉਨ੍ਹਾਂ ਦੇ ਚਰਣੇ = ਚਰਣਾਂ-ਕਮਲਾਂ ਨੂੰ ਸ੍ਰੇਵਹ = ਸੇਵਨਾ ਕਰਦੇ ਹਾਂ ॥੧॥

## ਜਗਜੀਵਨੁ ਹਰਿ; ਧਿਆਇ ਤਰਣੇ ॥

ਹੇ ਜਗਜੀਵਨੁ = ਜਗਤ ਦੇ ਜੀਵਨ ਰੂਪ ਹਰਿ = ਪ੍ਰਭੂ ! ਜੋ ਤੈਨੂੰ ਧਿਆਇ = ਸਿਮਰਦੇ ਹਨ, ਉਹ ਇਸ ਸੰਸਾਰ-ਸਮੁੰਦ੍ਰ ਤੋਂ ਤਰਣੇ = ਤਰ ਗਏ ਹਨ **ਵਾ:** ਉਹ ਤਰਣੇ = ਜਹਾਜ਼ ਵਾਂਗ ਹੋਰਨਾਂ ਨੂੰ ਵੀ ਤਾਰਨਾ ਕਰਦੇ ਹਨ **ਵਾ:** ਸੰਸਾਰ-ਸਮੁੰਦ੍ਰ ਤੋਂ ਤਰਣ ਵਾਸਤੇ ਮੈਂ ਤੈਨੂੰ ਧਿਆਇ = ਸਿਮਰਨਾ ਕਰਦਾ ਹਾਂ।

## ਅਨੇਕ ਅਸੰਖ ਨਾਮ ਹਰਿ ਤੇਰੇ;
## ਨ ਜਾਹੀ ਜਿਹਵਾ ਇਤੁ ਗਨਣੇ ॥੧॥ਰਹਾਉ॥

ਹੇ ਹਰਿ = ਪ੍ਰਭੂ ! ਅਨੇਕ ਅਸੰਖ = ਬੇਅੰਤ ਤੋਂ ਬੇਅੰਤ ਤੇਰੇ ਨਾਮ ਹਨ **ਵਾ:** ਅਨੇਕਾਂ ਹੀ ਤੇਰੇ ਨਾਮ ਤੇ ਅਸੰਖਾਂ ਹੀ ਤੇਰੇ ਨਾਮਾਂ ਨੂੰ ਜਪਣ ਵਾਲੇ ਹਨ, ਮੇਰੀ ਇਤੁ = ਇਸ ਇਕ ਜਿਹਵਾ = ਜੀਭਾ ਨਾਲ ਉਹ ਨਾਮ ਗਨਣੇ = ਗਿਣੇ ਨਹੀਂ ਜਾਹੀ = ਜਾ ਸਕਦੇ ॥੧॥ਰਹਾਉ॥

## ਗੁਰਸਿਖ ਹਰਿ ਬੋਲਹੁ ਹਰਿ ਗਾਵਹੁ; ਲੇ ਗੁਰਮਤਿ ਹਰਿ ਜਪਣੇ ॥

ਹੇ ਗੁਰਸਿਖ = ਗੁਰਸਿੱਖੋ ! ਹਰਿ = ਪਰਮਾਤਮਾ ਦਾ ਨਾਮ ਬੋਲਹੁ = ਉਚਾਰਣ ਕਰੋ, ਹਰਿ = ਪਰਮਾਤਮਾ ਦਾ ਹੀ ਜੱਸ ਕੀਰਤਨ ਰੂਪ ਵਿਚ ਗਾਵਹੁ = ਗਾਉਣਾ ਕਰੋ ਅਤੇ ਗੁਰਮਤਿ = ਗੁਰਾਂ ਦੀ ਸਿੱਖਿਆ ਲੇ = ਲੈ ਕਰਕੇ ਹਰਿ = ਪਰਮਾਤਮਾ ਦਾ ਨਾਮ ਜਪਣੇ = ਜਪਿਆ ਕਰੋ।

## ਜੋ ਉਪਦੇਸੁ ਸੁਣੇ ਗੁਰ ਕੇਰਾ; ਸੋ ਜਨੁ ਪਾਵੈ ਹਰਿ ਸੁਖ ਘਣੇ ॥੨॥

ਜੋ ਵੀ ਪੁਰਖ ਗੁਰਾਂ ਕੇਰਾ = ਦਾ ਉਪਦੇਸ ਸੁਣੇ = ਸੁਣਦਾ ਹੈ, ਸੋ = ਉਹ ਜਨੁ = ਪੁਰਖ ਹਰਿ = ਪਰਮਾਤਮਾ ਦੇ ਪਾਸੋਂ ਘਣੇ = ਬੇਅੰਤ ਸੁਖ ਪਾਵੈ = ਪਾ ਲੈਂਦਾ ਹੈ ॥੨॥

## ਧੰਨੁ ਸੁ ਵੰਸੁ, ਧੰਨੁ ਸੁ ਪਿਤਾ; ਧੰਨੁ ਸੁ ਮਾਤਾ, ਜਿਨਿ ਜਨ ਜਣੇ ॥

ਸੁ = ਉਹ ਵੰਸੁ = ਕੁਲ ਵੀ ਧੰਨੁ = ਧੰਨਤਾ ਜੋਗ ਹੈ, ਸੁ = ਉਹ ਪਿਤਾ ਵੀ ਧੰਨੁ = ਧੰਨਤਾ ਜੋਗ ਹੈ ਅਤੇ ਸੁ = ਉਹ ਮਾਤਾ ਵੀ ਧੰਨੁ = ਧੰਨਤਾ ਜੋਗ ਹੈ, ਜਿਨਿ = ਜਿਨ੍ਹਾਂ ਨੇ ਗੁਰਮੁਖ ਜਨਾਂ ਨੂੰ ਜਣੇ = ਉਤਪੰਨ ਕੀਤਾ ਹੈ **ਅਥਵਾ** ਉਹ ਬੇਦੀ ਵੰਸ਼ ਧੰਨ ਹੈ, ਉਹ ਪਿਤਾ ਕਲਿਆਣ ਚੰਦ ਜੀ ਵੀ ਧੰਨ ਹਨ ਅਤੇ ਉਹ ਮਾਤਾ ਤ੍ਰਿਪਤਾ ਜੀ ਵੀ ਧੰਨ ਹਨ, ਜਿਨ੍ਹਾਂ ਨੇ ਜਨ = ਪਿਆਰੇ ਗੁਰੂ ਨਾਨਕ ਸਾਹਿਬ ਜੀ ਦੇ ਸਰੀਰ ਨੂੰ ਪੈਦਾ ਕੀਤਾ।

**ਅਥਵਾ** ਉਹ ਤ੍ਰੇਹਣ ਵੰਸ਼ ਵੀ ਧੰਨ ਹੈ, ਉਹ ਪਿਤਾ ਫੇਰੂ ਮੱਲ ਜੀ ਵੀ ਧੰਨ ਹਨ ਅਤੇ ਉਹ ਮਾਤਾ ਸਭਰਾਈ ਜੀ ਵੀ ਧੰਨ ਹਨ, ਜਿਨ੍ਹਾਂ ਨੇ ਪਿਆਰੇ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਜਨਮ ਦਿੱਤਾ।

**ਅਥਵਾ** ਉਹ ਭੱਲਿਆਂ ਦੀ ਵੰਸ਼ ਵੀ ਧੰਨ ਹੈ, ਉਹ ਪਿਤਾ ਤੇਜਭਾਨ ਜੀ ਵੀ ਧੰਨ ਹਨ ਅਤੇ ਉਹ ਮਾਤਾ ਰੂਪ ਕੌਰ (ਮਨਸਾ ਦੇਵੀ, ਲਛਮੀ) ਜੀ ਵੀ ਧੰਨ ਹਨ ਜਿਨ੍ਹਾਂ ਨੇ ਪਿਆਰੇ ਗੁਰੂ ਅਮਰਦਾਸ ਜੀ ਨੂੰ ਜਨਮ ਦਿੱਤਾ।

**ਅਥਵਾ** ਤੱਤਬੇਤੇ ਮਹਾਤਮਾ ਦੀ ਅਚੁੱਤ ਕੁਲ ਵੀ ਧੰਨ ਹੈ, ਉਨ੍ਹਾਂ ਦਾ ਸੰਤੋਖ ਰੂਪੀ ਪਿਤਾ ਵੀ ਧੰਨ ਹੈ ਅਤੇ ਉਨ੍ਹਾਂ ਦੀ ਸੁਮੱਤੀ ਰੂਪ ਮਾਤਾ ਵੀ ਧੰਨ ਹੈ, ਜਿਨ੍ਹਾਂ ਨੇ ਐਸੇ ਗਿਆਨਵਾਨ ਜਨ ਪੈਦਾ ਕੀਤੇ ਹਨ।

## ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ; ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥

ਜਿਨ੍ਹਾਂ ਮਨੁੱਖਾਂ ਨੇ ਸਾਸਿ = ਸ੍ਵਾਸ ਲੈਂਦਿਆਂ ਤੇ ਗਿਰਾਸਿ = ਗਰਾਹੀ ਖਾਂਦਿਆਂ **ਵਾ:** ਸਾਸਿ ਗਿਰਾਸਿ = ਆਉਂਦੇ ਜਾਂਦੇ ਸ੍ਵਾਸਾਂ ਨਾਲ ਮੇਰਾ ਹਰਿ ਹਰਿ ਪ੍ਰਭੂ ਧਿਆਇਆ = ਸਿਮਰਨਾ ਕੀਤਾ ਹੈ, ਸੇ = ਉਹ ਹਰਿ = ਹਰੀ ਦੇ ਜਨ ਸਾਚੀ = ਸੱਚੀ ਦਰਗਾਹ ਵਿਚ ਪਰਮਾਤਮਾ ਦਾ ਸਰੂਪ ਹੀ ਬਣੇ = ਬਣ ਗਏ ਹਨ **ਵਾ:** ਉਹ ਜਨ ਪਰਮਾਤਮਾ ਦੀ ਸਚਖੰਡ ਰੂਪੀ ਦਰਗਾਹ ਵਿਚ ਸੱਚੀ ਸ਼ੋਭਾ ਵਾਲੇ ਬਣੇ ਹਨ ॥੩॥

## ਹਰਿ ਹਰਿ ਅਗਮ ਨਾਮ ਹਰਿ ਤੇਰੇ; ਵਿਚਿ ਭਗਤਾ ਹਰਿ ਧਰਣੇ ॥

ਹੇ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਹਰੀ ! ਤੇਰੇ ਨਾਮ ਵੀ ਅਗਮ = ਅਪਹੁੰਚ, ਬੇਅੰਤ ਹਨ, ਹੇ ਹਰਿ = ਹਰੀ ! ਉਹ ਨਾਮ ਤੂੰ ਆਪਣੇ ਭਗਤਾਂ ਦੇ ਹਿਰਦੇ ਵਿਚਿ = ਅੰਦਰ ਧਰਣੇ = ਰੱਖਣਾ ਕੀਤੇ ਹਨ।

## ਨਾਨਕ ਜਨਿ ਪਾਇਆ ਮਤਿ ਗੁਰਮਤਿ; ਜਪਿ ਹਰਿ ਹਰਿ ਪਾਰਿ ਪਵਣੇ ॥੪॥੩॥੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਮੁਖ ਜਨਾਂ ਨੇ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਆਤਮ ਵਿਸ਼ੈਣੀ ਮਤਿ = ਬੁੱਧੀ ਨੂੰ ਪਾਇਆ = ਪਾਉਣਾ ਕੀਤਾ ਹੈ, ਹੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਹਰੀ ! ਉਹ ਤੇਰੇ ਸਤਿਨਾਮ ਨੂੰ ਜਪ ਕੇ ਸੰਸਾਰ-ਸਮੁੰਦ੍ਰ ਤੋਂ ਪਾਰ ਪਵਣੇ = ਪਏ ਹਨ ॥੪॥੩॥੭॥

[ਅੰਗ ੧੧੩੬]

## ਭੈਰਉ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਰਾਗੁ ਭੈਰਉ ਦੇ ਅੰਦਰ ਮਹਲਾ ੫ = ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਗੁਰਸਿੱਖਾਂ ਨੇ ਸਤਿਗੁਰਾਂ ਪਾਸ ਪ੍ਰਸ਼ਨ ਕੀਤਾ ਕਿ ਹੇ ਸਤਿਗੁਰੂ ਜੀ ! ਇਹ ਬ੍ਰਾਹਮਣ ਲੋਕ ਆਖਦੇ ਹਨ ਕਿ ਕ੍ਰਿਸ਼ਨ ਦੀ ਜਨਮ ਅਸ਼ਟਮੀ ਮਨਾਉਣਾ ਕਰੋ, ਪਰ ਆਪ ਜੀ ਦੀ ਕੀ ਆਗਿਆ ਹੈ, ਤਦੋਂ ਉੱਤਰ ਵਿਚ ਬ੍ਰਾਹਮਣਾਂ ਨੂੰ ਸੰਬੋਧਨ ਕਰਕੇ ਸਤਿਗੁਰੂ ਜੀ ਕਥਨ ਕਰਦੇ ਹਨ।

## ਸਗਲੀ ਥੀਤਿ; ਪਾਸਿ ਡਾਰਿ ਰਾਖੀ ॥ ਅਸਟਮ ਥੀਤਿ; ਗੋਵਿੰਦ ਜਨਮਾ ਸੀ ॥੧॥

ਹੇ ਬ੍ਰਾਹਮਣੋਂ ! ਤੁਸੀਂ ਬਾਕੀ ਸਗਲੀ = ਸਾਰੀਆਂ ਥੀਤਿ = ਥਿੱਤਾਂ ਤਾਂ ਇਕ ਪਾਸਿ = ਪਾਸੇ ਡਾਰਿ = ਸੁੱਟ ਕੇ ਰਾਖੀ = ਰੱਖ ਦਿੱਤੀਆਂ ਹਨ।

ਅਤੇ ਭਾਦਰੋਂ ਵਦੀ ਦੀ ਅਸਟਮ = ਅੱਠਵੀਂ ਥੀਤਿ = ਥਿੱਤ (ਤਾਰੀਖ਼) ਨੂੰ ਕਹਿੰਦੇ ਹੋ ਕੇ ਇਸ ਦਿਨ ਗੋਵਿੰਦ = ਕ੍ਰਿਸ਼ਨ ਜਨਮਾ = ਜੰਮਿਆ ਸੀ **ਵਾ:** ਕੀ ਅੱਠਵੀਂ ਥਿੱਤ ਨੂੰ ਹੀ ਗੋਵਿੰਦ = ਪਰਮਾਤਮਾ ਪੈਦਾ ਹੋਇਆ ਸੀ ? ਭਾਵ ਨਹੀਂ ॥੧॥

## ਭਰਮਿ ਭੂਲੇ ਨਰ; ਕਰਤ ਕਚਰਾਇਣ ॥

ਭਰਮ ਵਿਚ ਭੂਲੇ = ਭੁੱਲੇ ਹੋਏ ਨਰ = ਪੁਰਖ ਕਚਰਾਇਣ = ਕੱਚਪੁਣਾ ਹੀ ਕਰਤ = ਕਰਦੇ ਹਨ ਭਾਵ ਪਾਂਡੇ ਲੋਕ ਇਕ ਖੀਰੇ ਦੇ ਵਿਚ ਛੋਟੀ ਜਿਹੀ ਗਲੀ ਬਣਾ ਕੇ ਉਸ ਅੰਦਰ ਗੰਡਕਾ ਨਦੀ ਦੇ ਛੋਟੇ ਜਿਹੇ ਪੱਥਰ ਦੇ ਟੁਕੜੇ ਨੂੰ ਰਾਤ ਵੇਲੇ ਰੱਖ ਦੇਂਦੇ ਹਨ ਅਤੇ ਅਸ਼ਟਮੀ ਵਾਲੇ ਦਿਨ ਸਵੇਰੇ ਪਾਂਡਾ ਆ ਕੇ ਉਸ ਖੀਰੇ ਵਿੱਚੋਂ ਪੱਥਰ ਕੱਢ ਕੇ ਸਾਰਿਆਂ ਨੂੰ ਕਹਿੰਦਾ ਹੈ ਕਿ ਭਗਵਾਨ ਜੀ ਨੇ ਜਨਮ ਲੈ ਲਿਆ ਹੈ ਅਰਥਾਤ ਖੀਰੇ ਦੀ ਜਸ਼ੋਧਾਂ ਬਣਾ ਕੇ ਉਸ ਦੇ ਪੇਟ ਤੋਂ ਠਾਕੁਰ ਨੂੰ ਜਨਮਾਉਂਦੇ ਹਨ, ਉਹ ਸਾਰਾ ਕੱਚ ਪੁਣਾ ਹੀ ਹੈ।

## ਜਨਮ ਮਰਣ ਤੇ; ਰਹਤ ਨਾਰਾਇਣ ॥੧॥ਰਹਾਉ॥

ਪਰ ਉਹ ਨਾਰਾਇਣ = ਪਰਮਾਤਮਾ ਜਨਮ ਮਰਣ = ਜੰਮਣ ਮਰਨ ਤੇ = ਤੋਂ ਰਹਿਤ ਹੈ ॥੧॥ਰਹਾਉ॥

## ਕਰਿ ਪੰਜੀਰੁ; ਖਵਾਇਓ ਚੋਰ ॥ ਓਹੁ ਜਨਮਿ ਨ ਮਰੈ; ਰੇ ਸਾਕਤ ਢੋਰ ॥੨॥

ਫੇਰ ਕਿਸੇ ਇਸਤ੍ਰੀ ਨੂੰ ਯਸ਼ੋਧਾਂ ਬਣਾ ਕੇ ਪੰਜੀਰੁ = ਪੰਜੀਰੀ[1] ਕੁੱਟ ਕਰਿ = ਕਰਕੇ ਉਸ ਨੂੰ ਚੋਰ = ਚੋਰੀ ਖਵਾਇਓ = ਖਵਾਉਣਾ ਕਰਦੇ ਹੋ।

ਰੇ = ਹੇ ਸਾਕਤ = ਕਠੋਰ ਚਿੱਤ ਵਾਲੇ ਢੋਰ = ਪਸ਼ੂਆਂ ਦੀ ਨਿਆਈਂ ਸੁਭਾਅ ਵਾਲੇ ਮਨੁੱਖ! ਉਹ ਪਰਮਾਤਮਾ ਨਾ ਹੀ ਜਨਮਿ = ਜੰਮਦਾ ਹੈ ਤੇ ਨਾ ਹੀ ਮਰੈ = ਮਰਦਾ ਹੈ ॥੨॥

## ਸਗਲ ਪਰਾਧ; ਦੇਹਿ ਲੋਰੋਨੀ ॥
## ਸੋ ਮੁਖੁ ਜਲਉ; ਜਿਤੁ ਕਹਹਿ ਠਾਕੁਰ ਜੋਨੀ ॥੩॥

ਫੇਰ ਜਿਹੜੇ ਲੋਕ ਉਸ ਠਾਕੁਰ ਨੂੰ ਹੱਥਾਂ ਵਿਚ ਲੈ ਕੇ ਲੋਰੋਨੀ = ਲੋਰੀਆਂ ਦੇਹਿ = ਦੇਂਦੇ ਹਨ, ਉਨ੍ਹਾਂ ਨੇ ਮਾਨੋ ਸਗਲ = ਸਾਰੇ ਪਰਾਧ = ਗੁਨਾਹ ਹੀ ਕਰ ਲਏ ਹਨ।

ਸੋ = ਉਹ ਮੁਖੁ = ਮੂੰਹ ਹੀ ਜਲਉ = ਸੜ ਜਾਵੇ, ਜਿਤੁ = ਜਿਸ ਮੂੰਹ ਨਾਲ ਕੋਈ ਇਹ ਕਹਹਿ = ਕਹਿੰਦਾ ਹੈ ਕਿ ਠਾਕੁਰ = ਮਾਲਕ ਪਰਮਾਤਮਾ ਜੋਨੀ = ਜੂਨਾਂ ਵਿਚ ਆਉਂਦਾ ਹੈ ॥੩॥

## ਜਨਮਿ ਨ ਮਰੈ; ਨ ਆਵੈ ਨ ਜਾਇ ॥ ਨਾਨਕ ਕਾ ਪ੍ਰਭੁ; ਰਹਿਓ ਸਮਾਇ ॥੪॥੧॥

ਉਹ ਪਰਮਾਤਮਾ ਨਾ ਹੀ ਜੰਮਦਾ ਤੇ ਨਾ ਹੀ ਮਰੈ = ਮਰਦਾ ਹੈ ਅਤੇ ਨਾ ਹੀ ਆਵੈ = ਆਉਂਦਾ ਤੇ ਨਾ ਹੀ ਜਾਇ = ਜਾਂਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨਾਂ ਕਾ = ਦਾ ਪ੍ਰਭੁ = ਪਰਮਾਤਮਾ ਸਭ ਥਾਈਂ ਹੀ ਸਮਾਇ = ਸਮਾਅ, ਵਿਆਪਕ ਹੋ ਰਹਿਓ = ਰਿਹਾ ਹੈ ॥੪॥੧॥

---

੧. **ਪੰਜੀਰ**—ਘੀ ਵਿਚ ਆਟਾ ਭੁੰਨ ਕੇ ਖੰਡ ਅਤੇ ਜੀਰਕ (ਜੀਰਾ) ਮਿਲਾ ਕੇ ਬਣਾਇਆ ਇਕ ਖਾਣ ਵਾਲਾ ਪਦਾਰਥ। ਪੰਜੀਰੀ ਵਿਚ ਧਨੀਆ, ਸੁੰਢ ਆਦਿ ਵੀ ਮਿਲਾਏ ਜਾਂਦੇ ਹਨ, ਬਹੁਤ ਲੋਕ ਅਨੇਕ ਮੇਵੇ ਵੀ ਪਾਉਂਦੇ ਹਨ। ਪੁਰਾਣਾ ਸੰਸਕ੍ਰਿਤ ਨਾਮ 'ਪੰਚ ਜੀਰਕ' ਹੈ, ਜੀਰਾ, ਸੌਂਫ਼ ਆਦਿ ਪੰਜ ਪਦਾਰਥ ਮਿਲਾਏ ਜਾਂਦੇ ਸਨ।

## ਭੈਰਉ ਮਹਲਾ ੫ ॥

ਜਿਸ ਵੇਲੇ ਸੁਲਹੀ ਖ਼ਾਨ ਆਵੇ ਵਿਚ ਪੈ ਕੇ ਸੜ ਗਿਆ ਸੀ ਅਤੇ ਇਸ ਦੇ ਮਰਨ ਦੀ ਖ਼ਬਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਤਾ ਲੱਗੀ, ਤਦੋਂ ਸਤਿਗੁਰੂ ਸਾਹਿਬ ਜੀ ਨੇ ਬੇਅੰਤ ਸ਼ਬਦਾਂ ਵਿੱਚੋਂ ਇਕ ਇਹ ਵੀ ਸ਼ਬਦ ਉਸ ਵੇਲੇ ਉਚਾਰਣ ਕੀਤਾ।

**ਊਠਤ ਸੁਖੀਆ; ਬੈਠਤ ਸੁਖੀਆ ॥ ਭਉ ਨਹੀ ਲਾਗੈ; ਜਾਂ ਐਸੇ ਬੁਝੀਆ ॥੧॥**

ਹੇ ਭਾਈ! ਤੁਸੀਂ ਊਠਤ = ਉੱਠਦੇ ਵੀ ਸੁਖੀਆ = ਸੁਖੀ ਹੋ ਅਤੇ ਬੈਠਤ = ਬੈਠਦੇ ਹੋਈ ਵੀ ਸੁਖੀਆ = ਸੁਖੀ ਹੋ **ਅਥਵਾ** ਉੱਠਦੇ ਹੋਏ ਪਰਮਾਤਮਾ ਦਾ ਨਾਮ ਜਪੋ ਤਾਂ ਸਦਾ ਸੁਖੀ ਰਹੋਗੇ ਅਤੇ ਬੈਠਣ ਸਮੇਂ ਵੀ ਪਰਮਾਤਮਾ ਦਾ ਨਾਮ ਜਪੋ ਤਾਂ ਵੀ ਸਦਾ ਹੀ ਸੁਖੀ ਰਹੋਗੇ **ਅਥਵਾ** ਉੱਠਣ ਭਾਵ ਸੰਸਾਰ ਤੋਂ ਉਪਰਾਮ ਬਿਰਤੀ ਕਰਕੇ ਸੁਖੀ ਹੋਵੋਗੇ ਅਤੇ ਬੈਠਣ ਭਾਵ ਨਿਰਵਿਕਲਪ ਸਮਾਈ ਵਿਚ ਇਸਥਿਤ ਹੋ ਕਰਕੇ ਵੀ ਸਦਾ ਸੁਖੀ ਰਹੋਗੇ।

ਜਾਂ = ਜਦੋਂ ਤੁਸੀਂ ਐਸੇ = ਇਸ ਪ੍ਰਕਾਰ ਗੁਰ ਉਪਦੇਸ਼ ਨੂੰ ਬੁਝੀਆ = ਸਮਝ ਲਿਆ, ਤਦੋਂ ਤੁਹਾਨੂੰ ਜੰਮਣ-ਮਰਣ ਆਦਿ ਦਾ ਕੋਈ ਵੀ ਭਉ = ਡਰ ਨਹੀਂ ਲਾਗੈ = ਲੱਗੇਗਾ ॥੧॥

**ਰਾਖਾ ਏਕੁ; ਹਮਾਰਾ ਸੁਆਮੀ ॥ ਸਗਲ ਘਟਾ ਕਾ; ਅੰਤਰਜਾਮੀ ॥੧॥ਰਹਾਉ॥**

ਹੇ ਭਾਈ! ਏਕੁ = ਇਕ ਸੁਆਮੀ ਪਰਮਾਤਮਾ ਹੀ ਹਮਾਰਾ = ਸਾਡਾ ਰਾਖਾ = ਰਖਵਾਲਾ ਹੈ **ਵਾ:** ਹਮਾਰਾ = ਤਮਾਮ ਦੁਨੀਆਂ ਦਾ ਜੋ ਸੁਆਮੀ = ਮਾਲਕ ਹੈ, ਇਕ ਉਹੋ ਹੀ ਰੱਖਿਆ ਕਰਨ ਵਾਲਾ ਹੈ।

ਜੋ ਸਗਲ = ਸਾਰਿਆਂ ਘਟਾ = ਸਰੀਰਾਂ ਕਾ = ਦਾ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਪ੍ਰੇਰਕ ਹੈ ॥੧॥ਰਹਾਉ॥

**ਸੋਇ ਅਚਿੰਤਾ; ਜਾਗਿ ਅਚਿੰਤਾ ॥ ਜਹਾ ਕਹਾਂ ਪ੍ਰਭੁ; ਤੂੰ ਵਰਤੰਤਾ ॥੨॥**

ਗੁਰਮੁਖ ਜਨ ਅਚਿੰਤਾ = ਚਿੰਤਾ ਤੋਂ ਰਹਿਤ ਹੋ ਕੇ ਸੋਇ = ਸੌਂਦੇ, ਬਿਰਾਜਦੇ ਹਨ ਅਤੇ ਅਚਿੰਤਾ = ਚਿੰਤਾ ਤੋਂ ਰਹਿਤ ਹੀ ਜਾਗਿ = ਜਾਗਦੇ ਹਨ **ਵਾ:** ਸਭ ਚਿੰਤਾਵਾਂ ਤੋਂ ਰਹਿਤ ਹੋ ਕੇ ਨਿਰਵਿਕਲਪ ਸਮਾਧੀ ਵਿਚ ਬਿਰਾਜੇ ਰਹਿੰਦੇ ਹਨ ਅਤੇ ਚਿੰਤਾ ਤੋਂ ਰਹਿਤ ਗਿਆਨ ਅਵਸਥਾ ਵਿਚ ਜਾਗਦੇ ਹਨ।

**ਅਥਵਾ** ਜੋ ਸਰਬ ਚਿਤਵਨੀਆਂ ਤੋਂ ਰਹਿਤ ਹੋਣਾ ਹੈ ਇਹ ਸੰਸਾਰ ਦੇ ਮੋਹ ਵੱਲੋਂ ਸੁੱਤੇ ਹੋਏ ਹਨ ਅਤੇ ਜੋ ਸਰਬ ਚਿੰਤਾਵਾਂ ਤੋਂ ਰਹਿਤ ਹੋਣਾ ਹੈ, ਇਹ ਗਿਆਨ ਅਵਸਥਾ ਵਿਚ ਜਾਗਣਾ ਹੈ।

ਗੁਰਮੁਖ ਇਹ ਜਾਣਦੇ ਹਨ ਕਿ ਹੇ ਪ੍ਰਭੁ = ਪਰਮਾਤਮਾ! ਜਹਾ ਕਹਾਂ = ਜਿਥੇ ਕਿਥੇ ਤੂੰ ਹੀ ਵਰਤੰਤਾ = ਵਰਤ ਰਿਹਾ ਹੈਂ ॥੨॥

**ਘਰਿ ਸੁਖਿ ਵਸਿਆ; ਬਾਹਰਿ ਸੁਖੁ ਪਾਇਆ ॥**
**ਕਹੁ ਨਾਨਕ; ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥**

ਘਰ ਭਾਵ ਅੰਮ੍ਰਿਤਸਰ ਸਾਹਿਬ ਵੀ ਸੁਖ ਦੇ ਸਹਿਤ ਵੱਸੇ ਹਾਂ ਅਤੇ ਬਾਹਰ ਵਡਾਲੀ ਵਿਚ ਜਾ ਕੇ ਵੀ ਸੁੱਖ ਪਾਉਣਾ ਕੀਤਾ ਹੈ **ਅਥਵਾ** ਸਾਡੇ ਘਰਿ = ਹਿਰਦੇ ਅੰਦਰ ਵੀ ਸੁਖ ਸਰੂਪ ਵਸਿਆ = ਵੱਸ ਗਿਆ ਹੈ ਅਤੇ ਬਾਹਰ ਸੰਸਾਰ ਵਿਚ ਵੀ ਅਸੀਂ ਸੁਖ ਪਾਇਆ = ਪਾਉਣਾ ਕੀਤਾ ਹੈ **ਵਾ:** ਅਸੀਂ ਹਿਰਦੇ ਰੂਪੀ ਘਰ

ਦੇ ਅੰਦਰ ਇਕਾਗਰ ਬਿਰਤੀ ਕਰਕੇ ਸੁਖ ਵਿਚ ਵੱਸੇ ਹਾਂ ਅਤੇ ਬਾਹਰ ਸੰਸਾਰਾਕਾਰ ਬਿਰਤੀ ਦਾ ਤਿਆਗ ਕਰਕੇ ਆਤਮਿਕ ਸੁੱਖ ਪਾਉਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਗੁਰਾਂ ਨੇ ਆਪਣਾ ਮੰਤ੍ਰ = ਉਪਦੇਸ਼ ਦ੍ਰਿੜਾਇਆ = ਦ੍ਰਿੜ੍ਹ ਕਰਵਾਉਣਾ ਕੀਤਾ ਹੈ॥੩॥੨॥

## ਭੈਰਉ ਮਹਲਾ ੫ ॥

**ਉਥਾਨਕਾ :** ਇਕ ਵਾਰ ਸਤਿਗੁਰਾਂ ਦੇ ਪਾਸ ਕੁਝ ਬ੍ਰਾਹਮਣ ਅਤੇ ਕੁਝ ਕਾਜ਼ੀ ਮੁਲਾਣੇ ਆਏ, ਬ੍ਰਾਹਮਣਾਂ ਨੇ ਕਿਹਾ ਕਿ ਤੁਸੀਂ ਇਕਾਦਸ਼ੀਆਂ ਦੇ ਵਰਤ ਆਦਿ ਰੱਖਿਆ ਕਰੋ, ਕਾਜ਼ੀ ਮੁਲਾਣੇ ਕਹਿਣ ਲੱਗੇ ਕਿ ਤੁਸੀਂ ਤੀਹ ਰੋਜ਼ੇ ਰੱਖਿਆ ਕਰੋ, ਤਦੋਂ ਉੱਤਰ ਵਿਚ ਸਤਿਗੁਰਾਂ ਨੇ ਇਹ ਸ਼ਬਦ ਉਚਾਰਣ ਕੀਤਾ।

***ਨੋਟ:*** ਇਸ ਸ਼ਬਦ ਦੇ ਅਖ਼ੀਰ ਵਿਚ 'ਨਾਨਕ' ਪਦ ਦੀ ਥਾਂ 'ਤੇ ਭਗਤ ਕਬੀਰ ਸਾਹਿਬ ਜੀ ਦਾ ਨਾਮ ਆਉਂਦਾ ਹੈ, ਜਿਸ ਕਰਕੇ ਸੰਪ੍ਰਦਾ ਵਿਚ ਇਹ ਮੰਨਿਆ ਜਾਂਦਾ ਹੈ ਕਿ ਸਤਿਗੁਰਾਂ ਨੇ ਭਗਤ ਕਬੀਰ ਜੀ ਨੂੰ ਇਹ ਸਿਰੋਪਾਉ ਬਖ਼ਸ਼ਿਸ਼ ਕੀਤਾ ਹੈ, ਦੂਸਰਾ ਕਿ ਇਸੇ ਭੈਰਉ ਰਾਗ ਦੀ ਭਗਤ ਬਾਣੀ ਵਿਚ ਭਗਤ ਕਬੀਰ ਸਾਹਿਬ ਜੀ ਦਾ ਜੋ ਸੱਤਵਾਂ ਸ਼ਬਦ ਆ ਰਿਹਾ ਹੈ, ਉਸ ਵਿਚ ਵੀ ਭਗਤ ਸਾਹਿਬਾਨ ਜੀ ਦਾ ਪੰਡਿਤ ਅਤੇ ਮੁੱਲਾਂ ਨਾਲ ਸੰਬਾਦ ਹੈ। ਜੈਸਾ ਕਿ :

**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ਰਹਾਉ॥** *(ਅੰਗ ੧੧੫੮)*

ਇਸ ਸ਼ਬਦ ਅੰਦਰ ਭਗਤ ਜੀ ਨੇ ਪੂਰਾ ਖੋਲ੍ਹ ਕੇ ਨਹੀਂ ਦੱਸਿਆ ਕਿ ਪੰਡਿਤਾਂ ਅਤੇ ਮੁੱਲਾਂ ਨੇ ਕੀ ਕਿਹਾ ਸੀ, ਉਸੇ ਗੋਹਜ ਭੇਦ ਨੂੰ ਸਤਿਗੁਰੂ ਜੀ ਏਥੇ ਖੋਲ੍ਹ ਕੇ ਭਗਤ ਕਬੀਰ ਜੀ ਨੂੰ ਹੀ ਸਿਰੋਪਾਉ ਬਖ਼ਸ਼ਦੇ ਹਨ।

ਤੀਸਰਾ ਕਾਰਨ ਇਹ ਹੈ ਕਿ ਸਤਿਗੁਰੂ ਸਾਹਿਬ ਜੀ ਆਪਣੀ ਅਤੇ ਭਗਤ ਸਾਹਿਬਾਨਾਂ ਦੀ ਬਾਣੀ ਦੀ ਅਭੇਦਤਾ ਦਿਖਾਉਂਦੇ ਹਨ।

### ਵਰਤ ਨ ਰਹਉ; ਨ ਮਹ ਰਮਦਾਨਾ ॥ ਤਿਸੁ ਸੇਵੀ; ਜੋ ਰਖੈ ਨਿਦਾਨਾ ॥੧॥

ਹੇ ਭਾਈ! ਅਸੀਂ ਇਕਾਦਸ਼ੀਆਂ ਆਦਿ ਦੇ ਵਰਤਾਂ ਵਿਚ ਨਹੀਂ ਰਹਉ = ਰਹਿੰਦੇ ਹਾਂ ਅਤੇ ਨਾ ਹੀ ਮੁਸਲਮਾਨਾਂ ਵਾਂਗ ਰਮਦਾਨਾ = ਰਮਜ਼ਾਨ (ਰੋਜ਼ਿਆਂ) ਦੇ ਮਹ = ਮਹੀਨੇ ਨੂੰ ਮੰਨਦੇ ਹਾਂ।

ਅਸੀਂ ਤਿਸੁ = ਉਸ ਪਰਮਾਤਮਾ ਨੂੰ ਸੇਵੀ = ਸੇਵਨਾ ਕਰਦੇ ਹਾਂ, ਜੋ = ਜਿਹੜਾ ਨਿਦਾਨਾ = ਅੰਤ ਵੇਲੇ ਸਾਨੂੰ ਰਾਖੈ = ਰੱਖ ਲਵੇਗਾ **ਵਾ:** ਨਿਦਾਨਾ = ਮੂਰਖਤਾਈ ਵੱਲੋਂ ਰੱਖਣਾ ਕਰਦਾ ਹੈ **ਵਾ:** ਆਪਣੇ ਨਿਦਾਨਾ = ਬਾਲਕ ਜਾਣ ਕੇ ਰੱਖ ਲਵੇਗਾ॥੧॥

### ਏਕੁ ਗੁਸਾਈ; ਅਲਹੁ ਮੇਰਾ ॥ ਹਿੰਦੂ ਤੁਰਕ; ਦੁਹਾਂ ਨੇਬੇਰਾ ॥੧॥ਰਹਾਉ॥

ਗੁਸਾਈ = ਮਾਲਕ ਪ੍ਰਭੂ ਅਤੇ ਅਲਹੁ = ਖ਼ੁਦਾ ਮੇਰਾ ਇਕ ਵਾਹਿਗੁਰੂ ਹੀ ਹੈ।

ਜੋ ਵਾਹਿਗੁਰੂ ਹਿੰਦੂ ਅਤੇ ਤੁਰਕ = ਮੁਸਲਮਾਨਾਂ ਦੁਹਾਂ = ਦੋਵਾਂ ਦਾ ਹੀ ਨੇਬੇਰਾ = ਨਬੇੜਾ, ਨਿਆਉਂ ਕਰਨ ਵਾਲਾ ਹੈ॥੧॥ਰਹਾਉ॥

### ਹਜ ਕਾਬੈ ਜਾਉ; ਨ ਤੀਰਥ ਪੂਜਾ ॥ ਏਕੋ ਸੇਵੀ; ਅਵਰੁ ਨ ਦੂਜਾ ॥੨॥

ਹੇ ਭਾਈ! ਅਸੀਂ ਨਾ ਹੀ ਕਾਬੈ = ਮੁਸਲਮਾਨਾਂ ਦੇ ਧਰਮ ਮੰਦਰ ਦੀ ਹਜ = ਯਾਤ੍ਰਾ ਕਰਨ ਲਈ ਜਾਉ = ਜਾਂਦੇ ਹਾਂ ਅਤੇ ਨਾ ਹੀ ਹਿੰਦੂਆਂ ਦੇ ਤੀਰਥਾਂ ਆਦਿ ਉੱਪਰ ਜਾ ਕੇ ਪੂਜਾ ਕਰਦੇ ਹਾਂ **ਅਥਵਾ** ਹੇ

ਭਾਈ! ਅਸੀਂ ਨਾ ਹੀ ਸਿੱਖ ਸੰਗਤਾਂ ਨੂੰ ਹੱਜ ਕਰਨ ਦਾ ਉਪਦੇਸ਼ ਦੇਂਦੇ ਹਾਂ ਅਤੇ ਨਾ ਹੀ ਤੀਰਥਾਂ ਉੱਪਰ ਪੂਜਾ ਕਰਨ ਦੀ ਆਗਿਆ ਦੇਂਦੇ ਹਾਂ।

ਅਸੀਂ ਏਕੋ = ਅਦੁੱਤੀ ਵਾਹਿਗੁਰੂ ਨੂੰ ਹੀ ਸੇਵੀ = ਸੇਵਨਾ ਕਰਦੇ ਹਾਂ, ਉਸ ਤੋਂ ਬਿਨਾਂ ਉਸ ਵਰਗਾ ਅਵਰੁ = ਹੋਰ ਕੋਈ ਦੂਜਾ = ਦੂਸਰਾ ਨਹੀਂ ਜਾਣਦੇ ਹਾਂ ॥੨॥

## ਪੂਜਾ ਕਰਉ; ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ; ਲੇ ਰਿਦੈ ਨਮਸਕਾਰਉ ॥੩॥

ਅਸੀਂ ਨਾ ਹੀ ਹਿੰਦੂਆਂ ਵਾਂਗ ਪੱਥਰਾਂ ਆਦਿ ਦੀ ਪੂਜਾ ਕਰਉ = ਕਰਦੇ ਹਾਂ ਅਤੇ ਨਾ ਹੀ ਮੁਸਲਮਾਨਾਂ ਵਾਂਗ ਨਿਵਾਜ ਗੁਜਾਰਉ = ਗੁਜ਼ਾਰਦੇ, ਪੜ੍ਹਦੇ ਹਾਂ।

ਏਕ = ਇਕ ਨਿਰੰਕਾਰ = ਆਕਾਰਾਂ ਤੋਂ ਰਹਿਤ ਪਰਮਾਤਮਾ ਨੂੰ ਆਪਣੇ ਰਿਦੈ = ਹਿਰਦੇ ਵਿਚ ਲੇ = ਲੈ ਕਰਕੇ ਭਾਵ ਧਾਰਨ ਕਰਕੇ ਨਮਸਕਾਰਉ = ਬੰਦਨਾ ਕਰਦੇ ਹਾਂ ॥੩॥

## ਨਾ ਹਮ ਹਿੰਦੂ; ਨ ਮੁਸਲਮਾਨ ॥ ਅਲਹ ਰਾਮ ਕੇ; ਪਿੰਡੁ ਪਰਾਨ ॥੪॥

ਨਾ ਹੀ ਹਮ = ਅਸੀਂ ਹਿੰਦੂ ਹਾਂ ਅਤੇ ਨਾ ਹੀ ਅਸੀਂ ਮੁਸਲਮਾਨ ਹਾਂ।

ਮੁਸਲਮਾਨਾਂ ਅਨੁਸਾਰ ਅਲਹ = ਅੱਲ੍ਹਾ ਤੇ ਹਿੰਦੂਆਂ ਅਨੁਸਾਰ ਰਾਮ = ਪਰਮਾਤਮਾ ਕੇ = ਦੇ ਹੀ ਸਾਨੂੰ ਪਿੰਡ = ਸਰੀਰ ਤੇ ਪਰਾਨ = ਸ੍ਵਾਸ ਦਿੱਤੇ ਹੋਏ ਹਨ, ਭਾਵ ਅਸੀਂ ਉਸ ਪਰਮਾਤਮਾ ਦੀ ਹੀ ਅੰਸ਼ ਹਾਂ ॥੪॥

## ਕਹੁ ਕਬੀਰ; ਇਹੁ ਕੀਆ ਵਖਾਨਾ ॥
## ਗੁਰ ਪੀਰ ਮਿਲਿ; ਖੁਦਿ ਖਸਮੁ ਪਛਾਨਾ ॥੫॥੩॥

ਸਤਿਗੁਰੂ ਸਾਹਿਬ ਜੀ ਭਗਤ ਕਬੀਰ ਸਾਹਿਬ ਜੀ ਨੂੰ ਸਿਰੋਪਾਉ ਬਖ਼ਸ਼ਿਸ਼ ਕਰਦੇ ਹੋਏ ਕਥਨ ਕਰਦੇ ਹਨ, ਅਸੀਂ ਇਹ ਬਚਨ ਕਹਿ ਕੇ ਸਾਰਿਆਂ ਤਾਈਂ ਆਪਣਾ ਸਿਧਾਂਤ ਵਖਾਨਾ = ਕਥਨ ਕੀਆ = ਕੀਤਾ ਹੈ।

ਅਸੀਂ ਹਿੰਦੂਆਂ ਦੇ ਗੁਰੂ ਤੇ ਮੁਸਲਮਾਨਾਂ ਦੇ ਪੀਰ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮਿਲ ਕਰਕੇ **ਵਾ:** ਪੀਰ = ਪੂਜਨੀਕ ਵੱਡੇ, ਪਿਤਾ ਸਤਿਗੁਰਾਂ ਨਾਲ ਮਿਲ ਕਰਕੇ ਖੁਦਿ = ਆਪ ਖਸਮੁ = ਮਾਲਕ ਪਰਮਾਤਮਾ ਨੂੰ ਪਛਾਨਾ = ਪਛਾਣਨਾ ਕੀਤਾ ਹੈ **ਵਾ:** ਆਪਣੇ ਆਪ ਰੂਪ ਪ੍ਰਭੂ ਨੂੰ ਪਛਾਣਨਾ ਕੀਤਾ ਹੈ ॥੫॥੩॥

## ਭੈਰਉ ਮਹਲਾ ੫ ॥

**ਉਥਾਨਕਾ :** ਜਿਸ ਸਮੇਂ ਭਾਈ ਕਲਿਆਣਾ ਜੀ ਦੀ ਪ੍ਰੇਰਣਾ ਦਾ ਸਦਕਾ ਸਕੇਤ ਮੰਡੀ ਵਾਲਾ ਰਾਜਾ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਆਇਆ, ਉਸ ਸਮੇਂ ਸਤਿਗੁਰੂ ਜੀ ਦੱਖਣੀ ਓਅੰਕਾਰ ਬਾਣੀ ਦੀ ਇਹ ਤੁਕ ਪੜ੍ਹ ਰਹੇ ਸਨ, ਜੈਸਾ ਕਿ :

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** *(ਅੰਗ ੯੩)*

ਇਸ ਵਾਰਤਾ ਨੂੰ ਭਾਈ ਸੰਤੋਖ ਸਿੰਘ ਜੀ ਇਸ ਪ੍ਰਕਾਰ ਲਿਖਦੇ ਹਨ। ਜੈਸਾ ਕਿ :

**ਤਿਸ ਛਿਨ ਮਹਿ ਸ੍ਰੀ ਅਰਜਨ ਨਾਥ ॥ ਪੋਥੀ ਪਠਤਿ ਹੁਤੇ ਗਹਿ ਹਾਥ ॥**
**ਓਅੰਕਾਰ ਕੀ ਤੁਕ ਮੁਖ ਇਹੀ ॥ ਲਿਖਿਆ ਮੇਟ ਨ ਸਕੀਅਹਿ ਕਹੀ ॥੬॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੩੨)*

ਜਦੋਂ ਸਤਿਗੁਰਾਂ ਨੇ ਇਹ ਤੁਕ ਪੜ੍ਹੀ, ਤਾਂ ਰਾਜੇ ਦੇ ਹਿਰਦੇ ਅੰਦਰ ਸ਼ੰਕਾ ਫੁਰੀ ਕਿ ਜਦੋਂ ਮੱਥੇ ਦੇ ਲਿਖੇ

ਹੋਏ ਲੇਖ ਮਿਟਣੇ ਨਹੀਂ ਤਾਂ ਫੇਰ ਗੁਰੂ ਦੀ ਸ਼ਰਨ ਵਿਚ ਆਉਣ ਦਾ ਕੀ ਲਾਭ ਹੈ ? ਜਦੋਂ ਸਤਿਗੁਰਾਂ ਨੇ ਬਾਣੀ ਸੰਪੂਰਨ ਕੀਤੀ, ਤਦੋਂ ਹੱਸ ਕੇ ਕਿਹਾ ਕਿ ਹੇ ਰਾਜਨ ! ਗੁਰੂ ਦੀ ਸ਼ਰਨ ਵਿਚ ਆਉਣ ਦਾ ਬਹੁਤ ਲਾਭ ਹੈ, ਰਾਜੇ ਨੇ ਕਿਹਾ ਕਿ ਸਤਿਗੁਰੂ ਜੀ ! ਮੈਨੂੰ ਸਮਝ ਨਹੀਂ ਆਈ, ਤਦੋਂ ਸਤਿਗੁਰਾਂ ਨੇ ਕਿਹਾ ਕਿ ਗੁਰੂ ਦੀ ਸ਼ਰਨ ਵਿਚ ਆਉਣ ਦਾ ਲਾਭ ਤੈਨੂੰ ਕੱਲ੍ਹ ਨੂੰ ਸਮਝਾਵਾਂਗੇ। ਜਿਸ ਵੇਲੇ ਰਾਜਾ ਰਾਤ ਨੂੰ ਸੁੱਤਾ, ਤਦੋਂ ਸੁਪਨੇ ਵਿਚ ਇਸ ਨੇ ਆਪਣੇ ਆਪ ਨੂੰ ਮਰਿਆ ਦੇਖਿਆ, ਮਰਨ ਤੋਂ ਬਾਅਦ ਇਸ ਨੇ ਚੰਡਾਲਾਂ ਦੇ ਘਰ ਜਨਮ ਲਿਆ, ਜਿਸ ਜਨਮ ਵਿਚ ਇਸ ਨੇ ਆਪਣਾ ਬਹੁਤ ਪਰਿਵਾਰ ਵਧਾਇਆ ਅਤੇ ਤਕਰੀਬਨ ਪੰਜਾਹ ਸਾਲ ਉਮਰ ਭੋਗ ਕੇ ਮਰ ਗਿਆ। ਇਸ ਦੀ ਘਰਵਾਲੀ ਤੇ ਬੱਚੇ ਬਹੁਤ ਵਿਰਲਾਪ ਕਰਨ ਲੱਗੇ। ਤਦੋਂ ਰਾਜੇ ਨੂੰ ਜਾਗ ਆ ਗਈ ਤੇ ਬਹੁਤ ਹੈਰਾਨ ਹੋਇਆ। ਇਸ ਨੇ ਇਸ਼ਨਾਨ ਆਦਿ ਕੀਤਾ ਤੇ ਸਵੇਰ ਨੂੰ ਫੇਰ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਚਲਾ ਗਿਆ। ਰਾਜੇ ਦਾ ਚਿਹਰਾ ਬਹੁਤ ਉਦਾਸ ਹੋਇਆ ਪਿਆ ਸੀ। ਸਤਿਗੁਰਾਂ ਨੇ ਕਿਹਾ ਕਿ ਹੇ ਰਾਜਨ ਤੂੰ ਬਹੁਤ ਉਦਾਸ ਹੈਂ ਤਾਂ ਰਾਜੇ ਨੇ ਆਪਣੀ ਉਦਾਸੀ ਛੁਪਾਉਂਦਿਆਂ ਹੋਇਆਂ ਸਤਿਗੁਰਾਂ ਨੂੰ ਕਿਹਾ ਕਿ ਰਾਜੇ ਲੋਕਾਂ ਦੀਆਂ ਅਨੇਕਾਂ ਸਮੱਸਿਆਵਾਂ ਹੁੰਦੀਆਂ ਹਨ ਤੇ ਇਸੇ ਕਰਕੇ ਕਈ ਵਾਰੀ ਮਨ 'ਤੇ ਅਸਰ ਹੋ ਜਾਂਦਾ ਹੈ ਅਤੇ ਆਗਿਆ ਦੇਵੋ ਕਿ ਮੈਂ ਸ਼ਿਕਾਰ ਖੇਡ ਆਵਾਂ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਅਸੀਂ ਵੀ ਤੇਰੇ ਨਾਲ ਜੰਗਲ ਵਿਚ ਕੁਝ ਤੁਰਨ ਲਈ ਜਾਵਾਂਗੇ। ਰਾਜਾ ਸਤਿਗੁਰਾਂ ਦੇ ਬਚਨ ਮੰਨ ਕੇ ਸ਼ਿਕਾਰ ਖੇਡਣ ਲਈ ਚੱਲ ਪਿਆ, ਜਦੋਂ ਗੁਰੂ ਕੇ ਬਾਗ਼ ਵਾਲੇ ਅਸਥਾਨ ਉੱਪਰ ਪਹੁੰਚੇ ਤਦੋਂ ਰਾਜੇ ਦੇ ਅੱਗੋਂ ਇਕ ਹਿਰਨ ਨਿਕਲ ਗਿਆ। ਰਾਜਾ ਸ਼ਿਕਾਰ ਦੇ ਪਿੱਛੇ ਲੱਗ ਗਿਆ। ਅੱਗੇ ਜਾ ਕੇ ਹਿਰਨ ਅਲੋਪ ਹੋ ਗਿਆ। ਰਾਜਾ ਰਾਤ ਦੇ ਸੁਪਨੇ ਵਿਚ ਵਾਪਰੀ ਘਟਨਾ ਦਾ ਵਿਆਕੁਲ ਹੋਇਆ ਇਕ ਕੱਚੇ ਤਲਾਅ ਦੇ ਕੋਲ ਆ ਕੇ ਖੜ ਗਿਆ। ਘੋੜੇ ਨੂੰ ਪਾਣੀ ਪਿਲਾ ਕੇ ਆਪ ਆਰਾਮ ਕਰਨ ਲੱਗ ਗਿਆ, ਤਦੋਂ ਅੰਤਰਜਾਮੀ ਸਤਿਗੁਰਾਂ ਨੇ ਮਾਇਆ ਵਰਤਾਈ, ਜੋ ਰਾਜੇ ਨੂੰ ਸੁਪਨੇ ਵਿਚ ਪੁੱਤਰ ਬਣਿਆ ਦਿੱਸਿਆ ਸੀ, ਉਹ ਉਥੇ ਆਇਆ ਤੇ ਰਾਜੇ ਨੂੰ ਵੇਖ ਕੇ ਆਪਣੀ ਮਾਂ ਨੂੰ ਕਹਿਣ ਲੱਗਾ ਕਿ ਆਪਾਂ ਕਹਿੰਦੇ ਸੀ ਕਿ ਮੇਰਾ ਪਿਤਾ ਮਰ ਗਿਆ ਹੈ, ਉਹ ਤਾਂ ਸੋਹਣਾ ਘੋੜਾ ਲੈ ਕੇ ਰਾਜੇ ਦਾ ਲਿਬਾਸ ਪਹਿਨ ਕੇ ਤਲਾਅ ਦੇ ਕਿਨਾਰੇ ਆਰਾਮ ਕਰ ਰਿਹਾ ਹੈ। ਤਦੋਂ ਸੁਪਨੇ ਵਾਲਾ ਪੁੱਤਰ ਤੇ ਇਸਤ੍ਰੀ ਆਦਿ ਪਰਿਵਾਰ ਆ ਕੇ ਝਗੜਾ ਕਰਨ ਲੱਗੇ ਕਿ ਤੂੰ ਏਥੇ ਆਰਾਮ ਕਰ ਰਿਹਾ ਹੈਂ, ਮਰਨ ਦਾ ਬਹਾਨਾ ਲਾ ਕੇ ਏਥੇ ਆਰਾਮ ਨਾਲ ਸੁੱਤਾ ਪਿਆ ਹੈਂ, ਚੱਲ ਘਰ ਦਾ ਕੰਮ-ਕਾਰ ਕਰ। ਰਾਜੇ ਨੇ ਕਿਹਾ ਕਿ ਮੈਂ ਤੁਹਾਡਾ ਸੰਬੰਧੀ ਨਹੀਂ ਹਾਂ, ਪਰ ਕਿਸੇ ਨੇ ਵੀ ਰਾਜੇ ਦੀ ਗੱਲ ਨਾ ਮੰਨੀ। ਰਾਜੇ ਅਤੇ ਸੁਪਨੇ ਦੇ ਸੰਬੰਧੀਆਂ ਦਾ ਝਗੜਾ ਹੁੰਦਿਆਂ ਜਦੋਂ ਲੋਕਾਂ ਨੇ ਇਹ ਫੈਸਲਾ ਕੀਤਾ ਕਿ ਇਸ ਨੂੰ ਪਕੜ ਕੇ ਲੈ ਚੱਲੋ, ਇਸ ਦੇ ਦਿਮਾਗ਼ ਵਿਚ ਫ਼ਰਕ ਪਿਆ ਹੋਇਆ ਦਿਸਦਾ ਹੈ ਅਤੇ ਹੌਲੀ-ਹੌਲੀ ਠੀਕ ਹੋ ਜਾਵੇਗਾ। ਇਹ ਸੁਣ ਕੇ ਰਾਜਾ ਘਬਰਾਇਆ ਤੇ ਸਤਿਗੁਰੂ ਜੀ ਨੂੰ ਯਾਦ ਕੀਤਾ ਕਿ ਮਹਾਰਾਜ ਜੀ ਮੇਰੀ ਸਹਾਇਤਾ ਕਰੋ। ਇਤਨੇ ਚਿਰ ਨੂੰ ਸਤਿਗੁਰੂ ਜੀ ਸਿੱਖਾਂ ਦੇ ਸਮੇਤ ਉਥੇ ਆ ਗਏ। ਗੁਰੂ ਜੀ ਨੇ ਉਨ੍ਹਾਂ ਕੋਲੋਂ ਪੁੱਛਿਆ ਕਿ ਕੀ ਕਾਰਨ ਹੈ, ਤੁਸੀਂ ਇਸ ਦੁਆਲੇ ਘੇਰਾ ਘੱਤ ਕੇ ਖਲੋਤੇ ਹੋ ? ਤਦੋਂ ਉਹ ਕਹਿਣ ਲੱਗੇ ਕਿ ਇਹ ਮਰਨ ਦਾ ਬਹਾਨਾ ਲਗਾ ਕੇ ਏਥੇ ਰਾਜਿਆਂ ਵਾਲਾ ਲਿਬਾਸ ਪਹਿਨ ਕੇ ਬੈਠਾ ਹੈ। ਸਤਿਗੁਰਾਂ ਨੇ ਕਿਹਾ ਕਿ ਤੁਸੀਂ ਆਪਣੇ ਸੰਬੰਧੀ ਨੂੰ ਦੱਬਿਆ ਹੈ ਜਾਂ ਸਾੜਿਆ ਹੈ ਤਾਂ ਕਹਿਣ ਲੱਗੇ ਕਿ ਅਸੀਂ ਦੱਬਿਆ ਹੈ। ਤਦੋਂ ਗੁਰਾਂ ਨੇ ਕਿਹਾ ਕਿ ਤੁਸੀਂ ਪਹਿਲਾਂ ਕਬਰ ਨੂੰ ਪੁੱਟ ਕੇ ਵੇਖੋ ਕਿ ਉਥੇ ਮੁਰਦਾ ਹੈ ਜਾਂ ਨਹੀਂ ? ਇਤਨਾ ਸੁਣ ਕੇ ਉਹ ਸੰਬੰਧੀ ਚਲੇ ਗਏ ਤੇ ਕਬਰ ਪੁੱਟ ਕੇ ਵੇਖੀ ਤਦੋਂ ਉਸ ਵਿੱਚੋਂ ਉਹ ਮੁਰਦਾ ਨਿਕਲ ਆਇਆ ਤੇ ਉਨ੍ਹਾਂ ਦਾ ਝਗੜਾ ਮਿਟ ਗਿਆ। ਫੇਰ ਰਾਜੇ ਨੇ ਸਤਿਗੁਰਾਂ ਨੂੰ ਕਿਹਾ ਕਿ ਮਹਾਰਾਜ ! ਇਹ ਸਾਰੇ ਸੰਬੰਧੀ ਰਾਤ ਮੇਰੇ ਸੁਪਨੇ ਵਿਚ ਸਨ, ਉਹੀ ਬ੍ਰਿਛ, ਜੰਗਲ ਅਤੇ ਜਗ੍ਹਾ ਵੀ ਸੁਪਨੇ ਵਾਲੀ ਹੈ, ਮੈਂ ਇਨ੍ਹਾਂ ਨਾਲ ਤਕਰੀਬਨ ਪੰਜਾਹ ਸਾਲ ਕੱਟੇ ਸਨ, ਇਹ ਕੀ ਕੌਤਕ ਹੈ ? ਸਤਿਗੁਰਾਂ ਨੇ ਕਿਹਾ ਕਿ ਹੇ ਰਾਜਨ ! ਤੂੰ ਕੱਲ ਸਾਡੇ ਪਾਸ ਇਕ

ਸ਼ੰਕਾ ਕੀਤੀ ਸੀ ਕਿ ਜੇਕਰ ਲੇਖ ਮਿਟਣੇ ਹੀ ਨਹੀਂ ਤਾਂ ਫੇਰ ਗੁਰੂ ਦੀ ਸ਼ਰਨ ਵਿਚ ਆਉਣ ਦਾ ਕੀ ਲਾਭ ਹੈ, ਅਸਾਂ ਨੇ ਇਹ ਤੈਨੂੰ ਉਸੇ ਸ਼ੰਕਾ ਦਾ ਉੱਤਰ ਦਿੱਤਾ ਹੈ ਅਰਥਾਤ ਤੇਰਾ ਅਗਲਾ ਜਨਮ ਇਨ੍ਹਾਂ ਚੰਡਾਲਾਂ ਵਿਚ ਹੋਣਾ ਸੀ ਅਤੇ ਤੂੰ ਪੰਜਾਹ ਸਾਲ ਇਨ੍ਹਾਂ ਵਿਚ ਬਤੀਤ ਕਰਨੇ ਸੀ ਪਰ ਤੂੰ ਸਾਡੀ ਸ਼ਰਨ ਵਿਚ ਆਇਆ ਹੈਂ, ਸ਼ਰਨ ਵਿਚ ਆਏ ਦੀ ਲਾਜ ਰੱਖਣੀ ਸਾਡਾ ਬਿਰਦ ਹੈ। ਸੋ ਉਹ ਤੇਰਾ ਜਨਮ ਅਸੀਂ ਸੁਪਨੇ ਵਿਚ ਭੁਗਤਾ ਦਿੱਤਾ ਹੈ, ਤੂੰ ਕਿਤੇ ਝੂਠ ਨਾ ਮੰਨੇ, ਇਸ ਲਈ ਮਾਇਆ ਦੁਆਰਾ ਤੈਨੂੰ ਤੇਰਾ ਸਾਰਾ ਪਰਿਵਾਰ ਦਿਖਾ ਦਿੱਤਾ ਹੈ। ਇਹ ਸੁਣ ਕੇ ਰਾਜਾ ਸਤਿਗੁਰਾਂ ਦੇ ਚਰਨੀਂ ਪਿਆ। ਇਵੇਂ ਹੋਰ ਬਚਨ ਬਿਲਾਸ ਹੁੰਦਿਆਂ ਰਾਜੇ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਤੁਸੀਂ ਵੀ ਕਦੇ ਕੋਈ ਸ਼ਿਕਾਰ ਕੀਤਾ ਹੈ ਜਾਂ ਨਹੀਂ ? ਤਦੋਂ ਰਾਜੇ ਨੂੰ ਉੱਤਰ ਵਿਚ ਇਹ ਸ਼ਬਦ ਉਚਾਰਣ ਕਰਕੇ ਉਪਦੇਸ਼ ਦਿੱਤਾ ਕਿ ਅਸੀਂ ਐਸਾ ਸ਼ਿਕਾਰ ਖੇਡਦੇ ਹਾਂ :

***ਨੋਟ :*** ਰਹਾਉ ਵਾਲੀਆਂ ਤੁਕਾਂ ਤੋਂ ਅਰਥ ਪ੍ਰਾਰੰਭ ਕਰਨੇ।

**ਸੰਤ ਸੰਗਿ ਲੇ; ਚੜਿਓ ਸਿਕਾਰ ॥ ਮ੍ਰਿਗ ਪਕਰੇ; ਬਿਨੁ ਘੋਰ ਹਥੀਆਰ ॥੧॥ਰਹਾਉ॥**

ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਨੂੰ ਸੰਗਿ = ਨਾਲ ਲੇ = ਲੈ ਕਰਕੇ ਅਸੀਂ ਕਾਮਾਦਿਕ ਵਿਕਾਰਾਂ, ਮਨ ਦੇ ਮੰਦੇ ਸੰਕਲਪਾਂ ਨੂੰ ਮਾਰਨ ਲਈ ਸ਼ਿਕਾਰ ਵਾਸਤੇ ਚੜਿਓ = ਚੜ੍ਹੇ ਹਾਂ।

ਅਤੇ ਬਾਹਰਲੇ ਪਰਤੱਖ ਘੋਰ = ਘੋੜੇ ਤੇ ਹਥੀਆਰ = ਸ਼ਸਤ੍ਰਾਂ ਤੋਂ ਬਿਨੁ = ਬਗ਼ੈਰ ਅੰਤਰੀਵੀ ਸ੍ਰਵਨ ਰੂਪੀ ਘੋੜੇ ਤੇ ਮੰਨਣ ਰੂਪੀ ਰੱਥ ਅਤੇ ਨਿਧਿਆਸਣ ਰੂਪੀ ਹਾਥੀ ਉੱਪਰ ਚੜ੍ਹ ਕੇ ਗ਼ਰੀਬੀ ਰੂਪੀ ਗਦਾ, ਗਿਆਨ ਰੂਪੀ ਖੜਗ ਨਾਲ ਕਾਮ ਕ੍ਰੋਧ ਰੂਪੀ ਮ੍ਰਿਗ = ਹਿਰਨ ਮੈਂ ਪਕਰੇ = ਫੜਨੇ ਕੀਤੇ ਹਨ ਭਾਵ ਆਪਣੇ ਅਧੀਨ ਕੀਤੇ ਹਨ ॥੧॥ਰਹਾਉ॥

## ਦਸ ਮਿਰਗੀ; ਸਹਜੇ ਬੰਧਿਆਨੀ ॥ ਪਾਂਚ ਮਿਰਗ ਬੇਧੇ; ਸਿਵ ਕੀ ਬਾਨੀ ॥੧॥

ਦਸ ਇੰਦ੍ਰੀਆਂ ਰੂਪੀ ਮਿਰਗੀ = ਹਿਰਨੀਆਂ ਸਹਜੇ = ਸੁਭਾਵਿਕ ਹੀ ਸਮ ਦਮ ਆਦਿ ਸਾਧਨਾ ਦੁਆਰਾ ਬੰਧਿ = ਬੰਨ੍ਹ ਕੇ ਅੰਤਰਮੁਖ ਬਿਰਤੀ ਵਿਚ ਆਨੀ = ਲਿਆਉਣਾ ਕੀਤੀਆਂ ਹਨ।

ਪਾਂਚ = ਪੰਜ ਕਾਮ ਕ੍ਰੋਧ ਰੂਪੀ ਮਿਰਗ = ਹਿਰਨ ਸਿਵ = ਕਲਿਆਣ ਸਰੂਪ ਕੀ = ਦੀ ਬਾਨੀ = ਬਾਣੀ ਰੂਪੀ ਬਾਣਾਂ ਨਾਲ ਬੇਧੇ = ਵਿੰਨ੍ਹ, ਮਾਰ ਲਏ ਹਨ ॥੧॥

## ਸੰਤ ਸੰਗਿ ਲੇ; ਚੜਿਓ ਸਿਕਾਰ ॥
## ਮ੍ਰਿਗ ਪਕਰੇ; ਬਿਨੁ ਘੋਰ ਹਥੀਆਰ ॥੧॥ਰਹਾਉ॥

ਇਨ੍ਹਾਂ ਪੰਗਤੀਆਂ ਦੇ ਅਰਥ ਉੱਪਰ ਆ ਚੁੱਕੇ ਹਨ।

## ਆਖੇਰ ਬਿਰਤਿ; ਬਾਹਰਿ ਆਇਓ ਧਾਇ ॥ ਅਹੇਰਾ ਪਾਇਓ; ਘਰ ਕੈ ਗਾਂਇ ॥੨॥

ਹੇ ਭਾਈ ! ਆਖੇਰ = ਸ਼ਿਕਾਰ ਵਾਲੀ ਬਿਰਤਿ = ਬਿਰਤੀ ਇਹੋ ਹੈ, ਜੋ ਬਾਹਰ ਸੰਸਾਰਾਕਾਰ ਬਿਰਤੀ ਵਿਚ ਧਾਇ = ਦੌੜਦਾ ਮਨ ਪਦਾਰਥਾਂ ਦੀ ਤ੍ਰਿਸ਼ਨਾ ਨੂੰ ਛੱਡ ਕੇ ਅੰਤਰਮੁਖ ਵਿਚ ਆਇਓ = ਆ ਗਿਆ ਹੈ **ਵਾ:** ਸੰਸਾਰ ਨੂੰ ਮਿਥਿਆ ਰੂਪ ਸਮਝ ਕੇ ਬਾਹਰ ਧਾਅ ਕੇ ਆ ਗਏ ਹਾਂ ਭਾਵ ਸੰਸਾਰ ਨੂੰ ਉਜਾੜ ਰੂਪ ਸਮਝ ਕੇ ਪਰਮਾਤਮਾ ਦੇ ਸਨਮੁਖ ਹੋ ਗਏ ਹਾਂ।

ਸਰੀਰ ਰੂਪੀ ਘਰ ਕੈ = ਦੇ ਅੰਤਹਕਰਨ ਰੂਪੀ ਗਾਂਇ = ਜਗ੍ਹਾ, ਥਾਂ ਵਿਚ ਇਹ ਵਿਕਾਰਾਂ, ਮਨ ਦੇ ਮੰਦੇ ਸੁਭਾਅ ਰੂਪੀ ਅਹੇਰਾ = ਸ਼ਿਕਾਰ ਨੂੰ ਪਾਇਓ = ਪਾਉਣਾ ਕੀਤਾ ਹੈ ॥੨॥

## ਮ੍ਰਿਗ ਪਕਰੇ; ਘਰਿ ਆਣੇ ਹਾਟਿ ॥ ਚੁਖ ਚੁਖ ਲੇ ਗਏ; ਬਾਂਢੇ ਬਾਟਿ ॥੩॥

ਅਸੀਂ ਜੋ ਕਾਮ ਕ੍ਰੋਧ ਰੂਪੀ ਪੰਜ ਮ੍ਰਿਗ = ਹਿਰਨ ਪਕਰੇ = ਫੜੇ ਹਨ, ਉਹ ਇੰਦ੍ਰੀਆਂ ਰੂਪੀ ਹਾਟਿ = ਹੱਟਾਂ ਰਾਹੀਂ **ਵਾ:** ਹਾਟਿ = ਮੋੜ ਕੇ ਅੰਤਹਕਰਨ ਰੂਪੀ ਘਰ ਵਿਚ ਆਣੇ = ਲਿਆਉਣਾ ਕੀਤੇ ਹਨ।

ਫੇਰ ਜੋ ਸ਼ੁਭ ਗੁਣ ਪਹਿਲਾਂ ਬਾਂਢੇ = ਵਾਂਢੇ (ਪ੍ਰਦੇਸ) ਦੇ ਬਾਟਿ = ਰਸਤੇ ਵਿਚ ਗਏ ਹੋਏ ਸਨ, ਉਹ ਇਨ੍ਹਾਂ ਵਿਕਾਰਾਂ ਰੂਪੀ ਹਿਰਨਾਂ ਨੂੰ ਚੁਖ ਚੁਖ = ਰਤਾ-ਰਤਾ ਵੱਢ ਕੇ ਲੈ ਗਏ ਭਾਵ ਕਾਮ ਨੂੰ ਵਸਤੂ ਵਿਚਾਰ, ਲੋਭ ਨੂੰ ਸੰਤੋਖ, ਕ੍ਰੋਧ ਨੂੰ ਸ਼ਾਂਤੀ, ਮੋਹ ਨੂੰ ਵਿਵੇਕ ਅਤੇ ਹੰਕਾਰ ਨੂੰ ਨਿੰਮ੍ਰਤਾ ਆਦਿ ਸ਼ੁਭ ਗੁਣ ਲੈ ਗਏ ਹਨ **ਵਾ:** ਚੌਰਾਸੀ ਲੱਖ ਜੂਨਾਂ ਦੀ ਬਾਣ ਵੀ ਬਾਂਢੇ = ਵੱਢ ਦਿੱਤੀ ਹੈ ਭਾਵ ਹੁਣ ਚੌਰਾਸੀ ਲੱਖ ਜੂਨਾਂ ਵਿਚ ਆਉਣਾ ਨਹੀਂ ਪਵੇਗਾ **ਵਾ:** ਜੰਮਣ ਮਰਣ ਦੀ ਵਾਟ ਤੋਂ ਬਾਂਢੇ = ਲਾਂਭੇ, ਪਾਸੇ ਹੋ ਗਏ ਹਾਂ ॥੩॥

## ਏਹੁ ਅਹੇਰਾ; ਕੀਨੋ ਦਾਨੁ ॥ ਨਾਨਕ ਕੈ ਘਰਿ; ਕੇਵਲ ਨਾਮੁ ॥੪॥੪॥

ਹੇ ਭਾਈ! ਏਹੁ = ਇਹੋ ਜਿਹਾ ਅਸੀਂ ਅਹੇਰਾ = ਸ਼ਿਕਾਰ ਖੇਡਿਆ ਹੈ ਅਤੇ ਕਾਮਾਦਿਕ ਵਿਕਾਰਾਂ ਨੂੰ ਵੰਡ ਕੇ ਵਸਤ ਵਿਚਾਰ ਆਦਿ ਸ਼ੁਭ ਗੁਣਾਂ ਨੂੰ ਦਾਨ ਕੀਆ = ਕਰ ਦਿੱਤਾ ਹੈ। ਹੇ ਭਾਈ! ਜੋ ਅਸੀਂ ਅਧਿਕਾਰੀ ਪੁਰਖਾਂ ਦੇ ਅਗਿਆਨ ਆਦਿਕ ਔਗੁਣ ਕੱਟ ਕੇ ਉਨ੍ਹਾਂ ਨੂੰ ਬ੍ਰਹਮ ਗਿਆਨ ਦਾ ਦਾਨ ਕਰਦੇ ਹਾਂ, ਇਹੋ ਹੀ ਅਸੀਂ ਸ਼ਿਕਾਰ ਖੇਡਦੇ ਹਾਂ **ਵਾ:** ਤੂੰ ਦਾਨੁ = ਜਾਨਣਾ ਕਰ ਕਿ ਅਸੀਂ ਐਸਾ ਵਾਹਿਗੁਰੂ ਦੀ ਅਭੇਦਤਾ ਕਰਾਉਣ ਰੂਪ ਸ਼ਿਕਾਰ ਖੇਡਦੇ ਹਾਂ, ਹੋਰ ਜੀਵ ਹਿੰਸਾ ਕਰਨ ਰੂਪ ਸ਼ਿਕਾਰ ਨਹੀਂ ਖੇਡਦੇ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨਾਂ ਕੈ = ਦੇ ਘਰਿ = ਹਿਰਦੇ ਵਿਚ ਕੇਵਲ = ਸਿਰਫ਼ ਪਰਮਾਤਮਾ ਦਾ ਨਾਮ ਹੀ ਵੱਸਦਾ ਹੈ ॥੪॥੪॥

## ਭੈਰਉ ਮਹਲਾ ੫ ॥

## ਜੇ ਸਉ ਲੋਚਿ ਲੋਚਿ; ਖਾਵਾਇਆ ॥
## ਸਾਕਤ; ਹਰਿ ਹਰਿ ਚੀਤਿ ਨ ਆਇਆ ॥੧॥

ਹੇ ਭਾਈ! ਜੇ = ਜੇਕਰ ਸਾਕਤ ਪੁਰਖ ਨੂੰ ਸਉ = ਸੈਂਕੜੇ ਵਾਰ ਲੋਚਿ ਲੋਚਿ = ਚਾਹ-ਚਾਹ ਕੇ ਗੁਰ ਉਪਦੇਸ਼ ਰੂਪੀ ਭੋਜਨ ਖਾਵਾਇਆ = ਖਵਾਲਣਾ ਕਰੀਏ।

ਤਦ ਵੀ ਸਾਕਤ = ਕਠੋਰ ਚਿੱਤ ਵਾਲੇ ਪਤਿਤ ਪੁਰਖ ਨੂੰ ਹਰਿ = ਹਰੇ ਭਰੇ ਕਰਨ ਵਾਲਾ ਹਰਿ = ਪਰਮਾਤਮਾ ਚੀਤਿ = ਚੇਤੇ ਵਿਚ ਨਹੀਂ ਆਇਆ = ਆਉਂਦਾ ॥੧॥

## ਸੰਤ ਜਨਾ ਕੀ; ਲੇਹੁ ਮਤੇ ॥ ਸਾਧਸੰਗਿ; ਪਾਵਹੁ ਪਰਮ ਗਤੇ ॥੧॥ਰਹਾਉ॥

ਹੇ ਭਾਈ! ਇਸ ਲਈ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਕੀ = ਦੀ ਮਤੇ = ਮਤ, ਸਿੱਖਿਆ ਲੇਹੁ = ਲੈਣਾ ਕਰੋ।

ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਿ = ਸੰਗਤ ਕਰਕੇ ਪਰਮ = ਵੱਡੀ ਕੈਵਲ ਗਤੇ = ਮੋਖ ਨੂੰ ਪਾਵਹੁ = ਪਾਉਣਾ ਕਰੋ ॥੧॥ਰਹਾਉ॥

***ਪ੍ਰਸ਼ਨ :*** *ਹੇ ਸਤਿਗੁਰੂ ਜੀ! ਇਹ ਸਾਕਤ ਪੁਰਖ ਸੁਧਰਦੇ ਕਿਉਂ ਨਹੀਂ?*

***ਗੁਰ-ਉੱਤਰ :***

## ਪਾਥਰ ਕਉ; ਬਹੁ ਨੀਰੁ ਪਵਾਇਆ ॥ ਨਹ ਭੀਗੈ; ਅਧਿਕ ਸੂਕਾਇਆ ॥੨॥

ਜਿਵੇਂ ਪਾਥਰ = ਪੱਥਰ ਕਉ = ਦੇ ਉੱਪਰ ਬਹੁ = ਬਹੁਤ ਸਾਰਾ ਨੀਰੁ = ਪਾਣੀ ਪਵਾਇਆ = ਪਾਇਆ ਜਾਵੇ।

ਤਦ ਵੀ ਉਹ ਅੰਦਰੋਂ ਭੀਗੈ = ਭਿੱਜਦਾ ਨਹੀਂ ਹੈ ਸਗੋਂ ਅਧਿਕ = ਬਹੁਤ ਜ਼ਿਆਦਾ ਸੂਕਾਇਆ = ਸੁੱਕਾ ਹੀ ਰਹਿੰਦਾ ਹੈ।

ਏਸੇ ਪ੍ਰਕਾਰ ਸਾਕਤ ਪੁਰਖ ਵਾਂਗ ਕਠੋਰ ਚਿੱਤ ਵਾਲਾ ਹੈ, ਉਸ ਉੱਪਰ ਭਾਵੇਂ ਸ਼ਾਸਤ੍ਰ ਗਿਆਨ ਰੂਪੀ ਬੇਅੰਤ ਪਾਨੀ ਪਾਈ ਜਾਈਏ।

ਪਰ ਉਸ ਦਾ ਮਨ ਪ੍ਰੇਮ ਵਿਚ ਭਿੱਜਦਾ ਨਹੀਂ ਹੈ, ਬਹੁਤ ਜ਼ਿਆਦਾ ਸੁੱਕਾ ਭਾਵ ਸ਼ਰਧਾ ਤੋਂ ਹੀਨ ਹੀ ਰਹਿੰਦਾ ਹੈ॥੨॥

[ਅੰਗ ੧੧੩੭]

## ਖਟੁ ਸਾਸਤ੍ਰ; ਮੂਰਖੈ ਸੁਨਾਇਆ ॥ ਜੈਸੇ; ਦਹ ਦਿਸ ਪਵਨੁ ਝੁਲਾਇਆ ॥੩॥

ਜੇਕਰ ਮੂਰਖੈ = ਬੇ-ਸਮਝ ਮਨੁੱਖ ਨੂੰ ਖਟ ਸਾਸਤ੍ਰ = ਛੇ ਸ਼ਾਸਤ੍ਰਾਂ ਦਾ ਸਿਧਾਂਤ ਸੁਣਾਇਆ ਵੀ ਜਾਵੇ ਤਾਂ ਵੀ ਉਹ ਬੇ-ਅਸਰ ਹੀ ਰਹਿੰਦਾ ਹੈ।

ਜੈਸੇ = ਜਿਸ ਪ੍ਰਕਾਰ ਦਾ ਦਿਸ = ਦਸੇ ਦਿਸ਼ਾਵਾਂ ਭਾਵ ਚਾਰ ਚੁਫੇਰਿਓਂ ਪਵਨੁ = ਹਵਾ ਦੇ ਬੁੱਲ੍ਹੇ ਝੁਲਾਇਆ = ਝੋਲਾ ਪਾਉਂਦੇ ਹਨ ਭਾਵ ਇੱਧਰੋਂ ਹਵਾ ਆਈ ਤੇ ਉਧਰ ਨੂੰ ਚਲੀ ਗਈ, ਇਹੋ ਹੀ ਸਾਕਤ ਪੁਰਖ ਦੀ ਹਾਲਤ ਹੈ, ਉਸ ਨੂੰ ਕਿਸੇ ਸਿਧਾਂਤ ਦੀ ਸਮਝ ਨਹੀਂ ਆਉਂਦੀ॥੩॥

## ਬਿਨੁ ਕਣ, ਖਲਹਾਨੁ; ਜੈਸੇ ਗਾਹ ਨ ਪਾਇਆ ॥

(ਦੂਸਰਾ ਪਾਠ **ਗਾਹਨ** ਇਕੱਠਾ ਹੈ)

ਹੇ ਭਾਈ ! ਜੈਸੇ = ਜਿਸ ਪ੍ਰਕਾਰ ਕਣ = ਦਾਨਿਆਂ ਤੋਂ ਬਿਨੁ = ਬਗ਼ੈਰ ਖਲਹਾਨੁ = ਖਲਵਾੜਿਆਂ ਵਿਚ ਤੂੜੀ ਨੂੰ ਗਾਹ = ਗਾਹਣ ਕਰਕੇ ਕਿਸੇ ਨੇ ਅਨਾਜ ਨੂੰ ਨਹੀਂ ਪਾਉਣਾ ਕੀਤਾ। ਏਸੇ ਪ੍ਰਕਾਰ ਅੰਤਹਕਰਨ ਰੂਪੀ ਖਲਵਾੜੇ ਵਿਚ ਨਿਸ਼ਕਾਮ ਕਰਮਾਂ ਰੂਪੀ ਦਾਨਿਆਂ ਤੋਂ ਬਿਨਾਂ ਸਕਾਮ ਕਰਮਾਂ ਨੂੰ ਗਾਹਣ ਕਰਕੇ ਕਿਸੇ ਨੇ ਮੁਕਤ, ਗਿਆਨ ਰੂਪੀ ਅਨਾਜ ਨਹੀਂ ਪਾਉਣਾ ਕੀਤਾ **ਅਥਵਾ** ਜੇਕਰ ਖਲਵਾੜਿਆਂ ਅੰਦਰ ਦਾਨਿਆਂ ਬਿਨਾਂ ਪਾਈ ਹੋਈ ਤੂੜੀ ਨੂੰ ਗਾਹਨ = ਗਾਹੁਣਾ ਪਾ ਛੱਡੀਏ ਤਾਂ ਉਸ ਵਿੱਚੋਂ ਕਿਸੇ ਨੇ ਕੋਈ ਅਨਾਜ ਪ੍ਰਾਪਤ ਨਹੀਂ ਕੀਤਾ। ਏਸੇ ਪ੍ਰਕਾਰ ਹਿਰਦੇ ਰੂਪੀ ਖਲਵਾੜੇ ਵਿਚ ਬ੍ਰਹਮ ਗਿਆਨ ਰੂਪੀ ਦਾਨਿਆਂ ਤੋਂ ਬਿਨਾਂ ਵਿਅਰਥ ਸਾਧਨਾ ਰੂਪੀ ਗਾਹਣ ਪਾਉਣ ਨਾਲ ਪ੍ਰਲੋਕ ਵਿਚ ਮੁਕਤ ਰੂਪੀ ਅਨਾਜ ਪ੍ਰਾਪਤ ਨਹੀਂ ਹੁੰਦਾ।

## ਤਿਉ ਸਾਕਤ ਤੇ; ਕੋ ਨ ਬਰਾਸਾਇਆ ॥੪॥

ਤਿਉ = ਤਿਵੇਂ ਹੀ ਸਾਕਤ = ਕਠੋਰ ਚਿੱਤ ਵਾਲੇ ਮਨੁੱਖ ਤੇ = ਤੋਂ ਕੋ = ਕੋਈ ਵੀ ਕੁਝ ਬਰਾਸਾਇਆ = ਲਾਭ ਪ੍ਰਾਪਤ ਨਹੀਂ ਕਰ ਸਕਦਾ॥੪॥

## ਤਿਤ ਹੀ ਲਾਗਾ; ਜਿਤੁ ਕੋ ਲਾਇਆ ॥
## ਕਹੁ ਨਾਨਕ; ਪ੍ਰਭਿ ਬਣਤ ਬਣਾਇਆ ॥੫॥੫॥

ਹੇ ਭਾਈ ! ਇਹ ਜੀਵ ਤਿਤ = ਉਸੇ ਪਾਸੇ ਹੀ ਲਾਗਾ = ਲੱਗਾ ਹੋਇਆ ਹੈ, ਜਿਤੁ = ਜਿਸ ਪਾਸੇ ਇਸ ਦੀ ਕਰਨੀ ਅਨੁਸਾਰ ਪਰਮਾਤਮਾ ਨੇ ਲਾਉਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰਭਿ = ਪਰਮਾਤਮਾ ਨੇ ਪ੍ਰਕਿਰਤੀ ਦਾ ਬਣਤ = ਪ੍ਰਬੰਧ ਹੀ ਐਸਾ ਬਣਾਇਆ = ਬਨਾਉਣਾ ਕੀਤਾ ਹੈ॥੫॥੫॥

## ਭੈਰਉ ਮਹਲਾ ੫ ॥
## ਜੀਉ ਪ੍ਰਾਣ; ਜਿਨਿ ਰਚਿਓ ਸਰੀਰ ॥
## ਜਿਨਹਿ ਉਪਾਏ; ਤਿਸ ਕਉ ਪੀਰ ॥੧॥

ਹੇ ਭਾਈ! ਇਸ ਜੀਉ = ਜ਼ਿੰਦਗੀ, ਪ੍ਰਾਣ = ਸ੍ਵਾਸਾਂ ਅਤੇ ਸਰੀਰ ਨੂੰ ਜਿਨਿ = ਜਿਸ ਪਰਮਾਤਮਾ ਨੇ ਰਚਿਓ = ਰਚਨਾ ਕੀਤਾ ਹੈ **ਵਾ:** ਜਿਸ ਪਰਮਾਤਮਾ ਨੇ ਅਸਥੂਲ ਸਰੀਰ ਰਚ ਕੇ ਇਸ ਵਿਚ ਜੀਉ = ਸੂਖਮ ਜੀਵਾਤਮਾ ਤੇ ਪ੍ਰਾਣਾਂ ਨੂੰ ਟਿਕਾਉਣਾ ਕੀਤਾ ਹੈ।

ਫੇਰ ਜਿਨਹਿ = ਜਿਸ ਪਰਮਾਤਮਾ ਨੇ ਸਾਰੇ ਖੰਡ ਬ੍ਰਹਮੰਡ ਉਪਾਏ = ਪੈਦਾ ਕੀਤੇ ਹਨ, ਤਿਸ = ਉਸ ਪਰਮਾਤਮਾ ਕਉ = ਨੂੰ ਹੀ ਸਭ ਦੇ ਪਾਲਣ ਪੋਸਣ ਦੀ ਪੀਰ = ਦਰਦ, ਚਿੰਤਾ ਹੈ॥੧॥

## ਗੁਰੁ ਗੋਬਿੰਦੁ; ਜੀਅ ਕੈ ਕਾਮ ॥
## ਹਲਤਿ ਪਲਤਿ; ਜਾ ਕੀ ਸਦ ਛਾਮ ॥੧॥ਰਹਾਉ॥

ਹੇ ਭਾਈ! ਗੁਰੁ = ਪੂਜਨ ਜੋਗ ਗੋਬਿੰਦ = ਪਰਮਾਤਮਾ **ਵਾ:** ਗੁਰੂ ਅਤੇ ਪਰਮਾਤਮਾ ਹੀ ਜੀਅ = ਹਿਰਦੇ ਕੈ = ਦੇ ਕਾਮ = ਕੰਮ ਆਉਣ ਵਾਲਾ ਹੈ।

ਜਾ = ਜਿਸ ਪਰਮਾਤਮਾ ਕੀ = ਦੀ ਹਲਤਿ ਪਲਤਿ = ਲੋਕ-ਪ੍ਰਲੋਕ ਵਿਚ ਸਦ = ਹਮੇਸ਼ਾਂ ਛਾਮ = ਛਾਂ, ਓਟ ਹੈ **ਵਾ:** ਪਰਮਾਤਮਾ ਦਾ ਹੀ ਲੋਕ-ਪ੍ਰਲੋਕ ਵਿਚ ਜਸ ਛਾਮ = ਛਾਇਆ ਹੋਇਆ ਹੈ॥੧॥ਰਹਾਉ॥

## ਪ੍ਰਭੁ ਆਰਾਧਨ; ਨਿਰਮਲ ਰੀਤਿ ॥ ਸਾਧਸੰਗਿ; ਬਿਨਸੀ ਬਿਪਰੀਤਿ ॥੨॥

ਪ੍ਰਭੁ = ਪਰਮਾਤਮਾ ਦਾ ਆਰਾਧਨ = ਸਿਮਰਨ ਕਰਨਾ ਹੀ ਨਿਰਮਲ = ਉੱਜਲ ਰੀਤਿ = ਮਰਯਾਦਾ ਹੈ।

ਜਿਸ ਨੇ ਵੀ ਸਾਧਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਕੀਤੀ ਹੈ, ਉਸ ਦੀ ਬਿਪਰੀਤਿ = ਉਲਟੀ ਬਿਰਤੀ, ਵਿਪਰੀਤ ਭਾਵਨਾ ਬਿਨਸੀ = ਨਾਸ਼ ਹੋ ਗਈ ਹੈ॥੨॥

## ਮੀਤ ਹੀਤ ਧਨੁ; ਨਹ ਪਾਰਣਾ ॥ ਧੰਨਿ ਧੰਨਿ; ਮੇਰੇ ਨਾਰਾਇਣਾ ॥੩॥

ਮੀਤ = ਮਿੱਤਰ, ਹੀਤ = ਹਿੱਤ, ਪ੍ਰੇਮ ਕਰਨ ਵਾਲੇ ਅਤੇ ਧਨੁ = ਦੌਲਤ ਆਦਿ ਨੇ ਕੋਈ ਪਾਰਣਾ = ਆਸਰਾ ਨਹ = ਨਹੀਂ ਦੇਣਾ।

ਹੇ ਮੇਰੇ ਨਾਰਾਇਣਾ = ਪਰਮਾਤਮਾ! ਇਕ ਤੂੰ ਹੀ ਆਸਰਾ ਦੇਣ ਵਾਲਾ ਹੈਂ ਇਸ ਲਈ ਤੂੰ ਧੰਨਿ ਧੰਨਿ = ਧੰਨਤਾ ਜੋਗ ਹੈਂ॥੩॥

## ਨਾਨਕੁ ਬੋਲੈ; ਅੰਮ੍ਰਿਤ ਬਾਣੀ ॥ ਏਕ ਬਿਨਾ; ਦੂਜਾ ਨਹੀ ਜਾਣੀ ॥੪॥੬॥

ਸਤਿਗੁਰੂ ਸਾਹਿਬ ਜੀ ਬੋਲੈ = ਕਥਨ ਕਰਦੇ ਹਨ ਕਿ ਅਸੀਂ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੀ ਬਾਣੀ ਹੀ ਉਚਾਰਣ ਕਰਦੇ ਹਾਂ ਕਿ :

ਏਕ = ਅਦੁੱਤੀ ਬ੍ਰਹਮ ਤੋਂ ਬਿਨਾ = ਬਗ਼ੈਰ ਉਸ ਵਰਗਾ ਕੋਈ ਹੋਰ ਦੂਜਾ = ਦੂਸਰਾ ਨਹੀਂ ਜਾਣੀ = ਜਾਣਦੇ ਹਾਂ ਭਾਵ ਇਕ ਅਕਾਲ ਪੁਰਖ ਦਾ ਹੀ ਆਸਰਾ ਤੱਕਦੇ ਹਾਂ॥੪॥੬॥

## ਭੈਰਉ ਮਹਲਾ ੫ ॥

## ਆਗੈ ਦਯੁ; ਪਾਛੈ ਨਾਰਾਇਣ ॥ ਮਧਿ ਭਾਗਿ; ਹਰਿ ਪ੍ਰੇਮ ਰਸਾਇਣ ॥੧॥

(**ਦਯੁ** ਉਚਾਰਨ **ਦਈਉ** ਹੈ)

ਆਗੈ = ਅੱਗੇ ਆਉਣ ਵਾਲੇ ਸਮੇਂ ਵਿਚ ਦਯੁ = ਪ੍ਰੇਰਕ ਪਰਮਾਤਮਾ ਹੀ ਰੱਖਿਆ ਕਰਨ ਵਾਲਾ ਹੈ, ਪਾਛੈ = ਪਿੱਛੇ ਭੂਤਕਾਲ ਵਿਚ ਵੀ ਨਾਰਾਇਣੁ = ਪਰਮਾਤਮਾ ਹੀ ਰੱਖਿਅਕ ਸੀ।

ਅਤੇ ਹੁਣ ਮਧਿ = ਵਿਚਕਾਰ ਭਾਗਿ = ਹਿੱਸੇ ਵਿਚ ਵੀ ਰਸਾਇਣ = ਰਸਾਂ ਦਾ ਘਰ ਪ੍ਰਭੂ ਹੀ ਪ੍ਰੇਮ = ਪਿਆਰ ਕਰਨ ਵਾਲਾ ਹੈ **ਅਥਵਾ** ਅੱਗੇ ਭਾਵ ਬਿਰਧ ਅਵਸਥਾ ਵਿਚ ਦਿਆਲੂ ਪ੍ਰਭੂ ਰੱਖਿਅਕ ਹੈ ਪਿੱਛੇ ਭਾਵ ਬਾਲਕ ਅਵਸਥਾ ਵਿਚ ਵੀ ਪਰਮਾਤਮਾ ਹੀ ਰੱਖਿਅਕ ਸੀ।

ਅਤੇ ਵਿਚਕਾਰਲੇ ਹਿੱਸੇ ਭਾਵ ਜਵਾਨੀ ਵਿਚ ਵੀ ਰਸਾਂ ਦਾ ਘਰ ਤੇ ਪਿਆਰਾ ਪ੍ਰਭੂ ਹੀ ਰੱਖਿਅਕ ਹੈ।

**ਅਥਵਾ** ਆਗੈ = ਅੱਗੇ ਪ੍ਰਲੋਕ ਵਿਚ ਵੀ ਦਿਆਲੂ ਪ੍ਰਭੂ ਰੱਖਿਆ ਕਰਨ ਵਾਲਾ ਹੈ, ਪਿੱਛੇ ਏਸੇ ਲੋਕ ਵਿਚ ਵੀ ਉਹੋ ਪ੍ਰਭੂ ਹੀ ਰੱਖਿਆ ਕਰਦਾ ਹੈ।

ਇਸ ਲਈ ਮਧਿ = ਹਿਰਦੇ ਰੂਪੀ ਭਾਗਿ = ਹਿੱਸੇ ਵਿਚ ਉਸ ਪ੍ਰਭੂ ਦੇ ਪ੍ਰੇਮ ਨਾਲ ਰਸਣਾ ਚਾਹੀਦਾ ਹੈ ਭਾਵ ਤਦਾਕਾਰ ਹੋਣਾ ਚਾਹੀਦਾ ਹੈ॥੧॥

## ਪ੍ਰਭੂ ਹਮਾਰੈ; ਸਾਸਤ੍ਰ ਸਉਣ ॥ ਸੂਖ ਸਹਜ ਆਨੰਦ; ਗ੍ਰਿਹ ਭਉਣ ॥੧॥ਰਹਾਉ॥

ਹਮਾਰੈ = ਸਾਡੇ ਲਈ ਤਾਂ ਪ੍ਰਭੂ = ਪਰਮਾਤਮਾ ਹੀ ਸਉਣ = ਸ਼ਗਨਾਂ ਦਾ ਸ਼ਾਸਤ੍ਰ ਹੈ ਭਾਵ ਚੰਗੇ ਮੰਦੇ ਸ਼ਗਨ ਅਪਸ਼ਗਨ ਦੱਸਣ ਵਾਲਾ ਹੈ **ਵਾ**: ਜੋਤਿਸ਼ ਸ਼ਾਸਤ੍ਰ ਹੈ।

ਸਾਡੇ ਹਿਰਦੇ ਰੂਪੀ ਗ੍ਰਿਹ = ਘਰ ਅਤੇ ਭਉਣ = ਸਰੀਰ ਵਿੱਚ ਸੂਖ ਸਹਜ = ਅਚੁੱਤ ਸੁੱਖ ਅਤੇ ਅਨੰਦ ਪ੍ਰਾਪਤ ਹੋਇਆ ਹੈ **ਅਥਵਾ** ਭਉਣ = ਸੰਸਾਰ ਅਤੇ ਗ੍ਰਿਹ = ਗਿਹਸਤ, ਘਰ ਵਿਚ ਸਹਿਜੇ ਹੀ ਸੁਖ ਸਰੂਪ ਪ੍ਰਭੂ ਦਾ ਅਨੰਦ ਪ੍ਰਾਪਤ ਹੋਇਆ ਹੈ **ਵਾ**: ਜਦੋਂ ਸਾਧ ਸੰਗਤ ਰੂਪੀ ਗ੍ਰਿਹ ਦੇ ਆਸਰੇ ਸਰੂਪ ਰੂਪੀ ਘਰ ਦੀ ਪ੍ਰਾਪਤੀ ਹੋਈ, ਤਦੋਂ ਅਚੁੱਤ ਸੁੱਖ ਰੂਪੀ ਪਰਮਾਤਮਾ ਦਾ ਅਨੰਦ ਪ੍ਰਾਪਤ ਹੋ ਗਿਆ॥੧॥ਰਹਾਉ॥

## ਰਸਨਾ ਨਾਮੁ; ਕਰਨ ਸੁਣਿ ਜੀਵੇ ॥
## ਪ੍ਰਭ ਸਿਮਰਿ ਸਿਮਰਿ; ਅਮਰ ਥਿਰੁ ਥੀਵੇ ॥੨॥

ਅਸੀਂ ਰਸਨਾ = ਜੀਭਾ ਕਰਕੇ ਵੀ ਪਰਮਾਤਮਾ ਦਾ ਨਾਮ ਜਪਦੇ ਹਾਂ ਅਤੇ ਕਰਨ = ਕੰਨਾਂ ਦੁਆਰਾ ਵੀ ਪ੍ਰਭੂ ਦਾ ਨਾਮ ਸੁਣਿ = ਸ੍ਵਨ ਕਰਕੇ ਆਤਮਿਕ ਜੀਵਨ ਵੱਲ ਜੀਵੇ = ਜਿਊਣਾ ਕਰਦੇ ਹਾਂ।

ਸਿਮਰਨੇ ਜੋਗ ਪ੍ਰਭ = ਪਰਮਾਤਮਾ ਨੂੰ ਸਿਮਰਿ ਸਿਮਰਿ = ਯਾਦ ਕਰ ਕਰਕੇ ਅਮਰ = ਮ੍ਰਿਤੂ ਤੋਂ ਰਹਿਤ ਜੀਵਨ ਪਦਵੀ ਦੁਆਰਾ ਮਨ ਥਿਰੁ = ਇਸਥਿਤ ਥੀਵੇ = ਹੋ ਗਿਆ ਹੈ॥੨॥

## ਜਨਮ ਜਨਮ ਕੇ; ਦੂਖ ਨਿਵਾਰੇ ॥ ਅਨਹਦ ਸਬਦ ਵਜੇ; ਦਰਬਾਰੇ ॥੩॥

ਸਾਡੇ ਜਨਮ ਜਨਮ = ਜਨਮਾਂ-ਜਨਮਾਤ੍ਰਾਂ ਕੇ = ਦੇ ਦੂਖ = ਕਸ਼ਟ ਪ੍ਰਭੂ ਨੇ ਨਿਵਾਰੇ = ਨਵਿਰਤ ਕਰ ਦਿੱਤੇ ਹਨ।

ਸਾਧ ਸੰਗਤ ਰੂਪੀ ਦਰਬਾਰੇ = ਦੁਆਰ ਵਿਚ ਅਨਹਦ = ਹੱਦ ਤੋਂ ਰਹਿਤ ਇਕ ਰਸ ਨਾਮ ਸਿਮਰਨ ਦੇ ਸ਼ਬਦ ਰੂਪ ਵਾਜੇ ਵਜੇ = ਵੱਜ ਆਏ ਹਨ **ਵਾ**: ਸਤਿਸੰਗਤ ਵਿਚ ਅਨਹਦ = ਇਕ ਰਸ ਸਬਦ = ਗੁਰ ਉਪਦੇਸ਼ ਦੇ ਵਾਜੇ ਵੱਜਦੇ ਹਨ॥੩॥

## ਕਰਿ ਕਿਰਪਾ ਪ੍ਰਭਿ; ਲੀਏ ਮਿਲਾਏ ॥
## ਨਾਨਕ; ਪ੍ਰਭ ਸਰਣਾਗਤਿ ਆਏ ॥੪॥੭॥

ਪ੍ਰਭਿ = ਪਰਮਾਤਮਾ ਨੇ ਆਪਣੀ ਕਿਰਪਾ = ਮਿਹਰ ਕਰਕੇ ਉਹ ਮਨੁੱਖ ਆਪਣੇ ਸਰੂਪ ਨਾਲ ਮਿਲਾਏ = ਮਿਲਾਉਣਾ ਕੀਤੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜੇ ਮਨੁੱਖ ਲਗਨ ਸ਼ਗਨ ਨੂੰ ਛੱਡ ਕੇ ਪ੍ਰਭ = ਪਰਮਾਤਮਾ ਦੀ ਸ਼ਰਨ ਵਿਚ ਆਏ ਹਨ ॥੪॥੭॥

## ਭੈਰਉ ਮਹਲਾ ੫ ॥
## ਕੋਟਿ ਮਨੋਰਥ; ਆਵਹਿ ਹਾਥ ॥ ਜਮ ਮਾਰਗ ਕੈ; ਸੰਗੀ ਪਾਂਥ ॥੧॥

ਹੇ ਭਾਈ ! ਪਰਮਾਤਮਾ ਦੇ ਨਾਮ ਸਿਮਰਨ ਨਾਲ ਗੁਰਮੁਖ ਜਨਾਂ ਦੇ ਕੋਟਿ = ਕਰੋੜਾਂ ਹੀ ਮਨੋਰਥ = ਮਨ ਦੇ ਫੁਰਨੇ ਹਾਥ = ਹੱਥ ਵਿਚ ਆਵਹਿ = ਆ ਜਾਂਦੇ ਹਨ ਭਾਵ ਸਭ ਸੰਕਲਪ ਪੂਰੇ ਹੋ ਜਾਂਦੇ ਹਨ।

ਇਹ ਨਾਮ ਹੀ ਜਮਾਂ ਦੇ ਮਾਰਗ = ਰਸਤੇ ਵਿਚ ਜੀਵ ਰੂਪ ਪਾਂਥ = ਮੁਸਾਫ਼ਿਰ ਦਾ ਸੰਗੀ = ਸਾਥੀ ਹੈ **ਵਾ:** ਜਮਾਂ ਦੇ ਰਸਤੇ ਵਿਚ ਜੀਵ ਦਾ ਸੰਗੀ ਹੋ ਕੇ ਪਾਂਥ = ਰੱਖਿਆ ਕਰਨ ਵਾਲਾ ਹੈ **ਵਾ:** ਜਿਵੇਂ ਪਾਂਥ = ਅਰਜਨ ਦੇ ਰਥਵਾਹੀ ਕ੍ਰਿਸ਼ਨ ਜੀ ਸਨ, ਏਸੇ ਪ੍ਰਕਾਰ ਜੀਵ ਰੂਪੀ ਅਰਜਨ ਦਾ ਸਾਖੀ ਰੂਪ ਪਰਮਾਤਮਾ ਆਪ ਹੀ ਰਥਵਾਹੀ ਹੋ ਕੇ ਰੱਖਿਆ ਕਰਨ ਵਾਲਾ ਹੈ **ਵਾ:** ਪਾਂਥ = ਜਲ ਦੀ ਨਿਆਈਂ ਜਿਨ੍ਹਾਂ ਦੇ ਅੰਦਰ ਪ੍ਰਭੂ ਦਾ ਪ੍ਰੇਮ ਹੈ। ਪਰਮਾਤਮਾ ਜਮਾਂ ਦੇ ਰਸਤੇ ਵਿਚ ਉਨ੍ਹਾਂ ਦਾ ਸੰਗੀ ਹੁੰਦਾ ਹੈ **ਵਾ:** ਜਮਾਂ ਦੇ ਰਸਤੇ ਨੂੰ ਮੇਟਣ ਵਾਸਤੇ ਪਰਮਾਤਮਾ ਦਾ ਨਾਮ ਹੀ ਔਸ਼ਧੀ ਰੂਪ ਹੋ ਕੇ ਸੰਗੀ ਹੈ ਅਤੇ ਕਾਮਾਦਿ ਵਿਕਾਰਾਂ ਤੋਂ ਮੇਟਣ ਵਾਲਾ ਪਾਂਥ = ਪਥ (ਪ੍ਰਹੇਜ) ਰੂਪ ਹੈ ॥੧॥

## ਗੰਗਾ ਜਲੁ; ਗੁਰ ਗੋਬਿੰਦ ਨਾਮ ॥

ਗੁਰ = ਪੂਜਨੀਕ ਗੋਬਿੰਦ = ਪਰਮਾਤਮਾ ਦਾ ਨਾਮ **ਵਾ:** ਗੁਰਾਂ ਦੁਆਰਾ ਪਰਮਾਤਮਾ ਦਾ ਨਾਮ ਉਚਾਰਣਾ ਹੀ ਅਸਲ ਗੰਗਾ ਦਾ ਜਲੁ = ਪਾਣੀ ਹੈ **ਵਾ:** ਗੰਗਾ ਰੂਪੀ ਬਿਰਤੀ ਨੂੰ ਜਲ ਦੀ ਨਿਆਈਂ ਸ਼ਾਂਤ ਕਰਨ ਵਾਲਾ ਪੂਜਨੀਕ ਪਰਮਾਤਮਾ ਦਾ ਨਾਮ ਹੀ ਹੈ।

## ਜੋ ਸਿਮਰੈ, ਤਿਸ ਕੀ ਗਤਿ ਹੋਵੈ;
## ਪੀਵਤ, ਬਹੁੜਿ ਨ ਜੋਨਿ ਭ੍ਰਮਾਮ ॥੧॥ਰਹਾਉ॥

ਜੋ = ਜਿਹੜਾ ਵੀ ਮਨੁੱਖ ਪਰਮਾਤਮਾ ਦਾ ਐਸਾ ਨਾਮ ਸਿਮਰੈ = ਧਿਆਉਣਾ ਕਰਦਾ ਹੈ, ਤਿਸ = ਉਸ ਮਨੁੱਖ ਕੀ = ਦੀ ਗਤਿ = ਕਲਿਆਣ ਹੋਵੈ = ਹੋ ਜਾਂਦੀ ਹੈ, ਉਸ ਨਾਮ ਰਸ ਨੂੰ ਪੀਵਤ = ਪੀਣ ਨਾਲ ਬਹੁੜਿ = ਮੁੜ ਕੇ ਜੋਨਿ = ਜੂਨਾਂ ਵਿਚ ਭ੍ਰਮਾਮ = ਭ੍ਰਮਣਾ ਨਹੀਂ ਹੁੰਦਾ ॥੧॥ਰਹਾਉ॥

## ਪੂਜਾ ਜਾਪ ਤਾਪ; ਇਸਨਾਨ ॥ ਸਿਮਰਤ ਨਾਮ; ਭਏ ਨਿਹਕਾਮ ॥੨॥

ਪਰਮਾਤਮਾ ਦਾ ਨਾਮ ਹੀ ਸਾਡੇ ਲਈ ਪੂਜਾ, ਮੰਤ੍ਰਾਂ ਦਾ ਜਾਪ, ਤਾਪ = ਤਪੱਸਿਆ ਅਤੇ ਠਾਕੁਰਾਂ, ਤੀਰਥਾਂ ਆਦਿ ਦਾ ਇਸ਼ਨਾਨ ਹੈ।

ਪਰਮਾਤਮਾ ਦਾ ਨਾਮ ਸਿਮਰਤ = ਸਿਮਰ ਕੇ ਅਸੀਂ ਇਨ੍ਹਾਂ ਦੀ ਨਿਹਕਾਮ = ਕਾਮਨਾ ਤੋਂ ਰਹਿਤ ਭਏ = ਹੋ ਗਏ ਹਾਂ ॥੨॥

## ਰਾਜ ਮਾਲ; ਸਾਦਨ ਦਰਬਾਰ ॥ ਸਿਮਰਤ ਨਾਮ; ਪੂਰਨ ਆਚਾਰ ॥੩॥

ਜੋ ਰਾਜ ਭਾਗ ਦੀ ਪ੍ਰਾਪਤੀ, ਮਾਲ = ਹਾਥੀ ਘੋੜੇ ਆਦਿ ਬਿਭੂਤੀ, ਸਾਦਨ = ਘਰ ਅਤੇ ਦਰਬਾਰ = ਕਚਹਿਰੀਆਂ ਲਾਉਣੀਆਂ ਹਨ।

ਪਰਮਾਤਮਾ ਦਾ ਨਾਮ ਸਿਮਰਤ = ਆਰਾਧਨ ਨਾਲ ਇਹ ਸਾਰੇ ਆਚਾਰ = ਕਰਤਬ ਪੂਰਨ = ਪੂਰੇ ਹੋ ਜਾਂਦੇ ਹਨ **ਵਾ:** ਪਰਮਾਤਮਾ ਦਾ ਨਾਮ ਸਿਮਰ ਕੇ ਉਨ੍ਹਾਂ ਨੂੰ ਪੂਰਨ ਆਚਾਰ = ਸ੍ਰੇਸ਼ਟਾਚਾਰ ਪ੍ਰਾਪਤ ਹੋਇਆ ਹੈ॥੩॥

## ਨਾਨਕ ਦਾਸ; ਇਹੁ ਕੀਆ ਬੀਚਾਰੁ ॥
## ਬਿਨੁ ਹਰਿ ਨਾਮ; ਮਿਥਿਆ ਸਭ ਛਾਰੁ ॥੪॥੮॥

ਸਤਿਗੁਰੂ ਸਾਹਿਬ ਜੀ ਦਾਸਾ ਭਾਵ ਧਾਰਨ ਕਰਕੇ ਕਥਨ ਕਰਦੇ ਹਨ ਕਿ ਅਸੀਂ ਇਹੋ ਹੀ ਵਿਚਾਰ ਕੀਆ = ਕੀਤਾ ਹੈ ਕਿ :

ਹਰਿ = ਪਰਮਾਤਮਾ ਦੇ ਨਾਮ ਤੋਂ ਬਿਨੁ = ਬਗ਼ੈਰ ਸਭ = ਸਾਰਾ ਸੰਸਾਰ ਮਿਥਿਆ = ਝੂਠਾ ਅਤੇ ਛਾਰੁ = ਸੁਆਹ ਰੂਪ ਹੈ॥੪॥੮॥

## ਭੈਰਉ ਮਹਲਾ ੫ ॥

**ਉਥਾਨਕਾ :** ਜਿਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਹੋਇਆ, ਉਸ ਸਮੇਂ ਤੋਂ ਹੀ ਪ੍ਰਿਥੀਆ ਬਹੁਤ ਖਿੱਝਿਆ ਰਹਿੰਦਾ ਸੀ ਅਤੇ ਉਸ ਨੇ ਬਾਲ ਸਤਿਗੁਰਾਂ ਨੂੰ ਮਾਰਨ ਦੇ ਅਨੇਕਾਂ ਜਤਨ ਕੀਤੇ, ਪਰ ਸਭ ਵਿਅਰਥ ਹੀ ਗਏ। ਇਕ ਦਿਨ ਪ੍ਰਿਥੀਏ ਨੇ ਉਸ ਬ੍ਰਾਹਮਣ ਨੂੰ ਬੁਲਾਇਆ, ਜੋ ਬਾਲ ਸਤਿਗੁਰਾਂ ਦਾ ਖਿਡਾਵਾ ਸੀ। ਉਸ ਨੂੰ ਪਾਸ ਬੁਲਾ ਕੇ ਪਹਿਲਾਂ ਉਸ ਦੀ ਬਹੁਤ ਵਡਿਆਈ ਕੀਤੀ ਅਤੇ ਫੇਰ ਉਸ ਨੂੰ ਪੰਜ ਸੌ ਰੁਪਏ ਦਾ ਲਾਲਚ ਦੇ ਕੇ ਬਾਲ ਸਤਿਗੁਰਾਂ ਨੂੰ ਜ਼ਹਿਰ ਦੇਣ ਲਈ ਮਨਾਇਆ। ਉਹ ਬ੍ਰਾਹਮਣ ਪੈਸਿਆਂ ਦੇ ਲਾਲਚ ਵਿਚ ਆ ਕੇ ਮੰਨ ਗਿਆ। ਤਦੋਂ ਪ੍ਰਿਥੀਏ ਨੇ ਆਪ ਉਸ ਨੂੰ ਜ਼ਹਿਰ ਲਿਆ ਕੇ ਦਿੱਤਾ। ਤਦੋਂ ਉਹ ਬ੍ਰਾਹਮਣ ਮਹਿਲਾਂ ਵਿਚ ਗਿਆ। ਸਤਿਗੁਰੂ ਸਾਹਿਬ ਹੇਠਾਂ ਬਿਰਾਜਮਾਨ ਸਨ ਅਤੇ ਇਹ ਬਾਲ ਸਤਿਗੁਰੂ ਜੀ ਨੂੰ ਖਿਡਾਉਣ ਤੇ ਦਹੀਂ ਖਵਾਉਣ ਦੇ ਬਹਾਨੇ ਚੁਬਾਰੇ ਵਿਚ ਲੈ ਗਿਆ। ਉਹ ਬ੍ਰਾਹਮਣ ਦਹੀਂ ਦਾ ਕਟੋਰਾ ਲੈ ਕੇ ਅਤੇ ਉਸ ਵਿਚ ਬਹੁਤ ਹੁਸ਼ਿਆਰੀ ਨਾਲ ਜ਼ਹਿਰ ਮਿਲਾ ਕੇ ਬਾਲ ਸਤਿਗੁਰਾਂ ਪਾਸ ਲੈ ਗਿਆ। ਸ੍ਰੀ ਗੁਰੂ ਹਰਿਗੋਬਿੰਦ ਜੀ ਉਸ ਦੇ ਭੇਤ ਨੂੰ ਸਮਝ ਕੇ ਜਾਣ-ਬੁੱਝ ਕੇ ਮੁਖ ਨੂੰ ਫੇਰੀ ਜਾਣ। ਤਦੋਂ ਉਸ ਬ੍ਰਾਹਮਣ ਨੇ ਬਾਲ ਸਤਿਗੁਰਾਂ ਦਾ ਮੂੰਹ ਫੜ ਕੇ ਬਦੋ-ਬਦੀ ਦਹੀਂ ਖਵਾਉਣਾ ਚਾਹਿਆ, ਤਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉੱਚੀ ਚੀਕ ਮਾਰੀ। ਮਾਤਾ ਗੰਗਾ ਜੀ ਨੇ ਸਤਿਗੁਰਾਂ ਨੂੰ ਕਿਹਾ ਕਿ ਸਾਡਾ ਬਾਲ ਕਦੇ ਵੀ ਇਸ ਤਰ੍ਹਾਂ ਰੋਇਆ ਨਹੀਂ ਸੀ। ਇਹ ਕੀ ਕਾਰਨ ਹੈ ? ਤਦੋਂ ਸਤਿਗੁਰਾਂ ਨੇ ਇਕ ਦਾਸ ਭੇਜ ਕੇ ਬਾਲ ਸਤਿਗੁਰਾਂ ਨੂੰ ਹੇਠਾਂ ਬੁਲਾ ਲਿਆ। ਉਹ ਬ੍ਰਾਹਮਣ ਵੀ ਨਾਲ ਆਇਆ ਅਤੇ ਉਸ ਨੇ ਕਿਹਾ ਕਿ ਸਤਿਗੁਰੂ ਜੀ ! ਮੈਂ ਇਨ੍ਹਾਂ ਨੂੰ ਦਹੀਂ ਖਵਾ ਰਿਹਾ ਹਾਂ, ਪਰ ਇਹ ਖਾ ਨਹੀਂ ਰਹੇ। ਤਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਲ ਹਰਿਗੋਬਿੰਦ ਜੀ ਨੂੰ ਆਪਣੀ ਗੋਦ ਵਿਚ ਬਿਠਾ ਕੇ ਉਹ ਦਹੀਂ ਖਵਾਉਣਾ ਚਾਹਿਆ, ਪਰ ਫੇਰ ਵੀ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ। ਤਦੋਂ ਸਤਿਗੁਰਾਂ ਨੇ ਪਲੰਘੇ ਪਾਸ ਬੈਠੇ ਛੋਟੇ ਕੱਦ ਵਾਲੀ ਜਾਤ ਦੇ ਪਿਸਤਾ ਨਾਮੀ ਇਕ ਕੁੱਤੇ ਨੂੰ ਉਸ ਦੇ ਬਰਤਨ ਵਿਚ ਉਹ ਦਹੀਂ ਪਾ ਦਿੱਤਾ। ਉਸ ਕੁੱਤੇ ਨੇ ਸੁੰਘ ਕੇ ਛੱਡ ਦਿੱਤਾ, ਪਰ ਫੇਰ ਗੁਰਾਂ ਦੇ ਕਹਿਣ ਤੋਂ ਉਸ ਨੇ ਦਹੀਂ ਖਾ ਲਿਆ। ਜਿਸ ਕਰਕੇ ਉਹ ਕੁਝ ਸਮੇਂ ਵਿਚ ਹੀ ਮਰ ਗਿਆ। ਤਦੋਂ ਸਤਿਗੁਰਾਂ ਨੇ ਉਸ ਬ੍ਰਾਹਮਣ ਨੂੰ ਕਿਹਾ ਕਿ ਤੂੰ ਇਹ ਕੀ ਖੋਟਾ ਕਰਮ ਕਰਨ ਲੱਗਾ ਸੀ। ਇਤਨੇ ਚਿਰ ਨੂੰ ਉਸ ਬ੍ਰਾਹਮਣ ਨੂੰ ਪੇਟ ਵਿਚ ਸੂਲ ਹੋਣ ਲੱਗ ਪਿਆ ਤੇ ਕੁਝ ਸਮਾਂ ਤੜਫ ਕੇ ਮਰ ਗਿਆ। ਉਸ ਸਮੇਂ ਸਤਿਗੁਰਾਂ ਨੇ ਇਹ ਸ਼ਬਦ ਉਚਾਰਨ ਕੀਤਾ।

## ਲੇਪੁ ਨ ਲਾਗੋ; ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ; ਮੂਆ ਹੋਇ ਕੈ ਸੂਲ ॥੧॥

ਹੇ ਭਾਈ! ਬਾਲ ਹਰਗੋਬਿੰਦ ਨੂੰ ਤਿਲ ਮਾਤ੍ਰ ਮੂਲਿ = ਉੱਕਾ ਹੀ ਜ਼ਹਿਰ ਕਾ = ਦਾ ਲੇਪ ਨਹੀਂ ਲਾਗੋ = ਲੱਗਿਆ ਭਾਵ ਅਸਰ ਨਹੀਂ ਹੋਇਆ।

ਇਹ ਦੁਸਟੁ = ਭੈੜਾ ਬ੍ਰਾਹਮਣ ਸੂਲ = ਪੇਟ ਵਿਚ ਤਿੱਖੀ ਪੀੜ ਹੋਇ = ਹੋਣ ਕੈ = ਦੇ ਕਰਕੇ ਮੂਆ = ਮਰ ਗਿਆ ਹੈ।

**ਅਥਵਾ** ਇਤਨਾ ਚਿਰ ਇਹ ਬ੍ਰਾਹਮਣ ਸਿੱਖ ਸੰਗਤ ਵਿਚ ਰਿਹਾ ਹੈ ਪਰ ਇਸ ਨੂੰ ਮੂਲਿ = ਕਦਾਚਿਤ ਵੀ ਤਿਲ ਮਾਤ੍ਰ ਵੀ ਗੁਰਮੁਖਤਾਈ ਦਾ ਲੇਪ ਨਹੀਂ ਲੱਗਾ ਭਾਵ ਅਸਰ ਨਹੀਂ ਹੋਇਆ ਅਤੇ

ਇਹ ਦੁਸ਼ਟ ਸੁਭਾਅ ਵਾਲਾ ਬ੍ਰਾਹਮਣ ਸੂਲ ਰੋਗ ਹੋਣ ਕਾਰਨ ਮਰ ਗਿਆ ਹੈ॥੧॥

## ਹਰਿਜਨ ਰਾਖੇ; ਪਾਰਬ੍ਰਹਮਿ ਆਪਿ ॥ ਪਾਪੀ ਮੂਆ; ਗੁਰ ਪਰਤਾਪਿ ॥੧॥ਰਹਾਉ॥

ਹਰਿਜਨ = ਪ੍ਰਭੂ ਦੇ ਭਗਤ ਪਾਰਬ੍ਰਹਮਿ = ਪ੍ਰਭੂ ਨੇ ਆਪ ਹੀ ਰਾਖੇ = ਰੱਖੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਤਾਪ ਕਰਕੇ ਇਹ ਪਾਪੀ ਬ੍ਰਾਹਮਣ ਸੂਲ ਰੋਗ ਭਾਵ ਪੇਟ ਵਿਚ ਭਿਆਨਕ ਦਰਦ ਦੀਆਂ ਝੋਬਾਂ ਪੈਣ ਨਾਲ ਮੂਆ = ਮਰ ਗਿਆ ਹੈ॥੧॥ਰਹਾਉ॥

## ਅਪਣਾ ਖਸਮੁ; ਜਨਿ ਆਪਿ ਧਿਆਇਆ ॥
## ਇਆਣਾ ਪਾਪੀ; ਓਹੁ ਆਪਿ ਪਚਾਇਆ ॥੨॥

ਖਸਮੁ = ਮਾਲਕ ਪ੍ਰਭੂ ਨੂੰ ਆਪਣਾ ਆਸਰਾ ਜਾਣ ਕੇ ਗੁਰਮੁਖ ਜਨਾਂ ਨੇ ਆਪ ਆਪਣੇ ਹਿਰਦੇ ਅੰਦਰ ਧਿਆਇਆ = ਸਿਮਰਨਾ ਕੀਤਾ ਹੈ।

ਪਰ ਜੋ ਇਆਣਾ = ਮੂਰਖ ਅਗਿਆਨੀ ਤੇ ਪਾਪੀ = ਪਾਪ ਕਰਨ ਵਾਲਾ ਬ੍ਰਾਹਮਣ **ਵਾ:** ਇਆਣਾ = ਨਿਆਣਿਆਂ ਨੂੰ ਮਾਰਨ ਵਾਲਾ ਪਾਪੀ ਬ੍ਰਾਹਮਣ ਹੈ, ਉਹ ਕਰਤਾ ਪੁਰਖ ਨੇ ਆਪ ਹੀ ਮਾਰ ਕੇ ਪਚਾਇਆ = ਨਾਸ਼ ਕਰ ਦਿੱਤਾ ਹੈ॥੨॥

## ਪ੍ਰਭ ਮਾਤ ਪਿਤਾ; ਅਪਣੇ ਦਾਸ ਕਾ ਰਖਵਾਲਾ ॥
## ਨਿੰਦਕ ਕਾ ਮਾਥਾ; ਈਹਾਂ ਊਹਾ ਕਾਲਾ ॥੩॥

ਪ੍ਰਭ = ਪਰਮਾਤਮਾ ਮਾਤ ਪਿਤਾ = ਮਾਂ ਬਾਪ ਦੀ ਨਿਆਈਂ ਆਪਣੇ ਦਾਸ = ਸੇਵਕਾਂ ਕਾ = ਦਾ ਰਖਵਾਲਾ = ਰੱਖਿਅਕ ਹੈ।

ਨਿੰਦਕ = ਨਿੰਦਿਆ ਕਰਨ ਵਾਲਿਆਂ ਕਾ = ਦਾ ਮਾਥਾ = ਮੱਥਾ, ਮੁੱਖ ਈਹਾਂ ਊਹਾ = ਇਥੇ ਉਥੇ ਭਾਵ ਲੋਕ-ਪ੍ਰਲੋਕ ਵਿਚ ਕਾਲਾ = ਕਲੰਕਿਤ ਹੁੰਦਾ ਹੈ॥੩॥

## ਜਨ ਨਾਨਕ ਕੀ; ਪਰਮੇਸਰਿ ਸੁਣੀ ਅਰਦਾਸਿ ॥
## ਮਲੇਛੁ ਪਾਪੀ ਪਚਿਆ; ਭਇਆ ਨਿਰਾਸੁ ॥੪॥੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨਾਂ ਕੀ = ਦੀ ਪਰਮੇਸਰਿ = ਪਰਮਾਤਮਾ ਨੇ ਅਰਦਾਸਿ = ਬੇਨਤੀ ਸੁਣੀ = ਸੁਣਨਾ ਕੀਤੀ ਹੈ।

ਅਤੇ ਉਹ ਮਲੇਛੁ = ਮੰਦੀ ਇੱਛਾ ਵਾਲਾ ਪਾਪੀ ਬ੍ਰਾਹਮਣ ਨਿਰਾਸੁ = ਮਾਯੂਸ ਭਇਆ = ਹੋਇਆ

ਪਚਿਆ = ਮਰ ਗਿਆ, ਭਾਵ ਉਸ ਦੀ ਬਾਲ ਸਤਿਗੁਰਾਂ ਨੂੰ ਜ਼ਹਿਰ ਦੇਣ ਅਤੇ ਧਨ ਦੀ ਇੱਛਾ ਪੂਰੀ ਨਾ ਹੋ ਸਕੀ॥੪॥੯॥

ਇਸ ਤੋਂ ਉਪਰੰਤ ਮਾਤਾ ਗੰਗਾ ਜੀ ਨੇ ਸਤਿਗੁਰਾਂ ਦੇ ਚਰਨੀਂ ਪੈ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ? ਇਹ ਤਾਂ ਬਹੁਤ ਉਪੱਦ੍ਰਵ ਹੋ ਜਾਵੇਗਾ ਲੋਕ ਕਹਿਣਗੇ ਕਿ ਸਤਿਗੁਰਾਂ ਨੇ ਘਰ ਵਿਚ ਬ੍ਰਾਹਮਣ ਨੂੰ ਮਾਰ ਦਿੱਤਾ ਹੈ। ਸੋ ਤੁਸੀਂ ਮਰੇ ਹੋਇਆਂ ਨੂੰ ਜਿਉਂਦੇ ਕਰਨ ਵਾਲੇ ਹੋ ਤੇ ਕਿਰਪਾ ਕਰਕੇ ਇਸ ਨੂੰ ਜਿਉਂਦਾ ਕਰੋ, ਨਾਲੇ ਇਹ ਪਤਾ ਲੱਗ ਸਕੇ ਕਿ ਇਹ ਕੰਮ ਇਸ ਨੇ ਆਪ ਕੀਤਾ ਹੈ ਜਾਂ ਕਿਸੇ ਨੇ ਉਸ ਪਾਸੋਂ ਕਰਵਾਇਆ ਹੈ, ਅੰਤਰਜਾਮੀ ਸਤਿਗੁਰੂ ਜੀ ਸਭ ਕੁਝ ਜਾਣਦੇ ਵੀ ਸਨ, ਫੇਰ ਵੀ ਮਾਤਾ ਗੰਗਾ ਅਤੇ ਹੋਰ ਸੰਗਤਾਂ ਦੀ ਬੇਨਤੀ ਮੰਨ ਕੇ ਸਤਿਨਾਮ ਵਾਹਿਗੁਰੂ ਕਹਿ ਕੇ ਉਸ ਨੂੰ ਜਿਉਂਦਾ ਕੀਤਾ, ਤਦੋਂ ਸਤਿਗੁਰਾਂ ਦੇ ਪੁੱਛਣ ਤੋਂ ਉਸ ਨੇ ਸਭ ਕੁਝ ਸੱਚ-ਸੱਚ ਦੱਸ ਦਿੱਤਾ ਕਿ ਇਹ ਕੰਮ ਮੇਰੇ ਪਾਸੋਂ ਪ੍ਰਿਥੀਏ ਨੇ ਕਰਵਾਇਆ ਹੈ। ਫੇਰ ਪ੍ਰਿਥੀਏ ਕੋਲੋਂ ਪੁੱਛਿਆ ਤਾਂ ਉਸ ਨੇ ਕਿਹਾ ਕਿ ਤੁਸੀਂ ਜਾਣ ਬੁੱਝ ਕੇ ਮੇਰੇ ਉਪਰ ਦੋਸ਼ ਅਰੋਪਦੇ ਹੋ ਅਤੇ ਹੋਰ ਬੁਰੇ-ਭਲੇ ਸ਼ਬਦ ਕਹਿ ਕੇ ਸ੍ਰੀ ਅੰਮ੍ਰਿਤਸਰ ਛੱਡ ਕੇ ਚਲਾ ਗਿਆ। ਉਸ ਤੋਂ ਬਾਅਦ ਉਹ ਮੁੜ ਕੇ ਸ੍ਰੀ ਅੰਮ੍ਰਿਤਸਰ ਨਹੀਂ ਆਇਆ।

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਨਾਮ ਦੀ ਮਹੱਤਤਾ ਅਤੇ ਬੇਨਤੀ ਦੀ ਬਾਬਤ ਕਥਨ ਕਰਦੇ ਹਨ।

## ਖੂਬੁ ਖੂਬੁ ਖੂਬੁ ਖੂਬੁ; ਖੂਬੁ ਤੇਰੋ ਨਾਮੁ ॥

ਹੇ ਪ੍ਰਭੂ ! ਤੇਰੋ = ਤੇਰਾ ਖੂਬੁ = ਸੁੰਦਰ ਨਾਮ ਸਤਿਜੁਗ ਵਿਚ ਵੀ ਖੂਬੁ = ਸੁੰਦਰ, ਸ੍ਰੇਸ਼ਟ ਸੀ, ਤ੍ਰੇਤੇ ਵਿਚ ਵੀ ਖੂਬੁ = ਸੁੰਦਰ ਸੀ, ਦੁਆਪਰ ਵਿਚ ਵੀ ਖੂਬੁ = ਸੁੰਦਰ ਸੀ ਅਤੇ ਹੁਣ ਕਲਿਜੁਗ ਵਿਚ ਵੀ ਖੂਬੁ = ਸੁੰਦਰ ਹੈ **ਅਥਵਾ** ਚਾਰ ਖੂਬੁ ਪਦ ਤੋਂ ਭਾਵ ਚਾਰ ਅੰਕ ਦੀ ਗਿਣਤੀ ਸਮਝ ਕੇ ਚਾਰ ਜੁੱਗਾਂ ਦੇ ਵਿੱਛੜੇ ਹੋਏ ਜੀਵਾਂ ਨੂੰ ਤੇਰਾ ਸੁੰਦਰ ਨਾਮ ਮੇਲਣ ਵਾਲਾ ਹੈ **ਵਾ:** ਚੌਹਾਂ ਖਾਣੀਆਂ ਜਾਂ ਉੱਤਮ ਮੱਧਮ, ਕਨਿਸ਼ਟ ਤੇ ਅਧਮ ਆਦਿ ਸਾਰਿਆਂ ਨੂੰ ਤੇਰਾ ਨਾਮ ਖੂਬੁ = ਖੂਬੀਆਂ ਦੇਣ ਵਾਲਾ ਹੈ **ਅਥਵਾ** ਹੇ ਮਾਇਆ ਨੂੰ ਆਪਣੀ ਸੱਤਾ ਸਫੁਰਤੀ ਦੁਆਰਾ ਖੂਬੁ = ਸੁੰਦਰ ਕਰਨ ਵਾਲੇ ਖੂਬੁ = ਸੁੰਦਰ ਪਰਮਾਤਮਾ ! ਜਿਸ ਨੇ ਖੂਬੁ = ਸ੍ਰੇਸ਼ਟ ਗੁਰਾਂ ਦੁਆਰਾ ਤੇਰਾ ਖੂਬੁ = ਸੁੰਦਰ ਨਾਮ ਜਪਿਆ ਹੈ, ਉਹ ਖੂਬੁ = ਸੁੰਦਰ ਜੀਵਨ ਵਾਲਾ ਹੋਇਆ ਹੈ।

## ਝੂਠੁ ਝੂਠੁ ਝੂਠੁ; ਝੂਠੁ ਦੁਨੀ ਗੁਮਾਨੁ ॥੧॥ਰਹਾਉ॥

ਪਰ ਦੁਨੀ = ਦੁਨੀਆਂ, ਮਾਇਆ ਦਾ ਗੁਮਾਨੁ = ਹੰਕਾਰ ਸਤਿਜੁਗ ਵਿਚ ਵੀ ਝੂਠੁ = ਝੂਠਾ ਸੀ, ਤ੍ਰੇਤੇ ਵਿਚ ਵੀ ਝੂਠੁ = ਝੂਠਾ ਸੀ, ਦੁਆਪੁਰ ਵਿਚ ਵੀ ਝੂਠੁ = ਝੂਠਾ ਸੀ ਅਤੇ ਹੁਣ ਕਲਿਜੁਗ ਵਿਚ ਵੀ ਝੂਠੁ = ਝੂਠਾ ਹੈ **ਅਥਵਾ** ਜਿਸ ਝੂਠੀ ਮਾਇਆ ਵਾਸਤੇ ਜੀਵ ਝੂਠੇ ਕਰਮ ਕਰਦਾ ਹੈ ਅਤੇ ਝੂਠ ਬੋਲਦਾ ਹੈ, ਉਸ ਦਾ ਹੰਕਾਰ ਵੀ ਝੂਠਾ ਨਾਸ਼ਵੰਤ ਹੀ ਹੈ॥੧॥ਰਹਾਉ॥

[ਅੰਗ ੧੧੩੮]

## ਨਗਜ, ਤੇਰੇ ਬੰਦੇ; ਦੀਦਾਰੁ ਅਪਾਰੁ ॥ ਨਾਮ ਬਿਨਾ; ਸਭ ਦੁਨੀਆ ਛਾਰੁ ॥੧॥

ਹੇ ਅਪਾਰੁ = ਬੇਅੰਤ ਪ੍ਰਭੂ ! ਤੇਰੇ ਬੰਦੇ = ਦਾਸ, ਭਗਤ ਨਗਜ = ਉੱਤਮ, ਸ੍ਰੇਸ਼ਟ ਜੀਵਨ ਵਾਲੇ ਹਨ, ਜੋ ਤੇਰਾ ਹੀ ਦੀਦਾਰੁ = ਦਰਸ਼ਨ ਚਾਹੁੰਦੇ ਹਨ **ਵਾ:** ਤੇਰੇ ਦਾਸ ਸ੍ਰੇਸ਼ਟ ਹਨ ਅਤੇ ਉਨ੍ਹਾਂ ਦਾ ਦਰਸ਼ਨ ਵੀ ਅਪਾਰੁ = ਪਾਰਾਵਾਰ ਤੋਂ ਰਹਿਤ ਅਸਚਰਜ ਹੀ ਹੈ **ਵਾ:** ਤੇਰੇ ਅਪਾਰ ਸਰੂਪ ਦੀ ਪ੍ਰਾਪਤੀ ਵਾਲੇ ਹਨ।

ਉਨ੍ਹਾਂ ਨੇ ਤੇਰੇ ਨਾਮ ਤੋਂ ਬਿਨਾਂ = ਬਗ਼ੈਰ, ਸਭ = ਸਾਰੀ ਦੁਨੀਆ = ਸ੍ਰਿਸ਼ਟੀ ਹੀ ਛਾਰੁ = ਸੁਆਹ ਰੂਪ ਸਮਝੀ ਹੋਈ ਹੈ। ਮਨਮੁਖਾਂ ਦੀ ਸਾਰੀ ਸ੍ਰਿਸ਼ਟੀ ਵਿਸ਼ਿਆਂ ਵਿਚ ਲੱਗਣ ਕਰਕੇ ਸੁਆਹ ਹੋ ਰਹੀ ਹੈ॥੧॥

## ਅਚਰਜੁ ਤੇਰੀ ਕੁਦਰਤਿ; ਤੇਰੇ ਕਦਮ ਸਲਾਹ ॥

ਹੇ ਪ੍ਰਭੂ! ਤੇਰੀ ਕੁਦਰਤਿ = ਸ਼ਕਤੀ, ਮਾਇਆ ਵੀ ਅਚਰਜੁ = ਅਸਚਰਜ ਰੂਪ ਹੈ ਅਤੇ ਤੇਰੇ ਕਦਮ = ਚਰਨ ਕਮਲ ਵੀ ਸਲਾਹ = ਸਾਲਾਹੁਣੇ ਜੋਗ ਹਨ।

## ਗਨੀਵ ਤੇਰੀ ਸਿਫਤਿ; ਸਚੇ ਪਾਤਿਸਾਹ ॥੨॥

ਸੱਚੇ = ਪਾਤਿਸ਼ਾਹ ਰੂਪ ਪ੍ਰਭੂ! ਤੇਰੀ ਸਿਫ਼ਤ ਵੀ ਗਨੀਵ[੧] = ਧਨੀ ਹੈ ਭਾਵ ਸ਼ੁਭ ਗੁਣਾਂ ਰੂਪੀ ਧਨ ਦੇਣ ਵਾਲੀ ਹੈ **ਵਾ:** ਤੂੰ ਸੱਚੇ = ਤ੍ਰੈਕਾਲ ਅਬਾਧ ਰੂਪ ਹੈਂ ਅਤੇ (ਪਾਤਿ + ਸਾਹ) ਸਰੂਪ, ਜਗਤ ਰੂਪੀ ਪਾਤਿ = ਤਖ਼ਤ ਦਾ ਸਾਹ = ਮਾਲਕ ਰੂਪ ਹੈਂ॥੨॥

## ਨੀਧਰਿਆ ਧਰ; ਪਨਹ ਖੁਦਾਇ ॥ ਗਰੀਬ ਨਿਵਾਜੁ; ਦਿਨੁ ਰੈਣਿ ਧਿਆਇ ॥੩॥

ਹੇ ਨੀਧਰਿਆ = ਨਿਆਸਰਿਆਂ ਨੂੰ ਧਰ = ਆਸਰਾ ਦੇਣ ਵਾਲੇ ਖੁਦਾਇ = ਪ੍ਰਭੂ! ਅਸੀਂ ਤੇਰੀ ਪਨਹ = ਸ਼ਰਨ ਵਿਚ ਆਏ ਹਾਂ।

ਹੇ ਗ਼ਰੀਬਾਂ ਨੂੰ ਨਿਵਾਜੁ = ਵਡਿਆਉਣ ਵਾਲੇ ਪ੍ਰਭੂ ਐਸੀ ਕ੍ਰਿਪਾ ਕਰ ਕਿ ਅਸੀਂ ਦਿਨ ਰੈਣਿ = ਰਾਤ ਤੈਨੂੰ ਧਿਆਇ = ਸਿਮਰਨਾ ਕਰੀਏ॥੩॥

## ਨਾਨਕ ਕਉ; ਖੁਦਿ ਖਸਮ ਮਿਹਰਵਾਨ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਬੇਨਤੀ ਕਰਨ ਤੋਂ ਸਾਡੇ ਜਨਾਂ ਕਉ = ਦੇ ਉਪਰ ਖਸਮ = ਮਾਲਕ ਖੁਦਿ = ਆਪ ਮਿਹਰਵਾਨ = ਦਿਆਲੂ ਹੋਇਆ ਹੈ।

## ਅਲਹੁ ਨ ਵਿਸਰੈ; ਦਿਲ ਜੀਅ ਪਰਾਨ ॥੪॥੧੦॥

ਸਾਡੇ ਦਿਲ = ਹਿਰਦੇ, ਜੀਅ = ਜ਼ਿੰਦਗੀ ਅਤੇ ਪਰਾਨ = ਸੁਆਸਾਂ ਦਾ ਆਸਰਾ ਅਲਹੁ = ਪਾਕ ਪਵਿੱਤਰ ਰੂਪ ਪ੍ਰਭੂ ਹੁਣ ਵਿਸਰੈ = ਭੁੱਲਦਾ ਨਹੀਂ ਹੈ **ਵਾ:** ਹੇ ਅਲਹੁ = ਪਾਕ ਰੂਪ ਪ੍ਰਭੂ! ਤੂੰ ਸਾਨੂੰ ਕਦੇ ਵੀ ਭੁੱਲਣਾ ਨਾ ਕਰ, ਅਸੀਂ ਤੈਨੂੰ ਸਭ ਜੀਵਾਂ ਦੇ ਦਿਲ ਅੰਦਰ ਵਿਆਪਕ ਪਰਾਨ = ਪਛਾਣਨਾ ਕਰੀਏ॥੪॥੧੦॥

## ਭੈਰਉ ਮਹਲਾ ੫ ॥

## ਸਾਚ ਪਦਾਰਥੁ; ਗੁਰਮੁਖਿ ਲਹਹੁ ॥ ਪ੍ਰਭ ਕਾ ਭਾਣਾ; ਸਤਿ ਕਰਿ ਸਹਹੁ ॥੧॥

ਹੇ ਭਾਈ! ਸਾਚ = ਸੱਚਾ ਨਾਮ ਰੂਪੀ ਪਦਾਰਥ ਗੁਰਮੁਖਿ = ਮੁਖੀ ਗੁਰਾਂ ਦੁਆਰਾ ਲਹਹੁ = ਪ੍ਰਾਪਤ ਕਰੋ।

ਪ੍ਰਭ = ਪਰਮਾਤਮਾ ਕਾ = ਦਾ ਭਾਣਾ = ਹੁਕਮ ਸਤਿ = ਸੱਚਾ ਮੰਨ ਕਰਿ = ਕਰਕੇ ਸਹਹੁ = ਸਹਾਰਨਾ ਕਰੋ॥੧॥

## ਜੀਵਤ ਜੀਵਤ; ਜੀਵਤ ਰਹਹੁ ॥ ਰਾਮ ਰਸਾਇਣੁ; ਨਿਤ ਉਠਿ ਪੀਵਹੁ ॥

ਹੇ ਭਾਈ! ਫੇਰ ਤੁਸੀਂ ਤਿੰਨਾਂ ਕਾਲਾਂ ਵਿਚ ਜੀਵਤ = ਜਿਉਂਦੇ ਰਹੋ, ਜੀਵਤ = ਜਿਉਂਦੇ ਰਹੋ, ਜੀਵਤ = ਜਿਉਂਦੇ ਰਹਹੁ = ਰਹੋ **ਅਥਵਾ** ਜੀਵਤ-ਭਾਵ ਨੂੰ ਤਿਆਗ ਕੇ ਜੀਵਨ ਸਰੂਪ ਪ੍ਰਭੂ ਨੂੰ ਪਾ ਕੇ ਸਦਾ ਜਿਉਂਦੇ ਰਹੋ।

---

੧. **ਗਨੀ** = ਧਨੀ ਅਰਬੀ ਵਿਚ ਗਨੀ ਨੂੰ ਧਨੀ ਕਿਹਾ ਜਾਂਦਾ ਹੈ, ਇਸ ਕਰਕੇ ਗਨੀਵ ਦਾ ਅਰਥ ਧਨੀ ਕੀਤਾ ਹੈ।

ਰਸਾਇਣੁ = ਰਸਾਂ ਦੇ ਘਰ ਰਾਮ = ਪਰਮਾਤਮਾ ਦੇ ਨਾਮ ਨੂੰ ਨਿਤ = ਨਿਤਾਪ੍ਰਤੀ ਅੰਮ੍ਰਿਤ ਵੇਲੇ ਉੱਠ ਕੇ ਪੀਵਹੁ = ਪੀਣਾ ਕਰੋ।

## ਹਰਿ ਹਰਿ ਹਰਿ ਹਰਿ; ਰਸਨਾ ਕਹਹੁ ॥੧॥ਰਹਾਉ॥

ਹਰਿ = ਹਰੇਕ ਦੇ ਪਾਪਾਂ ਨੂੰ ਹਰਿ = ਹਰਨ ਵਾਲੇ ਤੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਨਾਮ ਨੂੰ ਆਪਣੀ ਰਸਨਾ = ਜੀਭਾ ਦੁਆਰਾ ਕਹਹੁ = ਕਹਿਣਾ ਕਰੋ ॥੧॥ਰਹਾਉ॥

## ਕਲਿਜੁਗ ਮਹਿ; ਇਕ ਨਾਮਿ ਉਧਾਰੁ ॥ ਨਾਨਕੁ ਬੋਲੈ; ਬ੍ਰਹਮ ਬੀਚਾਰੁ ॥੨॥੧੧॥

ਇਸ ਕਲਿਜੁਗ ਮਹਿ = ਵਿਚ ਇਕ ਪਰਮਾਤਮਾ ਦਾ ਨਾਮ ਹੀ ਜੀਵਾਂ ਦਾ ਉਧਾਰੁ = ਪਾਰ-ਉਤਾਰਾ ਕਰਨ ਵਾਲਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਬ੍ਰਹਮ = ਪਰਮਾਤਮਾ ਦੀ ਪ੍ਰਾਪਤੀ ਵਾਲੀ ਵਿਚਾਰ ਨੂੰ ਹੀ ਬੋਲੈ = ਕਥਨ ਕਰਦੇ ਹਾਂ ॥੨॥੧੧॥

## ਭੈਰਉ ਮਹਲਾ ੫ ॥

## ਸਤਿਗੁਰੁ ਸੇਵਿ; ਸਰਬ ਫਲ ਪਾਏ ॥ ਜਨਮ ਜਨਮ ਕੀ; ਮੈਲੁ ਮਿਟਾਏ ॥੧॥

ਜਿਨ੍ਹਾਂ ਨੇ ਸਤਿਗੁਰਾਂ ਨੂੰ ਸੇਵਿ = ਸੇਵਨਾ ਕੀਤਾ ਹੈ, ਉਨ੍ਹਾਂ ਨੇ ਧਰਮ, ਅਰਥ, ਕਾਮ, ਮੋਖ ਰੂਪੀ ਸਰਬ = ਸਾਰੇ ਫਲ ਪਾਏ = ਪਾ ਲਏ ਹਨ।

ਅਤੇ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਕੀ = ਦੀ ਪਾਪਾਂ ਰੂਪੀ ਮੈਲੁ = ਮਲੀਨਤਾਈ ਮਿਟਾਏ = ਮੇਟ ਲੈਂਦੇ ਹਨ ॥੧॥

## ਪਤਿਤ ਪਾਵਨ; ਪ੍ਰਭ ਤੇਰੋ ਨਾਉ ॥
## ਪੂਰਬਿ ਕਰਮ ਲਿਖੇ; ਗੁਣ ਗਾਉ ॥੧॥ਰਹਾਉ॥

ਹੇ ਪ੍ਰਭ = ਪ੍ਰਭੂ ! ਤੇਰੋ = ਤੇਰਾ ਨਾਉ = ਨਾਮ ਪਤਿਤ = ਪਾਪੀਆਂ ਨੂੰ ਪਾਵਨ = ਪਵਿੱਤਰ ਕਰਨ ਵਾਲਾ ਹੈ।

ਜਿਨ੍ਹਾਂ ਦੇ ਪੂਰਬਿ = ਪੂਰਬਲੇ ਨਿਸ਼ਕਾਮ ਕਰਮ ਲਿਖੇ ਹੋਏ ਹਨ, ਉਹ ਇਸ ਮਨੁੱਖਾ ਜਨਮ ਨੂੰ ਪਾ ਕੇ ਤੇਰੇ ਗੁਣ ਗਾਉ = ਗਾਉਂਦੇ ਹਨ ॥੧॥ਰਹਾਉ॥

## ਸਾਧੂ ਸੰਗਿ; ਹੋਵੈ ਉਧਾਰੁ ॥ ਸੋਭਾ ਪਾਵੈ; ਪ੍ਰਭ ਕੈ ਦੁਆਰ ॥੨॥

ਉਨ੍ਹਾਂ ਦਾ ਸਾਧੂ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਿ = ਸੰਗਤ ਕਰਕੇ ਸੰਸਾਰ ਤੋਂ ਉਧਾਰੁ = ਪਾਰ-ਉਤਾਰਾ ਹੁੰਦਾ ਹੈ।

ਹੇ ਪ੍ਰਭ = ਪ੍ਰਭੂ ! ਆਪ ਜੀ ਕੈ = ਦੇ ਸਤਿਸੰਗਤ, ਸਚਖੰਡ ਰੂਪੀ ਦੁਆਰ = ਦਰ ਵਿਚ ਜਾ ਕੇ ਉਹ ਸੋਭਾ = ਵਡਿਆਈ ਪਾਵੈ = ਪਾਉਂਦੇ ਹਨ ॥੨॥

## ਸਰਬ ਕਲਿਆਣ; ਚਰਣ ਪ੍ਰਭ ਸੇਵਾ ॥ ਧੂਰਿ ਬਾਛਹਿ; ਸਭਿ ਸੁਰਿ ਨਰ ਦੇਵਾ ॥੩॥

ਹੇ ਪ੍ਰਭ = ਪਰਮਾਤਮਾ ! ਤੇਰੇ ਚਰਨਾਂ ਦੀ ਸੇਵਾ = ਟਹਿਲ (ਭਗਤੀ) ਕਰਕੇ ਸਰਬ = ਸਾਰੇ ਕਲਿਆਣ = ਸੁੱਖ ਪ੍ਰਾਪਤ ਹੁੰਦੇ ਹਨ **ਵਾ:** ਸਭ ਪ੍ਰਕਾਰ ਦੀਆਂ ਕਲਿਆਣ = ਮੁਕਤੀਆਂ ਪ੍ਰਾਪਤ ਹੁੰਦੀਆਂ ਹਨ।

ਇਸ ਲਈ ਸੁਰਿ = ਦੈਵੀ ਸੰਪਦਾ ਵਾਲੇ ਨਰ = ਮਨੁੱਖ ਅਤੇ ਦੇਵਾ = ਦੇਵਤੇ **ਵਾ:** ਸੁਰਿ = ਛੋਟੇ ਦੇਵਤੇ; ਨਰ = ਬਹਾਦਰ ਅਤੇ ਦੇਵਾ = ਵੱਡੇ ਦੇਵਤੇ ਸਭਿ = ਸਾਰੇ ਹੀ ਤੇਰੀ ਚਰਣ ਧੂਰਿ = ਧੂੜੀ ਬਾਛਹਿ = ਚਾਹੁੰਦੇ ਹਨ ॥੩॥

## ਨਾਨਕ; ਪਾਇਆ ਨਾਮ ਨਿਧਾਨੁ ॥
## ਹਰਿ ਜਪਿ ਜਪਿ; ਉਧਰਿਆ ਸਗਲ ਜਹਾਨੁ ॥੪॥੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ! ਅਸੀਂ ਗੁਰਾਂ ਦੁਆਰਾ ਤੇਰੇ ਨਾਮ ਦੇ ਨਿਧਾਨੁ = ਖ਼ਜ਼ਾਨੇ ਨੂੰ ਪਾਇਆ = ਪਾਉਣਾ ਕੀਤਾ ਹੈ।

ਹੇ ਹਰਿ = ਪ੍ਰਭੂ! ਤੇਰੇ ਇਸ ਨਾਮ ਦੇ ਖ਼ਜ਼ਾਨੇ ਨੂੰ ਜਪਿ ਜਪਿ = ਸਿਮਰ ਸਿਮਰ ਕੇ ਸਗਲ = ਸਾਰਾ ਜਹਾਨੁ = ਸੰਸਾਰ ਉਧਰਿਆ = ਪਾਰ ਹੋ ਰਿਹਾ ਹੈ॥੪॥੧੨॥

## ਭੈਰਉ ਮਹਲਾ ੫ ॥

ਇਹ ਸ਼ਬਦ ਸੁਲਹੀ ਖ਼ਾਨ ਦੇ ਚੜ੍ਹ ਕੇ ਆਉਣ ਤੇ ਆਵੇ ਵਿਚ ਝੁਲਸ ਕੇ ਮਰ ਜਾਣ ਦੀ ਖ਼ਬਰ ਸੁਣ ਕੇ ਸਤਿਗੁਰਾਂ ਨੇ ਸਿੱਖ ਸੰਗਤਾਂ ਨੂੰ ਪਰਮਾਤਮਾ ਉੱਪਰ ਭਰੋਸਾ ਦ੍ਰਿੜ੍ਹ ਕਰਵਾਉਂਦਿਆਂ ਰੱਖਿਆ ਦਾ ਸ਼ਬਦ ਉਚਾਰਣ ਕੀਤਾ।

## ਅਪਨੇ ਦਾਸ ਕਉ; ਕੰਠਿ ਲਗਾਵੈ ॥ ਨਿੰਦਕ ਕਉ; ਅਗਨਿ ਮਹਿ ਪਾਵੈ ॥੧॥

ਹੇ ਭਾਈ! ਉਹ ਪਰਮਾਤਮਾ ਆਪਨੇ ਦਾਸ = ਸੇਵਕਾਂ ਕਉ = ਨੂੰ ਆਪਣੇ ਕੰਠਿ = ਗਲੇ ਨਾਲ ਲਗਾਵੈ = ਲਗਾਉਣਾ ਕਰਦਾ ਹੈ।

ਨਿੰਦਕ = ਨਿੰਦਿਆ ਕਰਨ ਵਾਲੇ ਕਉ = ਨੂੰ ਪ੍ਰਤੱਖ **ਵਾ:** ਨਰਕਾਂ ਦੀ ਅਗਨਿ = ਅੱਗ ਮਹਿ = ਵਿਚ ਪਾਵੈ = ਪਾਉਣਾ ਕਰਦਾ ਹੈ॥੧॥

## ਪਾਪੀ ਤੇ; ਰਾਖੇ ਨਾਰਾਇਣ ॥

ਹੇ ਭਾਈ! ਪਾਪੀ = ਪਾਪ ਕਰਮ ਕਰਨ ਵਾਲੇ ਤੇ = ਤੋਂ ਨਾਰਾਇਣ = ਪਰਮਾਤਮਾ ਆਪਣੇ ਪਿਆਰਿਆਂ ਦੀ ਆਪ ਹੀ ਰਾਖੇ = ਰੱਖਿਆ ਕਰਦਾ ਹੈ।

## ਪਾਪੀ ਕੀ ਗਤਿ ਕਤਹੂ ਨਾਹੀ; ਪਾਪੀ ਪਚਿਆ ਆਪ ਕਮਾਇਣ ॥੧॥ਰਹਾਉ॥

ਪਾਪੀ = ਪਾਪ ਕਰਨ ਵਾਲੇ ਮਨੁੱਖ ਕੀ = ਦੀ ਗਤਿ = ਕਲਿਆਣ ਕਤਹੂ = ਕਿਸੇ ਪ੍ਰਕਾਰ ਵੀ ਨਾਹੀ = ਨਹੀਂ ਹੋ ਸਕਦੀ, ਪਾਪੀ = ਪਾਪ ਕਰਨ ਵਾਲਾ ਮਨੁੱਖ ਆਪਣੇ ਕਮਾਇਣ = ਕਮਾਏ ਕਰਮਾਂ ਅਨੁਸਾਰ ਹੀ ਏਥੇ ਪ੍ਰਤੱਖ, ਈਰਖਾ ਆਦਿ ਅਤੇ ਪ੍ਰਲੋਕ ਵਿਚ ਨਰਕਾਂ ਦੀ ਅੱਗ ਅੰਦਰ ਪਚਿਆ = ਸੜਦਾ ਰਹਿੰਦਾ ਹੈ॥੧॥ਰਹਾਉ॥

## ਦਾਸ; ਰਾਮ ਜੀਉ, ਲਾਗੀ ਪ੍ਰੀਤਿ ॥ ਨਿੰਦਕ ਕੀ; ਹੋਈ ਬਿਪਰੀਤਿ ॥੨॥

ਪ੍ਰਭੂ ਦੇ ਦਾਸ = ਸੇਵਕ ਦੀ ਰਾਮ ਜੀਉ = ਪ੍ਰਭੂ ਜੀ ਨਾਲ ਹੀ ਪ੍ਰੀਤਿ = ਪ੍ਰੀਤੀ ਲਾਗੀ = ਲੱਗੀ ਰਹਿੰਦੀ ਹੈ।

ਨਿੰਦਕ = ਨਿੰਦਿਆ ਕਰਨ ਵਾਲੇ ਪਾਪੀ ਮਨੁੱਖ ਕੀ = ਦੀ ਬਿਪਰੀਤਿ = ਉਲਟੀ ਹੀ ਰੀਤ ਹੋਈ ਹੈ,

ਅਰਥਾਤ ਸੇਵਕ ਤਾਂ ਪ੍ਰਭੂ ਦੀ ਪ੍ਰੀਤ ਕਰਕੇ ਪ੍ਰਭੂ ਦੇ ਚਰਨਾਂ ਵਿਚ ਬਿਰਾਜਦੇ ਹਨ ਅਤੇ ਨਿੰਦਕ ਪੁਰਖ ਨਰਕ ਦੀ ਅੱਗ ਵਿਚ ਸੜਦੇ ਹਨ ॥੨॥

## ਪਾਰਬ੍ਰਹਮਿ; ਅਪਨਾ ਬਿਰਦੁ ਪ੍ਰਗਟਾਇਆ ॥
## ਦੋਖੀ; ਅਪਨਾ ਕੀਤਾ ਪਾਇਆ ॥੩॥

ਪਾਰਬ੍ਰਹਮਿ = ਪਰਮਾਤਮਾ ਨੇ ਭਗਤ ਵੱਛਲਤਾ ਵਾਲਾ ਆਪਣਾ ਬਿਰਦੁ = ਧਰਮ ਪ੍ਰਗਟਾਇਆ = ਪ੍ਰਗਟ ਕੀਤਾ ਹੈ।

ਦੋਖੀ = ਪਾਪ ਕਰਨ ਵਾਲੇ ਮਨੁੱਖ (ਸੁਲਹੀ) ਨੇ ਆਪਣਾ ਕੀਤਾ ਹੋਇਆ ਕਰਮ ਫਲ ਪਾਇਆ = ਪਾਉਣਾ ਕੀਤਾ ਹੈ ॥੩॥

## ਆਇ ਨ ਜਾਈ; ਰਹਿਆ ਸਮਾਈ ॥
## ਨਾਨਕ ਦਾਸ; ਹਰਿ ਕੀ ਸਰਣਾਈ ॥੪॥੧੩॥

ਜਿਹੜਾ ਪ੍ਰਭੂ ਆਇ = ਆਉਂਦਾ ਜਾਈ = ਜਾਂਦਾ ਨਹੀਂ ਹੈ ਅਤੇ ਸਰਬ = ਸਭ ਥਾਵਾਂ ਵਿਚ ਸਮਾਈ = ਸਮਾਅ, ਵਿਆਪਕ ਹੋ ਰਿਹਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਦਾਸ = ਸੇਵਕ ਉਸ ਹਰਿ = ਪ੍ਰਭੂ ਕੀ = ਦੀ ਸਰਣਾਈ = ਸ਼ਰਨ ਵਿਚ ਪਇਆ ਹਾਂ ॥੪॥੧੩॥

## ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਰਾਗੁ ਭੈਰਉ ਦੇ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਵਿਚ ਚਉਪਦੇ = ਚਾਰ-ਚਾਰ ਪਦਿਆਂ ਵਾਲੇ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓੰ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸ੍ਰੀਧਰ ਮੋਹਨ ਸਗਲ ਉਪਾਵਨ; ਨਿਰੰਕਾਰ ਸੁਖਦਾਤਾ ॥

ਜੋ ਪਰਮਾਤਮਾ ਸ੍ਰੀਧਰ = ਮਾਇਆ, ਸ਼ੋਭਾ ਨੂੰ ਧਾਰਨ ਵਾਲਾ, ਸਭ ਨੂੰ ਮੋਹਨ = ਮੋਹ ਲੈਣ ਵਾਲਾ, ਸਗਲ = ਸਭ ਨੂੰ ਉਪਾਵਨ = ਪੈਦਾ ਕਰਨ ਵਾਲਾ, ਨਿਰੰਕਾਰ = ਆਕਾਰਾਂ ਤੋਂ ਰਹਿਤ ਅਤੇ ਸਾਰੇ ਸੁਖਦਾਤਾ = ਸੁੱਖਾਂ ਨੂੰ ਦੇਣ ਵਾਲਾ ਹੈ।

## ਐਸਾ ਪ੍ਰਭੁ ਛੋਡਿ, ਕਰਹਿ ਅਨ ਸੇਵਾ; ਕਵਨ ਬਿਖਿਆ ਰਸ ਮਾਤਾ ॥੧॥

ਐਸਾ = ਅਜਿਹਾ ਪ੍ਰਭੁ = ਪਰਮਾਤਮਾ ਛੋਡਿ = ਛੱਡ ਕੇ ਜੋ ਅਨ = ਹੋਰ ਦੇਵੀ ਦੇਵਤਿਆਂ ਦੀ ਸੇਵਾ = ਟਹਿਲ ਕਰਹਿ = ਕਰਦਾ ਹੈ, ਉਹ ਕਵਨ = ਕਿਹੜੇ ਬੁਰੇ ਬਿਖਿਆ = ਵਿਸ਼ਿਆਂ, ਮਾਇਆ ਦੇ ਰਸਾਂ ਵਿਚ ਮਾਤਾ = ਮਸਤ ਹੋਇਆ ਪਿਆ ਹੈ ॥੧॥

## ਰੇ ਮਨ ਮੇਰੇ; ਤੂ ਗੋਵਿਦ ਭਾਜੁ ॥

ਰੇ = ਹੇ ਮੇਰੇ ਮਨਾਂ ! ਤੂੰ ਗੋਵਿਦ = ਪਰਮਾਤਮਾ ਨੂੰ ਭਾਜੁ = ਸਿਮਰਨਾ ਕਰ।

## ਅਵਰ ਉਪਾਵ ਸਗਲ ਮੈ ਦੇਖੇ;
## ਜੋ ਚਿਤਵੀਐ, ਤਿਤੁ ਬਿਗਰਸਿ ਕਾਜੁ ॥੧॥ਰਹਾਉ॥

ਮੈਂ ਅਵਰ = ਹੋਰ ਸਗਲ = ਸਾਰੇ ਉਪਾਵ = ਜਤਨ ਕਰਕੇ ਦੇਖੇ = ਵੇਖ ਲਏ ਹਨ, ਪਰਮਾਤਮਾ ਤੋਂ ਬਿਨਾਂ ਜੋ = ਜਿਹੜਾ ਕੁਝ ਵੀ ਚਿਤਵੀਐ = ਚਿਤਵਨਾ ਕਰੀਦਾ ਹੈ, ਤਿਤੁ = ਉਸ ਨਾਲ ਸਗੋਂ ਕਾਜੁ = ਕੰਮ ਬਿਗਰਸਿ = ਵਿਗੜਦੇ ਹੀ ਹਨ ॥੧॥ਰਹਾਉ॥

## ਠਾਕੁਰੁ ਛੋਡਿ, ਦਾਸੀ ਕਉ ਸਿਮਰਹਿ; ਮਨਮੁਖ ਅੰਧ ਅਗਿਆਨਾ ॥

ਜੋ ਠਾਕੁਰੁ = ਮਾਲਕ ਪਰਮਾਤਮਾ ਨੂੰ ਛੋਡਿ = ਛੱਡ ਕੇ ਉਸ ਦੀ ਦਾਸੀ ਮਾਇਆ ਕਉ = ਨੂੰ ਸਿਮਰਹਿ = ਯਾਦ ਕਰਦੇ ਰਹਿੰਦੇ ਹਨ, ਉਹ ਮਨਮੁਖ = ਮਨ ਦੇ ਮਗਰ ਲੱਗਣ ਵਾਲੇ ਅਗਿਆਨਾ = ਗਿਆਨ ਤੋਂ ਹੀਣੇ ਅੰਧ = ਅੰਨ੍ਹੇ ਹਨ ਭਾਵ ਉਨ੍ਹਾਂ ਦੀਆਂ ਮਨ ਬੁੱਧ ਰੂਪੀ ਅੱਖਾਂ ਵਿਚ ਵਿਚਾਰ ਰੂਪੀ ਨਿਗ੍ਹਾ ਨਾ ਪੈਣ ਹੋਣ ਕਾਰਨ ਅਗਿਆਨਤਾ ਦਾ ਹਨੇਰਾ ਛਾਇਆ ਹੋਇਆ ਹੈ।

## ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ; ਨਿਗੁਰੇ ਪਸੂ ਸਮਾਨਾ ॥੨॥

ਜੋ ਮਨੁੱਖ ਹਰਿ = ਪਰਮਾਤਮਾ ਕੀ = ਦੀ ਭਗਤਿ = ਭਗਤੀ ਕਰਹਿ = ਕਰਦੇ ਹਨ, ਉਹ ਮਨਮੁਖ ਤਿਨ = ਉਨ੍ਹਾਂ ਨੂੰ ਨਿੰਦਹਿ = ਨਿੰਦਦੇ ਹਨ, ਉਹ ਮਨਮੁਖ ਲੋਕ ਮਨੁੱਖਾ ਦੇਹ ਨੂੰ ਪਾ ਕੇ ਨਿਗੁਰੇ = ਗੁਰਾਂ ਤੋਂ ਬਿਨਾਂ ਹੋਣ ਕਾਰਨ ਪਸ਼ੂਆਂ ਦੇ ਸਮਾਨਾ = ਬਰਾਬਰ ਹਨ ॥੨॥

## ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ; ਸਾਕਤ ਕਹਤੇ ਮੇਰਾ ॥

ਹੇ ਭਾਈ ! ਇਹ ਜੀਉ = ਜੀਵਾਤਮਾ, ਜ਼ਿੰਦਗੀ, ਪਿੰਡੁ = ਸਥੂਲ ਸਰੀਰ, ਤਨੁ = ਸੂਖਮ ਸਰੀਰ, **ਵਾ:** ਤਨੁ = ਪੁੱਤਰ, ਧਨੁ = ਦੌਲਤ ਆਦਿ ਸਭੁ = ਸਾਰਾ ਕੁਝ ਪ੍ਰਭ = ਪਰਮਾਤਮਾ ਕਾ = ਦਾ ਹੀ ਦਿੱਤਾ ਹੋਇਆ ਹੈ, ਪਰ ਸਾਕਤ = ਕਠੋਰ ਚਿੱਤ ਵਾਲੇ ਮਨਮੁਖ ਪੁਰਖ ਕਹਤੇ = ਕਹਿੰਦੇ ਹਨ ਕਿ ਇਹ ਸਭ ਕੁਝ ਮੇਰਾ = ਸਾਡਾ ਹੈ ਭਾਵ ਪ੍ਰਭੂ ਦੀ ਦਾਤ ਵਿਚ ਅਪਣੱਤ ਕਰੀ ਬੈਠੇ ਹਨ।

[ਅੰਗ ੧੧੩੯]

## ਅਹੰਬੁਧਿ ਦੁਰਮਤਿ ਹੈ ਮੈਲੀ; ਬਿਨੁ ਗੁਰ ਭਵਜਲਿ ਫੇਰਾ ॥੩॥

ਅਹੰਬੁਧਿ = ਹੰਕਾਰ ਵਾਲੀ ਬੁੱਧੀ ਦੇ ਕਾਰਨ ਉਨ੍ਹਾਂ ਦੀ ਦੁਰਮਤਿ = ਅਕਲ ਖੋਟੀ ਅਤੇ ਮੈਲੀ = ਮਲੀਨ ਹੋ ਰਹੀ ਹੈ, ਸਤਿਗੁਰਾਂ ਨੂੰ ਧਾਰਨ ਤੋਂ ਬਿਨੁ = ਬਗ਼ੈਰ ਉਨ੍ਹਾਂ ਦਾ ਭਵਜਲਿ = ਸੰਸਾਰ-ਸਮੁੰਦ੍ਰ ਵਿਚ ਫੇਰਾ = ਚੱਕਰ ਲੱਗਦਾ ਰਹਿੰਦਾ ਹੈ ਭਾਵ ਜੰਮਦੇ ਮਰਦੇ ਰਹਿੰਦੇ ਹਨ ॥੩॥

## ਹੋਮ ਜਗ ਜਪ ਤਪ ਸਭਿ ਸੰਜਮ; ਤਟਿ ਤੀਰਥਿ ਨਹੀ ਪਾਇਆ ॥

ਹੋਮ = ਹਵਨ, ਜਗ, ਮੰਤ੍ਰਾਂ ਦੇ ਜਪ = ਜਾਪ, ਤਪ = ਤਪੱਸਿਆ ਅਤੇ ਸਭਿ = ਸਾਰੇ ਸੰਜਮ = ਵਰਤ, ਇੰਦ੍ਰੀਆਂ ਨੂੰ ਦਮਨ ਕਰਨ ਦੇ ਸਾਧਨ ਕਰਨ ਨਾਲ, ਤੀਰਥਾਂ ਦੇ ਤਟਿ = ਕਿਨਾਰਿਆਂ ਉਪਰ ਬੈਠਣ ਨਾਲ ਕਿਸੇ ਨੇ ਪਰਮਾਤਮਾ ਨੂੰ ਪਾਇਆ = ਪਾਉਣਾ ਨਹੀਂ ਕੀਤਾ।

## ਮਿਟਿਆ ਆਪੁ ਪਏ ਸਰਣਾਈ; ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥੧॥੧੪॥

ਜੋ ਸਤਿਗੁਰਾਂ, ਪਰਮਾਤਮਾ ਦੀ ਸਰਣਾਈ = ਸ਼ਰਨ ਵਿਚ ਪਏ ਹਨ, ਉਨ੍ਹਾਂ ਦਾ ਆਪੁ = ਆਪਾ-ਭਾਵ (ਹੰਕਾਰ) ਮਿਟਿਆ = ਮਿਟ ਗਿਆ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਗੁਰਮੁਖਾਂ ਨੇ ਗੁਰ-ਉਪਦੇਸ਼ ਨਾਲ ਸਾਰੇ ਜਗਤੁ = ਸੰਸਾਰ ਨੂੰ ਹੀ ਤਰਾਇਆ = ਤਾਰਨਾ ਕੀਤਾ ਹੈ ॥੪॥੧॥੧੪॥

## ਭੈਰਉ ਮਹਲਾ ੫ ॥

## ਬਨ ਮਹਿ ਪੇਖਿਓ, ਤ੍ਰਿਣ ਮਹਿ ਪੇਖਿਓ; ਗ੍ਰਿਹਿ ਪੇਖਿਓ ਉਦਾਸਾਏ ॥

ਹੇ ਭਾਈ ! ਸੰਤ ਜਨਾਂ ਦੀ ਸੰਗਤ ਦੁਆਰਾ ਮੈਂ ਬਨ = ਜੰਗਲ ਮਹਿ = ਵਿਚ ਵੀ ਉਸ ਪਰਮਾਤਮਾ ਨੂੰ ਪੇਖਿਓ = ਵੇਖਣਾ ਕੀਤਾ ਹੈ, ਤ੍ਰਿਣ = ਕੱਖਾਂ ਮਹਿ = ਵਿਚ ਵੀ ਉਸੇ ਨੂੰ ਪੇਖਿਓ = ਵੇਖਣਾ ਕੀਤਾ ਹੈ, ਗ੍ਰਿਹਿ = ਘਰ, ਗ੍ਰਿਹਸਤੀ ਅਤੇ ਉਦਾਸਾਏ = ਉਦਾਸੀਆਂ ਵਿਚ ਵੀ ਉਸੇ ਪਰਮਾਤਮਾ ਨੂੰ ਵੱਸਦਾ ਪੇਖਿਓ = ਵੇਖਿਆ ਹੈ **ਅਥਵਾ** ਬਨ = ਬਨਵਾਸੀਆਂ **ਵਾ:** ਬਨ = ਪਾਣੀ ਦੇ ਕਿਨਾਰੇ ਵੱਸਣ ਵਾਲਿਆਂ **ਵਾ:** ਬਨ = ਬਾਨਿਆਂ ਨੂੰ ਬਣਾਉਣ ਵਾਲਿਆਂ ਵਿਚ ਉਸੇ ਪ੍ਰਭੂ ਦੀ ਜੋਤ ਨੂੰ ਵੇਖਿਆ ਹੈ, ਤ੍ਰਿਣ = ਕੱਖਾਂ ਦੀਆਂ ਕੁਟੀਆ ਬਣਾ ਕੇ ਰਹਿਣ ਵਾਲਿਆਂ **ਵਾ:** ਬਨ = ਸਰੀਰਾਂ ਤ੍ਰਿਣ ਭਾਵ ਇੰਦੀਆਂ ਮਹਿ = ਵਿਚ ਵੀ ਉਸ ਪ੍ਰਭੂ ਦੀ ਜੋਤ ਨੂੰ ਵੇਖਿਆ ਹੈ, ਅਧਿਸ਼ਠਾਨ, ਸਰੂਪ ਰੂਪੀ ਗ੍ਰਿਹਿ = ਘਰ ਪ੍ਰਾਪਤ ਹੋਣ ਵਾਲਿਆਂ ਅਤੇ ਸੰਸਾਰ, ਵਿਸ਼ਿਆਂ ਵੱਲੋਂ ਉਦਾਸਾਏ = ਉਪਰਾਮ ਹੋਇਆਂ ਵਿਚ ਵੀ ਪ੍ਰਭੂ ਨੂੰ ਵੇਖਣਾ ਕੀਤਾ ਹੈ।

## ਦੰਡਧਾਰ ਜਟਧਾਰੈ ਪੇਖਿਓ; ਵਰਤ ਨੇਮ ਤੀਰਥਾਏ ॥੧॥

ਦੰਡਧਾਰ = ਡੰਡਾ ਧਾਰਨ ਵਾਲੇ ਜੋਗੀਆਂ, ਸੰਨਿਆਸੀਆਂ ਵਿਚ, ਜਟਧਾਰੈ = ਜਟਾਵਾਂ ਨੂੰ ਧਾਰਨ ਵਾਲਿਆਂ ਵਿਚ ਉਹ ਪ੍ਰਭੂ ਪੇਖਿਓ = ਵੇਖਣਾ ਕੀਤਾ ਹੈ, ਵਰਤ ਰੱਖਣ ਵਾਲਿਆਂ, ਨੇਮ = ਨਿਯਮ ਆਦਿ ਰੱਖਣ ਵਾਲਿਆਂ ਅਤੇ ਤੀਰਥਾਏ = ਤੀਰਥ ਯਾਤਰੂਆਂ ਵਿਚ ਉਸ ਪਰਮਾਤਮਾ ਨੂੰ ਆਇਆ ਵੇਖਿਆ ਹੈ ॥੧॥

***ਪ੍ਰਸ਼ਨ :*** *ਕਦੋਂ ਦੇਖਿਆ ਹੈ ?*

***ਗੁਰ-ਉੱਤਰ :***

## ਸੰਤ ਸੰਗਿ; ਪੇਖਿਓ ਮਨ ਮਾਏ ॥

ਜਦੋਂ ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੀ ਸੰਗਿ = ਸੰਗਤ ਦੁਆਰਾ ਉਸ ਪ੍ਰਭੂ ਨੂੰ ਆਪਣੇ ਮਨ = ਹਿਰਦੇ ਮਾਏ = ਵਿਚ ਪੇਖਿਓ = ਵੇਖਿਆ, ਤਦੋਂ ਸਭਨਾਂ ਵਿਚ ਉਹ ਪ੍ਰਭੂ ਹੀ ਵੱਸਦਾ ਪ੍ਰਤੀਤ ਹੋਇਆ।

## ਊਭ ਪਇਆਲ ਸਰਬ ਮਹਿ ਪੂਰਨ; ਰਸਿ ਮੰਗਲ ਗੁਣ ਗਾਏ ॥੧॥ਰਹਾਉ॥

ਜਦੋਂ ਸੰਤਾਂ ਦੀ ਸੰਗਤ ਦੁਆਰਾ ਰਸਿ = ਪ੍ਰੇਮ ਪੂਰਬਕ ਮੰਗਲ = ਅਨੰਦ ਸਰੂਪ ਪ੍ਰਭੂ ਦੇ ਗੁਣ ਗਾਏ = ਗਾਉਣਾ ਕੀਤੇ, ਤਦੋਂ ਊਭ = ਉੱਚੇ ਅਕਾਸ਼, ਪਇਆਲ = ਪਤਾਲ ਆਦਿ ਸਭ = ਸਾਰੀਆਂ ਥਾਵਾਂ ਮਹਿ = ਵਿਚ ਪਰਮਾਤਮਾ ਪਰੀਪੂਰਨ ਰੂਪ ਵਿਚ ਵੇਖਣਾ ਕੀਤਾ ॥੧॥ਰਹਾਉ॥

## ਜੋਗ ਭੇਖ ਸੰਨਿਆਸੈ ਪੇਖਿਓ; ਜਤਿ ਜੰਗਮ ਕਾਪੜਾਏ ॥

ਜੋਗ, ਸੰਨਿਆਸੈ = ਸੰਨਿਆਸ ਆਦਿ ਭੇਖਾਂ ਵਿਚ ਪ੍ਰਭੂ ਨੂੰ ਪੇਖਿਓ = ਵੇਖਣਾ ਕੀਤਾ ਹੈ, ਜਤਿ =

ਜਤੀਆਂ, ਜੰਗਮ = ਤੁਰਨ ਫਿਰਨ ਵਾਲਿਆਂ, ਕਾਪੜਗਏ = ਕਾਪੜੀ ਭੇਖ ਵਾਲਿਆਂ ਵਿਚ ਵੀ ਉਸੇ ਪ੍ਰਭੂ ਨੂੰ ਵੱਸਦਾ ਵੇਖਣਾ ਕੀਤਾ ਹੈ।

## ਤਪੀ ਤਪੀਸੁਰ ਮੁਨਿ ਮਹਿ ਪੇਖਿਓ; ਨਟ ਨਾਟਿਕ ਨਿਰਤਾਏ ॥੨॥

ਤਪੀ = ਤਪ ਕਰਨ ਵਾਲਿਆਂ, ਤਪੀਸੁਰ = ਤਪੀਆਂ ਦੇ ਈਸ਼ਰ ਭਾਵ ਵੱਡੇ ਤਪੀਏ **ਵਾ:** ਰਾਜਸੀ ਤੇ ਸ਼ਾਂਤਕੀ ਤਪ ਕਰਨ ਵਾਲੇ, ਮੁਨਿ = ਮੁਨੀ ਜਨਾਂ ਮਹਿ = ਵਿਚ ਵੀ ਉਸ ਪ੍ਰਭੂ ਨੂੰ ਪੇਖਿਓ = ਵੇਖਣਾ ਕੀਤਾ ਹੈ, ਨਟ = ਸ੍ਵਾਂਗੀਆਂ, ਨਾਟਿਕ = ਨਬਜ਼ ਦੇਖਣ ਵਾਲੇ ਵੈਦਾਂ ਅਤੇ ਨਿਰਤਾਏ = ਰਾਸਧਾਰੀਆਂ ਆਦਿ ਸਾਰਿਆਂ ਵਿਚ ਪ੍ਰਭੂ ਨੂੰ ਵੱਸਦਾ ਵੇਖਿਆ ਹੈ **ਵਾ:** ਸੰਸਾਰ ਦੀ ਬਾਜ਼ੀ ਪਾਉਣ ਵਾਲੇ ਈਸ਼ਰ ਰੂਪੀ ਨਟ, ਨਾਟਿਕ = ਤਮਾਸ਼ਿਆਂ ਨੂੰ ਰਚਣ ਵਾਲਿਆਂ ਅਤੇ ਪ੍ਰਭੂ ਦਾ ਨਿਰਣਾ ਕਰਨ ਰੂਪ ਨਿਰਤਕਾਰੀ ਕਰਨ ਵਾਲਿਆਂ ਵਿਚ ਵੀ ਇਕ ਬ੍ਰਹਮ ਨੂੰ ਵਿਆਪਕ ਵੇਖਣਾ ਕੀਤਾ ਹੈ॥੨॥

## ਚਹੁ ਮਹਿ ਪੇਖਿਓ, ਖਟ ਮਹਿ ਪੇਖਿਓ; ਦਸ ਅਸਟੀ ਸਿੰਮ੍ਰਿਤਾਏ ॥

ਚਹੁ = ਚਾਰੇ ਵੇਦਾਂ ਮਹਿ = ਵਿਚ ਵੀ ਉਸ ਪ੍ਰਭੂ ਨੂੰ ਪੇਖਿਓ = ਵੇਖਿਆ ਹੈ, ਖਟ = ਛੇ ਸ਼ਾਸਤ੍ਰਾਂ ਮਹਿ = ਵਿਚ ਵੀ ਉਸੇ ਪ੍ਰਭੂ ਦਾ ਸਿਧਾਂਤ ਪੇਖਿਓ = ਵੇਖਿਆ ਹੈ, **ਵਾ:** ਸ੍ਰਵਣ, ਮੰਨਣ ਆਦਿ ਚਾਰ ਅਵਸਥਾ ਵਾਲਿਆਂ ਵਿਚ ਵੀ ਉਸ ਪ੍ਰਭੂ ਨੂੰ ਵੱਸਦਾ ਵੇਖਿਆ ਹੈ ਅਤੇ ਖਟ ਸੰਪਤੀ ਵਾਲਿਆਂ, ਤੁਰੀਆ ਪਦ ਵਾਲਿਆਂ ਵਿਚ ਵੀ ਉਸ ਪ੍ਰਭੂ ਨੂੰ ਵੱਸਦਾ ਵੇਖਿਆ ਹੈ। ਦਸ ਅਸਟੀ = (੧੦ + ੮ = ੧੮) ਅਠਾਰਾਂ ਪੁਰਾਣਾਂ ਅਤੇ ਸਤਾਈ ਸਿੰਮ੍ਰਿਤਾਏ = ਸਿੰਮ੍ਰਿਤੀਆਂ ਵਿਚ ਵੀ ਉਸੇ ਪ੍ਰਭੂ ਨੂੰ ਵੱਸਦਾ ਵੇਖਿਆ ਹੈ।

## ਸਭ ਮਿਲਿ, ਏਕੋ ਏਕੁ ਵਖਾਨਹਿ; ਤਉ ਕਿਸ ਤੇ ਕਹਉ ਦੁਰਾਏ ॥੩॥

ਇਹ ਸਭ = ਸਾਰੇ ਮਿਲ ਕਰਕੇ ਏਕੋ ਏਕੁ = ਇੱਕੋ ਇਕ ਬ੍ਰਹਮ ਨੂੰ ਹੀ ਵਖਾਨਹਿ = ਕਥਨ ਕਰਦੇ ਹਨ, ਤਉ = ਤਾਂ ਫੇਰ ਮੈਂ ਕਿਸ ਤੇ = ਤੋਂ ਕੁਝ ਦੁਰਾਏ = ਛੁਪਾ ਕੇ ਕਹਉ = ਕਹਿਣਾ ਕਰਾਂ॥੩॥

## ਅਗਹ ਅਗਹ ਬੇਅੰਤ ਸੁਆਮੀ; ਨਹ ਕੀਮ ਕੀਮ ਕੀਮਾਏ ॥

ਉਹ ਸੁਆਮੀ = ਮਾਲਕ ਪ੍ਰਭੂ ਅਗਹ ਅਗਹ = ਡੂੰਘੇ ਤੋਂ ਡੂੰਘਾ ਬੇਅੰਤ ਸਰੂਪ ਹੈ **ਵਾ:** ਮਨ ਕਰਕੇ ਅਗਹ = ਗ੍ਰਹਿਣ ਤੋਂ ਰਹਿਤ, ਤਿੰਨਾਂ ਕਾਲਾਂ ਵਿਚ ਅਗਹ = ਅਥਾਹ ਅਤੇ ਬੇਅੰਤ = ਅੰਤ ਤੋਂ ਰਹਿਤ ਹੈ, ਨਾ ਕੋਈ ਉਸ ਦੀ ਕੀਮ = ਕੀਮਤ ਨੂੰ ਪਿੱਛੇ ਪਾ ਸਕਿਆ ਸੀ, ਨਾ ਕੋਈ ਉਸ ਦੀ ਕੀਮ = ਕੀਮਤ ਹੁਣ ਪਾ ਸਕਦਾ ਹੈ ਅਤੇ ਨਾ ਹੀ ਅੱਗੇ ਨੂੰ ਕੋਈ ਉਸ ਦੀ ਕੀਮਾਏ = ਕੀਮਤ ਪਾ ਸਕੇਗਾ **ਵਾ:** ਮਨ ਬਾਣੀ ਸਰੀਰ ਕਰਕੇ ਉਸ ਦੀ ਕੀਮਤ ਨਹੀਂ ਪਾਈ ਜਾ ਸਕਦੀ।

## ਜਨ ਨਾਨਕ, ਤਿਨ ਕੈ ਬਲਿ ਬਲਿ ਜਾਈਐ;
## ਜਿਹ ਘਟਿ ਪਰਗਟੀਆਏ ॥੪॥੨॥੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਨ = ਉਨ੍ਹਾਂ ਜਨਾਂ ਕੈ = ਦੇ ਉਪਰੋਂ ਬਲਿ ਬਲਿ = ਬਲਿਹਾਰ ਕੁਰਬਾਨ ਜਾਈਐ = ਜਾਣਾ ਕਰੀਏ, ਜਿਹ = ਜਿਨ੍ਹਾਂ ਦੇ ਘਟਿ = ਹਿਰਦੇ ਵਿਚ ਉਹ ਪ੍ਰਭੂ ਪਰਗਟੀਆਏ = ਆ ਕੇ ਪਰਗਟ ਸਾਖਿਆਤ ਹੋਇਆ ਹੈ॥੪॥੨॥੧੫॥

# ਭੈਰਉ ਮਹਲਾ ੫ ॥
# ਨਿਕਟਿ ਬੁਝੈ; ਸੋ ਬੁਰਾ ਕਿਉ ਕਰੈ ॥

ਹੇ ਭਾਈ ! ਜੋ ਮਨੁੱਖ ਪਰਮਾਤਮਾ ਨੂੰ ਆਪਣੇ ਨਿਕਟਿ = ਨੇੜੇ ਬੁਝੈ = ਬੁੱਝਦਾ ਹੈ ਭਾਵ ਅੰਗ-ਸੰਗ ਸਮਝਦਾ ਹੈ, ਸੋ = ਉਹ ਮਨੁੱਖ ਕਿਸੇ ਦਾ ਬੁਰਾ = ਮੰਦਾ ਕਿਉ = ਕਿਵੇਂ ਕਰੈ = ਕਰ ਸਕਦਾ ਹੈ ਭਾਵ ਉਹ ਕਿਸੇ ਦਾ ਬੁਰਾ ਨਹੀਂ ਕਰਦਾ।

**ਸਾਖੀ—ਕਬੂਤਰਾਂ ਨੂੰ ਮਾਰਨ ਵਾਲੇ ਦੋ ਚੇਲਿਆਂ ਦੀ :** ਇਕ ਬਹੁਤ ਬੀਤਰਾਗ ਮਹਾਂਪੁਰਖ ਆਪਣਾ ਅਸਥਾਨ ਬਣਾ ਕੇ ਸਾਧਨਾ ਕਰ ਰਹੇ ਸਨ। ਉਨ੍ਹਾਂ ਦੀ ਕਰੜੀ ਮਰਯਾਦਾ ਹੋਣ ਦੇ ਕਾਰਨ ਉਨ੍ਹਾਂ ਕੋਲ ਕੋਈ ਸੇਵਕ ਨਹੀਂ ਠਹਿਰਦਾ ਸੀ। ਮਹਾਤਮਾ ਜੀ ਦੀ ਉਮਰ ਵੀ ਬੁਢੇਪੇ ਵੱਲ ਚਲੀ ਗਈ ਸੀ। ਇਕ ਵਾਰ ਦੋ ਮਨੁੱਖ ਸ਼ਿਸ਼ ਬਣਨ ਵਾਸਤੇ ਆਏ ਤੇ ਬੇਨਤੀ ਕੀਤੀ ਕਿ ਮਹਾਤਮਾ ਜੀ ! ਸਾਨੂੰ ਆਪਣੇ ਚੇਲੇ ਬਣਾ ਲਵੋ ਤਾਂ ਮਹਾਤਮਾ ਨੇ ਪ੍ਰੀਖਸ਼ਾ ਲੈਣ ਵਾਸਤੇ ਅਧਿਕਾਰੀ ਤੇ ਅਨ-ਅਧਿਕਾਰੀ ਪਰਖਣ ਲਈ ਇਕ ਕਸਵੱਟੀ ਰੱਖ ਦਿੱਤੀ ਅਤੇ ਕਿਹਾ ਕਿ ਮੈਂ ਤੁਹਾਨੂੰ ਆਪਣਾ ਚੇਲਾ ਤਦ ਬਣਾਵਾਂਗਾ ਜਦੋਂ ਤੁਸੀਂ ਇਹ ਦੋ ਕਬੂਤਰ ਲੈ ਜਾਵੋ ਅਤੇ ਇਨ੍ਹਾਂ ਨੂੰ ਬਾਹਰੋਂ ਮਾਰ ਕੇ ਲੈ ਆਵੋਗੇ। ਤਦੋਂ ਫੇਰ ਤੁਹਾਨੂੰ ਚੇਲਾ ਬਣਾ ਕੇ ਉਪਦੇਸ਼ ਦੇਵਾਂਗਾ। ਪਰ ਸ਼ਰਤ ਇਹ ਹੈ ਕਿ ਮਾਰਨਾ ਉਥੇ ਹੈ ਜਿਥੇ ਕੋਈ ਵੀ ਦੇਖਦਾ ਨਾ ਹੋਵੇ। ਉਹ ਦੋਨੋਂ ਮਨੁੱਖ ਬਚਨ ਮੰਨ ਕੇ ਇਕ ਪੂਰਬ ਵੱਲ ਅਤੇ ਇਕ ਪੱਛਮ ਵੱਲ ਜੰਗਲ ਵੱਲ ਨੂੰ ਤੁਰ ਪਿਆ। ਉਨ੍ਹਾਂ ਦੋਨਾਂ ਵਿੱਚੋਂ ਇਕ ਇਤਨਾ ਕਾਹਲਾ ਸੀ ਕਿ ਉਹ ਥੋੜ੍ਹੀ ਕੁ ਹੀ ਦੂਰ ਜਾ ਕੇ ਇਕ ਬਿਰਛ ਦੇ ਓਹਲੇ ਹੋਇਆ ਤੇ ਕਬੂਤਰ ਦੀ ਗਰਦਨ ਮਰੋੜ ਕੇ ਉਸ ਨੂੰ ਮਾਰ ਕੇ ਲੈ ਆਇਆ ਤੇ ਕਹਿਣ ਲੱਗਾ ਕਿ ਮੈਂ ਜਲਦੀ ਵਾਪਸ ਆਇਆ ਹਾਂ। ਇਸ ਕਰਕੇ ਮੈਨੂੰ ਜੇਠਾ ਚੇਲਾ ਬਣਾਉ। ਮਹਾਂਪੁਰਖਾਂ ਨੇ ਕਿਹਾ ਕਿ ਦੂਸਰੇ ਨੂੰ ਵੀ ਆ ਲੈਣ ਦੇ। ਕੁਝ ਸਮੇਂ ਬਾਅਦ ਉਹ ਦੂਸਰਾ ਵਿਅਕਤੀ ਜਿਉਂਦਾ ਕਬੂਤਰ ਲੈ ਕੇ ਆ ਗਿਆ। ਪਹਿਲਾ ਬੈਠਾ ਵਿਅਕਤੀ ਬੋਲ ਉੱਠਿਆ ਕਿ ਇਹ ਨਲਾਇਕ ਹੈ, ਇਸ ਨੇ ਤੁਹਾਡਾ ਬਚਨ ਨਹੀਂ ਮੰਨਿਆ, ਇਸ ਲਈ ਤੁਸੀਂ ਇਸ ਨੂੰ ਛੱਡ ਕੇ ਮੈਨੂੰ ਆਪਣਾ ਸ਼ਿਸ਼ ਬਣਾਉ। ਤਾਂ ਮਹਾਂਪੁਰਖਾਂ ਨੇ ਕਿਹਾ ਕਿ ਤੂੰ ਨਾ ਬੋਲ, ਮੈਨੂੰ ਇਸ ਦੀ ਮਜਬੂਰੀ ਪੁੱਛ ਲੈਣ ਦੇ ਕਿ ਇਸ ਨੇ ਕਬੂਤਰ ਮਾਰ ਕੇ ਕਿਉਂ ਨਹੀਂ ਲਿਆਂਦਾ। ਤਦੋਂ ਉਸ ਨੇ ਕਿਹਾ ਕਿ ਹੇ ਮਹਾਂਪੁਰਖੋ ! ਮੈਂ ਤੁਹਾਡੀ ਸ਼ਰਤ ਪੂਰੀ ਨਹੀਂ ਕਰ ਸਕਿਆ, ਇਸ ਲਈ ਚੇਲਾ ਬਣਾਉ ਭਾਵੇਂ ਨਾ ਬਣਾਉ, ਇਹ ਤੁਹਾਡੀ ਮਰਜ਼ੀ ਹੈ। ਤੁਸੀਂ ਕਿਹਾ ਸੀ ਕਿ ਇਸ ਕਬੂਤਰ ਨੂੰ ਉਥੇ ਮਾਰਨਾ ਹੈ ਜਿਥੇ ਇਸ ਨੂੰ ਕੋਈ ਨਾ ਦੇਖਦਾ ਹੋਵੇ। ਮੈਂ ਜੰਗਲ ਵਿਚ ਗਿਆ ਉਥੇ ਬਹੁਤ ਸਾਰੇ ਪੰਛੀ ਦੇਖ ਰਹੇ ਸਨ, ਮੈਂ ਹੋਰ ਅੱਗੇ ਇਕ ਗੁਫ਼ਾ ਵਿਚ ਗਿਆ ਜਿਥੇ ਜਾਨਵਰ ਤਾਂ ਕੋਈ ਨਹੀਂ ਦੇਖਦਾ ਸੀ ਪਰ ਇਹ ਕਬੂਤਰ ਮੇਰੇ ਵੱਲ ਵੇਖ ਰਿਹਾ ਸੀ। ਫੇਰ ਮੈਂ ਕਬੂਤਰ ਦੀਆਂ ਅੱਖਾਂ ਉੱਪਰ ਪੱਟੀ ਬੰਨ੍ਹੀ ਤਦ ਇਸ ਨੂੰ ਮਾਰਨ ਲੱਗਾ ਤਾਂ ਮੈਨੂੰ ਚੇਤਾ ਆਇਆ ਕਿ ਮੇਰੀਆਂ ਅੱਖਾਂ ਇਸ ਨੂੰ ਦੇਖ ਰਹੀਆਂ ਹਨ। ਫਿਰ ਮੈਂ ਆਪਣੀਆਂ ਅੱਖਾਂ ਉਪਰ ਵੀ ਪੱਟੀ ਬੰਨ ਲਈ ਤੇ ਜਦੋਂ ਮਾਰਨ ਲੱਗਾ ਤਾਂ ਮੇਰੇ ਅੰਦਰੋਂ ਇਕ ਸੋਚ ਫੁਰੀ ਕਿ ਪਰਮਾਤਮਾ ਹਰ ਜਗ੍ਹਾ ਵੇਖਦਾ ਹੈ। ਮੈਂ ਇਸ ਕਬੂਤਰ ਤੇ ਆਪਣੀਆਂ ਅੱਖਾਂ ਉੱਤੇ ਪੱਟੀ ਬੰਨ੍ਹ ਲਈ ਹੈ ਪਰ ਪਰਮਾਤਮਾ ਦੀਆਂ ਅੱਖਾਂ ਉੱਪਰ ਪੱਟੀ ਕਿਵੇਂ ਬੰਨ੍ਹਾਂਗਾ ? ਇਸ ਲਈ ਮੈਂ ਇਸ ਕਬੂਤਰ ਨੂੰ ਮਾਰਨਾ ਨਹੀਂ ਕੀਤਾ। ਇਹ ਸੁਣ ਕੇ ਉਹ ਮਹਾਤਮਾ ਬਹੁਤ ਖ਼ੁਸ਼ ਹੋਏ ਅਤੇ ਕਿਹਾ ਕਿ ਤੂੰ ਮੇਰੀ ਕਸਵੱਟੀ ਉੱਪਰ ਖਰ੍ਹਾ ਉੱਤਰਿਆ ਹੈਂ। ਤੂੰ ਕੇਵਲ ਮੇਰਾ ਚੇਲਾ ਹੀ ਨਹੀਂ ਬਲਕਿ ਮੇਰਾ ਉਤਰਾਧਿਕਾਰੀ ਬਣਨ ਦੇ ਜੋਗ ਹੈਂ ਜਿਸ ਨੂੰ ਰੱਬ ਉਪਰ ਐਸਾ ਨਿਸਚਾ ਹੈ। ਫੇਰ ਦੂਸਰੇ ਨੂੰ ਤਾੜਨਾ ਕਰਦੇ ਹੋਏ ਕਿਹਾ ਕਿ ਤੂੰ ਮੇਰੇ ਅਸਥਾਨ ਤੋਂ ਬਾਹਰ ਚਲਿਆ ਜਾਹ। ਜੀਵ ਹਿੰਸਾ ਕਰਨ ਵਾਲੇ ਵਿਅਕਤੀਆਂ ਨਾਲ ਸਤਪੁਰਖਾਂ ਦਾ ਕੋਈ ਵਾਸਤਾ ਨਹੀਂ ਹੁੰਦਾ, ਤੂੰ ਬਹੁਤ ਨਿਰਦਈ ਪੁਰਖ ਹੈਂ। ਅੱਜ ਤੂੰ ਚੇਲਾ ਬਣਨ ਦੇ ਲਾਲਚ ਵਿਚ ਕਬੂਤਰ ਦੀ ਗਰਦਨ

ਮਰੋੜੀ ਹੈ, ਕੱਲ ਨੂੰ ਤੂੰ ਮੇਰਾ ਅਸਥਾਨ ਸਾਂਭਣ ਲਈ ਮੇਰੀ ਗਰਦਨ ਮਰੋੜ ਦੇਵੇਂਗਾ। ਜੇਕਰ ਤੂੰ ਸ਼ਿਸ਼ ਬਣਨਾ ਹੈ ਤਾਂ ਆਪਣੇ ਵਰਗਾ ਕੋਈ ਪਖੰਡੀ ਸੰਤ ਵੇਖ।

ਸੋ ਇਸ ਪ੍ਰਕਾਰ ਜਿਹੜਾ ਪਰਮਾਤਮਾ ਨੂੰ ਸਦਾ ਅੰਗ-ਸੰਗ ਸਮਝਦਾ ਹੈ, ਉਹ ਕਿਸੇ ਦਾ ਬੁਰਾ ਕਿਵੇਂ ਕਰ ਸਕਦਾ ਹੈ ਭਾਵ ਨਹੀਂ ਕਰ ਸਕਦਾ।

## ਬਿਖੁ ਸੰਚੈ; ਨਿਤ ਡਰਤਾ ਫਿਰੈ ॥

ਜੋ ਮਨੁੱਖ ਛਲ ਫ਼ਰੇਬ ਕਰਕੇ ਬਿਖੁ = ਵਿਹੁ ਰੂਪੀ ਮਾਇਆ, ਵਿਸ਼ਿਆਂ ਨੂੰ ਸੰਚੈ = ਇਕੱਤ੍ਰ ਕਰਦਾ ਹੈ, ਉਹ ਨਿਤ = ਨਿਤਾਪ੍ਰਤੀ ਸਰਕਾਰੀ ਹੁਕਮਰਾਨਾਂ, ਕਾਲ ਤੋਂ ਡਰਤਾ = ਡਰਦਾ ਫਿਰੈ = ਫਿਰਦਾ ਰਹਿੰਦਾ ਹੈ।

## ਹੈ ਨਿਕਟੇ; ਅਰੁ ਭੇਦੁ ਨ ਪਾਇਆ ॥ ਬਿਨੁ ਸਤਿਗੁਰ; ਸਭ ਮੋਹੀ ਮਾਇਆ ॥੧॥

ਉਹ ਪਰਮਾਤਮਾ ਤਾਂ ਨਿਕਟੇ = ਨੇੜੇ ਤੋਂ ਨੇੜੇ ਹੈ ਅਰੁ = ਪੁਨਾ, ਪਰ ਕਿਸੇ ਨੇ ਉਸ ਵਾਹਿਗੁਰੂ ਦਾ ਭੇਦੁ = ਭੇਤ ਨਹੀਂ ਪਾਇਆ = ਪਾਉਣਾ ਕੀਤਾ।

ਸਤਿਗੁਰੂ ਧਾਰਨ ਤੋਂ ਬਿਨੁ = ਬਗ਼ੈਰ ਸਭ = ਸਾਰੀ ਦੁਨੀਆਂ ਮਾਇਆ ਦੀ ਮੋਹੀ = ਮੋਹਿਤ ਕੀਤੀ ਹੋਈ ਹੈ ॥੧॥

## ਨੇੜੈ ਨੇੜੈ; ਸਭੁ ਕੋ ਕਹੈ ॥ ਗੁਰਮੁਖਿ; ਭੇਦੁ ਵਿਰਲਾ ਕੋ ਲਹੈ ॥੧॥ਰਹਾਉ॥

ਬੇਦਾਂ, ਸ਼ਾਸਤ੍ਰਾਂ ਨੂੰ ਪੜ੍ਹਨ ਵਾਲੇ ਨੇੜੈ ਨੇੜੈ = ਕੋਲ-ਕੋਲ ਤਾਂ ਸਭੁ = ਸਾਰੇ ਕੋ = ਕੋਈ ਕਹੈ = ਆਖੀ ਜਾਂਦੇ ਹਨ।

ਪਰ ਗੁਰਮੁਖਿ = ਮੁਖੀ ਗੁਰਾਂ ਦੁਆਰਾ ਕੋ = ਕੋਈ ਵਿਰਲਾ = ਟਾਵਾਂ-ਟਾਵਾਂ ਹੀ ਆਪਣੇ ਕੋਲ ਵੱਸਦੇ ਪਰਮਾਤਮਾ ਦੇ ਅਨੁਭਵ ਦਾ ਭੇਦੁ = ਭੇਤ ਲਹੈ = ਪ੍ਰਾਪਤ ਕਰਦਾ ਹੈ ॥੧॥ਰਹਾਉ॥

## ਨਿਕਟਿ ਨ ਦੇਖੈ; ਪਰ ਗ੍ਰਿਹਿ ਜਾਇ ॥ ਦਰਬੁ ਹਿਰੈ; ਮਿਥਿਆ ਕਰਿ ਖਾਇ ॥

ਮਨਮੁਖ ਪੁਰਖ ਪਰਮਾਤਮਾ ਨੂੰ ਆਪਣੇ ਨਿਕਟਿ = ਨੇੜੇ ਨਹੀਂ ਦੇਖੈ = ਦੇਖਦਾ, ਜਿਸ ਕਰਕੇ ਉਹ ਪਰ = ਪਰਾਏ ਗ੍ਰਿਹਿ = ਘਰਾਂ ਵਿਚ ਵਿਭਚਾਰ, ਚੋਰੀ ਕਰਨ ਵਾਸਤੇ ਜਾਇ = ਜਾਂਦਾ ਹੈ।

ਦਰਬੁ = ਧਨ ਨੂੰ ਹਿਰੈ = ਚੁਰਾਉਂਦਾ ਹੈ ਅਤੇ ਮਿਥਿਆ = ਝੂਠ ਬੋਲ ਕਰਿ = ਕਰਕੇ ਭੋਜਨ ਖਾਇ = ਖਾਂਦਾ ਹੈ।

## ਪਈ ਠਗਉਰੀ; ਹਰਿ ਸੰਗਿ ਨ ਜਾਨਿਆ ॥
## ਬਾਝੁ ਗੁਰੂ; ਹੈ ਭਰਮਿ ਭੁਲਾਨਿਆ ॥੨॥

ਮਨਮੁਖ ਨੂੰ ਮੋਹ ਰੂਪੀ ਠਗਉਰੀ = ਠੱਗ ਬੂਟੀ ਪਈ ਹੋਈ ਹੈ, ਜਿਸ ਕਰਕੇ ਉਸ ਨੇ ਹਰਿ = ਪਰਮਾਤਮਾ ਨੂੰ ਆਪਣੇ ਸੰਗਿ = ਨਾਲ ਵੱਸਦਾ ਜਾਨਿਆ = ਜਾਨਣਾ ਨਹੀਂ ਕੀਤਾ।

ਸਤਿਗੁਰੂ ਨੂੰ ਧਾਰਨ ਤੋਂ ਬਾਝੁ = ਬਗ਼ੈਰ, ਭਰਮ ਦੇ ਵਿਚ ਹੀ ਭੁਲਾਨਿਆ = ਭੁੱਲਿਆ ਰਹਿੰਦਾ ਹੈ ॥੨॥

## ਨਿਕਟਿ ਨ ਜਾਨੈ; ਬੋਲੈ ਕੂੜੁ ॥ ਮਾਇਆ ਮੋਹਿ; ਮੂਠਾ ਹੈ ਮੂੜੁ ॥

ਮਨਮੁਖ ਪੁਰਖ ਪਰਮਾਤਮਾ ਨੂੰ ਆਪਣੇ ਨਿਕਟਿ = ਨੇੜੇ ਵੱਸਦਾ ਨਹੀਂ ਜਾਨੈ = ਜਾਣਦਾ, ਸਗੋਂ ਕੂੜੁ = ਝੂਠ ਬੋਲੈ = ਬੋਲਦਾ ਰਹਿੰਦਾ ਹੈ।

ਉਹ ਮੂੜੁ = ਬੇ-ਸਮਝ ਮਾਇਆ ਦੇ ਮੋਹਿ = ਮੋਹ ਵਿਚ ਹੀ ਮੂਠਾ = ਲੁੱਟਿਆ ਹੋਇਆ ਹੈ।

## ਅੰਤਰਿ ਵਸਤੁ; ਦਿਸੰਤਰਿ ਜਾਇ ॥ ਬਾਝੁ ਗੁਰੂ; ਹੈ ਭਰਮਿ ਭੁਲਾਇ ॥੩॥

ਇਸ ਹਿਰਦੇ ਦੇ ਅੰਤਰਿ = ਅੰਦਰ ਹੀ ਚੇਤਨ ਸੱਤਾ ਰੂਪੀ ਵਸਤੁ = ਵਸਤੂ ਹੈ **ਵਾ:** ਪ੍ਰਭੂ ਤਾਂ ਹਿਰਦੇ ਦੇ ਅੰਦਰ ਹੀ ਵਸਤੁ = ਵੱਸ ਰਿਹਾ ਹੈ, ਪਰ ਮਨਮੁਖ ਜੀਵ ਬਾਹਰ ਦਿਸੰਤਰਿ = ਦਿਸ਼ਾਵਾਂ ਦੇ ਅੰਦਰ **ਵਾ:** ਦੇਸ਼ਾਂਤਰਾਂ ਵਿਚ ਭਾਲਣ ਲਈ ਜਾਇ = ਜਾਂਦਾ ਹੈ।

ਗੁਰੂ ਸਾਹਿਬ ਜੀ ਨੂੰ ਧਾਰਨ ਕੀਤੇ ਤੋਂ ਬਾਝੁ = ਬਗ਼ੈਰ, ਉਹ ਮਾਇਆ ਦੇ ਮੋਹ ਕਰਕੇ ਭਰਮ ਵਿਚ ਭੁਲਾਇ = ਭੁੱਲਿਆ ਰਹਿੰਦਾ ਹੈ॥੩॥

## ਜਿਸੁ ਮਸਤਕਿ ਕਰਮੁ; ਲਿਖਿਆ ਲਿਲਾਟ ॥ ਸਤਿਗੁਰੁ ਸੇਵੇ; ਖੁਲੇ ਕਪਾਟ ॥

ਜਿਸਦੇ ਲਿਲਾਟ = ਮੱਥੇ ਉੱਪਰ ਮਸਤਕਿ = ਸ਼ਿਰੋਮਣੀ ਕਰਮੁ = ਭਾਗ ਲਿਖਿਆ ਹੋਇਆ ਹੈ।

ਉਹੋ ਹੀ ਸਤਿਗੁਰਾਂ ਨੂੰ ਸੇਵੇ = ਸੇਵਨਾ ਕਰਦਾ ਹੈ ਅਤੇ ਉਸ ਦੇ ਹੀ ਪੰਜਾਂ ਕੋਸ਼ਾਂ ਰੂਪੀ ਕਪਾਟ = ਤਖ਼ਤ ਖੁਲੇ = ਖੁੱਲ੍ਹਦੇ ਹਨ।

## ਅੰਤਰਿ ਬਾਹਰਿ; ਨਿਕਟੇ ਸੋਇ ॥
## ਜਨ ਨਾਨਕ; ਆਵੈ ਨ ਜਾਵੈ ਕੋਇ ॥੪॥੩॥੧੬॥

ਫੇਰ ਉਸ ਨੂੰ ਹਿਰਦੇ ਦੇ ਅੰਤਰਿ = ਵਿਚ ਅਤੇ ਬਾਹਰ ਸੰਸਾਰ ਵਿਚ ਸੋਇ = ਉਹ ਪ੍ਰਭੂ ਨਿਕਟੇ = ਨੇੜੇ ਤੋਂ ਨੇੜੇ ਪ੍ਰਤੀਤ ਹੁੰਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਕੋਇ = ਕੋਈ ਵੀ ਆਵੈ = ਆਉਂਦਾ ਤੇ ਜਾਵੈ = ਜਾਂਦਾ ਭਾਵ ਜੰਮਦਾ ਮਰਦਾ ਪ੍ਰਤੀਤ ਨਹੀਂ ਹੁੰਦਾ॥੪॥੩॥੧੬॥

## ਭੈਰਉ ਮਹਲਾ ੫ ॥
## ਜਿਸੁ ਤੂ ਰਾਖਹਿ; ਤਿਸੁ ਕਉਨੁ ਮਾਰੈ ॥ ਸਭ ਤੁਝ ਹੀ ਅੰਤਰਿ; ਸਗਲ ਸੰਸਾਰੈ ॥

ਹੇ ਪ੍ਰਭੂ ! ਜਿਸ ਮਨੁੱਖ ਨੂੰ ਤੂੰ ਆਪਣੀ ਮਿਹਰ ਕਰਕੇ ਰਾਖਹਿ = ਰੱਖਦਾ, ਰੱਖਿਆ ਕਰਦਾ ਹੈਂ, ਤਿਸੁ = ਉਸ ਨੂੰ ਕਉਨੁ = ਕਿਹੜਾ ਮਾਰੈ = ਮਾਰ ਸਕਦਾ ਹੈ ਭਾਵ ਕੋਈ ਨਹੀਂ ਮਾਰ ਸਕਦਾ।

ਹੇ ਪ੍ਰਭੂ ! ਸਗਲ = ਸਾਰੇ ਸੰਸਾਰੈ = ਜਗਤ ਵਿਚਲੇ ਸਭ = ਸਾਰੇ ਜੀਵ ਤੁਝ = ਤੇਰੇ ਹੀ ਹੁਕਮ ਅੰਤਰਿ = ਵਿਚ ਹਨ **ਵਾ:** ਤੇਰੇ ਵਿਚ ਹੀ ਮਿਲ ਜਾਣੇ ਹਨ।

## ਕੋਟਿ ਉਪਾਵ; ਚਿਤਵਤ ਹੈ ਪ੍ਰਾਣੀ ॥ ਸੋ ਹੋਵੈ; ਜਿ ਕਰੈ ਚੋਜ ਵਿਡਾਣੀ ॥੧॥

ਹੇ ਪ੍ਰਭੂ ! ਇਹ ਪ੍ਰਾਣੀ = ਪ੍ਰਾਣਾਧਾਰੀ ਜੀਵ ਕੋਟਿ = ਕ੍ਰੋੜਾਂ ਹੀ ਉਪਾਵ = ਯਤਨਾਂ ਨੂੰ ਚਿਤਵਤ = ਚੇਤੇ ਕਰਦਾ ਰਹਿੰਦਾ ਹੈ।

ਪਰ ਹੇ ਚੋਜ ਵਿਡਾਣੀ = ਅਸਚਰਜ ਕੌਤਕਾਂ ਨੂੰ ਕਰਨ ਵਾਲੇ ਪ੍ਰਭੂ ! ਜਿ = ਜਿਹੜਾ ਕੁਝ ਤੂੰ ਕਰੈ = ਕਰਦਾ ਹੈਂ, ਸੋ = ਉਹੋ ਕੁਝ ਹੀ ਤਿੰਨੇ ਕਾਲਾਂ ਵਿਚ ਹੋਵੈ = ਹੁੰਦਾ ਹੈ॥੧॥

## ਰਾਖਹੁ ਰਾਖਹੁ; ਕਿਰਪਾ ਧਾਰਿ ॥ ਤੇਰੀ ਸਰਣਿ; ਤੇਰੈ ਦਰਵਾਰਿ ॥੧॥ਰਹਾਉ॥

ਹੇ ਪ੍ਰਭੂ ! ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਧਾਰਿ = ਧਾਰਨ ਕਰਕੇ ਮੈਨੂੰ ਆਪਣੀ ਸ਼ਰਨ ਵਿਚ

ਰਾਖਹੁ = ਰੱਖਣਾ ਕਰੋ, ਰਾਖਹੁ = ਰੱਖਣਾ ਕਰੋ **ਵਾ:** ਜਿਵੇਂ ਮਾਤਾ ਦੇ ਗਰਭ ਵਿਚ ਰਾਖਹੁ = ਰੱਖਿਆ ਕੀਤੀ ਸੀ, ਤਿਵੇਂ ਹੁਣ ਵੀ ਵਿਕਾਰਾਂ ਤੋਂ ਰੱਖਿਆ ਕਰੋ।

ਹੇ ਪ੍ਰਭੂ ! ਮੈਂ ਤੇਰੀ ਹੀ ਸਰਣਿ = ਓਟ ਲਈ ਹੈ ਅਤੇ ਤੇਰੇ ਹੀ ਸਤਸੰਗਤ ਰੂਪੀ ਦਰਬਾਰ ਵਿਚ ਆਇਆ ਹਾਂ ॥੧॥ਰਹਾਉ॥

## ਜਿਨਿ ਸੇਵਿਆ; ਨਿਰਭਉ ਸੁਖਦਾਤਾ ॥
## ਤਿਨਿ ਭਉ ਦੂਰਿ ਕੀਆ; ਏਕੁ ਪਰਾਤਾ ॥

ਹੇ ਨਿਰਭਉ = ਭੈ ਤੋਂ ਰਹਿਤ ਸੁਖਦਾਤਾ = ਸੁੱਖਾਂ ਨੂੰ ਦੇਣ ਵਾਲੇ ਪ੍ਰਭੂ ! ਜਿਨਿ = ਜਿਸ ਨੇ ਵੀ ਤੈਨੂੰ ਸੇਵਿਆ = ਸੇਵਨਾ ਕੀਤਾ ਹੈ।

ਤਿਨਿ = ਉਸ ਨੇ ਆਪਣੇ ਅੰਦਰੋਂ ਹਰੇਕ ਪ੍ਰਕਾਰ ਦਾ ਭਉ = ਡਰ ਦੂਰ ਕੀਆ = ਕੀਤਾ ਹੈ ਅਤੇ ਏਕੁ = ਇਕ ਤੇਰੇ ਹੀ ਸਰੂਪ ਨੂੰ ਪਰਾਤਾ = ਪਛਾਣਨਾ ਕੀਤਾ ਹੈ।

## ਜੋ ਤੂ ਕਰਹਿ; ਸੋਈ ਫੁਨਿ ਹੋਇ ॥ ਮਾਰੈ ਨ ਰਾਖੈ; ਦੂਜਾ ਕੋਇ ॥੨॥

ਹੇ ਪ੍ਰਭੂ ! ਤੂੰ ਜੋ = ਜਿਹੜਾ ਕੁਝ ਵੀ ਹੁਕਮ ਕਰਹਿ = ਕਰਦਾ ਹੈਂ, ਫੁਨਿ = ਪੁਨਾ ਸੋਈ = ਉਹੋ ਕੁਝ ਹੀ ਹੋਇ = ਹੁੰਦਾ ਹੈ **ਵਾ:** ਹੁਣ ਵੀ ਉਹੋ ਕੁਝ ਹੋ ਰਿਹਾ ਹੈ, ਫੁਨਿ = ਫੇਰ ਵੀ ਉਹੋ ਕੁਝ ਹੀ ਹੋਵੇਗਾ।

ਹੇ ਪ੍ਰਭੂ ! ਤੇਰੇ ਤੋਂ ਬਿਨਾਂ ਹੋਰ ਕੋਇ = ਕੋਈ ਦੂਜਾ = ਦੂਸਰਾ ਨਾ ਮਾਰੈ = ਮਾਰ ਸਕਦਾ ਹੈ ਅਤੇ ਨਾ ਹੀ ਬਚਾ ਕੇ ਰਾਖੈ = ਰੱਖ ਸਕਦਾ ਹੈ ॥੨॥

## ਕਿਆ ਤੂ ਸੋਚਹਿ; ਮਾਣਸ ਬਾਣਿ ॥ ਅੰਤਰਜਾਮੀ; ਪੁਰਖੁ ਸੁਜਾਣੁ ॥

ਹੇ ਮਾਣਸ = ਮਨੁੱਖਾ ! ਤੂੰ ਆਪਣੀ ਬਾਣਿ = ਆਦਤ ਅਨੁਸਾਰ ਕਿਆ = ਕੀ ਸੋਚਾਂ ਨੂੰ ਸੋਚਹਿ = ਸੋਚਦਾ ਰਹਿੰਦਾ ਹੈਂ **ਵਾ:** ਹੇ ਮਾਣਸ = ਮਾਣ ਦੇ ਖਾਧੇ ਹੋਏ ਮਨੁੱਖ ਤੂੰ ਕੀ ਸੋਚਾਂ ਵਾਲੀਆਂ ਬਾਣੀਆਂ ਬੋਲਦਾ ਰਹਿੰਦਾ ਹੈਂ।

ਉਹ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਪੁਰਖੁ = ਪੂਰਨ ਪ੍ਰਭੂ ਸਭ ਤਰ੍ਹਾਂ ਕਰਕੇ ਸੁਜਾਣੁ = ਸਿਆਣਾ ਹੈ।

## ਏਕ ਟੇਕ; ਏਕੋ ਆਧਾਰੁ ॥ ਸਭ ਕਿਛੁ ਜਾਣੈ; ਸਿਰਜਣਹਾਰੁ ॥੩॥

ਇਸ ਕਰਕੇ ਏਕ = ਇਕ ਪ੍ਰਭੂ ਦੀ ਹੀ ਬਾਣੀ, ਸਰੀਰ ਕਰਕੇ ਟੇਕ = ਓਟ ਲੈਣਾ ਕਰ ਅਤੇ ਏਕੋ = ਇਕ ਪ੍ਰਭੂ ਦਾ ਹੀ ਮਨ ਕਰਕੇ ਆਧਾਰੁ = ਆਸਰਾ ਲੈਣਾ ਕਰ।

ਉਹ ਸਿਰਜਣਹਾਰ = ਰਚਨਹਾਰ ਪ੍ਰਭੂ ਸਭ = ਸਾਰਾ ਕਿਛੁ = ਕੁਝ ਜਾਣੈ = ਜਾਣਦਾ ਹੈ ॥੩॥

[ਅੰਗ ੧੧੪੦]

## ਜਿਸੁ ਊਪਰਿ; ਨਦਰਿ ਕਰੇ ਕਰਤਾਰੁ ॥ ਤਿਸੁ ਜਨ ਕੇ; ਸਭਿ ਕਾਜ ਸਵਾਰਿ ॥

ਜਿਸ ਮਨੁੱਖ ਦੇ ਊਪਰਿ = ਉੱਤੇ ਕਰਤਾਰੁ = ਕਰਤਾ ਪੁਰਖ ਆਪ ਆਪਣੀ ਨਦਰਿ = ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ।

ਤਿਸੁ = ਉਸ ਜਨ = ਪੁਰਖ ਕੇ = ਦੇ ਸੰਸਾਰਕ, ਪਰਮਾਰਥ ਦੇ ਸਭਿ = ਸਾਰੇ ਕਾਜ = ਕੰਮ ਉਹ ਆਪ ਹੀ ਸਵਾਰਿ = ਸਵਾਰਦਾ ਹੈ, ਜਿਵੇਂ ਭਗਤ ਕਬੀਰ ਜੀ ਦਾ ਜਗ ਸੰਪੂਰਨ ਕੀਤਾ। ਭਗਤ ਨਾਮਦੇਵ ਜੀ ਦੀ ਛਪਰੀ ਬੰਨੀ ਅਤੇ ਭਗਤ ਧੰਨਾ ਜੀ ਦੀਆਂ ਗਾਂਈਆਂ ਚਾਰੀਆਂ ਆਦਿ।

## ਤਿਸ ਕਾ ਰਾਖਾ; ਏਕੋ ਸੋਇ ॥
## ਜਨ ਨਾਨਕ; ਅਪੜਿ ਨ ਸਾਕੈ ਕੋਇ ॥੪॥੪॥੧੭॥

ਤਿਸ = ਉਸ ਮਨੁੱਖ ਦਾ ਸੋਇ = ਉਹ ਏਕੋ = ਇਕ ਪਰਮਾਤਮਾ ਹੀ ਰਾਖਾ = ਰਖਵਾਲਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਜਨ = ਪੁਰਖ ਦੇ ਬਰਾਬਰ ਕੋਇ = ਕੋਈ ਵੀ ਅਪੜਿ = ਪਹੁੰਚ ਨਹੀਂ ਸਾਕੈ = ਸਕਦਾ ॥੪॥੪॥੧੭॥

## ਭੈਰਉ ਮਹਲਾ ੫ ॥
## ਤਉ ਕੜੀਐ; ਜੇ ਹੋਵੈ ਬਾਹਰਿ ॥ ਤਉ ਕੜੀਐ; ਜੇ ਵਿਸਰੈ ਨਰਹਰਿ ॥

ਹੇ ਭਾਈ ! ਤਉ = ਤਾਂ ਹੀ ਕੜੀਐ = ਝੂਰਨਾ ਕਰੀਏ, ਜੇ ਕੁਝ ਉਸ ਪਰਮਾਤਮਾ ਦੇ ਹੁਕਮ ਤੋਂ ਬਾਹਰ ਹੋਵੇ।

ਤਉ = ਤਾਂ ਹੀ ਕੜੀਐ = ਝੂਰਨਾ ਕਰੀਏ, ਜੇ = ਜੇਕਰ ਨਰਹਰਿ = ਨਰਾਂ ਨੂੰ ਹਰੇ-ਭਰੇ ਕਰਨ ਵਾਲਾ ਪਰਮਾਤਮਾ ਵਿਸਰੈ = ਭੁੱਲ ਜਾਵੇ।

## ਤਉ ਕੜੀਐ; ਜੇ ਦੂਜਾ ਭਾਏ ॥ ਕਿਆ ਕੜੀਐ; ਜਾਂ ਰਹਿਆ ਸਮਾਏ ॥੧॥

ਹੇ ਭਾਈ ! ਤਉ = ਤਾਂ ਹੀ ਕੜੀਐ = ਝੂਰਨਾ ਕਰੀਏ, ਜੇ = ਜੇਕਰ ਹਿਰਦੇ ਅੰਦਰ ਦੂਜਾ ਭਾਏ = ਦ੍ਵੈਤ-ਭਾਵ ਹੋ ਜਾਵੇ।

ਜਾਂ = ਜਦੋਂ ਉਹ ਪਰਮਾਤਮਾ ਹੀ ਸਭ ਥਾਈਂ ਸਮਾਏ = ਸਮਾਅ, ਮਿਲ ਰਹਿਆ = ਰਿਹਾ ਹੈ, ਫੇਰ ਕਿਆ = ਕੀ ਕੜੀਐ = ਝੂਰਨਾ ਹੈ ॥੧॥

## ਮਾਇਆ ਮੋਹਿ; ਕੜੇ ਕੜਿ ਪਚਿਆ ॥
## ਬਿਨੁ ਨਾਵੈ; ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥੧॥ਰਹਾਉ॥

ਹੇ ਭਾਈ ! ਇਹ ਜੀਵ ਮਾਇਆ ਦੇ ਮੋਹਿ = ਮੋਹ, ਸਨੇਹ ਕਰਕੇ ਵਿਅਰਥ ਹੀ ਕੜੇ ਕੜਿ = ਝੂਰ-ਝੂਰ ਕੇ ਈਰਖਾ, ਨਰਕ ਦੀ ਅੱਗ ਵਿਚ ਪਚਿਆ = ਸੜਦਾ ਰਹਿੰਦਾ ਹੈ **ਵਾ:** ਮਾਇਆ ਦੇ ਮੋਹ ਕਾਰਨ ਜੀਵ ਕੜੇ = ਬੰਧਨਾਂ ਵਿਚ ਜਕੜਿਆ ਹੋਇਆ ਕੜਿ = ਦੁਖੀ ਹੁੰਦਾ ਹੈ ਅਤੇ ਪਚਿਆ = ਕ੍ਰੋਧ, ਈਰਖਾ ਕਰਕੇ ਰਿੱਝਦਾ, ਸੜਦਾ ਰਹਿੰਦਾ ਹੈ।

ਪਰਮਾਤਮਾ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਜੀਵ ਭ੍ਰਮਿ = ਭਰਮ ਦਾ ਭ੍ਰਮਿ = ਭਰਮਾਇਆ ਹੋਇਆ ਜੂਨਾਂ ਵਿਚ ਭ੍ਰਮਿ = ਭਰਮਦਾ ਰਹਿੰਦਾ ਹੈ ਅਤੇ ਵਿਕਾਰਾਂ ਵਿਚ ਖਪਿਆ = ਖਪਦਾ, ਖਚਿਤ ਹੁੰਦਾ ਰਹਿੰਦਾ ਹੈ ॥੧॥ਰਹਾਉ॥

## ਤਉ ਕੜੀਐ; ਜੇ ਦੂਜਾ ਕਰਤਾ ॥ ਤਉ ਕੜੀਐ; ਜੇ ਅਨਿਆਇ ਕੋ ਮਰਤਾ ॥

ਹੇ ਭਾਈ ! ਤਉ = ਤਾਂ ਹੀ ਕੜੀਐ = ਝੂਰਨਾ ਕਰੀਏ, ਜੇ = ਜੇਕਰ ਕਰਤਾ ਪੁਰਖ ਤੋਂ ਬਿਨਾਂ ਦੂਜਾ ਕੋਈ ਹੋਰ ਕਰਤਾ ਹੋਵੇ।

ਤਉ = ਤਾਂ ਹੀ ਕੜੀਐ = ਝੂਰਨਾ ਕਰੀਏ, ਜੇ = ਜੇਕਰ ਕੋ = ਕੋਈ ਮਨੁੱਖ ਅਨਿਆਇ = ਬੇਇਨਸਾਫ਼ੀ, ਅਧਰਮ ਨਾਲ ਮਰਤਾ = ਮਰਦਾ ਹੋਵੇ, ਭਾਵ ਉਹ ਜੀਵਾਂ ਦੀ ਕਰਨੀ ਅਨੁਸਾਰ ਨਿਆਂ ਕਰਨ ਵਾਲਾ ਤੇ ਫਲ ਦੇਣ ਵਾਲਾ ਹੈ।

## ਤਉ ਕੜੀਐ; ਜੇ ਕਿਛੁ ਜਾਣੈ ਨਾਹੀ ॥
## ਕਿਆ ਕੜੀਐ; ਜਾਂ ਭਰਪੂਰਿ ਸਮਾਹੀ ॥੨॥

ਹੇ ਭਾਈ! ਤਉ = ਤਾਂ ਹੀ ਕੜੀਐ = ਝੂਰਨਾ ਕਰੀਏ, ਜੇ = ਜੇਕਰ ਉਹ ਪ੍ਰਭੂ ਕਿਛੁ = ਕੁਝ ਜਾਣੈ = ਜਾਣਦਾ ਨਹੀਂ ਹੈ, ਭਾਵ ਉਹ ਤਾਂ ਅੰਤਰਜਾਮੀ ਹੈ।

ਜਾਂ = ਜਦੋਂ ਉਹ ਸਭ ਥਾਈਂ ਭਰਪੂਰਿ = ਲਬਾਲਬ ਪੂਰਨ ਹੋ ਕੇ ਸਮਾਹੀ = ਸਮਾਅ, ਵਿਆਪਕ ਹੋ ਰਿਹਾ ਹੈ, ਤਾਂ ਫੇਰ ਕਿਆ = ਕੀ ਕੜੀਐ = ਝੂਰਨਾ ਹੈ॥੨॥

## ਤਉ ਕੜੀਐ; ਜੇ ਕਿਛੁ ਹੋਇ ਧਿਙਾਣੈ ॥ ਤਉ ਕੜੀਐ; ਜੇ ਭੂਲਿ ਰੰਞਾਣੈ ॥

ਹੇ ਭਾਈ! ਤਉ = ਤਾਂ ਹੀ ਕੜੀਐ = ਝੂਰਨਾ ਕਰੀਏ, ਜੇ = ਜੇਕਰ ਪਰਮਾਤਮਾ ਵੱਲੋਂ ਕਿਸੇ ਨਾਲ ਕਿਛੁ = ਕੁਝ ਧਿਙਾਣੈ = ਧੱਕੇਬਾਜ਼ੀ ਹੋਇ = ਹੁੰਦੀ ਹੋਵੇ।

ਤਉ = ਤਾਂ ਹੀ ਕੜੀਐ = ਝੂਰਨਾ ਕਰੀਏ, ਜੇ = ਜੇਕਰ ਉਹ ਪ੍ਰਭੂ ਭੂਲਿ = ਭੁੱਲ ਕੇ ਕਿਸੇ ਨੂੰ ਰੰਞਾਣੈ = ਦੁੱਖ ਦੇਂਦਾ ਹੈ ਭਾਵ ਉਹ ਤਾਂ ਜੀਵਾਂ ਦੀ ਕਰਨੀ ਅਨੁਸਾਰ ਫਲ ਭੁਗਤਾਉਂਦਾ ਹੈ।

## ਗੁਰਿ ਕਹਿਆ; ਜੋ ਹੋਇ ਸਭੁ ਪ੍ਰਭ ਤੇ ॥ ਤਬ ਕਾੜਾ ਛੋਡਿ; ਅਚਿੰਤ ਹਮ ਸੋਤੇ ॥੩॥

ਸਾਨੂੰ ਗੁਰਿ = ਸਤਿਗੁਰਾਂ ਨੇ ਇਹ ਕਹਿਆ = ਆਖਿਆ ਹੈ ਕਿ ਜੋ ਕੁਝ ਵੀ ਹੋਇ = ਹੁੰਦਾ ਹੈ, ਉਹ ਸਭੁ = ਸਾਰਾ ਕੁਝ ਪ੍ਰਭ = ਪਰਮਾਤਮਾ ਤੇ = ਤੋਂ ਭਾਵ ਪ੍ਰਭੂ ਦੇ ਹੁਕਮ ਵਿਚ ਹੀ ਹੁੰਦਾ ਹੈ।

ਤਬ = ਤਦੋਂ ਕਾੜਾ = ਝੂਰਨਾ ਛੋਡਿ = ਛੱਡ ਕਰਕੇ ਅਚਿੰਤ = ਚਿੰਤਾਵਾਂ ਤੋਂ ਰਹਿਤ ਹੋ ਕੇ ਹਮ = ਅਸੀਂ ਨਿਰਵਿਕਲਪ ਸਮਾਧੀ ਵਿਚ ਸੋਤੇ = ਬਿਰਾਜਮਾਨ ਹੋਏ ਹਾਂ **ਵਾ:** ਚਿੰਤਾਵਾਂ ਤੋਂ ਰਹਿਤ ਹੋ ਕੇ ਸੁੱਤੇ ਭਾਵ ਬੇ-ਫ਼ਿਕਰ ਹੋਏ ਹਾਂ॥੩॥

## ਪ੍ਰਭ ਤੂਹੈ ਠਾਕੁਰੁ; ਸਭੁ ਕੋ ਤੇਰਾ ॥ ਜਿਉ ਭਾਵੈ; ਤਿਉ ਕਰਹਿ ਨਿਬੇਰਾ ॥

ਹੇ ਪ੍ਰਭ = ਪ੍ਰਭੂ! ਇਕ ਤੂੰ ਹੀ ਸਭ ਦਾ ਠਾਕੁਰੁ = ਮਾਲਕ ਹੈਂ ਅਤੇ ਸਭ ਕੋ = ਕੋਈ ਤੇਰਾ ਹੀ ਸੇਵਕ ਹੈ।

ਜਿਉ = ਜਿਵੇਂ ਤੈਨੂੰ ਭਾਵੈ = ਭਾਉਂਦਾ ਹੈ, ਤਿਉਂ = ਤਿਵੇਂ ਹੀ ਤੂੰ ਸਭ ਜੀਵਾਂ ਦਾ ਨਿਬੇਰਾ = ਨਿਆਂ ਕਰਦਾ ਹੈਂ।

## ਦੁਤੀਆ ਨਾਸਤਿ; ਇਕੁ ਰਹਿਆ ਸਮਾਇ ॥
## ਰਾਖਹੁ ਪੈਜ; ਨਾਨਕ ਸਰਣਾਇ ॥੪॥੫॥੧੮॥

ਬ੍ਰਹਮ ਗਿਆਨੀ ਦੀ ਐਸੀ ਦ੍ਰਿਸ਼ਟੀ ਹੈ ਕਿ ਤੇਰੇ ਤੋਂ ਬਿਨਾਂ ਦੁਤੀਆ = ਦੂਜਾ ਸਭ ਸੰਸਾਰ ਨਾਸਤਿ = ਨਾਸ਼ ਹੋ ਜਾਣ ਵਾਲਾ ਹੈ ਪਰ ਇਕ ਤੂੰ ਸਰਬ ਥਾਵਾਂ ਵਿਚ ਸਮਾਇ = ਮਿਲ ਰਿਹਾ ਹੈਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ! ਅਸੀਂ ਤੁਹਾਡੀ ਸਰਣਾਇ = ਸ਼ਰਨ ਵਿਚ ਆਏ ਹਾਂ, ਤੁਸੀਂ ਸਾਡੀ ਪੈਜ = ਇੱਜ਼ਤ ਰਾਖਹੁ = ਰੱਖਣਾ ਕਰੋ॥੪॥੫॥੧੮॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਅਨੇਕਾਂ ਦ੍ਰਿਸ਼ਟਾਂਤ ਦੇ ਕੇ ਕਥਨ ਕਰਦੇ ਹਨ ਕਿ ਨਾਮ ਤੋਂ ਬਿਨਾਂ ਕਿਸੇ ਦੀ ਵੀ ਕਲਿਆਣ ਨਹੀਂ ਹੋ ਸਕਦੀ।

## ਬਿਨੁ ਬਾਜੇ; ਕੈਸੋ ਨਿਰਤਿਕਾਰੀ ॥ ਬਿਨੁ ਕੰਠੈ; ਕੈਸੇ ਗਾਵਨਹਾਰੀ ॥

ਜਿਸ ਪ੍ਰਕਾਰ ਬਾਜੇ = ਵਾਜਿਆਂ ਦੇ ਤਾਲ ਪੂਰਨ ਤੋਂ ਬਿਨੁ = ਬਗ਼ੈਰ ਕੋਈ ਕੈਸੋ = ਕਿਹੋ ਜਿਹੀ ਨਿਰਤਕਾਰੀ = ਨਾਚ ਕਰ ਸਕਦੀ ਹੈ, ਭਾਵ ਵਾਜਿਆਂ ਤੋਂ ਬਗ਼ੈਰ ਨਾਚ ਨਹੀਂ ਫੱਬਦਾ।

ਕੰਠੈ = ਗਲ ਤੋਂ ਬਿਨੁ = ਬਗ਼ੈਰ ਕੋਈ ਗਾਵਨਹਾਰੀ = ਗਾਉਣ ਵਾਲੀ ਕੈਸੇ = ਕਿਸ ਪ੍ਰਕਾਰ ਗਾ ਸਕਦੀ ਹੈ ਭਾਵ ਨਹੀਂ ਗਾ ਸਕਦੀ।

**ਅਥਵਾ** ਏਸੇ ਪ੍ਰਕਾਰ ਪਰਮਾਤਮਾ ਦੇ ਨਾਮ ਰੂਪੀ ਵਾਜੇ ਤੋਂ ਬਿਨਾਂ ਕੋਈ ਸ਼ਾਸਤ੍ਰ ਗਿਆਨ ਦਾ ਨਿਰਣਾ ਕਿਵੇਂ ਕਰ ਸਕਦਾ ਹੈ, ਭਾਵ ਨਹੀਂ ਕਰ ਸਕਦਾ।

ਸ਼ਰਧਾ ਰੂਪੀ ਕੰਠ ਤੋਂ ਬਿਨਾਂ ਕੋਈ ਜਿੰਦ ਪ੍ਰਭੂ ਦੇ ਜੱਸ ਨੂੰ ਕਿਵੇਂ ਗਾ ਸਕੇਗੀ, ਭਾਵ ਨਹੀਂ ਗਾ ਸਕਦੀ।

## ਜੀਲ ਬਿਨਾ; ਕੈਸੇ ਬਜੈ ਰਬਾਬ ॥ ਨਾਮ ਬਿਨਾ; ਬਿਰਥੇ ਸਭਿ ਕਾਜ ॥੧॥

ਜੀਲ[੧] = ਤਾਰ, ਤੰਦੀ ਤੋਂ ਬਿਨਾ = ਬਗ਼ੈਰ ਰਬਾਬ[੨] ਕੈਸੇ = ਕਿਸ ਪ੍ਰਕਾਰ ਬਜੈ = ਵੱਜ ਸਕਦੀ ਹੈ, ਭਾਵ ਨਹੀਂ ਵੱਜ ਸਕਦੀ **ਅਥਵਾ** ਪ੍ਰੀਤੀ ਰੂਪੀ ਜੀਲ = ਤਾਰ ਤੋਂ ਬਿਨਾਂ ਸਰੀਰ ਜਾਂ ਮਨ ਰੂਪੀ ਰਬਾਬ ਕਿਵੇਂ ਵੱਜ ਸਕਦੀ ਹੈ ਭਾਵ ਕੋਈ ਕਿਵੇਂ ਜੱਸ ਗਾ ਸਕਦਾ ਹੈ ਅਰਥਾਤ ਨਹੀਂ ਗਾ ਸਕਦਾ।

ਏਸੇ ਪ੍ਰਕਾਰ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ, ਸਭਿ = ਸਾਰੇ ਕਾਜ = ਕੰਮ ਬਿਰਥੇ = ਵਿਅਰਥ ਹਨ ॥੧॥

## ਨਾਮ ਬਿਨਾ; ਕਹਹੁ ਕੋ ਤਰਿਆ ॥ ਬਿਨੁ ਸਤਿਗੁਰ; ਕੈਸੇ ਪਾਰਿ ਪਰਿਆ ॥੧॥ਰਹਾਉ॥

ਹੇ ਭਾਈ ! ਇਹ ਕਹਹੁ = ਦੱਸੋ ਖ਼ਾਂ ਕਿ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਕੋ = ਕਿਹੜਾ ਤਰਿਆ ਹੈ, ਭਾਵ ਕੋਈ ਵੀ ਮੁਕਤ ਨਹੀਂ ਹੋਇਆ।

ਸਤਿਗੁਰਾਂ ਤੋਂ ਬਿਨੁ = ਬਗ਼ੈਰ ਕੋਈ ਕੈਸੇ = ਕਿਸ ਪ੍ਰਕਾਰ ਸੰਸਾਰ-ਸਮੁੰਦ੍ਰ ਤੋਂ ਪਾਰ ਪਰਿਆ = ਪਿਆ ਹੈ, ਭਾਵ ਕੋਈ ਵੀ ਪਾਰ ਨਹੀਂ ਹੋਇਆ ॥੧॥ਰਹਾਉ॥

## ਬਿਨੁ ਜਿਹਵਾ; ਕਹਾ ਕੋ ਬਕਤਾ ॥ ਬਿਨੁ ਸ੍ਰਵਨਾ; ਕਹਾ ਕੋ ਸੁਨਤਾ ॥

ਜਿਵੇਂ ਜਿਹਵਾ = ਜੀਭ ਤੋਂ ਬਿਨੁ = ਬਗ਼ੈਰ, ਕੋ = ਕੋਈ ਕਹਾ = ਕਿੱਥੇ, ਕੀ ਬਕਤਾ = ਬੋਲ ਸਕਦਾ ਹੈ, ਭਾਵ ਨਹੀਂ ਬੋਲ ਸਕਦਾ।

ਸ੍ਰਵਨਾ = ਕੰਨਾਂ ਤੋਂ ਬਿਨੁ = ਬਗ਼ੈਰ ਕੋ = ਕੋਈ ਕਹਾ = ਕਿਥੇ ਸੁਨਤਾ = ਸੁਣ ਸਕਦਾ ਹੈ, ਭਾਵ ਨਹੀਂ ਸੁਣ ਸਕਦਾ। **ਅਥਵਾ** ਪ੍ਰੀਤ ਰੂਪੀ ਰਸਨਾ ਤੋਂ ਬਿਨਾਂ ਕੋਈ ਕੀ ਪ੍ਰਭੂ ਦਾ ਜੱਸ ਉਚਾਰ ਸਕਦਾ ਹੈ, ਭਾਵ ਨਹੀਂ ਉਚਾਰ ਸਕਦਾ ਅਤੇ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਤੋਂ ਬਿਨਾਂ ਕੋਈ ਕੀ ਪ੍ਰਭੂ ਦਾ ਜੱਸ, ਨਾਮ ਸੁਣ ਸਕਦਾ ਹੈ ਭਾਵ ਨਹੀਂ ਸੁਣ ਸਕਦਾ।

---

੧. **ਜੀਲ** : ਇਹ ਸਾਜ਼ ਦੀ ਛੋਟੀ ਤਾਰ ਹੁੰਦੀ ਹੈ, ਜਿਸ ਦਾ ਸੁਰ ਉੱਚਾ (ਤਿੱਖਾ) ਹੁੰਦਾ ਹੈ, ਇਸ ਨੂੰ ਫ਼ਾਰਸੀ ਵਿਚ 'ਜੀਰ' ਤੇ ਪੰਜਾਬੀ ਵਿਚ 'ਜੀਲ' ਆਖਦੇ ਹਨ।

੨. **ਰਬਾਬ** : ਇਹ ਇਕ ਪ੍ਰਕਾਰ ਦਾ ਵਜਾਉਣ ਵਾਲਾ ਸਾਜ਼ ਹੈ। ਇਸ ਸਾਜ਼ ਨੂੰ ਕੁਝ ਬਦਲ ਕੇ ਛੇ ਤਾਰਾ ਰਬਾਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਣਾਇਆ ਸੀ ਅਤੇ ਭਾਈ ਮਰਦਾਨਾ ਇਸ ਨੂੰ ਵਜਾਉਂਦਾ ਸੀ। ਭਾਈ ਮਰਦਾਨਾ ਜੀ ਦਾ ਇਹ ਬਹੁਤ ਪਿਆਰਾ ਸਾਜ਼ ਸੀ। ਇਸ ਕਰਕੇ ਹੀ ਉਨ੍ਹਾਂ ਦੀ ਵੰਸ਼ ਦਾ ਨਾਮ ਰਬਾਬੀ ਪਿਆ ਸੀ, ਸੰਗੀਤ ਵਿਚ ਇਸ ਦਾ ਨਾਮ ਰਾਵਣ ਬੀਣਾ ਹੈ ਇਸ ਦੇ ਦੋ ਭੇਦ ਹਨ—ਇਕ ਨਿਬੱਧ (ਜਿਸ ਦੇ ਤੰਦਾਂ ਦੇ ਬੰਦ, ਸੁਰਾਂ ਦੇ ਚਿੰਨ੍ਹ ਲਈ ਬੱਧੇ ਹੋਣ), ਦੂਜਾ ਅਨਿਬੱਧ (ਜਿਸ ਦੇ ਬੰਦ ਨਾ ਹੋਣ)। ਸਰੋਤ ਹੈ ਕਿ ਰਾਮਪੁਰ ਰਿਆਸਤ ਵਿਚ ਗੁਰੂ ਨਾਨਕ ਦੇਵ ਜੀ ਦੀ ਵਿਊਂਤ ਦਾ ਰਬਾਬ ਮੌਜੂਦ ਹੈ।

## ਬਿਨੁ ਨੇਤ੍ਰਾ; ਕਹਾ ਕੋ ਪੇਖੈ ॥ ਨਾਮ ਬਿਨਾ; ਨਰੁ ਕਹੀ ਨ ਲੇਖੈ ॥੨॥

ਜਿਵੇਂ ਨੇਤ੍ਰਾ = ਅੱਖਾਂ ਤੋਂ ਬਿਨੁ = ਬਗ਼ੈਰ ਕੋ = ਕੋਈ ਕਹਾ = ਕਿਥੇ ਪੇਖੈ = ਵੇਖ ਸਕਦਾ ਹੈ, ਭਾਵ ਨਹੀਂ ਵੇਖ ਸਕਦਾ **ਵਾ**: ਏਸੇ ਪ੍ਰਕਾਰ ਵੈਰਾਗ ਤੇ ਵਿਵੇਕ ਰੂਪੀ ਨੇਤ੍ਰਾਂ ਤੋਂ ਬਿਨਾਂ ਕੋਈ ਵਾਹਿਗੁਰੂ ਦੇ ਸਰੂਪ ਨੂੰ ਕੀ ਵੇਖ ਸਕਦਾ ਹੈ, ਭਾਵ ਨਹੀਂ ਵੇਖ ਸਕਦਾ।

ਇਉਂ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਨਰੁ = ਮਨੁੱਖ ਕਹੀ = ਕਿਤੇ ਵੀ ਲੇਖੈ = ਹਿਸਾਬ ਕਿਤਾਬ ਵਿਚ ਨਹੀਂ ਹੈ॥੨॥

## ਬਿਨੁ ਬਿਦਿਆ; ਕਹਾ ਕੋਈ ਪੰਡਿਤ ॥ ਬਿਨੁ ਅਮਰੈ; ਕੈਸੇ ਰਾਜ ਮੰਡਿਤ ॥

ਜਿਵੇਂ ਬਿਦਿਆ = ਪੜ੍ਹਾਈ ਤੋਂ ਬਿਨੁ = ਬਗ਼ੈਰ ਕਹਾ = ਕੀ ਕੋਈ ਪੰਡਿਤ = ਵਿਦਵਾਨ ਅਖਵਾ ਸਕਦਾ ਹੈ, ਭਾਵ ਨਹੀਂ ਅਖਵਾ ਸਕਦਾ।

ਜਿਵੇਂ ਅਮਰੈ = ਅਮਰ, ਹੁਕਮ ਤੋਂ ਬਿਨਾਂ ਕੋਈ ਰਾਜਾ ਕੈਸੇ = ਕਿਸ ਪ੍ਰਕਾਰ ਆਪਣੇ ਰਾਜ ਨੂੰ ਮੰਡਿਤ = ਸਜਾ, ਭੂਖਸ਼ਿਤ ਕਰ ਸਕਦਾ ਹੈ, ਭਾਵ ਨਹੀਂ ਕਰ ਸਕਦਾ **ਅਥਵਾ** ਏਸੇ ਪ੍ਰਕਾਰ ਬ੍ਰਹਮ ਵਿੱਦਿਆ ਤੋਂ ਬਿਨਾਂ ਕੋਈ ਪੰਡਿਤ = ਪੰਡਾ ਭਾਵ ਬੁੱਧੀ ਆਤਮ ਸਰੂਪ ਦੀ ਵਿਚਾਰ ਵਾਲੀ ਕਿਥੇ ਹੋ ਸਕਦੀ ਹੈ ਭਾਵ ਨਹੀਂ ਹੋ ਸਕਦੀ ਅਤੇ ਇੰਦ੍ਰੀਆਂ ਰੂਪੀ ਪਰਜਾ ਉੱਪਰ ਆਪਣਾ ਹੁਕਮ ਚਲਾਉਣ ਤੋਂ ਬਿਨਾਂ ਭਾਵ ਇੰਦ੍ਰੀਆਂ ਨੂੰ ਆਪਣੇ ਅਧੀਨ ਕੀਤਿਆਂ ਤੋਂ ਬਿਨਾਂ ਕੋਈ ਸ੍ਰਵਣ, ਮੰਨਣ ਤੇ ਨਿਧਿਆਸਣ ਰੂਪੀ ਰਾਜ = ਗਿਆਨ ਨੂੰ ਕਿਵੇਂ ਮੰਡਿਤ = ਸਜ਼ਾ, ਭੂਖਸ਼ਿਤ ਕਰ ਸਕਦਾ ਹੈ, ਭਾਵ ਨਹੀਂ ਕਰ ਸਕਦਾ।

## ਬਿਨੁ ਬੂਝੇ; ਕਹਾ ਮਨੁ ਠਹਰਾਨਾ ॥ ਨਾਮ ਬਿਨਾ; ਸਭੁ ਜਗੁ ਬਉਰਾਨਾ ॥੩॥

ਗੁਰਾਂ ਦੇ ਉਪਦੇਸ਼ ਨੂੰ ਬੂਝੇ = ਸਮਝੇ ਤੋਂ ਬਿਨੁ = ਬਗ਼ੈਰ ਇਹ ਮਨ ਕਹਾ = ਕਿੱਥੇ ਠਹਰਾਨਾ = ਠਹਿਰ ਸਕਦਾ ਹੈ, ਭਾਵ ਗੁਰਾਂ ਤੋਂ ਬਿਨਾਂ ਇਹ ਮਨ ਇਸਥਿੱਤ ਨਹੀਂ ਹੋ ਸਕਦਾ।

ਏਸੇ ਪ੍ਰਕਾਰ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਸਭੁ = ਸਾਰਾ ਜਗੁ = ਸੰਸਾਰ ਹੀ ਬਉਰਾਨਾ = ਕਮਲਾ ਹੋਇਆ ਫਿਰਦਾ ਹੈ॥੩॥

## ਬਿਨੁ ਬੈਰਾਗ; ਕਹਾ ਬੈਰਾਗੀ ॥ ਬਿਨੁ ਹਉ ਤਿਆਗਿ; ਕਹਾ ਕੋਊ ਤਿਆਗੀ ॥

ਹੇ ਭਾਈ ! ਤਰ ਤੀਬਰ ਤਰ ਤਮ ਵੈਰਾਗ ਤੋਂ ਬਿਨਾਂ ਕੋਈ ਕਹਾ = ਕੀ ਬੈਰਾਗੀ = ਵੈਰਾਗਵਾਨ ਹੋ ਸਕਦਾ ਹੈ, ਭਾਵ ਨਹੀਂ ਹੋ ਸਕਦਾ ਅਤੇ :

ਹਉ = ਹੰਗਤਾ ਨੂੰ ਤਿਆਗਿ = ਤਿਆਗਣ ਤੋਂ ਬਿਨੁ = ਬਗ਼ੈਰ, ਕੋਊ = ਕੋਈ ਕਹਾ = ਕੀ ਤਿਆਗੀ = ਤਿਆਗ ਕਰਨ ਵਾਲਾ ਹੋ ਸਕਦਾ ਹੈ ਭਾਵ ਨਹੀਂ ਹੋ ਸਕਦਾ। ਭਾਵ ਤਿਆਗੀ ਹੋਈ ਵਸਤੂ ਦੇ ਤਿਆਗ ਦਾ ਹੰਕਾਰ ਵੀ ਤਿਆਗ ਦੇਣਾ ਹੀ ਅਸਲ ਤਿਆਗ ਹੈ।

## ਬਿਨੁ ਬਸਿ ਪੰਚ; ਕਹਾ ਮਨ ਚੂਰੇ ॥ ਨਾਮ ਬਿਨਾ; ਸਦ ਸਦ ਹੀ ਝੂਰੇ ॥੪॥

ਪੰਚ = ਪੰਜ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ **ਵਾ**: ਪੰਜੇ ਗਿਆਨ, ਪੰਜ ਕਰਮ ਇੰਦ੍ਰੀਆਂ ਨੂੰ ਆਪਣੇ ਬਸਿ = ਅਧੀਨ ਕੀਤੇ ਤੋਂ ਬਿਨੁ = ਬਗ਼ੈਰ ਕੋਈ ਆਪਣੇ ਮਨ ਦੀਆਂ ਵਾਸ਼ਨਾਵਾਂ ਨੂੰ ਕਹਾ = ਕੀ ਚੂਰੇ = ਚੂਰਨ ਭਾਵ ਮੇਟ ਸਕਦਾ ਹੈ ਅਰਥਾਤ ਨਹੀਂ ਮੇਟ ਸਕਦਾ।

ਏਸੇ ਪ੍ਰਕਾਰ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਜੀਵ ਸਦ ਸਦ = ਹਮੇਸ਼ਾਂ-ਹਮੇਸ਼ਾਂ ਲਈ ਹੀ ਝੂਰੇ = ਝੂਰਦਾ ਰਹਿੰਦਾ ਹੈ॥੪॥

## ਬਿਨੁ ਗੁਰ ਦੀਖਿਆ; ਕੈਸੇ ਗਿਆਨੁ ॥ ਬਿਨੁ ਪੇਖੇ; ਕਹੁ ਕੈਸੋ ਧਿਆਨੁ ॥

ਗੁਰਾਂ ਦੀ ਦੀਖਿਆ = ਸਿੱਖਿਆ ਤੋਂ ਬਿਨੁ = ਬਗ਼ੈਰ ਕਿਸੇ ਨੂੰ ਕੈਸੇ = ਕਿਸ ਪ੍ਰਕਾਰ ਆਤਮ ਗਿਆਨ ਹੋ ਸਕਦਾ ਹੈ, ਭਾਵ ਨਹੀਂ ਹੋ ਸਕਦਾ।

ਦ੍ਰਿਸ਼ਟਾ ਰੂਪ ਪ੍ਰਭੂ ਨੂੰ ਪੇਖੇ = ਵੇਖੇ ਤੋਂ ਬਿਨੁ = ਬਗ਼ੈਰ, ਕਹੁ = ਦੱਸੋ ਕੈਸੇ = ਕਿਸ ਪ੍ਰਕਾਰ ਧਿਆਨ ਲੱਗ ਸਕਦਾ ਹੈ, ਭਾਵ ਨਹੀਂ ਲੱਗ ਸਕਦਾ।

## ਬਿਨੁ ਭੈ; ਕਥਨੀ ਸਰਬ ਬਿਕਾਰ ॥ ਕਹੁ ਨਾਨਕ; ਦਰ ਕਾ ਬੀਚਾਰ ॥੫॥੬॥੧੯॥

ਪਰਮਾਤਮਾ ਦੇ ਭੈ = ਡਰ ਧਾਰਨ ਤੋਂ ਬਿਨੁ = ਬਗ਼ੈਰ, ਕਥਨੀ = ਮੂੰਹੋਂ ਕਹੀਆਂ ਗੱਲਾਂ ਸਰਬ = ਸਾਰੀਆਂ ਵਿਕਾਰ ਰੂਪ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਇਹ ਪਰਮਾਤਮਾ ਦੇ ਦਰ = ਦੁਆਰੇ ਦਾ ਬੀਚਾਰ = ਨਿਰਣਾ ਕਰਕੇ ਦੱਸਣਾ ਕੀਤਾ ਹੈ॥੫॥੬॥੧੯॥

## ਭੈਰਉ ਮਹਲਾ ੫ ॥

## ਹਉਮੈ ਰੋਗੁ; ਮਾਨੁਖ ਕਉ ਦੀਨਾ ॥ ਕਾਮ ਰੋਗਿ; ਮੈਗਲੁ ਬਸਿ ਲੀਨਾ ॥

ਹੇ ਭਾਈ! ਇਸ ਸੰਸਾਰ ਦੇ ਤਮਾਸ਼ੇ ਵਿਚ ਪਰਮਾਤਮਾ ਨੇ ਜੀਵਾਂ ਨੂੰ ਪਰਖਣ ਵਾਸਤੇ ਹਉਮੈ = ਹੰਗਤਾ ਦਾ ਰੋਗ ਵਿਸ਼ੇਸ਼ ਕਰਕੇ ਮਾਨੁਖ = ਮਨੁੱਖ ਨੂੰ ਦੀਨਾ = ਦੇਣਾ ਕੀਤਾ ਹੈ।

ਕਾਮ ਰੂਪੀ ਰੋਗ ਨੇ ਮੈਗਲੁ = ਹਾਥੀ ਨੂੰ ਆਪਣੇ ਬਸਿ = ਅਧੀਨ ਲੀਨਾ = ਲੈਣਾ ਕੀਤਾ ਹੈ ਅਰਥਾਤ ਹਾਥੀ ਖ਼ਾਸ ਕਰਕੇ ਕਾਮ ਦੇ ਅਧੀਨ ਰਹਿੰਦਾ ਹੈ, ਹਾਥੀ ਨੂੰ ਪਕੜਨ ਵਾਲੇ ਲੋਕ ਜੰਗਲ ਵਿਚ ਬਹੁਤ ਵੱਡਾ ਟੋਆ ਪੁੱਟ ਕੇ ਉੱਪਰ ਕਾਨਿਆਂ ਦੀ ਛੱਤ ਪਾ ਕੇ ਅਤੇ ਕਾਗ਼ਜ਼ਾਂ ਦੀ ਹੱਥਣੀ ਬਣਾ ਕੇ ਰੱਖ ਦੇਂਦੇ ਹਨ, ਜਿਸ ਵੇਲੇ ਕਾਮ ਦੇ ਅਧੀਨ ਹੋਇਆ ਹਾਥੀ ਉਸ ਹੱਥਣੀ ਨਾਲ ਸਪਰਸ਼ ਕਰਨ ਲਈ ਆਉਂਦਾ ਹੈ, ਤਦੋਂ ਉਸ ਟੋਏ ਵਿਚ ਡਿੱਗ ਪੈਂਦਾ ਹੈ ਅਤੇ ਫੇਰ ਸਾਰੀ ਜ਼ਿੰਦਗੀ ਕੁੰਡੇ ਸਹਾਰਦਾ ਹੈ।

## ਦ੍ਰਿਸਟਿ ਰੋਗਿ; ਪਚਿ ਮੁਏ ਪਤੰਗਾ ॥ ਨਾਦ ਰੋਗਿ; ਖਪਿ ਗਏ ਕੁਰੰਗਾ ॥੧॥

ਦੀਵੇ ਦੀ ਲਾਟ ਨੂੰ ਦ੍ਰਿਸਟਿ = ਦੇਖਣ ਦੇ ਰੋਗ ਵਿਚ ਪਤੰਗਾ ਪਚਿ = ਸੜ ਮੁਏ = ਮਰਦਾ ਹੈ।

ਨਾਦ = ਸ਼ਬਦ ਦੇ ਰੋਗ ਕਰਕੇ ਅਨੇਕਾਂ ਕੁਰੰਗਾ = ਹਿਰਨ ਖਪਿ = ਨਾਸ਼ ਹੋ ਗਏ ਹਨ॥੧॥

## ਜੋ ਜੋ ਦੀਸੈ; ਸੋ ਸੋ ਰੋਗੀ ॥ ਰੋਗ ਰਹਿਤ; ਮੇਰਾ ਸਤਿਗੁਰੁ ਜੋਗੀ ॥੧॥ਰਹਾਉ॥

ਹੇ ਭਾਈ! ਇਸ ਸੰਸਾਰ ਵਿਚ ਜੋ ਜੋ = ਜਿਹੜਾ ਜਿਹੜਾ ਵੀ ਜੀਵ ਦੀਸੈ = ਦਿਸਦਾ ਹੈ, ਸੋ ਸੋ = ਉਹੋ-ਉਹੋ ਹੀ ਰੋਗੀ = ਰੋਗਾਂ ਦੇ ਸਹਿਤ ਹੈ।

ਪਰਮਾਤਮਾ ਨਾਲ ਜੋਗੀ = ਜੁੜਿਆ ਹੋਇਆ **ਵਾ:** ਜੋੜਨ ਵਾਲਾ ਮੇਰਾ ਸਤਿਗੁਰੂ ਹੀ ਸਾਰੇ ਰੋਗਾਂ ਤੋਂ ਰਹਿਤ ਹੈ **ਵਾ:** ਗੁਰੂ ਜੀ ਆਪਣੇ ਸਿੱਖਾਂ ਨੂੰ ਵਿਕਾਰਾਂ ਦੇ ਰੋਗਾਂ ਤੋਂ ਰਹਿਤ ਕਰਨ ਵਾਲੇ ਹਨ॥੧॥ਰਹਾਉ॥

## ਜਿਹਵਾ ਰੋਗਿ; ਮੀਨੁ ਗ੍ਰਸਿਆਨੋ ॥ ਬਾਸਨ ਰੋਗਿ; ਭਵਰੁ ਬਿਨਸਾਨੋ ॥

ਜਿਹਵਾ = ਰਸਨਾ ਦੇ ਰੋਗ ਨੇ ਮੀਨੁ = ਮੱਛੀ ਨੂੰ ਗ੍ਰਸਿਆਨੋ = ਪਕੜਿਆ ਹੋਇਆ ਹੈ **ਵਾ:** ਜ਼ਬਾਨ ਦੇ ਰੋਗ ਕਰਕੇ ਜੀਵ ਮੱਛੀ ਨੂੰ ਪਕੜ ਕੇ ਖਾ ਜਾਂਦੇ ਹਨ।

ਫੁੱਲਾਂ ਦੀ ਬਾਸਨ = ਵਾਸ਼ਨਾ ਦੇ ਰੋਗ ਕਰਕੇ ਭਵਰੁ = ਭੌਰਾ ਬਿਨਸਾਨੋ = ਨਾਸ਼ ਹੋ ਜਾਂਦਾ ਹੈ **ਵਾ:** ਏਸੇ ਪ੍ਰਕਾਰ ਅਤਰ ਫੁਲੇਲ ਆਦਿ ਸੁਗੰਧਿਤ ਪਦਾਰਥਾਂ ਦੀ ਵਾਸ਼ਨਾ ਰੂਪੀ ਰੋਗ ਕਰਕੇ ਜੀਵ ਰੂਪੀ ਭੌਰੇ ਨਾਸ਼ ਹੋ ਰਹੇ ਹਨ।

## ਹੇਤ ਰੋਗ ਕਾ; ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ; ਬਧੇ ਬਿਕਾਰਾ ॥੨॥

ਇਹ ਸਗਲ = ਸਾਰਾ ਸੰਸਾਰਾ = ਜਗਤ ਹੀ ਰੋਗਾਂ ਕਾ = ਦਾ ਹੇਤ = ਕਾਰਨ ਹੈ **ਵਾ:** ਸਾਰੇ ਸੰਸਾਰ ਨੂੰ ਹੇਤ = ਮੋਹ, ਅਗਿਆਨ ਦਾ ਰੋਗ ਲੱਗਾ ਹੋਇਆ ਹੈ।

ਤ੍ਰਿਬਿਧਿ = ਤਿੰਨ ਪ੍ਰਕਾਰ ਦੇ ਰੋਗਾਂ ਮਹਿ = ਵਿੱਚੋਂ ਹੀ ਸਾਰੇ ਵਿਕਾਰ ਬਧੇ = ਵੱਧਦੇ ਹਨ **ਵਾ:** ਰਜੋ, ਤਮੋ ਤੇ ਸਤੋ ਗੁਣ ਰੂਪੀ ਤਿੰਨ ਪ੍ਰਕਾਰ ਦੇ ਰੋਗਾਂ ਵਿਚ ਬਧੇ = ਬੱਝੇ ਹੋਏ ਜੀਵ ਵਿਕਾਰਾਂ ਨੂੰ ਭੋਗਦੇ ਹਨ॥੨॥

## ਰੋਗੇ ਮਰਤਾ; ਰੋਗੇ ਜਨਮੈ ॥ ਰੋਗੇ; ਫਿਰਿ ਫਿਰਿ ਜੋਨੀ ਭਰਮੈ ॥

ਜੀਵ ਰੋਗੇ = ਰੋਗਾਂ ਵਿਚ ਹੀ ਮਰਤਾ = ਮਰਦਾ ਹੈ ਅਤੇ ਰੋਗੇ = ਰੋਗਾਂ ਵਿਚ ਹੀ ਜਨਮੈ = ਜੰਮਦਾ ਹੈ **ਵਾ:** ਹਉਮੈ, ਅਗਿਆਨ ਦੇ ਰੋਗ ਕਰਕੇ ਮਰਦਾ ਹੈ ਅਤੇ ਅਗਿਆਨ ਦੇ ਰੋਗ ਕਰਕੇ ਜੰਮਦਾ ਰਹਿੰਦਾ ਹੈ।

ਇਸ ਰੋਗੇ = ਰੋਗ ਦੇ ਕਾਰਨ ਜੀਵ ਫਿਰਿ ਫਿਰਿ = ਮੁੜ-ਮੁੜ ਜੋਨੀ = ਜੂਨਾਂ ਵਿਚ ਭਰਮੈ = ਭਰਮਦਾ ਰਹਿੰਦਾ ਹੈ।

[ਅੰਗ ੧੧੪੧]

## ਰੋਗ ਬੰਧ; ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ; ਰੋਗੁ ਕਤਹਿ ਨ ਜਾਵੈ ॥੩॥

ਇਨ੍ਹਾਂ ਰੋਗਾਂ ਵਿਚ ਬੰਧ = ਬੱਝਾ ਹੋਇਆ ਜੀਵ ਰਤੀ ਮਾਤ੍ਰ ਵੀ ਰਹਨੁ = ਰਹਿਣਾ, ਇਸਥਿਤੀ ਨਹੀਂ ਪਾਵੈ = ਪਾਉਂਦਾ।

ਸਤਿਗੁਰੂ ਜੀ ਦੀ ਕ੍ਰਿਪਾ ਤੋਂ ਬਿਨੁ = ਬਗ਼ੈਰ ਇਹ ਰੋਗ ਕਤਹਿ = ਕਿਤੇ ਵੀ ਨਹੀਂ ਜਾਵੈ = ਜਾਂਦਾ, ਭਾਵ ਨਵਿਰਤ ਨਹੀਂ ਹੁੰਦਾ॥੩॥

## ਪਾਰਬ੍ਰਹਮਿ; ਜਿਸੁ ਕੀਨੀ ਦਇਆ ॥
## ਬਾਹ ਪਕੜਿ; ਰੋਗਹੁ ਕਢਿ ਲਇਆ ॥

ਪਾਰਬ੍ਰਹਮਿ = ਪਰਮਾਤਮਾ ਨੇ ਜਿਸ ਮਨੁੱਖ ਉੱਪਰ ਆਪਣੀ ਦਇਆ = ਮਿਹਰ ਕੀਨੀ = ਕੀਤੀ ਹੈ।

ਉਸ ਦੀ ਬਿਰਤੀ ਰੂਪੀ ਬਾਹ = ਭੁਜਾ ਪਕੜਿ = ਫੜ ਕੇ ਇਨ੍ਹਾਂ ਵਿਕਾਰਾਂ, ਅਗਿਆਨ ਆਦਿ ਦੇ ਰੋਗਹੁ = ਰੋਗਾਂ ਵਿੱਚੋਂ ਕੱਢ ਲਇਆ = ਲਿਆ ਹੈ।

## ਤੂਟੇ ਬੰਧਨ; ਸਾਧਸੰਗੁ ਪਾਇਆ ॥
## ਕਹੁ ਨਾਨਕ; ਗੁਰਿ ਰੋਗੁ ਮਿਟਾਇਆ ॥੪॥੭॥੨੦॥

ਉਸ ਨੇ ਸਾਧਸੰਗੁ = ਸਾਧੂਆਂ ਦੀ ਸੰਗਤ ਨੂੰ ਪਾਇਆ = ਪਾਉਣਾ ਕੀਤਾ ਹੈ ਜਿਸ ਕਰਕੇ ਉਸ ਦੇ ਕਰਤਾ ਭੋਗਤਾ ਦੇ ਬੰਧਨ = ਜੰਜਾਲ ਤੂਟੇ = ਟੁੱਟ, ਨਵਿਰਤ ਹੋ ਗਏ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਾਂ ਨੇ ਉਸ ਦਾ ਹਉਮੈ, ਅਗਿਆਨ ਦਾ ਰੋਗ ਮਿਟਾਇਆ = ਮੇਟ ਦਿੱਤਾ ਹੈ॥੪॥੭॥੨੦॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਪਰਮਾਤਮਾ ਦੇ ਚੇਤੇ ਆਉਣ ਦੀ ਮਹਿਮਾ ਕਥਨ ਕਰਦੇ ਹਨ।

### ਚੀਤਿ ਆਵੈ; ਤਾਂ ਮਹਾ ਅਨੰਦ ॥ ਚੀਤਿ ਆਵੈ; ਤਾਂ ਸਭਿ ਦੁਖ ਭੰਜ ॥

ਹੇ ਭਾਈ! ਜੇਕਰ ਪਰਮਾਤਮਾ ਚੀਤਿ = ਚੇਤੇ ਆਵੈ = ਆ ਜਾਵੇ **ਵਾ:** ਜੇਕਰ ਚੀਤਿ = ਹਿਰਦੇ ਵਿਚ ਆਵੈ = ਆ ਕੇ ਸਾਖਿਆਤ ਹੋ ਜਾਵੇ, ਤਾਂ ਮਹਾ = ਬਹੁਤ ਵੱਡਾ ਅਨੰਦ ਪ੍ਰਾਪਤ ਹੁੰਦਾ ਹੈ **ਵਾ:** ਬ੍ਰਹਮਾਨੰਦ ਪ੍ਰਾਪਤ ਹੁੰਦਾ ਹੈ।

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ, ਤਾਂ ਪ੍ਰਭੂ ਸਭਿ = ਸਾਰੇ ਜੰਮਣ-ਮਰਣ ਆਦਿ ਦੇ ਦੁਖ = ਕਸ਼ਟ ਭੰਜ = ਨਾਸ਼ ਕਰ ਦੇਂਦਾ ਹੈ।

### ਚੀਤਿ ਆਵੈ; ਤਾਂ ਸਰਧਾ ਪੂਰੀ ॥
### ਚੀਤਿ ਆਵੈ; ਤਾਂ ਕਬਹਿ ਨ ਝੂਰੀ ॥੧॥

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ ਤਾਂ = ਤਦੋਂ ਮਨ ਦੀ ਸਾਰੀ ਸ਼ਰਧਾ = ਭਾਵਨਾ ਪੂਰੀ ਹੋ ਜਾਂਦੀ ਹੈ।

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ ਤਾਂ ਜੀਵ ਕਬਹਿ = ਕਦੇ ਭੀ ਝੂਰੀ = ਝੂਰਦਾ, ਚਿੰਤਾ ਦੇ ਸਹਿਤ ਨਹੀਂ ਹੁੰਦਾ॥੧॥

### ਅੰਤਰਿ ਰਾਮ ਰਾਇ; ਪ੍ਰਗਟੇ ਆਇ ॥
### ਗੁਰਿ ਪੂਰੈ; ਦੀਓ ਰੰਗੁ ਲਾਇ ॥੧॥ਰਹਾਉ॥

ਉਸ ਮਨੁੱਖ ਦੇ ਹਿਰਦੇ ਅੰਤਰਿ = ਵਿਚ ਰਾਇ = ਰਾਜਾ, ਪ੍ਰਕਾਸ਼ ਰੂਪ ਰਾਮ = ਪ੍ਰਭੂ ਜੀ ਪ੍ਰਗਟੇ = ਪ੍ਰਤੱਖ ਹੋ ਆਏ ਹਨ।

ਜਿਸ ਨੂੰ ਪੂਰੈ = ਪੂਰਨ ਸਤਿਗੁਰਾਂ ਨੇ ਪ੍ਰਭੂ ਦਾ ਰੰਗੁ = ਪ੍ਰੇਮ ਲਾਇ = ਲਾ ਦੀਓ = ਦਿੱਤਾ ਹੈ॥੧॥ਰਹਾਉ॥

### ਚੀਤਿ ਆਵੈ; ਤਾਂ ਸਰਬ ਕੋ ਰਾਜਾ ॥ ਚੀਤਿ ਆਵੈ; ਤਾਂ ਪੂਰੇ ਕਾਜਾ ॥

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ, ਤਾਂ ਉਹ ਪੁਰਖ ਸਰਬ = ਸਾਰਿਆਂ ਕੋ = ਦਾ ਰਾਜਾ = ਪਾਤਸ਼ਾਹ ਬਣ ਜਾਂਦਾ ਹੈ, ਭਾਵ ਉਸ ਦਾ ਸਭ ਉੱਪਰ ਹੁਕਮ ਚੱਲਣ ਲੱਗ ਪੈਂਦਾ ਹੈ।

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ ਤਾਂ ਲੋਕ-ਪ੍ਰਲੋਕ ਦੇ ਸਾਰੇ ਕਾਜਾ = ਕੰਮ ਪੂਰੇ = ਪੂਰਨ ਹੋ ਜਾਂਦੇ ਹਨ।

### ਚੀਤਿ ਆਵੈ; ਤਾਂ ਰੰਗਿ ਗੁਲਾਲ ॥ ਚੀਤਿ ਆਵੈ; ਤਾਂ ਸਦਾ ਨਿਹਾਲ ॥੨॥

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ ਤਾਂ ਭਗਤੀ ਦਾ ਗੁਲਾਲ = ਸੰਘਣਾ ਰੰਗ ਚੜ੍ਹਦਾ ਹੈ **ਵਾ:** ਸੰਘਣਾ ਰੰਗਿ = ਅਨੰਦ ਪ੍ਰਾਪਤ ਹੁੰਦਾ ਹੈ।

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ, ਤਾਂ ਸਦਾ = ਹਮੇਸ਼ਾਂ ਨਿਹਾਲ = ਪ੍ਰਸੰਨ ਚਿੱਤ ਰਹੀਦਾ ਹੈ **ਵਾ:** ਦੁੱਖਾਂ ਤੋਂ ਰਹਿਤ ਹੋ ਜਾਈਦਾ ਹੈ॥੨॥

## ਚੀਤਿ ਆਵੈ; ਤਾਂ ਸਦ ਧਨਵੰਤਾ ॥ ਚੀਤਿ ਆਵੈ; ਤਾਂ ਸਦ ਨਿਭਰੰਤਾ ॥

('ਨਿ-ਭਰੰਤਾ' ਦਾ ਉਚਾਰਣ ਡੈਸ਼ ਲਗਾ ਕੇ ਹੈ; ਦੂਜਾ ਪਾਠ 'ਸਦਨਿ ਭਰੰਤਾ' ਹੈ)

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ, ਤਾਂ ਜੀਵ ਸਦ = ਹਮੇਸ਼ਾਂ ਧਨਵੰਤਾ = ਧਨ ਵਾਲਾ (ਧਨਾਢ) ਹੋ ਜਾਂਦਾ ਹੈ।

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ ਤਾਂ ਸਦ = ਹਮੇਸ਼ਾਂ ਹੀ ਨਿਭਰੰਤਾ = ਭ੍ਰਾਂਤੀ ਤੋਂ ਰਹਿਤ ਹੋ ਜਾਈਦਾ ਹੈ **ਵਾ:** ਪ੍ਰਭੂ ਦੇ ਚੇਤੇ ਆਉਣ ਕਰਕੇ ਹਿਰਦਾ ਰੂਪੀ ਸਦਨਿ = ਘਰ ਸ਼ੁਭ ਗੁਣਾਂ ਨਾਲ ਭਰੰਤਾ = ਭਰ ਜਾਂਦਾ ਹੈ।

## ਚੀਤਿ ਆਵੈ; ਤਾਂ ਸਭਿ ਰੰਗ ਮਾਣੇ ॥ ਚੀਤਿ ਆਵੈ; ਤਾਂ ਚੂਕੀ ਕਾਣੇ ॥੩॥

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ, ਤਾਂ ਜੀਵ ਸਭਿ = ਸਾਰੇ ਰੰਗ = ਅਨੰਦ ਮਾਣੇ = ਮਾਣਦਾ ਹੈ।

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ, ਤਾਂ ਸਭ ਦੀ ਕਾਣੇ = ਕਣੌਡ ਚੂਕੀ = ਚੁੱਕੀ ਜਾਂਦੀ ਹੈ ਭਾਵ ਕਿਸੇ ਦੀ ਮੁਥਾਜਗੀ ਨਹੀਂ ਰਹਿੰਦੀ॥੩॥

## ਚੀਤਿ ਆਵੈ; ਤਾਂ ਸਹਜ ਘਰੁ ਪਾਇਆ ॥ ਚੀਤਿ ਆਵੈ; ਤਾਂ ਸੁੰਨਿ ਸਮਾਇਆ ॥

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ ਤਾਂ ਸਹਜ ਸਰੂਪ ਰੂਪੀ ਘਰ ਪਾਇਆ = ਪਾ ਲਈਦਾ ਹੈ **ਵਾ:** ਸਹਿਜੇ ਹੀ ਸਚਖੰਡ ਰੂਪੀ ਘਰ ਨੂੰ ਪਾ ਲਈਦਾ ਹੈ।

ਜੇਕਰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ ਤਾਂ ਜੀਵ ਸੁੰਨਿ = ਅਫੁਰ ਸਰੂਪ ਬ੍ਰਹਮ ਵਿਚ ਸਮਾਇਆ = ਲੀਨ ਹੋ ਜਾਂਦਾ ਹੈ।

## ਚੀਤਿ ਆਵੈ; ਸਦ ਕੀਰਤਨੁ ਕਰਤਾ ॥
## ਮਨੁ ਮਾਨਿਆ; ਨਾਨਕ ਭਗਵੰਤਾ ॥੪॥੮॥੨੧॥

ਜੇਕਰ ਕਿਸੇ ਨੂੰ ਪ੍ਰਭੂ ਚੀਤਿ = ਚੇਤੇ ਆਵੈ = ਆ ਜਾਵੇ, ਤਦ ਉਹ ਸਦ = ਹਮੇਸ਼ਾਂ ਹੀ ਪ੍ਰਭੂ ਦਾ ਕੀਰਤਨ = ਜੱਸ ਕਰਤਾ = ਕਰਦਾ ਰਹਿੰਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਦਾ ਭਗਵੰਤਾ = ਪਰਮਾਤਮਾ ਨਾਲ ਮਨ ਮਾਨਿਆ = ਮੰਨ ਗਿਆ ਹੈ, ਇਹ ਉਸੇ ਦੀ ਅਵਸਥਾ ਕਥਨ ਕੀਤੀ ਹੈ॥੪॥੮॥੨੧॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਪ੍ਰਭੂ ਤੋਂ ਵਰੋਸਾਏ ਆਪਣੇ ਪਰਿਵਾਰ ਅਤੇ ਮਿੱਤ੍ਰ, ਸੰਬੰਧੀ ਆਦਿਕਾਂ ਨੂੰ ਪ੍ਰਭੂ ਦੀ ਜੋਤ ਵਿਚ ਲੀਨਤਾ ਕਰਨ ਦਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਬਾਪੁ ਹਮਾਰਾ; ਸਦ ਚਰੰਜੀਵੀ ॥ ਭਾਈ ਹਮਾਰੇ; ਸਦ ਹੀ ਜੀਵੀ ॥

ਹੇ ਭਾਈ ! ਹਮਾਰਾ = ਸਾਡਾ ਬਾਪੁ = ਪਿਤਾ ਭਾਵ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਦ = ਹਮੇਸ਼ਾਂ ਹੀ ਚਰੰਜੀਵੀ = ਚਿਰ ਤਕ ਜਿਉਣ ਵਾਲੇ ਹਨ, ਭਾਵ ਤੁਰੀਆ ਅਤੀਤ ਅਵਸਥਾ ਦੇ ਮਾਲਕ ਹਨ **ਵਾ:** ਚਿਰਜੀਵੀ ਪ੍ਰਭੂ ਦਾ ਸਰੂਪ ਹਨ।

ਹਮਾਰੇ = ਸਾਡੇ ਭਾਈ = ਭ੍ਰਾਤਾ ਮਹਾਂਦੇਵ ਜੀ ਵੀ ਸਦ = ਹਮੇਸ਼ਾਂ ਹੀ ਜੀਵੀ = ਜੀਵਨ-ਮੁਕਤ ਹਨ।

## ਮੀਤ ਹਮਾਰੇ; ਸਦਾ ਅਬਿਨਾਸੀ ॥ ਕੁਟੰਬੁ ਹਮਾਰਾ; ਨਿਜ ਘਰਿ ਵਾਸੀ ॥੧॥

ਹਮਾਰੇ = ਸਾਡੇ ਮੀਤ = ਮਿੱਤਰ ਬਾਬਾ ਬੁੱਢਾ ਜੀ ਵਰਗੇ ਵੀ ਸਦਾ = ਹਮੇਸ਼ਾਂ ਅਬਿਨਾਸੀ = ਨਾਸ਼ ਤੋਂ ਰਹਿਤ ਪਦਵੀ ਦੀ ਪ੍ਰਾਪਤੀ ਵਾਲੇ ਹਨ।

ਮਾਤਾ ਭਾਨੀ ਜੀ, ਗੰਗਾ ਜੀ ਆਦਿ ਹਮਾਰਾ = ਸਾਡਾ ਕੁਟੰਬੁ = ਪਰਿਵਾਰ ਵੀ ਨਿਜ = ਆਪਣੇ ਸਰੂਪ ਰੂਪੀ ਘਰ ਵਿਚ ਵਾਸੀ = ਵੱਸਣ ਵਾਲੇ ਹਨ ॥੧॥

## ਹਮ ਸੁਖੁ ਪਾਇਆ; ਤਾਂ ਸਭਹਿ ਸੁਹੇਲੇ ॥ ਗੁਰਿ ਪੂਰੈ; ਪਿਤਾ ਸੰਗਿ ਮੇਲੇ ॥੧॥ਰਹਾਉ॥

ਹੇ ਭਾਈ! ਜਦੋਂ ਹਮ = ਅਸੀਂ ਆਤਮ ਸੁਖ ਨੂੰ ਪਾਇਆ = ਪਾ ਲਿਆ ਤਾਂ ਸਭਹਿ = ਸਾਰੇ ਸੰਬੰਧੀ ਸੁਹੇਲੇ = ਸੁਖੀ ਪ੍ਰਤੀਤ ਹੋਏ।

ਫੇਰ ਪੂਰੈ = ਪੂਰਨ ਪਿਤਾ ਗੁਰਾਂ ਨੇ ਆਪਣੇ ਸੰਗਿ = ਨਾਲ ਮੇਲੇ = ਮੇਲ ਲਿਆ ॥੧॥ਰਹਾਉ॥

## ਮੰਦਰ ਮੇਰੇ; ਸਭ ਤੇਂ ਊਚੇ ॥ ਦੇਸ ਮੇਰੇ; ਬੇਅੰਤ ਅਪੂਛੇ ॥

ਮੇਰੇ = ਸਾਡੇ ਮੰਦਰ = ਹਰਿਮੰਦਰ ਸਾਹਿਬ ਜੀ ਸਭ = ਸਾਰਿਆਂ ਤੇਂ = ਤੋਂ ਊਚੇ = ਉੱਚੇ **ਵਾ:** ਉੱਚੀ ਸ਼ੋਭਾ ਵਾਲੇ ਹਨ।

ਮੇਰੇ = ਸਾਡੇ ਸਿੱਖੀ ਨੂੰ ਕਮਾਉਣ ਵਾਲੇ ਮਾਝਾ, ਮਾਲਵਾ, ਪੋਠੋਹਾਰ ਆਦਿ ਅਪੂਛੇ = ਪੁੱਛਣ ਤੋਂ ਰਹਿਤ ਹੀ ਬੇਅੰਤ ਦੇਸ਼ ਹਨ।

## ਰਾਜੁ ਹਮਾਰਾ; ਸਦ ਹੀ ਨਿਹਚਲੁ ॥ ਮਾਲੁ ਹਮਾਰਾ; ਅਖੂਟੁ ਅਬੇਚਲੁ ॥੨॥

ਹਮਾਰਾ = ਸਾਡਾ ਗੁਰਿਆਈ ਰੂਪੀ ਰਾਜ ਸਦ = ਹਮੇਸ਼ਾਂ ਹੀ ਨਿਹਚਲੁ = ਅਚੱਲ ਰਹਿਣ ਵਾਲਾ ਹੈ।

ਹਮਾਰਾ = ਸਾਡਾ ਲੰਗਰ ਪ੍ਰਸ਼ਾਦ ਰੂਪੀ ਮਾਲੁ = ਧਨ ਵੀ ਅਖੂਟੁ = ਮੁੱਕਣ ਤੋਂ ਰਹਿਤ ਅਤੇ ਅਬੇਚਲੁ = ਚਲਾਇਮਾਨ ਤੋਂ ਰਹਿਤ ਹੈ ॥੨॥

## ਸੋਭਾ ਮੇਰੀ; ਸਭ ਜੁਗ ਅੰਤਰਿ ॥ ਬਾਜ ਹਮਾਰੀ; ਥਾਨ ਥਨੰਤਰਿ ॥

ਹੁਣ ਮੇਰੀ = ਸਾਡੀ ਸੋਭਾ = ਵਡਿਆਈ ਸਭ = ਸਾਰਿਆਂ ਜੁਗਾਂ ਦੇ ਅੰਤਰਿ = ਵਿਚ ਹੀ ਹੋ ਰਹੀ ਹੈ।

ਹਮਾਰੀ = ਸਾਡੀ ਬਾਜ = ਪ੍ਰਗਟਤਾ ਸਾਰੇ ਥਾਨ = ਥਾਵਾਂ ਅਤੇ ਥਨੰਤਰਿ = ਥਾਵਾਂ ਦੇ ਅੰਦਰ ਰਹਿਣ ਵਾਲੇ ਜੀਵਾਂ ਵਿਚ ਹੈ।

## ਕੀਰਤਿ ਹਮਰੀ; ਘਰਿ ਘਰਿ ਹੋਈ ॥ ਭਗਤਿ ਹਮਾਰੀ; ਸਭਨੀ ਲੋਈ ॥੩॥

ਹਮਰੀ = ਸਾਡੀ ਕੀਰਤਿ = ਵਡਿਆਈ ਘਰਾਂ ਘਰਾਂ ਵਿਚ ਹੋਈ = ਹੋ ਰਹੀ ਹੈ।

ਸਭਨੀ = ਸਾਰਿਆਂ ਲੋਈ = ਲੋਕਾਂ ਵਿਚ ਹੀ ਹਮਾਰੀ = ਸਾਡੀ ਭਗਤਿ = ਭਗਤੀ ਹੋ ਰਹੀ ਹੈ ॥੩॥

## ਪਿਤਾ ਹਮਾਰੇ; ਪ੍ਰਗਟੇ ਮਾਝ ॥ ਪਿਤਾ ਪੂਤ ਰਲਿ; ਕੀਨੀ ਸਾਂਝ ॥

ਹਮਾਰੇ = ਸਾਡੇ ਪਿਤਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਾਝ = ਮਾਝੇ ਦੇਸ਼ (ਲਾਹੌਰ) ਵਿਚ ਪ੍ਰਗਟੇ = ਪ੍ਰਗਟ ਹੋਏ ਹਨ।

ਮੈਂ ਪੂਤ = ਪੁੱਤਰ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨਾਲ ਰਲਿ = ਮਿਲ ਕੇ ਗੁਰਮਤਿ ਦੀ ਸਾਂਝ = ਭਾਈਵਾਲਤਾ ਪਾਉਣਾ ਕੀਨੀ = ਕੀਤੀ ਹੈ।

**ਕਹੁ ਨਾਨਕ; ਜਉ ਪਿਤਾ ਪਤੀਨੇ ॥ ਪਿਤਾ ਪੂਤ; ਏਕੈ ਰੰਗਿ ਲੀਨੇ ॥੪॥੯॥੨੨॥**

ਸਤਿਗੁਰੂ ਅਰਜਨ ਦੇਵ ਸਾਹਿਬ ਜੀ ਕਥਨ ਕਰਦੇ ਹਨ ਕਿ ਜਉ = ਜਦੋਂ ਪਿਤਾ ਗੁਰੂ ਰਾਮਦਾਸ ਸਾਹਿਬ ਜੀ ਪਤੀਨੇ = ਪਤੀਜ, ਪ੍ਰਸੰਨ ਹੋ ਗਏ।

ਤਦੋਂ ਪਿਤਾ ਅਤੇ ਪੂਤ = ਪੁੱਤਰ ਭਾਵ ਅਸੀਂ ਏਕੈ = ਇਕ ਵਾਹਿਗੁਰੂ ਦੇ ਰੰਗਿ = ਅਨੰਦ ਵਿਚ ਲੀਨੇ = ਲੀਨ ਹੋ ਗਏ॥੪॥੯॥੨੨॥

## ਦੂਸਰਾ ਅਰਥ

ਜਗਿਆਸੂ ਮੁਖ ਦੁਆਰਾ ਕਥਨ ਕਰਦੇ ਹਨ :

**ਬਾਪੁ ਹਮਾਰਾ; ਸਦ ਚਰੰਜੀਵੀ ॥ ਭਾਈ ਹਮਾਰੇ; ਸਦ ਹੀ ਜੀਵੀ ॥**

ਹਮਾਰਾ = ਸਾਡਾ **ਵਾ:** ਤਮਾਮ ਦਾ ਬਾਪ = ਪਿਤਾ ਪ੍ਰਭੂ ਸਦ = ਹਮੇਸ਼ਾਂ ਹੀ ਚਰੰਜੀਵੀ = ਚਿਰਾਂ ਤਕ ਰਹਿਣ ਵਾਲਾ ਹੈ। ਸਾਡੇ ਮਹਾਤਮਾ ਰੂਪੀ ਭਰਾ **ਵਾ:** ਸ੍ਰਵਣ, ਮੰਨਣ, ਨਿਧਿਆਸਣ ਰੂਪੀ ਭਰਾ ਸਾਨੂੰ ਸਦਾ ਹੀ ਜੀਵਨ ਮੁਕਤੀ ਦੇਣ ਵਾਲੇ ਹਨ।

**ਮੀਤ ਹਮਾਰੇ; ਸਦਾ ਅਬਿਨਾਸੀ ॥ ਕੁਟੰਬੁ ਹਮਾਰਾ; ਨਿਜ ਘਰਿ ਵਾਸੀ ॥੧॥**

ਸਾਡੇ ਵਿਵੇਕ ਵੈਰਾਗ ਰੂਪੀ ਮਿੱਤਰ ਸਦਾ = ਹਮੇਸ਼ਾਂ ਅਬਿਨਾਸੀ = ਨਾਸ਼ ਤੋਂ ਰਹਿਤ ਪਦਵੀ ਤੇ ਪਹੁੰਚਾਉਣ ਵਾਲੇ ਹਨ।

ਭਗਤੀ, ਸ਼ਾਂਤੀ ਆਦਿ ਹਮਾਰਾ = ਸਾਡਾ ਪਰਿਵਾਰ ਨਿਜ ਸਰੂਪ ਰੂਪੀ ਘਰ ਵਿਚ ਵੱਸਣ ਵਾਲਾ ਹੈ ॥੧॥

**ਹਮ ਸੁਖੁ ਪਾਇਆ; ਤਾਂ ਸਭਹਿ ਸੁਹੇਲੇ ॥ ਗੁਰਿ ਪੂਰੈ; ਪਿਤਾ ਸੰਗਿ ਮੇਲੇ ॥੧॥ਰਹਾਉ॥**

ਜਦੋਂ ਅਸੀਂ ਆਤਮ ਸੁੱਖ ਨੂੰ ਪਾਇਆ = ਪਾਉਣਾ ਕੀਤਾ, ਤਦੋਂ ਸਾਰੇ ਦੈਵੀ ਗੁਣ ਵੀ ਸੁਖੀ, ਸਫਲੇ ਹੋ ਗਏ।

ਪੂਰਨ ਸਤਿਗੁਰਾਂ ਨੇ ਸਾਨੂੰ ਪਿਤਾ ਪਰਮਾਤਮਾ ਦੇ ਨਾਲ ਮੇਲ ਦਿੱਤਾ ਹੈ॥੧॥ਰਹਾਉ॥

**ਮੰਦਰ ਮੇਰੇ; ਸਭ ਤੇ ਊਚੇ ॥ ਦੇਸ ਮੇਰੇ; ਬੇਅੰਤ ਅਪੂਛੇ ॥**

ਸਾਡੇ ਬੈਕੁੰਠ, ਸਚਖੰਡ ਰੂਪੀ ਮੰਦਰ ਸਭ ਤੋਂ ਉੱਚੇ ਹਨ **ਵਾ:** ਪ੍ਰੇਮ ਰੂਪੀ ਮੰਦਰ ਸਭ ਤੋਂ ਉੱਚੇ ਹਨ **ਵਾ:** ਮੰਦਰ ਭਾਵ ਅਧਿਸ਼ਠਾਨ ਰੂਪ ਮੇਰੇ ਪ੍ਰਭੂ ਜੀ ਸਭ ਤੋਂ ਉੱਚੇ ਹਨ।

ਮੇਰੇ ਸ਼ਾਸਤ੍ਰਾਂ, ਵੇਦਾਂ ਰੂਪੀ ਦੇਸ਼ ਵੀ ਬੇਅੰਤ ਹਨ ਅਤੇ ਅਪੂਛੇ = ਪੁੱਛਣ ਤੋਂ ਰਹਿਤ ਭਾਵ ਪ੍ਰਗਟ ਹੀ ਹਨ।

**ਰਾਜੁ ਹਮਾਰਾ; ਸਦ ਹੀ ਨਿਹਚਲੁ ॥ ਮਾਲੁ ਹਮਾਰਾ; ਅਖੂਟੁ ਅਬੇਚਲੁ ॥੨॥**

ਹਮਾਰਾ = ਸਾਡਾ ਰਾਜੁ = ਪ੍ਰਕਾਸ਼ **ਵਾ:** ਸਰੂਪ ਰੂਪੀ ਰਾਜ ਸਦ = ਹਮੇਸ਼ਾਂ ਹੀ ਨਿਹਚਲੁ = ਅਚੱਲ ਰਹਿਣ ਵਾਲਾ ਹੈ।

ਸਾਡਾ ਸ਼ੁਭ ਗੁਣਾਂ ਰੂਪੀ ਮਾਲ ਅਖੂਟੁ = ਮੁੱਕਣ ਤੋਂ ਰਹਿਤ ਅਤੇ ਅਬੇਚਲੁ = ਚਲਾਇਮਾਨ ਤੋਂ ਰਹਿਤ ਹੈ ॥੨॥

**ਸੋਭਾ ਮੇਰੀ; ਸਭ ਜੁਗ ਅੰਤਰਿ ॥ ਬਾਜ ਹਮਾਰੀ; ਥਾਨ ਥਨੰਤਰਿ ॥**

ਹੁਣ ਸਾਡੀ ਸੋਭਾ = ਵਡਿਆਈ, ਸਭ = ਸਾਰੇ ਜੁਗਾਂ ਵਿਚ ਹੋ ਰਹੀ ਹੈ।

ਚੇਤਨ ਸਰੂਪ ਹੋਣ ਕਰਕੇ ਸਭ ਥਾਵਾਂ ਅਤੇ ਥਾਵਾਂ ਦੇ ਅੰਦਰ ਸਾਡੀ ਪ੍ਰਗਟਤਾ ਹੈ, ਭਾਵ ਪਰਮਾਤਮਾ ਨਾਲ ਅਭੇਦਤਾ ਹੋਈ ਹੈ।

**ਕੀਰਤਿ ਹਮਰੀ; ਘਰਿ ਘਰਿ ਹੋਈ ॥ ਭਗਤਿ ਹਮਾਰੀ; ਸਭਨੀ ਲੋਈ ॥੩॥**

ਘਰਿ ਘਰਿ = ਸ਼ਾਸਤ੍ਰਾਂ-ਸ਼ਾਸਤ੍ਰਾਂ ਵਿਚ ਸਾਡੀ ਕੀਰਤੀ ਹੋ ਰਹੀ ਹੈ।

ਬ੍ਰਹਮ ਸਰੂਪ ਹੋਣ ਕਰਕੇ ਸਾਡੀ ਭਗਤੀ ਸਭ ਲੋਕਾਂ ਵਿਚ ਜਾਣੀ ਗਈ ਹੈ॥੩॥

**ਪਿਤਾ ਹਮਾਰੇ; ਪ੍ਰਗਟੇ ਮਾਝ ॥ ਪਿਤਾ ਪੂਤ ਰਲਿ; ਕੀਨੀ ਸਾਂਝ ॥**

ਸਾਡੇ ਪਿਤਾ ਪਰਮਾਤਮਾ ਜੀ ਸਾਡੇ ਹਿਰਦੇ ਮਾਝ = ਵਿਚ ਪ੍ਰਗਟੇ = ਪ੍ਰਗਟ, ਸਾਖਿਆਤ ਹੋਏ ਹਨ।

ਪਿਤਾ ਪਰਮਾਤਮਾ ਨਾਲ ਮੈਂ ਜਗਿਆਸੂ ਰੂਪ ਪੁੱਤਰ ਨੂੰ ਰਲਿ = ਮਿਲ ਕੇ ਆਤਮ ਪਦਾਰਥ ਦੀ ਸਾਂਝ ਕੀਤੀ ਹੈ **ਵਾ:** ਪਿਤਾ ਈਸ਼ਰ ਤੇ ਪੁੱਤਰ ਜੀਵ, ਇਨ੍ਹਾਂ ਦੋਹਾਂ ਦੀ ਏਕਤਾ ਕਰਕੇ ਸਾਂਝ ਕੀਤੀ ਹੈ, ਭਾਵ ਆਤਮਾ ਤੋਂ ਭਿੰਨ ਸਭ ਅਨਾਤਮ ਨਿਸਚੇ ਕੀਤਾ ਹੈ।

**ਕਹੁ ਨਾਨਕ; ਜਉ ਪਿਤਾ ਪਤੀਨੇ ॥ ਪਿਤਾ ਪੂਤ; ਏਕੈ ਰੰਗਿ ਲੀਨੇ ॥੪॥੯॥੨੨॥**

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਉ = ਜਦੋਂ ਪਿਤਾ ਪਰਮਾਤਮਾ ਜੀ ਪਤੀਨੇ = ਪਤੀਜ ਗਏ, ਭਾਵ ਪ੍ਰਸੰਨ ਹੋ ਗਏ।

ਤਦੋਂ ਪਿਤਾ ਪਰਮਾਤਮਾ ਤੇ ਜਗਿਆਸੂ ਰੂਪ ਪੁੱਤਰ ਏਕੈ = ਏਕਤਾ ਦੇ ਰੰਗ ਵਿਚ ਲੀਨ ਹੋ ਗਏ **ਵਾ:** ਦੋਵੇਂ ਬ੍ਰਹਮ ਸਰੂਪ ਹੋ ਗਏ॥੪॥੯॥੨੨॥

## ਭੈਰਉ ਮਹਲਾ ੫ ॥

## ਨਿਰਵੈਰ ਪੁਰਖ; ਸਤਿਗੁਰ ਪ੍ਰਭ ਦਾਤੇ ॥ ਹਮ ਅਪਰਾਧੀ; ਤੁਮ ਬਖਸਾਤੇ ॥

ਹੇ ਸਤਿਗੁਰੂ ਦਾ ਸਰੂਪ ਧਾਰਨ ਵਾਲੇ ਦਾਤੇ = ਦਾਤਾਰ ਪ੍ਰਭ = ਪ੍ਰਭੂ ! ਤੂੰ ਨਿਰਵੈਰ = ਵੈਰ ਤੋਂ ਰਹਿਤ ਅਤੇ ਪੁਰਖ = ਪੂਰਨ ਹੈਂ।

ਹੇ ਪ੍ਰਭੂ ! ਹਮ = ਅਸੀਂ ਅਪਰਾਧੀ = ਗੁਨਾਹ ਕਰਨ ਵਾਲੇ ਹਾਂ ਅਤੇ ਤੁਮ = ਤੁਸੀਂ ਸਾਡੇ ਗੁਨਾਹ ਬਖਸਾਤੇ = ਬਖ਼ਸ਼ਣ ਵਾਲੇ ਹੋ।

## ਜਿਸੁ ਪਾਪੀ ਕਉ; ਮਿਲੈ ਨ ਢੋਈ ॥ ਸਰਣਿ ਆਵੈ; ਤਾਂ ਨਿਰਮਲੁ ਹੋਈ ॥੧॥

ਹੇ ਪ੍ਰਭੂ ! ਜਿਸ ਪਾਪੀ = ਮੰਦ ਕਰਮੀ ਮਨੁੱਖ ਕਉ = ਨੂੰ ਕਿਤੇ ਵੀ ਢੋਈ = ਓਟ ਨਹੀਂ ਮਿਲੈ = ਮਿਲਦੀ।

ਜੇਕਰ ਉਹ ਤੇਰੀ ਸਰਣਿ = ਓਟ ਵਿਚ ਆਵੈ = ਆ ਜਾਵੇ ਤਾਂ = ਤਦ ਉਹ ਨਿਰਮਲੁ = ਉੱਜਲ ਜੀਵਨ ਵਾਲਾ ਹੋਈ = ਹੋ ਜਾਂਦਾ ਹੈ॥੧॥

## ਸੁਖੁ ਪਾਇਆ; ਸਤਿਗੁਰੂ ਮਨਾਇ ॥ ਸਭ ਫਲ ਪਾਏ; ਗੁਰੂ ਧਿਆਇ ॥੧॥ਰਹਾਉ॥

ਸਤਿਗੁਰਾਂ ਨੂੰ ਹਿਰਦੇ ਵਿਚ ਮਨਾਇ = ਮਨਾ, ਪ੍ਰਸੰਨ ਕਰਕੇ ਅਸੀਂ ਆਤਮਿਕ ਸੁਖ ਪਾਇਆ = ਪਾਉਣਾ ਕੀਤਾ ਹੈ।

ਗੁਰੂ ਜੀ ਨੂੰ ਧਿਆਇ = ਆਰਾਧ ਕੇ ਧਰਮ, ਅਰਥ, ਕਾਮ ਅਤੇ ਮੋਖ ਰੂਪੀ ਸਭ = ਸਾਰੇ ਫਲ ਪਾਏ = ਪਾ ਲਏ ਹਨ॥੧॥ਰਹਾਉ॥

## ਪਾਰਬ੍ਰਹਮ ਸਤਿਗੁਰ; ਆਦੇਸੁ ॥ ਮਨੁ ਤਨੁ ਤੇਰਾ; ਸਭੁ ਤੇਰਾ ਦੇਸੁ ॥

ਹੇ ਸਤਿਗੁਰੂ ਸਰੂਪ ਧਾਰਨ ਵਾਲੇ ਪਾਰਬ੍ਰਹਮ = ਪ੍ਰਭੂ **ਵਾ:** ਹੇ ਪ੍ਰਭੂ ! ਹੇ ਸਤਿਗੁਰੂ ! ਆਪ ਜੀ ਨੂੰ ਮੇਰੀ ਆਦੇਸੁ = ਨਮਸਕਾਰ ਹੈ।

ਮੇਰਾ ਮਨੁ = ਹਿਰਦਾ ਤੇ ਤਨੁ = ਸਰੀਰ ਤੇਰਾ ਹੀ ਬਖ਼ਸ਼ਿਸ਼ ਕੀਤਾ ਹੋਇਆ ਹੈ ਅਤੇ ਇੰਦ੍ਰੀਆਂ ਰੂਪੀ ਸਭੁ = ਸਾਰਾ ਦੇਸ਼ **ਵਾ:** ਸਾਧਸੰਗਤ ਰੂਪੀ ਸਾਰਾ ਦੇਸ਼ ਵੀ ਤੇਰਾ ਹੀ ਹੈ।

## ਚੂਕਾ ਪੜਦਾ; ਤਾਂ ਨਦਰੀ ਆਇਆ ॥ ਖਸਮੁ ਤੂਹੈ; ਸਭਨਾ ਕੇ ਰਾਇਆ ॥੨॥

ਹੇ ਪ੍ਰਭੂ ! ਜਦੋਂ ਸਾਡਾ ਹੰਗਤਾ, ਅਗਿਆਨਤਾ ਦਾ ਪੜਦਾ ਚੂਕਾ = ਚੁੱਕਿਆ ਗਿਆ, ਤਾਂ ਹੀ ਤੂੰ ਸਾਡੀ ਨਦਰੀ = ਦ੍ਰਿਸ਼ਟੀ ਵਿਚ ਆਇਆ ਹੈਂ।

ਹੇ ਸਭਨਾ = ਸਾਰਿਆਂ ਕੇ = ਦੇ ਰਾਇਆ = ਰਾਜਾ, ਪ੍ਰਕਾਸ਼ ਸਰੂਪ ਪ੍ਰਭੂ ! ਤੂਹੈ = ਤੂੰ ਹੀ ਸਭ ਦਾ ਖਸਮੁ = ਮਾਲਕ ਹੈਂ ॥੨॥

## ਤਿਸੁ ਭਾਣਾ; ਸੂਕੇ ਕਾਸਟ ਹਰਿਆ ॥

ਜੇਕਰ ਤਿਸੁ = ਉਸ ਪ੍ਰਭੂ ਨੂੰ ਭਾਣਾ = ਭਾਅ ਜਾਵੇ ਤਾਂ ਸੂਕੇ = ਸੁੱਕੇ ਹੋਏ ਕਾਸਟ = ਕਾਠ ਵੀ ਹਰਿਆ = ਹਰੇ ਹੋ ਜਾਂਦੇ ਹਨ।

**ਸਾਖੀ—ਭਾਈ ਮਾਧੋਦਾਸ ਜੀ ਦੀ :** ਜਿਵੇਂ ਭਾਈ ਮਾਧੋਦਾਸ ਜੀ ਕਸ਼ਮੀਰ 'ਚ ਗੁਰਮਤਿ ਦਾ ਪ੍ਰਚਾਰ ਕਰਿਆ ਕਰਦੇ ਸਨ, ਹਰ ਰੋਜ਼ ਸੰਗਤਾਂ ਨੂੰ ਕਥਾ ਸੁਣਾਇਆ ਕਰਦੇ ਸਨ, ਦੇਰ ਰਾਤ ਤੱਕ ਕਥਾ ਦਾ ਪ੍ਰਵਾਹ ਚੱਲਦਾ ਰਹਿੰਦਾ ਸੀ। ਇਕ ਰਾਤ ਚੋਰਾਂ ਨੇ ਕਿਸੇ ਦੇ ਘਰ ਵਿਚ ਚੋਰੀ ਕਰ ਲਈ ਅਤੇ ਉਸ ਨੇ ਰਾਜੇ ਪਾਸ ਫ਼ਰਿਆਦ ਕੀਤੀ। ਰਾਜੇ ਨੇ ਪੁਲਿਸ ਨੂੰ ਚੋਰ ਲੱਭਣ ਦਾ ਹੁਕਮ ਦੇ ਦਿੱਤਾ ਤੇ ਨਾਲ ਹੀ ਢੰਡੋਰਾ ਫਿਰਵਾ ਦਿੱਤਾ ਕਿ ਅੱਧੀ ਰਾਤ ਤੋਂ ਬਾਅਦ ਕੋਈ ਆਦਮੀ ਘਰ ਤੋਂ ਬਾਹਰ ਨਜ਼ਰ ਨਾ ਆਏ, ਐਸਾ ਕਰਨ ਵਾਲੇ ਨੂੰ ਸਜ਼ਾ-ਏ-ਮੌਤ ਦਿੱਤੀ ਜਾਵੇਗੀ।

ਉਸ ਦਿਨ ਤੋਂ ਮਾਧੋਦਾਸ ਜੀ ਅੱਧੀ ਰਾਤ ਤੋਂ ਪਹਿਲਾਂ ਹੀ ਕਥਾ ਦੀ ਸਮਾਪਤੀ ਕਰ ਕੇ ਸੰਗਤਾਂ ਨੂੰ ਵਿਦਾ ਕਰ ਦਿੰਦੇ। ਇਕ ਰਾਤ ਨੂੰ ਐਸਾ ਪ੍ਰਸੰਗ ਚੱਲਿਆ ਕਿ ਭਾਈ ਸਾਹਿਬ ਨੂੰ ਸਮੇਂ ਦਾ ਖ਼ਿਆਲ ਹੀ ਨਾ ਰਿਹਾ ਤੇ ਸਾਰੀ ਸੰਗਤ ਸਮਾਂ ਉੱਤੇ ਹੁੰਦਾ ਵੇਖ ਕੇ ਡਰਦੀ ਮਾਰੀ ਉੱਠ-ਉੱਠ ਕੇ ਚਲੀ ਗਈ। ਇਕ ਲੜਕਾ ਸਮਾਧੀ ਲਾ ਕੇ ਬੈਠਾ ਰਿਹਾ ਕਿਉਂਕਿ ਉਸ ਦਾ ਨਿਯਮ ਸੀ ਕਿ ਉਹ ਕਥਾ ਦੇ ਭੋਗ ਤੋਂ ਪਹਿਲਾਂ ਨਹੀਂ ਉੱਠਦਾ ਸੀ। ਜਦੋਂ ਉਹ ਲੜਕਾ ਦੇਰ ਰਾਤ ਨਾਲ ਘਰ ਵੱਲ ਚੱਲਿਆ ਤਾਂ ਰਾਜੇ ਦੇ ਸਿਪਾਹੀਆਂ ਨੇ ਹੁਕਮ ਦੀ ਉਲੰਘਣਾ 'ਚ ਫੜ ਲਿਆ ਤੇ ਦੂਸਰੇ ਦਿਨ ਰਾਜੇ ਪਾਸ ਪੇਸ਼ ਕੀਤਾ। ਰਾਜੇ ਨੇ ਉਸ ਦੇ ਪਰਿਵਾਰ ਨੂੰ ਸੱਦ ਕੇ ਉਸ ਦੇ ਗੁਨਾਹ ਬਾਰੇ ਦੱਸਿਆ ਅਤੇ ਸਭ ਨੂੰ ਕਿਹਾ ਕਿ ਇਸ ਨੂੰ ਹੁਣ ਦੰਡ ਮਿਲੇਗਾ। ਤੁਸੀਂ ਸਫ਼ਾਈ ਵਿਚ ਕੁਝ ਕਹਿਣਾ ਹੈ ਤਾਂ ਕਹੋ।

ਸਭ ਤੋਂ ਪਹਿਲਾਂ ਮਾਤਾ ਪਿਤਾ ਨੇ ਕਿਹਾ ਕਿ ਮਹਾਰਾਜ ! ਇਹ ਸਾਡਾ ਵੀ ਕਹਿਣਾ ਨਹੀਂ ਮੰਨਦਾ, ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਇਸ ਨੂੰ ਦੰਡ ਦਿਉ। ਵੈਸੇ ਵੀ ਇਹ ਘਰ ਦੇ ਕੰਮ ਦਾ ਤਾਂ ਰਿਹਾ ਨਹੀਂ। ਫਿਰ ਬੱਚਿਆਂ ਨੇ ਵੀ ਰਾਜੇ ਦੇ ਪੁੱਛਣ 'ਤੇ ਇਹੋ ਕਿਹਾ ਕਿ ਮਹਾਰਾਜ ! ਸਾਨੂੰ ਤਾਂ ਕਦੇ ਕੋਈ ਚੀਜ਼ ਨਹੀਂ ਲਿਆ ਕੇ ਦਿੰਦਾ, ਅਸੀਂ ਕੀ ਕਹਿ ਸਕਦੇ ਹਾਂ। ਫਿਰ ਉਸ ਦੀ ਪਤਨੀ ਨੂੰ ਪੁੱਛਿਆ ਤਾਂ ਉਸ ਨੇ ਵੀ ਕਿਹਾ ਕਿ ਮਹਾਰਾਜ ! ਇਸ ਦੀ ਗ਼ਲਤੀ ਵਿਚ ਮੇਰਾ ਕੋਈ ਕਸੂਰ ਨਹੀਂ ਹੈ ਜੋ ਆਪ ਜੀ ਦੀ ਮਰਜ਼ੀ ਸਜ਼ਾ ਦਿਉ।

ਅਖ਼ੀਰ 'ਚ ਰਾਜੇ ਨੇ ਉਸ ਲੜਕੇ ਤੋਂ ਪੁੱਛਿਆ ਕਿ ਤੇਰਾ ਕੋਈ ਹੋਰ ਸੰਬੰਧੀ ਹੋਵੇ ਤਾਂ ਤੂੰ ਮਿਲ ਸਕਦਾ ਹੈਂ। ਉਸ ਨੇ ਮਾਧੋਦਾਸ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਤੇ ਰਾਜੇ ਨੇ ਆਦਮੀ ਭੇਜ ਕੇ ਮਾਧੋਦਾਸ ਨੂੰ ਬੁਲਾ ਕੇ ਪੁੱਛਿਆ ਕਿ ਇਹ ਲੜਕਾ ਤੁਹਾਡਾ ਕੀ ਲੱਗਦਾ ਹੈ ? ਮਾਧੋਦਾਸ ਨੇ ਕਿਹਾ ਕਿ ਰਾਜਨ ਆਪ ਨੇ ਸੁਆਲ ਉਲਟਾ ਕਰ ਦਿੱਤਾ ਹੈ, ਜਿਸ ਦਾ ਉੱਤਰ ਬੜਾ ਲੰਬਾ ਹੋ ਜਾਵੇਗਾ। ਤੁਸੀਂ ਪੁੱਛੋ ਕਿ ਇਹ ਮੇਰਾ ਕੀ ਨਹੀਂ

ਲੱਗਦਾ ? ਭਾਵ ਮੇਰੇ ਇਸ ਨਾਲ ਬਹੁਤ ਰਿਸ਼ਤੇ ਹਨ। ਇਹ ਸਤਸੰਗੀ ਹੈ, ਕਥਾ ਦਾ ਸਰੋਤਾ ਹੈ ਤੇ ਨਿਤਨੇਮੀ ਹੈ। ਗੁਰੂ ਦਾ ਪ੍ਰੇਮੀ ਹੈ, ਇਹ ਮੇਰੇ ਪੁੱਤਰ ਸਮਾਨ ਹੈ। ਹੋਰ ਤੁਸੀਂ ਕੀ ਪੁੱਛਣਾ ਚਾਹੁੰਦੇ ਹੋ ? ਰਾਜੇ ਨੇ ਕਿਹਾ ਕਿ ਇਸ ਨੇ ਰਾਤ ਸਮੇਂ ਹੁਕਮ ਦੀ ਉਲੰਘਣਾ ਕੀਤੀ ਹੈ, ਇਸ ਲਈ ਇਹ ਸਜ਼ਾ ਦਾ ਹੱਕਦਾਰ ਹੈ। ਤਦ ਮਾਧੋਦਾਸ ਜੀ ਨੇ ਕਿਹਾ ਕਿ ਮਹਾਰਾਜ ! ਸਮੇਂ ਦੀ ਉਲੰਘਣਾ 'ਚ ਇਸ ਦਾ ਕਸੂਰ ਨਹੀਂ ਹੈ, ਕਸੂਰ ਤਾਂ ਮੇਰਾ ਹੈ। ਜੇਕਰ ਮੈਂ ਭੋਗ ਸਮੇਂ ਸਿਰ ਪਾ ਦਿੰਦਾ ਤਾਂ ਅੱਜ ਇਹ ਆਪ ਦੇ ਦਰਬਾਰ ਵਿਚ ਮੁਜਰਮ ਨਾ ਹੁੰਦਾ। ਇਸ ਲਈ ਇਸ ਨੂੰ ਛੱਡ ਦਿਉ, ਇਹ ਬੇਗੁਨਾਹ ਹੈ। ਜੇਕਰ ਸਜ਼ਾ ਦੇਣੀ ਹੀ ਹੈ ਤਾਂ ਮੈਨੂੰ ਦੇ ਦਿਉ ਕਿਉਂਕਿ ਸਮੇਂ ਦੀ ਉਲੰਘਣਾ ਮੈਥੋਂ ਹੋਈ ਹੈ।

ਪਰ ਰਾਜੇ ਨੇ ਕਿਹਾ ਕਿ ਨਹੀਂ ਜੋ ਪਕੜਿਆ ਗਿਆ ਹੈ, ਗੁਨਾਹਗਾਰ ਉਹੋ ਹੀ ਹੈ ਤੇ ਸਜ਼ਾ ਵੀ ਉਸੇ ਨੂੰ ਹੀ ਮਿਲੇਗੀ। ਰਾਜੇ ਨੇ ਉਸ ਨੂੰ ਸੂਲੀ 'ਤੇ ਚੜ੍ਹਾਉਣ ਦਾ ਹੁਕਮ ਦੇ ਦਿੱਤਾ ਤੇ ਸੁੱਕੀ ਲੱਕੜ ਦੀ ਤਿੱਖੀ ਸੂਲੀ ਜ਼ਮੀਨ 'ਚ ਗੱਡੀ ਗਈ। ਉਸ ਨੂੰ ਪੇਟ ਪਰਨੇ ਉਸ ਉਪਰ ਪਾ ਕੇ ਭਾਰ ਦੇ ਕੇ ਸੂਲੀ ਚੜ੍ਹਾਉਣ ਲੱਗੇ। ਉਸ ਸਮੇਂ ਮਾਧੋਦਾਸ ਨੇ ਸਤਿਗੁਰੂ ਜੀ ਕੋਲ ਅਰਦਾਸਾਂ ਕੀਤੀਆਂ ਕਿ ਇਸ ਬੇਗੁਨਾਹ ਨੂੰ ਬਚਾਉ। ਸਿੱਖ ਦੀ ਅਰਦਾਸ ਸੁਣੀ ਗਈ ਤੇ ਰੱਬੀ ਕ੍ਰਿਸ਼ਮਾ ਵਾਪਰਿਆ। ਉਹ ਲੱਕੜ ਦੀ ਸੂਲੀ ਹਰੀ ਹੋ ਗਈ ਤੇ ਝੁਕ ਗਈ। ਸਾਰੇ ਹੈਰਾਨ ਹੋ ਗਏ। ਰਾਜਾ ਮਾਧੋਦਾਸ ਦੇ ਚਰਨੀਂ ਢਹਿ ਪਿਆ, ਖਿਮਾ ਮੰਗੀ। ਇਸ ਲੜਕੇ ਨੂੰ ਛੱਡ ਦਿੱਤਾ ਗਿਆ। ਤਦ ਮਾਧੋਦਾਸ ਨੇ ਰਾਜੇ ਨੂੰ ਕਿਹਾ ਕਿ ਇਹ ਸਭ ਮੇਰੇ ਸਤਿਗੁਰੂ ਜੀ ਦੀ ਕ੍ਰਿਪਾ ਹੋਈ ਹੈ। ਰਾਜੇ ਨੇ ਵੀ ਸਤਿਗੁਰਾਂ ਦੇ ਦਰਸ਼ਨਾਂ ਦੀ ਇੱਛਾ ਪ੍ਰਗਟਾਈ ਤੇ ਮਾਧੋਦਾਸ ਜੀ ਉਸ ਲੜਕੇ ਨੂੰ ਉਸ ਦੇ ਪਰਿਵਾਰ ਤੇ ਹੋਰ ਸੰਗਤਾਂ ਨੂੰ ਨਾਲ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਪਹੁੰਚੇ ਤੇ ਇਹ ਸਾਰਾ ਹਾਲ ਜਦੋਂ ਮਾਧੋਦਾਸ ਨੇ ਸਤਿਗੁਰਾਂ ਨੂੰ ਸੁਣਾਇਆ, ਤਦ ਸਤਿਗੁਰਾਂ ਨੇ ਇਹ ਪੰਗਤੀਆਂ ਪੜ੍ਹੀਆਂ। ਜੈਸਾ ਕਿ :

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥**
**ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥੧॥ਰਹਾਉ॥** *(ਅੰਗ ੧੦)*

**ਅਥਵਾ** ਜਦੋਂ ਉਸ ਵਾਹਿਗੁਰੂ ਨੂੰ ਜਗਿਆਸੂ ਦਾ ਪ੍ਰੇਮ ਭਾਅ ਗਿਆ, ਤਦੋਂ ਕਾਠ ਵਰਗਾ ਸੁੱਕਾ ਮਨ ਸ਼ਰਧਾ ਆਦਿ ਗੁਣਾਂ ਨਾਲ ਹਰਾ-ਭਰਾ ਹੋ ਗਿਆ।

## ਤਿਸੁ ਭਾਣਾ; ਤਾਂ ਥਲ ਸਿਰਿ ਸਰਿਆ ॥

ਜਦੋਂ ਤਿਸੁ = ਉਸ ਵਾਹਿਗੁਰੂ ਨੂੰ ਭਾਣਾ = ਭਾਇਆ ਤਾਂ = ਤਦੋਂ ਥਲ = ਖ਼ੁਸ਼ਕ ਥਾਵਾਂ ਦੇ ਸਿਰਿ = ਉੱਪਰ ਵੀ ਸਰਿਆ = ਸਰੋਵਰ ਵਗਣ ਲੱਗ ਪਏ।

**ਅਥਵਾ** ਜਦੋਂ ਵਾਹਿਗੁਰੂ ਨੂੰ ਭਾਇਆ ਤਦੋਂ ਥਲ ਦੀ ਨਿਆਈਂ ਨਿਸ਼ਰਧਕ ਹਿਰਦਿਆਂ ਉੱਪਰ ਭਗਤੀ, ਪ੍ਰੇਮ ਦੇ ਸਰੋਵਰ ਵਗਣ ਲੱਗ ਪਏ।

## ਤਿਸੁ ਭਾਣਾ; ਤਾਂ ਸਭਿ ਫਲ ਪਾਏ ॥
## ਚਿੰਤ ਗਈ; ਲਗਿ ਸਤਿਗੁਰ ਪਾਏ ॥੩॥

ਜਦੋਂ ਤਿਸੁ = ਉਸ ਵਾਹਿਗੁਰੂ ਨੂੰ ਭਾਣਾ = ਚੰਗਾ ਲੱਗਿਆ, ਤਾਂ = ਤਦੋਂ ਧਰਮ, ਅਰਥ, ਕਾਮ, ਮੋਖ ਰੂਪੀ ਸਭਿ = ਸਾਰੇ ਫਲ ਪਾਏ = ਪ੍ਰਾਪਤ ਕਰ ਲਏ।

ਸਤਿਗੁਰਾਂ ਦੇ ਪਾਏ = ਚਰਨੀਂ ਲੱਗ ਕਰਕੇ ਮਨ ਦੀ ਸਾਰੀ ਚਿੰਤ = ਸੋਚ, ਚਿਤਵਨੀ ਚਲੀ ਗਈ ॥੩॥

[ਅੰਗ ੧੧੪੨]

## ਹਰਾਮਖੋਰ ਨਿਰਗੁਣ ਕਉ; ਤੂਠਾ ॥
## ਮਨੁ ਤਨੁ ਸੀਤਲੁ; ਮਨਿ ਅੰਮ੍ਰਿਤੁ ਵੂਠਾ ॥

ਜਿਸ ਹਰਾਮਖੋਰ = ਬੇਗਾਨਾ ਹੱਕ ਖਾਣ ਵਾਲੇ ਤੇ ਨਿਰਗੁਣ = ਗੁਣਾਂ ਤੋਂ ਹੀਣ ਮਨੁੱਖ ਕਉ = ਦੇ ਉੱਪਰ ਗੁਰੂ ਤੂਠਾ = ਪ੍ਰਸੰਨ ਹੋਇਆ ਹੈ।

ਉਸ ਦੇ ਮਨੁ = ਹਿਰਦੇ ਵਿਚ ਅੰਮ੍ਰਿਤ ਨਾਮ ਦੇ ਵੂਠਾ = ਵਰਸਣ, ਵੱਸਣ ਨਾਲ ਮਨ ਤੇ ਤਨ ਸੀਤਲੁ = ਸ਼ਾਂਤ ਹੋ ਜਾਂਦਾ ਹੈ।

## ਪਾਰਬ੍ਰਹਮ ਗੁਰ; ਭਏ ਦਇਆਲਾ ॥
## ਨਾਨਕ ਦਾਸ; ਦੇਖਿ ਭਏ ਨਿਹਾਲਾ ॥੪॥੧੦॥੨੩॥

ਜਦੋਂ ਪਾਰਬ੍ਰਹਮ = ਪ੍ਰਭੂ ਤੇ ਗੁਰੂ ਜੀ **ਵਾ**: ਪਰਮਾਤਮਾ ਦਾ ਸਰੂਪ ਗੁਰੂ ਜੀ ਦਇਆਲਾ = ਮਿਹਰਵਾਨ ਭਏ = ਹੋਏ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਦੋਂ ਅਸੀਂ ਦਾਸ = ਸੇਵਕ, ਪ੍ਰਭੂ, ਗੁਰਾਂ ਦਾ ਦਰਸ਼ਨ ਦੇਖਿ = ਵੇਖ ਕੇ ਨਿਹਾਲਾ = ਨਿਹਾਲ, ਅਨੰਦ-ਪ੍ਰਸੰਨ ਹੋ ਗਏ ॥੪॥੧੦॥੨੩॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਪਰਮੇਸ਼ਰ ਨਾਲ ਅਭੇਦਤਾ ਅਤੇ ਵੱਡੇ ਸਤਿਗੁਰਾਂ ਦੀ ਮਹਿਮਾ ਕਥਨ ਕਰਦੇ ਹਨ।

***ਨੋਟ***: ਸਤਿਗੁਰਾਂ ਦੀ ਮਹਿਮਾ ਲੋਕ-ਪ੍ਰਲੋਕ ਵਿਚ ਲੁਕੀ ਛੁਪੀ ਹੋਈ ਨਹੀਂ ਹੈ, ਗੁਰੂ ਸਾਹਿਬ ਜੀ ਸਾਡੇ ਅੰਦਰੋਂ ਨਿਸ਼ਰਧਕ ਪੁਣਾ ਚੁੱਕ ਕੇ ਸ਼ਰਧਾ ਦੇਣ ਲਈ ਅਤੇ ਨਾਮ ਰਸ ਬਖ਼ਸ਼ਣ ਲਈ ਸਥਾਲੀ ਤੰਡੁਲ ਨਿਆਇ ਅਨੁਸਾਰ ਸਤਿਗੁਰਾਂ ਦੀ ਮਹਿਮਾ ਕਥਨ ਕਰਦੇ ਹਨ ਭਾਵ ਜਿਵੇਂ ਸਥਾਲੀ = ਵਲਟੋਹੀ ਵਿਚ ਇਕ-ਦੋ ਤੰਡੁਲ = ਚੌਲਾਂ ਦੇ ਦਾਣੇ ਵੇਖ ਕੇ ਸਾਰੇ ਚੌਲ ਹੀ ਰਿੱਝੇ ਸਮਝ ਲਈਦੇ ਹਨ, ਇਉਂ ਏਥੇ ਗੁਰੂ ਜੀ ਵੱਡੇ ਸਤਿਗੁਰਾਂ ਦੇ ਕੁਝ ਕੁ ਗੁਣ ਵਰਣਨ ਕਰਦੇ ਹਨ, ਜਿਸ ਤੋਂ ਜਗਿਆਸੂ ਆਪ ਹੀ ਸਮਝ ਲਵੇਗਾ ਕਿ ਗੁਰਾਂ ਵਿਚ ਬੇਅੰਤ ਗੁਣ ਹਨ।

## ਸਤਿਗੁਰ ਮੇਰਾ; ਬੇਮੁਹਤਾਜੁ ॥ ਸਤਿਗੁਰ ਮੇਰੇ; ਸਚਾ ਸਾਜੁ ॥

ਹੇ ਭਾਈ! ਮੇਰਾ ਸਤਿਗੁਰੂ ਕਿਸੇ ਦੀ ਬੇਮੁਹਤਾਜੁ = ਮੁਥਾਜਗੀ ਤੋਂ ਬਿਨਾਂ ਹੈ, ਭਾਵ ਕਿਸੇ ਦੀ ਖ਼ੁਸ਼ਾਮਦੀ ਦੇ ਅਧੀਨ ਨਹੀਂ ਹੈ।

ਮੇਰੇ ਸਤਿਗੁਰੂ ਦਾ ਸ਼ੁਭ ਗੁਣਾਂ ਰੂਪੀ ਸੱਚਾ ਸਾਜੁ = ਬਣਾਉ ਹੈ **ਵਾ**: ਸਾਧਨਾ ਰੂਪੀ ਸੱਚਾ ਸਾਜ਼ੋ-ਸਾਮਾਨ ਹੈ।

## ਸਤਿਗੁਰੁ ਮੇਰਾ; ਸਭਸ ਕਾ ਦਾਤਾ ॥ ਸਤਿਗੁਰੁ ਮੇਰਾ; ਪੁਰਖੁ ਬਿਧਾਤਾ ॥੧॥

ਮੇਰਾ ਸਤਿਗੁਰੂ ਸਭਸ = ਸਾਰੇ ਸੰਸਾਰ ਕਾ = ਦਾ ਹੀ ਦਾਤਾ ਹੈ, ਭਾਵ ਸਭ ਸੰਸਾਰ ਨੂੰ ਦਾਤਾਂ ਦੇਣਾ ਕਰਦਾ ਹੈ।

ਮੇਰਾ ਸਤਿਗੁਰੂ ਪੁਰਖੁ = ਪੂਰਨ ਅਤੇ ਕਰਮਾਂ ਅਨੁਸਾਰ ਬਿਧਾਤਾ = ਫਲ ਪ੍ਰਦਾਤਾ ਹੈ ॥੧॥

## ਗੁਰ ਜੈਸਾ; ਨਾਹੀ ਕੋ ਦੇਵ ॥
## ਜਿਸੁ ਮਸਤਕਿ ਭਾਗੁ; ਸੁ ਲਾਗਾ ਸੇਵ ॥੧॥ਰਹਾਉ॥

ਹੇ ਭਾਈ! ਮੇਰੇ ਗੁਰੂ ਜੈਸਾ = ਵਰਗਾ ਹੋਰ ਕੋ = ਕੋਈ ਵੀ ਦੇਵ = ਦੇਵਤਾ ਨਹੀਂ ਹੈ **ਵਾ:** ਦੇਵ = ਰਾਜਾ, ਪ੍ਰਕਾਸ਼ ਸਰੂਪ ਨਹੀਂ ਹੈ।

ਜਿਸ ਮਨੁੱਖ ਦੇ ਮਸਤਕਿ = ਮੱਥੇ ਉੱਪਰ ਸ੍ਰੇਸ਼ਟ ਭਾਗ = ਲੇਖ ਲਿਖੇ ਹੋਏ ਹਨ। ਸੁ = ਉਹੋ ਹੀ ਗੁਰਾਂ ਦੀ ਸੇਵ = ਟਹਿਲ ਵਿਚ ਲੱਗਾ ਹੈ ॥੧॥ਰਹਾਉ॥

## ਸਤਿਗੁਰੁ ਮੇਰਾ; ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ; ਮਾਰਿ ਜੀਵਾਲੈ ॥

ਮੇਰਾ ਸਤਿਗੁਰੂ ਬ੍ਰਹਮ ਰੂਪ ਹੋਣ ਕਰਕੇ ਸਰਬ = ਸਾਰਿਆਂ ਦੀ ਹੀ ਪ੍ਰਤਿਪਾਲੈ = ਪਾਲਣਾ ਕਰਦਾ ਹੈ।

ਮੇਰਾ ਸਤਿਗੁਰੂ ਮਾਰ ਕੇ ਜੀਵਾਲੈ = ਜਿਉਂਦਾ ਕਰਨ ਵਾਲਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਦਿੱਲੀ ਵਿਚ ਹਾਥੀ ਜਿਉਂਦਾ ਕੀਤਾ ਸੀ। ਦਸਵੇਂ ਪਾਤਸ਼ਾਹ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜ ਸਿੱਖਾਂ ਦੇ ਸੀਸ ਲੈ ਕੇ ਫੇਰ ਅੰਮ੍ਰਿਤ ਦੇ ਛੱਟੇ ਪਾ ਕੇ ਦੁਬਾਰਾ ਜਿਉਂਦੇ ਕੀਤਾ ਸੀ।

**ਅਥਵਾ** ਮੇਰਾ ਸਤਿਗੁਰੂ ਸੰਸਾਰ ਦੇ ਮੋਹ ਵੱਲੋਂ ਮਾਰ ਕੇ ਪਰਮਾਰਥ ਵੱਲ ਜਿਵਾਉਣ ਵਾਲਾ ਹੈ।

## ਸਤਿਗੁਰ ਮੇਰੇ ਕੀ; ਵਡਿਆਈ ॥ ਪ੍ਰਗਟੁ ਭਈ ਹੈ; ਸਭਨੀ ਥਾਈ ॥੨॥

ਹੇ ਭਾਈ! ਜੋ ਮੇਰੇ ਸਤਿਗੁਰੂ ਕੀ = ਦੀ ਵਡਿਆਈ = ਸ਼ੋਭਾ ਹੈ।

ਉਹ ਸਭਨੀ = ਸਾਰਿਆਂ ਥਾਈ = ਥਾਵਾਂ ਵਿਚ ਹੀ ਪ੍ਰਗਟ = ਜ਼ਾਹਰ, ਉਜਾਗਰ ਭਈ = ਹੋ ਰਹੀ ਹੈ ॥੨॥

## ਸਤਿਗੁਰੁ ਮੇਰਾ; ਤਾਣੁ ਨਿਤਾਣੁ ॥ ਸਤਿਗੁਰੁ ਮੇਰਾ; ਘਰਿ ਦੀਬਾਣੁ ॥

ਹੇ ਭਾਈ! ਮੇਰਾ ਸਤਿਗੁਰੂ ਨਿਤਾਣੁ = ਬਲਹੀਣਾਂ ਦਾ ਤਾਣੁ = ਬਲ ਰੂਪ ਹੈ **ਵਾ:** ਬਲਹੀਣਾਂ ਨੂੰ ਬਲ ਦੇਣ ਵਾਲਾ ਹੈ **ਵਾ:** ਸ਼ੁਭ ਗੁਣਾਂ ਤੋਂ ਹੀਣਿਆਂ ਨੂੰ ਬਿਬੇਕ ਦਾ ਬਲ ਦੇਣ ਵਾਲਾ ਹੈ।

ਮੇਰਾ ਸਤਿਗੁਰੂ ਮੇਰੇ ਘਰਿ = ਹਿਰਦੇ ਦਾ ਦੀਬਾਣੁ = ਆਸਰਾ ਹੈ **ਵਾ:** ਮੇਰਾ ਘਰ ਵੀ ਅਤੇ ਦੀਬਾਣੁ = ਦਰਬਾਰ ਸਤਿਗੁਰੂ ਹੀ ਹੈ।

## ਸਤਿਗੁਰ ਕੈ; ਹਉ ਸਦ ਬਲਿ ਜਾਇਆ ॥

ਸਤਿਗੁਰਾਂ ਕੈ = ਦੇ ਉਪਰੋਂ ਹਉ = ਮੈਂ ਸਦ = ਹਮੇਸ਼ਾਂ ਹੀ ਬਲਿ = ਕੁਰਬਾਨ ਜਾਇਆ = ਜਾਂਦਾ ਹਾਂ।

## ਪ੍ਰਗਟੁ ਮਾਰਗੁ; ਜਿਨਿ ਕਰਿ ਦਿਖਲਾਇਆ ॥੩॥

ਜਿਨਿ = ਜਿਨ੍ਹਾਂ ਸਤਿਗੁਰਾਂ ਨੇ ਭਗਤੀ ਸਹਿਤ ਗਿਆਨ ਦਾ ਮਾਰਗੁ = ਰਸਤਾ ਪ੍ਰਗਟ ਕਰਿ = ਕਰਕੇ ਦਿਖਲਾਇਆ = ਵਿਖਾਲ ਦਿੱਤਾ ਹੈ ॥੩॥

## ਜਿਨਿ ਗੁਰ ਸੇਵਿਆ; ਤਿਸੁ ਭਉ ਨ ਬਿਆਪੈ ॥

ਜਿਨਿ = ਜਿਸ ਨੇ ਵੀ ਗੁਰਾਂ ਨੂੰ ਸੇਵਿਆ = ਸੇਵਨਾ ਕੀਤਾ ਹੈ, ਤਿਸੁ = ਉਸ ਨੂੰ ਜੰਮਣ-ਮਰਣ ਰੂਪ ਕਿਸੇ ਪ੍ਰਕਾਰ ਦਾ ਵੀ ਭਉ = ਡਰ ਨਹੀਂ ਬਿਆਪੈ = ਲੱਗਦਾ।

## ਜਿਨਿ ਗੁਰੁ ਸੇਵਿਆ; ਤਿਸੁ ਦੁਖੁ ਨ ਸੰਤਾਪੈ ॥

ਜਿਨਿ = ਜਿਸ ਨੇ ਗੁਰੂ ਸੇਵਿਆ = ਸੇਵਨਾ ਕੀਤਾ ਹੈ, ਤਿਸੁ = ਉਸ ਨੂੰ ਕੋਈ ਕਾਲ ਆਦਿ ਦਾ ਦੁਖ ਤੇ ਸੰਤਾਪੈ = ਸੰਤਾਪ ਨਹੀਂ ਲੱਗਦਾ **ਵਾ:** ਕੋਈ ਦੁਖ ਨਹੀਂ ਸੰਤਾਪੈ = ਸਤਾਉਂਦਾ।

## ਨਾਨਕ; ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ; ਨਾਹੀ ਭੇਦ ॥੪॥੧੧॥੨੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਤਾਈ ਸਿੰਮ੍ਰਿਤਿ = ਸਿੰਮ੍ਰਿਤੀਆਂ ਤੇ ਚਾਰੇ ਵੇਦ ਸੋਧੇ = ਖੋਜ ਕੇ ਵੇਖੇ ਹਨ। ਸਭ ਇਹੋ ਆਖਦੇ ਹਨ ਕਿ ਪਾਰਬ੍ਰਹਮ = ਪਰਮਾਤਮਾ ਅਤੇ ਗੁਰੂ ਵਿਚ ਕੋਈ ਵੀ ਭੇਦ = ਫ਼ਰਕ ਨਹੀਂ ਹੈ, ਇਕ ਹੀ ਜੋਤ, ਸਰੂਪ ਹਨ॥੪॥੧੧॥੨੪॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਨਾਮ ਦੀ ਮਹੱਤਤਾ ਦੱਸਦੇ ਹਨ।

## ਨਾਮੁ ਲੈਤ; ਮਨੁ ਪਰਗਟੁ ਭਇਆ ॥ ਨਾਮੁ ਲੈਤ; ਪਾਪੁ ਤਨ ਤੇ ਗਇਆ ॥

ਹੇ ਭਾਈ! ਪਰਮਾਤਮਾ ਦਾ ਨਾਮ ਲੈਤ = ਲੈਂਦਿਆਂ, ਜਪਦਿਆਂ ਮਨ ਅੰਦਰ ਪਰਮਾਤਮਾ ਪਰਗਟੁ = ਪ੍ਰਤੱਖ, ਸਾਖਿਆਤ ਭਇਆ = ਹੋ ਜਾਂਦਾ ਹੈ **ਵਾ:** ਮਨ ਮੋਹ ਦੇ ਹਨੇਰੇ ਨੂੰ ਛੱਡ ਕੇ ਗਿਆਨ ਦੇ ਚਾਨਣ ਵਿਚ ਪ੍ਰਗਟ ਹੋ ਜਾਂਦਾ ਹੈ।

ਪਰਮਾਤਮਾ ਦਾ ਨਾਮ ਲੈਤ = ਲੈਣ ਨਾਲ ਤਨ = ਸਰੀਰ ਤੇ = ਤੋਂ ਸਭ ਤਰ੍ਹਾਂ ਦਾ ਪਾਪ ਗਇਆ = ਨਵਿਰਤ ਹੋ ਗਿਆ ਹੈ।

## ਨਾਮੁ ਲੈਤ; ਸਗਲ ਪੁਰਬਾਇਆ ॥ ਨਾਮੁ ਲੈਤ; ਅਠਸਠਿ ਮਜਨਾਇਆ ॥੧॥

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਸਗਲ = ਸਾਰੇ ਪੁਰਬਾਇਆ = ਪੁਰਬਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਅਠਸਠਿ = ਅਠਾਹਠ ਤੀਰਥਾਂ ਦਾ ਹੀ ਮਜਨਾਇਆ = ਇਸ਼ਨਾਨ ਹੋ ਜਾਂਦਾ ਹੈ **ਵਾ:** ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ॥੧॥

## ਤੀਰਥੁ ਹਮਰਾ; ਹਰਿ ਕੋ ਨਾਮੁ ॥
## ਗੁਰਿ ਉਪਦੇਸਿਆ; ਤਤੁ ਗਿਆਨੁ ॥੧॥ਰਹਾਉ॥

ਹੇ ਭਾਈ! ਹਰਿ = ਪਰਮਾਤਮਾ ਕੋ = ਦਾ ਨਾਮ ਹੀ ਹਮਰਾ = ਸਾਡਾ ਤੀਰਥ ਹੈ।

ਗੁਰਾਂ ਨੇ ਇਹੋ ਹੀ ਸਾਨੂੰ ਤਤ ਸਰੂਪ ਦੇ ਗਿਆਨ ਦਾ ਉਪਦੇਸਿਆ = ਉਪਦੇਸ਼ ਦਿੱਤਾ ਹੈ **ਵਾ:** ਗੁਰਾਂ ਨੇ ਸਾਨੂੰ ਨਾਮ ਦਾ ਉਪਦੇਸ਼ ਦਿੱਤਾ ਹੈ, ਜਿਸ ਦੁਆਰਾ ਤਤ ਸਰੂਪ ਦਾ ਗਿਆਨ ਪ੍ਰਾਪਤ ਹੋਇਆ॥੧॥ਰਹਾਉ॥

## ਨਾਮੁ ਲੈਤ; ਦੁਖੁ ਦੂਰਿ ਪਰਾਨਾ ॥ ਨਾਮੁ ਲੈਤ; ਅਤਿ ਮੂੜ ਸੁਗਿਆਨਾ ॥

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਜੰਮਣ-ਮਰਣ ਦਾ ਦੁੱਖ ਦੂਰ ਪਰਾਨਾ = ਭੱਜ ਜਾਂਦਾ ਹੈ।

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਅਤਿ = ਅਤਿਅੰਤ ਮੂੜ = ਮੂਰਖ ਪੁਰਖ ਵੀ ਸੁਗਿਆਨਾ = ਸ੍ਰੇਸ਼ਟ ਗਿਆਨ ਵਾਲਾ ਹੋ ਜਾਂਦਾ ਹੈ।

## ਨਾਮੁ ਲੈਤ; ਪਰਗਟਿ ਉਜੀਆਰਾ ॥ ਨਾਮੁ ਲੈਤ; ਛੁਟੇ ਜੰਜਾਰਾ ॥੨॥

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਹਿਰਦੇ ਅੰਦਰ ਪਰਮਾਤਮਾ ਦੇ ਸਰੂਪ ਦਾ ਉਜੀਆਰਾ = ਪ੍ਰਕਾਸ਼ ਪ੍ਰਗਟ ਹੋ ਆਉਂਦਾ ਹੈ।

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਕਰਤਾ ਭੋਗਤਾ ਆਦਿ ਦੇ ਜੰਜਾਰਾ = ਬੰਧਨ ਛੁਟੇ = ਛੁੱਟ ਜਾਂਦੇ ਹਨ ॥੨॥

## ਨਾਮੁ ਲੈਤ; ਜਮੁ ਨੇੜਿ ਨ ਆਵੈ ॥ ਨਾਮੁ ਲੈਤ; ਦਰਗਹ ਸੁਖੁ ਪਾਵੈ ॥

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਜਮੁ = ਯਮਰਾਜ ਵੀ ਨੇੜਿ = ਕੋਲ ਨਹੀਂ ਆਵੈ = ਆਉਂਦਾ।

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਜੀਵ ਦਰਗਹ = ਪ੍ਰਲੋਕ, ਸਚਖੰਡ ਵਿਚ ਸੁਖ ਪਾਵੈ = ਪਾਉਣਾ ਕਰਦਾ ਹੈ।

## ਨਾਮੁ ਲੈਤ; ਪ੍ਰਭੁ ਕਹੈ ਸਾਬਾਸਿ ॥ ਨਾਮੁ ਹਮਾਰੀ; ਸਾਚੀ ਰਾਸਿ ॥੩॥

ਨਾਮ ਲੈਤ = ਲੈਣ ਕਰਕੇ ਪ੍ਰਭੁ = ਪਰਮਾਤਮਾ ਵੀ ਸਾਬਾਸਿ = ਧੰਨਤਾ ਜੋਗ ਕਹੈ = ਕਹਿੰਦਾ ਹੈ।

ਪਰਮਾਤਮਾ ਦਾ ਨਾਮ ਹੀ ਹਮਾਰੀ = ਸਾਡੀ ਸਾਚੀ = ਸੱਚੇ ਰਾਸਿ = ਰਾਸ਼ੀ ਪੂੰਜੀ ਹੈ ॥੩॥

## ਗੁਰਿ ਉਪਦੇਸੁ; ਕਹਿਓ ਇਹੁ ਸਾਰੁ ॥ ਹਰਿ ਕੀਰਤਿ; ਮਨ ਨਾਮੁ ਅਧਾਰੁ ॥

ਸਤਿਗੁਰਾਂ ਨੇ ਉਪਦੇਸੁ = ਸਿੱਖਿਆ ਦੇ ਕੇ ਇਹ ਸਾਰੁ = ਅਸਲੀ ਤੱਤ ਸਿਧਾਂਤ ਕਹਿਓ = ਕਹਿਣਾ ਕੀਤਾ ਹੈ ਕਿ :

ਹਰਿ = ਪਰਮਾਤਮਾ ਦੀ ਕੀਰਤਿ = ਕੀਰਤੀ, ਜੱਸ ਕਰੋ ਅਤੇ ਮਨ ਅੰਦਰ ਨਾਮ ਦਾ ਹੀ ਅਧਾਰੁ = ਆਸਰਾ ਗ੍ਰਹਿਣ ਕਰੋ।

## ਨਾਨਕ ਉਧਰੇ; ਨਾਮ ਪੁਨਹਚਾਰ ॥
## ਅਵਰਿ ਕਰਮ; ਲੋਕਹ ਪਤੀਆਰ ॥੪॥੧੨॥੨੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਨਾਮ ਰੂਪੀ ਪੁਨਹਚਾਰ = ਪ੍ਰਾਸ਼ਚਿਤ ਕਰਮ[੧] ਕਰਕੇ ਸੰਸਾਰ-ਸਮੁੰਦ੍ਰ ਤੋਂ ਉਧਰੇ = ਤਰ ਗਏ ਹਾਂ।

ਨਾਮ ਤੋਂ ਬਿਨਾਂ ਅਵਰਿ = ਹੋਰ ਕਰਮ ਕਾਂਡ ਤਾਂ ਲੋਕਹ = ਲੋਕਾਂ ਨੂੰ ਹੀ ਪਤੀਆਰ = ਪਤੀਆਵਣ ਲਈ ਹਨ ਅਰਥਾਤ ਮੁਕਤ ਹੋਣ ਲਈ ਕੇਵਲ ਨਾਮ ਹੀ ਹੈ ॥੪॥੧੨॥੨੫॥

## ਭੈਰਉ ਮਹਲਾ ੫ ॥

## ਨਮਸਕਾਰ; ਤਾ ਕਉ ਲਖ ਬਾਰ ॥ ਇਹੁ ਮਨੁ ਦੀਜੈ; ਤਾ ਕਉ ਵਾਰਿ ॥

ਹੇ ਭਾਈ ! ਤਾ = ਉਸ ਪ੍ਰਭੂ ਕਉ = ਨੂੰ ਲਖ ਬਾਰ = ਲੱਖਾਂ ਵਾਰੀ ਨਮਸਕਾਰ = ਬੰਦਨਾ ਕਰੀਏ।

ਆਪਣਾ ਇਹ ਮਨ ਵੀ ਤਾ = ਉਸ ਪ੍ਰਭੂ ਕਉ = ਦੇ ਉਪਰੋਂ ਵਾਰਿ = ਕੁਰਬਾਨ ਕਰ ਦੀਜੈ = ਦੇਣਾ ਕਰੀਏ।

---

੧. ਪਾਪਾਂ ਦੀ ਨਵਿਰਤੀ ਲਈ ਕਰਮ ਕਰਨ ਨੂੰ ਪ੍ਰਾਸ਼ਚਿਤ ਕਰਮ ਆਖਦੇ ਹਨ ਅਤੇ ਪੁੰਨਾਂ ਵਿਚ ਪਰਵਿਰਤ ਹੋਣ (ਪੁੰਨ ਵਾਲੇ ਕਰਤੱਵ ਕਰਨ) ਨੂੰ ਪੁਨਹਚਾਰ ਆਖਦੇ ਹਨ।

## ਸਿਮਰਨਿ ਤਾ ਕੈ; ਮਿਟਹਿ ਸੰਤਾਪ ॥ ਹੋਇ ਅਨੰਦੁ; ਨ ਵਿਆਪਹਿ ਤਾਪ ॥੧॥

ਤਾ = ਉਸ ਪ੍ਰਭੂ ਕੈ = ਦੇ ਸਿਮਰਨ ਨਾਲ ਸਾਰੇ ਸੰਤਾਪ = ਦੁੱਖ ਮਿਟਹਿ = ਮਿਟ ਜਾਂਦੇ ਹਨ **ਵਾ:** (ਸੰ+ਤਾਪ) ਸੰ = ਭਈ ਪ੍ਰਕਾਰ ਆਧੀ ਬਿਆਧੀ ਉਪਾਧੀ ਰੂਪ ਤਾਪ ਨਵਿਰਤ ਹੋ ਜਾਂਦੇ ਹਨ।

ਫੇਰ ਅਨੰਦ ਸਰੂਪ ਦੀ ਸਿਖਿਆਤਤਾ ਹੋਇ = ਹੋ ਜਾਂਦੀ ਹੈ ਅਤੇ ਕੋਈ ਵੀ ਆਧੀ-ਬਿਆਧੀ ਉਪਾਧੀ ਤਾਪ ਨਹੀਂ ਵਿਆਪਹਿ = ਲੱਗਦਾ ॥੧॥

## ਐਸੋ ਹੀਰਾ; ਨਿਰਮਲ ਨਾਮ ॥ ਜਾਸੁ ਜਪਤ; ਪੂਰਨ ਸਭਿ ਕਾਮ ॥੧॥ਰਹਾਉ॥

ਪਰਮਾਤਮਾ ਦਾ ਨਿਰਮਲ = ਉੱਜਲ ਨਾਮ ਐਸਾ = ਅਜਿਹਾ ਹੀਰਾ = ਅਮੋਲਕ ਰਤਨ ਹੈ।

ਜਾਸੁ = ਜਿਸ ਨੂੰ ਜਪਤੁ = ਜਪਦਿਆਂ ਸਭਿ = ਸਾਰੇ ਕਾਮ = ਕਾਰਜ ਪੂਰਨ = ਪੂਰੇ ਹੋ ਜਾਂਦੇ ਹਨ ॥੧॥ਰਹਾਉ॥

## ਜਾ ਕੀ ਦ੍ਰਿਸਟਿ; ਦੁਖ ਡੇਰਾ ਢਹੈ ॥ ਅੰਮ੍ਰਿਤ ਨਾਮੁ; ਸੀਤਲੁ ਮਨਿ ਗਹੈ ॥

ਜਾ = ਜਿਸ ਪਰਮਾਤਮਾ ਕੀ = ਦੀ ਕ੍ਰਿਪਾ ਦ੍ਰਿਸਟਿ = ਦ੍ਰਿਸ਼ਟੀ ਕਰਕੇ ਹਿਰਦੇ ਅੰਦਰੋਂ ਦੁੱਖਾਂ ਦਾ ਅਗਿਆਨ ਰੂਪੀ ਡੇਰਾ = ਅਸਥਾਨ ਢਹੈ = ਢਹਿ ਜਾਂਦਾ ਹੈ।

ਜਿਸ ਪ੍ਰਭੂ ਦੇ ਅੰਮ੍ਰਿਤ ਨਾਮ ਦੇ ਸਿਮਰਨ ਕਰਕੇ ਮਨ ਸੀਤਲੁ = ਸ਼ਾਂਤੀ ਨੂੰ ਗਹੈ = ਗ੍ਰਹਿਣ ਕਰਦਾ ਹੈ।

## ਅਨਿਕ ਭਗਤ; ਜਾ ਕੇ ਚਰਨ ਪੂਜਾਰੀ ॥ ਸਗਲ ਮਨੋਰਥ; ਪੂਰਨਹਾਰੀ ॥੨॥

ਪੁਨਾ ਅਨਿਕ = ਅਨੇਕਾਂ ਹੀ ਭਗਤ ਜਾ = ਜਿਸ ਪ੍ਰਭੂ ਕੇ = ਦੇ ਚਰਨਾਂ ਨੂੰ ਪੂਜਾਰੀ = ਪੂਜਣ ਵਾਲੇ ਹਨ।

ਉਹ ਪ੍ਰਭੂ ਸਗਲ = ਸਾਰੇ ਮਨੋਰਥ = ਮਨ ਦੇ ਫੁਰਨਿਆਂ ਨੂੰ ਪੂਰਨਹਾਰੀ = ਪੂਰਨ ਕਰਨ ਵਾਲਾ ਹੈ **ਵਾ:** ਉਸ ਦੀ ਭਗਤੀ ਸਾਰੇ ਮਨੋਰਥਾਂ ਨੂੰ ਪੂਰਨ ਕਰਨ ਵਾਲੀ ਹੈ॥੨॥

## ਖਿਨ ਮਹਿ; ਊਣੇ ਸੁਭਰ ਭਰਿਆ ॥ ਖਿਨ ਮਹਿ; ਸੂਕੇ ਕੀਨੇ ਹਰਿਆ ॥

ਜਿਸ ਪ੍ਰਭੂ ਨੇ ਇਕ ਖਿਨ = ਛਿਨ ਮਾਤ੍ਰ ਸਮੇਂ ਮਹਿ = ਵਿਚ ਊਣੇ = ਖ਼ਾਲੀ ਅਸਥਾਨਾਂ ਨੂੰ ਸੁਭਰ = ਲਬਾਲਬ ਭਰਿਆ = ਭਰ ਦਿੱਤਾ।

ਜਿਸ ਪ੍ਰਭੂ ਨੇ ਇਕ ਖਿਨ = ਛਿਨ ਮਾਤ੍ਰ ਸਮੇਂ ਮਹਿ = ਵਿਚ ਸੂਕੇ = ਸੁੱਕੇ ਰੁੱਖਾਂ ਨੂੰ ਹਰਿਆ = ਹਰੇ ਭਰੇ ਕਰ ਦਿੱਤਾ ਹੈ।

**ਅਥਵਾ** ਜਿਸ ਪ੍ਰਭੂ ਨੇ ਇਕ ਛਿਨ ਵਿਚ ਹੀ ਗੁਣਾਂ ਤੋਂ ਹੀਣੇ ਖ਼ਾਲੀ ਹਿਰਦਿਆਂ ਨੂੰ ਸ਼ੁਭ ਗੁਣਾਂ ਨਾਲ ਲਬਾਲਬ ਭਰ ਦਿੱਤਾ ਹੈ।

ਜਿਸ ਪ੍ਰਭੂ ਨੇ ਇਕ ਛਿਨ ਵਿਚ ਹੀ ਸੁੱਕੇ ਹੋਏ ਮਨ ਪ੍ਰੇਮ, ਸ਼ਰਧਾ ਦੇ ਨਾਲ ਹਰੇ-ਭਰੇ ਕੀਨੇ = ਕੀਤੇ ਹਨ।

## ਖਿਨ ਮਹਿ; ਨਿਥਾਵੇ ਕਉ ਦੀਨੋ ਥਾਨੁ ॥
## ਖਿਨ ਮਹਿ; ਨਿਮਾਣੇ ਕਉ ਦੀਨੋ ਮਾਨੁ ॥੩॥

ਜਿਸ ਪ੍ਰਭੂ ਨੇ ਇਕ ਖਿਨ = ਛਿਨ ਮਾਤ੍ਰ ਸਮੇਂ ਮਹਿ = ਵਿਚ ਹੀ ਨਿਥਾਵੇ = ਥਾਂ ਤੋਂ ਹੀਣੇ ਨੂੰ ਥਾਨੁ = ਥਾਂ ਦੀਨੋ = ਦੇਣਾ ਕੀਤੀ ਹੈ **ਵਾ:** ਸਰੂਪ ਰੂਪੀ ਥਾਂ ਤੋਂ ਹੀਣੇ ਜੀਵ ਨੂੰ ਆਪਣੇ ਸਰੂਪ ਰੂਪੀ ਥਾਂ ਦਿੱਤੀ ਹੈ।

ਪੁਨਾ ਜਿਸ ਪ੍ਰਭੂ ਨੇ ਇਕ ਖਿਨ = ਛਿਨ ਮਾਤ੍ਰ ਸਮੇਂ ਮਹਿ = ਵਿਚ ਨਿਮਾਣੇ = ਮਾਣ ਤੋਂ ਹੀਣੇ ਕਉ = ਨੂੰ ਮਾਨੁ = ਆਦਰ, ਸਤਿਕਾਰ ਦੇਣਾ ਕੀਤਾ ਹੈ॥੩॥

[ਅੰਗ ੧੧੪੩]

## ਸਭ ਮਹਿ; ਏਕੁ ਰਹਿਆ ਭਰਪੂਰਾ ॥ ਸੋ ਜਾਪੈ; ਜਿਸੁ ਸਤਿਗੁਰੁ ਪੂਰਾ ॥

ਸਭ = ਸਾਰਿਆਂ ਮਹਿ = ਵਿਚ ਉਹ ਏਕੁ = ਇਕ ਪ੍ਰਭੂ ਹੀ ਭਰਪੂਰਾ = ਵਿਆਪਕ ਹੋ ਰਹਿਆ = ਰਿਹਾ ਹੈ।

ਉਸ ਪ੍ਰਭੂ ਦੇ ਨਾਮ ਨੂੰ ਸੋ = ਉਹੋ ਹੀ ਮਨੁੱਖ ਜਾਪੈ = ਜਪਦਾ ਹੈ, ਜਿਸ ਨੂੰ ਪੂਰਨ ਸਤਿਗੁਰੂ ਪ੍ਰਾਪਤ ਹੋਇਆ ਹੈ।

## ਹਰਿ ਕੀਰਤਨੁ; ਤਾ ਕੋ ਆਧਾਰੁ ॥
## ਕਹੁ ਨਾਨਕ; ਜਿਸੁ ਆਪਿ ਦਇਆਰੁ ॥੪॥੧੩॥੨੬॥

ਹਰਿ = ਪਰਮਾਤਮਾ ਦਾ ਕੀਰਤਨੁ = ਜੱਸ ਹੀ ਤਾ = ਉਸ ਮਨੁੱਖ ਕੋ = ਦਾ ਆਧਾਰੁ = ਆਸਰਾ ਬਣ ਜਾਂਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਮਨੁੱਖ ਉੱਪਰ ਪ੍ਰਭੂ ਆਪ ਦਇਆਰੁ = ਦਿਆਲੂ ਹੁੰਦਾ ਹੈ॥੪॥੧੩॥੨੬॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਜਗਿਆਸੂ ਮੁਖ ਦੁਆਰਾ ਕਥਨ ਕਰਦੇ ਹਨ।

## ਮੋਹਿ ਦੁਹਾਗਨਿ; ਆਪਿ ਸੀਗਾਰੀ ॥ ਰੂਪ ਰੰਗ ਦੇ; ਨਾਮਿ ਸਵਾਰੀ ॥

ਮੋਹਿ = ਮੈਂ ਦੁਹਾਗਨਿ = ਛੁੱਟੜ ਭਾਵ ਪਤੀ ਪਰਮਾਤਮਾ ਦੀ ਅਸਾਖਿਆਤਤਾ ਵਾਲੀ ਨੂੰ ਪ੍ਰਭੂ ਨੇ ਆਪ ਹੀ ਸ਼ਰਧਾ ਭਗਤੀ ਗੁਣਾਂ ਦੇ ਸ਼ਿੰਗਾਰ ਆਦਿ ਨਾਲ ਸੀਗਾਰੀ = ਸ਼ਿੰਗਾਰਨਾ ਕੀਤਾ ਹੈ।

ਦਿਲ ਦੀ ਸਫ਼ਾਈ ਵਾਲਾ ਰੂਪ ਅਤੇ ਰੰਗ = ਪ੍ਰੇਮ ਦੇ ਕੇ ਆਪਣੇ ਨਾਮ ਨਾਲ ਮੇਰੀ ਬਿਰਤੀ ਸਵਾਰੀ = ਸੰਵਾਰਨਾ ਕੀਤੀ ਹੈ **ਵਾ:** ਆਪਣੇ ਸਰੂਪ ਦਾ ਰੰਗ = ਪ੍ਰੇਮ ਦੇ ਕੇ ਨਾਮੀ ਪ੍ਰਭੂ ਨੇ ਸਾਡੀ ਬੁੱਧ ਸੰਵਾਰਨਾ ਕੀਤੀ ਹੈ।

## ਮਿਟਿਓ ਦੁਖੁ; ਅਰੁ ਸਗਲ ਸੰਤਾਪ ॥ ਗੁਰ ਹੋਏ; ਮੇਰੇ ਮਾਈ ਬਾਪ ॥੧॥

ਹੁਣ ਜੰਮਣ ਮਰਣ ਦਾ ਦੁਖ ਅਰੁ = ਅਤੇ ਸਗਲ = ਸਾਰਾ ਸੰਤਾਪ = ਭਲੀ ਪ੍ਰਕਾਰ ਦਾ ਤਾਪ ਵੀ ਮਿਟਿਓ = ਮਿਟ ਗਿਆ ਹੈ।

ਕਿਉਂਕਿ ਮੇਰੇ ਮਾਈ ਬਾਪ = ਮਾਤਾ ਪਿਤਾ ਵਾਂਗ ਸਤਿਗੁਰੂ ਜੀ ਆਪ ਰਾਖੇ ਹੋਏ ਹਨ॥੧॥

## ਸਖੀ ਸਹੇਰੀ; ਮੇਰੈ ਗ੍ਰਸਤਿ ਅਨੰਦ ॥ ਕਰਿ ਕਿਰਪਾ; ਭੇਟੇ ਮੋਹਿ ਕੰਤ ॥੧॥ਰਹਾਉ॥

ਹੇ ਭਗਤੀ ਵਾਲੀ ਸਖੀ ਤੇ ਸ਼ਰਧਾ ਵਾਲੀ ਸਹੇਲੀਏ **ਵਾ:** ਹੇ ਸਖੀ ਸਹੇਰੀ = ਪਿਆਰੀ ਸਖੀ! ਮੇਰੇ ਗ੍ਰਸਤਿ = ਹਿਰਦੇ ਰੂਪੀ ਘਰ ਵਿਚ ਪਤੀ ਪਰਮਾਤਮਾ ਦੇ ਮਿਲਾਪ ਦਾ ਅਨੰਦ ਪ੍ਰਾਪਤ ਹੋਇਆ ਹੈ।

ਕਿਉਂਕਿ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਕੇ ਪ੍ਰਭੂ ਕੰਤ = ਪਤੀ ਜੀ ਮੋਹਿ = ਮੈਨੂੰ ਭੇਟੇ = ਮਿਲ ਗਏ ਹਨ॥੧॥ਰਹਾਉ॥

## ਤਪਤਿ ਬੁਝੀ; ਪੂਰਨ ਸਭ ਆਸਾ ॥ ਮਿਟੇ ਅੰਧੇਰ; ਭਏ ਪਰਗਾਸਾ ॥

ਹੇ ਸਖੀ! ਹੁਣ ਵਿਛੋੜੇ ਦੀ ਤਪਤਿ = ਤਪਸ਼ ਬੁਝੀ = ਬੁਝ ਗਈ ਭਾਵ ਨਵਿਰਤ ਹੋ ਗਈ ਹੈ ਅਤੇ ਸਭ = ਸਾਰੀ ਆਸਾ ਵੀ ਪੂਰਨ = ਪੂਰੀ ਹੋਈ ਹੈ।

ਅੰਦਰੋਂ ਮਾਇਆ ਦੇ ਮੋਹ, ਅਗਿਆਨਤਾ ਦੇ ਅੰਧੇਰ = ਹਨੇਰੇ ਮਿਟੇ = ਮਿਟ ਗਏ ਹਨ ਅਤੇ ਗਿਆਨ ਦੇ ਪਰਗਾਸਾ = ਚਾਨਣ ਦੇ ਸਹਿਤ ਭਏ = ਹੋਏ ਹਾਂ।

## ਅਨਹਦ ਸਬਦ; ਅਚਰਜ ਬਿਸਮਾਦ ॥ ਗੁਰੁ ਪੂਰਾ; ਪੂਰਾ ਪਰਸਾਦ ॥੨॥

ਹੇ ਸਖੀ! ਹੁਣ ਅਨਹਦ = ਹੱਦ ਤੋਂ ਰਹਿਤ ਇਕ ਰਸ ਗੁਰਾਂ ਦੇ ਸ਼ਬਦ ਦਾ ਉਚਾਰਣ ਹੁੰਦਾ ਹੈ ਅਤੇ ਅਚਰਜ = ਅਸਚਰਜ ਤੇ ਬਿਸਮਾਦ = ਵਿਸਮਾਦਤਾਈ ਦਾ ਅਨੰਦ ਪ੍ਰਾਪਤ ਹੋਇਆ ਹੈ।

ਇਹ ਪੂਰਾ = ਪੂਰਨ ਗੁਰੂ ਦੀ ਪੂਰਾ = ਪੂਰਨ ਪਰਸਾਦ = ਕ੍ਰਿਪਾ ਹੋਈ ਹੈ॥੨॥

## ਜਾ ਕਉ; ਪ੍ਰਗਟ ਭਏ ਗੋਪਾਲ ॥ ਤਾ ਕੈ ਦਰਸਨਿ; ਸਦਾ ਨਿਹਾਲ ॥

ਜਾ = ਜਿਸ ਭਾਗਾਂ ਵਾਲੀ ਕਉ = ਦੇ ਹਿਰਦੇ ਅੰਦਰ ਗੋਪਾਲ = ਪ੍ਰਭੂ ਜੀ ਪ੍ਰਗਟ = ਸਾਖਿਆਤਕਾਰ ਭਏ = ਹੋਏ ਹਨ।

ਤਾ = ਉਸ ਸੋਹਾਗਣ ਸਖੀ ਕੈ = ਦੇ ਦਰਸਨਿ = ਦੀਦਾਰ ਕਰਕੇ ਅਨੇਕਾਂ ਜੀਵ ਸਦਾ = ਹਮੇਸ਼ਾਂ ਲਈ ਨਿਹਾਲ = ਅਨੰਦ ਦੇ ਸਹਿਤ ਹੋ ਜਾਂਦੇ ਹਨ।

## ਸਰਬ ਗੁਣਾ ਤਾ ਕੈ; ਬਹੁਤੁ ਨਿਧਾਨ ॥ ਜਾ ਕਉ; ਸਤਿਗੁਰਿ ਦੀਓ ਨਾਮੁ ॥੩॥

ਤਾ = ਉਸ ਕੈ = ਦੇ ਪਾਸੋਂ ਸਰਬ = ਸਾਰੇ ਗੁਣ ਅਤੇ ਨੌਂ ਨਿਧਾਂ, ਅਠਾਰਾਂ ਸਿੱਧੀਆਂ ਰੂਪ ਬਹੁਤ = ਬੇਅੰਤ ਨਿਧਾਨ = ਖ਼ਜ਼ਾਨੇ ਪ੍ਰਾਪਤ ਹੁੰਦੇ ਹਨ।

ਜਾ = ਜਿਸ ਭਾਗਾਂ ਵਾਲੀ ਸਖੀ ਕਉ = ਨੂੰ ਸਤਿਗੁਰਾਂ ਨੇ ਪਰਮਾਤਮਾ ਦਾ ਨਾਮ ਦੀਓ = ਦੇਣਾ ਕੀਤਾ ਹੈ॥੩॥

## ਜਾ ਕਉ ਭੇਟਿਓ; ਠਾਕੁਰੁ ਅਪਨਾ ॥ ਮਨੁ ਤਨੁ ਸੀਤਲੁ; ਹਰਿ ਹਰਿ ਜਪਨਾ ॥

ਜਾ = ਜਿਸ ਭਾਗਾਂ ਵਾਲੀ ਕਉ = ਨੂੰ ਆਪਣਾ ਠਾਕੁਰੁ = ਮਾਲਕ ਪ੍ਰਭੂ ਭੇਟਿਓ = ਮਿਲ ਗਿਆ ਹੈ।

ਉਸ ਦਾ ਮਨੁ = ਹਿਰਦਾ ਵਿਸ਼ਿਆਂ ਦੀ ਵਾਸ਼ਨਾ ਤੇ ਤਨੁ = ਸਰੀਰ ਕੁਸੰਗੀਆਂ ਵੱਲੋਂ ਸੀਤਲੁ = ਸ਼ਾਂਤ ਹੋ ਗਿਆ ਹੈ ਅਤੇ ਉਸ ਨੇ ਹਰਿ ਹਰਿ ਪ੍ਰਭੂ ਦੇ ਨਾਮ ਨੂੰ ਜਪਣਾ ਕੀਤਾ ਹੈ।

## ਕਹੁ ਨਾਨਕ; ਜੋ ਜਨ ਪ੍ਰਭ ਭਾਏ ॥
## ਤਾ ਕੀ ਰੇਨੁ; ਬਿਰਲਾ ਕੋ ਪਾਏ ॥੪॥੧੪॥੨੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ = ਜਿਹੜੇ ਜਨ = ਮਨੁੱਖ ਪ੍ਰਭ = ਪਰਮਾਤਮਾ ਨੂੰ ਭਾਏ = ਚੰਗੇ ਲੱਗੇ ਹਨ।

ਤਾ = ਉਨ੍ਹਾਂ ਦੇ ਚਰਨਾਂ ਕੀ = ਦੀ ਰੇਨੁ = ਧੂੜੀ ਕੋ = ਕੋਈ ਬਿਰਲਾ = ਟਾਵਾਂ-ਟਾਵਾਂ ਹੀ ਪਾਏ = ਪਾਉਂਦਾ ਹੈ॥੪॥੧੪॥੨੭॥

## ਭੈਰਉ ਮਹਲਾ ੫ ॥

ਸਤਿਗੁਰਾਂ ਦਾ ਇਕ ਪ੍ਰੇਮੀ ਸਿੱਖ ਇਕ ਦਿਨ ਆਪਣੇ ਪੁੱਤਰ ਨੂੰ ਲੈ ਕੇ ਸਤਿਗੁਰਾਂ ਦੇ ਪਾਸ ਆਇਆ, ਉਸ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਮੇਰਾ ਪੁੱਤਰ ਖੋਟੇ ਪੁਰਖਾਂ ਦੀ ਸੰਗਤ ਕਰਕੇ ਵੇਸਵਾ ਗਾਮੀ ਹੋ ਗਿਆ ਹੈ, ਤੁਸੀਂ ਕ੍ਰਿਪਾ ਕਰਕੇ ਇਸ ਨੂੰ ਸਿੱਖਿਆ ਦੇ ਕੇ ਸਿੱਧੇ ਰਸਤੇ ਪਾਵੋ ਜਿਸ ਕਰਕੇ ਇਸ ਦਾ ਭਲਾ ਹੋਵੇ।

ਤਦੋਂ ਸਤਿਗੁਰਾਂ ਨੇ ਉਸ ਨੂੰ ਸਿੱਖਿਆ ਦੇਂਦੇ ਹੋਇਆਂ ਸਰਬ ਸਾਂਝਾ ਉਪਦੇਸ਼ ਕਥਨ ਕੀਤਾ।

### ਚਿਤਵਤ ਪਾਪ; ਨ ਆਲਕੁ ਆਵੈ ॥ ਬੇਸੁਆ ਭਜਤ; ਕਿਛੁ ਨਹ ਸਰਮਾਵੈ ॥

ਹੇ ਭਾਈ! ਜੀਵ ਦੀ ਅਜਿਹੀ ਹਾਲਤ ਹੋਈ ਪਈ ਹੈ ਕਿ ਪਾਪ = ਖੋਟੇ ਕਰਮਾਂ ਨੂੰ ਚਿਤਵਤ = ਚਿਤਵਦਿਆਂ ਇਸ ਨੂੰ ਆਲਕੁ = ਆਲਸ ਨਹੀਂ ਆਵੈ = ਆਉਂਦਾ।

ਫੇਰ ਬੇਸੁਆ = ਵੇਸਵਾ ਨੂੰ ਭਜਤ = ਭੋਗਦਿਆਂ ਭਾਵ ਵਿਭਚਾਰ ਕਰਦਿਆਂ ਕਿਛੁ = ਕੁਝ ਵੀ ਸਰਮਾਵੈ = ਸ਼ਰਮ ਨਹੀਂ ਕਰਦਾ **ਵਾ:** ਵੇਸਵਾ ਭਾਵ ਤ੍ਰਿਸ਼ਨਾ ਨੂੰ ਭਜਤ = ਚੇਤੇ ਕਰਦਿਆਂ ਕਦੇ ਵੀ ਸ਼ਰਮ ਨਹੀਂ ਕਰਦਾ।

### ਸਾਰੋ ਦਿਨਸੁ; ਮਜੂਰੀ ਕਰੈ ॥ ਹਰਿ ਸਿਮਰਨ ਕੀ ਵੇਲਾ; ਬਜਰ ਸਿਰਿ ਪਰੈ ॥੧॥

ਜੀਵ ਸਾਰੋ = ਸਾਰਾ ਦਿਨਸੁ = ਦਿਨ ਮਾਇਆ, ਸੰਬੰਧੀਆਂ ਲਈ ਮਜੂਰੀ = ਮਜ਼ਦੂਰੀ ਭਾਵ ਚਾਕਰੀ ਕਰੈ = ਕਰਦਾ ਰਹਿੰਦਾ ਹੈ।

ਪਰ ਹਰਿ = ਪਰਮਾਤਮਾ ਦੇ ਸਿਮਰਨ = ਯਾਦ ਕਰਨ ਕੀ = ਦੀ ਵੇਲਾ = ਘੜੀ ਨੂੰ ਇਸ ਦੇ ਸਿਰ ਉੱਪਰ ਨੀਂਦ ਰੂਪੀ ਬਜਰ = ਬਿਜਲੀ ਆ ਕੇ ਪਰੈ = ਪੈ ਜਾਂਦੀ ਹੈ **ਵਾ:** ਆਲਸ ਰੂਪੀ ਬਜਰ = ਸਖ਼ਤ ਪਹਾੜ ਹੀ ਆ ਕੇ ਡਿੱਗ ਪੈਂਦਾ ਹੈ॥੧॥

### ਮਾਇਆ ਲਗਿ; ਭੂਲੋ ਸੰਸਾਰੁ ॥

ਹੇ ਭਾਈ! ਮਾਇਆ ਵਿਚ ਲੱਗ ਕਰਕੇ ਸਾਰਾ ਸੰਸਾਰੁ = ਜਗਤ ਹੀ ਆਪਣੇ ਸਰੂਪ ਤੋਂ ਭੂਲੋ = ਭੁੱਲਾ ਹੋਇਆ ਹੈ।

### ਆਪਿ ਭੁਲਾਇਆ ਭੁਲਾਵਣਹਾਰੈ; ਰਾਚਿ ਰਹਿਆ ਬਿਰਥਾ ਬਿਉਹਾਰ ॥੧॥ਰਹਾਉ॥

ਭੁਲਾਵਣਹਾਰੈ = ਭੁਲਾਉਣ ਵਾਲੇ ਪਰਮਾਤਮਾ ਨੇ ਆਪ ਹੀ ਜੀਵਾਂ ਦੀ ਕਰਨੀ ਅਨੁਸਾਰ ਭੁਲਾਇਆ ਹੋਇਆ ਹੈ, ਸਾਰਾ ਸੰਸਾਰ ਹੀ ਬਿਰਥਾ = ਵਿਅਰਥ ਬਿਉਹਾਰ = ਵਿਹਾਰਾਂ ਵਿਚ ਰਾਚਿ = ਰਚ ਰਹਿਆ = ਰਿਹਾ ਹੈ॥੧॥ਰਹਾਉ॥

### ਪੇਖਤ; ਮਾਇਆ ਰੰਗ ਬਿਹਾਇ ॥ ਗੜਬੜ ਕਰੈ; ਕਉਡੀ ਰੰਗੁ ਲਾਇ ॥

ਜੀਵ ਦੇ ਪੇਖਤ = ਵੇਖਦਿਆਂ ਹੀ ਮਾਇਆ ਦੇ ਰੰਗ = ਅਨੰਦ ਬਿਹਾਇ = ਬਤੀਤ ਹੋ ਜਾਂਦੇ ਹਨ **ਵਾ:** ਮਾਇਆ ਦੇ ਰੰਗ = ਤਮਾਸ਼ੇ ਦੇਖਦੇ ਹੋਇਆਂ ਹੀ ਜੀਵ ਦੀ ਸਾਰੀ ਉਮਰ ਬਤੀਤ ਹੋ ਜਾਂਦੀ ਹੈ।

ਜੀਵ ਕਉਡੀ = ਮਾਇਆ, ਨਿਕੰਮੇ ਕੰਮਾਂ ਵਿਚ ਰੰਗੁ = ਹਿਤ ਲਾਇ = ਲਾ ਕੇ ਗੜਬੜ = ਬਕਬਾਦ ਕਰੈ = ਕਰਦਾ ਰਹਿੰਦਾ ਹੈ।

## ਅੰਧ ਬਿਉਹਾਰ; ਬੰਧ ਮਨੁ ਧਾਵੈ ॥ ਕਰਣੈਹਾਰੁ; ਨ ਜੀਅ ਮਹਿ ਆਵੈ ॥੨॥

ਅੰਧ = ਅੰਧਤਾਈ ਵਾਲੇ ਬਿਉਹਾਰ = ਵਿਹਾਰਾਂ ਅਤੇ ਵਿਕਾਰਾਂ ਦਾ ਬੰਧ = ਬੱਝਾ ਹੋਇਆ ਮਨ ਵਿਸ਼ੇ ਵਾਸ਼ਨਾ ਵੱਲ ਧਾਵੈ = ਦੌੜਦਾ ਰਹਿੰਦਾ ਹੈ।

ਪਰ ਕਰਣੈਹਾਰੁ = ਰਚਨਹਾਰ ਪ੍ਰਭੂ ਕਦੇ ਵੀ ਇਸ ਜੀਵ ਦੇ ਜੀਅ = ਹਿਰਦੇ ਮਹਿ = ਵਿਚ ਆਵੈ = ਆ ਕੇ ਸਾਖਿਆਤ ਨਹੀਂ ਹੁੰਦਾ ॥੨॥

## ਕਰਤ ਕਰਤ; ਇਵ ਹੀ ਦੁਖੁ ਪਾਇਆ ॥ ਪੂਰਨ ਹੋਤ ਨ; ਕਾਰਜ ਮਾਇਆ ॥

ਇਵ = ਇਸ ਪ੍ਰਕਾਰ ਮੰਦ ਕਰਮ ਕਰਤ ਕਰਤ = ਕਰਦਿਆਂ-ਕਰਦਿਆਂ ਜੀਵ ਨੇ ਦੁੱਖ ਹੀ ਪਾਇਆ = ਪਾਉਣਾ ਕੀਤਾ ਹੈ।

ਪਰ ਮਾਇਆ ਦਾ ਕੋਈ ਵੀ ਕਾਰਜ = ਕੰਮ ਪੂਰਨ = ਪੂਰਾ ਨਹੀਂ ਹੋਤ = ਹੁੰਦਾ।

## ਕਾਮਿ ਕ੍ਰੋਧਿ; ਲੋਭਿ ਮਨੁ ਲੀਨਾ ॥ ਤੜਫਿ ਮੂਆ; ਜਿਉ ਜਲ ਬਿਨੁ ਮੀਨਾ ॥੩॥

ਕਾਮਿ = ਮੰਦ ਵਾਸ਼ਨਾ, ਕ੍ਰੋਧਿ = ਗ਼ੁੱਸੇ ਅਤੇ ਲੋਭਿ = ਲਾਲਚ ਆਦਿ ਵਿਕਾਰਾਂ ਵਿਚ ਜੀਵ ਦਾ ਮਨ ਲੀਨਾ = ਲੀਨ ਹੋਇਆ ਰਹਿੰਦਾ ਹੈ।

ਜਿਸ ਕਰਕੇ ਉਹ ਅੰਤ ਨੂੰ ਇਸ ਪ੍ਰਕਾਰ ਤੜਫਿ = ਦੁਖੀ ਹੋ ਕੇ ਮੂਆ = ਮਰਦਾ ਹੈ, ਜਿਉ = ਜਿਵੇਂ ਜਲ = ਪਾਣੀ ਤੋਂ ਬਿਨੁ = ਬਗ਼ੈਰ ਮੀਨਾ = ਮਛਲੀ ਤੜਫਦੀ ਹੈ ॥੩॥

## ਜਿਸ ਕੇ ਰਾਖੇ; ਹੋਇ ਹਰਿ ਆਪਿ ॥ ਹਰਿ ਹਰਿ ਨਾਮੁ; ਸਦਾ ਜਪੁ ਜਾਪਿ ॥

ਹਰਿ = ਪ੍ਰਭੂ ਜੀ ਆਪ ਜਿਸ ਮਨੁੱਖ ਕੇ = ਦੇ ਰਾਖੇ = ਰਖਵਾਲੇ ਹੋਏ ਹਨ।

ਉਹ ਮਨੁੱਖ ਹਰਿ ਹਰਿ ਪਰਮਾਤਮਾ ਦੇ ਨਾਮ ਨੂੰ ਜਪਣ ਵਾਲਾ ਹੋ ਕੇ ਸਦਾ = ਹਮੇਸ਼ਾਂ ਹੀ ਨਾਮ ਜਪਦਾ ਰਹਿੰਦਾ ਹੈ **ਵਾ:** ਜਪਣੇ ਜੋਗ ਪਰਮਾਤਮਾ ਦੇ ਨਾਮ ਨੂੰ ਸਦਾ ਜਪਦਾ ਹੈ।

## ਸਾਧਸੰਗਿ; ਹਰਿ ਕੇ ਗੁਣ ਗਾਇਆ ॥
## ਨਾਨਕ; ਸਤਿਗੁਰੁ ਪੂਰਾ ਪਾਇਆ ॥੪॥੧੫॥੨੮॥

ਜਿਸ ਨੇ ਸਾਧਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਵਿਚ ਬੈਠ ਕੇ ਹਰਿ = ਪਰਮਾਤਮਾ ਕੇ = ਦੇ ਗੁਣਾਂ ਨੂੰ ਗਾਇਆ = ਗਾਉਣਾ ਕੀਤਾ ਹੈ।

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਨੇ ਸਤਿਗੁਰਾਂ ਦੁਆਰਾ ਪੂਰਾ = ਪੂਰਨ ਗਿਆਨ, ਪਰਮਾਤਮਾ ਪਾਇਆ = ਪਾ ਲਿਆ ਹੈ।

**ਅਥਵਾ** ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੇ ਪੂਰਾ = ਪੂਰਨ ਸਤਿਗੁਰੂ ਨੂੰ ਪਾਉਣਾ ਕੀਤਾ ਹੈ, ਉਸ ਨੇ ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਗੁਣਾਂ ਨੂੰ ਗਾਇਨ ਕੀਤਾ ਹੈ ॥੪॥੧੫॥੨੮॥

## ਭੈਰਉ ਮਹਲਾ ੫ ॥

## ਅਪਣੀ ਦਇਆ ਕਰੇ; ਸੋ ਪਾਏ ॥ ਹਰਿ ਕਾ ਨਾਮੁ; ਮੰਨਿ ਵਸਾਏ ॥

ਹੇ ਭਾਈ! ਜਿਸ ਮਨੁੱਖ ਉੱਪਰ ਪ੍ਰਭੂ ਆਪਣੀ ਦਇਆ = ਮਿਹਰ ਕਰੇ = ਕਰਦਾ ਹੈ, ਸੋ = ਉਹ ਮਨੁੱਖ ਪੂਰਨ ਗੁਰੂ ਨੂੰ ਪਾਏ = ਪਾਉਂਦਾ ਹੈ। ਅਤੇ

ਗੁਰਾਂ ਦੁਆਰਾ ਹਰਿ = ਪਰਮਾਤਮਾ ਕਾ = ਦਾ ਨਾਮ ਆਪਣੇ ਮੰਨਿ = ਹਿਰਦੇ ਵਿਚ ਸ੍ਵਣ ਮੰਨਣ ਕਰਕੇ ਵਸਾਏ = ਵਸਾਉਂਦਾ ਹੈ ਭਾਵ ਭੇਦ ਦੀਆਂ ਬਾਧਕ ਤੇ ਅਭੇਦ ਦੀਆਂ ਸਾਧਕ ਜੁਗਤੀਆਂ ਦੁਆਰਾ ਸ੍ਵਣ ਮੰਨਣ ਕਰਕੇ ਫੇਰ ਵਜਾਤੀ ਬਿਰਤੀ ਦਾ ਤ੍ਰਿਸਕਾਰ ਅਤੇ ਸਜਾਤੀ ਬਿਰਤੀ ਦਾ ਪ੍ਵਾਹ ਚਲਾ ਕੇ ਨਿਧਿਆਸਣ ਕਰਦਾ ਹੈ।

## ਸਾਚ ਸਬਦੁ; ਹਿਰਦੇ ਮਨ ਮਾਹਿ ॥ ਜਨਮ ਜਨਮ ਕੇ; ਕਿਲਵਿਖ ਜਾਹਿ ॥੧॥

ਜਿਸ ਦੇ ਹਿਰਦੇ ਦੇ ਅਸਥਾਨ ਮਨ ਮਾਹਿ = ਵਿਚ ਸਾਚੁ = ਸੱਚੇ ਗੁਰਾਂ ਦਾ ਸਬਦੁ = ਉਪਦੇਸ਼ ਵੱਸਦਾ ਹੈ **ਵਾ:** ਜਿਸ ਦੇ ਹਿਰਦੇ ਵਿਚ ਸੱਚੇ ਗੁਰਾਂ ਦਾ ਉਪਦੇਸ਼ ਵੱਸਦਾ ਹੈ, ਉਸ ਦੇ ਮਨ ਵਿਚ ਹੀ ਪਰਮਾਤਮਾ ਸਾਖਿਆਤ ਹੁੰਦਾ ਹੈ।

ਉਸ ਦੇ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਕੇ = ਦੇ ਸਾਰੇ ਕਿਲਵਿਖ = ਪਾਪ ਚਲੇ ਜਾਇ = ਜਾਂਦੇ ਹਨ ॥੧॥

## ਰਾਮ ਨਾਮੁ; ਜੀਅ ਕੋ ਆਧਾਰੁ ॥

ਹੇ ਭਾਈ ! ਰਾਮ = ਪਰਮਾਤਮਾ ਦਾ ਨਾਮ ਹੀ ਜੀਅ = ਜੀਵਾਂ ਕੋ = ਦਾ ਆਧਾਰੁ = ਆਸਰਾ ਹੈ।

## ਗੁਰਪਰਸਾਦਿ ਜਪਹੁ ਨਿਤ ਭਾਈ; ਤਾਰਿ ਲਏ ਸਾਗਰ ਸੰਸਾਰੁ ॥੧॥ਰਹਾਉ॥

ਹੇ ਭਾਈ ! ਗੁਰਪਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਨਿਤ = ਨਿਤਾਪ੍ਰਤੀ ਪਰਮਾਤਮਾ ਦੇ ਨਾਮ ਨੂੰ ਜਪਹੁ = ਜਪਣਾ ਕਰੋ, ਫੇਰ ਉਹ ਸੰਸਾਰ ਸਾਗਰ = ਸਮੁੰਦਰ ਤੋਂ ਤਾਰ ਲਏ = ਲਵੇਗਾ ॥੧॥ਰਹਾਉ॥

## ਜਿਨ ਕਉ ਲਿਖਿਆ; ਹਰਿ ਏਹੁ ਨਿਧਾਨੁ ॥ ਸੇ ਜਨ; ਦਰਗਹ ਪਾਵਹਿ ਮਾਨੁ ॥

ਜਿਨ = ਜਿਨ੍ਹਾਂ ਮਨੁੱਖਾਂ ਕਉ = ਨੂੰ ਹਰਿ = ਪਰਮਾਤਮਾ ਨੇ ਇਹ ਨਾਮ ਦਾ ਨਿਧਾਨੁ = ਖ਼ਜ਼ਾਨਾ ਪ੍ਰਾਪਤ ਹੋਣਾ ਲਿਖਿਆ ਹੈ।

ਸੇ = ਉਹ ਜਨ = ਮਨੁੱਖ ਪਰਮਾਤਮਾ ਦੀ ਦਰਗਾਹ ਵਿਚ ਮਾਨੁ = ਆਦਰ ਪਾਵਹਿ = ਪਾਉਂਦੇ ਹਨ।

## ਸੂਖ ਸਹਜ ਆਨੰਦ; ਗੁਣ ਗਾਉ ॥ ਆਗੈ ਮਿਲੈ; ਨਿਥਾਵੇ ਥਾਉ ॥੨॥

ਸੁੱਖ, ਸਹਜ = ਸ਼ਾਂਤੀ **ਵਾ:** ਸੂਖ ਸਹਜ = ਅਚੁੱਤ ਸੁੱਖ ਤੇ ਅਨੰਦ ਸਰੂਪ ਦੇ ਗੁਣਾਂ ਨੂੰ ਗਾਉ = ਗਾਉਣਾ ਕਰੋ।

ਫੇਰ ਆਗੈ = ਪ੍ਲੋਕ ਵਿਚ ਸਰੂਪ ਰੂਪੀ ਨਿਥਾਵੇ = ਥਾਂ ਤੋਂ ਹੀਣੇ ਜੀਵ ਨੂੰ ਸਰੂਪ, ਸਚਖੰਡ ਰੂਪੀ ਥਾਉ = ਥਾਂ ਮਿਲੈ = ਮਿਲੇਗੀ ॥੨॥

## ਜੁਗਹ ਜੁਗੰਤਰਿ; ਇਹੁ ਤਤੁ ਸਾਰੁ ॥ ਹਰਿ ਸਿਮਰਣੁ; ਸਾਚਾ ਬੀਚਾਰੁ ॥

ਜੁਗਹ ਜੁਗੰਤਰਿ = ਜੁਗਾਂ-ਜੁਗਾਂ ਦੇ ਵਿਚ ਇਹੋ ਹੀ ਤਤੁ = ਸਿਧਾਂਤ ਦਾ ਸਾਰੁ = ਨਿਚੋੜ ਹੈ ਕਿ :

ਹਰਿ = ਪਰਮਾਤਮਾ ਦਾ ਸਿਮਰਨ ਕਰਨਾ ਅਤੇ ਗੁਰਾਂ ਦਾ ਸਾਚਾ = ਸੱਚਾ ਉਪਦੇਸ਼ ਵਿਚਾਰਨਾ **ਅਥਵਾ** ਸਾਰੇ ਜੁਗਾਂ-ਜੁਗਾਂ ਦੇ ਅੰਦਰ ਇਹੋ ਹੀ ਸਾਰੁ = ਸ੍ਰੇਸ਼ਟ ਸਰੂਪ ਪ੍ਰਭੂ ਦੀ ਪ੍ਰਾਪਤੀ ਦਾ ਅਸਲੀ ਸਿਧਾਂਤ ਹੈ ਕਿ ਪ੍ਰਭੂ ਦੇ ਨਾਮ ਸਿਮਰਨ ਦੁਆਰਾ ਹੀ ਸੱਚ ਵਿਚਾਰ ਪ੍ਰਾਪਤ ਹੁੰਦਾ ਹੈ **ਵਾ:** ਸੱਚ ਸਰੂਪ ਦਾ ਵਿਚਾਰ ਪ੍ਰਾਪਤ ਹੁੰਦਾ ਹੈ।

[ਅੰਗ ੧੧੪੪]

## ਜਿਸੁ ਲੜਿ ਲਾਇ ਲਏ; ਸੋ ਲਾਗੈ ॥ ਜਨਮ ਜਨਮ ਕਾ; ਸੋਇਆ ਜਾਗੈ ॥੩॥

ਜਿਸ ਮਨੁੱਖ ਨੂੰ ਪ੍ਰਭੂ ਆਪਣੇ ਸਤਿਸੰਗਤ, ਸ਼ਰਨ ਰੂਪੀ ਲੜਿ = ਪੱਲੇ ਨਾਲ ਲਾਇ = ਲਾ ਲਏ = ਲੈਂਦਾ ਹੈ **ਵਾ:** ਲਿਵ ਲਾਉਣ ਰੂਪੀ ਪੱਲੇ ਵਿਚ ਲਾ ਲੈਂਦਾ ਹੈ, ਸੋ = ਉਹੋ ਹੀ ਲਾਗੈ = ਲੱਗਦਾ ਹੈ।

ਅਤੇ ਉਹ ਮਨੁੱਖ ਹੀ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਦਾ ਅਵਿੱਦਿਆ ਦੀ ਨੀਂਦ ਵਿਚ ਸੋਇਆ = ਸੁੱਤਾ ਹੋਇਆ ਗਿਆਨ ਅਵਸਥਾ ਵਿਚ ਜਾਗੈ = ਜਾਗਦਾ ਹੈ॥੩॥

## ਤੇਰੇ ਭਗਤ; ਭਗਤਨ ਕਾ ਆਪਿ ॥ ਅਪਣੀ ਮਹਿਮਾ; ਆਪੇ ਜਾਪਿ ॥

ਹੇ ਪ੍ਰਭੂ ! ਚੌਹਾਂ ਜੁਗਾਂ ਵਿਚ ਹੀ ਭਗਤ ਤੇਰੇ ਪਿਆਰੇ ਹਨ ਅਤੇ ਤੂੰ ਆਪ ਭਗਤਨ = ਭਗਤਾਂ ਕਾ = ਦਾ ਪਿਆਰਾ ਹੈਂ।

ਆਪਣੀ ਮਹਿਮਾ = ਵਡਿਆਈ ਨੂੰ ਤੂੰ ਆਪ ਹੀ ਜਾਪਿ = ਜਾਣਦਾ, ਜਪਦਾ ਹੈਂ।

## ਜੀਅ ਜੰਤ; ਸਭਿ ਤੇਰੈ ਹਾਥਿ ॥ ਨਾਨਕ ਕੇ ਪ੍ਰਭ; ਸਦ ਹੀ ਸਾਥਿ ॥੪॥੧੬॥੨੯॥

ਹੇ ਪ੍ਰਭੂ ! ਸੂਖਮ ਅਸਥੂਲ ਜੀਵ, ਜੰਤ ਸਭਿ = ਸਾਰੇ ਤੇਰੇ ਹੀ ਹਾਥਿ = ਹੱਥ ਵਿਚ ਭਾਵ ਅਧੀਨ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਾਡੇ ਜਨਾਂ ਕੇ = ਦੇ ਪ੍ਰਭ = ਪਰਮਾਤਮਾ ! ਤੁਸੀਂ ਸਦ = ਹਮੇਸ਼ਾਂ ਹੀ ਸਾਡੇ ਸਾਥਿ = ਨਾਲ, ਅੰਗ ਸੰਗ ਵੱਸਦੇ ਹੋ॥੪॥੧੬॥੨੯॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਨਾਮ ਦੀ ਮਹਿਮਾ, ਮਹੱਤਤਾ ਕਥਨ ਕਰਦੇ ਹਨ।

## ਨਾਮੁ ਹਮਾਰੈ; ਅੰਤਰਜਾਮੀ ॥ ਨਾਮੁ ਹਮਾਰੈ; ਆਵੈ ਕਾਮੀ ॥

ਹੇ ਭਾਈ ! ਹਮਾਰੈ = ਸਾਡੇ ਲਈ ਪਰਮਾਤਮਾ ਦਾ ਨਾਮ ਹੀ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਹੈ **ਵਾ:** ਅੰਤਰਜਾਮੀ ਪਰਮਾਤਮਾ ਦਾ ਨਾਮ ਹੀ ਸਾਡੇ ਹਿਰਦੇ ਵਿਚ ਵੱਸਦਾ ਹੈ **ਵਾ:** ਨਾਮੁ = ਪ੍ਰਸਿੱਧ ਸਰੂਪ ਪਰਮਾਤਮਾ ਹੀ ਸਾਡੇ ਅੰਦਰ ਦੀ ਜਾਨਣ ਵਾਲਾ ਹੈ।

ਪਰਮਾਤਮਾ ਦਾ ਨਾਮ ਹੀ ਹਮਾਰੈ = ਸਾਡੇ ਲਈ ਲੋਕ-ਪ੍ਰਲੋਕ ਵਿਚ ਕਾਮੀ = ਕੰਮ ਆਵੈ = ਆਉਣ ਵਾਲਾ ਹੈ।

## ਰੋਮਿ ਰੋਮਿ; ਰਵਿਆ ਹਰਿ ਨਾਮੁ ॥ ਸਤਿਗੁਰ ਪੂਰੈ; ਕੀਨੋ ਦਾਨੁ ॥੧॥

ਸਾਡੇ ਰੋਮ ਰੋਮ ਵਿਚ ਹਰਿ = ਪਰਮਾਤਮਾ ਦਾ ਨਾਮ ਰਵਿਆ = ਪਸਰ ਰਿਹਾ ਹੈ **ਵਾ:** ਅਸੀਂ ਰੋਮ ਰੋਮ ਕਰਕੇ ਹਰੀ ਨਾਮ ਨੂੰ ਰਵਿਆ = ਉਚਾਰਨ ਕਰਦੇ ਹਾਂ।

ਪੂਰੈ = ਪੂਰਨ ਸਤਿਗੁਰਾਂ ਨੇ ਇਹ ਨਾਮ ਸਾਨੂੰ ਦਾਨ ਹੀ ਕੀਨੋ = ਕੀਤਾ ਹੈ॥੧॥

## ਨਾਮੁ ਰਤਨੁ; ਮੇਰੈ ਭੰਡਾਰ ॥ ਅਗਮ ਅਮੋਲਾ; ਅਪਰ ਅਪਾਰ ॥੧॥ਰਹਾਉ॥

ਪ੍ਰਭੂ ਦੇ ਨਾਮ ਰੂਪੀ ਰਤਨੁ = ਕੀਮਤੀ ਪਦਾਰਥ ਦਾ ਮੇਰੇ ਪਾਸ ਭੰਡਾਰ = ਖ਼ਜ਼ਾਨਾ ਹੈ **ਵਾ:** ਗੁਰਾਂ ਨੇ ਪ੍ਰਭੂ ਦਾ ਨਾਮ ਰੂਪੀ ਰਤਨ ਮੇਰੇ ਹਿਰਦੇ ਰੂਪੀ ਭੰਡਾਰੇ ਵਿਚ ਦੇਣਾ ਕੀਤਾ ਹੈ।

ਜੋ ਨਾਮ ਮਨ, ਬਾਣੀ ਸਰੀਰ ਕਰਕੇ ਅਗਮ = ਗੰਮਤਾ ਤੋਂ ਰਹਿਤ, ਅਮੋਲਾ = ਬੇ-ਕੀਮਤਾ ਅਤੇ ਅਪਰ ਅਪਾਰ = ਬਿਅੰਤ ਤੋਂ ਬਿਅੰਤ ਗੁਣ ਦੇਣ ਵਾਲਾ ਹੈ **ਵਾ:** ਪ੍ਰਕਿਰਤੀ ਅਪਰ = ਉਰ੍ਹੇ ਹੈ ਅਤੇ ਇਹ ਨਾਮ ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰ੍ਹੇ, ਰਹਿਤ ਕਰਨ ਵਾਲਾ ਹੈ॥੧॥ਰਹਾਉ॥

## ਨਾਮੁ ਹਮਾਰੈ; ਨਿਹਚਲ ਧਨੀ॥
## ਨਾਮ ਕੀ ਮਹਿਮਾ; ਸਭ ਮਹਿ ਬਨੀ॥

ਹਮਾਰੈ = ਸਾਡੇ ਤਾਈਂ ਪਰਮਾਤਮਾ ਦਾ ਨਾਮ ਹੀ ਨਿਹਚਲ = ਅਚੱਲ ਧਨੀ = ਧਨਵਾਨ ਬਣਾਉਣ ਵਾਲਾ ਹੈ **ਵਾ:** ਪ੍ਰਭੂ ਦਾ ਨਾਮ ਹੀ ਸਾਡੇ ਤਾਈਂ ਨਿਹਚਲ = ਅਚੱਲ ਸਰੂਪ ਅਤੇ ਸਭ ਦੇ ਧਨੀ = ਮਾਲਕ ਪ੍ਰਭੂ ਦੀ ਪ੍ਰਾਪਤੀ ਕਰਾਉਣ ਵਾਲਾ ਹੈ **ਵਾ:** ਨਾਮ ਕਰਕੇ ਹੀ ਅਸੀਂ ਬ੍ਰਹਮ ਗਿਆਨ ਰੂਪੀ ਅਚੱਲ ਧਨ ਵਾਲੇ ਹੋਏ ਹਾਂ।

ਪ੍ਰਭੂ ਦੇ ਨਾਮ ਕੀ = ਦੀ ਮਹਿਮਾ = ਵਡਿਆਈ ਸਭ = ਸਾਰੇ ਲੋਕਾਂ, ਖੰਡਾਂ-ਬ੍ਰਹਿਮੰਡਾਂ ਮਹਿ = ਵਿਚ ਹੀ ਬਨੀ = ਬਣ, ਫੱਬ ਰਹੀ ਹੈ।

## ਨਾਮੁ ਹਮਾਰੈ; ਪੂਰਾ ਸਾਹੁ॥ ਨਾਮੁ ਹਮਾਰੈ; ਬੇਪਰਵਾਹੁ॥੨॥

ਹਮਾਰੈ = ਸਾਡੇ ਪਾਸ ਪ੍ਰਭੂ ਦਾ ਨਾਮ ਹੀ ਪੂਰਾ = ਪੂਰਨ ਸਾਹੁ = ਸ਼ਾਹੂਕਾਰ ਰੂਪ ਹੈ, ਜਿਸ ਕਰਕੇ ਸਾਰੇ ਦੈਵੀ ਗੁਣਾਂ ਰੂਪੀ ਧਨ ਦੀ ਪ੍ਰਾਪਤੀ ਹੁੰਦੀ ਹੈ।

ਪ੍ਰਭੂ ਦੇ ਨਾਮ ਨੇ ਹੀ ਹਮਾਰੈ = ਸਾਡੇ ਤਾਈਂ ਬੇਪਰਵਾਹੁ = ਬੇਮੁਥਾਜ ਕੀਤਾ ਹੈ **ਵਾ:** ਸਾਡੇ ਹਿਰਦੇ ਵਿਚ ਬੇ-ਮੁਥਾਜ ਪ੍ਰਭੂ ਦਾ ਨਾਮ ਵੱਸਦਾ ਹੈ॥੨॥

## ਨਾਮੁ ਹਮਾਰੈ; ਭੋਜਨ ਭਾਉ॥ ਨਾਮੁ ਹਮਾਰੈ; ਮਨ ਕਾ ਸੁਆਉ॥

ਹਮਾਰੈ = ਸਾਡੇ ਪਾਸ ਪ੍ਰਭੂ ਦੇ ਨਾਮ ਦਾ ਹੀ ਭੋਜਨ ਤੇ ਭਾਉ = ਪ੍ਰੇਮ ਹੈ **ਵਾ:** ਪ੍ਰਭੂ ਦੇ ਨਾਮ ਨਾਲ ਭਾਉ = ਪ੍ਰੇਮ ਕਰਨਾ ਹੀ ਸਾਡੇ ਪਾਸ ਭੋਜਨ ਹੈ **ਵਾ:** ਭਾਉ = ਪ੍ਰਕਾਸ਼ ਸਰੂਪ ਪ੍ਰਭੂ ਦਾ ਨਾਮ ਹੀ ਸਾਡੇ ਪਾਸ ਭੋਜਨ ਹੈ।

ਪ੍ਰਭੂ ਦਾ ਨਾਮ ਹੀ ਹਮਾਰੈ = ਸਾਡੇ ਮਨ ਕਾ = ਦਾ ਸੁਆਉ = ਪ੍ਰਯੋਜਨ ਪੂਰਾ ਕਰਨ ਵਾਲਾ ਹੈ **ਵਾ:** ਬ੍ਰਹਮਾਨੰਦ ਦੀ ਪ੍ਰਾਪਤੀ ਤੇ ਸੰਸਾਰ ਦੁੱਖ ਦੀ ਨਵਿਰਤੀ ਰੂਪੀ ਪ੍ਰਯੋਜਨ ਪੂਰਾ ਕਰਨ ਲਈ ਪ੍ਰਭੂ ਦਾ ਨਾਮ ਹੀ ਹੈ।

## ਨਾਮੁ ਨ ਵਿਸਰੈ; ਸੰਤ ਪ੍ਰਸਾਦਿ॥
## ਨਾਮੁ ਲੈਤ; ਅਨਹਦ ਪੂਰੇ ਨਾਦ॥੩॥

ਜਿਨ੍ਹਾਂ ਉੱਪਰ ਸੰਤ = ਮਹਾਤਮਾ ਜਨਾਂ **ਵਾ:** ਸੰਤ = ਸ਼ਾਂਤ-ਚਿੱਤ ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕ੍ਰਿਪਾ ਹੈ, ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਵਿਸਰੈ = ਭੁੱਲਦਾ ਨਹੀਂ ਹੈ।

ਪਰਮਾਤਮਾ ਦਾ ਨਾਮ ਲੈਤ = ਲੈਣ, ਜਪਣ ਕਰਕੇ ਅਨਹਦ = ਹੱਦ ਤੋਂ ਰਹਿਤ ਇਕ ਰਸ ਨਾਦ = ਵਾਜਿਆਂ ਦੀ ਧੁਨ ਪੂਰੇ = ਪੂਰੀ ਜਾਣ ਲੱਗ ਜਾਂਦੀ ਹੈ **ਵਾ:** ਇਕ ਰਸ ਰਹਿਣ ਵਾਲਾ ਨਾਦ = ਬ੍ਰਹਮ ਹਿਰਦੇ ਅੰਦਰ ਪੂਰਨ ਪ੍ਰਗਟ ਹੋ ਆਉਂਦਾ ਹੈ॥੩॥

## ਪ੍ਰਭ ਕਿਰਪਾ ਤੇ; ਨਾਮੁ ਨਉ ਨਿਧਿ ਪਾਈ ॥
## ਗੁਰ ਕਿਰਪਾ ਤੇ; ਨਾਮ ਸਿਉ ਬਨਿ ਆਈ ॥

ਪ੍ਰਭ = ਪਰਮਾਤਮਾ ਦੀ ਕਿਰਪਾ = ਮਿਹਰ ਤੇ = ਤੋਂ ਅਸੀਂ ਨਉ ਨਿਧਿ = ਨੌਂ ਨਿਧਾਂ ਦੇ ਦੇਣ ਵਾਲੇ ਨਾਮ ਦੀ ਪਾਈ = ਪ੍ਰਾਪਤੀ ਕੀਤੀ ਹੈ।

ਗੁਰਾਂ ਦੀ ਕਿਰਪਾ = ਮਿਹਰ ਤੇ = ਤੋਂ ਸਾਡੀ ਨਾਮ ਦੇ ਸਿਉ = ਨਾਲ ਪ੍ਰੀਤੀ ਬਨਿ = ਬਣ ਆਈ ਹੈ।

## ਧਨਵੰਤੇ ਸੇਈ; ਪਰਧਾਨ ॥ ਨਾਨਕ; ਜਾ ਕੈ ਨਾਮੁ ਨਿਧਾਨ ॥੪॥੧੭॥੩੦॥

ਸੇਈ = ਉਹੀ ਮਨੁੱਖ ਇਸ ਲੋਕ ਵਿਚ ਧਨਵੰਤੇ = ਧਨਵਾਨ ਹਨ ਅਤੇ ਪ੍ਰਲੋਕ ਵਿਚ ਵੀ ਪਰਧਾਨ = ਮੁਖੀ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਾ = ਜਿਨਾ ਕੈ = ਦੇ ਪਾਸ ਪਰਮਾਤਮਾ ਦੇ ਨਾਮ ਦਾ ਨਿਧਾਨ = ਖ਼ਜ਼ਾਨਾ ਹੈ ॥੪॥੧੭॥੩੦॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਪ੍ਰਭੂ ਦੇ ਸਨਮੁਖ ਬੇਨਤੀ ਕਰਨ ਦਾ ਢੰਗ ਦੱਸਦੇ ਹਨ।

## ਤੂ ਮੇਰਾ ਪਿਤਾ; ਤੂਹੈ ਮੇਰਾ ਮਾਤਾ ॥ ਤੂ ਮੇਰੇ, ਜੀਅ ਪ੍ਰਾਨ; ਸੁਖ ਦਾਤਾ ॥

ਹੇ ਪ੍ਰਭੂ ! ਅਭਿੰਨ, ਨਮਿੱਤ ਤੇ ਉਪਾਦਾਨ ਕਾਰਣ ਹੋਣ ਕਰਕੇ ਤੂੰ ਹੀ ਮੇਰਾ ਪਿਤਾ ਤੇ ਤੂੰ ਹੀ ਮੇਰਾ ਮਾਤਾ = ਮਾਂ ਰੂਪ ਹੈਂ ਅਰਥਾਤ ਮਾਂ ਉਪਾਦਾਨ ਕਾਰਣ ਹੁੰਦੀ ਹੈ, ਪਿਤਾ ਨਮਿੱਤ ਕਾਰਨ ਹੁੰਦਾ ਹੈ, ਜਿਵੇਂ ਮੱਕੜੀ ਆਪਣੇ ਸਥੂਲ ਸਰੀਰ ਦੁਆਰਾ ਜਾਲਾ ਬਣਾਉਂਦੀ ਹੈ ਅਤੇ ਸੂਖਮ ਸਰੀਰ ਵਿਚ ਜਾਲਾ ਪੈਦਾ ਕਰਦੀ ਹੈ। ਉਸ ਦਾ ਸਥੂਲ ਸਰੀਰ ਉਪਾਦਾਨ ਕਾਰਣ ਅਤੇ ਸੂਖਮ ਸਰੀਰ ਨਮਿੱਤ ਕਾਰਨ ਹੁੰਦਾ, ਇਉਂ, ਹੇ ਪ੍ਰਭੂ ! ਤੂੰ ਹੀ ਅਭਿੰਨ ਨਮਿੱਤ ਉਪਾਦਾਨ ਕਾਰਣ ਹੈ।

ਤੂੰ ਹੀ ਮੇਰੇ ਜੀਅ = ਹਿਰਦੇ ਅਤੇ ਪ੍ਰਾਨ = ਸੁਆਸਾਂ ਨੂੰ ਸੁਖ = ਅਨੰਦ ਦਾਤਾ = ਦੇਣ ਵਾਲਾ ਹੈਂ।

## ਤੂ ਮੇਰਾ ਠਾਕੁਰੁ; ਹਉ ਦਾਸੁ ਤੇਰਾ ॥ ਤੁਝ ਬਿਨੁ; ਅਵਰੁ ਨਹੀ ਕੋ ਮੇਰਾ ॥੧॥

ਹੇ ਪ੍ਰਭੂ ! ਤੂੰ ਮੇਰਾ ਠਾਕੁਰੁ = ਮਾਲਕ ਹੈਂ ਅਤੇ ਹਉ = ਮੈਂ ਤੇਰਾ ਦਾਸ = ਸੇਵਕ ਹਾਂ।

ਤੁਝ = ਤੇਰੇ ਤੋਂ ਬਿਨੁ = ਬਗ਼ੈਰ ਅਵਰੁ = ਹੋਰ ਕੋਈ ਵੀ ਮੇਰਾ ਸਹਾਇਕ ਨਹੀਂ ਹੈ ॥੧॥

## ਕਰਿ ਕਿਰਪਾ; ਕਰਹੁ ਪ੍ਰਭ ਦਾਤਿ ॥
## ਤੁਮ੍ਰੀ ਉਸਤਤਿ; ਕਰਉ ਦਿਨ ਰਾਤਿ ॥੧॥ਰਹਾਉ॥

ਹੇ ਪ੍ਰਭ = ਪ੍ਰਭੂ ! ਤੁਸੀਂ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਕੇ ਇਹ ਦਾਤਿ = ਬਖ਼ਸ਼ਿਸ਼ ਕਰਹੁ = ਕਰੋ। ਕਿ

ਮੈਂ ਦਿਨ ਰਾਤ ਤੁਮ੍ਰੀ = ਤੁਹਾਡੀ ਉਸਤਤਿ = ਵਡਿਆਈ ਕਰਉ = ਕਰਦਾ ਰਹਾਂ **ਵਾ:** ਮੈਂ ਤੁਹਾਡੀ ਵਡਿਆਈ ਕਰਾਂ ਜਿਸ ਕਰਕੇ ਮੈਨੂੰ ਅਵਿਦਿਆ ਰੂਪੀ ਰਾਤ ਤੋਂ ਗਿਆਨ ਰੂਪੀ ਦਿਨ ਦੀ ਪ੍ਰਾਪਤੀ ਹੋ ਜਾਵੇ ॥੧॥ਰਹਾਉ॥

## ਹਮ ਤੇਰੇ ਜੰਤ; ਤੂ ਬਜਾਵਨਹਾਰਾ ॥
## ਹਮ ਤੇਰੇ ਭਿਖਾਰੀ; ਦਾਨੁ ਦੇਹਿ ਦਾਤਾਰਾ ॥

ਹੇ ਪ੍ਰਭੂ ! ਹਮ = ਅਸੀਂ ਤੇਰੇ ਜੰਤ = ਵਾਜੇ ਹਾਂ ਅਤੇ ਤੂੰ ਸਾਨੂੰ ਬਜਾਵਨਹਾਰਾ = ਵਜਾਉਣ ਵਾਲਾ ਹੈਂ, ਭਾਵ ਸਾਨੂੰ ਚੇਤਨ ਸੱਤਾ ਦੇ ਕੇ ਹਰਕਤ ਵਿਚ ਲਿਆਉਣ ਵਾਲਾ ਹੈਂ।

ਹਮ = ਅਸੀਂ ਤੇਰੇ ਦਰ ਦੇ ਭਿਖਾਰੀ ਹਾਂ, ਇਸ ਲਈ ਹੇ ਦਾਤਾਰਾ = ਦਾਤੇ ਪ੍ਰਭੂ ! ਸਾਨੂੰ ਆਪਣੇ ਦਰਸ਼ਨਾਂ ਦਾ ਦਾਨ ਦੇਹਿ = ਦੇਣਾ ਕਰ।

## ਤਉ ਪਰਸਾਦਿ; ਰੰਗ ਰਸ ਮਾਣੇ ॥ ਘਟ ਘਟ ਅੰਤਰਿ; ਤੁਮਹਿ ਸਮਾਣੇ ॥੨॥

ਹੇ ਪ੍ਰਭੂ ! ਤਉ = ਤੇਰੀ ਪਰਸਾਦਿ = ਕਿਰਪਾ ਕਰਕੇ ਹੀ ਤੇਰੇ ਰੰਗ = ਪ੍ਰੇਮ ਦੇ ਰਸ ਨੂੰ ਮਾਣੇ = ਮਾਣਦੇ ਹਾਂ।

ਘਟ ਘਟ = ਸਰੀਰਾਂ-ਸਰੀਰਾਂ ਦੇ ਅੰਤਰਿ = ਵਿਚ ਤੁਮਹਿ = ਤੈਨੂੰ ਸਮਾਣੇ = ਸਮਾਇਆ ਹੋਇਆ ਅਸੀਂ ਨਿਸਚੇ ਕੀਤਾ ਹੈ॥੨॥

## ਤੁਮਰੀ ਕ੍ਰਿਪਾ ਤੇ; ਜਪੀਐ ਨਾਉ ॥ ਸਾਧਸੰਗਿ; ਤੁਮਰੇ ਗੁਣ ਗਾਉ ॥

ਹੇ ਪ੍ਰਭੂ ! ਤੁਮਰੀ = ਤੇਰੀ ਕ੍ਰਿਪਾ = ਮਿਹਰ ਤੇ = ਤੋਂ ਹੀ ਤੇਰਾ ਨਾਉ = ਨਾਮ ਜਪੀਐ = ਜਪੀਦਾ ਹੈ।

ਫੇਰ ਸਾਧਸੰਗਿ = ਸ੍ਰੇਸ਼ਟ ਗੁਰਮੁਖ ਜਨਾਂ ਦੀ ਸੰਗਤ ਦੁਆਰਾ ਤੁਮਰੇ = ਤੇਰੇ ਹੀ ਗੁਣਾਂ ਨੂੰ ਗਾਉ = ਗਾਉਣਾ ਕਰੀਦਾ ਹੈ।

## ਤੁਮ੍ਰੀ ਦਇਆ ਤੇ; ਹੋਇ ਦਰਦ ਬਿਨਾਸੁ ॥
## ਤੁਮਰੀ ਮਇਆ ਤੇ; ਕਮਲ ਬਿਗਾਸੁ ॥੩॥

ਹੇ ਪ੍ਰਭੂ ! ਤੁਮ੍ਰੀ = ਤੇਰੀ ਦਇਆ = ਮਿਹਰ ਤੇ = ਤੋਂ ਅਵਿੱਦਿਆ ਆਦਿ ਸਭ ਦਰਦ = ਪੀੜਾਂ ਦਾ ਬਿਨਾਸੁ = ਨਾਸ਼ ਹੋਇ = ਹੋ ਜਾਂਦਾ ਹੈ।

ਤੁਮਰੀ = ਤੇਰੀ ਮਇਆ = ਕ੍ਰਿਪਾ ਤੇ = ਤੋਂ ਹਿਰਦਾ ਰੂਪੀ ਕਮਲ ਕਰੁਣਾ, ਮੁੱਦਤਾ, ਮੈਤ੍ਰੀ, ਉਪੇਖਿਆ ਆਦਿ ਪੰਖੜੀਆਂ ਦੇ ਸਹਿਤ ਬਿਗਾਸੁ = ਖਿੜ ਆਉਂਦਾ ਹੈ॥੩॥

## ਹਉ ਬਲਿਹਾਰਿ; ਜਾਉ ਗੁਰਦੇਵ ॥ ਸਫਲ ਦਰਸਨੁ; ਜਾ ਕੀ ਨਿਰਮਲ ਸੇਵ ॥

ਹਉ = ਮੈਂ ਆਪਣੇ ਗੁਰਦੇਵ = ਪੂਜਨੀਕ ਗੁਰਾਂ ਤੋਂ ਬਲਿਹਾਰਿ = ਕੁਰਬਾਨ ਜਾਉ = ਜਾਂਦਾ ਹਾਂ।

ਜਿਸ ਗੁਰੂ ਦਾ ਦਰਸ਼ਨ ਸਫਲ = ਸਹਿਤ ਗਿਆਨ ਫਲ ਦੇ ਹੈ ਅਤੇ ਜਾ = ਜਿਸ ਕੀ = ਕੀ ਸੇਵ = ਟਹਿਲ ਵੀ ਨਿਰਮਲ = ਉੱਜਲ ਕਰਨ ਵਾਲੀ ਹੈ।

## ਦਇਆ ਕਰਹੁ; ਠਾਕੁਰ ਪ੍ਰਭ ਮੇਰੇ ॥
## ਗੁਣ ਗਾਵੈ; ਨਾਨਕੁ ਨਿਤ ਤੇਰੇ ॥੪॥੧੮॥੩੧॥

ਹੇ ਮੇਰੇ ਠਾਕੁਰ = ਮਾਲਕ ਪ੍ਰਭ = ਪ੍ਰਭੂ ! ਤੁਸੀਂ ਆਪਣੀ ਦਇਆ = ਮਿਹਰ ਕਰਹੁ = ਕਰੋ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਕਰਕੇ ਮੈਂ ਨਿਤ = ਨਿਤਾਪ੍ਰਤੀ ਤੇਰੇ ਗੁਣਾਂ ਨੂੰ ਗਾਵੈ = ਗਾਉਂਦਾ ਰਹਾਂ॥੪॥੧੮॥੩੧॥

## ਭੈਰਉ ਮਹਲਾ ੫ ॥

## ਸਭ ਤੇ ਊਚ; ਜਾ ਕਾ ਦਰਬਾਰੁ ॥ ਸਦਾ ਸਦਾ; ਤਾ ਕਉ ਜੋਹਾਰੁ ॥

ਹੇ ਭਾਈ ! ਜਾ = ਜਿਸ ਪਰਮਾਤਮਾ ਕਾ = ਦਾ ਸਚਖੰਡ, ਸਤਿਸੰਗਤ ਰੂਪੀ ਦਰਬਾਰ ਸਭ = ਸਾਰਿਆਂ ਤੇ = ਤੋਂ ਊਚ = ਉੱਚਾ, ਸ੍ਰੇਸ਼ਟ ਹੈ।

ਮੈਂ ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਲਈ ਤਾਂ = ਉਸ ਪ੍ਰਭੂ ਨੂੰ ਜੋਹਾਰੁ = ਨਮਸਕਾਰ ਕਰਦਾ ਹਾਂ।

## ਊਚੇ ਤੇ ਊਚਾ; ਜਾ ਕਾ ਥਾਨ ॥ ਕੋਟਿ ਅਘਾ ਮਿਟਹਿ; ਹਰਿ ਨਾਮ ॥੧॥

ਜਾ = ਜਿਸ ਪ੍ਰਭੂ ਕਾ = ਦਾ ਤੁਰੀਆ ਪਦ, ਸਰੂਪ ਰੂਪੀ ਥਾਨ = ਅਸਥਾਨ ਊਚੇ ਤੇ ਊਚਾ = ਉੱਚਿਆਂ ਤੋਂ ਉੱਚਾ ਹੈ।

ਉਸ ਹਰਿ = ਪਰਮਾਤਮਾ ਦੇ ਨਾਮ ਨੂੰ ਜਪਣ ਕਰਕੇ ਕੋਟਿ = ਕ੍ਰੋੜਾਂ ਜਨਮਾਂ ਦੇ ਅਘਾ = ਪਾਪ ਮਿਟਹਿ = ਮਿਟ ਜਾਂਦੇ ਹਨ ॥੧॥

## ਤਿਸੁ ਸਰਣਾਈ; ਸਦਾ ਸੁਖੁ ਹੋਇ ॥
## ਕਰਿ ਕਿਰਪਾ; ਜਾ ਕਉ ਮੇਲੈ ਸੋਇ ॥੧॥ਰਹਾਉ॥

ਤਿਸੁ = ਉਸ ਪ੍ਰਭੂ ਦੀ ਸਰਣਾਈ = ਸ਼ਰਨ ਵਿਚ ਉਸ ਮਨੁੱਖ ਨੂੰ ਸਦਾ = ਹਮੇਸ਼ਾਂ ਆਤਮਿਕ ਸੁਖੁ = ਅਨੰਦ ਹੀ ਪ੍ਰਾਪਤ ਹੋਇ = ਹੁੰਦਾ ਹੈ।

ਜਾ ਕਉ = ਜਿਸ ਨੂੰ ਸੋਇ = ਉਹ ਪ੍ਰਭੂ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਕੇ ਆਪਣੇ ਨਾਲ ਮੇਲੈ = ਮੇਲਣਾ ਕਰਦਾ ਹੈ ॥੧॥ਰਹਾਉ॥

## ਜਾ ਕੇ ਕਰਤਬ; ਲਖੇ ਨ ਜਾਹਿ ॥ ਜਾ ਕਾ ਭਰਵਾਸਾ; ਸਭ ਘਟ ਮਾਹਿ ॥

ਜਾ = ਜਿਸ ਪਰਮਾਤਮਾ ਕੇ = ਦੇ ਕਰਤਬ = ਕੌਤਕ ਲਖੇ = ਜਾਣੇ ਨਹੀਂ ਜਾਹਿ = ਜਾਂਦੇ।

ਜਾ = ਜਿਸ ਪਰਮਾਤਮਾ ਕਾ = ਦਾ ਭਰਵਾਸਾ = ਭਰੋਸਾ ਸਭ = ਸਾਰਿਆਂ ਘਟ = ਹਿਰਦਿਆਂ ਮਾਹਿ = ਵਿਚ ਹੈ।

## ਪ੍ਰਗਟ ਭਇਆ; ਸਾਧੂ ਕੈ ਸੰਗਿ ॥ ਭਗਤ ਅਰਾਧਹਿ; ਅਨਦਿਨੁ ਰੰਗਿ ॥੨॥

ਉਹ ਪ੍ਰਭੂ ਸਾਧੂ = ਮਹਾਤਮਾ ਜਨਾਂ ਕੈ = ਦੇ ਸੰਗਿ = ਸਾਥ, ਭਾਵ ਉਨ੍ਹਾਂ ਦੀ ਸੰਗਤ ਕਰਕੇ ਹੀ ਪ੍ਰਗਟ = ਪਰਤੱਖ, ਸਾਖਿਆਤਕਾਰ ਭਇਆ = ਹੋਇਆ ਹੈ।

ਭਗਤ = ਸੇਵਕ ਜਨ ਅਨਦਿਨੁ = ਰਾਤ ਦਿਨ ਰੰਗਿ = ਪ੍ਰੇਮ ਦੇ ਨਾਲ ਉਸ ਪ੍ਰਭੂ ਨੂੰ ਅਰਾਧਹਿ = ਸਿਮਰਦੇ ਹਨ ॥੨॥

## ਦੇਦੇ; ਤੋਟਿ ਨਹੀ ਭੰਡਾਰ ॥ ਖਿਨ ਮਹਿ; ਥਾਪਿ ਉਥਾਪਨਹਾਰ ॥

ਉਸ ਪ੍ਰਭੂ ਦੇ ਦਾਤ ਦੇਦੇ = ਦੇਣ ਕਰਕੇ ਉਸ ਦੇ ਭੰਡਾਰ = ਖ਼ਜ਼ਾਨਿਆਂ ਵਿਚ ਤੋਟਿ = ਘਾਟਾ ਨਹੀਂ ਆਉਂਦਾ।

ਉਹ ਇਕ ਖਿਨ = ਛਿਨ ਮਾਤ੍ਰ ਸਮੇਂ ਮਹਿ = ਵਿਚ ਸ੍ਰਿਸ਼ਟੀ ਨੂੰ ਥਾਪਿ = ਸਾਜ ਕੇ ਉਥਾਪਨਹਾਰ = ਪੁੱਟਣ, ਨਾਸ਼ ਕਰਨ ਵਾਲਾ ਹੈ **ਵਾ:** ਇਕ ਖਿਨ ਵਿਚ ਹੀ ਥਾਪੇ ਹੋਏ ਅਸ਼ੁਭ ਗੁਣਾਂ, ਅਗਿਆਨ ਨੂੰ ਪੁੱਟ ਕੇ ਸ਼ੁਭ ਗੁਣ, ਗਿਆਨ ਨੂੰ ਸਥਾਪਨ ਕਰਨ ਵਾਲਾ ਹੈ।

## ਜਾ ਕਾ ਹੁਕਮੁ; ਨ ਮੇਟੈ ਕੋਇ ॥ ਸਿਰਿ ਪਾਤਿਸਾਹਾ; ਸਾਚਾ ਸੋਇ ॥੩॥

ਜਾ = ਜਿਸ ਪ੍ਰਭੂ ਕਾ = ਦਾ ਹੁਕਮ ਕੋਇ = ਕੋਈ ਵੀ ਮੇਟੈ = ਮੇਟ ਨਹੀਂ ਸਕਦਾ।

ਸੋਇ = ਉਹ ਸਾਚਾ = ਸੱਚਾ ਪ੍ਰਭੂ ਪਾਤਿਸਾਹਾ = ਮਹਾਂਰਾਜਿਆਂ ਦਾ ਵੀ ਸਿਰਿ = ਸ਼ਿਰੋਮਣੀ ਹੈ **ਵਾ:** ਸਾਰੇ ਪਾਤਸ਼ਾਹਾਂ ਦੇ ਸਿਰਿ = ਉੱਪਰ ਹੁਕਮ ਕਰਨ ਵਾਲਾ ਹੈ ॥੩॥

[ਅੰਗ ੧੧੪੫]

## ਜਿਸ ਕੀ ਓਟ; ਤਿਸੈ ਕੀ ਆਸਾ ॥ ਦੁਖੁ ਸੁਖੁ ਹਮਰਾ; ਤਿਸ ਹੀ ਪਾਸਾ ॥

ਜਿਸ ਪ੍ਰਭੂ ਕੀ = ਦੀ ਮਨ ਵਿਚ ਓਟ = ਟੇਕ ਹੈ, ਤਿਸੈ = ਉਸੇ ਕੀ = ਦੀ ਸਰੀਰ ਅੰਦਰ ਆਸਾ = ਇੱਛਾ ਹੈ **ਵਾ:** ਜਿਸ ਪ੍ਰਭੂ ਦੀ ਇਸ ਲੋਕ ਵਿਚ ਓਟ ਹੈ, ਉਸੇ ਦੀ ਪ੍ਰਲੋਕ ਵਿਚ ਆਸ ਹੈ।

ਹਮਰਾ = ਸਾਡਾ ਦੁਖ ਸੁਖ ਭਾਵ ਦੁਖ ਦੀ ਨਵਿਰਤੀ ਤੇ ਸੁਖ ਦੀ ਪ੍ਰਾਪਤੀ ਸਭ ਤਿਸ = ਉਸ ਪ੍ਰਭੂ ਦੇ ਹੀ ਪਾਸਾ = ਕੋਲ ਹੈ।

## ਰਾਖਿ ਲੀਨੋ; ਸਭੁ ਜਨ ਕਾ ਪੜਦਾ ॥
## ਨਾਨਕੁ; ਤਿਸ ਕੀ ਉਸਤਤਿ ਕਰਦਾ ॥੪॥੧੯॥੩੨॥

ਉਸ ਪ੍ਰਭੂ ਨੇ ਆਪਣੇ ਜਨ = ਸੇਵਕ ਕਾ = ਦਾ ਸਭ ਪ੍ਰਕਾਰ ਦਾ ਪੜਦਾ ਆਪ ਹੀ ਰਾਖਿ = ਰੱਖ ਲੀਨੋ ਲਿਆ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਤਿਸ = ਉਸ ਪ੍ਰਭੂ ਕੀ = ਦੀ ਉਸਤਤਿ = ਵਡਿਆਈ ਕਰਦਾ ਹਾਂ ॥੪॥੧੯॥੩੨॥

## ਭੈਰਉ ਮਹਲਾ ੫ ॥

**ਉਥਾਨਕਾ :** ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਗੁਰੂ ਕੇ ਮਹਿਲਾਂ ਵਿੱਚੋਂ ਅੰਮ੍ਰਿਤਸਰ ਸਾਹਿਬ ਵੱਲ ਆ ਰਹੇ ਸਨ। ਰਸਤੇ ਵਿਚ ਇਕ ਘਰ ਅੰਦਰ ਇਕ ਮਾਈ ਦਾ ਬੱਚਾ ਮਰ ਗਿਆ, ਉਹ ਹਰ ਰੋਜ਼ ਹੀ ਬੱਚੇ ਦੇ ਮੋਹ ਵਿਚ ਬਹੁਤ ਰੋਇਆ ਕਰੇ।

ਬਾਬਾ ਬੁੱਢਾ ਜੀ ਨੇ ਸਤਿਗੁਰਾਂ ਨੂੰ ਮਾਈ ਦੇ ਰੋਜ਼ਾਨਾ ਰੋਣ ਦੇ ਕਾਰਨ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ? ਇਸ ਮਾਈ ਨੂੰ ਭਾਣਾ ਮੰਨਣ ਲਈ ਸਿੱਖਿਆ ਦੇਵੋ। ਤਦੋਂ ਸੰਸਾਰ ਨੂੰ ਮਿਥਿਆ ਰੂਪ ਜਣਾਉਂਦੇ ਹੋਏ ਦ੍ਰਿਸ਼ਟਾਂਤਾਂ ਦੇ ਸਹਿਤ ਉਸ ਮਾਈ ਦੇ ਪ੍ਰਥਾਏ ਸਭ ਸਿੱਖਾਂ ਨੂੰ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਰੋਵਨਹਾਰੀ; ਰੋਜੁ ਬਨਾਇਆ ॥
## ਬਲਨ ਬਰਤਨ ਕਉ; ਸਨਬੰਧੁ ਚਿਤਿ ਆਇਆ ॥

ਹੇ ਭਾਈ ! ਇਸ ਰੋਵਨਹਾਰੀ = ਰੋਣ ਵਾਲੀ ਮਾਈ ਨੇ ਰੋਜੁ = ਰੋਣ ਦਾ ਨੇਮ ਹੀ ਬਣਾਇਆ ਹੋਇਆ ਹੈ, ਭਾਵ ਹਰ ਰੋਜ਼ ਰੋਂਦੀ ਰਹਿੰਦੀ ਹੈ।

ਇਸ ਨੂੰ ਆਪਣੇ ਬਲਨ ਬਰਤਨ = ਵਰਤੋਂ-ਵਿਹਾਰ ਕਉ = ਨੂੰ ਯਾਦ ਆਉਣ ਕਰਕੇ ਆਪਣਾ ਸਨਬੰਧੁ = ਸੰਬੰਧ ਚਿਤਿ = ਚੇਤੇ ਆ ਰਿਹਾ ਹੈ।

## ਬੂਝਿ, ਬੈਰਾਗੁ ਕਰੇ; ਜੇ ਕੋਇ ॥ ਜਨਮ ਮਰਣ; ਫਿਰਿ ਸੋਗੁ ਨ ਹੋਇ ॥੧॥

ਹੇ ਭਾਈ! ਜੇਕਰ ਕੋਇ = ਕੋਈ ਪਰਮਾਤਮਾ **ਵਾ:** ਆਪਣੇ ਮਰਨ ਨੂੰ ਬੂਝਿ = ਸਮਝ ਕੇ ਵੈਰਾਗ = ਉਪਰਾਮਤਾ ਨੂੰ ਧਾਰਨ ਕਰੇ = ਕਰ ਲਵੇ।

ਫਿਰਿ = ਮੁੜ ਕੇ ਉਸ ਨੂੰ ਜੰਮਣ ਮਰਣ ਦਾ ਦੁੱਖ ਅਤੇ ਕੋਈ ਸੋਗੁ = ਗ਼ਮ ਨਹੀਂ ਹੋਇ = ਹੁੰਦਾ ॥੧॥

## ਬਿਖਿਆ ਕਾ; ਸਭੁ ਧੰਧੁ ਪਸਾਰੁ ॥ ਵਿਰਲੈ ਕੀਨੋ; ਨਾਮ ਅਧਾਰੁ ॥੧॥ਰਹਾਉ॥

ਇਹ ਸਭੁ = ਸਾਰਾ ਧੰਧੁ = ਕੰਮ-ਕਾਰ ਬਿਖਿਆ = ਵਿਹੁ ਰੂਪੀ ਮਾਇਆ ਦਾ ਹੀ ਪਸਾਰੁ = ਪਸਾਰਾ, ਖਿਲਾਰਾ ਹੈ।

ਇਸ ਵਿਚ ਕਿਸੇ ਵਿਰਲੈ = ਟਾਵੇਂ-ਟਾਵੇਂ ਨੇ ਹੀ ਪਰਮਾਤਮਾ ਦੇ ਨਾਮ ਦਾ ਅਧਾਰੁ = ਆਸਰਾ ਲੈਣਾ ਕੀਨੋ = ਕੀਤਾ ਹੈ ॥੧॥ਰਹਾਉ॥

## ਤ੍ਰਿਬਿਧਿ ਮਾਇਆ; ਰਹੀ ਬਿਆਪਿ ॥ ਜੋ ਲਪਟਾਨੋ; ਤਿਸੁ ਦੂਖ ਸੰਤਾਪ ॥

ਰਜੋ, ਤਮੋ, ਸਤੋ ਰੂਪ ਤ੍ਰਿਬਿਧਿ = ਤਿੰਨ ਪ੍ਰਕਾਰ ਦੀ ਮਾਇਆ ਸਾਰਿਆਂ ਜੀਵਾਂ ਨੂੰ ਬਿਆਪਿ = ਲੱਗ ਰਹੀ ਹੈ।

ਜੋ = ਜਿਹੜਾ ਮਨੁੱਖ ਵੀ ਇਸ ਮਾਇਆ ਵਿਚ ਲਪਟਾਨੋ = ਲੰਪਟ, ਫਸਿਆ ਹੋਇਆ ਹੈ, ਤਿਸੁ = ਉਸ ਨੂੰ ਜੰਮਣ ਮਰਣ ਦੂਖ = ਕਸ਼ਟ ਅਤੇ ਆਧੀ, ਬਿਆਧੀ, ਉਪਾਧੀ ਰੂਪੀ ਸੰਤਾਪ = ਭਲੀ ਪ੍ਰਕਾਰ ਤਾਪ ਲੱਗੇ ਰਹਿੰਦੇ ਹਨ।

## ਸੁਖੁ ਨਾਹੀ; ਬਿਨੁ ਨਾਮ ਧਿਆਏ ॥ ਨਾਮ ਨਿਧਾਨੁ; ਬਡਭਾਗੀ ਪਾਏ ॥੨॥

ਪਰਮਾਤਮਾ ਦਾ ਨਾਮ ਧਿਆਏ = ਸਿਮਰਨ ਤੋਂ ਬਿਨੁ = ਬਗ਼ੈਰ ਕਿਸੇ ਨੂੰ ਸੁੱਖ ਦੀ ਪ੍ਰਾਪਤੀ ਨਾਹੀ = ਨਹੀਂ ਹੋ ਸਕਦੀ।

ਪਰ ਇਹ ਨਾਮ ਦਾ ਨਿਧਾਨ = ਖ਼ਜ਼ਾਨਾ ਕੋਈ ਬਡਭਾਗੀ = ਵੱਡੇ ਭਾਗਾਂ ਵਾਲਾ ਹੀ ਪਾਏ = ਪ੍ਰਾਪਤ ਕਰਦਾ ਹੈ ॥੨॥

## ਸ੍ਵਾਂਗੀ ਸਿਉ; ਜੋ ਮਨੁ ਰੀਝਾਵੈ ॥ ਸ੍ਵਾਗਿ ਉਤਾਰਿਐ; ਫਿਰਿ ਪਛੁਤਾਵੈ ॥

ਜੋ = ਜਿਹੜਾ ਮਨੁੱਖ ਸ੍ਵਾਂਗੀ = ਸ੍ਵਾਂਗ, ਨਕਲ ਬਣਾਉਣ ਵਾਲੇ ਦੇ ਸਿਉ = ਨਾਲ ਆਪਣੇ ਮਨ ਨੂੰ ਰੀਝਾਵੈ = ਪ੍ਰਸੰਨ ਕਰਦਾ ਹੈ, ਅਰਥਾਤ ਨਕਲ ਕਰਨ ਵਾਲਾ ਮਨੁੱਖ ਰਾਮ ਕ੍ਰਿਸ਼ਨ ਆਦਿ ਦਾ ਭੇਸ ਧਾਰਨ ਕਰਦਾ ਹੈ, ਜੇਕਰ ਕੋਈ ਮਨੁੱਖ ਉਸ ਨੂੰ ਰਾਮ ਕ੍ਰਿਸ਼ਨ ਅਵਤਾਰ ਸਮਝ ਕੇ ਉਸ ਨਾਲ ਆਪਣੇ ਮਨ ਨੂੰ ਰਚਾਉਣਾ ਕਰੇ।

ਪਰ ਜਦੋਂ ਉਹ ਸ੍ਵਾਂਗੀ ਮਨੁੱਖ ਸ੍ਵਾਂਗਿ = ਨਕਲ ਨੂੰ ਉਤਾਰਿਐ = ਉਤਾਰਦਾ ਹੈ, ਤਦੋਂ ਉਸ ਨਾਲ ਮਨ ਲਾਉਣ ਵਾਲਾ ਮਨੁੱਖ ਫਿਰਿ = ਮੁੜ ਕੇ ਪਛੁਤਾਵੈ = ਪਸ਼ਚਾਤਾਪ ਕਰਦਾ ਹੈ।

**ਅਥਵਾ** ਏਸੇ ਪ੍ਰਕਾਰ ਸ੍ਵਾਂਗੀ ਈਸ਼ਰ ਨੇ ਮਾਇਆ ਦੁਆਰਾ ਸੰਸਾਰ ਦਾ ਸ੍ਵਾਂਗ ਬਣਾਇਆ ਹੋਇਆ ਹੈ, ਜੋ ਮਨੁੱਖ ਇਸ ਮਾਇਕੀ ਸ੍ਵਾਂਗ ਭਾਵ ਪਦਾਰਥਾਂ, ਸੰਬੰਧੀਆਂ ਆਦਿ ਨਾਲ ਮਨ ਪ੍ਰਸੰਨ ਕਰਦਾ ਹੈ।

ਜਦੋਂ ਈਸ਼ਰ ਇਸ ਸ੍ਵਾਂਗ ਨੂੰ ਉਤਾਰਦਾ ਹੈ, ਭਾਵ ਕੋਈ ਸੰਬੰਧੀ, ਪਦਾਰਥ ਆਦਿ ਨਸ਼ਟ ਹੋ ਜਾਂਦਾ ਹੈ, ਤਦੋਂ ਮੁੜ-ਮੁੜ ਉਹ ਮਨੁੱਖ ਪਸ਼ਚਾਤਾਪ ਕਰਦਾ ਹੈ।

## ਮੇਘ ਕੀ ਛਾਇਆ; ਜੈਸੇ ਬਰਤਨਹਾਰ ॥ ਤੈਸੋ ਪਰਪੰਚੁ; ਮੋਹ ਬਿਕਾਰ ॥੩॥

ਜੈਸੇ = ਜਿਸ ਪ੍ਰਕਾਰ ਮੇਘ = ਬੱਦਲ ਕੀ = ਦੀ ਛਾਇਆ = ਛਾਂ ਨੂੰ ਕੋਈ ਸਥਿਰ ਮੰਨ ਕੇ ਬਰਤਨਹਾਰ = ਵਰਤਾਉ ਕਰਨ ਵਾਲਾ ਹੋਵੇ ਕਿ ਇਹ ਸਦਾ ਸਥਿਰ ਰਹੇਗੀ ਅਤੇ ਮੈਂ ਆਪਣਾ ਕੰਮ-ਕਾਰ ਕਰ ਲਵਾਂਗਾ ਪਰ ਛਾਂ ਦੇ ਨਸ਼ਟ ਹੋਣ ਮਗਰੋਂ ਪਸ਼ਚਾਤਾਪ ਹੀ ਕਰਨਾ ਪੈਂਦਾ ਹੈ **ਵਾ:** ਜਿਵੇਂ ਮੋਹ ਰੂਪੀ ਬੱਦਲਾਂ ਦੀ ਪਦਾਰਥਾਂ ਰੂਪੀ ਛਾਂ ਹੇਠਾਂ ਵਰਤਣ ਵਾਲੇ ਨੂੰ ਪਸ਼ਚਾਤਾਪ ਕਰਨਾ ਪੈਂਦਾ ਹੈ।

ਤੈਸੋ = ਉਸੇ ਪ੍ਰਕਾਰ ਇਹ ਪਰਪੰਚੁ = ਸੰਸਾਰ ਅੰਦਰ ਮੋਹ ਅਤੇ ਵਿਕਾਰਾਂ ਵਿਚ ਲੱਗਣ ਕਰਕੇ ਜੀਵ ਦੁਖੀ ਹੁੰਦਾ ਹੈ **ਵਾ:** ਜੋ ਇਹ (ਪਰ + ਪੰਚ) ਪਰ = ਵਿਸ਼ੇਸ਼ ਕਰ ਪੰਚ = ਪੰਜ ਭਾਵ ਅਸਤੀ, ਭਾਂਤੀ, ਪ੍ਰੇਯ, ਨਾਮ ਤੇ ਰੂਪ ਦੇ ਬਣੇ ਹੋਏ ਜਗਤ ਦੇ ਮੋਹ ਵਿਚ ਲੱਗਦਾ ਹੈ, ਉਸ ਨੂੰ ਬਿਕਾਰ = ਤਬਦੀਲੀ ਹੁੰਦੀ ਹੈ, ਭਾਵ ਪ੍ਰਣਵ-ਭਾਵ ਨੂੰ ਪ੍ਰਾਪਤ ਹੁੰਦਾ ਰਹਿੰਦਾ ਹੈ॥੩॥

## ਏਕ ਵਸਤੁ; ਜੇ ਪਾਵੈ ਕੋਇ ॥ ਪੂਰਨ ਕਾਜੁ; ਤਾਹੀ ਕਾ ਹੋਇ ॥

ਹੇ ਭਾਈ! ਜੇ = ਜੇਕਰ ਕੋਇ = ਕੋਈ ਇਕ ਪਰਮਾਤਮਾ ਦੇ ਨਾਮ ਰੂਪੀ ਵਸਤੁ = ਪਦਾਰਥ ਨੂੰ ਪਾਵੈ = ਪਾਉਣਾ ਕਰੇ।

ਤਾਹੀ = ਉਸੇ ਕਾ = ਦਾ ਹੀ ਮੁਕਤ ਰੂਪੀ ਕਾਜੁ = ਕਾਰਜ ਪੂਰਨ = ਪੂਰਾ ਹੋਇ = ਹੁੰਦਾ ਹੈ।

## ਗੁਰਪ੍ਰਸਾਦਿ; ਜਿਨਿ ਪਾਇਆ ਨਾਮੁ ॥
## ਨਾਨਕ; ਆਇਆ ਸੋ ਪਰਵਾਨੁ ॥੪॥੨੦॥੩੩॥

ਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਜਿਨਿ = ਜਿਸ ਮਨੁੱਖ ਨੇ ਐਸਾ ਨਾਮ ਪਾਇਆ = ਪਾਉਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋ = ਉਹੋ ਮਨੁੱਖ ਹੀ ਇਸ ਮਨੁੱਖਾ ਜਨਮ, ਸੰਸਾਰ ਵਿਚ ਆਇਆ ਹੋਇਆ ਪਰਵਾਨੁ = ਪਰਵਾਨਿਕ, ਸਫਲ ਹੈ॥੪॥੨੦॥੩੩॥

## ਭੈਰਉ ਮਹਲਾ ੫ ॥
## ਸੰਤ ਕੀ ਨਿੰਦਾ; ਜੋਨੀ ਭਵਨਾ ॥ ਸੰਤ ਕੀ ਨਿੰਦਾ; ਰੋਗੀ ਕਰਨਾ ॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਕੀ = ਦੀ ਨਿੰਦਾ = ਅਪਕੀਰਤੀ ਕਰਨ ਵਾਲੇ ਮਨੁੱਖ ਨੂੰ ਅਨੇਕਾਂ ਜੋਨੀ = ਜੂਨਾਂ ਵਿਚ ਭਵਨਾ = ਭਟਕਣਾ ਪੈਂਦਾ ਹੈ।

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਕੀ = ਦੀ ਨਿੰਦਾ = ਅਪਕੀਰਤੀ ਕਰਨ ਵਾਲਾ ਮਨੁੱਖ ਆਪਣੀ ਦੇਹ ਨੂੰ ਰੋਗੀ ਕਰਨਾ = ਕਰ ਲੈਂਦਾ ਹੈ **ਵਾ:** ਉਹ ਹਉਮੈ, ਨਿੰਦਿਆ ਆਦਿ ਰੋਗਾਂ ਦੇ ਸਹਿਤ ਕੀਤਾ ਜਾਂਦਾ ਹੈ।

## ਸੰਤ ਕੀ ਨਿੰਦਾ; ਦੂਖ ਸਹਾਮ ॥ ਡਾਨੁ ਦੈਤ; ਨਿੰਦਕ ਕਉ ਜਾਮ ॥੧॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਕੀ = ਦੀ ਨਿੰਦਾ = ਅਪਕੀਰਤੀ ਕਰਨ ਵਾਲੇ ਮਨੁੱਖ ਕਉ = ਨੂੰ ਅਨੇਕਾਂ ਦੂਖ = ਕਸ਼ਟ ਸਹਾਮ = ਸਹਾਰਨੇ ਪੈਂਦੇ ਹਨ **ਵਾ:** ਅਨੇਕਾਂ ਦੁੱਖ ਅਤੇ ਅਨੇਕ ਸਹਾਮ = ਡਰ ਲੱਗੇ ਰਹਿੰਦੇ ਹਨ।

ਐਸੇ ਨਿੰਦਕ = ਨਿੰਦਿਆ ਕਰਨ ਵਾਲੇ ਮਨੁੱਖ ਕਉ = ਨੂੰ ਜਾਮ = ਜਮਦੂਤ ਅਤਿਅੰਤ ਡਾਨੁ = ਡੰਨ, ਸਜ਼ਾਵਾਂ ਦੈਤ = ਦੇਂਦੇ ਹਨ॥੧॥

## ਸੰਤ ਸੰਗਿ; ਕਰਹਿ ਜੋ ਬਾਦੁ ॥
## ਤਿਨ ਨਿੰਦਕ; ਨਾਹੀ ਕਿਛੁ ਸਾਦੁ ॥੧॥ਰਹਾਉ॥

ਸੰਤ ਸੰਗਿ = ਸੰਤ ਜਨਾਂ ਦੀ ਸੰਗਤ ਨਾਲ **ਵਾ:** ਸੰਤਾਂ ਦੇ ਨਾਲ ਜੋ = ਜਿਹੜੇ ਮਨੁੱਖ ਬਾਦੁ = ਝਗੜਾ ਕਰਹਿ = ਕਰਦੇ ਹਨ।

ਤਿਨ = ਉਨ੍ਹਾਂ ਨਿੰਦਕ = ਨਿੰਦਿਆ ਕਰਨ ਵਾਲਿਆਂ ਨੇ ਆਤਮ ਜੀਵਨ ਦਾ ਕਿਛੁ = ਕੁਝ ਵੀ ਸਾਦੁ = ਸੁਆਦ, ਰਸ ਨਹੀਂ ਲੈਣਾ ਕੀਤਾ ॥੧॥ਰਹਾਉ॥

## ਭਗਤ ਕੀ ਨਿੰਦਾ; ਕੰਧੁ ਛੇਦਾਵੈ ॥ ਭਗਤ ਕੀ ਨਿੰਦਾ; ਨਰਕੁ ਭੁੰਚਾਵੈ ॥

ਭਗਤ = ਸੇਵਕ ਜਨਾਂ ਕੀ = ਦੀ ਕੀਤੀ ਨਿੰਦਾ = ਅਪਕੀਰਤੀ ਮਨਮੁਖਾਂ ਦੇ ਕੰਧੁ = ਸਰੀਰ ਨੂੰ ਛੇਦਾਵੈ = ਨਾਸ਼ ਕਰ ਦੇਂਦੀ ਹੈ।

ਭਗਤ = ਸੇਵਕ ਜਨਾਂ ਕੀ = ਦੀ ਕੀਤੀ ਨਿੰਦਾ = ਅਪਕੀਰਤੀ ਜੀਵ ਨੂੰ ਨਰਕ ਭੁੰਚਾਵੈ = ਭੁਗਤਾਉਂਦੀ ਹੈ।

## ਭਗਤ ਕੀ ਨਿੰਦਾ; ਗਰਭ ਮਹਿ ਗਲੈ ॥ ਭਗਤ ਕੀ ਨਿੰਦਾ; ਰਾਜ ਤੇ ਟਲੈ ॥੨॥

ਭਗਤ = ਸੇਵਕ ਜਨਾਂ ਕੀ = ਦੀ ਨਿੰਦਾ = ਅਪਕੀਰਤੀ ਕਰਨ ਵਾਲਾ ਮਨੁੱਖ ਗਰਭ ਦੇ ਵਿਚ ਹੀ ਗਲੈ = ਗਲ ਜਾਂਦਾ ਹੈ।

ਭਗਤ = ਸੇਵਕ ਜਨਾਂ ਕੀ = ਦੀ ਨਿੰਦਾ = ਅਪਕੀਰਤੀ ਕਰਨ ਵਾਲਾ ਮਨੁੱਖ ਰਾਜ ਦੀ ਪਦਵੀ ਤੇ = ਤੋਂ ਟਲੈ = ਟਲ ਜਾਂਦਾ ਹੈ, ਭਾਵ ਉਸ ਦਾ ਰਾਜ ਭਾਗ ਹੀ ਨਸ਼ਟ ਹੋ ਜਾਂਦਾ ਹੈ ॥੨॥

## ਨਿੰਦਕ ਕੀ ਗਤਿ; ਕਤਹੂ ਨਾਹਿ ॥ ਆਪਿ ਬੀਜਿ; ਆਪੇ ਹੀ ਖਾਹਿ ॥

ਨਿੰਦਕ = ਨਿੰਦਿਆ ਕਰਨ ਵਾਲੇ ਮਨੁੱਖ ਕੀ = ਦੀ ਗਤਿ = ਮੁਕਤੀ ਕਤਹੂ = ਕਿਤੇ ਵੀ ਨਹੀਂ ਹੋ ਸਕਦੀ।

ਉਹ ਨਿੰਦਕ ਪੁਰਖ ਆਪ ਹੀ ਨਿੰਦਿਆ ਕਰਨ ਦਾ ਬੀਜ ਬੀਜ ਕੇ ਆਪ ਹੀ ਉਸ ਦਾ ਫਲ ਖਾਹਿ = ਖਾਵੇਗਾ, ਭਾਵ ਨਰਕ ਵਿਚ ਦੁੱਖ ਭੋਗੇਗਾ।

## ਚੋਰ ਜਾਰ ਜੂਆਰ ਤੇ; ਬੁਰਾ ॥ ਅਣਹੋਦਾ ਭਾਰੁ; ਨਿੰਦਕਿ ਸਿਰਿ ਧਰਾ ॥੩॥

ਨਿੰਦਕ ਪੁਰਖ ਚੋਰ = ਚੋਰੀ ਕਰਨ ਵਾਲੇ, ਜਾਰ = ਵਿਭਚਾਰੀ, ਜੂਆਰ = ਜੂਏਬਾਜ਼ ਤੇ = ਤੋਂ ਵੀ ਬੁਰਾ = ਭੈੜਾ ਹੈ।

ਨਿੰਦਕਿ = ਨਿੰਦਿਆ ਕਰਨ ਵਾਲੇ ਮਨੁੱਖ ਨੇ ਅਣਹੋਦਾ = ਅਕਾਰਣ, ਅਣਹੋਇਆ ਹੀ ਨਿੰਦਿਆ ਦਾ ਭਾਰੁ = ਬੋਝ ਆਪਣੇ ਸਿਰ ਉੱਪਰ ਧਰਾ = ਰੱਖਿਆ ਹੋਇਆ ਹੈ ॥੩॥

## ਪਾਰਬ੍ਰਹਮ ਕੇ ਭਗਤ; ਨਿਰਵੈਰ ॥ ਸੋ ਨਿਸਤਰੈ; ਜੋ ਪੂਜੈ ਪੈਰ ॥

ਪਰ ਪਾਰਬ੍ਰਹਮ = ਪਰਮਾਤਮਾ ਕੇ = ਦੇ ਭਗਤ = ਸੇਵਕ ਜਨ ਨਿਰਵੈਰ = ਵੈਰ-ਭਾਵ ਤੋਂ ਰਹਿਤ ਹਨ ਭਾਵ ਉਹ ਨਿੰਦਕ ਪੁਰਖਾਂ ਨਾਲ ਵੀ ਵੈਰ ਨਹੀਂ ਕਰਦੇ।

ਜੋ = ਜਿਹੜਾ ਵੀ ਮਨੁੱਖ ਐਸੇ ਭਗਤਾਂ ਦੇ ਪੈਰ = ਚਰਨ ਪੂਜੈ = ਪੂਜਣਾ ਕਰਦਾ ਹੈ, ਸੋ = ਉਹ ਇਸ ਸੰਸਾਰ ਤੋਂ ਨਿਸਤਰੈ = ਤਰ ਜਾਂਦਾ ਹੈ।

## ਆਦਿ ਪੁਰਖਿ; ਨਿੰਦਕੁ ਭੋਲਾਇਆ ॥
## ਨਾਨਕ, ਕਿਰਤੁ ਨ ਜਾਇ ਮਿਟਾਇਆ ॥੪॥੨੧॥੩੪॥

ਆਦਿ = ਮੁੱਢ ਸਰੂਪ ਤੇ ਪੁਰਖਿ = ਪੂਰਨ ਪਰਮਾਤਮਾ ਨੇ ਨਿੰਦਕੁ = ਨਿੰਦਿਆ ਕਰਨ ਵਾਲੇ ਮਨੁੱਖ ਨੂੰ ਉਸ ਦੇ ਕੀਤੇ ਕਰਮਾਂ ਦਾ ਫਲ ਦੇਣ ਲਈ ਆਪਣੇ ਵੱਲੋਂ ਭੋਲਾਇਆ = ਭੁਲਾਉਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਨਿੰਦਕ ਪੁਰਖ ਦਾ ਕਿਰਤ = ਕਰਮ ਕਿਸੇ ਪ੍ਰਕਾਰ ਮਿਟਾਇਆ = ਮੇਟਿਆ ਨਹੀਂ ਜਾਇ = ਜਾਂਦਾ ॥੪॥੨੧॥੩੪॥

**ਸਾਖੀ—ਰਾਜੇ ਅਜ ਦੀ :** ਰਾਜਾ ਅਜ ਇਕ ਸੂਰਜ ਵੰਸ਼ੀ ਰਾਜਾ ਹੋਇਆ ਹੈ, ਜੋ ਬਹੁਤ ਹੀ ਧਰਮੀ ਸੀ। ਇਹ ਰਾਜੇ ਦਸ਼ਰਥ ਦਾ ਪਿਤਾ ਅਤੇ ਰਾਮਚੰਦ੍ਰ ਦਾ ਦਾਦਾ ਸੀ। ਇਹ ਹਰ ਰੋਜ਼ ਬ੍ਰਹਮ ਮਹੂਰਤ ਵਿਚ ਉੱਠ ਕੇ ਇਸ਼ਨਾਨ ਪੂਜਾ ਆਦਿ ਕਰਮ ਕਰਦਾ ਅਤੇ ਫੇਰ ਸੂਰਜ ਦੇ ਦਰਸ਼ਨ ਕਰਕੇ ਦਾਨ ਦੇਣਾ ਸ਼ੁਰੂ ਕਰ ਦਿੰਦਾ ਸੀ। ਇਹ ਸਵਾ ਪਹਿਰ ਤੱਕ ਦਾਨ ਕਰਦਾ ਅਤੇ ਫੇਰ ਘੋੜਿਆਂ ਦੇ ਤਬੇਲੇ ਵਿਚ ਜਾ ਕੇ ਖ਼ਬਰ ਸਾਰ ਲੈਂਦਾ ਹੁੰਦਾ ਸੀ। ਉਸ ਤੋਂ ਬਾਅਦ ਮਹਿਲਾਂ ਵਿਚ ਵਾਪਸ ਆ ਕੇ ਅੰਨ-ਪਾਣੀ ਗ੍ਰਹਿਣ ਕਰਦਾ। ਇਸ ਉਪਰੰਤ ਰਾਜ ਭਾਗ ਦੇ ਕੰਮ-ਕਾਰ ਸੰਭਾਲਦਾ।

ਰੱਬੀ ਨੇਤ ਇਕ ਦਿਨ ਇਕ ਫ਼ਕੀਰ ਆਇਆ ਜਿਸ ਦੇ ਤਨ ਦਾ ਉਪਰਲਾ ਬਸਤਰ ਮਸਤਾਨਾ (ਫਟ) ਚੁੱਕਾ ਸੀ, ਉਹ ਫ਼ਕੀਰ ਕੁਝ ਦੇਰੀ ਨਾਲ ਆਇਆ। ਉਦੋਂ ਰਾਜਾ ਦਾਨ ਤੋਂ ਵਿਹਲਾ ਹੋ ਕੇ ਘੋੜਿਆਂ ਦੇ ਤਬੇਲੇ ਵਿਚ ਜਾ ਚੁੱਕਾ ਸੀ। ਉਹ ਫ਼ਕੀਰ ਵੀ ਉਥੇ ਹੀ ਚਲਾ ਗਿਆ ਅਤੇ ਰਾਜੇ ਕੋਲੋਂ ਤਨ ਢਕਣ ਲਈ ਬਸਤਰ ਦੀ ਮੰਗ ਕੀਤੀ। ਰਾਜੇ ਨੇ ਕਿਹਾ ਕਿ ਸੰਤ ਜੀ! ਅੱਜ ਤਾਂ ਦਾਨ ਦੇਣ ਦਾ ਸਮਾਂ ਲੰਘ ਚੁੱਕਾ ਹੈ, ਤੁਸੀਂ ਕੱਲ੍ਹ ਨੂੰ ਆ ਕੇ ਦਰਸ਼ਨ ਦੇਣਾ। ਫ਼ਕੀਰ ਨੇ ਕਿਹਾ ਕਿ ਅਸੀਂ ਇੱਕੋ ਵਾਰ ਹੀ ਮੰਗਦੇ ਹਾਂ, ਕੱਲ੍ਹ ਕਿਸ ਨੇ ਵੇਖਿਆ ਹੈ। ਜੋ ਦੇਣਾ ਹੈ ਸੋ ਅੱਜ ਹੀ ਦੇ ਦੇਵੋ।

ਇਹ ਗੱਲ ਸੁਣ ਕੇ ਰਾਜਾ ਕੁਝ ਗ਼ੁੱਸਾ ਕਰ ਗਿਆ ਅਤੇ ਗ਼ੁੱਸੇ ਵਿਚ ਉਸ ਨੇ ਘੋੜਿਆਂ ਦੀ ਲਿੱਦ ਦੀ ਬੁੱਕ ਭਰ ਕੇ ਕਿਹਾ ਕਿ ਅੱਜ ਤਾਂ ਫੇਰ ਇਹੋ ਹੀ ਮਿਲ ਸਕਦੀ ਹੈ। ਫ਼ਕੀਰ ਨੇ ਚੁੱਪ ਕਰਕੇ ਆਪਣੀ ਝੋਲੀ ਵਿਚ ਉਹ ਲਿੱਦ ਪਵਾ ਲਈ ਤੇ ਬਚਨ ਕਰ ਦਿੱਤਾ ਕਿ ਹੇ ਰਾਜਨ! ਤੇਰਾ ਦਿੱਤਾ ਹੋਇਆ ਦਾਨ ਦਸ ਗੁਣਾ ਹਰ ਰੋਜ਼ ਵਧੇ ਫੁੱਲੇ। ਉਸ ਫ਼ਕੀਰ ਨੇ ਵਾਪਸ ਆਪਣੀ ਕੁਟੀਆ ਵਿਚ ਆ ਕੇ ਉਹ ਲਿੱਦ ਕੁਟੀਆ ਦੇ ਬਾਹਰ ਰੱਖ ਦਿੱਤੀ। ਹਰ ਰੋਜ਼ ਦਸ ਗੁਣਾ ਵਧਣ ਕਰਕੇ ਕੁਝ ਸਮੇਂ ਵਿਚ ਹੀ ਲਿੱਦ ਦਾ ਢੇਰ ਲੱਗ ਗਿਆ। ਇਕ ਦਿਨ ਰਾਜਾ ਅਜ ਸ਼ਿਕਾਰ ਖੇਡਦਾ ਹੋਇਆ ਉਸ ਫ਼ਕੀਰ ਦੀ ਕੁਟੀਆ ਪਾਸ ਆਇਆ ਤੇ ਲਿੱਦ ਦਾ ਢੇਰ ਲੱਗਾ ਦੇਖ ਕੇ ਹੈਰਾਨ ਹੋਇਆ ਕਿ ਏਥੇ ਕੋਈ ਘੋੜਾ ਤਾਂ ਦਿਸਦਾ ਨਹੀਂ, ਫੇਰ ਲਿੱਦ ਦਾ ਢੇਰ ਕਿਵੇਂ ਲੱਗਾ ਹੋਇਆ ਹੈ। ਉਹਨੇ ਕੁਟੀਆ ਅੰਦਰ ਜਾ ਕੇ ਫ਼ਕੀਰ ਨੂੰ ਪੁੱਛਿਆ ਤਾਂ ਫ਼ਕੀਰ ਨੇ ਕਿਹਾ ਕਿ ਇਹ ਰਾਜੇ ਅਜ ਦਾ ਦਿੱਤਾ ਹੋਇਆ ਦਾਨ ਫਲੀਭੂਤ ਹੋ ਰਿਹਾ ਹੈ। ਜਿਤਨਾ ਚਿਰ ਤੱਕ ਉਹ ਇਹ ਲਿੱਦ ਖਾਏਗਾ ਨਹੀਂ, ਉਤਨੀ ਦੇਰ ਤੱਕ ਇਹ ਦਾਨ ਹਰ ਰੋਜ਼ ਦਸ ਗੁਣਾ ਵਧਦਾ ਹੀ ਜਾਵੇਗਾ। ਰਾਜੇ ਨੂੰ ਆਪਣੀ ਕਰਣੀ ਉੱਪਰ ਬਹੁਤ ਪਛਤਾਵਾ ਹੋਇਆ ਅਤੇ ਉਸ ਫ਼ਕੀਰ ਦੇ ਚਰਨੀਂ ਢਹਿ ਪਿਆ ਕਿ ਅਜ ਰਾਜਾ ਤਾਂ ਮੈਂ ਹੀ ਹਾਂ ਇਹ ਗ਼ਲਤੀ ਤਾਂ ਮੇਰੇ ਕੋਲੋਂ ਹੀ ਹੋਈ ਹੈ। ਮੈਂ ਆਪ ਜੀ ਦੀ ਪੂਰਨਤਾ ਸਮਝ ਨਹੀਂ ਸਕਿਆ ਐਸਾ ਕਹਿੰਦੇ ਹੋਏ ਨੇ ਬੇਨਤੀ ਕੀਤੀ ਕਿ ਇਸ ਦਾ ਕੋਈ ਉਪਾਅ ਦੱਸੋ। ਉਸ ਫ਼ਕੀਰ ਨੇ ਕਿਹਾ ਕਿ ਹੇ ਰਾਜਨ! ਜੋ ਵੀ ਕਿਸੇ ਦੀ ਨਿੰਦਿਆ ਕਰਦਾ ਹੈ ਉਹ ਗੰਦਗੀ ਹੀ ਖਾਂਦਾ ਹੈ, ਇਸ ਲਈ ਕਿਸੇ ਪ੍ਰਕਾਰ ਆਪਣੀ ਨਿੰਦਿਆ ਕਰਵਾਉ, ਜਿਤਨੇ ਲੋਕ ਤੇਰੀ ਨਿੰਦਿਆ ਕਰਨਗੇ ਉਤਨੀ ਜਲਦੀ ਇਹ ਖ਼ਤਮ ਹੋਵੇਗੀ। ਰਾਜੇ ਨੇ ਘਰ ਜਾ ਕੇ ਨਿੰਦਿਆ ਕਰਾਉਣ ਲਈ ਵਿਉਂਤ ਬਣਾਈ। ਝੂਠ-ਮੂਠ ਦਾ ਸ਼ਰਾਬੀ ਹੋ ਕੇ ਦਿਖਾਵਾ ਕਰਨ ਲੱਗਾ। ਰਾਜ

ਦਰਬਾਰ ਵਿਚ ਬੈਠਾ ਸ਼ਰਾਬ ਵਾਲੀ ਸੁਰਾਹੀ ਵਿਚ ਗੰਗਾ ਜਲ ਪੀਆ ਕਰੇ ਪਰ ਲੋਕ ਸਮਝਣ ਲੱਗੇ ਕਿ ਰਾਜਾ ਸ਼ਰਾਬ ਪੀਣ ਲੱਗ ਗਿਆ ਹੈ। ਰਾਜੇ ਦੀ ਲੋਕ ਨਿੰਦਿਆ ਕਰਨ ਲੱਗ ਪਏ। ਇਕ ਦਿਨ ਰਾਜੇ ਨੇ ਗੋੱਲੀ ਨੂੰ ਸਿਖਾਲ ਲਿਆ ਕਿ ਤੂੰ ਮੇਰੀ ਧੀਆਂ ਵਰਗੀ ਲੱਗਦੀ ਹੈਂ, ਪਰ ਮੈਂ ਲੋਕਾਂ ਵਿਚ ਆਪਣੀ ਨਿੰਦਿਆ ਕਰਾਉਣ ਲਈ ਸਭਾ ਵਿਚ ਤੇਰੀ ਬਾਂਹ ਪਕੜਾਂਗਾ। ਰਾਜੇ ਨੇ ਫਿਰ ਇੰਝ ਹੀ ਕੀਤਾ। ਬਸ ਫੇਰ ਕੀ ਸੀ ਸਾਰੇ ਸ਼ਹਿਰ ਦੇ ਲੋਕਾਂ ਨੇ ਰਾਜੇ ਦੀ ਨਿੰਦਿਆ ਕੀਤੀ ਕਿ ਰਾਜਾ ਅਜ ਬਹੁਤ ਹੀ ਡਿੱਗ ਚੁੱਕਾ ਹੈ, ਇਸ ਨੇ ਸੂਰਜਵੰਸ਼ੀ ਕੁਲ ਨੂੰ ਕਲੰਕਿਤ ਕਰ ਦਿੱਤਾ ਹੈ, ਇਉਂ ਨਿੰਦਿਆ ਦੇ ਕਾਰਨ ਉਹ ਲਿੱਦ ਘਟ ਗਈ ਤੇ ਦਿੱਤਾ ਹੋਇਆ ਮੂਲ ਦਾਨ ਬਾਕੀ ਰਹਿ ਗਿਆ।

ਫੇਰ ਰਾਜੇ ਨੇ ਫ਼ਕੀਰ ਪਾਸ ਜਾ ਕੇ ਬੇਨਤੀ ਕੀਤੀ ਕਿ ਮਹਾਰਾਜ! ਇਹ ਕਿਵੇਂ ਖ਼ਤਮ ਹੋਵੇਗੀ? ਫ਼ਕੀਰ ਨੇ ਕਿਹਾ ਕਿ ਹੇ ਰਾਜਨ! ਇਹ ਤੇਰਾ ਮੂਲ ਦਾਨ ਹੈ, ਜੇਕਰ ਕੋਈ ਪੂਰਨ ਮਹਾਤਮਾ ਤੇਰੀ ਨਿੰਦਿਆ ਕਰੇ ਤਾਂ ਹੀ ਇਹ ਖ਼ਤਮ ਹੋਵੇਗੀ। ਤਦੋਂ ਰਾਜੇ ਅਜ ਨੇ ਆਪਣਾ ਭੇਸ ਬਦਲ ਲਿਆ ਅਤੇ ਵਿਸ਼ਿਸ਼ਟ ਮੁਨੀ ਕੋਲ ਚਲਾ ਗਿਆ। ਵਿਸ਼ਿਸ਼ਟ ਜੀ ਦੀ ਮੁੱਠੀ ਚਾਪੀ ਕਰਨ ਲੱਗਾ ਅਤੇ ਨਾਲ ਕਹੀ ਜਾਵੇ ਕਿ ਮਹਾਰਾਜ! ਆਪਣੇ ਨਗਰ ਦਾ ਰਾਜਾ ਬਹੁਤ ਗਿਰ ਚੁੱਕਾ ਹੈ, ਉਸ ਨੇ ਆਪਣੀ ਕੁਲ ਨੂੰ ਕਲੰਕਿਤ ਕਰ ਦਿੱਤਾ। ਅੱਗੋਂ ਵਿਸ਼ਿਸ਼ਟ ਜੀ ਹੱਸ ਪਏ ਤੇ ਕਹਿਣ ਲੱਗੇ ਕਿ ਹੇ ਰਾਜਨ! ਤੂੰ ਆਪਣਾ ਸਮਾਂ ਵਿਅਰਥ ਕਿਉਂ ਗਵਾਉਂਦਾ ਹੈਂ। ਉਹ ਬਚੀ ਹੋਈ ਲਿੱਦ ਤੈਨੂੰ ਖਾ ਕੇ ਹੀ ਖ਼ਤਮ ਕਰਨੀ ਪਵੇਗੀ, ਨਹੀਂ ਤਾਂ ਉਹ ਫੇਰ ਵਧਣ ਲੱਗ ਪਵੇਗੀ। ਰਾਜੇ ਨੇ ਰਿਸ਼ੀ ਦੇ ਚਰਨ ਫੜੇ ਅਤੇ ਉਪਾਅ ਪੁੱਛਣ ਲੱਗਾ। ਰਿਸ਼ੀ ਨੇ ਕਿਹਾ ਕਿ ਇਸ ਨੂੰ ਸੁਕਾ ਕੇ ਕਪੜ ਛਾਣ ਕਰ ਲੈ ਅਤੇ ਚੁਟਕੀ-ਚੁਟਕੀ ਕਰਕੇ ਖਾ ਲਵੀਂ, ਇਹੋ ਹੀ ਹੱਲ ਹੈ।

ਰਾਜਾ ਅਜ ਉਹ ਲਿੱਦ ਭੋਜਨ ਦੇ ਨਾਲ ਥੋੜ੍ਹੀ-ਥੋੜ੍ਹੀ ਕਰਕੇ ਖਾਇਆ ਕਰੇ ਤੇ ਨਾਲ ਰੋਇਆ ਕਰੇ ਕਿ ਮੇਰਾ ਦਿੱਤਾ ਹੋਇਆ ਦਾਨ ਮੈਨੂੰ ਹੀ ਖਾਣਾ ਪੈ ਰਿਹਾ ਹੈ। ਜੈਸਾ ਕਿ:

**ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥** *(ਅੰਗ ੯੫੩)*

ਸੋ ਉਸ ਰਾਜੇ ਨੇ ਜੋ ਲਿੱਦ ਦਾਨ ਕਰਨ ਦਾ ਕਰਮ ਕੀਤਾ, ਉਹ ਕਿਸੇ ਤੋਂ ਮਿਟਾਇਆ ਨਹੀਂ ਗਿਆ, ਸਗੋਂ ਉਹ ਦਾਨ ਉਸ ਨੂੰ ਆਪ ਹੀ ਖਾਣਾ ਪਿਆ।

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਨਾਮ ਦੀ ਮਹਿਮਾ ਵਰਣਨ ਕਰਦੇ ਹਨ।

## ਨਾਮੁ ਹਮਾਰੈ; ਬੇਦ ਅਰੁ ਨਾਦ ॥ ਨਾਮੁ ਹਮਾਰੈ; ਪੂਰੇ ਕਾਜ ॥

ਹੇ ਭਾਈ! ਹਮਾਰੈ = ਸਾਡੇ ਲਈ ਪਰਮਾਤਮਾ ਦਾ ਨਾਮ ਹੀ ਬੇਦਾਂ ਦਾ ਪਾਠ ਅਰੁ = ਅਤੇ ਜੋਗੀਆਂ ਦੇ ਨਾਦ = ਵਾਜੇ ਰੂਪ ਹੈ **ਵਾ:** ਪਰਮਾਤਮਾ ਦਾ ਨਾਮ ਹੀ ਸਾਡੇ ਤਾਈਂ ਨਾਦ = ਸ਼ਬਦ, ਬ੍ਰਹਮ ਦਾ ਬੇਦ = ਗਿਆਨ ਦੇਣ = ਵਾਲਾ ਹੈ।

ਪਰਮਾਤਮਾ ਦਾ ਨਾਮ ਹੀ ਹਮਾਰੈ = ਸਾਡੇ ਲੋਕ-ਪ੍ਰਲੋਕ ਦੇ ਸਾਰੇ ਕਾਜ = ਕੰਮ ਪੂਰੇ = ਪੂਰਨ ਕਰਨ ਵਾਲਾ ਹੈ।

## ਨਾਮੁ ਹਮਾਰੈ; ਪੂਜਾ ਦੇਵ ॥ ਨਾਮੁ ਹਮਾਰੈ; ਗੁਰ ਕੀ ਸੇਵ ॥੧॥

ਪਰਮਾਤਮਾ ਦਾ ਨਾਮ ਹੀ ਹਮਾਰੈ = ਸਾਡੇ ਲਈ ਦੇਵ = ਦੇਵਤਿਆਂ **ਵਾ:** ਦੇਵ = ਪ੍ਰਕਾਸ਼ਕ ਪ੍ਰਭੂ ਦੀ ਪੂਜਾ ਹੈ।

ਪਰਮਾਤਮਾ ਦਾ ਨਾਮ ਜਪਣਾ ਹੀ ਹਮਾਰੈ = ਸਾਡੇ ਲਈ ਗੁਰਾਂ ਕੀ = ਦੀ ਸੇਵ = ਟਹਿਲ (ਭਗਤੀ) ਹੈ **ਵਾ:** ਸਾਡੇ ਪਾਸ ਨਾਮ ਦੇ ਜਪਣ ਜਪਾਉਣ ਰੂਪ ਸੇਵਾ ਗੁਰੂ ਦੀ ਹੀ ਬਖ਼ਸ਼ਿਸ਼ ਕੀਤੀ ਹੋਈ ਹੈ॥੧॥

ਜਿਵੇਂ ਦਮਦਮੀ ਟਕਸਾਲ ਦੇ ਦਸਵੇਂ ਜਥੇਦਾਰ ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਪਾਸ ਕਿਸੇ ਨੇ ਬੇਨਤੀ ਕੀਤੀ ਕਿ ਮਹਾਂਪੁਰਖੋ! ਕੋਈ ਸੇਵਾ ਦੱਸੋ। ਤਦੋਂ ਮਹਾਂਪੁਰਖਾਂ ਨੇ ਕਿਹਾ ਕਿ ਭਾਈ! ਜੋ ਪਰਮਾਤਮਾ ਦਾ ਨਾਮ ਸਿਮਰਨਾ ਹੈ ਇਹੋ ਹੀ ਸੰਤਾਂ-ਮਹਾਤਮਾਂ ਅਤੇ ਗੁਰਾਂ ਦੀ ਸੇਵਾ ਹੈ। ਇਸ ਲਈ ਪਰਮਾਤਮਾ ਦਾ ਨਾਮ ਜਪਿਆ ਕਰੋ, ਇਹੋ ਹੀ ਸਭ ਤੋਂ ਵੱਡੀ ਸੇਵਾ ਹੈ, ਸਭ ਤੋਂ ਵੱਡੀ ਪੂਜਾ ਹੈ, ਇਹੋ ਹੀ ਸਭ ਤੋਂ ਵੱਡਾ ਦਾਨ ਹੈ ਅਤੇ ਸਭ ਤੋਂ ਵੱਡਾ ਤੀਰਥ ਇਸ਼ਨਾਨ ਵੀ ਹੈ।

## ਗੁਰਿ ਪੂਰੈ; ਦ੍ਰਿੜਿਓ ਹਰਿ ਨਾਮੁ ॥
## ਸਭ ਤੇ ਊਤਮੁ; ਹਰਿ ਹਰਿ ਕਾਮੁ ॥੧॥ਰਹਾਉ॥

ਹੇ ਭਾਈ! ਅਸੀਂ ਪੂਰੈ = ਪੂਰਨ ਗੁਰਾਂ ਦੁਆਰਾ ਹਰਿ = ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਦ੍ਰਿੜਿਓ = ਦ੍ਰਿੜ੍ਹ, ਪ੍ਰਪੱਕ ਕੀਤਾ ਹੈ।

ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਜਪਣਾ, ਨਾਮ ਦੀ ਕਮਾਈ ਕਰਨੀ ਹੀ ਸਭ = ਸਾਰਿਆਂ ਤੇ = ਤੋਂ ਊਤਮ = ਸ੍ਰੇਸ਼ਟ ਕਾਮੁ = ਕੰਮ ਹੈ॥੧॥ਰਹਾਉ॥

## ਨਾਮੁ ਹਮਾਰੈ; ਮਜਨ ਇਸਨਾਨੁ ॥ ਨਾਮੁ ਹਮਾਰੈ; ਪੂਰਨ ਦਾਨੁ ॥

ਪਰਮਾਤਮਾ ਦਾ ਨਾਮ ਜਪਣਾ ਹੀ ਹਮਾਰੈ = ਸਾਡੇ ਲਈ ਮਜਨ = ਪਰਬਾਂ ਦਾ ਇਸਨਾਨੁ = ਨਹਾਉਣਾ ਹੈ।

ਪਰਮਾਤਮਾ ਦਾ ਨਾਮ ਹੀ ਹਮਾਰੈ = ਸਾਡੇ ਲਈ ਪੂਰਨ ਦਾਨ ਹੈ **ਵਾ:** ਸਾਡੇ ਤਾਈਂ ਸਤਿਗੁਰਾਂ ਨੇ ਨਾਮ ਦਾ ਹੀ ਪੂਰਨ ਦਾਨ ਦੇਣਾ ਕੀਤਾ ਹੈ।

## ਨਾਮੁ ਲੈਤ; ਤੇ ਸਗਲ ਪਵੀਤ ॥ ਨਾਮੁ ਜਪਤ; ਮੇਰੇ ਭਾਈ ਮੀਤ ॥੨॥

ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਲੈਤ = ਲੈਂਦੇ, ਜਪਦੇ ਹਨ ਤੇ = ਉਹ ਸਗਲ = ਸਾਰੇ ਮਨੁੱਖ ਹੀ ਪਵੀਤ = ਉੱਜਲ ਜੀਵਨ ਵਾਲੇ ਹੋ ਜਾਂਦੇ ਹਨ।

ਜੋ ਮਨੁੱਖ ਪਰਮਾਤਮਾ ਦਾ ਨਾਮ ਜਪਤ = ਜਪਦੇ ਹਨ, ਉਹ ਮੇਰੇ ਭਾਈ = ਭਰਾ ਤੇ ਮੀਤ = ਮਿੱਤਰਾਂ ਦੀ ਨਿਆਈਂ ਹਨ॥੨॥

## ਨਾਮੁ ਹਮਾਰੈ; ਸਉਣ ਸੰਜੋਗ ॥ ਨਾਮੁ ਹਮਾਰੈ; ਤ੍ਰਿਪਤਿ ਸੁ ਭੋਗ ॥

ਪਰਮਾਤਮਾ ਦਾ ਨਾਮ ਹੀ ਹਮਾਰੈ = ਸਾਡੇ ਲਈ ਸਉਣ = ਸ਼ਗਨਾਂ ਦਾ ਸ਼ਾਸਤ੍ਰ ਅਤੇ ਸੰਜੋਗ = ਨਛੱਤ੍ਰਾਂ, ਗ੍ਰਹਿ ਰਾਸ਼ੀ ਆਦਿ ਦਾ ਮੇਲ ਹੈ, ਜੋਤਿਸ਼ ਸ਼ਾਸਤ੍ਰ ਹੈ।

ਪਰਮਾਤਮਾ ਦਾ ਨਾਮ ਹੀ ਹਮਾਰੈ = ਸਾਡੇ ਤਾਈਂ ਸੁ = ਸ੍ਰੇਸ਼ਟ ਭੋਗਾਂ ਨਾਲ ਤ੍ਰਿਪਤਿ = ਰਜਾਉਣ ਵਾਲਾ ਹੈ **ਵਾ:** ਸ੍ਰੇਸ਼ਟ ਬ੍ਰਹਮਾਨੰਦ ਰੂਪੀ ਭੋਗ ਨਾਲ ਤ੍ਰਿਪਤੀ ਕਰਾਉਣ ਵਾਲਾ ਹੈ।

## ਨਾਮੁ ਹਮਾਰੈ; ਸਗਲ ਆਚਾਰ ॥ ਨਾਮੁ ਹਮਾਰੈ; ਨਿਰਮਲ ਬਿਉਹਾਰ ॥੩॥

ਪਰਮਾਤਮਾ ਦਾ ਨਾਮ ਹੀ ਹਮਾਰੈ = ਸਾਡੇ ਲਈ ਸਗਲ = ਸਾਰੇ ਆਚਾਰ = ਸ੍ਰੇਸ਼ਟਾਚਾਰ ਹਨ।

ਪਰਮਾਤਮਾ ਦਾ ਨਾਮ ਹੀ ਹਮਾਰੈ = ਸਾਡੇ ਲਈ ਨਿਰਮਲ = ਉੱਜਲ ਬਿਉਹਾਰ = ਵਿਹਾਰ ਹੈ॥੩॥

## ਜਾ ਕੈ ਮਨਿ; ਵਸਿਆ, ਪ੍ਰਭੁ ਏਕੁ ॥ ਸਗਲ ਜਨਾ ਕੀ; ਹਰਿ ਹਰਿ ਟੇਕ ॥

ਜਾ = ਜਿਨ੍ਹਾਂ ਮਨੁੱਖਾਂ ਕੈ = ਦੇ ਮਨਿ = ਹਿਰਦੇ ਵਿਚ ਏਕੁ = ਅਦੁੱਤੀ ਪ੍ਰਭੁ = ਪਰਮਾਤਮਾ ਆਪ ਆ ਕੇ ਵਸਿਆ = ਵੱਸ ਗਿਆ, ਸਾਖਿਆਤਕਾਰ ਹੋ ਗਿਆ ਹੈ।

ਉਨ੍ਹਾਂ ਸਗਲ = ਸਾਰਿਆਂ ਜਨਾ = ਮਨੁੱਖਾਂ ਕੀ = ਦੀ ਹਰਿ ਹਰਿ ਪ੍ਰਭੂ ਹੀ ਏਕ = ਓਟ ਹੈ।

## ਮਨਿ ਤਨਿ ਨਾਨਕ; ਹਰਿ ਗੁਣ ਗਾਉ ॥
## ਸਾਧਸੰਗਿ; ਜਿਸੁ ਦੇਵੈ ਨਾਉ ॥੪॥੨੨॥੩੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਮਨੁੱਖ ਆਪਣੇ ਮਨਿ = ਹਿਰਦੇ ਤੇ ਤਨਿ = ਸਰੀਰ ਵਿਚ ਹਰਿ = ਪਰਮਾਤਮਾ ਦੇ ਗੁਣ ਗਾਉ = ਗਾਉਣਾ ਕਰਦਾ ਹੈ।

ਜਿਸ ਮਨੁੱਖ ਨੂੰ ਸਾਧਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਦੁਆਰਾ ਹਰੀ ਆਪਣਾ ਨਾਉ = ਨਾਮ ਦੇਵੈ = ਦੇਣਾ ਕਰਦਾ ਹੈ ॥੪॥੨੨॥੩੫॥

[ਅੰਗ ੧੧੪੬]

## ਭੈਰਉ ਮਹਲਾ ੫ ॥

## ਨਿਰਧਨ ਕਉ; ਤੁਮ ਦੇਵਹੁ ਧਨਾ ॥ ਅਨਿਕ ਪਾਪ ਜਾਹਿ; ਨਿਰਮਲ ਮਨਾ ॥

ਹੇ ਪ੍ਰਭੂ ! ਤੁਮ = ਤੂੰ ਨਿਰਧਨ = ਧਨ ਤੋਂ ਹੀਣੇ ਮਨੁੱਖ ਕਉ = ਨੂੰ ਧਨਾ = ਦੌਲਤ ਦੇਵਹੁ = ਦੇਣਾ ਕਰਦਾ ਹੈਂ **ਵਾ:** ਨਾਮ ਰੂਪ ਧਨ ਤੋਂ ਹੀਣੇ ਮਨੁੱਖ ਨੂੰ ਆਪਣਾ ਨਾਮ ਰੂਪੀ ਧਨ ਗੁਰਾਂ ਦੁਆਰਾ ਦੇਣਾ ਕਰਦਾ ਹੈਂ।

ਜਿਸ ਕਰਕੇ ਉਸ ਮਨੁੱਖ ਦੇ ਅਨੇਕਾਂ ਜਨਮਾਂ ਦੇ ਪਾਪ ਚਲੇ ਜਾਂਦੇ ਹਨ ਅਤੇ ਮਨਾ = ਹਿਰਦਾ ਨਿਰਮਲ = ਉੱਜਲ ਹੋ ਜਾਂਦਾ ਹੈ।

## ਸਗਲ ਮਨੋਰਥ; ਪੂਰਨ ਕਾਮ ॥ ਭਗਤ ਅਪੁਨੇ ਕਉ; ਦੇਵਹੁ ਨਾਮ ॥੧॥

ਉਸ ਦੇ ਸਾਰੇ ਮਨੋਰਥ = ਮਨ ਦੇ ਫੁਰਨੇ ਅਤੇ ਸਾਰੀਆਂ ਕਾਮ = ਕਾਮਨਾਵਾਂ ਪੂਰਨ = ਪੂਰੀਆਂ ਹੋ ਜਾਂਦੀਆਂ ਹਨ।

ਹੇ ਪ੍ਰਭੂ ! ਤੂੰ ਆਪਣੇ ਜਿਸ ਭਗਤ = ਸੇਵਕ ਕਉ = ਨੂੰ ਆਪਣਾ ਨਾਮ ਦੇਵਹੁ = ਦੇਣਾ ਕਰਦਾ ਹੈਂ ॥੧॥

## ਸਫਲ ਸੇਵਾ; ਗੋਪਾਲ ਰਾਇ ॥

ਹੇ ਰਾਇ = ਰਾਜਾ, ਪ੍ਰਕਾਸ਼ ਰੂਪ ਗੋਪਾਲ = ਪ੍ਰਭੂ ! ਤੇਰੀ ਸੇਵਾ = ਟਹਿਲ (ਭਗਤੀ) ਸਫਲ = ਸਫਲੀ, ਸਹਿਤ ਗਿਆਨ ਫਲ ਦੇ ਹੈ।

## ਕਰਨ ਕਰਾਵਨਹਾਰ ਸੁਆਮੀ;
## ਤਾ ਤੇ ਬਿਰਥਾ ਕੋਇ ਨ ਜਾਇ ॥੧॥ਰਹਾਉ॥

ਹੇ ਸਾਰੇ ਕਾਰਜਾਂ ਨੂੰ ਕਰਨ ਤੇ ਕਰਾਵਨਹਾਰ = ਕਰਾਉਣ ਵਾਲੇ ਸੁਆਮੀ = ਮਾਲਕ ਪ੍ਰਭੂ ! ਤਾ = ਤਿਸ ਆਪ ਜੀ ਤੇ = ਤੋਂ ਕੋਇ = ਕੋਈ ਬਿਰਥਾ = ਖ਼ਾਲੀ ਨਹੀਂ ਜਾਇ = ਜਾਂਦਾ **ਵਾ:** ਕੋਇ ਵੀ ਬਿਰਥਾ = ਪੀੜਾ ਜਾਇ = ਪੈਦਾ ਨਹੀਂ ਹੁੰਦੀ ॥੧॥ਰਹਾਉ॥

## ਰੋਗੀ ਕਾ ਪ੍ਰਭ; ਖੰਡਹੁ ਰੋਗੁ ॥ ਦੁਖੀਏ ਕਾ; ਮਿਟਾਵਹੁ ਪ੍ਰਭ ਸੋਗੁ ॥

ਹੇ ਪ੍ਰਭ = ਪਰਮਾਤਮਾ ਜੀ ! ਤੁਸੀਂ ਪਰਤੱਖ, ਅਗਿਆਨ, ਵਿਕਾਰਾਂ ਆਦਿ ਦੇ ਰੋਗੀ ਮਨੁੱਖ ਕਾ = ਦਾ ਰੋਗ ਨਾਮ, ਗਿਆਨ ਰੂਪੀ ਖੜਗ ਨਾਲ ਖੰਡਹੁ = ਕੱਟਣਾ ਕਰਦੇ ਹੋ।

ਹੇ ਪ੍ਰਭ = ਪ੍ਰਭੂ ! ਦੁਖੀਏ = ਦੁਖੀ ਮਨੁੱਖ ਦਾ ਸੋਗੁ = ਗ਼ਮ ਮਿਟਾਵਹੁ = ਮੇਟਣਾ, ਨਵਿਰਤ ਕਰਦੇ ਹੋ **ਵਾ:** ਵਿਛੋੜੇ ਦਾ ਗ਼ਮ ਮੇਟਣਾ ਕਰਦੇ ਹੋ।

## ਨਿਥਾਵੇ ਕਉ; ਤੁਮ੍ ਥਾਨਿ ਬੈਠਾਵਹੁ ॥
## ਦਾਸ ਅਪਨੇ ਕਉ; ਭਗਤੀ ਲਾਵਹੁ ॥੨॥

ਹੇ ਪ੍ਰਭੂ ! ਨਿਥਾਵੇ = ਥਾਂ ਤੋਂ ਹੀਣੇ ਕਉ = ਨੂੰ ਤੁਮ੍ = ਤੁਸੀਂ ਥਾਨਿ = ਥਾਂ ਦੇ ਕੇ ਬੈਠਾਵਹੁ = ਬਿਠਾਉਣਾ ਕਰਦੇ ਹੋ **ਵਾ:** ਸਰੂਪ ਰੂਪੀ ਥਾਂ ਤੋਂ ਹੀਣੇ ਜੀਵ ਨੂੰ ਆਪਣੇ ਸਰੂਪ ਰੂਪੀ ਥਾਂ ਵਿਚ ਇਸਥਿਤ ਕਰਦੇ ਹੋ।

ਹੇ ਪ੍ਰਭੂ ! ਤੁਸੀਂ ਅਪਨੇ = ਆਪ ਦੇ ਦਾਸ = ਸੇਵਕ ਕਉ = ਨੂੰ ਆਪਣੀ ਭਗਤੀ = ਬੰਦਗੀ ਵਿਚ ਲਾਵਹੁ = ਲਾਉਣਾ ਕਰਦੇ ਹੋ ॥੨॥

## ਨਿਮਾਣੇ ਕਉ; ਪ੍ਰਭ ਦੇਤੋ ਮਾਨੁ ॥ ਮੂੜ ਮੁਗਧੁ; ਹੋਇ ਚਤੁਰ ਸੁਗਿਆਨੁ ॥

ਹੇ ਪ੍ਰਭੂ ! ਤੁਸੀਂ ਨਿਮਾਣੇ = ਮਾਣ ਤੋਂ ਹੀਣੇ ਮਨੁੱਖ ਕਉ = ਨੂੰ ਮਾਨੁ = ਆਦਰ ਦੇਤੋ = ਦੇਣਾ ਕਰਦੇ ਹੋ।

ਤੇਰੀ ਕ੍ਰਿਪਾ ਨਾਲ ਵਿਹਾਰਾਂ ਵੱਲੋਂ ਮੂੜ = ਮੂਰਖ, ਸ਼ਾਸਤ੍ਰ ਗਿਆਨ ਵੱਲੋਂ ਮੁਗਧੁ = ਬੇ-ਸਮਝ ਮਨੁੱਖ ਵੀ ਚਤੁਰ = ਸਿਆਣਾ ਤੇ ਸੁਗਿਆਨੁ = ਸ੍ਰੇਸ਼ਟ ਗਿਆਨਵਾਨ ਹੋਇ = ਹੋ ਜਾਂਦਾ ਹੈ **ਵਾ:** ਸ੍ਰੇਸ਼ਟ ਗਿਆਨਵਾਨ ਹੋ ਕੇ ਚਤੁਰ = ਚੌਥੀ ਤੁਰੀਆ ਅਵਸਥਾ ਦੀ ਪ੍ਰਾਪਤੀ ਵਾਲਾ ਹੋ ਜਾਂਦਾ ਹੈ।

## ਸਗਲ ਭਇਆਨ ਕਾ; ਭਉ ਨਸੈ ॥ ਜਨ ਅਪਨੇ ਕੈ; ਹਰਿ ਮਨਿ ਬਸੈ ॥੩॥

ਹੇ ਪ੍ਰਭੂ ! ਉਸ ਪੁਰਖ ਦੇ ਅੰਦਰੋਂ ਸਗਲ = ਸਾਰੇ ਭਇਆਨ = ਭੈਦਾਇਕ ਜਮ ਆਦਿਕਾਂ ਕਾ = ਦਾ ਭਉ = ਡਰ ਨਸੈ = ਨੱਸ, ਦੌੜ ਜਾਂਦਾ ਹੈ **ਵਾ:** ਨਾਸ਼ ਹੋ ਜਾਂਦਾ ਹੈ।

ਹੇ ਹਰਿ = ਹਰੀ ! ਜਿਸ ਆਪਣੇ ਜਨ = ਸੇਵਕ ਕੈ = ਦੇ ਮਨਿ = ਹਿਰਦੇ ਵਿਚ ਤੁਸੀਂ ਵਸੈ = ਵੱਸ, ਸਾਖਿਆਤਕਾਰ ਹੋ ਜਾਂਦੇ ਹੋ ॥੩॥

## ਪਾਰਬ੍ਰਹਮ ਪ੍ਰਭ; ਸੂਖ ਨਿਧਾਨ ॥ ਤਤੁ ਗਿਆਨੁ; ਹਰਿ ਅੰਮ੍ਰਿਤ ਨਾਮ ॥

ਹੇ (ਪਾਰ + ਬ੍ਰਹਮ) ਪਾਪਾਂ-ਪੁੰਨਾਂ ਤੋਂ ਪਾਰ = ਪਰ੍ਹੇ ਤੇ ਬ੍ਰਹਮ = ਵਿਆਪਕ ਸਰੂਪ ਪ੍ਰਭ = ਪ੍ਰਭੂ ! ਤੂੰ ਸੁਖ = ਸੁੱਖਾਂ ਦਾ ਨਿਧਾਨ = ਖ਼ਜ਼ਾਨਾ, ਸਮੁੰਦਰ ਰੂਪ ਹੈਂ।

ਹੇ ਹਰਿ = ਪ੍ਰਭੂ ! ਤੇਰੇ ਅੰਮ੍ਰਿਤ ਨਾਮ ਦੁਆਰਾ ਤੇਰੇ ਤਤ = ਸਿਧਾਂਤ ਸਰੂਪ ਦਾ ਗਿਆਨ ਪ੍ਰਾਪਤ ਹੁੰਦਾ ਹੈ।

## ਕਰਿ ਕਿਰਪਾ; ਸੰਤ ਟਹਲੈ ਲਾਏ ॥ ਨਾਨਕ; ਸਾਧੂ ਸੰਗਿ ਸਮਾਏ ॥੪॥੨੩॥੩੬॥

ਹੇ ਪ੍ਰਭੂ ! ਤੂੰ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਜੋ ਮਨੁੱਖ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਟਹਲੈ = ਸੇਵਾ ਵਿਚ ਲਾਏ = ਲਾਉਣਾ ਕੀਤੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਸਾਧੂ = ਮਹਾਤਮਾ ਜਨਾਂ ਦੇ ਸੰਗਿ = ਨਾਲ, ਭਾਵ ਉਨ੍ਹਾਂ ਦੀ ਸੰਗਤ ਕਰਕੇ ਤੇਰੇ ਸਰੂਪ ਵਿਚ ਸਮਾਏ = ਅਭੇਦ ਹੋ ਗਏ ਹਨ ॥੪॥੨੩॥੩੬॥

## ਭੈਰਉ ਮਹਲਾ ੫ ॥

## ਸੰਤ ਮੰਡਲ ਮਹਿ; ਹਰਿ ਮਨਿ ਵਸੈ ॥ ਸੰਤ ਮੰਡਲ ਮਹਿ; ਦੁਰਤੁ ਸਭੁ ਨਸੈ ॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ, ਸੰਗਤ ਮਹਿ = ਵਿਚ ਰਹਿਣ ਕਰਕੇ ਹਰਿ = ਪ੍ਰਭੂ ਮਨਿ = ਹਿਰਦੇ ਅੰਦਰ ਵਸੈ = ਵੱਸ ਜਾਂਦਾ ਹੈ।

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ ਮਹਿ = ਵਿਚ ਨਿਵਾਸ ਕਰਨ ਨਾਲ ਸਭੁ = ਸਾਰੇ ਦੁਰਤੁ = ਪਾਪ ਨਸੈ = ਨਾਸ਼ ਹੋ ਜਾਂਦੇ ਹਨ।

## ਸੰਤ ਮੰਡਲ ਮਹਿ; ਨਿਰਮਲ ਰੀਤਿ ॥ ਸੰਤਸੰਗਿ; ਹੋਇ ਏਕ ਪਰੀਤਿ ॥੧॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ ਮਹਿ = ਵਿਚ ਨਿਵਾਸ ਕਰਨ ਨਾਲ ਨਿਰਮਲ = ਉੱਜਲ ਗੀਤਿ = ਗੀਤੀ, ਮਰਯਾਦਾ ਪ੍ਰਾਪਤ ਹੁੰਦੀ ਹੈ।

ਸੰਤਸੰਗਿ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਸੰਗਤ ਕਰਕੇ ਏਕ = ਅਦੁੱਤੀ ਪ੍ਰਭੂ ਵਿਚ ਪਰੀਤਿ = ਪ੍ਰੀਤੀ ਹੋਇ = ਹੋ ਜਾਂਦੀ ਹੈ ॥੧॥

## ਸੰਤ ਮੰਡਲੁ; ਤਹਾ ਕਾ ਨਾਉ ॥ ਪਾਰਬ੍ਰਹਮ; ਕੇਵਲ ਗੁਣ ਗਾਉ ॥੧॥ਰਹਾਉ॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦਾ ਮੰਡਲੁ = ਅਸਥਾਨ, ਸਮੂਹ ਤਹਾ = ਉਸ ਥਾਂ ਕਾ = ਦਾ ਨਾਉ = ਨਾਮ ਹੈ।

ਜਿਥੇ ਕੇਵਲ = ਸਿਰਫ਼ ਪਾਰਬ੍ਰਹਮ = ਪਰਮਾਤਮਾ ਦੇ ਗੁਣ ਗਾਉ = ਗਾਇਨ ਹੁੰਦੇ ਹੋਣ ॥੧॥ਰਹਾਉ॥

## ਸੰਤ ਮੰਡਲ ਮਹਿ; ਜਨਮ ਮਰਣੁ ਰਹੈ ॥ ਸੰਤ ਮੰਡਲ ਮਹਿ; ਜਮੁ ਕਿਛੂ ਨ ਕਹੈ ॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ, ਸੰਗਤ ਮਹਿ = ਵਿਚ ਨਿਵਾਸ ਕਰਨ ਨਾਲ ਜੰਮਣ ਮਰਣ ਰਹੈ = ਰਹਿ, ਨਵਿਰਤ ਹੋ ਜਾਂਦਾ ਹੈ।

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ ਮਹਿ = ਵਿਚ ਨਿਵਾਸ ਕਰਨ ਨਾਲ ਜਮ = ਜਮਦੂਤ ਕਿਛੂ = ਕੁਝ ਵੀ ਨਹੀਂ ਕਹੈ = ਕਹਿੰਦਾ।

## ਸੰਤ ਸੰਗਿ; ਹੋਇ ਨਿਰਮਲ ਬਾਣੀ ॥ ਸੰਤ ਮੰਡਲ ਮਹਿ; ਨਾਮੁ ਵਖਾਣੀ ॥੨॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਸੰਗਿ = ਸੰਗਤ ਕਰਕੇ ਬਾਣੀ ਵੀ ਨਿਰਮਲ = ਉੱਜਲ ਹੋਇ = ਹੋ ਜਾਂਦੀ ਹੈ।

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ (ਸੰਗਤ) ਮਹਿ = ਵਿਚ ਪਰਮਾਤਮਾ ਦਾ ਨਾਮ ਵਖਾਣੀ = ਕਥਨ ਕਰੀਦਾ ਹੈ ॥੨॥

## ਸੰਤ ਮੰਡਲ ਕਾ; ਨਿਹਚਲ ਆਸਨੁ ॥ ਸੰਤ ਮੰਡਲ ਮਹਿ; ਪਾਪ ਬਿਨਾਸਨੁ ॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ (ਸੰਗਤ) ਕਾ = ਦਾ ਨਿਹਚਲੁ = ਅਚੱਲ ਆਸਨ ਹੈ, ਭਾਵ ਸੰਤ ਜਨਾਂ ਦੀ ਅਧਿਸ਼ਠਾਨ ਸਰੂਪ ਵਿਚ ਇਸਥਿਤੀ ਹੈ।

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ (ਸੰਗਤ) ਮਹਿ = ਵਿਚ ਨਿਵਾਸ ਕਰਨ ਨਾਲ ਸਾਰੇ ਪਾਪ ਬਿਨਾਸਨੁ = ਨਾਸ਼ ਹੋ ਜਾਂਦੇ ਹਨ।

## ਸੰਤ ਮੰਡਲ ਮਹਿ; ਨਿਰਮਲ ਕਥਾ ॥ ਸੰਤ ਸੰਗਿ; ਹਉਮੈ ਦੁਖ ਨਸਾ ॥੩॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ (ਸੰਗਤ) ਮਹਿ = ਵਿਚ ਸਰੂਪ ਲੱਖਣਾ ਵਾਲੀ ਨਿਰਮਲ = ਉੱਜਲ ਕਥਾ ਹੁੰਦੀ ਹੈ।

ਸੰਤ = ਸੰਤ ਜਨਾਂ ਦੀ ਸੰਗਿ = ਸੰਗਤ ਕਰਕੇ ਹਉਮੈ = ਹੰਗਤਾ ਮਮਤਾ ਦਾ ਦੁਖ ਨਸਾ = ਨਾਸ਼ ਹੋ ਜਾਂਦਾ ਹੈ ॥੩॥

## ਸੰਤ ਮੰਡਲ ਕਾ; ਨਹੀ ਬਿਨਾਸੁ ॥ ਸੰਤ ਮੰਡਲ ਮਹਿ; ਹਰਿ ਗੁਣਤਾਸੁ ॥

ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ (ਸੰਗਤ) ਕਾ = ਦਾ ਕਦੇ ਵੀ ਬਿਨਾਸੁ = ਨਾਸ਼ ਨਹੀਂ ਹੁੰਦਾ।

ਸੰਤ = ਸ਼ਾਂਤ-ਚਿਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ (ਸੰਗਤ) ਮਹਿ = ਵਿਚ ਗੁਣਤਾਸ = ਗੁਣਾਂ ਦਾ ਖ਼ਜ਼ਾਨਾ ਹਰਿ = ਪਰਮਾਤਮਾ ਆਪ ਵੱਸਦਾ ਹੈ **ਵਾ:** ਸੰਤਾਂ ਦੀ ਸੰਗਤ ਦੁਆਰਾ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਪ੍ਰਾਪਤ ਹੁੰਦਾ ਹੈ।

## ਸੰਤ ਮੰਡਲ; ਠਾਕੁਰ ਬਿਸ੍ਰਾਮੁ ॥ ਨਾਨਕ; ਓਤਿ ਪੋਤਿ ਭਗਵਾਨੁ ॥੪॥੨੪॥੩੭॥

ਸੰਤ = ਸ਼ਾਂਤ ਚਿਤ ਮਹਾਤਮਾ ਜਨਾਂ ਦੇ ਮੰਡਲ = ਦੀਵਾਨ (ਸੰਗਤ) ਵਿਚ ਠਾਕੁਰ = ਪਰਮਾਤਮਾ ਦੀ ਬਿਸ੍ਰਾਮੁ = ਇਸਥਿਤੀ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੰਤ ਜਨ ਓਤਿ ਪੋਤਿ = ਤਾਣੇ ਪੇਟੇ ਵਾਂਗ ਭਗਵਾਨੁ = ਪਰਮਾਤਮਾ ਦੇ ਨਾਲ ਮਿਲੇ ਹੋਏ ਹਨ ਅਤੇ ਭਗਵਾਨ ਸੰਤ ਜਨਾਂ ਵਿਚ ਤਾਣੇ ਪੇਟੇ ਵਾਂਗ ਮਿਲਿਆ ਹੋਇਆ ਹੈ ॥੪॥੨੪॥੩੭॥

## ਭੈਰਉ ਮਹਲਾ ੫ ॥

## ਰੋਗੁ ਕਵਨੁ; ਜਾਂ ਰਾਖੈ ਆਪਿ ॥ ਤਿਸੁ ਜਨ; ਹੋਇ ਨ ਦੂਖੁ ਸੰਤਾਪੁ ॥

ਹੇ ਭਾਈ! ਜਾਂ = ਜਦੋਂ ਪਰਮਾਤਮਾ ਆਪ ਹੀ ਕਿਸੇ ਦੀ ਰਾਖੈ = ਰੱਖਿਆ ਕਰਦਾ ਹੈ ਤਾਂ ਫੇਰ ਉਸ ਨੂੰ ਪ੍ਰਤੱਖ, ਹੰਕਾਰ, ਅਗਿਆਨ ਆਦਿ ਰੋਗ ਕੀ ਕਰ ਸਕਦੇ ਹਨ, ਭਾਵ ਸਾਰੇ ਰੋਗ ਹੀ ਮਿਟ ਜਾਂਦੇ ਹਨ।

ਤਿਸੁ = ਉਸ ਜਨ = ਪੁਰਖ ਨੂੰ ਕੋਈ ਵੀ ਜੰਮਣ-ਮਰਣ ਰੂਪੀ ਦੂਖੁ = ਕਸ਼ਟ ਅਤੇ ਆਧੀ-ਬਿਆਧੀ ਤੇ ਉਪਾਧੀ ਰੂਪ ਸੰਤਾਪੁ = ਭਲੀ ਪ੍ਰਕਾਰ ਤਾਪ ਨਹੀਂ ਹੋਇ = ਹੁੰਦਾ **ਵਾ:** ਕੋਈ ਵੀ ਦੁਖ ਸੰਤਾਪੁ = ਸਤਾਉਂਦਾ ਨਹੀਂ ਹੈ।

## ਜਿਸੁ ਊਪਰਿ; ਪ੍ਰਭੁ ਕਿਰਪਾ ਕਰੈ ॥ ਤਿਸੁ ਊਪਰ ਤੇ; ਕਾਲੁ ਪਰਹਰੈ ॥੧॥

ਜਿਸ ਪੁਰਖ ਊਪਰਿ = ਉੱਤੇ ਪ੍ਰਭੁ = ਪਰਮਾਤਮਾ ਆਪਣੀ ਕਿਰਪਾ = ਮਿਹਰ ਕਰੈ = ਕਰਦਾ ਹੈ।

ਤਿਸੁ = ਉਸ ਪੁਰਖ ਦੇ ਉਪਰ ਤੇ = ਤੋਂ ਭਾਵ ਸਿਰ ਉੱਤੋਂ ਕਾਲੁ = ਯਮਕਾਲ ਨੂੰ ਪਰਹਰੈ = ਦੂਰ ਕਰ ਦੇਂਦਾ ਹੈ ॥੧॥

## ਸਦਾ ਸਖਾਈ; ਹਰਿ ਹਰਿ ਨਾਮੁ ॥

ਹੇ ਭਾਈ! ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਲੋਕ-ਪ੍ਰਲੋਕ ਵਿਚ ਸਦਾ = ਹਮੇਸ਼ਾਂ ਹੀ ਸਖਾਈ = ਸਹਾਇਤਾ ਕਰਨ ਵਾਲਾ ਹੈ **ਵਾ:** ਸਖਾਈ = ਮਿੱਤ੍ਰਤਾ ਕਰਨ ਵਾਲਾ ਹੈ।

## ਜਿਸੁ ਚੀਤਿ ਆਵੈ, ਤਿਸੁ ਸਦਾ ਸੁਖੁ ਹੋਵੈ; ਨਿਕਟਿ ਨ ਆਵੈ ਤਾ ਕੈ ਜਾਮੁ ॥੧॥ਰਹਾਉ॥

ਜਿਸ ਪੁਰਖ ਨੂੰ ਉਹ ਨਾਮ ਚੀਤਿ = ਚੇਤੇ ਆਵੈ = ਆਉਂਦਾ ਹੈ, ਤਿਸੁ = ਉਸ ਨੂੰ ਸਦਾ = ਹਮੇਸ਼ਾਂ ਰਹਿਣ ਵਾਲਾ ਆਤਮਿਕ ਸੁਖ ਪ੍ਰਾਪਤ ਹੋਵੈ = ਹੁੰਦਾ ਹੈ ਅਤੇ

ਤਾ = ਉਸ ਕੈ = ਦੇ ਨਿਕਟਿ = ਨੇੜੇ ਜਾਮੁ = ਜਮ ਵੀ ਨਹੀਂ ਆਵੈ = ਆਉਂਦਾ ॥੧॥ਰਹਾਉ॥

## ਜਬ ਇਹੁ ਨ ਸੋ; ਤਬ ਕਿਨਹਿ ਉਪਾਇਆ ॥ ਕਵਨ ਮੂਲ ਤੇ; ਕਿਆ ਪ੍ਰਗਟਾਇਆ ॥

(**ਨਸੋ** ਪਾਠ ਨਹੀਂ ਕਰਨਾ)

ਹੇ ਭਾਈ ! ਜਬ = ਜਦੋਂ ਇਹੁ = ਇਹ ਜੀਵ ਕੁਝ ਭੀ ਨ = ਨਹੀਂ ਸੋ = ਸੀ, ਤਬ = ਤਦੋਂ ਮਾਤਾ ਦੇ ਗਰਭ ਵਿਚ ਆਪਣੀ ਚੇਤਨਾ ਪਾ ਕੇ ਕਿਨਹਿ = ਕਿਸ ਨੇ ਉਪਾਇਆ = ਪੈਦਾ ਕੀਤਾ ਭਾਵ ਪਰਮਾਤਮਾ ਨੇ ਹੀ ਪੈਦਾ ਕੀਤਾ ਹੈ।

ਫੇਰ ਕਵਨ = ਕਿਹੜੇ ਮੂਲ = ਮੁੱਢ ਤੇ = ਤੋਂ ਕਿਆ = ਕੀ ਪ੍ਰਗਟਾਇਆ = ਪੈਦਾ ਕਰ ਦਿੱਤਾ ਹੈ ਭਾਵ ਮਾਤਾ ਦੀ ਰਕਤ ਅਤੇ ਪਿਤਾ ਦੀ ਬਿੰਦ ਰੂਪੀ ਮੂਲ ਤੋਂ ਕੈਸਾ ਸੋਹਣਾ ਸਰੀਰ ਪੈਦਾ ਕੀਤਾ ਹੈ।

## ਆਪਹਿ ਮਾਰਿ; ਆਪਿ ਜੀਵਾਲੈ ॥ ਅਪਨੇ ਭਗਤ ਕਉ; ਸਦਾ ਪ੍ਰਤਿਪਾਲੈ ॥੨॥

ਉਹ ਸਮਰੱਥ ਪ੍ਰਭੂ ਆਪਹਿ = ਆਪ ਹੀ ਪ੍ਰਾਲਬਧ ਪੂਰੀ ਹੋਈ ਤੋਂ ਮਾਰਿ = ਮਾਰਨਾ ਕਰਦਾ ਹੈ ਅਤੇ ਆਪ ਹੀ ਆਪਣੀ ਸੱਤਾ ਪਾ ਕੇ ਜੀਵਾਲੈ = ਜਿਵਾਲਣ ਵਾਲਾ ਹੈ **ਵਾ:** ਆਪ ਹੀ ਗੁਰੂ ਸਰੂਪ ਵਿਚ ਜੀਵਤ-ਭਾਵ ਵੱਲੋਂ ਮਾਰ ਕੇ ਆਪਣੇ ਸਰੂਪ ਵੱਲ ਜਿਵਾਲਣਾ ਕਰਦਾ ਹੈ।

ਅਪਨੇ = ਆਪ ਦੇ ਭਗਤ = ਸੇਵਕਾਂ ਕਉ = ਨੂੰ ਸਦਾ = ਹਮੇਸ਼ਾਂ ਹੀ ਪ੍ਰਤਿਪਾਲੈ = ਪਾਲਣਾ ਕਰਦਾ ਹੈ ॥੨॥

## ਸਭ ਕਿਛੁ ਜਾਣਹੁ; ਤਿਸ ਕੈ ਹਾਥ ॥ ਪ੍ਰਭੁ ਮੇਰੋ; ਅਨਾਥ ਕੋ ਨਾਥ ॥

ਹੇ ਭਾਈ ! ਇਸ ਲਈ ਇਹ ਜਾਣਹੁ = ਜਾਨਣਾ ਕਰੋ ਕਿ ਸਭ = ਸਾਰਾ ਕਿਛੁ = ਕੁਝ, ਤਿਸੁ = ਉਸ ਪ੍ਰਭੂ ਕੈ = ਦੇ ਹਾਥ = ਹੱਥਾਂ ਵਿਚ ਹੀ ਹੈ, ਭਾਵ ਉਸ ਦੇ ਅਧੀਨ ਹੈ।

ਮੇਰੋ = ਮੇਰਾ ਪ੍ਰਭੁ = ਪਰਮਾਤਮਾ ਅਨਾਥ = ਯਤੀਮਾਂ ਕੋ = ਦਾ ਨਾਥ = ਮਾਲਕ ਹੈ, ਭਾਵ ਜਿਨ੍ਹਾਂ ਨੂੰ ਸੰਸਾਰ ਵਿਚ ਕੋਈ ਕੁਝ ਪੁੱਛਦਾ ਵੀ ਨਹੀਂ ਹੈ, ਉਹ ਪ੍ਰਭੂ ਉਨ੍ਹਾਂ ਦਾ ਵੀ ਰੱਖਿਅਕ ਹੈ।

## ਦੁਖ ਭੰਜਨੁ; ਤਾ ਕਾ ਹੈ ਨਾਉ ॥ ਸੁਖ ਪਾਵਹਿ; ਤਿਸ ਕੇ ਗੁਣ ਗਾਉ ॥੩॥

ਹੇ ਭਾਈ ! ਤਾ = ਉਸ ਪਰਮਾਤਮਾ ਕਾ = ਦਾ ਨਾਉ = ਨਾਮ ਜੰਮਣ-ਮਰਣ ਆਦਿ ਸਾਰੇ ਦੁੱਖਾਂ ਨੂੰ ਭੰਜਨ = ਨਾਸ਼ ਕਰਨ ਵਾਲਾ ਹੈ।

ਜੋ ਵੀ ਮਨੁੱਖ ਤਿਸ = ਉਸ ਪ੍ਰਭੂ ਕੇ = ਦੇ ਗੁਣ ਗਾਉ = ਗਾਉਣਾ ਕਰਦਾ ਹੈ, ਉਹ ਆਤਮਿਕ ਸੁੱਖ ਪਾਵਹਿ = ਪਾਉਣਾ ਕਰਦਾ ਹੈ ॥੩॥

## ਸੁਣਿ ਸੁਆਮੀ; ਸੰਤਨ ਅਰਦਾਸਿ ॥ ਜੀਉ ਪ੍ਰਾਨ ਧਨੁ; ਤੁਮ੍ਰੈ ਪਾਸਿ ॥

ਹੇ ਸੁਆਮੀ = ਮਾਲਕ ਪ੍ਰਭੂ ! ਤੂੰ ਆਪਣੇ ਸੰਤਨ = ਸੰਤ ਜਨਾਂ ਦੀ ਅਰਦਾਸਿ = ਬੇਨਤੀ ਸੁਣਿ = ਸੁਣਦਾ ਹੈਂ।

ਉਨ੍ਹਾਂ ਸੰਤ ਜਨਾਂ ਦਾ ਜੀਉ = ਜੀਵਨ, ਪ੍ਰਾਨ = ਸੁਆਸ ਧਨੁ = ਦੌਲਤ ਆਦਿ ਸਭ ਕੁਝ ਤੁਮ੍ਰੈ = ਤੇਰੇ ਹੀ ਪਾਸਿ = ਕੋਲ ਹੈ, ਭਾਵ ਉਨ੍ਹਾਂ ਨੇ ਸਭ ਕੁਝ ਤੈਨੂੰ ਹੀ ਅਰਪਨ ਕੀਤਾ ਹੋਇਆ ਹੈ।

[ਅੰਗ ੧੧੪੭]

## ਇਹੁ ਜਗੁ ਤੇਰਾ; ਸਭ ਤੁਝਹਿ ਧਿਆਏ ॥
## ਕਰਿ ਕਿਰਪਾ; ਨਾਨਕ ਸੁਖੁ ਪਾਏ ॥੪॥੨੫॥੩੮॥

ਹੇ ਪ੍ਰਭੂ ! ਇਹੁ = ਇਹ ਸਾਰਾ ਜਗੁ = ਸੰਸਾਰ ਤੇਰਾ ਹੀ ਪੈਦਾ ਕੀਤਾ ਹੋਇਆ ਹੈ ਅਤੇ ਸਭ = ਸਾਰੇ ਜੀਵ ਤੁਝਹਿ = ਤੈਨੂੰ ਹੀ ਧਿਆਏ = ਸਿਮਰਦੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਤੂੰ ਜਿਸ ਉੱਪਰ ਵੀ ਆਪਣੀ ਕਿਰਪਾ = ਮਿਹਰ ਕਰਿ = ਕਰਦਾ ਹੈਂ, ਉਹੋ ਹੀ ਤੇਰੇ ਸੁਖ ਸਰੂਪ ਨੂੰ ਪਾਏ = ਪਾਉਂਦਾ ਹੈ **ਵਾ:** ਹੇ ਪ੍ਰਭੂ ! ਤੂੰ ਆਪਣੀ ਕ੍ਰਿਪਾ ਕਰ ਜਿਸ ਕਰਕੇ ਅਸੀਂ ਵੀ ਆਤਮਿਕ ਸੁਖ ਪਾਉਣਾ ਕਰੀਏ ॥੪॥੨੫॥੩੮॥

## ਭੈਰਉ ਮਹਲਾ ੫ ॥
## ਤੇਰੀ ਟੇਕ; ਰਹਾ ਕਲਿ ਮਾਹਿ ॥ ਤੇਰੀ ਟੇਕ; ਤੇਰੇ ਗੁਣ ਗਾਹਿ ॥

ਹੇ ਪ੍ਰਭੂ ! ਤੇਰੀ ਟੇਕ = ਓਟ ਕਰਕੇ ਹੀ ਮੈਂ ਇਸ ਕਲਿ = ਕਲਿਜੁਗ ਮਹਿ = ਵਿਚ ਰਹਾ = ਰਹਿਣਾ ਕਰਦਾ ਹਾਂ।

ਤੇਰੀ ਟੇਕ = ਓਟ ਨੂੰ ਗ੍ਰਹਿਣ ਕਰਕੇ ਤੇਰੇ ਗੁਣਾਂ ਨੂੰ ਗਾਹਿ = ਗਾਉਣਾ ਕਰਦਾ ਹਾਂ **ਵਾ:** ਤੇਰੇ ਜੱਸ ਨੂੰ ਗਾ ਕੇ ਗੁਣ = ਵਿਸ਼ਿਆਂ ਨੂੰ ਗਾਹਿ = ਦਬਾਅ ਲਿਆ ਹੈ।

## ਤੇਰੀ ਟੇਕ; ਨ ਪੋਹੈ ਕਾਲੁ ॥ ਤੇਰੀ ਟੇਕ; ਬਿਨਸੈ ਜੰਜਾਲੁ ॥੧॥

ਹੇ ਪ੍ਰਭੂ ! ਤੇਰੀ ਟੇਕ = ਓਟ ਲੈਣ ਕਰਕੇ ਕਾਲੁ = ਜਮ ਵੀ ਨਹੀਂ ਪੋਹੈ = ਪੋਂਹਦਾ।

ਤੇਰੀ ਟੇਕ = ਓਟ ਲੈਣ ਕਰਕੇ ਸਾਰੇ ਜੰਜਾਲੁ = ਬੰਧਨ ਬਿਨਸੈ = ਨਾਸ਼ ਹੋ ਜਾਂਦੇ ਹਨ ॥੧॥

## ਦੀਨ ਦੁਨੀਆ; ਤੇਰੀ ਟੇਕ ॥
## ਸਭ ਮਹਿ ਰਵਿਆ; ਸਾਹਿਬੁ ਏਕ ॥੧॥ਰਹਾਉ॥

ਹੇ ਪ੍ਰਭੂ ! ਦੀਨ = ਪ੍ਰਲੋਕ ਅਤੇ ਦੁਨੀਆ = ਸੰਸਾਰ ਵਿਚ ਮੈਨੂੰ ਤੇਰੀ ਹੀ ਟੇਕ = ਓਟ ਹੈ।

ਹੇ ਸਾਹਿਬ = ਮਾਲਕ ਪ੍ਰਭੂ ! ਏਕ = ਇਕ ਤੂੰ ਹੀ ਸਭ = ਸਾਰਿਆਂ ਦੇ ਮਹਿ = ਵਿਚ ਰਵਿਆ = ਵਿਆਪਕ ਹੋ ਰਿਹਾ ਹੈਂ ॥੧॥ਰਹਾਉ॥

## ਤੇਰੀ ਟੇਕ; ਕਰਉ ਆਨੰਦ ॥ ਤੇਰੀ ਟੇਕ; ਜਪਉ ਗੁਰ ਮੰਤ ॥

ਹੇ ਪ੍ਰਭੂ ! ਤੇਰੀ ਟੇਕ = ਓਟ ਕਰਕੇ ਮੈਂ ਸਾਰੇ ਆਨੰਦ ਮਾਨਣਾ ਕਰਉ = ਕਰਦਾ ਹਾਂ।

ਤੇਰੀ ਟੇਕ = ਓਟ ਲੈ ਕਰਕੇ ਮੈਂ ਗੁਰ = ਗੁਰਾਂ ਦਾ ਮੰਤ = ਉਪਦੇਸ਼ ਜਪਉ = ਜਪਦਾ ਹਾਂ।

## ਤੇਰੀ ਟੇਕ; ਤਰੀਐ ਭਉ ਸਾਗਰੁ ॥ ਰਾਖਣਹਾਰੁ; ਪੂਰਾ ਸੁਖ ਸਾਗਰੁ ॥੨॥

ਹੇ ਪ੍ਰਭੂ ! ਤੇਰੀ ਟੇਕ = ਓਟ ਲੈਣ ਕਰਕੇ ਭਉ = ਭੈਦਾਇਕ ਸੰਸਾਰ ਸਾਗਰੁ = ਸਮੁੰਦਰ ਤਰੀਐ = ਤਰ ਜਾਈਦਾ ਹੈ।

ਹੇ ਪ੍ਰਭੂ ! ਤੂੰ ਹੀ ਲੋਕ-ਪ੍ਰਲੋਕ ਵਿਚ ਰਾਖਣਹਾਰੁ = ਰੱਖਿਆ ਕਰਨ ਵਾਲਾ ਹੈਂ, ਸਭ ਥਾਈਂ ਪੂਰਾ = ਪੂਰਨ ਅਤੇ ਸੁੱਖਾਂ ਦਾ ਸਾਗਰੁ = ਸਮੁੰਦਰ ਹੈਂ ॥੨॥

## ਤੇਰੀ ਟੇਕ; ਨਾਹੀ ਭਉ ਕੋਇ ॥ ਅੰਤਰਜਾਮੀ; ਸਾਚਾ ਸੋਇ ॥

ਹੇ ਪ੍ਰਭੂ ! ਤੇਰੀ ਟੇਕ = ਓਟ ਲੈਣ ਕਰਕੇ ਕੋਇ = ਕੋਈ ਵੀ ਭਉ = ਡਰ ਨਹੀਂ ਲੱਗਦਾ।

ਹੇ ਪ੍ਰਭੂ ! ਤੂੰ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ, ਸਾਚਾ = ਸੱਚ ਸਰੂਪ ਅਤੇ ਸੋਇ = ਸ਼ੋਭਾ ਦਾ ਮਾਲਕ ਹੈਂ **ਵਾ:** ਸੋਇ = ਤੱਤ ਪਦ ਦਾ ਲਖ ਅਰਥ ਰੂਪ ਹੈਂ।

## ਤੇਰੀ ਟੇਕ; ਤੇਰਾ ਮਨਿ ਤਾਣੁ ॥ ਈਹਾਂ ਊਹਾਂ; ਤੂ ਦੀਬਾਣੁ ॥੩॥

ਹੇ ਪ੍ਰਭੂ ! ਮੇਰੇ ਸਰੀਰ ਅੰਦਰ ਤੇਰੀ ਹੀ ਟੇਕ = ਓਟ ਹੈ ਅਤੇ ਮਨਿ = ਹਿਰਦੇ ਵਿਚ ਵੀ ਤੇਰਾ ਹੀ ਤਾਣੁ = ਬਲ ਹੈ।

ਹੇ ਪ੍ਰਭੂ ! ਈਹਾਂ = ਇਸ ਲੋਕ ਅਤੇ ਊਹਾਂ = ਪ੍ਰਲੋਕ ਵਿਚ ਤੂੰ ਹੀ ਮੇਰਾ ਦੀਬਾਣੁ = ਆਸਰਾ ਰੂਪ ਹੈਂ ॥੩॥

## ਤੇਰੀ ਟੇਕ; ਤੇਰਾ ਭਰਵਾਸਾ ॥ ਸਗਲ ਧਿਆਵਹਿ; ਪ੍ਰਭ ਗੁਣਤਾਸਾ ॥

ਹੇ ਪ੍ਰਭੂ ! ਮੈਨੂੰ ਇਸ ਲੋਕ ਵਿਚ ਤੇਰੀ ਹੀ ਟੇਕ = ਓਟ ਹੈ ਅਤੇ ਪ੍ਰਲੋਕ ਵਿਚ ਤੇਰਾ ਹੀ ਭਰਵਾਸਾ = ਭਰੋਸਾ ਹੈ।

ਹੇ ਗੁਣਤਾਸਾ = ਗੁਣਾਂ ਦੇ ਖ਼ਜ਼ਾਨੇ ਪ੍ਰਭ = ਪ੍ਰਭੂ ! ਤੈਨੂੰ ਸਗਲ = ਸਾਰੇ ਹੀ ਜੀਵ ਜੰਤ ਧਿਆਵਹਿ = ਧਿਆਉਂਦੇ ਹਨ।

## ਜਪਿ ਜਪਿ; ਅਨਦੁ ਕਰਹਿ ਤੇਰੇ ਦਾਸਾ ॥
## ਸਿਮਰਿ ਨਾਨਕ; ਸਾਚੇ ਗੁਣਤਾਸਾ ॥੪॥੨੬॥੩੯॥

ਹੇ ਪ੍ਰਭੂ ! ਤੇਰੇ ਦਾਸਾ = ਸੇਵਕ ਤੇਰੇ ਨਾਮ ਨੂੰ ਜਪਿ ਜਪਿ = ਸਿਮਰ-ਸਿਮਰ ਕੇ ਅਨੰਦ ਮਾਨਣਾ ਕਰਹਿ = ਕਰਦੇ ਹਨ **ਵਾ:** ਤੇਰੇ ਅਨੰਦ ਸਰੂਪ ਨੂੰ ਪ੍ਰਗਟ ਕਰ ਲੈਂਦੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਾਚੇ = ਸੱਚੇ ਗੁਣਤਾਸਾ = ਗੁਣਾਂ ਦੇ ਖ਼ਜ਼ਾਨੇ ਪ੍ਰਭੂ ! ਮੈਂ ਤੈਨੂੰ ਹੀ ਸਿਮਰਿ = ਸਿਮਰਨਾ ਕਰਦਾ ਹਾਂ ॥੪॥੨੬॥੩੯॥

## ਭੈਰਉ ਮਹਲਾ ੫ ॥

ਸਤਿਗੁਰੂ ਸਾਹਿਬ ਜੀ ਇਸ ਸ਼ਬਦ ਵਿਚ ਔਗੁਣ ਮੇਟਣ ਦਾ ਤਰੀਕਾ ਦੱਸਦੇ ਹਨ, ਪਹਿਲਾਂ ਅਸਲ ਵੈਸ਼ਨਵ ਦੇ ਲਖਣ ਕਰਦੇ ਹਨ।

## ਪ੍ਰਥਮੇ; ਛੋਡੀ ਪਰਾਈ ਨਿੰਦਾ ॥ ਉਤਰਿ ਗਈ; ਸਭ ਮਨ ਕੀ ਚਿੰਦਾ ॥

ਜਿਸ ਨੇ ਪ੍ਰਥਮੇ = ਪਹਿਲਾਂ ਪਰਾਈ = ਬਿਗਾਨੀ ਨਿੰਦਾ = ਅਪਕੀਰਤੀ ਕਰਨੀ ਛੋਡੀ = ਛੱਡ ਦਿੱਤੀ ਹੈ।

ਜਿਸ ਦੇ ਮਨ ਕੀ = ਦੀ ਸਭ = ਸਾਰੀ ਚਿੰਦਾ = ਚਿੰਤਾ ਵੀ ਉਤਰਿ = ਲਹਿ ਗਈ ਹੈ।

## ਲੋਭੁ ਮੋਹੁ; ਸਭੁ ਕੀਨੋ ਦੂਰਿ ॥ ਪਰਮ ਬੈਸਨੋ; ਪ੍ਰਭ ਪੇਖਿ ਹਜੂਰਿ ॥੧॥

ਜਿਸ ਨੇ ਪਦਾਰਥਾਂ ਦੇ ਜੋੜਨ ਦਾ ਲੋਭੁ = ਲਾਲਚ ਅਤੇ ਸਰੀਰਾਂ ਦੇ ਮੋਹੁ = ਸਨੇਹ ਆਦਿ ਸਭੁ = ਸਾਰੇ ਵਿਕਾਰਾਂ ਨੂੰ ਦੂਰ ਕੀਨੋ = ਕੀਤਾ ਹੈ।

ਫੇਰ ਜੋ ਪ੍ਰਭ = ਪਰਮਾਤਮਾ ਨੂੰ ਸਦਾ ਆਪਣੇ ਹਜੂਰਿ = ਨੇੜੇ ਪੇਖਿ = ਦੇਖਦਾ ਹੈ, ਉਹ ਪਰਮ = ਵੱਡਾ ਬੈਸਨੋ = ਵੈਸ਼ਨਵ ਹੈ ॥੧॥

## ਐਸੋ ਤਿਆਗੀ; ਵਿਰਲਾ ਕੋਇ ॥
## ਹਰਿ ਹਰਿ ਨਾਮੁ; ਜਪੈ ਜਨੁ ਸੋਇ ॥੧॥ਰਹਾਉ॥

ਐਸੋ = ਅਜਿਹਾ ਕੋਇ = ਕੋਈ ਵਿਰਲਾ = ਟਾਵਾਂ-ਟਾਵਾਂ ਹੀ ਤਿਆਗੀ = ਤਿਆਗ ਕਰਨ ਵਾਲਾ ਪੁਰਖ ਹੈ ਜਿਸ ਨੇ ਨਿੰਦਾ-ਚਿੰਦਾ ਮੋਹ ਆਦਿ ਔਗੁਣਾਂ ਨੂੰ ਤਿਆਗਣਾ ਕੀਤਾ ਹੈ।

ਸੋਇ = ਉਹ ਜਨੁ = ਪੁਰਖ ਹੀ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਜਪੈ = ਜਪਦਾ ਹੈ ॥੧॥ਰਹਾਉ॥

## ਅਹੰਬੁਧਿ ਕਾ; ਛੋਡਿਆ ਸੰਗੁ ॥ ਕਾਮ ਕ੍ਰੋਧ ਕਾ; ਉਤਰਿਆ ਰੰਗੁ ॥

ਜਿਸ ਨੇ ਅਹੰਬੁਧਿ = ਹੰਕਾਰ ਵਾਲੀ ਬੁੱਧੀ ਕਾ = ਦਾ ਸੰਗੁ = ਸਾਥ ਛੋਡਿਆ = ਛੱਡ ਦਿੱਤਾ ਹੈ।

ਉਸ ਦੇ ਅੰਦਰੋਂ ਕਾਮ, ਕ੍ਰੋਧ ਆਦਿ ਵਿਕਾਰਾਂ ਕਾ = ਦਾ ਰੰਗੁ = ਪ੍ਰੇਮ ਉਤਰਿਆ = ਉਤਰ, ਲਹਿ ਗਿਆ ਹੈ।

## ਨਾਮ ਧਿਆਏ; ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ; ਨਿਸਤਰੇ ॥੨॥

ਜੋ ਹਰਿ = ਹਰੇਕ ਨੂੰ ਆਪਣੀ ਸੱਤਾ ਨਾਲ ਹਰਿ = ਹਰੇ ਭਰੇ ਕਰਨ ਵਾਲੇ ਹਰੇ = ਪਰਮਾਤਮਾ ਦਾ ਨਾਮ ਮਨ, ਬਾਣੀ, ਸਰੀਰ ਕਰਕੇ ਧਿਆਏ = ਸਿਮਰਨਾ ਕਰਦਾ ਹੈ।

ਉਹ ਸਾਧ = ਸ੍ਰੇਸ਼ਟ ਮਹਾਤਮਾ ਜਨਾਂ ਕੈ = ਦੇ ਸੰਗਿ = ਨਾਲ ਮਿਲ ਕਰਕੇ ਸੰਸਾਰ-ਸਮੁੰਦ੍ਰ ਤੋਂ ਨਿਸਤਰੇ = ਤਰ ਜਾਂਦਾ ਹੈ ॥੨॥

## ਬੈਰੀ ਮੀਤ; ਹੋਏ ਸੰਮਾਨ ॥ ਸਰਬ ਮਹਿ; ਪੂਰਨ ਭਗਵਾਨ ॥

ਉਸ ਦੀ ਦ੍ਰਿਸ਼ਟੀ ਵਿਚ ਬੈਰੀ = ਵੈਰ ਕਰਨ ਵਾਲੇ ਅਤੇ ਮੀਤ = ਮਿੱਤ੍ਰਤਾ ਕਰਨ ਵਾਲੇ ਪੁਰਖ ਸੰਮਾਨ = ਇੱਕੋ ਜਿਹੇ ਹੀ ਹੋਏ = ਹੋ ਗਏ ਹਨ।

ਅਤੇ ਉਹ ਸਰਬ = ਸਾਰਿਆਂ ਜੀਵਾਂ ਮਹਿ = ਵਿਚ ਭਗਵਾਨ = ਪਰਮਾਤਮਾ ਨੂੰ ਪੂਰਨ = ਵਿਆਪਕ ਜਾਣਦਾ ਹੈ।

## ਪ੍ਰਭ ਕੀ ਆਗਿਆ ਮਾਨਿ; ਸੁਖੁ ਪਾਇਆ ॥
## ਗੁਰਿ ਪੂਰੈ; ਹਰਿ ਨਾਮੁ ਦ੍ਰਿੜਾਇਆ ॥੩॥

ਉਸ ਨੇ ਪ੍ਰਭ = ਪਰਮਾਤਮਾ ਕੀ = ਦੀ ਆਗਿਆ = ਰਜ਼ਾ ਨੂੰ ਮਾਨਿ = ਮੰਨ ਕਰਕੇ ਆਤਮਿਕ ਸੁਖੁ = ਅਨੰਦ ਪਾਇਆ = ਪਾਉਣਾ ਕੀਤਾ ਹੈ **ਵਾ:** ਸੁੱਖ ਸਰੂਪ ਨੂੰ ਪਾ ਲਿਆ ਹੈ।

ਕਿਉਂਕਿ ਪੂਰੈ = ਪੂਰਨ ਗੁਰਾਂ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਉਸ ਨੂੰ ਹਰਿ = ਪਰਮਾਤਮਾ ਦਾ ਨਾਮ ਹਿਰਦੇ ਵਿਚ ਦ੍ਰਿੜਾਇਆ = ਦ੍ਰਿੜ੍ਹ, ਪ੍ਰਪੱਕ ਕਰਵਾਇਆ ਹੈ ॥੩॥

## ਕਰਿ ਕਿਰਪਾ; ਜਿਸੁ ਰਾਖੈ ਆਪਿ ॥ ਸੋਈ ਭਗਤੁ; ਜਪੈ ਨਾਮ ਜਾਪ ॥

ਪ੍ਰਭੂ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰ ਕੇ ਜਿਸ ਦੀ ਆਪ ਰਾਖੈ = ਰੱਖਿਆ ਕਰਦਾ ਹੈ।

ਸੋਈ = ਉਹੋ ਹੀ ਪਰਮਾਤਮਾ ਦਾ ਭਗਤ ਹੈ ਅਤੇ ਉਹੀ ਪਰਮਾਤਮਾ ਦੇ ਨਾਮ ਦੇ ਜਾਪ ਨੂੰ ਜਪੈ = ਜਪਦਾ ਹੈ।

## ਮਨਿ ਪ੍ਰਗਾਸੁ; ਗੁਰ ਤੇ ਮਤਿ ਲਈ ॥
## ਕਹੁ ਨਾਨਕ; ਤਾ ਕੀ ਪੂਰੀ ਪਈ ॥੪॥੨੭॥੪੦॥

ਜਿਸ ਮਨੁੱਖ ਨੇ ਗੁਰਾਂ ਤੇ = ਤੋਂ ਮਤਿ = ਸਿੱਖਿਆ ਲਈ = ਲੈਣਾ ਕੀਤੀ ਹੈ, ਉਸ ਦੇ ਮਨਿ = ਹਿਰਦੇ ਵਿਚ ਗਿਆਨ ਦਾ ਪ੍ਰਗਾਸੁ = ਚਾਨਣਾ ਹੋਇਆ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਾ = ਉਸ ਕੀ = ਦੀ ਕਰਨੀ ਕਮਾਈ ਪੂਰੀ = ਪੂਰਨ ਪਈ = ਪੈ ਗਈ ਹੈ ॥੪॥੨੭॥੪੦॥

## ਭੈਰਉ ਮਹਲਾ ੫ ॥

ਗੁਰਸਿੱਖਾਂ ਨੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ! ਸੁੱਖ ਦੀ ਪ੍ਰਾਪਤੀ ਕਿਵੇਂ ਹੋਵੇ? ਤਦੋਂ ਉੱਤਰ ਵਿਚ ਸਤਿਗੁਰੂ ਸਾਹਿਬ ਜੀ ਇਹ ਸ਼ਬਦ ਉਚਾਰਣ ਕਰਦੇ ਹਨ:

## ਸੁਖੁ ਨਾਹੀ; ਬਹੁਤੈ ਧਨਿ ਖਾਟੇ ॥ ਸੁਖੁ ਨਾਹੀ; ਪੇਖੇ ਨਿਰਤਿ ਨਾਟੇ ॥

ਹੇ ਭਾਈ! ਬਹੁਤੈ = ਬੇਅੰਤ ਧਨਿ = ਦੌਲਤ ਦੇ ਖਾਟੇ = ਖੱਟਣ, ਕਮਾਉਣ ਕਰਕੇ ਆਤਮਿਕ ਸੁਖ ਪ੍ਰਾਪਤ ਨਹੀਂ ਹੁੰਦਾ।

ਵੇਸ਼ਵਾਵਾਂ ਦੇ ਨਿਰਤਿ = ਨਾਚ ਅਤੇ ਨਾਟੇ = ਨਾਟਕ, ਤਮਾਸ਼ੇ ਆਦਿ ਪੇਖੈ = ਵੇਖਣ ਕਰਕੇ ਵੀ ਕਿਸੇ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ।

## ਸੁਖੁ ਨਾਹੀ; ਬਹੁ ਦੇਸ ਕਮਾਏ ॥ ਸਰਬ ਸੁਖਾ; ਹਰਿ ਹਰਿ ਗੁਣ ਗਾਏ ॥੧॥

ਬਹੁ = ਬਹੁਤ ਸਾਰੇ ਦੇਸ਼ਾਂ ਦੇ ਰਾਜ ਕਮਾਏ = ਕਮਾਉਣ ਕਰਕੇ ਵੀ ਆਤਮਿਕ ਸੁਖ ਪ੍ਰਾਪਤ ਨਹੀਂ ਹੁੰਦਾ।

ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਗੁਣ ਗਾਏ = ਗਾਇਨ ਕਰਕੇ ਹੀ ਸਰਬ = ਸਾਰੇ ਸੁਖ ਪ੍ਰਾਪਤ ਹੁੰਦੇ ਹਨ ॥੧॥

## ਸੂਖ ਸਹਜ; ਆਨੰਦ ਲਹਹੁ ॥

ਹੇ ਭਾਈ! ਸਾਧ ਸੰਗਤ ਦੁਆਰਾ ਸੂਖ ਸਹਜ = ਅਚੁੱਤ ਸੁੱਖ ਰੂਪ ਪਰਮਾਤਮਾ ਦੇ ਅਨੰਦ ਨੂੰ ਲਹਹੁ = ਪ੍ਰਾਪਤ ਕਰੋ।

## ਸਾਧਸੰਗਤਿ ਪਾਈਐ ਵਡਭਾਗੀ; ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥੧॥ਰਹਾਉ॥

ਪਰੰਤੂ ਵਡਭਾਗੀ = ਵੱਡਿਆਂ ਭਾਗਾਂ ਕਰਕੇ ਹੀ ਸਾਧ ਸੰਗਤ ਦੀ ਪਾਈਐ = ਪ੍ਰਾਪਤੀ ਕਰੀਦੀ ਹੈ, ਇਸ ਲਈ ਗੁਰਮੁਖਾਂ ਦੀ ਸੰਗਤ **ਵਾ:** ਗੁਰਾਂ ਦੁਆਰਾ **ਵਾ:** ਗੁਰਮੁਖ ਬਣ ਕੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਅਧਿਕਾਰੀ ਬਣ ਕੇ ਵਾਰ-ਵਾਰ ਪ੍ਰੇਮ ਨਾਲ ਨਾਮ ਨੂੰ ਕਹਹੁ = ਕਹਿਣਾ ਕਰੋ ॥੧॥ਰਹਾਉ॥

## ਬੰਧਨ; ਮਾਤ ਪਿਤਾ, ਸੁਤ ਬਨਿਤਾ ॥ ਬੰਧਨ; ਕਰਮ ਧਰਮ, ਹਉ ਕਰਤਾ ॥

ਹੇ ਭਾਈ! ਮਾਤਾ ਪਿਤਾ = ਮਾਂ ਬਾਪ, ਸੁਤ = ਪੁੱਤਰ ਅਤੇ ਬਨਿਤਾ = ਇਸਤ੍ਰੀ **ਵਾ:** ਸੁਤ ਬਨਿਤਾ = ਪੁੱਤਰ ਦੀ ਇਸਤ੍ਰੀ ਭਾਵ ਨੂੰਹ ਆਦਿ ਸੰਬੰਧੀ ਸਭ ਬੰਧਨ = ਜੰਜਾਲ ਰੂਪ ਹਨ।

ਜੀਵ ਜਿਹੜੇ ਕਰਮ ਧਰਮ ਆਦਿ ਹਉ = ਹੰਗਤਾ ਦੇ ਸਹਿਤ ਕਰਤਾ = ਕਰਦਾ ਹੈ, ਉਹ ਵੀ ਬੰਧਨ = ਜੰਜਾਲ ਰੂਪ ਹਨ।

## ਬੰਧਨ ਕਾਟਨਹਾਰੁ; ਮਨਿ ਵਸੈ ॥ ਤਉ ਸੁਖੁ ਪਾਵੈ; ਨਿਜ ਘਰਿ ਬਸੈ ॥੨॥

ਜੇਕਰ ਬੰਧਨ = ਜੰਜਾਲਾਂ ਨੂੰ ਕਾਟਨਹਾਰੁ = ਕੱਟਣ ਵਾਲਾ ਪਰਮਾਤਮਾ ਮਨਿ = ਹਿਰਦੇ ਵਿਚ ਆ ਕੇ ਵਸੈ = ਵੱਸ ਜਾਵੇ।

ਤਉ = ਤਦੋਂ ਜੀਵ ਆਤਮਿਕ ਸੁਖ ਪਾਵੈ = ਪਾਉਣਾ ਕਰਦਾ ਹੈ, ਅਤੇ ਨਿਜ = ਆਪਣੇ ਸਰੂਪ, ਤੁਰੀਆ ਰੂਪੀ ਘਰ ਵਿਚ ਜਾ ਕੇ ਬਸੈ = ਵੱਸ ਜਾਂਦਾ ਹੈ॥੨॥

## ਸਭਿ ਜਾਚਿਕ; ਪ੍ਰਭ ਦੇਵਨਹਾਰ ॥ ਗੁਣ ਨਿਧਾਨ; ਬੇਅੰਤ ਅਪਾਰ ॥

ਸਭਿ = ਸਾਰੇ ਜੀਵ ਦਾਤਾਂ ਜਾਚਿਕ = ਮੰਗਣ ਵਾਲੇ ਹਨ ਅਤੇ ਪ੍ਰਭ = ਪਰਮਾਤਮਾ ਸਭ ਦਾਤਾਂ ਦੇਵਨਹਾਰ = ਦੇਣ ਵਾਲਾ ਹੈ।

ਉਹ ਪ੍ਰਭੂ ਗੁਣਾਂ ਦਾ ਨਿਧਾਨ = ਖ਼ਜ਼ਾਨਾ ਹੈ, ਬੇਅੰਤ = ਅੰਤ ਤੋਂ ਰਹਿਤ ਅਤੇ ਪ੍ਰਕਿਰਤੀ ਦੇ ਅਪਾਰ = ਪਾਰਾਵਾਰ ਤੋਂ ਵੀ ਰਹਿਤ ਹੈ **ਵਾ:** ਬੇਅੰਤ ਅਪਾਰ = ਬਿਅੰਤ ਤੋਂ ਬਿਅੰਤ ਗੁਣਾਂ ਦਾ ਖ਼ਜ਼ਾਨਾ ਹੈ।

## ਜਿਸ ਨੋ ਕਰਮੁ ਕਰੇ; ਪ੍ਰਭੁ ਅਪਨਾ ॥ ਹਰਿ ਹਰਿ ਨਾਮੁ; ਤਿਨੈ ਜਨਿ ਜਪਨਾ ॥੩॥

ਅਪਨਾ = ਆਪ ਦਾ ਆਤਮਾ ਰੂਪ ਪ੍ਰਭੁ = ਪਰਮਾਤਮਾ ਜਿਸ ਨੂੰ ਆਪਣੀ ਕਰਮੁ = ਕਰਮ ਬਖ਼ਸ਼ੀ, ਮਿਹਰ ਕਰੇ = ਕਰਦਾ ਹੈ।

ਤਿਨੈ = ਉਸੇ ਜਨਿ = ਪੁਰਖ ਨੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਜਪਣਾ ਕੀਤਾ ਹੈ॥੩॥

## ਗੁਰ ਅਪਨੇ; ਆਗੈ ਅਰਦਾਸਿ ॥ ਕਰਿ ਕਿਰਪਾ; ਪੁਰਖ ਗੁਣਤਾਸਿ ॥

ਅਪਨੇ = ਆਪ ਦੇ ਗੁਰਾਂ ਦੇ ਆਗੈ = ਅੱਗੇ, ਸਨਮੁਖ ਅਰਦਾਸਿ = ਬੇਨਤੀ ਕਰੀਏ ਕਿ :

ਹੇ ਗੁਣਤਾਸਿ = ਗੁਣਾਂ ਦੇ ਖ਼ਜ਼ਾਨੇ ਪੁਰਖ = ਪੂਰਨ ਗੁਰੂ ਜੀ! ਤੁਸੀਂ ਸਾਡੇ ਉੱਪਰ ਆਪਣੀ ਕਿਰਪਾ = ਮਿਹਰ ਕਰੋ।

## ਕਹੁ ਨਾਨਕ; ਤੁਮਰੀ ਸਰਣਾਈ ॥
## ਜਿਉ ਭਾਵੈ; ਤਿਉ ਰਖਹੁ ਗੁਸਾਈ ॥੪॥੨੮॥੪੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਗੁਰੂ ਜੀ! ਅਸੀਂ ਤੁਮਰੀ = ਤੁਹਾਡੀ ਸਰਣਾਈ = ਸ਼ਰਨ ਵਿਚ ਆਏ ਹਾਂ।

ਜਿਉ = ਜਿਵੇਂ ਤੁਹਾਨੂੰ ਭਾਵੈ = ਭਾਉਂਦਾ ਹੈ, ਹੇ ਗੁਸਾਈ = ਮਾਲਕ ਗੁਰੂ, ਪ੍ਰਭੂ ਜੀ! ਤਿਉ = ਤਿਵੇਂ ਹੀ ਸਾਨੂੰ ਰਖਹੁ = ਰੱਖਣਾ ਕਰੋ॥੪॥੨੮॥੪੧॥

[ਅੰਗ ੧੧੪੮]

## ਭੈਰਉ ਮਹਲਾ ੫ ॥

### ਗੁਰ ਮਿਲਿ; ਤਿਆਗਿਓ ਦੂਜਾ ਭਾਉ ॥ ਗੁਰਮੁਖਿ ਜਪਿਓ; ਹਰਿ ਕਾ ਨਾਉ ॥

ਹੇ ਭਾਈ! ਜਿਸ ਮਨੁੱਖ ਨੇ ਸਤਿਗੁਰਾਂ ਨਾਲ ਮਿਲ ਕੇ ਆਪਣੇ ਅੰਦਰੋਂ ਦੂਜਾ ਭਾਉ = ਦ੍ਵੈਤ-ਭਾਵ ਨੂੰ ਤਿਆਗਿਓ = ਤਿਆਗਣਾ ਕੀਤਾ ਹੈ।

ਜਿਸ ਨੇ ਗੁਰਮੁਖਿ = ਮੁਖੀ ਗੁਰਾਂ ਦੁਆਰਾ **ਵਾ:** ਗੁਰਮੁਖਾਂ ਦੀ ਸੰਗਤ ਕਰਕੇ ਹਰਿ = ਪਰਮਾਤਮਾ ਕਾ = ਦਾ ਨਾਉ = ਨਾਮ ਜਪਿਓ = ਜਪਣਾ ਕੀਤਾ ਹੈ।

### ਬਿਸਰੀ ਚਿੰਤ; ਨਾਮਿ ਰੰਗੁ ਲਾਗਾ ॥ ਜਨਮ ਜਨਮ ਕਾ; ਸੋਇਆ ਜਾਗਾ ॥੧॥

ਉਸ ਦੇ ਅੰਦਰੋਂ ਸਾਰੀ ਚਿੰਤ = ਚਿੰਤਾ, ਚਿਤ ਦੀ ਬਿਹਬਲਤਾ ਵਾਲੀ ਹਾਲਤ ਬਿਸਰੀ = ਵਿਸਰ ਜਾਂਦੀ ਹੈ ਅਤੇ ਨਾਮ ਵਿਚ ਰੰਗੁ = ਪ੍ਰੇਮ ਲਾਗਾ = ਲੱਗ ਜਾਂਦਾ ਹੈ।

ਪੁਨਾ ਉਹ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਕਾ = ਦਾ ਅਵਿੱਦਿਆ ਦੀ ਨੀਂਦ ਵਿਚ ਸੁੱਤਾ ਹੋਇਆ ਗਿਆਨ ਅਵਸਥਾ ਵਿਚ ਜਾਗਾ = ਜਾਗ ਪੈਂਦਾ ਹੈ ॥੧॥

### ਕਰਿ ਕਿਰਪਾ; ਅਪਨੀ ਸੇਵਾ ਲਾਏ ॥ ਸਾਧੂ ਸੰਗਿ; ਸਰਬ ਸੁਖ ਪਾਏ ॥੧॥ਰਹਾਉ॥

ਪਰਮਾਤਮਾ ਆਪਣੀ ਕਿਰਪਾ = ਮਿਹਰ ਕਰਿ = ਕਰ ਕੇ ਜਿਸ ਨੂੰ ਆਪਣੀ ਸੇਵਾ = ਟਹਿਲ (ਭਗਤੀ) ਵਿਚ ਲਾਏ = ਲਾਉਣਾ ਕਰਦਾ ਹੈ।

ਉਹ ਸਾਧੂ = ਸ੍ਰੇਸ਼ਟ ਮਹਾਤਮਾ ਜਨਾਂ ਦੇ ਸੰਗਿ = ਨਾਲ ਮਿਲ ਕੇ ਭਾਵ ਉਨ੍ਹਾਂ ਦੀ ਸੰਗਤ ਕਰਕੇ ਸਰਬ = ਸਭ ਪ੍ਰਕਾਰ ਦੇ ਸੁਖ ਪਾਏ = ਪਾ ਲੈਂਦਾ ਹੈ ॥੧॥ਰਹਾਉ॥

### ਰੋਗ ਦੋਖ; ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ; ਮਨ ਭੀਤਰਿ ਸਾਰੇ ॥

ਜਿਸ ਮਨੁੱਖ ਨੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਹੰਕਾਰ ਆਦਿ ਰੋਗ ਅਤੇ ਸ਼ਬਦ ਸਪਰਸ਼ ਰੂਪੀ ਦੋਖ ਨਿਵਾਰੇ = ਨਵਿਰਤ ਕੀਤੇ ਹਨ।

ਜਿਸ ਨੇ ਨਾਮ ਰੂਪੀ ਅਉਖਧੁ = ਦਵਾਈ ਆਪਣੇ ਮਨ ਦੇ ਭੀਤਰਿ = ਵਿਚ ਸਾਰੇ = ਸੰਭਾਲਣਾ ਕੀਤੀ ਹੈ।

### ਗੁਰ ਭੇਟਤ; ਮਨਿ ਭਇਆ ਅਨੰਦ ॥ ਸਰਬ ਨਿਧਾਨ; ਨਾਮ ਭਗਵੰਤ ॥੨॥

ਗੁਰਾਂ ਨੂੰ ਭੇਟਤ = ਮਿਲ ਕਰਕੇ ਉਸ ਦੇ ਮਨਿ = ਹਿਰਦੇ ਵਿਚ ਸਦਾ ਹੀ ਅਨੰਦ = ਸੁੱਖ ਪ੍ਰਾਪਤ ਭਇਆ = ਹੋਇਆ ਹੈ।

ਕਿਉਂਕਿ ਉਸ ਨੂੰ ਸਰਬ = ਸਾਰਿਆਂ ਨਿਧਾਨ = ਖ਼ਜ਼ਾਨਿਆਂ ਨੂੰ ਦੇਣ ਵਾਲਾ ਭਗਵੰਤ = ਪਰਮਾਤਮਾ ਦਾ ਨਾਮ ਪ੍ਰਾਪਤ ਹੋਇਆ ਹੈ ॥੨॥

### ਜਨਮ ਮਰਣ ਕੀ; ਮਿਟੀ ਜਮ ਤ੍ਰਾਸ ॥ ਸਾਧਸੰਗਤਿ; ਊਂਧ ਕਮਲ ਬਿਗਾਸ ॥

ਉਸ ਦੀ ਜੰਮਣ ਮਰਣ ਕੀ = ਦੀ ਪੀੜਾ ਅਤੇ ਜਮਾਂ ਦੀ ਤ੍ਰਾਸ = ਖ਼ੌਫ਼ਤਾਈ ਮਿਟੀ = ਮਿਟ ਗਈ ਹੈ।

ਸਾਧ ਸੰਗਤ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਕਰਕੇ ਉਸ ਦਾ ਊਂਧ = ਉਲਟਾ ਹਿਰਦਾ ਰੂਪੀ ਕਮਲ ਬਿਗਾਸ = ਖਿੜ ਗਿਆ ਹੈ, ਭਾਵ ਜੋ ਪਰਮਾਤਮਾ ਤੋਂ ਬੇਮੁਖ ਹੋਣਾ ਇਹ ਕਮਲ ਦਾ ਮੂਧਾ ਹੋਣਾ ਹੈ।

ਅਰਥਾਤ ਅਵਿੱਦਿਆ ਰੂਪੀ ਰਾਤ ਕਰਕੇ ਹਿਰਦਾ ਰੂਪੀ ਕਮਲ ਬੇਮੁਖ ਹੋਣ ਰੂਪ ਉਲਟਾ ਹੋਇਆ ਪਿਆ ਹੈ ਜੋ ਸਾਧਸੰਗਤ ਵਿਚ ਗਿਆਨ ਰੂਪੀ ਸੂਰਜ ਚੜ੍ਹਨ ਨਾਲ ਸਨਮੁਖ ਹੋਣ ਰੂਪ ਖਿੜ ਗਿਆ ਹੈ ਇਸ ਦੀਆਂ ਕਰੁਣਾ ਮੁੱਦਤਾ ਮੈਤ੍ਰੀ ਤੇ ਉਪੇਖਿਆ ਰੂਪੀ ਕਲੀਆਂ ਖਿੜ ਆਈਆਂ ਹਨ।

## ਗੁਣ ਗਾਵਤ; ਨਿਹਚਲੁ ਬਿਸ੍ਰਾਮ ॥ ਪੂਰਨ ਹੋਏ; ਸਗਲੇ ਕਾਮ ॥੩॥

ਉਸ ਨੇ ਪਰਮਾਤਮਾ ਦੇ ਗੁਣ ਗਾਵਤ = ਗਾਉਂਦਿਆਂ ਨਿਹਚਲੁ = ਅਚੱਲ ਸਰੂਪ ਵਿਚ ਬਿਸ੍ਰਾਮ = ਇਸਥਿਤੀ ਪਾਉਣਾ ਕੀਤੀ ਹੈ।

ਉਸ ਦੇ ਸਗਲੇ = ਸਾਰੇ ਲੋਕ-ਪ੍ਰਲੋਕ ਦੇ ਕਾਮ = ਕੰਮ ਵੀ ਪੂਰਨ = ਪੂਰੇ ਹੋਏ = ਹੋ ਗਏ ਹਨ ॥੩॥

## ਦੁਲਭ ਦੇਹ; ਆਈ ਪਰਵਾਨੁ ॥ ਸਫਲ ਹੋਈ; ਜਪਿ ਹਰਿ ਹਰਿ ਨਾਮੁ ॥

ਉਸ ਦੀ ਦੁਲਭ = ਕਠਨਤਾਈ ਨਾਲ ਪ੍ਰਾਪਤ ਹੋਣ ਵਾਲੀ ਦੇਹ = ਕਾਇਆਂ ਸੰਸਾਰ ਵਿਚ ਆਈ ਹੋਈ ਪਰਵਾਨੁ = ਕਬੂਲ ਹੋਈ ਹੈ।

ਕਿਉਂਕਿ ਉਹ ਦੇਹੀ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਜਪ ਕੇ ਲੋਕ-ਪ੍ਰਲੋਕ ਵਿਚ ਸਫਲ = ਸਫਲੀ ਹੋਈ ਹੈ।

## ਕਹੁ ਨਾਨਕ; ਪ੍ਰਭਿ ਕਿਰਪਾ ਕਰੀ ॥
## ਸਾਸਿ ਗਿਰਾਸਿ; ਜਪਉ ਹਰਿ ਹਰੀ ॥੪॥੨੯॥੪੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰਭਿ = ਪਰਮਾਤਮਾ ਨੇ ਮੇਰੇ ਉੱਪਰ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰੀ = ਕੀਤੀ ਹੈ।

ਜਿਸ ਕਰਕੇ ਮੈਂ ਸਾਸਿ = ਸ੍ਵਾਸ ਲੈਂਦਿਆਂ ਅਤੇ ਗਿਰਾਸਿ = ਗ੍ਰਾਹੀ ਖਾਂਦਿਆਂ **ਵਾ:** ਸਾਸਿ ਗਿਰਾਸਿ = ਆਉਂਦੇ ਜਾਂਦੇ ਸ੍ਵਾਸਾਂ ਨਾਲ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਜਪਉ = ਜਪਦਾ ਹਾਂ ॥੪॥੨੯॥੪੨॥

## ਭੈਰਉ ਮਹਲਾ ੫ ॥
## ਸਭ ਤੇ ਊਚਾ; ਜਾ ਕਾ ਨਾਉ ॥ ਸਦਾ ਸਦਾ; ਤਾ ਕੇ ਗੁਣ ਗਾਉ ॥

ਹੇ ਭਾਈ! ਜਾ = ਜਿਸ ਪਰਮਾਤਮਾ ਕਾ = ਦਾ ਨਾਉ = ਨਾਮ ਸਭ = ਸਾਰੇ ਜਗ, ਤਪ, ਜੋਗ ਆਦਿ ਤੇ = ਤੋਂ ਊਚਾ = ਉੱਚਾ, ਸ੍ਰੇਸ਼ਟ ਹੈ।

ਸਦਾ ਸਦਾ = ਹਮੇਸ਼ਾਂ-ਹਮੇਸ਼ਾਂ ਤਾ = ਉਸ ਪਰਮਾਤਮਾ ਕੇ = ਦੇ ਗੁਣ ਗਾਉ = ਗਾਉਣਾ ਕਰੋ।

## ਜਿਸੁ ਸਿਮਰਤ; ਸਗਲਾ ਦੁਖੁ ਜਾਇ ॥
## ਸਰਬ ਸੂਖ; ਵਸਹਿ ਮਨਿ ਆਇ ॥੧॥

ਜਿਸ ਨਾਮ ਨੂੰ ਸਿਮਰਤ = ਸਿਮਰਨ ਨਾਲ ਜੰਮਣ-ਮਰਣ ਆਦਿ ਸਗਲਾ = ਸਾਰਾ ਹੀ ਦੁਖੁ = ਕਸ਼ਟ ਨਾਸ਼ ਹੋ ਜਾਇ = ਜਾਂਦਾ ਹੈ। ਅਤੇ

ਸਰਬ = ਸਾਰੇ ਪ੍ਰਕਾਰ ਦੇ ਸੂਖ = ਸੁੱਖ ਮਨਿ = ਹਿਰਦੇ ਵਿਚ ਆਇ = ਆ ਕੇ ਵਸਹਿ = ਵੱਸ ਜਾਂਦੇ ਹਨ ॥੧॥

## ਸਿਮਰਿ ਮਨਾ; ਤੂ ਸਾਚਾ ਸੋਇ ॥ ਹਲਤਿ ਪਲਤਿ; ਤੁਮਰੀ ਗਤਿ ਹੋਇ ॥੧॥ਰਹਾਉ॥

ਹੇ ਮਨਾਂ! ਇਸ ਲਈ ਤੂੰ ਵੀ ਸੋਇ = ਉਹ ਸਾਚਾ = ਸੱਚਾ, ਨਾਮ ਸਿਮਰਿ = ਸਿਮਰਨਾ ਕਰ **ਵਾ:** ਹੇ ਮਨਾਂ! ਸਿਮਰਨ ਜੋਗ ਸੱਚੇ ਪਰਮਾਤਮਾ ਦੀ ਮਨ, ਬਾਣੀ ਸਰੀਰ ਕਰਕੇ ਸੋਇ = ਸੋਭਾ ਕਰ।

ਜਿਸ ਕਰਕੇ ਹਲਤਿ ਪਲਤਿ = ਲੋਕ-ਪ੍ਰਲੋਕ ਵਿਚ ਤੁਮਰੀ = ਤੇਰੀ ਗਤਿ = ਕਲਿਆਣ ਹੋਇ = ਹੋ ਜਾਵੇਗੀ ॥੧॥ਰਹਾਉ॥

## ਪੁਰਖ ਨਿਰੰਜਨ; ਸਿਰਜਨਹਾਰ ॥ ਜੀਅ ਜੰਤ; ਦੇਵੈ ਆਹਾਰ ॥

ਉਹ ਪ੍ਰਭੂ ਪੁਰਖ = ਪੂਰਨ, ਨਿਰੰਜਨ = ਸ਼ੁੱਧ ਸਰੂਪ ਅਤੇ ਸ੍ਰਿਸ਼ਟੀ ਦੇ ਤਾਈਂ ਸਿਰਜਨਹਾਰ = ਰਚਣ ਵਾਲਾ ਹੈ।

ਸਾਰੇ ਸੂਖ ਅਸਥੂਲ ਜੀਵ ਜੰਤਾਂ ਨੂੰ ਆਹਾਰ = ਭੋਜਨ, ਖ਼ੁਰਾਕ ਦੇਵੈ = ਦੇਣਾ ਕਰਦਾ ਹੈ।

## ਕੋਟਿ ਖਤੇ; ਖਿਨ ਬਖਸਨਹਾਰ ॥ ਭਗਤਿ ਭਾਇ; ਸਦਾ ਨਿਸਤਾਰ ॥੨॥

ਉਹ ਪ੍ਰਭੂ ਸ਼ਰਨ ਵਿਚ ਆਏ ਜੀਵਾਂ ਦੇ ਕੋਟਿ = ਕ੍ਰੋੜਾਂ ਜਨਮਾਂ ਦੇ ਖਤੇ = ਗੁਨਾਹ ਇਕ ਖਿਨ = ਛਿਨ ਵਿਚ ਬਖਸਨਹਾਰ = ਬਖ਼ਸ਼ਣ ਵਾਲਾ ਹੈ।

ਉਸ ਦੀ ਭਗਤਿ ਭਾਇ = ਪ੍ਰੇਮਾ-ਭਗਤੀ ਕਰਕੇ ਹੀ ਜੀਵਾਂ ਦਾ ਸਦਾ = ਹਮੇਸ਼ਾਂ ਸੰਸਾਰ-ਸਮੁੰਦ੍ਰ ਤੋਂ ਨਿਸਤਾਰ = ਉੱਧਾਰ ਹੁੰਦਾ ਹੈ ॥੨॥

## ਸਾਚਾ ਧਨੁ; ਸਾਚੀ ਵਡਿਆਈ ॥ ਗੁਰ ਪੂਰੇ ਤੇ; ਨਿਹਚਲ ਮਤਿ ਪਾਈ ॥

ਉਸ ਮਨੁੱਖ ਕੋਲ ਹੀ ਸਾਚਾ = ਸੱਚਾ ਨਾਮ ਰੂਪੀ ਧਨ ਹੈ, ਉਸ ਕੋਲ ਹੀ ਪ੍ਰਭੂ ਪ੍ਰਾਪਤੀ ਰੂਪੀ ਸਾਚੀ = ਸੱਚੀ ਵਡਿਆਈ = ਸ਼ੋਭਾ ਹੈ।

ਜਿਸ ਮਨੁੱਖ ਨੇ ਪੂਰੇ = ਪੂਰਨ ਗੁਰੂ ਤੇ = ਤੋਂ ਨਿਹਚਲ = ਅਚੱਲ ਰਹਿਣ ਵਾਲੀ ਆਤਮ ਵਿਸ਼ੈਣੀ ਮਤਿ = ਬੁੱਧ ਪਾਈ = ਪਾਉਣਾ ਕੀਤੀ ਹੈ।

**ਅਥਵਾ** ਪੂਰਨ ਗੁਰਾਂ ਤੋਂ ਜਿਹੜੀ ਪਰਮਾਤਮਾ ਦੇ ਸਿਮਰਨ, ਸਰੂਪ ਦੀ ਸਿੱਖਿਆਤਤਾ ਵਾਲੀ ਅਚੱਲ ਮਤ ਪਾਉਣਾ ਕੀਤੀ ਹੈ, ਇਹੋ ਹੀ ਸੱਚਾ ਧਨ ਹੈ ਅਤੇ ਇਹੋ ਹੀ ਸੱਚੀ ਵਡਿਆਈ ਹੈ।

## ਕਰਿ ਕਿਰਪਾ; ਜਿਸੁ ਰਾਖਨਹਾਰਾ ॥ ਤਾ ਕਾ; ਸਗਲ ਮਿਟੈ ਅੰਧਿਆਰਾ ॥੩॥

ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਪ੍ਰਭੂ ਜਿਸ ਦੀ ਰਾਖਨਹਾਰਾ = ਰੱਖਿਆ ਕਰਨ ਵਾਲਾ ਹੈ।

ਤਾ = ਉਸ ਮਨੁੱਖ ਕਾ = ਦਾ ਸਗਲ = ਸਾਰਾ ਹੀ ਅਗਿਆਨਤਾ ਦਾ ਅੰਧਿਆਰਾ = ਹਨੇਰਾ ਮਿਟੈ = ਮਿਟ ਜਾਂਦਾ ਹੈ ॥੩॥

## ਪਾਰਬ੍ਰਹਮ ਸਿਉ; ਲਾਗੋ ਧਿਆਨ ॥ ਪੂਰਨ ਪੂਰਿ ਰਹਿਓ; ਨਿਰਬਾਨ ॥

ਉਸ ਮਨੁੱਖ ਦਾ ਪਾਰਬ੍ਰਹਮ = ਪਰਮਾਤਮਾ ਦੇ ਸਿਉ = ਸਾਥ ਧਿਆਨ = ਚਿੱਤ ਦੀ ਬਿਰਤੀ ਦਾ ਖ਼ਿਆਲ ਲਾਗੋ = ਲੱਗਾ ਹੈ।

ਉਸ ਮਨੁੱਖ ਨੂੰ ਨਿਰਬਾਨ = ਬੰਧਨਾ, ਆਦਤਾਂ ਤੋਂ ਰਹਿਤ ਪੂਰਨ ਪ੍ਰਭੂ ਅਕਾਸ਼ ਦੀ ਨਿਆਈਂ ਪੂਰਿ = ਪੂਰਨ ਹੋ ਰਹਿਓ = ਰਿਹਾ ਪ੍ਰਤੀਤ ਹੁੰਦਾ ਹੈ।

## ਭ੍ਰਮ ਭਉ ਮੇਟਿ; ਮਿਲੇ ਗੋਪਾਲ ॥
## ਨਾਨਕ ਕਉ; ਗੁਰ ਭਏ ਦਇਆਲ ॥੪॥੩੦॥੪੩॥

ਉਸ ਮਨੁੱਖ ਦੇ ਅੰਦਰੋਂ ਭ੍ਰਮ ਅਤੇ ਭਉ = ਡਰ ਨੂੰ ਮੇਟਿ = ਨਵਿਰਤ ਕਰਕੇ ਗੋਪਾਲ = ਪਰਮਾਤਮਾ ਮਿਲੇ = ਮਿਲ ਪੈਂਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਮਨੁੱਖ ਕਉ = ਦੇ ਉੱਪਰ ਸਤਿਗੁਰੂ ਜੀ ਦਇਆਲ = ਕਿਰਪਾਲੂ ਭਏ = ਹੋਏ ਹਨ ॥੪॥੩੦॥੪੩॥

## ਭੈਰਉ ਮਹਲਾ ੫ ॥
## ਜਿਸੁ ਸਿਮਰਤ; ਮਨਿ ਹੋਇ ਪ੍ਰਗਾਸੁ ॥
## ਮਿਟਹਿ ਕਲੇਸ; ਸੁਖ ਸਹਜਿ ਨਿਵਾਸੁ ॥

ਹੇ ਭਾਈ! ਜਿਸ ਪ੍ਰਭੂ ਦੇ ਸਿਮਰਤ = ਸਿਮਰਨ ਕਰਨ ਨਾਲ ਮਨਿ = ਹਿਰਦੇ ਅੰਦਰ ਅਨੁਭਵ ਸਰੂਪ, ਜਥਾਰਥ ਗਿਆਨ ਦਾ ਪ੍ਰਗਾਸੁ = ਚਾਨਣ ਹੋਇ = ਹੋ ਜਾਂਦਾ ਹੈ।

ਸਾਰੇ ਕਲੇਸ = ਝਗੜੇ ਮਿਟਹਿ = ਮਿਟ ਜਾਂਦੇ ਹਨ ਅਤੇ ਸੁਖ ਤੇ ਸਹਜਿ = ਸ਼ਾਂਤ ਸਰੂਪ **ਵਾ:** ਸੁਖ ਸਹਜਿ = ਅਚੁੱਤ ਸੁੱਖ ਸਰੂਪ ਪਰਮਾਤਮਾ ਵਿਚ ਨਿਵਾਸੁ = ਵਾਸਾ ਹੋ ਜਾਂਦਾ ਹੈ **ਵਾ:** (ਨਿ+ਵਾਸੁ) ਵਾਸੁ = ਵਾਸ਼ਨਾਵਾਂ ਤੋਂ ਨਿ = ਰਹਿਤ ਹੋ ਕੇ ਸੁਖ ਪੂਰਬਕ ਸਹਿਜ ਸਰੂਪ ਵਿਚ ਇਸਥਿਤੀ ਹੋ ਜਾਂਦੀ ਹੈ।

## ਤਿਸਹਿ ਪਰਾਪਤਿ; ਜਿਸੁ ਪ੍ਰਭੁ ਦੇਇ ॥ ਪੂਰੇ ਗੁਰ ਕੀ; ਪਾਏ ਸੇਵ ॥੧॥

ਹੇ ਭਾਈ! ਪਰ ਇਹ ਦਾਤ ਤਿਸਹਿ = ਉਸੇ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ, ਜਿਸ ਨੂੰ ਪ੍ਰਭੁ = ਪਰਮਾਤਮਾ ਆਪ ਦੇਇ = ਦੇਣਾ ਕਰਦਾ ਹੈ।

***ਪ੍ਰਸ਼ਨ :*** *ਉਹ ਪ੍ਰਭੂ ਕਿਵੇਂ ਦਾਤ ਦੇਂਦਾ ਹੈ?*

***ਗੁਰ-ਉੱਤਰ :*** ਉਹ ਪ੍ਰਭੂ ਪੂਰੇ = ਪੂਰਨ ਗੁਰਾਂ ਕੀ = ਦੀ ਸੇਵ = ਟਹਿਲ ਵਿਚ ਪਾਏ = ਪਾਉਣਾ ਕਰਦਾ ਹੈ, ਤਦੋਂ ਹੀ ਗੁਰਾਂ ਦੁਆਰਾ ਇਹ ਨਾਮ ਸਿਮਰਨ ਦੀ ਦਾਤ ਪ੍ਰਾਪਤ ਹੁੰਦੀ ਹੈ॥੧॥

## ਸਰਬ ਸੁਖਾ; ਪ੍ਰਭ ਤੇਰੋ ਨਾਉ ॥ ਆਠ ਪਹਰ; ਮੇਰੇ ਮਨ ਗਾਉ ॥੧॥ਰਹਾਉ॥

ਹੇ ਪ੍ਰਭ = ਪਰਮਾਤਮਾ! ਤੇਰੋ = ਤੇਰਾ ਨਾਉ = ਨਾਮ ਸਰਬ = ਸਾਰੇ ਸੁੱਖਾਂ ਨੂੰ ਦੇਣ ਵਾਲਾ ਹੈ।

ਅਸੀਂ ਆਪਣੇ ਮਨ ਨੂੰ ਸਿੱਖਿਆ ਦੇਈਏ ਕਿ ਹੇ ਮੇਰੇ ਮਨਾਂ! ਤੂ ਆਠ ਪਹਰ = ਅੱਠੇ ਪਹਿਰ ਭਾਵ ਰਾਤ-ਦਿਨ ਉਸ ਪ੍ਰਭੂ ਦੇ ਜੱਸ ਨੂੰ ਗਾਉ = ਗਾਉਣਾ ਕਰ॥੧॥ਰਹਾਉ॥

## ਜੋ ਇਛੈ; ਸੋਈ ਫਲੁ ਪਾਏ ॥ ਹਰਿ ਕਾ ਨਾਮੁ; ਮੰਨਿ ਵਸਾਏ ॥

ਉਹ ਮਨੁੱਖ ਜੋ ਵੀ ਇਛੈ = ਕਾਮਨਾ ਕਰਦਾ ਹੈ, ਸੋਈ = ਉਹੀ ਧਰਮ, ਅਰਥ, ਕਾਮ, ਮੋਖ ਰੂਪੀ ਫਲ ਪਾਏ = ਪਾ ਲੈਂਦਾ ਹੈ।

ਜੋ ਮਨੁੱਖ ਹਰਿ = ਪਰਮਾਤਮਾ ਕਾ = ਦਾ ਗੁਰਾਂ ਦੁਆਰਾ ਨਾਮ ਸ੍ਰਵਣ, ਮੰਨਣ ਕਰਕੇ ਆਪਣੇ ਮੰਨਿ = ਹਿਰਦੇ ਵਿਚ ਵਸਾਏ = ਵਸਾਉਣਾ ਕਰਦਾ ਹੈ।

## ਆਵਨ ਜਾਨ ਰਹੇ; ਹਰਿ ਧਿਆਇ ॥
## ਭਗਤਿ ਭਾਇ; ਪ੍ਰਭ ਕੀ ਲਿਵ ਲਾਇ ॥੨॥

ਉਸ ਮਨੁੱਖ ਦੇ ਆਵਨ ਜਾਨ = ਆਉਣ ਜਾਣ ਭਾਵ ਜੰਮਣ-ਮਰਣ ਦੇ ਦੁੱਖ ਰਹੇ = ਰਹਿ, ਨਵਿਰਤ ਹੋ ਗਏ ਹਨ, ਜੋ ਹਰਿ = ਪਰਮਾਤਮਾ ਨੂੰ ਧਿਆਇ = ਆਰਾਧਦਾ ਹੈ, ਅਤੇ

ਭਗਤਿ ਭਾਇ = ਪ੍ਰੇਮਾ-ਭਗਤੀ ਦੁਆਰਾ ਪ੍ਰਭ = ਪਰਮਾਤਮਾ ਕੀ = ਦੀ ਮੂਰਤੀ ਭਾਵ ਸਰੂਪ ਵਿਚ ਆਪਣੀ ਲਿਵ = ਬਿਰਤੀ ਨੂੰ ਲਾਇ = ਲਾਉਣਾ ਕਰਦਾ ਹੈ ॥੨॥

## ਬਿਨਸੇ; ਕਾਮ ਕ੍ਰੋਧ ਅਹੰਕਾਰ ॥ ਤੂਟੇ; ਮਾਇਆ ਮੋਹ ਪਿਆਰ ॥

ਉਸ ਦੇ ਅੰਦਰੋਂ ਕਾਮ, ਕ੍ਰੋਧ = ਗ਼ੁੱਸਾ, ਅਹੰਕਾਰ = ਅਭਿਮਾਨ ਆਦਿ ਵਿਕਾਰ ਬਿਨਸੇ = ਨਾਸ਼ ਹੋ ਜਾਂਦੇ ਹਨ, ਅਤੇ

ਮਾਇਆ ਦਾ ਮੋਹ ਅਤੇ ਸੰਬੰਧੀਆਂ ਦਾ ਪਿਆਰ = ਸਨੇਹ ਵੀ ਤੂਟੇ = ਟੁੱਟ ਜਾਂਦਾ ਹੈ।

## ਪ੍ਰਭ ਕੀ ਟੇਕ; ਰਹੈ ਦਿਨੁ ਰਾਤਿ ॥ ਪਾਰਬ੍ਰਹਮੁ; ਕਰੇ ਜਿਸੁ ਦਾਤਿ ॥੩॥

ਉਹ ਮਨੁੱਖ ਹੀ ਦਿਨ ਰਾਤ ਪ੍ਰਭ = ਪਰਮਾਤਮਾ ਕੀ = ਦੀ ਟੇਕ = ਓਟ ਵਿਚ ਰਹੈ = ਰਹਿੰਦਾ ਹੈ।

ਜਿਸ ਮਨੁੱਖ ਨੂੰ ਪਾਰਬ੍ਰਹਮ = ਪਰਮਾਤਮਾ ਆਪ ਆਪਣੇ ਸਿਮਰਨ, ਸ਼ਰਧਾ ਆਦਿ ਗੁਣਾਂ ਦੀ ਦਾਤਿ = ਬਖ਼ਸ਼ਿਸ਼ ਦੇਣਾ ਕਰੇ = ਕਰਦਾ ਹੈ ॥੩॥

## ਕਰਨ ਕਰਾਵਨਹਾਰ; ਸੁਆਮੀ ॥ ਸਗਲ ਘਟਾ ਕੇ; ਅੰਤਰਜਾਮੀ ॥

ਪੁਨਾ ਉਹ ਮਨੁੱਖ ਇਉਂ ਬੇਨਤੀ ਕਰਦਾ ਹੈ ਕਿ ਹੇ ਸੁਆਮੀ = ਮਾਲਕ ਪ੍ਰਭੂ ! ਤੁਸੀਂ ਸਾਰੇ ਕਾਰਜਾਂ ਨੂੰ ਆਪ ਕਰਨ ਤੇ ਬ੍ਰਹਮਾਦਿਕਾਂ ਨੂੰ ਪ੍ਰੇਰ ਕੇ ਕਰਾਵਨਹਾਰ = ਕਰਾਉਣ ਵਾਲੇ ਹੋ।

ਸਗਲ = ਸਾਰਿਆਂ ਘਟ = ਹਿਰਦਿਆਂ ਕੇ = ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਹੋ।

## ਕਰਿ ਕਿਰਪਾ; ਅਪਨੀ ਸੇਵਾ ਲਾਇ ॥
## ਨਾਨਕ ਦਾਸ; ਤੇਰੀ ਸਰਣਾਇ ॥੪॥੩੧॥੪੪॥

ਹੇ ਪ੍ਰਭੂ ! ਤੁਸੀਂ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਅਪਨੀ = ਆਪ ਦੀ ਭਗਤੀ ਰੂਪੀ ਸੇਵਾ = ਟਹਿਲ ਵਿਚ ਲਾਇ = ਲਾਉਣਾ ਕਰੋ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਦਾਸ = ਸੇਵਕ ਤੇਰੀ = ਤੁਹਾਡੀ ਸਰਣਾਇ = ਸ਼ਰਨ ਵਿਚ ਆਏ ਹਾਂ ॥੪॥੩੧॥੪੪॥

## ਭੈਰਉ ਮਹਲਾ ੫ ॥
## ਲਾਜ ਮਰੈ; ਜੋ ਨਾਮੁ ਨ ਲੇਵੈ ॥ ਨਾਮ ਬਿਹੂਨ; ਸੁਖੀ ਕਿਉ ਸੋਵੈ ॥

ਜੋ ਪੁਰਖ ਪਰਮਾਤਮਾ ਦਾ ਨਾਮ ਨਹੀਂ ਲੇਵੈ = ਲੈਣਾ ਕਰਦਾ, ਉਹ ਲਾਜ = ਸ਼ਰਮਿੰਦਗੀ ਵਿਚ ਮਰੈ = ਮਰਦਾ ਰਹਿੰਦਾ ਹੈ।

ਪਰਮਾਤਮਾ ਦੇ ਨਾਮ ਤੋਂ ਬਿਹੂਨ = ਹੀਣਾ ਪੁਰਖ ਸੁਖੀ = ਸੁੱਖ ਦੇ ਸਹਿਤ ਕਿਉ = ਕਿਵੇਂ ਸੋਵੈ = ਸੌਂ

ਸਕਦਾ ਹੈ **ਵਾ**: ਸੁੱਖ ਸਰੂਪ ਵਿਚ ਨਿਰਵਿਕਲਪ ਸਮਾਧੀ ਰੂਪ ਕਿਵੇਂ ਸੌਂ ਸਕਦਾ ਹੈ ਭਾਵ ਸੁੱਖ ਵਿਚ ਇਸਥਿਤੀ ਨਹੀਂ ਪਾ ਸਕਦਾ।

[ਅੰਗ ੧੧੪੯]

## ਹਰਿ ਸਿਮਰਨੁ ਛਾਡਿ; ਪਰਮਗਤਿ ਚਾਹੈ ॥ ਮੂਲ ਬਿਨਾ; ਸਾਖਾ ਕਤ ਆਹੈ ॥੧॥

ਫੇਰ ਉਹ ਐਸਾ ਬੇ-ਸਮਝ ਹੋਇਆ ਪਿਆ ਹੈ ਕਿ ਹਰਿ = ਪਰਮਾਤਮਾ ਦੇ ਨਾਮ ਸਿਮਰਨ ਨੂੰ ਛਾਡਿ = ਛੱਡ ਕੇ ਪਰਮਗਤਿ = ਵੱਡੀ ਕੈਵਲ ਮੋਖ ਪਦਵੀ ਨੂੰ ਚਾਹੈ = ਚਾਹੁਣਾ ਕਰਦਾ ਹੈ।

ਹੇ ਭਾਈ! ਦੱਸੋ ਕਿ ਕਿਸੇ ਬ੍ਰਿਛ ਦੇ ਮੂਲ = ਮੁੱਢ ਤੋਂ ਬਿਨਾਂ ਸਾਖਾ = ਟਾਹਣੀਆਂ ਕਤ = ਕਿਥੋਂ ਆਹੈ = ਆ ਸਕਦੀਆਂ ਹਨ ਭਾਵ ਜਿਸ ਬ੍ਰਿਛ ਦਾ ਮੁੱਢ ਹੀ ਨਹੀਂ ਤਾਂ ਫੇਰ ਉਸ ਦੀਆਂ ਟਾਹਣੀਆਂ ਕਿਵੇਂ ਆ ਸਕਦੀਆਂ ਹਨ ਭਾਵ ਨਹੀਂ ਆ ਸਕਦੀਆਂ। ਏਸੇ ਪ੍ਰਕਾਰ ਮੂਲ ਰੂਪ ਹਰੀ ਦੇ ਸਿਮਰਨ ਤੋਂ ਬਿਨਾਂ, ਸਲੋਕ, ਸਮੀਪ, ਸਰੂਪ, ਸਾਯੁਜ, ਕੈਵਲ ਮੋਖ ਰੂਪੀ ਟਾਹਣੀਆਂ ਕਿਵੇਂ ਪੈਦਾ ਹੋ ਸਕਦੀਆਂ ਹਨ ਭਾਵ ਨਹੀਂ ਪੈਦਾ ਹੋ ਸਕਦੀਆਂ ॥੧॥

## ਗੁਰੁ ਗੋਵਿੰਦੁ; ਮੇਰੇ ਮਨ ਧਿਆਇ ॥

ਹੇ ਮੇਰੇ ਮਨਾਂ! ਤੂੰ ਗੁਰੁ = ਪੂਜਨੀਕ ਗੋਵਿੰਦੁ = ਪਰਮਾਤਮਾ **ਵਾ**: ਪਰਮਾਤਮਾ ਸਰੂਪ ਗੁਰੂ **ਵਾ**: ਗੁਰੂ ਅਤੇ ਪਰਮਾਤਮਾ ਦੇ ਨਾਮ ਨੂੰ ਧਿਆਇ = ਆਰਾਧਣਾ ਕਰ।

## ਜਨਮ ਜਨਮ ਕੀ ਮੈਲੁ ਉਤਾਰੈ;
## ਬੰਧਨ ਕਾਟਿ ਹਰਿ ਸੰਗਿ ਮਿਲਾਇ ॥੧॥ਰਹਾਉ॥

ਜੋ ਗੁਰੂ, ਨਾਮ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਕੀ = ਦੀ ਪਾਪਾਂ ਰੂਪੀ ਮੈਲੁ = ਮਲੀਨਤਾਈ ਉਤਾਰੈ = ਲਾਹ ਦੇਵੇਗਾ ਅਤੇ ਕਰਤਾ ਭੋਗਤਾ, ਹੰਗਤਾ ਮਮਤਾ ਦੇ ਬੰਧਨ = ਜੰਜਾਲ ਕਾਟਿ = ਕੱਟ ਕਰਕੇ ਹਰਿ = ਪਰਮਾਤਮਾ ਦੇ ਸੰਗਿ = ਨਾਲ ਮਿਲਾਇ = ਮਿਲਾ ਦੇਵੇਗਾ ॥੧॥ਰਹਾਉ॥

## ਤੀਰਥਿ ਨਾਇ; ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ; ਹਉਮੈ ਮੈਲੁ ॥

ਤੀਰਥਿ = ਤੀਰਥਾਂ ਉੱਪਰ ਨਾਇ = ਨਹਾਉਣ ਅਤੇ ਸੈਲੁ = ਪੱਥਰਾਂ ਨੂੰ ਪੂਜਣ ਕਰਕੇ ਆਤਮਿਕ ਜੀਵਨ ਦੀ ਸੁਚਿ = ਪਵਿੱਤ੍ਰਤਾ ਕਹਾ = ਕਿਥੇ ਪ੍ਰਾਪਤ ਹੋ ਸਕਦੀ ਹੈ ਭਾਵ ਨਹੀਂ ਪ੍ਰਾਪਤ ਹੋ ਸਕਦੀ **ਵਾ**: ਸੈਲੁ = ਪੱਥਰ ਦੀ ਨਿਆਈਂ ਕਠੋਰ ਚਿੱਤ ਵਾਲਾ ਮਨੁੱਖ ਤੀਰਥਾਂ ਉੱਪਰ ਨਹਾ ਕੇ ਕਿਵੇਂ ਸੁੱਚਾ ਹੋ ਸਕਦਾ ਹੈ।

**ਅਥਵਾ**: ਜਿਵੇਂ ਪੱਥਰ ਕਠੋਰ ਹੁੰਦਾ ਹੈ, ਘੜਿਆਂ ਨੂੰ ਭੰਨਦਾ ਹੈ, ਪੱਥਰ ਦੇ ਵਿਚ ਅੱਗ ਵੀ ਹੁੰਦੀ ਹੈ ਏਸੇ ਪ੍ਰਕਾਰ ਪੱਥਰ ਦਿਲ ਮਨੁੱਖ ਦਾ ਸੁਭਾਅ ਬਹੁਤ ਕਠੋਰ ਹੁੰਦਾ ਹੈ, ਕਠੋਰ ਬਚਨ ਬੋਲ ਕੇ ਲੋਕਾਂ ਦੇ ਨਰਮ ਦਿਲਾਂ ਰੂਪੀ ਘੜਿਆਂ ਨੂੰ ਭੰਨਦਾ ਹੈ ਅਤੇ ਉਸ ਦੇ ਅੰਦਰ ਈਰਖਾ ਰੂਪੀ ਅੱਗ ਹੁੰਦੀ ਹੈ **ਵਾ**: ਤੀਰਥਾਂ ਉੱਪਰ ਜਾ ਕੇ ਨਹਾਉਣ ਨਾਲ ਸੁਚਿ = ਪਵਿੱਤ੍ਰ ਪਰਮਾਤਮਾ ਦੇ ਸਰੂਪ ਵਿਚ ਕਿਵੇਂ ਸੈਲੁ = ਵਿਚਰ ਸਕਦਾ ਹੈ ਭਾਵ ਨਹੀਂ ਵਿਚਰ ਸਕਦਾ।

ਸਗੋਂ ਮਨ ਕਉ = ਨੂੰ ਹਉਮੈ = ਹੰਗਤਾ ਮਮਤਾ ਦੀ ਮੈਲੁ = ਮਲੀਨਤਾਈ ਵਿਆਪੈ = ਵਿਆਪਦੀ ਰਹਿੰਦੀ ਹੈ।

## ਕੋਟਿ ਕਰਮ; ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ; ਬਿਰਥਾ ਪੂਲੁ ॥੨॥

ਪਰਮਾਤਮਾ ਦੇ ਨਾਮ ਤੋਂ ਬਿਨਾਂ ਕੋਟਿ = ਕ੍ਰੋੜਾਂ ਕਰਮ ਬੰਧਨਾਂ ਕਾ = ਦਾ ਹੀ ਮੂਲੁ = ਮੁੱਢ, ਕਾਰਣ ਹਨ।

ਹਰਿ = ਪਰਮਾਤਮਾ ਕੇ = ਦੇ ਭਜਨ = ਸਿਮਰਨ ਤੋਂ ਬਿਨੁ = ਬਗ਼ੈਰ ਪੂਲੁ = ਸਮੂਹ ਕਰਮ ਬਿਰਥਾ = ਵਿਅਰਥ ਹੀ ਹਨ।

## ਬਿਨੁ ਖਾਏ; ਬੂਝੈ ਨਹੀ ਭੂਖ ॥ ਰੋਗੁ ਜਾਇ; ਤਾਂ ਉਤਰਹਿ ਦੂਖ ॥

ਜਿਵੇਂ ਭੋਜਨ ਖਾਏ = ਖਾਣ ਤੋਂ ਬਿਨੁ = ਬਗ਼ੈਰ ਭੂਖ = ਭੁੱਖ ਨਹੀਂ ਬੂਝੈ = ਮਿਟਦੀ, ਅਤੇ

ਜੇਕਰ ਕਿਸੇ ਦਾ ਕੋਈ ਰੋਗ ਚਲਾ ਜਾਇ = ਜਾਵੇ ਤਾਂ = ਤਦੋਂ ਹੀ ਉਸ ਦਾ ਦੂਖ = ਕਸ਼ਟ ਉਤਰਹਿ = ਉੱਤਰਦਾ ਹੈ।

**ਅਥਵਾ** ਏਸੇ ਪ੍ਰਕਾਰ ਪਰਮਾਤਮਾ ਦੇ ਨਾਮ ਰੂਪੀ ਭੋਜਨ ਨੂੰ ਖਾਣ ਤੋਂ ਬਿਨਾਂ ਆਸਾ, ਤ੍ਰਿਸ਼ਨਾ ਰੂਪੀ ਭੁੱਖ ਨਹੀਂ ਮਿਟਦੀ।

ਅਤੇ ਜੇਕਰ ਹਉਮੈ ਦਾ ਰੋਗ ਚਲਿਆ ਜਾਵੇ ਤਾਂ ਹੀ ਜੰਮਣ-ਮਰਣ ਦਾ ਦੁੱਖ ਉਤਰ ਸਕਦਾ ਹੈ।

## ਕਾਮ ਕ੍ਰੋਧ; ਲੋਭ ਮੋਹਿ ਬਿਆਪਿਆ ॥
## ਜਿਨਿ ਪ੍ਰਭਿ ਕੀਨਾ; ਸੋ ਪ੍ਰਭੁ ਨਹੀ ਜਾਪਿਆ ॥੩॥

ਜੀਵ ਕਾਮ, ਕ੍ਰੋਧ, ਲੋਭ ਅਤੇ ਮੋਹ ਆਦਿ ਵਿਕਾਰਾਂ ਵਿਚ ਬਿਆਪਿਆ = ਲੱਗਾ ਰਹਿੰਦਾ ਹੈ।

ਪਰ ਜਿਨਿ = ਜਿਸ ਪ੍ਰਭਿ = ਪਰਮਾਤਮਾ ਨੇ ਜੀਵ ਨੂੰ ਪੈਦਾ ਕੀਨਾ = ਕੀਤਾ ਹੈ, ਸੋ = ਉਸ ਪ੍ਰਭੁ = ਪ੍ਰਭੂ ਨੂੰ ਜਾਪਿਆ = ਜਪਣਾ, ਜਾਨਣਾ ਨਹੀਂ ਕੀਤਾ ॥੩॥

## ਧਨੁ ਧਨੁ ਸਾਧ; ਧੰਨੁ ਹਰਿ ਨਾਉ ॥
## ਆਠ ਪਹਰ; ਕੀਰਤਨੁ ਗੁਣ ਗਾਉ ॥

ਸਾਧ = ਮਹਾਤਮਾ ਜਨ ਵੀ ਧਨੁ ਧਨੁ = ਧੰਨਤਾ ਜੋਗ ਹਨ ਜੋ ਨਾਮ ਜਪਦੇ ਹਨ ਅਤੇ ਹਰਿ = ਪਰਮਾਤਮਾ ਦਾ ਨਾਉ = ਨਾਮ ਵੀ ਧੰਨੁ = ਧੰਨਤਾ ਜੋਗ ਹੈ ਜੋ ਜੀਵਾਂ ਦੀ ਕਲਿਆਣ ਕਰਦਾ ਹੈ।

ਜੋ ਆਠ ਪਹਰ = ਅੱਠੇ ਪਹਿਰ ਭਾਵ ਰਾਤ-ਦਿਨ ਪਰਮਾਤਮਾ ਦੇ ਕੀਰਤਨ = ਜਸ ਅਤੇ ਗੁਣਾਂ ਨੂੰ ਗਾਉ = ਗਾਇਨ ਕਰਦੇ ਹਨ, ਉਹ ਵੀ ਧੰਨਤਾ ਜੋਗ ਹਨ।

## ਧਨੁ ਹਰਿ ਭਗਤਿ; ਧਨੁ ਕਰਣੈਹਾਰ ॥
## ਸਰਣਿ ਨਾਨਕ; ਪ੍ਰਭ ਪੁਰਖ ਅਪਾਰ ॥੪॥੩੨॥੪੫॥

ਹਰਿ = ਪ੍ਰਭੂ ਦੀ ਭਗਤਿ = ਭਗਤੀ ਵੀ ਧਨੁ = ਧੰਨਤਾ ਜੋਗ ਹੈ ਅਤੇ ਭਗਤੀ ਨੂੰ ਕਰਣੈਹਾਰ = ਕਰਨ ਵਾਲੇ ਪੁਰਖ ਵੀ ਧਨੁ = ਧੰਨਤਾ ਜੋਗ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਪੁਰਖ = ਪੂਰਨ ਤੇ ਅਪਾਰ = ਪਾਰਾਵਾਰ ਤੋਂ ਰਹਿਤ ਪ੍ਰਭ = ਪ੍ਰਭੂ ਦੀ ਸਰਣਿ = ਓਟ ਲੈਣਾ ਕੀਤੀ ਹੈ, ਉਹ ਪੁਰਖ ਲੋਕ-ਪ੍ਰਲੋਕ ਵਿਚ ਧੰਨਤਾ ਜੋਗ ਹਨ ॥੪॥੩੨॥੪੫॥

## ਭੈਰਉ ਮਹਲਾ ੫ ॥

## ਗੁਰ ਸੁਪ੍ਰਸੰਨ ਹੋਏ; ਭਉ ਗਏ ॥ ਨਾਮ ਨਿਰੰਜਨ; ਮਨ ਮਹਿ ਲਏ ॥

ਜਿਸ ਉੱਪਰ ਗੁਰੂ ਸਾਹਿਬ ਜੀ ਸੁਪ੍ਰਸੰਨ = ਭਲੀ ਪ੍ਰਕਾਰ ਖ਼ੁਸ਼ ਹੋਏ ਹਨ, ਉਸ ਦੇ ਅੰਦਰੋਂ ਸਭ ਪ੍ਰਕਾਰ ਦੇ ਭਉ = ਡਰ ਚਲੇ ਗਏ ਹਨ।

ਉਸ ਨੇ ਨਿਰੰਜਨ = ਸ਼ੁੱਧ ਸਰੂਪ ਪਰਮਾਤਮਾ ਦੇ ਨਾਮ ਨੂੰ ਗੁਰਾਂ ਦੁਆਰਾ ਆਪਣੇ ਮਨ = ਹਿਰਦੇ ਮਹਿ = ਵਿਚ ਲਏ = ਪ੍ਰਾਪਤ ਕੀਤਾ ਹੈ।

## ਦੀਨ ਦਇਆਲ; ਸਦਾ ਕਿਰਪਾਲ ॥ ਬਿਨਸਿ ਗਏ; ਸਗਲੇ ਜੰਜਾਲ ॥੧॥

ਦੀਨ = ਗ਼ਰੀਬਾਂ ਉੱਪਰ ਦਇਆਲ = ਮਿਹਰ ਕਰਨ ਵਾਲਾ ਪ੍ਰਭੂ ਜਿਸ ਉੱਪਰ ਸਦਾ = ਹਮੇਸ਼ਾਂ ਕਿਰਪਾਲ = ਮਿਹਰਵਾਨ ਹੋਇਆ ਹੈ।

ਉਸ ਦੇ ਸਗਲੇ = ਸਾਰੇ ਜੰਜਾਲ = ਬੰਧਨ ਬਿਨਸਿ = ਨਾਸ਼ ਹੋ ਗਏ ਹਨ ॥੧॥

## ਸੂਖ ਸਹਜ; ਆਨੰਦ ਘਨੇ ॥

ਉਸ ਨੂੰ ਆਤਮਿਕ ਸੂਖ = ਸੁੱਖ, ਸਹਜ = ਸਾਂਤੀ ਅਤੇ ਘਨੇ = ਬੇਅੰਤ ਅਨੰਦ ਪ੍ਰਾਪਤ ਹੋਏ ਹਨ।

## ਸਾਧਸੰਗਿ ਮਿਟੇ ਭੈ ਭਰਮਾ; ਅੰਮ੍ਰਿਤੁ ਹਰਿ ਹਰਿ ਰਸਨ ਭਨੇ ॥੧॥ਰਹਾਉ॥

ਸਾਧਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਕਰਕੇ ਉਸ ਦੇ ਅੰਦਰੋਂ ਸਾਰੇ ਭੈ = ਡਰ ਅਤੇ ਭਰਮ ਮਿਟੇ = ਮਿਟ ਗਏ ਹਨ, ਜਿਸ ਨੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਅੰਮ੍ਰਿਤ ਨਾਮ ਨੂੰ ਆਪਣੀ ਰਸਨ = ਜੀਭਾ ਨਾਲ ਭਨੇ = ਉਚਾਰਨ ਕੀਤਾ ਹੈ ॥੧॥ਰਹਾਉ॥

## ਚਰਨ ਕਮਲ ਸਿਉ; ਲਾਗੋ ਹੇਤੁ ॥ ਖਿਨ ਮਹਿ ਬਿਨਸਿਓ; ਮਹਾ ਪਰੇਤੁ ॥

ਜਿਸ ਦਾ ਪਰਮਾਤਮਾ ਦੇ ਚਰਣਾਂ-ਕਮਲਾਂ ਦੇ ਸਿਉ = ਨਾਲ ਹੇਤੁ = ਪਿਆਰ ਲਾਗੋ = ਲੱਗਿਆ ਹੈ।

ਉਸ ਦੇ ਅੰਦਰੋਂ ਦੇਹ ਅਧਿਆਸ ਰੂਪੀ ਮਹਾ = ਵੱਡਾ ਪਰੇਤੁ = ਭੂਤ ਇਕ ਖਿਨ = ਛਿਨ ਮਹਿ = ਵਿਚ ਹੀ ਬਿਨਸਿਓ = ਨਾਸ਼ ਹੋ ਗਿਆ ਹੈ।

## ਆਠ ਪਹਰ; ਹਰਿ ਹਰਿ ਜਪੁ ਜਾਪਿ ॥ ਰਾਖਨਹਾਰ; ਗੋਵਿਦ ਗੁਰ ਆਪਿ ॥੨॥

ਹੇ ਭਾਈ! ਤੂੰ ਵੀ ਆਠ ਪਹਰ = ਅੱਠੇ ਪਹਿਰ ਭਾਵ ਰਾਤ-ਦਿਨ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਨਾਮ ਦੇ ਜਾਪ ਨੂੰ ਜਪਿ = ਜਪਣਾ ਕਰ।

ਫੇਰ ਗੁਰ = ਪੂਜਨੀਕ ਗੋਵਿਦ = ਪਰਮਾਤਮਾ **ਵਾ:** ਗੁਰੂ ਤੇ ਪਰਮਾਤਮਾ ਆਪ ਹੀ ਤੇਰੀ ਰਾਖਨਹਾਰ = ਰੱਖਿਆ ਕਰਨ ਵਾਲਾ ਹੋਵੇਗਾ ॥੨॥

## ਅਪਨੇ ਸੇਵਕ ਕਉ; ਸਦਾ ਪ੍ਰਤਿਪਾਰੈ ॥ ਭਗਤ ਜਨਾ ਕੇ; ਸਾਸ ਨਿਹਾਰੈ ॥

ਉਹ ਪ੍ਰਭੂ ਅਪਨੇ = ਆਪ ਦੇ ਸੇਵਕ = ਦਾਸਾਂ ਕਉ = ਨੂੰ ਸਦਾ = ਹਮੇਸ਼ਾਂ ਪ੍ਰਤਿਪਾਰੈ = ਪਾਲਣਾ ਕਰਦਾ ਹੈ।

ਉਹ ਪ੍ਰਭੂ ਆਪਣੇ ਭਗਤ = ਸੇਵਕ ਜਨਾਂ ਕੇ = ਦੇ ਸਾਸ = ਸੁਆਸ ਵੀ ਨਿਹਾਰੈ = ਤੱਕਦਾ ਹੈ ਭਾਵ ਕਿ ਇਨ੍ਹਾਂ ਨੂੰ ਕੋਈ ਦੁਖ, ਤਕਲੀਫ਼ ਨਾ ਹੋਵੇ।

## ਮਾਨਸ ਕੀ; ਕਹੁ ਕੇਤਕ ਬਾਤ ॥ ਜਮ ਤੇ ਰਾਖੈ; ਦੇ ਕਰਿ ਹਾਥ ॥੩॥

ਮਾਨਸ = ਮਨੁੱਖ ਤੋਂ ਬਚਾਉਣਾ ਕੀ = ਦੀ ਕਹੁ = ਦੱਸੋ, ਕੇਤਕ = ਕਿਤਨੀ ਕੁ ਬਾਤ = ਗੱਲ ਹੈ।

ਉਹ ਪ੍ਰਭੂ ਤਾਂ ਆਪਣਾ ਕਿਰਪਾ ਰੂਪੀ ਹਾਥ = ਹੱਥ ਦੇ ਕਰਿ = ਕਰਕੇ ਜਮਾਂ ਤੇ = ਤੋਂ ਵੀ ਰਾਖੈ = ਰੱਖਿਆ ਕਰਦਾ ਹੈ ॥੩॥

## ਨਿਰਮਲ ਸੋਭਾ; ਨਿਰਮਲ ਰੀਤਿ ॥ ਪਾਰਬ੍ਰਹਮੁ; ਆਇਆ ਮਨਿ ਚੀਤਿ ॥

ਉਸ ਮਨੁੱਖ ਦੀ ਸੋਭਾ = ਵਡਿਆਈ ਵੀ ਨਿਰਮਲ = ਉੱਜਲ ਹੈ ਅਤੇ ਉਸ ਦੀ ਸੰਸਾਰ ਤੋਂ ਰੀਤਿ = ਮਰਯਾਦਾ ਵੀ ਨਿਰਮਲ = ਉੱਜਲ ਹੈ।

ਜਿਸ ਮਨੁੱਖ ਨੂੰ ਆਪਣੇ ਮਨ ਦੀ ਚੀਤਿ = ਚਿਤਵਨੀ ਵਿਚ ਪਾਰਬ੍ਰਹਮ = ਪਰਮਾਤਮਾ ਚੀਤਿ = ਚੇਤੇ ਆਇਆ ਹੈ।

## ਕਰਿ ਕਿਰਪਾ; ਗੁਰਿ ਦੀਨੋ ਦਾਨੁ ॥ ਨਾਨਕ; ਪਾਇਆ ਨਾਮੁ ਨਿਧਾਨੁ ॥੪॥੩੩॥੪੬॥

ਆਪਣੀ ਕਿਰਪਾ = ਮਿਹਰ ਕਰਿ = ਕਰਕੇ ਗੁਰਾਂ ਨੇ ਜਿਸ ਨੂੰ ਨਾਮ ਦਾ ਦਾਨ ਦੀਨੋ = ਦੇਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਨੇ ਹੀ ਨਾਮ ਦਾ ਨਿਧਾਨੁ = ਖ਼ਜ਼ਾਨਾ ਪਾਇਆ = ਪਾਉਣਾ ਕੀਤਾ ਹੈ ॥੪॥੩੩॥੪੬॥

## ਭੈਰਉ ਮਹਲਾ ੫ ॥

## ਕਰਣ ਕਾਰਣ ਸਮਰਥੁ; ਗੁਰੁ ਮੇਰਾ ॥ ਜੀਅ ਪ੍ਰਾਣ; ਸੁਖਦਾਤਾ ਨੇਰਾ ॥

ਹੇ ਭਾਈ! ਮੇਰਾ ਗੁਰੂ ਸਾਰੇ ਕਾਰਜਾਂ ਦੇ ਕਰਨ ਵਾਲਾ ਤੇ ਕਾਰਣ ਰੂਪ ਹੈ ਅਤੇ ਸਮਰਥੁ = ਸਰਬ ਸ਼ਕਤੀਵਾਨ ਹੈ **ਵਾ:** ਸਾਰੇ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ।

ਜੀਅ = ਜੀਵ ਤੇ ਪ੍ਰਾਣ = ਸੁਆਸਾਂ ਨੂੰ ਸੁਖਦਾਤਾ = ਸੁੱਖ ਦੇਣ ਵਾਲਾ ਤੇ ਨੇਰਾ = ਨਜ਼ਦੀਕ ਹੈ, ਅਸੀਂ ਇਹ ਨੇਰਾ = ਨਿਰਣਾ ਕੀਤਾ ਹੈ ਕਿ ਮੇਰਾ ਗੁਰੂ ਹੀ ਸਭ ਦੇ ਪ੍ਰਾਣਾਂ ਦਾ ਆਸਰਾ ਰੂਪ ਅਤੇ ਸੁੱਖ ਦੇਣ ਵਾਲਾ ਹੈ।

## ਭੈ ਭੰਜਨ; ਅਬਿਨਾਸੀ ਰਾਇ ॥ ਦਰਸਨਿ ਦੇਖਿਐ; ਸਭੁ ਦੁਖੁ ਜਾਇ ॥੧॥

ਗੁਰੂ ਜੀ ਭੈ = ਡਰ ਦੇ ਭੰਜਨ = ਨਾਸ਼ ਕਰਨ ਵਾਲੇ ਅਬਿਨਾਸੀ = ਨਾਸ਼ ਤੋਂ ਰਹਿਤ ਰਾਇ = ਪ੍ਰਕਾਸ਼ ਸਰੂਪ ਪ੍ਰਭੂ ਦਾ ਰੂਪ ਹਨ।

ਉਨ੍ਹਾਂ ਗੁਰਾਂ ਦੇ ਦਰਸਨਿ = ਦੀਦਾਰ ਦੇਖਿਐ = ਦੇਖਣ ਕਰਕੇ ਸਭੁ = ਸਾਰੇ ਜੰਮਣ-ਮਰਨ, ਅਗਿਆਨ ਆਦਿ ਦੁਖ ਚਲੇ ਜਾਂਦੇ ਹਨ ॥੧॥

## ਜਤ ਕਤ ਪੇਖਉ; ਤੇਰੀ ਸਰਣਾ ॥
## ਬਲਿ ਬਲਿ ਜਾਈ; ਸਤਿਗੁਰ ਚਰਣਾ ॥੧॥ਰਹਾਉ॥

ਹੇ ਗੁਰੂ ਜੀ! ਅਸੀਂ ਜਤ ਕਤ = ਜਿਥੇ ਕਿਥੇ ਵੀ ਪੇਖਉ = ਵੇਖਦੇ ਹਾਂ, ਉਥੇ ਤੇਰੀ = ਤੁਹਾਡੀ ਸਰਣਾ = ਓਟ ਕਰਕੇ ਹੀ ਨਿਹਾਲ ਹੁੰਦੇ ਹਾਂ।

ਹੇ ਸਤਿਗੁਰੂ ਜੀ! ਅਸੀਂ ਤੁਹਾਡੇ ਚਰਣਾਂ ਕਮਲਾਂ ਤੋਂ ਬਲਿ ਬਲਿ = ਬਲਿਹਾਰ, ਕੁਰਬਾਨ ਜਾਈ = ਜਾਂਦੇ ਹਾਂ ॥੧॥ਰਹਾਉ॥

## ਪੂਰਨ ਕਾਮ; ਮਿਲੇ ਗੁਰਦੇਵ ॥ ਸਭਿ ਫਲਦਾਤਾ; ਨਿਰਮਲ ਸੇਵ ॥

ਗੁਰਦੇਵ = ਪੂਜਨੀਕ ਗੁਰਾਂ ਨਾਲ ਮਿਲੇ = ਮਿਲਣ ਕਰਕੇ ਵਿਵਹਾਰਕ ਅਤੇ ਪਰਮਾਰਥ ਦੇ ਸਾਰੇ ਕਾਮ = ਕਾਰਜ ਪੂਰਨ = ਪੂਰੇ ਹੋ ਜਾਂਦੇ ਹਨ।

ਗੁਰੂ ਸਭਿ = ਸਾਰੇ ਧਰਮ, ਅਰਥ, ਕਾਮ, ਮੋਖ ਰੂਪੀ ਫਲਦਾਤਾ = ਫਲਾਂ ਦਾ ਦਾਨੀ ਹੈ, ਉਸ ਦੀ ਸੇਵਾ = ਟਹਿਲ ਹਿਰਦੇ ਨੂੰ ਨਿਰਮਲ = ਉੱਜਲ ਕਰਨ ਵਾਲੀ ਹੈ।

## ਕਰੁ ਗਹਿ ਲੀਨੇ; ਅਪੁਨੇ ਦਾਸ ॥ ਰਾਮ ਨਾਮੁ; ਰਿਦ ਦੀਓ ਨਿਵਾਸ ॥੨॥

ਸਤਿਗੁਰਾਂ ਨੇ ਅਪੁਨੇ = ਆਪ ਦੇ ਦਾਸ = ਸੇਵਕ ਕਰੁ = ਹੱਥ ਤੋਂ ਗਹਿ = ਪਕੜ ਕੇ ਸੰਸਾਰ-ਸਮੁੰਦ੍ਰ ਤੋਂ ਬਾਹਰ ਕੱਢ ਲੀਨੇ = ਲਏ ਹਨ।

ਰਾਮ = ਪਰਮਾਤਮਾ ਦੇ ਨਾਮ ਦਾ ਉਨ੍ਹਾਂ ਦੇ ਰਿਦ = ਹਿਰਦੇ ਅੰਦਰ ਨਿਵਾਸ = ਵਾਸਾ ਕਰ ਦੀਓ = ਦਿੱਤਾ ਹੈ ॥੨॥

## ਸਦਾ ਅਨੰਦੁ; ਨਾਹੀ ਕਿਛੁ ਸੋਗੁ ॥ ਦੂਖੁ ਦਰਦੁ; ਨਹ ਬਿਆਪੈ ਰੋਗੁ ॥

ਉਨ੍ਹਾਂ ਨੂੰ ਸਦਾ = ਹਮੇਸ਼ਾਂ ਅਨੰਦ ਬਣਿਆ ਰਹਿੰਦਾ ਹੈ ਅਤੇ ਕਦੇ ਵੀ ਕਿਛੁ = ਕੁਝ ਸੋਗੁ = ਗ਼ਮ ਨਹੀਂ ਹੁੰਦਾ।

ਜੰਮਣ-ਮਰਣ ਦਾ ਦੁੱਖ, ਅਵਿੱਦਿਆ ਦੀ ਪੀੜਾ ਅਤੇ ਹੰਕਾਰ ਆਦਿ ਦਾ ਰੋਗ ਨਹੀਂ ਬਿਆਪੈ = ਲੱਗਦਾ।

## ਸਭੁ ਕਿਛੁ ਤੇਰਾ; ਤੂ ਕਰਣੈਹਾਰੁ ॥ ਪਾਰਬ੍ਰਹਮ ਗੁਰ; ਅਗਮ ਅਪਾਰ ॥੩॥

ਹੇ ਮਹਾਰਾਜ! ਸਭੁ = ਸਾਰਾ ਕਿਛੁ = ਕੁਝ ਤੇਰਾ ਹੀ ਬਖ਼ਸ਼ਿਸ਼ ਕੀਤਾ ਹੋਇਆ ਹੈ ਅਤੇ ਤੂੰ ਆਪ ਹੀ ਸਭ ਕੁਝ ਕਰਣੈਹਾਰੁ = ਕਰਨ ਵਾਲਾ ਹੈਂ।

ਹੇ ਪਾਰਬ੍ਰਹਮ = ਪਰਮਾਤਮਾ, ਗੁਰ = ਚੇਤਨ ਸਰੂਪ **ਵਾ:** ਪਰਮਾਤਮਾ ਸਰੂਪ ਗੁਰੂ ਜੀ! ਤੁਸੀਂ ਮਨ ਕਰਕੇ ਅਗਮ = ਗੰਮਤਾ ਤੋਂ ਰਹਿਤ ਅਤੇ ਅਪਾਰ = ਪਾਰਾਵਾਰ ਤੋਂ ਰਹਿਤ ਹੋ ॥੩॥

## ਨਿਰਮਲ ਸੋਭਾ; ਅਚਰਜ ਬਾਣੀ ॥ ਪਾਰਬ੍ਰਹਮ ਪੂਰਨ; ਮਨਿ ਭਾਣੀ ॥

ਹੇ ਮਹਾਰਾਜ! ਆਪ ਜੀ ਦੀ ਸੋਭਾ = ਵਡਿਆਈ ਨਿਰਮਲ = ਉੱਜਲ ਹੈ ਅਤੇ ਬਾਣੀ ਵੀ ਅਚਰਜ = ਵਿਸਮਾਦਤਾ ਵਾਲੀ ਹੈ।

ਹੇ ਪੂਰਨ ਪਾਰਬ੍ਰਹਮ = ਪਰਮਾਤਮਾ! ਇਹ ਤੁਹਾਡੇ ਮਨਿ = ਹਿਰਦੇ ਵਿਚ ਭਾਣੀ = ਚੰਗੀ ਲੱਗੀ ਹੈ **ਵਾ:** ਤੁਹਾਡੀ ਕੀਰਤੀ ਸਾਡੇ ਮਨ ਵਿਚ ਚੰਗੀ ਲੱਗਦੀ ਹੈ।

## ਜਲਿ ਥਲਿ ਮਹੀਅਲਿ; ਰਵਿਆ ਸੋਇ ॥
## ਨਾਨਕ; ਸਭੁ ਕਿਛੁ ਪ੍ਰਭ ਤੇ ਹੋਇ ॥੪॥੩੪॥੪੭॥

ਸੋਇ = ਸ਼ੋਭਾ ਦੇ ਮਾਲਕ ਪ੍ਰਭੂ! ਸੋ ਤੂੰ ਜਲਿ = ਪਾਣੀ ਵਾਲੇ ਥਾਵਾਂ ਅਤੇ ਥਲਿ = ਖ਼ੁਸ਼ਕ ਥਾਵਾਂ ਦੇ ਮਹੀਅਲਿ = ਵਿਚ ਰਵਿਆ = ਮਿਲ ਰਿਹਾ ਹੈਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪ੍ਰਭੂ! ਸਭੁ = ਸਾਰਾ ਕਿਛੁ = ਕੁਝ ਤੇਰੇ ਤੇ = ਤੋਂ ਹੀ ਉਤਪਤ ਹੋਇ = ਹੁੰਦਾ ਹੈ ॥੪॥੩੪॥੪੭॥

## ਭੈਰਉ ਮਹਲਾ ੫ ॥

## ਮਨੁ ਤਨੁ ਰਾਤਾ; ਰਾਮ ਰੰਗਿ ਚਰਣੇ ॥ ਸਰਬ ਮਨੋਰਥ; ਪੂਰਨ ਕਰਣੇ ॥

ਜਿਸ ਮਨੁੱਖ ਦਾ ਮਨੁ = ਹਿਰਦਾ ਤੇ ਤਨੁ = ਸਰੀਰ ਰਾਮ = ਪਰਮਾਤਮਾ ਦੇ ਰੰਗਿ = ਪ੍ਰੇਮ ਤੇ ਚਰਣੇ = ਚਰਣਾਂ ਕਮਲਾਂ ਵਿਚ ਰਾਤਾ = ਰੰਗਿਆ ਗਿਆ ਹੈ।

ਪਰਮਾਤਮਾ ਨੇ ਉਸ ਦੇ ਸਰਬ = ਸਾਰੇ ਮਨੋਰਥ = ਮਨ ਦੇ ਫੁਰਨੇ ਪੂਰਨ = ਪੂਰੇ ਕਰਣੇ = ਕੀਤੇ ਹਨ।

[ਅੰਗ ੧੧੫੦]

## ਆਠ ਪਹਰ; ਗਾਵਤ ਭਗਵੰਤੁ ॥ ਸਤਿਗੁਰਿ; ਦੀਨੋ ਪੂਰਾ ਮੰਤੁ ॥੧॥

ਉਹ ਮਨੁੱਖ ਆਠ ਪਹਰ = ਅੱਠੇ ਪਹਿਰ ਭਾਵ ਰਾਤ ਦਿਨ ਭਗਵੰਤੁ = ਪਰਮਾਤਮਾ ਦੇ ਗੁਣ ਗਾਵਤ = ਗਾਉਂਦਾ ਰਹਿੰਦਾ ਹੈ।

ਜਿਸ ਮਨੁੱਖ ਨੂੰ ਸਤਿਗੁਰਾਂ ਨੇ ਪੂਰਾ = ਪੂਰਨ ਮੰਤੁ = ਮੰਤ੍ਰ (ਉਪਦੇਸ਼) ਦੀਨੋ = ਦੇਣਾ ਕੀਤਾ ਹੈ, ਪੂਰਨ ਸਤਿਗੁਰਾਂ ਨੇ ਵਾਹਿਗੁਰੂ ਗੁਰਮੰਤ੍ਰ ਦੇਣਾ ਕੀਤਾ ਹੈ॥੧॥

## ਸੋ ਵਡਭਾਗੀ; ਜਿਸੁ ਨਾਮਿ ਪਿਆਰੁ ॥ ਤਿਸ ਕੈ ਸੰਗਿ; ਤਰੈ ਸੰਸਾਰੁ ॥੧॥ਰਹਾਉ॥

ਹੇ ਭਾਈ ! ਸੋ = ਉਹ ਮਨੁੱਖ ਵਡਭਾਗੀ = ਵੱਡੇ ਭਾਗਾਂ ਵਾਲਾ ਹੈ, ਜਿਸ ਦਾ ਪਰਮਾਤਮਾ ਦੇ ਨਾਮ ਵਿਚ ਪਿਆਰੁ = ਪ੍ਰੇਮ ਲੱਗਾ ਹੋਇਆ ਹੈ।

ਤਿਸ = ਉਸ ਮਨੁੱਖ ਕੈ = ਕੇ ਸੰਗਿ = ਸਾਥ ਕਰਕੇ ਸਾਰਾ ਸੰਸਾਰੁ = ਜਗਤ ਵੀ ਤਰੈ = ਤਰ ਜਾਂਦਾ ਹੈ॥੧॥ਰਹਾਉ॥

## ਸੋਈ ਗਿਆਨੀ; ਜਿ ਸਿਮਰੈ ਏਕ ॥ ਸੋ ਧਨਵੰਤਾ; ਜਿਸੁ ਬੁਧਿ ਬਿਬੇਕ ॥

ਹੇ ਭਾਈ ! ਸੋਈ = ਉਹੋ ਹੀ ਅਸਲ ਗਿਆਨੀ = ਗਿਆਨਵਾਨ ਹੈ, ਜਿ = ਜਿਹੜਾ ਏਕ = ਅਦੁੱਤੀ ਪਰਮਾਤਮਾ ਨੂੰ ਸਿਮਰੈ = ਸਿਮਰਦਾ ਹੈ।

ਸੋਈ = ਉਹੋ ਹੀ ਅਸਲ ਧਨਵੰਤਾ = ਧਨ ਵਾਲਾ ਪੁਰਖ ਹੈ, ਜਿਸ ਕੀ ਬੁਧਿ = ਮਤਿ ਵਿਚ ਸਰੂਪ ਦਾ ਬਿਬੇਕ = ਗਿਆਨ ਹੈ **ਵਾ:** (ਬਿਬ + ਏਕ) ਬਿਬ = ਦੋ, ਭਾਵ ਜੀਵ ਤੇ ਈਸ਼ੁ ਦੀ ਏਕ = ਏਕਤਾ ਵਾਲੀ ਆਤਮ ਵਿਸ਼ੈਣੀ ਬੁੱਧ ਹੈ।

## ਸੋ ਕੁਲਵੰਤਾ; ਜਿ ਸਿਮਰੈ ਸੁਆਮੀ ॥ ਸੋ ਪਤਿਵੰਤਾ; ਜਿ ਆਪੁ ਪਛਾਨੀ ॥੨॥

ਹੇ ਭਾਈ ! ਸੋ = ਉਹ ਪੁਰਖ ਹੀ ਸ੍ਰੇਸ਼ਟ ਕੁਲਵੰਤਾ = ਕੁਲ ਵਾਲਾ ਹੈ, ਜਿ = ਜਿਹੜਾ ਸੁਆਮੀ = ਮਾਲਕ ਪਰਮਾਤਮਾ ਨੂੰ ਸਿਮਰੈ = ਸਿਮਰਦਾ ਹੈ।

ਸੋ = ਉਹੋ ਹੀ ਪੁਰਖੁ ਸ੍ਰੇਸ਼ਟ ਪਤਿਵੰਤਾ = ਇੱਜ਼ਤ ਵਾਲਾ ਹੈ, ਜਿ = ਜਿਹੜਾ ਸਰੀਰਾਂ ਦਾ ਮੋਹ ਛੱਡ ਕੇ ਆਪੁ = ਆਪਣੇ ਆਤਮਾ ਦੀ ਪਛਾਨੀ = ਪਛਾਣ ਕਰਦਾ ਹੈ॥੨॥

## ਗੁਰਪਰਸਾਦਿ; ਪਰਮਪਦੁ ਪਾਇਆ ॥ ਗੁਣ ਗੋੁਪਾਲ; ਦਿਨੁ ਰੈਨਿ ਧਿਆਇਆ ॥

ਉਸ ਮਨੁੱਖ ਨੇ ਗੁਰਾਂ ਦੀ ਪਰਸਾਦਿ = ਕਿਰਪਾ ਦੁਆਰਾ ਪਰਮਪਦੁ = ਵੱਡੀ ਕੈਵਲ ਮੋਖ ਰੂਪੀ ਪਦਵੀ ਨੂੰ ਪਾਇਆ = ਪਾਉਣਾ ਕੀਤਾ ਹੈ।

ਜਿਸ ਮਨੁੱਖ ਨੇ ਦਿਨ ਰੈਨਿ = ਰਾਤ ਗੋੁਪਾਲ = ਪਰਮਾਤਮਾ ਦੇ ਗੁਣਾਂ ਨੂੰ ਧਿਆਕਾਰ ਬਿਰਤੀ ਕਰਕੇ ਧਿਆਇਆ = ਆਰਾਧਣਾ ਕੀਤਾ ਹੈ।

## ਤੂਟੇ ਬੰਧਨ; ਪੂਰਨ ਆਸਾ ॥ ਹਰਿ ਕੇ ਚਰਣ; ਰਿਦ ਮਾਹਿ ਨਿਵਾਸਾ ॥੩॥

(ਪਾਠਾਂਤ੍ਰ **ਤ੍ਰੂਟੈ** ਹੈ)

ਉਸ ਮਨੁੱਖ ਦੇ ਕਰਤਾ ਭੋਗਤਾ ਆਦਿ ਬੰਧਨ = ਜੰਜਾਲ ਤੂਟੇ = ਟੁੱਟ ਗਏ ਹਨ ਅਤੇ ਸਾਰੀ ਆਸਾ = ਇੱਛਾ ਵੀ ਪੂਰਨ = ਪੂਰੀ ਹੋਈ ਹੈ।

ਜਿਸ ਮਨੁੱਖ ਦੇ ਰਿਦ = ਹਿਰਦੇ ਮਾਹਿ = ਵਿਚ ਹਰਿ = ਪਰਮਾਤਮਾ ਕੇ = ਦੇ ਚਰਣ ਕਮਲਾਂ ਦਾ ਨਿਵਾਸਾ = ਵਾਸਾ ਹੈ ॥੩॥

## ਕਹੁ ਨਾਨਕ; ਜਾ ਕੇ ਪੂਰਨ ਕਰਮਾ ॥ ਸੋ ਜਨੁ ਆਇਆ; ਪ੍ਰਭ ਕੀ ਸਰਨਾ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਾ = ਜਿਸ ਮਨੁੱਖ ਕੇ = ਦੇ ਪੂਰਨ ਨਿਸ਼ਕਾਮ ਕਰਮ ਹਨ।

ਸੋ = ਉਹ ਜਨੁ = ਪੁਰਖ ਹੀ ਪ੍ਰਭ = ਪਰਮਾਤਮਾ ਕੀ = ਦੀ ਸਰਨਾ = ਓਟ ਵਿਚ ਆਇਆ ਹੈ।

## ਆਪਿ ਪਵਿਤੁ; ਪਾਵਨ ਸਭਿ ਕੀਨੇ ॥
## ਰਾਮ ਰਸਾਇਣੁ; ਰਸਨਾ ਚੀਨ੍ਹੇ ॥੪॥੩੫॥੪੮॥

ਉਹ ਪੁਰਖ ਆਪ ਵੀ ਪਵਿਤੁ = ਪਵਿੱਤਰ ਜੀਵਨ ਵਾਲਾ ਹੈ ਅਤੇ ਉਸਨੇ ਆਪਣੇ ਸਤਸੰਗੀ ਵੀ ਸਭਿ = ਸਾਰੇ ਪਾਵਨ = ਪਵਿੱਤਰ ਜੀਵਨ ਵਾਲੇ ਕੀਨੇ = ਕਰ ਦਿੱਤੇ ਹਨ।

ਉਸ ਨੇ ਰਸਾਇਣੁ = ਰਸਾਂ ਦੇ ਘਰ ਰਾਮ = ਪਰਮਾਤਮਾ ਦੇ ਨਾਮ ਰਸ ਨੂੰ ਆਪਣੀ ਰਸਨਾ = ਜੀਭਾ ਦੁਆਰਾ ਚੀਨ੍ਹੇ = ਪਛਾਣਿਆ ਹੈ **ਵਾ:** ਪ੍ਰੀਤੀ ਰੂਪੀ ਰਸਨਾ ਦੁਆਰਾ ਨਾਮ ਰਸ ਨੂੰ ਪਛਾਣਨਾ ਕੀਤਾ ਹੈ ॥੪॥੩੫॥੪੮॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਪਰਮਾਤਮਾ ਦੇ ਨਾਮ ਦਾ ਪ੍ਰਤਾਪ ਦੱਸਦੇ ਹਨ।

## ਨਾਮੁ ਲੈਤ; ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ; ਜਮੁ ਦੂਰਹੁ ਭਾਗੈ ॥

ਹੇ ਭਾਈ! ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ (ਰਾਗ ਦ੍ਵੈਖ, ਕਾਮ; ਕ੍ਰੋਧ, ਨਿੰਦ੍ਾ-ਵਿਕਲਪ, ਸਿੰਮ੍ਰਿਤੀ ਆਦਿ ਬਿਰਤੀਆਂ ਰੂਪੀ) ਕਿਛੁ = ਕੁਝ ਵੀ ਬਿਘਨ ਨਹੀਂ ਲਾਗੈ = ਲੱਗਦਾ, ਭਾਵ ਕੋਈ ਰੁਕਾਵਟ ਨਹੀਂ ਪੈਂਦੀ।

ਪਰਮਾਤਮਾ ਦੇ ਨਾਮ ਨੂੰ ਸੁਣਤ = ਸੁਣਦਿਆਂ, ਸੁਣਨ ਵਾਲੇ ਦੇ ਪਾਸੋਂ ਜਮੁ = ਯਮਰਾਜ ਵੀ ਦੂਰਹੁ = ਦੂਰ ਤੋਂ ਹੀ ਭਾਗੈ = ਭੱਜ ਜਾਂਦਾ ਹੈ, ਭਾਵ ਜਮ ਆਦਿਕ ਵੀ ਨਾਮ ਜਪਣ, ਸੁਣਨ ਵਾਲੇ ਦੇ ਨੇੜੇ ਨਹੀਂ ਆਉਂਦੇ।

## ਨਾਮੁ ਲੈਤ; ਸਭ ਦੂਖਹ ਨਾਸੁ ॥ ਨਾਮੁ ਜਪਤ; ਹਰਿ ਚਰਣ ਨਿਵਾਸੁ ॥੧॥

ਪਰਮਾਤਮਾ ਦਾ ਨਾਮ ਲੈਤ = ਲੈਣ ਕਰਕੇ ਸਭ = ਸਾਰੇ ਦੂਖਹ = ਦੁਖ ਨਾਸ = ਨਸ਼ਟ ਹੋ ਜਾਂਦੇ ਹਨ।

ਪਰਮਾਤਮਾ ਦਾ ਨਾਮ ਜਪਤ = ਜਪਦਿਆਂ ਹਰਿ = ਪਰਮਾਤਮਾ ਦੇ ਚਰਣਾਂ ਵਿਚ ਨਿਵਾਸੁ = ਵਾਸਾ, ਇਸਥਿਤੀ ਹੋ ਜਾਂਦੀ ਹੈ ॥੧॥

## ਨਿਰਬਿਘਨ ਭਗਤਿ; ਭਜੁ ਹਰਿ ਹਰਿ ਨਾਉ ॥

ਜੋ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਉ = ਨਾਮ ਭਜੁ = ਸਿਮਰਨਾ ਹੈ, ਇਹ ਨਿਰਬਿਘਨ = ਵਿਘਨਾਂ ਤੋਂ ਰਹਿਤ ਕਰਨ ਵਾਲੀ ਭਗਤਿ = ਭਗਤੀ ਹੈ ਅਰਥਾਤ ਹੋਰ ਜਗ, ਤਪ ਆਦਿ ਕਰਨ ਲੱਗਿਆਂ ਅਨੇਕਾਂ ਵਿਘਨ ਪੈਂਦੇ ਹਨ ਪਰ ਪਰਮਾਤਮਾ ਦੇ ਨਾਮ ਦੀ ਭਗਤੀ ਸਾਰੇ ਵਿਘਨਾਂ ਤੋਂ ਰਹਿਤ ਕਰਨ ਵਾਲੀ ਹੈ।

## ਰਸਕਿ ਰਸਕਿ; ਹਰਿ ਕੇ ਗੁਣ ਗਾਉ ॥੧॥ਰਹਾਉ॥

ਹੇ ਭਾਈ ! ਚਿਤ ਨੂੰ ਰਸਕਿ ਰਸਕਿ = ਰਸਾ ਰਸਾ ਕੇ ਭਾਵ ਅਨੰਦ ਲੈ ਲੈ ਕੇ ਹਰਿ = ਪਰਮਾਤਮਾ ਕੇ = ਦੇ ਗੁਣ ਗਾਉ = ਗਾਉਣਾ ਕਰੋ ॥੧॥ਰਹਾਉ॥

## ਹਰਿ ਸਿਮਰਤ; ਕਿਛੁ ਚਾਖੁ ਨ ਜੋਹੈ ॥ ਹਰਿ ਸਿਮਰਤ; ਦੈਤ ਦੇਉ ਨ ਪੋਹੈ ॥

ਹਰਿ = ਪਰਮਾਤਮਾ ਦੇ ਨਾਮ ਨੂੰ ਸਿਮਰਤ = ਸਿਮਰਦਿਆਂ ਚਾਖੁ = ਬਦ-ਨਜ਼ਰ ਵਾਲੀ ਡੈਣ ਕਿਛੁ = ਕੁਝ ਜੋਹੈ = ਤੱਕ ਨਹੀਂ ਸਕਦੀ।

ਹਰਿ = ਪਰਮਾਤਮਾ ਦੇ ਨਾਮ ਨੂੰ ਸਿਮਰਤ = ਸਿਮਰਦਿਆਂ ਕੋਈ ਵੀ ਦੈਤ[੧] = ਰਾਖਸ਼ ਅਤੇ ਦੇਉ = ਭੂਤ, ਸ਼ੈਤਾਨ ਆਦਿ ਪੋਹੈ = ਪੋਹ ਨਹੀਂ ਸਕਦਾ ਭਾਵ ਆਪਣਾ ਅਸਰ ਨਹੀਂ ਕਰ ਸਕਦਾ **ਵਾ:** ਅਗਿਆਨ ਰੂਪੀ ਦੈਂਤ ਅਤੇ ਕਾਮਾਦਿਕ ਰੂਪੀ ਦੇਉ ਪੋਹ ਨਹੀਂ ਸਕਦੇ।

## ਹਰਿ ਸਿਮਰਤ; ਮੋਹੁ ਮਾਨੁ ਨ ਬਧੈ ॥ ਹਰਿ ਸਿਮਰਤ; ਗਰਭ ਜੋਨਿ ਨ ਰੁਧੈ ॥੨॥

ਹਰਿ = ਪਰਮਾਤਮਾ ਦੇ ਨਾਮ ਨੂੰ ਸਿਮਰਤ = ਸਿਮਰਦਿਆਂ, ਸਰੀਰਾਂ ਆਦਿ ਦਾ ਮੋਹ = ਸਨੇਹ ਅਤੇ ਗੁਣਾਂ; ਮਾਇਆ ਆਦਿ ਦਾ ਮਾਨੁ = ਅਭਿਆਨ ਨਹੀਂ ਬਧੈ = ਵਧਦਾ **ਵਾ:** ਬਧੈ = ਨਾਸ਼ ਨਹੀਂ ਕਰਦਾ।

ਹਰਿ = ਪਰਮਾਤਮਾ ਦੇ ਨਾਮ ਨੂੰ ਸਿਮਰਤ = ਸਿਮਰਦਿਆਂ ਜੀਵ ਗਰਭ ਜੋਨਿ = ਜੂਨਾਂ ਵਿਚ ਰੁਧੈ = ਰੁਕਿਆ, ਫਸਿਆ ਨਹੀਂ ਰਹਿੰਦਾ ਭਾਵ ਜੂਨਾਂ ਵਿਚ ਆਉਣ ਵੱਲੋਂ ਮੁਕਤ ਹੋ ਜਾਂਦਾ ਹੈ॥੨॥

## ਹਰਿ ਸਿਮਰਨ ਕੀ; ਸਗਲੀ ਬੇਲਾ ॥ ਹਰਿ ਸਿਮਰਨੁ; ਬਹੁ ਮਾਹਿ ਇਕੇਲਾ ॥

ਹੇ ਭਾਈ ! ਹਰਿ = ਪਰਮਾਤਮਾ ਦੇ ਨਾਮ ਸਿਮਰਨ = ਚਿੰਤਨ ਕੀ = ਦੀਆਂ ਸਗਲੀ = ਸਾਰੀਆਂ ਹੀ ਬੇਲਾ = ਘੜੀਆਂ ਹਨ, ਭਾਵ ਪਰਮਾਤਮਾ ਦੇ ਸਿਮਰਨ ਲਈ ਕੋਈ ਖ਼ਾਸ ਸਮਾਂ ਨਹੀਂ, ਸਾਰੇ ਸਮੇਂ ਹੀ ਚੰਗੇ ਹਨ।

ਹਰਿ = ਪਰਮਾਤਮਾ ਦੇ ਨਾਮ ਦਾ ਸਿਮਰਨੁ = ਚਿੰਤਨ ਬਹੁ = ਬਹੁਤ ਸਾਰੇ ਸਾਧਨਾ ਮਾਹਿ = ਵਿੱਚੋਂ ਇਕੇਲਾ = ਇਕੱਲਾ ਹੀ ਤਾਰਨ ਵਾਲਾ ਹੈ **ਵਾ:** ਇਕ ਹਰੀ ਦਾ ਸਿਮਰਨ ਹੀ ਜੀਵਾਂ ਨੂੰ ਬਹੁਤੇ ਵਿਘਨਾਂ ਵਿੱਚੋਂ ਬਚਾ ਕੇ ਰੱਖਣ ਵਾਲਾ ਹੈ **ਵਾ:** ਹਰੀ ਦਾ ਸਿਮਰਨ ਬੇਅੰਤ ਜੀਵਾਂ ਵਿੱਚੋਂ ਕੋਈ ਇਕ ਅੱਧਾ ਭਾਵ ਟਾਵਾਂ-ਟਾਵਾਂ ਮਨੁੱਖ ਹੀ ਕਰਦਾ ਹੈ।

**ਅਥਵਾ** ਜਿਵੇਂ ਸੌ ਜਾਂ ਹਜ਼ਾਰ ਮਨੁੱਖਾਂ ਨਾਲ ਲੜਨ ਵਾਲਾ ਰਥੀ ਸੂਰਮਾ ਹੁੰਦਾ ਹੈ, ਦਸ ਹਜ਼ਾਰ ਨਾਲ ਇਕੱਲਾ ਹੀ ਜੰਗ ਕਰਕੇ ਫ਼ਤਹਿ ਪਾਵੇ, ਉਹ ਮਹਾਰਥੀ ਸੂਰਮਾ ਹੁੰਦਾ ਹੈ ਅਤੇ ਜੋ ਅਣਗਿਣਤ ਫ਼ੌਜਾਂ ਨਾਲ ਇਕੱਲਾ ਹੀ ਜੰਗ ਕਰ ਕੇ ਫਤੇ ਪਾਵੇ, ਉਹ ਅਤਰਥੀ ਸੂਰਮਾ ਹੁੰਦਾ ਹੈ, ਏਸੇ ਪ੍ਰਕਾਰ ਵੇਦਾਂਤ ਆਦਿ ਦਾ

---

੧. ***ਨੋਟ :*** ਦੈਂਤ ਅਤੇ ਦੇਉ ਦੋਵੇਂ ਭੂਤ ਜਾਤੀ ਦੇ ਹਨ, ਦੈਂਤ ਆਦਮੀਆਂ ਨੂੰ ਖਾ ਜਾਣ ਵਾਲੇ ਹੁੰਦੇ ਹਨ ਅਤੇ ਦੇਉ ਆਕਾਰ ਵਿਚ ਬਹੁਤ ਵੱਡੇ ਹੁੰਦੇ ਹਨ।

ਸ੍ਰਵਣ ਕਰਨ ਵਾਲਾ ਰਥੀ ਸੂਰਮਾ ਹੈ, ਮੰਨਣ ਤੇ ਨਿਧਿਆਸਣ ਕਰਨ ਵਾਲਾ ਮਹਾਰਥੀ ਸੂਰਮਾ ਹੈ ਅਤੇ ਮਨ ਕੇ ਬੇਅੰਤ ਸੰਕਲਪਾਂ ਨਾਲ ਲੜਨ ਵਾਸਤੇ ਇਕੱਲਾ ਨਾਮ ਹੀ ਫ਼ਤਹਿ ਪਾ ਸਕਦਾ ਹੈ।

## ਜਾਤਿ ਅਜਾਤਿ; ਜਪੈ ਜਨੁ ਕੋਇ ॥ ਜੋ ਜਾਪੈ; ਤਿਸ ਕੀ ਗਤਿ ਹੋਇ ॥੩॥

ਹੇ ਭਾਈ ! ਪਰਮਾਤਮਾ ਦੇ ਨਾਮ ਨੂੰ ਉੱਚੀ ਜਾਤਿ = ਜਾਤੀ ਜਾਂ ਅਜਾਤਿ = ਨੀਵੀਂ ਜਾਤੀ ਵਾਲਾ **ਵਾ:** ਜਾਤਿ = ਬੁੱਧ ਵਾਲਾ ਅਜਾਤਿ = ਬੁੱਧ ਹੀਨ ਕੋਇ = ਕੋਈ ਵੀ ਜਨੁ = ਪੁਰਖ ਜਪੈ = ਜਪਣਾ ਕਰੇ।

ਜੋ = ਜਿਹੜਾ ਵੀ ਪਰਮਾਤਮਾ ਦਾ ਨਾਮ ਜਾਪੈ = ਜਪਦਾ ਹੈ, ਤਿਸ = ਉਸ ਕੀ = ਦੀ ਗਤਿ = ਕਲਿਆਣ ਹੋਇ = ਹੋ ਜਾਂਦੀ ਹੈ ॥੩॥

## ਹਰਿ ਕਾ ਨਾਮੁ; ਜਪੀਐ ਸਾਧਸੰਗਿ ॥ ਹਰਿ ਕੇ ਨਾਮ ਕਾ; ਪੂਰਨ ਰੰਗੁ ॥

ਹੇ ਭਾਈ ! ਹਰਿ = ਪਰਮਾਤਮਾ ਕਾ = ਦਾ ਨਾਮ ਸਾਧ ਸੰਗਿ = ਮਹਾਤਮਾ ਜਨਾਂ ਕੀ ਸੰਗਤ ਦੁਆਰਾ ਜਪੀਐ = ਜਪਣਾ ਕਰੀਏ।

ਸਾਧ ਸੰਗਤ ਦੁਆਰਾ ਹਰਿ = ਪਰਮਾਤਮਾ ਕੇ = ਦੇ ਨਾਮ ਕਾ = ਦਾ ਪੂਰਨ ਰੰਗੁ = ਅਨੰਦ ਪ੍ਰਾਪਤ ਹੁੰਦਾ ਹੈ।

## ਨਾਨਕ ਕਉ; ਪ੍ਰਭ ਕਿਰਪਾ ਧਾਰਿ ॥
## ਸਾਸਿ ਸਾਸਿ; ਹਰਿ ਦੇਹੁ ਚਿਤਾਰਿ ॥੪॥੩੬॥੪੯॥

ਸਤਿਗੁਰੂ ਸਾਹਿਬ ਜੀ ਬੇਨਤੀ ਕਰਨ ਦਾ ਢੰਗ ਦੱਸਦੇ ਹੋਏ ਕਥਨ ਕਰਦੇ ਸਨ ਕਿ ਹੇ ਪ੍ਰਭੂ ਸਾਡੇ ਜਨਾਂ ਕਉ = ਦੇ ਉੱਪਰ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਧਾਰਿ = ਧਾਰਨੀ ਕਰ।

ਹੇ ਹਰਿ = ਪ੍ਰਭੂ ! ਸਾਨੂੰ ਸਾਸਿ ਸਾਸਿ = ਹਰੇਕ ਸੁਆਸ ਤੇਰੇ ਨਾਮ ਦਾ ਚਿਤਾਰਿ = ਚਿੰਤਨ ਕਰਨਾ ਦੇਹੁ = ਦੇਣਾ ਕਰ ॥੪॥੩੬॥੪੯॥

## ਭੈਰਉ ਮਹਲਾ ੫ ॥

ਸਤਿਗੁਰੂ ਸਾਹਿਬ ਜੀ ਇਸ ਸ਼ਬਦ ਅੰਦਰ ਵਾਹਿਗੁਰੂ ਨੂੰ ਸਰਬ ਰੂਪ ਕਰਕੇ ਕਥਨ ਕਰਦੇ ਹਨ।

## ਆਪੇ ਸਾਸਤੁ; ਆਪੇ ਬੇਦੁ ॥ ਆਪੇ ਘਟਿ ਘਟਿ; ਜਾਣੈ ਭੇਦੁ ॥

ਪ੍ਰਭੂ ਆਪੇ = ਆਪ ਹੀ ਛੇ ਸਾਸਤੁ = ਸ਼ਾਸਤ੍ਰ ਰੂਪ ਹੈ ਅਤੇ ਆਪੇ = ਆਪ ਹੀ ਚਾਰੇ ਵੇਦ ਰੂਪ ਹੈ **ਵਾ:** (ਸਾ+ਸਤੁ) ਸਾ = ਉਹ ਪਰਮਾਤਮਾ ਆਪ ਹੀ ਸਭ ਸਰੂਪ ਹੈ ਅਤੇ ਆਪ ਹੀ ਬੇਦੁ = ਗਿਆਨ ਸਰੂਪ ਹੈ।

ਪ੍ਰਭੂ ਆਪੇ = ਆਪ ਹੀ ਘਟਿ ਘਟਿ = ਸਰੀਰਾਂ ਸਰੀਰਾਂ ਦੇ ਭੇਦੁ = ਭੇਤਾਂ ਨੂੰ ਜਾਣੈ = ਜਾਣਦਾ ਹੈ।

## ਜੋਤਿ ਸਰੂਪ; ਜਾ ਕੀ ਸਭ ਵਥੁ ॥ ਕਰਣ ਕਾਰਣ; ਪੂਰਨ ਸਮਰਥੁ ॥੧॥

ਉਹ ਪ੍ਰਭੂ ਜੋਤਿ = ਪ੍ਰਕਾਸ਼ ਸਰੂਪ ਹੈ, ਜਾ = ਜਿਸ ਕੀ = ਦੀ ਚੇਤਨ ਸੱਤਾ ਰੂਪ ਵਥੁ = ਵਸਤੂ ਸਭ = ਸਾਰਿਆਂ ਜੀਵਾਂ ਦੇ ਅੰਦਰ ਹੈ।

ਉਹ ਪ੍ਰਭੂ ਸਾਰੇ ਕਾਰਨਾਂ ਦੇ ਕਰਨ ਵਾਲਾ ਪੂਰਨ = ਵਿਆਪਕ ਅਤੇ ਸਮਰਥੁ = ਸਰਬ ਸ਼ਕਤੀਵਾਨ ਹੈ ॥੧॥

## ਪ੍ਰਭ ਕੀ ਓਟ; ਗਹਹੁ ਮਨ ਮੇਰੇ ॥

ਹੇ ਮੇਰੇ ਮਨਾਂ ! ਪ੍ਰਭ = ਪਰਮਾਤਮਾ ਕੀ = ਦੀ ਓਟ = ਟੇਕ, ਸ਼ਰਨ ਨੂੰ ਗਹਹੁ = ਗ੍ਰਹਿਣ ਕਰ ॥

## ਚਰਨ ਕਮਲ ਗੁਰਮੁਖਿ ਆਰਾਧਹੁ; ਦੁਸਮਨ ਦੂਖੁ ਨ ਆਵੈ ਨੇਰੇ ॥੧॥ਰਹਾਉ॥

ਗੁਰਮੁਖਿ = ਮੁਖੀ ਗੁਰਾਂ ਦੁਆਰਾ ਪਰਮਾਤਮਾ ਦੇ ਚਰਨ ਕਮਲਾਂ ਨੂੰ ਆਰਾਧਹੁ = ਧਿਆਉਣਾ ਕਰ, ਫੇਰ ਦੁਸਮਨ = ਦੁਸਮਨੀ ਕਰਨ ਵਾਲੇ ਅਗਿਆਨ ਆਦਿ ਅਤੇ ਜੰਮਣ ਮਰਣ ਰੂਪੀ ਦੁੱਖ ਤੇਰੇ ਨੇਰੇ = ਕੋਲ ਨਹੀਂ ਆਵੈ = ਆਉਣਗੇ ॥੧॥ਰਹਾਉ॥

## ਆਪੇ ਵਣੁ ਤ੍ਰਿਣੁ; ਤ੍ਰਿਭਵਣ ਸਾਰੁ ॥ ਜਾ ਕੈ ਸੂਤਿ; ਪਰੋਇਆ ਸੰਸਾਰੁ ॥

ਪ੍ਰਭੂ ਆਪੇ = ਆਪ ਹੀ ਵਣੁ = ਜੰਗਲ ਰੂਪ, ਤ੍ਰਿਣੁ = ਕੱਖ ਰੂਪ ਅਤੇ ਤ੍ਰਿਭਵਣ = ਤਿੰਨਾਂ ਲੋਕਾ ਦਾ ਸਾਰੁ = ਤੱਤ, ਮੂਲ ਰੂਪ ਹੈ **ਵਾ:** ਤਿੰਨਾਂ ਲੋਕਾਂ ਅੰਦਰ ਸਾਰ ਰੂਪ ਆਪ ਹੈ **ਵਾ:** ਵਣ ਦੀ ਨਿਆਈਂ ਸਰੀਰ, ਤ੍ਰਿਣ ਦੀ ਨਿਆਈਂ ਇੰਦ੍ਰੀਆਂ ਅਤੇ ਤਿੰਨਾਂ ਭਵਣਾਂ ਦੀ ਨਿਆਈਂ ਜਾਗਰਤ, ਸੁਪਨ, ਸੁਖੋਪਤ ਅਵਸਥਾ ਦਾ ਸਾਰ ਰੂਪ ਪ੍ਰਭੂ ਆਪ ਹੀ ਪ੍ਰਕਾਸ਼ਕ ਹੈ।

ਜਾ = ਜਿਸ ਪ੍ਰਭੂ ਕੈ = ਦੇ ਹੁਕਮ, ਚੇਤਨ ਸੱਤਾ, ਪਰਾਲਬਧ ਰੂਪ ਸੂਤਿ = ਧਾਗੇ ਵਿਚ ਸਾਰਾ ਸੰਸਾਰੁ = ਜਗਤ ਪਰੋਇਆ ਹੋਇਆ ਹੈ।

## ਆਪੇ; ਸਿਵ ਸਕਤੀ ਸੰਜੋਗੀ ॥ ਆਪਿ ਨਿਰਬਾਣੀ; ਆਪੇ ਭੋਗੀ ॥੨॥

ਉਹ ਪ੍ਰਭੂ ਆਪੇ = ਆਪ ਹੀ ਸਿਵ = ਕਲਿਆਣ ਸਰੂਪ ਹੈ, ਆਪ ਹੀ ਸਕਤੀ = ਮਾਇਆ ਦਾ ਸੰਜੋਗੀ = ਮਿਲਾਪੀ ਭਾਵ ਮਾਇਆ ਸਬਲ ਹੋ ਰਿਹਾ ਹੈ **ਵਾ:** ਆਪ ਹੀ ਸਿਵ ਭਾਵ ਸਤੋਗੁਣ, ਸ਼ਕਤੀ ਭਾਵ ਤਮੋਗੁਣ ਅਤੇ ਰਜੋਗੁਣ ਇਨ੍ਹਾਂ ਤਿੰਨਾਂ ਗੁਣਾਂ ਦਾ ਸੰਜੋਗੀ ਹੋ ਰਿਹਾ ਹੈ **ਵਾ:** ਆਪ ਹੀ ਸਿਵ ਭਾਵ ਪੁਰਖ ਰੂਪ ਤੇ ਆਪ ਹੀ ਸ਼ਕਤੀ ਭਾਵ ਪ੍ਰਕਿਰਤੀ ਰੂਪ ਹੋ ਰਿਹਾ ਹੈ ਅਤੇ ਆਪ ਇਨ੍ਹਾਂ ਦੇ ਸੰਜੋਗ ਕਰਕੇ ਸੰਸਾਰ ਦੀ ਉਤਪਤੀ ਕਰ ਰਿਹਾ ਹੈ।

ਆਪ ਹੀ ਨਿਰਬਾਣੀ = ਬੰਧਨਾਂ ਤੋਂ ਰਹਿਤ, ਬਿਰਕਤ ਰੂਪ ਹੈ ਅਤੇ ਆਪੇ = ਆਪ ਹੀ ਪਦਾਰਥਾਂ ਦੇ ਭੋਗੀ = ਭੋਗਣ ਵਾਲਾ ਗ੍ਰਹਿਸਥੀ ਰੂਪ ਹੈ **ਵਾ:** ਆਪ ਹੀ ਸਾਰਿਆਂ ਦਾ ਭੋਗ ਪਾਉਣ ਵਾਲਾ ਮਹਾਂਕਾਲ ਰੂਪ ਹੈ।੨॥

## ਜਤ ਕਤ ਪੇਖਉ; ਤਤ ਤਤ ਸੋਇ ॥ ਤਿਸੁ ਬਿਨੁ; ਦੂਜਾ ਨਾਹੀ ਕੋਇ ॥

ਮੈਂ ਜਤ ਕਤ = ਜਿਥੇ ਕਿਤੇ ਵੀ ਪੇਖਉ = ਵੇਖਦਾ ਹਾਂ, ਤਤ ਤਤ = ਉਥੇ ਉਥੇ ਸੋਇ = ਉਹ ਪ੍ਰਭੂ ਵਿਆਪਕ ਹੋ ਰਿਹਾ ਹੈ।

ਤਿਸੁ = ਉਸ ਪਰਮਾਤਮਾ ਤੋਂ ਬਿਨੁ = ਬਗ਼ੈਰ ਉਸ ਵਰਗਾ ਹੋਰ ਕੋਈ ਦੂਜਾ = ਦੂਸਰਾ ਨਹੀਂ ਹੈ।

## ਸਾਗਰੁ ਤਰੀਐ; ਨਾਮ ਕੈ ਰੰਗਿ ॥ ਗੁਣ ਗਾਵੈ; ਨਾਨਕੁ ਸਾਧਸੰਗਿ ॥੩॥

ਉਸ ਪਰਮਾਤਮਾ ਦੇ ਨਾਮ ਕੈ = ਦੇ ਰੰਗਿ = ਪ੍ਰੇਮ ਕਰਕੇ ਸੰਸਾਰ ਰੂਪੀ ਸਾਗਰੁ = ਸਮੁੰਦ੍ਰ ਤੋਂ ਤਰੀਐ = ਤਰ ਜਾਈਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਧ ਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਕਰਕੇ ਮੈਂ ਉਸ ਪ੍ਰਭੂ ਦੇ ਗੁਣ ਗਾਵੈ = ਗਾਇਨ ਕਰਦਾ ਹਾਂ ॥੩॥

## ਮੁਕਤਿ ਭੁਗਤਿ ਜੁਗਤਿ; ਵਸਿ ਜਾ ਕੈ ॥ ਊਣਾ ਨਾਹੀ ਕਿਛੁ; ਜਨ ਤਾ ਕੈ ॥

ਮੁਕਤਿ = ਮੁਕਤੀ ਅਤੇ ਭੁਗਤਿ = ਪਦਾਰਥਾਂ ਦੀ ਜੁਗਤਿ = ਜੁਗਤੀ ਜਾ = ਜਿਸ ਪ੍ਰਭੂ ਕੈ = ਦੇ ਵਸਿ ਅਧੀਨ ਹੈ।

ਹੇ ਜਨ = ਪੁਰਖਾ ! ਤਾ = ਉਸ ਪਰਮਾਤਮਾ ਦੇ ਘਰ ਵਿਚ ਕਿਛੁ = ਕੁਝ ਵੀ ਊਣਾ = ਊਣਤਾਈ ਨਹੀਂ ਹੈ।

## ਕਰਿ ਕਿਰਪਾ; ਜਿਸੁ ਹੋਇ ਸੁਪ੍ਰਸੰਨ ॥
## ਨਾਨਕ ਦਾਸ; ਸੇਈ ਜਨ ਧੰਨ ॥੪॥੩੭॥੫੦॥

ਪ੍ਰਭੂ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਜਿਸ ਉੱਪਰ ਸੁਪ੍ਰਸੰਨ = ਭਲੀ ਪ੍ਰਕਾਰ ਪ੍ਰਸੰਨ ਹੋਇ = ਹੁੰਦਾ ਹੈ।

ਸਤਿਗੁਰੂ ਸਾਹਿਬ ਜੀ ਦਾਸਾ ਭਾਵ ਧਾਰਨ ਕਰਕੇ ਕਥਨ ਕਰਦੇ ਹਨ ਕਿ ਸੇਈ = ਉਹੀ ਜਨ = ਪੁਰਖ ਧੰਨ = ਧੰਨਤਾ ਜੋਗ ਹੈ॥੪॥੩੭॥੫੦॥

## ਭੈਰਉ ਮਹਲਾ ੫ ॥
## ਭਗਤਾ ਮਨਿ ਆਨੰਦੁ; ਗੋਬਿੰਦ ॥ ਅਸਥਿਤਿ ਭਏ; ਬਿਨਸੀ ਸਭ ਚਿੰਦ ॥

ਗੋਬਿੰਦ = ਪਰਮਾਤਮਾ ਦੇ ਭਗਤਾ = ਸੇਵਕ ਜਨਾਂ ਦੇ ਮਨਿ = ਹਿਰਦੇ ਵਿਚ ਸਦਾ ਆਨੰਦੁ = ਅਨੰਦ ਬਣਿਆ ਰਹਿੰਦਾ ਹੈ।

ਉਹ ਬ੍ਰਹਮ ਸਰੂਪ ਵਿਚ ਅਸਥਿਤਿ = ਇਸਥਿਤ ਭਏ = ਹੋਏ ਹਨ ਅਤੇ ਉਨ੍ਹਾਂ ਦੀ ਸਭ = ਸਾਰੀ ਚਿੰਦ = ਚਿੰਤਾ ਬਿਨਸੀ = ਨਾਸ਼ ਹੋ ਗਈ ਹੈ।

[ਅੰਗ ੧੧੫੧]

## ਭੈ ਭ੍ਰਮ ਬਿਨਸਿ ਗਏ; ਖਿਨ ਮਾਹਿ ॥ ਪਾਰਬ੍ਰਹਮੁ; ਵਸਿਆ ਮਨਿ ਆਇ ॥੧॥

ਉਨ੍ਹਾਂ ਭਗਤਾਂ ਦੇ ਅੰਦਰੋਂ ਇਕ ਖਿਨ = ਛਿਨ ਮਾਹਿ = ਵਿਚ ਹੀ ਸੱਤ ਪ੍ਰਕਾਰ ਦੇ ਭੈ = ਡਰ ਅਤੇ ਪੰਜ ਪ੍ਰਕਾਰ ਦੇ ਭਰਮ ਬਿਨਸਿ = ਨਾਸ਼ ਹੋ ਗਏ ਹਨ।

ਕਿਉਂਕਿ ਪਾਰਬ੍ਰਹਮੁ = ਪਰਮਾਤਮਾ ਆਪ ਉਨ੍ਹਾਂ ਦੇ ਮਨਿ = ਹਿਰਦੇ ਵਿਚ ਆਏ = ਆ ਕੇ ਵਸਿਆ = ਵੱਸ ਗਿਆ, ਸਾਖਿਆਤਕਾਰ ਹੋਇਆ ਹੈ॥੧॥

## ਰਾਮ ਰਾਮ; ਸੰਤ ਸਦਾ ਸਹਾਇ ॥

ਰਾਮ = ਰਮਿਆ ਹੋਇਆ ਰਾਮ = ਪਰਮਾਤਮਾ ਸਦਾ = ਹਮੇਸ਼ਾ ਹੀ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦਾ ਸਹਾਇ = ਸਹਾਇਕ ਹੈ।

## ਘਰਿ ਬਾਹਰਿ ਨਾਲੇ ਪਰਮੇਸਰੁ;
## ਰਵਿ ਰਹਿਆ ਪੂਰਨ ਸਭ ਠਾਇ ॥੧॥ਰਹਾਉ॥

ਘਰਿ = ਹਿਰਦੇ ਅਤੇ ਬਾਹਰ ਸੰਸਾਰ ਵਿਚ ਉਹ ਪਰਮਾਤਮਾ ਸੰਤ ਜਨਾਂ ਦੇ ਨਾਲੇ = ਨਾਲ ਹੀ ਰਹਿੰਦਾ ਹੈ ਅਤੇ ਸਭ = ਸਾਰੀਆਂ ਠਾਇ = ਥਾਵਾਂ ਵਿਚ ਪੂਰਨ ਰਵਿ = ਵਿਆਪਕ ਹੋ ਰਿਹਾ ਹੈ॥੧॥ਰਹਾਉ॥

## ਧਨੁ ਮਾਲੁ ਜੋਬਨੁ ਜੁਗਤਿ; ਗੋਪਾਲ ॥ ਜੀਅ ਪ੍ਰਾਣ; ਨਿਤ ਸੁਖ ਪ੍ਰਤਿਪਾਲ ॥

ਉਹ ਗੋਪਾਲ = ਪਰਮਾਤਮਾ ਨੇ ਹੀ ਧਨੁ = ਰੋਕੜੀ ਮਾਲ = ਹਾਥੀ ਘੋੜੇ ਆਦਿ ਜਾਨਵਰ, ਪਸ਼ੂ ਜੋਬਨੁ = ਜਵਾਨੀ ਆਦਿ ਦੀ ਜੁਗਤਿ = ਜੁਗਤੀ ਦੇਣਾ ਕੀਤੀ ਹੈ **ਵਾ:** ਜੋ ਗੋਪਾਲ = ਪ੍ਰਭੂ ਦੇ ਨਾਲ ਮਨ ਕਰਕੇ ਜੁਗਤਿ = ਜੁੜੇ ਰਹਿੰਦੇ ਹਨ, ਉਨ੍ਹਾਂ ਪਾਸ ਪਰਮਾਤਮਾ ਦਾ ਨਾਮ ਧਨ ਹੈ, ਸਰਵਣ, ਮੰਨਣ ਰੂਪੀ ਮਾਲ ਹੈ ਅਤੇ ਸ਼ੌਂਕ ਅਵਸਥਾ ਰੂਪੀ ਜਵਾਨੀ ਹੈ।

ਉਹ ਪ੍ਰਭੂ ਸਭ ਜੀਅ = ਜੀਵਾਂ ਨੂੰ ਪ੍ਰਾਣ = ਸ੍ਵਾਸ ਦੇ ਕੇ ਨਿਤ = ਨਿਤਾਪ੍ਰਤਿ ਸੁੱਖ ਦੇ ਨਾਲ ਪ੍ਰਤਿਪਾਲ = ਪਾਲਣਾ ਕਰਦਾ ਹੈ।

## ਅਪਨੇ ਦਾਸ ਕਉ; ਦੇ ਰਾਖੈ ਹਾਥ ॥ ਨਿਮਖ ਨ ਛੋਡੈ; ਸਦ ਹੀ ਸਾਥ ॥੨॥

ਉਹ ਪ੍ਰਭੂ ਅਪਨੇ = ਆਪ ਦੇ ਦਾਸ = ਸੇਵਕ ਕਉ = ਨੂੰ ਆਪਣਾ ਕਿਰਪਾ ਭਰਿਆ ਹਾਥ = ਹੱਥ ਦੇ ਕੇ ਵਿਕਾਰਾਂ ਤੋਂ ਬਚਾ ਕੇ ਰਾਖੈ = ਰੱਖਣਾ ਕਰਦਾ ਹੈ।

ਇਕ ਨਿਮਖ = ਅੱਖ ਦੇ ਝਮਕਣ ਜਿਤਨਾ ਸਮਾਂ ਵੀ ਛੋਡੈ = ਛੱਡਦਾ ਨਹੀਂ, ਸਗੋਂ ਸਦ = ਹਮੇਸ਼ਾ ਹੀ ਸਾਥ = ਨਾਲ ਰਹਿੰਦਾ ਹੈ **ਵਾ:** ਜੋ ਉਸ ਪ੍ਰਭੂ ਦੇ ਸਿਮਰਨ ਨੂੰ ਇਕ ਨਿਮਖ ਮਾਤ੍ਰ ਵੀ ਛੱਡਦੇ ਨਹੀਂ ਹਨ, ਉਹ ਪ੍ਰਭੂ ਸਦਾ ਹੀ ਉਨ੍ਹਾਂ ਦੇ ਸਾਥ ਭਾਵ ਅੰਗ ਸੰਗ ਰਹਿੰਦਾ ਹੈ॥੨॥

## ਹਰਿ ਸਾ ਪ੍ਰੀਤਮੁ; ਅਵਰੁ ਨ ਕੋਇ ॥ ਸਾਰਿ ਸਮ੍ਹਾਲੇ; ਸਾਚਾ ਸੋਇ ॥

ਹਰਿ = ਪਰਮਾਤਮਾ ਸਾ = ਜਿਹਾ ਪ੍ਰੀਤਮੁ = ਪਿਆਰਾ ਅਵਰੁ = ਹੋਰ ਕੋਇ = ਕੋਈ ਵੀ ਨਹੀਂ ਹੈ।

ਸੋਇ = ਉਹ ਸਾਚਾ = ਤ੍ਰੈ ਕਾਲ ਅਬਾਧ ਰੂਪ ਪ੍ਰਭੂ ਸਭ ਦੀ ਸਾਰਿ = ਖ਼ਬਰ ਲੈ ਕੇ ਸਮ੍ਹਾਲੇ = ਸੰਭਾਲਣਾ ਕਰਦਾ ਹੈ।

## ਮਾਤ ਪਿਤਾ, ਸੁਤ ਬੰਧੁ; ਨਰਾਇਣੁ ॥
## ਆਦਿ ਜੁਗਾਦਿ; ਭਗਤ ਗੁਣ ਗਾਇਣੁ ॥੩॥

ਭਗਤਾਂ ਨੇ ਮਾਤ = ਮਾਂ ਪਿਤਾ, ਸੁਤ = ਪੁੱਤਰ ਤੇ ਬੰਧੁ = ਸੰਬੰਧੀ ਆਦਿਕ ਨਾਲੋਂ ਨਰਾਇਣੁ = ਪਰਮਾਤਮਾ ਹੀ ਪਿਆਰਾ ਸਮਝਿਆ ਹੈ **ਵਾ:** ਇਨ੍ਹਾਂ ਰਿਸ਼ਤੇ ਨਾਤਿਆਂ ਦੀ ਥਾਂ ਪਰਮਾਤਮਾ ਹੀ ਸਮਝਿਆ ਹੋਇਆ ਹੈ **ਵਾ:** ਖਿਮਾ ਰੂਪੀ ਮਾਤਾ, ਸੰਤੋਖ ਰੂਪੀ ਪਿਤਾ, ਗਿਆਨ ਰੂਪੀ ਪੁੱਤਰ, ਸ੍ਰਵਣ ਮੰਨਣ ਰੂਪੀ ਸੰਬੰਧੀ ਨਰਾਇਣ ਹੀ ਦੇਣਾ ਕਰਦਾ ਹੈ।

ਉਹ ਆਦਿ ਜੁਗਾਦਿ = ਸਦਾ ਸਦਾ ਭਗਤ = ਭਗਤੀ ਕਰਨ ਵਾਲੇ ਗੁਰਮੁਖ ਜਨ ਉਸ ਵਾਹਿਗੁਰੂ ਦੇ ਗੁਣਾਂ ਨੂੰ ਗਾਇਣੁ = ਗਾਉਣਾ ਕਰਦੇ ਹਨ॥੩॥

## ਤਿਸ ਕੀ ਧਰ; ਪ੍ਰਭ ਕਾ ਮਨਿ ਜੋਰੁ ॥ ਏਕ ਬਿਨਾ; ਦੂਜਾ ਨਹੀ ਹੋਰੁ ॥

ਉਨ੍ਹਾਂ ਭਗਤਾਂ ਨੂੰ ਤਿਸ = ਉਸ ਪ੍ਰਭੂ ਕੀ = ਦੀ ਹੀ ਧਰ = ਟੇਕ ਹੈ ਅਤੇ ਮਨਿ = ਹਿਰਦੇ ਵਿਚ ਉਸ ਪ੍ਰਭ = ਪਰਮਾਤਮਾ ਕਾ = ਦਾ ਹੀ ਜੋਰੁ = ਬਲ, ਗਿਆਨ ਹੈ।

ਉਨ੍ਹਾਂ ਭਗਤਾਂ ਨੇ ਐਸਾ ਨਿਸਚੇ ਕੀਤਾ ਹੈ ਕਿ ਇਕ ਪਰਮਾਤਮਾ ਤੋਂ ਬਿਨਾ = ਬਗ਼ੈਰ ਉਸ ਵਰਗਾ ਦੂਜਾ = ਦੂਸਰਾ ਹੋਰ ਕੋਈ ਨਹੀਂ ਹੈ।

## ਨਾਨਕ ਕੈ ਮਨਿ; ਇਹੁ ਪੁਰਖਾਰਥੁ ॥
## ਪ੍ਰਭੁ ਹਮਾਰਾ; ਸਾਰੇ ਸੁਆਰਥੁ ॥੪॥੩੮॥੫੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨਾਂ ਕੈ = ਦੇ ਮਨਿ = ਹਿਰਦੇ ਵਿਚ ਇਹੋ ਹੀ ਪੁਰਖਾਰਥੁ = ਉੱਦਮ ਹੈ ਕਿ :

ਹਮਾਰਾ = ਸਾਡਾ ਪ੍ਰਭੂ = ਪਰਮਾਤਮਾ ਹੀ ਸਾਡੇ ਵਿਵਹਾਰਕ, ਪਰਮਾਰਥ ਆਦਿ ਦੇ ਸਾਰੇ ਸੁਆਰਥੁ = ਪ੍ਰਯੋਜਨ ਸਾਰੇ = ਸਵਾਰੇਗਾ ॥੪॥੩੮॥੫੧॥

## ਭੈਰਉ ਮਹਲਾ ੫ ॥
## ਭੈ ਕਉ, ਭਉ ਪੜਿਆ; ਸਿਮਰਤ ਹਰਿ ਨਾਮ ॥

(**ਪੜਿਆ** ਦਾ ਉਚਾਰਣ ਪੋਲਾ ਹੈ)

ਹਰਿ = ਪਰਮਾਤਮਾ ਦਾ ਨਾਮ ਸਿਮਰਤ = ਸਿਮਰਦਿਆਂ ਭੈ ਦੇਣ ਵਾਲੇ ਜਮ ਆਦਿਕਾਂ ਕਉ = ਨੂੰ ਵੀ ਸਿਮਰਨ ਕਰਨ ਵਾਲੇ ਤੋਂ ਭਉ = ਡਰ ਪੜਿਆ = ਪੈ ਜਾਂਦਾ ਹੈ ਭਾਵ ਇਹ ਕਿ ਪਰਮਾਤਮਾ ਦੇ ਸਿਮਰਨ ਕਰਨ ਵਾਲੇ ਤੋਂ ਡਰ ਦੂਰ ਹੀ ਰਹਿੰਦਾ ਹੈ। ਜੈਸਾ ਕਿ :

**ਨਿਰਭਉ ਜਪੈ ਸਗਲ ਭਉ ਮਿਟੈ ॥** *(ਗਉੜੀ ਸੁਖਮਨੀ ਮ: ੫, ਅੰਗ ੨੯੩)*

## ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ; ਦਾਸ ਕੇ ਹੋਏ ਪੂਰਨ ਕਾਮ ॥੧॥ਰਹਾਉ॥

ਨਾਮ ਜਪਣ ਵਾਲੇ ਦੀ ਤ੍ਰਿਹੁ ਗੁਣ = ਤਿੰਨਾਂ ਗੁਣਾਂ ਕੀ = ਦੀ **ਵਾ:** ਤ੍ਰਿਗੁਣੀ ਮਾਇਆ ਦੀ ਸਗਲ = ਸਾਰੀ ਬਿਆਧਿ = ਬਿਆਧੀ ਮਿਟੀ = ਮਿਟ ਗਈ ਹੈ ਅਤੇ ਉਸ ਦਾਸ = ਸੇਵਕ ਕੇ = ਦੇ ਸਾਰੇ ਕਾਮ = ਕੰਮ ਪੂਰਨ = ਪੂਰੇ ਹੋਏ ਹਨ ॥੧॥ਰਹਾਉ॥

## ਹਰਿ ਕੇ ਲੋਕ ਸਦਾ ਗੁਣ ਗਾਵਹਿ; ਤਿਨ ਕਉ ਮਿਲਿਆ ਪੂਰਨ ਧਾਮ ॥

ਹਰਿ = ਪਰਮਾਤਮਾ ਕੇ = ਦੇ ਲੋਕ-ਭਾਵ ਸੰਤ ਜਨ ਸਦਾ = ਹਮੇਸ਼ਾ ਹੀ ਪਰਮਾਤਮਾ ਦੇ ਗੁਣ ਗਾਵਹਿ = ਗਾਉਣਾ ਕਰਦੇ ਹਨ, ਤਿਨ = ਉਨ੍ਹਾਂ ਕਉ = ਨੂੰ ਪੂਰਨ = ਪੂਰਾ ਧਾਮ = ਪ੍ਰਕਾਸ਼ ਮਿਲਿਆ ਹੈ।

## ਜਨ ਕਾ ਦਰਸੁ ਬਾਂਛੈ ਦਿਨ ਰਾਤੀ; ਹੋਇ ਪੁਨੀਤ ਧਰਮਰਾਇ ਜਾਮ ॥੧॥

ਧਰਮਰਾਜਾ ਅਤੇ ਜਾਮ = ਜਮਦੂਤ ਵੀ ਪੁਨੀਤ = ਪਵਿੱਤਰ ਹੋਇ = ਹੋਣ ਵਾਸਤੇ ਉਨ੍ਹਾਂ ਜਨ = ਭਗਤਾਂ ਕਾ = ਦਾ ਦਿਨ ਰਾਤੀ = ਰਾਤ ਦਰਸੁ = ਦਰਸ਼ਨ ਕਰਨਾ ਬਾਂਛੈ = ਚਾਹੁੰਦੇ ਹਨ ॥੧॥

## ਕਾਮ ਕ੍ਰੋਧ ਲੋਭ ਮਦ ਨਿੰਦਾ; ਸਾਧਸੰਗਿ ਮਿਟਿਆ ਅਭਿਮਾਨ ॥

ਕਾਮ = ਵਿਕਾਰ ਦ੍ਰਿਸ਼ਟੀ, ਕ੍ਰੋਧ = ਗ਼ੁੱਸਾ, ਲੋਭ = ਲਾਲਚ, ਮਦ = ਮਸਤੀ, ਮੋਹ ਨਿੰਦਾ = ਅਪਕੀਰਤੀ ਅਤੇ ਅਭਿਮਾਨ = ਹੰਕਾਰ ਆਦਿ ਵਿਕਾਰ ਉਨਾਂ ਸਾਧਸੰਗਿ = ਸਾਧੂਆਂ ਦੀ ਸੰਗਤ ਕਰਕੇ ਮਿਟਿਆ = ਨਵਿਰਤ ਹੋਏ ਹਨ।

## ਐਸੇ ਸੰਤ ਭੇਟਹਿ ਵਡਭਾਗੀ; ਨਾਨਕ ਤਿਨ ਕੈ ਸਦ ਕੁਰਬਾਨ ॥੨॥੩੯॥੫੨॥

ਐਸੇ = ਅਜਿਹੇ ਸੰਤ = ਸ਼ਾਂਤ-ਚਿੱਤ ਮਹਾਤਮਾ ਜਨ ਵਡਭਾਗੀ = ਵੱਡੇ ਭਾਗਾਂ ਕਰਕੇ ਹੀ ਭੇਟਹਿ =

ਮਿਲਦੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਿਨ = ਉਨ੍ਹਾਂ ਸੰਤ ਜਨਾ ਕੈ = ਦੇ ਉੱਪਰੋਂ ਸਦ = ਹਮੇਸ਼ਾਂ ਕੁਰਬਾਨ = ਬਲਿਹਾਰ ਜਾਂਦੇ ਹਾਂ ॥੨॥੩੯॥੫੨॥

## ਭੈਰਉ ਮਹਲਾ ੫ ॥

## ਪੰਚ ਮਜਮੀ; ਜੋ ਪੰਚ ਨ ਰਾਖੈ ॥ ਮਿਥਿਆ ਰਸਨਾ; ਨਿਤ ਉਠਿ ਭਾਖੈ ॥

(ਦੂਜਾ ਪਾਠ **ਪੰਚਮ ਜਮੀ; ਜੋ ਪੰਚਨ ਰਾਖੈ**)

ਹੇ ਭਾਈ! ਜੋ = ਜਿਹੜਾ ਮਨੁੱਖ ਪੰਚ = ਪੰਜ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਵਿਕਾਰਾਂ ਨੂੰ ਰੋਕ ਕੇ ਨਹੀਂ ਰਾਖੈ = ਰੱਖਦਾ, ਉਹ ਪੰਚ ਮਜਮੀ = ਪੰਜ ਪੀਰੀਆਂ **ਵਾ:** ਪੰਜ ਕਾਮਾਦਿਕ ਵਿਕਾਰਾਂ ਦੀ ਸਾਖਸ਼ਾਤ ਸ਼ਕਲ ਹੈ **ਵਾ:** ਕਿਸੇ ਇਕ ਦੀਨ ਦਾ ਨਹੀਂ ਬਲਕਿ ਪੰਜਾਂ ਭਾਵ ਅਨੇਕਾਂ ਦਾ ਉਪਾਸ਼ਕ (ਪਖੰਡੀ) ਹੈ **ਅਥਵਾ** ਉਹ ਪੰਚਮ = ਵੇਸ਼ਵਾ ਤੋਂ ਜਮੀ = ਉਤਪਤ ਹੋਇਆ ਮਨੁੱਖ ਸਮਝਣਾ ਚਾਹੀਦਾ ਹੈ ਜੋ ਪੰਚਨ = ਪੰਜੇ ਕਾਮਾਦਿਕ ਵਿਕਾਰਾਂ ਨੂੰ ਆਪਣੇ ਹਿਰਦੇ ਵਿਚ ਸਾਂਭ ਕੇ ਰੱਖਦਾ ਹੈ ਅਤੇ ਨਿਤ = ਨਿਤਾਪ੍ਰਤਿ ਉੱਠ ਕੇ ਆਪਣੀ ਰਸਨਾ = ਜੀਭਾ ਨਾਲ ਮਿਥਿਆ = ਝੂਠ ਹੀ ਭਾਖੈ = ਉਚਾਰਣ ਕਰਦਾ ਹੈ।

## ਚਕ੍ਰ ਬਣਾਇ; ਕਰੈ ਪਾਖੰਡ ॥ ਝੁਰਿ ਝੁਰਿ ਪਚੈ; ਜੈਸੇ ਤ੍ਰਿਅ ਰੰਡ ॥੧॥

ਚੰਦਨ ਨਾਲ ਬਾਹਾਂ ਆਦਿ ਸਰੀਰ ਦੇ ਅੰਗਾਂ ਉੱਪਰ ਚੱਕ੍ਰ ਬਣਾਇ = ਬਣਾ ਕਰਕੇ ਅਨੇਕ ਤਰ੍ਹਾਂ ਦੇ ਪਾਖੰਡ = ਦਿਖਾਵੇ ਕਰਦਾ ਹੈ **ਵਾ:** ਗਣੇਸ਼ ਚੱਕ੍ਰ ਬਣਾ ਕੇ ਪਖੰਡ ਕਰਦਾ ਹੈ, ਭਾਵ ਇਕ ਗੋਲ ਜਿਹਾ ਦਾਇਰਾ ਬਣਾ ਕੇ ਉਸ ਵਿਚ ਵੱਖ-ਵੱਖ ਖ਼ਾਨੇ ਬਣਾ ਦੇਂਦਾ ਹੈ ਅਤੇ ਖ਼ਾਨਿਆਂ ਵਿਚ ਇਸ਼ਟ ਦੇਵਤਿਆਂ ਦੀਆਂ ਮੂਰਤਾਂ ਰੱਖ ਕੇ ਲੋਕਾਂ ਨੂੰ ਕਹਿੰਦਾ ਹੈ ਕਿ ਮੈਂ ਭਗਵਾਨ ਦੀ ਪੂਜਾ ਕਰਦਾ ਹਾਂ, ਇਉਂ ਇਹ ਪਖੰਡ ਹੀ ਕਰਦਾ ਹੈ।

ਉਹ ਪਖੰਡੀ ਇਸ ਪ੍ਰਕਾਰ ਝੁਰਿ ਝੁਰਿ = ਝੂਰ ਝੂਰ ਕੇ ਪਚੈ = ਸੜਦਾ ਰਹਿੰਦਾ ਹੈ, ਜੈਸੇ = ਜਿਸ ਪ੍ਰਕਾਰ ਰੰਡ = ਵੇਸਵਾ ਤ੍ਰਿਅ = ਇਸਤ੍ਰੀ ਕਾਮ ਦੀ ਇੱਛਾ ਪੂਰੀ ਹੋਈ ਤੋਂ ਬਿਨਾਂ ਝੂਰਦੀ ਹੈ **ਵਾ:** ਜਿਵੇਂ ਰੰਡ = ਵਿਧਵਾ ਇਸਤ੍ਰੀ ਆਪਣੇ ਪਤੀ ਦੇ ਸੁੱਖ ਤੋਂ ਵਾਂਝੀ ਰਹਿੰਦੀ ਹੈ ,ਇਉਂ ਉਹ ਪੰਖੰਡੀ ਆਤਮਾ ਨੰਦ ਦੀ ਪ੍ਰਾਪਤੀ ਤੋਂ ਬਿਨਾਂ ਝੋਰਿਆਂ ਵਿਚ ਝੂਰ ਝੂਰ ਕੇ ਅੰਦਰੋਂ ਸੜਦਾ ਰਹਿੰਦਾ ਹੈ॥੧॥

## ਹਰਿ ਕੇ ਨਾਮ ਬਿਨਾ; ਸਭ ਝੂਠੁ ॥

ਹੇ ਭਾਈ! ਹਰਿ = ਪਰਮਾਤਮਾ ਕੇ = ਦੇ ਨਾਮ ਤੋਂ ਬਿਨਾਂ = ਬਗ਼ੈਰ ਸਭ = ਸਾਰੇ ਝੂਠ ਵਿਚ ਲੱਗੇ ਹੋਏ ਹਨ **ਵਾ:** ਸਾਰੇ ਦਿਖਾਵੇ ਦੇ ਕੰਮ ਝੂਠੇ ਹਨ।

## ਬਿਨੁ ਗੁਰ ਪੂਰੇ, ਮੁਕਤਿ ਨ ਪਾਈਐ; ਸਾਚੀ ਦਰਗਹਿ ਸਾਕਤ ਮੂਠੁ ॥੧॥ਰਹਾਉ॥

ਹੇ ਭਾਈ! ਪੂਰੇ = ਪੂਰਨ ਗੁਰੂ ਸਾਹਿਬ ਜੀ ਦੀ ਸ਼ਰਨ ਤੋਂ ਬਿਨੁ = ਬਗ਼ੈਰ ਮੁਕਤਿ = ਮੁਕਤੀ ਨਹੀਂ ਪਾਈਐ = ਪਾ ਸਕੀਦੀ, ਪਰਮਾਤਮਾ ਦੀ ਸਾਚੀ = ਸੱਚੀ ਦਰਗਾਹ ਦੀ ਪ੍ਰਾਪਤੀ ਵੱਲੋਂ ਸਾਕਤ = ਕਠੋਰ ਚਿਤ ਵਾਲੇ ਮਨੁੱਖ ਨੂੰ ਪੰਜਾਂ ਵਿਕਾਰਾਂ ਨੇ ਮੂਠੁ = ਲੁੱਟ ਲੈਣਾ ਕੀਤਾ ਹੈ **ਵਾ:** ਸੱਚੀ ਦਰਗਾਹ ਵਿਚ ਜਾਣ ਤੋਂ ਪਹਿਲਾਂ ਹੀ ਸਾਕਤ ਪੁਰਖਾਂ ਦੇ ਕਰਮਾਂ ਧਰਮਾਂ ਨੂੰ ਜਮਾਂ ਨੇ ਲੁੱਟ ਲੈਣਾ ਕੀਤਾ ਹੈ॥੧॥ਰਹਾਉ॥

## ਸੋਈ ਕੁਚੀਲੁ; ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ; ਨ ਸੁਚਿ ਹਰਿ ਮਾਨੈ ॥

ਸੋਈ = ਉਹੋ ਹੀ ਕੁਚੀਲੁ = ਅਪਵਿੱਤ੍ਰ ਮਨੁੱਖ ਹੈ, ਜੋ ਪਰਮਾਤਮਾ ਦੀ ਕੁਦਰਤਿ = ਸ਼ਕਤੀ ਨੂੰ ਨਹੀਂ ਜਾਨੈ = ਜਾਣਦਾ **ਵਾ:** ਕੁਦਰਤੀ ਪਰਮਾਤਮਾ ਨੂੰ ਨਹੀਂ ਜਾਣਦਾ।

ਬਾਹਰੋਂ ਗੋਹੇ ਆਦਿ ਨਾਲ ਥਾਇ = ਥਾਂ ਨੂੰ ਲੀਪਿਐ = ਲਿੱਪਣ ਨਾਲ ਅੰਦਰੋਂ ਅੰਤਹਕਰਨ ਦੀ ਸ਼ੁੱਧੀ ਰੂਪੀ ਪੋਚਾ ਲਾਉਣ ਤੋਂ ਬਿਨਾਂ ਹਰਿ = ਪਰਮਾਤਮਾ ਸੁਚਿ = ਪਵਿੱਤ੍ਰਤਾ ਨਹੀਂ ਮੰਨਦਾ **ਵਾ:** ਜਿਤਨਾ ਚਿਰ ਕੋਈ ਜੀਵ ਆਪਣੇ ਰਿਦੇ ਰੂਪੀ ਥਾਂ ਅੰਦਰ ਵਿਰਾਗ ਵਿਵੇਕ ਆਦਿ ਗੁਣਾਂ ਰੂਪੀ ਪੋਚਾ ਨਹੀਂ ਦੇਂਦਾ, ਉਤਨਾ ਚਿਰ ਪਰਮਾਤਮਾ ਅੰਤਹਕਰਨ ਦੀ ਸੁੱਚਮਤਾ ਨਹੀਂ ਮੰਨਦਾ।

## ਅੰਤਰੁ ਮੈਲਾ; ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ; ਅਪਨੀ ਪਤਿ ਖੋਵੈ ॥੨॥

ਸਾਕਤ ਪੁਰਖ ਅੰਤਰੁ = ਅੰਦਰੋਂ ਤਾਂ ਪਾਪਾਂ, ਵਿਕਾਰਾਂ ਦੀ ਗੰਦਗੀ ਕਰਕੇ ਮੈਲਾ = ਮਲੀਨ ਹੈ ਅਤੇ ਬਾਹਰੁ = ਬਾਹਰੋਂ ਨਿਤ = ਨਿਤਾਪ੍ਰਤੀ ਸਰੀਰ ਨੂੰ ਧੋਵੈ = ਧੋਣਾ ਕਰਦਾ ਹੈ।

ਉਹ ਪਰਮਾਤਮਾ ਦੀ ਸੱਚੀ ਦਰਗਾਹ ਵਿਚ ਅਪਨੀ = ਆਪ ਦੀ ਪਤਿ = ਇੱਜ਼ਤ ਖੋਵੈ = ਗੁਆ ਲੈਂਦਾ ਹੈ॥੨॥

## ਮਾਇਆ ਕਾਰਨਿ; ਕਰੈ ਉਪਾਉ ॥ ਕਬਹਿ ਨ ਘਾਲੈ; ਸੀਧਾ ਪਾਉ ॥

ਉਹ ਸਾਕਤ ਪੁਰਖ ਮਾਇਆ ਦੀ ਪ੍ਰਾਪਤੀ ਕਾਰਨਿ = ਵਾਸਤੇ ਬੇਅੰਤ ਉਪਾਉ = ਯਤਨ ਕਰੈ = ਕਰਦਾ ਹੈ।

ਪਰ ਕਬਹਿ = ਕਦੇ ਵੀ ਸਤਿਸੰਗਤ ਦੇ ਸੀਧਾ = ਸਿੱਧੇ ਰਸਤੇ ਉੱਪਰ ਆਪਣਾ ਪਾਉ = ਪੈਰ ਨਹੀਂ ਘਾਲੈ = ਪਾਉਣਾ ਕਰਦਾ **ਵਾ:** ਭਗਤੀ ਸਹਿਤ ਗਿਆਨ ਦੇ ਰਸਤੇ ਉੱਪਰ ਕਦੇ ਵੀ ਆਪਣੇ ਮਨ ਦਾ ਸੰਕਲਪ ਰੂਪੀ ਸਿੱਧਾ ਪੈਰ ਨਹੀਂ ਪਾਉਣਾ ਕਰਦਾ।

## ਜਿਨਿ ਕੀਆ; ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ; ਮੁਖਹੁ ਵਖਾਣੈ ॥੩॥

ਜਿਨਿ = ਜਿਸ ਵਾਹਿਗੁਰੂ ਨੇ ਸਾਰਾ ਜਗਤ ਹੀ ਪੈਦਾ ਕੀਆ = ਕੀਤਾ ਹੈ, ਤਿਸੁ = ਉਸਨੂੰ ਆਪਣੇ ਚੀਤਿ = ਚਿੱਤ ਵਿਚ ਆਣੈ = ਲਿਆਉਣਾ ਨਹੀਂ ਕਰਦਾ **ਵਾ:** ਜਿਸ ਨੇ ਇਸ ਨੂੰ ਪੈਦਾ ਕੀਤਾ ਹੈ, ਉਸ ਨੂੰ ਇਹ ਚੇਤੇ ਨਹੀਂ ਕਰਦਾ।

ਮਾਇਆ ਵਾਸਤੇ ਕੂੜੀ ਕੂੜੀ = ਝੂਠੀਆਂ ਹੀ ਝੂਠੀਆਂ ਕਹਾਣੀਆਂ ਆਪਣੇ ਮੁਖਹੁ = ਮੂੰਹੋਂ ਵਖਾਣੈ = ਕਥਨ ਕਰਦਾ ਹੈ **ਵਾ:** ਝੂਠੀ-ਝੂਠੀ ਹੀ ਮੂੰਹੋਂ ਰੱਬ ਦਾ ਨਾਮ ਕਹਿਣਾ ਕਰਦਾ ਹੈ॥੩॥

## ਜਿਸ ਨੋ; ਕਰਮੁ ਕਰੇ ਕਰਤਾਰੁ ॥ ਸਾਧਸੰਗਿ; ਹੋਇ ਤਿਸੁ ਬਿਉਹਾਰੁ ॥

ਜਿਸ ਮਨੁੱਖ ਨੂੰ ਕਰਤਾਰੁ = ਪਰਮਾਤਮਾ ਆਪਣੀ ਕਰਮੁ = ਕਿਰਪਾ ਕਰੇ = ਕਰਦਾ ਹੈ।

ਤਿਸੁ = ਉਸ ਮਨੁੱਖ ਦਾ ਸਾਧਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਦੁਆਰਾ ਨਾਮ ਦੇ ਜਪਣ ਜਪਾਉਣ ਰੂਪ ਬਿਉਹਾਰੁ = ਵਿਹਾਰ ਹੋਇ = ਹੋ ਜਾਂਦਾ, ਬਣ ਜਾਂਦਾ ਹੈ।

## ਹਰਿ ਨਾਮ ਭਗਤਿ ਸਿਉ; ਲਾਗਾ ਰੰਗੁ ॥
## ਕਹੁ ਨਾਨਕ; ਤਿਸੁ ਜਨ ਨਹੀ ਭੰਗੁ ॥੪॥੪੦॥੫੩॥

ਜਿਸ ਮਨੁੱਖ ਦਾ ਹਰਿ = ਪਰਮਾਤਮਾ ਦੇ ਨਾਮ ਅਤੇ ਭਗਤਿ = ਭਗਤੀ ਦੇ ਸਿਉ = ਨਾਲ ਰੰਗੁ = ਪ੍ਰੇਮ ਲੱਗਾ ਹੋਇਆ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਜਨ = ਪੁਰਖ ਨੂੰ ਕੋਈ ਵੀ ਭੰਗੁ = ਵਿਘਨ ਨਹੀਂ ਪੈਂਦਾ **ਵਾ:** ਕੋਈ ਭੰਗ = ਡਰ ਨਹੀਂ ਰਹਿੰਦਾ॥੪॥੪੦॥੫੩॥

## ਭੈਰਉ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਨਿੰਦਿਆ ਕਰਨ ਦਾ ਖੋਟਾ ਫਲ ਦੱਸਦੇ ਹਨ।

## ਨਿੰਦਕ ਕਉ; ਫਿਟਕੇ ਸੰਸਾਰੁ ॥ ਨਿੰਦਕ ਕਾ; ਝੂਠਾ ਬਿਉਹਾਰੁ ॥

ਹੇ ਭਾਈ ! ਨਿੰਦਕ = ਨਿੰਦਿਆ ਕਰਨ ਵਾਲੇ (ਅਣਹੋਇਆ ਦੂਸ਼ਣ ਅਰੋਪਣ ਵਾਲੇ) ਕਉ = ਨੂੰ ਸਾਰਾ ਸੰਸਾਰੁ = ਜਗਤ ਹੀ ਫਿਟਕੇ = ਫਿਟਕਾਰ ਪਾਉਂਦਾ ਹੈ।

ਨਿੰਦਕ = ਨਿੰਦਿਆ ਕਰਨ ਵਾਲੇ ਮਨੁੱਖ ਕਾ = ਦਾ ਬਿਉਹਾਰੁ = ਵਿਹਾਰ ਵੀ ਝੂਠਾ ਹੁੰਦਾ ਹੈ।

## ਨਿੰਦਕ ਕਾ; ਮੈਲਾ ਆਚਾਰੁ ॥ ਦਾਸ ਅਪੁਨੇ ਕਉ; ਰਾਖਨਹਾਰੁ ॥੧॥

ਨਿੰਦਕ = ਨਿੰਦਿਆ ਕਰਨ ਵਾਲੇ ਮਨੁੱਖ ਕਾ = ਦਾ ਆਚਾਰੁ = ਆਚਰਣ, ਕਰਤੱਵ ਵੀ ਮੈਲਾ = ਮਲੀਨ ਹੁੰਦਾ ਹੈ।

ਪਰ ਪ੍ਰਭੂ ਅਪੁਨੇ = ਆਪ ਦੇ ਦਾਸ = ਸੇਵਕ ਕਉ = ਨੂੰ ਨਿੰਦਿਆ, ਨਿੰਦਕਾਂ ਤੋਂ ਬਚਾ ਕੇ ਰਾਖਨਹਾਰ = ਰੱਖਣ ਵਾਲਾ ਹੈ॥੧॥

## ਨਿੰਦਕੁ ਮੁਆ; ਨਿੰਦਕ ਕੈ ਨਾਲਿ ॥

ਨਿੰਦਕੁ = ਨਿੰਦਿਆ ਕਰਨ ਵਾਲਾ ਮਨੁੱਖ ਆਪ ਤਾਂ ਮੁਆ = ਮਰਦਾ ਹੀ ਹੈ ਅਤੇ ਨਿੰਦਕ = ਨਿੰਦਿਆ ਕਰਨ ਵਾਲੇ ਕੈ = ਦੇ ਨਾਲ ਮਿੱਤ੍ਰਤਾ ਕਰਨ ਵਾਲਾ ਵੀ ਮਰ ਜਾਂਦਾ ਹੈ।

## ਪਾਰਬ੍ਰਹਮ ਪਰਮੇਸਰਿ ਜਨ ਰਾਖੇ;
## ਨਿੰਦਕ ਕੈ ਸਿਰਿ ਕੜਕਿਓ ਕਾਲੁ ॥੧॥ਰਹਾਉ॥

(ਪਾਰ + ਬ੍ਰਹਮ) ਪਾਪਾਂ ਪੁੰਨਾਂ ਤੋਂ ਪਾਰ = ਪਰ੍ਹੇ ਤੇ ਬ੍ਰਹਮ = ਵਿਆਪਕ ਸਰੂਪ ਪਰਮੇਸਰਿ = ਪਰਮਾਤਮਾ ਨੇ ਆਪਣੇ ਜਨ = ਦਾਸ ਬਚਾ ਕੇ ਰਾਖੇ = ਰੱਖੇ ਹਨ ਅਤੇ ਨਿੰਦਕ = ਨਿੰਦਿਆ ਕਰਨ ਵਾਲੇ ਕੈ = ਦੇ ਸਿਰ ਉੱਪਰ ਕਾਲ ਕੜਕਿਓ = ਗਰਜਿਆ ਹੈ॥੧॥ਰਹਾਉ॥

[ਅੰਗ ੧੧੫੨]

## ਨਿੰਦਕ ਕਾ ਕਹਿਆ; ਕੋਇ ਨ ਮਾਨੈ ॥ ਨਿੰਦਕ; ਝੂਠੁ ਬੋਲਿ ਪਛੁਤਾਨੇ ॥

ਨਿੰਦਕ = ਨਿੰਦਿਆ ਕਰਨ ਵਾਲਿਆਂ ਕਾ = ਦਾ ਕਹਿਆ = ਆਖਿਆ ਹੋਇਆ ਬਚਨ ਕੋਇ = ਕੋਈ ਵੀ ਸੱਚ ਨਹੀਂ ਮਾਨੈ = ਮੰਨਦਾ।

ਨਿੰਦਕ = ਨਿੰਦਿਆ ਕਰਨ ਵਾਲੇ ਮਨੁੱਖ ਝੂਠ ਬੋਲ ਕੇ ਅੰਤ ਨੂੰ ਪਛੁਤਾਨੇ = ਪਸ਼ਚਾਤਾਪ ਕਰਦੇ ਹਨ।

## ਹਾਥ ਪਛੋਰਹਿ; ਸਿਰੁ ਧਰਨਿ ਲਗਾਹਿ ॥ ਨਿੰਦਕ ਕਉ; ਦਈ ਛੋਡੈ ਨਾਹਿ ॥੨॥

ਉਹ ਹੱਥਾਂ ਨੂੰ ਪਛੋਰਹਿ = ਪਛਾੜਦੇ, ਮਲਦੇ ਤੇ ਸਿਰ ਨੂੰ ਧਰਨਿ = ਧਰਤੀ ਤੇ ਲਗਾਹਿ = ਲਗਾਉਂਦੇ ਹਨ, ਭਾਵ ਹੱਥਾਂ ਨੂੰ ਮੱਥੇ 'ਤੇ ਮਾਰਦੇ ਤੇ ਸਿਰ ਧਰਤੀ 'ਤੇ ਪਟਕਾਉਂਦੇ ਹੋਏ ਅਤਿਅੰਤ ਦੀਨ, ਦੁਖੀ ਹੁੰਦੇ ਹਨ।

ਨਿੰਦਕ = ਨਿੰਦਿਆ ਕਰਨ ਵਾਲਿਆਂ ਕਉ = ਨੂੰ ਦਈ = ਪ੍ਰੇਰਕ ਪਰਮਾਤਮਾ ਛੋਡੈ = ਛੱਡੇਗਾ ਨਹੀਂ, ਭਾਵ ਨਰਕਾਂ ਵਿਚ ਜ਼ਰੂਰ ਪਾਉਣਾ ਕਰੇਗਾ॥੨॥

## ਹਰਿ ਕਾ ਦਾਸੁ; ਕਿਛੁ ਬੁਰਾ ਨ ਮਾਗੈ ॥ ਨਿੰਦਕ ਕਉ; ਲਾਗੈ ਦੁਖ ਸਾਂਗੈ ॥

ਹਰਿ = ਪਰਮਾਤਮਾ ਕਾ = ਦਾ ਦਾਸੁ = ਸੇਵਕ ਕਿਸੇ ਦਾ ਕਿਛੁ = ਕੁਝ ਵੀ ਬੁਰਾ = ਮੰਦਾ ਨਹੀਂ ਮਾਗੈ = ਮੰਗਦਾ।

ਨਿੰਦਕ = ਨਿੰਦਿਆ ਕਰਨ ਵਾਲਿਆਂ ਕਉ = ਨੂੰ ਸਾਂਗੈ = ਨਕਲਾਂ ਲਾਉਣ ਕਰਕੇ ਦੁਖ = ਕਸ਼ਟ ਲਾਗੈ = ਲੱਗਾ ਰਹਿੰਦਾ ਹੈ **ਵਾ:** ਦੁੱਖ ਰੂਪੀ ਸਾਂਗੈ = ਬਰਛੀ ਲੱਗਦੀ ਹੈ।

## ਬਗੁਲੇ ਜਿਉ; ਰਹਿਆ ਪੰਖ ਪਸਾਰਿ ॥
## ਮੁਖ ਤੇ ਬੋਲਿਆ; ਤਾਂ ਕਢਿਆ ਬੀਚਾਰਿ ॥੩॥

ਨਿੰਦਕ ਪੁਰਖ ਬਗਲੇ ਦੇ ਜਿਉ = ਵਾਂਗ ਪਖੰਡ ਦੇ ਭੇਖਾਂ ਰੂਪ ਪੰਖ = ਖੰਭ ਪਸਾਰਿ = ਫੈਲਾਅ ਰਹਿਆ = ਰਿਹਾ ਹੈ।

ਪਰ ਜਦੋਂ ਆਪਣੇ ਮੁਖ = ਮੂੰਹ ਤੇ = ਤੋਂ ਨਿੰਦਿਆ ਰੂਪੀ ਬਚਨ ਬੋਲਿਆ = ਬੋਲਦਾ ਹੈ, ਤਾਂ = ਤਦੋਂ ਗੁਰਮੁਖਾਂ ਨੇ ਵਿਚਾਰ ਕੇ ਉਸਨੂੰ ਸਤਿਸੰਗਤ ਵਿੱਚੋਂ ਕਢਿਆ = ਕੱਢ ਦਿੱਤਾ ਹੈ ॥੩॥

## ਅੰਤਰਜਾਮੀ; ਕਰਤਾ ਸੋਇ ॥ ਹਰਿਜਨੁ ਕਰੈ; ਸੁ ਨਿਹਚਲੁ ਹੋਇ ॥

ਸੋਇ = ਉਹ ਕਰਤਾ ਪੁਰਖ ਸਭਨਾਂ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਹੈ **ਵਾ:** ਉਹ ਅੰਤਰਜਾਮੀ ਪ੍ਰਭੂ ਸਾਰੇ ਜਗਤ ਦਾ ਕਰਤਾ ਹੈ।

ਉਸ ਹਰਿਜਨੁ = ਪਰਮਾਤਮਾ ਦਾ ਸੇਵਕ ਜੋ ਕੁਝ ਵੀ ਕਰਦਾ ਹੈ, ਸੁ = ਉਹ ਨਿਸਚੇ ਕਰਕੇ ਨਿਹਚਲੁ = ਅਚੱਲ ਹੋਇ = ਹੁੰਦਾ ਹੈ **ਵਾ:** ਇਹ ਨਿਹਚਲੁ = ਅਚੱਲ ਗੱਲ ਹੈ ਕਿ ਹਰੀ ਦਾ ਸੇਵਕ ਜੋ ਕੁਝ ਬਚਨ ਕਰਦਾ ਹੈ, ਉਹ ਜ਼ਰੂਰ ਬਰ ਜ਼ਰੂਰ ਪੂਰਾ, ਸੱਚ ਹੁੰਦਾ ਹੈ।

## ਹਰਿ ਕਾ ਦਾਸੁ; ਸਾਚਾ ਦਰਬਾਰਿ ॥
## ਜਨ ਨਾਨਕ; ਕਹਿਆ ਤਤੁ ਬੀਚਾਰਿ ॥੪॥੪੧॥੫੪॥

ਹਰਿ = ਪਰਮਾਤਮਾ ਕਾ = ਦਾ ਦਾਸੁ = ਸੇਵਕ ਸਾਧਸੰਗਤ, ਸਚਖੰਡ ਰੂਪੀ ਦਰਬਾਰ ਵਿਚ ਸਦਾ ਸਾਚਾ = ਸੱਚਾ ਹੈ।

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰਨ ਕਰਕੇ ਕਥਨ ਕਰਦੇ ਹਨ ਕਿ ਹੇ ਭਾਈ! ਅਸਾਂ ਨੇ ਇਹ ਤਤੁ = ਸਿਧਾਂਤ ਬੀਚਾਰਿ = ਵਿਚਾਰ, ਨਿਰਣਾ ਕਰਕੇ ਦੱਸਿਆ ਹੈ ॥੪॥੪੧॥੫੪॥

## ਭੈਰਉ ਮਹਲਾ ੫ ॥

## ਦੁਇ ਕਰ ਜੋਰਿ; ਕਰਉ ਅਰਦਾਸਿ ॥ ਜੀਉ ਪਿੰਡੁ ਧਨੁ; ਤਿਸ ਕੀ ਰਾਸਿ ॥

ਮੈਂ ਆਪਣੇ ਦੁਇ = ਦੋਵੇਂ ਪ੍ਰਤੱਖ ਕਰ = ਹੱਥ ਜੋਰਿ = ਜੋੜ ਕੇ **ਵਾ:** ਮਨ ਬੁੱਧ ਰੂਪੀ ਹੱਥ ਜੋੜ ਕੇ ਪ੍ਰਭੂ ਦੇ ਪਾਸ ਅਰਦਾਸਿ = ਬੇਨਤੀ ਕਰਉ = ਕਰਦਾ ਹਾਂ।

ਮੇਰਾ ਜੀਉ = ਜੀਵਨ, ਪਿੰਡੁ = ਸਰੀਰ ਅਤੇ ਧਨੁ = ਰੋਕੜੀ ਆਦਿ ਸਭ ਕੁਝ ਤਿਸੁ = ਉਸ ਪ੍ਰਭੂ ਕੀ = ਦੀ ਹੀ ਰਾਸਿ = ਪੂੰਜੀ ਬਖ਼ਸ਼ਿਸ਼ ਕੀਤੀ ਹੋਈ ਹੈ।

## ਸੋਈ ਮੇਰਾ ਸੁਆਮੀ; ਕਰਨੈਹਾਰੁ ॥ ਕੋਟਿ ਬਾਰ; ਜਾਈ ਬਲਿਹਾਰ ॥੧॥

ਸੋਈ = ਉਹੋ ਹੀ ਮੇਰਾ ਸੁਆਮੀ = ਮਾਲਕ ਹੈ, ਜੋ ਪ੍ਰਭੂ ਸਾਰੀ ਸ੍ਰਿਸ਼ਟੀ ਨੂੰ ਕਰਨੈਹਾਰੁ = ਰਚਣ ਵਾਲਾ ਹੈ। ਮੈਂ ਕੋਟਿ = ਕ੍ਰੋੜਾਂ ਬਾਰ = ਵਾਰੀ ਉਸ ਪ੍ਰਭੂ ਤੋਂ ਬਲਿਹਾਰ = ਕੁਰਬਾਨ ਜਾਈ = ਜਾਂਦਾ ਹਾਂ ॥੧॥

## ਸਾਧੂ ਧੂਰਿ; ਪੁਨੀਤ ਕਰੀ ॥

ਪਰਮਾਤਮਾ ਦੇ ਸਾਧੂ = ਸੰਤ ਜਨਾਂ ਦੀ ਚਰਨ ਧੂਰਿ = ਧੂੜੀ ਜੀਵਨ ਨੂੰ ਪੁਨੀਤ = ਪਵਿੱਤਰ ਕਰੀ = ਕਰਨ ਵਾਲੀ ਹੈ।

## ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ; ਜਨਮ ਜਨਮ ਕੀ ਮੈਲੁ ਹਰੀ ॥੧॥ਰਹਾਉ॥

ਸਾਧ ਸੰਗਤ ਦੁਆਰਾ ਪ੍ਰਭ = ਪਰਮਾਤਮਾ ਦਾ ਨਾਮ ਸਿਮਰਤ = ਸਿਮਰਦਿਆਂ ਮਨ ਕੇ = ਦੇ ਅੰਦਰੋਂ ਕਾਮ ਕ੍ਰੋਧ ਆਦਿ ਵਿਕਾਰ ਮਿਟਹਿ = ਮਿਟ ਜਾਂਦੇ ਹਨ ਅਤੇ ਨਾਮ ਸਿਮਰਨ ਨੇ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਦੀ ਪਾਪਾਂ ਰੂਪੀ ਮੈਲੁ = ਮਲੀਨਤਾਈ ਵੀ ਹਰੀ = ਨਾਸ਼ ਕਰ ਦਿੱਤੀ ਹੈ ॥੧॥ਰਹਾਉ॥

## ਜਾ ਕੈ ਗ੍ਰਿਹ ਮਹਿ; ਸਗਲ ਨਿਧਾਨ ॥ ਜਾ ਕੀ ਸੇਵਾ; ਪਾਈਐ ਮਾਨੁ ॥

ਜਾ = ਜਿਸ ਪਰਮਾਤਮਾ ਕੈ = ਦੇ ਸਾਧਸੰਗਤ, ਸਚਖੰਡ ਗ੍ਰਿਹ = ਘਰ ਮਹਿ = ਵਿਚ ਸਗਲ = ਸਾਰੇ ਨਿਧਾਨ = ਖ਼ਜ਼ਾਨੇ ਹਨ। ਜਾ = ਜਿਸ ਪ੍ਰਭੂ ਕੀ = ਦੀ ਸੇਵਾ = ਟਹਿਲ (ਭਗਤੀ) ਕਰਕੇ ਲੋਕ-ਪ੍ਰਲੋਕ ਵਿਚ ਮਾਨੁ = ਆਦਰ ਪਾਈਐ = ਪ੍ਰਾਪਤ ਕਰੀਦਾ ਹੈ **ਵਾ:** ਮੰਨਣ ਰੂਪ ਗਿਆਨ ਪਾ ਲਈਦਾ ਹੈ।

## ਸਗਲ ਮਨੋਰਥ; ਪੂਰਨਹਾਰ ॥ ਜੀਅ ਪ੍ਰਾਨ; ਭਗਤਨ ਆਧਾਰ ॥੨॥

ਉਹ ਪ੍ਰਭੂ ਸਗਲ = ਸਾਰੇ ਮਨੋਰਥ = ਮਨ ਦੇ ਸੰਕਲਪ ਪੂਰਨਹਾਰ = ਪੂਰੇ ਕਰਨ ਵਾਲਾ ਹੈ। ਉਹ ਆਪਣੇ ਭਗਤਨ = ਭਗਤਾਂ ਦੇ ਜੀਅ = ਹਿਰਦੇ ਤੇ ਪ੍ਰਾਨ = ਸੁਆਸਾਂ ਦਾ ਆਧਾਰ = ਆਸਰਾ ਰੂਪ ਹੈ ॥੨॥

## ਘਟਿ ਘਟਿ ਅੰਤਰਿ; ਸਗਲ ਪ੍ਰਗਾਸ ॥
## ਜਪਿ ਜਪਿ ਜੀਵਹਿ; ਭਗਤ ਗੁਣਤਾਸ ॥

ਘਟਿ ਘਟਿ = ਸਰੀਰਾਂ ਸਰੀਰਾਂ ਦੇ ਅੰਤਰਿ = ਵਿਚ ਸਗਲ = ਸਾਰੇ ਥਾਈਂ ਹੀ ਉਸ ਪ੍ਰਭੂ ਦਾ ਪ੍ਰਗਾਸ = ਚਾਨਣ ਹੋ ਰਿਹਾ ਹੈ।

ਉਸ ਗੁਣਤਾਸ = ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਭਗਤ ਜਨ ਜਪ ਜਪ ਕੇ ਜੀਵਹਿ = ਜਿਊਣਾ ਕਰਦੇ ਹਨ।

## ਜਾ ਕੀ ਸੇਵ; ਨ ਬਿਰਥੀ ਜਾਇ ॥ ਮਨ ਤਨ ਅੰਤਰਿ; ਏਕੁ ਧਿਆਇ ॥੩॥

ਜਾ = ਜਿਸ ਪ੍ਰਭੂ ਕੀ = ਦੀ ਸੇਵ = ਟਹਿਲ ਕੀਤੀ ਕਦੇ ਵੀ ਬਿਰਥੀ = ਵਿਅਰਥ ਨਹੀਂ ਜਾਇ ਜਾਂਦੀ। ਹੇ ਭਾਈ! ਜਿਸ ਕਰਕੇ ਆਪਣੇ ਮਨ = ਹਿਰਦੇ ਤੇ ਤਨ = ਸਰੀਰ ਦੇ ਅੰਤਰਿ = ਵਿਚ ਉਸ ਏਕੁ = ਅਦੁੱਤੀ ਪਰਮਾਤਮਾ ਨੂੰ ਧਿਆਇ = ਆਰਾਧਣਾ ਕਰੋ ॥੩॥

## ਗੁਰ ਉਪਦੇਸਿ; ਦਇਆ ਸੰਤੋਖੁ ॥ ਨਾਮੁ ਨਿਧਾਨੁ; ਨਿਰਮਲੁ ਇਹੁ ਥੋਕੁ ॥

ਗੁਰਾਂ ਦੇ ਉਪਦੇਸ਼ ਨੂੰ ਕਮਾਉਣ ਕਰਕੇ ਦਇਆ = ਰਹਿਮ ਦਿਲੀ ਅਤੇ ਸੰਤੋਖੁ = ਭਲੀ ਪ੍ਰਕਾਰ ਤ੍ਰਿਪਤੀ

ਆਦਿ ਗੁਣ ਪ੍ਰਾਪਤ ਹੋ ਜਾਂਦੇ ਹਨ **ਵਾ**: ਗੁਰਾਂ ਦਾ ਇਹ ਉਪਦੇਸ਼ ਹੈ ਕਿ ਦਇਆ ਤੇ ਸੰਤੋਖ ਆਦਿ ਗੁਣ ਧਾਰਨ ਕਰੋ।

ਜੋ ਪਰਮਾਤਮਾ ਦਾ ਨਾਮ ਰੂਪੀ ਨਿਧਾਨੁ = ਖ਼ਜ਼ਾਨਾ ਹੈ, ਇਹ ਨਿਰਮਲੁ = ਸ਼ੁੱਧ, ਉੱਤਮ ਥੋਕੁ = ਪਦਾਰਥ ਹੈ।

## ਕਰਿ ਕਿਰਪਾ; ਲੀਜੈ ਲੜਿ ਲਾਇ ॥
## ਚਰਨ ਕਮਲ; ਨਾਨਕ ਨਿਤ ਧਿਆਇ ॥੪॥੪੨॥੫੫॥

ਅਤੇ ਬੇਨਤੀ ਕਰੋ ਕਿ ਹੇ ਪ੍ਰਭੂ ! ਸਾਨੂੰ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਆਪਣੀ ਸ਼ਰਨ ਰੂਪੀ ਲੜਿ = ਪੱਲੇ ਨਾਲ ਲਾਇ = ਲਾ ਲੀਜੈ = ਲੈਣਾ ਕਰੋ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਨਿਤ = ਨਿਤਾਪ੍ਰਤਿ ਤੇਰੇ ਚਰਣ ਕਮਲਾਂ ਨੂੰ ਧਿਆਇ = ਆਰਾਧਣਾ ਕਰੀਏ ॥੪॥੪੨॥੫੫॥

## ਭੈਰਉ ਮਹਲਾ ੫ ॥
## ਸਤਿਗੁਰ ਅਪੁਨੇ; ਸੁਨੀ ਅਰਦਾਸਿ ॥ ਕਾਰਜੁ ਆਇਆ; ਸਗਲਾ ਰਾਸਿ ॥

ਅਪੁਨੇ = ਆਪਣੇ ਸਤਿਗੁਰਾਂ ਨੇ ਸਾਡੀ ਅਰਦਾਸਿ = ਬੇਨਤੀ ਸੁਨੀ = ਸੁਣਨਾ ਕੀਤੀ ਹੈ।

ਜਿਸ ਕਰਕੇ ਸਾਡਾ ਗਿਆਨ, ਮੁਕਤੀ ਆਦਿ ਦਾ ਸਗਲਾ = ਸਾਰਾ ਹੀ ਕਾਰਜੁ = ਕੰਮ ਰਾਸਿ = ਸਚਿਆਈ ਵਿਚ ਆਇਆ = ਆ ਗਿਆ ਹੈ, ਭਾਵ ਠੀਕ ਹੋ ਗਿਆ ਹੈ।

## ਮਨ ਤਨ ਅੰਤਰਿ; ਪ੍ਰਭੁ ਧਿਆਇਆ ॥
## ਗੁਰ ਪੂਰੇ; ਡਰੁ ਸਗਲ ਚੁਕਾਇਆ ॥੧॥

ਅਸਾਂ ਨੇ ਮਨ = ਹਿਰਦੇ ਕਰਕੇ ਅਤੇ ਤਨ = ਸਰੀਰ ਦੇ ਅੰਤਰਿ = ਵਿਚ ਉਸ ਪ੍ਰਭੂ = ਪਰਮਾਤਮਾ ਨੂੰ ਹੀ ਧਿਆਇਆ = ਆਰਾਧਣਾ ਕੀਤਾ ਹੈ।

ਪੂਰੇ = ਪੂਰਨ ਗੁਰਾਂ ਨੇ ਸਾਡਾ ਸਗਲ = ਸਾਰਾ ਡਰ ਚੁਕਾਇਆ = ਚੁਕਾਅ ਦਿੱਤਾ ਹੈ, ਭਾਵ ਦੂਰ ਕਰ ਦਿੱਤਾ ਹੈ ॥੧॥

## ਸਭ ਤੇ ਵਡ; ਸਮਰਥ ਗੁਰਦੇਵ ॥ ਸਭਿ ਸੁਖ ਪਾਈ; ਤਿਸ ਕੀ ਸੇਵ ॥ਰਹਾਉ॥

ਸਭ = ਸਾਰਿਆਂ ਤੇ = ਤੋਂ ਵਡ = ਵੱਡੇ ਅਤੇ ਸਮਰਥ = ਸਰਬ ਸ਼ਕਤੀਵਾਨ ਗੁਰਦੇਵ = ਪੂਜਨੀਕ ਗੁਰੂ ਜੀ ਹੀ ਹਨ।

ਤਿਸ = ਉਨ੍ਹਾਂ ਗੁਰਾਂ ਕੀ = ਦੀ ਸੇਵ = ਟਹਿਲ ਕਰਕੇ ਸਭਿ = ਸਾਰੇ ਸੁੱਖਾਂ ਦੀ ਪਾਈ = ਪ੍ਰਾਪਤੀ ਕਰ ਲਈਦੀ ਹੈ ॥ਰਹਾਉ॥

## ਜਾ ਕਾ ਕੀਆ; ਸਭੁ ਕਿਛੁ ਹੋਇ ॥ ਤਿਸ ਕਾ ਅਮਰੁ; ਨ ਮੇਟੈ ਕੋਇ ॥

ਜਾ = ਜਿਸ ਪਰਮਾਤਮਾ ਕਾ = ਦਾ ਕੀਆ = ਕੀਤਾ ਹੋਇਆ ਹੀ ਸਭੁ = ਸਾਰਾ ਕਿਛੁ = ਕੁਝ ਹੋਇ = ਹੋ ਰਿਹਾ ਹੈ।

ਤਿਸ = ਉਸ ਪ੍ਰਭੂ ਕਾ = ਦਾ ਅਮਰੁ = ਹੁਕਮ ਕੋਇ = ਕੋਈ ਵੀ ਮੇਟੈ = ਮੇਟ ਨਹੀਂ ਸਕਦਾ।

## ਪਾਰਬ੍ਰਹਮੁ ਪਰਮੇਸਰੁ; ਅਨੂਪੁ ॥ ਸਫਲ ਮੂਰਤਿ; ਗੁਰੁ ਤਿਸ ਕਾ ਰੂਪੁ ॥੨॥

(ਪਾਰ + ਬ੍ਰਹਮੁ) ਪਾਪਾਂ ਪੁੰਨਾਂ ਤੋਂ ਪਾਰ = ਪਰ੍ਹੇ ਬ੍ਰਹਮੁ = ਵਿਆਪਕ ਸਰੂਪ ਪਰਮੇਸਰੁ = ਪਰਮਾਤਮਾ ਅਨੂਪੁ = ਉਪਮਾ ਤੋਂ ਰਹਿਤ ਹੈ।

ਉਹ ਪ੍ਰਭੂ ਦਾ ਸਫਲ = ਸਹਿਤ ਗਿਆਨ ਫਲ ਦੇ ਮੂਰਤਿ = ਸਰੂਪ ਹੈ ਅਤੇ ਗੁਰੂ ਤਿਸ = ਉਸ ਪਰਮਾਤਮਾ ਕਾ = ਦਾ ਹੀ ਰੂਪੁ = ਸਰੂਪ ਹੈ ॥੨॥

## ਜਾ ਕੈ ਅੰਤਰਿ; ਬਸੈ ਹਰਿ ਨਾਮੁ ॥ ਜੋ ਜੋ ਪੇਖੈ; ਸੁ ਬ੍ਰਹਮ ਗਿਆਨੁ ॥

ਜਾ = ਜਿਸ ਮਨੁੱਖ ਕੈ = ਦੇ ਹਿਰਦੇ ਅੰਤਰਿ = ਵਿਚ ਹਰਿ = ਪਰਮਾਤਮਾ ਦਾ ਨਾਮ ਬਸੈ = ਵੱਸ ਜਾਂਦਾ ਹੈ।

ਉਹ ਜੋ ਜੋ = ਜਿਹੜਾ ਕੁਝ ਵੀ ਪੇਖੈ = ਵੇਖਦਾ ਹੈ, ਸੁ = ਉਹ ਬ੍ਰਹਮ ਗਿਆਨ ਵਾਲੀ ਦ੍ਰਿਸ਼ਟੀ ਨਾਲ ਸਭ ਬ੍ਰਹਮ ਰੂਪ ਹੀ ਵੇਖਦਾ ਹੈ।

## ਬੀਸ ਬਿਸੁਏ; ਜਾ ਕੈ ਮਨਿ ਪਰਗਾਸੁ ॥
## ਤਿਸੁ ਜਨ ਕੈ; ਪਾਰਬ੍ਰਹਮ ਕਾ ਨਿਵਾਸੁ ॥੩॥

ਬੀਸ ਬਿਸੁਏ = ਵੀਹ ਵਿਸਵੇ ਭਾਵ ਨਿਸਚੇ ਕਰਕੇ ਜਾ = ਜਿਸ ਕੈ = ਦੇ ਮਨਿ = ਹਿਰਦੇ ਵਿਚ ਗਿਆਨ ਦਾ ਪਰਗਾਸੁ = ਚਾਨਣਾ ਹੈ **ਵਾ:** ਜਿਸ ਨੇ ਬੀਸ = ਵੀਹ ਭਾਵ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਪੰਜ ਸ਼ਬਦ ਸਪਰਸ਼ ਆਦਿ ਵਿਸ਼ੇ ਅਤੇ ਪੰਜ ਕਾਮਾਦਿਕ ਵਿਕਾਰ ਰੋਕ ਲਏ ਹਨ **ਵਾ:** ਪੰਜਾਂ ਤੱਤਾਂ ਦੀ ਧਾਰਨਾ, ਪੰਜ (ਸਤ, ਸੰਤੋਖ, ਦਇਆ, ਧਰਮ, ਵਿਚਾਰ) ਗੁਣ ਧਾਰਨ ਕਰਨੇ, ਪੰਜ ਪ੍ਰਾਣਾਂ ਨੂੰ ਰੋਕਣਾ ਅਤੇ ਪੰਜੇ ਕਲੇਸ਼ ਮੇਟ ਲੈਣ ਨਾਲ ਜਿਸ ਦੇ ਮਨ ਵਿਚ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋਇਆ ਹੈ।

ਤਿਸੁ = ਉਸ ਜਨ = ਪੁਰਖ ਕੈ = ਦੇ ਹਿਰਦੇ ਅੰਦਰ ਹੀ ਪਾਰਬ੍ਰਹਮ = ਪਰਮਾਤਮਾ ਕਾ = ਦਾ ਨਿਵਾਸੁ ਵਾਸਾ ਹੈ, ਭਾਵ ਪ੍ਰਭੂ ਸਾਖਿਆਤ ਹੋਇਆ ਹੈ ॥੩॥

## ਤਿਸੁ ਗੁਰ ਕਉ; ਸਦ ਕਰੀ ਨਮਸਕਾਰ ॥ ਤਿਸੁ ਗੁਰ ਕਉ; ਸਦ ਜਾਉ ਬਲਿਹਾਰ ॥

ਮੈਂ ਤਿਸੁ = ਉਸ ਗੁਰ ਕਉ = ਨੂੰ ਸਦ = ਹਮੇਸ਼ਾਂ ਨਮਸਕਾਰ = ਬੰਦਨਾ ਕਰੀ = ਕਰਦਾ ਹਾਂ। ਤਿਸੁ = ਉਸ ਗੁਰੂ ਕਉ = ਉਪਰੋਂ ਮੈਂ ਸਦ = ਹਮੇਸ਼ਾਂ ਬਲਿਹਾਰ = ਕੁਰਬਾਨ ਜਾਉ = ਜਾਂਦਾ ਹਾਂ।

## ਸਤਿਗੁਰ ਕੇ ਚਰਨ; ਧੋਇ ਧੋਇ ਪੀਵਾ ॥
## ਗੁਰ ਨਾਨਕ; ਜਪਿ ਜਪਿ ਸਦ ਜੀਵਾ ॥੪॥੪੩॥੫੬॥

ਮੈਂ ਸਤਿਗੁਰੂ ਕੇ = ਦੇ ਪਵਿੱਤਰ ਚਰਨ ਕਮਲ ਧੋਇ ਧੋਇ = ਧੋ ਧੋ ਕੇ ਪੀਵਾ = ਪੀਣਾ ਕਰਦਾ ਹਾਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਐਸੇ ਗੁਰੂ ਦੇ ਨਾਮ, ਉਪਦੇਸ਼ ਨੂੰ ਮੈਂ ਮਨ, ਬਾਣੀ ਦੁਆਰਾ ਜਪ ਜਪ ਕੇ ਹੀ ਸਦ = ਸਦਾ ਜੀਵਾਂ = ਜਿਉਣਾ ਕਰਦਾ ਹਾਂ ॥੪॥੪੩॥੫੬॥

[ਅੰਗ ੧੧੫੩]

## ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥

ਰਾਗ ਭੈਰਉ ਦੇ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਪੜਤਾਲ ਛੰਦ ਦੁਆਰਾ ਘਰੁ ੩ = ਤੀਸਰੇ ਸੁਰਤਾਲ ਵਿਚ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

**ਪੜਤਾਲ** : ਪਰਤਾਉ ਦਾ ਤਾਲ, ਭਾਵ ਜਿਸਦੇ ਗਾਉਣ ਵਿਚ ਤੁਕ ਤੁਕ 'ਤੇ ਤਾਲ ਪਰਤਦਾ ਜਾਂਦਾ ਹੋਵੇ, ਉਸ ਨੂੰ ਪੜਤਾਲ ਕਹਿੰਦੇ ਹਨ **ਵਾ**: ਪੱਟਤਾਲ, ਚਾਰ ਤਾਲ ਦਾ ਭੇਦ, ਇਸ ਤਾਲ ਵਿਚ ਗਾਏ ਜਾਣ ਵਾਲੇ ਪਦਾਂ ਦੀ "ਪੜਤਾਲ" ਸੰਗਯਾ ਹੋ ਗਈ ਹੈ **ਵਾ**: ਜਿਸ ਬਾਣੀ ਵਿਚ ਪਰਮਾਤਮਾ ਦੀ ਪੜਤਾਲ = ਖੋਜ ਹੋਵੇ, ਐਸੀ ਬਾਣੀ ਉਚਾਰਣ ਕਰ ਰਹੇ ਹਨ।

੧ = ਅਦੁੱਤੀ ਬ੍ਰਹਮ, ਓਂ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਪਰਤਿਪਾਲ ਪ੍ਰਭ ਕ੍ਰਿਪਾਲ; ਕਵਨ ਗੁਨ ਗਨੀ ॥

ਹੇ ਭਾਈ ! ਮੇਰਾ ਪ੍ਰਭ = ਪ੍ਰਭੂ ਕ੍ਰਿਪਾਲ = ਕਿਰਪਾ ਦਾ ਘਰ ਹੈ ਅਤੇ ਸਭ ਦੇ ਤਾਈਂ ਪਰਤਿਪਾਲ = ਪਾਲਣਾ ਕਰਦਾ ਹੈ, ਮੈਂ ਉਸ ਦੇ ਕਵਨ = ਕਿਹੜੇ ਕਿਹੜੇ ਗੁਣ ਗਨੀ = ਗਿਣਤੀ ਕਰਕੇ, ਵਿਚਾਰ ਕੇ ਦੱਸਣਾ ਕਰਾਂ, ਭਾਵ ਉਸਦੇ ਵਿਚ ਬੇਅੰਤ ਗੁਣ ਹਨ।

## ਅਨਿਕ ਰੰਗ ਬਹੁਤ ਰੰਗ; ਸਰਬ ਕੋ ਧਨੀ ॥੧॥ਰਹਾਉ॥

ਉਸ ਨੇ ਅਨਿਕ = ਅਨੇਕਾਂ ਰੰਗਾਂ ਦੇ ਜੀਵ ਪੈਦਾ ਕੀਤੇ ਹਨ ਜੋ ਜੀਵ ਅੱਗੋਂ ਬਹੁਤ = ਬੇਅੰਤ ਰੰਗਾਂ ਦੇ ਹਨ, ਭਾਵ ਜਿਵੇਂ ਤੋਤੇ ਕੇਵਲ ਹਰੇ ਰੰਗ ਦੇ ਹਨ, ਕਾਂ ਕਾਲੇ ਰੰਗ ਦੇ ਹੀ ਹਨ ਪਰ ਮੋਰ ਤਿੱਤਰ ਆਦਿ ਇਕ ਦੇ ਹੀ ਅਨੇਕਾਂ ਰੰਗ ਹਨ **ਵਾ**: ਰਾਜਸੀ, ਤਾਮਸੀ, ਸਾਂਤਕੀ **ਵਾ**: ਸਾਰੇ ਖਾਣੀਆਂ ਦੇ ਅਨੇਕ ਰੰਗਾਂ ਦੇ ਜੀਵ ਪੈਦਾ ਕੀਤੇ ਹਨ। ਫੇਰ ਉਹ ਪ੍ਰਭੂ ਸਰਬ = ਸਾਰਿਆਂ ਕੋ = ਦਾ ਧਨੀ = ਮਾਲਕ ਹੈ **ਅਥਵਾ** ਉਹ ਪ੍ਰਭੂ ਅਨੇਕਾਂ ਰੰਗ = ਕੌਤਕ ਕਰਨ ਵਾਲਾ ਹੈ ਬਹੁ = ਬੇਅੰਤ ਜੀਵਾਂ ਰੂਪੀ ਤਰੰਗ = ਲਹਿਰਾਂ ਨੂੰ ਪੈਦਾ ਕਰਨ ਵਾਲਾ ਹੈ, ਫੇਰ ਸਾਰੇ ਜੀਵਾਂ ਦਾ ਮਾਲਕ ਹੈ ॥੧॥ਰਹਾਉ॥

## ਅਨਿਕ ਗਿਆਨ, ਅਨਿਕ ਧਿਆਨ; ਅਨਿਕ ਜਾਪ ਜਾਪ ਤਾਪ ॥

ਉਸ ਦੀ ਸ੍ਰਿਸ਼ਟੀ ਅੰਦਰ ਅਨਿਕ = ਅਨੇਕਾਂ ਹੀ ਗਿਆਨ, ਅਨਿਕ = ਅਨੇਕਾਂ ਹੀ ਧਿਆਨ ਹਨ **ਵਾ**: ਅਨੇਕਾਂ ਹੀ ਉਸਦੇ ਨਿਰਗੁਣ ਸਰੂਪ ਦਾ ਗਿਆਨ ਪ੍ਰਾਪਤ ਕਰਨ ਵਾਲੇ ਹਨ, ਅਨੇਕਾਂ ਹੀ ਉਸਦੇ ਸਰਗੁਣ ਸਰੂਪ ਦਾ ਧਿਆਨ ਲਾਉਣ ਵਾਲੇ ਹਨ। ਅਨੇਕਾਂ ਹੀ ਜਪੀਆਂ ਦੇ ਜਾਪ ਹਨ ਅਤੇ ਅਨੇਕਾਂ ਹੀ ਤਪੀਆਂ ਦੇ ਤਪ ਹਨ।

**ਤਿੰਨ ਪ੍ਰਕਾਰ ਦੇ ਜਾਪ** : ੧. ਵਾਚਿਕ = ਜੋ ਸਪੱਸ਼ਟ ਉਚਾਰਣ ਕਰਕੇ ਕੀਤਾ ਜਾਵੇ।
੨. ਉਪਾਂਸ = ਜੋ ਹੋਠਾਂ ਦੇ ਅੰਦਰ ਬਹੁਤ ਧੀਮੀ ਧੁਨ ਵਿਚ ਕੀਤਾ ਜਾਵੇ।
੩. ਮਾਨਸ = ਜੋ ਮਨ ਦੁਆਰਾ ਕੀਤਾ ਜਾਵੇ।

**ਤਿੰਨ ਪ੍ਰਕਾਰ ਦੇ ਤਪ** : ੧. ਸਾਂਤਕੀ ਤਪ = ਚਿੱਤ ਨੂੰ ਇਕਾਗਰ ਕਰਨਾ।
੨. ਰਾਜਸੀ ਤਪ = ਇੰਦ੍ਰੀਆਂ ਦਾ ਦਮਨ ਕਰਨਾ।
੩. ਤਾਮਸੀ ਤਪ = ਧੂਣੀਆਂ ਤਾਉਣੀਆਂ, ਪੁੱਠੇ ਲਮਕਣਾ ਆਦਿ।

## ਅਨਿਕ ਗੁਨਿਤ ਧੁਨਿਤ ਲਲਿਤ; ਅਨਿਕ ਧਾਰ ਮੁਨੀ ॥੧॥

ਅਨਿਕ = ਅਨੇਕਾਂ ਹੀ ਗੁਨਿਤ = ਵਿਚਾਰ ਵਾਲੇ ਗਵੱਈਏ ਹਨ, ਅਨੇਕਾਂ ਹੀ ਧੁਨਿਤ = ਅਲਾਪ ਕਰਨ ਵਾਲੇ ਹਨ, ਅਨੇਕਾਂ ਹੀ ਲਲਿਤ = ਰਾਗਣੀਆਂ ਗਾਉਣਾ ਕਰਦੇ ਹਨ **ਵਾ**: ਲਲਿਤ = ਸੁੰਦਰ ਧੁਨਿਤ = ਧੁਨਾਂ ਨੂੰ ਉਚਾਰਣ ਵਾਲੇ ਹਨ **ਵਾ**: ਅਨੇਕਾਂ ਹੀ ਲਲਿਤ = ਜੀਭ ਦੁਆਰਾ ਅਨੇਕਾਂ ਧੁਨਾਂ ਨੂੰ ਉਚਾਰਣ ਵਾਲੇ ਹਨ ਅਤੇ ਅਨੇਕਾਂ ਮੁਨੀ = ਮੰਨਣਸ਼ੀਲ ਲੋਕ ਮੋਨ ਨੂੰ ਧਾਰਨ ਵਾਲੇ ਹਨ ॥੧॥

## ਅਨਿਕ ਨਾਦ ਅਨਿਕ ਬਾਜ, ਨਿਮਖ ਨਿਮਖ ਅਨਿਕ ਸ੍ਵਾਦ; ਅਨਿਕ ਦੋਖ, ਅਨਿਕ ਰੋਗ ਮਿਟਹਿ, ਜਸ ਸੁਨੀ ॥

(ਅਨਿਕ ਨਾਦ ਅਨਿਕ ਬਾਜ) ਅਨਿਕ = ਅਨੇਕਾਂ ਹੀ ਨਾਦ = ਵਾਜੇ ਹਨ, ਅਨਿਕ = ਅਨੇਕਾਂ ਹੀ ਉਨ੍ਹਾਂ ਵਾਜਿਆਂ ਨੂੰ ਬਾਜ = ਵਜਾਉਣ ਦੇ ਭੇਦ ਹਨ **ਵਾ:** ਅਨੇਕਾਂ ਪ੍ਰਕਾਰ ਦੇ ਨਾਦ = ਸੰਖ, ਯੋਗੀਆਂ ਦੀ ਸਿੰਙੀ ਆਦਿ ਸਾਜ ਹਨ ਅਤੇ ਅਨੇਕਾਂ ਹੀ ਉਨ੍ਹਾਂ ਵਿਚ ਬਾਜ = ਅਵਾਜ਼ਾਂ ਨਿਕਲ ਰਹੀਆਂ ਹਨ **ਵਾ:** ਅਨੇਕਾਂ ਪ੍ਰਕਾਰ ਦੇ ਜੀਵਾਂ ਰੂਪੀ ਨਾਦ = ਵਾਜਿਆਂ ਵਿੱਚੋਂ ਅਨੇਕਾਂ ਪ੍ਰਕਾਰ ਦੀਆਂ ਰਾਜਸੀ, ਤਾਮਸੀ, ਸਾਂਤਕੀ ਸੁਭਾਵਾਂ ਵਾਲੀਆਂ ਅਵਾਜ਼ਾਂ ਨਿਕਲ ਰਹੀਆਂ ਹਨ **ਵਾ:** ਅਨੇਕ ਪ੍ਰਕਾਰ ਦੇ ਬਾਜ = ਵਾਜੇ ਹਨ ਅਤੇ ਅਨੇਕ ਪ੍ਰਕਾਰ ਦੀਆਂ ਉਨ੍ਹਾਂ ਦੀਆਂ ਨਾਦ = ਧੁਨੀਆਂ ਹਨ **ਵਾ:** ਅਨੇਕ ਪ੍ਰਕਾਰ ਦੀ ਬਾਜ = ਪ੍ਰਗਟਤਾ, ਗੰਮਤਾ ਹੈ **ਵਾ:** ਅਨੇਕ ਪ੍ਰਕਾਰ ਦੀਆਂ ਕਿਸਮਾਂ ਦੇ ਬਾਜ਼ ਆਦਿ ਪੰਛੀ ਹਨ।

(ਨਿਮਖ ਨਿਮਖ ਅਨਿਕ ਸ੍ਵਾਦ) ਨਿਮਖ ਨਿਮਖ = ਅੱਖ ਦੇ ਝਮਕਣ ਜਿਤਨੇ ਸਮੇਂ ਭਾਵ ਬਹੁਤ ਥੋੜ੍ਹੇ ਤੋਂ ਥੋੜ੍ਹੇ ਸਮੇਂ ਅੰਦਰ ਅਨੇਕਾਂ ਹੀ ਯੋਗਾਨੰਦ ਵਿਚ ਪਦਾਰਥਾਂ ਦੇ ਸ੍ਵਾਦ = ਰਸ ਆਉਂਦੇ ਹਨ **ਵਾ:** ਨਿਮਖ ਨਿਮਖ ਕਾਲ ਵਿਚ ਅਨੇਕਾਂ ਸੁਆਦ ਪ੍ਰਾਪਤ ਹੋ ਰਹੇ ਹਨ।

(ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ॥) ਉਸ ਪ੍ਰਭੂ ਦਾ ਜੱਸ ਸੁਨੀ = ਸੁਣਨ ਨਾਲ ਅਨਿਕ = ਅਨੇਕਾਂ ਪ੍ਰਕਾਰ ਦੇ ਦੋਖ = ਐਬ ਅਤੇ ਅਨੇਕਾਂ ਪ੍ਰਕਾਰ ਦੇ ਪ੍ਰਤੱਖ, ਅਗਿਆਨ, ਹੰਕਾਰ ਆਦਿ ਰੋਗ = ਦੁੱਖ ਮਿਟਹਿ = ਮਿਟ ਜਾਂਦੇ ਹਨ।

## ਨਾਨਕ, ਸੇਵ ਅਪਾਰ ਦੇਵ, ਤਟਹ ਖਟਹ, ਬਰਤ ਪੂਜਾ; ਗਵਨ ਭਵਨ, ਜਾਤ੍ਰ ਕਰਨ, ਸਗਲ ਫਲ ਪੁਨੀ ॥੨॥੧॥੫੭॥੮॥੨੧॥੭॥੫੭॥੯੩॥

(**ਪੁੱਨੀ** ਦਾ ਉਚਾਰਣ ਅੱਧਕ ਸਹਿਤ ਹੈ)

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਪਾਰ = ਪਾਰਾਵਾਰ ਤੋਂ ਰਹਿਤ ਦੇਵ = ਪੂਜਨੀਕ, ਪ੍ਰਕਾਸ਼ ਰੂਪ ਪਰਮਾਤਮਾ ਦੀ ਸੇਵ = ਟਹਿਲ (ਭਗਤੀ) ਕਰਕੇ ਤਟਹ = ਤੀਰਥਾਂ ਦੇ ਕਿਨਾਰੇ ਬੈਠ ਕੇ ਜਾਪ ਕਰਨਾ, ਖਟਹ = ਛੇ ਸ਼ਾਸਤ੍ਰਾਂ ਦਾ ਸਿਧਾਂਤ ਵਾਚਣਾ **ਵਾ:** ਛੇ ਕਰਮਾਂ ਵਾਲੇ ਹੋਣਾ, ਇਕਾਦਸ਼ੀ ਆਦਿ ਦੇ ਬਰਤ ਰੱਖਣੇ ਅਤੇ ਤੀਰਥਾਂ ਦੀ ਜਾਤ੍ਰ = ਯਾਤ੍ਰਾ ਕਰਨੀ ਆਦਿ ਸਗਲ = ਸਾਰੇ ਪੁਨੀ = ਪੁੰਨਾਂ ਦੇ ਫਲ ਪ੍ਰਾਪਤ ਹੋ ਜਾਂਦੇ ਹਨ, ਭਾਵ ਇਨ੍ਹਾਂ ਕਰਮਾਂ ਧਰਮਾਂ ਵਿਚ ਫਸਣ ਦੀ ਲੋੜ ਨਹੀਂ। ਸਤਿਗੁਰੂ ਦੀ ਸੇਵਾ ਦੁਆਰਾ ਇਨ੍ਹਾਂ ਕਰਮਾਂ ਨੂੰ ਪ੍ਰਾਪਤ ਹੋਣ ਵਾਲੇ ਫਲ ਸੁਖੈਨ ਹੀ ਪ੍ਰਾਪਤ ਹੋ ਜਾਂਦੇ ਹਨ॥੨॥੧॥੫੭॥੮॥੨੧॥੭॥੫੭॥੯੩॥

| | | |
|---|---|---|
| **ਅੰਕਾਂ ਦਾ ਵੇਰਵਾ :** | ੨ | ਅੰਕ ਇਸ ਸ਼ਬਦ ਦਾ ਜੋੜ ਹੈ। |
| | ੧ | ਅੰਕ ਇਸ ਪੜਤਾਲ ਵਾਲੇ ਸ਼ਬਦ ਦਾ ਵਾਚਕ ਹੈ। |
| | ੫੭ | ਅੰਕ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਕੁਲ ਸ਼ਬਦ ਹਨ। |
| **ਸਾਰੇ ਸ਼ਬਦਾਂ ਦਾ ਜੋੜ :** | ੮ | ਅੰਕ ਪਹਿਲੇ ਪਾਤਸ਼ਾਹ ਜੀ ਦੇ ਸ਼ਬਦਾਂ ਦਾ ਜੋੜ ਹੈ। |
| | ੨੧ | ਅੰਕ ਤੀਸਰੇ ਪਾਤਸ਼ਾਹ ਜੀ ਦੇ ਸ਼ਬਦਾਂ ਦਾ ਜੋੜ ਹੈ। |
| | ੭ | ਅੰਕ ਚੌਥੇ ਪਾਤਸ਼ਾਹ ਜੀ ਦੇ ਸ਼ਬਦਾਂ ਦਾ ਜੋੜ ਹੈ। |
| | ੫੭ | ਅੰਕ ਪੰਜਵੇਂ ਪਾਤਸ਼ਾਹ ਜੀ ਦੇ ਸ਼ਬਦਾਂ ਦਾ ਜੋੜ ਹੈ। |
| | **੯੩** | **ਕੁਲ ਜੋੜ।** |

## ਭੈਰਉ ਅਸਟਪਦੀਆ[੧] ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸਤਿਗੁਰਾਂ ਪਾਸ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ! ਜੀਵ ਅਤੇ ਈਸ਼ ਦੀ ਏਕਤਾ ਜਿਸ ਪ੍ਰਕਾਰ ਹੋਵੇ ? ਤਦ ਉੱਤਰ ਵਿਚ ਭੈਰਉ ਰਾਗੁ ਅੰਦਰ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਅਸਟਪਦੀਆ = ਅੱਠ ਪਦਿਆਂ ਵਾਲੀ ਬਾਣੀ ਦੁਆਰਾ ਘਰੁ ੨ = ਦੂਸਰੇ ਸੁਰਤਾਲ ਵਿਚ ਇਹ ਸ਼ਬਦ ਉਚਾਰਣ ਕਰਕੇ ਉੱਤਰ ਬਖ਼ਸ਼ਿਸ਼ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਆਤਮ ਮਹਿ ਰਾਮੁ, ਰਾਮ ਮਹਿ ਆਤਮੁ; ਚੀਨਸਿ ਗੁਰ ਬੀਚਾਰਾ ॥

ਆਤਮ = ਜੀਵਾਤਮਾ ਮਹਿ = ਵਿਚ ਰਾਮੁ = ਪਰਮਾਤਮਾ ਵੱਸਦਾ ਹੈ ਅਤੇ ਰਾਮ = ਪਰਮਾਤਮਾ ਮਹਿ = ਵਿਚ ਆਤਮੁ = ਜੀਵਾਤਮਾ ਵੱਸਦਾ ਹੈ, ਇਹ ਸਿਧਾਂਤ ਗੁਰਾਂ ਦੇ ਉਪਦੇਸ਼ ਦੀ ਬੀਚਾਰਾ = ਵਿਚਾਰ ਦੁਆਰਾ ਅਸੀਂ ਚੀਨਸਿ = ਜਾਣਿਆ ਹੈ।

## ਅੰਮ੍ਰਿਤ ਬਾਣੀ, ਸਬਦਿ ਪਛਾਣੀ; ਦੁਖ ਕਾਟੈ, ਹਉ ਮਾਰਾ ॥੧॥

ਜਿਸ ਨੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੀ ਧੁਰ ਕੀ ਬਾਣੀ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਪਛਾਣੀ = ਪਛਾਣਨਾ ਕੀਤੀ ਹੈ **ਵਾ:** ਉਹ ਆਪਣੇ ਅੰਦਰੋਂ ਹਉ = ਹੰਗਤਾ ਮਮਤਾ ਨੂੰ ਮਾਰਾ = ਮਾਰ, ਨਵਿਰਤ ਕਰਕੇ ਆਪਣਾ ਜੰਮਣ ਮਰਣ ਰੂਪੀ ਦੁਖ ਕਾਟੈ = ਕੱਟ ਲੈਂਦਾ ਹੈ॥੧॥

## ਨਾਨਕ; ਹਉਮੈ ਰੋਗ ਬੁਰੇ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਉਮੈ = ਹੰਗਤਾ ਮਮਤਾ ਦੇ ਰੋਗ ਕਰਕੇ ਜੀਵ ਬੁਰੇ = ਭੈੜੇ ਸੁਭਾਅ ਵਾਲੇ ਹੋ ਰਹੇ ਹਨ।

## ਜਹ ਦੇਖਾਂ, ਤਹ ਏਕਾ ਬੇਦਨ; ਆਪੇ ਬਖਸੈ ਸਬਦਿ ਧੁਰੇ ॥੧॥ਰਹਾਉ॥

ਮੈਂ ਜਹ = ਜਿਥੇ ਵੀ ਦੇਖਾਂ = ਦੇਖਣਾ ਕਰਦਾ ਹਾਂ, ਤਹ = ਉਥੇ ਹਰੇਕ ਵਿਚ ਏਕਾ = ਇਕ ਹਉਮੈ ਦੀ ਹੀ ਬੇਦਨ = ਪੀੜਾ ਹੈ, ਜਿਸ ਨੂੰ ਉਹ ਪ੍ਰਭੂ ਆਪੇ = ਆਪ ਹੀ ਧੁਰੋਂ ਸ਼ਬਦ ਦੁਆਰਾ ਨਾਮ ਦੀ ਦਾਤ ਬਖਸੈ = ਬਖ਼ਸ਼ਦਾ ਹੈ, ਉਸ ਦੀ ਇਹ ਪੀੜਾ ਨਵਿਰਤ ਹੋਣੀ ਹੈ॥੧॥ਰਹਾਉ॥

## ਆਪੇ ਪਰਖੇ ਪਰਖਣਹਾਰੈ; ਬਹੁਰਿ ਸੂਲਾਕੁ ਨ ਹੋਈ ॥

ਪਰਖਣਹਾਰੈ = ਪਰਖ ਕਰਨ ਵਾਲੇ ਪਰਮਾਤਮਾ ਨੇ ਆਪ ਹੀ ਗੁਰੂ ਸਰੂਪ ਧਾਰ ਕੇ ਜਿਹੜੇ ਜਗਿਆਸੂ ਪਰਖੇ = ਪਰਖਣਾ ਕੀਤੇ ਹਨ ਭਾਵ ਹੰਗਤਾ ਤੋਂ ਰਹਿਤ ਵੇਖੇ ਹਨ, ਉਨ੍ਹਾਂ ਨੂੰ ਬਹੁਰਿ = ਮੁੜ ਕੇ ਕਿਸੇ ਪ੍ਰਕਾਰ ਕੋਈ ਸੂਲਾਕੁ = ਦੁੱਖ, ਤਕਲੀਫ਼ ਨਹੀਂ ਹੋਈ = ਹੁੰਦੀ।

---

੧. ***ਨੋਟ :*** ਏਥੇ ਅਸਟਪਦੀਆ ਬਹੁ-ਵਚਨ ਪਦ ਹੈ ਅਤੇ ਪਹਿਲੇ ਪਾਤਸ਼ਾਹ ਜੀ ਦੀ ਇਕ ਅਸਟਪਦੀ ਹੈ ਪਰ ਇਹ ਸ਼ੰਕਾ ਨਹੀਂ ਕਰਨੀ ਕਿ ਪਹਿਲੇ ਪਾਤਸ਼ਾਹ ਜੀ ਦੀ ਇਕ ਅਸਟਪਦੀ ਹੈ, ਪਰ ਏਥੇ ਬਹੁ-ਵਚਨ ਪਦ ਅਸਟਪਦੀਆ ਲਿਖ ਦਿੱਤਾ ਹੈ। ਇਸ ਅਸਟਪਦੀ ਤੋਂ ਅੱਗੇ ਤੀਸਰੇ ਪਾਤਸ਼ਾਹ ਜੀ ਦੀ ਬਾਣੀ ਆਰੰਭ ਹੋ ਰਹੀ ਹੈ, ਉਥੇ ਸਿਰਲੇਖ ਵਿਚ ਸਤਿਗੁਰਾਂ ਨੇ ਅਸਟਪਦੀਆ ਦਾ ਸਿਰਲੇਖ ਨਹੀਂ ਦਿੱਤਾ, ਸੋ ਭਾਵ ਇਹ ਹੈ ਕਿ ਗੁਰੂ ਜੀ ਨੇ ਏਥੇ ਹੀ ਬਹੁ-ਵਚਨ ਵਿਚ 'ਅਸਟਪਦੀਆ' ਪਦ ਲਿਖ ਦਿੱਤਾ ਹੈ।

***ਨੋਟ :*** ਸੂਲਾਕੁ = ਖੋਟਾ ਖਰਾ ਸੋਨਾ ਦੇਖਣ ਵਾਸਤੇ ਤਿੱਖੀ ਨੋਕ ਦੇ ਸੂਏ ਨਾਲ ਛਿਦ੍ਰ ਕਰਕੇ ਜਾਂਚ ਕੀਤੀ ਜਾਂਦੀ ਹੈ, ਇਉਂ ਭਾਵ ਦੁੱਖ ਜਾਂ ਪਰਖ ਤੋਂ ਲਿਆ ਜਾਂਦਾ ਹੈ, ਉਨ੍ਹਾਂ ਜਗਿਆਸੂਆਂ ਦੀ ਦੁਬਾਰਾ ਕੋਈ ਪਰਖ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਦੁੱਖ ਹੁੰਦਾ ਹੈ।

## ਜਿਨ ਕਉ ਨਦਰਿ ਭਈ, ਗੁਰਿ ਮੇਲੇ; ਪ੍ਰਭ ਭਾਣਾ ਸਚੁ ਸੋਈ ॥੨॥

ਜਿਨ = ਜਿਨ੍ਹਾਂ ਕਉ = ਨੂੰ ਗੁਰਾਂ ਦੀ ਨਦਰਿ = ਕਿਰਪਾ ਦ੍ਰਿਸ਼ਟੀ ਭਈ = ਹੋਈ ਹੈ, ਉਹ ਗੁਰਾਂ ਨੇ ਪ੍ਰਭੂ ਨਾਲ ਮੇਲੇ = ਮੇਲ ਦਿੱਤੇ ਹਨ, ਜਿਨ੍ਹਾਂ ਨੂੰ ਪ੍ਰਭੂ ਭਾਣਾ = ਭਾਅ ਗਿਆ ਹੈ **ਵਾ:** ਜਿਹੜੇ ਪ੍ਰਭੂ ਨੂੰ ਭਾਅ ਗਏ ਹਨ ਸੋਈ = ਉਹ ਸੱਚ ਸਰੂਪ ਹੀ ਹੋ ਗਏ ਹਨ ॥੨॥

## ਪਉਣੁ ਪਾਣੀ ਬੈਸੰਤਰੁ ਰੋਗੀ; ਰੋਗੀ ਧਰਤਿ ਸਭੋਗੀ ॥

ਪਉਣੁ = ਹਵਾ, ਪਾਣੀ ਤੇ ਬੈਸੰਤਰੁ = ਅੱਗ ਵੀ ਰੋਗੀ = ਰੋਗ ਸਹਿਤ ਹਨ **ਵਾ:** ਪਉਣ ਦੇਵਤਾ, ਪਾਣੀ ਦੇਵਤਾ ਤੇ ਅਗਨ ਦੇਵਤਾ ਵੀ ਹਉਮੈ ਦੇ ਰੋਗ ਸਹਿਤ ਹਨ[੧] ਅਤੇ ਸਭੋਗੀ = ਭੋਗਣ ਵਾਲੇ ਰਾਜਿਆਂ ਦੇ ਸਹਿਤ ਸਾਰੀ ਧਰਤੀ ਵੀ ਰੋਗੀ = ਰੋਗ ਗ੍ਰਸਤ ਹੈ **ਵਾ:** ਪਉਣ ਦੀ ਨਿਆਈਂ ਰਜੋ ਗੁਣੀ, ਪਾਣੀ ਦੀ ਨਿਆਈਂ ਸਤੋਗੁਣੀ ਅਤੇ ਬੈਸੰਤਰ ਦੀ ਨਿਆਈਂ ਤਮੋਗੁਣੀ ਸਭ ਜੀਵ ਰੋਗੀ ਹਨ, ਅਨੇਕਾਂ ਭੋਗਾਂ ਪਦਾਰਥਾਂ ਦੇ ਸਹਿਤ ਹੋਣ ਵਾਲੀ ਧਰਤੀ ਜੜ੍ਹ ਪੁਣਾ ਹੋਣ ਕਰਕੇ ਰੋਗੀ ਹੈ **ਵਾ:** ਕਲਰ ਪੁਣਾ ਹੋਣ ਰੂਪ ਰੋਗੀ ਹੈ।

## ਮਾਤ ਪਿਤਾ ਮਾਇਆ ਦੇਹ, ਸਿ ਰੋਗੀ; ਰੋਗੀ ਕੁਟੰਬ ਸੰਜੋਗੀ ॥੩॥

ਜੋ ਮਾਤ = ਮਾਂ, ਪਿਤਾ = ਬਾਪ ਅਤੇ ਮਾਇਆ ਦੇ ਸਹਿਤ ਧਾਰਨ ਕੀਤੀਆਂ ਸਾਰੀਆਂ ਦੇਹ = ਦੇਹਾਂ ਹਨ, ਸਿ = ਉਹ ਵੀ ਰੋਗੀ ਹਨ **ਵਾ:** ਜੋ ਮਾਇਆ ਦੇਹ ਭਾਵ ਮਾਇਆ ਮੰਗਣ ਦੀ ਇੱਛਾ ਹੈ, ਇਹ ਵੀ ਇਕ ਰੋਗ ਹੈ ਅਤੇ ਕੁਟੰਬ = ਪਰਿਵਾਰ ਦੇ ਸੰਜੋਗੀ = ਮਿਲਾਪੀ ਵੀ ਸਾਰੇ ਰੋਗੀ ਹੀ ਹਨ ॥੩॥

## ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ; ਰੋਗੀ ਸਗਲ ਸੰਸਾਰਾ ॥

ਬ੍ਰਹਮਾ, ਬਿਸਨੁ = ਵਿਸ਼ਨੂੰ ਸਰੁਦ੍ਰਾ = ਸਹਿਤ ਸ਼ਿਵਜੀ ਦੇ ਰੋਗੀ ਹਨ ਭਾਵ ਇਨ੍ਹਾਂ ਵੱਡੇ ਦੇਵਤਿਆਂ ਨੂੰ ਵੀ ਕਾਮ ਆਦਿਕ ਵਿਕਾਰਾਂ ਦੇ ਰੋਗ ਲੱਗੇ ਹਨ, ਭਾਵ ਬ੍ਰਹਮਾ ਆਪਣੀ ਪੁੱਤਰੀ ਦੇ ਸਰੂਪ ਉੱਪਰ ਮੋਹਿਤ ਹੋ ਗਿਆ, ਵਿਸ਼ਨੂੰ ਨੇ ਜਲੰਧਰ ਦੈਂਤ ਦੀ ਘਰਵਾਲੀ ਦਾ ਸਤ ਤੋੜ ਦਿੱਤਾ ਅਤੇ ਸ਼ਿਵਜੀ ਨੇ ਮੋਹਣੀ ਅਵਤਾਰ ਦੇ ਪਿੱਛੇ ਲੱਗ ਕੇ ਆਪਣਾ ਜਤ ਸਤ ਗਵਾ ਲਿਆ, ਇਸ ਪ੍ਰਕਾਰ ਸਗਲ = ਸਾਰਾ ਸੰਸਾਰਾ = ਜਗਤ ਹੀ ਇਨ੍ਹਾਂ ਵਿਕਾਰਾਂ, ਹਉਮੈ ਆਦਿ ਦਾ ਰੋਗੀ ਹੈ।

## ਹਰਿ ਪਦੁ ਚੀਨਿ, ਭਏ ਸੇ ਮੁਕਤੇ; ਗੁਰ ਕਾ ਸਬਦੁ ਵੀਚਾਰਾ ॥੪॥

ਜਿਨ੍ਹਾਂ ਨੇ ਹਰਿ = ਪਰਮਾਤਮਾ ਦੀ ਪਦੁ = ਪਦਵੀ ਨੂੰ ਚੀਨਿ = ਪਛਾਣਿਆ ਹੈ, ਭਾਵ ਆਪਣੇ ਸਰੂਪ ਨੂੰ ਪਛਾਣ ਲਿਆ ਹੈ, ਸੇ = ਉਹ ਮੁਕਤੇ = ਕਲਿਆਣ ਨੂੰ ਪ੍ਰਾਪਤ ਭਏ = ਹੋਏ ਹਨ, ਕਿਉਂਕਿ ਉਨ੍ਹਾਂ ਨੇ ਗੁਰਾਂ ਕਾ = ਦਾ ਸਬਦੁ = ਉਪਦੇਸ਼ ਵੀਚਾਰਾ = ਵਿਚਾਰਨਾ ਕੀਤਾ ਹੈ ॥੪॥

---

੧. ਜਿਵੇਂ ਪ੍ਰਸੰਗ ਆਉਂਦਾ ਹੈ ਕਿ ਇਨ੍ਹਾਂ ਤਿੰਨਾਂ ਦੇਵਤਿਆਂ ਨੂੰ ਇੰਦ੍ਰ ਦੇ ਸਹਿਤ ਹੰਕਾਰ ਹੋ ਗਿਆ ਕਿ ਸਾਡੇ ਵਰਗਾ ਹੋਰ ਕੋਈ ਬਲੀ ਹੈ ਹੀ ਨਹੀਂ, ਤਦੋਂ ਇਨ੍ਹਾਂ ਦਾ ਹੰਕਾਰ ਤੋੜਨ ਲਈ ਭਗਵਾਨ ਨੇ ਦਿਬਯ ਸਰੂਪ ਧਾਰ ਕੇ ਇਨ੍ਹਾਂ ਦੇ ਹੰਕਾਰ ਦੀ ਨਵਿਰਤੀ ਕੀਤੀ। ਇਹ ਸਾਖੀ ਵਿਸਤਾਰ ਸਹਿਤ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ ੨੭ਵੀਂ ਪਉੜੀ "ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ" ਵਾਲੀ ਤੁਕ ਉੱਪਰ ਹੈ।

## ਰੋਗੀ, ਸਾਤ ਸਮੁੰਦ ਸਨਦੀਆ; ਖੰਡ ਪਤਾਲਿ ਸਿ ਰੋਗਿ ਭਰੇ ॥

ਸਨਦੀਆ = ਸਹਿਤ ਨਦੀਆਂ ਦੇ ਸਾਤ = ਸੱਤ ਸਮੁੰਦ = ਸਮੁੰਦ੍ਰ ਦੇ ਅਧਿਅੱਖ ਦੇਵਤੇ ਵੀ ਹੰਕਾਰ ਰੂਪੀ ਰੋਗੀ = ਰੋਗ ਦੇ ਗ੍ਰਸੇ ਹੋਏ ਹਨ, ਜੋ ਨੌਂ ਖੰਡ ਤੇ ਸੱਤ ਪਤਾਲ ਹਨ, ਸਿ = ਉਹ ਵੀ ਹਉਮੈ ਦੇ ਰੋਗ ਨਾਲ ਭਰੇ ਪਏ ਹਨ **ਵਾ**: ਖੰਡ, ਪਤਾਲ ਤੇ ਸਿ = ਤਿੰਨ ਲੋਕ ਵੀ ਹੰਕਾਰ ਰੂਪੀ ਰੋਗ ਨਾਲ ਭਰੇ ਹੋਏ ਹਨ।

## ਹਰਿ ਕੇ ਲੋਕ ਸਿ ਸਾਚਿ ਸੁਹੇਲੇ; ਸਰਬੀ ਥਾਈ ਨਦਰਿ ਕਰੇ ॥੫॥

ਜੋ ਹਰਿ = ਪਰਮਾਤਮਾ ਕੇ = ਦੇ ਲੋਕ = ਜਨ ਭਾਵ ਸੰਤ, ਮਹਾਤਮਾ ਹਨ, ਸਿ = ਉਹ ਸਾਚਿ = ਸੱਚੇ ਨਾਮ ਦੇ ਸਿਮਰਨ ਦੁਆਰਾ ਸੁਹੇਲੇ = ਸੁਖੀ ਹੋਏ ਹਨ, ਉਨ੍ਹਾਂ ਉੱਪਰ ਸਰਬੀ = ਸਾਰਿਆਂ ਥਾਈ = ਥਾਵਾਂ ਵਿਚ ਹੀ ਪਰਮਾਤਮਾ ਆਪਣੀ ਨਦਰਿ = ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ ॥੫॥

## ਰੋਗੀ ਖਟ ਦਰਸਨ ਭੇਖਧਾਰੀ; ਨਾਨਾ ਹਠੀ ਅਨੇਕਾ ॥

ਖਟ ਦਰਸਨ = ਛੇ ਭੇਖਾਂ ਵਾਲੇ ਭੇਖਧਾਰੀ = ਭੇਖਾਂ ਨੂੰ ਧਾਰਨ ਦੇ ਹੰਕਾਰ ਰੂਪੀ ਰੋਗ ਦੇ ਗ੍ਰਸੇ ਹੋਏ ਹਨ ਅਤੇ ਨਾਨਾ = ਅਨੇਕ ਤਰ੍ਹਾਂ ਦੇ ਹਠੀ = ਹੱਠ, ਜ਼ਿੱਦ ਕਰਨ ਵਾਲੇ ਅਨੇਕਾਂ ਹੱਠ ਕਰਕੇ ਹੰਕਾਰ ਦੇ ਰੋਗੀ ਹੋਏ ਹਨ।

## ਬੇਦ ਕਤੇਬ ਕਰਹਿ ਕਹ ਬਪੁਰੇ; ਨਹ ਬੂਝਹਿ ਇਕ ਏਕਾ ॥੬॥

ਉਹ ਬਪੁਰੇ = ਵਿਚਾਰੇ ਚਾਰੇ ਵੇਦਾਂ ਤੇ ਚਾਰੇ ਕਤੇਬਾਂ ਨੂੰ ਪੜ੍ਹ ਕੇ ਕਹ = ਕੀ ਕਰਹਿ = ਕਰ ਸਕਦੇ ਹਨ, ਜਦੋਂ ਇਕ = ਅਦੁੱਤੀ ਬ੍ਰਹਮ ਵਿਚ ਏਕਾ = ਏਕਤਾ ਪਾਉਣੀ ਹੀ ਨਹੀਂ ਬੂਝਹਿ = ਬੁੱਝਦੇ **ਵਾ**: ਇੱਕੋ ਹੀ ਨਿਰਗੁਣ ਸਰੂਪ ਹੈ ਤੇ ਇੱਕੋ ਹੀ ਸਰਗੁਣ ਸਰੂਪ ਹੈ, ਇਸ ਭੇਦ ਨੂੰ ਨਹੀਂ ਬੁੱਝਦੇ ॥੬॥

## ਮਿਠ ਰਸੁ ਖਾਇ ਸੁ ਰੋਗਿ ਭਰੀਜੈ; ਕੰਦ ਮੂਲਿ ਸੁਖੁ ਨਾਹੀ ॥

ਜੋ ਮਿਠ ਰਸੁ = ਮਿੱਠੇ ਭੋਜਨ, ਪਦਾਰਥ ਖਾਇ = ਖਾਣੇ ਹਨ, ਸੁ = ਉਸ ਕਰਕੇ ਵੀ ਰੋਗਾਂ ਨਾਲ ਭਰੀਜੈ = ਭਰ ਜਾਈਦਾ ਹੈ ਅਤੇ ਕੰਦ ਮੂਲਿ = ਫਲ ਫੁੱਲ ਖਾਣ ਨਾਲ ਵੀ ਸੁਖ ਪ੍ਰਾਪਤ ਨਹੀਂ ਹੁੰਦਾ।

## ਨਾਮੁ ਵਿਸਾਰਿ ਚਲਹਿ ਅਨ ਮਾਰਗਿ; ਅੰਤ ਕਾਲਿ ਪਛੁਤਾਹੀ ॥੭॥

ਜੋ ਪਰਮਾਤਮਾ ਦੇ ਨਾਮ ਨੂੰ ਵਿਸਾਰਿ = ਭੁਲਾ ਕੇ ਅਨ = ਹੋਰ ਦ੍ਵੈਤ, ਦੇਵੀ ਦੇਵਤਿਆਂ ਦੇ ਮਾਰਗਿ = ਰਸਤੇ ਉੱਪਰ ਚਲਹਿ = ਚੱਲਦੇ ਹਨ, ਉਹ ਅੰਤ = ਅਖ਼ੀਰ ਦੇ ਕਾਲਿ = ਸਮੇਂ ਵਿਚ ਪਛੁਤਾਹੀ = ਪਸ਼ਚਾਤਾਪ ਹੀ ਕਰਦੇ ਰਹਿੰਦੇ ਹਨ ॥੭॥

## ਤੀਰਥਿ ਭਰਮੈ ਰੋਗੁ ਨ ਛੂਟਸਿ; ਪੜਿਆ ਬਾਦੁ ਬਿਬਾਦੁ ਭਇਆ ॥

(**ਪੜਿਆ** ਦਾ ਉਚਾਰਣ ਭਾਰਾ ਹੈ)

ਅਨੇਕਾਂ ਤੀਰਥਾਂ ਉੱਪਰ ਭਰਮੈ = ਭ੍ਰਮਣ ਨਾਲ ਇਹ ਹਉਮੈ ਆਦਿ ਦਾ ਰੋਗ ਛੂਟਸਿ = ਛੁੱਟਦਾ ਨਹੀਂ ਹੈ, ਅਨੇਕਾਂ ਤਰ੍ਹਾਂ ਦੀ ਪੜ੍ਹਾਈ ਨੂੰ ਪੜਿਆ = ਪੜ੍ਹਨ ਨਾਲ ਵੀ ਬਾਦੁ = ਵਿਅਰਥ ਬਿਬਾਦੁ = ਝਗੜਾ ਹੀ ਭਇਆ = ਹੋਣਾ ਹੁੰਦਾ ਹੈ **ਵਾ**: ਬਾਦੁ ਬਿਬਾਦੁ = ਆਪਣੇ ਮਤ ਦਾ ਮੰਡਨ ਤੇ ਪਰਾਏ ਮਤ ਦਾ ਖੰਡਨ ਹੀ ਹੁੰਦਾ ਹੈ, ਭਾਵ ਅਨੇਕਾਂ ਤਰ੍ਹਾਂ ਦੀ ਪੜ੍ਹਾਈ ਨੂੰ ਪੜ੍ਹਨ ਨਾਲ ਵੀ ਰੋਗ ਨਹੀਂ ਮਿਟਦਾ।

## ਦੁਬਿਧਾ ਰੋਗੁ ਸੁ ਅਧਿਕ ਵਡੇਰਾ; ਮਾਇਆ ਕਾ ਮੁਹਤਾਜੁ ਭਇਆ ॥੮॥

ਜੋ ਦੁਬਿਧਾ = ਦ੍ਵੈਤ ਭ੍ਰਾਂਤੀ ਵਾਲਾ ਰੋਗ ਹੈ, ਸੁ = ਉਹ ਤਾਂ ਅਧਿਕ = ਬਹੁਤ ਹੀ ਵਡੇਰਾ = ਵੱਡਾ ਹੈ ਅਤੇ ਜੀਵ ਇਸ ਰੋਗ ਦੇ ਅਧੀਨ ਹੋਇਆ ਮਾਇਆ ਕਾ = ਦਾ ਮੁਹਤਾਜੁ = ਮੁਥਾਜ ਭਾਵ ਅਧੀਨ ਭਇਆ = ਹੋ ਰਿਹਾ ਹੈ ॥੮॥

## ਗੁਰਮੁਖਿ ਸਾਚਾ ਸਬਦਿ ਸਲਾਹੈ; ਮਨਿ ਸਾਚਾ ਤਿਸੁ ਰੋਗੁ ਗਇਆ ॥

ਜੋ ਗੁਰਮੁਖ ਜਨ ਗੁਰਾਂ ਦੁਆਰਾ ਸਾਚਾ = ਸੱਚਾ ਸਬਦਿ = ਉਪਦੇਸ਼ ਸਲਾਹੈ = ਸਾਲਾਹੁਣਾ ਕਰਦਾ ਹੈ, **ਵਾ**: ਗੁਰਾਂ ਦੇ ਉਪਦੇਸ਼ ਦੁਆਰਾ ਸੱਚੇ ਪਰਮਾਤਮਾ ਨੂੰ ਸਾਲਾਹੁਣਾ ਕਰਦਾ ਹੈ, ਤਿਸੁ = ਉਸ ਦੇ ਮਨਿ = ਹਿਰਦੇ ਵਿਚ ਸਾਚਾ = ਸੱਚਾ ਪ੍ਰਭੂ ਵੱਸ ਗਿਆ ਹੈ ਅਤੇ ਉਸਦੇ ਅੰਦਰੋਂ ਇਹ ਦੁਬਿਧਾ, ਹਉਮੈ ਆਦਿ ਦਾ ਰੋਗ ਚਲਿਆ ਗਿਆ ਹੈ।

## ਨਾਨਕ ਹਰਿਜਨ ਅਨਦਿਨੁ ਨਿਰਮਲ;
## ਜਿਨ ਕਉ ਕਰਮਿ ਨੀਸਾਣੁ ਪਇਆ ॥੯॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਹਰਿ = ਪਰਮਾਤਮਾ ਦੇ ਜਨ = ਦਾਸ ਅਨਦਿਨੁ = ਰਾਤ ਦਿਨ ਸਦਾ ਹੀ ਨਿਰਮਲ = ਉੱਜਲ ਜੀਵਨ ਵਾਲੇ ਹਨ, ਜਿਨ = ਜਿਨ੍ਹਾਂ ਕਉ = ਨੂੰ ਧੁਰੋਂ ਹੀ ਪਰਮਾਤਮਾ ਹੀ ਕਰਮਿ = ਬਖ਼ਸ਼ਿਸ਼ ਦਾ ਨੀਸਾਣੁ = ਲੇਖ ਪਇਆ = ਪਿਆ ਹੋਇਆ ਹੈ ॥੯॥੧॥

[ਅੰਗ ੧੧੫੪]

## ਭੈਰਉ ਮਹਲਾ ੩ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਗੁਰਸਿੱਖਾਂ ਨੇ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਭਗਤ ਪ੍ਰਹਿਲਾਦ ਜੀ ਦੀ ਰੱਖਿਆ ਕਿਸ ਪ੍ਰਕਾਰ ਹੋਈ, ਉਸ ਬਾਰੇ ਕੁਝ ਦੱਸਣਾ ਕਰੋ, ਤਦੋਂ ਸਤਿਗੁਰਾਂ ਨੇ ਸਿੱਖਾਂ ਵਿਚ ਗੁਰੂ ਉੱਪਰ ਭਰੋਸਾ ਤੇ ਪਰਮਾਤਮਾ ਦੇ ਨਾਮ ਉੱਪਰ ਪੂਰਨ ਵਿਸ਼ਵਾਸ ਰੱਖਣ ਲਈ ਭਗਤ ਪ੍ਰਹਿਲਾਦ ਜੀ ਦੀ ਸਾਖੀ ਦੁਆਰਾ ਭੈਰਉ ਰਾਗ ਦੇ ਅੰਦਰ ਘਰ ੨ = ਦੂਸਰੇ ਸੁਰਤਾਲ ਵਿਚ ਇਹ ਪਾਵਨ ਉਪਦੇਸ਼ ਕਥਨ ਕੀਤਾ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਤਿਨਿ ਕਰਤੈ; ਇਕੁ ਚਲਤੁ ਉਪਾਇਆ ॥
## ਅਨਹਦ ਬਾਣੀ; ਸਬਦਿ ਸੁਣਾਇਆ ॥

ਤਿਨਿ = ਉਸ ਕਰਤੈ = ਕਰਤਾ ਪੁਰਖ ਨੇ ਇਕ ਸੰਸਾਰ ਰੂਪੀ ਚਲਤੁ = ਕੌਤਕ ਉਪਾਇਆ = ਪੈਦਾ ਕੀਤਾ ਹੈ।

ਉਸ ਪ੍ਰਭੂ ਨੇ ਆਪਣੀ ਅਨਹਦ = ਹੱਦ ਤੋਂ ਰਹਿਤ ਅਕਾਲ ਗੋ ਬਾਣੀ ਨੂੰ ਗੁਰਾਂ ਦੇ ਸਬਦੁ = ਉਪਦੇਸ਼ ਦੁਆਰਾ ਜੀਵਾਂ ਤਾਈਂ ਸੁਣਾਇਆ = ਸੁਣਾਉਣਾ ਕੀਤਾ ਹੈ।

## ਮਨਮੁਖਿ ਭੂਲੇ; ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ; ਕਰਦਾ ਆਇਆ ॥੧॥

ਮਨਮੁਖਿ = ਮਨ ਦੇ ਪਿੱਛੇ ਚੱਲਣ ਵਾਲੇ ਮਨੁੱਖ ਪਰਮਾਤਮਾ ਵੱਲੋਂ ਭੂਲੇ = ਭੁੱਲੇ ਹੋਏ ਹਨ ਅਤੇ ਗੁਰਮੁਖਾਂ ਨੂੰ ਪ੍ਰਭੂ ਨੇ ਆਪ ਆਪਣਾ ਸਰੂਪ ਬੁਝਾਇਆ = ਸਮਝਾਉਣਾ ਕੀਤਾ ਹੈ। ਕਰਤਾ ਪੁਰਖ ਆਪ ਹੀ ਸਾਰੇ ਕਾਰਣੁ = ਸਬੱਬ ਕਰਦਾ ਆਇਆ ਹੈ ॥੧॥

## ਗੁਰ ਕਾ ਸਬਦੁ; ਮੇਰੈ ਅੰਤਰਿ ਧਿਆਨੁ ॥

ਜੋ ਗੁਰੂ ਕਾ = ਦਾ ਸਬਦੁ = ਉਪਦੇਸ਼ ਹੈ, ਉਸ ਦੁਆਰਾ ਮੇਰੇ ਹਿਰਦੇ ਅੰਤਰਿ = ਵਿਚ ਗੋਵਿੰਦ ਦਾ ਧਿਆਨ ਲੱਗਾ ਹੋਇਆ ਹੈ, ਅਤੇ

## ਹਉ ਕਬਹੁ ਨ ਛੋਡਉ; ਹਰਿ ਕਾ ਨਾਮੁ ॥੧॥ਰਹਾਉ॥

ਹਉ = ਮੈਂ ਤਾਂ ਕਬਹੁ = ਕਦੇ ਵੀ ਹਰਿ = ਪਰਮਾਤਮਾ ਕਾ = ਦਾ ਨਾਮ ਜਪਣਾ ਛੋਡਉ = ਛੱਡ ਨਹੀਂ ਸਕਦਾ ॥੧॥ਰਹਾਉ॥

**ਅਥਵਾ** ਇਨ੍ਹਾਂ ਰਹਾਉ ਵਾਲੀਆਂ ਪੰਗਤੀਆਂ ਦਾ ਅਰਥ ਭਗਤ ਪ੍ਰਹਿਲਾਦ ਜੀ ਵੱਲ ਵੀ ਲੱਗਦਾ ਹੈ ਕਿ ਜਦੋਂ ਹਰਨਾਖਸ਼ ਨੇ ਆਪਣੇ ਪੁੱਤਰ ਭਗਤ ਪ੍ਰਹਿਲਾਦ ਨੂੰ ਸੰਡੇ ਮਰਕੇ ਪਾਸ ਪੜ੍ਹਨ ਲਈ ਭੇਜਿਆ ਤਾਂ ਉਨ੍ਹਾਂ ਨੇ ਦੈਂਤਾਂ ਵਾਲੀ ਰਾਜਨੀਤੀ ਦੀ ਵਿੱਦਿਆ ਪੜ੍ਹਾਉਣੀ ਚਾਹੀ ਪਰ ਭਗਤ ਪ੍ਰਹਿਲਾਦ ਜੀ ਭਗਵਾਨ ਦਾ ਨਾਮ ਹੀ ਜਪਦੇ ਰਹਿੰਦੇ ਸਨ, ਉਨ੍ਹਾਂ ਨੇ ਕਿਹਾ ਕਿ ਤੂੰ ਇਹ ਰਾਮ ਨਾਮ ਛੱਡ ਦੇ ਤਦੋਂ ਜੋ ਭਗਤ ਪ੍ਰਹਿਲਾਦ ਜੀ ਨੇ ਕਿਹਾ ਕਿ ਜੋ ਮੇਰੇ ਗੁਰੂ (ਨਾਰਦ ਮੁਨੀ) ਦਾ ਦਿੱਤਾ ਹੋਇਆ ਸਬਦੁ = ਉਪਦੇਸ਼ ਹੈ, ਉਸ ਦੁਆਰਾ ਹਿਰਦੇ ਅੰਦਰ ਭਗਵਾਨ ਦਾ ਧਿਆਨ ਲੱਗਾ ਹੋਇਆ ਹੈ ਅਤੇ ਤੁਹਾਡੇ ਕਹਿਣ ਤੋਂ ਮੈਂ ਭਗਵਾਨ ਦਾ ਨਾਮ ਜਪਣਾ ਕਦੇ ਵੀ ਛੱਡ ਨਹੀਂ ਸਕਦਾ ॥੧॥ਰਹਾਉ॥

***ਨੋਟ :*** ਅੱਗੇ ਹੁਣ ਇਸ ਸਾਰੇ ਪ੍ਰਸੰਗ ਨੂੰ ਵਿਸਥਾਰ ਨਾਲ ਵਰਣਨ ਕਰਦੇ ਹਨ।

## ਪਿਤਾ; ਪ੍ਰਹਲਾਦੁ ਪੜਣ ਪਠਾਇਆ ॥ ਲੈ ਪਾਟੀ; ਪਾਧੇ ਕੈ ਆਇਆ ॥

ਪ੍ਰਹਿਲਾਦ ਭਗਤ ਜੀ ਦੇ ਪਿਤਾ ਹਰਨਾਖਸ਼ ਨੇ ਪ੍ਰਹਿਲਾਦ ਭਗਤ ਜੀ ਨੂੰ ਦੈਂਤਾਂ ਦੇ ਗੁਰੂ ਸ਼ੁਕਰਾਚਾਰਯ ਦੇ ਪੁੱਤਰ ਸੰਡਾ ਤੇ ਮਰਕਾ ਕੋਲ ਪੜ੍ਹਨ ਲਈ ਪਠਾਇਆ = ਭੇਜਣਾ ਕੀਤਾ। ਭਗਤ ਪ੍ਰਹਿਲਾਦ ਇਕ ਪਾਟੀ = ਪੱਟੀ (ਤਖ਼ਤੀ) ਲੈ ਕਰਕੇ ਪਾਂਧੇ ਕੈ = ਦੇ ਪਾਸ ਆਇਆ = ਆ ਗਿਆ।

ਜਦੋਂ ਪਾਂਧਾ ਦੈਂਤਾਂ ਵਾਲੀ ਵਿੱਦਿਆ ਪੜ੍ਹਾਉਣ ਲੱਗਾ ਤਾਂ ਪ੍ਰਹਿਲਾਦ ਜੀ ਨੇ ਕਿਹਾ ਕਿ :

## ਨਾਮ ਬਿਨਾ; ਨਹ ਪੜਉ ਅਚਾਰ ॥
## ਮੇਰੀ ਪਟੀਆ; ਲਿਖਿ ਦੇਹੁ ਗੋਬਿੰਦ ਮੁਰਾਰਿ ॥੨॥

ਹੇ ਪਾਂਧਾ ਜੀ ! ਮੈਂ ਭਗਵਾਨ ਦੇ ਨਾਮ ਤੋਂ ਬਿਨਾ = ਬਗ਼ੈਰ ਹੋਰ ਕੋਈ ਅਚਾਰ = ਕਰਤੱਵ ਵਾਲੀ ਵਿੱਦਿਆ ਨਹੀਂ ਪੜਉ = ਪੜ੍ਹਾਂਗਾ।

ਮੇਰੀ ਪਟੀਆ = ਪੱਟੀ (ਫੱਟੀ) ਉੱਪਰ ਤਾਂ ਤੁਸੀਂ ਮੁਰਾਰਿ = ਮੁਰ ਦੈਂਤ ਦਾ ਨਾਸ਼ ਕਰਨ ਵਾਲੇ ਗੋਬਿੰਦ = ਪਰਮਾਤਮਾ ਦਾ ਨਾਮ ਲਿਖ ਦੇਹੁ = ਦੇਣਾ ਕਰੋ ॥੨॥

ਇਹ ਸੁਣ ਕੇ ਸੰਡਾ ਮਰਕਾ ਬਹੁਤ ਹੈਰਾਨ ਹੋਏ ਅਤੇ ਹਰਨਾਖਸ਼ ਦੇ ਵਿਰੋਧੀ ਭਗਵਾਨ ਦਾ ਨਾਮ ਸੁਣ ਕੇ ਉਹ ਪ੍ਰਹਿਲਾਦ ਨੂੰ ਉਸ ਦੀ ਮਾਂ ਕੋਲ ਲੈ ਕੇ ਆਏ ਤੇ ਸਾਰੀ ਗੱਲ ਦੱਸੀ, ਤਦੋਂ :

## ਪੁਤ੍ਰ ਪ੍ਰਹਿਲਾਦ ਸਿਉ; ਕਹਿਆ ਮਾਇ ॥
## ਪਰਵਿਰਤਿ ਨ ਪੜਹੁ; ਰਹੀ ਸਮਝਾਇ ॥

ਆਪਣੇ ਪੁੱਤ੍ਰ ਪ੍ਰਹਿਲਾਦ ਦੇ ਸਿਉ = ਕੋਲ ਉਸਦੀ ਮਾਇ = ਮਾਂ ਨੇ ਕਹਿਆ = ਕਿਹਾ ਕਿ ਹੇ ਪੁੱਤ੍ਰ ਪ੍ਰਹਿਲਾਦ ! ਤੂੰ ਪਰਵਿਰਤਿ = ਪਰਾਏ ਦੀ ਰਸਮ ਰੀਤੀ, ਅਨਜਰੀਤ ਨਾ ਪੜਹੁ = ਪੜ੍ਹਨਾ ਕਰ ਭਾਵ ਆਪਣੇ ਪਿਤਾ ਦੇ ਦੁਸ਼ਮਨ ਭਗਵਾਨ ਦਾ ਭਜਨ ਨਾ ਕਰ, ਇਉਂ ਮਾਂ ਬਹੁਤ ਸਮਝਾਇ = ਸਮਝਾਉਂਦੀ ਰਹੀ ਕਿ ਭਗਵਾਨ ਦਾ ਨਾਮ ਲੈਣ ਕਰਕੇ ਤੇਰਾ ਪਿਤਾ ਤੈਨੂੰ ਦੰਡ ਦੇਵੇਗਾ। ਤਦੋਂ ਪ੍ਰਹਿਲਾਦ ਨੇ ਕਿਹਾ ਕਿ :

## ਨਿਰਭਉ ਦਾਤਾ; ਹਰਿ ਜੀਉ ਮੇਰੈ ਨਾਲਿ ॥
## ਜੇ ਹਰਿ ਛੋਡਉ; ਤਉ ਕੁਲਿ ਲਾਗੈ ਗਾਲਿ ॥੩॥

ਹੇ ਮਾਂ ! ਨਿਰਭਉ = ਭੈ ਤੋਂ ਰਹਿਤ ਕਰਨ ਵਾਲਾ ਦਾਤਾ = ਦਾਤਾਰ ਹਰਿ = ਪ੍ਰਭੂ ਜੀਉ = ਜੀ ਸਦਾ ਮੇਰੇ ਨਾਲਿ = ਸਾਥ, ਅੰਗ ਸੰਗ ਹੈ।

ਜੇ = ਜੇਕਰ ਮੈਂ ਕਿਸੇ ਦਾ ਭੈ ਮੰਨ ਕੇ ਹਰਿ = ਭਗਵਾਨ ਦਾ ਨਾਮ ਲੈਣਾ ਛੋਡਉ = ਛੱਡ ਦੇਵਾਂਗਾ, ਤਉ = ਤਾਂ ਤੁਹਾਡੀ ਸਾਰੀ ਕੁਲ ਨੂੰ ਗਾਲਿ = ਕਲੰਕ ਲਾਗੈ = ਲੱਗ ਜਾਵੇਗਾ ਕਿ ਦੈਂਤਾਂ ਦੀ ਕੁਲ ਵਿਚ ਕੋਈ ਵੀ ਪਰਮਾਤਮਾ ਦਾ ਭਗਤ ਨਹੀਂ ਹੋਇਆ, ਇਸ ਕਰਕੇ ਮੈਂ ਰਾਮ ਨਾਮ ਜਪਣਾ ਨਹੀਂ ਛੱਡਾਂਗਾ **ਵਾ:** ਜੇ ਮੈਂ ਰਾਮ ਨਾਮ ਜਪਣਾ ਛੱਡ ਦੇਂਦਾ ਹਾਂ ਤਾਂ ਮੇਰੇ ਉਪਦੇਸ਼ਕ ਗੁਰੂ ਦੀ ਕੁਲ ਨੂੰ ਕਲੰਕ ਲੱਗ ਜਾਵੇਗਾ, ਭਾਵ ਹੋਰ ਰਿਸ਼ੀ ਮੁਨੀ ਮੇਰੇ ਗੁਰੂ ਨਾਰਦ ਨੂੰ ਕਹਿਣਗੇ ਕਿ ਤੇਰੇ ਕੋਲੋਂ ਉਪਦੇਸ਼ ਲੈ ਕੇ ਪ੍ਰਹਿਲਾਦ ਦੈਂਤਾਂ ਤੋਂ ਡਰਦਾ ਹੀ ਰਾਮ ਨਾਮ ਜਪਣਾ ਛੱਡ ਗਿਆ ॥੩॥

ਇਉਂ ਪ੍ਰਹਿਲਾਦ ਭਗਤ ਰਾਮ ਨਾਮ ਜਪਦਾ ਰਿਹਾ ਤੇ ਜਦੋਂ ਸੰਡਾ ਮਰਕਾ ਕਿਤੇ ਜਾਵਣ, ਤਦੋਂ ਉਹ ਸਾਰੇ ਦੈਂਤਾਂ ਦੇ ਬੱਚਿਆਂ ਨੂੰ ਨਾਲ ਲੈ ਕੇ ਕੀਰਤਨ ਭਗਤੀ ਕਰਨ ਲੱਗ ਜਾਇਆ ਕਰੇ, ਇਹ ਕੁਝ ਸੰਡਾ ਮਰਕਾ ਨੇ ਵੇਖ ਕੇ ਆਖ਼ਿਰ ਹਰਨਾਖਸ਼ ਕੋਲ ਜਾ ਕੇ ਕਿਹਾ ਕਿ :

## ਪ੍ਰਹਲਾਦਿ; ਸਭਿ ਚਾਟੜੇ ਵਿਗਾਰੇ ॥
## ਹਮਾਰਾ ਕਹਿਆ ਨ ਸੁਣੈ; ਆਪਨੇ ਕਾਰਜ ਸਵਾਰੇ ॥

ਹੇ ਦੈਂਤਾਂ ਦੇ ਰਾਜਨ ! ਤੇਰੇ ਪੁੱਤ੍ਰ ਪ੍ਰਹਿਲਾਦ ਨੇ ਆਪਣੇ ਨਾਲ ਦੇ ਸਭਿ = ਸਾਰੇ ਚਾਟੜੇ = ਚੇਲੇ (ਵਿਦਿਆਰਥੀ) ਵਿਗਾਰੇ = ਵਿਗਾੜ ਦਿੱਤੇ ਹਨ।

ਉਹ ਹਮਾਰਾ = ਸਾਡਾ ਕਹਿਆ = ਕਿਹਾ ਹੋਇਆ ਕੁਝ ਵੀ ਸੁਣੈ = ਸੁਣਦਾ ਨਹੀਂ ਹੈ, ਸਗੋਂ ਆਪਣੇ = ਆਪ ਦੇ ਵਿਸ਼ਨੂੰ ਭਗਤੀ ਕਰਨ ਦੇ ਕਾਰਜ = ਕੰਮ ਸਵਾਰੇ = ਸਵਾਰੀ ਜਾਂਦਾ ਹੈ।

## ਸਭ ਨਗਰੀ ਮਹਿ; ਭਗਤਿ ਦ੍ਰਿੜਾਈ ॥
## ਦੁਸਟ ਸਭਾ ਕਾ; ਕਿਛੁ ਨ ਵਸਾਈ ॥੪॥

ਤੇਰੇ ਪੁੱਤ੍ਰ ਨੇ ਤੇਰੀ ਸਭ = ਸਾਰੀ ਨਗਰੀ ਮਹਿ = ਵਿਚ ਵਿਸ਼ਨੂੰ ਦੀ ਭਗਤਿ = ਭਗਤੀ ਦ੍ਰਿੜਾਈ = ਪ੍ਰਪੱਕ ਕਰਵਾ ਦਿੱਤੀ ਹੈ।

ਪਰ ਦੁਸ਼ਟ ਸਭਾ ਭਾਵ ਦੈਂਤਾਂ ਦੀ ਸਭਾ ਕਾ = ਦਾ ਉਸ ਪ੍ਰਹਿਲਾਦ ਉੱਪਰ ਕਿਛੁ = ਕੁਝ ਵੀ ਵਸਾਈ = ਵੱਸ ਨਹੀਂ ਚੱਲਿਆ ॥੪॥

## ਸੰਡੈ ਮਰਕੈ; ਕੀਈ ਪੂਕਾਰ ॥ ਸਭੇ ਦੈਤ; ਰਹੇ ਝਖ ਮਾਰਿ ॥

ਇਸ ਪ੍ਰਕਾਰ ਸੰਡੇ ਅਤੇ ਮਰਕੇ ਨੇ ਹਰਨਾਖਸ਼ ਪਾਸ ਜਾ ਕੇ ਪੂਕਾਰ = ਫ਼ਰਿਆਦ ਕੀਤੀ **ਵਾ:** ਪ੍ਰਹਿਲਾਦ ਦੀ ਸ਼ਿਕਾਇਤ ਕੀਈ = ਕੀਤੀ, ਕਿ :

ਸਭੇ = ਸਾਰੇ ਹੀ ਦੈਤ = ਰਾਖਸ਼ ਝੱਖਾਂ ਮਾਰ ਰਹੇ ਹਨ, ਭਾਵ ਬਹੁਤ ਸਮਝਾ ਕੇ ਥੱਕ ਗਏ ਹਨ, ਪਰ ਪ੍ਰਹਿਲਾਦ ਨੇ ਕਿਸੇ ਦੀ ਕੋਈ ਗੱਲ ਨਹੀਂ ਮੰਨੀ।

## ਭਗਤ ਜਨਾ ਕੀ; ਪਤਿ ਰਾਖੈ ਸੋਈ ॥ ਕੀਤੇ ਕੈ ਕਹਿਐ; ਕਿਆ ਹੋਈ ॥੫॥

ਹੇ ਗੁਰਸਿੱਖੋ ! ਆਪਣੇ ਭਗਤ ਜਨਾਂ ਕੀ = ਦੀ ਪਤਿ = ਇੱਜ਼ਤ ਸੋਈ = ਉਹ ਪਰਮਾਤਮਾ ਆਪ ਹੀ ਰਾਖੈ = ਰੱਖਦਾ ਹੈ।

ਉਸ ਪਰਮਾਤਮਾ ਦੇ ਪੈਦਾ ਕੀਤੇ ਹੋਏ ਇਸ ਜੀਵ ਕੈ = ਦੇ ਕੁਝ ਕਹਿਐ = ਆਖਣ ਨਾਲ ਕਿਆ = ਕੀ ਹੋਈ = ਹੋ ਸਕਦਾ ਹੈ ? ਭਾਵ ਕੁਝ ਨਹੀਂ ਹੋ ਸਕਦਾ ॥੫॥

## ਕਿਰਤ ਸੰਜੋਗੀ; ਦੈਤਿ ਰਾਜੁ ਚਲਾਇਆ ॥
## ਹਰਿ ਨ ਬੂਝੈ; ਤਿਨਿ ਆਪਿ ਭੁਲਾਇਆ ॥

ਪਿਛਲੇ ਕਿਰਤ = ਕੀਤੇ ਹੋਏ ਤਪ ਆਦਿ ਪੁੰਨ ਕਰਮਾਂ ਦੇ ਸੰਜੋਗੀ = ਸੰਜੋਗ ਕਰਕੇ ਇਸ ਹਰਨਾਖਸ਼ ਦੈਤਿ = ਰਾਖਸ਼ ਨੇ ਰਾਜ ਨੂੰ ਚਲਾਇਆ = ਚਲਾਉਣਾ ਕੀਤਾ।

ਪਰ ਇਹ ਹਰਿ = ਪਰਮਾਤਮਾ ਨੂੰ ਬੂਝੈ = ਸਮਝਦਾ ਨਹੀਂ ਹੈ ਤੇ ਤਿਨਿ = ਉਸ ਪਰਮਾਤਮਾ ਨੇ ਇਸਨੂੰ ਬੇਮੁਖ ਜਾਣ ਕੇ ਆਪ ਹੀ ਆਪਣੇ ਵੱਲੋਂ ਭੁਲਾਇਆ = ਭੁਲਾ ਦਿੱਤਾ ਹੈ।

## ਪੁਤ੍ਰ ਪ੍ਰਹਲਾਦ ਸਿਉ; ਵਾਦੁ ਰਚਾਇਆ ॥
## ਅੰਧਾ ਨ ਬੂਝੈ; ਕਾਲੁ ਨੇੜੈ ਆਇਆ ॥੬॥

ਉਸ = ਹਰਨਾਖਸ਼ ਨੇ ਆਪਣੇ ਪੁੱਤ੍ਰ ਪ੍ਰਹਿਲਾਦ ਦੇ ਸਿਉ = ਨਾਲ ਵਾਦੁ = ਝਗੜਾ ਰਚਾਇਆ = ਰਚਾ ਦਿੱਤਾ।

ਪਰ ਉਹ ਅੰਧਾ = ਅੰਨ੍ਹਾ, ਅਗਿਆਨੀ ਇਹ ਨਹੀਂ ਬੂਝੈ = ਸਮਝਦਾ ਕਿ ਉਸਦਾ ਕਾਲੁ = ਅੰਤ ਦਾ ਸਮਾਂ ਨੇੜੈ = ਕੋਲ ਆਇਆ = ਆ ਗਿਆ ਹੈ ॥੬॥

## ਪ੍ਰਹਲਾਦੁ ਕੋਠੇ ਵਿਚਿ ਰਾਖਿਆ; ਬਾਰਿ ਦੀਆ ਤਾਲਾ ॥

ਹਰਨਾਖਸ਼ ਨੇ ਪ੍ਰਹਿਲਾਦ ਭਗਤ ਨੂੰ ਇਕ ਕੋਠੇ ਵਿਚ ਬੰਦ ਕਰਕੇ ਰਾਖਿਆ = ਰੱਖ ਦਿੱਤਾ ਅਤੇ ਬਾਰਿ = ਦਰਵਾਜ਼ੇ ਨੂੰ ਤਾਲਾ = ਜੰਦਰਾ ਲਵਾ ਦੀਆ = ਦਿੱਤਾ।

## ਨਿਰਭਉ ਬਾਲਕੁ ਮੂਲਿ ਨ ਡਰਈ; ਮੇਰੈ ਅੰਤਰਿ ਗੁਰ ਗੋਪਾਲਾ ॥

ਪਰ ਨਿਰਭਉ = ਭੈ ਤੋਂ ਰਹਿਤ ਬਾਲਕੁ = ਬੱਚਾ ਪ੍ਰਹਿਲਾਦ ਮੂਲਿ = ਉੱਕਾ ਹੀ ਨਹੀਂ ਡਰਈ = ਡਰਿਆ, ਸਗੋਂ ਉਹ ਕਹਿੰਦਾ ਸੀ ਕਿ ਮੇਰੇ ਹਿਰਦੇ ਅੰਤਰਿ = ਵਿਚ ਗੁਰ = ਵੱਡਾ ਗੋਪਾਲਾ = ਪਰਮਾਤਮਾ ਵੱਸਿਆ ਹੋਇਆ ਹੈ **ਵਾ:** ਗੁਰੂ (ਨਾਰਦ ਮੁਨੀ) ਦੇ ਉਪਦੇਸ਼ ਦੁਆਰਾ ਗੋਪਾਲ ਪ੍ਰਭੂ ਮੇਰੇ ਹਿਰਦੇ ਵਿਚ ਸਾਖਸ਼ਾਤ ਹੋਇਆ ਹੈ।

## ਕੀਤਾ ਹੋਵੈ ਸਰੀਕੀ ਕਰੈ; ਅਨਹੋਦਾ ਨਾਉ ਧਰਾਇਆ ॥

ਹੇ ਗੁਰਸਿੱਖੋ ! ਪਰਮੇਸ਼ਰ ਦਾ ਪੈਦਾ ਕੀਤਾ ਹੋਇਆ ਜੀਵ ਜੇਕਰ ਉਸ ਪ੍ਰਭੂ ਨਾਲ ਸਰੀਕੀ = ਬਰਾਬਰੀ ਕਰਦਾ ਹੈ, ਤਦ ਉਸ ਦਾ ਵੱਡਾ ਨਾਮ ਧਰਾਇਆ ਹੋਇਆ ਵੀ ਅਨਹੋਦਾ = ਵਿਅਰਥ ਹੀ ਹੈ।

## ਜੋ ਧੁਰਿ ਲਿਖਿਆ, ਸੁ ਆਇ ਪਹੁਤਾ; ਜਨ ਸਿਉ ਵਾਦੁ ਰਚਾਇਆ ॥੭॥

ਜੋ = ਜਿਹੜਾ ਕੁਝ ਧੁਰੋਂ ਲੇਖ ਲਿਖਿਆ ਹੋਇਆ ਸੀ, ਸੁ = ਉਹ ਆਇ = ਆਣ ਪਹੁਤਾ = ਪਹੁੰਚਿਆ ਅਤੇ ਹਰਨਾਖਸ਼ ਨੇ ਪ੍ਰਹਿਲਾਦ ਜਨ = ਭਗਤ ਦੇ ਸਿਉ = ਨਾਲ ਵਾਦੁ = ਝਗੜਾ ਰਚਾਇਆ = ਰਚਾ ਦਿੱਤਾ ॥੭॥

## ਪਿਤਾ ਪ੍ਰਹਲਾਦ ਸਿਉ; ਗੁਰਜ ਉਠਾਈ ॥ ਕਹਾਂ; ਤੁਮ੍ਾਰਾ ਜਗਦੀਸ ਗੁਸਾਈ ॥

ਪ੍ਰਹਿਲਾਦ ਦੇ ਪਿਤਾ ਹਰਨਾਖਸ਼ ਨੇ ਪ੍ਰਹਿਲਾਦ ਦੇ ਮਾਰਨ ਸਿਉ = ਪ੍ਰਤੀ ਪਹਿਲਾਂ ਗੁਰਜ = ਗਦਾ[੧] ਉਠਾਈ = ਚੁੱਕਣਾ ਕੀਤੀ ਅਤੇ

ਉਸਨੂੰ ਕਿਹਾ ਕਿ ਤੁਮਾਰਾ = ਤੇਰਾ ਜਗਦੀਸ = ਜਗਤ ਦਾ ਈਸ਼ਵਰ ਗੁਸਾਈ = ਮਾਲਕ ਭਗਵਾਨ ਕਹਾਂ = ਕਿਥੇ ਹੈ ? ਅੱਗੋਂ ਪ੍ਰਹਿਲਾਦ ਨੇ ਕਿਹਾ ਕਿ :

## ਜਗਜੀਵਨੁ ਦਾਤਾ; ਅੰਤਿ ਸਖਾਈ ॥ ਜਹ ਦੇਖਾ; ਤਹ ਰਹਿਆ ਸਮਾਈ ॥੮॥

ਉਹ ਜਗਜੀਵਨੁ = ਜਗਤ ਦਾ ਜੀਵਨ ਰੂਪ ਦਾਤਾ = ਦਾਤਾਰ ਪ੍ਰਭੂ ਅੰਤਿ = ਅਖ਼ੀਰ ਤੱਕ ਸਹਾਈ = ਸਹਾਇਤਾ ਕਰਨ ਵਾਲਾ ਹੈ।

ਮੈਂ ਜਹ = ਜਿਥੇ ਵੀ ਦੇਖਾ = ਦੇਖਦਾ ਹਾਂ, ਤਹ = ਉਥੇ ਹੀ ਉਹ ਸਮਾਈ = ਸਮਾਅ ਰਹਿਆ = ਰਿਹਾ ਹੈ ॥੮॥

ਤਦੋਂ ਹਰਨਾਖਸ਼ ਨੇ ਪਾਸ ਹੀ ਅੱਗ ਵਾਂਗ ਗਰਮ ਕੀਤੇ ਹੋਏ ਥੰਮ੍ਹ ਵੱਲ ਇਸ਼ਾਰਾ ਕਰਕੇ ਕਿਹਾ ਕਿ ਤੇਰਾ ਭਗਵਾਨ ਇਸ ਗਰਮ ਥੰਮ੍ਹ ਵਿਚ ਵੀ ਹੈ, ਉਸ ਵੇਲੇ ਪ੍ਰਹਿਲਾਦ ਦਾ ਨਿਸਚਾ ਰੱਖਣ ਲਈ ਕਿ ਮੈਂ ਇਸ ਥੰਮ੍ਹ ਵਿਚ ਵੀ ਹਾਂ, ਭਗਵਾਨ ਕੀੜੀ ਦਾ ਰੂਪ ਧਾਰ ਕੇ ਉਸ ਥੰਮ੍ਹ ਉੱਪਰ ਤੁਰਨ ਲੱਗ ਪਿਆ ਤੇ ਪ੍ਰਹਿਲਾਦ ਨੇ ਕਿਹਾ ਕਿ ਹਾਂ ਇਸ ਥੰਮ੍ਹ ਵਿਚ ਵੀ ਹੈ ਤਦੋਂ ਹਰਨਾਖਸ਼ ਨੇ ਕਿਹਾ ਕਿ ਤੂੰ ਇਸ ਥੰਮ ਨੂੰ ਜੱਫੀ ਪਾਉਣਾ ਕਰ, ਪ੍ਰਹਲਾਦ ਨੇ ਪਿਤਾ ਦਾ ਬਚਨ ਮੰਨ ਕੇ ਉਸ ਥੰਮ੍ਹ ਨਾਲ ਜੱਫੀ ਪਾ ਲਈ ਪਰ ਪ੍ਰਹਲਾਦ ਦਾ ਕੁਝ ਵੀ ਨਾ ਵਿਗੜਿਆ, ਉਸ ਵੇਲੇ ਹਰਨਾਖਸ਼ ਨੇ ਕ੍ਰੋਧ ਵਿਚ ਆ ਕੇ ਪ੍ਰਹਲਾਦ ਨੂੰ ਮਾਰਨ ਲਈ ਤਲਵਾਰ ਚੁੱਕੀ, ਤਦੋਂ ਹੀ :

## ਥੰਮੁ ਉਪਾੜਿ; ਹਰਿ ਆਪੁ ਦਿਖਾਇਆ ॥ ਅਹੰਕਾਰੀ ਦੈਤੁ; ਮਾਰਿ ਪਚਾਇਆ ॥

ਉਹ ਥੰਮੁ = ਥਮਲਾ ਉਪਾੜਿ = ਪਾੜ, ਚੀਰ ਕੇ ਹਰਿ = ਪਰਮਾਤਮਾ ਨੇ ਆਪਣਾ ਨਰਸਿੰਘ ਰੂਪ ਦਿਖਾਇਆ = ਦਿਖਾਉਣਾ ਕੀਤਾ।

---

੧. ਹਰਨਾਖਸ਼ ਨੇ ਪ੍ਰਹਿਲਾਦ ਨੂੰ ਡਰਾਉਣ ਲਈ ਪਹਿਲਾਂ ਗਦਾ ਚੁੱਕੀ ਸੀ, ਜਦੋਂ ਉਹ ਨਹੀਂ ਡੋਲਿਆ ਤਾਂ ਫੇਰ ਉਹ ਕਿਰਪਾਨ ਚੁੱਕ ਕੇ ਉਸ ਨੂੰ ਮਾਰਨ ਲੱਗਾ ਸੀ, ਤਦੋਂ ਥੰਮ੍ਹ ਪਾੜ ਕੇ ਭਗਵਾਨ ਨੇ ਨਰਸਿੰਘ ਰੂਪ ਵਿਚ ਉਸਦਾ ਬੱਧ ਕੀਤਾ, ਇਸ ਲਈ ਸਤਿਗੁਰਾਂ ਨੇ ਗੁਰਬਾਣੀ ਅੰਦਰ ਖੜਗ ਤੇ ਗਦਾ ਦੋਹਾਂ ਦਾ ਹੀ ਜ਼ਿਕਰ ਕੀਤਾ ਹੈ।

ਅਤੇ ਅਹੰਕਾਰੀ = ਅਭਿਮਾਨ ਨਾਲ ਭਰੇ ਹੋਏ ਦੈਤੁ = ਰਾਖਸ਼ ਨੂੰ ਆਪਣੇ ਨੌਂਹਾਂ ਨਾਲ ਮਾਰ ਕੇ ਪਚਾਇਆ = ਨਾਸ ਕਰ ਦਿੱਤਾ।

## ਭਗਤਾ ਮਨਿ ਆਨੰਦੁ; ਵਜੀ ਵਧਾਈ ॥
## ਅਪਨੇ ਸੇਵਕ ਕਉ; ਦੇ ਵਡਿਆਈ ॥੯॥

ਇਸ ਪ੍ਰਕਾਰ ਪ੍ਰਹਿਲਾਦ ਦੀ ਰੱਖਿਆ ਹੋਈ ਦੇਖ ਕੇ ਸਾਰੇ ਭਗਤਾਂ ਦੇ ਮਨਿ = ਹਿਰਦੇ ਵਿਚ ਅਨੰਦ ਪ੍ਰਾਪਤ ਹੋਇਆ ਅਤੇ ਵਧਾਈ = ਖ਼ੁਸ਼ੀਆਂ ਵਜੀ = ਵੱਜ, ਪ੍ਰਗਟ ਹੋ ਆਈਆਂ।

ਭਗਤ ਇਹ ਨਿਸਚੇ ਕਰਕੇ ਜਾਣਦੇ ਹਨ ਕਿ ਉਹ ਪ੍ਰਭੂ ਅਪਨੇ = ਆਪ ਦੇ ਸੇਵਕ = ਦਾਸਾਂ ਕਉ = ਨੂੰ ਲੋਕ-ਪ੍ਰਲੋਕ ਵਿਚ ਵਡਿਆਈ = ਇੱਜ਼ਤ ਦੇ = ਦੇਣਾ ਕਰਦਾ ਹੈ ॥੯॥

## ਜੰਮਣੁ ਮਰਣਾ; ਮੋਹੁ ਉਪਾਇਆ ॥ ਆਵਣੁ ਜਾਣਾ; ਕਰਤੈ ਲਿਖਿ ਪਾਇਆ ॥

ਪ੍ਰਭੂ ਨੇ ਇਹ ਜੰਮਣ ਮਰਣ ਦਾ ਚੱਕਰ ਜੀਵਾਂ ਦੇ ਮੋਹੁ = ਅਗਿਆਨ ਕਰਕੇ ਉਪਾਇਆ = ਪੈਦਾ ਕੀਤਾ ਹੈ **ਵਾ:** ਮਾਇਆ ਦੇ ਮੋਹ ਕਰਕੇ ਜੰਮਣ ਮਰਣ ਪੈਦਾ ਕੀਤਾ ਹੋਇਆ ਹੈ।

ਇਹ ਸੰਸਾਰ ਵਿਚ ਜਨਮ ਧਾਰ ਕੇ ਆਵਣੁ = ਆਉਣਾ ਤੇ ਮਰ ਕੇ ਪ੍ਰਲੋਕ, ਜੂਨਾਂ ਵਿਚ ਜਾਣਾ ਕਰਤੈ = ਕਰਤਾ ਪੁਰਖ ਨੇ ਧੁਰੋਂ ਹੀ ਜੀਵਾਂ ਦੇ ਮੱਥੇ ਉੱਪਰ ਇਹ ਲੇਖ ਲਿਖ ਕੇ ਪਾਇਆ = ਪਾਉਣਾ ਕੀਤਾ ਹੈ।

## ਪ੍ਰਹਲਾਦ ਕੈ ਕਾਰਜਿ; ਹਰਿ ਆਪੁ ਦਿਖਾਇਆ ॥

ਪ੍ਰਹਿਲਾਦ ਭਗਤ ਕੈ = ਦੇ ਰੱਖਿਆ ਦੇ ਕਾਰਜਿ = ਕੰਮ ਨੂੰ ਸੰਵਾਰਨ ਵਾਸਤੇ ਹਰਿ = ਪਰਮਾਤਮਾ ਨੇ ਆਪੁ = ਆਪਣਾ ਨਰਸਿੰਘ ਰੂਪ ਪ੍ਰਗਟ ਕਰਕੇ ਦਿਖਾਇਆ = ਵਿਖਾਉਣਾ ਕੀਤਾ।

## ਭਗਤਾ ਕਾ ਬੋਲੁ; ਆਗੈ ਆਇਆ ॥੧੦॥

ਅਤੇ ਭਗਤਾਂ ਕਾ = ਦਾ ਕਿਹਾ ਹੋਇਆ ਬੋਲੁ = ਬਚਨ ਆਗੈ = ਸਾਹਮਣੇ ਆਇਆ = ਆ ਗਿਆ ਭਾਵ ਪ੍ਰਹਿਲਾਦ ਨੇ ਕਿਹਾ ਸੀ ਕਿ ਭਗਵਾਨ ਹਰ ਥਾਂ ਵਿਆਪਕ ਹੈ, ਇਸ ਥੰਮ੍ਹ ਵਿਚ ਵੀ ਵੱਸ ਰਿਹਾ ਹੈ, ਉਹ ਬੋਲ ਪੂਰਾ ਹੋ ਆਇਆ ॥੧੦॥

ਹਰਨਾਖਸ਼ ਨੂੰ ਮਾਰਨ ਤੋਂ ਬਾਅਦ ਉਸ ਦੀਆਂ ਆਂਦਰਾਂ ਨਰਸਿੰਘ ਨੇ ਆਪਣੇ ਗਲ ਵਿਚ ਪਾ ਲਈਆਂ, ਗਰਜ ਕੇ ਜਦੋਂ ਆਪਣਾ ਸਿਰ ਹਿਲਾਇਆ ਤਾਂ ਆਸਮਾਨ ਪਿਛਲੇ ਬੱਦਲ ਹਿੱਲ ਗਏ ਅਤੇ ਦੇਵਤਿਆਂ ਦੇ ਬਿਬਾਨ ਵੀ ਡੋਲ ਗਏ, ਤਦੋਂ ਉਸ ਭਿਆਨਕ ਰੂਪ ਨੂੰ ਵੇਖ ਕੇ ਦੇਵਤੇ ਵੀ ਘਬਰਾ ਗਏ।

## ਦੇਵ ਕੁਲੀ; ਲਖਿਮੀ ਕਉ ਕਰਹਿ ਜੈਕਾਰੁ ॥

ਉਸ ਸਮੇਂ ਦੇਵ = ਦੇਵਤਿਆਂ ਦੀਆਂ ਸਾਰੀਆਂ ਕੁਲੀ = ਕੁਲਾਂ ਲਖਿਮੀ = ਲਛਮੀ ਕਉ = ਨੂੰ ਜਾ ਕੇ ਜੈਕਾਰੁ = ਨਮਸਕਾਰ ਕਰਹਿ = ਕਰਨ ਲੱਗ ਪਈਆਂ।

## ਮਾਤਾ; ਨਰਸਿੰਘ ਕਾ ਰੂਪੁ ਨਿਵਾਰੁ ॥

ਅਤੇ ਬੇਨਤੀ ਕੀਤੀ ਕਿ ਹੇ ਮਾਤਾ = ਮਾਂ! ਭਗਵਾਨ ਦਾ ਨਰਸਿੰਘ ਕਾ = ਦਾ ਧਾਰਨ ਕੀਤਾ ਰੂਪ ਨਿਵਾਰੁ = ਨਿਵਾਰਨਾ ਕਰੋ।

## ਲਖਿਮੀ ਭਉ ਕਰੈ; ਨ ਸਾਕੈ ਜਾਇ ॥
## ਪ੍ਰਹਲਾਦੁ ਜਨੁ; ਚਰਣੀ ਲਾਗਾ ਆਇ ॥੧੧॥

ਲਖਿਮੀ = ਲਛਮੀ ਵੀ ਨਰਸਿੰਘ ਰੂਪ ਦੇਖ ਕੇ ਭਉ = ਭੈ ਕਰੈ = ਕਰਦੀ ਸੀ, ਉਹ ਵੀ ਨਰਸਿੰਘ ਭਗਵਾਨ ਦੇ ਪਾਸ ਜਾਇ = ਜਾ ਨਾ ਸਾਕੈ = ਸਕੀ।

ਫੇਰ ਭਗਤ ਪ੍ਰਹਿਲਾਦ ਨਰਸਿੰਘ ਭਗਵਾਨ ਦੇ ਚਰਣੀ ਆਇ = ਆ ਕੇ ਲਾਗਾ = ਲੱਗਿਆ। ਤਦੋਂ ਹਰੀ ਨੇ ਆਪਣਾ ਨਰਸਿੰਘ ਵਾਲਾ ਰੂਪ ਛੁਪਾ ਲਿਆ ॥੧੧॥

ਅਤੇ ਪ੍ਰਹਿਲਾਦ ਨੂੰ ਛੱਤੀ ਹਜ਼ਾਰ ਵਰ੍ਹਾ ਰਾਜ ਕਰਨ ਦਾ ਵਰ ਦਿੱਤਾ, ਫੇਰ ਪ੍ਰਹਿਲਾਦ ਨੇ ਕਿਹਾ ਕਿ :

[ਅੰਗ ੧੧੫੫]

## ਸਤਿਗੁਰਿ; ਨਾਮੁ ਨਿਧਾਨੁ ਦ੍ਰਿੜਾਇਆ ॥
## ਰਾਜੁ ਮਾਲੁ; ਝੂਠੀ ਸਭ ਮਾਇਆ ॥

ਹੇ ਭਗਵਾਨ ਜੀ! ਮੇਰੇ ਸਤਿਗੁਰੂ ਨਾਰਦ ਮੁਨੀ ਨੇ ਮੈਨੂੰ ਨਾਮ ਦਾ ਨਿਧਾਨੁ = ਖ਼ਜ਼ਾਨਾ ਦ੍ਰਿੜਾਇਆ = ਦ੍ਰਿੜ੍ਹ ਕਰਵਾਇਆ ਹੈ, ਜਿਸ ਦੁਆਰਾ ਮੈਂ ਇਹ ਨਿਸਚੇ ਕੀਤਾ ਹੈ ਕਿ ਰਾਜ ਭਾਗ ਦੀ ਪ੍ਰਾਪਤੀ, ਮਾਲੁ = ਹਾਥੀ ਘੋੜੇ ਆਦਿ ਸਭ = ਸਾਰੀ ਮਾਇਆ = ਬਿਭੂਤੀ ਝੂਠੀ = ਮਿਥਿਆ, ਨਾਸ਼ਵੰਤ ਹੈ।

## ਲੋਭੀ ਨਰ; ਰਹੇ ਲਪਟਾਇ ॥
## ਹਰਿ ਕੇ ਨਾਮ ਬਿਨੁ; ਦਰਗਹ ਮਿਲੈ ਸਜਾਇ ॥੧੨॥

ਲੋਭੀ = ਲਾਲਚੀ ਨਰ = ਪੁਰਖ ਇਸ ਮਾਇਆ ਵਿਚ ਲਪਟਾਇ = ਲੰਪਟ ਹੋ ਰਹੇ ਹਨ। ਪਰ ਹਰਿ = ਪਰਮਾਤਮਾ ਕੇ = ਦੇ ਨਾਮ ਤੋਂ ਬਿਨੁ = ਬਗ਼ੈਰ ਹੋਣ ਕਰਕੇ ਸਭ ਨੂੰ ਦਰਗਾਹ ਵਿਚ ਸਜਾਇ = ਸਜ਼ਾ ਮਿਲੈ = ਮਿਲਦੀ ਹੈ ॥੧੨॥

## ਕਹੈ ਨਾਨਕੁ; ਸਭੁ ਕੋ ਕਰੇ ਕਰਾਇਆ ॥
## ਸੇ ਪਰਵਾਣੁ; ਜਿਨੀ ਹਰਿ ਸਿਉ ਚਿਤੁ ਲਾਇਆ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਗੁਰਸਿੱਖੋ! ਇਸ ਪ੍ਰਕਾਰ ਸਭ ਕੋ = ਕੋਈ ਉਸ ਪ੍ਰਭੂ ਦਾ ਕਰਾਇਆ ਹੋਇਆ ਕਰਤਬ ਹੀ ਕਰੇ = ਕਰ ਰਿਹਾ ਹੈ। ਪਰ ਉਸਦੀ ਦਰਗਾਹ ਵਿਚ ਸੇ = ਉਹੋ ਹੀ ਪਰਵਾਣੁ = ਪਰਵਾਣਿਕ ਹੁੰਦੇ ਹਨ, ਜਿਨੀ = ਜਿਨ੍ਹਾਂ ਨੇ ਹਰਿ = ਪਰਮਾਤਮਾ ਦੇ ਸਿਉ = ਨਾਲ ਆਪਣੇ ਚਿਤੁ = ਮਨ ਨੂੰ ਲਾਇਆ = ਲਾਉਣਾ ਕੀਤਾ ਹੈ।

## ਭਗਤਾ ਕਾ; ਅੰਗੀਕਾਰੁ ਕਰਦਾ ਆਇਆ ॥
## ਕਰਤੈ; ਅਪਣਾ ਰੂਪੁ ਦਿਖਾਇਆ ॥੧੩॥੧॥੨॥

ਹੇ ਗੁਰਸਿੱਖੋ! ਉਹ ਪ੍ਰਭੂ ਆਪਣੇ ਭਗਤਾਂ ਕਾ = ਦਾ ਹਰ ਸਮੇਂ ਅੰਗੀਕਾਰ = ਪੱਖ ਕਰਦਾ ਆਇਆ ਹੈ।

ਦੇਖ ਲਉ ਉਸ ਕਰਤੈ = ਕਰਤਾ ਪੁਰਖ ਨੇ ਪ੍ਰਹਿਲਾਦ ਦੀ ਰੱਖਿਆ ਲਈ ਆਪਣਾ ਨਰਸਿੰਘ ਦਾ ਰੂਪ ਧਾਰਨ ਕਰਕੇ ਦਿਖਾਇਆ = ਵਿਖਾਉਣਾ ਕੀਤਾ **ਵਾ:** ਬ੍ਰਹਮ ਬੇਤਿਆਂ ਨੂੰ ਕਰਤਾ ਪੁਰਖ ਨੇ ਆਪਣਾ ਸਤ-ਚਿੱਤ ਅਨੰਦ ਸਰੂਪ ਪ੍ਰਗਟ ਕਰਕੇ ਵਿਖਾਲ ਦਿੱਤਾ ਹੈ ॥੧੩॥੧॥੨॥

## ਭੈਰਉ ਮਹਲਾ ੩ ॥

## ਗੁਰ ਸੇਵਾ ਤੇ, ਅੰਮ੍ਰਿਤ ਫਲੁ ਪਾਇਆ; ਹਉਮੈ ਤ੍ਰਿਸਨ ਬੁਝਾਈ ॥

ਜਿਨ੍ਹਾਂ ਨੇ ਗੁਰਾਂ ਦੀ ਸੇਵਾ = ਟਹਿਲ ਤੇ = ਤੋਂ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਬ੍ਰਹਮਾਨੰਦ ਰੂਪੀ **ਵਾ:** ਅੰਮ੍ਰਿਤ ਨਾਮ ਰੂਪੀ ਫਲ ਪਾਇਆ = ਪਾਉਣਾ ਕੀਤਾ ਹੈ, ਉਨ੍ਹਾਂ ਨੇ ਆਪਣੇ ਅੰਦਰੋਂ ਹਉਮੈ = ਹੰਗਤਾ ਮਮਤਾ ਅਤੇ ਰਸਾਂ ਕਸਾਂ ਦੀ ਤ੍ਰਿਸਨ = ਆਤ੍ਰਿਪਤੀ ਬੁਝਾਈ = ਮੇਟ, ਨਵਿਰਤ ਕਰ ਲਈ ਹੈ।

## ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ; ਮਨਸਾ ਮਨਹਿ ਸਮਾਈ ॥੧॥

ਹਰਿ = ਪਰਮਾਤਮਾ ਕਾ = ਦਾ ਨਾਮ ਜਿਨ੍ਹਾਂ ਦੇ ਹ੍ਰਿਦੈ = ਅੰਤਹਕਰਨ ਦੇ ਅਸਥਾਨ ਮਨ ਵਿਚ ਵਸਿਆ = ਵੱਸ ਗਿਆ ਹੈ, ਉਨ੍ਹਾਂ ਦੀਆਂ ਮਨਸਾ = ਵਾਸ਼ਨਾਵਾਂ ਮਨਹਿ = ਮਨ ਵਿਚ ਸਮਾਈ = ਲੈ ਹੋ ਗਈਆਂ ਹਨ ॥੧॥

## ਹਰਿ ਜੀਉ; ਕ੍ਰਿਪਾ ਕਰਹੁ, ਮੇਰੇ ਪਿਆਰੇ ॥

ਹੇ ਮੇਰੇ ਪਿਆਰੇ ਹਰਿ = ਪ੍ਰਭੂ ਜੀਉ = ਜੀ ! ਤੁਸੀਂ ਮੇਰੇ ਉੱਪਰ ਆਪਣੀ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਕਰਹੁ = ਕਰੋ।

## ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ; ਗੁਰ ਕੈ ਸਬਦਿ ਉਧਾਰੇ ॥੧॥ਰਹਾਉ॥

ਹੇ ਹਰਿ = ਪ੍ਰਭੂ ! ਮੈਂ ਦੀਨ = ਗ਼ਰੀਬ ਜਨ = ਸੇਵਕ ਤੇਰੇ ਪਾਸੋਂ ਅਨਦਿਨੁ = ਰਾਤ ਦਿਨ ਤੇਰੇ ਗੁਣ ਗਾਉਣੇ ਮਾਂਗੈ = ਮੰਗਦਾ ਹਾਂ, ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੁਆਰਾ ਤੂੰ ਅਨੇਕਾਂ ਹੀ ਜੀਵ ਉਧਾਰੇ = ਤਾਰਨਾ ਕੀਤੇ ਹਨ, ਇਸ ਲਈ ਮੈਨੂੰ ਵੀ ਤਾਰਨਾ ਕਰ ॥੧॥ਰਹਾਉ॥

## ਸੰਤ ਜਨਾ ਕਉ, ਜਮੁ ਜੋਹਿ ਨ ਸਾਕੈ; ਰਤੀ ਅੰਚ ਦੂਖ ਨ ਲਾਈ ॥

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਕਉ = ਨੂੰ ਜਮੁ = ਯਮਰਾਜ, ਜਮਦੂਤ ਜੋਹਿ = ਦੇਖ ਵੀ ਨਹੀਂ ਸਾਕੈ = ਸਕਦਾ ਅਤੇ ਰਤੀ = ਥੋੜ੍ਹੇ ਮਾਤਰ ਵੀ ਜੰਮਣ ਮਰਣ ਦੇ ਦੁਖ ਦਾ ਅੰਚ = ਸੇਕ ਨਹੀਂ ਲਾਈ = ਲਾ ਸਕਦਾ।

## ਆਪਿ ਤਰਹਿ ਸਗਲੇ ਕੁਲ ਤਾਰਹਿ; ਜੋ ਤੇਰੀ ਸਰਣਾਈ ॥੨॥

ਹੇ ਪ੍ਰਭੂ ! ਜੋ ਤੇਰੀ ਸਰਣਾਈ = ਸ਼ਰਨ ਵਿਚ ਪਏ ਹਨ, ਉਹ ਆਪ ਵੀ ਸੰਸਾਰ-ਸਮੁੰਦ੍ਰ ਤੋਂ ਤਰਹਿ = ਤਰਦੇ ਹਨ ਅਤੇ ਆਪਣੇ ਸਗਲੇ = ਸਾਰੇ ਕੁਲ ਵੀ ਤਾਰਹਿ = ਤਾਰ ਲੈਂਦੇ ਹਨ ॥੨॥

## ਭਗਤਾ ਕੀ ਪੈਜ ਰਖਹਿ ਤੂ ਆਪੇ; ਏਹ ਤੇਰੀ ਵਡਿਆਈ ॥

ਹੇ ਪ੍ਰਭੂ ! ਤੂੰ ਆਪੇ = ਆਪ ਹੀ ਆਪਣੇ ਭਗਤਾ ਸੇਵਕਾਂ ਕੀ = ਦੀ ਲੋਕ-ਪ੍ਰਲੋਕ ਵਿਚ ਪੈਜ = ਇੱਜ਼ਤ ਰਖਹਿ = ਰੱਖਦਾ ਹੈਂ, ਇਹ ਤੇਰੀ ਵਡਿਆਈ = ਉੱਚਤਾ ਹੈ।

## ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ; ਦੁਬਿਧਾ ਰਤੀ ਨ ਰਾਈ ॥੩॥

ਹੇ ਪ੍ਰਭੂ ! ਤੂੰ ਆਪਣੇ ਭਗਤਾਂ ਦੇ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਕੇ = ਦੇ ਕਿਲਵਿਖ = ਪਾਪ ਤੇ

ਜੰਮਣ ਮਰਣ ਦੇ ਦੁੱਖ ਕਾਟਹਿ = ਕੱਟ ਦੇਂਦਾ ਹੈ ਅਤੇ ਉਨ੍ਹਾਂ ਅੰਦਰ ਰਾਈ ਦੇ ਦਾਣੇ ਜਿਤਨੀ ਰੱਤੀ ਮਾਤ੍ਰ ਵੀ ਦੁਬਿਧਾ = ਦ੍ਵੈਤ ਭ੍ਰਾਂਤੀ ਨਹੀਂ ਰਹਿੰਦੀ ॥੩॥

## ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ; ਤੂ ਆਪੇ ਦੇਹਿ ਬੁਝਾਈ ॥

ਹੇ ਪ੍ਰਭੂ ! ਹਮ = ਅਸੀਂ ਜੀਵ ਸ਼ਾਸਤ੍ਰ ਗਿਆਨ ਤੋਂ ਰਹਿਤ ਮੂੜ = ਮੂਰਖ, ਪਰਮਾਰਥ ਵੱਲੋਂ ਮੁਗਧ = ਬੇ-ਸਮਝ ਹੋਏ ਕਿਛੁ = ਕੁਝ ਵੀ ਬੂਝਹਿ = ਸਮਝਦੇ ਨਾਹੀ = ਨਹੀਂ ਹਾਂ, ਤੂੰ ਆਪੇ = ਆਪ ਹੀ ਗੁਰਾਂ ਦੁਆਰਾ ਆਪਣੀ ਪ੍ਰਾਪਤੀ ਦੀ ਸਿੱਖਿਆ ਬੁਝਾਈ = ਸਮਝਾ ਦੇਹਿ = ਦੇਂਦਾ ਹੈਂ।

## ਜੋ ਤੁਧੁ ਭਾਵੈ, ਸੋਈ ਕਰਸੀ; ਅਵਰੁ ਨ ਕਰਣਾ ਜਾਈ ॥੪॥

ਹੇ ਪ੍ਰਭੂ ! ਜੋ = ਜਿਹੜਾ ਕੁਝ ਤੁਧੁ = ਤੈਨੂੰ ਭਾਵੈ = ਭਾਉਂਦਾ ਹੈ, ਤੂੰ ਸੋਈ = ਉਹੀ ਕੁਝ ਤਿੰਨਾਂ ਕਾਲਾਂ ਵਿਚ ਕਰਸੀ = ਕਰਦਾ ਹੈਂ, ਅਵਰੁ = ਹੋਰ ਕਿਸੇ ਦੇ ਪਾਸੋਂ ਕੁਝ ਵੀ ਕਰਣਾ = ਕੀਤਾ ਨਹੀਂ ਜਾਈ = ਜਾ ਸਕਦਾ ॥੪॥

## ਜਗਤੁ ਉਪਾਇ ਤੁਧੁ ਧੰਧੈ ਲਾਇਆ; ਭੂੰਡੀ ਕਾਰ ਕਮਾਈ ॥

ਹੇ ਪ੍ਰਭੂ ! ਤੁਧੁ = ਤੂੰ ਜਗਤੁ = ਸੰਸਾਰ ਨੂੰ ਉਪਾਇ = ਪੈਦਾ ਕਰਕੇ ਵੱਖੋ-ਵੱਖ ਧੰਧੈ = ਕੰਮਾਂ-ਕਾਰਾਂ ਵਿਚ ਲਾਇਆ = ਲਾਉਣਾ ਕੀਤਾ ਹੈ ਪਰ ਜੀਵਾਂ ਨੇ ਵਿਕਾਰਾਂ ਆਦਿ ਵਾਲੀ ਭੂੰਡੀ = ਭੈੜੀ ਕਾਰ ਕਮਾਈ = ਕਮਾਉਣਾ ਕੀਤੀ ਹੈ।

## ਜਨਮੁ ਪਦਾਰਥੁ ਜੂਐ ਹਾਰਿਆ; ਸਬਦੈ ਸੁਰਤਿ ਨ ਪਾਈ ॥੫॥

ਜੀਵਾਂ ਨੇ ਆਪਣਾ ਮਨੁੱਖਾ ਜਨਮ ਰੂਪੀ ਪਦਾਰਥ ਵਿਸ਼ਿਆਂ ਰੂਪੀ ਜੂਏ ਵਿਚ ਹਾਰਿਆ = ਹਾਰ ਦਿੱਤਾ ਹੈ ਅਤੇ ਉਨ੍ਹਾਂ ਨੇ ਗੁਰਾਂ ਦੇ ਸਬਦੈ = ਉਪਦੇਸ਼ ਦੀ ਸੁਰਤਿ = ਗਿਆਤ ਵੀ ਪਾਈ = ਪਾਉਣਾ ਨਹੀਂ ਕੀਤੀ **ਵਾ:** ਗੁਰਾਂ ਦੇ ਸ਼ਬਦ ਵਿਚ **ਵਾ:** ਸ਼ਬਦ ਦੁਆਰਾ ਤੇਰੇ ਨਾਲ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਪਾਉਣਾ ਨਹੀਂ ਕੀਤੀ ॥੫॥

## ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ; ਦੁਰਮਤਿ ਅਗਿਆਨ ਅੰਧਾਰਾ ॥

ਮਨਮੁਖਿ = ਮਨ ਦੇ ਮਗਰ ਤੁਰਨ ਵਾਲੇ ਪੁਰਖ ਮੌਤ ਕਰਕੇ ਮਰਹਿ = ਮਰ ਜਾਂਦੇ ਹਨ ਪਰ ਤਿਨ = ਉਨ੍ਹਾਂ ਨੂੰ ਪਰਮਾਰਥ ਬਾਰੇ ਕਿਛੂ = ਕੁਝ ਵੀ ਸੂਝੈ = ਸੁੱਝਦਾ ਨਹੀਂ ਹੈ, ਉਨ੍ਹਾਂ ਨੂੰ ਦੁਰਮਤਿ = ਖੋਟੀ ਮਤ ਕਰਕੇ ਅਗਿਆਨ, ਪਰਮਾਦਤਾਈ ਦਾ ਅੰਧਾਰਾ = ਹਨੇਰਾ ਪਿਆ ਰਹਿੰਦਾ ਹੈ।

## ਭਵਜਲੁ ਪਾਰਿ ਨ ਪਾਵਹਿ ਕਬਹੀ; ਡੂਬਿ ਮੁਏ ਬਿਨੁ ਗੁਰ, ਸਿਰਿ ਭਾਰਾ ॥੬॥

ਉਹ ਕਬਹੀ = ਕਦੇ ਵੀ ਭਵਜਲੁ = ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤ ਰੂਪੀ ਕਿਨਾਰਾ ਨਹੀਂ ਪਾਵਹਿ = ਪਾ ਸਕਦੇ, ਉਹ ਗੁਰਾਂ ਤੋਂ ਬਿਨੁ = ਬਗ਼ੈਰ ਸਿਰ ਉੱਪਰ ਪਾਪਾਂ ਦਾ ਭਾਰਾ = ਬੋਝ ਚੁੱਕ ਕੇ ਇਸ ਸੰਸਾਰ-ਸਮੁੰਦ੍ਰ ਵਿਚ ਡੂਬਿ = ਡੁੱਬ ਕੇ ਮੁਏ = ਮਰ ਗਏ ਹਨ ॥੬॥

## ਸਾਚੈ ਸਬਦਿ ਰਤੇ ਜਨ ਸਾਚੇ; ਹਰਿ ਪ੍ਰਭਿ ਆਪਿ ਮਿਲਾਏ ॥

ਜੋ ਸਾਚੈ = ਸੱਚੇ ਗੁਰਾਂ ਦੇ ਸਬਦਿ = ਉਪਦੇਸ਼ ਵਿਚ ਰਤੇ = ਰੰਗੇ ਹੋਏ ਹਨ, ਉਹ ਜਨ = ਪੁਰਖ

ਸਾਚੇ = ਸੱਚੇ ਜੀਵਨ ਵਾਲੇ ਹਨ, ਹੇ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭਿ = ਪ੍ਰਭੂ ! ਤੂੰ ਆਪ ਹੀ ਉਹ ਆਪਣੇ ਨਾਲ ਮਿਲਾਏ = ਮਿਲਾਉਣਾ ਕੀਤੇ ਹਨ।

## ਗੁਰ ਕੀ ਬਾਣੀ ਸਬਦਿ ਪਛਾਤੀ; ਸਾਚਿ ਰਹੇ ਲਿਵ ਲਾਏ ॥੭॥

ਉਨ੍ਹਾਂ ਨੇ ਗੁਰਾਂ ਕੀ = ਦੀ ਬਾਣੀ ਦੁਆਰਾ ਗੁਰਾਂ ਦੇ ਸਬਦਿ = ਉਪਦੇਸ਼ ਨੂੰ ਪਛਾਤੀ = ਪਛਾਣਿਆ ਹੈ **ਵਾ**: ਸਬਦਿ = ਬ੍ਰਹਮ ਦੀ ਸੱਤਾ ਪਛਾਤੀ = ਪਛਾਣੀ ਹੈ, ਉਹ ਸਾਚਿ = ਸੱਚੇ ਨਾਮ ਵਿਚ ਲਿਵ = ਬਿਰਤੀ ਲਾਏ = ਲਾ ਕੇ ਰਹੇ = ਰਹਿੰਦੇ ਹਨ ॥੭॥

## ਤੂੰ ਆਪਿ ਨਿਰਮਲੁ, ਤੇਰੇ ਜਨ ਹੈ ਨਿਰਮਲ; ਗੁਰ ਕੈ ਸਬਦਿ ਵੀਚਾਰੇ ॥

ਹੇ ਪ੍ਰਭੂ ! ਤੂੰ ਆਪ ਵੀ ਨਿਰਮਲ = ਉੱਜਲ ਸਰੂਪ ਹੈਂ ਅਤੇ ਤੇਰੇ ਜਨ = ਭਗਤ ਵੀ ਪਾਪਾਂ, ਅਵਿੱਦਿਆ ਦੀ ਮੈਲ ਤੋਂ ਰਹਿਤ ਨਿਰਮਲ = ਉੱਜਲ ਜੀਵਨ ਵਾਲੇ ਹੈ = ਹਨ, ਜੋ ਸੇਵਕ ਗੁਰਾਂ ਕੈ = ਦੇ ਸਬਦਿ = ਉਪਦੇਸ਼ ਨੂੰ ਵੀਚਾਰੇ = ਵਿਚਾਰਦੇ ਰਹਿੰਦੇ ਹਨ।

## ਨਾਨਕੁ, ਤਿਨ੍ ਕੈ ਸਦ ਬਲਿਹਾਰੈ; ਰਾਮ ਨਾਮੁ ਉਰਿ ਧਾਰੇ ॥੮॥੨॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਿਨ੍ = ਉਨ੍ਹਾਂ ਕੈ = ਦੇ ਉੱਪਰੋਂ ਸਦ = ਹਮੇਸ਼ਾਂ ਬਲਿਹਾਰੈ = ਕੁਰਬਾਨ ਜਾਂਦੇ ਹਾਂ, ਜੋ ਤੇਰੇ ਰਾਮ ਨਾਮ ਨੂੰ ਹਮੇਸ਼ਾਂ ਆਪਣੇ ਉਰਿ = ਹਿਰਦੇ ਵਿਚ ਧਾਰੇ = ਧਾਰਨ ਕਰਕੇ ਰੱਖਦੇ ਹਨ ॥੮॥੨॥੩॥

## ਭੈਰਉ ਮਹਲਾ ੫ ਅਸਟਪਦੀਆ ਘਰੁ ੨ ੧ਓ ਸਤਿਗੁਰ ਪ੍ਰਸਾਦਿ ॥

ਰਾਗੁ ਭੈਰਉ ਦੇ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਵਿਚ ਅਸਟਪਦੀਆ = ਅੱਠ ਅੱਠ ਪਦਾਂ ਵਾਲੀ ਬਾਣੀ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

***ਪ੍ਰਸ਼ਨ*** *: ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਪਰਮਾਤਮਾ ਦੇ ਨਾਮ ਜਪਣ ਦਾ ਕੀ ਲਾਭ ਹੈ ? ਅਤੇ ਨਾਮ ਤੋਂ ਬਿਨਾਂ ਕੀ ਘਾਟਾ ਹੈ ?*

***ਗੁਰ-ਉੱਤਰ*** : ਸਤਿਗੁਰੂ ਜੀ ਨਾਮ ਦੀ ਮਹਿਮਾ ਕਰਦੇ ਹੋਏ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਜਿਸੁ ਨਾਮੁ ਰਿਦੈ; ਸੋਈ ਵਡ ਰਾਜਾ ॥

ਹੇ ਭਾਈ ! ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਸਾਡੇ ਸਿਧਾਂਤ ਮੁਤਾਬਿਕ ਸੋਈ = ਉਹੋ ਹੀ ਵਡ = ਵੱਡਾ ਰਾਜਾ = ਪਾਤਸ਼ਾਹ ਹੈ।

ਅਰਥਾਤ ਜਿਵੇਂ ਰਾਜਿਆਂ ਕੋਲ ਮਾਇਆ ਦੇ ਖ਼ਜ਼ਾਨੇ ਹੁੰਦੇ ਹਨ, ਚਾਰ ਪ੍ਰਕਾਰ ਦੀ (ਪੈਦਲ, ਘੋੜ ਸਵਾਰ, ਰਥਾਂ ਤੇ ਹਾਥੀਆਂ ਵਾਲੀ) ਫ਼ੌਜ ਹੁੰਦੀ ਹੈ, ਰਾਜੇ ਆਪ ਸੁੱਖ ਪਾਲਕੀ ਵਿਚ ਇਸਥਿਤ ਹੁੰਦੇ ਹਨ, ਆਪਣੀ ਪਰਜਾ ਦੀ ਰਾਖੀ ਕਰਦੇ ਹਨ, ਚੋਰ ਆਦਿਕਾਂ ਨੂੰ ਪਕੜ ਕੇ ਡੰਡ ਦੇਂਦੇ ਹਨ ਆਦਿ—ਏਸੇ ਪ੍ਰਕਾਰ ਪਰਮਾਤਮਾ ਦਾ ਨਾਮ ਸਿਮਰਨ ਵਾਲੇ ਕੋਲ ਨੌਂ ਨਿੱਧੀਆਂ, ਅਠਾਰਾਂ ਸਿੱਧੀਆਂ ਦੇ ਖ਼ਜ਼ਾਨੇ ਹਨ, ਨਿਸ਼ਕਾਮਤਾ ਰੂਪ ਪੈਦਲ ਫ਼ੌਜ, ਸ੍ਰਵਣ ਰੂਪ ਘੋੜ ਸਵਾਰੀ ਫ਼ੌਜ, ਮੰਨਣ ਰੂਪ ਰਥਾਂ ਵਾਲੀ ਫ਼ੌਜ ਅਤੇ ਨਿਧਿਆਸਣ ਰੂਪ ਹਾਥੀਆਂ ਵਾਲੀ

ਫ਼ੌਜ ਹੈ, ਤਤ ਤੂੰ ਪਦ ਸੰਸ਼ੋਧਨ ਕਰਨ ਰੂਪ ਸੁੱਖ ਪਾਲਕੀਆਂ ਵਿਚ ਬਿਰਾਜਮਾਨ ਹੁੰਦਾ ਹੈ, ਆਪਣੀ ਸ਼ੁਭ ਗੁਣਾਂ **ਵਾ:** ਸੰਗਤ ਰੂਪੀ ਪਰਜਾ ਦੀ ਰਾਖੀ ਕਰਦਾ ਹੈ ਅਤੇ ਕਾਮਾਦਿਕ ਚੋਰਾਂ ਨੂੰ ਪਕੜ ਕੇ ਮਾਰਨਾ ਕਰਦਾ ਹੈ। ਇਸ ਪ੍ਰਕਾਰ ਨਾਮ ਜਪਣ ਵਾਲਾ ਹੀ ਅਸਲ ਰਾਜਾ ਹੈ।

## ਜਿਸੁ ਨਾਮੁ ਰਿਦੈ; ਤਿਸੁ ਪੂਰੇ ਕਾਜਾ ॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸ ਦੇ ਵਿਵਹਾਰਕ, ਪਰਮਾਰਥ ਆਦਿ ਦੇ ਸਾਰੇ ਕਾਜਾ = ਕੰਮ ਪੂਰੇ = ਪੂਰਨ ਹੋਏ, ਹੁੰਦੇ ਹਨ।

## ਜਿਸੁ ਨਾਮੁ ਰਿਦੈ; ਤਿਨਿ ਕੋਟਿ ਧਨ ਪਾਏ ॥
## ਨਾਮ ਬਿਨਾ; ਜਨਮੁ ਬਿਰਥਾ ਜਾਏ ॥੧॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਨਿ = ਉਸ ਨੇ ਮਾਨੋ ਕੋਟਿ = ਕ੍ਰੋੜਾਂ ਹੀ ਗਿਣਤੀ ਦਾ ਧਨ ਪਾਏ = ਪਾ ਲਿਆ ਹੈ **ਵਾ:** ਉਸਨੇ ਕ੍ਰੋੜਾਂ ਹੀ ਧਨ ਦੇ ਖ਼ਜ਼ਾਨੇ ਪਾ ਲਏ ਹਨ।

ਪਰ ਜੋ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਹੈ, ਉਸ ਦਾ ਅਮੋਲਕ ਮਨੁੱਖਾ ਜਨਮ ਵਿਸ਼ਿਆਂ ਵਿਚ ਲੱਗ ਕੇ ਬਿਰਥਾ = ਵਿਅਰਥ ਹੀ ਚਲਾ ਜਾਏ ਜਾਂਦਾ ਹੈ ॥੧॥

## ਤਿਸੁ ਸਾਲਾਹੀ; ਜਿਸੁ ਹਰਿ ਧਨੁ ਰਾਸਿ ॥
## ਸੋ ਵਡਭਾਗੀ; ਜਿਸੁ ਗੁਰ ਮਸਤਕਿ ਹਾਥੁ ॥੧॥ਰਹਾਉ॥

ਹੇ ਭਾਈ ! ਤਿਸੁ = ਉਸ ਸਤਿਗੁਰੂ ਨੂੰ ਸਾਲਾਹੀ = ਸਾਲਾਹੁਣਾ ਕਰੋ, ਜਿਸ ਦੇ ਪਾਸੋਂ ਹਰਿ = ਪਰਮਾਤਮਾ ਦੇ ਨਾਮ ਰੂਪੀ ਧਨ ਦੀ ਰਾਸਿ = ਪੂੰਜੀ ਪ੍ਰਾਪਤ ਹੁੰਦੀ ਹੈ **ਅਥਵਾ** ਉਸ ਗੁਰਮੁਖ ਨੂੰ ਸਾਲਾਹੁਣਾ ਕਰੋ ਜਿਸ ਪਾਸ ਹਰੀ ਦੇ ਨਾਮ ਰੂਪੀ ਧਨ ਦੀ ਪੂੰਜੀ ਹੈ। ਸੋ = ਉਹ ਮਨੁੱਖ ਵਡਭਾਗੀ = ਵੱਡੇ ਭਾਗਾਂ ਵਾਲਾ ਹੈ, ਜਿਸ ਦੇ ਮਸਤਕਿ = ਮੱਥੇ ਉੱਪਰ ਗੁਰਾਂ ਦਾ ਕਿਰਪਾ ਰੂਪੀ ਹਾਥੁ = ਹੱਥ ਰੱਖਿਆ ਹੋਇਆ ਹੈ ॥੧॥ਰਹਾਉ॥

## ਜਿਸੁ ਨਾਮੁ ਰਿਦੈ; ਤਿਸੁ ਕੋਟ ਕਈ ਸੈਨਾ ॥
## ਜਿਸੁ ਨਾਮੁ ਰਿਦੈ; ਤਿਸੁ ਸਹਜ ਸੁਖੈਨਾ ॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸਦੇ ਪਾਸ ਕਈ ਕੋਟ = ਕ੍ਰੋੜਾਂ ਹੀ ਸੈਨਾ = ਫ਼ੌਜਾਂ ਵਰਗਾ ਬਲ ਹੁੰਦਾ ਹੈ **ਵਾ:** ਉਸ ਦੇ ਪਾਸ ਬਿਬੇਕ ਆਦਿ ਦੇ ਕੋਟ = ਕਿਲ੍ਹੇ ਅਤੇ ਸ੍ਰਵਣ ਮੰਨਣ ਰੂਪ ਕਈ ਪ੍ਰਕਾਰ ਦੀ ਫ਼ੌਜ ਹੈ।

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਉਹ ਸਹਜ = ਸੁਭਾਵਿਕ ਹੀ (ਸੁਖ + ਐਨਾ) ਸੁੱਖਾਂ ਦਾ ਐਨਾ = ਘਰ ਬਣ ਜਾਂਦਾ ਭਾਵ ਸੁੱਖ ਹੀ ਸੁੱਖ ਪ੍ਰਾਪਤ ਹੁੰਦਾ ਹੈ।

[ਅੰਗ ੧੧੫੬]

## ਜਿਸੁ ਨਾਮੁ ਰਿਦੈ; ਸੋ ਸੀਤਲੁ ਹੂਆ ॥ ਨਾਮ ਬਿਨਾ; ਧ੍ਰਿਗੁ ਜੀਵਣੁ ਮੂਆ ॥੨॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਸੋ = ਉਸ ਦਾ ਹਿਰਦਾ ਕ੍ਰੋਧ, ਤ੍ਰਿਸ਼ਨਾ ਆਦਿ ਦੀ ਅੱਗ ਵੱਲੋਂ ਸੀਤਲੁ = ਠੰਢਾ ਹੂਆ = ਹੋ ਗਿਆ ਹੈ।

ਪਰ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਪਰਮਾਤਮਾ ਵੱਲੋਂ ਮੂਆ = ਮਰੇ ਹੋਏ ਮਨੁੱਖ ਦਾ ਜੀਵਨ ਧ੍ਰਿਗ = ਧ੍ਰਿਕਾਰ ਜੋਗ ਹੈ **ਵਾ:** ਜੋ ਪਰਮਾਤਮਾ ਦੇ ਨਾਮ ਤੋਂ ਬਿਨਾਂ ਹੈ, ਉਸ ਦਾ ਜੀਵਨ ਧ੍ਰਿਕਾਰ ਜੋਗ ਹੈ ਅਤੇ ਉਹ ਸਦਾ ਜੰਮਦਾ ਮਰਦਾ ਹੀ ਰਹਿੰਦਾ ਹੈ॥੨॥

## ਜਿਸੁ ਨਾਮੁ ਰਿਦੈ; ਸੋ ਜੀਵਨ ਮੁਕਤਾ ॥
## ਜਿਸੁ ਨਾਮੁ ਰਿਦੈ; ਤਿਸੁ ਸਭ ਹੀ ਜੁਗਤਾ ॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਸੋ = ਉਹ ਜੀਵਨ = ਜਿਉਂਦਾ ਹੀ ਮੁਕਤਾ = ਮੁਕਤ ਸਰੂਪ ਹੈ। ਜੈਸਾ ਕਿ :

**ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥** *(ਗਉੜੀ ਸੁਖਮਨੀ ਮ: ੫, ਅੰਗ ੨੯੪)*

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸ ਨੂੰ ਹੀ ਜੋਗ, ਵੇਦਾਂਤ, ਸ਼ਾਸਤ੍ਰਾਂ ਆਦਿ ਦੀਆਂ ਸਭ = ਸਾਰੀਆਂ ਜੁਗਤਾ = ਜੁਗਤੀਆਂ ਆਉਂਦੀਆਂ ਹਨ।

## ਜਿਸੁ ਨਾਮੁ ਰਿਦੈ; ਤਿਨਿ ਨਉ ਨਿਧਿ ਪਾਈ ॥
## ਨਾਮ ਬਿਨਾ; ਭ੍ਰਮਿ ਆਵੈ ਜਾਈ ॥੩॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਨਿ = ਉਸ ਨੇ ਨਉ ਨਿਧਿ = ਨੌਂ ਖ਼ਜ਼ਾਨਿਆਂ ਦੀ ਵੀ ਪਾਈ = ਪ੍ਰਾਪਤੀ ਕਰ ਲਈ ਹੈ।

ਪਰ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਮਨੁੱਖ ਭ੍ਰਮਿ = ਭਰਮ ਵਿਚ ਪਿਆ ਹੋਇਆ ਸੰਸਾਰ ਅੰਦਰ ਆਵੈ ਜਾਈ = ਆਉਂਦਾ ਜਾਂਦਾ, ਜੰਮਦਾ ਮਰਦਾ ਹੀ ਰਹਿੰਦਾ ਹੈ॥੩॥

## ਜਿਸੁ ਨਾਮੁ ਰਿਦੈ; ਸੋ ਵੇਪਰਵਾਹਾ ॥
## ਜਿਸੁ ਨਾਮੁ ਰਿਦੈ; ਤਿਸੁ ਸਦ ਹੀ ਲਾਹਾ ॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਸੋ = ਉਹ ਮਨੁੱਖ ਵੇਪਰਵਾਹਾ = ਬੇ-ਮੁਥਾਜ ਹੋ ਜਾਂਦਾ ਹੈ।

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸ ਮਨੁੱਖ ਨੂੰ ਸਦ = ਹਮੇਸ਼ਾਂ ਲਾਹਾ = ਲਾਭ ਹੀ ਲਾਭ ਹੈ **ਵਾ:** ਉਸ ਮਨੁੱਖ ਨੂੰ ਹੀ ਸਦਾ ਜੀਵਨ ਮੁਕਤੀ ਦਾ ਲਾਹਾ ਪ੍ਰਾਪਤ ਹੁੰਦਾ ਹੈ।

## ਜਿਸੁ ਨਾਮੁ ਰਿਦੈ; ਤਿਸੁ ਵਡ ਪਰਵਾਰਾ ॥
## ਨਾਮ ਬਿਨਾ; ਮਨਮੁਖ ਗਾਵਾਰਾ ॥੪॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸ ਦਾ ਸ਼ੁਭ ਗੁਣਾਂ ਰੂਪੀ ਵਡ = ਵੱਡਾ ਪਰਵਾਰਾ = ਪਰਿਵਾਰ ਹੁੰਦਾ ਹੈ।

ਪਰ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਮਨੁੱਖ ਮਨਮੁਖ = ਮਨ ਦੇ ਮਗਰ ਚੱਲਣ ਵਾਲਾ ਅਤੇ ਗਵਾਰਾ = ਬੇ-ਸਮਝ ਹੀ ਰਹਿੰਦਾ ਹੈ॥੪॥

## ਜਿਸੁ ਨਾਮੁ ਰਿਦੈ; ਤਿਸੁ ਨਿਹਚਲ ਆਸਨੁ ॥
## ਜਿਸੁ ਨਾਮੁ ਰਿਦੈ; ਤਿਸੁ ਤਖਤਿ ਨਿਵਾਸਨੁ ॥

ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸ ਦਾ ਨਿਹਚਲ = ਅਚੱਲ ਸਰੂਪ ਵਿਚ ਆਸਨ ਹੈ ਭਾਵ ਉਹ ਬ੍ਰਹਮ ਵਿਚ ਇਸਥਿਤੀ ਪਾਉਣਾ ਕਰਦਾ ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸ ਦਾ ਸਰੂਪ ਰੂਪੀ ਤਖਤਿ = ਸਿੰਘਾਸਨ ਉੱਪਰ ਨਿਵਾਸਨੁ = ਨਿਵਾਸ ਹੁੰਦਾ ਹੈ।

## ਜਿਸੁ ਨਾਮੁ ਰਿਦੈ; ਸੋ ਸਾਚਾ ਸਾਹੁ ॥
## ਨਾਮ ਹੀਣ; ਨਾਹੀ ਪਤਿ ਵੇਸਾਹੁ ॥੫॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਸੋ = ਉਹੋ ਹੀ ਸਾਚਾ = ਸੱਚਾ ਸਾਹੁ = ਸ਼ਾਹੂਕਾਰ ਹੈ, ਭਾਵ ਉਸ ਪਾਸ ਨਾਮ ਰੂਪੀ ਧਨ ਦਾ ਖ਼ਜ਼ਾਨਾ ਹੁੰਦਾ ਹੈ। ਪਰ ਜੋ ਮਨੁੱਖ ਪਰਮਾਤਮਾ ਦੇ ਨਾਮ ਤੋਂ ਹੀਣ = ਰਹਿਤ ਹੈ, ਉਸਦੀ ਨਾ ਹੀ ਲੋਕ-ਪ੍ਰਲੋਕ ਵਿਚ ਪਤਿ = ਇੱਜ਼ਤ ਹੁੰਦੀ ਹੈ ਅਤੇ ਨਾ ਹੀ ਉਸ ਦਾ ਕੋਈ ਵੇਸਾਹੁ = ਭਰੋਸਾ, ਇਤਬਾਰ ਕਰਦਾ ਹੈ॥੫॥

## ਜਿਸੁ ਨਾਮੁ ਰਿਦੈ; ਸੋ ਸਭ ਮਹਿ ਜਾਤਾ ॥
## ਜਿਸੁ ਨਾਮੁ ਰਿਦੈ; ਸੋ ਪੁਰਖੁ ਬਿਧਾਤਾ ॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਸੋ = ਉਹ ਸਭ = ਸਾਰੇ ਲੋਕਾਂ ਮਹਿ = ਵਿਚ ਜਾਤਾ = ਜਾਣਿਆ ਜਾਂਦਾ ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਸੋ = ਉਹ ਮਨੁੱਖ ਪੁਰਖੁ = ਪੂਰਨ ਬਿਧਾਤਾ = ਫਲ ਪ੍ਰਦਾਤੇ ਵਿਆਪਕ ਪ੍ਰਭੂ ਦਾ ਹੀ ਸਰੂਪ ਹੋ ਜਾਂਦਾ ਹੈ।

## ਜਿਸੁ ਨਾਮੁ ਰਿਦੈ; ਸੋ ਸਭ ਤੇ ਊਚਾ ॥ ਨਾਮ ਬਿਨਾ; ਭ੍ਰਮਿ ਜੋਨੀ ਮੂਚਾ ॥੬॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਸੋ = ਉਹ ਮਨੁੱਖ ਸਭ = ਸਾਰੇ ਦੇਵੀ ਦੇਵਤਿਆਂ ਤੇ = ਤੋਂ ਵੀ ਊਚਾ = ਉੱਚਾ, ਸ੍ਰੇਸ਼ਟ ਹੈ। ਜੈਸਾ ਕਿ :

**ਓਹੁ ਸਭ ਤੇ ਊਚਾ ਸਭ ਤੇ ਸੂਚਾ ਜਾ ਕੈ ਹਿਰਦੈ ਵਸਿਆ ਭਗਵਾਨੁ ॥** *(ਗੋਂਡ ਮ: ੪, ਅੰਗ ੮੬੧)*

ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਮਨੁੱਖ ਮੂਚਾ = ਬਹੁਤ ਜੋਨੀ = ਜੂਨਾਂ ਵਿਚ ਹੀ ਭ੍ਰਮਿ = ਭਰਮਦਾ ਰਹਿੰਦਾ ਹੈ **ਵਾ:** ਭਰਮ ਕਰਕੇ ਬੇਅੰਤ ਜੂਨਾਂ ਵਿਚ ਪੈ ਕੇ ਮੂਚਾ = ਕੱਟਿਆ, ਮਾਰਿਆ ਜਾਂਦਾ ਹੈ॥੬॥

## ਜਿਸੁ ਨਾਮੁ ਰਿਦੈ; ਤਿਸੁ ਪ੍ਰਗਟਿ ਪਹਾਰਾ ॥
## ਜਿਸੁ ਨਾਮੁ ਰਿਦੈ; ਤਿਸੁ ਮਿਟਿਆ ਅੰਧਾਰਾ ॥

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸਦਾ ਜਸ ਪਹਾਰਾ = ਸੰਸਾਰ ਦੇ ਪਸਾਰੇ ਵਿਚ ਪ੍ਰਗਟਿ = ਪ੍ਰਤੱਖ ਹੋ ਜਾਂਦਾ ਹੈ, ਭਾਵ ਲੁਕਿਆ ਛਿਪਿਆ ਨਹੀਂ ਰਹਿੰਦਾ।

ਜਿਸ ਮਨੁੱਖ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਤਿਸੁ = ਉਸਦਾ ਅਗਿਆਨ ਦਾ ਅੰਧਾਰਾ = ਹਨੇਰਾ ਮਿਟਿਆ = ਮਿਟ ਗਿਆ ਹੈ।

## ਜਿਸੁ ਨਾਮੁ ਰਿਦੈ; ਸੋ ਪੁਰਖੁ ਪਰਵਾਣੁ ॥
## ਨਾਮ ਬਿਨਾ; ਫਿਰਿ ਆਵਣ ਜਾਣੁ ॥੭॥

ਜਿਸ ਦੇ ਰਿਦੈ = ਹਿਰਦੇ ਵਿਚ ਪਰਮਾਤਮਾ ਦਾ ਨਾਮ ਹੈ, ਸੋ = ਉਹ ਪੁਰਖੁ = ਮਨੁੱਖ ਪਰਮਾਤਮਾ ਦੇ ਦਰ ਉੱਪਰ ਪਰਵਾਣੁ = ਪਰਵਾਨਿਕ ਹੈ।

ਪਰ ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਫਿਰਿ = ਮੁੜ-ਮੁੜ ਸੰਸਾਰ ਵਿਚ ਆਵਣ ਜਾਣੁ = ਆਉਣਾ ਜਾਣਾ, ਜੰਮਣ ਮਰਣਾ ਹੀ ਬਣਿਆ ਰਹਿੰਦਾ ਹੈ ॥੭॥

## ਤਿਨਿ ਨਾਮੁ ਪਾਇਆ; ਜਿਸੁ ਭਇਓ ਕ੍ਰਿਪਾਲ ॥
## ਸਾਧਸੰਗਤਿ ਮਹਿ; ਲਖੇ ਗੁੋਪਾਲ ॥

ਹੇ ਭਾਈ ! ਪਰ ਤਿਨਿ = ਉਸ ਮਨੁੱਖ ਨੇ ਹੀ ਪਰਮਾਤਮਾ ਦਾ ਨਾਮ ਪਾਇਆ = ਪਾਉਣਾ ਕੀਤਾ ਹੈ, ਜਿਸ ਉੱਪਰ ਪ੍ਰਭੂ ਆਪ ਕ੍ਰਿਪਾਲ = ਮਿਹਰਵਾਨ ਭਇਓ = ਹੋਇਆ ਹੈ। ਉਹ ਮਨੁੱਖ ਸਾਧਸੰਗਤਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਮਹਿ = ਵਿਚ ਮਿਲ ਕੇ ਗੁੋਪਾਲ = ਪਰਮਾਤਮਾ ਨੂੰ ਲਖੇ = ਜਾਣ ਲੈਂਦਾ ਹੈ।

## ਆਵਣ ਜਾਣ ਰਹੇ; ਸੁਖੁ ਪਾਇਆ ॥
## ਕਹੁ ਨਾਨਕ; ਤਤੈ ਤਤੁ ਮਿਲਾਇਆ ॥੮॥੧॥੪॥

ਉਹ ਸੰਸਾਰ ਵਿਚ ਆਵਣ ਜਾਣ = ਆਉਣ ਜਾਣ ਭਾਵ ਜੰਮਣ ਮਰਣ ਵੱਲੋਂ ਰਹੇ = ਰਹਿਤ ਹੋ ਗਿਆ ਹੈ ਅਤੇ ਉਸ ਨੇ ਆਤਮਿਕ ਸੁੱਖ ਪਾਇਆ = ਪਾਉਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਪਰਮਾਤਮਾ ਦੇ ਨਾਮ ਨੇ ਤਤੁ = ਜੀਵਾਤਮਾ ਨੂੰ ਤਤੈ = ਸਾਰ ਰੂਪ ਪ੍ਰਭੂ ਵਿਚ ਮਿਲਾਇਆ = ਮੇਲ ਦਿੱਤਾ ਹੈ ॥੮॥੧॥੪॥

## ਭੈਰਉ ਮਹਲਾ ੫ ॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਪਰਮਾਤਮਾ ਕੈਸਾ ਹੈ ?*

***ਗੁਰ-ਉੱਤਰ :***

***ਨੋਟ :*** ਰਹਾਉ ਵਾਲੀਆਂ ਤੁਕਾਂ ਤੋਂ ਅਰਥ ਆਰੰਭ ਕਰਨਾ।

**ਐਸੋ ਧਣੀ; ਗੁਵਿੰਦੁ ਹਮਾਰਾ ॥ ਬਰਨਿ ਨ ਸਾਕਉ; ਗੁਣ ਬਿਸਥਾਰਾ ॥੧॥ਰਹਾਉ॥**

ਹੇ ਭਾਈ ! ਹਮਾਰਾ = ਸਾਡਾ ਗੁਵਿੰਦੁ = ਪਰਮਾਤਮਾ ਐਸੋ = ਅਜਿਹਾ ਧਣੀ = ਮਾਲਕ ਹੈ, ਜਿਸ ਦੇ ਗੁਣਾਂ ਦਾ ਬਿਸਥਾਰਾ = ਵਿਸਥਾਰ ਅਸੀਂ ਸ਼ਕਤੀ ਬਿਰਤੀ ਕਰਕੇ ਬਰਨਿ = ਵਰਣਨ ਨਹੀਂ ਕਰ ਸਾਕਉ = ਸਕਦੇ ॥੧॥ਰਹਾਉ॥

## ਕੋਟਿ ਬਿਸਨ; ਕੀਨੇ ਅਵਤਾਰ ॥ ਕੋਟਿ ਬ੍ਰਹਮੰਡ; ਜਾ ਕੇ ਧ੍ਰਮਸਾਲ ॥

ਉਹ ਪ੍ਰਭੂ ਐਸਾ ਹੈ ਜਿਸ ਨੇ ਕੋਟਿ = ਕ੍ਰੋੜਾਂ ਹੀ ਬਿਸਨ = ਵਿਸ਼ਨੂੰ ਦੇ ਅਵਤਾਰ ਪੈਦਾ ਕੀਨੇ = ਕੀਤੇ ਹਨ।

ਕੋਟਿ = ਕ੍ਰੋੜਾਂ ਹੀ ਬ੍ਰਹਮੰਡ ਜਾ = ਜਿਸ ਪ੍ਰਭੂ ਕੇ = ਦੇ ਧ੍ਰਮਸਾਲ = ਧਰਮ ਦੇ ਅਸਥਾਨ ਬਣਾਏ ਹੋਏ ਹਨ।

## ਕੋਟਿ ਮਹੇਸ; ਉਪਾਇ ਸਮਾਏ ॥ ਕੋਟਿ ਬ੍ਰਹਮੇ; ਜਗੁ ਸਾਜਣ ਲਾਏ ॥੧॥

ਕੋਟਿ = ਕ੍ਰੋੜਾਂ ਹੀ ਮਹੇਸ਼ = ਸ਼ਿਵਜੀ ਉਪਾਇ = ਪੈਦਾ ਕਰਕੇ ਸਮਾਇ = ਨਾਸ਼ ਕੀਤੇ ਹਨ **ਵਾ:** ਉਪਾਇ = ਪੈਦਾ ਕੀਤੇ ਸੰਸਾਰ ਨੂੰ ਸਮਾਏ = ਨਾਸ਼ ਕਰਨ ਵਾਸਤੇ ਕ੍ਰੋੜਾਂ ਹੀ ਸ਼ਿਵਜੀ ਰਚੇ ਹਨ।

ਕੋਟਿ = ਕ੍ਰੋੜਾਂ ਹੀ ਬ੍ਰਹਮੇ ਜਗ = ਸੰਸਾਰ ਨੂੰ ਸਾਜਣ = ਰਚਨ, ਬਣਾਉਣ ਵਾਸਤੇ ਲਾਏ ਹੋਏ ਹਨ ॥੧॥

## ਐਸੋ ਧਣੀ; ਗੁਵਿੰਦੁ ਹਮਾਰਾ ॥
## ਬਰਨਿ ਨ ਸਾਕਉ; ਗੁਣ ਬਿਸਥਾਰਾ ॥੧॥ਰਹਾਉ॥

ਹੇ ਭਾਈ ! ਹਮਾਰਾ = ਸਾਡਾ ਗੋਵਿੰਦੁ = ਪ੍ਰਿਥਵੀ ਦਾ ਰੱਖਿਅਕ ਪ੍ਰਭੂ ਐਸੋ = ਅਜਿਹਾ ਧਣੀ = ਮਾਲਕ ਹੈ। ਜਿਸ ਦੇ ਗੁਣਾਂ ਦਾ ਬਿਸਥਾਰਾ = ਵਿਸਥਾਰ ਅਸੀਂ ਵਰਣਨ ਨਹੀਂ ਕਰ ਸਕਦੇ ॥੧॥ਰਹਾਉ॥

## ਕੋਟਿ ਮਾਇਆ; ਜਾਕੈ ਸੇਵਕਾਇ ॥ ਕੋਟਿ ਜੀਅ; ਜਾ ਕੀ ਸਿਹਜਾਇ ॥

ਕੋਟਿ = ਕ੍ਰੋੜਾਂ ਹੀ ਮਾਇਆ = ਲਛਮੀਆਂ ਜਾ = ਜਿਸ ਪ੍ਰਭੂ ਕੈ = ਦੇ ਪਾਸ ਸੇਵਕਾਇ = ਸੇਵਾ ਕਰਨ ਵਾਲੀਆਂ ਦਾਸੀਆਂ ਰੱਖੀਆਂ ਹੋਈਆਂ ਹਨ।

ਕੋਟਿ = ਕ੍ਰੋੜਾਂ ਹੀ ਜੀਵਾਂ ਦੇ ਜੀਅ = ਹਿਰਦੇ, ਜਾ = ਜਿਸ ਪ੍ਰਭੂ ਕੀ = ਦੀ ਸਿਹਜਾਇ = ਸੇਜਾ ਹੈ **ਵਾ:** ਕ੍ਰੋੜਾਂ ਹੀ ਸ਼ੇਸ਼ਨਾਗ ਵਰਗੇ ਜੀਵ ਜਿਸ ਪ੍ਰਭੂ ਦੀ ਸੇਜਾ ਬਣੇ ਹੋਏ ਹਨ।

## ਕੋਟਿ ਉਪਾਰਜਨਾ; ਤੇਰੈ ਅੰਗਿ ॥ ਕੋਟਿ ਭਗਤ; ਬਸਤ ਹਰਿ ਸੰਗਿ ॥੨॥

ਕੋਟਿ = ਕ੍ਰੋੜਾਂ ਹੀ ਉਪਾਰਜਨਾ = ਪੈਦਾ ਕੀਤੇ ਜੀਵ ਤੇਰੇ ਅੰਗਿ = ਪਿਆਰੇ ਹਨ।

ਕੋਟਿ = ਕ੍ਰੋੜਾਂ ਹੀ ਭਗਤ = ਸੇਵਕ, ਹਰਿ = ਪਰਮਾਤਮਾ ਦੇ ਸੰਗਿ = ਨਾਲ ਬਸਤ = ਵੱਸਦੇ ਹਨ ॥੨॥

## ਕੋਟਿ ਛਤ੍ਰਪਤਿ; ਕਰਤ ਨਮਸਕਾਰ ॥ ਕੋਟਿ ਇੰਦ੍ਰ; ਠਾਢੇ ਹੈ ਦੁਆਰ ॥

ਕੋਟਿ = ਕ੍ਰੋੜਾਂ ਹੀ ਛਤ੍ਰਪਤਿ = ਛਤ੍ਰਧਾਰੀ (ਚੱਕ੍ਰਵਰਤੀ ਰਾਜੇ) ਉਸ ਪ੍ਰਭੂ ਨੂੰ ਨਮਸਕਾਰ = ਬੰਦਨਾ ਕਰਤ = ਕਰਦੇ ਹਨ।

ਕੋਟਿ = ਕ੍ਰੋੜਾਂ ਹੀ ਇੰਦ੍ਰ ਵਰਗੇ ਸਵਰਗਾਂ ਦੇ ਰਾਜੇ ਉਸ ਦੇ ਦੁਆਰ = ਦਰਵਾਜ਼ੇ 'ਤੇ ਠਾਢੇ = ਖੜੇ ਹਨ।

## ਕੋਟਿ ਬੈਕੁੰਠ; ਜਾ ਕੀ ਦ੍ਰਿਸਟੀ ਮਾਹਿ ॥ ਕੋਟਿ ਨਾਮ; ਜਾ ਕੀ ਕੀਮਤਿ ਨਾਹਿ ॥੩॥

ਕੋਟਿ = ਕ੍ਰੋੜਾਂ ਹੀ ਬੈਕੁੰਠ = ਸੁਰਗ, ਜਾ = ਜਿਸ ਪ੍ਰਭੂ ਕੀ = ਦੀ ਦ੍ਰਿਸਟੀ = ਨਜ਼ਰ, ਧਿਆਨ ਮਾਹਿ = ਵਿਚ ਹਨ।

ਉਸ ਪ੍ਰਭੂ ਦੇ ਕੋਟਿ = ਕ੍ਰੋੜਾਂ ਹੀ ਨਾਮ ਹਨ, ਜਾ = ਜਿਨ੍ਹਾਂ ਨਾਮਾਂ ਕੀ = ਦੀ ਕੋਈ ਵੀ ਕੀਮਤ ਨਾਹਿ = ਨਹੀਂ ਪਾ ਸਕਦਾ ॥੩॥

## ਕੋਟਿ ਪੂਰੀਅਤ ਹੈ; ਜਾਕੈ ਨਾਦ ॥ ਕੋਟਿ ਅਖਾਰੇ; ਚਲਿਤ ਬਿਸਮਾਦ ॥

ਜਾ = ਜਿਸ ਕੈ = ਦੇ ਦੁਆਰੇ ਤੇ ਕੋਟਿ = ਕ੍ਰੋੜਾਂ ਹੀ ਨਾਦ = ਵਾਜੇ ਪੂਰੀਅਤ = ਪੂਰੇ ਜਾਂਦੇ ਹਨ। ਜਿਸ ਪ੍ਰਭੂ ਦੇ ਕੋਟਿ = ਕ੍ਰੋੜਾਂ ਹੀ ਅਖਾਰੇ = ਸਮਾਗਮ ਚੱਲਦੇ ਹਨ ਭਾਵ ਕ੍ਰੋੜਾਂ ਹੀ ਸਭਾਵਾਂ ਲੱਗੀਆਂ ਹੋਈਆਂ ਹਨ **ਵਾ:** ਕ੍ਰੋੜਾਂ ਹੀ ਹਿਰਦੇ ਰੂਪੀ ਅਖਾਰੇ = ਕੁਸ਼ਤੀ ਦੇ ਅਸਥਾਨ ਉੱਪਰ ਬਿਬੇਕ ਅਤੇ ਮੋਹ ਦਾ ਯੁੱਧ ਹੋ ਰਿਹਾ ਹੈ ਅਤੇ ਕ੍ਰੋੜਾਂ ਹੀ ਉਸ ਪ੍ਰਭੂ ਦੇ ਬਿਸਮਾਦ = ਅਸਚਰਜ ਚਲਿਤ = ਕੌਤਕ ਹੋ ਰਹੇ ਹਨ।

## ਕੋਟਿ ਸਕਤਿ ਸਿਵ; ਆਗਿਆਕਾਰ ॥ ਕੋਟਿ ਜੀਅ; ਦੇਵੈ ਆਧਾਰ ॥੪॥

ਕੋਟਿ = ਕ੍ਰੋੜਾਂ ਹੀ ਸਕਤਿ = ਸ਼ਕਤੀਆਂ, ਪਾਰਬਤੀਆਂ ਅਤੇ ਸਿਵ = ਸ਼ਿਵਜੀ ਆਦਿਕ **ਵਾ:** ਸਕਤਿ = ਪ੍ਰਕਿਰਤੀ ਅਤੇ ਸਿਵ = ਪੁਰਖ ਸਾਰੇ ਉਸ ਦੀ ਆਗਿਆਕਾਰ = ਆਗਿਆ ਮੰਨਣ ਵਾਲੇ ਹਨ।

ਉਹ ਪ੍ਰਭੂ ਕੋਟਿ = ਕ੍ਰੋੜਾਂ ਹੀ ਜੀਅ = ਜੀਵਾਂ ਨੂੰ ਆਧਾਰ = ਆਸਰਾ ਦੇਵੈ = ਦੇਣਾ ਕਰਦਾ ਹੈ ॥੪॥

## ਕੋਟਿ ਤੀਰਥ; ਜਾ ਕੇ ਚਰਨ ਮਝਾਰ ॥ ਕੋਟਿ ਪਵਿਤ੍ਰ; ਜਪਤ ਨਾਮ ਚਾਰ ॥

ਕੋਟਿ = ਕ੍ਰੋੜਾਂ ਹੀ ਤੀਰਥ ਜਾ = ਜਿਸ ਪ੍ਰਭੂ ਕੇ = ਦੇ ਚਰਨਾਂ ਦੇ ਮਝਾਰ = ਵਿਚ ਹੀ ਹਨ।

ਉਸ ਪ੍ਰਭੂ ਦਾ ਚਾਰ = ਸੁੰਦਰ ਨਾਮ ਜਪਤ = ਜਪਦਿਆਂ ਹੋਇਆਂ ਕੋਟਿ = ਕ੍ਰੋੜਾਂ ਹੀ ਜੀਵ ਪਵਿਤ੍ਰ = ਸ਼ੁੱਧ, ਨਿਰਮਲ ਜੀਵਨ ਵਾਲੇ ਹੋਏ ਹਨ।

## ਕੋਟਿ ਪੂਜਾਰੀ; ਕਰਤੇ ਪੂਜਾ ॥ ਕੋਟਿ ਬਿਸਥਾਰਨੁ; ਅਵਰੁ ਨ ਦੂਜਾ ॥੫॥

ਕੋਟਿ = ਕ੍ਰੋੜਾਂ ਹੀ ਪੂਜਾਰੀ = ਪੂਜਾ ਕਰਨ ਵਾਲੇ ਲੋਕ ਉਸ ਪ੍ਰਭੂ ਦੀ ਪੂਜਾ ਕਰਤੇ = ਕਰਦੇ ਹਨ।

ਕੋਟਿ = ਕ੍ਰੋੜਾਂ ਗੁਣਾਂ ਹੀ ਉਸ ਪ੍ਰਭੂ ਦਾ ਬਿਸਥਾਰਨੁ = ਵਿਸਥਾਰ ਹੈ, ਉਸ ਵਰਗਾ ਅਵਰੁ = ਹੋਰ ਕੋਈ ਦੂਜਾ = ਦੂਸਰਾ ਨਹੀਂ ਹੈ ॥੫॥

## ਕੋਟਿ ਮਹਿਮਾ; ਜਾ ਕੀ ਨਿਰਮਲ ਹੰਸ ॥
## ਕੋਟਿ ਉਸਤਤਿ; ਜਾ ਕੀ ਕਰਤ ਬ੍ਰਹਮੰਸ ॥

ਕੋਟਿ = ਕ੍ਰੋੜਾਂ ਹੀ ਹੰਸ = ਹੰਸਾ ਅਵਤਾਰ, ਜੀਵ **ਵਾ:** ਹੰਸ ਦੀ ਅਸਵਾਰੀ ਕਰਨ ਵਾਲੇ ਬ੍ਰਹਮਾਦਿਕ ਜਾ = ਜਿਸ ਪ੍ਰਭੂ ਕੀ = ਦੀ ਨਿਰਮਲ = ਉੱਜਲ ਮਹਿਮਾ = ਸ਼ੋਭਾ ਕਰਦੇ ਹਨ।

ਕੋਟਿ = ਕ੍ਰੋੜਾਂ ਹੀ ਬ੍ਰਹਮੰਸ = ਬ੍ਰਹਮਾ ਦੀ ਅੰਸ (ਸਨਕ, ਸਨੰਦਨ, ਸਨਾਤਨ, ਸਨਤਕੁਮਾਰ, ਨਾਰਦ ਮੁਨੀ, ਬਾਲ ਖਿਲ ਆਦਿ) **ਵਾ:** ਬ੍ਰਹਮੰਸ = ਬ੍ਰਹਮ ਰਿਖੀ ਜਾ = ਜਿਸ ਪ੍ਰਭੂ ਕੀ = ਦੀ ਉਸਤਤਿ = ਵਡਿਆਈ ਕਰਤ = ਕਰਦੇ ਹਨ।

## ਕੋਟਿ ਪਰਲਉ ਓਪਤਿ; ਨਿਮਖ ਮਾਹਿ ॥ ਕੋਟਿ ਗੁਣਾ ਤੇਰੇ; ਗਣੇ ਨ ਜਾਹਿ ॥੬॥

ਹੇ ਪ੍ਰਭੂ! ਤੂੰ ਇਕ ਨਿਮਖ = ਅੱਖ ਦੇ ਝਮਕਣ ਜਿਤਨੇ ਸਮੇਂ ਮਾਹਿ = ਵਿਚ ਕੋਟਿ = ਕ੍ਰੋੜਾਂ ਹੀ ਪਰਲਉ = ਪਰਲੋਂ ਅਤੇ ਓਪਤਿ = ਉਤਪਤੀਆਂ ਕਰ ਦੇਂਦਾ ਹੈ।

ਹੇ ਪ੍ਰਭੂ! ਤੇਰੇ ਵਿਚ ਕੋਟਿ = ਕ੍ਰੋੜਾਂ ਹੀ ਗੁਣਾ = ਗੁਣ ਹਨ, ਜੋ ਕਿਸੇ ਕੋਲੋਂ ਵੀ ਗਣੇ = ਗਿਣੇ ਨਹੀਂ ਜਾਹਿ = ਜਾ ਸਕਦੇ ॥੬॥

## ਕੋਟਿ ਗਿਆਨੀ; ਕਥਹਿ ਗਿਆਨੁ ॥ ਕੋਟਿ ਧਿਆਨੀ; ਧਰਤ ਧਿਆਨੁ ॥

ਕੋਟਿ = ਕ੍ਰੋੜਾਂ ਹੀ ਗਿਆਨੀ = ਗਿਆਨਵਾਨ ਪੁਰਖ ਤੇਰੇ ਨਿਰਗੁਨ ਸਰੂਪ ਦੇ ਗਿਆਨ ਦਾ ਕਥਹਿ = ਕਥਨ ਕਰਦੇ ਹਨ।

ਕੋਟਿ = ਕ੍ਰੋੜਾਂ ਹੀ ਧਿਆਨੀ = ਧਿਆਨ ਲਾਉਣ ਵਾਲੇ ਤੇਰੇ ਸਰਗੁਨ ਸਰੂਪ ਦਾ ਧਿਆਨ ਧਰਤ = ਧਰਦੇ ਹਨ।

[ਅੰਗ ੧੧੫੭]

## ਕੋਟਿ ਤਪੀਸਰ; ਤਪ ਹੀ ਕਰਤੇ ॥ ਕੋਟਿ ਮੁਨੀਸਰ; ਮੋੁਨਿ ਮਹਿ ਰਹਤੇ ॥੭॥

ਕੋਟਿ = ਕ੍ਰੋੜਾਂ ਹੀ ਤਪੀਸਰ = ਤਪ ਕਰਨ ਵਾਲੇ ਤੇਰੀ ਪ੍ਰਾਪਤੀ ਲਈ ਤਪ ਹੀ ਕਰਤੇ = ਕਰਦੇ ਹਨ।

ਕੋਟਿ = ਕ੍ਰੋੜਾਂ ਹੀ ਮੁਨੀਸਰ = ਮੁਨੀ ਜਨ ਮੋੁਨਿ = ਚੁੱਪ ਮਹਿ = ਵਿਚ ਰਹਤੇ = ਰਹਿੰਦੇ ਹਨ॥੭॥

## ਅਵਿਗਤ ਨਾਥੁ; ਅਗੋਚਰ ਸੁਆਮੀ ॥ ਪੂਰਿ ਰਹਿਆ; ਘਟ ਅੰਤਰਜਾਮੀ ॥

ਹੇ ਅਗੋਚਰ = ਇੰਦ੍ਰੀਆਂ ਦੇ ਅਵਿਸ਼ੇ ਸੁਆਮੀ = ਮਾਲਕ ਪ੍ਰਭੂ! ਤੂੰ ਅਵਿਗਤ = ਵਿਅਕਤੀਗਤ ਤੋਂ ਰਹਿਤ, ਅਵਿਨਾਸ਼ੀ ਅਤੇ ਸਭ ਦਾ ਨਾਥੁ = ਖ਼ਸਮ, ਮਾਲਕ ਹੈਂ।

ਹੇ ਹਰੇਕ ਦੇ ਘਟ = ਹਿਰਦੇ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਪ੍ਰਭੂ! ਤੂੰ ਸਭ ਥਾਈਂ ਹੀ ਪੂਰਿ = ਪੂਰਨ, ਵਿਆਪਕ ਹੋ ਰਹਿਆ = ਰਿਹਾ ਹੈਂ।

## ਜਤ ਕਤ ਦੇਖਉ; ਤੇਰਾ ਵਾਸਾ ॥
## ਨਾਨਕ ਕਉ; ਗੁਰਿ ਕੀਓ ਪ੍ਰਗਾਸਾ ॥੮॥੨॥੫॥

ਹੇ ਪ੍ਰਭੂ! ਮੈਂ ਜਤ ਕਤ = ਜਿਥੇ ਕਿਥੇ ਵੀ ਦੇਖਉ = ਦੇਖਦਾ ਹਾਂ, ਉਥੇ ਤੇਰਾ ਹੀ ਵਾਸਾ = ਨਿਵਾਸ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਜਨ ਕਉ = ਨੂੰ ਗੁਰਿ = ਗੁਰਾਂ ਨੇ ਹੀ ਇਹ ਗਿਆਨ ਦਾ ਪ੍ਰਗਾਸਾ = ਚਾਨਣਾ ਕੀਆ = ਕੀਤਾ ਹੈ॥੮॥੨॥੫॥

## ਭੈਰਉ ਮਹਲਾ ੫ ॥

## ਸਤਿਗੁਰਿ ਮੋਕਉ; ਕੀਨੋ ਦਾਨੁ ॥ ਅਮੋਲ ਰਤਨੁ; ਹਰਿ ਦੀਨੋ ਨਾਮੁ ॥

ਹੇ ਭਾਈ! ਸਤਿਗੁਰਾਂ ਨੇ ਮੋਕਉ = ਮੇਰੇ ਤਾਈਂ ਇਹ ਦਾਨੁ = ਦਾਤ, ਬਖ਼ਸ਼ਿਸ਼ ਕੀਨੋ = ਕੀਤੀ ਹੈ।

***ਪ੍ਰਸ਼ਨ*** *: ਕਿਹੜੀ ਦਾਤ ਦਿੱਤੀ ਹੈ?*

***ਉੱਤਰ*** *:* ਰਤਨੁ = ਮਾਣਿਕ ਦੀ ਨਿਆਈਂ ਅਮੋਲ = ਅਮੋਲਕ ਹਰਿ = ਪਰਮਾਤਮਾ ਦਾ ਨਾਮ ਦੀਨੋ = ਦੇਣਾ ਕੀਤਾ ਹੈ **ਵਾ:** ਅਮੋਲਕ ਨਾਮ ਰੂਪੀ ਰਤਨ ਦੇ ਕੇ ਬ੍ਰਹਮ ਗਿਆਨ ਦੇਣਾ ਕੀਤਾ ਹੈ।

## ਸਹਜ ਬਿਨੋਦ; ਚੋਜ ਆਨੰਤਾ ॥ ਨਾਨਕ ਕਉ; ਪ੍ਰਭੁ ਮਿਲਿਓ ਅਚਿੰਤਾ ॥੧॥

ਜਿਸ ਪ੍ਰਭੂ ਦੇ ਸਹਜ = ਸੁਭਾਵਿਕ ਹੀ ਸੰਸਾਰ ਦੀ ਉਤਪਤੀ ਪਰਲੋਂ ਰੂਪ ਬਿਨੋਦ = ਤਮਾਸ਼ੇ ਹਨ ਅਤੇ ਆਨੰਤਾ = ਬੇਅੰਤ ਹੀ ਚੋਜ = ਕੌਤਕ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰੇ ਕਉ = ਤਾਈਂ ਉਹ ਅਚਿੰਤਾ = ਚਿੰਤਾਵਾਂ ਤੋਂ ਰਹਿਤ ਕਰਨ ਵਾਲਾ ਪ੍ਰਭੁ = ਪਰਮਾਤਮਾ ਮਿਲਿਓ = ਮਿਲਿਆ ਹੈ॥੧॥

## ਕਹੁ ਨਾਨਕ; ਕੀਰਤਿ ਹਰਿ ਸਾਚੀ ॥
## ਬਹੁਰਿ ਬਹੁਰਿ; ਤਿਸੁ ਸੰਗਿ ਮਨੁ ਰਾਚੀ ॥੧॥ਰਹਾਉ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ = ਪ੍ਰਭੂ ਦੀ ਕੀਰਤਿ = ਵਡਿਆਈ, ਕੀਰਤਨ ਭਗਤੀ ਸਾਚੀ = ਸੱਚੀ ਹੈ।

ਬਹੁਰਿ ਬਹੁਰਿ = ਮੁੜ ਮੁੜ ਮੇਰਾ ਮਨ ਤਿਸੁ = ਉਸ ਹਰੀ ਦੀ ਕੀਰਤਨ ਭਗਤੀ ਦੇ ਸੰਗਿ = ਨਾਲ ਰਾਚੀ = ਰਚ ਰਿਹਾ ਹੈ **ਵਾ:** ਮਨ ਦੀ ਬਿਰਤੀ ਉਸਦੀ ਮਹਿਮਾ ਨਾਲ ਰਚੀ ਹੋਈ ਹੈ॥੧॥ਰਹਾਉ॥

## ਅਚਿੰਤ ਹਮਾਰੈ; ਭੋਜਨ ਭਾਉ ॥ ਅਚਿੰਤ ਹਮਾਰੈ; ਲੀਚੈ ਨਾਉ ॥

ਹਮਾਰੈ = ਸਾਡੇ ਪਾਸ ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਵਾਲਾ ਭਾਉ = ਪ੍ਰੇਮ ਰੂਪੀ ਭੋਜਨ ਹੈ **ਵਾ:** (ਭੋ + ਜਨ) ਭੋ = ਹੇ ਜਨ = ਜਨੋਂ ਸੇਵਕੋ ! ਜੋ ਸਾਨੂੰ ਅਚਿੰਤ ਸਰੂਪ ਦਾ ਭਾਉ = ਪ੍ਰਕਾਸ਼ ਹੋਇਆ ਹੈ, ਇਹੋ ਹੀ ਬ੍ਰਹਮਾਨੰਦ ਰੂਪੀ ਭੋਜਨ ਪ੍ਰਾਪਤ ਹੋਇਆ ਹੈ।

ਹਮਾਰੈ = ਸਾਡੇ ਪਾਸ ਅਚਿੰਤ = ਚਿੰਤਾਵਾਂ ਤੋਂ ਰਹਿਤ ਪਰਮਾਤਮਾ ਦਾ ਨਾਉ = ਨਾਮ ਲੀਚੈ = ਲਿਆ ਜਾਂਦਾ ਹੈ, ਭਾਵ ਅਸੀਂ ਪਰਮਾਤਮਾ ਦਾ ਨਾਮ ਹੀ ਜਪਦੇ ਹਾਂ **ਵਾ:** ਅਸੀਂ ਪਰਮਾਤਮਾ ਦਾ ਨਾਮ ਲੈਣ ਕਰਕੇ ਅਚਿੰਤ = ਚਿੰਤਾਵਾਂ ਤੋਂ ਰਹਿਤ ਹੋ ਗਏ ਹਾਂ।

## ਅਚਿੰਤ ਹਮਾਰੈ; ਸਬਦਿ ਉਧਾਰ ॥ ਅਚਿੰਤ ਹਮਾਰੈ; ਭਰੇ ਭੰਡਾਰ ॥੨॥

ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਵਾਲਾ ਪ੍ਰਭੂ ਹਮਾਰੈ = ਸਾਡੇ ਤਾਈਂ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਉਧਾਰ = ਤਾਰ ਰਿਹਾ ਹੈ।

ਹਮਾਰੈ = ਸਾਡੇ ਪਾਸ ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਵਾਲੇ ਪ੍ਰਭੂ ਦੇ ਨਾਮ, ਗੁਣਾਂ ਦੇ ਭੰਡਾਰ = ਖ਼ਜ਼ਾਨੇ ਭਰੇ ਹੋਏ ਹਨ॥੨॥

## ਅਚਿੰਤ ਹਮਾਰੈ; ਕਾਰਜ ਪੂਰੇ ॥ ਅਚਿੰਤ ਹਮਾਰੈ; ਲਥੇ ਵਿਸੂਰੇ ॥

ਹਮਾਰੈ = ਸਾਡੇ ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਵਿਵਹਾਰਕ ਤੇ ਪਰਮਾਰਥ ਦੇ ਸਾਰੇ ਕਾਰਜ = ਕੰਮ ਪੂਰੇ = ਸੰਪੂਰਨ ਹੋਏ ਹਨ।

ਹਮਾਰੈ = ਸਾਡੇ ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਸਾਰੇ ਵਿਸੂਰੇ = ਝੋਰੇ ਵੀ ਲਥੇ = ਲਹਿ ਗਏ **ਵਾ:** (ਵਿ + ਸੂਰੇ) ਵਿ = ਵਿਸ਼ੇਸ਼ ਕਰਕੇ ਅਗਿਆਨ ਆਦਿ ਸੂਰੇ = ਸੂਲ, ਦੁੱਖ ਆਦਿ ਵੀ ਲਹਿ ਗਏ ਹਨ।

## ਅਚਿੰਤ ਹਮਾਰੈ; ਬੈਰੀ ਮੀਤਾ ॥
## ਅਚਿੰਤੋ ਹੀ; ਇਹੁ ਮਨੁ ਵਸਿ ਕੀਤਾ ॥੩॥

ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹਮਾਰੈ = ਸਾਡੇ ਬੈਰੀ = ਦੁਸ਼ਮਨ ਵੀ ਮੀਤਾ = ਮਿੱਤਰ ਬਣ ਗਏ।

ਅਚਿੰਤੋ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹੀ ਅਸੀਂ ਆਪਣਾ ਇਹ ਮਨ ਆਪਣੇ ਵਸਿ = ਅਧੀਨ ਕੀਤਾ ਹੈ॥੩॥

## ਅਚਿੰਤ ਪ੍ਰਭੂ; ਹਮ ਕੀਆ ਦਿਲਾਸਾ ॥ ਅਚਿੰਤ ਹਮਾਰੀ; ਪੂਰਨ ਆਸਾ ॥

ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਵਾਲੇ ਪ੍ਰਭੂ = ਪਰਮਾਤਮਾ ਨੇ ਹਮ = ਸਾਨੂੰ ਦਿਲਾਸਾ = ਧੀਰਜ, ਹੌਸਲਾ ਦੇਣਾ ਕੀਆ = ਕੀਤਾ ਹੈ।

ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਵਾਲੇ ਪ੍ਰਭੂ ਨੇ ਹਮਾਰੀ = ਸਾਡੀ ਲੋਕ-ਪ੍ਰਲੋਕ ਦੀ ਸਾਰੀ ਆਸਾ = ਇੱਛਾ ਪੂਰਨ = ਪੂਰੀ ਕੀਤੀ ਹੈ।

## ਅਚਿੰਤ ਹਮ੍ਾ ਕਉ; ਸਗਲ ਸਿਧਾਂਤੁ ॥
## ਅਚਿੰਤੁ ਹਮ ਕਉ; ਗੁਰਿ ਦੀਨੋ ਮੰਤੁ ॥੪॥

ਹਮ੍ਾ = ਸਾਡੇ ਕਉ = ਤਾਈਂ ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਵਾਲੇ ਪ੍ਰਭੂ ਨੇ ਸਗਲ = ਸਾਰੇ ਬੇਦਾਂ ਸ਼ਾਸਤ੍ਰਾਂ ਦਾ ਸਿਧਾਂਤੁ = ਨਿਚੋੜ ਸਮਝਾਉਣਾ ਕੀਤਾ ਹੈ।

ਹਮ = ਸਾਡੇ ਕਉ = ਤਾਈਂ ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਲਈ ਗੁਰਾਂ ਨੇ ਸਾਨੂੰ ਨਾਮ ਰੂਪੀ ਮੰਤੁ = ਮੰਤ੍ਰ ਦੀਨੋ = ਦੇਣਾ ਕੀਤਾ ਹੈ ॥੪॥

## ਅਚਿੰਤ ਹਮਾਰੇ; ਬਿਨਸੇ ਬੈਰ ॥ ਅਚਿੰਤ ਹਮਾਰੇ; ਮਿਟੇ ਅੰਧੇਰ ॥

ਸਾਰੀਆਂ ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹਮਾਰੇ = ਸਾਡੇ ਬੈਰ = ਵੈਰ-ਵਿਰੋਧ ਬਿਨਸੇ = ਨਾਸ਼ ਹੋ ਗਏ ਹਨ।

ਅਚਿੰਤ = ਚਿਤਾਵਾਂ ਤੋਂ ਰਹਿਤ ਹੋਣ ਕਰਕੇ ਹਮਾਰੇ = ਸਾਡੇ ਅੰਦਰੋਂ ਅਗਿਆਨ, ਭਰਮ ਆਦਿ ਦੇ ਅੰਧੇਰ = ਹਨੇਰੇ ਵੀ ਮਿਟੇ = ਮਿਟ ਗਏ ਹਨ।

## ਅਚਿੰਤੋ ਹੀ; ਮਨਿ ਕੀਰਤਨੁ ਮੀਠਾ ॥
## ਅਚਿੰਤੋ ਹੀ; ਪ੍ਰਭੁ ਘਟਿ ਘਟਿ ਡੀਠਾ ॥੫॥

ਅਚਿੰਤੋ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹੀ ਸਾਡੇ ਮਨਿ = ਹਿਰਦੇ ਵਿਚ ਪ੍ਰਭੂ ਦਾ ਕੀਰਤਨੁ = ਜੱਸ ਮੀਠਾ = ਮਿੱਠਾ, ਪਿਆਰਾ ਲੱਗਾ ਹੈ।

ਅਚਿੰਤੋ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹੀ ਅਸੀਂ ਪ੍ਰਭੁ = ਪਰਮਾਤਮਾ ਨੂੰ ਸਾਰੇ ਘਟਿ ਘਟਿ = ਸਰੀਰਾਂ ਸਰੀਰਾਂ ਵਿਚ ਵਿਆਪਕ ਡੀਠਾ = ਦੇਖਣਾ ਕੀਤਾ ਹੈ ॥੫॥

## ਅਚਿੰਤ ਮਿਟਿਓ ਹੈ; ਸਗਲੋ ਭਰਮਾ ॥
## ਅਚਿੰਤ ਵਸਿਓ; ਮਨਿ ਸੁਖ ਬਿਸ੍ਰਾਮਾ ॥

ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਸਾਡੇ ਅੰਦਰੋਂ ਸਗਲੋ = ਸਾਰਾ ਭਰਮ ਹੀ ਮਿਟਿਓ = ਮਿਟ ਗਿਆ ਹੈ।

ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਜਦੋਂ ਸਾਡੇ ਅੰਦਰ ਪ੍ਰਭੂ ਵਸਿਓ = ਵੱਸ ਗਿਆ, ਭਾਵ ਸਾਖਸ਼ਾਤ ਹੋ ਗਿਆ, ਤਦੋਂ ਅਸੀਂ ਮਨਿ = ਹਿਰਦੇ ਵਿਚ ਹੀ ਸੁਖ = ਆਨੰਦ ਸਰੂਪ ਅੰਦਰ ਬਿਸ੍ਰਾਮਾ = ਇਸਥਿਤੀ ਪਾਉਣਾ ਕੀਤੀ।

## ਅਚਿੰਤ ਹਮਾਰੈ; ਅਨਹਤ ਵਾਜੈ ॥ ਅਚਿੰਤ ਹਮਾਰੈ; ਗੋਬਿੰਦੁ ਗਾਜੈ ॥੬॥

ਸਾਰੀਆਂ ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹਮਾਰੈ = ਸਾਡੇ ਹਿਰਦੇ ਅੰਦਰ ਅਨਹਤ = ਨਾਸ਼ ਤੋਂ ਰਹਿਤ ਸਤਿਨਾਮ ਰੂਪੀ ਵਾਜੇ ਵਾਜੈ = ਵੱਜ ਆਏ।

ਸਾਰੀਆਂ ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹਮਾਰੈ = ਸਾਡੇ ਹਿਰਦੇ ਅੰਦਰ ਗੋਬਿੰਦੁ = ਪ੍ਰਭੂ ਜੀ ਗਾਜੈ = ਗੱਜ, ਪ੍ਰਗਟ ਹੋ ਆਏ ॥੬॥

## ਅਚਿੰਤ ਹਮਾਰੈ; ਮਨੁ ਪਤੀਆਨਾ ॥ ਨਿਹਚਲ ਧਨੀ; ਅਚਿੰਤੁ ਪਛਾਨਾ ॥

ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹੀ ਹਮਾਰੈ = ਸਾਡੇ ਮਨ ਨੇ ਪਰਮੇਸ਼ਰ ਵਿਚ ਪਤੀਆਨਾ = ਪਤੀਜਣਾ ਕੀਤਾ ਹੈ।

ਨਿਹਚਲ = ਅਚੱਲ ਸਰੂਪ ਧਨੀ = ਮਾਲਕ ਪ੍ਰਭੂ, ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹੀ ਪਛਾਨਾ = ਪਛਾਣਨਾ ਕੀਤਾ ਹੈ।

## ਅਚਿੰਤੋ ਉਪਜਿਓ; ਸਗਲ ਬਿਬੇਕਾ ॥
## ਅਚਿੰਤ ਚਰੀ ਹਥਿ; ਹਰਿ ਹਰਿ ਟੇਕਾ ॥੭॥

ਅਚਿੰਤੋ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਸਾਡੇ ਅੰਦਰ ਸਗਲ = ਸੰਪੂਰਨ ਹੀ ਬਿਬੇਕਾ = ਗਿਆਨ ਉਪਜਿਓ = ਉਤਪੰਨ ਹੋਇਆ ਹੈ।

ਅਚਿੰਤ = ਚਿੰਤਾਵਾਂ ਤੋਂ ਰਹਿਤ ਹੋਣ ਕਰਕੇ ਹੀ ਸਾਡੇ ਹੱਥ ਵਿਚ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੀ ਟੇਕਾ = ਓਟ ਚਰੀ = ਚੜ੍ਹੀ ਹੈ ਭਾਵ ਪ੍ਰਭੂ ਦੀ ਓਟ ਮਿਲੀ ਹੈ **ਵਾ:** ਹਰੇ ਭਰੇ ਕਰਨ ਵਾਲੇ ਪ੍ਰਭੂ ਦੀ ਟੇਕ ਲੈਣ ਕਰਕੇ ਹੀ ਇਹ ਅਚਿੰਤ ਅਵਸਥਾ ਸਾਡੇ ਹੱਥ ਚੜ੍ਹੀ ਹੈ॥੭॥

## ਅਚਿੰਤ ਪ੍ਰਭੂ; ਧੁਰਿ ਲਿਖਿਆ ਲੇਖੁ ॥
## ਅਚਿੰਤ ਮਿਲਿਓ; ਪ੍ਰਭੁ ਠਾਕੁਰੁ ਏਕੁ ॥

ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਵਾਲੇ ਪ੍ਰਭੂ = ਪਰਮਾਤਮਾ ਨੇ ਧੁਰੋਂ ਹੀ ਸਾਡੇ ਮਸਤਕ ਉੱਪਰ ਸ੍ਰੇਸ਼ਟ ਲੇਖ ਲਿਖਿਆ = ਲਿਖਣਾ ਕੀਤਾ ਹੈ।

ਜਿਸ ਕਰਕੇ ਅਚਿੰਤ = ਚਿੰਤਾਵਾਂ ਤੋਂ ਰਹਿਤ ਕਰਨ ਵਾਲਾ ਏਕੁ = ਅਦੁੱਤੀ, ਠਾਕੁਰ = ਮਾਲਕ ਪ੍ਰਭੁ = ਪਰਮਾਤਮਾ ਮਿਲਿਓ = ਮਿਲ ਗਿਆ ਹੈ।

## ਚਿੰਤ ਅਚਿੰਤਾ; ਸਗਲੀ ਗਈ ॥
## ਪ੍ਰਭ ਨਾਨਕ ਨਾਨਕ; ਨਾਨਕ ਮਈ ॥੮॥੩॥੬॥

ਅਚਿੰਤਾ = ਚਿੰਤਾਵਾਂ ਤੋਂ ਰਹਿਤ ਸਰੂਪ ਨੂੰ ਪ੍ਰਾਪਤ ਕਰਕੇ ਸਾਡੀ ਸਗਲੀ = ਸਾਰੀ ਚਿੰਤ = ਸੋਚ ਚਲੀ ਗਈ **ਵਾ:** ਚਿੰਤ = ਫ਼ਿਕਰ ਦੇ ਸਹਿਤ ਅਤੇ ਅਚਿੰਤਾ = ਬੇ-ਫ਼ਿਕਰੀ ਇਹ ਦੁੰਦ ਵਾਦ ਦੀ ਨਵਿਰਤੀ ਹੋ ਗਈ ਹੈ।

ਨਾਨਕ = ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਨਕ = ਸ੍ਰੀ ਗੁਰੂ ਰਾਮਦਾਸ ਜੀ ਅਤੇ ਨਾਨਕ = ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਕਿਰਪਾ ਸਦਕਾ ਅਸੀਂ ਉਸ ਪ੍ਰਭ = ਪਰਮਾਤਮਾ ਦੇ ਮਈ = ਸਰੂਪ ਵਿਚ ਲੀਨ ਹੋ ਕੇ ਇੱਕੋ ਰੂਪ ਹੋ ਗਏ ਹਾਂ **ਅਥਵਾ** ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪ੍ਰਭੂ ਸ੍ਰੀ ਗੁਰੂ ਨਾਨਕ ਦੇਵ ਰੂਪ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਭੂ ਸਰੂਪ ਹਨ, ਇਉਂ ਅਸੀਂ ਏਕਤਾ ਪਾਉਣਾ ਕੀਤੀ ਹੈ **ਅਥਵਾ** ਸਤਿਗੁਰੂ ਜੀ ਕਥਨ ਕਰਦੇ ਹਨ ਕਿ (ਨਾ+ਅਨਿਕ) ਅਨੇਕਤਾ ਤੋਂ ਰਹਿਤ ਅਤੇ (ਨਾ + ਅਨ + ਅਕ) ਨ = ਪੁਰਖ, ਅਨ = ਰਹਿਤ, ਅਕ = ਦੁਖ ਭਾਵ ਦੁਖਾਂ ਤੋਂ ਰਹਿਤ ਪੁਰਖ ਪਰਮਾਤਮਾ ਹੀ ਮੇਰਾ ਮਈ = ਸਰੂਪ ਹੈ॥੮॥੩॥੬॥ ਜੈਸਾ ਕਿ :

**ਅਨਿਕ ਰਹਿਤ ਪਰਮਾਤਮ ਜੋਈ॥ ਨਾਨਕ ਨਾਮ ਕਹਾਵੈ ਸੋਈ॥**

**ਵਾ:** **ਅਨਕੰ ਨ ਬਿਦਤੇ ਜਸ ਮਨਸਾ ਸਾ ਨਾਨਕਾ॥**

# ਭਗਤ ਬਾਣੀ ਆਰੰਭ

## ਭੈਰਉ ਬਾਣੀ ਭਗਤਾ ਕੀ ਕਬੀਰ ਜੀਉ ਘਰੁ ੧

ਸਤਿਗੁਰੂ ਸਾਹਿਬ ਜੀ ਭੈਰਉ ਰਾਗ ਦੇ ਅੰਦਰ ਹੁਣ ਭਗਤਾਂ ਕੀ = ਦੀ ਉਚਾਰਣ ਕੀਤੀ ਬਾਣੀ ਦਰਜ ਕਰਦੇ ਹਨ ਅਤੇ ਪਹਿਲਾਂ ਰਾਗ ਦੇ ਘਰੁ ੧ = ਪਹਿਲੇ ਸੁਰਤਾਲ ਵਿਚ ਭਗਤ ਕਬੀਰ ਜੀ ਦੀ ਬਾਣੀ ਦਰਜ ਕਰਦੇ ਹਨ।

## ੧ਓ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਭਗਤ ਕਬੀਰ ਸਾਹਿਬ ਜੀ ਦੇ ਪਾਸ ਇਕ ਦਿਨ ਇਕ ਸ਼ਾਹੂਕਾਰ ਆਇਆ, ਉਸ ਨੇ ਧਨ ਦੇ ਹੰਕਾਰ ਕਾਰਨ ਭਗਤ ਜੀ ਨੂੰ ਕਿਹਾ ਕਿ ਤੁਹਾਡੇ ਕੋਲ ਅਨੇਕਾਂ ਸਾਧੂ ਸੰਤ ਆਉਂਦੇ ਹਨ, ਉਨ੍ਹਾਂ ਦੇ ਭੋਜਨ ਲਈ ਤੁਸੀਂ ਮੇਰੇ ਕੋਲੋਂ ਕੁਝ ਮਾਇਆ ਲੈ ਲਵੋ ਅਤੇ ਉਸ ਮਾਇਆ ਨਾਲ ਆਪਣਾ ਕਾਰ-ਵਿਹਾਰ ਵੀ ਚਲਾ ਲਵੋ, ਤਦੋਂ ਭਗਤ ਕਬੀਰ ਸਾਹਿਬ ਜੀ ਆਪਣਾ ਸਭ ਕੁਝ ਪਰਮਾਤਮਾ ਦੇ ਨਾਮ ਨੂੰ ਕਥਨ ਕਰਦੇ ਹੋਏ ਇਹ ਸ਼ਬਦ ਉਚਾਰਣ ਕਰਦੇ ਹਨ।

## ਇਹੁ ਧਨੁ ਮੇਰੇ; ਹਰਿ ਕੋ ਨਾਉ ॥ ਗਾਂਠਿ ਨ ਬਾਧਉ; ਬੇਚਿ ਨ ਖਾਉ ॥੧॥ਰਹਾਉ॥

ਹੇ ਭਾਈ ! ਜੋ ਹਰਿ = ਪਰਮਾਤਮਾ ਕੋ = ਦਾ ਨਾਉ = ਨਾਮ ਹੈ, ਮੇਰੇ ਪਾਸ ਇਹੋ ਹੀ ਲੋਕ-ਪ੍ਰਲੋਕ ਵਿਚ ਸਹਾਇਤਾ ਕਰਨ ਵਾਲਾ ਧਨ ਹੈ।

ਜਿਵੇਂ ਸੂਮ ਆਦਮੀ ਧਨ ਨੂੰ ਗੰਢਾਂ ਬੰਨ੍ਹ-ਬੰਨ੍ਹ ਕੇ ਰੱਖਦੇ ਹਨ ਅਤੇ ਕਈ ਧਨੀ ਲੋਕ ਧਨ ਨੂੰ ਖ਼ਰਚ ਖ਼ਰਚ ਕੇ ਗੁਆ ਦੇਂਦੇ ਹਨ, ਇਉਂ ਮੈਂ ਇਸ ਨਾਮ ਰੂਪੀ ਧਨ ਨੂੰ ਬੁੱਧ ਰੂਪੀ ਗਾਂਠਿ = ਗੰਢ ਵਿਚ ਬਾਧਉ = ਬੰਨ੍ਹਣਾ ਨਹੀਂ ਕਰਦਾ, ਭਾਵ ਅਧਿਕਾਰੀ ਜਗਿਆਸੂ ਨੂੰ ਜ਼ਰੂਰ ਉਪਦੇਸ਼ ਦੇਂਦਾ ਹਾਂ ਅਤੇ ਧਨ ਦੇ ਲਾਲਚੀ ਪੰਡਿਤ ਲੋਕਾਂ ਵਾਂਗ ਵੇਚ ਕੇ ਵੀ ਨਹੀਂ ਖਾਉ = ਖਾਂਦਾ, ਭਾਵ ਧਨ ਦੇ ਲਾਲਚ ਵਾਸਤੇ ਅੰਨ ਅਧਿਕਾਰੀ ਨੂੰ ਉਪਦੇਸ਼ ਨਹੀਂ ਦੇਂਦਾ ਹਾਂ ॥੧॥ਰਹਾਉ॥ ਜੈਸਾ ਕਿ :

**ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥** *(ਮਾਰੂ ਕਬੀਰ ਜੀ, ਅੰਗ ੧੧੦੩)*

## ਨਾਉ ਮੇਰੇ ਖੇਤੀ; ਨਾਉ ਮੇਰੇ ਬਾਰੀ ॥
## ਭਗਤਿ ਕਰਉ; ਜਨੁ ਸਰਨਿ ਤੁਮ੍ਾਰੀ ॥੧॥

ਪਰਮਾਤਮਾ ਦਾ ਨਾਮ ਹੀ ਮੇਰੇ ਵਸਤੇ ਖੇਤੀ ਰੂਪ ਹੈ ਅਤੇ ਪਰਮਾਤਮਾ ਦਾ ਨਾਮ ਹੀ ਮੇਰੇ ਵਾਸਤੇ ਬਾਰੀ = ਬਗ਼ੀਚੀ ਰੂਪ ਹੈ, ਜਿਸ ਵਿਚ ਧਰਮ ਰੂਪੀ ਫੁੱਲ, ਗਿਆਨ ਰੂਪੀ ਫਲ, ਸੁਭ ਗੁਣਾਂ ਰੂਪੀ ਪੱਤੇ ਆਦਿ ਲੱਗਦੇ ਹਨ।

ਮੈਂ ਤਾਂ ਪ੍ਰਭੂ ਅੱਗੇ ਇਹੋ ਬੇਨਤੀ ਕਰਦਾ ਹਾਂ ਕਿ :

ਹੇ ਪ੍ਰਭੂ ! ਮੈਂ ਜਨੁ = ਦਾਸ ਮਾਇਆ ਦੇ ਮੋਹ ਤੋਂ ਬਚਣ ਲਈ ਤੁਮ੍ਾਰੀ = ਤੇਰੀ ਹੀ ਸਰਨਿ = ਓਟ ਵਿਚ ਪਇਆ ਰਹਾਂ ਅਤੇ ਤੇਰੀ ਭਗਤਿ = ਭਗਤੀ ਕਰਉ = ਕਰਦਾ ਰਹਾਂ ॥੧॥

## ਨਾਉ ਮੇਰੇ ਮਾਇਆ; ਨਾਉ ਮੇਰੇ ਪੂੰਜੀ ॥
## ਤੁਮਹਿ ਛੋਡਿ; ਜਾਨਉ ਨਹੀ ਦੂਜੀ ॥੨॥

ਹੇ ਪ੍ਰਭੂ ! ਤੇਰਾ ਨਾਉ = ਨਾਮ ਹੀ ਮੇਰੇ ਪਾਸ ਮਾਇਆ = ਬਿਭੂਤੀ ਰੂਪ ਹੈ ਅਤੇ ਤੇਰਾ ਨਾਉ = ਨਾਮ ਹੀ ਮੇਰੇ ਪਾਸ ਪੂੰਜੀ = ਰਾਸ਼ੀ ਹੈ **ਵਾ:** ਪ੍ਰਲੋਕ ਵਿਚ ਸਹਾਇਤਾ ਕਰਨ ਵਾਸਤੇ ਨਾਮ ਦੀ ਸ਼ਰਧਾ ਹੀ ਪੂੰਜੀ ਹੈ।

ਹੇ ਪ੍ਰਭੂ ! ਤੁਮਹਿ = ਤੈਨੂੰ ਛੋਡਿ = ਛੱਡ ਕੇ ਮੈਂ ਕੋਈ ਦੂਜੀ = ਦੂਸਰੀ ਦ੍ਵੈਤ ਵਾਲੀ ਗੱਲ ਨਹੀਂ ਜਾਨਉ = ਜਾਣਦਾ ॥੨॥

## ਨਾਉ ਮੇਰੇ ਬੰਧਿਪ; ਨਾਉ ਮੇਰੇ ਭਾਈ ॥
## ਨਾਉ ਮੇਰੇ ਸੰਗਿ; ਅੰਤਿ ਹੋਇ ਸਖਾਈ ॥੩॥

ਨਾਉ = ਨਾਮ ਹੀ ਮੇਰੇ ਲਈ ਬੰਧਿਪ = ਸੰਬੰਧੀ ਰੂਪ ਹੈ ਅਤੇ ਨਾਉ = ਨਾਮ ਹੀ ਮੇਰੇ ਲਈ ਭਾਈ = ਭਰਾ ਰੂਪ ਹੈ।

ਨਾਉ = ਨਾਮ ਹੀ ਮੇਰੇ ਸੰਗਿ = ਨਾਲ ਰਹਿਣ ਵਾਲਾ ਹੈ ਅਤੇ ਨਾਮ ਹੀ ਅੰਤਿ = ਅਖ਼ੀਰ ਨੂੰ ਪ੍ਰਲੋਕ ਵਿਚ ਸਖਾਈ = ਸਹਾਇਤਾ ਕਰਨ ਵਾਲਾ ਹੋਇ = ਹੋਵੇਗਾ ॥੩॥

## ਮਾਇਆ ਮਹਿ; ਜਿਸੁ ਰਖੈ ਉਦਾਸੁ ॥ ਕਹਿ ਕਬੀਰ; ਹਉ ਤਾ ਕੋ ਦਾਸੁ ॥੪॥੧॥

ਹੇ ਪ੍ਰਭੂ ! ਜਿਸ ਮਨੁੱਖ ਨੂੰ ਤੂੰ ਆਪਣੀ ਮਾਇਆ ਦੇ ਮਹਿ = ਵਿਚ ਉਦਾਸੁ = ਉਪਰਾਮ ਰਖੈ = ਰੱਖਦਾ ਹੈਂ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹਉ = ਮੈਂ ਤਾ = ਉਸ ਪੁਰਖ ਕੋ = ਦਾ ਦਾਸੁ = ਸੇਵਕ ਹਾਂ ॥੪॥੧॥

**ਉਥਾਨਕਾ :** ਭਗਤ ਕਬੀਰ ਸਾਹਿਬ ਜੀ ਪਾਸ ਕੋਈ ਰਾਜਾ ਆਇਆ, ਉਸ ਨੇ ਕਿਹਾ ਕਿ ਹੇ ਭਗਤ ਜੀ ! ਮੇਰੇ ਪਾਸ ਬਹੁਤ ਧਨ, ਪਦਾਰਥ ਹੈ ਪਰ ਤੇਰੇ ਪਾਸ ਕੁਝ ਨਹੀਂ ਹੈ, ਤਦੋਂ ਭਗਤ ਕਬੀਰ ਜੀ ਇਸ ਮਾਇਆ ਦੀ ਅਨਸਥਿਰਤਾ ਦਿਖਾਉਂਦੇ ਹੋਏ ਵੈਰਾਗਮਈ ਸ਼ਬਦ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਨਾਂਗੇ ਆਵਨੁ; ਨਾਂਗੇ ਜਾਨਾ ॥ ਕੋਇ ਨ ਰਹਿਹੈ; ਰਾਜਾ ਰਾਨਾ ॥੧॥

ਹੇ ਭਾਈ ! ਇਸ ਸੰਸਾਰ ਵਿਚ ਜੀਵ ਨੇ ਨਾਂਗੇ = ਨਗਨ ਹੀ ਆਵਨੁ = ਆਉਣਾ ਕੀਤਾ ਹੈ ਅਤੇ ਅੰਤ ਨੂੰ ਸਭ ਕੁਝ ਛੱਡ ਕੇ ਨਾਂਗੇ = ਨਗਨ ਹੀ ਚਲੇ ਜਾਨਾ = ਜਾਣਾ ਹੈ।

ਇਸ ਸੰਸਾਰ ਵਿਚ ਸਦਾ ਵਾਸਤੇ ਕੋਇ = ਕੋਈ ਵੀ ਰਾਜਾ = ਰਜਵਾੜਿਆਂ ਦਾ ਮਾਲਕ ਅਤੇ ਰਾਨਾ = ਰਾਣੇ ਦੇ ਖ਼ਿਤਾਬ ਵਾਲਾ ਸਦਾ ਵਾਸਤੇ ਕੋਇ = ਕੋਈ ਵੀ ਨਹੀਂ ਰਹਿਹੈ = ਰਹਿੰਦਾ **ਵਾ:** ਰਾਜਾ = ਵੱਡਾ ਪਾਤਸ਼ਾਹ ਅਤੇ ਰਾਨਾ = ਛੋਟਾ ਰਾਜਾ ਕੋਈ ਵੀ ਨਹੀਂ ਰਹਿੰਦਾ ॥੧॥

[ਅੰਗ ੧੧੫੮]

## ਰਾਮੁ ਰਾਜਾ; ਨਉ ਨਿਧਿ ਮੇਰੈ ॥ ਸੰਪੈ ਹੇਤੁ; ਕਲਤੁ ਧਨੁ ਤੇਰੈ ॥੧॥ਰਹਾਉ॥

ਹੇ ਭਾਈ ! ਰਾਜਾ = ਪ੍ਰਕਾਸ਼ ਸਰੂਪ ਰਾਮੁ = ਪਰਮਾਤਮਾ **ਵਾ:** ਰਾਜਾ = ਹੇ ਰਾਜਨ ! ਪ੍ਰਭੂ ਤੂੰ ਹੀ ਮੇਰੇ ਵਾਸਤੇ ਨਉ ਨਿਧਿ = ਨੌਂ ਨਿਧਾਂ ਦੇ ਦੇਣ ਵਾਲਾ ਹੈਂ।

ਹੇ ਭਾਈ! ਤੇਰੇ ਪਾਸ ਸੰਪੈ = ਬਿਭੂਤੀ ਅਤੇ ਕਲਤੁ = ਇਸਤ੍ਰੀ ਦਾ ਮੋਹ ਹੀ ਧਨ ਸਮਝਿਆ ਹੋਇਆ ਹੈ॥੧॥ਰਹਾਉ॥

## ਆਵਤ ਸੰਗ; ਨ ਜਾਤ ਸੰਗਾਤੀ ॥ ਕਹਾ ਭਇਓ; ਦਰਿ ਬਾਂਧੇ ਹਾਥੀ ॥੨॥

ਨਾ ਹੀ ਕੋਈ ਆਪਣੇ ਸੰਗ = ਨਾਲ ਆਵਤ = ਆਉਂਦਾ ਹੈ ਅਤੇ ਨਾ ਹੀ ਕੋਈ ਜਾਤ = ਜਾਣ ਲੱਗਿਆਂ ਸੰਗਾਤੀ = ਸੰਗੀ ਹੋ ਕੇ ਨਾਲ ਜਾਂਦਾ ਹੈ।

ਫੇਰ ਇਹ ਕਹਾ = ਕੀ ਭਇਓ = ਹੋ ਗਿਆ ਜੇਕਰ ਤੂੰ ਆਪਣੇ ਦਰਿ = ਦਰਵਾਜ਼ੇ 'ਤੇ ਹਾਥੀ ਬਾਂਧੇ = ਬੰਨ੍ਹ ਲਏ ਹਨ, ਤਦ ਵੀ ਤੂੰ ਵੱਡਾ ਤਾਂ ਨਹੀਂ ਬਣ ਗਿਆ॥੨॥

## ਲੰਕਾ ਗਢੁ; ਸੋਨੇ ਕਾ ਭਇਆ ॥ ਮੂਰਖੁ ਰਾਵਨੁ; ਕਿਆ ਲੇ ਗਇਆ ॥੩॥

ਹੇ ਭਾਈ! ਲੰਕਾ ਦਾ ਗਢੁ = ਕਿਲ੍ਹਾ ਸਾਰਾ ਸੋਨੇ ਕਾ = ਦਾ ਹੀ ਬਣਿਆ ਭਇਆ = ਹੋਇਆ ਸੀ।

ਪਰ ਮੂਰਖੁ = ਬੇ-ਸਮਝ ਰਾਵਣ, ਅੰਤ ਨੂੰ ਏਥੋਂ ਕਿਆ = ਕੀ ਲੇ = ਲੈ ਕੇ ਗਇਆ = ਗਿਆ ਹੈ, ਭਾਵ ਖ਼ਾਲੀ ਹੱਥੀਂ ਹੀ ਗਿਆ ਹੈ॥੩॥

***ਨੋਟ :*** ਰਾਵਣ ਜਾਤੀ ਦਾ ਬ੍ਰਾਹਮਣ ਸੀ ਅਤੇ ਇਸ ਨੇ ਚਾਰੇ ਵੇਦਾਂ ਦਾ ਟੀਕਾ ਵੀ ਕੀਤਾ ਹੋਇਆ ਸੀ, ਇਤਨਾ ਵਿਦਵਾਨ ਹੋਣ ਦੇ ਬਾਵਜੂਦ ਜਦੋਂ ਇਸਨੇ ਪਰ ਇਸਤ੍ਰੀ (ਸੀਤਾ) ਨੂੰ ਚੁਰਾਉਣ ਦਾ ਅਪਰਾਧ ਕੀਤਾ, ਤਦ ਤੋਂ ਇਸਨੂੰ ਮੂਰਖ ਪਦ ਨਾਲ ਸੰਬੋਧਨ ਕੀਤਾ ਜਾਂਦਾ ਹੈ ਅਰਥਾਤ ਜਦੋਂ ਰਾਵਣ ਦੀ ਭੈਣ ਸਰੂਪਨਖਾ ਸ੍ਰੀ ਰਾਮ ਚੰਦ੍ਰ ਜੀ ਦੇ ਸਰੂਪ ਉੱਪਰ ਮੋਹਿਤ ਹੋ ਗਈ, ਤਦੋਂ ਇਸਨੇ ਸ੍ਰੀ ਰਾਮ ਚੰਦ੍ਰ ਜੀ ਨੂੰ ਵਰਣਾ ਚਾਹਿਆ ਤਾਂ ਉਨ੍ਹਾਂ ਨੇ ਲਛਮਣ ਪਾਸ ਭੇਜ ਦਿੱਤਾ, ਲਛਮਣ ਨੇ ਮੁੜ ਰਾਮ ਜੀ ਕੋਲ ਭੇਜ ਦਿੱਤਾ। ਅੰਤ ਨੂੰ ਇਹ ਗ਼ੁੱਸੇ ਵਿਚ ਆ ਕੇ ਸੀਤਾ ਨਾਲ ਲੜ ਪਈ, ਸ੍ਰੀ ਰਾਮ ਜੀ ਨੇ ਲਛਮਣ ਨੂੰ ਆਖਿਆ ਕਿ ਇਸ ਦਾ ਕੋਈ ਅੰਗ ਭੰਗ ਕਰ ਦਿਉ ਤਾਂ ਲਛਮਣ ਨੇ ਸਰੂਪਨਖਾ ਦਾ ਨੱਕ ਤੇ ਕੰਨ ਕੱਟ ਦਿੱਤੇ, ਉਹ ਰੋਂਦੀ ਹੋਈ ਰਾਵਣ ਕੋਲ ਆਈ ਤੇ ਰਾਵਣ ਨੇ ਉਸ ਵੱਲ ਕੋਈ ਧਿਆਨ ਨਾ ਦਿੱਤਾ, ਫੇਰ ਉਸ ਨੇ ਕਿਹਾ ਕਿ ਮੈਂ ਤੇਰੇ ਲਈ ਰਾਮ ਦੀ ਸੁੰਦਰ ਇਸਤ੍ਰੀ ਲੈਣ ਗਈ ਸੀ, ਤਦ ਉਹ ਤਨ ਦਾ ਲਾਲਚੀ ਹੋ ਕੇ ਜੋਗੀ ਬਣ ਕੇ ਸੀਤਾ ਨੂੰ ਚੁੱਕ ਕੇ ਲਿਆਇਆ ਤੇ ਬੇਦਾਂ ਦੇ ਸਿਧਾਂਤ ਦੀ ਕੋਈ ਵਿਚਾਰ ਨਾ ਕੀਤੀ। ਇਉਂ ਉਹ ਮੂਰਖ ਹੀ ਰਿਹਾ।

## ਕਹਿ ਕਬੀਰ; ਕਿਛੁ ਗੁਨੁ ਬੀਚਾਰਿ ॥ ਚਲੇ ਜੁਆਰੀ; ਦੁਇ ਹਥ ਝਾਰਿ ॥੪॥੨॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਕਿਛੁ = ਕੁਝ ਪਰਮਾਤਮਾ ਦੇ ਗੁਨੁ = ਉਪਕਾਰ ਵੀਚਾਰਿ = ਵਿਚਾਰਨਾ ਕਰ।

ਜਿਵੇਂ ਜੁਆਰੀ = ਜੂਏਬਾਜ਼ ਧਨ ਹਾਰਨ ਤੋਂ ਬਾਅਦ ਦੁਇ = ਦੋਵੇਂ ਹੱਥ ਝਾਰਿ = ਝਾੜ ਕੇ ਖ਼ਾਲੀ ਚਲੇ = ਤੁਰ ਜਾਂਦੇ ਹਨ, ਇਉਂ ਤੂੰ ਵੀ ਵਿਸ਼ਿਆਂ ਰੂਪੀ ਜੂਏ ਵਿਚ ਲੱਗਾ ਹੋਇਆ ਅੰਤ ਨੂੰ ਪ੍ਰਲੋਕ ਵਿਚ ਖ਼ਾਲੀ ਹੱਥੀਂ ਹੀ ਤੁਰ ਜਾਵੇਂਗਾ **ਵਾ:** ਆਪਣੇ ਮਨ ਬੁੱਧੀ ਰੂਪੀ ਦੋਵੇਂ ਹੱਥਾਂ ਦਾ ਹੰਕਾਰ ਝਾੜ ਦੇ **ਵਾ:** ਜਮਦੂਤ ਤੇਰੇ ਸੂਖਮ ਸਰੀਰ ਦੇ ਦੋਵੇਂ ਹੱਥ ਝਾੜ ਦੇਣਗੇ॥੪॥੨॥

**ਉਥਾਨਕਾ :** ਇਕ ਵਾਰ ਭਗਤ ਕਬੀਰ ਸਾਹਿਬ ਜੀ ਦੇ ਪਾਸ ਕੁਝ ਦੇਵਤਿਆਂ ਦੇ ਉਪਾਸ਼ਕ ਲੋਕ ਆਏ, ਉਨ੍ਹਾਂ ਨੇ ਆਪੋ-ਆਪਣੇ ਦੇਵਤੇ ਦੀ ਉਸਤਤੀ ਕੀਤੀ ਕਿ ਸਾਡੇ ਦੇਵਤੇ ਵੱਡੇ ਹਨ, ਤਦੋਂ ਕਬੀਰ ਸਾਹਿਬ ਜੀ ਨੇ ਕਿਹਾ ਕੇ ਸਾਡੇ ਆਸ਼ੇ ਅਨੁਸਾਰ ਵੱਡਾ ਉਹ ਹੁੰਦਾ ਹੈ, ਜਿਸਦੇ ਅੰਦਰ ਕੋਈ ਮਲੀਨਤਾਈ ਨਾ ਹੋਵੇ, ਇਨ੍ਹਾਂ ਦੇਵਤਿਆਂ ਵਿਚ ਤਾਂ ਸਾਰੇ ਮਲੀਨ ਹਨ, ਤਦ ਵਿਸਤਾਰ ਵਿਚ ਸਮਝਾਉਂਦੇ ਹੋਏ ਅਤੇ ਇਕ ਪਰਮਾਤਮਾ ਨੂੰ ਨਿਰਮਲ ਦੱਸਦੇ ਹੋਏ ਇਹ ਸ਼ਬਦ ਉਚਾਰਣ ਕਰਦੇ ਹਨ।

## ਮੈਲਾ ਬ੍ਰਹਮਾ; ਮੈਲਾ ਇੰਦੁ ॥

ਹੇ ਭਾਈ! ਵਿਕਾਰਾਂ ਦਾ ਗ੍ਰਸਿਆ ਹੋਣ ਕਾਰਨ ਬ੍ਰਹਮਾ ਵੀ ਮੈਲਾ = ਮਲੀਨ ਹੈ ਅਤੇ ਵਿਸ਼ਿਆਂ ਦੇ ਅਧੀਨ ਹੋਣ ਕਾਰਨ ਇੰਦੁ = ਇੰਦ੍ਰ ਦੇਵਤਾ ਵੀ ਮੈਲਾ = ਮਲੀਨ ਹੈ।

(**ਮੈਲਾ ਬ੍ਰਹਮਾ**) ਬ੍ਰਹਮਾ ਕਾਮ ਦੇ ਅਧੀਨ ਹੋ ਕੇ ਆਪਣੀ ਪੈਦਾ ਕੀਤੀ ਪੁੱਤਰੀ ਸਰਸ੍ਵਤੀ ਦੇ ਸਰੂਪ 'ਤੇ ਲੁਭਾਇਮਾਨ ਹੋ ਗਿਆ ਤੇ ਆਪਣੇ ਪੰਜ ਸਿਰ ਲਾ ਲਏ, ਇਸ ਦਾ ਪੰਜਵਾਂ ਸਿਰ ਸ਼ਿਵਜੀ ਨੇ ਕੱਟ ਦਿੱਤਾ ਸੀ, ਇਉਂ ਬ੍ਰਹਮਾ ਕਾਮ ਅਧੀਨ ਹੋਣ ਕਰਕੇ ਮਲੀਨ ਹੈ।

(**ਮੈਲਾ ਇੰਦੁ**) ਇੰਦਰ ਰਾਜੇ ਨੇ ਵੀ ਕਾਮ ਦੇ ਅਧੀਨ ਹੋ ਕੇ ਆਪਣੀਆਂ ਸਵਰਗ ਦੀਆਂ ਸਤੀ ਵਰਗੀਆਂ ਪਟਰਾਣੀਆਂ ਛੱਡ ਕੇ ਗੌਤਮ ਰਿਖੀ ਦੀ ਘਰਵਾਲੀ ਅਹੱਲਿਆ ਨਾਲ ਸੰਬੰਧ ਬਣਾਉਣਾ ਕੀਤਾ, ਜਿਸ ਤੋਂ ਹਜ਼ਾਰ ਭਗਾਂ ਦਾ ਸਰਾਪ ਲਿਆ ਤੇ ਫੇਰ ਮਾਨ ਸਰੋਵਰ ਵਿਚ ਲੁਕਿਆ ਰਿਹਾ, ਇਉਂ ਸਵਰਗ ਦਾ ਰਾਜਾ ਇੰਦਰ ਵੀ ਮਲੀਨ ਹੈ।

## ਰਵਿ ਮੈਲਾ; ਮੈਲਾ ਹੈ ਚੰਦੁ ॥੧॥

ਰਵਿ = ਸੂਰਜ ਵੀ ਮੈਲਾ = ਮਲੀਨ ਹੈ ਅਤੇ ਚੰਦੁ = ਚੰਦ੍ਰਮਾ ਵੀ ਮੈਲਾ = ਮਲੀਨ ਹੈ॥੧॥

(**ਰਵਿ ਮੈਲਾ**) ਸੂਰਜ ਦੇ ਮਲੀਨ ਹੋਣ ਦੀ ਵਾਰਤਾ ਇਸ ਪ੍ਰਕਾਰ ਆਉਂਦੀ ਹੈ ਕਿ ਬ੍ਰਹਮਾ ਦੇ ਪੋਤ੍ਰੇ ਤੇ ਮਰੀਚਿ ਦੇ ਪੁੱਤ੍ਰ ਕੱਸ਼ਪ ਰਿਖੀ ਨੇ ਦਕਸ਼ ਪ੍ਰਜਾਪਤੀ ਦੀਆਂ ਤੇਰਾਂ ਪੁਤ੍ਰੀਆਂ (ਅਦਿਤਿ, ਦਿਤਿ, ਦਾਨੁ, ਵਿਨਤਾ, ਖਸਾ, ਕਦ੍ਰੂ, ਮੁਨਿ, ਕ੍ਰੋਧਾ, ਅਰਿਸ਼ਟਾ, ਇਰਾ, ਤਾਮ੍ਰਾ, ਇਲਾ ਅਤੇ ਪ੍ਰਧਾ) ਨਾਲ ਵਿਆਹ ਕੀਤਾ। ਜਿਨ੍ਹਾਂ ਤੋਂ ਵੱਖੋ-ਵੱਖ ਪ੍ਰਾਣੀ ਪੈਦਾ ਹੋਏ। ਅਦਿਤਿ ਤੋਂ ਦੇਵਤੇ ਪੈਦਾ ਹੋਏ, ਜਿਸ ਸਮੇਂ ਸੂਰਜ ਅਦਿਤਿ ਦੇ ਗਰਭ ਵਿਚ ਸੀ, ਤਦੋਂ ਚੰਦ੍ਰਮਾ ਦੇ ਪੁੱਤਰ ਬੁੱਧ ਨੇ ਬ੍ਰਹਮਚਾਰੀ ਦਾ ਭੇਖ ਬਣਾ ਕੇ ਇਸ ਦੇ ਪਾਸੋਂ ਆ ਕੇ ਭਿੱਖਿਆ ਮੰਗੀ[੧]। ਤਦੋਂ ਉਹ ਗਰਭਵਤੀ ਹੋਣ ਕਰਕੇ ਉੱਠਣ ਵਿਚ ਕੁਝ ਆਲਸ ਕਰ ਗਈ, ਤਦੋਂ ਉਸਨੇ ਅਦਿਤਿ ਨੂੰ ਸਰਾਪ ਦੇ ਦਿੱਤਾ ਕਿ ਜੋ ਵੀ ਬਾਲਕ ਤੇਰੇ ਗਰਭ ਵਿਚ ਇਸਥਿਤ ਹੈ, ਉਹ ਗਲ ਜਾਵੇ, ਇਹ ਸੁਣ ਕੇ ਅਦਿਤਿ ਬਹੁਤ ਘਬਰਾ ਗਈ ਅਤੇ ਉਸਨੇ ਆਪਣੇ ਪਤੀ ਕਸ਼ਪ ਕੋਲ ਬੇਨਤੀ ਕੀਤੀ, ਤਦੋਂ ਉਸਨੇ ਕਿਹਾ ਕਿ ਉਸਦਾ ਸਰਾਪ ਤਾਂ ਪੂਰਾ ਹੋਵੇਗਾ ਹੀ, ਪਰ ਮੈਂ ਉਸਨੂੰ ਇਕ ਹੋਰ ਜ਼ਿੰਦਗੀ ਦੇਣਾ ਕਰਦਾ ਹਾਂ, ਭਾਵ ਉਸਦਾ ਉਪਰਲਾ ਸਰੀਰ ਮੁਰਦਾ ਹੋਵੇਗਾ ਤੇ ਅੰਦਰ ਇਕ ਹੋਰ ਸਰੀਰ ਚੇਤਨ ਹੋਵੇਗਾ। ਇਉਂ ਜਦੋਂ ਸੂਰਜ ਜੰਮਿਆ ਤਦ ਉਸਦਾ ਉੱਪਰਲਾ ਸਰੀਰ ਮੁਰਦਾ ਰਿਹਾ ਪਰ ਅੰਦਰੋਂ ਦੇਹ ਉਸੇ ਤਰ੍ਹਾਂ ਸਾਬਤ ਰਹੀ, [ਇਸੇ ਕਾਰਨ ਇਸਨੂੰ ਮਾਰਤੰਡ ਵੀ ਕਿਹਾ ਜਾਂਦਾ ਹੈ (ਮਾਰਤ + ਅੰਡ) ਮੋਏ ਹੋਏ ਅੰਡੇ ਤੋਂ ਪੈਦਾ ਹੋਇਆ] ਇਸ ਕਾਰਨ ਨਾਲ ਰਵਿ ਮੈਲਾ ਹੈ।

ਇਸਦੇ ਜਵਾਨ ਹੋਣ 'ਤੇ ਇਸਦਾ ਵਿਸ਼ਕਰਮਾ ਦੀ ਪੁੱਤਰੀ ਸੁਬ੍ਰਚਲਾ ਨਾਲ ਵਿਆਹ ਹੋਇਆ, ਜਿਸ ਤੋਂ 'ਮਨੂ' ਤੇ 'ਧਰਮਰਾਜਾ' ਦੋ ਪੁੱਤ੍ਰ ਹੋਏ ਅਤੇ ਇਕ 'ਜਮਨਾ' ਨਾਮੇ ਪੁੱਤਰੀ ਹੋਈ। ਪਰ ਸੁਬ੍ਰਚਲਾ ਸੂਰਜ ਦੀ ਡਰਾਉਣੀ ਸ਼ਕਲ ਤੋਂ ਡਰਦੀ ਹੋਈ ਆਪਣੀ ਛਾਇਆ ਦੀ ਇਸਤ੍ਰੀ ਬਣਾ ਕੇ ਉਥੇ ਛੱਡ ਗਈ ਤੇ ਆਪ ਆਪਣੇ ਪਿਤਾ ਦੇ ਘਰ ਆ ਗਈ, ਵਿਸ਼ਕਰਮਾ ਨੇ ਕਿਹਾ ਕਿ ਤੂੰ ਆਪਣੇ ਪਤੀ ਦੀ ਆਗਿਆ ਤੋਂ ਬਿਨਾਂ ਆਈ ਹੈਂ, ਇਸ ਲਈ ਇਸ ਘਰ ਵਿਚ ਤੈਨੂੰ ਮੈਂ ਨਹੀਂ ਰੱਖ ਸਕਦਾ। ਤਦ ਉਹ ਨਿਰਾਸ਼ ਹੋ ਕੇ ਆਪਣੀ ਸ਼ਕਲ ਘੋੜੀ ਦੀ ਬਣਾ ਕੇ ਬਾਹਰ ਜੰਗਲ ਵਿਚ ਵਿਚਰਨ ਲੱਗ ਪਈ। ਉੱਧਰ ਛਾਇਆ ਦੇ ਗਰਭ ਤੋਂ ਵੀ ਸੂਰਜ ਦੇ ਸਨਿੱਚਰ ਆਦਿ ਦੋ ਪੁੱਤਰ ਤੇ ਇਕ ਤਪਤੀ ਨਾਮ ਦੀ ਲੜਕੀ ਪੈਦਾ ਹੋਈ।

ਇਕ ਦਿਨ ਛਾਇਆ ਧਰਮਰਾਜ ਦੇ ਨਾਲ ਕਿਸੇ ਗੱਲ ਕਾਰਨ ਲੜ ਪਈ। ਲੜਨ ਤੋਂ ਧਰਮਰਾਜ ਨੇ

---

੧. ਇਹ ਵੀ ਮੰਨਿਆ ਜਾਂਦਾ ਹੈ ਕਿ ਧਰਤੀ ਦੇ ਪੁੱਤਰ ਮੰਗਲ ਨੇ ਆ ਕੇ ਭਿੱਖਿਆ ਮੰਗੀ ਸੀ।

ਛਾਇਆ ਦੇ ਲੱਤ ਮਾਰੀ ਅਤੇ ਛਾਇਆ ਨੇ ਧਰਮਰਾਜ ਨੂੰ ਸਰਾਪ ਦੇ ਦਿੱਤਾ ਕਿ ਤੇਰੀ ਲੱਤ ਗਲ ਜਾਵੇ। ਧਰਮਰਾਜ ਦੀ ਲੱਤ ਗਲ ਗਈ। ਸੂਰਜ ਇਹ ਦੇਖ ਕੇ ਬਹੁਤ ਹੈਰਾਨ ਹੋਇਆ ਕਿ ਕੋਈ ਵੀ ਮਾਂ ਆਪਣੇ ਪੁੱਤ ਨੂੰ ਸਰਾਪ ਨਹੀਂ ਦੇ ਸਕਦੀ। ਤਦੋਂ ਸੂਰਜ ਨੇ ਪੁੱਛਿਆ ਕਿ ਤੂੰ ਕੌਣ ਹੈਂ ਤਾਂ ਉਸ ਨੇ ਕਿਹਾ ਕਿ ਮੈਂ ਛਾਇਆ ਹਾਂ ਅਤੇ ਸੁਬ੍ਰਚਲਾ ਬਹੁਤ ਸਮੇਂ ਦੀ ਏਥੋਂ ਜਾ ਚੁੱਕੀ ਹੈ। ਇਹ ਧਰਮਰਾਜ, ਮਨੂ ਤੇ ਜਮਨਾ ਮੇਰੇ ਬੱਚੇ ਨਹੀਂ ਹਨ, ਬਾਕੀ ਸਨਿੱਚਰ ਆਦਿ ਮੇਰੇ ਬੱਚੇ ਹਨ। ਤਦੋਂ ਸੂਰਜ ਚੱਲ ਕੇ ਵਿਸ਼ਕਰਮਾ ਦੇ ਕੋਲ ਆਇਆ ਅਤੇ ਕਿਹਾ ਕਿ ਤੇਰੀ ਪੁੱਤਰੀ ਨੇ ਇਹ ਯੋਗ ਕੰਮ ਨਹੀਂ ਕੀਤਾ, ਤੂੰ ਮੈਨੂੰ ਦੱਸ ਕਿ ਉਹ ਹੁਣ ਕਿਥੇ ਹੈ ? ਵਿਸ਼ਕਰਮਾ ਨੇ ਕਿਹਾ ਕਿ ਜਦੋਂ ਉਹ ਏਥੇ ਆਈ ਸੀ ਤਾਂ ਮੈਂ ਉਸਨੂੰ ਡਾਂਟਿਆ ਸੀ, ਜਿਸ ਕਰਕੇ ਉਹ ਜੰਗਲ ਵਿਚ ਚਲੀ ਗਈ। ਤੇਰਾ ਸਰੀਰ ਧੁਸਲਾ ਜਿਹਾ ਹੈ, ਤੂੰ ਮੇਰੇ ਖਰਾਦ ਉੱਪਰ ਚੜ੍ਹ, ਮੈਂ ਤੇਰਾ ਉੱਪਰਲਾ ਮੁਰਦਾ ਹੋਇਆ ਸਰੀਰ ਛਿੱਲ ਦੇਂਦਾ ਹਾਂ। ਤਦੋਂ ਸੂਰਜ ਨੇ ਆਪਣੀ ਇਸਤ੍ਰੀ ਨੂੰ ਖ਼ੁਸ਼ ਕਰਨ ਲਈ ਇਸ ਪ੍ਰਕਾਰ ਹੀ ਕੀਤਾ ਤੇ ਵਿਸ਼ਕਰਮਾ ਨੇ ਇਸਦੀ ਉਪਰਲੀ ਮੁਰਦਾ ਦੇਹ ਛਿੱਲ ਕੇ ਹੇਠੋਂ ਸੁੰਦਰ ਦੇਹ ਕੱਢ ਦਿੱਤੀ, ਫੇਰ ਵਿਸ਼ਕਰਮਾ ਨੇ ਦੱਸਿਆ ਕਿ ਉਹ ਘੋੜੀ ਦੀ ਸ਼ਕਲ ਵਿਚ ਬਾਹਰ ਜੰਗਲ ਵਿਚ ਫਿਰ ਰਹੀ ਹੈ, ਤਦੋਂ ਸੂਰਜ ਆਪ ਘੋੜੇ ਦਾ ਰੂਪ ਧਾਰ ਕੇ ਆਪਣੀ ਇਸਤ੍ਰੀ ਨੂੰ ਮਿਲਿਆ ਜਿਸ ਤੋਂ ਬਾਅਦ ਵਿਚ ਫੇਰ ਅਸ਼ਵਨੀ ਤੇ ਕੁਮਾਰ ਦੋ ਪੁੱਤ੍ਰ ਹੋਰ ਪੈਦਾ ਹੋਏ। ਇਉਂ ਇਨ੍ਹਾਂ ਕਾਰਨਾਂ ਕਰਕੇ ਸੂਰਜ ਮੈਲਾ ਹੈ।

***ਨੋਟ :*** ਇਹ ਸਾਰਾ ਪ੍ਰਸੰਗ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਰਾਸਿ ੧ ਤੇ ਅੰਸੂ ੪੮ ਉੱਪਰ ਲਿਖਿਆ ਹੋਇਆ ਹੈ।

(**ਮੈਲਾ ਹੈ ਚੰਦੁ**) ਚੰਦ੍ਰਮਾ ਵੀ ਦੋ ਕਾਰਨਾਂ ਕਰਕੇ ਮਲੀਨ ਹੈ, ਇਕ ਤਾਂ ਇਹ ਹੈ ਕਿ ਇਹ ਇੰਦਰ ਦੇ ਨਾਲ ਮਿਲ ਕੇ ਗੌਤਮ ਰਿਖੀ ਦੇ ਘਰ ਵਿਚ ਕੁੱਕੜ ਬਣ ਕੇ ਗਿਆ ਸੀ ਅਤੇ ਇੰਦਰ ਦੀ ਮਦਦ ਲਈ ਇਸਨੇ ਸਮੇਂ ਤੋਂ ਪਹਿਲਾਂ ਹੀ ਬਾਂਗ ਦੇ ਦਿੱਤੀ, ਇਨ੍ਹਾਂ ਦੀ ਕਰਤੂਤ ਦਾ ਪਤਾ ਲੱਗਣ ਤੋਂ ਰਿਖੀ ਨੇ ਆਪਣਾ ਪਰਨਾ ਇਸ ਦੇ ਮਾਰਿਆ ਜਿਸ ਕਰਕੇ ਇਸਦੇ ਕਲੰਕ ਲੱਗ ਗਿਆ ਅਤੇ ਦੂਜਾ ਕਾਰਨ ਇਹ ਹੈ ਕਿ ਇਸਨੇ ਆਪਣੇ ਗੁਰੂ ਬ੍ਰਹਸਪਤਿ ਦੀ ਇਸਤ੍ਰੀ ਤਾਰਾ ਦੇ ਸਰੂਪ ਉੱਪਰ ਮੋਹਿਤ ਹੋ ਕੇ ਉਸ ਨਾਲ ਕਾਮ ਕ੍ਰੀੜਾ ਕੀਤੀ ਤੇ ਬੁੱਧ ਨਾਮੇ ਪੁੱਤ੍ਰ ਪੈਦਾ ਕੀਤਾ, ਜਿਸ ਦਾ ਪਤਾ ਲੱਗਣ ਤੋਂ ਬ੍ਰਹਸਪਤਿ ਨੇ ਇਸਨੂੰ ਸਰਾਪ ਦੇ ਦਿੱਤਾ ਕਿ ਤੂੰ ਵਧਦਾ ਘਟਦਾ ਹੀ ਰਹੇਂਗਾ। ਸੋ ਇਨ੍ਹਾਂ ਕਾਰਨਾਂ ਕਰਕੇ ਚੰਦ੍ਰਮਾ ਵੀ ਮਲੀਨ ਹੈ।

## ਮੈਲਾ ਮਲਤਾ; ਇਹੁ ਸੰਸਾਰੁ ॥

ਇਸ ਪ੍ਰਕਾਰ ਅਵਿੱਦਿਆ, ਪਾਪਾਂ ਰੂਪ ਮਲਤਾ = ਮਲੀਨਤਾ ਕਰਕੇ ਇਹ ਸਾਰਾ ਸੰਸਾਰੁ = ਜਗਤ ਹੀ ਮੈਲਾ = ਮਲੀਨ ਹੋ ਰਿਹਾ ਹੈ।

## ਇਕੁ ਹਰਿ ਨਿਰਮਲੁ; ਜਾ ਕਾ ਅੰਤੁ ਨ ਪਾਰੁ ॥੧॥ਰਹਾਉ॥

ਇਕ ਹਰਿ = ਪਰਮਾਤਮਾ ਹੀ ਨਿਰਮਲ = ਮੈਲ ਤੋਂ ਰਹਿਤ ਸ਼ੁੱਧ ਸਰੂਪ ਹੈ, ਜਾ = ਜਿਸ ਕਾ = ਦਾ ਪਾਰ ਉਰਾਰ ਕਰਕੇ ਅੰਤ ਨਹੀਂ ਪਾਇਆ ਜਾਂਦਾ॥੧॥ਰਹਾਉ॥

## ਮੈਲੇ ਬ੍ਰਹਮੰਡਾਇ ਕੈ; ਈਸ ॥

(ਦੂਜਾ ਪਾਠ **ਕੈਈਸ**)

ਇਸ ਬ੍ਰਹਮੰਡਾਇ = ਬ੍ਰਹਮੰਡ, ਸੰਸਾਰ ਕੈ = ਦੇ ਈਸ = ਰਾਜੇ ਵੀ ਲੋਭ, ਹੰਕਾਰ ਦੀ ਅੰਸ਼ ਕਰਕੇ ਮੈਲੇ = ਮਲੀਨ ਹਨ।

**ਅਥਵਾ** ਬ੍ਰਹਮੰਡ ਵੀ ਮੈਲੇ ਹਨ ਅਤੇ ਰਾਜੇ ਵੀ ਮੈਲੇ ਹਨ **ਵਾ:** ਕੈ = ਪਾਣੀ ਦਾ ਈਸ = ਰਾਜਾ ਭਾਵ ਵਰੁਣ ਦੇਵਤਾ ਵੀ ਮਲੀਨ ਹੈ **ਵਾ:** ਕੈਈਸ = ਕਈ ਭਾਵ ਬੇਅੰਤ ਬ੍ਰਹਮੰਡ ਵੀ ਮਲੀਨ ਹਨ।

***ਨੋਟ :*** ਪੰਡਤ ਤਾਰਾ ਸਿੰਘ ਜੀ ਨੇ ਇਹ ਪਾਠ "ਮੈਲੇ ਬ੍ਰਹਮੰਡਾ ਇਕੈ ਈਸ" ਮੰਨ ਕੇ ਇਸ ਪ੍ਰਕਾਰ ਅਰਥ ਕੀਤਾ ਹੈ ਕਿ ਇਕੈ = ਇਕ ਈਸ = ਈਸ਼ਵਰ ਤੋਂ ਬਿਨਾਂ ਸਾਰੇ ਬ੍ਰਹਮੰਡ ਮਲੀਨ ਹਨ।

## ਮੈਲੇ ਨਿਸਿ ਬਾਸੁਰ; ਦਿਨ ਤੀਸ ॥੨॥

ਇਹ ਨਿਸਿ = ਰਾਤ ਬਾਸੁਰ = ਦਿਨ ਵੀ ਮੈਲੇ = ਮਲੀਨ ਹਨ ਅਤੇ ਤੀਸ = ਤੀਹ ਦਿਨ ਭਾਵ ਮਹੀਨੇ ਵੀ ਮੈਲੇ ਹਨ **ਵਾ:** ਤੀਹ ਦਿਨਾਂ ਦੇ ਰੋਜ਼ੇ ਰੱਖ ਕੇ ਜੋ ਰਾਤ ਦਿਨ ਮੰਦ ਕਰਮ ਕਰਦੇ ਹਨ, ਉਹ ਵੀ ਮੈਲੇ ਹਨ ॥੨॥

## ਮੈਲਾ ਮੋਤੀ; ਮੈਲਾ ਹੀਰੁ ॥ ਮੈਲਾ; ਪਵਨੁ[੧] ਪਾਵਕੁ, ਅਰੁ ਨੀਰੁ ॥੩॥

ਮੋਤੀ ਵੀ ਮੈਲਾ = ਮਲੀਨ ਹੈ ਭਾਵ ਇਹ ਆਪਦੀ ਖਿੱਚ ਦਿਖਾ ਕੇ ਜੀਵ ਦੇ ਮਨ ਨੂੰ ਲਾਲਚੀ ਬਣਾਉਂਦੇ ਹਨ ਅਤੇ ਹੀਰੁ = ਹੀਰਾ ਵੀ ਮੈਲਾ = ਮਲੀਨ ਹੈ, ਜੋ ਆਪਣਾ ਜੌਹਰ ਦਿਖਾ ਕੇ ਗਾਹਕ ਦੇ ਚਿੱਤ ਨੂੰ ਖਿੱਚ ਲੈਂਦਾ ਹੈ ਅਰਥਾਤ, ਭਾਵੇਂ ਇਹ ਮੋਤੀ ਹੀਰੇ ਬਹੁਤ ਅਮੋਲਕ ਮੰਨੇ ਹਨ, ਪਰ ਫਿਰ ਵੀ ਇਨ੍ਹਾਂ ਵਿਚ ਪੱਥਰ ਰੂਪ ਹੋਣ ਕਾਰਨ ਜੜਤਾ ਰੂਪੀ ਮੈਲ ਹੈ **ਵਾ:** ਜੋ ਤਮੋ ਭਾਵ ਤੇ ਮੋਹ ਪੈਦਾ ਕਰਨਾ ਹੈ, ਇਹੋ ਹੀ ਇਨ੍ਹਾਂ ਵਿਚ ਮੈਲ ਪੁਨਾ ਹੈ **ਵਾ:** ਮੋਤੀ ਅਤੇ ਹੀਰਿਆਂ ਦੀ ਪ੍ਰਾਪਤੀ ਲਈ ਲਾਲਚੀ ਪੁਰਖ ਕਈ ਤਰ੍ਹਾਂ ਦੇ ਪਾਪ ਕਰਦੇ ਹਨ, ਇਸ ਲਈ ਇਹ ਵੀ ਮੈਲੇ ਹਨ।

ਪਵਨੁ = ਪਉਣ ਵੀ ਮੈਲਾ = ਮਲੀਨ ਹੈ, ਪਾਵਕੁ = ਅੱਗ ਅਤੇ ਨੀਰੁ = ਪਾਣੀ ਵੀ ਮਲੀਨ ਹੈ ਕਿਉਂਕਿ ਇਨ੍ਹਾਂ ਸਭਨਾਂ ਤੱਤਾਂ ਵਿਚ ਛੋਟੇ-ਵੱਡੇ ਬੇਅੰਤ ਜੀਵ ਜੰਮਦੇ ਮਰਦੇ ਰਹਿੰਦੇ ਹਨ **ਵਾ:** ਪਉਣ ਦੇਵਤਾ, ਬੈਸੰਤਰ ਦੇਵਤਾ ਅਤੇ ਪਾਣੀ ਦੇਵਤਾ ਵੀ ਮੈਲੇ ਹਨ ॥੩॥

## ਮੈਲੇ; ਸਿਵ ਸੰਕਰਾ ਮਹੇਸ ॥ ਮੈਲੇ; ਸਿਧ ਸਾਧਿਕ ਅਰੁ ਭੇਖ ॥੪॥

ਸਿਵ = ਸ਼ਿਵਜੀ, ਸੰਕਰ, ਮਹੇਸ਼ ਆਦਿ ਗਿਆਰਾਂ ਰੁਦ੍ਰ ਅਵਤਾਰ ਵੀ ਮੈਲੇ = ਮਲੀਨ ਹਨ **ਵਾ:** ਸ਼ਿਵਜੀ ਆਪਣੇ ਆਪ ਨੂੰ ਸਿਵ = ਕਲਿਆਣ ਸਰੂਪ ਸਮਝਦਾ ਹੈ, (ਸੰ + ਕਰਾ) ਸੰ = ਭਲੀ ਪ੍ਰਕਾਰ ਕਲਿਆਣ ਕਰਨ ਵਾਲਾ ਵੀ ਸਮਝਦਾ ਅਤੇ (ਮਹ + ਏਸ) ਮਹ = ਪ੍ਰਿਥਵੀ ਦਾ ਏਸ = ਈਸ਼ਰ ਸਮਝਦਾ ਹੈ, ਇਹ ਇਸ ਵਿਚ ਮਲੀਨ ਪੁਨਾ ਹੈ **ਵਾ:** ਇਹ ਤਮੋਗੁਣੀ ਹੋਣ ਕਰਕੇ ਮਲੀਨ ਹੈ।

ਰਿੱਧੀਆਂ ਸਿੱਧੀਆਂ ਦੀ ਮਲੀਨਤਾ ਕਰਕੇ ਸਿੱਧ ਵੀ ਮੈਲੇ = ਮਲੀਨ ਹਨ, ਸਾਧਿਕ = ਸਾਧਨਾ ਕਰਨ ਵਾਲੇ ਜਗਿਆਸੂ ਸੂਖਮ ਹੰਕਾਰ ਕਰਕੇ ਮੈਲੇ ਹਨ ਅਤੇ ਜੋਗੀ ਜੰਗਮ ਆਦਿ ਭੇਖ ਵੀ ਕਾਮਾਦਿਕ ਵਿਕਾਰਾਂ ਕਰਕੇ ਮਲੀਨ ਹਨ ॥੪॥

## ਮੈਲੇ ਜੋਗੀ ਜੰਗਮ; ਜਟਾ ਸਹੇਤਿ ॥ ਮੈਲੀ ਕਾਇਆ; ਹੰਸ ਸਮੇਤਿ ॥੫॥

ਜੋਗੀ = ਜੋਗ ਦੀ ਸਾਧਨਾ ਕਰਨ ਵਾਲੇ, ਜੰਗਮ = ਸ਼ੈਵ ਮਤ ਦੇ ਫ਼ਿਰਕੇ ਵਾਲੇ ਅਤੇ ਜਟਾ = ਜੜਾਵਾਂ ਦੇ ਸਹੇਤਿ = ਸਹਿਤ ਰਹਿਣ ਵਾਲੇ ਨਾਂਗੇ ਸਾਧ ਆਦਿ ਵੀ ਹੰਕਾਰ ਰੂਪੀ ਮਲੀਨਤਾ ਕਰਕੇ ਮੈਲੇ = ਮਲੀਨ ਹਨ।

ਇਹ ਕਾਇਆ = ਦੇਹ ਵੀ ਹੰਸੁ = ਜੀਵਾਤਮਾ ਦੇ ਸਮੇਤਿ = ਸਹਿਤ ਮੈਲੀ = ਮਲੀਨ ਹੈ, ਭਾਵ ਦੇਹ ਔਗੁਣਾਂ ਵਿਚ ਫਸੀ ਰਹਿੰਦੀ ਹੈ ਅਤੇ ਜੀਵਾਤਮਾ ਵਿਕਾਰਾਂ ਵਿਚ ਫਸਿਆ ਰਹਿੰਦਾ ਹੈ ॥੫॥

---

੧. ਕਈ ਸਰੂਪਾਂ ਵਿਚ ਇਹ ਪਾਠ 'ਪਉਨੁ, ਪਉਨ, ਪਉਣ' ਕਰਕੇ ਵੀ ਆਉਂਦਾ ਹੈ।

## ਕਹਿ ਕਬੀਰ; ਤੇ ਜਨ ਪਰਵਾਨ ॥ ਨਿਰਮਲ ਤੇ; ਜੋ ਰਾਮਹਿ ਜਾਨ ॥੬॥੩॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਤੇ = ਉਹੋ ਹੀ ਜਨ = ਪੁਰਖ ਪ੍ਰਭੂ ਦੀ ਦਰਗਾਹ ਵਿਚ ਪਰਵਾਨ = ਪਰਵਾਨਿਕ ਹਨ।

ਅਤੇ ਤੇ = ਉਹੋ ਹੀ ਨਿਰਮਲ = ਮੈਲ ਤੋਂ ਰਹਿਤ ਉੱਜਲ ਜੀਵਨ ਵਾਲੇ ਹਨ, ਜੋ = ਜਿਹੜੇ ਰਾਮਹਿ = ਪਰਮਾਤਮਾ ਨੂੰ ਆਪਣਾ ਆਤਮ ਸਰੂਪ ਕਰਕੇ ਜਾਨ = ਜਾਣਦੇ ਹਨ ॥੬॥੩॥

**ਉਥਾਨਕਾ :** ਜਿਸ ਸਮੇਂ ਭਗਤ ਕਬੀਰ ਸਾਹਿਬ ਜੀ ਨੇ ਹਿੰਦੂਆਂ ਦੇ ਦੇਵਤਿਆਂ ਦਾ ਖੰਡਣ ਕਰ ਦਿੱਤਾ, ਤਦੋਂ ਪਾਸ ਬੈਠੇ ਇਕ ਕਾਜ਼ੀ ਨੇ ਭਗਤ ਜੀ ਨੂੰ ਕਿਹਾ ਕਿ ਭਗਤ ਜੀ ! ਤੁਸੀਂ ਠੀਕ ਹੀ ਕਿਹਾ ਹੈ ਕਿ ਹਿੰਦੂਆਂ ਦੇ ਦੇਵਤੇ ਸਾਰੇ ਮਲੀਨ ਹਨ, ਕੇਵਲ ਸਾਡਾ ਮੁਸਲਮਾਨ ਮਤ ਹੀ ਠੀਕ ਹੈ, ਤੂੰ ਸਾਡੇ ਨਾਲ ਮੱਕੇ ਦੀ ਜ਼ਿਆਰਤ ਨੂੰ ਚੱਲੀਂ। ਇਹ ਸੁਣ ਕੇ ਭਗਤ ਕਬੀਰ ਸਾਹਿਬ ਜੀ ਇਹ ਉਪਦੇਸ਼ ਕਥਨ ਕਰਦੇ ਹਨ।

## ਮਨੁ ਕਰਿ ਮਕਾ; ਕਿਬਲਾ ਕਰਿ ਦੇਹੀ ॥
## ਬੋਲਨਹਾਰੁ; ਪਰਮ ਗੁਰੁ ਏਹੀ ॥੧॥

ਹੇ ਕਾਜ਼ੀ ! ਇਸ ਮਨੁ = ਅੰਤਹਕਰਨ ਨੂੰ ਮੱਕਾ ਬਣਾਉਣਾ ਕਰ ਅਤੇ ਇਸ ਦੇਹੀ = ਕਾਂਇਆ ਨੂੰ ਕਿਬਲਾ = ਕਾਬੇ ਦੀ ਚਾਰ ਦੀਵਾਰੀ ਬਣਾਉਣਾ ਕਰ।

ਜੋ ਇਸ ਦੇਹੀ ਅੰਦਰ ਬੋਲਨਹਾਰ = ਬੋਲਣ ਵਾਲਾ ਚੇਤਨ ਹੈ, ਏਹੀ = ਇਹੋ ਹੀ ਪਰਮ = ਵੱਡਾ ਗੁਰੂ ਹੈ, ਭਾਵ ਕਾਬੇ ਵਿਚ ਜਾ ਕੇ ਉਥੇ ਅੰਦਰ ਰੱਖੇ ਕਾਲੇ ਪੱਥਰ (ਸ਼ਿਵਲਿੰਗ) ਦੀ ਥਾਂ ਇਸ ਚੇਤਨ ਨੂੰ ਹੀ ਪੂਜਣਾ ਕਰ ॥੧॥

## ਕਹੁ ਰੇ ਮੁਲਾਂ; ਬਾਂਗ ਨਿਵਾਜ ॥ ਏਕ ਮਸੀਤਿ; ਦਸੈ ਦਰਵਾਜ ॥੧॥ਰਹਾਉ॥

ਰੇ = ਹੇ ਮੁਲਾਂ = ਵਿਦਵਾਨ ! ਤੂੰ ਨਾਮ ਬਾਣੀ ਰੂਪੀ ਬਾਂਗ ਕਹੁ = ਉਚਾਰਣ ਕਰ ਅਤੇ ਨਿੰਮ੍ਰਤਾ ਰੂਪੀ ਨਿਵਾਜ = ਨਮਾਜ਼ ਪੜ੍ਹਨਾ ਕਰ।

ਇਸ ਦੇਹੀ ਨੂੰ ਹੀ ਏਕ = ਇਕ ਮਸੀਤਿ = ਮਸਜਿਦ ਅਤੇ ਇੰਦ੍ਰੀਆਂ ਰੂਪੀ ਦਸੈ = ਦਸ ਦਰਵਾਜ = ਦਰਵਾਜ਼ੇ ਸਮਝਣਾ ਕਰ ॥੧॥ਰਹਾਉ॥

## ਮਿਸਿਮਿਲਿ ਤਾਮਸੁ; ਭਰਮੁ ਕਦੂਰੀ ॥ ਭਾਖਿਲੇ ਪੰਚੈ; ਹੋਇ ਸਬੂਰੀ ॥੨॥

ਤਾਮਸੁ = ਕ੍ਰੋਧੀ ਸੁਭਾਅ ਅਤੇ ਭਰਮ ਨੂੰ ਕਦੂਰੀ = ਕੱਟਣਾ ਹੈ, ਇਹੋ ਹੀ ਮਿਸਿਮਿਲਿ = ਬਿਸਮਿੱਲਾ, ਹਲਾਲ ਕਰ **ਵਾ:** ਇਹੋ ਹੀ ਆਪਣੇ ਮਨ ਰੂਪੀ ਬੱਕਰੇ ਦਾ ਹੰਕਾਰ ਰੂਪੀ ਸਿਰ ਕੱਟਣਾ ਕਰ **ਅਥਵਾ** ਜਿਵੇਂ ਮੁਸਲਮਾਨ ਕਿਸੇ ਜਾਨਵਰ ਨੂੰ ਬਿਸਮਿਲਾ, ਕੋਹ ਕੇ ਮਾਰਨ ਤੋਂ ਬਾਅਦ ਉਸ ਉੱਪਰ ਇਕ ਰੁਮਾਲ ਪਾ ਕੇ ਖ਼ੁਦਾ ਅੱਗੇ ਅਰਪਨ ਕਰਦੇ ਹਨ, ਜਿਸ ਨੂੰ ਕਦੂਰੀ ਕਹਿੰਦੇ ਹਨ। ਏਸੇ ਪ੍ਰਕਾਰ ਤਾਮਸੁ = ਤਮੋਗੁਣ ਨੂੰ ਬਿਸਮਲ, ਕੱਟਣਾ ਕਰ ਅਤੇ ਭਰਮ ਨੂੰ ਕੱਟਣ ਰੂਪ ਉੱਪਰ ਰੁਮਾਲ ਪਾਉਣਾ ਕਰ। ਐਸਾ ਭੋਜਨ ਖ਼ੁਦਾ ਨੂੰ ਅਰਪਨਾ ਕਰ।

ਪੰਚੈ = ਪੰਜ ਕਾਮ ਕ੍ਰੋਧ ਆਦਿ ਵਿਕਾਰ ਭਾਖਿ = ਖਾ ਲੇ = ਲੈਣਾ ਕਰ, ਭਾਵ ਨਾਸ਼ ਕਰ, ਤਦੋਂ ਸਬੂਰੀ = ਸੰਤੋਖ ਵਾਲੀ ਬਿਰਤੀ ਦੀ ਪ੍ਰਾਪਤੀ ਹੋਇ = ਹੋਵੇਗੀ ॥੨॥

## ਹਿੰਦੂ ਤੁਰਕ ਕਾ; ਸਾਹਿਬੁ ਏਕ ॥ ਕਹ ਕਰੈ ਮੁਲਾਂ; ਕਹ ਕਰੈ ਸੇਖ ॥੩॥

ਹੇ ਭਾਈ ! ਹਿੰਦੂਆਂ ਅਤੇ ਤੁਰਕ = ਮੁਸਲਮਾਨਾਂ ਕਾ = ਦਾ ਏਕ = ਇਕ ਪਰਮਾਤਮਾ ਹੀ ਸਾਹਿਬੁ = ਮਾਲਕ ਹੈ।

ਫੇਰ ਕੋਈ ਮੁਲਾਂ = ਮੁਲਾਣਾ ਕਹ = ਕੀ ਕਰੈ = ਕਰ ਸਕਦਾ ਹੈ ਅਤੇ ਸੇਖ = ਬਿਰਧ ਜਾਤੀ ਵਾਲਾ ਕੋਈ ਕਹ = ਕੀ ਕਰੈ = ਕਰ ਸਕਦਾ ਹੈ, ਭਾਵ ਕੋਈ ਕੁਝ ਨਹੀਂ ਕਰ ਸਕਦਾ ॥੩॥

## ਕਹਿ ਕਬੀਰ; ਹਉ ਭਇਆ ਦਿਵਾਨਾ ॥
## ਮੁਸਿ ਮੁਸਿ ਮਨੂਆ; ਸਹਜਿ ਸਮਾਨਾ ॥੪॥੪॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹਉ = ਮੈਂ ਤਾਂ ਇਕ ਪਰਮਾਤਮਾ ਦੀ ਬੰਦਗੀ ਵਿਚ ਹੀ ਦਿਵਾਨਾ = ਮਸਤਾਨਾ ਭਇਆ = ਹੋਇਆ ਪਿਆ ਹਾਂ।

ਮੈਂ ਆਪਣੇ ਮਨੂਆ = ਮਨ ਦੇ ਅੰਦਰੋਂ ਕਾਮਾਦਿਕ ਵਿਕਾਰਾਂ ਨੂੰ ਸ਼ੁਭ ਗੁਣਾਂ ਨਾਲ ਮੁਸਿ ਮੁਸਿ = ਲੁੱਟ-ਲੁੱਟ ਕੇ **ਵਾ:** ਆਪਣਾ ਮਨ ਬਾਹਰਮੁਖ ਬਿਰਤੀ ਵੱਲੋਂ ਮੁਸਿ ਮੁਸਿ = ਰੋਕ ਰੋਕ ਕੇ ਸਹਜਿ = ਸ਼ਾਂਤ ਸਰੂਪ ਪ੍ਰਭੂ ਵਿਚ ਸਮਾਨਾ = ਸਮਾਉਣਾ, ਅਭੇਦ ਹੋਣਾ ਕੀਤਾ ਹੈ ॥੪॥੪॥

**ਉਥਾਨਕਾ :** ਜਦੋਂ ਕਬੀਰ ਜੀ ਨੇ ਐਸਾ ਉਪਦੇਸ਼ ਕਥਨ ਕੀਤਾ, ਤਦੋਂ ਉਥੇ ਬੈਠੇ ਕੁਝ ਬ੍ਰਾਹਮਣਾਂ ਨੇ ਕਿਹਾ ਕਿ ਹੇ ਕਬੀਰ! ਤੂੰ ਨਾ ਹਿੰਦੂਆਂ ਨੂੰ ਮੰਨਦਾ ਹੈਂ ਨਾ ਹੀ ਮੁਸਲਮਾਨਾਂ ਨੂੰ ਮੰਨਦਾ ਹੈਂ, ਇਸ ਲਈ ਤੂੰ ਬਹੁਤ ਵਿਗੜ ਚੁੱਕਾ ਹੈਂ। ਤਦੋਂ ਭਗਤ ਕਬੀਰ ਸਾਹਿਬ ਜੀ ਨੇ ਕਿਹਾ ਕਿ ਤੁਸੀਂ ਠੀਕ ਹੀ ਕਿਹਾ ਕਿ ਮੈਂ ਵਿਗੜ ਚੁੱਕਾ ਹਾਂ, ਪਰ ਵਿਗੜਨਾ ਦੋ ਪ੍ਰਕਾਰ ਦਾ ਹੁੰਦਾ ਹੈ ਇਕ ਤਾਂ ਇਹ ਹੈ ਕਿ ਆਪਣੀ ਅਸਲੀਅਤ, ਚੰਗੇ ਸੁਭਾਅ ਨੂੰ ਛੱਡ ਕੇ ਔਗੁਣਾਂ ਵਿਚ ਪੈ ਜਾਣਾ ਅਤੇ ਦੂਸਰਾ ਔਗੁਣਾਂ ਨੂੰ ਛੱਡ ਕੇ ਬੁਰੀ ਸੰਗਤ ਵੱਲੋਂ ਹਟ ਕੇ ਭਜਨ ਬੰਦਗੀ ਵਿਚ ਜੁੜ ਜਾਣਾ ਹੈ ਅਤੇ ਇਹ ਸ਼ਬਦ ਉਚਾਰਣ ਕੀਤਾ।

## ਗੰਗਾ ਕੇ ਸੰਗਿ; ਸਲਿਤਾ ਬਿਗਰੀ ॥
## ਸੋ ਸਲਿਤਾ; ਗੰਗਾ ਹੋਇ ਨਿਬਰੀ ॥੧॥

ਹੇ ਭਾਈ! ਦੇਖੋ! ਜਿਹੜੀ ਸਲਿਤਾ = ਨਦੀ ਗੰਗਾ ਕੇ = ਦੇ ਸੰਗਿ = ਨਾਲ ਮਿਲ ਕੇ ਬਿਗਰੀ = ਵਿਗੜ ਗਈ ਹੈ।

ਸੋ = ਉਹ ਮਮੂਲੀ ਸਲਿਤਾ = ਨਦੀ ਵੀ ਗੰਗਾ ਰੂਪ ਹੀ ਹੋਇ = ਹੋ ਨਿਬਰੀ = ਨਿੱਬੜਦੀ ਹੈ, ਭਾਵ ਪਵਿੱਤਰ ਗੰਗਾ ਹੀ ਬਣ ਜਾਂਦੀ ਹੈ।

ਏਸੇ ਪ੍ਰਕਾਰ ਮੇਰੀ ਬਿਰਤੀ ਰੂਪੀ ਨਦੀ ਪਰਮਾਤਮਾ ਦੀ ਭਗਤੀ ਰੂਪੀ ਗੰਗਾ ਦੇ ਨਾਲ ਮਿਲ ਕੇ ਵਿਗੜ ਗਈ ਅਤੇ ਉਹ ਭਗਤੀ ਦਾ ਸਰੂਪ ਹੀ ਹੋ ਕੇ ਜੰਮਣ ਮਰਣ ਤੋਂ ਨਿੱਬੜ ਗਈ ਹੈ, ਭਾਵ ਜੰਮਣ ਮਰਣ ਤੋਂ ਰਹਿਤ ਹੋ ਗਈ ਹੈ ॥੧॥

## ਬਿਗਰਿਓ ਕਬੀਰਾ; ਰਾਮ ਦੁਹਾਈ ॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਰਾਮ ਦੀ ਦੁਹਾਈ ਪਾ ਕੇ ਕਹਿੰਦਾ ਹਾਂ **ਵਾ:** ਰਾਮ ਦੀ ਦੁਹਾਈ = ਸੁਗੰਧ ਖਾ ਕੇ ਕਹਿੰਦਾ ਹਾਂ ਕਿ ਮੈਂ ਤੁਹਾਡੇ ਅਨੁਸਾਰ ਸੱਚ ਮੁੱਚ ਹੀ ਬਿਗਰਿਓ = ਵਿਗੜ ਗਿਆ ਹਾਂ **ਵਾ:** (ਬਿ+ਗਰਿਓ) ਬਿ = ਦ੍ਵੈਤ ਗਰਿਓ = ਗਲ ਗਈ ਹੈ।

## ਸਾਚੁ ਭਇਓ; ਅਨ ਕਤਹਿ ਨ ਜਾਈ ॥੧॥ਰਹਾਉ॥

ਹੁਣ ਮੈਂ ਸਾਚੁ = ਸੱਚ ਸਰੂਪ ਹੀ ਭਇਓ = ਹੋ ਗਿਆ ਹਾਂ, ਹੁਣ ਮੇਰਾ ਮਨ ਅਨ = ਹੋਰ ਕਤਹਿ = ਕਿਧਰੇ ਵਾਸ਼ਨਾ ਵਿਚ ਵੀ ਨਹੀਂ ਜਾਈ = ਜਾਂਦਾ ॥੧॥ਰਹਾਉ॥

## ਚੰਦਨ ਕੈ ਸੰਗਿ; ਤਰਵਰੁ ਬਿਗਰਿਓ ॥
## ਸੋ ਤਰਵਰੁ; ਚੰਦਨੁ ਹੋਇ ਨਿਬਰਿਓ ॥੨॥

ਹੋਰ ਦੇਖੋ ਚੰਦਨ ਕੈ = ਦੇ ਸੰਗਿ = ਨਾਲ ਮਿਲ ਕੇ ਨਿੰਮ, ਰਿੰਡ ਆਦਿ ਅਨੇਕਾਂ ਤਰਵਰੁ = ਬਿਰਛ ਬਿਗਰਿਓ = ਵਿਗੜ ਗਏ, ਭਾਵ ਉਨ੍ਹਾਂ ਦੀ ਸੁਗੰਧੀ ਚੰਦਨ ਦੀ ਸੁਗੰਧੀ ਵਾਂਗ ਹੋ ਗਈ।

ਸੋ = ਉਹ ਤਰਵਰੁ = ਬਿਰਛ ਚੰਦਨ ਦਾ ਰੂਪ ਹੀ ਹੋਇ = ਹੋ ਨਿਬਰਿਓ = ਨਿੱਬੜੇ ਹਨ।

ਏਸੇ ਪ੍ਰਕਾਰ ਚੰਦਨ ਦੀ ਨਿਆਈਂ ਵੈਰਾਗ ਹੈ, ਮੈਂ ਆਮ ਬਿਰਛ ਦੀ ਨਿਆਈਂ ਸਾਂ, ਉਸ ਨਾਲ ਮਿਲ ਕੇ ਬਿਗੜਨ ਨਾਲ (ਬਿ + ਗਰਿਓ) ਬਿ = ਦ੍ਵੈਤ ਨੂੰ ਗਰਿਓ = ਗਾਲ, ਨਾਸ਼ ਕਰਕੇ ਮੈਂ ਵੀ ਵੈਰਾਗੀ ਹੀ ਹੋ ਨਿੱਬੜਿਆ ਹਾਂ ॥੨॥

## ਪਾਰਸ ਕੇ ਸੰਗਿ; ਤਾਂਬਾ ਬਿਗਰਿਓ ॥
## ਸੋ ਤਾਂਬਾ; ਕੰਚਨੁ ਹੋਇ ਨਿਬਰਿਓ ॥੩॥

ਪਾਰਸ ਕੇ = ਦੇ ਸੰਗਿ = ਨਾਲ ਮਿਲ ਕੇ ਤਾਂਬਾ ਬਿਗਰਿਓ = ਵਿਗੜਿਆ ਹੈ।

ਸੋ = ਉਹ ਤਾਂਬਾ ਕੰਚਨੁ = ਸੋਨਾ ਹੀ ਹੋਇ = ਹੋ ਨਿਬਰਿਓ = ਨਿੱਬੜਿਆ ਹੈ। ਏਸੇ ਪ੍ਰਕਾਰ ਪਾਰਸ ਦੀ ਨਿਆਈਂ ਗੁਰੂ ਦਾ ਉਪਦੇਸ਼ ਹੈ, ਤਾਂਬੇ ਦੀ ਨਿਆਈਂ ਮੇਰਾ ਚਿੱਤ ਸੀ, ਸੋ ਉਸ ਉਪਦੇਸ਼ ਨਾਲ ਵਿਗੜਨ ਭਾਵ ਮਿਲਣ ਕਰਕੇ ਸੋਨੇ ਦੀ ਨਿਆਈਂ ਸ਼ੁੱਧ ਸਰੂਪ ਹੋ ਨਿੱਬੜਿਆ ਹੈ ॥੩॥

## ਸੰਤਨ ਸੰਗਿ; ਕਬੀਰਾ ਬਿਗਰਿਓ ॥
## ਸੋ ਕਬੀਰੁ; ਰਾਮੈ ਹੋਇ ਨਿਬਰਿਓ ॥੪॥੫॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਸੰਤਨ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਸੰਗਿ = ਨਾਲ ਮਿਲ ਕੇ ਮੈਂ ਕੁਸੰਗਤ ਵੱਲੋਂ ਬਿਗਰਿਓ = ਵਿਗੜ ਗਿਆ ਹਾਂ।

ਸੋ = ਉਹ ਮੈਂ ਕਬੀਰ ਤਾਂ ਰਾਮੈ = ਪਰਮਾਤਮਾ ਦਾ ਰੂਪ ਹੀ ਹੋਇ = ਹੋ ਨਿਬਰਿਓ = ਨਿੱਬੜਿਆ ਹਾਂ ॥੪॥੫॥ ਜੈਸਾ ਕਿ :

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥** *(ਰਾਮਕਲੀ ਕਬੀਰ ਜੀ, ਅੰਗ ੯੬੯)*

ਇਸ ਅੱਗੇ ਆ ਰਹੇ ਸ਼ਬਦ ਵਿਚ ਭਗਤ ਕਬੀਰ ਸਾਹਿਬ ਜੀ ਪਖੰਡ ਦਾ ਖੰਡਨ ਕਰਦੇ ਹੋਏ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਮਾਥੇ ਤਿਲਕੁ; ਹਥਿ ਮਾਲਾ ਬਾਨਾਂ ॥ ਲੋਗਨ; ਰਾਮੁ ਖਿਲਉਨਾ ਜਾਨਾਂ ॥੧॥

ਹੇ ਭਾਈ ! ਜੋ ਮਾਥੇ = ਮੱਥੇ ਉੱਪਰ ਤਿਲਕੁ = ਟਿੱਕਾ ਲਾਉਣਾ, ਹੱਥ ਵਿਚ ਮਾਲਾ = ਜਪਨੀ ਪਕੜਨੀ ਅਤੇ ਭਗਤਾਂ ਵਾਲਾ ਬਾਨਾਂ= ਲਿਬਾਸ ਬਣਾ ਲੈਣਾ ਅਤੇ ਆਪਣੇ ਆਪ ਨੂੰ ਪੂਰਨ ਭਗਤ ਸਮਝ ਲੈਣਾ ਹੈ।

ਹੇ ਭਾਈ ! ਲੋਗਨ = ਲੋਕਾਂ ਨੇ ਤਾਂ ਰਾਮੁ = ਪਰਮਾਤਮਾ ਨੂੰ ਖਿਲਾਉਨਾ = ਖਿਡੌਣਾ ਜਾਨਾ = ਜਾਨਣਾ ਕੀਤਾ ਹੈ, ਭਾਵ ਪਰਮਾਤਮਾ ਦਾ ਮਖ਼ੌਲ ਬਣਾਇਆ ਹੈ ਜਿਵੇਂ ਛੋਟੇ ਬੱਚੇ ਨੂੰ ਕੋਈ ਖਿਡੌਣਾ ਦੇ ਕੇ ਪ੍ਰਸੰਨ ਕਰੀਦਾ ਹੈ, ਇਉਂ ਲੋਕ ਮੱਥੇ ਉੱਪਰ ਟਿੱਕੇ ਲਾ ਕੇ ਹੱਥ ਵਿਚ ਮਾਲਾ ਪਕੜ ਕੇ ਪਰਮਾਤਮਾ ਨੂੰ ਪ੍ਰਸੰਨ ਕਰਨਾ ਚਾਹੁੰਦੇ ਹਨ, ਪਰ ਐਸੀ ਮਸ਼ਕਰੀ ਨਾਲ ਪਰਮਾਤਮਾ ਪ੍ਰਸੰਨ ਨਹੀਂ ਹੁੰਦਾ ॥੧॥

## ਜਉ ਹਉ ਬਉਰਾ; ਤਉ ਰਾਮ ਤੋਰਾ ॥
## ਲੋਗੁ; ਮਰਮੁ ਕਹ ਜਾਨੈ ਮੋਰਾ ॥੧॥ਰਹਾਉ॥

ਹੇ ਰਾਮ = ਪਰਮਾਤਮਾ ! ਜਉ = ਜੇਕਰ ਲੋਕਾਂ ਦੇ ਕਹਿਣ ਅਨੁਸਾਰ ਹਉ = ਮੈਂ ਬਉਰਾ = ਕਮਲਾ ਹੋ ਗਿਆ ਹਾਂ, ਤਉ = ਤਾਂ ਵੀ ਮੈਂ ਤੇਰਾ ਹੀ ਸੇਵਕ ਹਾਂ।

ਪਰ ਇਹ ਦੰਭੀ ਲੋਗ = ਲੋਕ ਮੋਰਾ = ਮੇਰਾ ਮਰਮੁ = ਭੇਤ ਕਹ = ਕੀ ਜਾਨੈ = ਜਾਣ ਸਕਦੇ ਹਨ, ਭਾਵ ਕੁਝ ਨਹੀਂ ਜਾਣ ਸਕਦੇ ॥੧॥ਰਹਾਉ॥

## ਤੋਰਉ ਨ ਪਾਤੀ; ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ; ਨਿਹਫਲ ਸੇਵਾ ॥੨॥

ਮੈਂ ਇਨ੍ਹਾਂ ਪਖੰਡੀਆਂ ਵਾਂਗ ਦੇਵਤਿਆਂ ਦੀ ਭੇਂਟ ਚੜ੍ਹਾਉਣ ਲਈ ਤੁਲਸੀ ਆਦਿ ਦੇ ਪਾਤੀ = ਪੱਤੇ ਨਹੀਂ ਤੋਰਉ = ਤੋੜਦਾ ਅਤੇ ਕਿਸੇ ਦੇਵਾ = ਦੇਵਤਿਆਂ ਦੀਆਂ ਮੂਰਤਾਂ ਨੂੰ ਵੀ ਪੂਜਉ = ਪੂਜਣਾ ਨਹੀਂ ਕਰਦਾ।

ਮੈਂ ਇਹ ਸਮਝਦਾ ਹਾਂ ਕਿ ਰਾਮ = ਪਰਮਾਤਮਾ ਦੀ ਭਗਤਿ = ਭਗਤੀ ਤੋਂ ਬਿਨੁ = ਬਗ਼ੈਰ ਸਾਰੀ ਕੀਤੀ ਹੋਈ ਸੇਵਾ = ਟਹਿਲ ਨਿਹਫਲ = ਫਲ ਹੀਨ ਵਿਅਰਥ ਹੈ ॥੨॥

## ਸਤਿਗੁਰੁ ਪੂਜਉ; ਸਦਾ ਸਦਾ ਮਨਾਵਉ ॥
## ਐਸੀ ਸੇਵ; ਦਰਗਹ ਸੁਖੁ ਪਾਵਉ ॥੩॥

ਮੈਂ ਆਪਣੇ ਸਤਿਗੁਰੂ ਨੂੰ ਪੂਜਉ = ਪੂਜਣਾ ਕਰਦਾ ਹਾਂ ਅਤੇ ਮਨ ਬਾਣੀ ਸਰੀਰ ਕਰਕੇ ਸਦਾ ਸਦਾ = ਹਮੇਸ਼ਾਂ-ਹਮੇਸ਼ਾਂ ਭਾਵਨਾ ਨਾਲ ਮਨਾਵਉ = ਮਨਾਉਣਾ ਕਰਦਾ ਹਾਂ।

ਸਤਿਗੁਰਾਂ ਦੀ ਐਸੀ = ਅਜਿਹੀ ਸੇਵ = ਟਹਿਲ ਕਰਕੇ ਮੈਂ ਪਰਮਾਤਮਾ ਦੀ ਦਰਗਾਹ ਵਿਚ ਸੁੱਖ ਪਾਵਉ = ਪਾਉਣਾ ਕਰਾਂਗਾ **ਵਾ:** (ਦਰ + ਗਹ) ਦਰ = ਅੰਦਰ ਤੁਰੀਆ ਪਦ ਰੂਪੀ ਗਹ = ਜਗ੍ਹਾ ਦੀ ਪ੍ਰਾਪਤੀ ਕਰਕੇ ਸੁਖ ਪਾਉਣਾ ਕਰਾਂਗਾ **ਵਾ:** ਸਤਿਸੰਗਤ, ਸੰਸਾਰ ਰੂਪੀ ਦਰਗਾਹ ਦੇ ਅੰਦਰ ਸੁੱਖ ਪਾਉਣਾ ਕਰਦਾ ਹਾਂ ॥੩॥

## ਲੋਗੁ ਕਹੈ; ਕਬੀਰੁ ਬਉਰਾਨਾ ॥
## ਕਬੀਰ ਕਾ ਮਰਮੁ; ਰਾਮ ਪਹਿਚਾਨਾਂ ॥੪॥੬॥

ਇਹ ਦੁਨੀਆਂ ਦੇ ਲੋਗੁ = ਲੋਕ ਕਹੈ = ਕਹਿੰਦੇ ਹਨ ਕਿ ਇਹ ਕਬੀਰ ਬਉਰਾਨਾ = ਬੌਰਾ, ਕਮਲਾ ਹੋ ਗਿਆ ਹੈ। ਕਿਉਂਕਿ ਨਾ ਹੀ ਇਹ ਹਿੰਦੂਆਂ ਵਾਂਗ ਤਿਲਕ ਆਦਿ ਲਾਉਂਦਾ ਤੇ ਵਰਤ ਆਦਿ ਨਹੀਂ ਰੱਖਦਾ ਹੈ ਅਤੇ ਨਾ ਹੀ ਮੁਸਲਮਾਨਾਂ ਵਾਂਗ ਨਮਾਜ਼ ਆਦਿ ਪੜ੍ਹਦਾ ਹੈ ਅਤੇ ਰੋਜ਼ੇ ਆਦਿ ਵੀ ਨਹੀਂ ਰੱਖਦਾ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਜਨ ਕਾ = ਦਾ ਮਰਮੁ = ਭੇਤ ਤਾਂ ਰਾਮ = ਪਰਮਾਤਮਾ ਨੇ ਪਹਿਚਾਨਾ = ਪਛਾਣਨਾ ਕੀਤਾ ਹੈ ਕਿ ਇਹ ਕਮਲਾ ਹੈ ਜਾਂ ਉਸਦਾ ਭਗਤ ਹੈ ॥੪॥੬॥

**ਉਥਾਨਕਾ :** ਇਕ ਦਿਨ ਭਗਤ ਕਬੀਰ ਸਾਹਿਬ ਜੀ ਦੇ ਪਾਸ ਕੁਝ ਹਿੰਦੂ ਅਤੇ ਕੁਝ ਮੁਸਲਮਾਨ ਇਕੱਠੇ ਹੋ ਕੇ ਆਏ, ਉਨ੍ਹਾਂ ਨੇ ਕਿਹਾ ਕਿ ਹੇ ਕਬੀਰ ! ਜਾਂ ਤਾਂ ਤੂੰ ਹਿੰਦੂ ਬਣ ਜਾਂ ਮੁਸਲਮਾਨ। ਕਿਸੇ ਇਕ ਪਾਸੇ ਜ਼ਰੂਰ ਹੋਣਾ ਕਰ। ਤਦੋਂ ਸੁਣ ਕੇ ਭਗਤ ਕਬੀਰ ਸਾਹਿਬ ਜੀ ਨੇ ਇਹ ਸ਼ਬਦ ਉਚਾਰਣ ਕੀਤਾ।

## ਉਲਟਿ ਜਾਤਿ; ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ; ਬੁਨਤ ਹਮਾਰੀ ॥੧॥

ਹੇ ਭਾਈ ! ਪਰਮਾਤਮਾ ਤੋਂ ਉਲਟ ਜਾਤਿ = ਜਾਂਦੇ ਹੋਏ ਜਾਣ ਕੇ ਮੈਂ ਹਿੰਦੂ ਅਤੇ ਮੁਸਲਮਾਨ ਦੋਊ = ਦੋਵੇਂ ਕੁਲਾਂ ਬਿਸਾਰੀ = ਭੁਲਾ ਦਿੱਤੀਆਂ ਹਨ, ਭਾਵ ਹਿੰਦੂ ਪਰਮਾਤਮਾ ਦੀ ਭਗਤੀ ਛੱਡ ਕੇ ਕਰਮ ਕਾਂਡਾਂ ਵਿਚ

ਫਸੇ ਪਏ ਹਨ ਅਤੇ ਮੁਸਲਮਾਨ ਸ਼ਰ੍ਹਾ ਦੀਆਂ ਕਿਤਾਬਾਂ ਪੜ੍ਹ ਕੇ ਖ਼ੁਦਾ ਦੀ ਇਬਾਦਤ ਵੱਲੋਂ ਭੁੱਲੇ ਹੋਏ ਹਨ। **ਅਥਵਾ** ਹਿੰਦੂ ਕਹਿੰਦੇ ਹਨ ਕਿ ਅਸੀਂ ਵੱਡੇ ਹਾਂ ਅਤੇ ਮੁਸਲਮਾਨ ਕਹਿੰਦੇ ਹਨ ਕਿ ਅਸੀਂ ਵੱਡੇ ਹਾਂ, ਇਉਂ ਮੈਂ ਇਨ੍ਹਾਂ ਦੋਨਾਂ ਵਿਚ ਜਾਤੀ ਅਤੇ ਕੁਲ ਦਾ ਅਭਿਮਾਨ ਸਮਝ ਕੇ ਬਿਸਾਰ ਦਿੱਤੇ ਹਨ **ਅਥਵਾ** ਸੰਸਾਰ ਵੱਲੋਂ ਬਿਰਤੀ ਉਲਟਾ ਕੇ ਮੈਂ ਜਾਤੀ ਅਤੇ ਕੁਲ ਦੀ ਹੰਗਤਾ ਭੁਲਾ ਦਿੱਤੀ ਹੈ।

ਸੁੰਨ = ਅਫੁਰ ਸਰੂਪ ਬ੍ਰਹਮ ਦੇ ਸਹਜ = ਗਿਆਨ ਮਹਿ = ਵਿਚ ਹਮਾਰੀ = ਸਾਡੀ ਬੁਨਤ = ਬੁਣਤੀ ਹੋ ਰਹੀ ਹੈ। ਅਰਥਾਤ ਵੈਰਾਗ, ਬਿਬੇਕ, ਖਟ ਸੰਪਤੀ ਅਤੇ ਮੋਖ ਇੱਛਾ ਇਹ ਤਾਣੇ ਦਾ ਸੂਤ ਹੈ। ਸਰਵਣ, ਮੰਨਣ, ਨਿਧਿਆਸਣ, ਤਤ ਤੂੰ ਦਾ ਸੰਸ਼ੋਧਨ ਇਹ ਪੇਟੇ ਦਾ ਸੂਤ ਹੈ, ਅਫੁਰ ਸਰੂਪ ਵਿਚ ਭੇਦ ਦੀਆਂ ਬਾਧਕ ਅਤੇ ਅਭੇਦ ਦੀਆਂ ਸਾਧਕ ਜੁਗਤੀਆਂ ਰੂਪੀ ਨਲਕੀਆਂ ਵਗਾ ਕੇ ਸੋਹਣੀ ਬੁਣਤੀ ਕਰ ਰਿਹਾ ਹਾਂ **ਵਾ:** ਸਜਾਤੀ ਬਿਰਤੀ ਦਾ ਪਰਵਾਹ ਰੂਪ ਪੇਟਾ ਅਤੇ ਵਿਜਾਤੀ ਬਿਰਤੀ ਦਾ ਪਰਵਾਹ ਰੂਪ ਤਾਣੇ ਦਾ ਸੂਤ ਹੈ, ਇਹ ਅਫੁਰ ਸਰੂਪ ਦੇ ਵਿਚ ਗਿਆਨ ਰੂਪੀ ਬਸਤਰ ਦੀ ਸਾਡੀ ਸੋਹਣੀ ਬੁਣਤੀ ਬਣ ਰਹੀ ਹੈ॥੧॥

**[ਅੰਗ ੧੧੫੯]**

## ਹਮਰਾ ਝਗਰਾ; ਰਹਾ ਨ ਕੋਊ ॥ ਪੰਡਿਤ ਮੁਲਾਂ; ਛਾਡੇ ਦੋਊ ॥੧॥ਰਹਾਉ॥

ਹੇ ਭਾਈ! ਹਮਰਾ = ਸਾਡਾ ਤਾਂ ਕਿਸੇ ਨਾਲ ਕੋਊ = ਕੋਈ ਵੀ ਝਗਰਾ = ਝਗੜਾ, ਵਿਵਾਦ ਨਹੀਂ ਰਿਹਾ।

ਅਸੀਂ ਪੰਡਿਤ = ਹਿੰਦੂਆਂ ਦੇ ਵਿਦਵਾਨ ਅਤੇ ਮੁਲਾਂ = ਮੁਸਲਮਾਨਾਂ ਦੇ ਵਿਦਵਾਨ ਦੋਊ = ਦੋਵੇਂ ਰਸਤੇ ਹੀ ਛਾਡੇ = ਛੱਡ ਦਿੱਤੇ ਹਨ ਭਾਵ ਪੰਡਤਾਂ ਵਾਲੇ ਕਰਮ ਕਾਂਡ ਛੱਡ ਦਿੱਤੇ ਹਨ ਅਤੇ ਮੁੱਲਾਂ ਵਾਲੇ ਸ਼ਰ੍ਹਾ ਦੇ ਭੇਦ ਛੱਡ ਦਿੱਤੇ ਹਨ॥੧॥ਰਹਾਉ॥

## ਬੁਨਿ ਬੁਨਿ ਆਪ; ਆਪੁ ਪਹਿਰਾਵਉ ॥
## ਜਹ ਨਹੀ ਆਪੁ; ਤਹਾ ਹੋਇ ਗਾਵਉ ॥੨॥

ਹੇ ਭਾਈ! ਅਸੀਂ ਉਪਰੋਕਤ ਕਥਨ ਕੀਤੇ ਗਿਆਨ ਰੂਪੀ ਬਸਤਰ ਨੂੰ ਬੁਨਿ ਬੁਨਿ = ਉਣ ਉਣ ਕੇ ਤੂੰ ਪਦ ਦੇ ਲਖ ਅਰਥ, ਪਰਤਕ ਜੋਤ ਅਤੇ ਤਤ ਪਦ ਦੇ ਲਖ ਅਰਥ, ਅਦ੍ਵੈਤ ਅਨੰਦ ਜੋਤ ਵਿਚ ਸ੍ਰਵਣ, ਮੰਨਣ, ਨਿਧਿਆਸਣ ਕਰਕੇ ਇਸਥਿਤ, ਲੀਨ ਹੋਣ ਰੂਪ ਆਪਣੇ ਆਪ ਨੂੰ ਬਸਤਰ ਪਹਿਰਾਵਉ = ਪਹਿਨਾਉਣਾ ਕਰਦੇ ਹਾਂ।

ਅਤੇ ਜਹ = ਜਿਥੇ ਆਪੁ = ਆਪਾ ਭਾਵ (ਹੰਕਾਰ) ਨਹੀਂ ਹੈ, ਤਹਾ = ਉਸ ਅਵਸਥਾ ਵਿਚ ਇਸਥਿਤ ਹੋਇ = ਹੋ ਕੇ ਅਸੀਂ ਬ੍ਰਹਮ ਗਿਆਨ ਦੇ ਬਚਨਾਂ ਨੂੰ ਗਾਵਉ = ਗਾਉਣਾ ਕਰਦੇ ਹਾਂ **ਵਾ:** ਸੂਖਮ ਅਸਥੂਲ ਤੇ ਕਾਰਨ ਦੇਹਾਂ ਦੇ ਅਭਿਮਾਨ ਤੋਂ ਰਹਿਤ ਬ੍ਰਹਮ ਸਰੂਪ ਵਿਚ ਇਸਥਿਤ ਹੋ ਕੇ ਜਗਿਆਸੂ ਅਧਿਕਾਰੀਆਂ ਨੂੰ ਜੀਵਨ ਮੁਕਤੀ ਦਾ ਅਨੰਦ ਦੇਣ ਵਾਸਤੇ ਪ੍ਰਭੂ ਦਾ ਜੱਸ ਗਾ ਰਹੇ ਹਾਂ॥੨॥

## ਪੰਡਿਤ ਮੁਲਾਂ; ਜੋ ਲਿਖਿ ਦੀਆ ॥ ਛਾਡਿ ਚਲੇ; ਹਮ ਕਛੂ ਨ ਲੀਆ ॥੩॥

ਪੰਡਤਾਂ ਨੇ ਜੋ ਕਰਮ ਕਾਂਡਾਂ ਦੇ ਬਚਨ ਅਤੇ ਮੁਲਾਂ = ਮੁਲਾਣਿਆਂ ਨੇ ਸ਼ਰ੍ਹਾ ਆਦਿ ਬਾਰੇ ਜੋ ਕੁਝ ਲਿਖ ਦੀਆ = ਦਿੱਤਾ ਹੈ।

ਹੁਣ ਅਸੀਂ ਮਾਰਫ਼ਤ, ਗਿਆਨ ਅਵਸਥਾ **ਵਾ:** ਅਨੁਭਵ ਅਵਸਥਾ ਵਿਚ ਪਹੁੰਚ ਕੇ ਉਹ ਸਭ ਕੁਝ ਛਾਡਿ = ਛੱਡ ਚੱਲੇ ਹਾਂ, ਅਸੀਂ ਇਨ੍ਹਾਂ ਦਾ ਕਛੂ = ਕੁਝ ਵੀ ਮਤ, ਸੁਭਾਅ ਨਹੀਂ ਲੀਆ = ਲੈਣਾ ਕੀਤਾ॥੩॥

## ਰਿਦੈ ਇਖਲਾਸੁ; ਨਿਰਖਿਲੇ ਮੀਰਾ ॥ ਆਪੁ ਖੋਜਿ ਖੋਜਿ; ਮਿਲੇ ਕਬੀਰਾ ॥੪॥੭॥

ਹੇ ਭਾਈ! ਅਸੀਂ ਰਿਦੈ = ਹਿਰਦੇ ਵਿਚ ਇਖਲਾਸੁ[੧] = ਸ਼ੁੱਧ, ਨਿਸ਼ਕਪਟ ਪ੍ਰੇਮ ਕਰਕੇ ਮੀਰਾ = ਪਾਤਸ਼ਾਹ ਪਰਮਾਤਮਾ ਨੂੰ ਨਿਰਖਿ = ਦੇਖ ਲੇ = ਲੈਣਾ ਕੀਤਾ ਹੈ। ਜੈਸਾ ਕਿ :

**ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ ॥** *(ਦਸਮ ਗ੍ਰੰਥ)*

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਆਪੁ = ਆਪਣੇ ਹਿਰਦੇ ਅੰਦਰ ਖੋਜੀ ਹੋ ਕੇ ਪਰਮਾਤਮਾ ਨੂੰ ਖੋਜਿ ਖੋਜਿ = ਢੂੰਢ-ਢੂੰਢ ਕੇ ਭਾਵ ਤਤ ਤ੍ਵੰ ਪਦ ਦੇ ਲਖ ਅਰਥ ਦੀ ਏਕਤਾ ਕਰਕੇ ਬ੍ਰਹਮ ਨਾਲ ਮਿਲੇ = ਮਿਲ ਗਏ ਹਾਂ ਭਾਵ ਅਭੇਦ ਹੋ ਗਏ ਹਾਂ ॥੪॥੭॥

ਇਸ ਸ਼ਬਦ ਵਿਚ ਭਗਤ ਕਬੀਰ ਸਾਹਿਬ ਜੀ ਧਨ ਤੋਂ ਹੀਣੇ ਕੰਗਾਲ ਅਤੇ ਧਨਵਾਨ ਪੁਰਖਾਂ ਦੀ ਹਾਲਤ ਕਥਨ ਕਰਕੇ ਅਖ਼ੀਰ ਵਿਚ ਨਾਮ ਦੀ ਮਹਿਮਾ ਕਥਨ ਕਰਦੇ ਹਨ।

## ਨਿਰਧਨ; ਆਦਰੁ ਕੋਈ ਨ ਦੇਇ ॥

ਹੇ ਭਾਈ! ਦੁਨੀਆਂ ਦੀ ਐਸੀ ਹਾਲਤ ਹੈ ਕਿ ਨਿਰਧਨ = ਧਨ ਤੋਂ ਹੀਣੇ ਮਨੁੱਖ ਨੂੰ ਕੋਈ ਵੀ ਆਦਰੁ = ਸਤਿਕਾਰ ਨਹੀਂ ਦੇਇ = ਦੇਣਾ ਕਰਦਾ।

## ਲਾਖ ਜਤਨ ਕਰੈ; ਓਹੁ ਚਿਤਿ ਨ ਧਰੇਇ ॥੧॥ਰਹਾਉ॥

ਭਾਵੇਂ ਨਿਰਧਨ ਮਨੁੱਖ ਧਨੀ ਪੁਰਖ ਨੂੰ ਖ਼ੁਸ਼ ਕਰਨ ਲਈ ਲੱਖਾਂ ਜਤਨ = ਉੱਦਮ ਕਰੇ, ਪਰ ਉਹ ਧਨੀ ਪੁਰਖ ਉਸ ਕੰਗਾਲ ਨੂੰ ਆਪਣੇ ਚਿਤਿ = ਮਨ ਵਿਚ ਨਹੀਂ ਧਰੇਇ = ਰੱਖਦਾ, ਭਾਵ ਉਸਦੇ ਕੀਤੇ ਲੱਖਾਂ ਉੱਦਮਾਂ ਦੀ ਪਰਵਾਹ ਨਹੀਂ ਕਰਦਾ ॥੧॥ਰਹਾਉ॥

## ਜਉ ਨਿਰਧਨੁ; ਸਰਧਨ ਕੈ ਜਾਇ ॥ ਆਗੇ ਬੈਠਾ; ਪੀਠਿ ਫਿਰਾਇ ॥੧॥

ਜਉ = ਜੇਕਰ ਨਿਰਧਨ = ਧਨ ਹੀਣ ਪੁਰਖ ਸਰਧਨ = ਧਨਵਾਨ ਪੁਰਖ ਕੈ = ਦੇ ਕੋਲ ਜਾਇ = ਜਾਣਾ ਕਰੇ।

ਤਦੋਂ ਆਗੇ = ਅੱਗੇ ਬੈਠਾ ਹੋਇਆ ਧਨੀ ਪੁਰਖ ਉਸ ਕੰਗਾਲ ਵੱਲ ਆਪਣੀ ਪੀਠਿ = ਪਿੱਠ, ਕੰਡ ਫਿਰਾਇ = ਫੇਰ ਲੈਂਦਾ ਹੈ ਕਿ ਕਿਤੇ ਇਹ ਮੇਰੇ ਪਾਸੋਂ ਕੁਝ ਮੰਗ ਨਾ ਲਵੇ ॥੧॥

## ਜਉ ਸਰਧਨੁ; ਨਿਰਧਨ ਕੈ ਜਾਇ ॥ ਦੀਆ ਆਦਰੁ; ਲੀਆ ਬੁਲਾਇ ॥੨॥

ਜਉ = ਜੇਕਰ ਸਰਧਨ = ਦੌਲਤਮੰਦ ਪੁਰਖ ਕਿਸੇ ਨਿਰਧਨ = ਕੰਗਾਲ ਪੁਰਖ ਕੈ = ਦੇ ਕੋਲ ਜਾਇ = ਜਾਣਾ ਕਰੇ।

ਤਦੋਂ ਉਹ ਕੰਗਾਲ ਪੁਰਖ ਵੱਲੋਂ ਦੌਲਤਮੰਦ ਨੂੰ ਆਦਰੁ = ਸਤਿਕਾਰ ਦੀਆ = ਦਿੱਤਾ ਜਾਂਦਾ ਹੈ ਅਤੇ ਬਹੁਤ ਪ੍ਰੇਮ ਨਾਲ ਘਰ ਦੇ ਅੰਦਰ ਬੁਲਾਇ = ਬੁਲਾ ਲੀਆ = ਲਿਆ ਜਾਂਦਾ ਹੈ ॥੨॥

## ਨਿਰਧਨ ਸਰਧਨੁ; ਦੋਨਉ ਭਾਈ ॥ ਪ੍ਰਭ ਕੀ ਕਲਾ; ਨ ਮੇਟੀ ਜਾਈ ॥੩॥

ਵਾਸਤਵ ਵਿਚ ਚੇਤਨ ਦੀ ਅੰਸ ਹੋਣ ਕਰਕੇ ਨਿਰਧਨ = ਕੰਗਾਲ ਅਤੇ ਸਰਧਨੁ = ਦੌਲਤਮੰਦ ਆਪਸ ਵਿਚ ਦੋਨਉ = ਦੋਵੇਂ ਭਾਈ = ਭਰਾ ਹਨ।

---

੧. 'ਇਖਲਾਸੁ' ਸ਼ਬਦ ਅਰਬੀ ਦੀ ਬੋਲੀ ਦਾ ਹੈ।

ਇਹ ਪਰਮਾਤਮਾ ਦੀ ਕਲਾ = ਖੇਡ ਮੇਟੀ = ਮਿਟਾਈ ਨਹੀਂ ਜਾਈ = ਜਾ ਸਕਦੀ, ਭਾਵ ਕਰਮਾਂ ਦੀ ਖੇਡ ਅਨੁਸਾਰ ਕੋਈ ਕੰਗਾਲ ਤੇ ਕੋਈ ਧਨਵਾਨ ਹੈ, ਪ੍ਰਭੂ ਕਰਮਾਂ ਅਨੁਸਾਰ ਫਲ ਪ੍ਰਦਾਤਾ ਹੈ॥੩॥

## ਕਹਿ ਕਬੀਰ; ਨਿਰਧਨ ਹੈ ਸੋਈ॥ ਜਾ ਕੇ ਹਿਰਦੈ; ਨਾਮੁ ਨ ਹੋਈ॥੪॥੮॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਸੋਈ = ਉਹੋ ਹੀ ਮਨੁੱਖ ਨਿਰਧਨ = ਧਨ ਤੋਂ ਹੀਣ ਕੰਗਾਲ ਹੈ।

ਜਾ = ਜਿਸ ਮਨੁੱਖ ਕੇ = ਦੇ ਹਿਰਦੈ = ਮਨ ਵਿਚ ਪਰਮਾਤਮਾ ਦੇ ਨਾਮ ਨਾਲ ਪ੍ਰੀਤੀ ਨਹੀਂ ਹੋਈ॥੪॥੮॥

### ਦੂਸਰਾ ਅਰਥ

**ਨਿਰਧਨ; ਆਦਰੁ ਕੋਈ ਨ ਦੇਇ॥**

ਹੇ ਭਾਈ! ਨਾਮ ਰੂਪੀ ਧਨ ਤੋਂ ਹੀਣ ਮਨੁੱਖ ਨੂੰ ਤਤਬੇਤਿਆਂ ਦੀ ਸੰਗਤ, ਪ੍ਰਲੋਕ ਵਿਚ ਕੋਈ ਵੀ ਆਦਰ, ਸਤਿਕਾਰ ਨਹੀਂ ਦੇਂਦਾ।

**ਲਾਖ ਜਤਨ ਕਰੈ; ਓਹੁ ਚਿਤਿ ਨ ਧਰੇਇ॥੧॥ਰਹਾਉ॥**

ਨਾਮ ਰੂਪੀ ਧਨ ਤੋਂ ਹੀਣ ਮਨੁੱਖ ਭਾਵੇਂ ਦਿਖਾਵੇ ਮਾਤ੍ਰ ਸਾਧਨ ਕਰਨ ਰੂਪ ਲੱਖਾਂ ਜਤਨ ਵੀ ਕਰ ਲੇਵੇ, ਪਰ ਨਾਮ ਧਨ ਵਾਲਾ ਤਤਬੇਤਾ ਇਸ ਨਾਲ ਆਪਣਾ ਚਿੱਤ ਨਹੀਂ ਧਰਦਾ, ਭਾਵ ਉਹ ਇਸ ਨੂੰ ਚਿੱਤ ਵਿਚ ਨਹੀਂ ਲਿਆਉਂਦਾ ਕਿ ਕਿਤੇ ਗੱਲਾਂ ਵਿਚ ਲਾ ਕੇ ਪ੍ਰਭੂ ਵੱਲੋਂ ਭੁਲਾ ਨਾ ਦੇਵੇ॥੧॥ਰਹਾਉ॥

**ਜਉ ਨਿਰਧਨੁ; ਸਰਧਨ ਕੈ ਜਾਇ॥ ਆਗੇ ਬੈਠਾ; ਪੀਠਿ ਫਿਰਾਇ॥੧॥**

ਜਉ = ਜਦੋਂ ਨਾਮ ਧਨ ਤੋਂ ਹੀਣਾ ਮਨੁੱਖ ਸ੍ਰੇਸ਼ਟ ਨਾਮ ਧਨ ਵਾਲੇ ਮਹਾਤਮਾ ਦੇ ਪਾਸ ਜਾਂਦਾ ਹੈ।

ਤਦੋਂ ਅੱਗੇ ਉਹ ਨਾਮ ਧਨ ਵਾਲਾ ਪਿੱਠ ਫੇਰ ਲੈਂਦਾ ਹੈ ਕਿ ਕਿਤੇ ਮੈਨੂੰ ਦੁਨਿਆਵੀ ਗੱਲਾਂ ਵਿਚ ਲਾ ਕੇ ਪਰਮਾਤਮਾ ਦਾ ਨਾਮ ਨਾ ਭੁਲਾ ਦੇਵੇ॥੧॥

**ਜਉ ਸਰਧਨੁ; ਨਿਰਧਨ ਕੈ ਜਾਇ॥ ਦੀਆ ਆਦਰੁ; ਲੀਆ ਬੁਲਾਇ॥੨॥**

ਜਉ = ਜਦੋਂ ਕਿਤੇ ਨਾਮ ਧਨ ਵਾਲਾ ਤਤਬੇਤਾ ਅਚਨਚੇਤ ਨਾਮ ਧਨ ਤੋਂ ਹੀਣ ਮਨੁੱਖ ਦੇ ਘਰ ਚਲਾ ਜਾਵੇ, ਤਦੋਂ ਉਹ ਆਦਰ ਦੇ ਕੇ ਪਾਸ ਬੁਲਾ ਲੈਂਦਾ ਹੈ ਕਿ ਇਹ ਮੇਰੀ ਕਲਿਆਣ ਕਰ ਦੇਣਗੇ॥੨॥

**ਨਿਰਧਨ ਸਰਧਨੁ; ਦੋਨਉ ਭਾਈ॥ ਪ੍ਰਭ ਕੀ ਕਲਾ; ਨ ਮੇਟੀ ਜਾਈ॥੩॥**

ਹੇ ਭਾਈ! ਵਾਸਤਵ ਵਿਚ ਨਾਮ ਧਨ ਤੋਂ ਹੀਣ ਅਤੇ ਨਾਮ ਧਨ ਦੇ ਲਾਭ ਨੂੰ ਪ੍ਰਾਪਤ ਕਰਨ ਵਾਲਾ ਦੋਨਉ = ਦੋਵੇਂ ਚੇਤਨ ਦੀ ਅੰਸ਼ ਹੋਣ ਕਰਕੇ ਆਪਸ ਵਿਚ ਭਾਈ = ਭਰਾ ਹਨ। ਪਰ ਪਰਮਾਤਮਾ ਦੀ ਕਲਾ = ਸ਼ਕਤੀ ਕਿਸੇ ਕੋਲੋਂ ਮੇਟੀ ਨਹੀਂ ਜਾ ਸਕਦੀ, ਭਾਵ ਜੋ ਉਸ ਪ੍ਰਭੂ ਨੂੰ ਚੰਗਾ ਲੱਗਾ ਹੈ, ਉਸਨੂੰ ਆਪਣੇ ਨਾਮ ਧਨ ਦੀ ਦਾਤ ਦੇਣਾ ਕਰਦਾ ਹੈ॥੩॥

**ਕਹਿ ਕਬੀਰ; ਨਿਰਧਨ ਹੈ ਸੋਈ॥ ਜਾ ਕੇ ਹਿਰਦੈ; ਨਾਮੁ ਨ ਹੋਈ॥੪॥੮॥**

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਅਸਲ ਵਿਚ ਸੋਈ = ਉਹੀ ਮਨੁੱਖ ਨਿਰਧਨ = ਧਨ ਤੋਂ ਹੀਣ ਕੰਗਾਲ ਹੈ।

ਜਾ = ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦੀ ਪ੍ਰੀਤੀ ਨਹੀਂ ਹੁੰਦੀ॥੪॥੮॥

## ਗੁਰ ਸੇਵਾ; ਤੇ ਭਗਤਿ ਕਮਾਈ ॥ ਤਬ; ਇਹ ਮਾਨਸ ਦੇਹੀ ਪਾਈ ॥

ਹੇ ਭਾਈ ! ਇਸ ਮਨੁੱਖਾ ਜਨਮ ਵਿਚ ਗੁਰਾਂ ਦੀ ਸੇਵਾ = ਟਹਿਲ ਕਰੋ ਤੇ = ਅਤੇ ਭਗਤਿ = ਭਗਤੀ ਦੀ ਕਮਾਈ = ਘਾਲਣਾ ਘਾਲੋ।

ਤਬ = ਤਦੋਂ ਹੀ ਇਹ ਮਾਨਸ = ਮਨੁੱਖਾ ਦੇਹੀ ਪਾਈ = ਪ੍ਰਾਪਤ ਕੀਤੀ ਹੋਈ ਸਫਲੀ ਹੈ।

**ਅਥਵਾ** ਅੰਨਵੇਂ ਅਨੁਸਾਰ ਅਰਥ ਤਦੋਂ ਹੀ ਇਹ ਮਨੁੱਖੀ ਦੇਹੀ = ਕਾਂਇਆਂ ਪਾਈ ਹੋਈ ਸਫਲੀ ਹੈ, ਜੇਕਰ ਗੁਰੂ ਦੀ ਸੇਵਾ ਅਤੇ ਭਗਤੀ ਦੀ ਕਮਾਈ ਕੀਤੀ ਜਾਵੇ।

***ਨੋਟ :*** ਕਈ ਸੱਜਣ ਇਨ੍ਹਾਂ ਪੰਗਤੀਆਂ ਦੇ ਇਹ ਹੇਠ ਲਿਖੇ ਅਰਥ ਕਰਦੇ ਹਨ, ਜੋ ਗੁਰੂ ਸਿਧਾਂਤ ਅਨੁਸਾਰ ਠੀਕ ਨਹੀਂ ਢੁਕਦਾ, ਕਿ :

ਜਦੋਂ ਗੁਰਾਂ ਦੀ ਸੇਵਾ ਤੇ ਭਗਤੀ ਦੀ ਕਮਾਈ ਕੀਤੀ, ਤਦੋਂ ਇਹ ਮਨੁੱਖਾ ਦੇਹੀ ਪਾਉਣਾ ਕੀਤੀ ਜੋ ਠੀਕ ਨਹੀਂ ਹੈ।

ਸਤਿਗੁਰਾਂ ਦੀ ਸੇਵਾ ਕਰਕੇ ਅਤੇ ਪਰਮਾਤਮਾ ਦੀ ਭਗਤੀ ਕਰਕੇ ਤਾਂ ਜੰਮਣ ਮਰਣ ਹੀ ਮਿਟ ਜਾਂਦਾ ਹੈ। ਜੈਸਾ ਕਿ :

**ਰਾਮ ਭਗਤਿ ਗੁਰ ਸੇਵਾ ਤਰਣਾ ॥** *(ਗਉੜੀ ਮਹਲਾ ੧, ਅੰਗ ੧੫੪)*

ਅਥਵਾ

**ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥** *(ਗਉੜੀ ਮਹਲਾ ੩, ਅੰਗ ੨੩੧)*

## ਇਸ ਦੇਹੀ ਕਉ; ਸਿਮਰਹਿ ਦੇਵ ॥

ਹੇ ਭਾਈ ! ਇਸ ਮਨੁੱਖ ਦੇਹੀ ਕਉ = ਨੂੰ ਤਾਂ ਦੇਵ = ਦੇਵਤੇ ਵੀ ਸਿਮਰਹਿ = ਯਾਦ ਕਰਦੇ ਹਨ ਕਿ ਸਾਨੂੰ ਵੀ ਇਹ ਮਨੁੱਖਾ ਦੇਹੀ ਪ੍ਰਾਪਤ ਹੋਵੇ ਤਾਂ ਜੋ ਭਜਨ ਬੰਦਗੀ ਕਰਕੇ ਮੁਕਤੀ ਪ੍ਰਾਪਤ ਕਰੀਏ।

**ਸਾਖੀ—ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ (ਸ੍ਰੀ ਅਨੰਦਪੁਰ ਵਸਾਉਣ ਦੀ) :** ਜਿਸ ਸਮੇਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਸ੍ਰੀ ਅਨੰਦਪੁਰ ਸਾਹਿਬ ਵਸਾ ਰਹੇ ਸਨ। ਉਸ ਸਮੇਂ ਰੋਪੜ ਦੇ ਇਲਾਕੇ ਦਾ ਇਕ ਫ਼ਕੀਰ ਆਪਣੇ ਮੁਰੀਦਾਂ ਨਾਲ ਵਿਚਰਦਾ ਹੋਇਆ ਅਨੰਦਪੁਰ ਦੇ ਕੋਲ ਪਹੁੰਚਿਆ। ਉਥੇ ਸਿੱਖਾਂ ਪਾਸੋਂ ਪੁੱਛਿਆ ਕਿ ਇਹ ਸੁੰਦਰ ਮਹੱਲ, ਸਰਾਵਾਂ ਕੌਣ ਬਣਵਾ ਰਿਹਾ ਹੈ ? ਅੱਗੋਂ ਸਿੱਖਾਂ ਨੇ ਕਿਹਾ ਕਿ ਇਹ ਸਰਾਵਾਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਬਣਵਾ ਰਹੇ ਹਨ। ਫ਼ਕੀਰ ਨੇ ਹੈਰਾਨ ਜਿਹਾ ਹੋ ਕੇ ਕਿਹਾ ਕਿ ਤੁਸੀਂ ਗੁਰੂ ਕੋਲੋਂ ਮੇਰੇ ਇਕ ਪ੍ਰਸ਼ਨ ਦਾ ਉੱਤਰ ਪੁੱਛ ਕੇ ਰੱਖਿਓ ਕਿ "ਗੁਰੂ ਕੀ ਅਤੇ ਪ੍ਰਵਿਰਤੀ ਕੀ"। ਮੈਂ ਕੱਲ ਨੂੰ ਤੁਹਾਡੇ ਕੋਲੋਂ ਆ ਕੇ ਉੱਤਰ ਪੁੱਛਾਂਗਾ। ਤਦੋਂ ਸਿੱਖਾਂ ਨੇ ਸਤਿਗੁਰਾਂ ਪਾਸੋਂ ਪੁੱਛਿਆ ਕਿ ਗੁਰੂ ਜੀ ! ਇਕ ਫ਼ਕੀਰ ਨੇ ਪ੍ਰਸ਼ਨ ਕੀਤਾ ਕਿ "ਗੁਰੂ ਕੀ ਅਤੇ ਪ੍ਰਵਿਰਤੀ ਕੀ ?" ਉਸ ਨੇ ਇਸਦਾ ਉੱਤਰ ਪੁੱਛਿਆ ਹੈ। ਸਤਿਗੁਰੂ ਜੀ ਨੇ ਕਿਹਾ ਕਿ ਜਦੋਂ ਉਹ ਫ਼ਕੀਰ ਕੱਲ੍ਹ ਨੂੰ ਮਿਲੇ ਤਾਂ ਉਸ ਨੂੰ ਕਹਿਣਾ ਕਿ ਅਸੀਂ ਉਸਦੇ ਸਾਹਮਣੇ ਉੱਤਰ ਦਿਆਂਗੇ। ਜਦੋਂ ਅਗਲੇ ਦਿਨ ਉਹ ਫ਼ਕੀਰ ਆਇਆ ਤਾਂ ਸਿੱਖਾਂ ਨੇ ਕਿਹਾ ਕਿ ਤੈਨੂੰ ਗੁਰੂ ਜੀ ਆਪ ਤੇਰੇ ਪ੍ਰਸ਼ਨ ਦਾ ਉੱਤਰ ਦੇਣਗੇ। ਉਸ ਵੇਲੇ ਇਹ ਸਿੱਖਾਂ ਦੇ ਨਾਲ ਗੁਰੂ ਜੀ ਦੇ ਪਾਸ ਪਹੁੰਚਿਆ, ਇਸ ਨੇ ਗੁਰੂ ਜੀ ਨੂੰ ਨਮਸਕਾਰ ਕਰਕੇ ਉਹ ਪ੍ਰਸ਼ਨ ਦੁਹਰਾਇਆ ਕਿ "ਗੁਰੂ ਕੀ ਅਤੇ ਪ੍ਰਵਿਰਤੀ ਕੀ"। ਅੱਗੋਂ ਗੁਰੂ ਜੀ ਨੇ ਕਿਹਾ ਕਿ ਇਸ ਪ੍ਰਸ਼ਨ ਉੱਤਰ ਸੁਣਨਾ ਚਾਹੋਗੇ ਜਾਂ ਵੇਖਣਾ ਚਾਹੋਗੇ। ਉਸਨੇ ਕਿਹਾ ਕਿ ਜੇਕਰ ਦਿਖਾ ਦੇਵੋਗੇ ਤਾਂ ਇਸ ਤੋਂ ਚੰਗੀ ਹੋਰ ਕਿਹੜੀ ਗੱਲ ਹੋਵੇਗੀ। ਉਸ ਵੇਲੇ ਗੁਰੂ ਜੀ ਨੇ ਕਿਹਾ ਕਿ ਅੱਖਾਂ ਬੰਦ ਕਰੋ। ਜਦੋਂ ਫ਼ਕੀਰ ਨੇ ਅੱਖਾਂ ਬੰਦ ਕੀਤੀਆਂ ਤਾਂ ਆਪਣੇ ਆਪ ਨੂੰ ਬਹਿਸ਼ਤ ਵਿਚ ਵੇਖਿਆ। ਉਥੇ ਸਾਹਮਣੇ ਸੋਨੇ ਤੇ ਹੀਰਿਆਂ ਨਾਲ ਜੜ੍ਹੇ ਹੋਏ ਇਕ ਪਲੰਘ ਉੱਪਰ ਬਹੁਤ ਰਾਜਸੀ ਠਾਠ ਨਾਲ ਇਕ ਆਦਮੀ ਬੈਠਾ ਸੀ, ਜਿਸਦੇ ਆਲੇ-ਦੁਆਲੇ ਸੇਵਾ ਵਿਚ ਅਨੇਕਾਂ ਨੌਕਰ ਚਾਕਰ ਸਨ। ਜਦੋਂ ਨੌਕਰ ਸੇਵਾ ਕਰਕੇ ਚਲੇ ਗਏ, ਤਦੋਂ ਫ਼ਕੀਰ ਨੇ ਉਸ ਮਨੁੱਖ ਤੋਂ ਪੁੱਛਿਆ ਕਿ ਤੂੰ ਐਸਾ ਕੀ ਪੁੰਨ ਕਰਮ ਕੀਤਾ ਹੈ, ਜਿਸ

ਕਰਕੇ ਤੈਨੂੰ ਇਤਨਾ ਸੁਖ ਪ੍ਰਾਪਤ ਹੋ ਰਿਹਾ ਹੈ। ਤਦ ਉਸਨੇ ਰੋ ਰੋ ਕੇ ਕਿਹਾ ਕਿ ਮੈਂ ਕੀ ਪੁੰਨ ਕਰਨਾ ਸੀ, ਪੁੰਨ ਤਾਂ ਮਨੁੱਖਾ ਜੂਨ ਵਿਚ ਹੁੰਦੇ ਹਨ, ਮੈਂ ਪਿਛਲੇ ਜਨਮ ਵਿਚ ਧਰਤੀ ਉੱਪਰ ਇਕ ਤਾਮਸੀ ਜੀਵ ਸ਼ੇਰ ਸੀ। ਇਕ ਵਾਰ ਬਹੁਤ ਵਰਖਾ ਤੇ ਹਨੇਰੀ ਚੱਲ ਰਹੀ ਸੀ, ਗੜੇ ਪੈ ਰਹੇ ਸਨ। ਉਸ ਵੇਲੇ ਦੋ ਫ਼ਕੀਰ ਮੀਂਹ ਹਨੇਰੀ ਤੋਂ ਬਚਨ ਲਈ ਮੇਰੀ ਗੁਫਾ ਵਿਚ ਆ ਵੜੇ। ਉਧਰੋਂ ਮੈਂ ਵੀ ਆਪਣੀ ਖ਼ੁਰਾਕ ਖਾ ਕੇ ਗੁਫ਼ਾ ਵਿਚ ਵੜਨ ਲੱਗਾ ਤਾਂ ਮੈਨੂੰ ਪਤਾ ਲੱਗਾ ਕਿ ਮੇਰੀ ਗੁਫ਼ਾ ਵਿਚ ਦੋ ਫ਼ਕੀਰ ਆਏ ਹਨ, ਮੈਂ ਸੋਚਿਆ ਕਿ ਜੇਕਰ ਮੈਂ ਅੰਦਰ ਗਿਆ ਤਾਂ ਉਹ ਫ਼ਕੀਰ ਮੇਰਾ ਭੈ ਕਰਕੇ ਮਰ ਜਾਣਗੇ, ਇਸ ਲਈ ਮੈਂ ਗੁਫ਼ਾ ਦੇ ਬਾਹਰ ਹੀ ਬੈਠ ਗਿਆ, ਸਾਰਾ ਮੀਂਹ ਮੇਰੇ ਉੱਪਰ ਵਰ੍ਹਿਆ, ਸਿਰ ਉੱਪਰ ਗੜੇ ਵੱਜਣ ਨਾਲ ਮੇਰੀ ਉਥੇ ਹੀ ਮੌਤ ਹੋ ਗਈ। ਜਦੋਂ ਮੀਂਹ ਰੁਕਣ ਤੋਂ ਬਾਅਦ ਉਹ ਫ਼ਕੀਰ ਬਾਹਰ ਨਿਕਲੇ ਤਾਂ ਮੈਨੂੰ ਮਰਿਆ ਜਾਣ ਕੇ ਸਮਝ ਗਏ ਕਿ ਇਹ ਗੁਫ਼ਾ ਇਸ ਦੀ ਸੀ, ਇਸ ਨੇ ਸਾਡੀ ਰੱਖਿਆ ਲਈ ਆਪਣੀ ਜਾਨ ਦੇ ਦਿੱਤੀ ਹੈ। ਤਦੋਂ ਉਨ੍ਹਾਂ ਨੇ ਪਰਉਪਕਾਰ ਸਮਝ ਕੇ ਆਪਣੇ ਚਰਨ ਛੁਹਾ ਦਿੱਤੇ। ਉਸ ਪਰਉਪਕਾਰ ਬਦਲੇ ਮੈਨੂੰ ਇਹ ਸੁੱਖ ਪ੍ਰਾਪਤ ਹੋਇਆ ਹੈ। ਮੈਂ ਏਥੇ ਰੋ ਰਿਹਾ ਹਾਂ ਕਿ ਜੇਕਰ ਮੈਨੂੰ ਮਨੁੱਖਾ ਜੂਨ ਪ੍ਰਾਪਤ ਹੋ ਜਾਵੇ ਤਾਂ ਉਸ ਵਿਚ ਪੁੰਨ ਕਰਮ ਭਜਨ ਬੰਦਗੀ ਕਰਨ ਨਾਲ ਲੋਕਾਂ ਦੇ ਲਈ ਮਕਾਨ ਆਦਿ ਬਣਾ ਕੇ ਐਸਾ ਪੁੰਨ ਕਰਦਾ ਜਿਸ ਇਕ ਰਾਤ ਦੇ ਪੁੰਨ ਕਰਮ ਕਰਨ ਦੇ ਬਦਲੇ ਮੈਨੂੰ ਇਤਨੇ ਸੁੱਖ ਮਿਲੇ ਹਨ, ਉਹ ਮੈਂ ਸਾਰੀ ਉਮਰ ਹੀ ਕਰਦਾ ਜਿਸ ਕਰਕੇ ਮੈਨੂੰ ਹੋਰ ਵੀ ਬਹੁਤ ਅਨੰਦ ਪ੍ਰਾਪਤ ਹੁੰਦਾ। ਇਹ ਦੇਖ ਕੇ ਫ਼ਕੀਰ ਨੇ ਉਸਨੂੰ ਨਮਸਕਾਰ ਕੀਤੀ ਅਤੇ ਅੱਖਾਂ ਖੋਲ੍ਹੀਆਂ। ਤਦੋਂ ਗੁਰੂ ਜੀ ਦੇ ਚਰਨਾਂ ਉੱਪਰ ਨਮਸਕਾਰ ਕਰਕੇ ਕਿਹਾ ਕਿ ਸਤਿਗੁਰੂ ਜੀ! ਮੈਨੂੰ ਉੱਤਰ ਮਿਲ ਗਿਆ ਹੈ। ਤੁਸੀਂ ਬਹੁਤ ਪਰਉਪਕਾਰ ਕਰ ਰਹੇ ਹੋ। ਤੁਹਾਡੇ ਇਸ ਪਰਉਪਕਾਰ, ਪੁੰਨ ਦੀ ਕਦੇ ਵੀ ਤੋਟ ਨਹੀਂ ਆਵੇਗੀ। ਇਉਂ ਉਹ ਫ਼ਕੀਰ ਸਤਿਗੁਰਾਂ ਦੇ ਚਰਨਾਂ ਉੱਪਰ ਨਮਸਕਾਰ ਕਰਕੇ ਵਿਦਾ ਹੋ ਗਿਆ। ਸੋ ਭਾਵ ਇਹ ਹੈ ਕਿ ਉਹ ਸਵਰਗ ਵਿਚ ਬੈਠਾ ਹੋਇਆ ਵੀ ਮਨੁੱਖਾ ਜਨਮ ਨੂੰ ਤਰਸ ਰਿਹਾ ਹੈ।

## ਸੋ ਦੇਹੀ; ਭਜੁ ਹਰਿ ਕੀ ਸੇਵ ॥੧॥

ਸੋ = ਉਹ ਮਨੁੱਖਾ ਦੇਹੀ ਸਾਨੂੰ ਪ੍ਰਾਪਤ ਹੋਈ ਹੈ, ਜਿਸ ਵਿਚ ਹਰਿ = ਪਰਮਾਤਮਾ ਕੀ = ਦੀ ਭਗਤੀ ਰੂਪੀ ਸੇਵ = ਟਹਿਲ ਅਤੇ ਜਸ ਨੂੰ ਭਜੁ = ਸੇਵਨਾ, ਜਪਣਾ ਕਰੋ **ਵਾ:** ਹਰੀ ਦਾ ਭਜੁ = ਭਜਨ ਕਰੋ ॥੧॥

## ਭਜਹੁ ਗੋੁਬਿੰਦ; ਭੂਲਿ ਮਤ ਜਾਹੁ ॥ ਮਾਨਸ ਜਨਮ ਕਾ; ਏਹੀ ਲਾਹੁ ॥੧॥ਰਹਾਉ॥

ਹੇ ਭਾਈ! ਗੋੁਬਿੰਦ = ਪਰਮਾਤਮਾ ਨੂੰ ਭਜਹੁ = ਸਿਮਰਨਾ ਕਰੋ, ਇਸ ਗੱਲ ਨੂੰ ਮਤ = ਮਤਾਂ ਭੂਲਿ = ਵਿਸਰ ਜਾਹੁ = ਜਾਇਓ।

ਮਾਨਸ = ਮਨੁੱਖਾ ਜਨਮ ਕਾ = ਦਾ ਏਹੀ = ਇਹੋ ਹੀ ਲਾਹੁ = ਲਾਭ ਹੈ ॥੧॥ਰਹਾਉ॥

## ਜਬ ਲਗੁ; ਜਰਾ ਰੋਗੁ ਨਹੀ ਆਇਆ ॥
## ਜਬ ਲਗੁ; ਕਾਲਿ ਗ੍ਰਸੀ ਨਹੀ ਕਾਇਆ ॥

ਜਬ ਲਗੁ = ਜਦੋਂ ਤੱਕ ਜਰਾ = ਬੁਢੇਪੇ ਦਾ ਰੋਗ ਨਹੀਂ ਆਇਆ = ਆ ਕੇ ਪ੍ਰਾਪਤ ਹੋਇਆ, ਭਾਵ ਬਿਰਧ ਅਵਸਥਾ ਨਹੀਂ ਆਈ।

ਜਬ = ਜਦੋਂ ਲਗ = ਤਕ ਕਾਲਿ = ਮੌਤ ਨੇ ਇਹ ਕਾਇਆ = ਦੇਹੀ ਗ੍ਰਸੀ = ਖਾਣਾ ਨਹੀਂ ਕੀਤੀ।

## ਜਬ ਲਗੁ; ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ; ਸਾਰਿਗਪਾਨੀ ॥੨॥

ਜਬ = ਜਦੋਂ ਲਗੁ = ਤੱਕ ਬਾਨੀ = ਬੋਲੀ ਬਿਕਲ = ਵਿਆਕੁਲ ਨਹੀਂ ਭਈ = ਹੋਈ, ਭਾਵ ਕੰਠ ਨਹੀਂ ਰੁਕਿਆ, ਰੇ = ਹੇ ਮਨ! ਤਦੋਂ ਤੱਕ ਸਾਰਿਗਪਾਨੀ = ਸਾਰਗ ਨਾਮੇ ਧਨੁੱਖ ਨੂੰ ਪਕੜਨ ਵਾਲੇ ਪਰਮਾਤਮਾ ਨੂੰ ਭਜਿ = ਸੇਵ ਲੇਹਿ = ਲੈਣਾ ਕਰ ॥੨॥

## ਅਬ ਨ ਭਜਸਿ; ਭਜਸਿ ਕਬ ਭਾਈ ॥ ਆਵੈ ਅੰਤੁ; ਨ ਭਜਿਆ ਜਾਈ ॥

ਹੇ ਭਾਈ ! ਜੇਕਰ ਤੂੰ ਅਬ = ਹੁਣ ਮਨੁੱਖਾ ਜਨਮ ਵਿਚ ਪਰਮਾਤਮਾ ਦਾ ਭਜਸਿ = ਭਜਨ ਨਹੀਂ ਕਰਦਾ, ਫੇਰ ਕਬ = ਕਦੋਂ ਭਜਸਿ = ਭਜਨਾ, ਜਪਣਾ ਕਰੇਂਗਾ, ਜਦੋਂ ਅੰਤੁ = ਅਖ਼ੀਰ ਦਾ ਸਮਾਂ ਆਵੈ = ਆ ਜਾਂਦਾ ਹੈ, ਉਸ ਸਮੇਂ ਪ੍ਰਭੂ ਭਜਿਆ = ਸੇਵਿਆ, ਸਿਮਰਿਆ ਨਹੀਂ ਜਾਈ = ਜਾਂਦਾ।

## ਜੋ ਕਿਛੁ ਕਰਹਿ; ਸੋਈ ਅਬ ਸਾਰੁ ॥ ਫਿਰਿ ਪਛੁਤਾਹੁ; ਨ ਪਾਵਹੁ ਪਾਰੁ ॥੩॥

ਹੁਣ ਜੋ = ਜਿਹੜਾ ਕਿਛੁ = ਕੁਝ ਵੀ ਸਿਮਰਨ ਭਜਨ ਕਰਹਿ = ਕਰੇਂਗਾ, ਸੋਈ = ਉਹੋ ਹੀ ਅਬ = ਹੁਣ ਸਾਰੁ = ਸੰਭਾਲਣਾ ਕਰ **ਵਾ**: ਉਹੋ ਹੀ ਸਾਰੁ = ਸ੍ਰੇਸ਼ਟ ਹੈ, ਸਫਲ ਹੋ ਜਾਵੇਗਾ।

ਜਦੋਂ ਮਨੁੱਖਾ ਜਨਮ ਦਾ ਸਮਾਂ ਲੰਘ ਗਿਆ, ਫਿਰਿ = ਮੁੜ ਕੇ ਪਛੁਤਾਹੁ = ਪਸ਼ਚਾਤਾਪ ਹੀ ਕਰੇਂਗਾ, ਪਰ ਸੰਸਾਰ ਤੋਂ ਪਾਰ ਹੋ ਕੇ ਮੁਕਤੀ ਦਾ ਪਾਰੁ = ਪਾਰਲਾ ਕਿਨਾਰਾ ਨਹੀਂ ਪਾਵਹੁ = ਪਾ ਸਕੇਂਗਾ ॥੩॥

## ਸੋ ਸੇਵਕੁ; ਜੋ ਲਾਇਆ ਸੇਵ ॥ ਤਿਨ ਹੀ ਪਾਏ; ਨਿਰੰਜਨ ਦੇਵ ॥

ਹੇ ਭਾਈ ! ਸੋ = ਉਹੋ ਹੀ ਪਰਮਾਤਮਾ ਦਾ ਅਸਲ ਸੇਵਕੁ = ਦਾਸ ਹੈ, ਜੋ = ਜਿਹੜਾ ਪ੍ਰਭੂ ਨੇ ਆਪਣੀ ਭਗਤੀ ਰੂਪੀ ਸੇਵ = ਟਹਿਲ ਵਿਚ ਲਾਇਆ = ਲਾਉਣਾ ਕੀਤਾ ਹੈ।

ਤਿਨ = ਉਸ ਨੇ ਹੀ ਦੇਵ = ਪ੍ਰਕਾਸ਼ ਸਰੂਪ ਤੇ ਨਿਰੰਜਨ = ਸ਼ੁੱਧ ਸਰੂਪ ਪ੍ਰਭੂ ਜੀ ਪਾਏ = ਪ੍ਰਾਪਤ ਕੀਤੇ ਹਨ।

## ਗੁਰ ਮਿਲਿ ਤਾ ਕੇ; ਖੁਲੇ੍ ਕਪਾਟ ॥ ਬਹੁਰਿ ਨ ਆਵੈ; ਜੋਨੀ ਬਾਟ ॥੪॥

ਗੁਰਾਂ ਨਾਲ ਮਿਲ ਕਰਕੇ ਤਾ = ਉਸ ਮਨੁੱਖ ਕੇ = ਦੇ ਪੰਜਾਂ ਕੋਸ਼ਾਂ, ਆਸਾ ਅੰਦੇਸਾ ਰੂਪੀ ਕਪਾਟ = ਤਖ਼ਤੇ ਖੁਲੇ੍ = ਖੁੱਲ੍ਹ ਗਏ ਹਨ।

ਬਹੁਰਿ = ਮੁੜ ਕੇ ਉਹ ਮਨੁੱਖ ਚੌਰਾਸੀ ਲੱਖ ਜੂਨਾਂ ਦੇ ਬਾਦ = ਰਸਤਿਆਂ ਵਿਚ ਨਹੀਂ ਆਵੈ = ਆਵੇਗਾ ॥੪॥

## ਇਹੀ ਤੇਰਾ ਅਉਸਰੁ; ਇਹ ਤੇਰੀ ਬਾਰ ॥ ਘਟ ਭੀਤਰਿ; ਤੂ ਦੇਖੁ ਬਿਚਾਰਿ ॥

ਹੇ ਭਾਈ ! ਪਰਮਾਤਮਾ ਦੇ ਸਿਮਰਨ ਭਜਨ ਦਾ ਤੇਰਾ ਇਹੀ = ਇਹੋ ਕਲਿਜੁਗ ਦਾ ਅਉਸਰੁ = ਸਮਾਂ ਹੈ ਅਤੇ ਇਹੋ ਹੀ ਮਨੁੱਖਾ ਜਨਮ ਦੀ ਤੇਰੀ ਬਾਰ = ਵਾਰੀ ਹੈ।

ਤੂੰ ਆਪਣੇ ਘਟ = ਹਿਰਦੇ ਦੇ ਭੀਤਰਿ = ਵਿਚ ਬੀਚਾਰਿ = ਵਿਚਾਰ, ਨਿਰਣਾ ਕਰਕੇ ਦੇਖੁ = ਵੇਖਣਾ ਕਰ।

## ਕਹਤ ਕਬੀਰੁ; ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ; ਪੁਕਾਰਿ ਪੁਕਾਰਿ ॥੫॥੧॥੯॥

ਭਗਤ ਕਬੀਰ ਸਾਹਿਬ ਜੀ ਕਹਤ = ਕਥਨ ਕਰਦੇ ਹਨ ਕਿ ਅਸੀਂ ਨਿਰਪੱਖ ਬਚਨ ਕਹਿੰਦੇ ਹਾਂ, ਚਾਹੇ ਹੁਣ ਭਜਨ ਸਿਮਰਨ ਕਰਕੇ ਮਨੁੱਖਾ ਜਨਮ ਜੀਤਿ = ਜਿੱਤ ਲੈਣਾ ਕਰ, ਕੈ = ਜਾਂ ਵਿਸ਼ਿਆਂ ਵਿਚ ਲੱਗ ਕੇ ਹਾਰ ਜਾਣਾ ਕਰ।

ਅਸੀਂ ਤਾਂ ਬਹੁ ਬਿਧਿ = ਬਹੁਤ ਤਰ੍ਹਾਂ ਕਰਕੇ ਪੁਕਾਰਿ ਪੁਕਾਰਿ = ਢੰਡੋਰਾ ਦੇ ਦੇ ਕੇ ਕਹਿਓ = ਕਹਿ ਦਿੱਤਾ ਹੈ ॥੫॥੧॥੯॥

**ਉਥਾਨਕਾ** : ਇਕ ਵਾਰ ਭਗਤ ਕਬੀਰ ਸਾਹਿਬ ਜੀ ਦੇ ਪਾਸ ਇਕ ਜੋਗੀ ਆਇਆ, ਉਸਨੇ ਜੋਗ ਦੇ ਮਾਰਗ ਬਾਬਤ ਬਚਨ ਪੁੱਛੇ, ਤਦੋਂ ਉਸਨੂੰ ਜੋਗ ਮਾਰਗ ਬਾਰੇ ਦੱਸਦੇ ਹੋਏ ਕਥਨ ਕਰਦੇ ਹਨ।

## ਸਿਵ ਕੀ ਪੁਰੀ; ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ; ਕਰਹੁ ਬਿਚਾਰੁ ॥

ਹੇ ਭਾਈ! ਸਿਵ = ਕਲਿਆਣ ਸਰੂਪ ਪ੍ਰਭੂ ਕੀ = ਦੀ ਦਸਮ ਦੁਆਰ ਰੂਪੀ ਪੁਰੀ = ਨਗਰੀ ਵਿਚ ਸਾਰੁ = ਸ੍ਰੇਸ਼ਟ ਬੁਧਿ = ਮਤ ਵਾਲੇ ਜੋਗੀ ਬਸੈ = ਵੱਸਦੇ ਹਨ।

ਤਹ = ਉਨ੍ਹਾਂ ਜੋਗੀਆਂ ਨਾਲ ਤੁਮ੍ = ਤੂੰ ਮਿਲ ਕੈ = ਕਰਕੇ ਜੋਗਾ ਅਭਿਆਸ ਦੀ ਵਿਚਾਰ ਕਰਹੁ = ਕਰ।

***ਪ੍ਰਸ਼ਨ :*** *ਹੇ ਕਬੀਰ ਜੀ! ਤੁਹਾਡੇ ਤੋਂ ਬਿਨਾਂ ਅਸੀਂ ਹੋਰ ਕਿਸਨੂੰ ਪੁੱਛਣਾ ਕਰੀਏ? ਕਿਰਪਾ ਕਰਕੇ ਤੁਸੀਂ ਹੀ ਦੱਸਣਾ ਕਰੋ?*

***ਉੱਤਰ :*** ਤਦ ਉੱਤਰ ਵਿਚ ਕਥਨ ਕਰਦੇ ਹਨ:

## ਈਤ ਊਤ ਕੀ; ਸੋਝੀ ਪਰੈ ॥ ਕਉਨੁ ਕਰਮ; ਮੇਰਾ ਕਰਿ ਕਰਿ ਮਰੈ ॥੧॥

ਹੇ ਭਾਈ! ਜੇਕਰ ਈਤ = ਇਸ ਚੰਦ੍ਰਮਾ ਦੀ ਇੜਾ ਸੁਰ ਨੂੰ ਖੱਬੀ ਨਾਸਕਾ ਦੁਆਰਾ ਅਤੇ ਊਤ = ਉਸ ਭਾਵ ਸੂਰਜ ਦੀ ਪਿੰਗਲਾ ਸੁਰ ਨੂੰ ਸੱਜੀ ਨਾਸਕਾ ਦੁਆਰਾ ਪ੍ਰਾਣ ਚੜ੍ਹਾਉਣ ਅਤੇ ਸੁਖਮਨਾ ਨਾੜੀ ਦੁਆਰਾ ਪ੍ਰਾਣ ਟਿਕਾਉਣ ਕੀ = ਦੀ ਸੋਝੀ = ਸਮਝ ਪਰੈ = ਪੈ ਜਾਵੇ।

ਤਾਂ ਫੇਰ ਕਉਨੁ = ਕਿਹੜਾ ਕਰਮ ਕਾਂਡਾਂ ਨੂੰ ਮੇਰ ਤੇਰ ਕਰਿ = ਕਰਕੇ ਮਰੈ = ਮਰਦਾ ਫਿਰੇ, ਇਸ ਜੋਗ ਨਾਲ ਹੀ ਕਾਰਜ ਸਿੱਧ ਹੋ ਜਾਵੇਗਾ, ਭਾਵ ਚਿੱਤ ਦੀ ਬਿਰਤੀ ਦਾ ਨਿਰੋਧ ਹੋ ਜਾਵੇਗਾ॥੧॥

## ਨਿਜ ਪਦ ਊਪਰਿ; ਲਾਗੋ ਧਿਆਨੁ ॥
## ਰਾਜਾਰਾਮ ਨਾਮੁ; ਮੋਰਾ ਬ੍ਰਹਮਗਿਆਨੁ ॥੧॥ਰਹਾਉ॥

ਨਿਜ = ਆਪਣੀ ਦਸਮ ਦੁਆਰ ਰੂਪੀ ਪਦ = ਪਦਵੀ ਊਪਰਿ = ਉੱਤੇ ਬਿਰਤੀ ਚੜ੍ਹਾਉਣ ਕਰਕੇ ਮੇਰਾ ਧਿਆਨ ਲਾਗੋ = ਲੱਗ ਗਿਆ ਹੈ।

ਉਥੇ ਰਾਜਾ ਰੂਪ ਰਾਮ = ਪ੍ਰਭੂ ਦਾ ਨਾਮ ਹੀ ਮੇਰੇ ਤਾਈਂ ਬ੍ਰਹਮ ਗਿਆਨ ਦੀ ਪਦਵੀ ਦੇਣ ਵਾਲਾ ਹੈ **ਵਾ:** ਬ੍ਰਹਮ ਦੇ ਦਸਮ ਦੁਆਰ ਰੂਪੀ ਅਸਥਾਨ ਉੱਤੇ ਰਾਜਾ ਸਰੂਪ ਪ੍ਰਭੂ ਦਾ ਨਾਮ ਹੀ ਗਿਆਨ ਦੀ ਪ੍ਰਾਪਤੀ ਕਰਾਉਣ ਵਾਲਾ ਹੈ, ਇਸ ਲਈ ਮੈਂ ਨਾਮ ਦਾ ਅਭਿਆਸ ਕਰਦਾ ਹਾਂ॥੧॥ਰਹਾਉ॥

***ਪ੍ਰਸ਼ਨ :*** *ਹੇ ਕਬੀਰ ਜੀ! ਜੋਗ ਦੇ ਹੋਰ ਸਾਧਨ ਵੀ ਦੱਸੋ?*

***ਉੱਤਰ :***

## ਮੂਲ ਦੁਆਰੈ; ਬੰਧਿਆ ਬੰਧੁ ॥ ਰਵਿ ਊਪਰਿ; ਗਹਿ ਰਾਖਿਆ ਚੰਦੁ ॥

ਮੂਲ ਦੁਆਰੇ ਨੂੰ ਜਿਹੜੀ ਅਪਾਨ ਵਾਯੂ ਜਾਂਦੀ ਸੀ, ਇਸ ਨੂੰ ਖੱਬੀ ਅੱਡੀ ਦਾ ਬੰਧੁ = ਬੰਨ੍ਹ ਲਾ ਕੇ ਬੰਧਿਆ = ਬੰਨ੍ਹਣਾ, ਰੋਕਣਾ ਕਰੇ (ਇਸਨੂੰ ਮੂਲ ਬੰਧ ਕਹਿੰਦੇ ਹਨ)

**ਵਾ:** ਉਪਸਥ ਇੰਦ੍ਰੀ ਉੱਪਰ ਸੱਜੀ ਅੱਡੀ ਰੱਖ ਕੇ ਜਲੰਧਰ ਬੰਧ ਬੰਨ੍ਹਣਾ ਕਰੇ। ਫੇਰ ਰਵਿ = ਸੂਰਜ ਦੀ ਸੁਰ ਪਿੰਗਲਾ ਉੱਪਰ ਚੰਦੁ = ਚੰਦ੍ਰਮਾ ਦੀ ਸੁਰ ਇੜਾ ਨੂੰ ਗਹਿ = ਪਕੜ ਕੇ ਰੱਖੇ ਭਾਵ ਜਦੋਂ ਸੂਰਜ ਦੀ ਸੁਰ ਨਾਲ ਅੰਦਰ ਗਰਮੀ ਵਧ ਜਾਵੇ, ਤਦੋਂ ਚੰਦ੍ਰਮਾ ਦੀ ਸੁਰ ਖੱਬੀ ਨਾਸਕਾ ਦੁਆਰਾ ਪ੍ਰਾਣ ਚੜ੍ਹਾਉਣਾ ਕਰੇ।

## ਪਛਮ ਦੁਆਰੈ; ਸੂਰਜੁ ਤਪੈ ॥ ਮੇਰਡੰਡ; ਸਿਰ ਊਪਰਿ ਬਸੈ ॥੨॥

ਜਦੋਂ ਅੰਦਰ ਠੰਢ ਵਰਤ ਜਾਵੇ, ਤਦੋਂ ਪੱਛਮ ਦੁਆਰੈ = ਪਿਛਲੇ ਪਾਸੇ ਕੰਗਰੋੜ ਨਾੜੀ ਵਿੱਚੋਂ ਮਿੱਝ ਕੱਢਣ ਵਾਸਤੇ ਸੂਰਜ ਦੀ ਸੱਜੀ ਸੁਰ ਪਿੰਗਲਾ ਨੂੰ ਤਪੈ = ਤਪਾਉਣਾ ਕਰੇ।

ਜਦੋਂ ਮਿੱਝ ਢਲ ਜਾਂਦੀ ਹੈ, ਤਦੋਂ ਮੇਰਡੰਡ = ਕੰਗਰੋੜ ਨਾਲ ਲੱਗੀ ਹੋਈ ਸੁਖਮਨਾ ਨਾੜੀ ਸੁਆਸ ਖਿੱਚ ਕੇ ਦਸਮ ਦੁਆਰ ਵਿਚ ਲੈ ਜਾਂਦੀ ਹੈ ਫੇਰ ਉਹ ਜੋਗੀ ਸਿਰ ਊਪਰ ਭਾਵ ਦਸਮ ਦੁਆਰ ਵਿਚ ਬਸੈ = ਵੱਸਦਾ ਹੈ ॥੨॥

***ਪ੍ਰਸ਼ਨ :*** *ਹੇ ਕਬੀਰ ਜੀ ! ਦਸਮ ਦੁਆਰ ਕਿਥੇ ਹੈ ?*

***ਉੱਤਰ :***

## ਪਸਚਮ ਦੁਆਰੇ ਕੀ; ਸਿਲ ਓੜ ॥ ਤਿਹ ਸਿਲ ਊਪਰਿ; ਖਿੜਕੀ ਅਉਰ ॥

ਹੇ ਭਾਈ ! ਪਸਚਮ ਦੁਆਰੇ = ਪਿਛਲੇ ਪਾਸੇ ਦੀ ਤਰਫ਼ ਭਾਵ ਪਿੱਠ ਦੇ ਪਿੱਛੇ ਗਰਦਨ, ਕੰਗਰੋੜ ਨਾੜੀ ਦੇ ਉੱਪਰ ਮਿੱਝ ਦੀ ਬੋਟੀ ਰੂਪੀ ਸਿਲ = ਸਿਲਾ ਹੈ **ਵਾ:** ਭੁਜੰਗਮਾ ਨਾੜੀ ਰੂਪ ਸਿਲਾ ਹੈ ਜਿਸ ਨੇ ਸੁਖਮਨਾ ਦਾ ਦਰ ਬੰਦ ਕੀਤਾ ਹੋਇਆ ਹੈ।

ਤਿਹ = ਉਸ ਸਿਲ = ਸਿਲਾ, ਮਾਸ ਦੀ ਬੋਟੀ ਦੇ ਊਪਰਿ = ਉੱਤੇ (ਜਿਥੇ ਗਰਦਨ ਖ਼ਤਮ ਹੁੰਦੀ ਹੈ) ਅਉਰ = ਹੋਰ ਛੋਟੀਆਂ-ਛੋਟੀਆਂ ਮਾਸ ਦੀਆਂ ਬੋਟੀਆਂ ਰੂਪ ਖਿੜਕੀਆਂ ਹਨ।

## ਖਿੜਕੀ ਊਪਰਿ; ਦਸਵਾ ਦੁਆਰੁ ॥
## ਕਹਿ ਕਬੀਰ; ਤਾ ਕਾ ਅੰਤੁ ਨ ਪਾਰੁ ॥੩॥੨॥੧੦॥

ਉਨ੍ਹਾਂ ਮਾਸ ਦੀਆਂ ਛੋਟੀਆਂ-ਛੋਟੀਆਂ ਬੋਟੀਆਂ ਰੂਪੀ ਖਿੜਕੀਆਂ ਦੇ ਊਪਰਿ = ਉੱਤੇ ਦਸਵਾ = ਦਸਮ ਦੁਆਰ ਹੈ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਉਥੇ ਹਜ਼ਾਰਾਂ ਗੁਣਾ ਪ੍ਰਕਾਸ਼ ਹੀ ਪ੍ਰਕਾਸ਼ ਦਿੱਸਦਾ ਹੈ ਜੋ ਬ੍ਰਹਮੰਡ ਵਿਚ ਹੈ ਉਹ ਪਿੰਡ (ਸਰੀਰ) ਵਿਚ ਹੀ ਪ੍ਰਤੀਤ ਹੋਣ ਲੱਗ ਪੈਂਦਾ ਹੈ, ਫੇਰ ਤਾ = ਉਸ ਕਾ = ਦਾ ਪਾਰ-ਉਰਾਰ ਕਰਕੇ ਅੰਤ ਨਹੀਂ ਪਾਇਆ ਜਾਂਦਾ ॥੩॥੨॥੧੦॥

ਇਹ ਸੁਣ ਕੇ ਜੋਗੀ ਦਾ ਚਿੱਤ ਪ੍ਰਸੰਨ ਹੋ ਗਿਆ, ਤਦੋਂ ਭਗਤ ਸਾਹਿਬ ਜੀ ਦੇ ਪਾਸ ਇਕ ਪ੍ਰੇਮੀ ਆਇਆ, ਉਸ ਨੇ ਬੇਨਤੀ ਕੀਤੀ ਕਿ :

ਭਗਤ ਕਬੀਰ ਜੀ ! ਸਹਿਜ ਜੋਗ ਬਾਰੇ ਕਥਨ ਕਰੋ, ਤਦੋਂ ਭਗਤ ਕਬੀਰ ਜੀ ਏਸੇ ਸ਼ਬਦ ਦੁਆਰਾ ਉਪਦੇਸ਼ ਬਖ਼ਸ਼ਦੇ ਹਨ।

### ਦੂਸਰਾ ਅਰਥ

**ਸਿਵ ਕੀ ਪੁਰੀ; ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ; ਕਰਹੁ ਬਿਚਾਰੁ ॥**

ਹੇ ਭਾਈ ! ਸਿਵ = ਕਲਿਆਣ ਸਰੂਪ ਪਰਮਾਤਮਾ ਕੀ = ਦੀ ਸਤਿਸੰਗਤ ਰੂਪੀ ਪੁਰੀ = ਨਗਰੀ ਵਿਚ ਸਾਰੁ = ਸ੍ਰੇਸ਼ਟ ਬੁੱਧੀ ਵਾਲੇ ਮਹਾਤਮਾ ਜਨ ਬਸੈ = ਵੱਸਦੇ ਹਨ।

ਹੇ ਭਾਈ ! ਤਹ = ਉਥੇ ਉਨ੍ਹਾਂ ਮਹਾਤਮਾ ਦੀ ਸੰਗਤ ਵਿਚ ਮਿਲ ਕੈ = ਕਰਕੇ ਆਪਣੇ ਆਤਮਾ, ਬ੍ਰਹਮ ਸਰੂਪ ਦੀ ਵਿਚਾਰ ਕਰ।

***ਪ੍ਰਸ਼ਨ :*** *ਹੇ ਕਬੀਰ ਜੀ ! ਸਤਿਸੰਗਤ ਵਿਚ ਕੀ ਲਾਭ ਹੋਵੇਗਾ ? ਉੱਤਰ :*

**ਈਤ ਊਤ ਕੀ; ਸੋਝੀ ਪਰੈ ॥ ਕਉਨੁ ਕਰਮ; ਮੇਰਾ ਕਰਿ ਕਰਿ ਮਰੈ ॥੧॥**

ਹੇ ਭਾਈ ! ਸਤਿਸੰਗਤ ਵਿਚ ਈਤ ਊਤ = ਲੋਕ-ਪ੍ਰਲੋਕ ਕੀ = ਦੀ ਸੋਝੀ = ਗਿਆਤ ਪਰੈ = ਪੈ ਜਾਂਦੀ ਹੈ **ਵਾ:** ਈਤ = ਹੇਠਾਂ ਭਾਵ ਜੀਵ ਅਤੇ ਊਤ = ਉਤਾਂਹ ਭਾਵ ਈਸ਼ਰ ਅਰਥਾਤ ਜੀਵ ਈਸ਼ ਦੀ ਏਕਤਾ ਦੀ ਸੋਝੀ ਪੈ ਜਾਵੇਗੀ।

ਫੇਰ ਇਹ ਨਿਸਚਾ ਹੋ ਜਾਵੇਗਾ ਕਿ ਕਉਨੁ = ਕਿਹੜਾ ਕਰਮ ਕਾਂਡ ਕਰਿ = ਕਰਕੇ ਅਤੇ ਮੇਰ ਤੇਰ ਪਿੱਛੇ ਮਰੈ = ਮਰਦਾ ਫਿਰੇ, ਭਾਵ ਇਨ੍ਹਾਂ ਕਰਮ ਕਾਂਡਾਂ ਦੀ ਲੋੜ ਨਹੀਂ ਰਹਿੰਦੀ **ਵਾ:** ਕਿਹੜਾ ਨਿੱਤ ਨਮਿੱਤ ਆਦਿ ਕਰਮ ਹੈ, ਮੇਰ ਤੇਰ ਕੀ ਹੈ, ਕਰਤਾ ਹੋ ਕੇ ਕਰਤਰੀ ਭਾਵ ਕੀ ਕਰਨਾ, ਕਉਣ ਮਰਦਾ ਰਹੇਗਾ, ਭਾਵ ਇਨ੍ਹਾਂ ਕਰਮ ਕਾਂਡਾਂ ਵਿਚ ਨਹੀਂ ਫਸਣਾ ਪਵੇਗਾ॥੧॥

**ਨਿਜ ਪਦ ਊਪਰਿ; ਲਾਗੋ ਧਿਆਨੁ ॥ ਰਾਜਾਰਾਮ ਨਾਮੁ; ਮੋਰਾ ਬ੍ਰਹਮਗਿਆਨੁ ॥੧॥ਰਹਾਉ॥**

ਹੇ ਭਾਈ ! ਮੇਰਾ ਤਾਂ ਨਿਜ = ਸ੍ਵੈ ਸਰੂਪ ਰੂਪੀ ਪਦ = ਪਦਵੀ ਦੇ ਊਪਰਿ = ਉੱਤੇ ਧਿਆਨ ਲਾਗੋ = ਲੱਗਾ ਹੋਇਆ ਹੈ।

ਰਾਜਾ = ਪ੍ਰਕਾਸ਼ ਸਰੂਪ ਰਾਮ = ਪਰਮਾਤਮਾ ਦਾ ਨਾਮ ਮੇਰੇ ਤਾਈਂ ਬ੍ਰਹਮ ਗਿਆਨ ਕਰਾਉਣ ਵਾਲਾ ਹੈ। ਇਸ ਲਈ ਮੈਂ ਪਰਮਾਤਮਾ ਦੇ ਨਾਮ ਦਾ ਹੀ ਅਭਿਆਸ ਕਰਦਾ ਹਾਂ॥੧॥ਰਹਾਉ॥

**ਮੂਲ ਦੁਆਰੈ; ਬੰਧਿਆ ਬੰਧੁ ॥ ਰਵਿ ਊਪਰਿ; ਗਹਿ ਰਾਖਿਆ ਚੰਦੁ ॥**

ਦੁਆਰਿਆਂ ਵਾਲੇ ਸੰਸਾਰ ਵਿਚ ਜੰਮਣ ਮਰਣ ਦਾ ਮੁੱਢ ਮਾਇਆ, ਅਵਿੱਦਿਆ ਵੱਲੋਂ ਮਨ ਨੂੰ ਸਮ ਦਮ ਸਾਧਨਾ, ਬਿਬੇਕ ਰੂਪੀ ਬੰਧੁ = ਬੰਨ੍ਹ ਪਾ ਕੇ ਬੰਨ੍ਹਣਾ ਕਰੇ।

ਰਵਿ = ਸੂਰਜ ਦੀ ਨਿਆਈਂ ਤਮੋਗੁਣ ਦੇ ਉੱਪਰ ਚੰਦਰਮਾ ਦੀ ਨਿਆਈਂ ਸਤੋਗੁਣ ਦੇ ਵਿਚ ਬਿਰਤੀ ਨੂੰ ਪਕੜ ਕੇ ਰੱਖਣਾ ਕਰੋ।

**ਪਛਮ ਦੁਆਰੈ; ਸੂਰਜੁ ਤਪੈ ॥ ਮੇਰਡੰਡ; ਸਿਰ ਊਪਰਿ ਬਸੈ ॥੨॥**

ਜਦੋਂ ਦੁਆਰਿਆਂ ਵਾਲੇ ਸਰੀਰ ਦੇ ਅਭਿਮਾਨ ਤੋਂ ਪਛਮ = ਪਿਛਾਂਹ ਹਟ ਗਏ, ਤਦੋਂ ਗਿਆਨ ਰੂਪੀ ਸੂਰਜ ਤਪੈ = ਤਪ, ਪ੍ਰਕਾਸ਼ ਪਵੇਗਾ।

ਫੇਰ ਜੋ (ਮੇਰ + ਡੰਡ) ਲੋਕ ਡੰਡ, ਪਿਤਰ ਡੰਡ ਆਦਿਕਾਂ ਤੋਂ ਮੇਰ = ਸ਼ਿਰੋਮਣੀ ਪਰਮਾਤਮਾ ਹੈ, ਉਸ ਉੱਪਰ ਭਾਵ ਉਸ ਨਾਲ ਅਭੇਦ ਹੋ ਕੇ ਵੱਸ ਜਾਵੋਗੇ॥੨॥

**ਪਸਚਮ ਦੁਆਰੇ ਕੀ; ਸਿਲ ਓੜ ॥ ਤਿਹ ਸਿਲ ਊਪਰਿ; ਖਿੜਕੀ ਅਉਰ ॥**

ਦੁਆਰਿਆਂ ਵਾਲੇ ਸਰੀਰ ਦੇ ਅਭਿਮਾਨ ਤੋਂ ਪਿਛਾਂਹ ਹਟ ਕੇ ਉਸਦੀ ਆਸਾ ਰੂਪੀ ਸਿਲਾ ਨੂੰ ਓੜ = ਉਡਾਉਣਾ ਕਰੋ।

ਤਿਹ = ਉਸ ਆਸਾ ਰੂਪੀ ਸਿਲਾ ਉੱਪਰ ਤ੍ਰਿਸ਼ਨਾ ਰੂਪੀ ਇਕ ਹੋਰ ਖਿੜਕੀ ਹੈ।

**ਖਿੜਕੀ ਊਪਰਿ; ਦਸਵਾ ਦੁਆਰੁ ॥ ਕਹਿ ਕਬੀਰ; ਤਾ ਕਾ ਅੰਤੁ ਨ ਪਾਰੁ ॥੩॥੨॥੧੦॥**

ਇਨ੍ਹਾਂ ਖਿੜਕੀਆਂ ਤੋਂ ਉਪਰਾਮ ਹੋ ਕੇ ਨੌਂ ਗੋਲਕਾਂ ਦਾ ਪ੍ਰਕਾਸ਼ਕ ਦਸਵਾਂ ਜੋ ਚੇਤਨ ਹੈ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਤਾ = ਉਸ ਚੇਤਨ ਪ੍ਰਭੂ ਦਾ ਪਾਰ ਉਰਾਰ ਕਰਕੇ ਕੋਈ ਅੰਤ ਨਹੀਂ ਪਾ ਸਕਦਾ॥੩॥੨॥੧੦॥

## ਤੀਸਰਾ ਅਰਥ

**ਸਿਵ ਕੀ ਪੁਰੀ; ਬਸੈ ਬੁਧਿ ਸਾਰੁ ॥ ਤਹ ਤੁਮ੍ ਮਿਲਿ ਕੈ; ਕਰਹੁ ਬਿਚਾਰੁ ॥**

ਹੇ ਭਾਈ ! ਕਲਿਆਨ ਸਰੂਪ ਪ੍ਰਭੂ ਦੀ ਤੁਰੀਆ ਪਦ ਰੂਪੀ ਨਗਰੀ ਵਿਚ ਸਾਰੁ = ਸ੍ਰੇਸ਼ਟ ਆਤਮ ਵਿਸ਼ੈਣੀ ਬੁੱਧ ਵਾਲੇ ਤਤਬੇਤੇ ਵੱਸਣਾ ਕਰਦੇ ਹਨ।

ਹੇ ਭਾਈ ! ਤਹ = ਉਥੇ ਉਨ੍ਹਾਂ ਦੀ ਸੰਗਤ ਵਿਚ ਮਿਲ ਕੇ ਤੁਸੀਂ ਸਤ ਅਸੱਤ ਦਾ ਬਿਚਾਰੁ = ਨਿਰਣਾ ਕਰੋ।

**ਈਤ ਊਤ ਕੀ; ਸੋਝੀ ਪਰੈ ॥ ਕਉਨੁ ਕਰਮ; ਮੇਰਾ ਕਰਿ ਕਰਿ ਮਰੈ ॥੧॥**

ਫੇਰ ਜੋ ਈਤ = ਏਥੇ ਭਾਵ ਹੇਠਾਂ ਨੂੰ ਜਾ ਰਿਹਾ ਅਲਪਗ ਜੀਵ ਅਤੇ ਜੋ ਊਤ = ਉੱਪਰ ਵੱਲ ਈਸ਼ਰ ਹੈ, ਭਾਵ ਜੀਵ ਈਸ਼ ਦੀ ਏਕਤਾ ਦੀ ਸੋਝੀ ਪੈ ਜਾਵੇਗੀ।

ਐਵੇਂ ਕਰਮ ਕਾਂਡਾਂ ਨੂੰ ਕਰਿ = ਕਰਕੇ ਮੇਰ ਤੇਰ ਵਾਲੇ ਸੁਭਾਵ ਨੂੰ ਧਾਰਨ ਕਰਕੇ ਕਿਹੜਾ ਮਰਦਾ ਫਿਰੇ। ਭਾਵ ਜੀਵ ਈਸ਼ ਦੀ ਏਕਤਾ ਕਰਕੇ ਕਿਸੇ ਕਰਮ ਕਾਂਡ ਦੀ ਲੋੜ ਨਹੀਂ ਰਹਿੰਦੀ ਅਤੇ ਨਾ ਹੀ ਮੇਰ ਤੇਰ ਰਹਿੰਦੀ ਹੈ ॥੧॥

**ਨਿਜ ਪਦ ਊਪਰਿ; ਲਾਗੋ ਧਿਆਨੁ ॥ ਰਾਜਾਰਾਮ ਨਾਮੁ; ਮੋਰਾ ਬ੍ਰਹਮਗਿਆਨੁ ॥੧॥ਰਹਾਉ॥**

ਜਾਗਰਤ ਸੁਪਨ ਸੁਖੋਪਤ ਤੋਂ ਉੱਪਰ ਜੋ ਨਿਜ = ਆਪਣਾ ਤੁਰੀਆ ਪਦ ਹੈ, ਉਸ ਵਿਚ ਮੇਰੇ ਚਿੱਤ ਦਾ ਧਿਆਨ ਜੁੜ ਗਿਆ ਹੈ।

ਰਾਜਾ = ਪ੍ਰਕਾਸ਼ ਸਰੂਪ ਰਾਮ = ਪਰਮਾਤਮਾ ਦਾ ਨਾਮ ਹੀ ਮੇਰੇ ਤਾਈਂ ਬ੍ਰਹਮ ਦਾ ਗਿਆਨ ਦੇਣ ਵਾਲਾ ਹੈ ॥੧॥ਰਹਾਉ॥

**ਮੂਲ ਦੁਆਰੈ; ਬੰਧਿਆ ਬੰਧੁ ॥ ਰਵਿ ਊਪਰਿ; ਗਹਿ ਰਾਖਿਆ ਚੰਦੁ ॥**

ਮੂਲ ਜੋ ਅਗਿਆਨ ਹੈ ਉਸ ਵਲੋਂ ਆਪਣੇ ਅੰਤਹਕਰਨ ਰੂਪੀ ਦੁਆਰੇ ਨੂੰ ਸਮ ਦਮ ਸਾਧਨਾ ਦਾ ਬੰਧੁ = ਬੰਨ੍ਹ ਪਾ ਕੇ ਬੰਨ੍ਹਣਾ ਕੀਤਾ ਹੈ।

ਰਵਿ = ਸੂਰਜ ਦੀ ਨਿਆਈਂ ਤਪਾਉਣ ਵਾਲੇ ਅਗਿਅਨ ਦੀ ਨਵਿਰਤੀ ਕਰਕੇ ਚੰਦਰਮਾ ਦੀ ਨਿਆਈਂ ਸ਼ਾਂਤ ਸਰੂਪ ਬ੍ਰਹਮ ਦੇ ਧਿਆਨ ਵਿਚ ਚਿੱਤ ਨੂੰ ਪਕੜ ਕੇ ਰੱਖਣਾ ਕੀਤਾ ਹੈ।

**ਪਛਮ ਦੁਆਰੈ; ਸੂਰਜੁ ਤਪੈ ॥ ਮੇਰਡੰਡ; ਸਿਰ ਊਪਰਿ ਬਸੈ ॥੨॥**

ਜਦੋਂ ਸੰਸਾਰ ਰੂਪੀ ਦੁਆਰੇ ਵੱਲੋਂ ਬਿਰਤੀ ਪਿਛਾਂਹ ਹਟ ਗਈ, ਤਦੋਂ ਅਪ੍ਰੋਖ ਗਿਆਨ ਰੂਪੀ ਸੂਰਜ ਦਾ ਪ੍ਰਕਾਸ਼ ਹੋ ਜਾਵੇਗਾ।

ਸਭ ਡੰਡ = ਸਰੀਰਾਂ ਦਾ ਸਿਰ = ਸ਼ਿਰੋਮਣੀ ਜੋ ਮੇਰ = ਉਤਕ੍ਰਿਸ਼ਟ ਪਰਮਾਤਮਾ ਹੈ, ਜੀਵ ਦਾ ਚਿੱਤ ਉਸ ਵਿਚ ਜਾ ਕੇ ਵੱਸ ਜਾਵੇਗਾ ॥੨॥

**ਪਸਚਮ ਦੁਆਰੇ ਕੀ, ਸਿਲ ਓੜ ॥ ਤਿਹ ਸਿਲ ਊਪਰਿ; ਖਿੜਕੀ ਅਉਰ ॥**

ਇਹ ਜੋ ਪਿੱਛੇ ਮਾਇਆ ਦਾ ਦੁਆਰਾ ਸੰਸਾਰ ਹੈ, ਇਸ ਵਿਚ ਸਥੂਲ ਵਾਸ਼ਨਾ ਰੂਪੀ ਸਿਲਾ ਨੂੰ ਉਡਾਉਣਾ ਕਰੇ।

ਤਿਹ = ਉਸ ਸਥੂਲ ਵਾਸ਼ਨਾ ਰੂਪੀ ਸਿਲਾ ਦੇ ਉੱਤੇ ਸੂਖਮ ਵਾਸ਼ਨਾ ਰੂਪੀ ਇਕ ਹੋਰ ਖਿੜਕੀ ਹੈ।

**ਖਿੜਕੀ ਊਪਰਿ; ਦਸਵਾ ਦੁਆਰੁ ॥ ਕਹਿ ਕਬੀਰ; ਤਾ ਕਾ ਅੰਤੁ ਨ ਪਾਰੁ ॥੩॥੨॥੧੦॥**

ਜਦੋਂ ਸੂਖਮ ਵਾਸ਼ਨਾ ਰੂਪੀ ਖਿੜਕੀ ਦਾ ਤਿਆਗ ਕਰਕੇ ਇਸ ਤੋਂ ਉੱਪਰ ਉੱਠ ਗਏ, ਤਦੋਂ ਦੁਆਰਿਆਂ ਵਾਲੇ ਸੰਸਾਰ ਦਾ ਜੋ ਦਸਵਾਂ ਚੇਤਨ ਪ੍ਰਕਾਸ਼ਕ ਹੈ, ਉਸ ਦਾ ਗਿਆਨ ਪ੍ਰਾਪਤ ਹੋ ਜਾਵੇਗਾ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਚੇਤਨ ਸਰੂਪ ਦਾ ਪਾਰ-ਉਰਾਰ, ਲੋਕ-ਪ੍ਰਲੋਕ ਕਰਕੇ ਅੰਤ ਨਹੀਂ ਪਾਇਆ ਜਾ ਸਕਦਾ।

**ਉਥਾਨਕਾ :** ਭਗਤ ਕਬੀਰ ਸਾਹਿਬ ਜੀ ਦੇ ਪਾਸ ਇਕ ਹੋਰ ਜੋਗੀ, ਇਕ ਮੁਲਾਣਾ ਤੇ ਕਾਜ਼ੀ ਆਦਿ ਆਏ ਹਨ, ਉਨ੍ਹਾਂ ਨੂੰ ਉਪਦੇਸ਼ ਦੇਂਦੇ ਹੋਏ ਇਹ ਸ਼ਬਦ ਉਚਾਰਣ ਕਰਦੇ ਹਨ।

## ਸੋ ਮੁਲਾਂ; ਜੋ ਮਨ ਸਿਉ ਲਰੈ ॥ ਗੁਰ ਉਪਦੇਸਿ; ਕਾਲ ਸਿਉ ਜੁਰੈ ॥

ਹੇ ਭਾਈ ! ਸਾਡੇ ਆਸ਼ੇ ਅਨੁਸਾਰ ਸੋ = ਉਹੋ ਹੀ ਮੁਲਾਂ = ਮੁਲਾਣਾ ਹੋ ਸਕਦਾ ਹੈ, ਜੋ = ਜਿਹੜਾ ਆਪਣੇ

ਮਨ ਦੇ ਸੰਕਲਪਾਂ ਵਿਕਲਪਾਂ ਸਿਉ = ਨਾਲ ਲਰੈ = ਲੜਦਾ ਹੈ, ਭਾਵ ਮਨ ਦੇ ਮੰਦੇ ਸੁਭਾਅ ਨੂੰ ਮੇਟਣਾ ਕਰਦਾ ਹੈ, ਅਤੇ

ਗੁਰਾਂ ਦੇ ਉਪਦੇਸ਼ ਦੁਆਰਾ ਕਾਲ = ਮੌਤ ਦੇ ਸਿਉ = ਨਾਲ ਜੁਰੈ = ਜੁੱਟਣਾ, ਮੁਕਾਬਲਾ ਕਰਦਾ ਹੈ, ਭਾਵ ਮੌਤ ਦਾ ਭੈ ਵੀ ਦੂਰ ਕਰਦਾ ਹੈ।

## ਕਾਲ ਪੁਰਖੁ ਕਾ; ਮਰਦੈ ਮਾਨੁ ॥ ਤਿਸੁ ਮੁਲਾ ਕਉ; ਸਦਾ ਸਲਾਮੁ ॥੧॥

ਜੋ ਕਾਲ ਪੁਰਖੁ = ਯਮਰਾਜ ਕਾ = ਦਾ ਮਾਨੁ = ਹੰਕਾਰ ਮਰਦੈ = ਮਲ ਦੇਂਦਾ ਹੈ, ਭਾਵ ਯਮਰਾਜ ਦਾ ਆਪਣੇ ਉੱਪਰ ਜ਼ੋਰ ਨਹੀਂ ਪੈਣ ਦੇਂਦਾ।

ਤਿਸੁ = ਉਸ ਮੁਲਾ = ਮੁਲਾਣੇ ਕਉ = ਨੂੰ ਅਸੀਂ ਸਦਾ = ਹਮੇਸ਼ਾਂ ਸਲਾਮੁ = ਨਮਸਕਾਰ ਕਰਦੇ ਹਾਂ **ਵਾ:** ਉਸ ਨੂੰ ਹੀ ਸਦਾ ਸਲਾਮੁ = ਸਲਾਮਤ, ਇਸਥਿਤ ਹੋਇਆ ਸਮਝਦੇ ਹਾਂ ॥੧॥

**[ਅੰਗ ੧੧੬੦]**

## ਹੈ ਹਜੂਰਿ; ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ; ਸੁੰਦਰ ਪਾਵਹੁ ॥੧॥ਰਹਾਉ॥

ਹੇ ਭਾਈ = ਉਹ ਖ਼ੁਦਾ ਸਭ ਦੇ ਹਜੂਰਿ = ਨੇੜੇ ਤੋਂ ਨੇੜੇ ਹੈ, ਫੇਰ ਤੁਸੀਂ ਉਸ ਨੂੰ ਸੱਤਵੇਂ ਅਕਾਸ਼ ਵਿਚ ਵੱਸਦਾ ਹੋਇਆ ਕਹਿ ਕੇ ਦੂਰ ਕਤ = ਕਿਸ ਵਾਸਤੇ ਬਤਾਵਹੁ = ਦੱਸਦੇ ਹੋ।

ਦੁੰਦਰ = ਰੌਲਾ, ਝਗੜਾ ਪਾਉਣ ਵਾਲੇ ਮਨ ਨੂੰ ਬਾਧਹੁ = ਬੰਨ੍ਹਣਾ ਕਰੋ, ਤਦੋਂ ਤੁਸੀਂ ਸਤ-ਚਿੱਤ ਅਨੰਦ ਸਰੂਪ ਸੁੰਦਰ ਪਰਮਾਤਮਾ ਨੂੰ ਪਾਵਹੁ = ਪਾ ਲਵੋਗੇ ॥੧॥ਰਹਾਉ॥

## ਕਾਜੀ ਸੋ; ਜੁ ਕਾਇਆ ਬੀਚਾਰੈ ॥
## ਕਾਇਆ ਕੀ ਅਗਨਿ; ਬ੍ਰਹਮੁ ਪਰਜਾਰੈ ॥

ਹੇ ਭਾਈ ! ਸਾਡੇ ਮਤ ਅਨੁਸਾਰ ਸੋ = ਉਹੋ ਹੀ ਅਸਲੀ ਕਾਜੀ = ਕਜ਼ਾ, ਫ਼ੈਸਲਾ ਕਰਨ ਵਾਲਾ (ਜੱਜ) ਹੈ, ਜੁ = ਜਿਹੜਾ ਆਪਣੀ ਅਖੰਡ ਚੇਤਨ ਕਾਇਆ = ਦੇਹ ਦੀ ਬੀਚਾਰੈ = ਵਿਚਾਰ ਕਰਦਾ ਹੈ।

ਇਸ ਕਾਇਆ = ਸਰੀਰ ਦੀ ਹੰਗਤਾ ਨੂੰ ਬ੍ਰਹਮ ਅਭਿਆਸ ਰੂਪੀ ਅਗਨਿ = ਅੱਗ ਬਾਲ ਕੇ ਪਰਜਾਰੈ = ਵਿਸ਼ੇਸ਼ ਕਰਕੇ ਸਾੜਨਾ ਕਰਦਾ ਹੈ।

## ਸੁਪਨੈ; ਬਿੰਦੁ ਨ ਦੇਈ ਝਰਨਾ ॥ ਤਿਸੁ ਕਾਜੀ ਕਉ; ਜਰਾ ਨ ਮਰਨਾ ॥੨॥

ਕਾਜ਼ੀ ਐਸਾ ਜਤੀ ਹੋਵੇ ਕਿ ਸੁਪਨੇ ਵਿਚ ਵੀ ਆਪਣੇ ਬਿੰਦੁ = ਬੀਰਜ, ਬ੍ਰਹਮਚਰਜ ਨੂੰ ਝਰਨਾ = ਝੜਨ, ਡਿੱਗਣ ਨਾ ਦੇਵੇ **ਵਾ:** ਸੰਸਾਰ ਰੂਪੀ ਸੁਪਨੇ ਵਿਚ ਬਿੰਦੁ = ਮਨ ਦੇ ਸੰਕਲਪ ਨੂੰ ਡਿੱਗਣ ਨਾ ਦੇਵੇ।

ਤਿਸੁ = ਉਸ ਕਾਜ਼ੀ ਕਉ = ਨੂੰ ਨਾ ਹੀ ਜਰਾ = ਬੁਢੇਪਾ ਆਵੇਗਾ ਤੇ ਨਾ ਹੀ ਮਰਨਾ = ਮੌਤ ਆਵੇਗੀ, ਭਾਵ ਉਹ ਜੰਮਣ ਮਰਣ ਰਹਿਤ ਹੋ ਜਾਵੇਗਾ **ਵਾ:** ਜੜ੍ਹਤਾ ਬਿਰਤੀ ਰੂਪ **ਵਾ:** ਹੰਕਾਰ ਰੂਪੀ ਬੁਢੇਪਾ ਨਹੀਂ ਆਵੇਗਾ ਅਤੇ ਮੌਤ ਦਾ ਸਹਿਮ ਵੀ ਨਹੀਂ ਰਹੇਗਾ ॥੨॥

## ਸੋ ਸੁਰਤਾਨੁ; ਜੁ ਦੁਇ ਸਰ ਤਾਨੈ ॥ ਬਾਹਰਿ ਜਾਤਾ; ਭੀਤਰਿ ਆਨੈ ॥

ਹੇ ਭਾਈ ! ਸੋ = ਉਹੋ ਹੀ ਸੁਰਤਾਨੁ = ਚੱਕ੍ਰਵਰਤੀ ਬਾਦਸ਼ਾਹ ਹੈ, ਜੁ = ਜਿਹੜਾ ਦੁਇ = ਦੋਵੇਂ ਸਰ = ਤੀਰ ਤਾਨੈ = ਤਾਣ ਕੇ ਰੱਖਦਾ ਹੈ।

ਇਕ ਤਾਂ ਇਹ ਹੈ ਕਿ ਜਿਹੜੇ ਪਰਜਾ ਦੇ ਲੋਕ ਬਾਹਰ ਜਾਤਾ = ਜਾਣਾ ਕਰਦੇ ਹਨ, ਉਨ੍ਹਾਂ ਨੂੰ ਆਪਣੀ ਹਕੂਮਤ ਵਿਚ ਲਿਆਉਣਾ ਕਰੇ ਅਤੇ ਦੂਸਰਾ ਇਹ ਹੈ ਕਿ ਜਿਹੜੇ ਚੋਰ ਆਦਿਕ ਪਰਜਾ ਦੇ ਵਿਚ ਆਏ ਹੋਏ ਹਨ, ਉਨ੍ਹਾਂ ਨੂੰ ਬਾਹਰ ਕੱਢਣਾ ਕਰੇ **ਵਾ:** ਜੇਲ੍ਹਖ਼ਾਨੇ ਵਿਚ ਪਾਉਣਾ ਕਰੇ **ਵਾ:** ਇਕ ਦੋਖੀ ਪੁਰਖਾਂ ਨੂੰ ਦੰਢ ਦੇਣਾ ਅਤੇ ਦੂਜਾ ਪਰਜਾ ਨੂੰ ਸੁੱਖ ਦੇਣ ਰੂਪ ਤੀਰ ਤਾਨਣਾ ਕਰੇ।

## ਗਗਨ ਮੰਡਲ ਮਹਿ; ਲਸਕਰੁ ਕਰੈ ॥
## ਸੋ ਸੁਰਤਾਨੁ; ਛਤ੍ਰੁ ਸਿਰਿ ਧਰੈ ॥੩॥

ਗਗਨ ਮੰਡਲ = ਅਕਾਸ਼ ਮੰਡਲ ਭਾਵ ਮੈਦਾਨ-ਏ-ਜੰਗ ਦੇ ਮਹਿ = ਵਿਚ ਲਸਕਰੁ = ਫ਼ੌਜਾਂ ਨੂੰ ਤਿਆਰ-ਬਰ-ਤਿਆਰ ਰੱਖਣਾ ਕਰੇ।

ਸੋ = ਉਹ ਸੁਰਤਾਨੁ = ਚੱਕ੍ਰਵਰਤੀ ਬਾਦਸ਼ਾਹ ਸਾਰੀ ਦੁਨੀਆ ਦਾ ਬਾਦਸ਼ਾਹ ਬਣ ਕੇ ਸਿਰ ਉੱਪਰ ਛਤ੍ਰ ਧਰੈ = ਧਰਦਾ, ਝੁਲਾਉਂਦਾ ਹੈ ॥੩॥

### ਦੂਸਰਾ ਅਰਥ

ਜੋਗੀ ਦੇ ਲਖਣ ਕਰਦੇ ਹਨ :

**ਸੋ ਸੁਰਤਾਨੁ; ਜੁ ਦੁਇ ਸਰ ਤਾਨੈ ॥ ਬਾਹਰਿ ਜਾਤਾ; ਭੀਤਰਿ ਆਨੈ ॥**

ਸੋ = ਉਹੋ ਹੀ ਜੋਗੀ ਰੂਪ ਬਾਦਸ਼ਾਹ ਹੈ, ਜੋ ਦੁਇ = ਦੋ ਇੜਾ ਅਤੇ ਪਿੰਗਲਾ ਰੂਪੀ ਸੁਰਾਂ ਨੂੰ ਸੁਖਮਨਾ ਵਿਚ ਤਾਨੈ = ਤਾਣਦਾ, ਟਿਕਾਉਣਾ ਕਰਦਾ ਹੈ।

ਜਿਹੜਾ ਸ੍ਵਾਸ ਬਾਹਰ ਜਾਂਦਾ ਹੈ, ਉਸਨੂੰ ਅੰਦਰ ਹੀ ਟਿਕਾਅ ਕੇ ਰੱਖਣਾ ਕਰਦਾ ਹੈ।

**ਗਗਨ ਮੰਡਲ ਮਹਿ; ਲਸਕਰੁ ਕਰੈ ॥ ਸੋ ਸੁਰਤਾਨੁ; ਛਤ੍ਰੁ ਸਿਰਿ ਧਰੈ ॥੩॥**

ਗਗਨ ਮੰਡਲ = ਦਸਮ ਦੁਆਰ ਵਿਚ ਪ੍ਰਾਣਾਂ ਰੂਪੀ ਫ਼ੌਜ ਨੂੰ ਇਸਥਿਤ ਕਰਕੇ ਰੱਖਣਾ ਕਰੇ।

ਸੋ = ਉਹ ਸੁਰਤਾਨੁ = ਜੋਗੀ ਰੂਪ ਬਾਦਸ਼ਾਹ ਦਸਮ ਦੁਆਰ ਵਿਚ ਜੋਗਾਨੰਦ ਰੂਪ ਛਤ੍ਰ ਆਪਣੇ ਸਿਰ ਉੱਪਰ ਧਾਰਣ ਕਰਦਾ ਹੈ ॥੩॥

### ਤੀਸਰਾ ਅਰਥ

ਬ੍ਰਹਮ ਗਿਆਨੀ ਦੇ ਲਖਣ ਕਰਦੇ ਹਨ :

**ਸੋ ਸੁਰਤਾਨੁ; ਜੁ ਦੁਇ ਸਰ ਤਾਨੈ ॥ ਬਾਹਰਿ ਜਾਤਾ; ਭੀਤਰਿ ਆਨੈ ॥**

ਹੇ ਭਾਈ ! ਸੋ = ਉਹੋ ਹੀ ਬ੍ਰਹਮ ਬੇਤਾ ਰੂਪ ਪਾਤਸ਼ਾਹ ਹੈ, ਜੋ ਦੁਇ = ਦੋ ਗਿਆਨ ਤੇ ਵੈਰਾਗ ਰੂਪੀ **ਵਾ:** ਪ੍ਰੋਖ ਤੇ ਅਪ੍ਰੋਖ ਗਿਆਨ ਰੂਪੀ ਸਰ = ਤੀਰ ਤਾਨੈ = ਤਾਣ ਕੇ ਰੱਖਦਾ ਹੈ।

ਬਾਹਰ ਸੰਸਾਰ ਵੱਲ ਜਾਂਦੇ ਹੋਏ ਮਨ ਨੂੰ ਅੰਤਰਮੁਖ, ਤੁਰੀਆ ਪਦ ਵਿਚ ਲਿਆ ਕੇ ਇਸਥਿਤ ਕਰਦਾ ਹੈ।

**ਗਗਨ ਮੰਡਲ ਮਹਿ; ਲਸਕਰੁ ਕਰੈ ॥ ਸੋ ਸੁਰਤਾਨੁ; ਛਤ੍ਰੁ ਸਿਰਿ ਧਰੈ ॥੩॥**

ਹਿਰਦੇ ਰੂਪੀ ਅਕਾਸ਼ ਮੰਡਲ ਵਿਚ ਦੈਵੀ ਸੰਪਦਾ ਰੂਪੀ ਫ਼ੌਜ ਨੂੰ ਇਕੱਤ੍ਰ ਕਰਕੇ ਰੱਖਣਾ ਕਰਦਾ ਹੈ।

ਸੋ = ਉਹ ਬ੍ਰਹਮ ਗਿਆਨੀ ਰੂਪੀ ਪਾਤਸ਼ਾਹ ਬ੍ਰਹਮਾਨੰਦ, ਜੱਸ ਰੂਪ ਛਤ੍ਰ ਆਪਣੇ ਸਿਰ ਉੱਪਰ ਧਰਦਾ ਹੈ ॥੩॥

## ਜੋਗੀ; ਗੋਰਖੁ ਗੋਰਖੁ ਕਰੈ ॥ ਹਿੰਦੂ; ਰਾਮ ਨਾਮੁ ਉਚਰੈ ॥

ਜੋਗੀ ਲੋਕ ਗੋਰਖ ਗੋਰਖ ਕਰੈ = ਕਰਦੇ ਹਨ।
ਹਿੰਦੂ ਲੋਕ ਰਾਮ ਦਾ ਨਾਮ ਉਚਰੈ = ਉਚਾਰਦੇ ਰਹਿੰਦੇ ਹਨ।

## ਮੁਸਲਮਾਨ ਕਾ; ਏਕੁ ਖੁਦਾਇ ॥
## ਕਬੀਰ ਕਾ ਸੁਆਮੀ; ਰਹਿਆ ਸਮਾਇ ॥੪॥੩॥੧੧॥

ਮੁਸਲਮਾਨਾਂ ਕਾ = ਦਾ ਏਕੁ = ਇਕ ਖੁਦਾਇ = ਖ਼ੁਦਾ ਮੰਨਿਆ ਹੋਇਆ ਹੈ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਪਰ ਸਾਡੇ ਜਨਾਂ ਕਾ = ਦਾ ਸੁਆਮੀ = ਮਾਲਕ ਤਾਂ ਸਾਰੇ ਬ੍ਰਹਮੰਡਾਂ ਵਿਚ ਹੀ ਸਮਾਇ = ਸਮਾਅ, ਵਿਆਪਕ ਹੋ ਰਹਿਆ = ਰਿਹਾ ਹੈ॥੪॥੩॥੧੧॥

## ਮਹਲਾ ੫ ॥

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਭਗਤ ਕਬੀਰ ਸਾਹਿਬ ਜੀ ਨੂੰ ਸਿਰੋਪਾਉ ਬਖ਼ਸ਼ਦੇ ਹੋਏ **ਵਾ:** ਭਗਤ ਬਾਣੀ ਅਤੇ ਗੁਰੂ ਸਾਹਿਬਾਨਾਂ ਦੀ ਬਾਣੀ ਦੀ ਅਭੇਦਤਾ ਦਿਖਾਉਂਦੇ ਹੋਏ ਅਤੇ ਪਖੰਡ ਦਾ ਖੰਡਨ ਕਰਦੇ ਹੋਏ ਇਹ ਸ਼ਬਦ ਉਚਾਰਨ ਕਰਦੇ ਹਨ।

## ਜੋ ਪਾਥਰ ਕਉ; ਕਹਤੇ ਦੇਵ ॥ ਤਾ ਕੀ; ਬਿਰਥਾ ਹੋਵੈ ਸੇਵ ॥

ਜੋ = ਜਿਹੜੇ ਮਨੁੱਖ ਪਾਥਰ = ਪੱਥਰ ਦੀ ਮੂਰਤੀ ਕਉ = ਨੂੰ ਦੇਵ = ਪ੍ਰਕਾਸ਼ ਸਰੂਪ ਪਰਮਾਤਮਾ ਕਹਤੇ = ਕਹਿੰਦੇ ਹਨ **ਵਾ:** ਪੱਥਰ ਦੀ ਨਿਆਈਂ ਜੜ੍ਹ ਦੇਹਾਂ ਨੂੰ ਪੂਜਨੀਕ ਸਮਝ ਕੇ ਪੂਜਣਾ ਕਰਦੇ ਹਨ।

ਤਾ = ਉਨ੍ਹਾਂ ਕੀ = ਦੀ ਮੂਰਤਾਂ ਦੀ ਕੀਤੀ ਹੋਈ ਸੇਵ = ਟਹਿਲ ਬਿਰਥਾ = ਵਿਅਰਥ ਹੋਵੈ = ਹੋ, ਚਲੀ ਜਾਂਦੀ ਹੈ।

## ਜੋ ਪਾਥਰ ਕੀ; ਪਾਂਈ ਪਾਇ ॥ ਤਿਸ ਕੀ ਘਾਲ; ਅਜਾਂਈ ਜਾਇ ॥੧॥

ਜੋ = ਜਿਹੜੇ ਮਨੁੱਖ ਪਾਥਰ = ਪੱਥਰ ਕੀ = ਦੀਆਂ ਮੂਰਤਾਂ ਦੇ ਪਾਂਈ = ਪੈਰੀ ਪਾਇ = ਪੈਣਾ ਕਰਦੇ ਹਨ **ਵਾ:** ਪੱਥਰ ਦੀ ਨਿਆਈਂ ਸ੍ਵੈ ਸੱਤਾ ਹੀਨ ਜੜ੍ਹ ਦੇਹਾਂ ਦੇ ਪੈਰੀਂ ਪੈਂਦੇ ਹਨ।

ਤਿਸੁ = ਉਨ੍ਹਾਂ ਕੀ = ਦੀ ਕੀਤੀ ਹੋਈ ਘਾਲ = ਮਿਹਨਤ ਅਜਾਈ = ਵਿਅਰਥ ਚਲੀ ਜਾਇ = ਜਾਂਦੀ ਹੈ॥੧॥

## ਠਾਕੁਰੁ ਹਮਰਾ; ਸਦ ਬੋਲੰਤਾ ॥ ਸਰਬ ਜੀਆ ਕਉ; ਪ੍ਰਭੁ ਦਾਨੁ ਦੇਤਾ ॥੧॥ਰਹਾਉ॥

ਹੇ ਭਾਈ ! ਹਮਰਾ = ਸਾਡਾ ਠਾਕੁਰ = ਮਾਲਕ ਪ੍ਰਭੂ ਸਦ = ਹਮੇਸ਼ਾਂ ਹੀ ਬੋਲੰਤਾ = ਬੋਲਣ ਵਾਲਾ ਹੈ।

ਉਹ ਪ੍ਰਭੂ = ਪਰਮਾਤਮਾ ਸਰਬ = ਸਾਰੇ ਜੀਆ = ਜੀਵਾਂ ਕਉ = ਨੂੰ ਰੋਜ਼ੀ, ਜੀਵਨ, ਗਿਆਨ ਆਦਿ ਦਾ ਦਾਨੁ ਦੇਤਾ = ਦੇਣਾ ਕਰਦਾ ਹੈ॥੧॥ਰਹਾਉ॥

## ਅੰਤਰਿ ਦੇਉ; ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ; ਪਾਵੈ ਫੰਧੁ ॥

ਉਹ ਦੇਉ = ਪ੍ਰਕਾਸ਼ ਸਰੂਪ ਪਰਮਾਤਮਾ ਸਾਰਿਆਂ ਦਾ ਸਾਖੀ ਰੂਪ ਹੋ ਕੇ ਹਿਰਦੇ ਅੰਤਰਿ = ਵਿਚ ਹੀ ਵਰਤ ਰਿਹਾ ਹੈ, ਪਰ ਅੰਧੁ = ਅਗਿਆਨੀ ਜੀਵ ਉਸ ਪ੍ਰਭੂ ਨੂੰ ਜਾਨੈ = ਜਾਣਦਾ ਨਹੀਂ ਹੈ।

ਭਰਮ ਕਾ = ਦਾ ਮੋਹਿਆ = ਮੋਹਿਤ ਕੀਤਾ ਹੋਇਆ ਜੀਵ ਫੋਕਟ ਕਰਮਾਂ, ਪਖੰਡ ਰੂਪੀ ਫੰਧੁ = ਫਾਹਾ ਆਪਣੇ ਗਲ ਵਿਚ ਪਾਵੈ = ਪਾਉਣਾ ਕਰਦਾ ਹੈ **ਵਾ:** ਹੋਰਨਾਂ ਲੋਕਾਂ ਨੂੰ ਪੱਥਰਾਂ ਦੀ ਪੂਜਾ ਵਿਚ ਲਾ ਕੇ ਮੋਹ ਦੀਆਂ ਫਾਹੀਆਂ ਵਿਚ ਪਾਉਣਾ ਕਰਦਾ ਹੈ।

## ਨ ਪਾਥਰੁ ਬੋਲੈ; ਨਾ ਕਿਛੁ ਦੇਇ ॥ ਫੋਕਟ ਕਰਮ; ਨਿਹਫਲ ਹੈ ਸੇਵ ॥੨॥

ਉਹ ਪਾਥਰੁ = ਪੱਥਰ ਨਾ ਹੀ ਕੋਈ ਉਪਦੇਸ਼ ਬੋਲੈ = ਬੋਲਦਾ ਹੈ ਅਤੇ ਨਾ ਹੀ ਕਿਛੁ = ਕੁਝ ਵਰ ਆਦਿ ਦੇਇ = ਦੇਂਦਾ ਹੈ।

ਪੱਥਰ ਨੂੰ ਪੂਜਣ ਵਾਲੇ ਮਨੁੱਖ ਦੇ ਸਾਰੇ ਕਰਮ = ਕੰਮ ਫੋਕਟ = ਨਿਕੰਮੇ ਹਨ ਅਤੇ ਉਸ ਦੁਆਰਾ ਪੱਥਰ ਦੀ ਕੀਤੀ ਸੇਵ = ਸੇਵਾ ਵੀ ਨਿਹਫਲ = ਫਲ ਹੀਣ ਹੈ, ਭਾਵ ਉਸ ਨਾਲ ਆਤਮਾਨੰਦ ਪ੍ਰਾਪਤ ਨਹੀਂ ਹੁੰਦਾ ॥੨॥ ਜੈਸਾ ਕਿ:

**ਜੌ ਜੁਗ ਤੇ ਕਰਿ ਹੈ ਤਪਸਾ, ਕਛ ਤੋਹਿ ਪ੍ਰਸੰਨੁ ਨ ਪਾਹਨ ਕੈ ਹੈ ॥**
**ਹਾਥ ਉਠਾਇ ਭਲੀ ਬਿਧਿ ਸੋ ਜੜ, ਤੋਹਿ ਕਛੂ ਬਰਦਾਨ ਨ ਦੈ ਹੈ ॥**
**ਕਉਨ ਭਰੋਸੋ ਭਯਾ ਇਹ ਕੋ, ਕਹੁ ਭੀਰ ਪਰੀ ਨਹਿ ਆਨਿ ਬਚੈ ਹੈ ॥**
**ਜਾਨੁ ਰੇ ਜਾਨੁ ਅਜਾਨ ਹਠੀ, ਇਹ ਫੋਕਟ ਧਰਮ ਸੁ ਭਰਮ ਗਵੈ ਹੈ ॥੨॥** *(੩੩ ਸਵੈਯੇ, ਸ੍ਰੀ ਦਸਮ ਗ੍ਰੰਥ)*

## ਜੇ ਮਿਰਤਕ ਕਉ; ਚੰਦਨੁ ਚੜਾਵੈ ॥ ਉਸ ਤੇ ਕਹਹੁ; ਕਵਨ ਫਲ ਪਾਵੈ ॥

ਜੇ = ਜੇਕਰ ਕੋਈ ਮਿਰਤਕ = ਮਰੇ ਹੋਏ ਮਨੁੱਖ ਕਉ = ਨੂੰ ਭਾਵ ਮੁਰਦਾ ਦੇਹ ਨੂੰ ਚੰਦਨ ਚੜਾਵੈ = ਚੜ੍ਹਾਉਣਾ ਕਰੇ, ਭਾਵ ਚੰਦਨ ਮਲ ਦੇਵੇ ਜਾਂ ਚੰਦਨ ਵਰਗੀਆਂ ਖ਼ੁਸ਼ਬੂਦਾਰ ਚੀਜ਼ਾਂ ਦਾ ਛਿੜਕਾਅ ਕਰ ਦੇਵੇ।

ਤਾਂ ਕਹਹੁ = ਦੱਸਣਾ ਕਰੋ ਕਿ ਉਸ ਮੁਰਦੇ ਤੋਂ ਕੋਈ ਕਵਨ = ਕੀ ਫਲ ਪਾਵੈ = ਪਾ ਸਕਦਾ ਹੈ, ਭਾਵ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ।

ਏਸੇ ਪ੍ਰਕਾਰ ਮੁਰਦੇ ਦੇ ਵਾਂਗ ਹੀ ਪੱਥਰ ਦੀ ਪੂਜਾ ਹੈ, ਜੇਕਰ ਪੱਥਰ ਨੂੰ ਚੰਦਨ ਆਦਿ ਚੜ੍ਹਾਇਆ ਜਾਵੇ ਤਾਂ ਦੱਸੋ ਇਸ ਨਾਲ ਕਿਹੜਾ ਕੋਈ ਬ੍ਰਹਮ ਗਿਆਨ ਰੂਪੀ ਫਲ ਪਾ ਲਵੇਗਾ, ਭਾਵ ਨਹੀਂ ਪ੍ਰਾਪਤ ਕਰ ਸਕਦਾ।

## ਜੇ ਮਿਰਤਕ ਕਉ; ਬਿਸਟਾ ਮਾਹਿ ਰੁਲਾਈ ॥
## ਤਾਂ ਮਿਰਤਕ ਕਾ; ਕਿਆ ਘਟਿ ਜਾਈ ॥੩॥

ਜੇ = ਜੇਕਰ ਮਿਰਤਕ = ਮਰੇ ਹੋਏ ਜੀਵ ਕਉ = ਨੂੰ ਬਿਸਟਾ = ਗੰਦਗੀ ਮਾਹਿ = ਵਿਚ ਰੁਲਾਈ = ਰੁਲਾਇਆ ਜਾਵੇ।

ਤਾਂ ਮਿਰਤਕ = ਮਰੇ ਹੋਏ ਜੀਵ ਕਾ = ਦਾ ਕਿਆ = ਕੀ ਘਟ ਜਾਈ = ਜਾਂਦਾ ਹੈ, ਭਾਵ ਉਸਦਾ ਕੁਝ ਵੀ ਘਟਦਾ ਨਹੀਂ ਹੈ ਕਿਉਂਕਿ ਉਹ ਜੜ੍ਹ ਹੈ।

ਏਸੇ ਪ੍ਰਕਾਰ ਮਰੇ ਹੋਏ ਜੀਵ ਵਾਂਗ ਜੇਕਰ ਪੱਥਰ ਨੂੰ ਗੰਦਗੀ ਵਿਚ ਰੁਲਾ ਦੇਈਏ ਤਾਂ ਉਸਦੀ ਪੂਜਾ ਵਿਚ ਕੀ ਫ਼ਰਕ ਪੈ ਜਾਵੇਗਾ, ਭਾਵ ਪੱਥਰ ਦੀ ਪੂਜਾ ਦੀ ਲੋੜ ਨਹੀਂ ਹੈ ॥੩॥

## ਕਹਤ ਕਬੀਰ; ਹਉ ਕਹਉ ਪੁਕਾਰਿ ॥ ਸਮਝਿ ਦੇਖੁ; ਸਾਕਤ ਗਾਵਾਰ ॥

ਭਗਤ ਕਬੀਰ ਸਾਹਿਬ ਜੀ ਦੀ ਰਸਨਾ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਕਥਨ ਕਰਦੇ ਹਨ ਕਿ ਹਉ = ਮੈਂ ਤਾਂ ਪੁਕਾਰਿ = ਢੰਡੋਰਾ ਦੇ ਕੇ, ਬੁਲੰਦ ਅਵਾਜ਼ ਵਿਚ ਇਹ ਗੱਲ ਕਹਉ = ਕਹਿੰਦਾ ਹਾਂ।

ਹੇ ਸਾਕਤ = ਕਠੋਰ ਚਿੱਤ ਵਾਲੇ ਗਾਵਾਰ = ਬੇ-ਸਮਝ ਮਨੁੱਖ ਤੂੰ ਆਪਣੇ ਮਨ ਵਿਚ ਸਮਝ ਕੇ ਦੇਖੁ = ਦੇਖਣਾ ਕਰ।

## ਦੂਜੈ ਭਾਇ; ਬਹੁਤੁ ਘਰ ਗਾਲੇ ॥ ਰਾਮ ਭਗਤ ਹੈ; ਸਦਾ ਸੁਖਾਲੇ ॥੪॥੪॥੧੨॥

ਹੇ ਭਾਈ! ਦੂਜੈ ਭਾਇ = ਦ੍ਵੈਤ-ਭਾਵ ਨੇ ਪਰਮੇਸ਼ਰ ਤੋਂ ਭੁਲਾ ਕੇ ਬਹੁਤੁ = ਬੇਅੰਤ ਸਰੀਰਾਂ ਰੂਪੀ ਘਰ ਗਾਲੇ = ਗਾਲ ਦਿੱਤੇ ਹਨ।

ਰਾਮ = ਪਰਮਾਤਮਾ ਦੇ ਭਗਤ ਸਦਾ = ਹਮੇਸ਼ਾਂ ਹੀ ਸੁਖਾਲੇ = ਸੁਖੀ ਹਨ ॥੪॥੪॥੧੨॥

**ਉਥਾਨਕਾ :** ਇਸ ਸ਼ਬਦ ਵਿਚ ਭਗਤ ਕਬੀਰ ਸਾਹਿਬ ਜੀ ਮਾਇਆ ਦੀ ਪ੍ਰਬਲਤਾ ਦਿਖਾਉਂਦੇ ਹੋਏ ਉਪਦੇਸ਼ ਕਥਨ ਕਰਦੇ ਹਨ।

## ਜਲ ਮਹਿ ਮੀਨ; ਮਾਇਆ ਕੇ ਬੇਧੇ ॥ ਦੀਪਕ ਪਤੰਗ; ਮਾਇਆ ਕੇ ਛੇਦੇ ॥

ਹੇ ਭਾਈ! ਜਲ = ਪਾਣੀ ਦੇ ਮਹਿ = ਵਿਚ ਰਹਿਣ ਵਾਲੇ ਮੀਨ = ਮੱਛ ਆਦਿ ਜਲ ਜੰਤੂ ਮਾਇਆ ਕੇ = ਦੇ ਹੀ ਬੇਧੇ = ਵਿੰਨ੍ਹੇ ਹੋਏ ਹਨ **ਵਾ:** ਮਾਇਆ ਰੂਪੀ ਕੁੰਡੀ ਦੇ ਬੇਧੇ ਹੋਏ ਹਨ।

ਦੀਪਕ = ਦੀਵਿਆਂ ਉੱਪਰ ਸੜਨ ਵਾਲੇ ਪਤੰਗ = ਪਰਵਾਨੇ (ਭਮੱਕੜ) ਵੀ ਮਾਇਆ ਕੇ= ਦੇ ਛੇਦੇ = ਕੱਟੇ, ਵਿੰਨ੍ਹੇ ਹੋਏ ਹਨ।

**ਅਥਵਾ** ਏਸੇ ਪ੍ਰਕਾਰ ਗ੍ਰਿਹਸਥ ਰੂਪੀ ਜਲ ਵਿਚ ਰਹਿਣ ਵਾਲੇ ਮੱਛ ਰੂਪੀ ਜੀਵ ਵੀ ਮਾਇਆ ਦੇ ਮੋਹ ਵਿਚ ਵਿੰਨ੍ਹੇ ਹੋਏ ਹਨ।

ਦੀਵੇ ਦੀ ਨਿਆਈਂ ਦੁਨੀਆਂ ਦੇ ਰੂਪ ਦੇਖਣ ਵਾਲੇ ਜੀਵ ਰੂਪ ਪਤੰਗੇ ਵੀ ਮਾਇਆ ਦੇ ਨਾਸ਼ ਕੀਤੇ ਹੋਏ ਹਨ।

## ਕਾਮ ਮਾਇਆ; ਕੁੰਚਰ ਕਉ ਬਿਆਪੈ ॥
## ਭੁਇਅੰਗਮ ਭ੍ਰਿੰਗ; ਮਾਇਆ ਮਹਿ ਖਾਪੇ ॥੧॥

ਹੇ ਭਾਈ! ਕਾਮ ਰੂਪੀ ਮਾਇਆ ਕੁੰਚਰ = ਹਾਥੀ ਕਉ = ਨੂੰ ਬਿਆਪੈ = ਵਿਆਪ ਰਹੀ ਹੈ **ਵਾ:** ਹਾਥੀ ਦੀ ਨਿਆਈਂ ਵੱਡੇ ਮਾਇਆ ਧਾਰੀ, ਹੰਕਾਰੀ ਜੀਵਾਂ ਨੂੰ ਕਾਮਨਾਵਾਂ, ਕਾਮ ਰੂਪ ਮਾਇਆ ਵਿਆਪ ਰਹੀ ਹੈ।

ਭੁਇਅੰਗਮ = ਸੱਪ ਬੀਨ ਦੀ ਆਵਾਜ਼ ਰੂਪ ਅਤੇ ਭ੍ਰਿੰਗ = ਭੌਰੇ ਸੁਗੰਧੀ ਰੂਪੀ ਮਾਇਆ ਮਹਿ = ਵਿਚ ਖਾਪੇ = ਖਪ, ਨਾਸ਼ ਹੋ ਰਹੇ ਹਨ **ਵਾ:** ਸੱਪ ਦੀ ਨਿਆਈਂ ਜ਼ਹਿਰੀਲੇ ਸੁਭਾਅ ਵਾਲੇ ਜੀਵ ਵੇਸ਼ਵਾ ਆਦਿ ਦੀ ਨਿਰਤਕਾਰੀ ਰੂਪੀ ਬੀਨ ਦੀ ਅਵਾਜ਼ ਸੁਣ ਕੇ ਅਤੇ ਭੌਰਿਆਂ ਦੀ ਨਿਆਈਂ ਵਿਸ਼ਈ ਪੁਰਖ ਵਿਸ਼ਿਆਂ ਦੀ ਸੁਗੰਧੀ ਰੂਪ ਮਾਇਆ ਵਿਚ ਨਾਸ਼ ਹੋ ਰਹੇ ਹਨ ॥੧॥

## ਮਾਇਆ; ਐਸੀ ਮੋਹਨੀ ਭਾਈ ॥ ਜੇਤੇ ਜੀਅ; ਤੇਤੇ ਡਹਕਾਈ ॥੧॥ਰਹਾਉ ॥

ਹੇ ਭਾਈ! ਇਹ ਮਾਇਆ ਐਸੀ = ਅਜਿਹੀ ਮੋਹਨੀ = ਮੋਹ ਲੈਣ ਵਾਲੀ ਹੈ ਕਿ ਇਸਨੇ ਜੇਤੇ = ਜਿਤਨੇ ਵੀ ਜੀਅ = ਜੀਵ ਹਨ, ਤੇਤੇ = ਉਤਨੇ ਸਾਰੇ ਹੀ ਵਿਸ਼ਿਆਂ ਆਦਿ ਵਿਚ ਲਾ ਕੇ ਡਹਕਾਈ = ਡੋਲਨਾ ਭਾਵ ਭਟਕਣਾ ਵਿਚ ਪਾਏ ਹਨ ॥੧॥ਰਹਾਉ॥

## ਪੰਖੀ ਮ੍ਰਿਗ; ਮਾਇਆ ਮਹਿ ਰਾਤੇ ॥ ਸਾਕਰ ਮਾਖੀ; ਅਧਿਕ ਸੰਤਾਪੇ ॥

ਹੇ ਭਾਈ! ਪੰਖੀ = ਪੰਛੀ ਚੋਗੇ ਅਤੇ ਮ੍ਰਿਗ = ਹਿਰਨ ਘੰਡੇਹੇੜੇ ਦੇ ਸ਼ਬਦ ਰੂਪੀ ਮਾਇਆ ਮਹਿ = ਵਿਚ

ਰਾਤੇ = ਰੰਗੇ ਹੋਏ ਹਨ **ਅਥਵਾ** ਪੰਛੀਆਂ ਦੀ ਨਿਆਈਂ ਅਕਾਸ਼ ਵਿਚ ਉਡਾਰੀਆਂ ਲਾਉਣ ਵਾਲੇ ਅਕਾਸ਼ਚਾਰੀ ਪੁਰਖ ਆਦਿ ਅਤੇ ਮ੍ਰਿਗਾਂ ਦੀ ਨਿਆਈਂ ਬਾਨ ਪ੍ਰਸਤੀ ਵੀ ਮਾਇਆ ਦੇ ਮੋਹ ਵਿਚ ਰਾਤੇ = ਰੰਗੇ ਰਹਿੰਦੇ ਹਨ।

ਸਾਕਰ = ਸ਼ੱਕਰ, ਸ਼ਹਿਦ ਆਦਿ ਮਿੱਠਾ ਪਦਾਰਥ ਰੂਪ ਹੋ ਕੇ ਮਾਇਆ ਮਾਖੀ = ਮੱਖੀ ਨੂੰ ਅਧਿਕ = ਬਹੁਤ ਸੰਤਾਪੈ = ਦੁਖੀ ਕਰਦੀ ਹੈ। ਏਸੇ ਪ੍ਰਕਾਰ ਜੀਵ ਰੂਪੀ ਮੱਖੀ ਆਪਣੇ ਬਿਧ-ਨਿਖੇਧ ਰੂਪੀ ਖੰਭਾਂ ਨਾਲ ਉੱਡ ਕੇ ਲਾਲਚ ਕਾਰਨ ਸੱਕਰ ਰੂਪੀ ਮਾਇਆ ਵਿਚ ਫਸ ਕੇ ਬਹੁਤ ਦੁਖ ਪ੍ਰਾਪਤ ਕਰਦੀ ਹੈ।

## ਤੁਰੇ ਉਸਟ; ਮਾਇਆ ਮਹਿ ਭੇਲਾ ॥
## ਸਿਧ ਚਉਰਾਸੀਹ; ਮਾਇਆ ਮਹਿ ਖੇਲਾ ॥੨॥

ਤੁਰੇ = ਘੋੜੇ ਅਤੇ ਉਸਟ = ਊਠ ਖਾਣ, ਭੋਗਣ ਰੂਪ ਮਾਇਆ ਮਹਿ = ਵਿਚ ਭੇਲਾ = ਮਿਲੇ ਹੋਏ ਹਨ **ਵਾ:** ਘੋੜਿਆਂ ਦੀ ਨਿਆਈਂ ਜ਼ੋਰਾਵਰ ਲੋਕ ਅਤੇ ਊਠਾਂ ਦੀ ਨਿਆਈਂ ਬੇ-ਮੁਹਾਰੇ ਲੋਕ ਵੀ ਮਾਇਆ ਵਿਚ ਫਸੇ ਹੋਏ ਹਨ।

ਚੌਰਾਸੀ ਸਿੱਧ ਵੀ ਮਾਇਆ ਮਹਿ = ਵਿਚ ਹੀ ਖੇਲਾ = ਖੇਡ ਰਹੇ ਹਨ, ਭਾਵ ਰਿੱਧੀਆਂ ਸਿੱਧੀਆਂ ਵਿਖਾ ਕੇ ਲੋਕਾਂ ਨੂੰ ਆਪਣੇ ਚੇਲੇ ਬਣਾਉਂਦੇ ਹਨ ॥੨॥

## ਛਿਅ ਜਤੀ; ਮਾਇਆ ਕੇ ਬੰਦਾ ॥ ਨਵੈ ਨਾਥ; ਸੂਰਜ ਅਰੁ ਚੰਦਾ ॥

ਛਿਅ ਜਤੀ = ਛੇ ਵੱਡੇ ਜਤ ਧਾਰੀ ਪੁਰਖ (ਦੱਤਾ ਤ੍ਰੇਯ, ਭੀਸ਼ਮ, ਹਨੂੰਮਾਨ, ਲਛਮਨ, ਭੈਰੋਂ ਅਤੇ ਗੋਰਖ) ਵੀ ਮਾਇਆ ਕੇ = ਦੇ ਬੰਦਾ = ਦਾਸ ਹੋਏ ਹਨ।

ਨਵੈ = ਨੌਂ ਨਾਥ[1] ਸੂਰਜ ਅਤੇ ਚੰਦਾ = ਚੰਦ੍ਰਮਾ ਵੀ ਮਾਇਆ ਦੇ ਅਧੀਨ ਹਨ।

## ਤਪੇ ਰਖੀਸਰ; ਮਾਇਆ ਮਹਿ ਸੂਤਾ ॥
## ਮਾਇਆ ਮਹਿ ਕਾਲੁ; ਅਰੁ ਪੰਚ ਦੂਤਾ ॥੩॥

ਆਪਣੇ ਆਪ ਨੂੰ ਤਪੇ = ਤਪ ਕਰਨ ਵਾਲੇ ਅਤੇ ਰਖੀਸਰ = ਰਿਖੀਆਂ ਦੇ ਈਸ਼ਰ ਕਹਾਉਣ ਵਾਲੇ ਸਿੰਙੀ ਰਿਖੀ ਆਦਿ ਮਾਇਆ ਦੇ ਮਹਿ = ਵਿਚ ਹੀ ਸੂਤਾ = ਸੁੱਤੇ ਪਏ ਹਨ।

ਕਾਲੁ = ਯਮਰਾਜ ਅਰੁ = ਅਤੇ ਪੰਚ ਦੂਤਾ = ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਕਾਰ ਵੀ ਮਾਇਆ ਮਹਿ = ਵਿੱਚੋਂ ਹੀ ਹਨ **ਵਾ:** ਪੰਚ ਦੂਤਾ = ਜਿਬਰਾਈਲ, ਮੀਕਾਇਲ, ਇਸਰਾਫੀਲ, ਅਜ਼ਰਾਈਲ ਨੇਕਾਈਲ ਜਾਂ ਕਿਰਾਮਨ, ਕਾਤਿਬੀਨ ਆਦਿ ਫ਼ਰਿਸ਼ਤੇ ਵੀ ਮਾਇਆ ਵਿਚ ਫਸੇ ਹੋਏ ਹਨ ॥੩॥

## ਸੁਆਨ ਸਿਆਲ; ਮਾਇਆ ਮਹਿ ਰਾਤਾ ॥ ਬੰਤਰ ਚੀਤੇ; ਅਰੁ ਸਿੰਘਾਤਾ ॥

ਸੁਆਨ = ਕੁੱਤੇ ਅਤੇ ਸਿਆਲ = ਗਿੱਦੜ ਆਦਿ ਵੀ ਮਾਇਆ ਦੇ ਮਹਿ = ਵਿਚ ਰਾਤਾ = ਰੰਗੇ ਹੋਏ ਹਨ।

ਬੰਤਰ = ਬਾਂਦਰ, ਚੀਤੇ = ਚਿਤ੍ਰੇ ਅਰੁ = ਅਤੇ ਸਿੰਘਾਤਾ = ਸ਼ੇਰ **ਵਾ:** ਸ਼ੇਰ ਦਾ ਅੰਤ ਕਰਨ ਵਾਲਾ ਸ਼ਰਭਾ[2] ਵੀ ਮਾਇਆ ਵਿਚ ਹੀ ਫਸੇ ਹੋਏ ਹਨ।

---

੧. **ਨੌਂ ਨਾਥ :** (ੳ) ਪ੍ਰਾਨ ਨਾਥ, (ਅ) ਗੋਪੀ ਨਾਥ, (ੲ) ਸੂਰਤ ਨਾਥ, (ਸ) ਗੋਰਖ ਨਾਥ, (ਹ) ਮਛੰਦਰ ਨਾਥ, (ਕ) ਮੰਗਲ ਨਾਥ, (ਖ) ਚਰਪਟ ਨਾਥ, (ਗ) ਚੰਬਾ ਨਾਥ, (ਘ) ਘੁੱਘੂ ਨਾਥ।

੨. **ਸ਼ਰਭ :** ਸੰਸਕ੍ਰਿਤ ਕਵੀਆਂ ਦੇ ਲੇਖ ਅਨੁਸਾਰ ਬਰਫ਼ਾਨੀ ਪਹਾੜਾਂ ਵਿਚ ਰਹਿਣ ਵਾਲਾ ਅੱਠ ਟੰਗੀਆ ਇਕ ਮਹਾਂ ਬਲੀ ਜੀਵ ਜੋ ਸ਼ੇਰ ਦਾ ਵੀ ਸ਼ਿਕਾਰ ਕਰਦਾ ਹੈ, ਇਸਦੇ ਨਾਮ 'ਅਸ੍ਰਪਦ ਸਿੰਹਾਰਿ' ਅਤੇ 'ਮਹਾਂ ਸਕੰਧੀ' ਵੀ ਹਨ।

**ਮਾਂਜਾਰ ਗਾਡਰ; ਅਰੁ ਲੂਬਰਾ ॥ ਬਿਰਖ ਮੂਲ; ਮਾਇਆ ਮਹਿ ਪਰਾ ॥੪॥**

ਮਾਂਜਾਰ = ਬਿੱਲੇ, ਗਾਡਰ = ਭੇਡਾਂ ਅਰੁ = ਅਤੇ ਲੂਬਰਾ = ਲੂੰਬੜ।

ਬਿਰਖ = ਰੁੱਖ ਅਤੇ ਮੂਲ = ਰੁੱਖ ਅਤੇ ਰੁੱਖਾਂ ਦੇ ਮੁੱਢ **ਵਾ:** ਮੂਲ = ਕੰਦ ਮੂਲ ਆਦਿ ਸਾਰੇ ਮਾਇਆ ਮਹਿ = ਵਿਚ ਹੀ ਪਰਾ = ਪਏ, ਫਸੇ ਹੋਏ ਹਨ ॥੪॥

**ਮਾਇਆ ਅੰਤਰਿ; ਭੀਨੇ ਦੇਵ ॥ ਸਾਗਰ ਇੰਦ੍ਰਾ; ਅਰੁ ਧਰਤੇਵ ॥**

ਅਣਵਾਨ ਸੰਙਿਆ ਵਾਲੇ ਤੇਤੀ ਕ੍ਰੋੜ ਦੇਵ = ਦੇਵਤੇ ਵੀ ਮਾਇਆ ਦੇ ਅੰਤਰਿ = ਵਿਚ ਵੀ ਭੀਨੇ = ਭਿੱਜੇ ਹੋਏ ਹਨ।

ਸਾਗਰ = ਸਮੁੰਦਰ, ਇੰਦ੍ਰਾ = ਲਛਮੀ ਅਰੁ = ਅਤੇ ਧਰਤੇਵ = ਧਰਤੀ ਆਦਿ ਵੀ ਮਾਇਆ ਵਿਚ ਹੀ ਹਨ।

**ਕਹਿ ਕਬੀਰ; ਜਿਸੁ ਉਦਰੁ, ਤਿਸੁ ਮਾਇਆ ॥**
**ਤਬ ਛੂਟੇ; ਜਬ ਸਾਧੂ ਪਾਇਆ ॥੫॥੫॥੧੩॥**

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਮਨੁੱਖ ਨੂੰ ਵੀ ਉਦਰੁ = ਪੇਟ ਲੱਗਾ ਹੈ, ਤਿਸੁ = ਉਸ ਨੂੰ ਹੀ ਮਾਇਆ ਵਿਆਪ ਰਹੀ ਹੈ।

ਇਹ ਮਾਇਆ ਤਬ = ਤਦੋਂ ਹੀ ਛੂਟੇ = ਛੁੱਟ ਸਕਦੀ ਹੈ, ਜਬ = ਜਦੋਂ ਸਾਧੂ = ਮਹਾਤਮਾ ਜਨਾਂ ਦੀ ਸੰਗਤ ਨੂੰ ਪਾਇਆ = ਪ੍ਰਾਪਤ ਕੀਤਾ ਜਾ ਸਕੇ ॥੫॥੫॥੧੩॥

**ਜਬ ਲਗੁ; ਮੇਰੀ ਮੇਰੀ ਕਰੈ ॥ ਤਬ ਲਗੁ; ਕਾਜੁ ਏਕੁ ਨਹੀ ਸਰੈ ॥**

ਜਬ = ਜਦੋਂ ਲਗੁ = ਤੱਕ ਜੀਵ ਮੇਰੀ ਜਰ ਮੇਰੀ ਜੋਰੂ, ਜ਼ਮੀਨ ਆਦਿ ਕਰੈ = ਕਰਦਾ ਰਹਿੰਦਾ ਹੈ।

ਤਬ = ਤਦੋਂ ਲਗੁ = ਤੱਕ ਜੀਵ ਦਾ ਪਰਮਾਰਥ ਦਾ ਏਕੁ = ਇਕ ਵੀ ਕਾਜ = ਕੰਮ ਨਹੀਂ ਸਰੈ = ਸੌਰਦਾ।

**ਜਬ; ਮੇਰੀ ਮੇਰੀ ਮਿਟਿ ਜਾਇ ॥ ਤਬ ਪ੍ਰਭ; ਕਾਜੁ ਸਵਾਰਹਿ ਆਇ ॥੧॥**

ਜਬ = ਜਦੋਂ ਗੁਰ-ਸ਼ਬਦ ਦੀ ਕਮਾਈ ਕਰਕੇ ਜੀਵ ਦੇ ਅੰਦਰੋਂ ਮੇਰੀ ਮੇਰੀ ਵਾਲੀ ਬਿਰਤੀ ਮਿਟ ਜਾਇ = ਜਾਂਦੀ ਹੈ।

ਤਬ = ਤਦੋਂ ਪ੍ਰਭ = ਪਰਮਾਤਮਾ ਆਪ ਹੀ ਆਇ = ਆ ਕੇ ਸਿਖਿਆਤ ਹੋ ਕੇ ਸਾਰੇ ਕਾਜ = ਕੰਮ ਸਵਾਰਹਿ = ਸੰਵਾਰ ਦੇਂਦਾ ਹੈ ॥੧॥

**[ਅੰਗ ੧੧੬੧]**

**ਐਸਾ ਗਿਆਨੁ; ਬਿਚਾਰੁ ਮਨਾ ॥**
**ਹਰਿ ਕੀ ਨ ਸਿਮਰਹੁ; ਦੁਖ ਭੰਜਨਾ ॥੧॥ਰਹਾਉ॥**

ਹੇ ਮਨਾਂ ! ਤੂੰ ਐਸਾ = ਅਜਿਹਾ ਗਿਆਨ ਬਿਚਾਰੁ = ਵਿਚਾਰਨਾ ਕਰ।

ਦੁੱਖਾਂ ਨੂੰ ਭੰਜਨਾ = ਨਾਸ਼ ਕਰਨ ਵਾਲੇ ਹਰਿ = ਪਰਮਾਤਮਾ ਨੂੰ ਤੂੰ ਕੀ = ਕਿਉਂ ਨ = ਨਹੀਂ ਸਿਮਰਹੁ = ਸਿਮਰਨਾ ਕਰਦਾ ॥੧॥ਰਹਾਉ॥

**ਜਬ ਲਗੁ; ਸਿੰਘੁ ਰਹੈ ਬਨ ਮਾਹਿ ॥ ਤਬ ਲਗੁ; ਬਨੁ ਫੂਲੈ ਹੀ ਨਾਹਿ ॥**

ਜਬ = ਜਦੋਂ ਲਗੁ = ਤੱਕ ਸਿੰਘੁ = ਸ਼ੇਰ ਬਨ = ਜੰਗਲ ਮਾਹਿ = ਵਿਚ ਰਹੈ = ਰਹਿੰਦਾ ਹੈ।

ਤਬ = ਤਦੋਂ ਲਗੁ = ਤੱਕ ਬਨੁ = ਜੰਗਲ ਵਿਚ ਮ੍ਰਿਗ ਆਦਿ ਜੀਵ ਫੂਲੈ = ਪ੍ਰਫੁੱਲਤ ਹੀ ਨਾਹਿ = ਨਹੀਂ ਹੁੰਦੇ।

## ਜਬ ਹੀ ਸਿਆਰੁ; ਸਿੰਘ ਕਉ ਖਾਇ ॥ ਫੂਲਿ ਰਹੀ; ਸਗਲੀ ਬਨਰਾਇ ॥੨॥

ਜਬ = ਜਦੋਂ ਹੀ ਸਿਆਰੁ = ਸਰਭਾ ਸਿੰਘ = ਸ਼ੇਰ ਕਉ = ਨੂੰ ਖਾਇ = ਖਾ ਜਾਂਦਾ ਹੈ।

ਉਦੋਂ ਸਗਲੀ = ਸਾਰੀ ਬਨਰਾਇ = ਬਨਸਪਤੀ ਮ੍ਰਿਗ ਆਦਿ ਜੀਵਾਂ ਕਰਕੇ ਫੂਲਿ = ਪ੍ਰਫੁੱਲਤ ਹੋਈ ਰਹੀ = ਰਹਿੰਦੀ ਹੈ ॥੨॥

### ਦੂਸਰਾ ਅਰਥ

**ਜਬ ਲਗੁ; ਸਿੰਘੁ ਰਹੈ ਬਨ ਮਾਹਿ ॥ ਤਬ ਲਗੁ; ਬਨੁ ਫੂਲੈ ਹੀ ਨਾਹਿ ॥**

ਜਬ = ਜਦੋਂ ਲਗੁ = ਤੱਕ ਇਸ ਸਰੀਰ ਰੂਪੀ ਬਨ ਵਿਚ ਹੰਕਾਰ ਰੂਪੀ ਸਿੰਘੁ = ਸ਼ੇਰ ਰਹੈ = ਰਹਿੰਦਾ ਹੈ।

ਤਬ = ਤਦੋਂ ਲਗੁ = ਤੱਕ ਇਸ ਸਰੀਰ ਰੂਪੀ ਬਨ ਵਿਚ ਸ਼ੁਭ ਗੁਣਾਂ ਰੂਪੀ ਮ੍ਰਿਗਾਵਲੀ ਪ੍ਰਫੁੱਲਤ ਹੀ ਨਹੀਂ ਹੋ ਸਕਦੀ।

**ਜਬ ਹੀ ਸਿਆਰੁ; ਸਿੰਘ ਕਉ ਖਾਇ ॥ ਫੂਲਿ ਰਹੀ; ਸਗਲੀ ਬਨਰਾਇ ॥੨॥**

ਜਬ = ਜਦੋਂ ਹੀ ਬਿਬੇਕ, ਅਪ੍ਰੋਖ ਗਿਆਨ ਰੂਪੀ ਸਿਆਰੁ = ਸਰਭਾ ਹੰਕਾਰ ਰੂਪੀ ਸਿੰਘ = ਸ਼ੇਰ ਕਉ = ਨੂੰ ਖਾਇ ਖਾ, ਅਭਾਵ ਕਰ ਦੇਂਦਾ ਹੈ। ਤਦੋਂ ਹੀ ਸਾਰੀ ਦੈਵੀ ਸੰਪਦਾ ਰੂਪੀ ਬਨਸਪਤੀ ਪ੍ਰਫੁੱਲਤ ਹੁੰਦੀ ਰਹਿੰਦੀ ਹੈ ॥੨॥

## ਜੀਤੋ ਬੂਡੈ; ਹਾਰੋ ਤਿਰੈ ॥ ਗੁਰਪਰਸਾਦੀ; ਪਾਰਿ ਉਤਰੈ ॥

ਜੋ ਮਨੁੱਖ ਹੰਕਾਰ ਸਹਿਤ ਆਪਣੇ ਆਪ ਨੂੰ ਜੀਤੋ = ਜਿੱਤਿਆ ਸਮਝਦਾ ਹੈ, ਉਹ ਸੰਸਾਰ-ਸਮੁੰਦ੍ਰ ਵਿਚ ਬੂਡੈ = ਡੁੱਬ ਜਾਂਦਾ ਹੈ ਅਤੇ ਜੋ ਹਾਰੋ = ਹਾਰ ਜਾਂਦਾ, ਭਾਵ ਅਤਿਅੰਤ ਨਿੰਮ੍ਰਤਾ ਧਾਰਨ ਕਰਦਾ ਹੈ, ਉਹ ਸੰਸਾਰ-ਸਮੁੰਦ੍ਰ ਤੋਂ ਤਿਰੈ = ਤਰ ਜਾਂਦਾ ਹੈ।

ਅਤੇ ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤੀ ਰੂਪੀ ਕਿਨਾਰੇ 'ਤੇ ਉਤਰੈ = ਉਤਰ ਜਾਂਦਾ ਹੈ।

## ਦਾਸੁ ਕਬੀਰੁ; ਕਹੈ ਸਮਝਾਇ ॥ ਕੇਵਲ; ਰਾਮ ਰਹਹੁ ਲਿਵ ਲਾਇ ॥੩॥੬॥੧੪॥

ਭਗਤ ਕਬੀਰ ਸਾਹਿਬ ਜੀ ਦਾਸੁ = ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਅਸੀਂ ਸਮਝਾਇ = ਸਮਝਾ ਕੇ ਕਹੈ = ਕਹਿੰਦੇ ਹਾਂ।

ਕੇਵਲ = ਸਿਰਫ਼ ਰਾਮ = ਪਰਮਾਤਮਾ ਦੇ ਨਾਮ ਵਿਚ ਲਿਵ = ਬਿਰਤੀ ਲਾਇ = ਲਾ ਕੇ ਰਹਹੁ = ਰਹਿਣਾ ਕਰੋ ॥੩॥੬॥੧੪॥

**ਉਥਾਨਕਾ :** ਇਸ ਸ਼ਬਦ ਵਿਚ ਭਗਤ ਕਬੀਰ ਸਾਹਿਬ ਜੀ ਪਰਮਾਤਮਾ ਦੀ ਅਣਗਿਣਤ ਸਭਾ ਬਾਰੇ ਦੱਸਦੇ ਹੋਏ ਬੇਨਤੀ ਪੂਰਬਕ ਕਥਨ ਕਰਦੇ ਹਨ।

## ਸਤਰਿ ਸੈਇ; ਸਲਾਰ ਹੈ ਜਾ ਕੇ ॥ ਸਵਾ ਲਾਖੁ; ਪੈਕਾਬਰ ਤਾ ਕੇ ॥

ਜਾ = ਜਿਸ ਪਰਮਾਤਮਾ ਕੇ = ਦੇ ਘਰ ਵਿਚ ਸਤਰਿ ਸੈਇ = ਸੱਤਰ ਹਜ਼ਾਰ ਸਲਾਰ = ਸਰਦਾਰ, ਫ਼ਰਿਸ਼ਤੇ

ਰੱਖੇ ਹੋਏ ਹਨ, ਜੋ ਪੈਗ਼ੰਬਰਾਂ ਨੂੰ ਹੁਕਮ ਦੇਂਦੇ ਹਨ ਅਤੇ ਪੈਗ਼ੰਬਰਾਂ ਦੀ ਰੱਖਿਆ ਲਈ ਇਹ ਯੋਧਿਆਂ ਦਾ ਰੂਪ ਧਾਰਨ ਕਰਕੇ ਆਉਂਦੇ ਹਨ।[1]

ਤਾ = ਉਸ ਪ੍ਰਭੂ ਕੇ = ਦੇ ਦਰਬਾਰ ਵਿਚ ਸਵਾ ਲੱਖ ਪੈਕਾਬਰ = ਪੈਗ਼ੰਬਰ ਰੱਖੇ ਹੋਏ ਹਨ।

## ਸੇਖ ਜੁ ਕਹੀਅਹਿ; ਕੋਟਿ ਅਠਾਸੀ ॥ ਛਪਨ ਕੋਟਿ; ਜਾ ਕੇ ਖੇਲ ਖਾਸੀ ॥੧॥

ਜੁ = ਜਿਹੜੇ ਸੇਖ = ਬਿਰਧ ਜਾਤੀ, ਮੁਸਲਮਾਨਾਂ ਦੀ ਇਕ ਖ਼ਾਸ ਜਾਤੀ ਕਹੀਅਹਿ = ਕਹੀਦੀ ਹੈ, ਇਹ ਸੇਖ ਵੀ ਅਠਾਸੀ ਕੋਟਿ = ਕ੍ਰੋੜ ਉਸਦੇ ਦਰ ਉੱਪਰ ਖਲੋਤੇ ਹੋਏ ਹਨ।

ਜਾ = ਜਿਸ ਪ੍ਰਭੂ ਕੇ = ਦੇ ਛਪਨ ਕੋਟਿ = ਛਪੰਜਾ ਕ੍ਰੋੜ ਜਾਦਵ ਖਾਸੀ = ਖ਼ਾਸ ਖੇਲ = ਖੇਡ ਕਰਨ ਵਾਲੇ ਰੱਖੇ ਹੋਏ ਹਨ **ਵਾ:** ਮੁਸਾਹਿਬੀ ਕਰਨ ਵਾਲੇ ਰੱਖੇ ਹੋਏ ਹਨ॥੧॥

## ਮੋ ਗਰੀਬ ਕੀ; ਕੋ ਗੁਜਰਾਵੈ ॥ ਮਜਲਸਿ ਦੂਰਿ; ਮਹਲੁ ਕੋ ਪਾਵੈ ॥੧॥ਰਹਾਉ॥

ਐਸੀ ਸਭਾ ਦੇ ਮਾਲਕ ਤੱਕ ਮੋ = ਮੈ ਗਰੀਬ = ਦੀਨ ਕੀ = ਦੀ ਫ਼ਰਿਆਦ ਨੂੰ ਕੋ = ਕੌਣ ਗੁਜਰਾਵੈ = ਪਹੁੰਚਾ ਸਕਦਾ ਹੈ।

ਉਸਦੀ ਮਜਲਸ = ਸਭਾ ਦੂਰ ਤੱਕ ਲੱਗੀ ਹੋਈ ਹੈ, ਉਸਦੇ ਸਰੂਪ, ਤੁਰੀਆ ਪਦ ਰੂਪੀ ਮਹੱਲ ਨੂੰ ਕੋ = ਕੌਣ ਪਾਵੈ = ਪਾ ਸਕਦਾ ਹੈ ਭਾਵ ਜਿਥੇ ਇਤਨੇ ਮਹਾਨ ਹਠੀ ਜਪੀ ਤਪੀ, ਪੀਰ, ਪੈਗ਼ੰਬਰ ਖੜੇ ਹਨ, ਉਥੇ ਕਿਸੇ ਦਾ ਕੀ ਜ਼ੋਰ ਚੱਲ ਸਕਦਾ ਹੈ॥੧॥ਰਹਾਉ॥

## ਤੇਤੀਸ ਕਰੋੜੀ ਹੈ; ਖੇਲਖਾਨਾ ॥ ਚਉਰਾਸੀ ਲਖ; ਫਿਰੈ ਦਿਵਾਨਾਂ ॥

ਤੇਤੀਸ ਕਰੋੜੀ = ਤੇਤੀ ਕ੍ਰੋੜ ਦੇਵਤੇ ਜਿਸ ਪ੍ਰਭੂ ਦੇ ਖੇਲਖਾਨਾ = ਰਸੋਈਏ ਰੱਖੇ ਹੋਏ ਹੈ = ਹਨ **ਵਾ:** ਖੇਲਖਾਨਾ = ਕਾਰਖਾਨਾ, ਵਿਹਾਰ ਆਦਿ ਚਲਾਉਣ ਵਾਲੇ ਰੱਖੇ ਹੋਏ ਹਨ।

ਚੌਰਾਸੀ ਲੱਖ ਜੂਨਾਂ ਦੇ ਜੀਵ ਦਿਵਾਨਾਂ = ਕਮਲੇ ਹੋਏ ਫਿਰੈ = ਫਿਰਦੇ ਹਨ ਭਾਵ ਜਿਵੇਂ ਰਾਜਿਆਂ ਨੇ ਸਭਾ ਵਿਚ ਹਾਸਰਸ ਵਾਸਤੇ ਕਮਲੇ ਮਨੁੱਖ ਰੱਖੇ ਹੁੰਦੇ ਹਨ, ਇਉਂ ਇਹ ਚੌਰਾਸੀ ਲੱਖ ਜੂਨਾਂ ਦੇ ਜੀਵ ਕਮਲੇ ਰੱਖੇ ਹੋਏ ਹਨ।

## ਬਾਬਾ ਆਦਮ ਕਉ; ਕਿਛੁ ਨਦਰਿ ਦਿਖਾਈ ॥
## ਉਨਿ ਭੀ; ਭਿਸਤਿ ਘਨੇਰੀ ਪਾਈ ॥੨॥

ਜਦੋਂ ਖ਼ੁਦਾ ਨੇ ਬਾਬੇ ਆਦਮ ਕਉ = ਨੂੰ ਆਪਣੀ ਕਿਛੁ = ਕੁਝ ਕੁ ਨਦਰਿ = ਕਿਰਪਾ ਦ੍ਰਿਸ਼ਟੀ ਦਿਖਾਈ = ਦਿਖਾਉਣਾ ਕੀਤੀ।

ਤਦੋਂ ਉਨਿ = ਉਸ ਬਾਬੇ ਆਦਮ ਨੇ ਭੀ = ਵੀ ਘਨੇਰੀ = ਬਹੁਤ ਸਾਰੀ ਭਿਸਤਿ = ਸਵਰਗ ਦੀ ਮੌਜ ਪਾਈ = ਪਾਉਣਾ, ਮਾਨਣਾ ਕੀਤੀ॥੨॥

**ਸਾਖੀ—ਬਾਬੇ ਆਦਮ ਦੀ :** ਬਾਈਬਲ ਅਤੇ ਕੁਰਾਨ ਦੇ ਲੇਖ ਅਨੁਸਾਰ ਬਾਬਾ ਆਦਮ ਸਭ ਤੋਂ ਪਹਿਲਾ ਮਨੁੱਖ ਹੈ, ਜਿਸ ਨੂੰ ਖ਼ੁਦਾ ਨੇ ਮਿੱਟੀ ਦੀ ਮੁੱਠ ਤੋਂ ਆਪਣੀ ਸ਼ਕਲ ਦਾ ਬਣਾਇਆ ਹੈ ਅਤੇ ਬਹੁਤ ਸਮਾਂ ਭਿਸਤ ਦਾ ਸੁਖ ਦੇਣਾ ਕੀਤਾ। ਇਕ ਦਿਨ ਜਦੋਂ ਆਦਮ ਸੌਂ ਰਿਹਾ ਸੀ ਤਦ ਖ਼ੁਦਾ ਨੇ ਉਸਦੀ ਖੱਬੇ ਪਾਸੇ ਤੋਂ ਇਕ ਪਸਲੀ ਕੱਢ ਕੇ ਇਕ ਨਾਰੀ ਰਚੀ ਜੋ ਅੰਮਾ ਹੱਵਾ ਕਹਾਈ। ਖ਼ੁਦਾ ਨੇ ਇਨ੍ਹਾਂ ਨੂੰ ਅਦਨ ਬਾਗ਼

---

੧. ਅਥਵਾ ਇਹ ਵੀ ਅਰਥ ਕੀਤੇ ਜਾਂਦੇ ਹਨ ਸਤਰਿ ਸੈਇ = ਸਤਾਰਾਂ ਸੌ **ਵਾ:** ਸੱਤਰ ਸੌ ਸਰਦਾਰ ਕੋਲ ਰੱਖੇ ਹੋਏ ਹਨ।

ਵਿਚ ਰੱਖ ਕੇ ਕਿਹਾ ਕਿ ਤੁਸੀਂ ਏਥੇ ਅਨੰਦ ਨਾਲ ਰਹੋ ਅਤੇ ਫਲ ਆਦਿ ਪਦਾਰਥ ਖਾਓ, ਪਰ ਇਕ ਖ਼ਾਸ ਬੂਟਾ (ਕਣਕ ਦਾ) ਦੱਸ ਕੇ ਹਦਾਇਤ ਕੀਤੀ ਕਿ ਇਸਦਾ ਫਲ ਕਦੇ ਨਾ ਖਾਣਾ। ਇਸ ਪ੍ਰਕਾਰ ਇਹ ਦੋਵੇਂ ਸਰੀਰ ਤੋਂ ਨਗਨ ਰਹਿ ਕੇ ਬਹੁਤ ਸਮਾਂ ਭਿਸਤ ਦਾ ਸੁਖ ਮਾਣਦੇ ਰਹੇ, ਇਕ ਦਿਨ ਸ਼ੈਤਾਨ ਛੋਟੇ ਜਿਹੇ ਬਾਲਕ ਦਾ ਰੂਪ ਧਾਰ ਕੇ ਅੰਮਾ ਹੱਵਾ ਦੇ ਕੋਲ ਆ ਕੇ ਰੋਣ ਲੱਗ ਪਿਆ, ਅੰਮਾ ਹੱਵਾ ਨੇ ਰੋਣ ਦਾ ਕਾਰਨ ਪੁੱਛਿਆ, ਤਦੋਂ ਉਸਨੇ ਕਿਹਾ ਕਿ ਤੁਸੀਂ ਇਸ ਬਾਗ਼ ਵਿਚ ਇਕ ਫਲ ਨਹੀਂ ਖਾਦੇ ਹੋ ਕੱਲ੍ਹ ਨੂੰ ਤੁਹਾਨੂੰ ਇਸ ਭਿਸਤ ਵਿੱਚੋਂ ਹੇਠਾਂ ਸੁੱਟ ਦਿੱਤਾ ਜਾਵੇਗਾ, ਅੰਮਾ ਹੱਵਾ ਨੇ ਕਿਹਾ ਕਿ ਉਹ ਕਿਹੜਾ ਫਲ ਹੈ, ਤਦੋਂ ਸ਼ੈਤਾਨ ਨੇ ਕਣਕ ਦਾ ਸਿੱਟਾ ਲਿਆ ਕੇ ਅੱਗੇ ਰੱਖ ਦਿੱਤਾ, ਜਿਸ ਤੋਂ ਅੰਮਾ ਹੱਵਾ ਨੇ ਬਾਬਾ ਆਦਮ ਨੂੰ ਉਹ ਵਰਜਿਤ ਫਲ ਖਾਣ ਲਈ ਮਜਬੂਰ ਕੀਤਾ, ਜਦੋਂ ਉਨ੍ਹਾਂ ਨੇ ਉਹ ਫਲ ਖਾਧਾ ਤਦੋਂ ਉਨ੍ਹਾਂ ਨੂੰ ਆਪਣੇ ਸਰੀਰਾਂ ਦੀ ਸੋਝੀ ਹੋ ਗਈ। ਜਦੋਂ ਖ਼ੁਦਾ ਇਨ੍ਹਾਂ ਨੂੰ ਦਰਸ਼ਨ ਦੇਣ ਲਈ ਆਇਆ ਤਦੋਂ ਇਹ ਕੇਲਿਆਂ ਦੇ ਪੱਤਰਾਂ ਦੇ ਓਹਲੇ ਹੋ ਕੇ ਲੁਕ ਗਏ, ਖ਼ੁਦਾ ਨੇ ਕਿਹਾ ਕਿ ਤੁਸੀਂ ਮੇਰੇ ਤੋਂ ਪੜਦਾ ਕੀਤਾ ਹੈ ਅਤੇ ਮੇਰਾ ਬਚਨ ਨਹੀਂ ਮੰਨਿਆ, ਜਾਓ ਤੁਸੀਂ ਏਥੇ ਰਹਿਣ ਦੇ ਯੋਗ ਨਹੀਂ ਹੋ।

ਇਸ ਅਪਰਾਧ ਦੇ ਬਦਲੇ ਉਹ ਭਿਸਤ ਵਿੱਚੋਂ ਕੱਢੇ ਗਏ ਅਤੇ ਖ਼ੁਦਾ ਤੋਂ ਸਰਾਪ ਮਿਲਿਆ ਕਿ ਆਦਮ ਦੀ ਔਲਾਦ ਮੇਹਨਤ ਕਰਕੇ ਗੁਜ਼ਾਰਾ ਕਰੇ ਅਤੇ ਮੌਤ ਦਾ ਸ਼ਿਕਾਰ ਹੋਵੇ। ਆਦਮ ਦੀ ਉਮਰ ਬਾਈਬਲ ਵਿਚ ੯੩੦ ਵਰ੍ਹੇ ਦੀ ਲਿਖੀ ਹੈ, ਇਸਦੇ ਪੁੱਤਰ ਕਾਇਨ, ਗਬਿਲ ਅਤੇ ਸੇਤ ਦੱਸੇ ਹਨ।

***ਨੋਟ :*** ਟੀ. ਪੀ. ਹੁਗੈਸ ਇਸਲਾਮ ਦੀ ਡਿਕਸ਼ਨਰੀ ਵਿਚ ਲਿਖਦਾ ਹੈ ਕਿ ਜਦੋਂ ਬਾਬਾ ਆਦਮ ਤੇ ਅੰਮਾ ਹੱਵਾ ਭਿਸਤ ਵਿੱਚੋਂ ਡਿੱਗੇ, ਤਦੋਂ ਆਦਮ ਤਾਂ ਲੰਕਾ ਅਤੇ ਹੱਵਾ ਅਰਬ ਵਿਚ ਜੱਦਾਹ ਦੇ ਪਾਸ ਡਿੱਗੀ, ਇਹ ਆਪਸ ਵਿਚ ਦੋ ਸੌ ਵਰ੍ਹੇ ਜੁਦਾ ਰਹੇ, ਫੇਰ ਜਬਰਾਈਲ ਫ਼ਰਿਸ਼ਤੇ ਨੇ ਆਦਮ ਨੂੰ ਮੱਕੇ ਪਾਸ 'ਅਰਫ਼ਾਹ' ਪਹਾੜ 'ਤੇ ਲਿਆ ਕੇ ਹੱਵਾ ਮਿਲਾਈ। ਆਦਮ ਆਪਣੀ ਔਰਤ ਨੂੰ ਲੈ ਕੇ ਫੇਰ ਲੰਕਾ ਚਲਾ ਗਿਆ। ਲੰਕਾ ਵਿਚ ਆਦਮ ਦੀ ਪਹਾੜੀ, ਜਿਸ ਦੀ ਉਚਾਈ ੭੪੨੬ ਫ਼ੁੱਟ ਹੈ ਅਤੇ ਉਸਦੇ ਨਾਉਂ ਦਾ ਪੁਲ ਹੁਣ ਤੱਕ ਪ੍ਰਸਿੱਧ ਹੈ। ਰਾਮਾਇਣ ਵਿਚ ਇਹ ਪੁਲ ਰਾਮ ਚੰਦ੍ਰ ਤੋਂ ਬਣਿਆ ਲਿਖਿਆ ਹੈ। ਕਈਆਂ ਦਾ ਇਹ ਵੀ ਖ਼ਿਆਲ ਹੈ ਕਿ ਰਾਮ ਆਦਮ ਤੇ ਸੀਤਾ ਹੱਵਾ ਹੈ। ਜਿਵੇਂ ਨੂਹ ਅਤੇ ਮਨ ਇੱਕੋ ਹੀ ਹੈ। ਕਿਤਨਿਆਂ ਦਾ ਖ਼ਿਆਲ ਹੈ ਕਿ ਸ਼ਿਵ ਆਦਮ ਹੈ ਅਤੇ ਪਾਰਬਤੀ ਹੱਵਾ ਹੈ।

**ਅਥਵਾ** ਜਦੋਂ ਬਾਬੇ ਆਦਮ ਨੂੰ ਸ਼ੈਤਾਨ ਨੇ ਆਪਣੀ ਕੁਝ ਕੁ ਖੋਟੀ ਦ੍ਰਿਸ਼ਟੀ ਦਿਖਾਈ, ਤਦੋਂ ਉਸ ਬਾਬੇ ਆਦਮ ਨੇ ਵੀ ਬਹੁਤ ਜ਼ਿਆਦਾ ਹੀ ਸਵਰਗ ਦੀ ਪ੍ਰਾਪਤੀ ਕੀਤੀ, ਭਾਵ ਛੇਤੀ ਹੀ ਡੇਗ ਦਿੱਤਾ ਗਿਆ।

## ਦਿਲ ਖਲਹਲੁ ਜਾ ਕੈ; ਜਰਦ ਰੂ ਬਾਨੀ ॥ ਛੋਡਿ ਕਤੇਬ; ਕਰੈ ਸੈਤਾਨੀ ॥

ਜਾ = ਜਿਸ ਕੈ = ਦੇ ਦਿਲ = ਹਿਰਦੇ ਵਿਚ ਕਾਮ ਆਦਿ ਵਿਕਾਰਾਂ, ਦ੍ਵੈਤ ਕਰਕੇ ਖਲਹਲੁ = ਘਬਰਾਹਟ ਹੈ, ਉਸਦੇ ਰੂ = ਚੇਹਰੇ ਦੀ ਬਾਨੀ = ਰੰਗਤ ਜਰਦ = ਪੀਲੀ ਪੈ ਜਾਂਦੀ ਹੈ।

ਐਸਾ ਪੁਰਖ ਆਪਣੇ ਕਤੇਬ = ਧਾਰਮਿਕ ਪੁਸਤਕ (ਤੌਰੇਤ, ਜ਼ੱਬੂਰ, ਅੰਜੀਲ, ਕੁਰਾਨ) ਛੋਡਿ = ਛੱਡ ਕੇ ਸੈਤਾਨੀ = ਸ਼ੈਤਾਨਪੁਣਾ ਕਰੈ = ਕਰਨ ਲੱਗ ਪੈਂਦਾ ਹੈ, ਭਾਵ ਵਿਕਾਰਾਂ ਵਿਚ ਗ੍ਰਸਿਆ ਜਾਂਦਾ ਹੈ।

## ਦੁਨੀਆ ਦੋਸੁ; ਰੋਸੁ ਹੈ ਲੋਈ ॥ ਅਪਨਾ ਕੀਆ; ਪਾਵੈ ਸੋਈ ॥੩॥

ਹੇ ਭਾਈ ! ਦੋਸੁ = ਐਬ ਤਾਂ ਦੁਨੀਆ = ਸੰਸਾਰੀ ਜੀਵਾਂ ਵਿਚ ਹਨ ਪਰ ਲੋਈ = ਪ੍ਰਕਾਸ਼ ਸਰੂਪ ਪ੍ਰਭੂ ਉੱਤੇ ਰੋਸੁ = ਗ਼ੁੱਸਾ ਕਰਦੇ ਹਨ ਕਿ ਪ੍ਰਭੂ ਨੇ ਹੀ ਸਾਰੇ ਦੁੱਖ ਦਿੱਤੇ ਹਨ **ਵਾ:** ਲੋਈ = ਲੋਕਾਂ ਉੱਪਰ ਗ਼ੁੱਸਾ ਕਰਦੇ ਹਨ।

ਪਰ ਇਨ੍ਹਾਂ ਜੀਵਾਂ ਨੇ ਜਿਹੋ ਜਿਹਾ ਅਪਨਾ = ਆਪਦਾ ਕਰਮ ਕੀਆ = ਕੀਤਾ ਹੈ, ਸੋਈ = ਉਹੋ ਜਿਹਾ ਹੀ ਫਲ ਪਾਵੈ = ਪਾਉਣਾ ਕਰਦੇ ਹਨ ॥੩॥

ਇਸ ਲਈ ਉਸ ਖ਼ੁਦਾ ਅੱਗੇ ਇਉਂ ਬੇਨਤੀ ਕਰਨੀ ਹੀ ਬਣਦੀ ਹੈ।

## ਤੁਮ ਦਾਤੇ; ਹਮ ਸਦਾ ਭਿਖਾਰੀ ॥ ਦੇਉ ਜਬਾਬੁ; ਹੋਇ ਬਜਗਾਰੀ ॥

ਹੇ ਪ੍ਰਭੂ ! ਤੁਮ = ਤੁਸੀਂ ਦਾਤੇ = ਦਾਤਾਂ ਦੇਣ ਵਾਲੇ ਹੋ ਅਤੇ ਹਮ = ਅਸੀਂ ਸਦਾ = ਹਮੇਸ਼ਾਂ ਤੁਹਾਡੇ ਦਰ ਦੇ ਭਿਖਾਰੀ = ਮੰਗਤੇ ਹਾਂ।

ਹੇ ਪ੍ਰਭੂ ! ਜੇਕਰ ਅਸੀਂ ਤੇਰੀ ਕਿਸੇ ਵੀ ਦਾਤ **ਵਾ:** ਭਗਤੀ ਵੱਲੋਂ ਜਬਾਬ ਦੇਉ = ਦੇਣਾ ਕਰੀਏ ਤਾਂ ਇਹ ਸਾਡੀ ਬਜਗਾਰੀ = ਬਦਕਾਰੀ, ਕ੍ਰਿਤਘਨਤਾ ਹੋਇ = ਹੋਵੇਗੀ। **ਵਾ:** (ਬਜ+ਗਾਰੀ) ਬਜ = ਕਲੰਕ ਗਾਰੀ = ਵਾਲੇ ਹੋਵਾਂਗੇ।

## ਦਾਸੁ ਕਬੀਰੁ; ਤੇਰੀ ਪਨਹ ਸਮਾਨਾਂ ॥
## ਭਿਸਤੁ ਨਜੀਕਿ; ਰਾਖੁ ਰਹਮਾਨਾ ॥੪॥੭॥੧੫॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਮੈਂ ਦਾਸੁ = ਸੇਵਕ ਸਦਾ ਤੇਰੀ = ਤੁਹਾਡੀ ਪਨਹ = ਸ਼ਰਨ ਵਿਚ ਸਮਾਨਾਂ = ਸਮਾਇਆ, ਮਿਲਿਆ ਰਹਾਂ।

ਹੇ ਰਹਮਾਨਾ = ਰਹਿਮ ਕਰਨ ਵਾਲੇ ਦਿਆਲੂ ਪ੍ਰਭੂ ! ਮੈਨੂੰ ਆਪਣੀ ਸ਼ਰਨ ਦੇ ਨਜੀਕਿ = ਨੇੜੇ ਰਾਖੁ = ਰੱਖਣਾ ਕਰੋ, ਮੇਰੇ ਲਈ ਇਹੋ ਹੀ ਭਿਸਤੁ = ਬਹਿਸ਼ਤ, ਸੁਰਗ ਹੈ ॥੪॥੭॥੧੫॥

**ਉਥਾਨਕਾ :** ਇਕ ਬ੍ਰਹਮਣ ਨੇ ਭਗਤ ਕਬੀਰ ਜੀ ਨੂੰ ਕਿਹਾ ਕਿ ਹੇ ਕਬੀਰ ! ਤੂੰ ਨੀਵੀਂ ਜਾਤੀ ਵਾਲਾ ਸਵਰਗ ਵਿਚ ਨਹੀਂ ਜਾ ਸਕਦਾ, ਅਸੀਂ ਬ੍ਰਾਹਮਣ ਹੀ ਸੁਰਗ ਵਿਚ ਜਾ ਸਕਦੇ ਹਾਂ, ਤਦੋਂ ਭਗਤ ਕਬੀਰ ਸਾਹਿਬ ਜੀ ਨੇ ਕਿਹਾ ਕਿ ਮੈਂ ਤੁਹਾਡੇ ਸੁਰਗ ਵਿਚ ਜਾਣਾ ਵੀ ਨਹੀਂ ਚਾਹੁੰਦਾ, ਮੇਰੇ ਲਈ ਤਾਂ ਸਾਧ ਸੰਗਤ ਹੀ ਬੈਕੁੰਠ ਹੈ ਅਤੇ ਇਹ ਸ਼ਬਦ ਉਚਾਰਣ ਕੀਤਾ।

## ਸਭੁ ਕੋਈ; ਚਲਨ ਕਹਤ ਹੈ ਊਹਾਂ ॥
## ਨਾ ਜਾਨਉ; ਬੈਕੁੰਠੁ ਹੈ ਕਹਾਂ ॥੧॥ਰਹਾਉ॥

ਹੇ ਭਾਈ ! ਤੁਹਾਡੇ ਵਿੱਚੋਂ ਸਭੁ = ਸਾਰੇ ਕੋਈ ਹੀ ਇਹ ਕਹਤ = ਆਖ ਰਹੇ ਹੈ = ਹਨ, ਕਿ ਊਹਾ = ਉਥੇ ਸੁਰਗ ਵਿਚ ਚਲਨ = ਜਾਣਾ ਹੈ।

ਪਰ ਤੁਸੀਂ ਇਹ ਜਾਨਉ = ਜਾਣਦੇ ਹੀ ਨਾ = ਨਹੀਂ ਹੋ ਕਿ ਬੈਕੁੰਠ = ਸੁਰਗ ਕਹਾਂ = ਕਿਥੇ ਹੈ ॥੧॥ਰਹਾਉ॥

## ਆਪ ਆਪ ਕਾ; ਮਰਮੁ ਨ ਜਾਨਾਂ ॥ ਬਾਤਨ ਹੀ; ਬੈਕੁੰਠੁ ਬਖਾਨਾਂ ॥੧॥

ਹੇ ਭਾਈ ! ਆਪ ਆਪ = ਆਪਣਾ ਆਪਣਾ ਜੋ ਆਤਮ ਸਰੂਪ ਹੈ **ਵਾ:** ਆਪ ਜੋ ਤੂੰ ਪਦ ਦਾ ਲਖ ਅਰਥ ਰੂਪ ਹੈਂ ਅਤੇ ਆਪ ਜੋ ਤਤ ਪਦ ਦਾ ਲਖ ਅਰਥ ਰੂਪ ਹੈ, ਉਸ ਕਾ = ਦਾ ਮਰਮੁ ਭੇਤ ਜਾਨਾ = ਜਾਨਣਾ ਹੀ ਨਹੀਂ ਕੀਤਾ **ਵਾ:** ਗੁਰਾਂ ਦੇ ਉਪਦੇਸ਼ ਦੁਆਰਾ ਆਪ ਆਪ = ਆਪਣੇ ਸਰੂਪ ਦਾ ਭੇਦ ਨਹੀਂ ਜਾਨਣਾ ਕੀਤਾ।

ਐਵੇਂ ਬਾਤਨ = ਗੱਲਾਂ ਨਾਲ ਹੀ ਬੈਕੁੰਠੁ = ਸਵਰਗ ਵਿਚ ਵਸਣਾ ਬਖਾਨਾਂ = ਕਥਨ ਕਰੀ ਜਾ ਰਹੇ ਹੋ ॥੧॥

## ਜਬ ਲਗੁ ਮਨ; ਬੈਕੁੰਠ ਕੀ ਆਸ ॥ ਤਬ ਲਗੁ ਨਾਹੀ; ਚਰਨ ਨਿਵਾਸ ॥੨॥

ਹੇ ਭਾਈ ! ਜਬ ਜਦੋਂ ਲਗੁ = ਤੱਕ ਮਨ ਵਿਚ ਬੈਕੁੰਠ = ਸੁਰਗ ਕੀ = ਦੀ ਆਸ = ਉਮੀਦ ਲੱਗੀ ਹੋਈ ਹੈ।

ਤਬ = ਤਦੋਂ ਲਗੁ = ਤੱਕ ਹਰੀ ਦੇ ਚਰਨ ਕਮਲਾਂ ਵਿਚ ਨਿਵਾਸ = ਵਾਸਾ ਨਹੀਂ ਹੋਵੇਗਾ।

**ਅਥਵਾ** ਅੰਨਵੇ ਕਰਕੇ 'ਜਬ' ਦੀ ਜਗ੍ਹਾ 'ਤਬ' ਅਤੇ 'ਤਬ' ਦੀ ਜਗ੍ਹਾ 'ਜਬ' ਲਾ ਕੇ ਅਰਥ ਇਉਂ ਵੀ ਕੀਤਾ ਜਾਂਦਾ ਹੈ।

**ਤਬ ਲਗੁ ਨਾਹੀ ਚਰਨ ਨਿਵਾਸ ॥ ਜਬ ਲਗੁ ਮਨ ਬੈਕੁੰਠ ਕੀ ਆਸ ॥**

ਜਬ = ਜਦੋਂ ਤੱਕ ਪਰਮਾਤਮਾ ਦੇ ਚਰਨਾਂ ਵਿਚ ਨਿਵਾਸ ਨਹੀਂ ਹੁੰਦਾ, ਤਦੋਂ ਤੱਕ ਮਨ ਵਿਚ ਬੈਕੁੰਠ ਆਦਿ ਅਨੇਕ ਪ੍ਰਕਾਰ ਦੀ ਆਸਾ ਲੱਗੀ ਰਹਿੰਦੀ ਹੈ॥੨॥

## ਖਾਈ ਕੋਟੁ; ਨ ਪਰ ਲਪ ਗਾਰਾ ॥ ਨਾ ਜਾਨਉ; ਬੈਕੁੰਠ ਦੁਆਰਾ ॥੩॥

(ਦੂਜਾ ਪਾਠ **ਪਰਲਪਗਾਰਾ**)

ਹੇ ਭਾਈ ! ਤੁਹਾਡੇ ਉਸ ਸ੍ਵਰਗ ਦਾ ਨਾ ਕੋਈ ਕੋਟੁ = ਕਿਲ੍ਹਾ, ਖਾਈ ਹੈ ਅਤੇ ਨਾ ਹੀ ਉਹ ਪਰ = ਵਿਸ਼ੇਸ਼ ਕਰਕੇ ਕਿਸੇ ਗਾਰੇ ਨਾਲ ਲਪ = ਲਿਪਿਆ ਹੋਇਆ ਹੈ ਅਰਥਾਤ ਜਿਸ ਸਵਰਗ ਦੀ ਤੁਸੀਂ ਗੱਲ ਕਰਦੇ ਹੋ, ਉਸ ਸਵਰਗ ਰੂਪੀ ਕਿਲ੍ਹੇ ਦੁਆਲੇ ਕਿਹੜੀ ਖਾਈ ਹੈ ਅਤੇ ਉਹ ਕਿਹੜੇ ਗਾਰੇ ਨਾਲ ਲਿਪਿਆ ਹੋਇਆ ਹੈ; ਇਸ ਬਾਰੇ ਤੁਹਾਨੂੰ ਕੁਝ ਨਹੀਂ ਪਤਾ।

**ਅਥਵਾ** ਨਾ ਹੀ ਕੋਟ ਤੇ ਖਾਈ ਦਾ ਪਤਾ ਹੈ, ਨਾ ਹੀ ਪਰਲ = ਬਸਤੀ ਅਤੇ ਨਾ ਹੀ ਪਗਾਰਾ = ਸ਼ਾਹੀ ਮਹੱਲ ਹੈ।

ਨਾ ਹੀ ਤੁਸੀਂ ਬੈਕੁੰਠ = ਸ੍ਵਰਗ ਦਾ ਦੁਆਰਾ = ਦਰਵਾਜ਼ਾ ਜਾਨਉ = ਜਾਣਦੇ ਹੋ ਕਿ ਕਿਥੇ ਹੈ॥੩॥

## ਕਹਿ ਕਮੀਰ; ਅਬ ਕਹੀਐ ਕਾਹਿ ॥ ਸਾਧਸੰਗਤਿ; ਬੈਕੁੰਠੈ ਆਹਿ ॥੪॥੮॥੧੬॥

ਭਗਤ ਕਮੀਰ = ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਅਬ = ਹੁਣ ਅਨ-ਅਧਿਕਾਰੀਆਂ ਤਾਈਂ ਕਾਹਿ = ਕਿਸ ਵਾਸਤੇ ਕਹੀਐ = ਕਹਿਣਾ ਕਰੀਏ।

ਸਾਡੇ ਲਈ ਸਾਧ ਸੰਗਤਿ = ਮਹਾਤਮਾ ਜਨਾਂ ਦੀ ਸੰਗਤ ਹੀ ਬੈਕੁੰਠੈ = ਸ੍ਵਰਗ ਦੇ ਸਮਾਨ ਆਹਿ = ਹੈ॥੪॥੮॥੧੬॥[੧]

## ਕਿਉ ਲੀਜੈ; ਗਢੁ ਬੰਕਾ ਭਾਈ ॥
## ਦੋਵਰ ਕੋਟ; ਅਰੁ ਤੇਵਰ ਖਾਈ ॥੧॥ਰਹਾਉ॥

ਹੇ ਭਾਈ ! ਇਸ ਸੰਸਾਰ ਰੂਪੀ ਬੰਕਾ = ਟੇਢੇ ਗਢੁ = ਕਿਲ੍ਹੇ ਨੂੰ ਕਿਉ = ਕਿਵੇਂ ਲੀਜੈ = ਲਿਆ, ਭਾਵ ਜਿੱਤਿਆ ਜਾਵੇ **ਵਾ:** ਟੇਢਤਾਈ ਵਾਲੇ ਵਿਸ਼ਿਆਂ ਵਿਚ ਲਾਉਣ ਵਾਲੇ ਅਗਿਆਨ ਰੂਪੀ ਕਿਲ੍ਹੇ ਨੂੰ ਜਿੱਤਣ ਲਈ ਗਿਆਨ ਕਿਵੇਂ ਲਿਆ ਜਾਵੇ **ਵਾ:** ਜੋ ਤਿੰਨ ਸਰੀਰ ਰੂਪੀ ਟੇਢਾ ਕਿਲ੍ਹਾ ਹੈ, ਇਸ ਨੂੰ ਕਿਵੇਂ ਲਿਆ ਭਾਵ ਵੱਸ ਵਿਚ ਕੀਤਾ ਜਾਵੇ।

ਇਸ ਸਥੂਲ ਸਰੀਰ ਅੰਦਰ ਕਾਰਨ ਤੇ ਸੂਖਮ ਸਰੀਰ ਰੂਪੀ ਦੋਵਰ = ਦੂਹਰਾ ਕੋਟ = ਕਿਲ੍ਹਾ ਹੈ ਅਤੇ ਜਾਗਰਤ ਸੁਪਨ ਤੇ ਸੁਖੋਪਤ ਅਵਸਥਾ ਰੂਪੀ ਤੇਵਰ = ਤਿਹਰੀ ਖਾਈ ਹੈ **ਵਾ:** ਰਾਗ ਦ੍ਵੈਖ ਰੂਪੀ ਦੂਹਰਾ ਕੋਟ ਹੈ ਅਰੁ = ਅਤੇ ਤਿੰਨ ਗੁਣਾ ਰੂਪੀ ਤੇਵਰ = ਤਿਹਰੀ ਖਾਈ ਹੈ **ਅਥਵਾ** ਅਗਿਆਨ ਦੀਆਂ ਦੋ ਸ਼ਕਤੀਆਂ ਅਸੱਤ੍ਵਾਪਾਦ ਅਤੇ ਅਭਾਨਾਪਾਦ ਰੂਪ ਦੂਹਰਾ ਕੋਟ ਹੈ ਅਤੇ ਸੁਤ, ਬਿਤ, ਲੋਕ ਈਖਣਾ (ਵਾਸ਼ਨਾ) ਰੂਪੀ ਤਿਹਰੀ ਖਾਈ ਹੈ **ਵਾ:** ਅਸੱਤ, ਜੜ੍ਹ ਤੇ ਦੁਖ ਰੂਪੀ ਮਾਇਆ ਤਿਹਰੀ ਖਾਈ ਦੀ ਨਿਆਈਂ ਹੈ॥੧॥ਰਹਾਉ॥

## ਪਾਂਚ ਪਚੀਸ ਮੋਹ ਮਦ ਮਤਸਰ; ਆਡੀ ਪਰਬਲ ਮਾਇਆ ॥

ਪਾਂਚ = ਪੰਜ (ਕਾਮ, ਕ੍ਰੋਧਾਦਿ) ਵਿਕਾਰ ਯੋਧੇ ਹਨ, ਪਚੀਸ = ਪੱਚੀ ਪ੍ਰਕਿਤੀਆਂ ਰੂਪੀ ਫ਼ੌਜ ਹੈ, ਮੋਹ

੧. ਇਸ ਸ਼ਬਦ ਨਾਲ ਕੁਝ ਮਿਲਦਾ-ਜੁਲਦਾ ਸ਼ਬਦ ਪਿੱਛੇ ਗਉੜੀ ਰਾਗ ਵਿਚ ਅੰਗ ੩੨੭ ਉੱਪਰ ਵੀ ਆ ਚੁੱਕਾ ਹੈ।

ਤੇ ਮਦ = ਹੰਕਾਰ ਰੂਪੀ ਜਰਨੈਲ ਹਨ, ਮਤਸਰ = ਈਰਖਾ ਰੂਪੀ ਸੈਨਾਪਤੀ ਹੈ ਅਤੇ ਪਰਬਲ = ਵਿਸ਼ੇਸ਼ ਬਲ ਵਾਲੀ ਮਾਇਆ ਆਡੀ = ਛਵੀ (ਲੰਮੇ ਗੰਡਾਸੇ) ਦੀ ਨਿਆਈਂ ਹੈ **ਵਾ:** ਬਲ ਵਾਲੀ ਮਾਇਆ ਆਡੀ = ਆੜ (ਮੋਰਚੇ ਅੱਗੇ ਕੀਤੀ ਹੋਈ ਓਟ ਰੂਪ ਵੱਟ, ਕਿਲ੍ਹੇ ਦੀ ਖਾਈ ਤੋਂ ਪਾਰ ਉੱਚੀ ਵੱਟ) ਦੀ ਨਿਆਈਂ ਹੈ।

**ਪੱਚੀ ਪ੍ਰਕਿਰਤੀਆਂ ਦਾ ਨਕਸ਼ਾ :**

| | **ਪ੍ਰਿਥਵੀ** ↓ | **ਜਲ** ↓ | **ਅੱਗ** ↓ | **ਹਵਾ** ↓ | **ਅਕਾਸ਼** ↓ |
|---|---|---|---|---|---|
| ਪ੍ਰਿਥਵੀ ↠ | ਅਸਥ ੦ | ਮਾਸ | ਨਾੜੀਆਂ | ਚਮੜੀ | ਰੋਮ |
| ਜਲ ↠ | ਰੁਧਰ | ਬੀਰਜ ੦ | ਪਿਤ | ਸਵੇਤ | ਲਾਰ |
| ਅੱਗ ↠ | ਆਲਸ | ਮੁਖ ਪ੍ਰਭਾ | ਛੁਧਾ ੦ | ਪਿਆਸ | ਨਿੰਦ੍ਰਾ |
| ਹਵਾ ↠ | ਸੰਕੋਚਨਾ | ਚਲਣਾ | ਕੁਦਣਾ | ਦੌੜਨਾ ੦ | ਪਸਰਨਾ |
| ਅਕਾਸ਼ ↠ | ਕਮਰ | ਉਦਰ | ਹਿਰਦਾ | ਕੰਠ | ਸਿਰ ੦ |

***ਨੋਟ:*** ੦ ਇਹ ਨਿਸ਼ਾਨੀ ਮੁਖ ਭਾਗ ਦੀ ਹੈ।
↠ ਇਹ ਨਿਸ਼ਾਨੀ ਤੱਤਾਂ ਦੇ ਵੰਡ ਸਮੇਂ ਆਏ ਹਿੱਸਿਆਂ ਦੀ ਹੈ।
↓ ਇਹ ਨਿਸ਼ਾਨੀ ਵੰਡ ਤੋਂ ਪਹਿਲਾਂ ਆਪਣੇ ਹਿੱਸਿਆਂ ਦੀ ਹੈ।

## ਜਨ ਗਰੀਬ ਕੋ ਜੋਰੁ ਨ ਪਹੁਚੈ; ਕਹਾ ਕਰਉ ਰਘੁਰਾਇਆ ॥੧॥

ਹੇ ਰਘੁਰਾਇਆ = ਰਘੂਆਂ ਦੀ ਕੁਲ ਦੇ ਰਾਜਾ ਭਾਵ ਪ੍ਰਭੂ ! ਮੈਂ ਗ਼ਰੀਬ ਜਨ = ਦਾਸ ਕੋ = ਦਾ ਐਸੇ ਕਿਲ੍ਹੇ ਉੱਪਰ ਜੋਰੁ = ਬਲ ਨਹੀਂ ਪਹੁਚੈ = ਪਹੁੰਚਦਾ, ਇਸ ਲਈ ਮੈਂ ਕਹਾ = ਕੀ ਕਰਉ = ਕਰਾਂ ॥੧॥

## ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ; ਪਾਪੁ ਪੁੰਨੁ ਦਰਵਾਜਾ ॥

ਉਸ ਕਿਲ੍ਹੇ ਦੇ ਕਾਮੁ = ਕਾਮਨਾਵਾਂ ਰੂਪੀ ਕਿਵਾਰੀ = ਤਖ਼ਤੇ ਹਨ **ਵਾ:** ਜਿਵੇਂ ਦੋ ਦਰਵਾਜ਼ਿਆਂ ਨੂੰ ਬੰਦ ਕਰਕੇ ਵਿਚ ਤਖ਼ਤੀ ਲਾ ਦਿੱਤੀ ਜਾਂਦੀ ਭਾਵ ਕੁੰਡਾ ਬੰਦ ਕਰ ਦਿੱਤਾ ਜਾਂਦਾ ਹੈ, ਇਉਂ ਕਾਮ ਕਿਵਾਰੀ = ਤਖ਼ਤੀ ਦੀ ਨਿਆਈਂ ਹੈ **ਵਾ:** ਬਾਰੀ ਦਾ ਪਹਿਰੇਦਾਰ ਕਾਮ ਹੈ, ਦੁੱਖ ਅਤੇ ਸੁੱਖ ਦਰਵਾਨੀ = ਡਿਉਡੀਦਾਰ ਹਨ, ਪਾਪ ਅਤੇ ਪੁੰਨ ਦਰਵਾਜ਼ੇ ਬਣੇ ਹੋਏ ਹਨ।

## ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ; ਤਹ ਮਨੁ ਮਾਵਾਸੀ ਰਾਜਾ ॥੨॥

ਕ੍ਰੋਧੁ = ਗ਼ੁੱਸਾ ਪ੍ਰਧਾਨੁ = ਮੁਖੀ, ਚੌਧਰੀ ਬਣੀ ਬੈਠਾ ਹੈ ਜੋ ਮਹਾ = ਬਹੁਤ ਬਡ = ਵੱਡੀ ਦੁੰਦਰ = ਲੜਾਈ ਪਾਉਣ ਵਾਲਾ ਝਗੜਾਲੂ ਹੈ, ਤਹ = ਉਥੇ ਕਿਲ੍ਹੇ ਦੇ ਅੰਦਰ ਮਾਵਾਸੀ = ਆਕੀ ਅਸਥਾਨ ਵਿਚ ਮਨ ਰਾਜਾ ਹੋ ਕੇ ਬੈਠਾ ਹੋਇਆ ਹੈ॥੨॥

## ਸ੍ਵਾਦ ਸਨਾਹ, ਟੋਪੁ ਮਮਤਾ ਕੋ; ਕੁਬੁਧਿ ਕਮਾਨ ਚਢਾਈ ॥

ਸ਼ਬਦ ਸਪਰਸ਼ ਆਦਿ ਵਿਸ਼ਿਆਂ ਦੇ ਸ੍ਵਾਦ = ਰਸ ਰੂਪੀ ਸਰੀਰ ਉੱਪਰ ਸਨਾਹ = ਸੰਜੋਅ ਪਹਿਨੀ ਹੋਈ

ਹੈ, ਮਮਤਾ ਕੋ = ਦਾ ਸਿਰ ਉੱਪਰ ਲੋਹੇ ਦਾ ਟੋਪ ਪਹਿਨਿਆ ਹੈ, ਕੁਬੁਧਿ = ਖੋਟੀ ਬੁੱਧ ਰੂਪੀ ਕਮਾਨ ਚਢਾਈ = ਚੜ੍ਹਾਉਣਾ ਕੀਤੀ ਹੈ।

## ਤਿਸਨਾ ਤੀਰ ਰਹੇ ਘਟ ਭੀਤਰਿ; ਇਉ ਗਢੁ ਲੀਓ ਨ ਜਾਈ ॥੩॥

ਤਿਸਨਾ = ਤ੍ਰਿਸ਼ਨਾ ਰੂਪੀ ਤੀਰ ਘਟ = ਹਿਰਦੇ ਦੇ ਭੀਤਰਿ = ਵਿਚ ਹੀ ਵਿੰਨ੍ਹ ਰਹੇ ਹਨ, ਇਉ = ਇਸ ਪ੍ਰਕਾਰ ਇਹ ਸਰੀਰ, ਅਗਿਆਨ ਰੂਪੀ ਗਢੁ = ਕਿਲ੍ਹਾ ਲੀਓ = ਲਿਆ, ਜਿੱਤਿਆ ਨਹੀਂ ਜਾਈ = ਜਾਂਦਾ ॥੩॥

***ਪ੍ਰਸ਼ਨ :*** *ਹੇ ਕਬੀਰ ਜੀ ! ਇਸ ਨੂੰ ਜਿੱਤਣ ਦਾ ਕੋਈ ਤਾਂ ਸਾਧਨ ਦੱਸੋ ?*
***ਉੱਤਰ :***

## ਪ੍ਰੇਮ ਪਲੀਤਾ ਸੁਰਤਿ ਹਵਾਈ; ਗੋਲਾ ਗਿਆਨੁ ਚਲਾਇਆ ॥

ਹੇ ਭਾਈ ! ਅਸੀਂ ਤਾਂ ਪ੍ਰੇਮ ਰੂਪੀ ਪਲੀਤਾ = ਤੋਪ ਨੂੰ ਅੱਗ ਦੇਣ ਦਾ ਤੋੜਾ ਅਤੇ ਸੁਰਤਿ = ਬਿਰਤੀ, ਸ੍ਰੇਸ਼ਟ ਪ੍ਰੀਤੀ ਰੂਪੀ ਹਵਾਈ = ਤੋਪ ਬਣਾਉਣਾ ਕੀਤੀ ਹੈ, ਇਸ ਬਿਰਤੀ, ਸ੍ਰੇਸ਼ਟ ਪ੍ਰੀਤੀ ਰੂਪੀ ਤੋਪ ਵਿਚ ਗਿਆਨ ਰੂਪੀ ਗੋਲਾ ਪਾ ਕੇ ਚਲਾਉਣਾ ਕੀਤਾ ਹੈ।

## ਬ੍ਰਹਮ ਅਗਨਿ ਸਹਜੇ ਪਰਜਾਲੀ; ਏਕਹਿ ਚੋਟ ਸਿਝਾਇਆ ॥੪॥

ਉਸ ਗੋਲੇ ਨੂੰ ਸਹਜੇ = ਸਹਿਜ ਅਵਸਥਾ ਵਿਚ ਪਹੁੰਚ ਕੇ ਬ੍ਰਹਮ ਅਭਿਆਸ ਰੂਪੀ ਅਗਨਿ = ਅੱਗ (ਪਰ+ਜਾਲੀ) ਪਰ = ਵਿਸ਼ੇਸ਼ ਕਰਕੇ ਜਾਲੀ = ਜਲਾਉਣਾ ਕੀਤੀ ਹੈ, ਇਸ ਏਕਹਿ = ਇਕ ਚੋਟ ਨਾਲ ਹੀ ਸਿਝਾਇਆ = ਜਿੱਤ ਲਿਆ ਹੈ ॥੪॥

***ਪ੍ਰਸ਼ਨ :*** *ਹੇ ਕਬੀਰ ਜੀ ! ਤੁਹਾਡੇ ਨਾਲ ਕੋਈ ਸੂਰਮੇ ਵੀ ਸਨ ?*
***ਉੱਤਰ :***

## ਸਤੁ ਸੰਤੋਖੁ ਲੈ ਲਰਨੇ ਲਾਗਾ; ਤੋਰੇ ਦੁਇ ਦਰਵਾਜਾ ॥

ਹੇ ਭਾਈ ! ਮੈਂ ਸਤ, ਸੰਤੋਖ, ਦਇਆ, ਧਰਮ, ਵੀਚਾਰ, ਬਿਬੇਕ ਰੂਪੀ ਸੂਰਮੇ ਨਾਲ ਲੈ ਕੇ ਉਨ੍ਹਾਂ ਨਾਲ ਲਰਨੇ = ਲੜਨ ਲਾਗਾ = ਲੱਗਾ ਸੀ ਅਤੇ ਪਾਪ ਪੁੰਨ ਰੂਪੀ ਦੁਇ = ਦੋਵੇਂ ਦਰਵਾਜ਼ੇ ਤੋਰੇ = ਤੋੜ ਦਿੱਤੇ ਸਨ।

## ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ; ਪਕਰਿਓ ਗਢ ਕੋ ਰਾਜਾ ॥੫॥

ਸਾਧ ਸੰਗਤਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਅਰੁ = ਅਤੇ ਗੁਰਾਂ ਕੀ = ਦੀ ਕ੍ਰਿਪਾ = ਮਿਹਰ ਹੋਣ ਤੇ = ਤੋਂ ਸਰੀਰ ਰੂਪੀ ਗਢ = ਕਿਲ੍ਹੇ ਕੋ = ਦਾ ਰਾਜਾ ਮਨ ਪਕਰਿਓ = ਪਕੜ ਲਿਆ, ਭਾਵ ਮਨ ਆਪਣੇ ਅਧੀਨ ਕਰ ਲਿਆ ॥੫॥

### [ਅੰਗ ੧੧੬੨]

## ਭਗਵਤ ਭੀਰਿ ਸਕਤਿ ਸਿਮਰਨ ਕੀ; ਕਟੀ ਕਾਲ ਭੈ ਫਾਸੀ ॥

ਮੈਂ ਪਹਿਲਾਂ ਭੀਰਿ = ਗ਼ਰੀਬ, ਕਾਇਰ ਸੀ ਪਰ ਭਗਵਤ = ਭਗਵਾਨ ਦੇ ਸਿਮਰਨ ਕੀ = ਦੀ ਸਕਤਿ = ਸ਼ਕਤੀ ਨੇ ਮੇਰੀ ਕਾਲ = ਯਮਰਾਜ ਦੇ ਭੈ = ਡਰ ਦੀ ਫਾਸੀ = ਫਾਹੀ ਕਟੀ = ਕੱਟ ਦਿੱਤੀ **ਵਾ:** ਪਰਮਾਤਮਾ ਦੀ ਭਗਤੀ ਰੂਪੀ ਸਕਤਿ = ਬਰਛੀ ਲੈ ਕੇ ਅਤੇ ਸ਼ੁੱਭ ਗੁਣਾਂ ਰੂਪੀ ਯੋਧਿਆਂ ਦੀ ਭੀੜ ਵਿਚ ਮਿਲ ਕੇ ਕਾਲ ਦੇ ਭੈ ਦੀ ਫਾਹੀ ਕੱਟ ਦਿੱਤੀ ਹੈ।

## ਦਾਸੁ ਕਮੀਰੁ ਚੜਿਓ ਗੜ੍ਹ ਊਪਰਿ; ਰਾਜੁ ਲੀਓ ਅਬਿਨਾਸੀ ॥੬॥੯॥੧੭॥

ਭਗਤ ਕਮੀਰੁ = ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਦਾਸੁ = ਜਨ ਹੁਣ ਸਰੀਰ, ਅਗਿਆਨ ਰੂਪੀ ਗੜ੍ਹ = ਕਿਲ੍ਹੇ ਦੇ ਊਪਰਿ = ਉੱਤੇ ਚੜਿਓ = ਚੜ੍ਹ ਗਿਆ ਹਾਂ ਭਾਵ ਸਰੀਰ, ਅਗਿਆਨ ਨੂੰ ਵੱਸ ਕਰ ਲਿਆ ਹੈ।

ਅਤੇ ਅਬਿਨਾਸੀ = ਨਾਸ਼ ਤੋਂ ਰਹਿਤ ਪਰਮਾਤਮਾ ਦੀ ਪ੍ਰਾਪਤੀ ਰੂਪ ਰਾਜ ਲੀਓ = ਲੈਣਾ ਕੀਤਾ ਹੈ ॥੬॥੯॥੧੭॥

**ਉਥਾਨਕਾ :** ਜਿਸ ਵਕਤ ਭਗਤ ਕਬੀਰ ਜੀ ਨੇ ਇਹ ਬਚਨ ਕੀਤੇ ਕਿ ਅਸੀਂ ਅਬਿਨਾਸ਼ੀ ਰਾਜ ਦੀ ਪ੍ਰਾਪਤੀ ਕੀਤੀ ਹੈ, ਤਦੋਂ ਕੁਝ ਵਿਰੋਧੀਆਂ ਨੇ ਸਿਕੰਦਰ ਲੋਧੀ ਦੇ ਪਾਸ ਜਾ ਕੇ ਭਗਤ ਕਬੀਰ ਸਾਹਿਬ ਜੀ ਦੀ ਸ਼ਿਕਾਇਤ ਕੀਤੀ, ਜੋ ਉਸ ਸਮੇਂ ਕਾਂਸ਼ੀ (ਬਨਾਰਸ) ਵਿਚ ਆਇਆ ਹੋਇਆ ਸੀ। ਉਨ੍ਹਾਂ ਨੇ ਕਿਹਾ ਕਿ ਹੇ ਰਾਜਨ! ਉਹ ਕਬੀਰ ਜੁਲਾਹਾ ਤਾਂ ਤੇਰੇ ਰਾਜ ਲੈਣ ਦੀਆਂ ਗੱਲਾਂ ਕਰਦਾ ਹੈ, ਕਿਉਂਕਿ ਉਸਦੇ ਬੇਅੰਤ ਚੇਲੇ, ਸ਼ਰਧਾਲੂ ਹਨ, ਇਸ ਬਾਰੇ ਤੁਹਾਨੂੰ ਕੋਈ ਵਿਚਾਰ ਕਰਨੀ ਚਾਹੀਦੀ ਹੈ। ਤਦੋਂ ਰਾਜੇ ਨੇ ਜ਼ੰਜੀਰਾਂ ਨਾਲ ਬੰਨ੍ਹ ਕੇ ਗੰਗਾ ਵਿਚ ਸੁੱਟਣ ਦਾ ਹੁਕਮ ਦੇ ਦਿੱਤਾ; ਕਾਜ਼ੀ ਮੁਲਾਣੇ, ਬ੍ਰਾਹਮਣਾਂ ਤੇ ਰਾਜੇ ਦੀਆਂ ਫ਼ੌਜਾਂ ਨੇ ਭਗਤ ਜੀ ਨੂੰ ਬੰਨ੍ਹ ਕੇ ਗੰਗਾ ਵਿਚ ਸੁੱਟ ਦਿੱਤਾ। ਪਰ ਗੰਗਾ ਨੇ ਭਗਤ ਜੀ ਨੂੰ ਨਾ ਡੋਬਿਆ, ਭਗਤ ਜੀ ਸਹੀ ਸਲਾਮਤ ਬਾਹਰ ਆ ਗਏ, ਰਾਜੇ ਨੇ ਭਗਤ ਜੀ ਨੂੰ ਨਮਸਕਾਰ ਕੀਤੀ। ਉਸ ਵੇਲੇ ਸੇਵਕਾਂ ਨੇ ਪੁੱਛਿਆ ਕਿ ਭਗਤ ਜੀ! ਗੰਗਾ ਤਾਂ ਬਹੁਤ ਡੂੰਘੀ ਹੈ, ਗੰਗਾ ਵਿਚ ਤੁਹਾਡੀ ਕੀ ਹਾਲਤ ਹੋਈ। ਤਦੋਂ ਸੇਵਕਾਂ ਦੇ ਪੁੱਛਣ ਤੋਂ ਭਗਤ ਕਬੀਰ ਸਾਹਿਬ ਜੀ ਪਰਮਾਤਮਾ ਉੱਪਰ ਪੂਰਨ ਨਿਸਚਾ ਪ੍ਰਪੱਕ ਕਰਾਉਂਦੇ ਹੋਏ ਕਥਨ ਕਰਦੇ ਹਨ।

## ਗੰਗ ਗੁਸਾਇਨਿ; ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ; ਖਰੇ ਕਬੀਰ ॥੧॥

ਹੇ ਭਾਈ! ਜੋ ਗੁਸਾਇਨਿ = ਗੁਸਾਈਂ ਵਾਲੀ ਗੰਗ = ਗੰਗਾ ਗਹਿਰ = ਗਾੜ੍ਹੀ ਗੰਭੀਰ = ਡੂੰਘੀ ਹੈ **ਵਾ:** ਗਹਿਰ ਗੰਭੀਰ = ਅਤਿਅੰਤ ਡੂੰਘੀ ਹੈ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਗੰਗਾ ਵਿਚ ਸਾਨੂੰ ਜੰਜੀਰ = ਸੰਗਲਾਂ ਨਾਲ ਬਾਂਧਿ = ਬੰਨ੍ਹ ਕਰਿ = ਕਰਕੇ ਰਾਜੇ ਦੇ ਸਿਪਾਹੀ ਆਦਿ ਖਰੇ = ਲੈ ਗਏ ॥੧॥

## ਮਨੁ ਨ ਡਿਗੈ; ਤਨੁ ਕਾਹੇ ਕਉ ਡਰਾਇ ॥
## ਚਰਨ ਕਮਲ; ਚਿਤੁ ਰਹਿਓ ਸਮਾਇ ॥ਰਹਾਉ॥

ਤਦੋਂ ਅਸੀਂ ਕਿਹਾ ਕਿ ਜਦੋਂ ਸਾਡਾ ਮਨ ਹੀ ਪਰਮਾਤਮਾ ਵੱਲੋਂ ਡਿਗੈ = ਡਿੱਗਦਾ ਨਹੀਂ ਹੈ, ਭਾਵ ਪਰਮਾਤਮਾ ਦੇ ਸਿਮਰਨ ਵਿਚ ਇਕਾਗਰ ਹੈ, ਫੇਰ ਤੁਸੀਂ ਸਾਡੇ ਤਨੁ = ਸਰੀਰ ਨੂੰ ਕਾਹੇ = ਕਿਸ ਵਾਸਤੇ ਡਰਾਇ = ਡਰਾਉਂਦੇ ਹੋ।

ਪਰਮਾਤਮਾ ਦੇ ਚਰਨ ਕਮਲਾਂ ਵਿਚ ਸਾਡਾ ਚਿਤੁ = ਮਨ ਸਮਾਇ = ਲੀਨ ਹੋ ਰਹਿਓ = ਰਿਹਾ ਹੈ ॥ਰਹਾਉ॥

## ਗੰਗਾ ਕੀ ਲਹਰਿ; ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ; ਬੈਠੇ ਕਬੀਰ ॥੨॥

ਹੇ ਭਾਈ! ਗੰਗਾ ਕੀ = ਦੀਆਂ ਲਹਿਰ = ਤਰੰਗਾ ਵਿਚ ਡੁੱਬਣ ਦੇ ਥਾਂ ਮੇਰੀ = ਸਾਡੀਆਂ ਜ਼ੰਜੀਰਾਂ ਹੀ ਟੁਟੀ = ਟੁੱਟ ਗਈਆਂ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਗੰਗਾ ਦੀਆਂ ਲਹਿਰਾਂ ਦੇ ਉੱਪਰ ਇਸ ਪ੍ਰਕਾਰ ਬੈਠ ਗਏ ਜਿਵੇਂ ਮ੍ਰਿਗਛਾਲਾ ਦੇ ਉੱਪਰ ਬੈਠੇ ਹੋਈਦਾ ਹੈ **ਵਾ:** ਗੰਗਾ ਵਿਚ ਰੁੜ੍ਹੀ ਆਉਂਦੀ ਮ੍ਰਿਗਛਾਲਾ ਦੇ

ਉੱਪਰ ਬੈਠ ਗਏ **ਵਾ:** ਗੰਗਾ ਵਿਚ ਰੁੜ੍ਹੀ ਆਉਂਦੀ ਕਾਠ ਉੱਪਰ ਮਿਗ੍ਰਛਾਲਾ ਦੇ ਉੱਪਰ ਬੈਠਣ ਵਾਂਗ ਬੈਠ ਗਏ ॥੨॥

## ਕਹਿ ਕੰਬੀਰ; ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ; ਰਘੁਨਾਥ ॥੩॥੧੦॥੧੮॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਅਸਾਂ ਨੇ ਇਹ ਨਿਸਚੇ ਕੀਤਾ ਹੈ ਕਿ ਨਾ ਕੋਊ = ਕੋਈ ਇਸ ਲੋਕ ਦਾ ਸੰਗ = ਸੰਗੀ ਹੈ ਅਤੇ ਨਾ ਹੀ ਕੋਈ ਪ੍ਰਲੋਕ ਵਿਚ ਸਾਥ ਨਿਭਾਉਣ ਵਾਲਾ ਹੈ।

ਸਾਰੀਆਂ ਜਲ = ਪਾਣੀ ਵਾਲੀਆਂ ਅਤੇ ਥਲ = ਖ਼ੁਸ਼ਕ ਥਾਵਾਂ ਵਿਚ ਕੇਵਲ ਰਘੁਨਾਥ = ਰਘੂਆਂ ਦੀ ਕੁਲ ਦਾ ਮਾਲਕ **ਵਾ:** (ਰਘੁ + ਨਾਥ) ਰਘੁ = ਇੰਦ੍ਰੀਆਂ ਨੂੰ ਨਾਥ = ਨੱਥ ਕੇ ਚਲਾਉਣ ਵਾਲਾ ਚੇਤਨ ਪ੍ਰਭੂ ਹੀ ਰਾਖਨ = ਰੱਖਿਆ ਕਰਨ ਵਾਲਾ ਹੈ ॥੩॥੧੦॥੧੮॥

## ਭੈਰਉ ਕਬੀਰ ਜੀਉ ਅਸਟਪਦੀ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਭੈਰਉ ਰਾਗ ਦੇ ਅੰਦਰ ਭਗਤ ਕਬੀਰ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਵਿਚ ਅਸਟਪਦੀ = ਅੱਠ ਪਦਿਆਂ ਵਾਲੀ ਬਾਣੀ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

ਭਗਤ ਕਬੀਰ ਸਾਹਿਬ ਜੀ ਇਸ ਸ਼ਬਦ ਵਿਚ ਕਥਨ ਕਰਦੇ ਹਨ ਕਿ ਇਸ ਦੇਹ ਦੇ ਅੰਦਰ ਹੀ ਪਰਮਾਤਮਾ ਪਰੀਪੂਰਨ ਹੋ ਰਿਹਾ ਹੈ ਅਤੇ ਉਸਦੀ ਪ੍ਰਾਪਤੀ ਤੋਂ ਬਾਅਦ ਹੋਣ ਵਾਲਾ ਅਨੰਦ, ਪ੍ਰਕਾਸ਼ ਨਿਰੂਪਨ ਕਰਦੇ ਹਨ।

## ਅਗਮ, ਦ੍ਰੁਗਮ ਗੜਿ; ਰਚਿਓ ਬਾਸ ॥ ਜਾ ਮਹਿ; ਜੋਤਿ ਕਰੇ ਪਰਗਾਸ ॥

ਹੇ ਭਾਈ! ਮਨ ਦੇ ਸੰਕਲਪ ਵਿਕਲਪਾਂ ਦੀ ਅਗਮ = ਗੰਮਤਾ ਤੋਂ ਰਹਿਤ ਪਰਮਾਤਮਾ ਨੇ ਆਪਣੇ ਬਾਸ = ਵੱਸਣ ਦੇ ਲਈ ਇਹ ਸੰਸਾਰ, ਸਰੀਰ, ਹਿਰਦਾ, ਦਸਮ ਦੁਆਰ ਰੂਪ ਦ੍ਰੁਗਮ = ਕਠਿਨ ਗੜਿ = ਕਿਲ੍ਹਾ ਰਚਿਓ = ਰਚਨਾ ਕੀਤਾ ਹੈ।

ਜਾ = ਜਿਸ ਕਿਲ੍ਹੇ ਦੇ ਮਹਿ = ਵਿਚ ਉਸ ਪ੍ਰਭੂ ਦੀ ਸੱਤਾ ਰੂਪੀ ਜੋਤ ਪਰਗਾਸ = ਚਾਨਣਾ ਕਰ ਰਹੀ ਹੈ **ਵਾ:** ਜੋਤਿ = ਚੇਤਨ ਪ੍ਰਕਾਸ਼ ਕਰ ਰਿਹਾ ਹੈ ॥੧॥

## ਬਿਜੁਲੀ ਚਮਕੈ; ਹੋਇ ਅਨੰਦੁ ॥ ਜਿਹ ਪਉੜ੍ਹੇ; ਪ੍ਰਭ ਬਾਲ ਗੋਬਿੰਦ ॥੧॥

ਜਦੋਂ ਜੋਗੀ ਪੁਰਖ ਦੇ ਦਸਮ ਦੁਆਰ ਵਿਚ ਬਿਜਲੀ ਦੇ ਸਮਾਨ ਜੋਤ ਚਮਕੈ = ਚਮਕਦੀ ਹੈ, ਭਾਵ ਦਸਮ ਦੁਆਰ ਵਿਚ ਪ੍ਰਕਾਸ਼ ਦਿਸਦਾ ਹੈ, ਤਦੋਂ ਜੋਗੀ ਨੂੰ ਅਨੰਦ ਦੀ ਪ੍ਰਾਪਤੀ ਹੁੰਦੀ ਹੈ **ਅਥਵਾ** ਜਦੋਂ ਅੰਤਹਕਰਨ ਦੇ ਅੰਦਰ ਸਤੋਮਯ ਬਿਰਤੀ ਵਿਚ ਪ੍ਰਭੂ ਦੀ ਜੋਤ ਦਾ ਬਿਜਲੀ ਵਾਂਗ ਚਮਕਾਰਾ ਪੈਂਦਾ ਹੈ, ਤਦੋਂ ਨਾਮ ਅਭਿਆਸੀ ਪੁਰਖ ਬਹੁਤ ਅਨੰਦ ਦੇ ਸਹਿਤ ਹੋ ਜਾਂਦਾ ਹੈ **ਵਾ:** ਜਦੋਂ ਚੇਤਨ ਸੱਤਾ ਰੂਪੀ ਬਿਜਲੀ ਦਾ ਚਮਕਾਰਾ ਪੈਂਦਾ ਹੈ, ਤਦੋਂ ਤਤਬੇਤਿਆਂ ਦੇ ਮਨ ਵਿਚ ਅਨੰਦ ਪ੍ਰਾਪਤ ਹੁੰਦਾ ਹੈ।

ਜਿਹ = ਜਿਥੇ ਹਿਰਦੇ, ਦਸਮ ਦੁਆਰ ਰੂਪੀ ਕਿਲ੍ਹੇ ਵਿਚ (ਗੋ+ਬਿੰਦ) ਗੋ = ਪ੍ਰਿਥਵੀ ਦੀ ਬਿੰਦ = ਰੱਖਿਆ ਕਰਨ ਵਾਲਾ ਪ੍ਰਭ = ਪਰਮਾਤਮਾ ਬਾਲ ਰੂਪ ਹੋ ਕੇ ਪਉੜ੍ਹੇ = ਬਿਰਾਜਮਾਨ ਹੋ ਰਿਹਾ ਹੈ **ਵਾ:** ਬਾਲ = ਬਹੁਤ ਬਲ ਵਾਲਾ, ਪਿਆਰਾ ਪ੍ਰਭੂ ਸਿਖਿਅਤ ਹੋ ਰਿਹਾ ਹੈ ॥੧॥

## ਇਹੁ ਜੀਉ; ਰਾਮ ਨਾਮ ਲਿਵ ਲਾਗੈ ॥
## ਜਰਾ ਮਰਨੁ ਛੂਟੈ; ਭ੍ਰਮੁ ਭਾਗੈ ॥੧॥ਰਹਾਉ॥

ਹੇ ਭਾਈ! ਜਦੋਂ ਇਹੁ = ਇਸ ਜੀਉ = ਜੀਵ ਦੀ ਐਸੇ ਰਾਮ = ਪਰਮਾਤਮਾ ਦੇ ਨਾਮ ਵਿਚ ਲਿਵ = ਬਿਰਤੀ ਲਾਗੈ = ਲੱਗ ਜਾਂਦੀ ਹੈ।

ਤਦੋਂ ਇਸ ਜੀਵ ਦਾ ਜਰਾ = ਬੁਢੇਪੇ, ਜੜ੍ਹਤਾ ਬਿਰਤੀ ਦਾ ਦੁੱਖ, ਮਰਨੁ = ਮੌਤ ਦਾ ਭੈ ਛੂਟੈ = ਛੁੱਟ ਜਾਂਦਾ ਹੈ ਅਤੇ ਪੰਜ ਪ੍ਰਕਾਰ ਦਾ ਭਰਮ ਵੀ ਭਾਗੈ = ਭੱਜ ਜਾਂਦਾ ਹੈ ॥੧॥ਰਹਾਉ॥

## ਅਬਰਨ ਬਰਨ ਸਿਉ; ਮਨ ਹੀ ਪ੍ਰੀਤਿ ॥ ਹਉਮੈ ਗਾਵਨਿ; ਗਾਵਹਿ ਗੀਤ ॥

ਜੀਵਾਂ ਨੇ ਬਰਨ = ਚੰਗੇ ਵਰਨ (ਖੱਤ੍ਰੀ, ਬ੍ਰਾਹਮਣ) ਅਤੇ ਅਬਰਨ = ਨੀਚ ਵਰਣ (ਵੈਸ਼, ਸੂਦਰ) ਦੇ ਸਿਉ = ਨਾਲ ਉਚਾਈ ਤੇ ਨਿਵਾਈ ਦੀ ਹੀ ਆਪਣੇ ਮਨ ਵਿਚ ਪ੍ਰੀਤਿ = ਪ੍ਰੀਤੀ ਲਾਈ ਹੋਈ ਹੈ। ਜੀਵ ਹਉਮੈ = ਹੰਗਤਾ ਦੇ ਸਹਿਤ ਗਾਵਨਿ = ਗਾਉਣ ਵਾਲੇ ਹੋ ਕੇ ਗੀਤ = ਜਸ ਗਾਵਹਿ = ਗਾਉਣਾ ਕਰਦੇ ਹਨ। ਜਿਸ ਕਰਕੇ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।

**ਅਥਵਾ** ਚੌਹਾਂ ਵਰਣਾਂ ਵਿਚ ਜੋ ਪ੍ਰਭੂ ਅਵਰਨ ਰੂਪ ਹੈ **ਵਾ:** ਜੋ ਬਰਨ = ਰੰਗਾਂ ਵਿਚ ਅਬਰਨ = ਰੰਗ ਰਹਿਤ ਪ੍ਰਭੂ ਹੈ **ਵਾ:** ਬਰਨ = ਕਥਨ ਕਰਨ ਤੋਂ ਅਬਰਨ = ਅਕੱਥ ਸਰੂਪ ਪ੍ਰਭੂ ਹੈ ਜਿਸਨੇ ਉਸ ਪ੍ਰਭੂ ਨਾਲ ਆਪਣੇ ਮਨ ਵਿਚ ਪ੍ਰੀਤੀ ਲਾਉਣਾ ਕੀਤੀ ਹੈ।

ਉਹ ਹਉਮੈ ਦੇ ਗਾਉਣ ਵਾਲਾ ਜੀਵ ਫੇਰ ਪਰਮਾਤਮਾ ਦੇ ਜਸ ਰੂਪੀ ਗੀਤ ਗਾਵਹਿ = ਗਾਉਣ ਲੱਗ ਜਾਂਦਾ ਹੈ **ਵਾ:** ਉਹ ਹਉਮੈ ਦੇ ਸਹਿਤ ਗਾਉਣ ਵਾਲਾ ਹੋ ਕੇ ਕੀ ਗੀਤ ਗਾਵੇਗਾ ਭਾਵ ਨਹੀਂ ਗਾਵੇਗਾ।

## ਅਨਹਦ ਸਬਦ; ਹੋਤ ਝੁਨਕਾਰ ॥ ਜਿਹ ਪਉੜੇ੍; ਪ੍ਰਭ ਸ੍ਰੀ ਗੋਪਾਲ ॥੨॥

ਉਥੇ ਦਸਮ ਦੁਆਰ, ਹਿਰਦੇ ਵਿਚ ਅਨਹਦ = ਹੱਦ ਤੋਂ ਰਹਿਤ ਇਕ ਰਸ ਸਬਦ = ਬ੍ਰਹਮ ਦੀ ਝੁਨਕਾਰ = ਛਣਕਾਰ ਹੋਤ = ਹੋ ਰਹੀ ਹੈ।

ਜਿਹ = ਜਿਥੇ ਦਸਮ ਦੁਆਰ, ਹਿਰਦੇ ਵਿਚ ਗੋਪਾਲ = ਪ੍ਰਿਥਵੀ ਦੇ ਪਾਲਕ, ਸ੍ਰੀ = ਸ਼ੋਭਾ ਦੇ ਮਾਲਕ ਪ੍ਰਭ = ਪ੍ਰਭੂ ਜੀ ਪਉੜੇ੍ = ਬਿਰਾਜਮਾਨ ਹਨ ॥੨॥

## ਖੰਡਲ ਮੰਡਲ; ਮੰਡਲ ਮੰਡਾ ॥ ਤ੍ਰਿਅ ਅਸਥਾਨ; ਤੀਨਿ ਤ੍ਰਿਅ ਖੰਡਾ ॥

ਜੋ ਪ੍ਰਭੂ ਖੰਡਲ = ਨੌਂ ਖੰਡਾਂ ਅਤੇ ਮੰਡਲ = ਸਮੂਹ ਮੰਡਲ = ਦੇਸ਼ਾਂ, ਚਾਰ ਸੌ ਕੋਹ ਦੇ ਗੋਲਾਕਾਰ ਇਲਾਕਿਆਂ ਨੂੰ ਮੰਡਾ = ਸਜਾਉਣਾ ਕਰਦਾ ਹੈ।

ਜੋ ਤ੍ਰਿਅ = ਤਿੰਨ ਅਸਥਾਨ ਭਾਵ ਸਵਰਗ ਲੋਕ, ਮਾਤ ਲੋਕ ਤੇ ਪਤਾਲ ਲੋਕ ਤੀਨਿ = ਤਿੰਨ (ਬ੍ਰਹਮਾ, ਵਿਸ਼ਨੂੰ, ਸ਼ਿਵ) ਦੇਵਤੇ ਅਤੇ ਤ੍ਰਿਅ = ਤਿੰਨ ਪ੍ਰਕਾਰ ਦੀ (ਰਜੋ, ਤਮੋ ਤੇ ਸਤੋ ਗੁਣ ਰੂਪੀ) ਖੰਡਾ = ਮਾਇਆ ਨੂੰ ਵੀ ਪੈਦਾ ਕਰਦਾ ਹੈ।

**ਅਥਵਾ** ਤ੍ਰਿਅ = ਤਿੰਨ ਅਸਥਾਨ ਭਾਵ ਜਾਗਰਤ, ਸੁਪਨ, ਸੁਖੋਪਤ ਨੂੰ ਰਚਣ ਵਾਲਾ ਹੈ, ਉਹ ਸਮਸਟੀ ਉਪਾਧੀ ਕਰਕੇ ਵੈਰਾਟ ਰੂਪ ਹੋ ਕੇ ਸਾਰਿਆਂ ਦੀ ਜਾਗਰਤ ਅਵਸਥਾ ਦਾ ਅਭਿਮਾਨੀ ਹੋ ਰਿਹਾ ਹੈ, ਹਿਰਨ ਗਰਭ ਰੂਪ ਹੋ ਕੇ ਸਾਰਿਆਂ ਦੀ ਸੁਪਨ ਅਵਸਥਾ ਦਾ ਅਭਿਮਾਨੀ (ਪ੍ਰਕਾਸ਼ਕ) ਹੋ ਰਿਹਾ ਹੈ ਅਤੇ ਅੱਬਿਆਕ੍ਰਿਤ ਰੂਪ ਹੋ ਕੇ ਸਾਰਿਆਂ ਦੀ ਸੁਖੋਪਤ ਅਵਸਥਾ ਦਾ ਅਭਿਮਾਨੀ (ਪ੍ਰਕਾਸ਼ਕ) ਹੋ ਰਿਹਾ ਹੈ।

ਵਿਅਸਟੀ ਉਪਾਧੀ ਕਰਕੇ ਜਾਗਰਤ ਅਵਸਥਾ ਦੇ ਵਿਚ ਵਿਸ੍ਵ ਨਾਮਾ ਜੀਵ ਹੋ ਕੇ ਬਿਰਾਜਮਾਨ ਹੋ

ਰਿਹਾ ਹੈ, ਸੁਪਨ ਅਵਸਥਾ ਦੇ ਵਿਚ ਤੈਜਸੂ ਨਾਮਾ ਜੀਵ ਰੂਪ ਹੋ ਕੇ ਬਿਰਾਜਮਾਨ ਹੋ ਰਿਹਾ ਹੈ ਅਤੇ ਸੁਖੋਪਤ ਅਵਸਥਾ ਦੇ ਵਿਚ ਪ੍ਰਾਗਯ ਨਾਮੇ ਜੀਵ ਰੂਪ ਹੋ ਕੇ ਬਿਰਾਜਮਾਨ ਹੋ ਰਿਹਾ ਹੈ।

ਤੀਨਿ ਤ੍ਰਿਅ ਖੰਡਾ = ਤੀਨਿ = ਤਿੰਨ ਪ੍ਰਕਾਰ ਦੀ ਵਾਸ਼ਨਾ ਅਤੇ ਤ੍ਰਿਅ = ਤਿੰਨ ਉੱਤਮ, ਮੱਧਮ, ਕਨਿਸ਼ਟ ਰੂਪੀ ਖੰਡਾ = ਖੰਡ, ਹਿੱਸੇ ਬਣਾਉਣੇ ਕੀਤੇ ਹਨ।

## ਅਗਮ ਅਗੋਚਰੁ; ਰਹਿਆ ਅਭ ਅੰਤ ॥ ਪਾਰੁ ਨ ਪਾਵੈ ਕੋ; ਧਰਨੀਧਰ ਮੰਤ ॥੩॥

ਉਹ ਅਗਮ = ਮਨ ਦੀ ਗੰਮਤਾ ਤੋਂ ਰਹਿਤ, ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਪ੍ਰਭੂ ਅਭ = ਹਿਰਦੇ ਦੇ ਅੰਤ = ਅੰਦਰ **ਵਾ:** ਜੋਗੀ ਦੇ ਦਸਮ ਦੁਆਰ ਅੰਦਰ ਚੇਤਨ ਦੀ ਲਾਟ ਰੂਪ ਹੋ ਕੇ ਵਿਆਪਕ ਹੋ ਰਹਿਆ = ਰਿਹਾ ਹੈ।

ਉਸ ਧਰਨੀਧਰ = ਧਰਤੀ ਦੇ ਆਸਰੇ ਦੇ ਮੰਤ= ਮੰਤਵ, ਸਲਾਹ ਦਾ ਵੀ ਕੋ = ਕੋਈ ਪਾਰ ਨਹੀਂ ਪਾਵੈ = ਪਾ ਸਕਦਾ ॥੩॥

ਵੈਸ਼ਨਵ ਮਤ ਦੇ ਜੋਗੀ ਨੂੰ ਧਿਆਨ ਦੇ ਵਿਚ ਜਿਸ ਸਰਗੁਣ ਮੂਰਤੀ ਦਾ ਪ੍ਰਕਾਸ਼ ਹੁੰਦਾ ਹੈ, ਉਸ ਬਾਰੇ ਦੱਸਦੇ ਹਨ।

## ਕਦਲੀ ਪੁਹਪ; ਧੂਪ ਪਰਗਾਸ ॥ ਰਜ ਪੰਕਜ ਮਹਿ; ਲੀਓ ਨਿਵਾਸ ॥

ਜਿਵੇਂ ਕਦਲੀ = ਕੇਲੇ ਦੇ ਨੀਲੇ ਜਿਹੇ ਪੁਹਪ = ਫੁੱਲ ਉੱਪਰ ਸੂਰਜ ਦੀ ਧੂਪ = ਧੁੱਪ ਦਾ ਪਰਗਾਸ = ਪ੍ਰਕਾਸ਼ ਪੈਂਦਾ ਹੈ, ਇਸ ਪ੍ਰਕਾਰ ਦਾ ਜੋਗੀ ਦੇ ਧਿਆਨ ਵਿਚ ਪ੍ਰਕਾਸ਼ ਹੁੰਦਾ ਹੈ।

ਸਰਗੁਣ ਸਰੂਪ ਦੇ ਚਰਨ ਪੰਕਜ = ਕਮਲਾ ਦੀ ਰਜ = ਧੂੜੀ ਮਹਿ = ਵਿਚ ਜੋਗੀ ਨੇ ਨਿਵਾਸ ਲੀਓ = ਲੈਣਾ ਕੀਤਾ ਹੈ।

**ਅਥਵਾ** ਕਦਲੀ = ਕੇਲੇ ਆਦਿ ਫਲਾਂ, ਪੁਹਪ = ਫੁੱਲਾਂ ਧੂਪ = ਧੂਫ਼ ਆਦਿਕ ਵਿਚ ਉਸ ਪਰਮਾਤਮਾ ਦਾ ਪਰਗਾਸ = ਪ੍ਰਕਾਸ਼ ਹੈ **ਵਾ:** ਕੇਲਿਆਂ ਦੀ ਨਿਆਈਂ ਨਿਰਮਾਈ ਵਾਲਾ ਹੈ, ਫੁੱਲਾਂ ਦੀ ਨਿਆਈਂ ਪਦਾਰਥਾਂ ਰੂਪੀ ਪਾਣੀ ਤੋਂ ਨਿਰਲੇਪ ਰਹਿਣ ਵਾਲਾ ਹੈ, ਸਾਰੇ ਸੰਸਾਰ ਵਿਚ ਉਸਦਾ ਜਸ ਰੂਪੀ ਧੂਪ ਧੁਖ ਰਿਹਾ ਹੈ ਅਤੇ ਗਿਆਨ ਦਾ ਪ੍ਰਕਾਸ਼ ਕਰ ਰਿਹਾ ਹੈ।

**ਅਥਵਾ** ਕੇਲਿਆਂ ਦੀ ਨਿਆਈਂ ਨਰਮ ਚਿੱਤ ਵਾਲਿਆਂ, ਫੁੱਲਾਂ ਦੀ ਨਿਆਈਂ ਸ਼ੁਭ ਗੁਣਾਂ ਨਾਲ ਖਿੜੇ ਹੋਇਆਂ, ਧੂਫ਼ ਦੀ ਨਿਆਈਂ ਜਸ ਗਾਉਣ ਵਾਲਿਆਂ ਅੰਦਰ ਉਹ ਪ੍ਰਭੂ ਅਯੋਖ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ।

ਉਸ ਦੇ ਚਰਨਾਂ ਕਮਲਾਂ ਦੀ ਧੂੜੀ ਵਿਚ ਤਤਬੇਤੇ ਮਹਾਤਮਾ ਨੇ ਨਿਵਾਸ ਲੈਣਾ ਕੀਤਾ ਹੈ **ਵਾ:** ਜਿਸ ਦੇ ਹਿਰਦੇ ਅੰਦਰ ਸ਼ਰਧਾ ਰੂਪੀ ਧੂੜੀ ਹੈ ਅਤੇ ਕੰਵਲ ਵਾਂਗ ਨਿਰਲੇਪ ਚਿੱਤ ਹੈ, ਉਸਦੇ ਅੰਦਰ ਸਰਬ-ਵਿਆਪਕ ਪਰਮੇਸ਼ਰ ਨੇ ਨਿਵਾਸ ਲੈਣਾ ਕੀਤਾ ਹੈ, ਭਾਵ ਸਾਖਿਆਤਕਾਰ ਹੋਇਆ ਹੈ।

## ਦੁਆਦਸ ਦਲ; ਅਭ ਅੰਤਰਿ ਮੰਤ ॥ ਜਹ ਪਉੜੇ; ਸ੍ਰੀ ਕਮਲਾ ਕੰਤ ॥੪॥

ਉਸ ਮਨੁੱਖ ਦੇ ਅਭ = ਹਿਰਦੇ ਅੰਤਰਿ = ਵਿਚ ਗੁਰਾਂ ਦਾ ਮੰਤ = ਮੰਤ੍ਰ ਵੱਸਣ ਨਾਲ ਉਸਦਾ ਦੁਆਦਸ = ਬਾਰਾ ਦਲ = ਪੱਤਿਆਂ ਵਾਲਾ ਹਿਰਦਾ ਕੌਲ ਖਿੜ ਜਾਂਦਾ ਹੈ[੧] **ਵਾ:** ਵੈਸ਼ਨਵ ਲੋਕ ਬਾਰਾਂ ਅੱਖਰਾਂ ਵਾਲਾ ਮੰਤਰ ਹਿਰਦੇ ਦੇ ਅੰਦਰ ਜਪਦੇ ਹਨ "ਓਅੰ ਨਮੋ ਭਗਵਤੇ ਵਾਸਦੇਵਾ"।

---

੧. ਇਸ ਸਰੀਰ ਅੰਦਰ ਜੋਗੀਆਂ ਦੇ ਛੇ ਚੱਕਰ ਕਲਪੇ ਹੋਏ ਹਨ:

(ੳ) ਮੂਲਾਧਾਰ ਗੁਦਾ ਮੰਡਲ ਦਾ ਚੱਕ੍ਰ ਹੈ, ਜਿਸ ਵਿਚ ਮੂਧੇ ਮੁਖ ਦਾ ਚਾਰ ਪਾਖੁੜੀ ਵਾਲਾ ਪੀਲਾ ਕਮਲ ਹੈ। ☛

**ਅਥਵਾ** ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ ਮਨ ਤੇ ਬੁੱਧ ਨੂੰ ਵੱਸ ਵਿਚ ਕਰਕੇ ਤਤਬੇਤੇ ਮਹਾਤਮਾ ਨੇ ਮੰਤ = ਸਲਾਹ ਦੇਣ ਵਾਲੇ ਚੇਤਨ ਨੂੰ ਆਪਣੇ ਅੰਤਹਕਰਨ ਅੰਦਰ ਜਾਨਿਆ ਹੈ।

ਜਹ = ਜਿਸ ਅੰਤਹਕਰਨ, ਦਸਮ ਦੁਆਰ ਵਿਚ ਸ੍ਰੀ = ਸ਼ੋਭਾ ਦੇ ਮਾਲਕ, ਸ਼ਿਰੋਮਣੀ ਕਮਲਾ = ਲਛਮੀ, ਮਾਇਆ ਦੇ ਕੰਤ = ਪਤੀ ਪ੍ਰਭੂ ਜੀ ਪਉੜੇ = ਬਿਰਾਜਮਾਨ ਹਨ **ਵਾ**: ਮਾਇਆ ਸਬਲ ਹੋ ਕੇ ਸਰਗੁਣ ਸਰੂਪ ਵਿਚ ਬਿਰਾਜਮਾਨ ਹੋ ਰਿਹਾ ਹੈ ॥੪॥

## ਅਰਧ ਉਰਧ; ਮੁਖਿ ਲਾਗੋ ਕਾਸੁ ॥ ਸੁੰਨ ਮੰਡਲ ਮਹਿ; ਕਰਿ ਪਰਗਾਸੁ ॥

ਅਰਧ = ਹੇਠਾਂ ਨੂੰ ਜਾਂਦੇ ਸੁਆਸਾਂ (ਅਪਾਨ ਵਾਯੂ) ਅਤੇ ਉਰਧ = ਉੱਪਰ ਨੂੰ ਜਾਂਦੇ ਸੁਆਸਾਂ (ਪ੍ਰਾਣ ਵਾਯੂ) ਨੂੰ ਪ੍ਰਕਾਸ਼ਣ ਵਾਲਾ **ਵਾ**: ਅਰਧ ਭਾਵ ਜੀਵ ਅਤੇ ਉਰਧ ਭਾਵ ਈਸ਼ਰ, ਇਨ੍ਹਾਂ ਦੋਨਾਂ ਦੇ ਅੰਦਰ ਮੁਖਿ = ਮੁਖੀ ਕਾਸੁ = ਚਿਦਾਕਾਸ਼ ਪ੍ਰਭੂ ਲਾਗੋ = ਲੱਗਿਆ, ਮਿਲਿਆ ਹੋਇਆ ਹੈ।

ਸੁੰਨ ਮੰਡਲ = ਦਸਮ ਦੁਆਰ ਦੇ ਮਹਿ = ਵਿਚ ਵੀ ਉਹੋ ਪ੍ਰਭੂ ਹੀ ਪਰਗਾਸੁ = ਚਾਨਣਾ ਕਰ ਰਿਹਾ ਹੈ **ਵਾ**: ਸੁੰਨ ਮੰਡਲ = ਨਿਰਵਿਕਲਪ ਅੰਤਹਕਰਨ ਵਿਚ **ਵਾ**: ਸੁੰਨ = ਅਫੁਰ ਸਰੂਪ ਪ੍ਰਭੂ ਮੰਡਲ = ਸਮੂਹ ਸੰਸਾਰ ਦੇ ਅੰਦਰ ਪ੍ਰਕਾਸ਼ ਕਰਨ ਵਾਲਾ ਹੈ।

## ਊਹਾਂ; ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ; ਕਰੈ ਅਨੰਦ ॥੫॥

ਊਹਾਂ = ਉਥੇ ਦਸਮ ਦੁਆਰ, ਹਿਰਦੇ ਅੰਦਰ ਸੂਰਜ ਤੇ ਚੰਦ = ਚੰਦ੍ਰਮਾ ਦਾ ਪ੍ਰਕਾਸ਼ ਨਹੀਂ ਹੈ **ਵਾ**: ਸੂਰਜ ਦੀ ਨਿਆਈਂ ਤਮੋਗੁਣ, ਚੰਦ੍ਰਮਾ ਦੀ ਨਿਆਈਂ ਸਤੋਗੁਣ ਵੀ ਨਹੀਂ ਹੈ, ਫੇਰ ਰਜੋਗੁਣ ਨੇ ਕੀ ਹੋਣਾ ਸੀ[੧] **ਅਥਵਾ** ਉਥੇ ਸੂਰਜ ਭਾਵ ਅਪ੍ਰੋਖ ਗਿਆਨ ਹੀ ਹੈ (ਨਾਹੀ ਚੰਦ) ਚੰਦ੍ਰਮਾ ਭਾਵ ਮਾਇਆ ਦਾ ਮੋਹ ਨਹੀਂ ਹੈ।

ਉਥੇ ਤਾਂ ਸੰਸਾਰ ਦਾ ਆਦਿ = ਮੁੱਢ ਸਰੂਪ, ਨਿਰੰਜਨੁ = ਸ਼ੁੱਧ ਸਰੂਪ ਪਰਮਾਤਮਾ ਹੀ ਅਨੰਦ = ਕੌਤਕ ਕਰੈ = ਕਰ ਰਿਹਾ ਹੈ **ਵਾ**: ਆਪਣੇ ਆਪ ਦੇ ਵਿਚ ਅਨੰਦ ਮਾਨਣਾ ਕਰ ਰਿਹਾ ਹੈ ॥੫॥

## ਸੋ ਬ੍ਰਹਮੰਡਿ; ਪਿੰਡਿ ਸੋ ਜਾਨੁ ॥ ਮਾਨਸਰੋਵਰਿ; ਕਰਿ ਇਸਨਾਨੁ ॥

ਹੇ ਭਾਈ ! ਸੋ = ਉਹੋ ਪਰਮਾਤਮਾ ਬ੍ਰਹਮੰਡ ਵਿਚ ਹੈ ਅਤੇ ਸੋ = ਉਹੋ ਹੀ ਪਰਮਾਤਮਾ ਇਸ ਪਿੰਡਿ = ਸਰੀਰ ਵਿਚ ਜਾਨੁ = ਜਾਨਣਾ ਕਰੋ।

ਮਾਨ ਸਰੋਵਰਿ = ਦਸਮ ਦੁਆਰ **ਵਾ**: ਸ਼ੁੱਧ ਅੰਤਹਕਰਣ ਵਿਚ ਸਰਵਣ ਮੰਨਣ ਨਿਧਿਆਸਣ ਰੂਪ

---

☛ (ਅ) ਸ੍ਵਾਧਿਸ਼ਠਾਨ ਚੱਕ੍ਰ ਲਿੰਗ ਦੇ ਮੂਲ ਵਿਚ ਹੈ, ਜਿਸ ਵਿਚ ਲਾਲ ਰੰਗ ਦਾ ਊਰਧ ਮੁੱਖ ਛੇ ਪੱਤੀਆਂ ਦਾ ਛੀਦਲ ਕਮਲ ਹੈ।
(ੲ) ਮਣੀਪੂਰਕ ਚੱਕ੍ਰ ਨਾਭੀ ਦੇ ਮੂਲ ਵਿਚ ਹੈ, ਜੋ ਨੀਲੇ ਰੰਗ ਦਾ ਊਰਧਮੁਖ ਦਸ ਪੱਤੀਆਂ ਦਾ ਕਮਲ ਹੈ।
(ਸ) ਅਨਾਹਦ ਚੱਕ੍ਰ ਬਾਰਾਂ ਦਲਾਂ ਦਾ ਸੂਰਨਰੰਗਾ ਕਮਲ ਹਿਰਦੇ ਵਿਚ ਹੈ।
(ਹ) ਵਿਸ਼ੁੱਧ ਚੱਕ੍ਰ ਲਾਲ ਰੰਗ ਦਾ ਊਰਧਮੁਖ ਸੋਲਾਂ ਦਲ ਦਾ ਕਮਲ ਕੰਠ ਵਿਚ ਹੈ।
(ਕ) ਆਗਿਆ ਚੱਕ੍ਰ ਭਰਵੱਟਿਆਂ ਦੇ ਮੱਧ ਦੋ ਪਾਂਖੁੜੀਆਂ ਦਾ ਊਰਧਮੁਖ ਚਿੱਟਾ ਕਮਲ ਹੈ।
ਇਨ੍ਹਾਂ ਉਪਰੋਕਤ ਛੇ ਚੱਕ੍ਰਾਂ ਤੋਂ ਵੱਖ ਜੋਗੀ ਇਕ ਸੱਤਵਾਂ ਚੱਕ੍ਰ ਦਸਮ ਦੁਆਰ ਵਿਚ ਵੀ ਮੰਨਦੇ ਹਨ, ਇਹ ਹਜ਼ਾਰ ਪੱਤ੍ਰੇ ਦਾ ਸਫ਼ੈਦ ਕਮਲ ਹੈ, ਜਿਸਨੂੰ ਜਯੋਤਿ ਰੂਪ ਦਾ ਸਿੰਘਾਸਨ ਆਖਦੇ ਹਨ।

੧. ਹਿਰਦੇ ਦੇ ਅੰਦਰ ਚਿੱਟਾ ਗੈਸ ਦੀ ਬੱਤੀ ਵਰਗਾ ਹਿਰਨ ਗਰਭ ਦਾ ਪ੍ਰਕਾਸ਼ ਹੈ, ਦਸਮ ਦੁਆਰ ਵਿਚ ਚਿੱਟਾ ਪ੍ਰਕਾਸ਼ ਹੈ, ਨਾੜੀਆਂ ਦੇ ਅੰਦਰ ਬਿਜਲੀ ਵਾਂਗ ਜਠਰਾਗਨ ਦਾ ਪ੍ਰਕਾਸ਼ ਹੈ। ਜੋ ਹਨੇਰੇ ਵਿਚ ਵੀ ਦਿਸ ਪੈਣਾ ਇਹ ਹਿਰਨ ਗਰਭ ਦਾ ਪ੍ਰਕਾਸ਼ ਹੈ, ਜੋ ਸੁਰਤ ਦੇ ਨਾਲ ਦਿਸਣਾ ਹੈ, ਇਹ ਸਤੋਗੁਣ ਦਾ ਪ੍ਰਕਾਸ਼ ਹੈ, ਜੋ ਬਿਰਤੀ ਗੋਚਰ ਚੀਜ਼ ਦਿਸਦੀ ਹੈ, ਇਹ ਰਜੋਗੁਣ ਦਾ ਪ੍ਰਕਾਸ਼ ਹੈ, ਜੋ ਬਾਹਰ ਸੂਰਜ ਚੰਦ ਆਦਿ ਦਾ ਤਮੋਗੁਣੀ ਪ੍ਰਕਾਸ਼ ਹੈ ਅਤੇ ਪ੍ਰਭੂ ਦਾ ਪ੍ਰਕਾਸ਼ ਰਾਜਸੀ, ਤਾਮਸੀ, ਸਾਂਤਕੀ ਸੁਭਾਵਾਂ ਤੋਂ ਰਹਿਤ ਹੈ।

ਇਸਨਾਨੁ = ਨਹਾਉਣਾ ਕਰੋ, ਸਤਿਸੰਗਤ ਰੂਪੀ ਮਾਨ ਸਰੋਵਰ ਵਿਚ ਗੁਰਾਂ ਦੇ ਉਪਦੇਸ਼ ਨੂੰ ਕਮਾਉਣ ਰੂਪ ਇਸ਼ਨਾਨ ਕਰੋ **ਅਥਵਾ** ਬ੍ਰਹਮ ਰੂਪੀ ਮਾਨ ਸਰੋਵਰ ਵਿਚ ਚਿੱਤ ਨੂੰ ਇਕਾਗਰ ਕਰਕੇ ਆਪਾ-ਭਾਵ ਮੇਟਣ ਰੂਪ ਇਸ਼ਨਾਨ ਕਰੋ।

ਜੋਗੀਆਂ ਦੇ ਅਭਿਆਸ ਲਈ ਕਥਨ ਕਰਦੇ ਹਨ।

## ਸੋ ਹੰ ਸੋ; ਜਾ ਕਉ ਹੈ ਜਾਪ ॥ ਜਾ ਕਉ ਲਿਪਤ ਨ ਹੋਇ; ਪੁੰਨ ਅਰੁ ਪਾਪ ॥੬॥

ਸੋ = ਉਹ ਪ੍ਰਭੂ ਹੰ = ਮੇਰਾ ਰੂਪ ਹੈ ਅਤੇ ਮੈਂ ਸੋ = ਉਸ ਪ੍ਰਭੂ ਦਾ ਰੂਪ ਹਾਂ **ਵਾ:** ਸੋ = ਉਹ ਜੋ ਹੰ = ਤੂੰ ਪਦ ਦਾ ਲਖ ਅਰਥ ਰੂਪ ਅਤੇ ਸੋ = ਤਤ ਪਦ ਦਾ ਲਖ ਅਰਥ ਰੂਪ ਆਤਮਾ ਤੇ ਪਰਮਾਤਮਾ ਦੀ ਏਕਤਾ ਵਾਲਾ ਜਾ = ਜਿਸ ਕਉ = ਦਾ ਜਾਪ ਹੈ।

ਜਾ = ਜਿਸ ਪਰਮਾਤਮਾ ਕਉ = ਨੂੰ ਪੁੰਨਾਂ ਅਰੁ = ਅਤੇ ਪਾਪਾਂ ਦੀ ਲਿਪਤ = ਲਿਪਾਇਮਾਨਤਾ ਨਹੀਂ ਹੋਇ = ਹੁੰਦੀ ॥੬॥

## ਅਬਰਨ ਬਰਨ; ਘਾਮ ਨਹੀ ਛਾਮ ॥ ਅਵਰ ਨ ਪਾਈਐ; ਗੁਰ ਕੀ ਸਾਮ ॥

(**ਅ-ਬਰਨ** ਦਾ ਉਚਾਰਣ ਡੈਸ਼ ਲਗਾ ਕੇ ਹੈ)

ਉਹ ਪ੍ਰਭੂ ਅਬਰਨ = ਨੀਚ ਵਰਨ ਬਰਨ = ਚੰਗੇ ਵਰਨ ਰੂਪੀ ਦੁੰਦਵਾਦ ਤੋਂ ਰਹਿਤ ਹੈ **ਵਾ:** ਬਰਨ = ਵਰਣਨ ਕਰਨ ਤੋਂ ਅਬਰਨ = ਅਕੱਥ ਸਰੂਪ ਹੈ **ਵਾ:** ਸਾਰੇ ਬਰਨ = ਰੰਗਾਂ ਵਿਚ ਮਿਲਿਆ ਹੋਇਆ ਅਬਰਨ = ਰੰਗ ਤੋਂ ਰਹਿਤ ਹੈ, ਉਸਦੇ ਸਰੂਪ ਵਿਚ ਨਾ ਹੀ ਘਾਮ = ਧੁੱਪ ਹੈ ਅਤੇ ਨਾ ਹੀ ਛਾਮ = ਛਾਂ ਹੈ **ਵਾ:** ਦੁੱਖ ਰੂਪ ਧੁੱਪ ਅਤੇ ਸੁੱਖ ਰੂਪੀ ਛਾਂ ਨਹੀਂ ਹੈ, ਭਾਵ ਦੁੱਖ ਸੁੱਖ ਆਦਿ ਦੰਦਵਾਦ ਤੋਂ ਰਹਿਤ ਇਕ ਰਸ ਸਰੂਪ ਹੈ।

ਐਸਾ ਸਮਰਥ ਪ੍ਰਭੂ ਗੁਰਾਂ ਕੀ = ਦੀ ਸਾਮ = ਸ਼ਰਨ ਤੋਂ ਬਿਨਾਂ ਅਵਰ = ਹੋਰ ਕਿਸੇ ਜਤਨ ਦੁਆਰਾ ਨਹੀਂ ਪਾਈਐ = ਪਾ ਸਕੀਦਾ **ਵਾ:** ਹੋਰ ਕਿਸੇ ਸਾਧਨ ਦੁਆਰਾ ਨਹੀਂ ਪਾਈਦਾ, ਗੁਰਾਂ ਦੀ ਸ਼ਰਨ ਵਿਚ ਹੀ ਪਾਈਦਾ ਹੈ।

## ਟਾਰੀ ਨ ਟਰੈ; ਆਵੈ ਨ ਜਾਇ ॥ ਸੁੰਨ ਸਹਜ ਮਹਿ; ਰਹਿਓ ਸਮਾਇ ॥੭॥

ਐਸੇ ਸਰੂਪ ਵਿਚ ਲੱਗੀ ਹੋਈ ਬਿਰਤੀ ਕਿਸੇ ਸੰਕਲਪ ਆਦਿ ਦੀ ਟਾਰੀ = ਟਾਲੀ ਹੋਈ ਟਰੈ = ਟਲਦੀ ਨਹੀਂ ਹੈ, ਨਾ ਹੀ ਕਿਸੇ ਸੰਸਕਾਰਾਂ ਦੇ ਵਿਚ ਆਵੈ ਜਾਇ = ਆਉਂਦੀ ਜਾਂਦੀ ਹੈ **ਵਾ:** ਐਸੀ ਬਿਰਤੀ ਲਾਉਣ ਵਾਲਾ ਮਨੁੱਖ ਆਵੈ ਜਾਇ = ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਨ = ਨਹੀਂ ਹੈ।

ਉਹ ਮਨੁੱਖ ਸੁੰਨ = ਅਫੁਰ ਸਰੂਪ ਬ੍ਰਹਮ ਦੇ ਸਹਿਜ ਸਰੂਪ ਮਹਿ = ਵਿਚ ਸਮਾਇ = ਲੀਨ ਹੋਇਆ ਰਹਿਓ = ਰਹਿੰਦਾ ਹੈ **ਵਾ:** ਜੋਗੀ ਪੁਰਖ ਸੁੰਨ = ਦਸਮ ਦੁਆਰ ਵਿਚ ਉਸਦੇ ਸਹਜ = ਅਨੰਦ ਵਿਚ ਲੀਨ ਰਹਿੰਦਾ ਹੈ ॥੭॥

## ਮਨ ਮਧੇ; ਜਾਨੈ ਜੇ ਕੋਇ ॥ ਜੋ ਬੋਲੈ; ਸੋ ਆਪੈ ਹੋਇ ॥

ਹੇ ਭਾਈ! ਇਹ ਸਾਰੀ ਖੇਡ ਮਨ ਦੇ ਮਧੇ = ਵਿਚ ਹੀ ਵਰਤ ਰਹੀ ਹੈ **ਵਾ:** ਇਹ ਸਾਰੀ ਦਾਤ ਮਨ ਦੇ ਵਿੱਚੋਂ ਹੀ ਪ੍ਰਾਪਤ ਹੁੰਦੀ ਹੈ, ਪਰ ਜੇ = ਜੇਕਰ ਕੋਇ = ਕੋਈ ਇਹ ਜਾਨੈ = ਜਾਣ ਲਵੇ।

ਤਦ ਉਸਨੂੰ ਐਸਾ ਨਿਸਚਾ ਹੋ ਜਾਂਦਾ ਹੈ ਕਿ ਜੋ ਕੋਈ ਵੀ ਬੋਲੈ = ਬੋਲ ਰਿਹਾ ਹੈ, ਸੋ = ਉਹ ਪ੍ਰਭੂ ਆਪੈ = ਆਪ ਹੀ ਹੋਇ ਹੁੰਦਾ ਹੈ ਭਾਵ ਸਾਰਿਆਂ ਅੰਦਰ ਚੇਤਨ ਪ੍ਰਭੂ ਆਪ ਹੀ ਬੋਲ ਰਿਹਾ ਹੈ।

**ਅਥਵਾ** ਜੋ ਕੋਈ ਮਨੁੱਖ ਆਪਣੇ ਮਨ ਦੇ ਵਿਚ ਪਰਮਾਤਮਾ ਨੂੰ ਵੱਸਦਾ ਜਾਣ ਲੈਂਦਾ ਹੈ, ਉਹ ਜੋ ਕੁਝ ਵੀ ਬੋਲਦਾ ਹੈ ਸੋ = ਉਹ ਕੁਝ ਆਪਣੇ ਆਪ ਹੀ ਹੋ ਜਾਂਦਾ ਹੈ **ਵਾ:** ਉਹ ਆਪਣਾ ਆਪ ਰੂਪ ਭਾਵ ਪਰਮਾਤਮਾ ਦਾ ਸਰੂਪ ਹੋ ਜਾਂਦਾ ਹੈ।

## ਜੋਤਿ ਮੰਤ੍ਰਿ; ਮਨਿ ਅਸਥਿਰੁ ਕਰੈ ॥ ਕਹਿ ਕਬੀਰ; ਸੋ ਪ੍ਰਾਨੀ ਤਰੈ ॥੮॥੧॥

ਹੇ ਭਾਈ! ਜੋ ਪੁਰਖ ਗੁਰਾਂ ਦੇ ਮੰਤ੍ਰਿ = ਉਪਦੇਸ਼ ਦੁਆਰਾ ਜੋਤਿ = ਜੋਤੀ ਸਰੂਪ ਵਿਚ ਆਪਣੀ ਮਨ ਦੀ ਬਿਰਤੀ ਨੂੰ ਅਸਥਿਰੁ = ਇਸਥਿਤ ਕਰੈ = ਕਰਦਾ ਹੈ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਸੋ = ਉਹ ਪ੍ਰਾਨੀ = ਪ੍ਰਾਣਾਧਾਰੀ ਜੀਵ ਸੰਸਾਰ-ਸਮੁੰਦ੍ਰ ਤੋਂ ਤਰੈ = ਤਰ ਜਾਂਦਾ, ਮੁਕਤ ਹੋ ਜਾਂਦਾ ਹੈ॥੮॥੧॥

***ਪ੍ਰਸ਼ਨ :*** *ਹੇ ਭਗਤ ਕਬੀਰ ਜੀ! ਉਹ ਪ੍ਰਭੂ ਵਿਆਪਕ ਸਰੂਪ ਵਿਚ ਕੈਸਾ ਹੈ?*
***ਉੱਤਰ :***

## ਕੋਟਿ ਸੂਰ; ਜਾ ਕੈ ਪਰਗਾਸ ॥ ਕੋਟਿ ਮਹਾਦੇਵ; ਅਰੁ ਕਬਿਲਾਸ ॥[੧]

ਹੇ ਭਾਈ! ਕੋਟਿ = ਕ੍ਰੋੜਾਂ ਹੀ ਸੂਰ = ਸੂਰਜ ਜਾ = ਜਿਸ ਪਰਮਾਤਮਾ ਕੈ = ਦੇ ਪਾਸ ਪਰਗਾਸ = ਪ੍ਰਕਾਸ਼ ਕਰ ਰਹੇ ਹਨ **ਵਾ:** ਚਾਨਣਾ ਕਰਨ ਵਾਸਤੇ ਰੱਖੇ ਹੋਏ ਹਨ।

ਕੋਟਿ = ਕ੍ਰੋੜਾਂ ਹੀ ਮਹਾਦੇਵ = ਸ਼ਿਵਜੀ ਅਰੁ = ਅਤੇ ਕਬਿਲਾਸ = ਕੈਲਾਸ਼ ਪਰਬਤ ਜਿਸ ਪ੍ਰਭੂ ਦੇ ਬਣਾਏ ਹੋਏ ਹਨ।

## ਦੁਰਗਾ ਕੋਟਿ; ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ; ਬੇਦ ਉਚਰੈ ॥੧॥

ਕੋਟਿ = ਕ੍ਰੋੜਾਂ ਹੀ ਦੁਰਗਾ = ਦੇਵੀਆਂ ਜਾ = ਜਿਸ ਪਰਮਾਤਮਾ ਕੈ = ਦੇ ਚਰਨਾਂ ਨੂੰ ਮਰਦਨੁ = ਮਲਣਾ, ਝੱਸਣਾ ਕਰੈ = ਕਰਦੀਆਂ ਹਨ **ਵਾ:** ਦੈਂਤਾਂ ਨੂੰ ਮਰਦਨੁ = ਮਲਣ, ਮਾਰਨ ਵਾਲੀਆਂ ਹਨ।

ਕੋਟਿ = ਕ੍ਰੋੜਾਂ ਹੀ ਬ੍ਰਹਮੇ ਉਸ ਪ੍ਰਭੂ ਦੇ ਦਰ ਉੱਪਰ ਬੇਦਾਂ ਨੂੰ ਉਚਰੈ = ਉਚਾਰਣ ਕਰ ਰਹੇ ਹਨ॥੧॥

## ਜਉ ਜਾਚਉ; ਤਉ ਕੇਵਲ ਰਾਮ ॥
## ਆਨ ਦੇਵ ਸਿਉ; ਨਾਹੀ ਕਾਮ ॥੧॥ਰਹਾਉ॥

ਹੇ ਭਾਈ! ਮੈਂ ਜਉ = ਜਦੋਂ ਵੀ ਕੁਝ ਜਾਚਉ = ਮੰਗਦਾ ਹਾਂ, ਤਉ = ਤਦੋਂ ਕੇਵਲ = ਸਿਰਫ਼ ਰਾਮ = ਪਰਮਾਤਮਾ ਦੇ ਦਰਸ਼ਨ, ਨਾਮ ਹੀ ਮੰਗਦਾ ਹਾਂ।

ਆਨ = ਹੋਰ ਦੇਵ = ਦੇਵਤਿਆਂ ਆਦਿ ਦੇ ਸਿਉ = ਨਾਲ ਮੇਰਾ ਕੋਈ ਵੀ ਕਾਮ = ਕੰਮ ਨਹੀਂ ਹੈ।

**[ਅੰਗ ੧੧੬੩]**

## ਕੋਟਿ ਚੰਦ੍ਰਮੇ; ਕਰਹਿ ਚਰਾਕ ॥ ਸੁਰ ਤੇਤੀਸਉ; ਜੇਵਹਿ ਪਾਕ ॥

(ਦੂਜਾ ਪਾਠ **ਤੇਤੀਸ ਉਜੇਵਹਿ** ਹੈ)

ਕੋਟਿ = ਕ੍ਰੋੜਾਂ ਹੀ ਚੰਦ੍ਰਮੇ ਜਿਸ ਦੇ ਦਰ ਉੱਪਰ ਚਰਾਕ = ਪ੍ਰਕਾਸ਼ ਕਰਹਿ = ਕਰ ਰਹੇ ਹਨ **ਵਾ:** ਚਰਾਕ = ਦੀਵਾ ਜਗਾਉਣ ਵਾਲੇ ਹਨ **ਵਾ:** ਕ੍ਰੋੜਾਂ ਹੀ ਚੰਦ੍ਰਮਾ ਵਰਗੇ ਰਾਤ ਦੇ ਦੀਵੇ ਪ੍ਰਕਾਸ਼ ਕਰ ਰਹੇ ਹਨ।

ਤੇਤੀਸਉ = ਤੇਤੀ ਕ੍ਰੋੜ ਸੁਰ = ਦੇਵਤੇ ਪਰਮਾਤਮਾ ਦੀ ਪਾਕ = ਰਸੋਈ ਵਿਚ ਭੋਜਨ ਜੇਵਹਿ = ਛਕਦੇ ਛਕਾਉਂਦੇ ਹਨ।

***ਨੋਟ :*** ਦੂਜੇ ਪਾਠ ਦਾ ਵੀ ਇਹੋ ਹੀ ਅਰਥ ਬਣਦਾ ਹੈ।

---

੧. ਐਸੇ ਭਾਵ ਵਾਲਾ ਸ਼ਬਦ ਪਿੱਛੇ (੧੧੫੬ ਅੰਗ ਉੱਪਰ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੀ ਆ ਚੁੱਕਾ ਹੈ।

## ਨਵ ਗ੍ਰਹ ਕੋਟਿ; ਠਾਢੇ ਦਰਬਾਰ ॥ ਧਰਮ ਕੋਟਿ; ਜਾ ਕੈ ਪ੍ਰਤਿਹਾਰ ॥੨॥

ਕੋਟਿ = ਕ੍ਰੋੜਾਂ ਹੀ ਨਵ ਗ੍ਰਹ = ਨੌਂ ਗ੍ਰਹਿਆਂ (ਸੂਰਜ, ਚੰਦ੍ਰਮਾ, ਮੰਗਲ, ਬੁੱਧ, ਵ੍ਰਿਹਸਪਤਿ, ਸ਼ੁਕ੍ਰ, ਸਨੈਸ਼ਚਰ, ਰਾਹੂ ਅਤੇ ਕੇਤੂ) ਵਰਗੇ ਜਿਸ ਪ੍ਰਭੂ ਦੇ ਦਰਬਾਰ ਅੱਗੇ ਠਾਢੇ = ਖੜੇ ਹਨ।

ਕੋਟਿ = ਕ੍ਰੋੜਾਂ ਹੀ ਧਰਮ = ਧਰਮ ਰਾਜੇ, ਜਾ = ਜਿਸ ਪ੍ਰਭੂ ਕੈ = ਦੇ ਪ੍ਰਤਿਹਾਰ = ਦ੍ਵਾਰਪਾਲ (ਦਰਵਾਨ), ਦਫ਼ਤਰੀਏ ਹਨ ॥੨॥

## ਪਵਨ ਕੋਟਿ; ਚਉਬਾਰੇ ਫਿਰਹਿ ॥ ਬਾਸਕ ਕੋਟਿ; ਸੇਜ ਬਿਸਥਰਹਿ ॥

ਕੋਟਿ = ਕ੍ਰੋੜਾਂ ਪ੍ਰਕਾਰ ਦੀ ਪਵਨ = ਹਵਾ ਜਿਸ ਪ੍ਰਭੂ ਦੇ ਚਉਬਾਰੇ = ਚਾਰੇ ਤਰਫ਼ ਫਿਰਹਿ = ਫਿਰ ਰਹੀ ਹੈ।

ਕੋਟਿ = ਕ੍ਰੋੜਾਂ ਹੀ ਬਾਸਕ = ਸ਼ੇਸ਼ਨਾਗ ਸੇਜਾ ਦਾ ਬਿਸਥਰਹਿ = ਵਿਸਥਾਰ, ਵਿਛਾਈ ਕਰਨ ਵਾਲੇ ਹਨ।

## ਸਮੁੰਦ ਕੋਟਿ; ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ; ਅਠਾਰਹ ਭਾਰ ॥੩॥

ਕੋਟਿ = ਕ੍ਰੋੜਾਂ ਹੀ ਸਮੁੰਦ = ਸਮੁੰਦਰ ਜਾ = ਜਿਸ ਪ੍ਰਭੂ ਕੇ = ਦੇ ਪਾਨੀਹਾਰ = ਪਾਣੀ ਭਰਨ ਵਾਲੇ ਰੱਖੇ ਹੋਏ ਹਨ।

ਅਠਾਰਹ ਭਾਰ = ਅਠਾਰਾਂ ਭਾਰ ਰੂਪੀ ਕ੍ਰੋੜਾਂ ਹੀ ਬਨਸਪਤੀ ਜਿਸ ਪ੍ਰਭੂ ਦੀ ਰੋਮਾਵਲਿ = ਰੋਮ ਹਨ ॥੩॥

## ਕੋਟਿ ਕਮੇਰ; ਭਰਹਿ ਭੰਡਾਰ ॥ ਕੋਟਿਕ ਲਖਮੀ; ਕਰੈ ਸੀਗਾਰ ॥

ਕੋਟਿ = ਕ੍ਰੋੜਾਂ ਕਮੇਰ = ਕੁਬੇਰ ਭੰਡਾਰੀ ਜਿਸ ਪ੍ਰਭੂ ਦੇ ਭੰਡਾਰ = ਖ਼ਜ਼ਾਨੇ ਭਰਹਿ = ਭਰ ਰਹੇ ਹਨ। ਕੋਟਿਕ = ਕ੍ਰੋੜਾਂ ਹੀ ਲਖਮੀ = ਲਛਮੀਆਂ ਜਿਸ ਦੇ ਦਰ ਉੱਪਰ ਸੀਗਾਰ = ਸ਼ਿੰਗਾਰ ਕਰੈ = ਕਰ ਰਹੀਆਂ ਹਨ।

## ਕੋਟਿਕ ਪਾਪ ਪੁੰਨ; ਬਹੁ ਹਿਰਹਿ ॥ ਇੰਦ੍ਰ ਕੋਟਿ; ਜਾ ਕੇ ਸੇਵਾ ਕਰਹਿ ॥੪॥

ਕੋਟਿਕ = ਕ੍ਰੋੜਾਂ ਹੀ ਪਾਪ ਪੁੰਨ ਉਸ ਪ੍ਰਭੂ ਵੱਲ ਬਹੁ = ਬਹੁਤ ਗਹੁ ਨਾਲ ਹਿਰਹਿ = ਤੱਕ ਰਹੇ ਹਨ ਕਿ ਸਾਨੂੰ ਆਗਿਆ ਹੋਵੇ ਅਤੇ ਕਿਸੇ ਅਗਿਆਨੀ ਨੂੰ ਚਿੰਬੜ ਜਾਈਏ **ਵਾ:** ਕ੍ਰੋੜਾਂ ਹੀ ਗਿਆਨਵਾਨ ਪੁਰਖ ਬਹੁਤ ਸਾਰੇ ਪਾਪ ਪੁੰਨ ਦੂਰ ਕਰਕੇ ਆਪਣੇ ਸਰੂਪ ਨੂੰ ਤੱਕ ਰਹੇ ਹਨ।

ਕੋਟਿ = ਕ੍ਰੋੜਾਂ ਹੀ ਇੰਦ੍ਰ ਜਾ = ਜਿਸ ਪ੍ਰਭੂ ਕੇ = ਦੇ ਦਰ ਉੱਪਰ ਸੇਵਾ = ਟਹਿਲ ਕਰਹਿ = ਕਰ ਰਹੇ ਹਨ ॥੪॥

## ਛਪਨ ਕੋਟਿ; ਜਾ ਕੈ ਪ੍ਰਤਿਹਾਰ ॥ ਨਗਰੀ ਨਗਰੀ; ਖਿਅਤ ਅਪਾਰ ॥

ਛਪਨ ਕੋਟਿ = ਛਪੰਜਾ ਕ੍ਰੋੜ ਯਾਦਵ ਜਾ = ਜਿਸ ਪ੍ਰਭੂ ਦੇ ਪ੍ਰਤਿਹਾਰ = ਚੋਬਦਾਰ, ਨੌਕਰ ਰੱਖੇ ਹੋਏ ਹਨ ਅਤੇ ਛਿਆਨਵੇਂ ਕ੍ਰੋੜ ਮੇਘਮਾਲਾ ਰੂਪੀ ਦਾਸੀਆਂ ਵਰਖਾ ਕਰਨ ਲਈ ਰੱਖੀਆਂ ਹੋਈਆਂ ਹਨ **ਵਾ:** ਟੋਭੇ ਆਦਿ ਤਲਾਵਾਂ ਨੂੰ ਭਰਨ ਵਾਲੀਆਂ ਰੱਖੀਆਂ ਹੋਈਆਂ ਹਨ।

ਹਰੇਕ ਸਰੀਰ ਰੂਪੀ ਨਗਰੀ ਨਗਰੀ ਵਿਚ ਉਹ ਅਪਾਰ = ਪਾਰਾਵਾਰ ਤੋਂ ਰਹਿਤ ਪ੍ਰਭੂ ਖਿਅਤ = ਪ੍ਰਗਟ, ਪ੍ਰਸਿੱਧ ਹੈ **ਵਾ:** ਨਗਰੀ ਨਗਰੀ ਭਾਵ ਹਰੇਕ ਦੇਹ ਵਿਚ ਉਸਦੀ ਖਿਅਤ = ਸੇਜਾ ਹੈ।

## ਲਟ ਛੂਟੀ; ਵਰਤੈ ਬਿਕਰਾਲ ॥ ਕੋਟਿ ਕਲਾ; ਖੇਲੈ ਗੋਪਾਲ ॥੫॥

ਲਟ ਛੂਟੀ = ਕੇਸਾਂ ਨੂੰ ਖੋਲ੍ਹ ਕੇ ਕ੍ਰੋੜਾਂ ਕਾਲੀਆਂ **ਵਾ:** ਕੁਲਛਮੀਆਂ[੧] ਬਿਕਰਾਲ = ਭਿਆਨਕ ਰੂਪ ਧਾਰ

---

੧. ਇਹ ਲਛਮੀ ਦੀ ਭੈਣ ਮੰਨੀ ਜਾਂਦੀ ਹੈ ਜੋ ਸਮੁੰਦਰ ਵਿੱਚੋਂ ਨਿਕਲੀ ਹੈ ਅਤੇ ਇਸਦੀ ਗਿਣਤੀ ਉਪ ਰਤਨਾਂ ਵਿਚ ਹੈ।

ਕੇ ਵਰਤੈ = ਵਰਤ ਰਹੀਆਂ ਹਨ **ਵਾ:** ਮਹਾਂਕਾਲ ਲਟਾਂ ਖੋਲ੍ਹ ਕੇ ਭਿਆਨਕ ਰੂਪ ਧਾਰ ਕੇ ਉਸ ਦੇ ਦਰ 'ਤੇ ਖੜਾ ਹੈ।

ਕੋਟਿ = ਕ੍ਰੋੜਾਂ ਹੀ ਕਲਾ = ਸ਼ਕਤੀਆਂ ਦੁਆਰਾ ਉਹ ਗੋਪਾਲ = ਪ੍ਰਿਥਵੀ ਦਾ ਪਾਲਕ ਪ੍ਰਭੂ ਖੇਲੈ = ਖੇਡ, ਕੌਤਕ ਕਰ ਰਿਹਾ ਹੈ॥੫॥

## ਕੋਟਿ ਜਗ; ਜਾ ਕੈ ਦਰਬਾਰ ॥ ਗੰਧ੍ਰਬ ਕੋਟਿ; ਕਰਹਿ ਜੈਕਾਰ ॥

ਕੋਟਿ = ਕ੍ਰੋੜਾਂ ਹੀ ਜਗ ਆਦਿ ਦੇ ਰੂਪਾਂ ਨੂੰ ਧਾਰਨ ਵਾਲੇ ਵਿਸ਼ਨੂੰ ਜਾ = ਜਿਸ ਪ੍ਰਭੂ ਕੈ = ਦੇ ਦਰਬਾਰ ਵਿਚ ਖੜੇ ਹਨ **ਵਾ:** ਕ੍ਰੋੜਾਂ ਹੀ ਜਗ = ਯਕਸ਼ ਜਿਸਦੇ ਦਰਬਾਰ ਵਿਚ ਖੜੇ ਹਨ।

ਹਾਹਾ ਹੂਹੂ ਆਦਿ ਕੋਟਿ = ਕ੍ਰੋੜਾਂ ਹੀ ਗੰਧ੍ਰਬ = ਦੇਵਤਿਆਂ ਦੇ ਗਵੱਈਏ ਜਿਸ ਪਰਮਾਤਮਾ ਦੀ ਜੈ ਜੈਕਾਰ ਕਰਹਿ = ਕਰ ਰਹੇ ਹਨ।

## ਬਿਦਿਆ ਕੋਟਿ; ਸਭੈ ਗੁਨ ਕਹੈ ॥ ਤਊ ਪਾਰਬ੍ਰਹਮ ਕਾ; ਅੰਤੁ ਨ ਲਹੈ ॥੬॥

ਸਭੈ = ਸਾਰੇ ਗੁਣਾਂ ਨੂੰ ਕਹੈ = ਕਥਨ ਕਰਨ ਵਾਲੀਆਂ ਕੋਟਿ = ਕ੍ਰੋੜਾਂ ਵਿੱਦਿਆ ਹਨ **ਵਾ:** ਕ੍ਰੋੜਾਂ ਹੀ ਵਿੱਦਿਆ ਦੇਵੀਆਂ ਹਨ, ਜੋ ਸਭੈ = ਸਮੂਹ ਗੁਣਾਂ ਨੂੰ ਕਥਨ ਕਰਦੀਆਂ ਹਨ।

ਤਊ = ਤਾਂ ਵੀ ਉਸ ਪਾਰਬ੍ਰਹਮ = ਪਰਮਾਤਮਾ ਕਾ = ਦਾ ਅੰਤੁ = ਅਖ਼ੀਰ ਨਹੀਂ ਲਹੈ = ਪ੍ਰਾਪਤ ਕਰ ਸਕਦੀਆਂ॥੬॥

## ਬਾਵਨ ਕੋਟਿ; ਜਾ ਕੈ ਰੋਮਾਵਲੀ ॥ ਰਾਵਨ ਸੈਨਾ; ਜਹ ਤੇ ਛਲੀ ॥

ਕੋਟਿ = ਕ੍ਰੋੜਾਂ ਹੀ ਬਾਵਨ ਅਵਤਾਰ ਜਾ = ਜਿਸ ਪਰਮਾਤਮਾ ਕੈ = ਦੇ ਰੋਮਾਵਲੀ = ਰੋਮਾਂ ਵਿਚ ਹਨ **ਵਾ:** ਪ੍ਰਸ਼ਾਦਾ ਛਕਣ ਤੋਂ ਬਾਅਦ ਹੱਥ ਸਾਫ਼ ਕਰਨ ਲਈ ਰੁਮਾਲ ਦੇਣ ਵਾਲੇ ਕ੍ਰੋੜਾਂ ਹੀ ਬਾਵਨ ਅਵਤਾਰ ਰੱਖੇ ਹੋਏ ਹਨ।

**ਵਾ:** ਜਿਸ ਰਾਮ ਚੰਦਰ ਜੀ ਦੇ ਨਾਲ ਬਾਵਨ = ਬਵੰਜਾ ਕਰੋੜ ਰਿੱਛਾਂ ਤੇ ਬਾਂਦਰਾਂ ਦੀ ਸੈਨਾ ਸੀ, ਜਹ = ਜਿਨ੍ਹਾਂ ਤੋਂ ਰਾਵਣ ਦੀ ਬੇਅੰਤ ਸੈਨਾ = ਫ਼ੌਜ ਰਾਮ ਚੰਦਰ ਜੀ ਨੇ ਛਲੀ = ਛਲ ਲਈ ਸੀ, ਉਹ ਰਾਮ ਚੰਦਰ ਵੀ ਕ੍ਰੋੜਾਂ ਹੀ ਹਨ।

**ਅਥਵਾ** ਉਸਦੀ ਰੋਮਾਵਲੀ ਵਿਚ ਕ੍ਰੋੜਾਂ ਹੀ ਬਾਵਨ ਅਵਤਾਰ ਹਨ ਜਿਸ ਨੇ ਰਾਵਣ ਦੀ ਨਿਆਈਂ ਬਲ ਰਾਜੇ ਸਮੇਤ ਸਾਰੀ ਸੈਨਾ ਨੂੰ ਛਲ ਲਿਆ ਸੀ।

**ਅਥਵਾ** ਜਿਸ ਕ੍ਰਿਸ਼ਨ ਭਗਵਾਨ ਨੇ ਮਹਾਂਭਾਰਤ ਦੇ ਯੁੱਧ ਵਿਚ ਅਰਜਨ ਦੇ ਪਾਸੋਂ ਅਠਾਰਾਂ ਖੂਹਣੀਆਂ ਫ਼ੌਜਾਂ ਸਮਾਪਤ ਕਰਵਾ ਕੇ ਰਾਵਣ = ਰਾਜਿਆਂ ਦੀਆਂ ਫ਼ੌਜਾਂ ਨੂੰ ਛਲਨਾ ਕੀਤਾ ਸੀ, ਉਹ ਕ੍ਰਿਸ਼ਨ ਵੀ ਕ੍ਰੋੜਾਂ ਹੀ ਹਨ।

## ਸਹਸ ਕੋਟਿ; ਬਹੁ ਕਹਤ ਪੁਰਾਨ ॥ ਦੁਰਜੋਧਨ ਕਾ; ਮਥਿਆ ਮਾਨੁ ॥੭॥

ਕੋਟਿ = ਕ੍ਰੋੜਾਂ ਹੀ ਸਹਸ = ਹਜ਼ਾਰਾਂ ਮੂੰਹਾਂ ਵਾਲੇ ਸ਼ੇਸ਼ਨਾਗ ਹਨ, ਬਹੁ = ਬੇਅੰਤ ਹੀ ਪੁਰਾਨ = ਪੁਰਾਣਾਂ ਨੂੰ ਕਹਤ = ਕਥਨ ਕਰਨ ਵਾਲੇ ਬਿਆਸ ਆਦਿ ਰਿਖੀ ਹਨ **ਵਾ:** ਸਹਸ ਕੋਟਿ = ਹਜ਼ਾਰਾਂ ਕ੍ਰੋੜਾਂ ਗ੍ਰੰਥ ਅਤੇ ਬਹੁਤ ਪੁਰਾਣ ਆਦਿ ਜਿਸ ਪ੍ਰਭੂ ਦਾ ਜਸ ਕਥਨ ਕਰਦੇ ਹਨ।

ਕ੍ਰਿਸ਼ਨ ਰੂਪ ਵਿਚ ਉਸ ਪ੍ਰਭੂ ਨੇ ਦੁਰਜੋਧਨ ਕਾ = ਦਾ ਮਾਨੁ = ਹੰਕਾਰ ਮਥਿਆ = ਮਲਨਾ, ਨਾਸ਼ ਕੀਤਾ ਹੈ, ਉਹ ਕ੍ਰਿਸ਼ਨ, ਦੁਰਜੋਧਨ ਵੀ ਕ੍ਰੋੜਾਂ ਹੀ ਹਨ॥੭॥

## ਕੰਦ੍ਰਪ ਕੋਟਿ; ਜਾ ਕੈ ਲਵੈ ਨ ਧਰਹਿ ॥
## ਅੰਤਰ ਅੰਤਰਿ; ਮਨਸਾ ਹਰਹਿ ॥

ਕੋਟਿ = ਕ੍ਰੋੜਾਂ ਕੰਦ੍ਰਪ = ਕਾਮਦੇਵ ਵੀ ਜਾ = ਜਿਸ ਪਰਮਾਤਮਾ ਦੀ ਸੁੰਦਰਤਾ ਕੈ = ਦੇ ਲਵੈ = ਬਰਾਬਰ ਸ਼ੋਭਾ ਧਰਹਿ = ਧਾਰਨ ਨਹੀਂ ਕਰ ਸਕਦੇ, ਭਾਵ ਉਹ ਪ੍ਰਭੂ ਅਤਿਅੰਤ ਸੁੰਦਰ ਹੈ।

ਜੋ ਕਾਮ ਜੀਵਾਂ ਦੇ ਹਿਰਦਿਆਂ ਦੇ ਅੰਤਰ ਅੰਤਰਿ = ਅੰਦਰੋਂ ਅੰਦਰੀ ਸ੍ਰੇਸ਼ਟ ਮਨਸਾ = ਬੁੱਧੀ ਨੂੰ ਹਰਹਿ= ਚੁਰਾ ਲੈਂਦਾ ਹੈ **ਵਾ:** ਬੁੱਧੀ ਦੇ ਅੰਦਰ ਪਰਮਾਤਮਾ ਵੱਲੋਂ ਅੰਤਰਾ, ਭੇਦ ਪਾਉਣ ਵਾਲੇ ਕਾਮ ਨੂੰ ਪ੍ਰਭੂ ਨਾਸ਼ ਕਰ ਦੇਂਦਾ ਹੈ।

## ਕਹਿ ਕਬੀਰ; ਸੁਨਿ ਸਾਰਿਗਪਾਨ ॥
## ਦੇਹਿ ਅਭੈ ਪਦੁ; ਮਾਂਗਉ ਦਾਨ ॥੮॥੨॥੧੮॥੨੦॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਾਰਿਗਪਾਨ = ਸਾਰੰਗ ਨਾਮੇ ਧਨੁੱਖ ਨੂੰ ਆਪਣੇ ਹੱਥਾਂ ਵਿਚ ਪਕੜਨ ਵਾਲੇ ਪ੍ਰਭੂ ! ਮੇਰੀ ਬੇਨਤੀ ਨੂੰ ਸੁਨਿ = ਸੁਣਨਾ ਕਰ।

ਮੈਨੂੰ ਅਭੈ = ਨਿਰਭੈ ਪਦੁ = ਪਦਵੀ ਦੇਹਿ = ਦੇਣਾ ਕਰ, ਮੈਂ ਤੇਰੇ ਪਾਸੋਂ ਇਹ ਦਾਨ ਮਾਂਗਉ = ਮੰਗਦਾ ਹਾਂ ॥੮॥੨॥੧੮॥੨੦॥

## ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧
## ੧ਓ ਸਤਿਗੁਰ ਪ੍ਰਸਾਦਿ ॥

ਭੈਰਉ ਰਾਗ ਦੇ ਅੰਦਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨਾਮਦੇਵ ਜੀ ਕੀ = ਦੀ ਉਚਾਰਣ ਕੀਤੀ ਬਾਣੀ ਪਹਿਲੇ ਘਰੁ = ਸੁਰਤਾਲ ਵਿਚ ਦਰਜ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਭਗਤ ਨਾਮਦੇਵ ਜੀ ਰਸਨਾ ਤਾਈਂ ਸਿੱਖਿਆ ਦੇਂਦੇ ਹੋਏ ਉਚਾਰਣ ਕਰਦੇ ਹਨ।

## ਰੇ ਜਿਹਬਾ; ਕਰਉ ਸਤ ਖੰਡ ॥ ਜਾਮਿ ਨ ਉਚਰਸਿ; ਸ੍ਰੀ ਗੋਬਿੰਦ ॥੧॥

ਰੇ = ਹੇ ਜਿਹਬਾ = ਰਸਨਾ ! ਮੈਂ ਉਸ ਸਮੇਂ ਤੇਰੇ ਸਤ = ਸੌ ਖੰਡ = ਟੁਕੜੇ ਕਰਉ = ਕਰ ਦੇਵਾਂਗਾ।

ਜਾਮਿ = ਜਦੋਂ ਤੂੰ ਸ੍ਰੀ = ਸ਼ੋਭਾ ਦੇ ਮਾਲਕ ਗੋਬਿੰਦ = ਪਰਮਾਤਮਾ ਦੇ ਨਾਮ ਨੂੰ ਉਚਰਸਿ = ਉਚਾਰਣ ਨਹੀਂ ਕਰੇਂਗੀ ॥੧॥

## ਰੰਗੀ ਲੇ ਜਿਹਬਾ; ਹਰਿ ਕੈ ਨਾਇ ॥
## ਸੁ ਰੰਗ ਰੰਗੀਲੇ; ਹਰਿ ਹਰਿ ਧਿਆਇ ॥੧॥ਰਹਾਉ॥

ਜਿਨ੍ਹਾਂ ਨੇ ਹਰਿ = ਪਰਮਾਤਮਾ ਕੈ = ਦੇ ਨਾਇ = ਨਾਮ ਨੂੰ ਜਪ ਕੇ ਆਪਣੀ ਜਿਹਬਾ = ਰਸਨਾ ਪ੍ਰੇਮ, ਨਾਮ ਰੰਗ ਨਾਲ ਰੰਗੀ = ਰੰਗ ਲੇ = ਲਈ ਹੈ।

ਸੁ = ਉਹ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਨਾਮ ਨੂੰ ਧਿਆਇ = ਸਿਮਰ ਸਿਮਰ ਕੇ ਨਾਮ ਰੰਗ ਵਿਚ ਰੰਗੀਲੇ = ਅਨੰਦੀ ਹੋ ਗਏ ਹਨ ॥੧॥ਰਹਾਉ॥

## ਮਿਥਿਆ ਜਿਹਬਾ; ਅਵਰੇਂ ਕਾਮ ॥
## ਨਿਰਬਾਣ ਪਦੁ; ਇਕੁ ਹਰਿ ਕੋ ਨਾਮੁ ॥੨॥

ਉਹ ਜਿਹਬਾ = ਰਸਨਾ ਮਿਥਿਆ = ਝੂਠੀ ਹੀ ਹੈ, ਜੋ ਅਵਰੇਂ = ਹੋਰਨਾਂ ਸਵਾਦਾਂ ਨੂੰ ਲੈਣ ਜਾਂ ਵਿਅਰਥ ਬਚਨ ਬੋਲਣ ਦੇ ਕਾਮ = ਕੰਮ ਵਿਚ ਲੱਗੀ ਰਹਿੰਦੀ ਹੈ।

ਨਿਰਬਾਣ = ਬੰਧਨਾਂ ਤੋਂ ਰਹਿਤ ਪਦੁ = ਪਦਵੀ ਤਾਂ ਇਕ ਹਰਿ = ਪਰਮਾਤਮਾ ਦਾ ਨਾਮ ਹੀ ਦੇਣ ਵਾਲਾ ਹੈ ॥੨॥

## ਅਸੰਖ ਕੋਟਿ; ਅਨ ਪੂਜਾ ਕਰੀ ॥ ਏਕ ਨ ਪੂਜਸਿ; ਨਾਮੈ ਹਰੀ ॥੩॥

ਜੇਕਰ ਕਿਸੇ ਨੇ ਅਸੰਖ = ਅਣਗਿਣਤ ਵਾਰੀ ਕੋਟਿ = ਕ੍ਰੋੜਾਂ ਦੇਵਤਿਆਂ ਦੀ ਅਨ = ਹੋਰ ਪ੍ਰਕਾਰ ਨਾਲ ਪੂਜਾ ਕਰੀ = ਕੀਤੀ ਹੋਵੇ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਪਰ ਹਰੀ = ਪਰਮਾਤਮਾ ਦੇ ਨਾਮ ਬਰਾਬਰ ਏਕ = ਇਕ ਤਿਲ ਮਾਤਰ ਵੀ ਨਹੀਂ ਪੂਜਸਿ = ਪੁੱਜਦੀ ॥੩॥

## ਪ੍ਰਣਵੈ ਨਾਮਦੇਉ; ਇਹੁ ਕਰਣਾ ॥ ਅਨੰਤ ਰੂਪ ਤੇਰੇ; ਨਾਰਾਇਣਾ ॥੪॥੧॥

ਭਗਤ ਨਾਮਦੇਉ = ਨਾਮਦੇਵ ਜੀ ਪ੍ਰਣਵੈ = ਬੇਨਤੀ ਪੂਰਵਕ ਉਚਾਰਣ ਕਰਦੇ ਹਨ ਕਿ ਹੇ ਪ੍ਰਭੂ ! ਤੂੰ ਮੇਰੇ ਉੱਪਰ ਇਹੁ = ਇਹ ਕਰਣਾ = ਕਿਰਪਾ ਕਰ ਕਿ ਹੇ ਨਾਰਾਇਣਾ = ਪਰਮਾਤਮਾ ! ਮੈਂ ਅਨੰਤ = ਬੇਅੰਤ ਜੀਵਾਂ ਵਿਚ ਤੇਰੇ ਹੀ ਸਰੂਪ ਨੂੰ ਦੇਖਣਾ ਕਰਾਂ ॥੪॥੧॥

***ਪ੍ਰਸ਼ਨ :*** *ਹੇ ਨਾਮਦੇਵ ਜੀ ! ਪਰਮਾਤਮਾ ਕਿਸ ਦੇ ਨੇੜੇ ਰਹਿੰਦਾ ਹੈ ?*
***ਉੱਤਰ :***

## ਪਰ ਧਨ, ਪਰ ਦਾਰਾ; ਪਰਹਰੀ ॥ ਤਾ ਕੈ ਨਿਕਟਿ; ਬਸੈ ਨਰਹਰੀ ॥੧॥

ਹੇ ਭਾਈ ! ਜਿਸ ਨੇ ਪਰ ਧਨ = ਪਰਾਈ ਦੌਲਤ ਅਤੇ ਪਰ ਦਾਰਾ = ਪਰਾਈ ਇਸਤ੍ਰੀ ਦੇ ਮੋਹ ਦੀ ਇੱਛਾ ਪਰਹਰੀ = ਤਿਆਗ ਦਿੱਤੀ ਹੈ।

ਤਾ = ਉਸ ਮਨੁੱਖ ਕੈ = ਦੇ ਨਿਕਟਿ = ਨੇੜੇ ਨਰਹਰੀ = ਨਰਾਂ ਨੂੰ ਹਰੇ ਭਰੇ ਕਰਨ ਵਾਲਾ ਪ੍ਰਭੂ ਬਸੈ = ਵੱਸਦਾ ਹੈ ਭਾਵ ਅੰਗ ਸੰਗ ਰਹਿੰਦਾ ਹੈ ॥੧॥

## ਜੋ ਨ ਭਜੰਤੇ; ਨਾਰਾਇਣਾ ॥ ਤਿਨ ਕਾ; ਮੈ ਨ ਕਰਉ ਦਰਸਨਾ ॥੧॥ਰਹਾਉ॥

ਜੋ = ਜਿਹੜੇ ਮਨੁੱਖ ਨਾਰਾਇਣਾ = ਪਰਮਾਤਮਾ ਦਾ ਭਜੰਤੇ = ਸਿਮਰਨ ਨਹੀਂ ਕਰਦੇ। ਤਿਨ = ਉਨ੍ਹਾਂ ਮਨੁੱਖਾਂ ਕਾ = ਦਾ ਮੈਂ ਦਰਸਨਾ = ਦੀਦਾਰ ਕਰਉ = ਕਰਨਾ ਵੀ ਨਹੀਂ ਚਾਹੁੰਦਾ ॥੧॥ਰਹਾਉ॥

## ਜਿਨ ਕੈ ਭੀਤਰਿ ਹੈ; ਅੰਤਰਾ ॥ ਜੈਸੇ ਪਸੁ; ਤੈਸੇ ਓਇ ਨਰਾ ॥੨॥

ਹੇ ਭਾਈ ! ਜਿਨ੍ਹਾਂ ਕੈ = ਦੇ ਹਿਰਦੇ ਭੀਤਰਿ = ਵਿਚ ਅਗਿਆਨ ਦਾ ਅੰਤਰਾ = ਪੜਦਾ ਪਿਆ ਹੋਇਆ ਹੈ **ਵਾ:** ਭੇਦ ਬੁੱਧੀ ਕਰਕੇ ਪਰਮਾਤਮਾ ਨੇ ਸਿਮਰਨ ਭਜਨ ਵੱਲੋਂ ਫ਼ਰਕ ਪਿਆ ਹੈ।

ਜੈਸੇ = ਜਿਸ ਪ੍ਰਕਾਰ ਦੇ ਪਸੁ = ਪਸ਼ੂ ਹੁੰਦੇ ਹਨ, ਤੈਸੇ = ਉਸ ਪ੍ਰਕਾਰ ਦੇ ਹੀ ਓਇ = ਉਹ ਨਰਾ = ਮਨੱਖ ਹੁੰਦੇ ਹਨ, ਭਾਵ ਜਿਵੇਂ ਪਸ਼ੂ ਖਾਣ ਪੀਣ ਭੋਗਣ ਵਿਚ ਲੱਗੇ ਰਹਿੰਦੇ ਹਨ, ਇਉਂ ਉਹ ਮਨੁੱਖ ਵੀ ਖਾਣ ਪੀਣ ਅਤੇ ਭੋਗਣ ਵਿਚ ਤਦਾਕਾਰ ਹੋ ਰਹੇ ਹਨ ॥੨॥ ਜੈਸਾ ਕਿ :

**ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥** *(ਗਉੜੀ ਬਾਵਨ ਅਖਰੀ ਮ: ੫, ਅੰਗ ੨੫੧)*

**ਅਥਵਾ**

**ਨਿੰਦ੍ਰਾ ਭੋਜਨ ਭੋਗ ਭੈ ਇਹ ਪਸੁ ਪੁਰਖ ਸਮਾਨ ॥**
**ਨਰਨ ਗਯਾਨ ਨਿਜ ਅਧਿਕਤਾ ਗਯਾਨ ਬਿਨਾ ਪਸੁ ਜਾਨ ॥੧੩॥** *(ਸਾਰੁਕਤਾਵਲੀ, ਅਧਿ: ੩)*

## ਪ੍ਰਣਵਤਿ ਨਾਮਦੇਉ; ਨਾਕਹਿ ਬਿਨਾ ॥ ਨਾ ਸੋਹੈ; ਬਤੀਸ ਲਖਨਾ ॥੩॥੨॥

ਭਗਤ ਨਾਮਦੇਵ ਜੀ ਪ੍ਰਣਵਤਿ = ਬੇਨਤੀ ਪੂਰਬਕ ਕਥਨ ਕਰਦੇ ਹਨ ਕਿ ਜਿਵੇਂ ਕੋਈ ਮਨੁੱਖ ਨਾਕਹਿ = ਨੱਕ ਤੋਂ ਬਿਨਾ = ਬਗ਼ੈਰ ਹੋਵੇ।

ਭਾਵੇਂ ਉਸਦੇ ਬਤੀਸ = ਬੱਤੀ ਲਖਨਾ = ਲੱਛਣ ਕੀਤੇ ਹੋਣ ਤਾਂ ਵੀ ਉਹ ਸੋਹੈ = ਸ਼ੋਭਾ ਨਹੀਂ ਪਾਉਂਦਾ। ਅਰਥਾਤ ਪੁਰਾਣੇ ਕਵੀਆਂ ਨੇ ਸਰੀਰਕ ਸੁੰਦਰਤਾ ਦੇ ਬੱਤੀ ਲੱਛਣ ਦੱਸੇ ਹਨ ਜਿਵੇਂ :

### ਬੱਤੀ ਲੱਛਣਾਂ ਦਾ ਵੇਰਵਾ :

| | |
|---|---|
| ਪੰਜ ਦੀਰਘ | (ਨੇਤ੍ਰ, ਜਬਾੜੇ, ਨੱਕ, ਵੱਖੀ, ਭੁਜਾ) |
| ਪੰਜ ਸੂਖਮ | (ਤੁਚਾ, ਕੇਸ, ਅੰਗੁਲੀਆਂ, ਦੰਦ, ਅੰਗੁਲੀਆਂ ਦੀਆਂ ਗੱਠਾਂ) |
| ਸੱਤ ਲਾਲ | (ਹਥੇਲੀ, ਪੈਰ ਤੇ ਤਲੇ, ਅੱਖਾਂ ਦੇ ਕੋਏ, ਤਾਲੂਆ, ਜੀਭ, ਹੋਂਠ, ਨੌਂਹ) |
| ਛੇ ਉੱਚੇ | (ਕਮਰ ਦੀ ਹੱਡੀ, ਪੇਟ, ਪੱਸਲੀ, ਮੋਢੇ, ਹੱਥ ਦੇ ਉੱਪਰਲੇ ਪਾਸੇ, ਮੁਖ) |
| ਤਿੰਨ ਵਿਸਤਾਰ ਵਾਲੇ | (ਮੱਥਾ, ਛਾਤੀ, ਕਮਰ) |
| ਤਿੰਨ ਛੋਟੇ | (ਗਰਦਨ, ਜੰਘਾਂ, ਲਿੰਗ) |
| ਤਿੰਨ ਗੰਭੀਰ | (ਸੂਰ, ਸੁਭਾਵ, ਨਾਭੀ) |
| **ਕੁੱਲ ਜੋੜ—੩੨ (ਬੱਤੀ)** | *(ਸਕੰਧ ਪੁਰਾਣ, ਕਾਸੀ ਖੰਡ)* |

**ਅਥਵਾ:** ੧) ਸੁਕ੍ਰਿਤ, ੨) ਪ੍ਰਮਾਣ, ੩) ਕੁਲ, ੪) ਰੂਪ, ੫) ਕਿਰਿਆਵੰਤੁ ਸਦਾ, ੬) ਸਜਨ, ੭) ਸੁਬੁੱਧ, ੮) ਸਤਯ, ੯) ਸੀਲ, ੧੦) ਵ੍ਰਤਧਾਰੀ ਹੈ।

੧੧) ਵਿਚੱਛਨ, ੧੨) ਵਿਨਈ, ੧੩) ਜਪੀ, ੧੪) ਵਿਸ੍ਵਾਸਿ, ੧੫) ਬੰਦਨੀਯ, ੧੬) ਕਵਿ, ੧੭) ਨਿਰਲੋਭ, ੧੮) ਦਯਾ, ੧੯) ਦਾਨੀ, ੨੦) ਉਪਕਾਰੀ ਹੈ।

੨੧) ਤੁਛਨਿਦ੍ਰਾ, ੨੨) ਇੰਦ੍ਰੀਜਿਤ, ੨੩) ਸੁਚਿ, ੨੪) ਪਰਕਾਸ਼ਬੁਧਿ, ੨੫) ਹਰਿ, ੨੬) ਗੁਰ, ੨੭) ਮਾਤ, ੨੮) ਪਿਤਾ ਭਕ੍ਤਿ ਪਿਆਰੀ ਹੈ।

੨੯) ਸ਼ਾਸਤ੍ਰਗਯ, ੩੦) ਧਰਮਗਯ, ੩੧) ਮਿਤਭੁਕ, ੩੨) ਵਸ਼ਕਾਮ
ਲੱਛਨ ਬਤੀਸ ਨਰ ਜਗਤ ਮਝਾਰੀ ਹੈ।

ਲਾਲ ਕਵੀ ਜੀ ਨੇ ਰਾਜੇ ਦੇ ਬੱਤੀ ਲੱਛਣ ਇਹ ਕਹੇ ਹਨ :

**ਵਾ:** **ਸੁੰਦਰ ਸਲੱਜ ਸੁਧੀ ਸਾਹਸੀ ਸੁਹਿਰਦ ਸਾਚੋ,**
**ਸੂਰੋ ਸ਼ੁਚਿ ਸਾਵਧਾਨ ਸ਼ਾਸਤ੍ਰਗਯ ਜਾਨੀਏ।**
**ਉੱਦਮੀ ਉਦਾਰ ਗੁਨਗ੍ਰਾਹੀ ਔ ਗੰਭੀਰ ਲਾਲ**
**ਸ਼ੁੱਧਮਨ ਧਰਮੀ ਛਮੀ ਸੁ ਤਤ੍ਵਗਯਾਨੀਏ।**
**ਇੰਦ੍ਰਯਜਿਤ ਸਤਯਵ੍ਰਤ ਸੁਕ੍ਰਿਤੀ ਧ੍ਰਿਤੀ ਵਿਨੀਤ,**
**ਤੇਜਸੀ ਦਯਾਲੁ ਪ੍ਰੀਤਿ ਹਰਿ ਸੋਂ ਪ੍ਰਮਾਨੀਏ।**
**ਲੋਭ ਛੋਭ ਹਿੰਸਾ ਕਾਮ ਕਪਟ ਗਰੂਰਤਾ ਨ**
**ਲੱਛਨ ਬਤੀਸ ਏ ਛਿਤੀਸ ਕੇ ਬਖਾਨੀਏ।** *(ਮਹਾਨ ਕੋਸ਼)*

**ਵਾ**: ਇਸਤ੍ਰੀਆਂ ਦੇ ਬੱਤੀ ਲੱਛਣ ਇਹ ਹਨ :

੧) ਸੁੰਦਰਤਾ, ੨) ਸਵੱਛਤਾ, ੩) ਲੱਜਾ, ੪) ਚਤੁਰਾਈ, ੫) ਵਿਦਯਾ, ੬) ਪਤੀ ਭਗਤੀ, ੭) ਸੇਵਾ, ੮) ਦਇਆ, ੯) ਸਤਯ, ੧੦) ਪ੍ਰਿਯ ਬਾਣੀ, ੧੧) ਪ੍ਰਸੰਨਤਾ, ੧੨) ਨਮ੍ਰਤਾ, ੧੩) ਨਿਸ਼ਕਪਟਤਾ, ੧੪) ਏਕਤਾ ੧੫) ਧੀਰਯ, ੧੬) ਧਰਮ ਨਿਸ਼ਠਾ, ੧੭) ਸੰਯਮ, ੧੮) ਉਦਾਰਤਾ, ੧੯) ਗੰਭੀਰਤਾ, ੨੦) ਉੱਦਮ ੨੧) ਸ਼ੂਰਵੀਰਤਾ, ੨੨) ਰਾਗ, ੨੩) ਕਾਵਯ, ੨੪) ਚਿਤ੍ਰ, ੨੫) ਔਸ਼ਧ, ੨੬) ਰਸੋਈ, ੨੭) ਸਿਉਣ ਪਰੋਣ ਦੀ ਵਿੱਦਿਆ, ੨੮) ਘਰ ਪਈਆਂ ਵਸਤੂਆਂ ਨੂੰ ਯਥਾ ਜੋਗ ਸ਼ਿੰਗਾਰਨਾ, ੨੯) ਬਜ਼ੁਰਗਾਂ ਦਾ ਆਦਰ, ੩੦) ਘਰ ਆਏ ਮਹਿਮਾਨਾਂ ਦਾ ਆਦਰ, ੩੧) ਸੰਤਾਨ ਦਾ ਪਾਲਣ ਪੋਸ਼ਣ, ੩੨) ਫੁਲਵਾੜੀ ਸਜਾਉਣੀ ਆਦਿ।

ਸੋ ਭਾਵ ਇਹ ਹੈ ਕਿ ਇਨ੍ਹਾਂ ਬੱਤੀ ਲੱਛਣਾਂ ਦੇ ਸਹਿਤ ਹੋਇਆ ਮਨੁੱਖ ਜੇਕਰ ਨੱਕ ਤੋਂ ਬਿਨਾਂ ਹੋਵੇ ਤਾਂ ਉਹ ਸ਼ੋਭਾ ਨਹੀਂ ਪਾ ਸਕਦਾ।

**ਅਥਵਾ** ਏਸੇ ਪ੍ਰਕਾਰ ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਵੱਸ ਵਿਚ ਕੀਤੇ ਹੋਣ, ਪੰਜ ਵਿਸ਼ੇ ਤਿਆਗੇ ਹੋਣ, ਪੰਜੇ ਵਿਕਾਰ ਕਾਬੂ ਵਿਚ ਹੋਣ, ਪੰਜ ਪ੍ਰਾਣਾਂ ਦਾ ਨਿਰੋਧ ਕੀਤਾ ਹੋਵੇ, ਪੰਜੇ ਤੱਤਾਂ ਦੀ ਧਾਰਨਾ ਵਾਲਾ ਹੋਵੇ, ਖਿਮਾ ਤੇ ਨਿਮ੍ਰਤਾਵਾਨ ਹੋਵੇ ਪਰ ਜੇਕਰ ਪਰਮਾਤਮਾ ਦਾ ਜੱਸ ਰੂਪ ਨੱਕ ਨਹੀਂ ਹੈ ਤਾਂ ਐਸੇ ਬੱਤੀ ਲੱਖਣਾ ਵਾਲਾ ਮਨੁੱਖ ਵੀ ਸ਼ੋਭਾ ਨਹੀਂ ਪਾਉਂਦਾ ॥੩॥੨॥

**ਉਥਾਨਕਾ :** ਇਕ ਵਾਰ ਭਗਤ ਨਾਮਦੇਵ ਜੀ ਦੇ ਪਿਤਾ (ਨਾਨਾ)[1] ਜੀ ਕਿਸੇ ਕੰਮ ਕਾਰਨ ਨਗਰ ਤੋਂ ਬਾਹਰ ਚੱਲੇ ਸਨ, ਉਨ੍ਹਾਂ ਨੇ ਭਗਤ ਨਾਮਦੇਵ ਜੀ ਨੂੰ ਕਿਹਾ ਕਿ ਬੇਟਾ ਅੱਜ ਤੂੰ ਮੰਦਰ ਵਿਚ ਜਾ ਕੇ ਠਾਕੁਰਾਂ ਨੂੰ ਭੋਗ ਲਵਾ ਆਵੀਂ। ਉਸ ਸਮੇਂ ਭਗਤ ਨਾਮਦੇਵ ਜੀ ਦੀ ਬਾਲਕ ਅਵਸਥਾ ਸੀ। ਸੋ ਜਿਵੇਂ ਉਨ੍ਹਾਂ ਨੇ ਠਾਕੁਰ ਨੂੰ ਭੋਗ ਲਵਾਇਆ, ਉਸ ਬਚਪਨ ਦੀ ਸਾਖੀ ਦੁਆਰਾ ਭਗਤ ਨਾਮਦੇਵ ਜੀ ਇਹ ਉਪਦੇਸ਼ ਕਥਨ ਕਰਦੇ ਹਨ ਕਿ ਉਹ ਪਰਮਾਤਮਾ ਆਪਣੇ ਭਗਤਾਂ ਦੇ ਭੋਲੇ ਸੁਭਾਉ ਉੱਤੇ ਪ੍ਰਸੰਨ ਹੁੰਦਾ ਹੈ ਅਤੇ ਆਪਣੀ ਦ੍ਰਿਸ਼ਟੀ ਦੁਆਰਾ ਦਰਸ਼ਨ ਦੇ ਕੇ ਸਾਰੇ ਭਰਮ ਕੱਟ ਦੇਂਦਾ ਹੈ।

## ਦੂਧੁ ਕਟੋਰੈ; ਗਡਵੈ ਪਾਨੀ ॥ ਕਪਲ ਗਾਇ; ਨਾਮੈ ਦੁਹਿ ਆਨੀ ॥੧॥

ਕਟੋਰੈ = ਕੌਲੇ ਵਿਚ ਦੁੱਧ ਅਤੇ ਗਡਵੈ = ਗੜਵੇ ਵਿਚ ਪਾਣੀ ਪਾ ਲਿਆ। ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਮੈਂ ਕਪਲ ਗਾਇ = ਕਾਲੇ ਰੰਗ ਦੇ ਥਣਾਂ ਵਾਲੀ ਗਾਂ ਦੁਹਿ = ਚੋ ਕੇ ਆਨੀ = ਲਿਆਉਣਾ ਕੀਤੀ ॥੧॥

## ਦੂਧੁ ਪੀਉ; ਗੋਬਿੰਦੇ ਰਾਇ ॥ ਦੂਧੁ ਪੀਉ; ਮੇਰੋ ਮਨੁ ਪਤੀਆਇ ॥

ਮੈਂ ਮੰਦਰ ਵਿਚ ਠਾਕੁਰਾਂ ਅੱਗੇ ਬੇਨਤੀ ਕੀਤੀ ਕਿ ਹੇ ਰਾਇ = ਰਾਜਾ ਰੂਪ ਗੋਬਿੰਦੇ = ਪਰਮਾਤਮਾ ! ਮੇਰਾ ਲਿਆਂਦਾ ਹੋਇਆ ਦੁੱਧ ਪੀਉ = ਪੀਣਾ ਕਰੋ। ਜੇਕਰ ਤੁਸੀਂ ਦੁੱਧ ਪੀਉ = ਪੀਣਾ ਕਰੋਗੇ ਤਾਂ ਮੇਰੋ = ਮੇਰਾ ਮਨ ਪਤੀਆਇ = ਪਤੀਜ ਜਾਵੇਗਾ, ਭਾਵ ਮੈਨੂੰ ਭਰੋਸਾ ਹੋ ਜਾਵੇਗਾ ਕਿ ਤੁਸੀਂ ਮੇਰੇ ਪਿਤਾ (ਨਾਨਾ) ਜੀ ਤੋਂ ਦੁੱਧ ਪੀਂਦੇ ਹੋ।

## ਨਾਹੀ ਤ; ਘਰ ਕੋ ਬਾਪੁ ਰਿਸਾਇ ॥੧॥ਰਹਾਉ॥

ਨਹੀ ਤ = ਤਾਂ ਮੇਰੇ ਘਰ ਕੋ = ਦਾ ਬਾਪ = ਪਿਤਾ **ਵਾ**: ਨਹੀਂ ਤਾਂ ਘਰ ਨੂੰ ਸੰਭਾਲਣ ਵਾਲੀ ਮੇਰੀ ਮਾਂ ਦਾ ਬਾਪੁ = ਪਿਤਾ ਭਾਵ ਮੇਰਾ ਨਾਨਾ ਮੈਨੂੰ ਰਿਸਾਇ = ਗ਼ੁੱਸੇ ਹੋਵੇਗਾ ਕਿ ਤੂੰ ਦੁੱਧ ਕਿਉਂ ਨਹੀਂ ਪਿਆ ਕੇ ਆਇਆ ॥੧॥ਰਹਾਉ॥

---

੧. 'ਭਗਤਮਾਲ' ਵਿਚ ਨਾਨਾ ਜੀ ਲਿਖਿਆ ਹੋਇਆ ਹੈ।

## ਸੁਇਨ ਕਟੋਰੀ; ਅੰਮ੍ਰਿਤ ਭਰੀ ॥ ਲੈ ਨਾਮੈ; ਹਰਿ ਆਗੈ ਧਰੀ ॥੨॥

ਸੁਇਨ = ਸੋਨੇ ਦੀ ਕਟੋਰੀ ਅੰਮ੍ਰਿਤ ਰੂਪ ਦੁੱਧ ਦੀ ਭਰੀ ਹੋਈ ਹੈ।

ਭਗਤ ਨਾਮੈ = ਨਾਮਦੇਵ ਜੀ ਕਥਨ ਕਰਦੇ ਹਨ ਕਿ ਮੈਂ ਉਹ ਦੁੱਧ ਨਾਲ ਭਰੀ ਕਟੋਰੀ ਲੈ ਕਰਕੇ ਹਰਿ = ਪਰਮਾਤਮਾ ਦੇ ਆਗੈ = ਅੱਗੇ ਧਰੀ = ਰੱਖ ਦਿੱਤੀ ॥੨॥

ਜਦੋਂ ਭਗਤ ਨਾਮਦੇਵ ਜੀ ਦੇ ਇਤਨਾ ਕਹਿਣ ਤੋਂ ਵੀ ਪ੍ਰਭੂ ਨੇ ਦੁੱਧ ਨਾ ਪੀਤਾ ਤਾਂ ਭਗਤ ਜੀ ਨੇ ਹੱਠ ਨਾਲ ਕਿਹਾ ਕਿ ਜੇ ਤੁਸੀਂ ਦੁੱਧ ਨਾ ਪੀਤਾ ਤਾਂ ਮੈਂ ਵੀ ਕੁਝ ਨਹੀਂ ਖਾਵਾਂਗਾ **ਵਾ:** ਭਗਤ ਜੀ ਆਪਣੇ ਪੇਟ ਵਿਚ ਕਟਾਰ ਮਾਰਨ ਲੱਗੇ।

## ਏਕੁ ਭਗਤੁ; ਮੇਰੇ ਹਿਰਦੇ ਬਸੈ ॥ ਨਾਮੇ ਦੇਖਿ; ਨਰਾਇਨੁ ਹਸੈ ॥੩॥

ਤਦੋਂ ਭਗਵਾਨ ਜੀ ਨੇ ਪ੍ਰਗਟ ਹੋ ਕੇ ਕਿਹਾ ਕਿ ਏਕੁ = ਇਕ ਭਗਤ ਹੀ ਤਾਂ ਮੇਰੇ ਹਿਰਦੇ = ਮਨ ਵਿਚ ਬਸੈ = ਵੱਸਦੇ ਹਨ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਨਾਲੇ ਮੇਰੇ ਭੋਲੇ ਸੁਭਾਅ ਨੂੰ ਦੇਖਿ = ਵੇਖ ਵੇਖ ਕੇ ਨਰਾਇਨੁ = ਭਗਵਾਨ ਜੀ ਹਸੈ = ਹੱਸੀ ਜਾਣ।

ਭਗਵਾਨ ਨੇ ਕਿਹਾ ਕਿ ਹੇ ਨਾਮਦੇਵ ! ਪੱਥਰ ਕਦੇ ਦੁੱਧ ਨਹੀਂ ਪੀਂਦੇ। ਭਗਤ ਨਾਮਦੇਵ ਜੀ ਨੇ ਆਪਣੇ ਭੋਲੇ ਭਾਲੇ ਸੁਭਾਅ ਕਾਰਨ ਕਿਹਾ ਕਿ ਜੇਕਰ ਪੱਥਰ ਦੁੱਧ ਨਹੀਂ ਪੀਂਦੇ ਤਾਂ ਪੱਥਰ ਬੋਲਦੇ ਵੀ ਨਹੀਂ ਹੁੰਦੇ, ਹੁਣ ਤੁਸੀਂ ਆਪ ਹੀ ਬੋਲ ਰਹੇ ਹੋ, ਇਸ ਲਈ ਮੇਰਾ ਲਿਆਂਦਾ ਦੁੱਧ ਪੀਣਾ ਕਰੋ, ਤਦੋਂ ਭਗਵਾਨ ਜੀ ਨੇ ਪ੍ਰਸੰਨ ਹੋ ਕੇ ਦੁੱਧ ਪੀਣਾ ਸ਼ੁਰੂ ਕੀਤਾ, ਉਸ ਵੇਲੇ ਨਾਮਦੇਵ ਜੀ ਨੇ ਭਗਵਾਨ ਦੀ ਬਾਂਹ ਫੜ ਲਈ ਅਤੇ ਕਿਹਾ ਕਿ ਮੇਰੇ ਪਿਤਾ (ਨਾਨਾ) ਜੀ ਸੀਤ ਪ੍ਰਸ਼ਾਦ ਵੀ ਛਕਦੇ ਹੁੰਦੇ ਹਨ, ਇਉਂ ਕਟੋਰੀ ਫੜ ਕੇ ਨਾਮਦੇਵ ਜੀ ਨੇ ਆਪਣੇ ਮੂੰਹ ਨੂੰ ਲਾ ਲਈ, ਜਿਸ ਕਰਕੇ ਭਗਤ ਜੀ ਦੀ ਦਿੱਬ ਦ੍ਰਿਸ਼ਟੀ ਜਾਗ ਪਈ, ਸਭ ਥਾਈਂ ਉਸੇ ਦੀ ਜੋਤ ਦ੍ਰਿਸ਼ਟੀ ਆਉਣ ਲੱਗ ਪਈ।

## ਦੂਧੁ ਪੀਆਇ; ਭਗਤੁ ਘਰਿ ਗਇਆ ॥

ਇਸ ਪ੍ਰਕਾਰ ਭਗਵਾਨ ਨੂੰ ਦੂਧੁ = ਦੁੱਧ ਪੀਆਇ = ਪਿਲਾ ਕੇ ਭਗਤ ਨਾਮਦੇਵ ਆਪਣੇ ਘਰ ਨੂੰ ਚਲਾ ਗਿਆ।

[ਅੰਗ ੧੧੬੪]

## ਨਾਮੇ; ਹਰਿ ਕਾ ਦਰਸਨੁ ਭਇਆ ॥੪॥੩॥

ਭਗਤ ਨਾਮੇ = ਨਾਮਦੇਵ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਮੈਨੂੰ ਹਰਿ = ਪਰਮਾਤਮਾ ਕਾ = ਦਾ ਦਰਸਨੁ = ਦੀਦਾਰ ਪ੍ਰਾਪਤ ਭਇਆ = ਹੋਇਆ ॥੪॥੩॥

### ਦੂਸਰਾ ਅਰਥ

**ਦੂਧੁ ਕਟੋਰੈ; ਗਡਵੈ ਪਾਨੀ ॥ ਕਪਲ ਗਾਇ; ਨਾਮੈ ਦੁਹਿ ਆਨੀ ॥੧॥**

ਸ਼ਰਧਾ ਰੂਪੀ ਕਟੋਰੇ ਵਿਚ ਨਿਸ਼ਕਾਮ ਕਰਮਾਂ ਰੂਪੀ ਦੁੱਧ ਅਤੇ ਅੰਤਹਕਰਨ ਰੂਪੀ ਗੜਵੇ ਵਿਚ ਪ੍ਰੇਮ ਰੂਪੀ ਪਾਣੀ ਪਾਉਣਾ ਕੀਤਾ ਹੈ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਬੁੱਧ ਰੂਪੀ ਕਪਲਾ ਗਊ ਕੋਲੋਂ ਨਿਸ਼ਕਾਮ ਕਰਮਾਂ ਰੂਪੀ ਦੁੱਧ ਚੋ ਕੇ ਲਿਆਉਣਾ ਕੀਤਾ ਹੈ ॥੧॥

**ਦੂਧੁ ਪੀਉ; ਗੋਬਿੰਦੇ ਰਾਇ ॥ ਦੂਧੁ ਪੀਉ; ਮੇਰੋ ਮਨੁ ਪਤੀਆਇ ॥**

ਹੇ ਰਾਇ = ਪ੍ਰਕਾਸ਼ ਸਰੂਪ ਗੋਬਿੰਦੇ = ਪਰਮਾਤਮਾ, ਮੇਰਾ ਲਿਆਂਦਾ ਨਿਸ਼ਕਾਮ ਕਰਮਾਂ ਰੂਪੀ ਦੁੱਧ ਪੀਣਾ ਕਰੋ ਭਾਵ ਨਿਸ਼ਕਾਮ ਕਰਮ ਸਕਾਰਥ ਕਰੋ।

ਤੁਸੀਂ ਇਹ ਨਿਸ਼ਕਾਮ ਕਰਮਾਂ ਰੂਪੀ ਦੁੱਧ ਪੀਣਾ ਕਰੋ, ਫੇਰ ਮੇਰੇ ਮਨ ਵਿਚ ਤੁਹਾਡੇ ਉੱਪਰ ਪੂਰਨ ਭਰੋਸਾ ਆ ਜਾਵੇਗਾ।

**ਨਾਹੀ ਤ; ਘਰ ਕੋ ਬਾਪੁ ਰਿਸਾਇ ॥੧॥ਰਹਾਉ॥**

ਨਹੀ ਤਾਂ ਮੇਰੇ ਸਰੀਰ ਰੂਪੀ ਘਰ ਕਾ = ਦਾ ਈਸ਼ਰ ਰੂਪੀ ਪਿਤਾ ਨਰਾਜ਼ ਹੋ ਜਾਵੇਗਾ ਕਿ ਤੂੰ ਬ੍ਰਹਮ ਨੂੰ ਸਿਖਿਅਤ ਨਹੀਂ ਕਰ ਸਕਿਆ ॥੧॥ਰਹਾਉ॥

**ਸੋੁਇਨ ਕਟੋਰੀ; ਅੰਮ੍ਰਿਤ ਭਰੀ ॥ ਲੈ ਨਾਮੈ; ਹਰਿ ਆਗੈ ਧਰੀ ॥੨॥**

ਸ਼ੁੱਧ ਅੰਤਹਕਰਨ ਰੂਪੀ ਕਟੋਰੀ ਨਿਸ਼ਕਾਮ ਕਰਮਾਂ ਰੂਪੀ ਅੰਮ੍ਰਿਤ = ਦੁੱਧ ਨਾਲ ਭਰੀ = ਭਰਨਾ ਕੀਤੀ। ਅਤੇ ਨਾਮੈ = ਨਾਮਦੇਵ ਜੀ ਨੇ ਉਹ ਕਟੋਰੀ ਲੈ ਕਰਕੇ ਪ੍ਰਭੂ ਦੇ ਆਗੇ = ਸਨਮੁਖ ਰੱਖਣਾ ਕੀਤੀ ॥੨॥

**ਏਕੁ ਭਗਤੁ; ਮੇਰੇ ਹਿਰਦੇ ਬਸੈ ॥ ਨਾਮੇ ਦੇਖਿ; ਨਰਾਇਨੁ ਹਸੈ ॥੩॥**

ਇਕ ਪਰਮਾਤਮਾ ਦੇ ਭਗਤ ਹੀ ਮੇਰੇ ਹਿਰਦੇ ਵਿਚ ਵੱਸਦੇ, ਪਿਆਰੇ ਲੱਗਦੇ ਹਨ **ਵਾ:** ਪ੍ਰਭੂ ਨੇ ਸਾਖਸ਼ਾਤ ਹੋ ਕਿਹਾ ਕਿ ਇਕ ਭਗਤ ਹੀ ਮੇਰੇ ਹਿਰਦੇ ਵਿਚ ਵੱਸਦੇ ਹਨ, ਇਉਂ ਨਾਮਦੇਵ ਦੀ ਪ੍ਰੇਮਾ-ਭਗਤੀ ਨੂੰ ਦੇਖ ਕੇ ਪ੍ਰਭੂ ਜੀ ਹੱਸ ਪਏ ॥੩॥

**ਦੂਧੁ ਪੀਆਇ; ਭਗਤੁ ਘਰਿ ਗਇਆ ॥ ਨਾਮੇ; ਹਰਿ ਕਾ ਦਰਸਨੁ ਭਇਆ ॥੪॥੩॥**

ਇਸ ਪ੍ਰਕਾਰ ਨਿਸ਼ਕਾਮ ਕਰਮਾਂ ਰੂਪੀ ਦੁੱਧ ਪਿਲਾ ਕੇ ਭਗਤ ਨਾਮਦੇਵ ਸ੍ਵੈ ਸਰੂਪ ਰੂਪੀ ਘਰ ਵਿਚ ਚਲਾ ਗਿਆ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਇਉਂ ਸਾਨੂੰ ਪਰਮਾਤਮਾ ਦਾ ਦਰਸ਼ਨ ਪ੍ਰਾਪਤ ਹੋਇਆ ॥੪॥੩॥

**ਉਥਾਨਕਾ :** ਜਦੋਂ ਭਗਤ ਨਾਮਦੇਵ ਜੀ ਦਾ ਬਹੁਤ ਪ੍ਰਤਾਪ ਵਧ ਗਿਆ, ਤਦੋਂ ਕੁਝ ਬ੍ਰਾਹਮਣਾਂ ਨੇ ਈਰਖਾ ਕਰਕੇ ਭਗਤ ਜੀ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿੱਤੀ, ਤਦੋਂ ਆਪਣੀ ਅਪਕੀਰਤੀ ਦੇ ਬਚਨ ਸੁਣ ਕੇ ਭਗਤ ਨਾਮਦੇਵ ਜੀ ਜੀਵ ਰੂਪੀ ਇਸਤ੍ਰੀ ਦਾ ਅਲੰਕਾਰ ਬਣਾ ਕੇ ਉਚਾਰਣ ਕਰਦੇ ਹਨ।

## ਮੈ ਬਉਰੀ; ਮੇਰਾ ਰਾਮੁ ਭਤਾਰੁ ॥ ਰਚਿ ਰਚਿ ਤਾ ਕਉ; ਕਰਉ ਸਿੰਗਾਰੁ ॥੧॥

ਹੇ ਭਾਈ! ਮੈਂ ਜੀਵ ਰੂਪੀ ਇਸਤ੍ਰੀ ਸੰਸਾਰ ਵੱਲੋਂ ਬਉਰੀ = ਕਮਲੀ ਹੋ ਗਈ ਹਾਂ **ਵਾ:** ਮੇਰੀ ਚਿੱਤ ਦੀ ਬਿਰਤੀ ਸੰਸਾਰਕਾਰ ਤੋਂ ਕਮਲੀ ਹੋ ਗਈ ਹੈ, ਰਾਮੁ = ਪਰਮਾਤਮਾ ਹੀ ਮੇਰੀ ਰੱਖਿਆ ਕਰਨ ਵਾਲਾ ਮੇਰਾ ਭਤਾਰੁ = ਪਤੀ ਰੂਪ ਹੈ।

ਮੈਂ ਤਾ = ਉਸ ਪ੍ਰਭੂ ਪਤੀ ਕਉ = ਨੂੰ ਪ੍ਰਸੰਨ ਕਰਨ ਲਈ ਸ੍ਰਵਣ, ਮੰਨਣ ਵਿਚ ਰਚਾ ਰਚਾ ਕੇ **ਵਾ:** ਚਿੱਤ ਦੀ ਬਿਰਤੀ ਨੂੰ ਬਿਬੇਕ ਵੈਰਾਗ ਵਿਚ ਰਚਾ ਰਚਾ ਕੇ ਉਸਦੇ ਨਾਮ ਵਿਚ ਲਿਵ ਲਾਉਣ ਰੂਪ ਸ਼ਿੰਗਾਰ ਕਰਉ = ਕਰਦੀ ਹਾਂ ॥੧॥

## ਭਲੇ ਨਿੰਦਉ, ਭਲੇ ਨਿੰਦਉ; ਭਲੇ ਨਿੰਦਉ ਲੋਗੁ ॥

ਹੇ ਭਲੇ ਲੋਗੁ = ਲੋਕੋ! ਮੈਨੂੰ ਨਿੰਦਉ = ਨਿੰਦਣਾ ਕਰੋ, ਭਲੇ = ਭਲੀ ਪ੍ਰਕਾਰ ਮਨ ਬਾਣੀ ਕਰਕੇ ਨਿੰਦਉ = ਨਿੰਦਣਾ ਕਰੋ, ਭਲੇ = ਭਲੀ ਪ੍ਰਕਾਰ ਸਰੀਰ ਕਰਕੇ ਵੀ ਨਿੰਦਉ = ਨਿੰਦਣਾ ਕਰੋ।

## ਤਨੁ ਮਨੁ; ਰਾਮ ਪਿਆਰੇ ਜੋਗੁ ॥੧॥ਰਹਾਉ॥

ਮੈਂ ਆਪਣਾ ਤਨੁ = ਸਰੀਰ ਅਤੇ ਮਨੁ = ਹਿਰਦਾ ਵੀ ਪਿਆਰੇ ਰਾਮ = ਪਰਮਾਤਮਾ ਦੇ ਜੋਗੁ = ਜੋਗਾ ਹੀ ਕਰ ਦਿੱਤਾ ਹੈ, ਭਾਵ ਸਭ ਕੁਝ ਉਸਨੂੰ ਭੇਂਟ ਕਰ ਦਿੱਤਾ ਹੋਇਆ ਹੈ॥੧॥ਰਹਾਉ॥

## ਬਾਦੁ ਬਿਬਾਦੁ; ਕਾਹੂ ਸਿਉ ਨ ਕੀਜੈ ॥ ਰਸਨਾ; ਰਾਮ ਰਸਾਇਨੁ ਪੀਜੈ ॥੨॥

ਹੇ ਭਾਈ ! ਬਾਦੁ = ਚਰਚਾ ਕਰਕੇ ਝਗੜਾ ਅਤੇ ਬਿਬਾਦੁ = ਸਰੀਰ ਕਰਕੇ ਝਗੜਾ **ਵਾ:** ਬਾਦੁ = ਸ੍ਵੈ ਮਤ ਦਾ ਮੰਡਨ ਅਤੇ ਬਿਬਾਦੁ = ਪਰ ਮਤ ਦਾ ਖੰਡਨ **ਵਾ:** ਬਾਦੁ = ਵਿਅਰਥ ਬਿਬਾਦੁ = ਝਗੜੇ ਕਾਹੂ = ਕਿਸੇ ਸਿਉ = ਨਾਲ ਵੀ ਨਾ ਕੀਜੈ = ਕਰੀਏ।

ਆਪਣੀ ਰਸਨਾ = ਜੀਭਾ ਦੁਆਰਾ ਰਸਾਇਨੁ = ਰਸਾਂ ਦੇ ਘਰ ਰਾਮ = ਪਰਮਾਤਮਾ ਦੇ ਨਾਮ ਰਸ ਨੂੰ ਪੀਜੈ = ਪੀਣਾ ਕਰੀਏ॥੨॥

## ਅਬ ਜੀਅ ਜਾਨਿ; ਐਸੀ ਬਨਿ ਆਈ ॥ ਮਿਲਉ ਗੁਪਾਲ; ਨੀਸਾਨੁ ਬਜਾਈ ॥੩॥

ਅਬ = ਹੁਣ ਜੀਅ = ਹਿਰਦੇ ਅੰਦਰ ਪ੍ਰਭੂ ਨੂੰ ਆਪਣਾ ਆਸਰਾ ਜਾਨਿ = ਜਾਣ ਕੇ ਮੇਰੇ ਅੰਦਰ ਐਸੀ = ਅਜਿਹੀ ਪ੍ਰੀਤੀ ਬਣ, ਫੱਬ ਆਈ ਹੈ।

ਕਿ ਮੈਂ ਹੁਣ ਨੀਸਾਨੁ = ਧੌਂਸਾ ਬਜਾਈ = ਵਜਾ ਕੇ ਭਾਵ ਬੇ-ਪਰਵਾਹ ਹੋ ਕੇ **ਵਾ:** ਨਾਮ ਰੂਪੀ ਨਗਾਰਾ ਵਜਾ ਕੇ ਗੁਪਾਲ = ਪ੍ਰਿਥਵੀ ਦੇ ਪਾਲਕ ਪਰਮਾਤਮਾ ਨੂੰ ਮਿਲਉ = ਮਿਲ ਜਾਵਾਂਗੀ॥੩॥

## ਉਸਤਤਿ ਨਿੰਦਾ; ਕਰੈ ਨਰੁ ਕੋਈ ॥ ਨਾਮੇ; ਸ੍ਰੀ ਰੰਗੁ ਭੇਟਲ ਸੋਈ ॥੪॥੪॥

ਹੇ ਭਾਈ! ਭਾਵੇਂ ਕੋਈ ਨਰੁ = ਮਨੁੱਖ ਮੇਰੀ ਉਸਤਤਿ = ਵਡਿਆਈ ਕਰੇ, ਭਾਵੇਂ ਕੋਈ ਨਿੰਦਾ = ਅਪਕੀਰਤੀ ਕਰੇ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਜੋ ਸ੍ਰੀ = ਸ਼ਿਰੋਮਣੀ, ਰੰਗੁ = ਅਨੰਦ ਸਰੂਪ ਪਰਮਾਤਮਾ ਹੈ, ਮੈਨੂੰ ਸੋਈ = ਉਹ ਪ੍ਰਭੂ ਭੇਟਲ = ਮਿਲ ਗਿਆ ਹੈ, ਇਸ ਕਰਕੇ ਮੈਨੂੰ ਉਸਤਤ ਨਿੰਦਿਆ ਦੀ ਕੋਈ ਪਰਵਾਹ ਨਹੀਂ ਹੈ॥੪॥੪॥

**ਉਥਾਨਕਾ :** ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਜੀਵਾਂ ਨੂੰ ਕਰਮਾਂ ਅਨੁਸਾਰ ਪਰਮਾਤਮਾ ਦੇ ਪਰਾਇਣ ਕਥਨ ਕਰਕੇ ਉਸਦੀ ਰਜ਼ਾ ਵਿਚ ਚੱਲਣ ਦੀ ਸਿੱਖਿਆ ਦੇਂਦੇ ਹਨ।

## ਕਬਹੂ; ਖੀਰਿ ਖਾਡ ਘੀਉ ਨ ਭਾਵੈ ॥ ਕਬਹੂ; ਘਰ ਘਰ ਟੂਕ ਮਗਾਵੈ ॥

ਕਬਹੂ = ਕਦੇ ਤਾਂ ਸੁਖ ਵਿਚ ਜੀਵ ਨੂੰ ਖੰਡ ਘਿਉ ਵਾਲੀ ਖੀਰ ਵੀ ਭਾਵੈ = ਚੰਗੀ ਨਹੀਂ ਲੱਗਦੀ **ਵਾ:** ਖੰਡ, ਘਿਉ ਅਤੇ ਖੀਰ ਆਦਿ ਪਦਾਰਥ ਵੀ ਚੰਗੇ ਨਹੀਂ ਲੱਗਦੇ, ਭਾਵ ਪਦਾਰਥਾਂ ਦੀ ਬਹੁਲਤਾ ਕਰਕੇ ਜੀਵ ਤ੍ਰਿਪਤ ਹੋਇਆ ਰਹਿੰਦਾ ਹੈ।

ਕਬਹੂ = ਕਦੇ ਗ਼ਰੀਬੀ ਦੀ ਹਾਲਤ ਵਿਚ ਘਰਾਂ ਘਰਾਂ ਵਿਚ ਟੂਕ = ਟੁੱਕੜ ਮਗਾਵੈ = ਮੰਗਦਾ ਫਿਰਦਾ ਹੈ **ਵਾ:** ਉਸਦੇ ਕਰਮਾਂ ਅਨੁਸਾਰ ਪ੍ਰਭੂ ਉਸ ਤੋਂ ਘਰਾਂ ਘਰਾਂ ਵਿਚ ਟੁੱਕੜ ਮੰਗਾਉਂਦਾ ਹੈ।

## ਕਬਹੂ; ਕੂਰਨੁ ਚਨੇ ਬਿਨਾਵੈ ॥੧॥

ਕਬਹੂ = ਕਦੇ ਕੂਰਨੁ = ਸੂੜ੍ਹੀ ਵਿੱਚੋਂ **ਵਾ:** ਕੂੜੇ ਵਿੱਚੋਂ ਚਨੇ = ਛੋਲਿਆਂ ਦੇ ਦਾਣੇ ਬਿਨਾਵੈ = ਚੁਣਾਉਂਦਾ

ਹੈ, ਭਾਵ ਜੀਵ ਕੂੜੇ ਜਾਂ ਸੂੜੀ ਵਿੱਚੋਂ ਛੋਲੇ ਚੁਣ-ਚੁਣ ਕੇ ਖਾਂਦਾ ਹੈ **ਵਾ**: ਕੂਰਨੁ = ਕਰੜੇ ਸਖ਼ਤ ਚਨੇ ਚੁਣਦਾ, ਚੱਬਦਾ ਹੈ॥੧॥

## ਜਿਉ ਰਾਮੁ ਰਾਖੈ; ਤਿਉ ਰਹੀਐ ਰੇ ਭਾਈ ॥

ਰੇ = ਹੇ ਭਾਈ ! ਜਿਉ = ਜਿਵੇਂ ਰਾਮ = ਪਰਮਾਤਮਾ ਰਾਖੈ = ਰੱਖਣਾ ਕਰੇ, ਤਿਉ = ਤਿਵੇਂ ਉਸਦੀ ਰਜ਼ਾ ਵਿਚ ਰਹੀਐ = ਰਹਿਣਾ ਕਰੀਏ।

## ਹਰਿ ਕੀ ਮਹਿਮਾ; ਕਿਛੁ ਕਥਨੁ ਨ ਜਾਈ ॥੧॥ਰਹਾਉ॥

ਕਿਉਂਕਿ ਉਸ ਹਰਿ = ਪਰਮਾਤਮਾ ਕੀ = ਦੀ ਮਹਿਮਾ = ਵਡਿਆਈ ਕਿਛੁ = ਕੁਝ ਵੀ ਸੰਪੂਰਨ ਤੌਰ ’ਤੇ ਕਥਨ ਨਹੀਂ ਕੀਤੀ ਜਾਈ = ਜਾ ਸਕਦੀ॥੧॥ਰਹਾਉ॥

## ਕਬਹੂ; ਤੁਰੇ ਤੁਰੰਗ ਨਚਾਵੈ ॥ ਕਬਹੂ; ਪਾਇ ਪਨਹੀਓ ਨ ਪਾਵੈ ॥੨॥

ਇਹ ਜੀਵ ਕਬਹੂ = ਕਦੇ ਤੁਰੇ = ਸ਼ੀਘਰ ਚਾਲ ਚੱਲਣ ਵਾਲੇ ਤੁਰੰਗ = ਘੋੜੇ ਨਚਾਵੈ = ਨਚਾਉਂਦਾ ਫਿਰਦਾ ਹੈ, ਅਤੇ

ਕਬਹੂ = ਕਦੇ ਪਾਇ = ਪੈਰਾਂ ਵਿਚ ਪਨਹੀਓ = ਜੁੱਤੀ ਵੀ ਨਹੀਂ ਪਾਵੈ = ਪਾਉਂਦਾ, ਭਾਵ ਪੈਰਾਂ ਲਈ ਜੁੱਤੀ ਵੀ ਨਹੀਂ ਮਿਲਦੀ॥੨॥

## ਕਬਹੂ; ਖਾਟ ਸੁਪੇਦੀ ਸੁਵਾਵੈ ॥ ਕਬਹੂ; ਭੂਮਿ ਪੈਆਰੁ ਨ ਪਾਵੈ ॥੩॥

ਕਬਹੂ = ਕਦੇ ਸੁਪੇਦੀ = ਸਫ਼ੈਦ ਵਿਛਾਉਣਿਆਂ ਵਾਲੇ ਖਾਟ = ਪਲੰਘਾਂ ਉੱਪਰ ਸੁਵਾਵੈ = ਸੁਲਾਉਂਦਾ ਹੈ।

ਕਬਹੂ = ਕਦੇ ਭੂਮਿ = ਧਰਤੀ ਉੱਪਰ ਵਿਛਾਉਣ ਵਾਸਤੇ ਪੈਆਰੁ = ਪਰਾਲੀ ਵੀ ਨਹੀਂ ਪਾਵੈ = ਪਾਉਂਦਾ॥੩॥

## ਭਨਤਿ ਨਾਮਦੇਉ; ਇਕੁ ਨਾਮੁ ਨਿਸਤਾਰੈ ॥
## ਜਿਹ ਗੁਰੁ ਮਿਲੈ; ਤਿਹ ਪਾਰਿ ਉਤਾਰੈ ॥੪॥੫॥

ਭਗਤ ਨਾਮਦੇਵ ਜੀ ਭਨਤਿ = ਉਚਾਰਣ ਕਰਦੇ ਹਨ ਕਿ ਇਕ ਪਰਮਾਤਮਾ ਦਾ ਨਾਮ ਹੀ ਸੰਸਾਰ-ਸਮੁੰਦ੍ਰ ਤੋਂ ਨਿਸਤਾਰੈ = ਉੱਧਾਰ ਕਰਨ ਵਾਲਾ ਹੈ।

ਜਿਹ = ਜਿਸ ਮਨੁੱਖ ਨੂੰ ਉਹ ਨਾਮ ਗੁਰਾਂ ਦੁਆਰਾ ਮਿਲੈ = ਮਿਲ ਜਾਂਦਾ ਹੈ, ਤਿਹ = ਉਸ ਨੂੰ ਇਹ ਨਾਮ ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤੀ ਰੂਪੀ ਕਿਨਾਰੇ ’ਤੇ ਉਤਾਰੈ = ਉਤਾਰ ਦੇਂਦਾ ਹੈ॥੪॥੫॥

**ਉਥਾਨਕਾ :** ਜਿਸ ਵਕਤ ਭਗਤ ਨਾਮਦੇਵ ਜੀ ਆਪਣੇ ਨਗਰ ਨਰਸੀ ਬਾਮਣੀ (ਨਰਸੀ ਨਾਮਦੇਵ) ਤੋਂ ਚੱਲ ਕੇ ਪੰਜਾਬ ਵੱਲ ਆਉਣ ਲੱਗੇ, ਤਦੋਂ ਹਜ਼ੂਰ ਸਾਹਿਬ ਜੀ ਤੋਂ ਤਕਰੀਬਨ ੭੦ ਕੁ ਕਿਲੋਮੀਟਰ ਔਂਡੇ ਸ਼ਹਿਰ ਆਏ, ਉਥੇ ਨਾਗਨਾਥ ਨਾਮ ਦੇ ਮੰਦਰ ਵਿਚ ਗਏ, ਉਸ ਸਮੇਂ ਉਥੇ ਆਰਤੀ ਹੋ ਰਹੀ ਸੀ। ਭਗਤ ਨਾਮਦੇਵ ਜੀ ਵੀ ਆਰਤੀ ਵਿਚ ਖੜ ਕੇ ਛੈਣੇ ਵਜਾਉਣ ਲੱਗ ਪਏ[1]। ਉਥੇ ਖੜੇ ਪਾਂਡਿਆਂ ਨੇ ਭਗਤ ਜੀ

੧. ***ਨੋਟ :*** *ਭਗਤਮਾਲਾ ਜਾਂ ਭਗਤ ਨਾਮਦੇਵ ਜੀ ਦੇ ਜੀਵਨ ਵਿਚ ਵੱਖ-ਵੱਖ ਵਿਦਵਾਨਾਂ ਨੇ ਇਹ ਲਿਖਿਆ ਹੈ ਕਿ ਭਗਤ ਜੀ ਆਪਣੀ ਜੁੱਤੀ ਮੰਦਰ ਦੇ ਵਿਚ ਲੈ ਗਏ ਅਤੇ ਛੈਣਿਆਂ ਦੇ ਭੁਲੇਖੇ ਜੁੱਤੀ ਹੀ ਖੜਕਾਉਣ ਲੱਗ ਪਏ, ਜਿਸ ਤੋਂ ਪਾਂਡਿਆਂ ਨੇ ਭਗਵਾਨ ਦੀ ਨਿਰਾਦਰੀ ਸਮਝ ਕੇ ਭਗਤ ਜੀ ਦਾ ਅਪਮਾਨ ਕੀਤਾ, ਪਰ ਗੁਰਬਾਣੀ ਵਿਚ ਭਗਤ ਨਾਮਦੇਵ ਜੀ ਨੇ ਖ਼ੁਦ ਐਸਾ ਲਿਖਿਆ ਹੈ :* ☛

ਨਾਲ ਈਰਖਾ ਕਰਕੇ ਉਨ੍ਹਾਂ ਕੋਲੋਂ ਛੈਣੇ ਖੋਹ ਲਏ ਅਤੇ ਸੂਦ ਸੂਦ ਕਰਕੇ ਬਾਹਰ ਕੱਢ ਦਿੱਤਾ, ਤਦੋਂ ਭਗਤ ਨਾਮਦੇਵ ਜੀ ਉਸ ਮੰਦਰ ਦੇ ਪਿਛਲੇ ਪਾਸੇ ਜਾ ਕੇ ਬੈਠ ਗਏ ਅਤੇ ਪਰਮਾਤਮਾ ਦੇ ਸਨਮੁਖ ਬੇਨਤੀ ਪੂਰਬਕ ਇਹ ਸ਼ਬਦ ਉਚਾਰਣ ਕੀਤਾ:

## ਹਸਤ ਖੇਲਤ; ਤੇਰੇ ਦੇਹੁਰੇ ਆਇਆ ॥
## ਭਗਤਿ ਕਰਤ ਨਾਮਾ; ਪਕਰਿ ਉਠਾਇਆ ॥੧॥

ਹੇ ਭਗਵਾਨ! ਮੈਂ ਪ੍ਰੇਮ ਦੇ ਖੇਡ ਦੁਆਰਾ ਹਸਤ = ਹੱਸਦਾ ਖੇਲਤ = ਖੇਲਦਾ ਤੇਰੇ ਦੇਹੁਰੇ = ਮੰਦਰ ਵਿਚ ਆਇਆ ਸੀ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ! ਤੇਰੀ ਭਗਤਿ = ਭਗਤੀ ਕਰਤ = ਕਰਦੇ ਹੋਏ ਮੈਨੂੰ ਇਨ੍ਹਾਂ ਪੰਡਤਾਂ ਨੇ ਪਕਰਿ = ਫੜ ਕੇ ਉਠਾਇਆ = ਉਠਾ ਦਿੱਤਾ ॥੧॥

## ਹੀਨੜੀ ਜਾਤਿ ਮੇਰੀ; ਜਾਦਿਮ ਰਾਇਆ ॥

ਹੇ ਜਾਦਿਮ = ਯਾਦਵ ਕੁਲ ਦੇ ਰਾਇਆ = ਰਾਜਾ ਰੂਪ ਭਾਵ ਕ੍ਰਿਸ਼ਨ ਆਦਿ ਰੂਪਾਂ ਨੂੰ ਧਾਰਨ ਵਾਲੇ ਪ੍ਰਭੂ! ਉਹ ਕਹਿੰਦੇ ਹਨ ਕਿ ਮੇਰੀ ਜਾਤਿ = ਜਾਤੀ ਹੀਨੜੀ = ਨੀਵੀਂ, ਤੁਛ ਹੈ।

## ਛੀਪੇ ਕੇ ਜਨਮਿ; ਕਾਹੇ ਕਉ ਆਇਆ ॥੧॥ਰਹਾਉ॥

ਹੇ ਪ੍ਰਭੂ! ਜੇਕਰ ਨੀਵੀਂ ਜਾਤੀ ਵਾਲਾ ਤੇਰੀ ਭਗਤੀ ਨਹੀਂ ਕਰ ਸਕਦਾ ਤਾਂ ਫੇਰ ਮੈਂ ਛੀਪੇ = ਛੀਂਬਿਆਂ ਕੇ = ਦੇ ਜਨਮ ਵਿਚ ਕਾਹੇ = ਕਿਸ ਕਉ = ਵਾਸਤੇ ਆਇਆ, ਭਾਵ ਜੇ ਸ਼ੂਦਰ ਤੇਰੀ ਭਗਤੀ ਨਹੀਂ ਕਰ ਸਕਦਾ ਤਾਂ ਤੂੰ ਮੈਨੂੰ ਸ਼ੂਦਰਾਂ ਦੇ ਘਰ ਵਿਚ ਜਨਮ ਹੀ ਕਿਉਂ ਦਿੱਤਾ ॥੧॥ਰਹਾਉ॥

## ਲੈ ਕਮਲੀ; ਚਲਿਓ ਪਲਟਾਇ ॥ ਦੇਹੁਰੈ ਪਾਛੈ; ਬੈਠਾ ਜਾਇ ॥੨॥

ਜਦੋਂ ਪੰਡਤਾਂ ਨੇ ਭਗਤ ਜੀ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ, ਤਦੋਂ ਭਗਤ ਜੀ ਕਥਨ ਕਰਦੇ ਹਨ ਕਿ ਮੈਂ ਆਪਣੀ ਕਮਲੀ = ਕੰਬਲੀ (ਭੂਰੀ) ਲੈ ਕਰਕੇ ਪਲਟਾਇ = ਮੁੜ ਚਲਿਓ = ਚਲਿਆ ਸੀ **ਵਾ:** ਮੈਂ ਕੰਬਲੀ ਪਲਟਾ ਕੇ ਆਪਣੇ ਉੱਪਰ ਲੈ ਲਈ ਅਤੇ ਦੇਹੁਰੈ = ਮੰਦਰ ਦੇ ਪਾਛੈ = ਪਿਛਲੇ ਪਾਸੇ ਜਾਇ = ਜਾ ਕੇ ਬੈਠਾ = ਬੈਠ ਗਿਆ ॥੨॥

## ਜਿਉ ਜਿਉ ਨਾਮਾ; ਹਰਿ ਗੁਣ ਉਚਰੈ ॥
## ਭਗਤ ਜਨਾਂ ਕਉ; ਦੇਹੁਰਾ ਫਿਰੈ ॥੩॥੬॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਮੈਂ ਜਿਉ ਜਿਉ = ਜਿਵੇਂ ਜਿਵੇਂ ਹਰਿ = ਪਰਮਾਤਮਾ ਦੇ ਗੁਣ ਉਚਰੈ = ਉਚਾਰਣ ਕਰਦਾ ਸੀ।

ਤਿਵੇਂ ਤਿਵੇਂ ਭਗਤ ਜਨਾਂ ਕਉ = ਦੇ ਵਾਸਤੇ ਦੇਹੁਰਾ = ਮੰਦਰ ਫਿਰੈ = ਫਿਰਦਾ ਜਾਂਦਾ ਸੀ, ਭਾਵ ਮੇਰੀ ਬੇਨਤੀ ਸੁਣ ਕੇ ਭਗਵਾਨ ਨੇ ਵੱਡੀਆਂ ਬਾਹਾਂ ਵਾਲਾ ਰੂਪ ਧਾਰਨ ਕੀਤਾ ਅਤੇ ਜਿਥੇ ਮੰਦਰ ਦੇ ਪਿਛਲੇ ਪਾਸੇ

---

☛ **ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ ॥** *(ਰਾਗੁ ਭੈਰਉ, ਅੰਗ ੧੧੬੭)*

**ਆਲਾਵੰਤੀ ਇਹੁ ਭ੍ਰਮੁ ਜੋਹੈ ਮੁਝ ਊਪਰਿ ਸਭ ਕੋਪਿਲਾ ॥**
**ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥** *(ਮਲਾਰ ਨਾਮਦੇਵ ਜੀ, ਅੰਗ ੧੨੯੨)*

ਜਾ ਕੇ ਨਾਮਦੇਵ ਜੀ ਬੈਠੇ ਸਨ, ਭਗਵਾਨ ਨੇ ਉਸ ਮੰਦਰ ਨੂੰ ਘੁਮਾ ਕੇ ਉਸ ਮੰਦਰ ਦਾ ਮੂੰਹ ਨਾਮਦੇਵ ਜੀ ਵੱਲ ਕਰ ਦਿੱਤਾ ਅਤੇ ਹੰਕਾਰੀ ਪਾਂਡਿਆਂ ਵੱਲ ਮੰਦਰ ਦੀ ਪਿੱਠ ਹੋ ਗਈ। ਜੈਸਾ ਕਿ:

**ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥** *(ਮਲਾਰ ਨਾਮਦੇਵ ਜੀ, ਅੰਗ ੧੨੯੨)*

## ਭੈਰਉ ਨਾਮਦੇਉ ਜੀਉ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਰਾਗ ਭੈਰਉ ਦੇ ਅੰਦਰ ਭਗਤ ਨਾਮਦੇਵ ਜੀ ਘਰੁ ੨ = ਦੂਜੇ ਸੁਰਤਾਲ ਅੰਦਰ ਇਹ ਪਾਵਨ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਸੰਸਾਰ ਦੀਆਂ ਅਨੇਕ ਤਰ੍ਹਾਂ ਦੀਆਂ ਉਦਾਹਰਣਾਂ ਦੇ ਕੇ ਪਰਮਾਤਮਾ ਦਾ ਪ੍ਰੇਮ ਪ੍ਰਗਟ ਕਰਦੇ ਹੋਏ ਉਪਦੇਸ਼ ਬਖ਼ਸ਼ਦੇ ਹਨ।

## ਜੈਸੀ; ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ; ਜਲ ਸੇਤੀ ਕਾਜ ॥

ਹੇ ਭਾਈ! ਜੈਸੀ = ਜਿਸ ਪ੍ਰਕਾਰ ਭੂਖੇ = ਭੁੱਖੇ ਮਨੁੱਖ ਦੀ ਅਨਾਜ = ਅੰਨ, ਖਾਣ ਯੋਗ ਪਦਾਰਥਾਂ ਨਾਲ ਪ੍ਰੀਤਿ = ਪ੍ਰੀਤੀ ਹੁੰਦੀ ਹੈ।

ਤ੍ਰਿਖਾਵੰਤ = ਪਿਆਸੇ ਮਨੁੱਖ ਨੂੰ ਜਲ = ਪਾਣੀ ਦੇ ਸੇਤੀ = ਨਾਲ ਹੀ ਕਾਜ = ਕੰਮ ਹੁੰਦਾ ਹੈ।

## ਜੈਸੀ ਮੂੜ; ਕੁਟੰਬ ਪਰਾਇਣ ॥ ਐਸੀ ਨਾਮੇ; ਪ੍ਰੀਤਿ ਨਰਾਇਣ ॥੧॥

ਜੈਸੀ = ਜਿਸ ਪ੍ਰਕਾਰ ਮੂੜ = ਮੂਰਖ ਦੀ ਆਪਣੇ ਕੁਟੰਬ = ਪਰਿਵਾਰ ਦੇ ਪਾਲਣ ਪੋਸ਼ਣ ਲਈ ਪਰਾਇਣ = ਤਤਪਰ ਰਹਿਣ ਦੀ ਪ੍ਰੀਤੀ ਹੈ **ਵਾ:** ਪਰਿਵਾਰ ਦੇ ਪਰਾਇਣ = ਆਸਰੇ ਰਹਿਣ ਦੀ ਪ੍ਰੀਤੀ ਹੈ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਐਸੀ = ਅਜਿਹੀ ਹੀ ਮੇਰੀ ਪ੍ਰੀਤਿ = ਪ੍ਰੀਤੀ ਨਰਾਇਣ = ਪਰਮਾਤਮਾ ਨਾਲ ਲੱਗ ਰਹੀ ਹੈ॥੧॥

## ਨਾਮੇ; ਪ੍ਰੀਤਿ ਨਾਰਾਇਣ ਲਾਗੀ ॥
## ਸਹਜ ਸੁਭਾਇ; ਭਇਓ ਬੈਰਾਗੀ ॥੧॥ਰਹਾਉ ॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਮੇਰੀ ਨਾਰਾਇਣ = ਪਰਮਾਤਮਾ ਦੇ ਨਾਲ ਹੀ ਪ੍ਰੀਤਿ = ਪ੍ਰੀਤੀ ਲਾਗੀ = ਲੱਗ ਰਹੀ ਹੈ।

ਜਿਸ ਕਰਕੇ ਸਹਜ ਸੁਭਾਇ = ਸੁਤੇ-ਸਿੱਧ ਹੀ ਮੇਰਾ ਮਨ ਬੈਰਾਗੀ = ਵੈਰਾਗ ਦੇ ਸਹਿਤ ਭਇਓ = ਹੋ ਗਿਆ ਹੈ॥੧॥ਰਹਾਉ॥

## ਜੈਸੀ; ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ; ਧਨ ਕਾ ਹਿਤਕਾਰੀ ॥

ਹੇ ਭਾਈ! ਜੈਸੀ = ਜਿਸ ਪ੍ਰਕਾਰ ਵਿਭਚਾਰਣ ਨਾਰੀ = ਔਰਤ ਦੀ ਵਿਸ਼ੇ ਭੋਗਾਂ ਕਾਰਨ ਪਰ = ਪਰਾਏ ਪੁਰਖਾ = ਪੁਰਸ਼ ਨਾਲ ਰਤ = ਪ੍ਰੀਤੀ ਹੁੰਦੀ ਹੈ।

ਲੋਭੀ = ਲਾਲਚੀ ਨਰੁ = ਮਨੁੱਖ ਧਨ ਕਾ = ਦਾ ਹਿਤਕਾਰੀ = ਪ੍ਰੇਮੀ ਹੁੰਦਾ ਹੈ।

## ਕਾਮੀ ਪੁਰਖ; ਕਾਮਨੀ ਪਿਆਰੀ ॥ ਐਸੀ; ਨਾਮੇ ਪ੍ਰੀਤਿ ਮੁਰਾਰੀ ॥੨॥

ਜਿਸ ਪ੍ਰਕਾਰ ਕਾਮੀ = ਕਾਮ ਦੇ ਅਧੀਨ ਹੋਏ ਪੁਰਖ ਨੂੰ ਕਾਮਨੀ = ਇਸਤ੍ਰੀ ਪਿਆਰੀ ਲੱਗਦੀ ਹੈ। ਐਸੀ ਹੀ ਮੈਂ ਨਾਮੇ = ਨਾਮਦੇਵ ਦੀ ਮੁਰਾਰੀ = ਪਰਮਾਤਮਾ ਦੇ ਨਾਲ ਪ੍ਰੀਤਿ = ਪ੍ਰੀਤੀ ਹੈ ॥੨॥

## ਸਾਈ ਪ੍ਰੀਤਿ; ਜਿ ਆਪੇ ਲਾਏ ॥ ਗੁਰਪਰਸਾਦੀ; ਦੁਬਿਧਾ ਜਾਏ ॥

ਹੇ ਭਾਈ! ਸਾਈ = ਉਹੋ ਹੀ ਅਸਲ ਪ੍ਰੀਤਿ = ਪ੍ਰੀਤੀ ਹੈ, ਜਿ = ਜਿਹੜੀ ਪਰਮਾਤਮਾ ਆਪੇ = ਆਪ ਹੀ ਆਪਣੇ ਨਾਲ ਲਾਏ = ਲਾਉਣੀ ਕਰਦਾ ਹੈ **ਵਾ:** ਉਹੋ ਹੀ ਪ੍ਰਭੂ ਨਾਲ ਪ੍ਰੀਤੀ ਲਾਉਂਦਾ ਹੈ ਜਿਸਦੀ ਪ੍ਰਭੂ ਆਪ ਆਪਣੇ ਨਾਲ ਲਾਉਣਾ ਕਰਦਾ ਹੈ।

ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਉਸ ਮਨੁੱਖ ਦੇ ਅੰਦਰੋਂ ਦੁਬਿਧਾ = ਦ੍ਵੈਤ ਭ੍ਰਾਂਤੀ ਚਲੀ ਜਾਏ = ਜਾਂਦੀ ਹੈ।

## ਕਬਹੂ ਨ ਤੂਟਸਿ; ਰਹਿਆ ਸਮਾਇ ॥ ਨਾਮੇ ਚਿਤੁ ਲਾਇਆ; ਸਚਿ ਨਾਇ ॥੩॥

ਐਸੀ ਪ੍ਰੀਤੀ ਕਬਹੂ = ਕਦੇ ਵੀ ਤੂਟਸਿ = ਟੁੱਟਦੀ ਨਹੀਂ ਹੈ, ਐਸੀ ਪ੍ਰੀਤੀ ਲਾਉਣ ਵਾਲਾ ਮਨੁੱਖ ਉਸ ਪ੍ਰਭੂ ਦੇ ਪ੍ਰੇਮ ਸਰੂਪ ਵਿਚ ਹੀ ਸਮਾਇ = ਲੀਨ ਹੋਇਆ ਰਹਿੰਦਾ ਹੈ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਮੈਂ ਸੱਚ ਸਰੂਪ ਪਰਮਾਤਮਾ ਦੇ ਨਾਇ = ਨਾਮ ਵਿਚ ਆਪਣੇ ਚਿੱਤ ਨੂੰ ਲਾਇਆ = ਲਾਉਣਾ, ਜੋੜਨਾ ਕੀਤਾ ਹੈ ॥੩॥

## ਜੈਸੀ ਪ੍ਰੀਤਿ; ਬਾਰਿਕ ਅਰੁ ਮਾਤਾ ॥ ਐਸਾ; ਹਰਿ ਸੇਤੀ ਮਨੁ ਰਾਤਾ ॥

ਹੇ ਭਾਈ! ਜੈਸੀ = ਜਿਹੋ ਜਿਹੀ ਪ੍ਰੀਤਿ = ਪ੍ਰੀਤੀ ਬਾਰਿਕ = ਛੋਟੇ ਬੱਚੇ ਅਰੁ = ਅਤੇ ਮਾਤਾ = ਮਾਂ ਦੀ ਹੁੰਦੀ ਹੈ **ਵਾ:** ਮਾਂ ਦੀ ਬੱਚੇ ਨਾਲ ਅਤੇ ਬੱਚੇ ਦੀ ਮਾਂ ਨਾਲ ਪ੍ਰੀਤੀ ਹੁੰਦੀ ਹੈ।

ਐਸਾ = ਅਜਿਹਾ ਹੀ ਪ੍ਰੇਮ ਕਰਕੇ ਹਰਿ = ਪਰਮਾਤਮਾ ਦੇ ਸੇਤੀ = ਨਾਲ ਮੇਰਾ ਮਨੁ = ਹਿਰਦਾ ਰਾਤਾ = ਰੰਗਿਆ, ਤਦਾਕਾਰ ਹੋਇਆ ਹੈ।

## ਪ੍ਰਣਵੈ ਨਾਮਦੇਉ; ਲਾਗੀ ਪ੍ਰੀਤਿ ॥ ਗੋਬਿਦੁ ਬਸੈ; ਹਮਾਰੈ ਚੀਤਿ ॥੪॥੧॥੭॥

ਭਗਤ ਨਾਮਦੇਵ ਜੀ ਪ੍ਰਣਵੈ = ਬੇਨਤੀ ਪੂਰਬਕ ਉਚਾਰਣ ਕਰਦੇ ਹਨ ਕਿ ਮੇਰੀ ਪਰਮਾਤਮਾ ਦੇ ਨਾਲ ਐਸੀ ਪ੍ਰੀਤਿ = ਪ੍ਰੀਤੀ ਲਾਗੀ = ਲੱਗੀ ਹੈ ਕਿ :

ਉਹ ਗੋਬਿਦੁ = ਪ੍ਰਭੂ ਜੀ ਹਮਾਰੈ = ਸਾਡੇ ਚੀਤਿ = ਹਿਰਦੇ ਵਿਚ ਬਸੈ = ਵੱਸਣ ਲੱਗ ਪਏ ਹਨ, ਭਾਵ ਸਾਖਿਆਤਕਾਰ ਹੋ ਗਏ ਹਨ ॥੪॥੧॥੭॥

**ਉਥਾਨਕਾ :** ਜੋ ਮੰਦਕਰਮੀ ਲੋਕ ਭਾਵੇਂ ਅਨੇਕ ਤਰ੍ਹਾਂ ਦੇ ਭੇਖ ਬਣਾ ਕੇ ਵੀ ਰਹਿੰਦੇ ਹੋਣ, ਪਰ ਉਨ੍ਹਾਂ ਨੂੰ ਉਨ੍ਹਾਂ ਦੇ ਕੀਤੇ ਪਾਪਾਂ ਦਾ ਫਲ ਜ਼ਰੂਰ ਮਿਲਦਾ ਹੈ, ਐਸਾ ਸਿਧਾਂਤ ਕਥਨ ਕਰਦੇ ਹੋਏ ਭਗਤ ਨਾਮਦੇਵ ਜੀ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

[ਅੰਗ ੧੧੬੫]

## ਘਰ ਕੀ ਨਾਰਿ; ਤਿਆਗੈ ਅੰਧਾ ॥ ਪਰ ਨਾਰੀ ਸਿਉ; ਘਾਲੈ ਧੰਧਾ ॥

ਅੰਧਾ = ਅਗਿਆਨੀ ਪੁਰਖ ਆਪਣੇ ਘਰ ਕੀ = ਦੀ ਵਿਆਹੁਤਾ ਨਾਰਿ = ਇਸਤ੍ਰੀ ਭਾਵ ਘਰਵਾਲੀ ਨੂੰ ਤਿਆਗੈ = ਛੱਡ ਦਿੰਦਾ ਹੈ।

ਪਰੰਤੂ ਕਾਮ ਦੇ ਅਧੀਨ ਹੋਇਆ ਪਰ = ਪਰਾਈ ਨਾਰੀ = ਇਸਤ੍ਰੀ ਦੇ ਸਿਉ = ਨਾਲ ਕਾਮ ਵਾਸ਼ਨਾ ਦਾ ਧੰਧਾ ਘਾਲੈ = ਪਾਉਣਾ ਕਰਦਾ ਹੈ **ਵਾ**: ਪਰਾਈ ਔਰਤ ਨਾਲ ਧੰਧਾ = ਸੰਬੰਧ ਘਾਲੈ = ਜੋੜਦਾ ਹੈ।

ਉਸ ਮਨੱਖ ਦੀ ਹਾਲਤ ਤਾਂ ਐਸੀ ਹੈ:

## ਜੈਸੇ ਸਿੰਬਲੁ ਦੇਖਿ; ਸੂਆ ਬਿਗਸਾਨਾ ॥ ਅੰਤ ਕੀ ਬਾਰ; ਮੂਆ ਲਪਟਾਨਾ ॥੧॥

ਜੈਸੇ = ਜਿਸ ਪ੍ਰਕਾਰ ਸਿੰਬਲ ਬਿਰਛ ਦੇ ਲਾਲ-ਲਾਲ ਫਲ ਲੱਗੇ ਦੇਖਿ = ਵੇਖ ਕਰਕੇ ਸੂਆ = ਤੋਤਾ ਬਹੁਤ ਬਿਗਸਾਨਾ = ਖ਼ੁਸ਼ ਹੁੰਦਾ ਹੈ।

ਉਸ ਸਿੰਬਲ ਦਾ ਫਲ ਚੀੜ੍ਹਾ ਜਿਹਾ ਹੋਣ ਕਾਰਨ ਜਦੋਂ ਉਸ ਵਿਚ ਆਪਣੀ ਚੁੰਜ ਮਾਰਦਾ ਹੈ, ਤਦੋਂ ਉਸਦੀ ਚੁੰਜ ਉਸ ਵਿਚ ਹੀ ਫਸ ਜਾਂਦੀ ਹੈ ਅਤੇ ਅੰਤ = ਅਖ਼ੀਰ ਕੀ = ਦੀ ਬਾਰ = ਵਾਰੀ ਉਹ ਉਸ ਫਲ ਨਾਲ ਲਪਟਾਨਾ = ਲੰਪਟ, ਚਿੰਬੜਿਆ ਹੋਇਆ ਹੀ ਮੂਆ = ਮਰ ਜਾਂਦਾ ਹੈ।

**ਅਥਵਾ** ਇਸੇ ਪ੍ਰਕਾਰ ਸਿੰਬਲ ਦੇ ਫਲਾਂ ਦੀ ਨਿਆਈਂ ਪਰਾਈਆਂ ਇਸਤ੍ਰੀਆਂ ਦੇ ਲਾਲ, ਸੁਨੱਖੇ ਮੁੱਖ ਵੇਖ ਕੇ ਤੋਤੇ ਦੀ ਨਿਆਈਂ ਵਿਕਾਰੀ ਮਨੁੱਖ ਬਹੁਤ ਖ਼ੁਸ਼ ਹੁੰਦਾ ਹੈ, ਅਤੇ

ਉਨ੍ਹਾਂ ਦੇ ਰੂਪਾਂ ਨੂੰ ਦੇਖਣ ਵਿਚ ਲੰਪਟ ਹੋਇਆ, ਅੰਤ ਦੀ ਵਾਰੀ ਨੂੰ ਵਿਕਾਰਾਂ ਦਾ ਗ੍ਰਸਿਆ ਹੋਇਆ ਦੁਖੀ ਹੋ ਕੇ ਮਰ ਜਾਂਦਾ ਹੈ॥੧॥

## ਪਾਪੀ ਕਾ ਘਰੁ; ਅਗਨੇ ਮਾਹਿ ॥ ਜਲਤ ਰਹੈ; ਮਿਟਵੈ ਕਬ ਨਾਹਿ ॥੧॥ਰਹਾਉ॥

ਪਾਪੀ = ਮੰਦ ਕਰਮੀ ਮਨੁੱਖ ਕਾ = ਦਾ ਘਰ ਤਾਂ ਨਰਕਾਂ ਦੀ ਅਗਨੇ = ਅੱਗ ਮਾਹਿ = ਵਿਚ ਹੁੰਦਾ ਹੈ **ਵਾ**: ਪਾਪੀ ਮਨੁੱਖ ਦਾ ਸਰੀਰ, ਹਿਰਦਾ ਰੂਪੀ ਘਰ ਕਾਮ, ਤ੍ਰਿਸ਼ਨਾ ਦੇ ਵਿਚ ਹੀ ਪਿਆ ਰਹਿੰਦਾ ਹੈ।

ਉਸ ਅੱਗ ਵਿਚ ਹੀ ਜਲਤ = ਸੜਦਾ ਰਹੈ = ਰਹਿੰਦਾ ਹੈ, ਉਹ ਅੱਗ ਕਬ = ਕਦੇ ਵੀ ਮਿਟਵੈ = ਮਿਟਦੀ ਨਾਹਿ = ਨਹੀਂ ਹੈ॥੧॥ਰਹਾਉ॥

## ਹਰਿ ਕੀ ਭਗਤਿ; ਨ ਦੇਖੈ ਜਾਇ ॥ ਮਾਰਗੁ ਛੋਡਿ; ਅਮਾਰਗਿ ਪਾਇ ॥

ਉਹ ਅਗਿਆਨੀ ਮਨੁੱਖ ਹਰਿ = ਪਰਮਾਤਮਾ ਕੀ = ਦੀ ਭਗਤਿ = ਭਗਤੀ ਕਰਨ ਵਾਲੀ ਸਤਿਸੰਗਤ ਨੂੰ ਜਾਇ = ਜਾ ਕੇ ਦੇਖੈ = ਦੇਖਣਾ ਵੀ ਨਹੀਂ ਕਰਦਾ।

ਉਹ ਪਰਮਾਤਮਾ ਦੀ ਭਾਉ-ਭਗਤੀ, ਸਤਿਸੰਗਤ ਦੇ ਸ੍ਰੇਸ਼ਟ ਮਾਰਗੁ = ਰਸਤੇ ਨੂੰ ਛੋਡਿ = ਛੱਡ ਕੇ ਕੁਸੰਗਤ ਰੂਪੀ ਅਮਾਰਗਿ = ਕੁਰਾਹੇ, ਖੋਟੇ ਰਸਤੇ ਪਾਇ = ਪੈਂਦਾ ਹੈ।

## ਮੂਲਹੁ ਭੂਲਾ; ਆਵੈ ਜਾਇ ॥ ਅੰਮ੍ਰਿਤੁ ਡਾਰਿ; ਲਾਦਿ ਬਿਖੁ ਖਾਇ ॥੨॥

ਉਹ ਅਗਿਆਨੀ ਮਨੁੱਖ ਮੂਲਹੁ = ਮੁੱਢ ਰੂਪ ਪਰਮਾਤਮਾ ਤੋਂ ਭੂਲਾ = ਭੁੱਲਿਆ ਹੋਇਆ ਵਾਰ-ਵਾਰ ਜੂਨਾਂ ਵਿਚ ਆਵੈ ਜਾਇ = ਆਉਂਦਾ ਜਾਂਦਾ ਰਹਿੰਦਾ ਹੈ।

ਉਹ ਅੰਮ੍ਰਿਤ ਰੂਪ ਨਾਮ ਨੂੰ ਡਾਰਿ = ਤਿਆਗ ਕੇ ਆਪਣੇ ਅੰਤਹਕਰਨ ਰੂਪੀ ਗੱਡੇ ਉੱਪਰ ਬਿਖੁ = ਵਿਸ਼ਿਆਂ ਦੀ ਵਿਹੁ ਲਾਦਿ = ਲੱਦ ਕੇ ਵਿਸ਼ਿਆਂ ਦੇ ਭੋਗਣ ਰੂਪ ਵਿਹੁ ਖਾਇ = ਖਾਣਾ ਕਰਦਾ ਹੈ॥੨॥

## ਜਿਉ ਬੇਸ੍ਵਾ ਕੇ; ਪਰੈ ਅਖਾਰਾ ॥ ਕਾਪਰੁ ਪਹਿਰਿ; ਕਰਹਿ ਸੀਗਾਰਾ ॥

ਜਿਉ = ਜਿਵੇਂ ਬੇਸ੍ਵਾ = ਵੇਸਵਾ ਕੇ = ਦੇ ਅਖਾਰਾ = ਅਖਾੜਾ, ਤਮਾਸ਼ਾ ਪਰੈ = ਪੈਂਦਾ ਹੈ, ਭਾਵ ਵੇਸਵਾ ਦੇ ਮੁਜਰੇ ਲੱਗਦੇ ਹਨ।

ਉਹ ਵੇਸਵਾ ਸੋਹਣੇ ਕਾਪਰੁ = ਬਸਤ੍ਰਾਂ ਨੂੰ ਪਹਿਰਿ = ਪਹਿਣ ਕੇ ਅਨੇਕ ਤਰ੍ਹਾਂ ਦੇ ਸੀਗਾਰਾ = ਸ਼ਿੰਗਾਰ ਕਰਹਿ = ਕਰਦੀ ਹੈ।

## ਪੂਰੇ ਤਾਲ; ਨਿਹਾਲੇ ਸਾਸ ॥ ਵਾ ਕੇ ਗਲੇ; ਜਮ ਕਾ ਹੈ ਫਾਸ ॥੩॥

ਉਹ ਤਾਲਾਂ ਨੂੰ ਪੂਰੇ = ਪੂਰਦੀ ਹੈ ਅਤੇ ਸਾਸ = ਸੁਰਾਂ ਨੂੰ ਨਿਹਾਲੇ = ਦੇਖਦੀ ਹੈ ਕਿ ਕਿਤੇ ਬੇਸੁਰ ਨਾ ਹੋ ਜਾਵਾਂ **ਵਾ:** ਸੁਰਾਂ ਵੱਲ ਦੇਖਦੀ ਹੈ ਕਿ ਸਾਰੇ ਲੋਕ ਮੇਰੇ ਉੱਪਰ ਮੋਹਿਤ ਹੋ ਜਾਣ **ਵਾ:** ਉਸ ਵੇਸਵਾ ਕੇ = ਦੇ ਗਲੇ ਵਿਚ ਅੰਤ ਨੂੰ ਜਮ = ਜਮਦੂਤਾਂ ਕਾ = ਦਾ ਫਾਸ = ਫਾਹਾ ਹੀ ਪੈਂਦਾ ਹੈ॥੩॥

***ਅਥਵਾ ਉਪਰੋਕਤ ਦੋਵੇਂ ਪੰਗਤੀਆਂ ਦਾ ਦੂਸਰਾ ਅਰਥ :***

ਏਸੇ ਪ੍ਰਕਾਰ ਵੇਸਵਾ ਦੀ ਨਿਆਈਂ ਵਿਭਚਾਰੀ, ਪਖੰਡੀ ਲੋਕਾਂ ਦੇ ਪਾਸ ਭੁਲੱਕੜ ਚੇਲੇ ਚਾਟੜਿਆਂ ਦੇ ਅਖਾੜੇ ਲੱਗੇ ਰਹਿੰਦੇ ਹਨ।

ਅਨੇਕਾਂ ਤਰ੍ਹਾਂ ਦੇ ਭੇਖਾਂ ਰੂਪੀ ਬਸਤਰ ਪਹਿਣ ਕੇ ਤਰਾਟਕ ਸਾਧਨ ਰੂਪ ਸ਼ਿੰਗਾਰ ਕਰਦੇ ਹਨ।

ਮਹਾਂਵਾਕਾਂ ਨੂੰ ਉਚਾਰਣ ਰੂਪ ਤਾਲ ਪੂਰਦੇ ਹਨ ਅਤੇ ਸ੍ਵਾਸਾਂ ਨੂੰ ਦੇਖਦੇ ਹਨ, ਭਾਵ ਲੋਕ-ਦਿਖਾਵਾ ਕਰਦੇ ਹਨ ਕਿ ਸਾਡੇ ਸ੍ਵਾਸ ਦਸਮ ਦੁਆਰ ਵਿਚ ਪਹੁੰਚੇ ਹੋਏ ਹਨ।

ਅੰਤ ਨੂੰ ਉਨ੍ਹਾਂ ਵਿਭਚਾਰੀ ਲੋਕਾਂ ਦੇ ਗਲੇ ਵਿਚ ਜਮਾਂ ਦਾ ਹੀ ਫਾਹਾ ਪੈਂਦਾ ਹੈ॥੩॥

## ਜਾ ਕੇ ਮਸਤਕਿ; ਲਿਖਿਓ ਕਰਮਾ ॥ ਸੋ ਭਜਿ ਪਰਿ ਹੈ; ਗੁਰ ਕੀ ਸਰਨਾ ॥

(**ਭੱਜਿ** ਦਾ ਉਚਾਰਣ ਅੱਧਕ ਸਹਿਤ ਹੈ)

ਜਾ = ਜਿਸ ਕੇ = ਦੇ ਮਸਤਕਿ = ਮੱਥੇ ਉੱਪਰ ਪੂਰਬਲੇ ਸ੍ਰੇਸ਼ਟ ਨਿਸ਼ਕਾਮ ਕਰਮਾਂ ਦਾ ਲੇਖ ਲਿਖਿਓ = ਲਿਖਿਆ ਹੋਇਆ ਹੈ।

ਸੋ = ਉਹ ਮਨੁੱਖ ਭਜਿ = ਦੌੜ ਕਰਕੇ ਗੁਰੂ ਕੀ = ਦੀ ਸਰਨਾ = ਓਟ ਵਿਚ ਪਰਿ = ਪਿਆ ਹੈ।

## ਕਹਤ ਨਾਮਦੇਉ; ਇਹੁ ਬੀਚਾਰੁ ॥
## ਇਨ ਬਿਧਿ ਸੰਤਹੁ; ਉਤਰਹੁ ਪਾਰਿ ॥੪॥੨॥੮॥

ਭਗਤ ਨਾਮਦੇਵ ਜੀ ਕਹਤ = ਕਥਨ ਕਰਦੇ ਹਨ ਕਿ ਅਸੀਂ ਇਸ ਵਿਚਾਰ ਦੇ ਤਾਈਂ ਕਹਿੰਦੇ ਹਾਂ ਕਿ ਗੁਰਾਂ ਦੀ ਸ਼ਰਨ ਵਿਚ ਪੈਣਾ ਕਰੋ।

ਹੇ ਸੰਤਹੁ = ਸੰਤ ਜਨੋਂ ! ਇਨ = ਇਸ ਬਿਧਿ = ਤਰੀਕੇ ਨਾਲ ਸੰਸਾਰ-ਸਮੁੰਦ੍ਰ ਤੋਂ ਪਾਰ ਉਤਰਹੁ = ਉਤਰਨਾ ਕਰੋ॥੪॥੨॥੮॥

**ਉਥਾਨਕਾ :** ਇਸ ਸ਼ਬਦ ਵਿਚ ਭਗਤ ਨਾਮਦੇਵ ਜੀ, ਸਤਿਜੁਗ ਤੇ ਭਗਤ ਪ੍ਰਹਿਲਾਦ ਜੀ ਦੇ ਜੀਵਨ ਦੀ ਸਾਖੀ ਸੁਣਾ ਕੇ ਪਰਮਾਤਮਾ ਉੱਪਰ ਪੂਰਨ ਨਿਸਚਾ ਦ੍ਰਿੜ੍ਹ ਕਰਵਾਉਂਦੇ ਹਨ ਕਿ ਪਰਮਾਤਮਾ ਹਰ ਸਮੇਂ ਆਪਣੇ ਭਗਤਾਂ ਦੀ ਰੱਖਿਆ ਕਰਦਾ ਹੈ।

ਜਿਸ ਸਮੇਂ ਹਰਨਾਖਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਦੈਂਤਾਂ ਦੇ ਗੁਰੂ ਸ਼ੁੱਕ੍ਰਾਚਾਰਯ ਦੇ ਪੁੱਤਰ ਸੰਡਾ ਮਰਕਾ ਕੋਲ ਪੜ੍ਹਨ ਲਈ ਭੇਜਣਾ ਕੀਤਾ, ਉਥੇ ਜਾ ਕੇ ਭਗਤ ਪ੍ਰਹਿਲਾਦ ਜੀ ਭਗਵਾਨ ਦਾ ਭਜਨ ਕਰਨ ਲੱਗ ਪਏ, ਤਦੋਂ ਉਨ੍ਹਾਂ ਨੇ ਪ੍ਰਹਿਲਾਦ ਜੀ ਦੀ ਮਾਤਾ ਕੋਲ ਇਸ ਦੀ ਸ਼ਿਕਾਇਤ ਕੀਤੀ। ਉਥੋਂ ਪ੍ਰਸੰਗ ਸ਼ੁਰੂ ਕਰਦੇ ਹੋਏ ਭਗਤ ਜੀ ਕਥਨ ਕਰਦੇ ਹਨ।

## ਸੰਡਾ ਮਰਕਾ; ਜਾਇ ਪੁਕਾਰੇ ॥ ਪੜੈ ਨਹੀ; ਹਮ ਹੀ ਪਚਿ ਹਾਰੇ ॥

(**ਪੜੈ** ਦਾ ਉਚਾਰਣ ਭਾਰਾ ਹੈ)

ਸੰਡਾ ਅਤੇ ਮਰਕਾ ਦੋਵੇਂ ਪ੍ਰਹਿਲਾਦ ਦੀ ਮਾਤਾ ਕੋਲ ਜਾਇ = ਜਾ ਕੇ ਪੁਕਾਰੇ = ਪੁਕਾਰਣ ਲੱਗੇ ਕਿ :

ਹੇ ਪਟਰਾਣੀ ! ਤੇਰਾ ਪੁੱਤਰ ਪ੍ਰਹਿਲਾਦ ਪੜੈ = ਪੜ੍ਹਦਾ ਨਹੀਂ ਹੈ, ਹਮ = ਅਸੀਂ ਹੀ ਇਸ ਨੂੰ ਪਚਿ = ਕ੍ਰੋਧ ਨਾਲ ਖਪ, ਗ਼ੁੱਸੇ ਹੋ ਹੋ ਕੇ ਹਾਰੇ = ਥੱਕ ਗਏ ਹਾਂ।

## ਰਾਮੁ ਕਹੈ, ਕਰ ਤਾਲ ਬਜਾਵੈ; ਚਟੀਆ ਸਭੈ ਬਿਗਾਰੇ ॥੧॥

ਹੇ ਪਟਰਾਣੀ ! ਇਹ ਤੁਹਾਡਾ ਪੁੱਤਰ ਰਾਮ = ਪਰਮਾਤਮਾ ਦਾ ਨਾਮ ਹੀ ਕਹੈ = ਕਹੀ ਜਾਂਦਾ ਹੈ, ਕਰ = ਹੱਥਾਂ ਨਾਲ ਤਾਲ = ਛੈਣੇ ਬਜਾਵੈ = ਵਜਾਉਣਾ ਕਰਦਾ ਹੈ, ਇਸਨੇ ਪਾਠਸ਼ਾਲਾ ਦੇ ਸਭੈ = ਸਾਰੇ ਚਟੀਆ = ਚੇਲੇ (ਵਿਦਿਆਰਥੀ) ਬਿਗਾਰੇ = ਵਿਗਾੜ ਦਿੱਤੇ ਹਨ, ਭਾਵ ਸਾਰੇ ਦੈਂਤਾਂ ਦੇ ਪੁੱਤਰ ਭਗਤੀ ਵਿਚ ਲਾ ਦਿੱਤੇ ਹਨ ॥੧॥

## ਰਾਮ ਨਾਮਾ; ਜਪਿਬੋ ਕਰੈ ॥ ਹਿਰਦੈ; ਹਰਿ ਜੀ ਕੋ ਸਿਮਰਨੁ ਧਰੈ ॥੧॥ਰਹਾਉ॥

ਇਹ ਪ੍ਰਹਲਾਦ ਤਾਂ ਹਮੇਸ਼ਾਂ ਰਾਮ = ਪਰਮਾਤਮਾ ਦਾ ਨਾਮਾ = ਨਾਮ ਹੀ ਜਪਿਬੋ = ਜਪਣਾ ਕਰੈ = ਕਰਦਾ ਹੈ।

ਅਤੇ ਆਪਣੇ ਹਿਰਦੈ = ਮਨ ਵਿਚ ਹਰਿ = ਪ੍ਰਭੂ ਜੀ ਕੋ = ਦਾ ਸਿਮਰਨੁ = ਚਿੰਤਨ ਧਰੈ = ਧਾਰਨ ਕਰਦਾ ਹੈ ॥੧॥ਰਹਾਉ॥

## ਬਸੁਧਾ ਬਸਿ ਕੀਨੀ ਸਭ ਰਾਜੇ; ਬਿਨਤੀ ਕਰੈ ਪਟਰਾਨੀ ॥

ਤਦੋਂ ਪਟਰਾਨੀ = ਹਰਨਾਖਸ਼ ਦੀ ਘਰ ਵਾਲੀ ਰਾਣੀ ਪ੍ਰਹਿਲਾਦ ਨੂੰ ਕਹਿੰਦੀ ਕਿ ਮੈਂ ਤੇਰੇ ਅੱਗੇ ਬਿਨਤੀ = ਬੇਨਤੀ ਕਰੈ = ਕਰਦੀ ਹਾਂ ਕਿ ਹੇ ਪੁੱਤਰ ! ਤੇਰੇ ਪਿਤਾ ਰਾਜੇ ਹਰਨਾਖਸ਼ ਨੇ ਸਭ = ਸਾਰੀ ਬਸੁਧਾ = ਧਰਤੀ ਹੀ ਆਪਣੇ ਬਸਿ = ਅਧੀਨ ਕੀਨੀ = ਕੀਤੀ ਹੋਈ ਹੈ।

## ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ; ਤਿਨਿ ਤਉ ਅਉਰੈ ਠਾਨੀ ॥੨॥

ਪਰ ਪੂਤੁ = ਪੁੱਤਰ ਪ੍ਰਹਿਲਾਦ ਆਪਣੀ ਮਾਂ ਦਾ ਕਹਿਆ = ਆਖਿਆ ਬਚਨ ਨਹੀ ਮਾਨੈ = ਮੰਨਦਾ, ਤਿਨਿ = ਉਸ ਪ੍ਰਹਿਲਾਦ ਨੇ ਤਉ = ਤਾਂ ਅਉਰੈ = ਹੋਰ ਹੀ (ਵਿਸ਼ਨੂੰ ਭਗਤੀ) ਠਾਨੀ = ਪ੍ਰਪੱਕ ਕੀਤੀ ਹੋਈ ਹੈ **ਵਾ:** ਮਾਂ ਕਹਿੰਦੀ ਹੈ ਕਿ ਹੇ ਪੁੱਤਰ ਪ੍ਰਹਿਲਾਦ ਤੂੰ ਮੇਰਾ ਆਖਾ ਨਹੀਂ ਮੰਨਦਾ, ਪਰ ਤਿਨਿ = ਉਸ (ਤੇਰੇ ਪਿਤਾ) ਨੇ ਤਾਂ ਆਪਣੇ ਮਨ ਵਿਚ ਹੋਰ ਹੀ ਗੱਲ ਠਾਨੀ ਹੋਈ ਹੈ, ਭਾਵ ਤੈਨੂੰ ਮਾਰਨ ਦੀ ਗੱਲ ਕਰਦਾ ਹੈ ॥੨॥

## ਦੁਸਟ ਸਭਾ ਮਿਲਿ ਮੰਤਰ ਉਪਾਇਆ; ਕਰਸਹ ਅਉਧ ਘਨੇਰੀ ॥

ਤਦੋਂ ਦੁਸ਼ਟ ਮੰਤ੍ਰੀ ਆਦਿ ਦੀ ਸਭਾ ਵਿਚ ਮਿਲ ਕਰਕੇ ਹਰਨਾਖਸ਼ ਨੇ ਇਹ ਮੰਤਰ = ਮਤਾ ਉਪਾਇਆ = ਪੈਦਾ ਕੀਤਾ ਕਿ ਇਸਦੀ ਅਉਧ = ਉਮਰ ਘਨੇਰੀ = ਵੱਡੀ ਕਰਸਹ = ਕਰ ਦੇਈਏ, ਭਾਵ ਇਸਨੂੰ ਮਾਰ ਦੇਈਏ। (ਜਿਵੇਂ ਦੀਵਾ ਬੁਝਾਉਣ ਨੂੰ ਦੀਵਾ ਵੱਡਾ ਕਰਨਾ ਬੋਲ ਦੇਂਦੇ ਹਨ, ਉਹੋ ਭਾਵ ਏਥੇ ਸਮਝਣਾ)

## ਗਿਰਿ ਤਰ ਜਲ ਜੁਆਲਾ ਭੈ ਰਾਖਿਓ; ਰਾਜਾ ਰਾਮਿ ਮਾਇਆ ਫੇਰੀ ॥੩॥

ਤਦੋਂ ਪ੍ਰਹਿਲਾਦ ਨੂੰ ਗਿਰਿ = ਪਹਾੜ ਤੋਂ ਤਰ = ਹੇਠਾਂ ਡੇਗਣ, ਜਲ = ਪਾਣੀ ਵਿਚ ਡੋਬਣ ਅਤੇ ਜੁਆਲਾ = ਅੱਗ ਆਦਿ ਵਿਚ ਸਾੜਨ ਦੇ ਭੈ = ਡਰ ਤੋਂ ਭਗਵਾਨ ਨੇ ਰਾਖਿਓ = ਰੱਖਿਆ ਕੀਤੀ,

ਰਾਜਾ = ਪ੍ਰਕਾਸ਼ ਸਰੂਪ ਰਾਮਿ = ਪਰਮਾਤਮਾ ਨੇ ਆਪਣੀ ਮਾਇਆ ਹੀ ਫੇਰੀ = ਫੇਰ ਦਿੱਤੀ, ਭਾਵ ਆਪਣੇ ਭਗਤ ਦੀ ਰੱਖਿਆ ਲਈ ਤੱਤਾਂ ਦੇ ਸੁਭਾਅ ਹੀ ਬਦਲ ਦਿੱਤੇ, ਪਹਾੜ ਰੂੰ ਦੀ ਨਿਆਈਂ ਹੋ ਗਿਆ, ਅੱਗ ਸ਼ਾਂਤ ਕਰ ਦਿੱਤੀ ਆਦਿ ॥੩॥

## ਕਾਢਿ ਖੜਗੁ ਕਾਲੁ ਭੈ ਕੋਪਿਓ; ਮੋਹਿ ਬਤਾਉ ਜੁ ਤੁਹਿ ਰਾਖੈ ॥

ਅਖ਼ੀਰ ਨੂੰ ਹਰਨਾਖਸ਼ ਭੈਦਾਇਕ ਕਾਲ ਦੇ ਸਮਾਨ ਕੋਪਿਓ = ਕ੍ਰੋਧਵਾਨ ਹੋਇਆ ਅਤੇ ਖੜਗੁ = ਕ੍ਰਿਪਾਣ ਕਾਢਿ = ਕੱਢ ਕੇ ਬੋਲਿਆ ਕਿ ਤੂੰ ਮੋਹਿ = ਮੈਨੂੰ ਬਤਾਉ = ਦੱਸਣਾ ਕਰ, ਜੁ = ਜਿਹੜਾ ਤੈਨੂੰ ਹੁਣ ਮਰਣ ਤੋਂ ਬਚਾ ਕੇ ਰਾਖੈ = ਰੱਖਣਾ ਕਰੇ।

## ਪੀਤ ਪੀਤਾਂਬਰ ਤ੍ਰਿਭਵਣ ਧਣੀ; ਥੰਭ ਮਾਹਿ ਹਰਿ ਭਾਖੈ ॥੪॥

ਜੋ ਪੀਤ = ਪ੍ਰੀਤੀ ਰੂਪੀ (ਪੀਤ+ਅੰਬਰ) ਪੀਤ = ਪੀਲੇ ਅੰਬਰ = ਬਸਤ੍ਰ ਨੂੰ ਧਾਰਨ ਵਾਲਾ ਵਿਸ਼ਨੂੰ ਰੂਪ ਅਤੇ ਤ੍ਰਿਭਵਣ = ਤਿੰਨੇ ਲੋਕਾਂ ਦਾ ਧਣੀ = ਮਾਲਕ ਹੈ, ਪ੍ਰਹਿਲਾਦ ਨੇ ਇਹ ਭਾਖੈ = ਉਚਾਰਣ ਕਰ ਦਿੱਤਾ ਕਿ ਉਹ ਹਰਿ = ਹਰੀ ਇਸ ਥੰਭ = ਥਮਲੇ ਦੇ ਮਹਿ = ਵਿਚ ਵੀ ਵਿਆਪਕ ਹੈ **ਵਾ:** ਇਸ ਭਾਖੈ = ਭਖਦੇ ਹੋਏ ਥੰਭ ਵਿਚ ਵੀ ਵੱਸ ਰਿਹਾ ਹੈ ॥੪॥

## ਹਰਨਾਖਸੁ ਜਿਨਿ ਨਖਹ ਬਿਦਾਰਿਓ; ਸੁਰਿ ਨਰ ਕੀਏ ਸਨਾਥਾ ॥

ਤਦੋਂ ਉਸ ਥੰਭ ਵਿੱਚੋਂ ਨਰ ਸਿੰਘ ਰੂਪ ਵਿਚ ਨਿਕਲ ਕੇ ਜਿਨਿ = ਜਿਸ ਪ੍ਰਭੂ ਨੇ ਹਰਨਾਖਸ਼ ਨੂੰ ਆਪਣੇ ਨਖਹ = ਨੌਹਾਂ ਨਾਲ ਬਿਦਾਰਿਓ = ਨਾਸ਼ ਕਰ ਦਿੱਤਾ, ਫੇਰ ਸੁਰਿ = ਦੇਵਤੇ ਅਤੇ ਨਰ = ਮਨੁੱਖ ਸਨਾਥਾ = ਕਲਿਆਣ ਦੇ ਸਹਿਤ ਕੀਏ = ਕੀਤੇ। ਇਉਂ ਪਰਮਾਤਮਾ ਨੇ ਆਪਣੇ ਪਿਆਰੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ ਅਤੇ ਅੱਚਲ ਰਾਜ ਬਖ਼ਸ਼ਿਸ਼ ਕੀਤਾ।

## ਕਹਿ ਨਾਮਦੇਉ ਹਮ ਨਰਹਰਿ ਧਿਆਵਹਿ;
## ਰਾਮੁ ਅਭੈ ਪਦ ਦਾਤਾ ॥੫॥੩॥੯॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਇਸ ਲਈ ਹਮ = ਅਸੀਂ ਵੀ ਉਸ ਨਰਹਰਿ = ਨਰਾਂ ਨੂੰ ਹਰੇ ਭਰੇ ਕਰਨ ਵਾਲੇ ਪਰਮਾਤਮਾ ਨੂੰ ਧਿਆਵਹਿ = ਆਰਾਧਦੇ ਹਾਂ ਜੋ ਰਾਮ = ਪਰਮਾਤਮਾ ਅਭੈ = ਨਿਰਭੈਤਾ ਦੀ ਪਦ = ਪਦਵੀ ਨੂੰ ਦਾਤਾ = ਦੇਣ ਵਾਲਾ ਹੈ ॥੫॥੩॥੯॥

**ਉਥਾਨਕਾ :** ਇਕ ਵਾਰ ਭਗਤ ਨਾਮਦੇਵ ਜੀ ਮਸਾਣਾਂ ਨੂੰ ਜਾਂਦੇ ਰਸਤੇ ਵਿਚ ਬੈਠੇ ਸਿਮਰਨ ਕਰ ਰਹੇ ਸਨ ਅਤੇ ਨਿਰਭੈਤਾ ਦਾ ਨਿਸਚਾ ਦਿਖਾ ਰਹੇ ਸਨ। ਇਤਨੇ ਚਿਰ ਨੂੰ ਭਗਤ ਜੈਦੇਵ ਜੀ ਦੀ ਪਤਨੀ ਪਦਮਾਵਤੀ ਆਪਣੇ ਪਤੀ ਦੀ ਲਾਸ਼ ਨਾਲ ਸਤੀ ਹੋਣ ਲਈ ਆ ਰਹੀ ਸੀ, ਭਗਤ ਜੈਦੇਵ ਜੀ ਦਾ ਸਰੀਰ ਕੁਝ ਆਦਮੀਆਂ ਨੇ ਚੁੱਕਿਆ ਹੋਇਆ ਸੀ। ਜਦੋਂ ਪਦਮਾਵਤੀ ਨੇ ਰਸਤੇ ਵਿਚ ਭਗਤ ਨਾਮਦੇਵ ਜੀ ਨੂੰ ਸਮਾਧੀ ਲਾਈ ਦੇਖਿਆ, ਤਦੋਂ ਉਸਨੇ ਸੋਚਿਆ ਕਿ ਹੁਣ ਚਿਖਾ ਉੱਪਰ ਤਾਂ ਬੈਠ ਹੀ ਜਾਣਾ ਹੈ, ਚਲੋ ਜਨਮ ਸਫਲ ਕਰਨ ਲਈ ਇਨ੍ਹਾਂ ਮਹਾਂਪੁਰਖਾਂ ਦੇ ਚਰਨੀਂ ਮੱਥਾ ਟੇਕ ਆਵਾਂ। ਇਹ ਵਿਚਾਰ ਕਰਕੇ ਇਸ ਨੇ ਭਗਤ ਨਾਮਦੇਵ ਜੀ ਦੇ ਚਰਨਾਂ ਵਿਚ ਨਮਸ਼ਕਾਰ ਕੀਤੀ, ਭਗਤ ਨਾਮਦੇਵ ਜੀ ਨੇ ਨੇਤ੍ਰ ਖੋਲ੍ਹੇ ਅਤੇ ਸਾਹਮਣੇ ਚੰਗੇ ਬਸਤ੍ਰ ਪਹਿਨੀ ਹੋਈ ਅਤੇ ਹੱਥ ਵਿਚ ਨਾਰੀਅਲ ਆਦਿ ਪਕੜੀ ਹੋਈ ਨੂੰ ਦੇਖ ਕੇ ਬਚਨ ਕਰ ਦਿੱਤੇ ਕਿ ਸਦਾ ਸੁਹਾਗਣ ਰਹੋ। ਇਹ ਸੁਣ ਕੇ ਪਦਮਾਵਤੀ ਨੇ ਕਿਹਾ ਕਿ ਤੁਸੀਂ ਪਰਮਾਤਮਾ ਦੇ ਭਗਤ ਹੋ, ਤੁਹਾਡਾ

ਕਿਹਾ ਬੋਲ ਵਿਅਰਥ ਨਹੀਂ ਜਾਣਾ ਚਾਹੀਦਾ, ਭਗਤ ਨਾਮਦੇਵ ਜੀ ਨੇ ਕਿਹਾ ਬੀਬੀ! ਕੀ ਗੱਲ ਹੈ! ਤਦੋਂ ਪਦਮਾਵਤੀ ਨੇ ਕਿਹਾ ਕਿ ਮਹਾਰਾਜ! ਮੇਰਾ ਪਤੀ ਗੁਜ਼ਰ ਚੁੱਕਾ ਹੈ ਅਤੇ ਮੈਂ ਆਪਣੇ ਪਤੀ ਨਾਲ ਸਤੀ ਹੋਣ ਲਈ ਜਾ ਰਹੀ ਹਾਂ, ਹੁਣ ਤੁਸੀਂ ਮੈਨੂੰ ਸੁਹਾਗਣ ਰਹਿਣ ਦਾ ਅਸ਼ੀਰਵਾਦ ਦਿੱਤਾ ਹੈ, ਇਸ ਲਈ ਤੁਸੀਂ ਮੈਨੂੰ ਸੁਹਾਗਵੰਤੀ ਬਣਾਉ। ਭਗਤ ਜੈਦੇਵ ਜੀ ਦਾ ਮੁਰਦਾ ਸਰੀਰ ਵੀ ਲਿਆ ਕੇ ਭਗਤ ਨਾਮਦੇਵ ਜੀ ਦੇ ਪਾਸ ਰੱਖ ਦਿੱਤਾ।

ਭਗਤ ਨਾਮਦੇਵ ਜੀ ਨੇ ਦਿਲ ਵਿਚ ਪਛਤਾਵਾ ਕੀਤਾ ਕਿ ਜੇਕਰ ਚੁੱਪ ਹੀ ਰਹਿੰਦਾ ਤਾਂ ਠੀਕ ਸੀ। ਤਦੋਂ ਪਰਮਾਤਮਾ ਦੀ ਓਟ ਲੈ ਕੇ ਜੈਦੇਵ ਜੀ ਦੇ ਮੁਖ ਵਿਚ ਪਾਣੀ ਪਾਇਆ ਤਾਂ ਉਹ ਉੱਠ ਕੇ ਬੈਠ ਗਿਆ, ਉਨ੍ਹਾਂ ਦੋਨਾਂ ਨੇ ਭਗਤ ਨਾਮਦੇਵ ਜੀ ਨੂੰ ਨਮਸਕਾਰ ਕੀਤੀ। ਭਗਤ ਨਾਮਦੇਵ ਜੀ ਨੇ ਉਨ੍ਹਾਂ ਨੂੰ ਪਰਮਾਤਮਾ ਦੀ ਭਗਤੀ ਕਰਨ ਦੀ ਪ੍ਰੇਰਨਾ ਕੀਤੀ, ਤਦੋਂ ਉਨ੍ਹਾਂ ਨੇ ਪਰਮਾਤਮਾ ਦੀ ਭਗਤੀ ਕਰਕੇ ਬਹੁਤ ਉੱਚਾ ਜੀਵਨ ਬਣਾਇਆ। ਇਹ ਗੱਲ ਲੋਕਾਂ ਵਿਚ ਆਮ ਫੈਲ ਗਈ ਕਿ ਨਾਮਦੇਵ ਮੋਏ ਹੋਏ ਮਨੁੱਖ ਜਿਊਂਦੇ ਕਰ ਦੇਂਦਾ ਹੈ।

ਇਕ ਦਿਨ ਬਾਦਸ਼ਾਹ ਸਲੇਮਸ਼ਾਹ ਦੇ ਤਬੇਲੇ ਵਿਚ ਇਕ ਬਹੁਤ ਪਿਆਰੀ ਗਊ ਬਿਮਾਰ ਹੋ ਗਈ। ਭਗਤ ਜੀ ਨਾਲ ਕਾਜ਼ੀ ਮੁਲਾਣੇ ਵੀ ਈਰਖਾ ਕਰਦੇ ਸਨ, ਉਨ੍ਹਾਂ ਨੇ ਕਿਹਾ ਕਿ ਸਾਡੇ ਪਾਸ ਭਗਤ ਨਾਮਦੇਵ ਨੂੰ ਡੰਡ ਦਿਵਾਉਣ ਦਾ ਹੁਣ ਮੌਕਾ ਹੈ ਅਸੀਂ ਉਂਞ ਵੀ ਤਾਂ ਇਹ ਗਊ ਹਲਾਲ ਕਰ ਹੀ ਦੇਣੀ ਹੈ ਕਿਉਂ ਨਾ ਅਸੀਂ ਇਸਨੂੰ ਬਿਸਮਿਲ ਕਰਕੇ ਰਾਜੇ ਪਾਸ ਇਹ ਕਹਿ ਦੇਈਏ ਕਿ ਨਾਮਦੇਵ ਮੋਏ ਹੋਇਆਂ ਨੂੰ ਜਿਉਂਦੇ ਕਰ ਦੇਂਦਾ ਹੈ, ਤੂੰ ਉਸਨੂੰ ਬੁਲਾ ਕੇ ਆਪਣੀ ਗਊ ਜਿਊਂਦੀ ਕਰਵਾ ਲੈ। ਜੇਕਰ ਉਹ ਨਾ ਮੰਨਿਆ ਤਾਂ ਉਸਨੂੰ ਮੁਸਲਮਾਨ ਬਣਾ ਲਵੀਂ।

ਉਨ੍ਹਾਂ ਕਾਜ਼ੀ ਮੁਲਾਣਿਆਂ ਨੇ ਏਸੇ ਪ੍ਰਕਾਰ ਹੀ ਕੀਤਾ। ਬਾਦਸ਼ਾਹ ਨੇ ਨਾਮਦੇਵ ਜੀ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਅਤੇ ਬਹੁਤ ਹੰਕਾਰ ਨਾਲ ਕਿਹਾ ਕਿ ਤੈਨੂੰ ਅੱਠ ਘੜੀਆਂ ਦਾ ਸਮਾਂ ਦੇਂਦੇ ਹਾਂ ਜਾਂ ਤਾਂ ਇਹ ਬਿਸਮਿਲ (ਕੋਹੀ ਹੋਈ) ਗਊ ਜਿਊਂਦੀ ਕਰ ਜਾਂ ਮੁਸਲਮਾਨ ਬਣ, ਨਹੀਂ ਤਾਂ ਕਤਲ ਕਰ ਦਿੱਤਾ ਜਾਵੇਂਗਾ। ਸੋ ਏਸੇ ਸਾਰੇ ਪ੍ਰਸੰਗ ਨੂੰ ਭਗਤ ਨਾਮਦੇਵ ਜੀ ਆਪਣੇ ਪ੍ਰੇਮੀਆਂ ਦੇ ਪੁੱਛਣ ਤੋਂ ਦੱਸਦੇ ਹਨ **ਵਾ:** ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਭਾਈ ਗੁਰਦਾਸ ਆਦਿ ਸਿੱਖਾਂ ਨੂੰ ਭਗਤ ਨਾਮਦੇਵ ਜੀ ਦਾ ਸ਼ਬਦ ਸੁਣਾਉਂਦੇ ਹਨ।

## ਸੁਲਤਾਨੁ ਪੂਛੈ; ਸੁਨੁ ਬੇ ਨਾਮਾ ॥ ਦੇਖਉ; ਰਾਮੁ ਤੁਮ੍ਹਾਰੇ ਕਾਮਾ ॥੧॥

ਹੇ ਭਾਈ! ਸੁਲਤਾਨ = ਬਾਦਸ਼ਾਹ ਹੰਕਾਰ ਨਾਲ ਮੇਰੇ ਕੋਲੋਂ ਪੂਛੈ = ਪੁੱਛਦਾ ਹੈ। ਨਿਰਾਦਰੀ ਨਾਲ ਕਹਿੰਦਾ ਹੈ ਕਿ ਬੇ = ਹੇ ਨਾਮਾ = ਨਾਮਦੇਵ! ਮੇਰੀ ਗੱਲ ਸੁਨੁ = ਸੁਣਨਾ ਕਰ।

ਤੂੰ ਮੁਰਦਿਆਂ ਨੂੰ ਜਿਊਂਦੇ ਕਰ ਦੇਂਦਾ ਹੈਂ, ਮੈਂ ਕਿਹਾ ਕਿ ਨਹੀਂ ਜੀ! ਮੇਰਾ ਰਾਮ ਹੀ ਜੀਵਨ ਦਾਨ ਦੇਣ ਵਾਲਾ ਤੇ ਮਾਰਨ ਵਾਲਾ ਹੈ। ਫੇਰ ਉਸਨੇ ਕਿਹਾ ਕਿ ਮੈਂ ਤੁਮ੍ਹਾਰੇ = ਤੇਰੇ ਰਾਮੁ = ਪਰਮਾਤਮਾ ਦੇ ਕਾਮਾ = ਕੰਮ ਦੇਖਉ = ਦੇਖਣਾ ਚਾਹੁੰਦਾ ਹਾਂ ॥੧॥

## ਨਾਮਾ; ਸੁਲਤਾਨੇ ਬਾਧਿਲਾ ॥ ਦੇਖਉ; ਤੇਰਾ ਹਰਿ ਬੀਠੁਲਾ ॥੧॥ਰਹਾਉ॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਮੈਨੂੰ ਸੁਲਤਾਨੇ = ਬਾਦਸ਼ਾਹ ਨੇ ਬਾਧਿਲਾ = ਬੰਨ੍ਹ ਲਿਆ ਅਤੇ ਕਿਹਾ ਕਿ :

ਮੈਂ ਦੇਖਉ = ਦੇਖਦਾ ਹਾਂ ਤੇਰਾ ਬੀਠੁਲਾ = ਬਿੱਠਲ (ਉਤਪਤੀ, ਇਸਥਿਤੀ, ਲੈਤਾ ਕਰਨ ਵਾਲਾ) ਹਰਿ = ਪਰਮਾਤਮਾ ਤੈਨੂੰ ਕਿਵੇਂ ਬਚਾਉਂਦਾ ਹੈ ॥੧॥ਰਹਾਉ॥

## ਬਿਸਮਿਲਿ ਗਊ; ਦੇਹੁ ਜੀਵਾਇ ॥
## ਨਾ ਤਰੁ; ਗਰਦਨਿ ਮਾਰਉ ਠਾਂਇ ॥੨॥

ਹੇ ਨਾਮਦੇਵ! ਇਹ ਸਾਡੀ ਬਿਸਮਿਲਿ = ਜਿਬਹਿ, ਮਰੀ ਹੋਈ ਗਊ = ਗਾਂ ਜੀਵਾਇ = ਜਿਊਂਦੀ ਕਰ ਦੇਹੁ = ਦੇਹ।

ਨਾ ਤਰ = ਨਹੀ ਤਾਂ ਤੈਨੂੰ ਗਰਦਨਿ = ਧੌਣ ਤੋਂ ਫੜ ਕੇ ਏਸੇ ਠਾਂਇ = ਥਾਂ ਹੀ ਮਾਰਉ = ਮਾਰ ਦੇਵਾਂਗੇ **ਵਾ**: ਗਰਦਨਿ ਮਾਰਉ = ਤਲਵਾਰ ਆਦਿ ਸ਼ਸਤਰ ਨਾਲ ਤੇਰਾ ਸਿਰ ਵੱਢ ਦੇਵਾਂਗੇ ॥੨॥

## ਬਾਦਿਸਾਹ; ਐਸੀ ਕਿਉ ਹੋਇ ॥ ਬਿਸਮਿਲਿ ਕੀਆ; ਨ ਜੀਵੈ ਕੋਇ ॥੩॥

ਮੈਂ ਕਿਹਾ ਕਿ ਹੇ ਬਾਦਸ਼ਾਹ! ਐਸੀ = ਅਜਿਹੀ ਗੱਲ ਕਿਉ = ਕਿਵੇਂ ਹੋਇ = ਹੋ ਸਕਦੀ ਹੈ।

ਬਿਸਮਿਲਿ = ਜਿਬਹਿ ਕੀਆ = ਕੀਤਾ ਭਾਵ ਪਰਮਾਤਮਾ ਦਾ ਮਾਰਿਆ ਹੋਇਆ ਕੋਇ = ਕੋਈ ਵੀ ਜੀਵੈ = ਜਿਊਂਦਾ ਨਹੀਂ ਹੁੰਦਾ ॥੩॥

ਤਦੋਂ ਬਾਦਸ਼ਾਹ ਨੇ ਕਿਹਾ ਕਿ ਜਿਵੇਂ ਤੂੰ ਪਹਿਲਾਂ ਬਾਮ੍ਹਣਾਂ ਦੇ ਪੁੱਤ ਮੁਰਦੇ ਨੂੰ ਜਿਊਂਦਾ ਕੀਤਾ ਸੀ, ਉਵੇਂ ਇਹ ਗਾਂ ਵੀ ਜਿਊਂਦੀ ਕਰ, ਫੇਰ ਮੈਂ ਕਿਹਾ:

## ਮੇਰਾ ਕੀਆ; ਕਛੂ ਨ ਹੋਇ ॥ ਕਰਿ ਹੈ ਰਾਮੁ; ਹੋਇ ਹੈ ਸੋਇ ॥੪॥

ਹੇ ਬਾਦਸ਼ਾਹ! ਮੇਰਾ ਕੀਆ = ਕੀਤਾ ਹੋਇਆ ਕਛੂ = ਕੁਝ ਵੀ ਨਹੀਂ ਹੋਇ = ਹੋ ਸਕਦਾ।

ਜੋ ਕੁਝ ਮੇਰਾ ਰਾਮ = ਪਰਮਾਤਮਾ ਕਰਿ ਹੈ = ਕਰਦਾ ਹੈ, ਸੋਇ = ਉਹੋ ਕੁਝ ਹੀ ਹੋਇ = ਹੁੰਦਾ ਹੈ ॥੪॥

## ਬਾਦਿਸਾਹੁ; ਚੜਿ੍ਓ ਅਹੰਕਾਰਿ ॥ ਗਜ ਹਸਤੀ; ਦੀਨੋ ਚਮਕਾਰਿ ॥੫॥

ਇਹ ਗੱਲ ਸੁਣ ਕੇ ਬਾਦਸ਼ਾਹ ਨੂੰ ਬਹੁਤ ਅਹੰਕਾਰਿ = ਅਭਿਮਾਨ ਚੜਿਓ = ਚੜ੍ਹ ਗਿਆ, ਭਾਵ ਬਾਦਸ਼ਾਹ ਹੰਕਾਰ ਵਿਚ ਆਇਆ।

ਅਤੇ ਗਜ ਹਸਤੀ = ਖ਼ੂਨੀ, ਮਸਤ ਹਾਥੀ ਚਮਕਾਰਿ = ਚਮਕਾ ਦੀਨੋ = ਦਿੱਤਾ, ਭਾਵ ਬਾਦਸ਼ਾਹ ਨੇ ਮਹਾਵਤ ਨੂੰ ਹੁਕਮ ਦਿੱਤਾ ਕਿ ਇਸ ਨਾਮਦੇਵ ਨੂੰ ਹਾਥੀ ਦੇ ਪੈਰ ਹੇਠਾਂ ਕੁਚਲ ਦੇਣਾ ਕਰ ॥੫॥

ਇਤਨੇ ਸਮੇਂ ਨੂੰ ਭਗਤ ਨਾਮਦੇਵ ਜੀ ਦੀ ਮਾਤਾ ਵੀ ਆ ਗਈ।

## ਰੁਦਨੁ ਕਰੈ; ਨਾਮੇ ਕੀ ਮਾਇ ॥ ਛੋਡਿ ਰਾਮੁ; ਕੀ ਨ ਭਜਹਿ ਖੁਦਾਇ ॥੬॥

ਭਗਤ ਨਾਮਦੇਵ ਜੀ ਕਥਨ ਕਰ ਰਹੇ ਹਨ ਕਿ ਇਤਨੇ ਨੂੰ ਮੇਰੀ ਨਾਮੇ ਕੀ = ਦੀ ਮਾਇ = ਮਾਂ ਆ ਕੇ ਰੁਦਨੁ = ਵਿਰਲਾਪ ਕਰੈ = ਕਰਨ ਲੱਗ ਪਈ ਅਤੇ ਮੈਨੂੰ ਕਹਿਣ ਲੱਗੀ ਕਿ ਹੇ ਪੁੱਤਰ! ਤੂੰ ਰਾਮ ਨੂੰ ਛੋਡਿ = ਛੱਡ ਕਰਕੇ ਇਨ੍ਹਾਂ ਦੇ ਕਹੇ ਅਨੁਸਾਰ ਖੁਦਾਇ = ਖ਼ੁਦਾ ਖ਼ੁਦਾ ਕੀ = ਕਿਉਂ ਨ = ਨਹੀਂ ਭਜਹਿ = ਸਿਮਰਦਾ, ਕਿਉਂਕਿ ਤੂੰ ਆਪ ਹੀ ਕਹਿੰਦਾ ਹੈਂ ਕਿ ਰਾਮ ਅਤੇ ਖ਼ੁਦਾ ਵਿਚ ਕੋਈ ਫ਼ਰਕ ਨਹੀਂ ਹੈ ॥੬॥

ਭਾਵੇਂ ਭਗਤ ਨਾਮਦੇਵ ਜੀ ਦੀ ਸਮ-ਦ੍ਰਿਸ਼ਟੀ ਹੈ ਕਿ ਸਾਰਿਆਂ ਵਿਚ ਪਰਮਾਤਮਾ ਨੂੰ ਹੀ ਪਰੀਪੂਰਨ ਵਿਆਪਕ ਦੇਖਦੇ ਹਨ, ਪਰ ਹੁਣ ਮੁਸਲਮਾਨ ਜ਼ਬਰਦਸਤੀ ਆਪਣਾ ਈਨ ਮਨਾਉਣਾ ਚਾਹੁੰਦੇ ਸਨ, ਇਸ ਗੱਲ ਨੂੰ ਨਾਮਦੇਵ ਜੀ ਧਰਮ ਅਤੇ ਪਰਮਾਤਮਾ ਦੇ ਹੁਕਮ ਤੋਂ ਉਲਟ ਸਮਝਦੇ ਸਨ, ਤਦੋਂ ਨਾਮਦੇਵ ਜੀ ਨੇ ਉਨ੍ਹਾਂ ਦੀ ਈਨ ਮੰਨਣ ਤੋਂ ਇਨਕਾਰ ਕੀਤਾ ਅਤੇ ਆਪਣੀ ਮਾਤਾ ਜੀ ਨੂੰ ਸਖ਼ਤ ਸ਼ਬਦ ਕਹਿ ਦਿੱਤੇ।

## ਨ ਹਉ ਤੇਰਾ ਪੂੰਗੜਾ; ਨ ਤੂ ਮੇਰੀ ਮਾਇ ॥ ਪਿੰਡੁ ਪੜੈ; ਤਉ ਹਰਿ ਗੁਨ ਗਾਇ ॥੭॥

ਹੇ ਮਾਂ! ਨਾ ਹੀ ਹਉ = ਮੈਂ ਤੇਰਾ ਪੂੰਗੜਾ = ਬੱਚਾ, ਪੁੱਤਰ ਹਾਂ ਅਤੇ ਨਾ ਹੀ ਤੂੰ ਮੇਰੀ ਮਾਇ = ਮਾਂ ਹੈਂ।

ਜੇਕਰ ਮੇਰਾ ਪਿੰਡੁ = ਸਰੀਰ ਪੜੈ = ਡਿੱਗ ਪਵੇ, ਭਾਵ ਨਾਸ਼ ਵੀ ਹੋ ਜਾਵੇ, ਤਉ = ਤਾਂ ਵੀ ਮੈਂ ਹਰਿ = ਪਰਮਾਤਮਾ ਦੇ ਹੀ ਗੁਣ ਗਾਇ = ਗਾਇਨ ਕਰਦਾ ਰਹਾਂਗਾ, ਭਾਵ ਇਨ੍ਹਾਂ ਦੀ ਈਨ ਨਹੀਂ ਮੰਨਾਂਗਾ ਅਤੇ ਆਪਣੇ ਧਰਮ ਵਿਚ ਪ੍ਰਪੱਕ ਰਹਾਂਗਾ ॥੭॥

## ਕਰੈ ਗਜਿੰਦੁ; ਸੁੰਡ ਕੀ ਚੋਟ ॥ ਨਾਮਾ ਉਬਰੈ; ਹਰਿ ਕੀ ਓਟ ॥੮॥

ਤਦੋਂ ਗਜਿੰਦੁ = ਵੱਡਾ ਹਾਥੀ ਆਪਣੀ ਸੁੰਡ ਕੀ = ਦੀ ਚੋਟ = ਸੱਟ ਮਾਰਨਾ ਕਰੈ = ਕਰਦਾ ਸੀ।

ਮੈਂ ਨਾਮਾ = ਨਾਮਦੇਵ ਹਰਿ = ਪਰਮਾਤਮਾ ਕੀ = ਦੀ ਓਟ = ਟੇਕ ਕਰਕੇ ਉਸ ਹਾਥੀ ਦੀ ਚੋਟ ਤੋਂ ਉਬਰੈ = ਬਚ ਜਾਂਦਾ ਸੀ, ਭਾਵ ਹਾਥੀ ਵੀ ਪਰਮਾਤਮਾ ਦੇ ਹੁਕਮ ਵਿਚ ਬੱਝਾ ਸੀ, ਜਿਸ ਕਰਕੇ ਉਹ ਮੈਨੂੰ ਮਾਰ ਨਾ ਸਕਿਆ ॥੮॥

## ਕਾਜੀ ਮੁਲਾਂ; ਕਰਹਿ ਸਲਾਮੁ ॥ ਇਨਿ ਹਿੰਦੂ; ਮੇਰਾ ਮਲਿਆ ਮਾਨੁ ॥੯॥

ਬਾਦਸ਼ਾਹ ਇਹ ਕੌਤਕ ਦੇਖ ਕੇ ਕਹਿਣ ਲੱਗਾ ਕਿ ਮੈਨੂੰ ਵੱਡੇ ਵੱਡੇ ਕਾਜੀ = ਫ਼ੈਸਲੇ ਕਰਨ ਵਾਲੇ (ਜੱਜ) ਅਤੇ ਮੁਲਾਂ = ਵਿੱਦਿਆ ਪੜ੍ਹਾਉਣ ਵਾਲੇ ਮੁਲਾਣੇ ਸਲਾਮਾਂ ਕਰਹਿ = ਕਰਦੇ ਹਨ, ਭਾਵ ਮੇਰੇ ਅੱਗੇ ਝੁਕਦੇ ਹਨ, ਪਰ:

ਇਨਿ = ਇਸ ਹਿੰਦੂ ਨੇ ਮੇਰਾ ਮਾਨੁ = ਸਤਿਕਾਰ ਮਲਿਆ = ਮਲ ਦਿੱਤਾ, ਭਾਵ ਮਿੱਟੀ ਵਿਚ ਮਿਲਾ ਦਿੱਤਾ ਹੈ ਕਿਉਂਕਿ ਨਾ ਹੀ ਇਹ ਮੋਈ ਗਊ ਜਿਊਂਦੀ ਕਰਦਾ ਹੈ ਅਤੇ ਨਾ ਹੀ ਮੁਸਲਮਾਨ ਬਣਦਾ ਹੈ ਫੇਰ ਮੇਰੇ ਮਦਮਸਤ ਹਾਥੀ ਨੇ ਵੀ ਇਸਨੂੰ ਮਾਰਿਆ ਨਹੀਂ ਹੈ ॥੯॥

ਉਸ ਵੇਲੇ ਸ਼ਹਿਰ ਦੇ ਲੋਕ ਇਕੱਠੇ ਹੋ ਕੇ ਕਹਿਣ ਲੱਗੇ ਕਿ:

## ਬਾਦਿਸਾਹ; ਬੇਨਤੀ ਸੁਨੇਹੁ ॥ ਨਾਮੇ ਸਰ ਭਰਿ; ਸੋਨਾ ਲੇਹੁ ॥੧੦॥

ਹੇ ਬਾਦਸ਼ਾਹ! ਸਾਡੀ ਬੇਨਤੀ = ਅਰਜ਼ੋਈ ਸੁਨੇਹੁ = ਸੁਣਨਾ ਕਰ।

ਇਸ ਨਾਮੇ = ਨਾਮਦੇਵ ਦੇ ਭਾਰ ਸਰ = ਬਰਾਬਰ ਭਰਿ = ਭਰ ਕੇ ਭਾਵ ਤੋਲ ਕੇ ਸਾਡੇ ਕੋਲੋਂ ਸੋਨਾ ਭਰ ਲੈਣਾ ਕਰ ॥੧੦॥

[ਅੰਗ ੧੧੬੬]

## ਮਾਲੁ ਲੇਉ; ਤਉ ਦੋਜਕਿ ਪਰਉ ॥ ਦੀਨੁ ਛੋਡਿ; ਦੁਨੀਆ ਕਉ ਭਰਉ ॥੧੧॥

ਅੱਗੋਂ ਬਾਦਸ਼ਾਹ ਨੇ ਕਿਹਾ ਕਿ ਮੈਂ ਇਸ ਨਾਮਦੇਵ ਦੇ ਬਰਾਬਰ ਤੁਹਾਡੇ ਕੋਲੋਂ ਜੇਕਰ ਸੋਨਾ ਆਦਿ ਮਾਲ = ਦੌਲਤ ਲੇਉ = ਲੈਣਾ ਕਰਾਂਗਾ, ਤਉ = ਤਾਂ ਮੈਂ ਦੋਜਕਿ = ਨਰਕਾਂ ਵਿਚ ਪਰਉ = ਪੈ ਜਾਵਾਂਗਾ।[੧]

---

੧. ਮੁਸਲਮਾਨਾਂ ਦੀਆਂ ਕਿਤਾਬਾਂ ਵਿਚ ਲਿਖਿਆ ਹੋਇਆ ਹੈ ਕਿ ਜੇਕਰ ਕਾਫ਼ਰਾਂ ਨੂੰ ਲਾਲਚ ਦੇ ਕੇ ਵੀ ਮੁਸਲਮਾਨ ਬਣਾਇਆ ਜਾਵੇ ਤਾਂ ਭਿਸ਼ਤ ਵਿਚ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਜੇਕਰ ਉਨ੍ਹਾਂ ਤੋਂ ਵੱਢੀ ਲੈ ਕੇ ਛੱਡ ਦੇਈਏ ਤਾਂ ਵੱਢੀ ਲੈਣ ਵਾਲਾ ਦੋਜ਼ਕਾਂ ਨੂੰ ਜਾਂਦਾ ਹੈ।

ਤੁਹਾਡੇ ਆਖੇ ਲੱਗ ਕੇ ਮੈਂ ਆਪਣਾ ਦੀਨ = ਧਰਮ ਛੋਡਿ = ਛੱਡ ਕੇ ਦੁਨੀਆ = ਮਾਇਆ ਕਉ = ਨੂੰ ਆਪਣੇ ਖ਼ਜ਼ਾਨੇ ਵਿਚ ਭਰਉ = ਭਰਨਾ ਹੈ ਭਾਵ ਮੈਨੂੰ ਮਾਇਆ ਦੀ ਲੋੜ ਨਹੀਂ, ਮੈਂ ਇਸਨੂੰ ਮੁਸਲਮਾਨ ਬਣਾਵਾਂਗਾ।

## ਪਾਵਹੁ ਬੇੜੀ; ਹਾਥਹੁ ਤਾਲ ॥ ਨਾਮਾ ਗਾਵੈ; ਗੁਨ ਗੋਪਾਲ ॥੧੨॥

ਤਦੋਂ ਬਾਦਸਾਹ ਦੇ ਹੁਕਮ ਅਨੁਸਾਰ ਮੇਰੇ ਪਾਵਹੁ = ਪੈਰਾਂ ਵਿਚ ਬੇੜੀ = ਲੋਹੇ ਦੀ ਕੜੀ, ਜ਼ੰਜੀਰ ਅਤੇ ਹਾਥਹੁ = ਹੱਥਾਂ ਵਿਚ ਤਾਲ ਭਾਵ ਹੱਥਕੜੀਆਂ ਪਾ ਦਿੱਤੀਆਂ ਅਰਥਾਤ ਏਥੇ ਤਾਲ ਤੋਂ ਭਾਵ ਹੱਥ ਕੜੀਆਂ ਸਮਝਣਾ ਭਗਤ ਨਾਮਦੇਵ ਜੀ ਹੱਥਕੜੀਆਂ ਨੂੰ ਖੜਕਾ ਖੜਕਾ ਕੇ ਛੈਣਿਆਂ ਵਾਂਗ ਵਜਾਉਣ ਲੱਗ ਪਏ।

ਨਾਮਦੇਵ ਜੀ ਕਥਨ ਕਰਦੇ ਹਨ ਕਿ ਤਦੋਂ ਮੈਂ ਨਾਮਾ = ਨਾਮਦੇਵ ਉਨ੍ਹਾਂ ਹੱਥਕੜੀਆਂ ਦੇ ਛੈਣਿਆਂ ਨਾਲ ਹੀ ਗੋਪਾਲ = ਪ੍ਰਿਥਵੀ ਦੇ ਪਾਲਕ ਪਰਮਾਤਮਾ ਦੇ ਗੁਨ = ਗੁਣਾਂ ਨੂੰ ਗਾਵੈ = ਗਾਉਣ ਲੱਗ ਪਿਆ ॥੧੨॥

## ਗੰਗ ਜਮੁਨ; ਜਉ ਉਲਟੀ ਬਹੈ ॥ ਤਉ ਨਾਮਾ; ਹਰਿ ਕਰਤਾ ਰਹੈ ॥੧੩॥

ਮੈਂ ਬਾਦਸ਼ਾਹ ਨੂੰ ਕਿਹਾ ਕਿ ਗੰਗਾ ਅਤੇ ਜਮੁਨ = ਜਮਨਾ ਨਦੀਆਂ ਵੀ ਜਉ = ਜੇਕਰ ਉਲਟੀ = ਉਲਟੀਆਂ ਭਾਵ ਪੱਛਮ ਵੱਲ ਨੂੰ ਬਹੈ = ਵਹਿਣ ਲੱਗ ਪੈਣ।

ਤਉ = ਤਦ ਵੀ ਇਹ ਨਾਮਾ = ਨਾਮਦੇਵ ਹਰਿ = ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਕਰਤਾ = ਕਰਦਾ ਰਹੈ = ਰਹੇਗਾ ॥੧੩॥

## ਸਾਤ ਘੜੀ; ਜਬ ਬੀਤੀ ਸੁਣੀ ॥ ਅਜਹੁ ਨ ਆਇਓ; ਤ੍ਰਿਭਵਣ ਧਣੀ ॥੧੪॥

ਇਸ ਪ੍ਰਕਾਰ ਜਬ = ਜਦੋਂ ਮੈਂ ਸਾਤ = ਸੱਤ ਘੜੀਆਂ ਦੇ ਬੀਤੀ = ਬੀਤ, ਗੁਜ਼ਰ ਜਾਣ ਦੀ ਘੜਿਆਲ ਦੀ ਚੋਟ ਸੁਣੀ = ਸੁਣਨਾ ਕੀਤੀ।

ਤਦੋਂ ਮੈਂ ਆਪਣੇ ਮਨ ਵਿਚ ਸੰਕਲਪ ਕੀਤਾ ਕਿ ਤ੍ਰਿਭਵਣ = ਤਿੰਨਾਂ ਭਵਣਾਂ ਦਾ ਧਣੀ = ਮਾਲਕ ਪ੍ਰਭੂ ਅਜਹੁ = ਅਜੇ ਵੀ ਮੇਰੀ ਰੱਖਿਆ ਲਈ ਨਹੀਂ ਆਇਓ = ਆਇਆ ॥੧੪॥

## ਪਾਖੰਤਣ; ਬਾਜ ਬਜਾਇਲਾ ॥ ਗਰੁੜ ਚੜ੍ਹੇ; ਗੋਬਿੰਦ ਆਇਲਾ ॥੧੫॥

ਤਦੋਂ ਪਾਖੰਤਣ = ਗਰੁੜ ਦੇ ਖੰਭਾਂ ਦਾ ਬਾਜ = ਵਾਜਾ ਬਜਾਇਲਾ = ਵਜਾਉਂਦਾ ਹੋਇਆ **ਵਾ:** ਜਦੋਂ ਪਾਖੰਤਣ = ਪਹਿਰ ਦਾ ਵਾਜਾ ਵੱਜਿਆ (ਭਾਵ ਬਾਦਸ਼ਾਹ ਨੇ ਅੱਠ ਘੜੀਆਂ ਦੀ ਮੁਹਲਤ ਦਿੱਤੀ ਸੀ ਕਿ ਗਊ ਜਿਊਂਦੀ ਕਰ ਜਾਂ ਮੁਸਲਮਾਨ ਬਣ, ਨਹੀਂ ਤਾਂ ਕਤਲ ਕਰ ਦਿੱਤਾ ਜਾਵੇਂਗਾ) ਸੋ ਅੱਠਵੀਂ ਘੜੀ ਮਗਰੋਂ ਨਾਮਦੇਵ ਜੀ ਦਾ ਕਤਲ ਕਰ ਦੇਣਾ ਨਿਯਤ ਸੀ, ਜਦੋਂ ਅੱਠਵੀਂ ਘੜੀ ਦਾ ਘੜਿਆਲ ਵੱਜਿਆ।

ਤਦੋਂ ਗਰੁੜ ਉੱਪਰ ਚੜ੍ਹੇ = ਅਸਵਾਰ ਹੋ ਕੇ ਗੋਬਿੰਦ = ਪਰਮਾਤਮਾ ਮੇਰੀ ਰੱਖਿਆ ਲਈ ਆਇਲਾ = ਆ ਗਿਆ ॥੧੫॥

## ਅਪਨੇ ਭਗਤ ਪਰਿ; ਕੀ ਪ੍ਰਤਿਪਾਲ ॥ ਗਰੁੜ ਚੜ੍ਹੇ; ਆਏ ਗੋਪਾਲ ॥੧੬॥

ਉਸ ਅਪਨੇ = ਆਪਦੇ ਭਗਤ ਪਰਿ = ਉੱਪਰ ਪ੍ਰਤਿਪਾਲ = ਪਾਲਣਾ, ਰੱਖਿਆ ਦੀ ਦ੍ਰਿਸ਼ਟੀ ਕੀ = ਕੀਤੀ।

ਇਉਂ ਗਰੁੜ ਉੱਪਰ ਚੜੇ = ਅਸਵਾਰ ਹੋਏ ਗੋਪਾਲ = ਪ੍ਰਭੂ ਜੀ ਆਏ = ਆ ਗਏ ॥੧੬॥

## ਕਹਹਿ ਤ; ਧਰਣਿ ਇਕੋੜੀ ਕਰਉ ॥
## ਕਹਹਿ ਤ; ਲੇ ਕਰਿ ਊਪਰਿ ਧਰਉ ॥੧੭॥

ਉਸ ਸਮੇਂ ਪਰਮਾਤਮਾ ਨੇ ਕਿਹਾ ਕਿ ਹੇ ਨਾਮਦੇਵ! ਜੇਕਰ ਤੂੰ ਕਹਹਿ = ਕਹੇਂ ਤਾਂ ਮੈਂ ਬਾਦਸ਼ਾਹ ਦੇ ਰਾਜ ਵਾਲੀ ਸਾਰੀ ਧਰਣਿ = ਧਰਤੀ ਇਕੋੜੀ = ਉਲਟੀ ਕਰਉ = ਕਰ ਦੇਵਾਂ।

ਜੇਕਰ ਤੂੰ ਕਹਹਿ = ਕਹੇਂ ਤਾਂ ਮੈਂ ਇਹ ਧਰਤੀ ਲੈ ਕੇ ਇਸ ਬਾਦਸ਼ਾਹ ਨੂੰ ਹੇਠਾਂ ਤੋਂ ਊਪਰਿ = ਉੱਤੇ ਧਰਉ = ਧਰਦਿਆਂ **ਵਾ:** ਜੇ ਕਰ ਕਹੇਂ ਤਾਂ ਇਸ ਬਾਦਸ਼ਾਹ ਨੂੰ ਹੇਠਾਂ ਤੋਂ ਉੱਪਰ ਚੁੱਕ ਕੇ ਪੁੱਠਾ ਲਮਕਾ ਦੇਵਾਂ॥੧੭॥

## ਕਹਹਿ ਤ; ਮੁਈ ਗਊ ਦੇਉ ਜੀਆਇ ॥
## ਸਭੁ ਕੋਈ ਦੇਖੈ; ਪਤੀਆਇ ॥੧੮॥

ਜੇਕਰ ਕਹਹਿ = ਕਹੇਂ ਤਾਂ ਮੁਈ = ਮਰੀ ਹੋਈ ਗਊ = ਗਾਂ ਜੀਆਇ = ਜਿਊਂਦੀ ਕਰ ਦੇਉ = ਦੇਵਾਂ।

ਜਿਸ ਨਾਲ ਸਭ ਕੋਈ ਦੇਖੈ = ਵੇਖ ਕਰਕੇ ਪਤੀਆਇ = ਪਤੀਜ ਜਾਣਗੇ।

ਇਹ ਸੁਣ ਕੇ ਨਾਮਦੇਵ ਜੀ ਨੇ ਕਿਹਾ ਕਿ ਹੇ ਪ੍ਰਭੂ ਜੀ! ਤੁਸੀਂ ਗਊ ਹੀ ਜਿਊਂਦੀ ਕਰ ਦੇਵੋ, ਤਦੋਂ ਪ੍ਰਭੂ ਜੀ ਨੇ ਕਿਰਪਾ ਦੀ ਦ੍ਰਿਸ਼ਟੀ ਕਰਕੇ ਉਹ ਮੋਈ ਹੋਈ ਗਊ ਜਿਊਂਦੀ ਕਰ ਦਿੱਤੀ॥੧੮॥

## ਨਾਮਾ ਪ੍ਰਣਵੈ; ਸੇਲ ਮਸੇਲ ॥ ਗਊ ਦੁਹਾਈ; ਬਛਰਾ ਮੇਲਿ ॥੧੯॥

ਤਦੋਂ ਨਾਮਦੇਵ ਜੀ ਪ੍ਰਣਵੈ = ਬੇਨਤੀ ਪੂਰਬਕ ਕਥਨ ਕਰਦੇ ਹਨ ਕਿ ਹੇ ਕਾਜ਼ੀ ਮੁਲਾਣਿਓਂ! ਸੇਲ = ਨਿਆਣੇ (ਨੇੜ੍ਹੇ) ਨੂੰ ਮਸੇਲ = ਮਿਲਾ, ਪਾ ਕੇ ਭਾਵ ਰੱਸੀ ਨਾਲ ਗਊ ਦੇ ਪਿਛਲੇ ਖੁਰ ਬੰਨ੍ਹ ਕੇ।

ਅਤੇ ਬਛਰਾ = ਵੱਛਾ ਮੇਲ ਕੇ ਗਊ = ਗਾਂ ਦੁਹਾਈ = ਚੋ ਲਵੋ **ਅਥਵਾ** ਨਾਮਦੇਵ ਜੀ ਬੇਨਤੀ ਪੂਰਬਕ ਕਥਨ ਕਰਦੇ ਹਨ ਹੇ ਸੇਲ ਮਸੇਲ = ਸਲੇਮ ਸ਼ਾਹ ਬਾਦਸ਼ਾਹ! ਮੈਂ ਹੁਣ ਵੱਛਾ ਮੇਲ ਕੇ ਗਊ ਚੁਆ ਦਿੱਤੀ ਹੈ।

**ਅਥਵਾ** ਜਦੋਂ ਨਾਮਦੇਵ ਜੀ ਬੇਨਤੀ ਪੂਰਵਕ ਇਹ ਕਥਨ ਕਰ ਰਹੇ ਸਨ, ਤਦੋਂ ਸੇਲ = ਸਲੇਮ ਬਾਦਸ਼ਾਹ ਮਸੇਲ = ਮਸਲੇ ਕਰਨ ਵਾਲੇ ਕਾਜ਼ੀਆਂ ਨਾਲ ਸੈਨ ਤੋਂ ਸੈਨਤੀ ਹੋਇਆ ਕਿ ਇਹ ਮੁਸਲਮਾਨ ਵੀ ਨਹੀਂ ਬਣਿਆ ਅਤੇ ਇਸਨੇ ਮੋਈ ਹੋਈ ਗਊ ਵੀ ਜਿਊਂਦੀ ਕਰਕੇ ਵੱਛਾ ਮਿਲਾ ਕੇ ਚੋਅ ਕੇ ਦਿਖਾ ਦਿੱਤੀ ਹੈ॥੧੯॥

## ਦੂਧਹਿ ਦੁਹਿ; ਜਬ ਮਟੁਕੀ ਭਰੀ ॥ ਲੇ; ਬਾਦਿਸਾਹ ਕੇ ਆਗੇ ਧਰੀ ॥੨੦॥

ਦੂਧਹਿ = ਦੁੱਧ ਦੁਹਿ = ਚੋ ਕੇ ਜਬ = ਜਦੋਂ ਮਟੁਕੀ = ਕੋਰੀ ਘੜੀ ਦੁੱਧ ਨਾਲ ਭਰੀ = ਭਰ ਦਿੱਤੀ।

ਤਦੋਂ ਉਹ ਮਟਕੀ ਲੇ = ਲੈ ਕਰਕੇ ਬਾਦਸ਼ਾਹ ਕੇ = ਦੇ ਆਗੇ = ਸਾਹਮਣੇ ਧਰੀ = ਰੱਖ ਦਿੱਤੀ॥੨੦॥

ਤਦੋਂ ਬਾਦਸ਼ਾਹ ਬਹੁਤ ਸ਼ਰਮਿੰਦਾ ਹੋਇਆ ਪਰ ਅੰਦਰ ਹੈਂਕੜ ਦੇ ਕਾਰਨ ਫੇਰ ਵੀ ਕਾਜ਼ੀ ਮੁਲਾਣਿਆਂ ਨੂੰ ਸੈਨਤ ਕਰ ਦਿੱਤੀ ਕਿ ਮੈਂ ਹੁਣ ਜਾਂਦਾ ਹਾਂ, ਤੁਸੀਂ ਆਪ ਹੀ ਇਸ ਨਾਲ ਨਿਬੇੜ ਲਉ ਕਿ ਇਹ ਕਿਸੇ ਤਰੀਕੇ ਨਾਲ ਮੁਸਲਮਾਨ ਬਣ ਜਾਵੇ।

## ਬਾਦਿਸਾਹੁ; ਮਹਲ ਮਹਿ ਜਾਇ ॥
## ਅਉਘਟ ਕੀ ਘਟ; ਲਾਗੀ ਆਇ ॥੨੧॥

ਤਦੋਂ ਇਹ ਕਹਿ ਕੇ ਬਾਦਸ਼ਾਹ ਆਪ ਮਹਿਲ ਮਹਿ = ਵਿਚ ਚਲਾ ਜਾਇ = ਜਾਂਦਾ ਰਿਹਾ।

ਅੰਤਰਜਾਮੀ ਪ੍ਰਭੂ ਨੇ ਉਸਦੀ ਬੇਈਮਾਨੀ ਸਮਝ ਲਈ, ਤਦੋਂ ਰਾਜੇ ਨੂੰ ਅਉਘਟ = ਔਖਿਆਈ ਦੀ ਘਟ = ਘੜੀ ਆਇ = ਆ ਕੇ ਲਾਗੀ = ਲੱਗ ਗਈ, ਭਾਵ ਰਾਜੇ ਦੇ ਪੇਟ ਵਿਚ ਸੂਲ ਹੋਣ ਲੱਗ ਪਿਆ ॥੨੧॥

## ਕਾਜੀ ਮੁਲਾਂ; ਬਿਨਤੀ ਫੁਰਮਾਇ ॥ ਬਖਸੀ ਹਿੰਦੂ; ਮੈ ਤੇਰੀ ਗਾਇ ॥੨੨॥

ਫੇਰ ਬਾਦਸ਼ਾਹ ਮੌਤ ਤੋਂ ਡਰਦਾ ਹੋਇਆ ਕਾਜ਼ੀ ਤੇ ਮੁਲਾਂ = ਮੁਲਾਣਿਆਂ ਦੁਆਰਾ ਨਾਮਦੇਵ ਜੀ ਦੇ ਪਾਸ ਬਿਨਤੀ = ਬੇਨਤੀ ਫੁਰਮਾਇ = ਫ਼ੁਰਮਾਉਂਦਾ ਹੈ।

ਬਾਦਸ਼ਾਹ ਨੇ ਕਿਹਾ ਕਿ ਹੇ ਹਿੰਦੂ ! ਮੈਨੂੰ ਬਖਸ਼ੀ = ਬਖ਼ਸ਼, ਮੁਆਫ਼ ਕਰ ਲੈ, ਮੈਂ ਤੇਰੀ ਗਾਇ = ਗਾਂ ਦੀ ਨਿਆਈਂ ਹਾਂ, ਭਾਵ ਜਿਵੇਂ ਤੂੰ ਗਾਂ ਨੂੰ ਜਿਉਂਦਾ ਕੀਤਾ, ਉਵੇਂ ਮੈਨੂੰ ਵੀ ਜੀਵਨ ਦਾਨ ਬਖ਼ਸ਼, ਮੈਂ ਮਰ ਰਿਹਾ ਹਾਂ ॥੨੨॥

## ਨਾਮਾ ਕਹੈ; ਸੁਨਹੁ ਬਾਦਿਸਾਹ ॥ ਇਹੁ ਕਿਛੁ ਪਤੀਆ; ਮੁਝੈ ਦਿਖਾਇ ॥੨੩॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਮੈਂ ਕਿਹਾ ਕਿ ਹੇ ਬਾਦਸ਼ਾਹ ਸੁਨਹੁ = ਸੁਣਨਾ ਕਰ।

ਇਹ ਜੋ ਕਿਛੁ = ਕੁਝ ਕਰਾਮਾਤ ਦਾ ਪਤੀਆ = ਪਰਚਾ ਮੁਝੈ = ਮੈਂ ਦਿਖਾਇ = ਵਿਖਾਉਣਾ ਕੀਤਾ, ਭਾਵ ਨਹੀਂ ਸਭ ਕੁਝ ਮੇਰੇ ਰਾਮ ਨੇ ਹੀ ਕੀਤਾ ਹੈ ॥੨੩॥

## ਇਸ ਪਤੀਆ ਕਾ; ਇਹੈ ਪਰਵਾਨੁ ॥ ਸਾਚਿ ਸੀਲਿ; ਚਾਲਹੁ ਸੁਲਿਤਾਨ ॥੨੪॥

ਹੇ ਬਾਦਸ਼ਾਹ ! ਇਸ ਕਰਾਮਾਤ ਦੇ ਪਤੀਆ = ਪਤਿਆਵੇ ਕਾ = ਦਾ ਇਹੈ = ਇਹੋ ਹੀ ਪਰਵਾਨੁ = ਨਤੀਜਾ, ਫਲ ਹੈ ਕਿ :

ਹੇ ਸੁਲਿਤਾਨ = ਬਾਦਸ਼ਾਹ ! ਤੂੰ ਹੁਣ ਸਾਚਿ = ਸੱਚਾ ਨਿਆਂਕਾਰ ਅਤੇ ਸੀਲਿ = ਨਿਮ੍ਰਤਾ ਵਾਲੇ ਸੁਭਾਅ ਅਨੁਸਾਰ ਚਾਲਹੁ = ਚੱਲਣਾ ਕਰ ॥੨੪॥

## ਨਾਮਦੇਉ; ਸਭ ਰਹਿਆ ਸਮਾਇ ॥ ਮਿਲਿ ਹਿੰਦੂ; ਸਭ ਨਾਮੇ ਪਹਿ ਜਾਹਿ ॥੨੫॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਮੇਰਾ ਜਸ ਸਭ = ਸਾਰਿਆਂ ਵਿਚ ਹੀ ਸਮਾਇ = ਸਮਾਅ ਰਹਿਆ = ਰਿਹਾ ਹੈ, ਭਾਵ ਘਰਾਂ ਘਰਾਂ ਦੇ ਵਿਚ ਗੱਲਾਂ ਹੋਣ ਲੱਗ ਪਈਆਂ।

ਫੇਰ ਕੁਝ ਹਿੰਦੂ ਲੋਕ ਮਿਲ ਕਰਕੇ ਸਭ = ਸਾਰੇ ਮੇਰੇ ਨਾਮੇ = ਨਾਮਦੇਵ ਦੇ ਪਹਿ = ਪਾਸ ਜਾਹਿ = ਜਾਂਦੇ ਹਨ ॥੨੫॥

## ਜਉ ਅਬ ਕੀ ਬਾਰ; ਨ ਜੀਵੈ ਗਾਇ ॥ ਤ ਨਾਮਦੇਵ ਕਾ; ਪਤੀਆ ਜਾਇ ॥੨੬॥

ਉਹ ਆਪਸ ਵਿਚ ਗੱਲਾਂ ਕਰਦੇ ਸਨ ਕਿ ਜਉ = ਜੇਕਰ ਅਬ = ਹੁਣ ਕੀ = ਦੀ ਬਾਰ = ਵਾਰੀ ਨੂੰ ਗਾਇ = ਗਾਂ ਨਾ ਜੀਵੈ = ਜਿਉਂਦੀ।

ਤਾਂ ਨਾਮਦੇਵ ਕਾ = ਦਾ ਪਤੀਆ = ਪਤਿਆਵਾ, ਇਤਬਾਰ ਚਲਿਆ ਜਾਇ = ਜਾਣਾ ਸੀ, ਭਾਵ ਲੋਕਾਂ ਨੇ ਇਹ ਕਹਿਣਾ ਸੀ ਕਿ ਭਗਤੀ ਕਰਨ ਨਾਲ ਜਦੋਂ ਪਰਮਾਤਮਾ ਨੇ ਨਾਮਦੇਵ ਦੀ ਰੱਖਿਆ ਨਹੀਂ ਕੀਤੀ ਤਾਂ ਫੇਰ ਕਿਸੇ ਹੋਰ ਦੀ ਕੀ ਰੱਖਿਆ ਹੋਵੇਗੀ ॥੨੬॥

## ਨਾਮੇ ਕੀ ਕੀਰਤਿ; ਰਹੀ ਸੰਸਾਰਿ ॥ ਭਗਤ ਜਨਾਂ ਲੇ; ਉਧਰਿਆ ਪਾਰਿ ॥੨੭॥

ਭਗਤ ਨਾਮੇ = ਨਾਮਦੇਵ ਕੀ = ਦੀ ਕੀਰਤਿ = ਵਡਿਆਈ ਸਾਰੇ ਸੰਸਾਰਿ = ਜਗਤ ਵਿਚ ਫੈਲ ਰਹੀ ਹੈ।

ਜੋ ਅਨੇਕਾਂ ਭਗਤ ਜਨਾਂ ਨੂੰ ਆਪਣੇ ਨਾਲ ਲੈ ਕੇ ਸੰਸਾਰ-ਸਮੁੰਦ੍ਰ ਤੋਂ ਪਾਰ ਉਧਰਿਆ = ਉਧਰ ਗਿਆ ॥੨੭॥

## ਸਗਲ ਕਲੇਸ; ਨਿੰਦਕ ਭਇਆ ਖੇਦੁ ॥
## ਨਾਮੇ ਨਾਰਾਇਨ; ਨਾਹੀ ਭੇਦੁ ॥੨੮॥੧॥੧੦॥

ਇਸ ਪ੍ਰਕਾਰ ਨਿੰਦਕ = ਨਿੰਦਿਆ ਕਰਨ ਵਾਲੇ ਕਾਜ਼ੀ ਮੁਲਾਣੇ, ਪਾਤਸ਼ਾਹ ਨੂੰ ਬਹੁਤ ਖੇਦੁ = ਦੁੱਖ ਪ੍ਰਾਪਤ ਭਇਆ = ਹੋਇਆ ਅਤੇ ਸਗਲ = ਸਾਰੇ ਕਲੇਸ਼ ਹੀ ਚਿੰਬੜ ਗਏ।

ਇਉਂ ਸਭ ਨੂੰ ਨਿਸਚਾ ਹੋ ਗਿਆ ਕਿ ਨਾਮੇ = ਨਾਮਦੇਵ ਜੀ ਅਤੇ ਨਾਰਾਇਨ = ਪਰਮਾਤਮਾ ਵਿਚ ਕੁਝ ਵੀ ਭੇਦੁ = ਫ਼ਰਕ ਨਹੀਂ ਹੈ, ਦੋਵੇਂ ਇਕ ਹੀ ਜੋਤ ਸਰੂਪ ਹੋ ਗਏ ਹਨ ॥੨੮॥੧॥੧੦॥

## ਘਰੁ ੨ ॥

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਗੁਰੂ ਜੀ ਦੀ ਉਸਤਤੀ ਕਰਦੇ ਹਨ।

## ਜਉ ਗੁਰਦੇਉ; ਤ ਮਿਲੈ ਮੁਰਾਰਿ ॥ ਜਉ ਗੁਰਦੇਉ; ਤ ਉਤਰੈ ਪਾਰਿ ॥

ਹੇ ਭਾਈ ! ਜਉ = ਜਦੋਂ ਗੁਰਦੇਉ = ਪੂਜਨੀਕ ਗੁਰੂ ਦੀ ਕਿਰਪਾ ਹੁੰਦੀ ਹੈ, ਤ = ਤਦੋਂ ਮੁਰਾਰਿ = ਪਰਮਾਤਮਾ ਮਿਲੈ = ਮਿਲ ਪੈਂਦਾ ਹੈ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰੂ ਦੀ ਕਿਰਪਾ ਪ੍ਰਾਪਤ ਹੋ ਜਾਵੇ, ਤ = ਤਾਂ ਜੀਵ ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤੀ ਰੂਪੀ ਕਿਨਾਰੇ ਤੇ ਉਤਰੈ = ਉੱਤਰ ਜਾਂਦਾ ਹੈ।

## ਜਉ ਗੁਰਦੇਉ; ਤ ਬੈਕੁੰਠ ਤਰੈ ॥ ਜਉ ਗੁਰਦੇਉ; ਤ ਜੀਵਤ ਮਰੈ ॥੧॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਪ੍ਰਾਪਤ ਹੋ ਜਾਵੇ, ਤ = ਤਾਂ ਜੀਵ ਸੰਸਾਰ ਤੋਂ ਤਰੈ = ਤਰ ਕੇ ਬੈਕੁੰਠ ਵਿਚ ਪਹੁੰਚ ਜਾਂਦਾ ਹੈ **ਵਾ:** ਬੈਕੁੰਠ ਤੋਂ ਵੀ ਤਰ ਜਾਂਦਾ ਹੈ, ਭਾਵ ਬੈਕੁੰਠ ਨੂੰ ਵੀ ਹੇਠਾਂ ਸਮਝਣ ਲੱਗ ਜਾਂਦਾ ਹੈ।

ਜਉ = ਜਦੋਂ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਹੋ ਜਾਏ ਤਾਂ ਮਨੁੱਖ ਜੀਵਤ-ਭਾਵ ਵੱਲੋਂ ਮਰੈ = ਮਰ ਜਾਂਦਾ ਹੈ ॥੧॥

## ਸਤਿ ਸਤਿ ਸਤਿ; ਸਤਿ ਸਤਿਗੁਰ ਦੇਵ ॥

ਹੇ ਭਾਈ ! ਸਤਿ = ਸੱਚੇ ਤੇ ਦੇਵ = ਪੂਜਨੀਕ ਸਤਿਗੁਰੂ ਜੀ ਪਿੱਛੇ ਭੂਤਕਾਲ ਵਿਚ ਵੀ ਸਤਿ = ਸੱਚ ਸਰੂਪ ਸਨ, ਹੁਣ ਵਰਤਮਾਨ ਸਮੇਂ ਵਿਚ ਵੀ ਸਤਿ = ਸੱਚ ਸਰੂਪ ਹਨ, ਅੱਗੇ ਭਵਿੱਖਤ ਕਾਲ ਵਿਚ ਵੀ ਸਤਿ = ਸੱਚ ਸਰੂਪ ਰਹਿਣਗੇ **ਵਾ:** ਪੂਜਨੀਕ ਸਤਿਗੁਰੂ ਜੀ ਚੌਹਾਂ ਜੁਗਾਂ ਵਿਚ ਸਤ ਸਰੂਪ ਹਨ।

## ਝੂਠੁ ਝੂਠੁ ਝੂਠੁ ਝੂਠੁ; ਆਨ ਸਭ ਸੇਵ ॥੧॥ਰਹਾਉ॥

ਗੁਰੂ ਤੋਂ ਬਿਨਾਂ ਆਨ = ਹੋਰ ਦੇਵੀ ਦੇਵਤਿਆਂ ਦੀ ਸਭ = ਸਾਰੀ ਸੇਵਾ = ਟਹਿਲ ਕਰਨੀ ਸਤਿਜੁਗ ਵਿਚ ਵੀ ਝੂਠੁ = ਝੂਠੀ ਸੀ, ਤ੍ਰੇਤੇ ਵਿਚ ਵੀ ਝੂਠੁ = ਝੂਠੀ ਸੀ, ਦੁਆਪੁਰ ਵਿਚ ਝੂਠੁ = ਝੂਠੀ ਸੀ ਅਤੇ ਹੁਣ ਕਲਿਜੁਗ ਵਿਚ ਵੀ ਝੂਠੁ = ਝੂਠੀ ਹੈ **ਵਾ:** ਚੌਹਾਂ ਖਾਣੀਆਂ ਅੰਦਰ ਵੀ ਕਿਸੇ ਹੋਰ ਦੀ ਸੇਵਾ ਕਰਨੀ ਸਾਰੀ ਝੂਠੀ ਹੈ, ਇਹ ਨਿਸਚੇ ਕਰੋ ਕਿ ਸਭ ਝੂਠੀ ਹੀ ਹੈ ॥੧॥ਰਹਾਉ॥

## ਜਉ ਗੁਰਦੇਉ; ਤ ਨਾਮੁ ਦ੍ਰਿੜਾਵੈ ॥ ਜਉ ਗੁਰਦੇਉ; ਨ ਦਹ ਦਿਸ ਧਾਵੈ ॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤ = ਤਾਂ ਗੁਰੂ ਜੀ ਪਰਮਾਤਮਾ ਦਾ ਨਾਮ ਹਿਰਦੇ ਅੰਦਰ ਦ੍ਰਿੜਾਵੈ = ਪ੍ਰਪੱਕ ਕਰਵਾ ਦੇਂਦੇ ਹਨ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਮਨ ਪਰਤੱਖ **ਵਾ:** ਇੰਦ੍ਰੀਆਂ ਦੇ ਵਿਸ਼ਿਆਂ ਰੂਪੀ ਦਹ ਦਿਸ = ਦਸ ਦਿਸ਼ਾਵਾਂ ਵਿਚ ਧਾਵੈ = ਦੌੜਦਾ ਨਹੀਂ ਹੈ।

## ਜਉ ਗੁਰਦੇਉ; ਪੰਚ ਤੇ ਦੂਰਿ ॥ ਜਉ ਗੁਰਦੇਉ; ਨ ਮਰਿਬੋ ਝੂਰਿ ॥੨॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਦੋਂ ਮਨੁੱਖ ਪੰਚ = ਪੰਜਾਂ ਵਿਕਾਰਾਂ ਤੇ = ਤੋਂ ਦੂਰਿ = ਪਰੇ ਹੋ ਜਾਂਦਾ ਹੈ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਜੀਵ ਝੂਰਿ = ਝੁਰ-ਝੁਰ ਕੇ ਨਹੀਂ ਮਰਿਬੋ = ਮਰਦਾ ਭਾਵ ਸਾਰੇ ਝੋਰਿਆਂ ਤੋਂ ਰਹਿਤ ਹੋ ਜਾਂਦਾ ਹੈ॥੨॥

## ਜਉ ਗੁਰਦੇਉ; ਤ ਅੰਮ੍ਰਿਤ ਬਾਨੀ ॥ ਜਉ ਗੁਰਦੇਉ; ਤ ਅਕਥ ਕਹਾਨੀ ॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤ = ਤਾਂ ਮਨੁੱਖ ਅੰਮ੍ਰਿਤ ਵਰਗੀ ਮਿੱਠੀ ਬਾਨੀ ਹੀ ਬੋਲਦਾ ਹੈ **ਵਾ:** ਉਸਦੀ ਬਾਨੀ ਵਿਚ ਅੰਮ੍ਰਿਤ ਸਰੂਪ ਹਰੀ ਵੱਸ ਜਾਂਦਾ ਹੈ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤ = ਤਾਂ ਮਨੁੱਖ ਅਕਥ = ਕਥਨ ਤੋਂ ਰਹਿਤ ਪ੍ਰਭੂ ਦੀ ਸਰੂਪ, ਤਟਸਥੀ ਲਖਣਾ ਵਾਲੀ ਕਹਾਨੀ = ਕਥਾ ਨੂੰ ਉਚਾਰਣ ਕਰਦਾ ਹੈ।

## ਜਉ ਗੁਰਦੇਉ; ਤ ਅੰਮ੍ਰਿਤ ਦੇਹ ॥ ਜਉ ਗੁਰਦੇਉ; ਨਾਮੁ ਜਪਿ ਲੇਹਿ ॥੩॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਾਂ ਪੀਣ ਵਾਸਤੇ ਅੰਮ੍ਰਿਤ ਦੇਹ = ਦੇਣਾ ਕਰਦੇ ਹਨ **ਵਾ:** ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਅਖੰਡ ਚੇਤਨ ਦੇਹ = ਦੇਹੀ ਦੀ ਬਖ਼ਸ਼ਿਸ਼ ਕਰ ਦੇਂਦੇ ਹਨ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਦੋਂ ਹੀ ਜੀਵ ਪਰਮਾਤਮਾ ਦਾ ਨਾਮ ਜਪ ਲੈਣਾ ਕਰਦਾ ਹੈ॥੩॥

## ਜਉ ਗੁਰਦੇਉ; ਭਵਨ ਤ੍ਰੈ ਸੂਝੈ ॥ ਜਉ ਗੁਰਦੇਉ; ਊਚ ਪਦ ਬੂਝੈ ॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਭਵਨ ਤ੍ਰੈ = ਤਿੰਨਾਂ ਭਵਨਾਂ ਦੀ ਸੂਝੈ = ਸਮਝ, ਗਿਆਤ ਹੋ ਆਉਂਦੀ ਹੈ **ਵਾ:** ਤਿੰਨਾਂ ਭਵਨਾਂ ਵਿਚ ਪਰਮਾਤਮਾ ਪਰੀਪੂਰਨ ਦਿਸ ਆਉਂਦਾ ਹੈ **ਵਾ:** ਤਿੰਨ ਜਾਗਰਤ, ਸੁਪਨ ਤੇ ਸੁਖੋਪਤ ਰੂਪੀ ਭਵਨਾਂ ਵਿਚ ਭਟਕਦੇ ਹੋਏ ਮਨ ਨੂੰ ਰੋਕਣ ਦੀ ਸੂਝ ਆ ਜਾਂਦੀ ਹੈ। ਜਉ = ਜੇਕਰ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਪ੍ਰਾਪਤ ਹੋ ਜਾਵੇ, ਤਦ ਤੁਰੀਆ ਪਦ ਰੂਪ ਊਚ ਪਦ = ਉੱਚੀ ਪਦਵੀ ਨੂੰ ਬੂਝੈ = ਬੁੱਝ ਲਈਦਾ ਹੈ।

## ਜਉ ਗੁਰਦੇਉ; ਤ ਸੀਸੁ ਅਕਾਸਿ ॥ ਜਉ ਗੁਰਦੇਉ; ਸਦਾ ਸਾਬਾਸਿ ॥੪॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤ = ਤਾਂ ਸੀਸੁ = ਸਿਰ ਅਕਾਸ਼ ਤੱਕ ਉੱਚਾ ਹੋ ਜਾਂਦਾ ਹੈ ਭਾਵ ਕੁਲ ਸੰਸਾਰ ਵਿਚ ਜਸ ਫੈਲ ਜਾਂਦਾ ਹੈ **ਵਾ:** ਸੀਸੁ = ਸ਼ਿਰੋਮਣੀ ਚਿਦਾਕਾਸ਼

ਦੀ ਪ੍ਰਾਪਤੀ ਹੋ ਜਾਂਦੀ ਹੈ **ਵਾ:** ਜਿਸ ਵੈਰਾਟ ਸਰੂਪ ਦਾ ਸਿਰ ਹੀ ਅਕਾਸ਼ ਹੈ, ਉਸ ਸਰੂਪ ਦੇ ਦੀਦਾਰ ਹੋ ਜਾਂਦੇ ਹਨ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਦੋਂ ਸਦਾ = ਹਮੇਸ਼ਾ ਸਾਬਾਸਿ = ਧੰਨਤਾ ਦੇ ਜੋਗ ਹੋ ਜਾਈਦਾ ਹੈ॥੪॥

## ਜਉ ਗੁਰਦੇਉ; ਸਦਾ ਬੈਰਾਗੀ ॥ ਜਉ ਗੁਰਦੇਉ; ਪਰ ਨਿੰਦਾ ਤਿਆਗੀ ॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਮਨ ਸਦਾ = ਹਮੇਸ਼ਾਂ ਹੀ ਸੰਸਾਰ ਦੇ ਵਿਸ਼ਿਆਂ, ਮੋਹ ਵੱਲੋਂ ਬੈਰਾਗੀ = ਵੈਰਾਗਵਾਨ ਹੋ ਜਾਂਦਾ ਹੈ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਾਂ ਪਰ = ਪਰਾਈ ਨਿੰਦਾ = ਅਪਕੀਰਤੀ ਕਰਨ ਵਾਲੀ ਆਦਤ ਤਿਆਗੀ = ਛੱਡ ਦੇਈਦੀ ਹੈ।

[ਅੰਗ ੧੧੬੭]

## ਜਉ ਗੁਰਦੇਉ; ਬੁਰਾ ਭਲਾ ਏਕ ॥ ਜਉ ਗੁਰਦੇਉ; ਲਿਲਾਟਹਿ ਲੇਖ ॥੫॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਬੁਰਾ ਭਲਾ = ਮੰਦਾ ਚੰਗਾ ਏਕ = ਇਕ-ਸਮਾਨ ਹੀ ਦ੍ਰਿਸ਼ਟੀ ਵਿਚ ਆਉਂਦਾ ਹੈ **ਵਾ:** ਭਾਵੇਂ ਕੋਈ ਬੁਰਾ ਕਹੁ ਜਾਂ ਚੰਗਾ ਕਹੀ ਜਾਵੇ, ਸਾਰਿਆਂ ਵਿਚ ਇਕ ਪਰਮਾਤਮਾ ਦੀ ਹੀ ਜੋਤ ਦਿਸਦੀ ਹੈ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਲਿਲਾਟਹਿ = ਮੱਥੇ ਦੇ ਪੁੱਠੇ ਲੇਖ ਵੀ ਸਿੱਧੇ ਹੋ ਜਾਂਦੇ ਹਨ **ਵਾ:** ਜੇਕਰ ਕਿਸੇ ਉੱਪਰ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਉਸਦੇ ਅੰਤਹਕਰਨ ਰੂਪੀ ਮੱਥੇ ਦੇ ਲੇਖ ਉੱਘੜ ਆਉਂਦੇ ਹਨ॥੫॥

**ਸਾਖੀ—ਸੰਤ ਬਸਤੀ ਰਾਮ ਜੀ ਦੀ (ਸੁਦਾਗਰ ਦੀ ਘਰਵਾਲੀ ਦੇ ਮੱਥੇ ਦੇ ਲੇਖ ਮੇਟਣ ਦੀ)** : ਇਕ ਸੁਦਾਗਰ ਲਾਹੌਰ ਦੇ ਵਿਚ ਰਹਿੰਦਾ ਸੀ, ਜੋ ਵਪਾਰ ਕਰਨ ਦੇ ਲਈ ਬਹੁਤ ਦੂਰ ਕਿਸੇ ਟਾਪੂ ਵਿਚ ਗਿਆ ਹੋਇਆ ਸੀ। ਇਸ ਸੁਦਾਗਰ ਦੀ ਘਰਵਾਲੀ ਬਹੁਤ ਸੁੰਦਰ ਸਰੂਪ ਵਾਲੀ ਸੀ। ਇਕ ਦਿਨ ਇਹ ਕੇਸੀ ਇਸ਼ਨਾਨ ਕਰਕੇ ਘਰ ਦੀ ਛੱਤ ਉੱਪਰ ਕੇਸ ਹਰੇ ਕਰ ਰਹੀ ਸੀ। ਇਸਦੇ ਘਰ ਦੇ ਨੇੜੇ ਹੀ ਉਥੋਂ ਦੇ ਸੂਬੇਦਾਰ ਦਾ ਮਹਿਲ ਸੀ। ਉਹ ਇਸਦੇ ਸਰੂਪ ਨੂੰ ਵੇਖ ਕੇ ਮੋਹਿਤ ਹੋ ਗਿਆ। ਉਸਨੇ ਆਪਣੇ ਕਾਜ਼ੀਆਂ ਮੁਲਾਣਿਆਂ ਨੂੰ ਕਿਹਾ ਕਿ ਮੈਂ ਉਸ ਸੁੰਦਰ ਸਰੂਪ ਵਾਲੀ ਇਸਤ੍ਰੀ ਨੂੰ ਆਪਣੀ ਬੇਗਮ ਬਣਾਉਣੀ ਚਾਹੁੰਦਾ ਹਾਂ। ਤੁਸੀਂ ਆਪਣੇ ਮੰਤ੍ਰਾਂ ਜੰਤ੍ਰਾਂ ਨਾਲ ਉਸ ਨੂੰ ਵੱਸ ਕਰਕੇ ਮੇਰੇ ਕੋਲ ਲਿਆ ਦੇਵੋ। ਤਦੋਂ ਕਾਜ਼ੀਆਂ ਨੇ ਮੰਤ੍ਰ ਜੰਤ੍ਰ ਲਿਖ ਕੇ ਉਸਦੇ ਪਲੰਘ ਦੇ ਪਾਵਿਆਂ ਹੇਠਾਂ ਦੇ ਦਿੱਤੇ, ਤਦੋਂ ਸੁਦਾਗਰ ਦੀ ਘਰਵਾਲੀ ਦਾ ਮਨ ਫਿਰ ਗਿਆ ਤੇ ਉਹ ਉੱਠ ਕੇ ਨਵਾਬ ਦੇ ਘਰ ਵੱਲ ਨੂੰ ਚੱਲ ਪਈ। ਇਸਦੇ ਮੱਥੇ ਉੱਪਰ ਮੁਸਲਮਾਨੀ ਬਣਨ ਦਾ ਲੇਖ ਵੀ ਲਿਖਿਆ ਹੋਇਆ ਸੀ। ਇਉਂ ਆਪਣੇ ਪਤੀ ਨੂੰ ਪ੍ਰਦੇਸ਼ ਗਿਆ ਹੋਇਆਂ ਜਾਣ ਕੇ ਮਨ ਵਿਚ ਮੰਦਾ ਸੰਕਲਪ ਕਰਕੇ ਜਦੋਂ ਨਵਾਬ ਦੇ ਘਰ ਵੱਲ ਜਾ ਰਹੀ ਸੀ, ਤਦੋਂ ਰਸਤੇ ਵਿਚ ਕਿਲ੍ਹੇ ਦੇ ਨਾਲ ਹੀ ਸੰਤ ਬਸਤੀ ਰਾਮ ਜੀ ਦਾ ਆਸ਼ਰਮ ਸੀ, ਜੋ ਬਹੁਤ ਹੀ ਭਜਨ ਬੰਦਗੀ ਕਰਨ ਵਾਲੇ ਸਨ। ਇਸ ਸੁਦਾਗਰ ਦੀ ਇਸਤ੍ਰੀ ਨੇ ਸੋਚਿਆ ਕਿ ਮੈਂ ਜਾਂਦੀ-ਜਾਂਦੀ ਸੰਤਾਂ ਨੂੰ ਮੱਥਾ ਹੀ ਟੇਕ ਚੱਲਦੀ ਹਾਂ। ਜਦੋਂ ਇਹ ਸੰਤ ਬਸਤੀ ਰਾਮ ਜੀ ਕੋਲ ਗਈ ਤਾਂ ਉਨ੍ਹਾਂ ਨੇ ਦੇਖਿਆ ਕਿ ਇਹ ਆਪਣੇ ਪਤੀਬਰਤਾ ਧਰਮ ਤੋਂ ਡਿੱਗਣ ਤੇ ਮੁਸਲਮਾਨੀ ਬਣਨ ਜਾ ਰਹੀ ਹੈ, ਇਹ ਇਸਦੇ ਲਈ ਠੀਕ ਨਹੀਂ ਹੈ। ਤਦੋਂ ਸੰਤਾਂ ਨੇ ਸਤਿਨਾਮ ਵਾਹਿਗੁਰੂ ਆਖ ਕੇ ਸੰਗਤ ਦੀ ਚਰਨ ਧੂੜੀ ਉਸਦੇ ਮੱਥੇ ਉੱਪਰ ਲਾ ਦਿੱਤੀ, ਜਿਸ ਕਰਕੇ ਉਸਦੇ ਮੱਥੇ ਉੱਪਰ ਲਿਖਿਆ ਹੋਇਆ ਬੁਰਾ

ਲੇਖ ਮਿਟ ਗਿਆ। ਉਸ ਨੂੰ ਆਪਣੇ ਆਪ ਉੱਪਰ ਬਹੁਤ ਸ਼ਰਮ ਆਈ ਕਿ ਮੈਂ ਤਾਂ ਬਹੁਤ ਵੱਡਾ ਗੁਨਾਹ ਕਰਨ ਜਾ ਰਹੀ ਸੀ। ਫੇਰ ਉਸਨੇ ਬੇਨਤੀ ਕੀਤੀ ਕਿ ਮਹਾਤਮਾ ਜੀ! ਤੁਸੀਂ ਮੇਰੀ ਰੱਖਿਆ ਕਰੋ। ਤਦੋਂ ਮਹਾਤਮਾ ਨੇ ਕਿਹਾ ਕਿ ਬੀਬੀ! ਤੂੰ ਮੂਲ ਮੰਤ੍ਰ ਦਾ ਪਾਠ ਕਰਿਆ ਕਰ। ਫੇਰ ਤੇਰੇ ਉੱਪਰ ਕਿਸੇ ਮੰਤ੍ਰ ਜੰਤ੍ਰ ਦਾ ਜ਼ੋਰ ਨਹੀਂ ਚੱਲੇਗਾ। ਇਉਂ ਸੁਦਾਗਰ ਦੀ ਇਸਤ੍ਰੀ ਆਪਣੇ ਘਰ ਵਿਚ ਵਾਪਸ ਆ ਗਈ। ਉੱਧਰ ਨਵਾਬ ਨੇ ਆਪਣੇ ਕਾਜ਼ੀਆਂ ਪਾਸੋਂ ਮੰਤ੍ਰਾਂ ਜੰਤ੍ਰਾਂ ਦਾ ਬਹੁਤ ਜ਼ੋਰ ਪਵਾਇਆ। ਪਰ ਉਸ ਸੁਦਾਗਰ ਦੀ ਘਰਵਾਲੀ ਉੱਪਰ ਕੋਈ ਅਸਰ ਨਾ ਹੋਇਆ। ਸਗੋਂ ਉਹ ਮੰਤ੍ਰ ਜੰਤ੍ਰ ਉਲਟ ਪੈ ਗਏ ਤੇ ਕਾਜ਼ੀਆਂ ਨੂੰ ਅੱਗ ਲੱਗ ਗਈ, ਉਹ ਤੌਬਾ ਤੌਬਾ ਕਰਨ ਲੱਗ ਪਏ। ਸੋ ਇਸ ਪ੍ਰਕਾਰ ਸਤਿਗੁਰਾਂ ਦੇ ਪਿਆਰਿਆਂ ਨੇ ਸਿਮਰਨ ਦੇ ਬਲ ਨਾਲ ਤੇ ਸੰਗਤ ਦੀ ਚਰਨ ਧੂੜੀ ਨਾਲ ਉਸਦੇ ਮੱਥੇ ਦੇ ਲੇਖ ਮੇਟ ਦਿੱਤੇ।

## ਜਉ ਗੁਰਦੇਉ; ਕੰਧੁ ਨਹੀ ਹਿਰੈ ॥ ਜਉ ਗੁਰਦੇਉ; ਦੇਹੁਰਾ ਫਿਰੈ ॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਾਂ ਜੀਵ ਦਾ ਕੰਧੁ = ਸਰੀਰ ਵਿਕਾਰਾਂ ਆਦਿ ਵਿਚ ਫਸ ਕੇ ਹਿਰੈ = ਨਾਸ ਨਹੀਂ ਹੁੰਦਾ **ਵਾ:** ਜੀਵ ਮੁੜ ਸਰੀਰਾਂ ਵਿਚ ਪੈ ਕੇ ਨਾਸ਼ ਨਹੀਂ ਹੁੰਦਾ, ਭਾਵ ਉਸਨੂੰ ਅਖੰਡ ਚੇਤਨ ਦੇਹ ਦੀ ਪ੍ਰਾਪਤੀ ਹੋ ਜਾਂਦੀ ਹੈ।

ਜਉ = ਜਦੋਂ ਗੁਰਦੇਉ = ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਤਾਂ ਹੀ ਸਾਡੇ ਲਈ ਦੇਹੁਰਾ = ਮੰਦਰ ਫਿਰੈ = ਫਿਰ, ਘੁੰਮ ਗਿਆ ਸੀ।

## ਜਉ ਗੁਰਦੇਉ; ਤ ਛਾਪਰਿ ਛਾਈ ॥ ਜਉ ਗੁਰਦੇਉ; ਸਿਹਜ ਨਿਕਸਾਈ ॥੬॥

ਜਉ = ਜਦੋਂ ਗੁਰਦੇਉ = ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ, ਤ = ਤਾਂ ਹੀ ਪਰਮਾਤਮਾ ਨੇ ਆਪ ਬੇਢੀ (ਕਾਰੀਗਰ) ਬਣ ਕੇ ਸਾਡੇ ਲਈ ਛਾਪਰਿ = ਛੱਪਰੀ ਛਾਈ = ਬੰਨ੍ਹ ਦਿੱਤੀ **ਵਾ:** ਬ੍ਰਹਮ ਵਿੱਦਿਆ ਰੂਪੀ ਛੱਪਰੀ ਛਾਅ, ਬਣਾ ਦਿੱਤੀ।

ਜਉ = ਜਦੋਂ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ, ਤਦੋਂ ਗੋਦਾਵਰੀ ਵਿਚ ਰਤਨਾਂ ਨਾਲ ਜੜਤ ਸਿਹਜ = ਸੇਜਾ ਨਿਕਸਾਈ = ਕੱਢ ਕੇ ਬਾਦਸ਼ਾਹ ਨੂੰ ਦਿੱਤੀ।

ਅਰਥਾਤ ਜਦੋਂ ਨਾਮਦੇਵ ਜੀ ਨੇ ਗਊ ਜਿਊਂਦੀ ਕਰਕੇ ਬਾਦਸ਼ਾਹ ਨੂੰ ਸੱਚਾ ਨਿਆਂ ਕਰਨ ਦਾ ਉਪਦੇਸ਼ ਦਿੱਤਾ, ਤਦੋਂ ਬਾਦਸ਼ਾਹ ਨੇ ਖ਼ੁਸ਼ ਹੋ ਕੇ ਰਤਨਾਂ ਨਾਲ ਜੜਤ ਇਕ ਸੇਜਾ ਦਿੱਤੀ ਅਤੇ ਕਿਹਾ ਕਿ ਤੁਸੀਂ ਇਸ ਉੱਪਰ ਬੈਠ ਕੇ ਭਜਨ ਸਿਮਰਨ ਕਰਿਆ ਕਰੋ, ਨਾਮਦੇਵ ਜੀ ਨੇ ਕਿਹਾ ਕਿ ਸਾਨੂੰ ਇਸਦੀ ਲੋੜ ਨਹੀਂ ਹੈ, ਬਾਦਸ਼ਾਹ ਨੇ ਕਿਹਾ ਕਿ ਮੈਂ ਇਸਨੂੰ ਚੁੱਕਣ ਲਈ ਚਾਰ ਨੌਕਰ ਵੀ ਦੇਂਦਾ ਹਾਂ, ਇਹ ਚੁੱਕੀ ਫਿਰਿਆ ਕਰਨਗੇ। ਜਦੋਂ ਚਾਰ ਨੌਕਰ ਉਹ ਸੇਜਾ ਚੁੱਕ ਕੇ ਭਗਤ ਨਾਮਦੇਵ ਜੀ ਦੇ ਨਾਲ ਆ ਰਹੇ ਸਨ, ਤਦੋਂ ਭਗਤ ਜੀ ਨੇ ਗੁਦਾਵਰੀ ਕਿਨਾਰੇ ਆ ਕੇ ਉਹ ਸੇਜਾ ਨਦੀ ਵਿਚ ਸੁਟਵਾ ਦਿੱਤੀ। ਨੌਕਰਾਂ ਨੇ ਬਾਦਸ਼ਾਹ ਦੇ ਪਾਸ ਜਾ ਕੇ ਸ਼ਿਕਾਇਤ ਕੀਤੀ, ਬਾਦਸ਼ਾਹ ਸੁਣ ਕੇ ਬਹੁਤ ਗ਼ੁੱਸੇ ਵਿਚ ਆਇਆ ਕਿ ਉਸਨੇ ਮੇਰੀ ਲੱਖਾਂ ਰੁਪਏ ਕੀਮਤੀ ਸੇਜਾ ਦੀ ਕਦਰ ਨਹੀਂ ਜਾਣੀ, ਤੁਸੀਂ ਉਸ ਭਗਤ ਨੂੰ ਕਹੋ ਕਿ ਮੈਨੂੰ ਉਹ ਸੇਜਾ ਵਾਪਸ ਚਾਹੀਦੀ ਹੈ, ਉਹ ਮੇਰੇ ਪੁੱਤਰ ਦੀ ਸੇਜਾ ਸੀ, ਮੇਰੇ ਕੋਲੋਂ ਭੁਲੇਖੇ ਨਾਲ ਦਿੱਤੀ ਗਈ ਹੈ ਤੁਹਾਨੂੰ ਹੋਰ ਦੇਣੀ ਸੀ। ਜਦੋਂ ਨੌਕਰਾਂ ਨੇ ਜਾ ਕੇ ਕਿਹਾ ਤਾਂ ਭਗਤ ਨਾਮਦੇਵ ਜੀ ਨੇ ਕਿਹਾ ਕਿ ਜਿਸ ਨੇ ਸੇਜਾ ਦਿੱਤੀ ਸੀ, ਉਸਨੂੰ ਕਹੋ ਕਿ ਉਹ ਆਪ ਹੀ ਕੱਢ ਕੇ ਲੈ ਜਾਵੇ। ਜਦੋਂ ਬਾਦਸ਼ਾਹ ਆਪਣੇ ਨੌਕਰਾਂ ਸਮੇਤ ਆਇਆ ਤੇ ਗੁਦਾਵਰੀ ਵਿੱਚੋਂ ਸੇਜਾ ਕੱਢਣ ਦਾ ਹੁਕਮ ਦਿੱਤਾ। ਜਦ ਗੁਦਾਵਰੀ ਦੇ ਵਿਚ ਦੇਖਿਆ ਤਾਂ ਉਸ ਵਰਗੀਆਂ ਬੇਅੰਤ ਸੇਜਾਂ ਨਜ਼ਰੀ ਆਈਆਂ ਜਦੋਂ ਸੱਤਰ ਸੇਜਾਂ ਕੱਢ ਲਈਆਂ ਤਾਂ ਹੋਰ ਲਾਲਚ ਕਰਨ ਲੱਗਾ, ਤਦੋਂ ਭਗਤ ਨਾਮਦੇਵ ਜੀ ਨੇ ਕਿਹਾ ਕਿ ਹੇ ਬਾਦਸ਼ਾਹ ਤੂੰ ਹੋਰ ਲਾਲਚ ਕਿਉਂ ਕਰਦਾ ਹੈਂ, ਤੁਹਾਡੇ ਮੁਸਲਮਾਨਾਂ ਦੀਆਂ ਕਿਤਾਬਾਂ ਵਿਚ

ਲਿਖਿਆ ਹੈ ਕਿ ਜੋ ਏਥੇ ਦਾਨ ਕਰਦਾ ਹੈ, ਉਸਨੂੰ ਸੱਤਰ ਗੁਣਾਂ ਪ੍ਰਲੋਕ ਵਿਚ ਫਲ ਮਿਲਦਾ ਹੈ, ਉਹ ਪ੍ਰਲੋਕ ਦਾ ਫਲ ਤੂੰ ਏਥੇ ਹੀ ਪਾ ਲਿਆ ਹੈ, ਇਤਨਾ ਕਹਿ ਕੇ ਬਾਕੀ ਦੀਆਂ ਸੇਜਾਂ ਪਾਣੀ ਦਾ ਰੂਪ ਹੀ ਕਰ ਦਿੱਤੀਆਂ ਸਨ ਭਾਵ ਗੁਰਾਂ ਦੀ ਕਿਰਪਾ ਹੋਣ ਕਰਕੇ ਉਹ ਰਾਜੇ ਦੀ ਸੇਜਾ ਕੱਢ ਕੇ ਦਿਖਾਲ ਦਿੱਤੀ॥੬॥

## ਜਉ ਗੁਰਦੇਉ; ਤ ਅਠਸਠਿ ਨ੍ਹਾਇਆ॥
## ਜਉ ਗੁਰਦੇਉ; ਤਨਿ ਚਕ੍ਰ ਲਗਾਇਆ॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਹੋ ਜਾਵੇ ਤਾਂ ਜੀਵ ਨੂੰ ਘਰ ਬੈਠਿਆਂ ਹੀ ਅਠਸਠਿ = ਅਠਾਹਠ ਤੀਰਥਾਂ 'ਤੇ ਨ੍ਹਾਇਆ = ਇਸ਼ਨਾਨ ਕਰ ਲੈਂਦਾ ਹੈ ਭਾਵ ਅਠਾਹਠ ਤੀਰਥਾਂ 'ਤੇ ਨਹਾਉਣ ਦਾ ਮਹਾਤਮ ਮਿਲ ਜਾਂਦਾ ਹੈ। ਜਿਵੇਂ ਪਰੂਰਵ ਰਾਜੇ ਨੂੰ ਸਿਮਰਨ ਕਰਦਿਆਂ ਘਰ ਵਿਚ ਅਠਾਹਠ ਤੀਰਥ ਆ ਕੇ ਇਸ਼ਨਾਨ ਕਰਵਾ ਗਏ ਸਨ।[੧]

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਇਸ ਕਿਰਪਾ ਵਿਚ ਹੀ ਤਨਿ = ਸਰੀਰ ਉੱਪਰ ਚੱਕ੍ਰ ਲਗਾਇਆ = ਲੱਗ ਜਾਂਦੇ ਹਨ ਭਾਵ ਜਿਵੇਂ ਵੈਸ਼ਨਵ ਮਤ ਵਾਲੇ ਬਾਹਾਂ ਉੱਪਰ ਚੱਕ੍ਰ ਦਾ ਚਿੰਨ੍ਹ ਜਿਹਾ ਬਣਾਉਂਦੇ ਹਨ। ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਸਾਨੂੰ ਇਨ੍ਹਾਂ ਚੱਕ੍ਰਾਂ ਦੇ ਲਾਉਣ ਦੀ ਲੋੜ ਨਹੀਂ ਜੋ ਗੁਰਾਂ ਦੀ ਕਿਰਪਾ ਹੋਈ ਹੈ ਇਸ ਵਿਚ ਹੀ ਸਾਰੇ ਚੱਕ੍ਰ ਆ ਗਏ ਹਨ **ਵਾ:** ਜਿਵੇਂ ਪ੍ਰਿਥੂ ਰਾਜੇ ਦੇ ਸਰੀਰ ਉੱਪਰ ਦੁਆਰਕਾ ਗਏ ਤੋਂ ਬਿਨਾਂ ਹੀ ਹਰੀ ਨੇ ਚਿੰਨ੍ਹ ਛਾਪਾ ਤਿਲਕ ਆਦਿ ਲਗਾ ਦਿੱਤਾ ਸੀ।

**ਅਥਵਾ** ਜਦੋਂ ਗੁਰਾਂ ਦੀ ਕਿਰਪਾ ਹੋਈ, ਤਾਂ ਹੀ ਅੰਬਰੀਕ ਰਾਜੇ ਦੀ ਰੱਖਿਆ ਲਈ ਭਗਵਾਨ ਨੇ ਦੁਰਬਾਸ਼ਾ ਰਿਖੀ ਦੇ ਸਰੀਰ ਮਗਰ ਆਪਣਾ ਸੁਦਰਸ਼ਨ ਚੱਕ੍ਰ ਲਗਾ ਦਿੱਤਾ **ਅਥਵਾ** ਜਦੋਂ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਤਨਿ = ਸਰੀਰ ਦੇ ਅੰਦਰ ਪਰਮਾਤਮਾ ਦੇ ਸਿਮਰਨ ਰੂਪੀ ਚੱਕ੍ਰ ਦਾ ਪਰਵਾਹ ਲੱਗ ਆਇਆ, ਭਾਵ ਹਰ ਸਮੇਂ ਸਿਮਰਨ ਹੋਣ ਲੱਗ ਪਿਆ।

## ਜਉ ਗੁਰਦੇਉ; ਤ ਦੁਆਦਸ ਸੇਵਾ॥

ਜਉ = ਜਦੋਂ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋਈ, ਤ = ਤਦੋਂ ਦੁਆਦਸ = ਬਾਰਾਂ ਜੋਤਿਰ ਲਿੰਗਾਂ[੨] ਦੀ ਸੇਵਾ ਵੀ ਹੋ ਗਈ **ਵਾ:** ਦੁਆਦਸ = ਬਾਰਾਂ ਪ੍ਰਮੁੱਖ ਦੇਵੀ ਦੇਵਤਿਆਂ (ਵਿਸ਼ਨੂੰ, ਲਛਮੀ,

---

੧. ਰਾਜੇ ਪਰੂਰਵ ਦੀ ਵਿਸਥਾਰ ਸਹਿਤ ਸਾਖੀ ਪਹਿਲੀ ਪੋਥੀ ਵਿਚ "ਸੁਣਿਐ ਅਠਸਠਿ ਕਾ ਇਸਨਾਨੁ" ਵਾਲੀ ਤੁਕ ਉੱਪਰ ਹੈ।

੨. ਬਾਰਾਂ ਜੋਤਿਰ ਲਿੰਗ:

੧. ਦੁਆਰਕਾ ਤੋਂ ਸੱਠ ਕੋਹ ਪੂਰਵ ਪਰਿਭਾਸ ਛੇਤ੍ਰ ਵਿਚ 'ਸੋਮਨਾਥ'।
੨. ਕਿਸਕਿੰਧਾ ਪਾਸ ਸ੍ਰਸ਼ੈਲ ਨਾਮਕ ਪਹਾੜ ਤੇ 'ਮੱਲਿਕਾਜੁਨ' ਜੋ ਕ੍ਰਿਸਨਾ ਨਦੀ ਦੇ ਕਿਨਾਰੇ ਹੈ।
੩. ਉੱਜੈਨ ਪੁਰੀ ਵਿਚ 'ਮਹਾਕਾਲ', ਜਿਸ ਨੂੰ ੧੨੩੧ ਈ. ਵਿਚ ਅਲਤਮਸ਼ ਨੇ ਦਿੱਲੀ ਵਿਚ ਲਿਜਾ ਕੇ ਚੂਰਨ ਕੀਤਾ ਸੀ।
੪. ਨਰਮਦਾ ਦੇ ਕਿਨਾਰੇ ਅਸ਼ਰੇਸ੍ਵਰ ਵਿਚ 'ਓਅੰਕਾਰ'।
੫. ਗਯਾ ਪਾਸ ਦੇਵਗੜ੍ਹ ਵਿਚ 'ਵੈਦਜਨਾਥ'।
੬. ਪੂਨੇ ਪਾਸ ਸਾਕਿਨੀ ਨਦੀ ਦੇ ਕਿਨਾਰੇ 'ਭੀਮ ਸ਼ੰਕਰ'।
੭. ਲੰਕਾ ਦੇ ਪੁਲ (ਸੇਤਬੰਧ) ਪਾਸ 'ਰਾਮੇਸ੍ਵਰ'।
੮. ਦ੍ਵਾਰਿਕਾ ਤੋਂ ਤਿੰਨ ਕੋਹ ਉੱਪਰ 'ਨਾਗੇਸ਼੍ਵਰ'।
੯. ਕਾਸ਼ੀ ਵਿਚ 'ਵਿਸ਼੍ਵੇਸ਼੍ਵਰ'।
੧੦. ਗੋਦਾਵਰੀ ਦੇ ਕਿਨਾਰੇ ਪੰਜਵਟੀ ਪਾਸ 'ਤ੍ਰਯਬੰਕ'।

☛

ਸ਼ਿਵ, ਪਾਰਵਤੀ, ਬ੍ਰਹਮਾ, ਸਰਸਵਤੀ, ਗਣੇਸ਼, ਕਾਲੀ, ਭੈਰਵ, ਸੂਰਯ, ਇੰਦ੍ਰ ਅਤੇ ਯਮ ਆਦਿ) ਦੀ ਪੂਜਾ ਹੋ ਗਈ **ਵਾ:** ਬਾਰਾਂ ਰਾਸਾਂ[੧] ਵਾਲੇ ਸੂਰਜ ਦੀ ਸੇਵਾ ਵੀ ਹੋ ਗਈ **ਵਾ:** ਬਾਰਾਂ ਭਾਵ ਲਛਮੀ, ਵਿਸ਼ਨੂੰ ਅਤੇ ਦਸ ਪਾਰਖਦਾਂ[੨] ਦੀ ਸੇਵਾ ਹੋ ਗਈ, ਭਾਵ ਗੁਰਾਂ ਦੀ ਕਿਰਪਾ ਮਿਲਣ ਕਰਕੇ ਇਨ੍ਹਾਂ ਸਭਨਾਂ ਦੀ ਸੇਵਾ ਕਰਨ ਦੀ ਲੋੜ ਹੀ ਨਹੀਂ ਰਹੀ।

**ਅਥਵਾ** ਹਿੰਦੂਮਤ ਦੇ ਗ੍ਰੰਥਾਂ ਅਨੁਸਾਰ ਬਾਰਾਂ ਪ੍ਰਕਾਰ ਦੀ ਸੇਵਾ ਵੀ ਹੋ ਗਈ :

| | | |
|---|---|---|
| (ੳ) ਤਿੰਨ ਪਦ ਸੇਵਾ | — | ੧. ਦੇਵਤਾ ਦੇ ਮੰਦਰ ਬਣਾਉਣ ਲਈ ਚੱਲਣਾ, ੨. ਮੰਦਰ ਪਰਿਕ੍ਰਮਾ, ੩. ਦੇਵਤਾ ਦੇ ਧਾਮ ਪਰਸਣ ਲਈ ਯਾਤ੍ਰਾ। |
| (ਅ) ਤਿੰਨ ਕਰ (ਹੱਥ) ਸੇਵਾ | — | ੪. ਪੂਜਾ ਵਾਸਤੇ ਫੁੱਲ ਪੱਤੇ ਤੋੜਦੇ, ੫. ਝਾੜੂ ਦੇਣਾ, ੬. ਮੂਰਤੀ ਦਾ ਇਸ਼ਨਾਨ, ਸ਼ਿੰਗਾਰ ਕਰਾਉਣਾ। |
| (ੲ) ਇਕ ਬਾਣੀ ਸੇਵਾ | — | ੭. ਨਾਮ, ਕੀਰਤਨ ਭਜਨ ਕਰਨਾ। |
| (ਸ) ਇਕ ਕਰਣ ਸੇਵਾ | — | ੮. ਹਰੀ ਦੀ ਕਥਾ ਸ੍ਵਨ ਕਰਨੀ। |
| (ਹ) ਇਕ ਨੇਤ੍ਰ ਸੇਵਾ | — | ੯. ਮੂਰਤੀ ਦਾ ਦਰਸ਼ਨ ਕਰਨਾ। |
| (ਕ) ਦੋ ਸਿਰ ਸੇਵਾ | — | ੧੦. ਠਾਕੁਰ ਦਾ ਪ੍ਰਸ਼ਾਦ ਸਿਰ ਚੜ੍ਹਾਉਣਾ, ੧੧. ਪ੍ਰਣਾਮ ਕਰਨਾ। |
| (ਖ) ਇਕ ਨਾਸਿਕਾ ਸੇਵਾ | — | ੧੨. ਦੇਵਤੇ ਦੇ ਉੱਪਰ ਚੜ੍ਹੇ ਫੁੱਲ ਸੁੰਘਣੇ। |

## ਜਉ ਗੁਰਦੇਉ; ਸਭੈ ਬਿਖੁ ਮੇਵਾ ॥੭॥

ਜਉ = ਜਦੋਂ ਗੁਰਦੇਉ = ਪੂਜਨੀਕ ਗੁਰਾਂ ਦੀ ਮਿਹਰ ਹੋਈ, ਤਦੋਂ ਸਭੈ = ਸਾਰੇ ਬਿਖੁ = ਜ਼ਹਿਰ ਵੀ ਮੇਵਾ = ਫਲ ਭਾਵ ਅੰਮ੍ਰਿਤ ਰੂਪ ਹੋ ਗਏ, ਭਾਵ ਜਿਵੇਂ ਮੀਰਾ ਬਾਈ ਨੂੰ ਉਸਦੇ ਜੇਠ ਨੇ ਖਿਚੜੀ ਰਿੰਨ੍ਹ ਕੇ ਵਿਚ ਜ਼ਹਿਰ ਮਿਲਾ ਕੇ ਦੇ ਦਿੱਤੀ, ਮੀਰਾਂ ਬਾਈ ਨੇ ਪਹਿਲਾਂ ਭਗਵਾਨ ਨੂੰ ਭੋਗ ਲਵਾਇਆ, ਜਿਸ ਤੋਂ ਭਗਵਾਨ ਨੇ ਉਹ ਜ਼ਹਿਰ ਆਪ ਅੰਦਰ ਖਿੱਚ ਲਈ ਅਤੇ ਫੇਰ ਉਹ ਖਿੱਚੜੀ ਮੀਰਾਬਾਈ ਨੇ ਖਾ ਲਈ, ਜਿਸ ਤੋਂ ਕੁਝ ਵੀ ਨਾ ਹੋਇਆ।

**ਵਾ:** ਜਿਵੇਂ ਸਮੁੰਦਰ ਰਿੜਕਣ ਸਮੇਂ ਉਸ ਵਿੱਚੋਂ ਨਿਕਲੀ ਜ਼ਹਿਰ ਸ਼ਿਵਜੀ ਨੇ ਨਾਮ ਦੇ ਆਸਰੇ ਆਪਣੇ ਕੰਠ ਵਿਚ ਹਜ਼ਮ ਕਰ ਲਈ, ਜਿਸ ਤੋਂ ਉਸਨੂੰ ਕੁਝ ਵੀ ਨਾ ਹੋਇਆ।

**ਵਾ:** ਜਿਵੇਂ ਬਾਬਾ ਆਇਆ ਸਿੰਘ ਜੀ ਨੂੰ ਉਨ੍ਹਾਂ ਦੇ ਸੇਵਕ ਨੇ ਦੁੱਧ ਵਿਚ ਤਿੰਨ ਵਾਰ ਜ਼ਹਿਰ ਪਾ ਕੇ ਦਿੱਤੀ, ਪਰ ਉਹ ਨਾਮ ਸਿਮਰਨ ਦੇ ਆਸਰੇ ਦੁੱਧ ਪੀ ਜਾਂਦੇ ਰਹੇ, ਉਨ੍ਹਾਂ ਨੂੰ ਕੁਝ ਵੀ ਨਾ ਹੋਇਆ ॥੭॥

---

☛ ੧੧. ਹਿਮਾਲਯ ਵਿਚ ਬਦਰੀ ਨਾਰਾਇਣ ਪਾਸ 'ਕੇਦਾਰਨਾਥ'।

੧੨. ਦੱਖਣ ਵਿਚ ਔਰੰਗਾਬਾਦ ਪਾਸ ਧ੍ਰਿਸਨੇਸ਼੍ਵਰ **ਵਾ:** ਇਕ ਮੱਕੇ ਵਿਚ ਵੀ ਮੰਨਿਆ ਜਾਂਦਾ ਹੈ।

੧.

| | ਬਾਰਾਂ ਰਾਸਾਂ | ਉਨ੍ਹਾਂ ਦੇ ਸੁਆਮੀ | | ਬਾਰਾਂ ਰਾਸਾਂ | ਉਨ੍ਹਾਂ ਦੇ ਸੁਆਮੀ |
|---|---|---|---|---|---|
| ੧. | ਮੇਖ | ਮੰਗਲ | ੭. | ਤੁਲਾ | ਸ਼ੁਕਰ |
| ੨. | ਬ੍ਰਿਖ | ਸ਼ੁਕਰ | ੮. | ਬ੍ਰਿਸਚਕ | ਮੰਗਲ |
| ੩. | ਮਿਥਨ | ਬੁਧ | ੯. | ਧਨ | ਬ੍ਰਿਹਸਪਤਿ |
| ੪. | ਕਰਕ | ਚੰਦ੍ਰਮਾ | ੧੦. | ਮਕਰ | ਸ਼ਨੀ |
| ੫. | ਸਿੰਘ | ਸੂਰਜ | ੧੧. | ਕੁੰਭ | ਕੁੰਭੀ |
| ੬. | ਕੰਨਿਆਂ | ਬੁਧ | ੧੨. | ਮੀਨ | ਬ੍ਰਿਹਸਪਤਿ |

੨. **ਦਸ ਪਾਰਖਦ** : ਜਯ, ਵਿਜਯ, ਬਲ, ਸੁਬਲ, ਨੰਦ, ਸੁਨੰਦ, ਭਦ੍ਰ, ਸੁਭਦ੍ਰ, ਚੰਡ, ਵਿਨੀਤ ਆਦਿ।

## ਜਉ ਗੁਰਦੇਉ; ਤ ਸੰਸਾ ਟੂਟੈ ॥ ਜਉ ਗੁਰਦੇਉ; ਤ ਜਮ ਤੇ ਛੂਟੈ ॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤ = ਤਾਂ ਪਰਮਾਣ ਵਿਪਰਜੈ ਆਦਿਕ ਸੰਸਾ ਟੂਟੈ = ਟੁੱਟ, ਨਾਸ਼ ਹੋ ਜਾਂਦਾ ਹੈ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਮਿਹਰ ਹੋ ਜਾਵੇ ਤਾਂ ਜੀਵ ਜਮਾਂ ਦੇ ਬੰਧਨ ਤੇ = ਤੋਂ ਛੂਟੈ = ਛੁੱਟ ਜਾਂਦਾ ਹੈ।

## ਜਉ ਗੁਰਦੇਉ; ਤ ਭਉਜਲ ਤਰੈ ॥ ਜਉ ਗੁਰਦੇਉ; ਤ ਜਨਮਿ ਨ ਮਰੈ ॥੮॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਜੀਵ ਭਉਜਲ = ਸੰਸਾਰ-ਸਮੁੰਦ੍ਰ ਤੋਂ ਸੁਖੈਨ ਹੀ ਤਰੈ = ਤਰ ਜਾਂਦਾ ਹੈ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਮਿਹਰ ਹੋ ਜਾਵੇ ਤਾਂ ਜੀਵ ਜਨਮਿ ਨ ਮਰੈ = ਜੰਮਣ ਮਰਣ ਵਿਚ ਨਹੀਂ ਆਉਂਦਾ ॥੮॥

## ਜਉ ਗੁਰਦੇਉ; ਅਠਦਸ ਬਿਉਹਾਰ ॥ ਜਉ ਗੁਰਦੇਉ; ਅਠਾਰਹ ਭਾਰ ॥

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਾਂ ਅਠਦਸ = ਅਠਾਰਾਂ ਪੁਰਾਣਾਂ ਦਾ ਬਿਉਹਾਰ = ਵਿਹਾਰ, ਸਿਧਾਂਤ ਜਾਣ ਲਈਦਾ ਹੈ ਕਿ ਇਸ ਵਿਚ ਅਵਤਾਰਾਂ, ਰਾਜਿਆਂ ਆਦਿ ਦੀ ਕਥਾ ਹੈ।

ਜਉ = ਜੇਕਰ ਗੁਰਦੇਉ = ਪੂਜਨੀਕ ਗੁਰਾਂ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਅਠਾਰਹ ਭਾਰ = ਅਠਾਰਾਂ ਭਾਰ ਬਨਸਪਤੀ ਵੀ ਅੰਮ੍ਰਿਤ ਫਲ ਬਣ ਜਾਂਦੀ ਹੈ **ਵਾ:** ਅਠਾਰਹ ਭਾਰ ਭਾਵ ਅਠਾਰਾਂ ਪਰਬਾਂ ਵਾਲੇ ਮਹਾਂਭਾਰਤ ਦਾ ਸਿਧਾਂਤ ਜਾਣ ਲਈਦਾ ਹੈ।

## ਬਿਨੁ ਗੁਰਦੇਉ; ਅਵਰ ਨਹੀ ਜਾਈ ॥
## ਨਾਮਦੇਉ; ਗੁਰ ਕੀ ਸਰਣਾਈ ॥੯॥੧॥੨॥੧੧॥

ਗੁਰਦੇਉ = ਪੂਜਨੀਕ ਗੁਰਾਂ ਤੋਂ ਬਿਨੁ = ਬਗ਼ੈਰ ਅਵਰ = ਹੋਰ ਕੋਈ ਵੀ ਰੱਖਿਆ, ਸੁੱਖ ਦੇਣ ਵਾਲੀ ਜਾਈ = ਥਾਂ ਨਹੀਂ ਹੈ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਇਸ ਲਈ ਅਸੀਂ ਗੁਰਾਂ ਕੀ = ਦੀ ਸਰਣਾਈ = ਓਟ ਹੀ ਲੈਣੀ ਕੀਤੀ ਹੈ ॥੯॥੧॥੨॥੧੧॥

## ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਰਾਗ ਭੈਰਉ ਦੇ ਅੰਦਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਭਗਤ ਰਵਿਦਾਸ ਜੀਉ = ਜੀ ਕੀ = ਦੀ ਉਚਾਰਣ ਕੀਤੀ ਬਾਣੀ ਘਰੁ ੨ = ਦੂਸਰੇ ਸੁਰਤਾਲ ਅੰਦਰ ਦਰਜ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਇਕ ਪੰਡਿਤ ਨੇ ਭਗਤ ਰਵਿਦਾਸ ਜੀ ਨੂੰ ਕਿਹਾ ਕਿ ਹੇ ਰਵਿਦਾਸ ਜੀ! ਤੁਸੀਂ ਕਹਿੰਦੇ ਹੋ ਕਿ ਪਰਮਾਤਮਾ ਦੀ ਭਗਤੀ ਕਰਕੇ ਉਸ ਨਾਲ ਮਿਲਣਾ ਚਾਹੀਦਾ ਹੈ। ਪਰ ਜਦੋਂ ਉਹ ਕਿਸੇ ਨੂੰ ਦਿਸਦਾ ਹੀ ਨਹੀਂ ਤਾਂ ਫੇਰ ਕਿਸੇ ਦੀ ਉਸ ਨਾਲ ਮਿਲਣ ਦੀ ਇੱਛਾ ਕਿਵੇਂ ਹੋ ਸਕਦੀ ਹੈ? ਅਤੇ ਜੇ ਤੁਸੀਂ ਕਹੋ ਕਿ

ਉਸ ਨੇ ਦਿਸਣ ਵਾਲੇ ਰਾਮ ਕ੍ਰਿਸ਼ਨ ਆਦਿ ਅਵਤਾਰ ਧਾਰਨ ਕੀਤੇ ਹਨ ਤਾਂ ਉਹ ਅਵਤਾਰਾਂ ਦੇ ਸਰੀਰ ਨਾਸ਼ਵੰਤ ਹਨ, ਇਸ ਕਰਕੇ ਮੇਰੇ ਅਨੁਸਾਰ ਪਰਮਾਤਮਾ ਨੂੰ ਮਿਲਣ ਦੀ ਇੱਛਾ ਨਹੀਂ ਹੋ ਸਕਦੀ। ਤਦ ਉੱਤਰ ਵਿਚ ਭਗਤ ਜੀ ਕਥਨ ਕਰਦੇ ਹਨ ਕਿ :

## ਬਿਨੁ ਦੇਖੇ; ਉਪਜੈ ਨਹੀ ਆਸਾ ॥ ਜੋ ਦੀਸੈ; ਸੋ ਹੋਇ ਬਿਨਾਸਾ ॥

ਹੇ ਪੰਡਿਤ ਜੀ ! ਤੁਹਾਡੀ ਗੱਲ ਕੁਝ ਕੁ ਠੀਕ ਹੈ ਕਿ ਕੁਝ ਦੇਖੇ = ਦੇਖਣ ਤੋਂ ਬਿਨੁ = ਬ਼ਗ਼ੈਰ ਉਸ ਪਦਾਰਥ ਦੀ ਆਸਾ = ਇੱਛਾ ਉਪਜੈ = ਪੈਦਾ ਨਹੀਂ ਹੁੰਦੀ। ਜਿਵੇਂ ਬ੍ਰਹਮ ਸਤ ਚਿਤ ਅਨੰਦ ਸਰੂਪ ਹੋਣ ਕਰਕੇ ਦਿਸਣ ਤੋਂ ਰਹਿਤ ਹੈ ਪਰ ਫੇਰ ਵੀ ਸਾਰੇ ਲੋਕ ਨਾਸ਼ ਤੋਂ ਰਹਿਤ ਸਦੀਵੀ ਸੁੱਖ, ਅਨੰਦ ਦੀ ਇੱਛਾ ਕਰਦੇ ਰਹਿੰਦੇ ਹਨ, ਭਾਵ ਬ੍ਰਹਮ ਆਪ ਤਾਂ ਦਿਸਣ ਤੋਂ ਰਹਿਤ ਹੈ ਪਰੰਤੂ ਲੋਕ ਬੁੱਧੀ ਦੇ ਅੰਦਰ ਅਨੰਦ ਦੀ ਇੱਛਾ ਕਰਦੇ ਹਨ, ਇਸ ਕਰਕੇ ਪਰਮਾਤਮਾ ਦੇ ਮਿਲਣ ਦੀ ਆਸਾ ਹੋ ਸਕਦੀ ਹੈ।

ਦੂਸਰਾ ਤੁਹਾਡਾ ਕਹਿਣਾ ਹੈ ਕਿ ਜੋ = ਜਿਹੜਾ ਕੁਝ ਵੀ ਇਨ੍ਹਾਂ ਸਥੂਲ ਅੱਖਾਂ ਨਾਲ ਦਿਸਦਾ ਹੈ, ਸੋ = ਉਹ ਬਿਨਾਸਾ = ਨਾਸ਼ ਹੋਇ = ਹੋ ਜਾਣ ਵਾਲਾ ਹੈ। ਪਰ ਜਦੋਂ ਬ੍ਰਹਮ ਇਨ੍ਹਾਂ ਨੇਤ੍ਰਾਂ ਦਾ ਵਿਸ਼ਾ ਹੀ ਨਹੀਂ, ਫੇਰ ਉਹ ਨਾਸ਼ ਕਿਵੇਂ ਹੋਵੇਗਾ, ਫੇਰ ਬੁੱਧੀ ਦੇ ਅੰਦਰ ਹੀ ਉਸਦੇ ਸੁਖ ਨੂੰ ਮਹਿਸੂਸ ਕਰੀਦਾ ਹੈ, ਇਸ ਕਰਕੇ ਉਹ ਆਤਮਾਨੰਦ ਨਾਸ਼ਵੰਤ ਨਹੀਂ ਹੈ।

ਇਹ ਸੁਣ ਕੇ ਪੰਡਿਤ ਸ਼ਰਮਿੰਦਾ ਹੋਇਆ, ਫੇਰ ਉਸਨੇ ਪਰਮਾਤਮਾ ਦੀ ਪ੍ਰਾਪਤੀ ਬਾਬਤ ਪੁੱਛਿਆ ਤਾਂ ਏਨ੍ਹਾਂ ਹੀ ਤੁਕਾਂ ਦੁਆਰਾ ਕਥਨ ਕਰਦੇ ਹਨ।

ਜੋ ਸ੍ਵਰਗ ਆਦਿਕਾ ਦੇ ਦਿਬਯ ਭੋਗ ਦੇਖਣ ਤੋਂ ਬਿਨਾਂ ਹਨ, ਭਾਵ ਦੇਖੇ ਨਹੀਂ ਜਾਂਦੇ, ਸ਼ਾਸਤ੍ਰਾਂ ਆਦਿ ਦੁਆਰਾ ਹੀ ਸੁਣੀਦੇ ਹਨ, ਉਨ੍ਹਾਂ ਦੀ ਆਸਾ = ਇੱਛਾ ਪੈਦਾ ਨਹੀਂ ਹੋਣੀ ਚਾਹੀਦੀ, ਭਾਵ 'ਤਰ ਤੀਬਰ ਤਰ ਤਮ' ਵੈਰਾਗ ਹੋਣਾ ਚਾਹੀਦਾ ਹੈ।

ਫੇਰ ਜੋ ਕੁਝ ਵੀ ਇਸ ਲੋਕ ਵਿਚ ਦੀਸੈ = ਦਿਸ ਰਿਹਾ ਹੈ, ਉਸ ਸਾਰੇ ਪਸਾਰੇ ਨੂੰ ਨਾਸ਼ ਹੋ ਜਾਣ ਵਾਲਾ ਸਮਝਣਾ ਕਰੇ, ਇਸ ਨਾਲ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

## ਬਰਨ ਸਹਿਤ; ਜੋ ਜਾਪੈ ਨਾਮੁ ॥ ਸੋ ਜੋਗੀ; ਕੇਵਲ ਨਿਹਕਾਮੁ ॥੧॥

ਚੌਹਾਂ ਬਰਨਾਂ 'ਚੋਂ ਕਿਸੇ ਵੀ ਬਰਨ ਦੇ ਸਹਿਤ ਹੋ ਕੇ **ਵਾ:** ਬਰਨ = ਰੰਗ, ਸਰੂਪ ਭਾਵ ਇਸ਼ਟ ਦੇ ਧਿਆਨ ਦੇ ਸਹਿਤ **ਵਾ:** ਬਰਨ = ਰੰਗ, ਪ੍ਰੇਮ ਦੇ ਸਹਿਤ ਹੋ ਕੇ ਜੋ ਮਨੁੱਖ ਪਰਮਾਤਮਾ ਦਾ ਨਾਮ ਜਾਪੈ = ਜਪਦਾ ਹੈ।

ਕੇਵਲ = ਸਿਰਫ਼ ਸੋ = ਉਹੋ ਹੀ ਨਿਹਕਾਮੁ = ਕਾਮਨਾਵਾਂ ਤੋਂ ਰਹਿਤ ਹੋ ਕੇ ਪਰਮਾਤਮਾ ਵਿਚ ਜੋਗੀ = ਜੁੜਿਆ ਹੋਇਆ ਹੈ॥੧॥

## ਪਰਚੈ ਰਾਮੁ ਰਵੈ; ਜਉ ਕੋਈ ॥ ਪਾਰਸੁ ਪਰਸੈ; ਦੁਬਿਧਾ ਨ ਹੋਈ ॥੧॥ਰਹਾਉ ॥

ਜਉ = ਜੇਕਰ ਕੋਈ ਮਨੁੱਖ ਗੁਰਾਂ ਦੇ ਸ਼ਬਦ, ਪ੍ਰੇਮ ਰੂਪੀ ਪਰਚੇ ਵਿਚ ਪਰਚ ਕੇ ਰਾਮ = ਪਰਮਾਤਮਾ ਦਾ ਨਾਮ ਰਵੈ = ਉਚਾਰਣ ਕਰਦਾ ਹੈ।

ਉਹ ਪਾਰਸ ਰੂਪੀ ਗੁਰੂ **ਵਾ:** ਪਰਮਾਤਮਾ ਨਾਲ ਪਰਸੈ = ਸਪਰਸ਼ ਹੁੰਦਾ ਹੈ ਅਤੇ ਉਸਨੂੰ ਕਿਸੇ ਪ੍ਰਕਾਰ ਦੀ ਦੁਬਿਧਾ = ਦ੍ਵੈਤ ਭ੍ਰਾਂਤੀ ਨਹੀਂ ਹੋਈ = ਹੁੰਦੀ। ਉਹ ਗੁਰੂ ਰੂਪੀ ਪਾਰਸ ਨਾਲ ਛੂਹ ਕੇ ਬ੍ਰਹਮ ਰੂਪੀ ਸੋਨਾ ਬਣ ਜਾਂਦਾ ਹੈ॥੧॥ਰਹਾਉ॥

## ਸੋ ਮੁਨਿ; ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ; ਤ੍ਰੈ ਲੋਕ ਸਮਾਇ ॥

ਹੇ ਭਾਈ ! ਸੋ = ਉਹੋ ਹੀ ਅਸਲੀ ਮੁਨਿ = ਮੁਨੀ ਹੁੰਦਾ ਹੈ, ਜੋ ਆਪਣੇ ਮਨ ਕੀ = ਦੀ ਦੁਬਿਧਾ = ਦ੍ਵੈਤ ਭ੍ਰਾਂਤੀ ਨੂੰ ਖਾਇ = ਖਾ, ਅਭਾਵ ਕਰ ਦੇਂਦਾ ਹੈ ਅਤੇ ਇੰਦ੍ਰੀਆਂ ਰੂਪੀ ਦੁਆਰੇ = ਦਰਵਾਜ਼ਿਆਂ ਤੋਂ ਬਿਨੁ = ਬਗ਼ੈਰ ਰਹਿਣ ਵਾਲੇ ਬ੍ਰਹਮ ਨੂੰ ਤ੍ਰੈ ਲੋਕ = ਤਿੰਨਾਂ ਲੋਕਾਂ ਵਿਚ ਸਮਾਇ = ਅਭੇਦ ਹੋਇਆ ਜਾਣਦਾ ਹੈ **ਵਾ:** ਜੋ ਤਿੰਨ ਜਾਗਰਤ, ਸੁਪਨ ਤੇ ਸੁਖੋਪਤ ਦਾ ਸਾਖੀ ਬ੍ਰਹਮ ਚੇਤਨ ਹੈ, ਉਸ ਵਿਚ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਰਹਿਤ ਹੋ ਕੇ ਸਮਾਇ = ਸਮਾਉਣਾ ਕਰੇ।

## ਮਨ ਕਾ ਸੁਭਾਉ; ਸਭੁ ਕੋਈ ਕਰੈ ॥ ਕਰਤਾ ਹੋਇ; ਸੁ ਅਨਭੈ ਰਹੈ ॥੨॥

ਜਿਹੋ ਜਿਹਾ ਕਿਸੇ ਦੇ ਮਨ ਕਾ = ਦਾ ਸੁਭਾਉ = ਸੁਭਾਅ ਹੈ, ਸਭੁ = ਸਾਰੇ ਕੋਈ ਉਵੇਂ ਹੀ ਕਰੈ = ਕਰਦੇ ਹਨ, ਭਾਵ ਮਨ ਦੇ ਸੁਭਾਅ ਅਨੁਸਾਰ ਆਪਣੇ ਇਸ਼ਟ ਦੀ ਉਪਾਸ਼ਨਾ ਕਰਦੇ ਹਨ **ਵਾ:** (ਸੋ + ਭਾਉ) ਸੋ = ਉਹ ਜੋ ਭਾਉ = ਪ੍ਰਕਾਸ਼ ਸਰੂਪ ਬ੍ਰਹਮ ਹੈ, ਉਸਦੇ ਕਰਕੇ ਹੀ ਸਭ ਕੋਈ ਅਨੁਭਵ ਕਰਦੇ ਹਨ ਆਪਣੇ ਮਨ ਕਾ = ਦਾ ਧਿਆਨ ਉਸ ਵਿਚ ਜੋੜਨਾ ਕਰੇ।

ਜਿਹੜਾ ਨਾਮ ਅਭਿਆਸ ਦੇ ਕਰਤਾ = ਕਰਨ ਵਾਲਾ ਹੋਇ = ਹੁੰਦਾ ਹੈ, ਸੁ = ਉਹ ਅਨਭੈ = ਭੈ ਤੋਂ ਰਹਿਤ ਹੋ ਕੇ ਰਹੈ = ਰਹਿੰਦਾ ਹੈ ॥੨॥

## ਫਲ ਕਾਰਨ; ਫੂਲੀ ਬਨਰਾਇ ॥ ਫਲੁ ਲਾਗਾ; ਤਬ ਫੂਲੁ ਬਿਲਾਇ ॥

ਹੇ ਭਾਈ ! ਜਿਵੇਂ ਫਲ ਦੇਣ ਦੇ ਕਾਰਨ = ਵਾਸਤੇ ਸਾਰੀ ਬਨਰਾਇ = ਬਨਸਪਤੀ ਫੂਲੀ = ਫੁੱਲਾਂ ਦੇ ਸਹਿਤ ਪ੍ਰਫੁੱਲਤ ਹੁੰਦੀ ਹੈ।

ਜਦੋਂ ਫਲ ਲਾਗਾ = ਲੱਗ ਜਾਂਦਾ ਹੈ, ਤਬ = ਤਦੋਂ ਸਾਰੇ ਫੂਲੁ = ਫੁੱਲ ਬਿਲਾਇ = ਨਾਸ਼ ਹੋ ਜਾਂਦੇ ਹਨ।

## ਗਿਆਨੈ ਕਾਰਨ; ਕਰਮ ਅਭਿਆਸੁ ॥
## ਗਿਆਨੁ ਭਇਆ; ਤਹ ਕਰਮਹ ਨਾਸੁ ॥੩॥

ਏਸੇ ਪ੍ਰਕਾਰ ਗਿਆਨੈ = ਗਿਆਨ ਦੀ ਪ੍ਰਾਪਤੀ ਦੇ ਕਾਰਨ = ਵਾਸਤੇ ਨਿਸ਼ਕਾਮ ਕਰਮਾਂ ਦੁਆਰਾ ਨਾਮ ਦਾ ਅਭਿਆਸ ਕਰੀਦਾ ਹੈ।

ਜਦੋਂ ਗਿਆਨ ਪ੍ਰਾਪਤ ਭਇਆ = ਹੋ ਗਿਆ, ਤਹ = ਉਸ ਸਮੇਂ ਕਰਮਹ = ਕਰਮ ਨਾਸ਼ ਹੋ ਜਾਂਦੇ ਹਨ।

ਅਰਥਾਤ ਅੰਤਹਕਰਨ ਰੂਪੀ ਧਰਤੀ, ਸ਼ਰਧਾ ਦਾ ਬੀਜ, ਧਰਮ ਰੂਪੀ ਅੰਕੂਰ, ਸਤ ਸੰਤੋਖ ਰੂਪੀ ਪੱਤੇ, ਕਰੁਣਾ, ਮੁੱਦਤਾ, ਮੈਤ੍ਰੀ, ਉਪੇਖਿਆ ਰੂਪੀ ਟਾਹਣੀਆਂ ਅਤੇ ਉਪਾਸ਼ਨਾ ਰੂਪੀ ਫੁੱਲ ਲੱਗੇ ਹੋਏ ਹਨ, ਇਉਂ ਬ੍ਰਹਮ ਗਿਆਨ ਰੂਪੀ ਫਲ ਦੇ ਕਾਰਨ ਸ਼ੁੱਭ ਗੁਣਾਂ ਰੂਪੀ ਬਨਸਪਤੀ ਪ੍ਰਫੁੱਲਤ ਹੋ ਰਹੀ ਹੈ। ਜਿਸ ਸਮੇਂ ਬ੍ਰਹਮ ਗਿਆਨ ਰੂਪੀ ਫਲ ਲੱਗ ਜਾਂਦਾ ਹੈ ਤਦੋਂ ਜੋ ਪਹਿਲਾਂ ਚਿਤ ਦੀ ਚੰਚਲਤਾ ਮੇਟਣ ਵਾਸਤੇ ਉਪਸ਼ਨਾ ਅਤੇ ਪਾਪਾਂ ਦੀ ਨਵਿਰਤੀ ਲਈ ਨਿਸ਼ਕਾਮ ਕਰਮ ਕਰਨੇ ਸੀ, ਉਹ ਸਾਰੇ ਛੁਪ ਜਾਂਦੇ ਹਨ।

ਜਿਵੇਂ ਅਸ਼ਟਾਬਕ੍ਰ ਨੇ ਰਾਜੇ ਜਨਕ ਨੂੰ ਗਿਆਨ ਦੇ ਸਹਿਤ ਰਹਿਣ ਲਈ ਹੀ ਕਿਹਾ ਉਸਨੇ ਦੱਸਿਆ ਕਿ ਜੋ ਗਿਆਨ ਦੇ ਸਹਿਤ ਹੋ ਕੇ ਗਿਆਨ ਤੋਂ ਥੱਲੇ ਉਪਾਸ਼ਨਾ ਜਾਂ ਕਰਮ ਕਰਨੇ ਹਨ ਇਹ ਜੋਗ ਅਰੂੜੀ ਪਤਿਤ ਮਨੁੱਖ ਦੇ ਲੱਛਣ ਹਨ, ਗਿਆਨ ਤੋਂ ਬਾਅਦ ਉਪਾਸ਼ਨਾ ਅਤੇ ਕਰਮ ਕਰਨ ਨਾਲ ਮਨੁੱਖ ਫਿਰ ਗਿਆਨ ਅਵਸਥਾ ਤੋਂ ਡਿੱਗ ਜਾਂਦਾ ਹੈ ਪਰ ਗੁਰਮਤਿ ਦਾ ਅਸੂਲ ਇਹ ਹੈ ਕਿ ਪੂਰਨ ਬ੍ਰਹਮ ਗਿਆਨੀ ਹੋ ਕੇ ਵੀ ਦੁਨੀਆਂ ਦੇ ਭਲੇ ਵਾਸਤੇ ਕਰਮ ਅਭਿਆਸ ਕਰਦੇ ਰਹਿਣਾ।

ਜਿਸ ਪ੍ਰਕਾਰ ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕਿਹਾ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਿਆ ਕਰੋ ਅਤੇ ਸੰਗਤ ਵਿਚ ਜੁੜ ਕੇ ਬੈਠਿਆ ਕਰੋ, ਤਾਂ ਅੱਗੋਂ ਬਾਬਾ ਬੁੱਢਾ ਜੀ ਨੇ ਕਿਹਾ ਕਿ ਹੇ ਸਤਿਗੁਰੂ ਜੀ! ਹੁਣ ਤੁਹਾਡੀ ਕਿਰਪਾ ਨਾਲ ਅਵਸਥਾ ਐਸੀ ਹੋ ਗਈ ਹੈ ਕਿ ਉਥੇ ਇਹ ਕੁਝ ਕਰਨ ਦੀ ਬਾਕੀ ਲੋੜ ਹੀ ਨਹੀਂ ਰਹੀ। ਅੱਗੋਂ ਸਤਿਗੁਰਾਂ ਨੇ ਕਿਹਾ ਕਿ ਤੁਸੀਂ ਠੀਕ ਕਹਿੰਦੇ ਹੋ ਭਾਵੇਂ ਕੋਈ ਲੋੜ ਹੀ ਨਹੀਂ ਹੈ, ਪਰ ਤੁਹਾਡੇ ਜੀਵਨ ਵੱਲ ਵੇਖ ਕੇ ਬੇਅੰਤ ਸੰਗਤਾਂ ਗੁਰਮਤਿ ਪ੍ਰਾਪਤ ਕਰਨਗੀਆਂ, ਤੁਹਾਨੂੰ ਅੰਮ੍ਰਿਤ ਵੇਲੇ ਉੱਠਦਿਆਂ ਵੇਖ ਕੇ ਸੰਗਤਾਂ ਵਿਚ ਵੀ ਅੰਮ੍ਰਿਤ ਵੇਲੇ ਉੱਠਣ ਦਾ ਉਤਸ਼ਾਹ ਪੈਦਾ ਹੋਵੇਗਾ, ਸਿਮਰਨ ਦੀ ਲਗਨ ਲੱਗੇਗੀ, ਇਹ ਉਪਦੇਸ਼ ਸੁਣ ਕੇ ਬਾਬਾ ਬੁੱਢਾ ਜੀ ਨੇ ਸਤਿ ਬਚਨ ਕਹਿ ਕੇ ਧਾਰਨ ਕੀਤਾ।

ਸੋ ਇਸ ਪ੍ਰਕਾਰ ਗਿਆਨਵਾਨ ਦੇ ਤਾਈਂ ਕਰਮਾਂ ਦਾ ਅਭਿਆਸ ਨਹੀਂ ਰਹਿੰਦਾ ਪਰ ਦੁਨੀਆਂ ਦੀ ਭਲਿਆਈ, ਪਰਉਪਕਾਰ ਵਾਸਤੇ ਜਿਵੇਂ ਪਹਿਲਾਂ ਸੰਸਾਰ ਵਿਚ ਵਰਤਦੇ ਸੀ, ਉਸੇ ਪ੍ਰਕਾਰ ਹੀ ਵਰਤਦੇ ਰਹਿੰਦੇ ਹਨ, ਗਿਆਨਵਾਨ ਹੋਣ ਕਾਰਨ ਉਨ੍ਹਾਂ ਨੂੰ ਕਰਮਾਂ ਦੇ ਫਲ ਦੀ ਇੱਛਾ ਨਹੀਂ ਰਹਿੰਦੀ॥੩॥

## ਘ੍ਰਿਤ ਕਾਰਨ; ਦਧਿ ਮਥੈ ਸਇਆਨ ॥ ਜੀਵਤ ਮੁਕਤ; ਸਦਾ ਨਿਰਬਾਨ ॥

ਜਿਸ ਪ੍ਰਕਾਰ ਘ੍ਰਿਤ = ਘਿਉ ਦੇ ਕਾਰਨ = ਵਾਸਤੇ ਸਇਆਨ = ਸਿਆਣੀ ਇਸਤ੍ਰੀ ਦਧਿ = ਦਹੀਂ ਨੂੰ ਮਥੈ = ਰਿੜਕਣਾ ਕਰਦੀ ਹੈ **ਅਥਵਾ** ਏਸੇ ਪ੍ਰਕਾਰ ਗਿਆਨਵਾਨ ਪੁਰਖ ਬ੍ਰਹਮਾਨੰਦ ਰੂਪੀ ਘਿਉ ਦੇ ਵਾਸਤੇ ਨਿਸ਼ਕਾਮ ਕਰਮਾਂ ਰੂਪੀ ਦਹੀਂ ਨੂੰ ਬਿਬੇਕ ਰੂਪੀ ਮਧਾਣੀ ਪਾ ਕੇ ਰਿੜਕਣਾ ਕਰਦੇ ਹਨ ਅਤੇ ਉਸ ਵਿੱਚੋਂ ਬ੍ਰਹਮ ਗਿਆਨ ਰੂਪੀ ਮੱਖਣ ਪ੍ਰਾਪਤ ਕਰਕੇ ਫੇਰ ਉਸ ਵਿੱਚੋਂ ਅਨੁਭਵ ਦਾ ਪ੍ਰਕਾਸ਼ ਰੂਪ ਘਿਉ ਕੱਢ ਲੈਂਦੇ ਹਨ।

ਉਹ ਸੰਸਾਰ ਵਿਚ ਜੀਵਤ = ਜੀਊਂਦੇ ਹੋਏ ਵੀ ਸਦਾ ਮੁਕਤ ਪੁਰਖ ਹਨ ਅਤੇ ਸਦਾ = ਹਮੇਸ਼ਾਂ ਕਰਮ ਕਾਂਡ ਆਦਿ ਦੇ ਨਿਰਬਾਨ = ਬੰਧਨਾਂ ਤੋਂ ਰਹਿਤ ਰਹਿੰਦੇ ਹਨ **ਵਾ:** ਬਾਨ = ਆਦਤਾਂ ਤੋਂ **ਵਾ:** ਦੁੱਖਾਂ ਤੋਂ ਰਹਿਤ ਹੋ ਜਾਂਦੇ ਹਨ।

## ਕਹਿ ਰਵਿਦਾਸ; ਪਰਮ ਬੈਰਾਗ ॥ ਰਿਦੈ ਰਾਮੁ; ਕੀ ਨ ਜਪਸਿ ਅਭਾਗ ॥੪॥੧॥

ਭਗਤ ਰਵਿਦਾਸ ਜੀ ਕਥਨ ਕਰਦੇ ਹਨ ਕਿ ਪਰਮ = ਵੱਡੇ (ਤਰ ਤੀਬਰ ਤਰ ਤਮ) ਵੈਰਾਗ ਨੂੰ ਧਾਰਨ ਕਰਕੇ।

ਹੇ ਅਭਾਗ = ਭਾਗਾਂ ਤੋਂ ਹੀਣੇ ਜੀਵ! ਆਪਣੇ ਰਿਦੈ = ਹਿਰਦੇ ਅੰਦਰ ਵੱਸਦੇ ਰਾਮ = ਪਰਮਾਤਮਾ ਨੂੰ ਕੀ = ਕਿਉਂ ਨਹੀਂ ਜਪਸਿ = ਜਪਦਾ, ਜਿਸ ਕਰਕੇ ਤੈਨੂੰ ਸਰੂਪ ਦੀ ਸਿਖਿਆਤਤਾ ਹੋਵੇ, ਭਾਵ ਤੂੰ ਪਰਮਾਤਮਾ ਦਾ ਨਾਮ ਸਿਮਰਨ ਕਰ॥੪॥੧॥

## ਨਾਮਦੇਵ ॥

**ਉਥਾਨਕਾ :** ਜਿਸ ਵਕਤ ਭਗਤ ਨਾਮਦੇਵ ਜੀ ਪੰਡਰਪੁਰ ਵਿਚ ਨਿਵਾਸ ਕਰ ਰਹੇ ਸਨ, ਉਥੇ ਇਕ ਦਿਨ ਭਗਤ ਨਾਮਦੇਵ ਜੀ ਆਪਣੀ ਮੌਜ ਵਿਚ ਛੈਣੇ ਵਜਾਉਂਦੇ ਹੋਏ ਪ੍ਰਭੂ ਦਾ ਕੀਰਤਨ, ਭਜਨ ਕਰਦੇ ਹੋਏ ਜਾ ਰਹੇ ਸਨ, ਤਦੋਂ ਰਸਤੇ ਵਿਚ ਇਕ ਰਾਸ ਪੈ ਰਹੀ ਸੀ, ਉਨ੍ਹਾਂ ਨੇ ਕਿਹਾ ਕਿ ਜੇਕਰ ਇਹ ਸਾਡੇ ਪਾਸ ਆ ਗਿਆ ਤਾਂ ਸਾਡੇ ਤਾਲ ਵਿਚ ਭੰਗ ਪਾ ਦੇਵੇਗਾ, ਇਸ ਲਈ ਇਸਨੂੰ ਦੂਰੋਂ ਹੀ ਟਾਲ ਦੇਈਏ, ਤਦੋਂ ਉਨ੍ਹਾਂ ਨੇ ਭਗਤ ਨਾਮਦੇਵ ਜੀ ਨੂੰ ਬੇਨਤੀ ਕਰਕੇ ਕਿਹਾ ਕਿ ਭਗਤ ਜੀ ਇਨ੍ਹਾਂ ਸਾਰੇ ਰਾਸਧਾਰੀਆਂ ਨੂੰ ਤ੍ਰੇਹ ਲੱਗ ਗਈ ਹੈ, ਤੁਸੀਂ ਕਿਰਪਾ ਕਰਕੇ ਉਹ ਨਗਰ ਤੋਂ ਬਾਹਰ ਖੂਹ ਤੋਂ ਪਾਣੀ ਲੈ ਕੇ ਆਉ, ਭਗਤ ਨਾਮਦੇਵ

ਜੀ ਛੈਣੇ ਵਜਾਉਂਦੇ ਤੇ ਕੀਰਤਨ ਕਰਦੇ ਹੋਏ ਉਸ ਖੂਹ ਵੱਲ ਚੱਲ ਪਏ, ਜਿਥੇ ਇਕ ਬਹੁਤ ਵੱਡਾ ਦੇਉ ਰਹਿੰਦਾ ਸੀ, ਉਸਨੇ ਭਗਤ ਜੀ ਦੇ ਛੈਣੇ ਖੋਹ ਲਏ, ਤਦ ਉਸ ਦੇਉ ਵਿਚ ਵੀ ਪਰਮਾਤਮਾ ਦੀ ਜੋਤ ਵੇਖ ਕੇ ਸ਼ਬਦ ਉਚਾਰਨ ਕਰਦੇ ਹਨ।

## ਆਉ; ਕਲੰਦਰ ਕੇਸਵਾ॥ ਕਰਿ; ਅਬਦਾਲੀ ਭੇਸਵਾ॥ਰਹਾਉ॥

ਹੇ ਕਲੰਦਰ = ਬੇਪਰਵਾਹ ਫ਼ਕੀਰਾਂ ਦਾ ਰੂਪ ਧਾਰਨ ਵਾਲੇ ਅਤੇ ਕੇਸਵਾ = ਕੇਸਾਂ ਨੂੰ ਧਾਰਨ ਵਾਲੇ ਪ੍ਰਭੂ! ਆਉ = ਆਉਣਾ ਕਰ **ਵਾ:** (ਕਲ+ਅੰਦਰ) ਅੰਦਰ = ਹਿਰਦੇ ਵਿਚ ਕਲ = ਸ਼ਾਂਤੀ ਦੇਣ ਵਾਲੇ **ਵਾ:** ਮਨ ਇੰਦ੍ਰੀਆਂ, ਜੀਵਾਂ ਰੂਪੀ ਬਾਂਦਰਾਂ ਨੂੰ ਨਚਾਉਣ ਵਾਲੇ ਕਲੰਦਰ = ਮਦਾਰੀ ਰੂਪ (ਕੇ+ਸਵਾ) ਕੇ = ਪਾਣੀ ਆਦਿ ਤੱਤਾਂ ਵਿਚ ਸਵਾ = ਬਿਰਾਜਣ ਵਾਲੇ ਪ੍ਰਭੂ ਤੂੰ ਆਉਣਾ ਕਰ।

ਜਿਸ ਨੇ ਅਬਦਾਲੀ = ਅਬਦਾਲਾਂ ਵਾਲਾ **ਵਾ:** ਵੱਡਾ, ਪੂਜਯ ਭੇਸਵਾ = ਭੇਸ ਧਾਰਨ ਕਰਿ = ਕੀਤਾ ਹੋਇਆ ਹੈ॥ਰਹਾਉ॥

***ਨੋਟ :*** ਅਬਦਾਲੀ (ਅਬਦਾਲਾ) ਇਕ ਖ਼ਾਸ ਦਰਜੇ ਦੇ ਫ਼ਕੀਰ, ਜੋ ਮੁਸਲਮਾਨ ਮਤ ਦੇ ਆਚਾਰਯ ਨੇ ਗਿਣਤੀ ਵਿਚ ਸੱਤਰ (੭੦) ਮੰਨੇ ਹਨ, ਜਿਨ੍ਹਾਂ ਵਿੱਚੋਂ ਚਾਲ੍ਹੀ ਸ਼ਾਮ ਵਿਚ ਅਤੇ ਤੀਹ ਹੋਰ ਥਾਈਂ ਰਹਿੰਦੇ ਹਨ, ਕਈਆਂ ਨੇ ਚਾਲ੍ਹੀ ਅਬਦਾਲ ਵੀ ਮੰਨੇ ਹਨ ਅਤੇ ਅਬਦਾਲਾਂ ਦੇ ਪ੍ਰਧਾਨ ਨੂੰ ਗੌਸ਼ ਕਹਿੰਦੇ ਹਨ ਅਤੇ ਲਿਖਿਆ ਹੈ ਕਿ ਇਨ੍ਹਾਂ ਅਬਦਾਲਾਂ ਦੀ ਬੰਦਗੀ ਅਤੇ ਸ਼ਕਤੀ ਦੇ ਆਸਰੇ ਸਾਰੀ ਦੁਨੀਆਂ ਕਾਇਮ ਹੈ, ਜਦ ਇਨ੍ਹਾਂ ਵਿੱਚੋਂ ਕੋਈ ਮਰ ਜਾਂਦਾ ਹੈ, ਤਦ ਉਸ ਦੀ ਥਾਂ ਖ਼ੁਦਾ ਕਿਸੇ ਹੋਰ ਨੂੰ ਮੁਕੱਰਰ ਕਰਦਾ ਹੈ, ਇਸ ਤਰ੍ਹਾਂ ਇਸ ਪਦਵੀ ਦੀ ਬਦਲੀ ਹੁੰਦੀ ਰਹਿੰਦੀ ਹੈ, ਜਿਸ ਕਰਕੇ ਇਸਦੀ ਅਬਦਾਲ ਸੰਗਿਆ ਹੈ। ਮੁਸਲਮਾਨਾਂ ਦੇ ਵਿਚ ਫ਼ਕੀਰਾਂ ਦੇ ਪੰਜ ਦਰਜਿਆਂ ਵਿਚ ਇਕ ਅਬਦਾਲ ਵੀ ਹੈ: ੧) ਗੌਸ਼, ੨) ਕੁਤਬ, ੩) ਵਲੀ, ੪) ਅਬਦਾਲ, ੫) ਕਲੰਦਰ, ਕਿਤਨਿਆਂ ਦੇ ਮਤ ਵਿਚ ਕਲੰਦਰ ਦੀ ਥਾਂ ਔਤਾਦ ਹੈ।

ਫੇਰ ਭਗਤ ਨਾਮਦੇਵ ਜੀ ਉਸ ਦੇਉ ਦੇ ਵੱਡੇ ਸਰੀਰ ਵੱਲ ਵੇਖ ਕੇ ਕਹਿਣ ਲੱਗੇ ਕਿ ਹੇ ਭਗਵਾਨ ਜੀ! ਮੈਂ ਤੁਹਾਡਾ ਇਤਨਾ ਕੁ ਹੀ ਸਰੀਰ ਨਹੀਂ ਜਾਣਦਾ, ਤੁਹਾਡਾ ਤਾਂ ਆਕਾਰ ਬਹੁਤ ਵੱਡਾ ਹੈ, ਵੈਰਾਟ ਰੂਪ ਵਿਚ ਕਥਨ ਕਰਦੇ ਹਨ।

## ਜਿਨਿ ਆਕਾਸ, ਕੁਲਹ ਸਿਰਿ ਕੀਨੀ; ਕਉਸੈ ਸਪਤ ਪਯਾਲਾ॥

(**ਪਇਆਲਾ** ਉਚਾਰਣ ਹੈ)

ਜਿਨਿ = ਜਿਸ ਆਪ ਜੀ ਨੇ ਵੈਰਾਟ ਰੂਪ ਵਿਚ ਸੱਤ ਅਕਾਸ਼ਾਂ ਰੂਪੀ ਸਿਰ ਉੱਪਰ ਫ਼ਕੀਰਾਂ ਵਾਲੀ ਕੁਲਹ = ਟੋਪੀ ਪਹਿਨਣਾ ਕੀਨੀ = ਕੀਤੀ ਹੈ ਅਤੇ ਸਪਤ = ਸੱਤ ਪਯਾਲਾ = ਪਤਾਲਾਂ ਰੂਪੀ ਕਉਸੈ = ਖੜਾਵਾਂ ਪਹਿਣੀਆਂ ਹੋਈਆਂ ਹਨ।[1]

## ਚਮਰ ਪੋਸ ਕਾ ਮੰਦਰੁ ਤੇਰਾ; ਇਹ ਬਿਧਿ ਬਨੇ ਗੁਪਾਲਾ॥੧॥

ਚਮਰ ਪੋਸ਼ = ਚਮੜੇ ਦੇ ਗਿਲਾਫ਼ ਕਾ = ਦਾ ਬਣਿਆ ਹੋਇਆ ਸੰਸਾਰ ਤੇਰਾ ਮੰਦਰੁ = ਘਰ ਹੈ, ਹੇ ਗੁਪਾਲਾ = ਪ੍ਰਭੂ! ਤੂੰ ਇਹ = ਇਸ ਬਿਧਿ = ਤਰੀਕੇ ਨਾਲ ਬਨੇ = ਬਣ, ਫਬ ਰਿਹਾ ਹੈ॥੧॥

---

੧. ਸੱਤ ਅਕਾਸ਼—ਭੂਰ, ਭਵਰ, ਜਨ, ਮੇਹਰ, ਤਪ, ਸਤ, ਸੂਰ।
ਸੱਤ ਪਾਤਾਲ—ਅਤਲ, ਵਿਤਲ, ਸਤਲ, ਰਸਾਤਲ, ਪਾਤਾਲ, ਮਹਾਤਲ, ਤਲਾਤਲ।

## ਛਪਨ ਕੋਟਿ ਕਾ ਪੇਹਨੁ ਤੇਰਾ; ਸੋਲਹ ਸਹਸ ਇਜਾਰਾ ॥

ਹੇ ਪ੍ਰਭੂ ! ਛਪਨ = ਛਪੰਜਾ ਕੋਟਿ = ਕ੍ਰੋੜ ਯਾਦਵਾਂ ਕਾ = ਦਾ ਤੇਰਾ ਪੇਹਨੁ = ਚੋਲਾ, ਅੰਗਰੱਖਾ (ਤਣੀਆਂ ਵਾਲਾ ਚੋਲਾ) ਪਹਿਨਿਆ ਹੋਇਆ ਹੈ, ਸੋਲਹ ਸਹਸ = ਸੋਲ੍ਹਾਂ ਹਜ਼ਾਰ ਗੋਪੀਆਂ ਤੇਰਾ ਇਜਾਰਾ = ਪਜਾਮਾ ਰੂਪ ਹਨ ਅਤੇ ਇਕ ਸੌ ਅੱਠ ਜੋ ਕ੍ਰਿਸ਼ਨ ਰੂਪ ਵਿਚ ਵਿਆਹੀਆਂ ਹੋਈਆਂ ਸਨ, ਉਹ ਸੁੱਥਣ ਵਿਚ ਨਾਲਾ ਰੂਪ ਹਨ।

## ਭਾਰ ਅਠਾਰਹ ਮੁਦਗਰੁ ਤੇਰਾ; ਸਹਨਕ ਸਭ ਸੰਸਾਰਾ ॥੨॥

ਹੇ ਪ੍ਰਭੂ ! ਭਾਰ ਅਠਾਰਹ = ਅਠਾਰਾਂ ਭਾਰ ਬਨਸਪਤੀ ਤੇਰਾ ਮੁਦਗਰੁ = ਮੂਹਲਾ, ਵੱਡਾ ਸੋਟਾ ਹੈ ਅਤੇ ਸਭ = ਸਾਰਾ ਸੰਸਾਰਾ = ਜਗਤ ਤੇਰਾ ਸਹਨਕ = ਕੁਨਾਲੀ, ਥਾਲੀ ਰੂਪ ਹੈ॥੨॥

## ਦੇਹੀ ਮਹਜਿਦਿ, ਮਨੁ ਮਉਲਾਨਾ; ਸਹਜ ਨਿਵਾਜ ਗੁਜਾਰੈ ॥

ਮੇਰੀ ਦੇਹੀ = ਕਾਂਇਆ ਹੀ ਤੇਰੀ ਮਹਜਿਦਿ = ਮਸਜਿਦ ਹੈ, ਮੇਰਾ ਮਨ ਹੀ ਇਸ ਵਿਚ ਪੜ੍ਹਾਉਣ ਵਾਲਾ ਮਉਲਾਨਾ = ਮੁਲਾਨਾ, ਮੌਲਵੀ ਰੂਪ ਹੈ, ਜੋ ਪਰਤਕ ਚੇਤਨ ਵਿਚ ਸਹਜੇ ਹੀ ਬਿਰਤੀ ਜੋੜਨੀ ਹੈ, ਇਹ ਤੇਰੀ ਨਿਮਾਜ਼ ਗੁਜਾਰੈ = ਗੁਜ਼ਾਰ, ਪੜ੍ਹ ਰਿਹਾ ਹਾਂ **ਵਾ:** ਸ਼ਾਂਤੀ ਰੂਪ ਨਿਮਾਜ਼ ਪੜ੍ਹਦਾ ਹਾਂ ਤੇ ਆਪਣਾ ਸਮਾਂ ਗੁਜਾਰੈ = ਗੁਜ਼ਾਰਦਾ, ਬਤੀਤ ਕਰਦਾ ਹਾਂ।

## ਬੀਬੀ ਕਉਲਾ ਸਉ ਕਾਇਨੁ ਤੇਰਾ; ਨਿਰੰਕਾਰ ਆਕਾਰੈ ॥੩॥

ਹੇ ਪ੍ਰਭੂ ! ਬੀਬੀ ਕਉਲਾ = ਲਛਮੀ, ਮਾਇਆ ਦੇ ਸਉ = ਸਾਥ ਤੇਰਾ ਕਾਇਨੁ = ਨਿਕਾਹ ਪੜ੍ਹਿਆ ਹੋਇਆ ਹੈ, ਭਾਵ ਮਾਇਆ ਨਾਲ ਚੇਸ਼ਟਾ ਕਰਦਾ ਹੈਂ, ਫੇਰ ਸਾਰੇ ਨਿਰੰਕਾਰ = ਆਕਾਰਾਂ ਤੋਂ ਰਹਿਤ ਵੀ ਹੈਂ ਅਤੇ ਆਕਾਰੈ = ਆਕਾਰਾਂ ਵਾਲਾ ਵੈਰਾਟ ਰੂਪ ਵੀ ਹੈਂ॥੩॥

## ਭਗਤਿ ਕਰਤ ਮੇਰੇ ਤਾਲ ਛਿਨਾਏ; ਕਿਹ ਪਹਿ ਕਰਉ ਪੁਕਾਰਾ ॥

ਹੇ ਪ੍ਰਭੂ ! ਤੇਰੀ ਭਗਤਿ = ਭਗਤੀ ਕਰਤ = ਕਰਦੇ ਹੋਏ ਦੇ ਹੁਣ ਤੂੰ ਮੇਰੇ ਤਾਲ = ਛੈਣੇ ਛਿਨਾਏ = ਖੋਹ ਲਏ ਹਨ, ਫੇਰ ਦੱਸ ਮੈਂ ਕਿਹ = ਕਿਸ ਦੇ ਪਹਿ = ਪਾਸ ਜਾ ਕੇ ਪੁਕਾਰਾ = ਫ਼ਰਿਆਦ ਕਰਉ = ਕਰਾਂ।

## ਨਾਮੇ ਕਾ ਸੁਆਮੀ ਅੰਤਰਜਾਮੀ; ਫਿਰੇ ਸਗਲ ਬੇਦੇਸਵਾ ॥੪॥੧॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਹੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਪ੍ਰਭੂ ! ਤੂੰ ਸਾਰੇ ਜਨਾਂ ਕਾ = ਦਾ ਸੁਆਮੀ = ਮਾਲਕ ਹੈਂ, ਤੂੰ ਸਗਲ = ਸਾਰੇ ਬੇਦੇਸਵਾ = ਦੇਸ਼ਾਂ ਪ੍ਰਦੇਸ਼ਾਂ ਵਿਚ ਹੀ ਫਿਰੇ = ਵਿਚਰ ਰਿਹਾ ਹੈਂ **ਵਾ:** (ਬੇ + ਦੇਸਵਾ) ਦੇਸਵਾ = ਦੇਸ਼ ਕਾਲ ਵਸਤੂ ਪ੍ਰਛੇਦ ਬੇ = ਰਹਿਤ ਹੈਂ॥੪॥੧॥

[ਰਾਗੁ ਭੈਰਉ ਸਮਾਪਤੰ]

# ਰਾਗੁ ਬਸੰਤੁ

ਰਾਗੁ ਬਸੰਤੁ ਸੰਗੀਤ ਦੀ ਰਾਗ ਪਰੰਪਰਾ ਵਿਚ ਨਿਵੇਕਲਾ ਸਥਾਨ ਰੱਖਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਮੌਸਮੀ ਰਾਗਾਂ ਵਿੱਚੋਂ ਰਾਗ ਬਸੰਤ ਨੂੰ ਗੁਰਮਤਿ ਸੰਗੀਤ ਮਰਿਆਦਾ ਅਨੁਸਾਰ ਮਾਘ ਦੀ ਸੰਗਰਾਂਦ ਤੋਂ ਲੈ ਕੇ ਹੋਲੇ ਮਹੱਲੇ ਤੱਕ ਹਰ ਕੀਰਤਨ ਸਮਾਗਮ ਵਿਚ ਗਾਏ ਜਾਣਾ ਪਰੰਪਰਾ ਅਨੁਸਾਰ ਜ਼ਰੂਰੀ ਹੈ। ਭਾਰਤੀ ਸੰਗੀਤ ਵਿਚ ਬਸੰਤ ਰੁੱਤ ਦੇ ਹੁੱਲਾਸ ਨੂੰ ਪ੍ਰਗਟਾਉਣ ਲਈ ਰੁੱਤ ਚਿਤਰਣ ਵਾਲੀਆਂ ਕਈ ਬੰਦਸ਼ਾਂ ਇਸ ਰਾਗ ਅਧੀਨ ਪ੍ਰਚਾਰ ਵਿਚ ਹਨ, ਪਰੰਤੂ ਗੁਰਮਤਿ ਸੰਗੀਤ ਵਿਚ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਨਾਲ ਜੋੜਿਆ ਗਿਆ ਹੈ ਅਤੇ ਇਸ ਅਨੰਦ ਦੀ ਪ੍ਰਾਪਤੀ ਦੇ ਚਾਉ ਅਤੇ ਮਹੱਤਵ ਨੂੰ ਗੁਰੂ ਸਾਹਿਬ ਬਾਣੀ ਦੁਆਰਾ ਪ੍ਰਗਟ ਕਰ ਰਹੇ ਹਨ। ਬਸੰਤ ਰਾਗ ਦੇ ਅੰਦਰ ਮਹੱਲਾ ੧, ੩, ੪, ੫ ਤੋਂ ਇਲਾਵਾ ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ, ਭਗਤ ਨਾਮਦੇਵ ਜੀ ਅਤੇ ਭਗਤ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ।

ਆਰੋਹ ਵਿਚ ਰਿਸ਼ਭ ਅਤੇ ਪੰਚਮ ਨੂੰ ਵਰਜਿਤ ਕਰਦਿਆਂ ਇਸ ਰਾਗ ਵਿਚ ਸਾਰੇ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ, ਇਸ ਦਾ ਵਾਦੀ ਸੜਜ, ਸੰਵਾਦੀ ਮਧਿਅਮ, ਥਾਟ ਬਿਲਾਵਲ, ਸਮਾਂ ਦਿਨ ਦਾ ਦੂਜਾ ਪਹਿਰ ਤੇ ਬਸੰਤ ਰੁੱਤ ਵਿਚ ਹਰ ਸਮੇਂ ਅਤੇ ਜਾਤੀ ਔੜਵ ਸੰਪੂਰਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਪੱਚੀਵਾਂ ਅਸਥਾਨ ਹੈ।

ਆਰੋਹ—ਸ ਗ ਮ, ਧ ਨੀ ਸਂ
ਅਵਰੋਹ—ਸਂ ਨੀ ਧ ਪ ਮ, ਗ ਰੇ ਸ।

ਬਸੰਤ ਰਾਗ ਵਿਚ ਇਕ 'ਬਸੰਤੁ ਹਿੰਡੋਲ' ਰਾਗ ਪਰਕਾਰ ਹੈ, ਜਿਸ ਦੀ ਵੀਚਾਰ ਵੀ ਅੱਗੇ ਦੇ ਰਹੇ ਹਾਂ।

## ਬਸੰਤ ਹਿੰਡੋਲ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਬਸੰਤ ਅਧੀਨ ਰਾਗ ਬਸੰਤ ਹਿੰਡੋਲ ਦਾ ਅੰਕਣ ਕੀਤਾ ਗਿਆ ਹੈ, ਜੋ ਬਸੰਤ ਅਤੇ ਹਿੰਡੋਲ ਦੇ ਮਿਸ਼ਰਣ ਤੋਂ ਬਣਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਸੰਤ ਤਿੰਡੋਲ ਵੱਖਰਾ ਨਹੀਂ ਬਲਕਿ ਮਿਲਾ ਕੇ ਲਿਖਿਆ ਹੋਇਆ ਹੈ, ਇਸ ਰਾਗ ਦੇ ਅਧੀਨ ਮਹਲਾ ੧, ੩, ੪, ੫, ੯ ਅਤੇ ਭਗਤ ਕਬੀਰ ਸਾਹਿਬ ਜੀ ਦੀ ਬਾਣੀ ਦਰਜ ਹੈ। ਇਸ ਵਿਚ ਰਿਸ਼ਭ ਵਰਜਿਤ, ਮਧਿਅਮ ਦੇ ਦੋਵੇਂ ਰੂਪ ਅਤੇ ਬਾਕੀ ਸਾਰੇ ਸੁਰ ਸ਼ੁਧ ਪ੍ਰਯੋਗ ਕੀਤੇ ਜਾਂਦੇ ਹਨ। ਇਸਦਾ ਵਾਦੀ ਮਧਿਅਮ, ਸੰਵਾਦੀ ਸ਼ੜਜ ਸਮਾਂ ਦਿਨ ਦਾ ਪਹਿਲਾ ਪਹਿਰ ਅਤੇ ਜਾਤੀ ਸ਼ਾੜਵ-ਸ਼ੜਵ ਹੈ।

ਆਰੋਹ—ਸ ਗ ਮ, ਧ ਪ ਮ, ਗ ਮ ਧ ਨੀ ਸਂ।
ਅਵਰੋਹ—ਸਂ ਨੀ ਧ, ਮੇ ਗ, ਸ।

ਰਾਗਮਾਲਾ ਵਿਚ ਹਿੰਡੋਲ ਤੀਸਰਾ ਰਾਗ ਲਿਖਿਆ ਹੋਇਆ ਹੈ, ਜੈਸਾ ਕਿ :

**ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥** *(ਰਾਗਮਾਲਾ, ਅੰਗ ੧੪੩੦)*

ਅਤੇ ਬਸੰਤ ਨੂੰ ਹਿੰਡੋਲ ਦਾ ਪੁੱਤ੍ਰ ਕਰਕੇ ਲਿਖਿਆ ਹੈ, ਜੈਸਾ ਕਿ :

**ਸਰਸਬਾਨ ਅਉ ਆਹਿ ਬਿਨੋਦਾ॥ ਗਾਵਹਿ ਸਰਸ ਬਸੰਤ ਕਮੋਦਾ॥** *(ਰਾਗਮਾਲਾ, ਅੰਗ ੧੪੩੦)*

**[ਅੰਗ ੧੧੬੮]**

## ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ

ਰਾਗੁ ਬਸੰਤੁ ਦੇ ਅੰਦਰ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਚਉਪਦੇ = ਚਾਰ ਚਾਰ ਪਦਿਆਂ ਅਤੇ ਦੁਤੁਕੇ = ਦੋ ਦੋ ਤੁਕਾਂ ਵਾਲੇ ਸ਼ਬਦ ਉਚਾਰਣ ਕਰਦੇ ਹਨ।

## ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿ = ਨਾਸ਼ ਤੋਂ ਰਹਿਤ, ਨਾਮੁ = ਪ੍ਰਸਿੱਧ ਰੂਪ, ਕਰਤਾ = ਸਾਰੇ ਜਗਤ ਦਾ ਰਚਨਹਾਰ, ਪੁਰਖੁ = ਪੂਰਨ, ਨਿਰਭਉ = ਭੈ ਤੋਂ ਰਹਿਤ, ਨਿਰਵੈਰੁ = ਵੈਰ ਤੋਂ ਰਹਿਤ, ਅਕਾਲ = ਮੌਤ ਤੋਂ ਰਹਿਤ, ਮੂਰਤਿ = ਹਸਤੀ, ਸਰੂਪ, ਅਜੂਨੀ = ਜੂਨਾਂ ਤੋਂ ਰਹਿਤ, ਸੈਭੰ = ਸੁਤੇ ਪ੍ਰਕਾਸ਼ ਸਰੂਪ, ਗੁਰ = ਚੇਤਨ ਅਤੇ ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮਾਤਮਾ ਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਸ੍ਰੀ ਕਰਤਾਰਪੁਰ ਸਾਹਿਬ ਰਾਵੀ ਦੇ ਕਿਨਾਰੇ ਬੈਠੇ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਗੁਰਸਿੱਖ ਸੰਗਤਾਂ ਨੇ ਉਪਦੇਸ਼ ਦੀ ਯਾਚਨਾ ਕੀਤੀ, ਤਦੋਂ ਮਾਘ ਮਹੀਨੇ ਦੀ ਸੰਗਰਾਂਦ ਵਾਲਾ ਦਿਨ ਹੋਣ ਕਰਕੇ ਸਤਿਗੁਰੂ ਸਾਹਿਬ ਜੀ ਨੇ ਬਸੰਤ ਰਾਗ ਅੰਦਰ ਇਹ ਸ਼ਬਦ ਉਚਾਰਣ ਕਰਕੇ ਉਪਦੇਸ਼ ਬਖ਼ਸ਼ਿਸ਼ ਕੀਤਾ।

## ਮਾਹਾ ਮਾਹ ਮੁਮਾਰਖੀ; ਚੜਿਆ ਸਦਾ ਬਸੰਤੁ॥

ਹੇ ਭਾਈ! ਮਾਹਾ = ਮਹੀਨਿਆਂ ਵਿੱਚੋਂ ਉਹ ਮਾਹ = ਮਹੀਨਾ ਮੁਮਾਰਖੀ = ਵਧਾਈ ਜੋਗ ਹੈ, ਜਿਸ ਵਿਚ ਮਨੁੱਖ ਦੇ ਹਿਰਦੇ ਅੰਦਰ ਸਦਾ = ਹਮੇਸ਼ਾਂ ਬਸੰਤੁ = ਅਨੰਦ ਚੜ੍ਹਿਆ ਰਹਿੰਦਾ ਹੈ **ਅਥਵਾ** ਚੌਰਾਸੀ ਲੱਖ ਜੂਨਾਂ ਰੂਪੀ ਮਹੀਨਿਆਂ ਵਿੱਚੋਂ ਮਨੁੱਖ ਜਨਮ ਰੂਪੀ ਮਹੀਨਾ ਉਨ੍ਹਾਂ ਦਾ ਮੁਮਾਰਖੀ = ਵਧਾਈ ਜੋਗ ਹੈ, ਜਿਨ੍ਹਾਂ ਦੇ ਚਿਤ ਵਿਚ ਸਦਾ ਵਾਸਤੇ ਪਰਮਾਤਮਾ ਦੀ ਪ੍ਰਾਪਤੀ ਲਈ ਸ਼ੌਂਕ ਅਵਸਥਾ ਰੂਪੀ ਬਸੰਤ ਚੜ੍ਹਿਆ ਹੋਇਆ ਹੈ **ਵਾ:** ਜਿਨ੍ਹਾਂ ਨੂੰ ਰੱਬ ਦੇ ਮਿਲਣ ਦਾ ਸ਼ੌਂਕ ਚੜ੍ਹਿਆ ਹੈ, ਉਨ੍ਹਾਂ ਦੇ ਹਿਰਦੇ ਅੰਦਰ ਪਰਮਾਤਮਾ ਬਸੰਤੁ = ਵੱਸ ਜਾਂਦਾ ਹੈ।

## ਪਰਫੜੁ ਚਿਤ ਸਮਾਲਿ ਸੋਇ; ਸਦਾ ਸਦਾ ਗੋਬਿੰਦੁ॥੧॥

ਹੇ ਭਾਈ! ਆਪਣੇ ਚਿਤ = ਮਨ ਨੂੰ ਪਰਫੜੁ = ਪਰਫੁੱਲਤ ਕਰਕੇ **ਵਾ:** (ਪਰ+ਫੜੁ) ਪਰ = ਵਿਸ਼ੇਸ਼ ਕਰਕੇ ਵਿਕਾਰਾਂ, ਚਿਤਵਨੀਆਂ ਵੱਲੋਂ ਫੜ ਕੇ ਸੋਇ = ਉਸ ਗੋਬਿੰਦੁ = ਪਰਮਾਤਮਾ ਨੂੰ ਸਦਾ ਸਦਾ = ਹਮੇਸ਼ਾਂ-ਹਮੇਸ਼ਾਂ ਸਮਾਲਿ = ਸੰਭਾਲਣਾ, ਸਿਮਰਨਾ ਕਰ॥੧॥

## ਭੋਲਿਆ; ਹਉਮੈ ਸੁਰਤਿ ਵਿਸਾਰਿ॥

ਹੇ ਭੋਲਿਆ = ਅਗਿਆਤ ਪੁਰਖਾ! ਹਉਮੈ = ਹੰਗਤਾ ਮਮਤਾ ਵਾਲੀ ਸੁਰਤਿ = ਬਿਰਤੀ ਨੂੰ ਵਿਸਾਰਿ =

ਭੁਲਾਉਣਾ ਕਰ **ਵਾ:** ਹਉਮੈ ਦੀ ਸ੍ਰੇਸ਼ਟ ਪ੍ਰੀਤੀ ਭੁਲਾਉਣੀ ਕਰ **ਵਾ:** ਇਸ ਹਉਮੈ ਨੇ ਤੇਰੇ ਅੰਦਰੋਂ ਪਰਮਾਤਮਾ ਦੀ ਸੁਰਤਿ = ਗਿਆਤ ਵਿਸਾਰ ਛੱਡੀ ਹੈ।

## ਹਉਮੈ ਮਾਰਿ ਬੀਚਾਰਿ ਮਨ; ਗੁਣ ਵਿਚਿ ਗੁਣੁ ਲੈ ਸਾਰਿ ॥੧॥ਰਹਾਉ॥

ਹੇ ਭਾਈ ! ਹਉਮੈ = ਹੰਗਤਾ ਮਮਤਾ ਵਾਲੀ ਬਿਰਤੀ ਨੂੰ ਮਾਰਿ = ਨਵਿਰਤ ਕਰਕੇ ਆਪਣੇ ਮਨ = ਹਿਰਦੇ ਅੰਦਰ ਸਰੂਪ ਦੀ ਵਿਚਾਰ ਕਰ ਅਤੇ ਸ਼ਰਧਾ ਆਦਿ ਗੁਣਾਂ ਵਿੱਚੋਂ ਗਿਆਨ ਆਦਿ ਸਾਰਿ = ਸ੍ਰੇਸ਼ਟ ਗੁਣ ਲੈ = ਲੈਣਾ, ਪ੍ਰਾਪਤ ਕਰ **ਵਾ:** ਹਿਰਦੇ ਵਿਚ ਸ਼ਰਧਾ ਆਦਿਕ ਗੁਣਾਂ ਦੇ ਸਹਿਤ ਹੋ ਕੇ ਗੁਰਾਂ ਪਾਸੋਂ ਸਾਰ ਰੂਪ ਬ੍ਰਹਮ ਦਾ ਗਿਆਨ ਲੈਣਾ ਕਰ ॥੧॥ਰਹਾਉ॥

## ਕਰਮ ਪੇਡੁ, ਸਾਖਾ ਹਰੀ; ਧਰਮੁ ਫੁਲੁ, ਫਲੁ ਗਿਆਨੁ ॥

ਹੇ ਭਾਈ ! ਅੰਤਹਕਰਨ ਰੂਪੀ ਧਰਤੀ ਤੇ ਅੰਦਰ ਸ਼ਰਧਾ ਰੂਪੀ ਬੀਜ ਬੀਜਣਾ ਕਰ, ਫੇਰ ਸ਼ਰਧਾ ਦੁਆਰਾ ਅਭਿਆਸ ਕਰਨ ਰੂਪ ਅੰਕੁਰ ਪੈਦਾ ਹੋਵੇਗਾ, ਇਸ ਵਿਚ ਨਿਸ਼ਕਾਮ ਕਰਮਾਂ ਰੂਪੀ ਪੇਡੁ = ਬਿਰਛ ਬਣੇਗਾ, ਹਰੀ = ਪ੍ਰਭੂ ਦੀਆਂ ਉਪਾਸ਼ਨਾ, ਭਗਤੀ ਰੂਪੀ ਸਾਖਾ = ਟਾਹਣੀਆਂ ਨਿਕਲਣਗੀਆਂ, ਧਰਮ ਦੀ ਕਿਰਤ, ਧਰਮ ਦੇ ਨਿਯਮਾਂ ਵਿਚ ਪ੍ਰਪੱਕ ਹੋਣ ਰੂਪ ਫੁੱਲ ਅਤੇ ਗਿਆਨ ਰੂਪੀ ਫਲ ਦੀ ਪ੍ਰਾਪਤੀ ਹੋਵੇਗੀ।

## ਪਤ ਪਰਾਪਤਿ ਛਾਵ ਘਣੀ; ਚੂਕਾ ਮਨ ਅਭਿਮਾਨੁ ॥੨॥

ਪਰਤਿਸ਼ਠਾ ਦੀ ਪਰਾਪਤੀ ਰੂਪੀ ਪਤ = ਪੱਤੇ ਲੱਗਣਗੇ ਅਤੇ ਘਣੀ = ਬਹੁਤ ਸਾਰੀ ਸ਼ਾਂਤੀ ਰੂਪੀ ਛਾਵ = ਛਾਂ ਦੀ ਪ੍ਰਾਪਤੀ ਹੋਵੇਗੀ, ਜਿਸ ਨਾਲ ਮਨ ਵਿੱਚੋਂ ਅਭਿਮਾਨੁ = ਹੰਕਾਰ ਚੂਕਾ = ਨਵਿਰਤ ਹੋਣ ਰੂਪ ਤਪਸ਼ ਮਿਟ ਜਾਵੇਗੀ ॥੨॥

## ਅਖੀ ਕੁਦਰਤਿ ਕੰਨੀ ਬਾਣੀ; ਮੁਖਿ ਆਖਣੁ ਸਚੁ ਨਾਮੁ ॥

ਅਖੀ = ਅੱਖਾਂ ਨਾਲ ਪਰਮਾਤਮਾ ਦੀ ਕੁਦਰਤਿ = ਸ਼ਕਤੀ ਦੇਖਣਾ ਕਰ, ਕੰਨੀ = ਕੰਨਾਂ ਦੁਆਰਾ ਉਸ ਪਰਮਾਤਮਾ ਦੀ ਜਸ ਰੂਪੀ ਬਾਣੀ ਸ੍ਰਵਨ ਕਰ ਅਤੇ ਮੁਖਿ = ਮੂਹਿ (ਰਸਨਾ) ਦੁਆਰਾ ਉਸ ਪ੍ਰਭੂ ਦਾ ਸੱਚਾ ਨਾਮ ਹੀ ਆਖਣੁ = ਕਹਿਣਾ ਕਰ।

## ਪਤਿ ਕਾ ਧਨੁ ਪੂਰਾ ਹੋਆ; ਲਾਗਾ ਸਹਜਿ ਧਿਆਨੁ ॥੩॥

ਹੇ ਭਾਈ ! ਜਿਸ ਨੇ ਵੀ ਇਸ ਪ੍ਰਕਾਰ ਸ਼ੁਭ ਗੁਣ ਧਾਰਨ ਕੀਤੇ ਹਨ, ਉਸਨੂੰ ਪਰਮਾਤਮਾ ਦੀ ਪ੍ਰਾਪਤੀ ਵਾਲੀ ਪਤਿ = ਪਰਤਿਸ਼ਠਾ ਕਾ = ਦਾ ਪੂਰਾ = ਪੂਰਨ ਧਨ ਪ੍ਰਾਪਤ ਹੋਆ = ਹੋਇਆ ਹੈ **ਵਾ:** ਪਤਿ = ਪਤੀ ਪਰਮਾਤਮਾ ਦਾ ਪੂਰਨ ਬ੍ਰਹਮਾਨੰਦ ਰੂਪੀ ਧਨ ਪ੍ਰਾਪਤ ਹੋਇਆ ਹੈ ਅਤੇ ਸਹਿਜ ਸਰੂਪ ਵਿਚ ਧਿਆਨ ਲਾਗਾ = ਲੱਗਿਆ ਹੋਇਆ ਹੈ ॥੩॥

## ਮਾਹਾ ਰੁਤੀ ਆਵਣਾ; ਵੇਖਹੁ ਕਰਮ ਕਮਾਇ ॥

ਜਿਵੇਂ ਮਾਹਾ = ਮਹੀਨੇ ਅਤੇ ਰੁਤੀ = ਰੁੱਤਾਂ ਦਾ ਆਵਣਾ = ਆਉਣਾ ਜਾਣਾ ਹੁੰਦਾ ਰਹਿੰਦਾ ਹੈ, ਇਉਂ ਹੀ ਸਕਾਮ ਕਰਮੀਆਂ ਦਾ ਗੇੜ ਪਿਆ ਰਹਿੰਦਾ ਹੈ, ਭਾਵੇਂ ਸਕਾਮ ਕਰਮਾਂ ਨੂੰ ਕਮਾਇ = ਕਮਾ ਕੇ ਵੇਖਹੁ = ਦੇਖ ਲਵੋ, ਭਾਵ ਜੰਮਦੇ ਮਰਦੇ ਰਹੋਗੇ।

## ਨਾਨਕ ਹਰੇ ਨ ਸੂਕਹੀ; ਜਿ ਗੁਰਮੁਖਿ ਰਹੇ ਸਮਾਇ ॥੪॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪ੍ਰੇਮ, ਸ਼ੁੱਭ ਗੁਣਾਂ ਦੀ ਹਰਿਆਵਲਤਾ ਕਰਕੇ ਹਰੇ ਭਰੇ ਰਹਿੰਦੇ ਹਨ ਅਤੇ ਕਦੇ ਵੀ ਹੰਕਾਰ ਦੇ ਸਹਿਤ ਹੋਣ ਰੂਪ ਸੂਕਹੀ = ਸੁੱਕਦੇ ਨਹੀਂ ਹਨ (ਭਾਵ ਜਿਵੇਂ ਸੁੱਕਾ ਬਿਰਛ ਸਿੱਧਾ ਖੜਾ ਰਹਿੰਦਾ ਹੈ, ਇਉਂ ਹੰਕਾਰ ਨਾਲ ਆਕੜਦੇ ਨਹੀਂ ਹਨ) ਜਿ = ਜਿਹੜੇ ਗੁਰਮੁਖ ਬਣ ਕੇ ਗੁਰਾਂ ਦੁਆਰਾ ਪ੍ਰਭੂ ਦੇ ਸਰੂਪ ਵਿਚ ਸਮਾਇ = ਲੀਨ ਹੋ ਰਹੇ ਹਨ ॥੪॥੧॥

## ਮਹਲਾ ੧ ਬਸੰਤੁ ॥

ਬਸੰਤ ਰੁੱਤ ਦਾ ਦ੍ਰਿਸ਼ਟਾਂਤ ਦੇ ਕੇ ਪਰਮਾਤਮਾ ਦੇ ਸਨਮੁਖ ਬੇਨਤੀ ਕਰਦੇ ਹਨ।

## ਰੁਤਿ ਆਈਲੇ; ਸਰਸ ਬਸੰਤ ਮਾਹਿ ॥
## ਰੰਗਿ ਰਾਤੇ ਰਵਹਿ; ਸਿ ਤੇਰੈ ਚਾਇ ॥

ਹੇ ਪ੍ਰਭੂ! ਜਿਨ੍ਹਾਂ ਨੂੰ ਮਨੁੱਖਾ ਦੇਹ ਰੂਪੀ ਬਸੰਤ ਰੁੱਤ ਆਈਲੇ = ਆ ਕੇ ਪ੍ਰਾਪਤ ਹੋਈ ਹੈ ਅਤੇ ਸਰਸ = ਸਹਿਤ ਰਸ, ਪ੍ਰੇਮ ਦੇ ਸੌਂਕ ਅਵਸਥਾ ਰੂਪੀ ਮਾਹਿ = ਮਹੀਨਾ ਚੜ੍ਹਿਆ ਹੋਇਆ ਹੈ।

ਹੇ ਪ੍ਰਭੂ ! ਸਿ = ਉਹ ਤੇਰੇ ਚਾਇ = ਉਤਸ਼ਾਹ ਨਾਲ ਰੰਗਿ = ਪ੍ਰੇਮ ਵਿਚ ਰਾਤੇ = ਰੰਗੇ ਹੋਏ ਤੇਰਾ ਨਾਮ, ਜਸ, ਗੁਣ ਰਵਹਿ = ਉਚਾਰਣ ਕਰਦੇ ਹਨ।

## ਕਿਸੁ ਪੂਜ ਚੜਾਵਉ; ਲਗਉ ਪਾਇ ॥੧॥

ਹੇ ਪ੍ਰਭੂ ! ਤੇਰੇ ਤੋਂ ਬਿਨਾਂ ਮੈਂ ਕਿਸ ਮੂਰਤੀ ਦੀ ਪੂਜਾ ਕਰਾਂ, ਕਿਸ ਅੱਗੇ ਫੁੱਲ ਚੜ੍ਹਾਉਣਾ ਕਰਾਂ ਅਤੇ ਕਿਸ ਦੇ ਪਾਇ = ਪੈਰੀ ਲੱਗਉ = ਲਗਣਾ ਕਰਾਂ, ਭਾਵ ਮੈਂ ਤੈਨੂੰ ਹੀ ਪੂਜਣਾ ਕਰਦਾ ਹਾਂ ਤੇ ਤੇਰੇ ਹੀ ਪੈਰੀਂ ਲੱਗਦਾ ਹਾਂ ॥੧॥

## ਤੇਰਾ ਦਾਸਨਿ ਦਾਸਾ; ਕਹਉ ਰਾਇ ॥

ਹੇ ਰਾਇ = ਪ੍ਰਕਾਸ਼ ਸਰੂਪ ਪ੍ਰਭੂ ! ਮੈਂ ਆਪਣੇ ਆਪ ਨੂੰ ਤੇਰਾ ਦਾਸਨਿ = ਸੇਵਕਾਂ ਦਾ ਦਾਸਾ = ਸੇਵਕ ਕਹਉ = ਕਹਿੰਦਾ ਹਾਂ **ਵਾ:** ਮੈਂ ਸੇਵਕਾਂ ਦਾ ਸੇਵਕ ਹੋ ਕੇ ਤੇਰਾ ਜਸ ਕਹਿੰਦਾ ਹਾਂ।

## ਜਗਜੀਵਨ; ਜੁਗਤਿ ਨ ਮਿਲੈ ਕਾਇ ॥੧॥ਰਹਾਉ॥

ਹੇ ਜਗਜੀਵਨ = ਜਗਤ ਦੇ ਜੀਵਨ ਰੂਪ ਪ੍ਰਭੂ ! ਤੂੰ ਦਾਸਾ-ਭਾਵ ਧਾਰਨ ਕੀਤੇ ਤੋਂ ਬਿਨਾਂ ਹੋਰ ਕਾਇ = ਕਿਸੇ ਸਾਧਨਾ ਆਦਿ ਦੀਆਂ ਜੁਗਤਿ = ਜੁਗਤੀਆਂ ਕਰਕੇ ਨਹੀਂ ਮਿਲੈ = ਮਿਲਦਾ ॥੧॥ਰਹਾਉ॥

## ਤੇਰੀ ਮੂਰਤਿ ਏਕਾ; ਬਹੁਤੁ ਰੂਪ ॥ ਕਿਸੁ ਪੂਜ ਚੜਾਵਉ; ਦੇਉ ਧੂਪ ॥

ਹੇ ਪ੍ਰਭੂ ! ਨਿਰਗੁਣ ਸਰੂਪ ਵਿਚ ਤੇਰੀ ਏਕਾ = ਇਕ ਹੀ ਮੂਰਤਿ = ਹਸਤੀ ਹੈ ਅਤੇ ਸਰਗੁਣ ਸਰੂਪ ਵਿਚ ਤੇਰੇ ਬਹੁਤ ਰੂਪ ਹਨ।

ਫੇਰ ਮੈਂ ਕਿਸ ਨੂੰ ਪੂਜਾ ਕਰਕੇ ਫੁੱਲ ਆਦਿ ਚੜਾਵਉ = ਚੜ੍ਹਾਉਣਾ ਕਰਾਂ ਅਤੇ ਕਿਸਨੂੰ ਧੂਪ = ਧੂਫ਼ ਦੇਉ = ਦੇਣਾ ਕਰਾਂ।

## ਤੇਰਾ ਅੰਤੁ ਨ ਪਾਇਆ; ਕਹਾ ਪਾਇ ॥
## ਤੇਰਾ ਦਾਸਨਿ ਦਾਸਾ; ਕਹਉ ਰਾਇ ॥੨॥

ਹੇ ਪ੍ਰਭੂ ! ਪਿੱਛੇ ਵੀ ਕਿਸੇ ਨੇ ਤੇਰਾ ਅੰਤੁ = ਅਖ਼ੀਰ ਨਹੀਂ ਪਾਇਆ = ਪਾਉਣਾ ਕੀਤਾ, ਫੇਰ ਅੱਗੇ ਨੂੰ ਲੋਕ ਕਹਾ = ਕੀ ਪਾਇ = ਪਾ ਸਕਣਗੇ, ਭਾਵ ਨਹੀਂ ਪਾ ਸਕਦੇ **ਵਾ:** ਹੇ ਪ੍ਰਭੂ ! ਤੇਰਾ ਨਿਰਗੁਣ ਸਰੂਪ ਵਿਚ ਅੰਤ ਨਹੀਂ ਪਾਇਆ ਜਾ ਸਕਦਾ ਕਿ ਤੇਰਾ ਸਿਰ ਕਿਥੇ ਹੈ ਅਤੇ ਤੇਰੇ ਪਾਇ = ਪੈਰ ਕਿਥੇ ਹਨ ?

ਹੇ ਰਾਇ = ਪ੍ਰਕਾਸ਼ ਸਰੂਪ ਪ੍ਰਭੂ ! ਮੈਂ ਤੇਰਾ ਦਾਸਨਿ ਦਾਸਾ = ਸੇਵਕਾਂ ਦਾ ਸੇਵਕ ਹੋ ਕੇ ਤੇਰੇ ਪਾਸ ਅਰਦਾਸ ਹੀ ਕਹਉ = ਕਹਿੰਦਾ ਹਾਂ **ਵਾ:** ਮਨ, ਬਾਣੀ ਸਰੀਰ ਕਰਕੇ ਤੇਰਾ ਜਸ ਹੀ ਆਖਦਾ ਹਾਂ ॥੨॥

## ਤੇਰੇ ਸਠਿ ਸੰਬਤ; ਸਭਿ ਤੀਰਥਾ ॥ ਤੇਰਾ ਸਚੁ ਨਾਮੁ; ਪਰਮੇਸਰਾ ॥

(**ਸੱਠਿ** ਉਚਾਰਣ ਹੈ)

ਹੇ ਪ੍ਰਭੂ ! ਸਠਿ ਸੰਬਤ = ਸੱਠ ਸਾਲ, (ਤਿੰਨਾਂ ਦੇਵਤਿਆਂ ਦੀਆਂ ਬੀਸੀਆਂ)[੧] ਤੇਰੇ ਹੀ ਹੁਕਮ ਵਿਚ ਹਨ ਅਤੇ ਸਭਿ = ਸਾਰੇ ਤੀਰਥ ਵੀ ਤੇਰੇ ਚਰਨਾਂ ਦੀ ਧੂੜ ਹਨ।

ਹੇ ਪਰਮੇਸਰਾ = ਪ੍ਰਭੂ ! ਤੇਰਾ ਸਤਿਨਾਮ ਸਦਾ ਹੀ ਸੱਚਾ ਹੈ **ਵਾ:** ਜੋ ਤੇਰਾ ਸੱਚਾ ਨਾਮ ਜਪਣਾ ਹੈ, ਇਹੋ ਹੀ ਸੱਠ ਸੰਬਤ ਦਾ ਪੂਜਣ ਹੈ, ਤੀਰਥਾਂ ਦੀ ਯਾਤ੍ਰਾ ਹੈ।

## ਤੇਰੀ ਗਤਿ ਅਵਿਗਤਿ; ਨਹੀ ਜਾਣੀਐ ॥ ਅਣਜਾਣਤ; ਨਾਮੁ ਵਖਾਣੀਐ ॥੩॥

ਹੇ ਪ੍ਰਭੂ ! ਤੇਰੀ ਗਤਿ = ਪ੍ਰਾਪਤੀ ਅਤੇ ਅਵਿਗਤਿ = ਅ-ਪ੍ਰਾਪਤੀ ਨਹੀਂ ਜਾਣੀਐ = ਜਾਣ ਸਕੀਦੀ ਭਾਵ ਤੂੰ ਬਹੁਤ ਬੇਅੰਤ ਹੈਂ **ਵਾ:** ਹੇ ਅਵਿਗਤਿ = ਵਿਅਕਤੀਗਤ ਤੋਂ ਰਹਿਤ ਪ੍ਰਭੂ ! ਤੇਰੀ ਗਤਿ = ਪ੍ਰਾਪਤੀ ਦੀ ਮਰਯਾਦਾ ਨੂੰ ਜਾਨਿਆ ਨਹੀਂ ਜਾ ਸਕਦਾ।

ਅਣਜਾਣਤ = ਜਾਣੇ ਤੋਂ ਬਿਨਾਂ ਭਾਵ ਅਣਗਿਣਤ ਹੀ ਤੇਰੇ ਨਾਮ ਵਖਾਣੀਐ = ਕਥਨ ਕਰੀਦੇ ਹਨ ॥੩॥

## ਨਾਨਕੁ ਵੇਚਾਰਾ; ਕਿਆ ਕਹੈ ॥ ਸਭੁ ਲੋਕੁ ਸਲਾਹੇ; ਏਕ ਸੈ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਵੇਚਾਰਾ = ਗ਼ਰੀਬ ਤੇਰੇ ਸਰੂਪ ਬਾਰੇ ਕਿਆ = ਕੀ ਕਹੈ = ਕਥਨ ਕਰ ਸਕਦਾ ਹਾਂ।

ਸਭੁ = ਸਾਰੇ ਲੋਕ ਹੀ ਏਕ = ਇਕ ਆਪ ਜੀ ਸੈ = ਨੂੰ ਸਲਾਹੇ = ਸਾਲਾਹੁਣਾ ਕਰਦੇ ਹਨ।

## ਸਿਰੁ ਨਾਨਕ; ਲੋਕਾ ਪਾਵ ਹੈ ॥ ਬਲਿਹਾਰੀ ਜਾਉ; ਜੇਤੇ ਤੇਰੇ ਨਾਵ ਹੈ ॥੪॥੨॥

ਸਤਿਗੁਰੂ ਸਾਹਿਬ ਜੀ ਨਿਮ੍ਰਤਾ ਦੀ ਦਾਤ ਬਖ਼ਸ਼ਦੇ ਹੋਏ ਕਥਨ ਕਰਦੇ ਹਨ ਕਿ ਉਨ੍ਹਾਂ ਲੋਕਾਂ ਦੇ ਪਾਵ = ਚਰਨਾਂ ਉੱਪਰ ਮੇਰਾ ਸਿਰ ਹੈ ਭਾਵ ਮੈਂ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ **ਵਾ:** ਵੈਰਾਟ ਰੂਪ ਵਿਚ ਬ੍ਰਹਮ ਲੋਕ ਆਦਿ ਤੇਰਾ ਸਿਰ ਹੈ ਅਤੇ ਪਤਾਲ ਲੋਕ ਤੇਰੇ ਪੈਰ ਹਨ।

---

੧. ਸਠਿ ਸੰਬਤ—ਪ੍ਰਭਵ ਆਦਿਕ (ਜੋਤਿਸ਼ ਮਤ ਵਿਚ ਮੰਨੇ ਹੋਏ) ਸੱਠ ਵਰ੍ਹੇ। ਇਨ੍ਹਾਂ ਤਿੰਨਾਂ ਹੀ ਦੇਵਤਿਆਂ ਦੇ ਵੀਹ ਵੀਹ ਵਰ੍ਹੇ ਮੰਨੇ ਹਨ ਅਤੇ ਮੁੜ ਮੁੜ ਇਨ੍ਹਾਂ ਦਾ ਚੱਕ੍ਰ ਆਉਂਦਾ ਰਹਿੰਦਾ ਹੈ, ਜਦੋਂ ਬ੍ਰਹਮਾ ਦੀ ਬੀਸੀ ਹੁੰਦੀ ਹੈ, ਉਸ ਸਮੇਂ ਸੰਸਾਰ ਵਿਚ ਬਹੁਤ ਉਤਪਤੀ ਹੁੰਦੀ ਹੈ, ਜਦੋਂ ਵਿਸ਼ਨੂੰ ਦੀ ਬੀਸੀ ਹੁੰਦੀ ਹੈ, ਉਸ ਸਮੇਂ ਬਹੁਤ ਪਾਲਣਾ ਹੁੰਦੀ ਹੈ ਅਤੇ ਜਦੋਂ ਸ਼ਿਵਜੀ ਦੀ ਬੀਸੀ ਹੁੰਦੀ ਹੈ ਉਸ ਸਮੇਂ ਬਹੁਤ ਸੰਘਾਰ ਹੁੰਦਾ ਹੈ।

ਹੇ ਪ੍ਰਭੂ ! ਤੇਰੇ ਜੇਤੇ = ਜਿਤਨੇ ਵੀ ਨਾਮ ਹਨ, ਮੈਂ ਉਨ੍ਹਾਂ ਸਭਨਾਂ ਤੋਂ ਬਲਿਹਾਰੀ = ਕੁਰਬਾਨ ਜਾਉ = ਜਾਂਦਾ ਹਾਂ ॥੪॥੨॥

## ਬਸੰਤੁ ਮਹਲਾ ੧ ॥

**ਉਥਾਨਕਾ :** ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸ੍ਰੀ ਕਰਤਾਰਪੁਰ ਸਾਹਿਬ ਵਾਲੇ ਅਸਥਾਨ ਉੱਪਰ ਨਿਵਾਸ ਕਰ ਰਹੇ ਸਨ, ਉਥੇ ਇਕ ਦਿਨ ਕੋਈ ਕਰਮ ਕਾਂਡੀ ਬ੍ਰਾਹਮਣ ਆਇਆ, ਉਸਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਗੁਰੂ ਜੀ ਨੇ ਕਿਹਾ ਕਿ ਹੇ ਬ੍ਰਾਹਮਣ ਜੀ ! ਪਹਿਲਾਂ ਲੰਗਰ ਵਿੱਚੋਂ ਪ੍ਰਸ਼ਾਦਾ ਛਕ ਲਓ, ਤਦ ਉਸ ਨੇ ਅੱਗੋਂ ਕਿਹਾ ਕਿ ਮੈਂ ਆਪਣੇ ਹੱਥੀਂ ਹੀ ਆਪਣੀ ਰਸੋਈ ਤਿਆਰ ਕਰਦਾ ਹਾਂ, ਏਥੇ ਸਾਰੇ ਜਾਤ-ਪਾਤ ਵਾਲੇ ਇੱਕੋ ਪੰਗਤ ਵਿਚ ਬੈਠ ਕੇ ਛਕੀ ਜਾਂਦੇ ਹਨ, ਇਸ ਲਈ ਮੈਂ ਤੁਹਾਡੇ ਲੰਗਰ ਵਿੱਚੋਂ ਤਿਆਰ ਹੋਇਆ ਪ੍ਰਸ਼ਾਦਾ ਨਹੀਂ ਛਕ ਸਕਦਾ। ਸਤਿਗੁਰੂ ਜੀ ਨੇ ਕਿਹਾ ਕਿ ਫੇਰ ਤੁਸੀਂ ਲੰਗਰ ਵਿੱਚੋਂ ਸੁੱਕੀ ਰਸਦ ਲੈ ਲਓ ਤੇ ਆਪ ਹੀ ਤਿਆਰ ਕਰਕੇ ਛਕ ਲੇਵੋ। ਤਦੋਂ ਉਸਨੇ ਰਸਦ ਲੈ ਲਈ ਤੇ ਜਦੋਂ ਦਰਿਆ ਦੇ ਕਿਨਾਰੇ ਚੁੱਲ੍ਹਾ ਬਣਾਉਣ ਵਾਸਤੇ ਥਾਂ ਪੁੱਟਿਆ, ਤਾਂ ਹੇਠਾਂ ਤੋਂ ਹੱਡੀਆਂ ਨਿਕਲ ਆਈਆਂ, ਫੇਰ ਦੂਜੀ ਥਾਂ 'ਤੇ ਪੁੱਟਿਆ ਉਥੋਂ ਵੀ ਹੱਡੀਆਂ ਨਿਕਲ ਆਈਆਂ, ਇਉਂ ਜਿਥੋਂ ਪੁੱਟੇ ਉਥੋਂ ਹੱਡੀਆਂ ਨਿਕਲ ਆਉਣ, ਅਖ਼ੀਰ ਉਹ ਗੁਰਾਂ ਦੇ ਚਰਨਾਂ ਵਿਚ ਜਾ ਪਿਆ ਤੇ ਕਹਿਣ ਲੱਗਾ ਕਿ ਮੈਨੂੰ ਆਪਣੇ ਲੰਗਰ ਵਿੱਚੋਂ ਹੀ ਪਰਸ਼ਾਦਾ ਛਕਾਉ।

ਤਦੋਂ ਸਤਿਗੁਰਾਂ ਨੇ ਕਿਹਾ ਕਿ ਉਹ ਸਮਾਂ ਬੀਤ ਗਿਆ ਹੈ, ਹੁਣ ਤੁਸੀਂ ਵਾਹਿਗੁਰੂ ਕਹਿ ਕੇ ਇਸ ਚੌਕੇ ਨੂੰ ਹੀ ਸੁੱਚਾ ਸਮਝ ਲਉ ਅਤੇ ਭੋਜਨ ਤਿਆਰ ਕਰਕੇ ਛਕ ਲਉ, ਤਦੋਂ ਉਸ ਨੇ ਭੋਜਨ ਤਿਆਰ ਕਰਕੇ ਛਕਿਆ, ਫੇਰ ਜਦ ਉਹ ਗੁਰਾਂ ਦੇ ਪਾਸ ਆਇਆ ਤਦ ਸਤਿਗੁਰਾਂ ਨੇ ਬਾਹਰਲੇ ਪਖੰਡ ਦੇ ਕਰਮ ਕਾਂਡਾਂ ਦੀ ਨਿਖੇਧੀ ਕਰਦਿਆਂ ਆਪਣੇ ਮਨ ਨੂੰ ਸੰਬੋਧਨ ਕਰਦੇ ਹੋਇਆਂ ਨਾਮ ਵਿਚ ਲੱਗਣ ਲਈ ਇਹ ਉਪਦੇਸ਼ ਕਥਨ ਕੀਤਾ।

### ਸੁਇਨੇ ਕਾ ਚਉਕਾ; ਕੰਚਨ ਕੁਆਰ ॥
### ਰੁਪੇ ਕੀਆ ਕਾਰਾ; ਬਹੁਤੁ ਬਿਸਥਾਰੁ ॥

ਹੇ ਮਨ ! ਭਾਵੇਂ ਕੋਈ ਐਸਾ ਸੰਜਮੀ ਹੋਵੇ ਕਿ ਉਸ ਕੋਲ ਸਭ ਤੋਂ ਪਵਿੱਤਰ ਧਾਤ ਸੁਇਨੇ = ਸੋਨੇ ਕਾ = ਦਾ ਚਉਕਾ = ਚੌਂਕਾ (ਰਸੋਈ ਦਾ ਚਾਰ ਕੋਣਾ ਮੰਡਲ) ਅਤੇ ਕੰਚਨ = ਸੋਨੇ ਦੇ ਹੀ ਕੁਆਰ = ਪਾਤਰ, ਬਰਤਨ ਹੋਣ ਅਤੇ ਬਹੁਤ ਬਿਸਥਾਰੁ = ਫੈਲਾਅ ਵਾਲੀਆਂ ਰੁਪੇ = ਚਾਂਦੀ ਕੀਆ = ਦੀਆਂ ਹੀ ਕਾਰਾ = ਲਕੀਰਾਂ ਕੱਢੀਆਂ ਹੋਈਆਂ ਹੋਣ।

### ਗੰਗਾ ਕਾ ਉਦਕੁ; ਕਰੰਤੇ ਕੀ ਆਗਿ ॥
### ਗਰੁੜਾ ਖਾਣਾ; ਦੁਧ ਸਿਉ ਗਾਡਿ ॥੧॥

ਫੇਰ ਗੰਗਾ ਨਦੀ ਕਾ = ਦਾ ਉਦਕੁ = ਪਾਣੀ ਹੋਵੇ, ਕਰੰਤੇ = ਹੱਥਾਂ ਦੀ ਆਗਿ = ਅੱਗ ਹੋਵੇ, ਭਾਵ ਹੱਥ ਵਿਚ ਚੁੰਬਕ ਪੱਥਰ ਨੂੰ ਘਸਾ ਕੇ ਅੱਗ ਕੱਢੀ ਹੋਵੇ **ਵਾ:** ਯਗ ਆਦਿ ਦੀ ਪਵਿੱਤ੍ਰ ਅਗਨੀ ਹੋਵੇ **ਵਾ:** ਅਰਣੀ ਭਾਵ ਇਕ ਕਾਠ ਦਾ ਯੰਤ੍ਰ ਹੈ ਜਿਸ ਨਾਲ ਯਗ ਆਦਿ ਵਿਚ ਅੱਗ ਪੈਦਾ ਕੀਤੀ ਹੋਵੇ।[1]

---

੧. ਇਕ ਖ਼ਾਸ ਰੁੱਖ ਅਰਣੀ ਦੇ ਦੋ ਡੰਡੇ ਬਣਾ ਕੇ ਇਕ ਡੰਡੇ ਵਿਚ ਛੇਕ ਕੱਢ ਲੈਂਦੇ ਹਨ, ਉਸ ਵਿਚ ਦੂਜਾ ਡੰਡਾ ਫਸਾ ਕੇ ਉਸ ਨੂੰ ਮਧਾਣੀ ਵਾਂਗ ਰੱਸੀ ਦੇ ਲਪੇਟੇ ਦੇ ਕੇ ਬਹੁਤ ਤੇਜ਼ੀ ਨਾਲ ਘੁਮਾਉਂਦੇ ਹਨ ਜਿਸ ਕਰਕੇ ਦੋਹਾਂ ਡੰਡਿਆਂ ਦੀ ਰਗੜ ਨਾਲ ਵਿੱਚੋਂ ਅੱਗ ਪੈਦਾ ਹੋ ਜਾਂਦੀ ਹੈ, ਜਿਸ ਅੱਗ ਨੂੰ ਬ੍ਰਾਹਮਣ ਸੁੱਚੀ ਮੰਨਦੇ ਹਨ ਅਤੇ ਜੱਗਾਂ ਆਦਿ ਜਾਂ ਭੋਜਨ ਤਿਆਰ ਕਰਨ ਲਈ ਵਰਤਦੇ ਹਨ।

ਫੇਰ ਖ਼ਾਸ ਤਰ੍ਹਾਂ ਦੇ ਗਰੁੜਾ[੧] = ਚੌਲ ਦੁੱਧ ਦੇ ਸਿਉ = ਨਾਲ ਗਾਡਿ = ਗੱਡ, ਮਿਲਾ ਕੇ ਖਾਣਾ ਕਰਦਾ ਹੋਵੇ ॥੧॥

[ਅੰਗ ੧੧੬੯]

## ਰੇ ਮਨ; ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ; ਸਾਚ ਨਾਇ ॥੧॥ਰਹਾਉ॥

ਰੇ = ਹੇ ਮਨਾਂ ! ਇਹੋ ਜਿਹੇ ਕਰਮ ਕਾਂਡ ਕਬਹੂ = ਕਦੇ ਵੀ ਲੇਖੈ = ਪ੍ਰਵਾਨਗੀ ਵਿਚ ਨਹੀਂ ਪਾਇ = ਪੈਂਦੇ।

ਜਾਮਿ = ਜਦੋਂ ਤੱਕ ਜੀਵ ਸਾਚ = ਸੱਚੇ ਪਰਮਾਤਮਾ ਦੇ ਨਾਇ = ਨਾਮ ਵਿਚ ਨਹੀਂ ਭੀਜੈ = ਭਿੱਜਦਾ, ਤਦ ਤਕ ਸਭ ਕਰਮ ਵਿਅਰਥ ਹਨ ॥੧॥ਰਹਾਉ॥

## ਦਸ ਅਠ; ਲੀਖੇ ਹੋਵਹਿ ਪਾਸਿ ॥ ਚਾਰੇ ਬੇਦ; ਮੁਖਾਗਰ ਪਾਠਿ ॥

ਭਾਵੇਂ ਦਸ + ਅਠ = ਅਠਾਰਾਂ ਪੁਰਾਣ ਪਾਸਿ = ਕੋਲ ਲੀਖੇ = ਲਿਖੇ ਹੋਵਹਿ = ਹੋਏ ਹੋਣ। ਚਾਰੇ ਬੇਦਾਂ ਦਾ ਪਾਠ ਕਿਸੇ ਦੇ ਮੁਖਾਗਰ = ਮੁੱਖ ਦੇ ਅੱਗਰ ਭਾਵ ਕੰਠ ਹੋਵੇ **ਵਾ:** ਕੋਈ ਚਾਰੇ ਬੇਦਾਂ ਦਾ ਮੁਖਾਗਰ = ਕੰਠੋਂ ਪਾਠ ਕਰਦਾ ਹੋਵੇ।

## ਪੁਰਬੀ ਨਾਵੈ; ਵਰਨਾਂ ਕੀ ਦਾਤਿ ॥ ਵਰਤ ਨੇਮ; ਕਰੇ ਦਿਨ ਰਾਤਿ ॥੨॥

ਪੁਰਬੀ = ਪੂਰਬ ਦੇ ਸਮੇਂ ਤੀਰਥਾਂ ਉੱਪਰ ਨਾਵੈ = ਨਹਾਉਣਾ ਕਰਦਾ ਹੋਵੇ **ਵਾ:** ਪੁਰਬੀਆਂ ਭਾਵ ਪੁੰਨਿਆ ਮੱਸਿਆ ਆਦਿ ਜਾਂ ਛੇ-ਛੇ ਸਾਲਾਂ ਬਾਅਦ ਲੱਗਣ ਵਾਲੀਆਂ ਪੁਰਬੀਆਂ 'ਤੇ ਨਹਾਉਂਦਾ ਹੋਵੇ ਅਤੇ ਵਰਨਾਂ ਕੀ = ਦੀ ਰੀਤੀ ਅਨੁਸਾਰ ਦਾਤਿ = ਦਾਨ ਦੇਣਾ ਕਰਦਾ ਹੋਵੇ **ਵਾ:** ਵਰਨਾਂ = ਰੰਗਾਂ ਅਨੁਸਾਰ ਦਾਨ ਦੇਣਾ ਕਰੇ, ਭਾਵ ਚੰਦ੍ਰ ਗ੍ਰਹਿਣ ਤੇ ਚਿੱਟੀ ਵਸਤੂ ਦਾਨ ਕਰਦਾ ਹੋਵੇ ਅਤੇ ਸੂਰਜ ਗ੍ਰਹਿਣ 'ਤੇ ਲਾਲ ਵਸਤੂ ਦਾਨ ਕਰਦਾ ਹੋਵੇ।

ਫੇਰ ਇਕਾਦਸ਼ੀ ਆਦਿ ਦੇ ਵਰਤ ਅਤੇ ਜਮ ਨੇਮ ਆਦਿ ਸਾਧਨਾਂ ਨੂੰ ਦਿਨ ਰਾਤ ਕਰਦਾ ਹੋਵੇ ਤਾਂ ਵੀ ਪਰਮਾਤਮਾ ਦੇ ਨਾਮ ਤੋਂ ਬਿਨਾਂ ਵਿਅਰਥ ਹਨ ॥੨॥

## ਕਾਜੀ ਮੁਲਾਂ; ਹੋਵਹਿ ਸੇਖ ॥ ਜੋਗੀ ਜੰਗਮ; ਭਗਵੇ ਭੇਖ ॥

ਮੁਸਲਮਾਨਾਂ ਦੇ ਮਤ ਅਨੁਸਾਰ ਭਾਵੇਂ ਕੋਈ ਕਾਜੀ = ਕਜ਼ਾ, ਫ਼ੈਸਲਾ ਕਰਨ ਵਾਲਾ, ਮੁਲਾਂ = ਵਿਦਿਆ ਪੜ੍ਹਾਉਣ ਵਾਲਾ ਮੁਲਾਣਾ, ਸੇਖ = ਬਿਰਧ ਜਾਤੀ ਦਾ ਹੋਵਹਿ = ਹੋਵੇ।

ਭਾਵੇਂ ਕੋਈ ਜੋਗੀ = ਜੋਗ ਧਾਰਨ ਵਾਲਾ, ਜੰਗਮ = ਸ਼ੈਵ ਮਤ ਵਾਲਾ ਜਾਂ ਭਗਵੇ = ਗੇਰੂ ਰੰਗੇ ਭੇਖ = ਲਿਬਾਸ ਨੂੰ ਧਾਰਨ ਕਰਨ ਵਾਲਾ ਹੋਵੇ।

## ਕੋ ਗਿਰਹੀ; ਕਰਮਾ ਕੀ ਸੰਧਿ ॥ ਬਿਨੁ ਬੂਝੇ; ਸਭ ਖੜੀਅਸਿ ਬੰਧਿ ॥੩॥

ਚਾਹੇ ਕੋ = ਕੋਈ ਗਿਰਹੀ = ਗ੍ਰਿਹਸਤੀ ਹੋਵੇ, ਇਹ ਸਾਰੇ ਕਰਮਾ = ਕਰਮ ਕਾਂਡਾਂ ਕੀ = ਦੀ ਸੰਧਿ = ਸੰਧੀ ਵਿਚ ਹਨ, ਭਾਵ ਕਰਮ ਕਾਂਡਾਂ ਦੇ ਜੋੜ ਵਿਚ ਜੁੜੇ ਹੋਏ ਹਨ।

---

੧. **ਗਰੁੜਾ** : ਇਕ ਤਰ੍ਹਾਂ ਦੇ ਚਾਵਲ ਹਨ, ਜੋ ਕੱਚੇ ਹੀ ਗਰਮ ਦੁੱਧ ਵਿਚ ਪਾਉਣ ਨਾਲ ਫੁੱਲ ਜਾਂਦੇ ਹਨ, ਖ਼ਿਆਲ ਹੈ ਕਿ ਇਹ ਚਿੜਵੜਿਆਂ ਦਾ ਪੁਰਾਣਾ ਨਾਮ ਹੈ **ਵਾ:** ਗਰੁੜਾ ਰੰਗ ਬਰੰਗੀ ਨੂੰ ਵੀ ਕਹਿੰਦੇ ਹਨ ਤੇ ਇਕ ਪਲਾਉ ਹੁੰਦਾ ਹੈ, ਜਿਸ ਪ੍ਰਕਾਰ ਚਾਵਲ ਰੰਗੋ-ਰੰਗੀ ਪਾਣੀਆਂ ਵਿਚ ਉਬਾਲ ਕੇ ਰਲਾਈਦੇ ਹਨ, ਉਸਨੂੰ ਵੀ ਗਰੁੜਾ ਹੀ ਕਹਿੰਦੇ ਹਨ **ਵਾ:** ਰਿੱਝੇ ਹੋਏ ਚਾਵਲਾਂ ਨੂੰ ਵੀ ਗਰੁੜਾ ਕਹਿੰਦੇ ਹਨ।

ਪਰਮਾਤਮਾ ਦਾ ਸਰੂਪ ਬੂਝੇ = ਬੁੱਝਣ ਤੋਂ ਬਿਨੁ = ਬਗ਼ੈਰ ਸਾਰੇ ਜਮਦੂਤ ਬੰਧਿ = ਬੰਨ੍ਹ ਕੇ ਪ੍ਰਲੋਕ ਨੂੰ ਖੜੀਅਸਿ = ਲੈ ਜਾਵੇਗਾ ॥੩॥

## ਜੇਤੇ ਜੀਅ; ਲਿਖੀ ਸਿਰਿ ਕਾਰ ॥ ਕਰਣੀ ਉਪਰਿ; ਹੋਵਗਿ ਸਾਰ ॥

ਜੇਤੇ = ਜਿਤਨੇ ਵੀ ਜੀਅ = ਜੀਵ ਹਨ, ਸਾਰਿਆਂ ਦੇ ਸਿਰ ਉੱਪਰ ਪ੍ਰਭੂ ਦੇ ਹੁਕਮ ਰੂਪੀ ਕਾਰ ਲਿਖੀ ਹੋਈ ਹੈ।

ਜੀਵਾਂ ਦੀ ਕਰਣੀ = ਕਰਮਾਂ ਦੇ ਉਪਰ ਹੀ ਉਸਦੀ ਸਾਰ = ਸੰਭਾਲ ਹੋਵਗਿ = ਹੋਵੇਗੀ।

## ਹੁਕਮੁ ਕਰਹਿ; ਮੂਰਖ ਗਾਵਾਰ ॥ ਨਾਨਕ; ਸਾਚੇ ਕੇ ਸਿਫਤਿ ਭੰਡਾਰ ॥੪॥੩॥

ਕਈ ਗਾਵਾਰ = ਮੂੜ੍ਹ ਤੇ ਮੂਰਖ = ਬੇ-ਸਮਝ ਜੀਵ ਪਰਮਾਤਮਾ ਉੱਪਰ ਹੀ ਹੁਕਮ ਕਰਹਿ = ਕਰਦੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਮੁਖ ਜਨਾਂ ਦੇ ਹਿਰਦੇ ਰੂਪੀ ਭੰਡਾਰ = ਖ਼ਜ਼ਾਨੇ ਸਾਚੇ = ਸੱਚੇ ਪਰਮਾਤਮਾ ਦੀ ਸਿਫ਼ਤ ਨਾਲ ਭਰੇ ਪਏ ਹਨ **ਵਾ:** ਜੋ ਸੱਚੇ ਦੇ ਸਾਧ ਸੰਗਤ ਰੂਪ ਦਰ ਵਿਚ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਉਨ੍ਹਾਂ ਨੂੰ ਨਾਮ, ਧਰਮ ਅਰਥ ਕਾਮ ਮੋਖ ਆਦਿ ਦੇ ਭੰਡਾਰੇ ਪ੍ਰਾਪਤ ਹੁੰਦੇ ਹਨ ॥੪॥੩॥

## ਬਸੰਤੁ ਮਹਲਾ ੩ ਤੀਜਾ ॥

(**ਤੀਜਾ** ਦੋ ਵਾਰ ਪੜ੍ਹਨਾ ਹੈ)

**ਉਥਾਨਕਾ :** ਗੁਰਸਿੱਖਾਂ ਨੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਪਾਸ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਜਿਵੇਂ ਪਹਿਲੇ ਸਤਿਗੁਰਾਂ ਨੇ ਉਸ ਕਰਮ ਕਾਂਡੀ ਬ੍ਰਾਹਮਣ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ ਸੀ, ਉਸ ਤਰ੍ਹਾਂ ਤੁਸੀਂ ਵੀ ਪਖੰਡ ਦੇ ਖੰਡਨ ਵਾਲਾ ਕੋਈ ਉਪਦੇਸ਼ ਬਖ਼ਸ਼ਿਸ਼ ਕਰੋ, ਤਦੋਂ ਸਤਿਗੁਰੂ ਨੇ ਇਹ ਸ਼ਬਦ ਉਚਾਰਣ ਕੀਤਾ।

***ਨੋਟ :*** ਉਪਰੋਕਤ ਪਹਿਲੇ ਪਾਤਸ਼ਾਹ ਜੀ ਦੇ ਉਚਾਰਣ ਕੀਤੇ ਹੋਏ ਸ਼ਬਦ ਦਾ ਪ੍ਰਕਰਣ ਮੇਲਣ ਵਾਸਤੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਦੇ ਪਾਸੋਂ (ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ) ਏਥੇ ਤੀਸਰੇ ਪਾਤਸ਼ਾਹ ਦਾ ਸ਼ਬਦ ਦਰਜ ਕੀਤਾ ਹੈ ਅਤੇ ਨਾਲ 'ਤੀਜਾ' ਪਦ ਸ਼ਬਦ ਵਿਚ ਲਿਖ ਕੇ ਇਹ ਸਮਝਾਉਣਾ ਕੀਤਾ ਹੈ ਕਿ ਇਸ ਮਹਲੇ ਪਦ ਨਾਲ ਲਿਖੇ '੩' ਅੰਕ ਨੂੰ 'ਤੀਜਾ' ਪੜ੍ਹਨਾ ਹੈ। ਤਿੰਨ ਜਾਂ ਤ੍ਰੈ ਆਦਿ ਨਹੀਂ ਪੜ੍ਹਨਾ। ਏਸੇ ਪ੍ਰਕਾਰ 'ਮਹਲਾ ਚੌਥਾ' ਵੀ ਅੱਖਰਾਂ ਵਿਚ ਲਿਖ ਕੇ ਪੜ੍ਹਨ ਦਾ ਤਰੀਕਾ ਦੱਸਿਆ ਹੈ।

## ਬਸਤ੍ਰ ਉਤਾਰਿ; ਦਿਗੰਬਰੁ ਹੋਗੁ ॥ ਜਟਾਧਾਰਿ; ਕਿਆ ਕਮਾਵੈ ਜੋਗੁ ॥

ਹੇ ਭਾਈ ! ਜੇਕਰ ਕੋਈ ਆਪਣੇ ਸਰੀਰ ਦੇ ਬਸਤ੍ਰ = ਕੱਪੜੇ ਉਤਾਰਿ = ਲਾਹ ਕੇ ਦਿਗੰਬਰੁ = ਦਿਸ਼ਾਂ ਨੂੰ ਹੀ ਬਸਤ੍ਰ ਸਮਝਣ ਵਾਲਾ (ਨਾਂਗਾ) ਹੋਗੁ = ਹੋ ਜਾਵੇ।

ਚਾਹੇ ਕੋਈ ਸਿਰ ਉੱਪਰ ਜਟਾ = ਜੜ੍ਹਾਵਾਂ ਧਾਰਿ = ਧਾਰਨ ਕਰ ਲਏ ਤਾਂ ਵੀ ਉਹ ਕਿਆ = ਕੀ ਜੋਗ ਕਮਾਵੈ = ਕਮਾ ਸਕਦਾ ਹੈ **ਵਾ:** ਪਰਮਾਤਮਾ ਵਿਚ ਜੁੜਨ ਰੂਪੀ ਕੀ ਜੋਗ ਕਮਾ ਸਕਦਾ ਹੈ ਭਾਵ ਨਹੀਂ ਕਮਾ ਸਕਦਾ।

## ਮਨੁ ਨਿਰਮਲੁ ਨਹੀ; ਦਸਵੈ ਦੁਆਰ ॥

ਅਜਿਹੇ ਜੋਗੀ ਦਾ ਮਨ ਵਿਕਾਰਾਂ ਦੀ ਮੈਲ ਤੋਂ ਰਹਿਤ ਹੋ ਕੇ ਨਿਰਮਲੁ = ਸ਼ੁੱਧ ਨਹੀਂ ਹੋਇਆ, ਫੇਰ

ਪਖੰਡ ਕਰਦਾ ਹੈ ਕਿ ਮੈਂ ਦਸਮ ਦੁਆਰ ਵਿਚ ਪ੍ਰਾਣ ਚੜ੍ਹਾਏ ਹਨ **ਵਾ:** ਫੇਰ ਦਸਮ ਦੁਆਰ ਵਿਚ ਪ੍ਰਾਣ ਟਿਕਾਉਣ ਦਾ ਕੀ ਲਾਭ ਹੈ, ਭਾਵ ਕੋਈ ਲਾਭ ਨਹੀਂ ਹੈ।

## ਭ੍ਰਮਿ ਭ੍ਰਮਿ ਆਵੈ; ਮੂੜ੍ਾ ਵਾਰੋ ਵਾਰ ॥੧॥

ਇਉਂ ਮੂੜ੍ਾ = ਮੂਰਖ ਜੀਵ ਵਾਰੋ ਵਾਰ = ਬਾਰੰਬਾਰ ਜੂਨਾਂ ਵਿਚ ਭ੍ਰਮਿ ਭ੍ਰਮਿ = ਭਟਕ ਭਟਕ ਕੇ ਆਵੈ = ਆਉਂਦਾ ਜਾਂਦਾ ਰਹਿੰਦਾ ਹੈ **ਵਾ:** ਮੂਰਖ ਜੀਵ ਭਰਮ ਦਾ ਭਰਮਾਇਆ ਹੋਇਆ ਵਾਰ ਵਾਰ ਜੂਨਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ॥੧॥

## ਏਕੁ ਧਿਆਵਹੁ; ਮੂੜ ਮਨਾ ॥ ਪਾਰਿ ਉਤਰਿ ਜਾਹਿ; ਇਕ ਖਿਨਾਂ ॥੧॥ਰਹਾਉ॥

ਹੇ ਮੂੜ = ਮੂਰਖ ਮਨਾਂ! **ਵਾ:** ਹੇ ਮੂਰਖ ਮਨ ਵਾਲੇ ਜੀਵ! ਏਕੁ = ਇਕ ਪਰਮਾਤਮਾ ਨੂੰ ਧਿਆਵਹੁ = ਸਿਮਰਨਾ ਕਰ।

ਜਿਸ ਸਿਮਰਨ ਦੇ ਬਲ ਨਾਲ ਤੂੰ ਇਕ ਖਿਨ ਵਿਚ ਹੀ ਸੰਸਾਰ-ਸਮੁੰਦ੍ਰ ਤੋਂ ਪਾਰ ਉੱਤਰ ਜਾਹਿ = ਜਾਵੇਂਗਾ॥੧॥ਰਹਾਉ॥

## ਸਿਮ੍ਰਿਤਿ ਸਾਸਤ੍ਰ; ਕਰਹਿ ਵਖਿਆਣ ॥ ਨਾਦੀ ਬੇਦੀ; ਪੜ੍ਹਹਿ ਪੁਰਾਣ ॥

ਕਈ ਜੀਵ ਸਤਾਈ ਸਿਮ੍ਰਿਤਿ = ਸਿੰਮ੍ਰਿਤੀਆਂ ਤੇ ਛੇ ਸ਼ਾਸਤ੍ਰਾਂ ਆਦਿ ਨੂੰ ਵਖਿਆਣ = ਕਥਨ ਕਰਹਿ = ਕਰਦੇ ਹਨ।

ਕਈ ਨਾਦੀ = ਵਾਜਿਆਂ ਨੂੰ ਵਜਾਉਣ ਵਾਲੇ ਜੋਗੀ, ਬੇਦੀ = ਵੇਦਾਂ ਨੂੰ ਪੜ੍ਹਨ ਵਾਲੇ ਵੇਦ ਪਾਠੀ ਅਤੇ ਕਈ ਪੁਰਾਣਾਂ ਆਦਿ ਨੂੰ ਪੜ੍ਹਹਿ = ਪੜ੍ਹਨਾ ਕਰਦੇ ਹਨ।

## ਪਾਖੰਡ ਦ੍ਰਿਸਟਿ; ਮਨਿ ਕਪਟੁ ਕਮਾਹਿ ॥ ਤਿਨ ਕੈ; ਰਮਈਆ ਨੇੜਿ ਨਾਹਿ ॥੨॥

ਪਾਖੰਡ = ਦੰਭ ਵਾਲੀ ਦ੍ਰਿਸਟਿ = ਦ੍ਰਿਸ਼ਟੀ ਹੋਣ ਕਾਰਨ ਮਨ ਵਿਚ ਕਪਟੁ = ਛਲ ਕਮਾਹਿ = ਕਮਾਉਂਦੇ ਹਨ।

ਤਿਨ = ਉਨ੍ਹਾਂ ਕੈ = ਦੇ ਰਮਈਆ = ਪਰਮਾਤਮਾ ਕਦੇ ਵੀ ਨੇੜਿ = ਨਜ਼ਦੀਕ ਭਾਵ ਸਾਖਸ਼ਾਤ ਨਹੀਂ ਹੁੰਦਾ॥੨॥

## ਜੇ ਕੋ; ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ; ਪੂਜਾ ਕਰੇਇ ॥

ਹੇ ਭਾਈ! ਜੇ = ਜੇਕਰ ਕੋ = ਕੋਈ ਐਸਾ = ਅਜਿਹਾ ਸੰਜਮੀ = ਸੰਜਮ ਰੱਖਣ ਵਾਲਾ ਹੋਇ = ਹੋਵੇ।

ਵਿਸੇਖ = ਵਿਸ਼ੇਸ਼ ਕਰਕੇ ਨੇਤੀ ਧੋਤੀ, ਕਰਮ ਕਾਂਡ ਦੀ ਕਿਰਿਆ ਵਾਲਾ ਹੋਵੇ ਅਤੇ ਠਾਕੁਰਾਂ ਆਦਿ ਦੀ ਪੂਜਾ ਕਰੇਇ = ਕਰਦਾ ਹੋਵੇ।

## ਅੰਤਰਿ ਲੋਭੁ; ਮਨੁ ਬਿਖਿਆ ਮਾਹਿ ॥ ਓਇ; ਨਿਰੰਜਨੁ ਕੈਸੇ ਪਾਹਿ ॥੩॥

ਪਰੰਤੂ ਜੇਕਰ ਉਸਦੇ ਹਿਰਦੇ ਅੰਤਰਿ = ਵਿਚ ਪਦਾਰਥਾਂ ਨੂੰ ਇਕੱਤ੍ਰ ਕਰਨ ਦਾ ਲੋਭੁ = ਲਾਲਚ ਹੈ ਅਤੇ ਮਨ ਬਿਖਿਆ = ਵਿਸ਼ਿਆਂ, ਮਾਇਆ ਮਾਹਿ = ਵਿਚ ਲੱਗਾ ਹੋਇਆ ਹੈ।

ਓਇ = ਉਹ ਮਨੁੱਖ ਨਿਰੰਜਨੁ = ਸ਼ੁੱਧ ਸਰੂਪ ਪਰਮਾਤਮਾ ਨੂੰ ਕੈਸੇ = ਕਿਸ ਪ੍ਰਕਾਰ ਪਾਹਿ = ਪਾ ਸਕਦਾ ਹੈ, ਭਾਵ ਨਹੀਂ ਪਾ ਸਕਦਾ॥੩॥

## ਕੀਤਾ ਹੋਆ; ਕਰੇ ਕਿਆ ਹੋਇ ॥ ਜਿਸ ਨੋ; ਆਪਿ ਚਲਾਏ ਸੋਇ ॥

ਇਹ ਪ੍ਰਭੂ ਦਾ ਪੈਦਾ ਕੀਤਾ ਹੋਆ = ਹੋਇਆ ਜੀਵ ਹੰਕਾਰ ਨਾਲ ਕੁਝ ਕਰੇ ਤਾਂ ਉਸਦਾ ਕੀਤਾ ਹੋਇਆ ਕਿਆ = ਕੀ ਹੋਇ = ਹੋ ਸਕਦਾ ਹੈ, ਭਾਵ ਕੁਝ ਨਹੀਂ ਹੋ ਸਕਦਾ।

ਪਰ ਜਿਸ ਮਨੁੱਖ ਨੂੰ ਪ੍ਰਭੂ ਆਪ ਆਪਣੇ ਵੱਲ, ਗੁਰਾਂ ਦੀ ਸ਼ਰਨ ਵੱਲ ਚਲਾਏ = ਚਲਾਉਂਦਾ ਹੈ, ਸੋਇ = ਉਹੋ ਹੀ ਉਸ ਵੱਲ ਚੱਲਦਾ ਹੈ।

## ਨਦਰਿ ਕਰੇ; ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ; ਤਾਂ ਸਾਚਾ ਪਾਏ ॥੪॥

ਹੇ ਭਾਈ ! ਜੇਕਰ ਉਹ ਪ੍ਰਭੂ ਆਪਣੀ ਨਦਰਿ = ਕਿਰਪਾ ਦ੍ਰਿਸ਼ਟੀ ਕਰੇ = ਕਰ ਦੇਵੇ ਤਾਂ = ਤਦ ਹੀ ਇਸ ਜੀਵ ਦੇ ਅੰਦਰੋਂ ਭਰਮ ਨੂੰ ਚੁਕਾਏ = ਚੁੱਕ, ਨਾਸ਼ ਕਰ ਦੇਂਦਾ ਹੈ।

ਜੇਕਰ ਇਹ ਜੀਵ ਪਰਮਾਤਮਾ, ਗੁਰਾਂ ਦੇ ਹੁਕਮੈ = ਹੁਕਮ, ਉਪਦੇਸ਼ ਨੂੰ ਬੂਝੈ = ਬੁੱਝ, ਸਮਝ ਲਵੇ, ਤਾਂ = ਤਦ ਇਹ ਜੀਵ ਸਾਚਾ = ਸੱਚਾ ਪ੍ਰਭੂ ਪਾਏ = ਪਾ ਲੈਂਦਾ ਹੈ ॥੪॥

## ਜਿਸੁ ਜੀਉ; ਅੰਤਰੁ ਮੈਲਾ ਹੋਇ ॥ ਤੀਰਥ ਭਵੈ; ਦਿਸੰਤਰ ਲੋਇ ॥

ਹੇ ਭਾਈ ! ਜਿਸ ਜੀਉ = ਜੀਵ ਦਾ ਅੰਤਰੁ = ਹਿਰਦਾ **ਵਾ:** ਜਿਸ ਮਨੁੱਖ ਦਾ ਜੀਉ = ਹਿਰਦਾ ਅੰਤਰੁ = ਅੰਦਰੋਂ ਵਿਸ਼ਿਆਂ ਦੀ ਵਾਸ਼ਨਾ, ਪਾਪਾਂ ਕਰਕੇ ਮੈਲਾ = ਮਲੀਨ ਹੋਇ = ਹੋਵੇ।

ਉਹ ਭਾਵੇਂ ਦਿਸੰਤਰ = ਦੇਸ਼ਾਂ-ਦੇਸ਼ਾਂਤਰਾਂ, ਸਾਰੇ ਲੋਇ = ਲੋਕਾਂ ਅਤੇ ਸਾਰੇ ਤੀਰਥਾਂ ਉੱਪਰ ਭਵੈ = ਭਰਮਣਾ ਕਰੇ, ਤਾਂ ਵੀ ਕੁਝ ਪ੍ਰਾਪਤ ਨਹੀਂ ਹੁੰਦਾ।

## ਨਾਨਕ; ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ; ਤੂਟਸਿ ਬੰਧ ॥੫॥੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਜਦੋਂ ਸਤਿਗੁਰਾਂ ਦੇ ਸੰਗ = ਨਾਲ ਮਿਲੀਐ = ਮਿਲਣਾ ਕਰਾਂਗੇ।

ਤਉ = ਤਦੋਂ ਹੀ ਭਵਜਲ = ਸੰਸਾਰ-ਸਮੁੰਦ੍ਰ ਕੇ = ਦੇ ਵਿਚ ਜੰਮਣ ਮਰਣ ਰੂਪ ਬੰਧ = ਬੰਧਨ ਤੂਟਸਿ = ਟੁੱਟ ਜਾਣਗੇ ॥੫॥੪॥

## ਬਸੰਤੁ ਮਹਲਾ ੧ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਪਰਮਾਤਮਾ ਦੇ ਸਨਮੁਖ ਬੇਨਤੀ ਕਰਨ ਦਾ ਢੰਗ ਦੱਸਦੇ ਹਨ।

## ਸਗਲ ਭਵਨ; ਤੇਰੀ ਮਾਇਆ ਮੋਹ ॥ ਮੈ ਅਵਰੁ ਨ ਦੀਸੈ; ਸਰਬ ਤੋਹ ॥

ਹੇ ਪ੍ਰਭੂ ! ਸਗਲ ਸਾਰੇ ਭਵਨ = ਸੰਸਾਰ, ਲੋਕਾਂ ਵਿਚ ਤੇਰੀ ਮਾਇਆ ਦਾ ਹੀ ਮੋਹ ਪਰਵਿਰਤ ਹੋਇਆ ਪਿਆ ਹੈ।

ਹੇ ਪ੍ਰਭੂ ! ਮੈਨੂੰ ਤੇਰੇ ਤੋਂ ਬਿਨੁ = ਬਗ਼ੈਰ ਅਵਰੁ = ਹੋਰ ਕੋਈ ਵੀ ਤੇਰੇ ਵਰਗਾ ਦੀਸੈ = ਦਿਸਦਾ ਨਹੀਂ ਹੈ, ਸਰਬ = ਸਭ ਥਾਵਾਂ ਉੱਪਰ ਤੋਹ = ਤੂੰ ਹੀ ਪ੍ਰਤੀਤ ਹੁੰਦਾ ਹੈਂ।

## ਤੂ ਸੁਰਿ ਨਾਥਾ; ਦੇਵਾ ਦੇਵ ॥ ਹਰਿ ਨਾਮੁ ਮਿਲੈ; ਗੁਰ ਚਰਨ ਸੇਵ ॥੧॥

ਹੇ ਪ੍ਰਭੂ ! ਤੂੰ ਸੁਰਿ = ਇੰਦ੍ਰ ਆਦਿ ਤੇਤੀ ਕਰੋੜ ਦੇਵਤਿਆਂ ਦਾ ਨਾਥਾ = ਮਾਲਕ ਹੈਂ ਅਤੇ ਵੱਡੇ

ਦੇਵਾ = ਦੇਵਤਿਆਂ (ਬ੍ਰਹਮਾ, ਵਿਸ਼ਨੂੰ ਤੇ ਸ਼ਿਵ) ਦਾ ਵੀ ਦੇਵ = ਪ੍ਰਕਾਸ਼ਕ ਹੈਂ **ਵਾ**: ਸੁਰਿ ਨਾਥਾ = ਦੈਵੀ ਸੰਪਦਾ ਦੇ ਦੇਣ ਵਾਲਾ ਹੈਂ ਅਤੇ ਦੇਵਾ ਦੇਵ = ਪ੍ਰਕਾਸ਼ ਦਾ ਵੀ ਪ੍ਰਕਾਸ਼ਕ ਹੈਂ।

ਹੇ ਹਰਿ = ਪ੍ਰਭੂ ! ਮੈਨੂੰ ਤੇਰਾ ਨਾਮ ਮਿਲੈ = ਮਿਲਣਾ ਕਰੇ ਅਤੇ ਗੁਰਾਂ ਦੇ ਚਰਨਾਂ ਦੀ ਸੇਵ = ਟਹਿਲ ਦੀ ਪ੍ਰਾਪਤੀ ਹੋਵੇ ॥੧॥

## ਮੇਰੇ ਸੁੰਦਰ; ਗਹਿਰ ਗੰਭੀਰ ਲਾਲ ॥

ਹੇ ਮੇਰੇ ਸਤ ਚਿਤ ਅਨੰਦ ਰੂਪ ਸੁੰਦਰ = ਸੋਹਣੇ ਪ੍ਰਭੂ ! ਤੂੰ ਗਹਿਰ = ਨਿਰਹੱਲ, ਗੰਭੀਰ = ਡੂੰਘਾ **ਵਾ**: ਗਹਿਰ ਗੰਭੀਰ = ਡੂੰਘੇ ਤੋਂ ਡੂੰਘੇ ਸਿਧਾਂਤ ਵਾਲਾ ਅਤੇ ਸਭਨਾਂ ਦਾ ਲਾਲ = ਪਿਆਰਾ ਹੈਂ।

## ਗੁਰਮੁਖਿ ਰਾਮ ਨਾਮ ਗੁਨ ਗਾਏ; ਤੂ ਅਪਰੰਪਰੁ ਸਰਬ ਪਾਲ ॥੧॥ਰਹਾਉ॥

ਹੇ ਰਾਮ = ਪ੍ਰਭੂ ! ਗੁਰਮੁਖ ਜਨ ਗੁਰਾਂ ਦੁਆਰਾ ਤੇਰਾ ਨਾਮ ਜਪਦੇ ਅਤੇ ਗੁਣ ਗਾਏ = ਗਾਉਣਾ ਕਰਦੇ ਹਨ, ਤੂੰ ਅਪਰੰਪਰੁ = ਪਰ੍ਹੇ ਤੋਂ ਪਰ੍ਹੇ ਅਤੇ ਸਰਬ = ਸਾਰਿਆਂ ਜੀਵਾਂ ਤਾਈਂ ਪਾਲ = ਪਾਲਣਾ ਕਰਦਾ ਹੈਂ ॥੧॥ਰਹਾਉ॥

## ਬਿਨੁ ਸਾਧ; ਨ ਪਾਈਐ, ਹਰਿ ਕਾ ਸੰਗੁ ॥ ਬਿਨੁ ਗੁਰ; ਮੈਲ ਮਲੀਨ ਅੰਗੁ ॥

ਸਾਧ = ਸ੍ਰੇਸ਼ਟ ਮਹਾਤਮਾ ਜਨਾਂ **ਵਾ**: ਗੁਰੂ ਸਾਹਿਬ ਜੀ ਤੋਂ ਬਿਨੁ = ਬਗ਼ੈਰ ਹੇ ਹਰਿ = ਹਰੀ ! ਆਪ ਜੀ ਕਾ = ਦਾ ਸੰਗੁ = ਸਾਥ, ਮਿਲਾਪ ਨਹੀਂ ਪਾਈਐ = ਪਾ ਸਕੀਦਾ।

ਗੁਰੂ ਸਾਹਿਬ ਜੀ ਨੂੰ ਧਾਰਨ ਕੀਤੇ ਤੋਂ ਬਿਨੁ = ਬਗ਼ੈਰ ਅੰਗੁ = ਸਰੀਰ, ਹਿਰਦਾ ਪਾਪਾਂ ਦੀ ਮੈਲ ਕਰਕੇ ਮਲੀਨ = ਮੈਲਾ ਰਹਿੰਦਾ ਹੈ।

## ਬਿਨੁ ਹਰਿ ਨਾਮ; ਨ ਸੁਧੁ ਹੋਇ ॥ ਗੁਰ ਸਬਦਿ ਸਲਾਹੇ; ਸਾਚੁ ਸੋਇ ॥੨॥

ਹੇ ਹਰਿ = ਹਰੀ ! ਤੇਰੇ ਨਾਮ ਜਪੇ ਤੋਂ ਬਿਨੁ = ਬਗ਼ੈਰ ਹਿਰਦਾ ਪਾਪਾਂ, ਵਿਕਾਰਾਂ ਦੀ ਮੈਲ ਵੱਲੋਂ ਸੁਧੁ = ਪਵਿੱਤਰ ਨਹੀਂ ਹੋਇ = ਹੋ ਸਕਦਾ।

ਜੋ ਮਨੁੱਖ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਤੈਨੂੰ ਸਲਾਹੇ = ਸਾਲਾਹੁੰਦਾ ਹੈ, ਸੋਇ = ਉਹੋ ਹੀ ਸਾਚੁ = ਸੱਚਾ ਹੈ ॥੨॥

## ਜਾ ਕਉ ਤੂ ਰਾਖਹਿ; ਰਖਨਹਾਰ ॥ ਸਤਿਗੁਰੂ ਮਿਲਾਵਹਿ; ਕਰਹਿ ਸਾਰ ॥

ਹੇ ਰਾਖਨਹਾਰ = ਰੱਖਿਆ ਕਰਨ ਵਾਲੇ ਪ੍ਰਭੂ ! ਜਾ = ਜਿਸ ਮਨੁੱਖ ਕਉ = ਨੂੰ ਤੂੰ ਆਪਣੀ ਸਿਫ਼ਤਿ-ਸਾਲਾਹ ਵਿਚ ਰਾਖਹਿ = ਰੱਖਣਾ ਚਾਹੁੰਦਾ ਹੈਂ।

ਉਸ ਨੂੰ ਸਤਿਗੁਰੂ ਨਾਲ ਮਿਲਾਵਹਿ = ਮੇਲ ਕੇ ਉਸਦੀ ਸਾਰ = ਸੰਭਾਲ ਕਰਹਿ = ਕਰਦਾ ਹੈਂ।

## ਬਿਖੁ ਹਉਮੈ ਮਮਤਾ; ਪਰਹਰਾਇ ॥ ਸਭਿ ਦੂਖ ਬਿਨਾਸੇ; ਰਾਮ ਰਾਇ ॥੩॥

ਉਸਦੇ ਅੰਦਰੋਂ ਵਿਸ਼ਿਆਂ ਦੀ ਬਿਖੁ = ਵਿਹੁ, ਸਰੀਰਾਂ ਦੀ ਹਉਮੈ = ਹੰਗਤਾ, ਪਦਾਰਥਾਂ ਦੀ ਮਮਤਾ = ਮੈਂ-ਮੇਰੀ ਸਭ ਪਰਹਰਾਇ = ਦੂਰ ਕਰ ਦੇਂਦਾ ਹੈਂ।

ਹੇ ਰਾਇ = ਰਾਜਾ, ਪ੍ਰਕਾਸ਼ ਰੂਪ ਰਾਮ = ਪਰਮਾਤਮਾ ! ਤੂੰ ਉਸਦੇ ਸਭਿ = ਸਾਰੇ ਦੂਖ = ਦੁੱਖ, ਕਸ਼ਟ ਬਿਨਾਸੇ = ਨਾਸ਼ ਕਰ ਦਿੱਤੇ ਹਨ ॥੩॥

## ਊਤਮ ਗਤਿ ਮਿਤਿ; ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ; ਰਾਮ ਨਾਮ ਹੀਰ ॥

ਹੇ ਹਰਿ = ਪ੍ਰਭੂ ! ਜਿਸਦੇ ਸਰੀਰ ਵਿਚ ਤੇਰੀ ਪ੍ਰਾਪਤੀ ਵਾਲੇ ਦੈਵੀ ਗੁਣ ਵੱਸਦੇ ਹਨ, ਉਸਨੂੰ ਉੱਤਮ ਗਿਆਨਵਾਨ ਪੁਰਖਾਂ ਵਾਲੀ ਅਵਸਥਾ ਗਤਿ = ਪ੍ਰਾਪਤ ਹੁੰਦੀ ਹੈ ਅਤੇ ਉਹ ਤੇਰੇ ਸਰੂਪ ਦੀ ਮਿਤਿ = ਮਰਯਾਦਾ ਨੂੰ ਪਾ ਲੈਂਦਾ ਹੈ **ਵਾ:** ਉਹ ਉੱਤਮ ਸਤਿਗੁਰਾਂ ਨਾਲ ਮਿਲ ਕੇ ਗਤਿ = ਗਿਆਨ ਦੀ ਮਿਤਿ = ਮਰਯਾਦਾ ਨੂੰ ਪਾ ਲੈਂਦਾ ਹੈ।

ਹੇ ਰਾਮ = ਪਰਮਾਤਮਾ ! ਤੇਰਾ ਹੀਰ = ਹੀਰੇ ਵਾਂਗ ਅਮੋਲਕ ਨਾਮ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਉਸਦੇ ਹਿਰਦੇ ਵਿਚ ਪ੍ਰਗਟੇ = ਪ੍ਰਗਟ ਹੋਇਆ ਹੈ।

## ਲਿਵ ਲਾਗੀ ਨਾਮਿ; ਤਜਿ ਦੂਜਾ ਭਾਉ ॥
## ਜਨ ਨਾਨਕ ਹਰਿ; ਗੁਰੁ ਗੁਰ ਮਿਲਾਉ ॥੪॥੫॥

ਉਸ ਪੁਰਖ ਦੀ ਤੇਰੇ ਨਾਮ ਵਿਚ ਹੀ ਲਿਵ = ਬਿਰਤੀ ਲਾਗੀ = ਲੱਗੀ ਰਹਿੰਦੀ ਹੈ ਅਤੇ ਉਸ ਨੇ ਦੂਜਾ ਭਾਉ = ਦ੍ਵੈਤ-ਭਾਵ ਵੀ ਤਜਿ = ਤਿਆਗ ਦਿੱਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪ੍ਰਭੂ ! ਇਸ ਲਈ ਮੈਂ ਜਨ = ਦਾਸ ਨੂੰ ਗੁਰੁ = ਪੂਜਨੀਕ ਗੁਰੂ ਨਾਲ ਮਿਲਾਉ = ਮਿਲਾਉਣਾ ਕਰ **ਵਾ:** ਹੇ ਹਰੀ ! ਤੂੰ ਗੁਰੂ ਨਾਲ ਤੇ ਗੁਰੂ ਤੇਰੇ ਨਾਲ ਮੇਲ ਕੇ ਏਕਤਾ ਕਰਵਾ ਦੇਂਦਾ ਹੈ॥੪॥੫॥

## ਬਸੰਤੁ ਮਹਲਾ ੧ ॥
## ਮੇਰੀ ਸਖੀ ਸਹੇਲੀ; ਸੁਨਹੁ ਭਾਇ ॥ ਮੇਰਾ ਪਿਰੁ ਰੀਸਾਲੂ; ਸੰਗਿ ਸਾਇ ॥

ਹੇ ਮੇਰੀ ਸ਼ਰਧਾ ਵਾਲੀਓ ਸਖੀਓ ਅਤੇ ਭਗਤੀ ਵਾਲੀਓ ਮਹਾਤਮਾ ਰੂਪ ਸਹੇਲੀਓ ! ਮੇਰੀ ਬੇਨਤੀ ਭਾਇ = ਪ੍ਰੇਮ ਨਾਲ ਸੁਨਹੁ = ਸੁਣਨਾ ਕਰੋ।

ਮੇਰਾ ਪਿਰੁ = ਪਤੀ ਪਰਮਾਤਮਾ ਰੀਸਾਲੂ = ਸੁੰਦਰ, ਰਸਾਂ ਦਾ ਘਰ ਹੈ ਅਤੇ ਸਾਇ = ਉਹ ਸਦਾ ਹੀ ਮੇਰੇ ਸੰਗਿ = ਨਾਲ ਵੱਸਦਾ ਹੈ।

[ਅੰਗ ੧੧੭੦]

## ਓਹੁ ਅਲਖੁ ਨ ਲਖੀਐ; ਕਹਹੁ ਕਾਇ ॥
## ਗੁਰਿ ਸੰਗਿ ਦਿਖਾਇਓ; ਰਾਮ ਰਾਇ ॥੧॥

ਉਹ ਪ੍ਰਭੂ ਅਲਖੁ = ਲਖਣ ਤੋਂ ਰਹਿਤ ਹੈ ਜੋ ਲਖੀਐ = ਜਾਣਿਆ ਨਹੀਂ ਜਾਂਦਾ, ਫੇਰ ਕਾਇ = ਕਿਸ ਦੇ ਤਾਈਂ ਕਹਹੁ = ਕਹਿਣਾ ਕਰੀਏ ਕਿ ਉਹ ਕੈਸਾ ਹੈ।

ਉਹ ਰਾਇ = ਰਾਜਾ, ਪ੍ਰਕਾਸ਼ ਸਰੂਪ ਰਾਮ = ਪਰਮਾਤਮਾ ਗੁਰਾਂ ਨੇ ਮੇਰੇ ਸੰਗਿ = ਨਾਲ ਹੀ ਵੱਸਦਾ ਦਿਖਾਇਓ = ਵਿਖਾ ਦਿੱਤਾ ਹੈ॥੧॥

## ਮਿਲੁ ਸਖੀ ਸਹੇਲੀ; ਹਰਿ ਗੁਨ ਬਨੇ ॥

ਹੇ ਸ਼ਰਧਾ ਵਾਲੀਓ ਸਖੀਓ ਅਤੇ ਭਗਤੀ ਵਾਲੀਓ ਮਹਾਤਮਾ ਰੂਪੀ ਸਹੇਲੀਓ ! ਤੁਹਾਡੇ ਨਾਲ ਮਿਲ ਕਰਕੇ ਹਰਿ = ਪਰਮਾਤਮਾ ਦੇ ਗੁਣ ਸਾਡੇ ਹਿਰਦੇ ਵਿਚ ਬਨੇ = ਬਣ, ਫਬ ਰਹੇ ਹਨ।

## ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ; ਗੁਰਮੁਖਿ ਖੋਜਤ ਮਨ ਮਨੇ ॥੧॥ਰਹਾਉ॥

ਹਰਿ = ਹਰੇ ਭਰੇ ਕਰਨ ਵਾਲੇ ਵਰ = ਪਤੀ ਪ੍ਰਭ = ਪਰਮਾਤਮਾ ਮਹਾਤਮਾ ਰੂਪ ਕਾਮਨਿ = ਇਸਤ੍ਰੀਆਂ ਦੇ ਸੰਗਿ = ਨਾਲ ਪ੍ਰੇਮ ਦੀ ਖੇਡ ਖੇਲਹਿ = ਖੇਡਦਾ ਹੈ, ਗੁਰਮੁਖਿ = ਮੁਖੀ ਗੁਰਾਂ ਦੁਆਰਾ ਪ੍ਰਭੂ ਨੂੰ ਖੋਜਤ = ਲੱਭਦੇ ਹੋਇਆਂ ਉਨ੍ਹਾਂ ਦੇ ਮਨ = ਹਿਰਦੇ ਉਸਦੇ ਪ੍ਰੇਮ ਵਿਚ ਮਨੇ = ਮੰਨ ਗਏ ਹਨ॥੧॥ਰਹਾਉ॥

## ਮਨਮੁਖੀ ਦੁਹਾਗਣਿ; ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ; ਸਰਬ ਪ੍ਰੇਉ ॥

ਮਨਮੁਖ ਜੀਵ ਰੂਪ ਇਸਤ੍ਰੀਆਂ ਦੁਹਾਗਣਿ = ਛੁੱਟਣ ਇਸਤ੍ਰੀਆਂ ਦੀ ਨਿਆਈਂ ਹਨ, ਉਨ੍ਹਾਂ ਨੂੰ ਪ੍ਰਭੂ ਪਤੀ ਨਾਲ ਮਿਲਣ ਦਾ ਕੋਈ ਭੇਉ = ਭੇਤ ਨਹੀਂ ਹੈ ਕਿ ਉਹ ਪਰਮਾਤਮਾ ਘਟਿ ਘਟਿ = ਘਟਾਂ ਘਟਾਂ, ਸਰੀਰਾਂ ਸਰੀਰਾਂ ਦੇ ਅੰਦਰ ਰਾਵੈ = ਅਨੰਦ ਮਾਣ ਰਿਹਾ ਹੈ ਅਤੇ ਸਰਬ = ਸਾਰਿਆਂ ਦਾ ਪ੍ਰੇਉ = ਪਿਆਰਾ ਹੈ।

## ਗੁਰਮੁਖਿ ਥਿਰੁ ਚੀਨੈ; ਸੰਗਿ ਦੇਉ ॥ ਗੁਰਿ ਨਾਮੁ ਦ੍ਰਿੜਾਇਆ; ਜਪੁ ਜਪੇਉ ॥੨॥

ਗੁਰਮੁਖਿ ਰੂਪੀ ਸੁਹਾਗਵੰਤੀਆਂ ਦੇਉ = ਪ੍ਰਕਾਸ਼ ਰੂਪ ਪ੍ਰਭੂ ਨੂੰ ਆਪਣੇ ਸੰਗਿ = ਨਾਲ ਵੱਸਦਾ ਚੀਨੈ = ਜਾਣ ਕੇ ਥਿਰੁ = ਇਸਥਿਤ ਹੋਈਆਂ ਹਨ।

ਗੁਰੂ ਜੀ ਨੇ ਉਨ੍ਹਾਂ ਨੂੰ ਪਰਮਾਤਮਾ ਦਾ ਨਾਮ ਦ੍ਰਿੜਾਇਆ = ਦ੍ਰਿੜ੍ਹ, ਪ੍ਰਪੱਕ ਕਰਵਾ ਦਿੱਤਾ ਹੈ, ਜੋ ਨਾਮ ਉਹ ਆਪ ਜਪਦੀਆਂ ਤੇ ਹੋਰਨਾਂ ਨੂੰ ਜਪੇਉ = ਜਪਾਉਂਦੀਆਂ ਹਨ॥੨॥

## ਬਿਨੁ ਗੁਰ; ਭਗਤਿ ਨ ਭਾਉ ਹੋਇ ॥ ਬਿਨੁ ਗੁਰ; ਸੰਤ ਨ ਸੰਗੁ ਦੇਇ ॥

ਹੇ ਭਾਈ! ਗੁਰੂ ਤੋਂ ਬਿਨੁ = ਬਗ਼ੈਰ ਕਿਸੇ ਕੋਲੋਂ ਭਾਉ = ਪ੍ਰੇਮਾ ਭਗਤਿ = ਭਗਤੀ ਨਹੀਂ ਹੋਇ = ਹੋ ਸਕਦੀ।

ਗੁਰੂ ਧਾਰਨ ਕੀਤੇ ਤੋਂ ਬਿਨੁ = ਬਗ਼ੈਰ ਸੰਤ = ਸ਼ਾਂਤ-ਚਿੱਤ ਮਹਾਤਮਾ ਵੀ ਸੰਗੁ = ਸਾਥ ਨਹੀਂ ਦੇਇ = ਦੇਂਦੇ **ਵਾ**: ਸੰਤ ਭਾਵ ਸ਼ਾਂਤੀ ਆਦਿ ਗੁਣ ਵੀ ਉਸਦਾ ਸਾਥ ਨਹੀਂ ਦੇਂਦੇ।

## ਬਿਨੁ ਗੁਰ; ਅੰਧੁਲੇ ਧੰਧੁ ਰੋਇ ॥
## ਮਨੁ ਗੁਰਮੁਖਿ ਨਿਰਮਲੁ; ਮਲੁ ਸਬਦਿ ਖੋਇ ॥੩॥

ਹੇ ਭਾਈ! ਗੁਰੂ ਧਾਰਨ ਕੀਤੇ ਤੋਂ ਬਿਨੁ = ਬਗ਼ੈਰ ਮਨ ਬੁੱਧ ਰੂਪੀ ਨੇਤ੍ਰਾਂ ਵਿਚ ਵਿਚਾਰ ਰੂਪੀ ਨਿਗ੍ਹਾ ਤੋਂ ਬਿਨਾਂ ਅੰਧੁਲੇ = ਅਗਿਆਨੀ ਜੀਵ ਧੰਧੁ = ਧੰਦਿਆਂ ਵਿਚ ਹੀ ਰੋਇ = ਰੋਂਦੇ ਰਹਿੰਦੇ ਹਨ।

ਪਰ ਗੁਰਮੁਖ ਜਨਾਂ ਦਾ ਮਨ ਨਿਰਮਲੁ = ਉੱਜਲ ਹੈ ਕਿਉਂਕਿ ਉਹ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਆਪਣੇ ਅੰਦਰੋਂ ਪਾਪਾਂ, ਵਿਕਾਰਾਂ ਆਦਿ ਦੀ ਮਲੁ = ਮੈਲ ਨੂੰ ਖੋਇ = ਨਾਸ਼ ਕਰ ਲੈਂਦੇ ਹਨ॥੩॥

## ਗੁਰਿ ਮਨੁ ਮਾਰਿਓ; ਕਰਿ ਸੰਜੋਗੁ ॥ ਅਹਿਨਿਸਿ ਰਾਵੇ; ਭਗਤਿ ਜੋਗੁ ॥

ਸਤਿਗੁਰਾਂ ਨੇ ਪਰਮਾਤਮਾ ਦੇ ਨਾਮ ਦਾ ਸੰਜੋਗੁ = ਸੰਬੰਧ ਬਣਾ ਕੇ **ਵਾ**: ਮਿਲਾਪ ਕਰਿ = ਕਰਵਾ ਕੇ ਜਿਸ ਦਾ ਮਨ ਮੰਦੇ ਸੁਭਾਅ ਵੱਲੋਂ ਮਾਰਿਓ = ਮਾਰ ਦਿੱਤਾ ਹੈ।

ਉਹ ਅਹਿਨਿਸਿ = ਦਿਨ ਰਾਤ ਭਗਤਿ = ਭਗਤੀ ਵਿਚ ਜੋਗੁ = ਜੁੜਿਆ ਹੋਇਆ ਪਰਮਾਤਮਾ ਦੇ ਅਨੰਦ ਨੂੰ ਰਾਵੈ = ਮਾਨਣਾ ਕਰਦਾ ਹੈ।

## ਗੁਰ ਸੰਤ ਸਭਾ; ਦੁਖ ਮਿਟੈ ਰੋਗੁ ॥
## ਜਨ ਨਾਨਕ; ਹਰਿ ਵਰੁ ਸਹਜ ਜੋਗੁ ॥੪॥੬॥

ਗੁਰਾਂ ਦੇ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਸਭਾ = ਸੰਗਤ ਵਿਚ **ਵਾ:** ਗੁਰੂ ਅਤੇ ਸੰਤਾਂ ਦੀ ਸੰਗਤ ਵਿਚ ਜੰਮਣ ਮਰਣ ਦਾ ਦੁਖ ਅਤੇ ਹੰਕਾਰ ਆਦਿ ਦਾ ਰੋਗ ਮਿਟੈ = ਮਿਟ ਜਾਂਦਾ ਹੈ।

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਉਹ ਵਰੁ = ਪਤੀ ਹਰਿ = ਪਰਮਾਤਮਾ ਵਿਚ ਸਹਜ = ਸੁਭਾਵਿਕ ਹੀ ਜੋਗੁ = ਜੁੜ ਜਾਂਦਾ ਹੈ **ਵਾ:** ਜੋ ਗੁਰਾਂ ਦੁਆਰਾ ਪਤੀ ਪਰਮਾਤਮਾ ਦੀ ਪ੍ਰਾਪਤੀ ਹੋਣੀ ਹੈ **ਵਾ:** ਬ੍ਰਹਮਾਕਾਰ ਬਿਰਤੀ ਕਰਕੇ ਅਭੇਦ ਹੋਣਾ ਹੈ, ਇਹ ਸਹਿਜ ਜੋਗ ਹੈ॥੪॥੬॥

## ਬਸੰਤੁ ਮਹਲਾ ੧ ॥

ਇਸ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਮਨ ਨੂੰ ਸੰਬੋਧਨ ਕਰਦੇ ਹੋਏ ਗੁਰੂ ਦੀ ਮਹਿਮਾ ਵਰਣਨ ਕਰਦੇ ਹਨ।

## ਆਪੇ; ਕੁਦਰਤਿ ਕਰੇ ਸਾਜਿ ॥ ਸਚੁ ਆਪਿ ਨਿਬੇੜੇ; ਰਾਜੁ ਰਾਜਿ ॥

ਹੇ ਮਨਾਂ! ਪਰਮਾਤਮਾ ਆਪ ਹੀ ਆਪਣੀ ਕੁਦਰਤਿ = ਸ਼ਕਤੀ ਨਾਲ ਸੰਸਾਰ ਨੂੰ ਸਾਜਿ = ਰਚਨਾ ਕਰੇ = ਕਰਦਾ ਹੈ।

ਉਹ ਰਾਜੁ ਰਾਜਿ = ਰਾਜਿਆਂ ਦਾ ਰਾਜਾ ਰੂਪ ਹੋ ਕੇ ਆਪ ਹੀ ਸੱਚਾ ਨਿਆਉਂ ਨਿਬੇੜੇ = ਨਬੇੜਦਾ ਹੈ **ਵਾ:** ਜਿਨ੍ਹਾਂ ਦੇ ਅੰਦਰ ਸੱਚਾ ਆਪ ਸ੍ਰਵਣ, ਮੰਨਣ, ਰੂਪ ਹੋ ਕੇ ਵੱਸਿਆ ਹੈ, ਉਨ੍ਹਾਂ ਦੇ ਜੰਮਣ ਮਰਣ ਦਾ ਨਬੇੜਾ ਹੋ ਜਾਂਦਾ ਹੈ ਅਤੇ ਉਹ ਰਾਜਿਆਂ ਦੇ ਰਾਜੇ ਬ੍ਰਹਮ ਗਿਆਨੀ ਬਣ ਜਾਂਦੇ ਹਨ **ਵਾ:** ਉਨ੍ਹਾਂ ਨੂੰ ਆਪਣੇ ਸਰੂਪ ਦਾ ਰਾਜੁ = ਭੇਤ ਦੱਸ ਕੇ ਅਤੇ ਉਨ੍ਹਾਂ ਦੇ ਅੰਦਰ ਗਿਆਨ ਦਾ ਰਾਜਿ = ਪ੍ਰਕਾਸ਼ ਕਰਕੇ ਸਦਾ ਪ੍ਰਭੂ ਆਪ ਹੀ ਉਨ੍ਹਾਂ ਦੇ ਜੰਮਣ ਮਰਣ ਨਬੇੜ ਦੇਂਦਾ ਹੈ।

## ਗੁਰਮਤਿ ਊਤਮ; ਸੰਗਿ ਸਾਥਿ ॥
## ਹਰਿ ਨਾਮੁ ਰਸਾਇਣੁ; ਸਹਜਿ ਆਥਿ ॥੧॥

ਹੇ ਮਨ! ਜਿਨ੍ਹਾਂ ਨੂੰ ਊਤਮ = ਸ੍ਰੇਸ਼ਟ ਗੁਰਮਤਿ = ਗੁਰਾਂ ਦੀ ਸਿੱਖਿਆ ਪ੍ਰਾਪਤ ਹੋਈ ਹੈ, ਪਰਮਾਤਮਾ ਸਦੀਵ ਉਨ੍ਹਾਂ ਦੇ ਸੰਗਿ = ਨਾਲ ਸਾਥਿ = ਸਾਥੀ ਹੋ ਕੇ ਭਾਵ ਅੰਗ-ਸੰਗ ਰਹਿੰਦਾ ਹੈ **ਅਥਵਾ** ਜਿਨ੍ਹਾਂ ਨੇ ਗੁਰਮਤ ਨੂੰ ਧਾਰਨ ਕੀਤਾ ਹੈ, ਉਹ ਗੁਰਮਤ ਦੇ ਸੰਗੀ ਹੋ ਕੇ ਉੱਤਮ ਪੁਰਖ ਬਣ ਗਏ ਹਨ ਅਤੇ ਪ੍ਰਭੂ ਸਦਾ ਹੀ ਉਨ੍ਹਾਂ ਦੇ ਸਾਥਿ = ਨਾਲ ਵੱਸਦਾ ਹੈ।

ਜਿਨਾਂ ਨੇ ਹਰਿ = ਪਰਮਾਤਮਾ ਦੇ ਨਾਮ ਵਿਚ ਆਪਣੇ ਚਿੱਤ ਨੂੰ ਰਸਾਇਣੁ = ਰਸਾਉਣਾ ਕੀਤਾ ਹੈ, ਉਨ੍ਹਾਂ ਨੂੰ ਆਤਮਿਕ ਸਹਜਿ = ਗਿਆਨ ਦੀ ਪ੍ਰਾਪਤੀ ਹੁੰਦੀ ਆਥਿ = ਹੈ॥੧॥

## ਮਤ ਬਿਸਰਸਿ; ਰੇ ਮਨ ਰਾਮ ਬੋਲਿ ॥

ਰੇ = ਹੇ ਮੇਰੇ ਮਨਾਂ! ਤੂੰ ਰਾਮ = ਪਰਮਾਤਮਾ ਦਾ ਨਾਮ ਬੋਲਿ = ਉਚਾਰਣ ਕਰ, ਇਸ ਰਾਮ ਨਾਮ ਨੂੰ ਮਤ = ਮਤਾਂ ਬਿਸਰਸਿ = ਭੁੱਲ ਜਾਵੀਂ **ਵਾ:** ਮਤਾਂ (ਬਿਸ+ਰਸਿ) ਬਿਸ = ਵਿਸ਼ਿਆਂ ਵਿਚ ਰਸਿ = ਪ੍ਰੇਮ ਕਰ।

## ਅਪਰੰਪਰੁ ਅਗਮ ਅਗੋਚਰੁ ਗੁਰਮੁਖਿ; ਹਰਿ ਆਪਿ ਤੁਲਾਏ ਅਤੁਲੁ ਤੋਲਿ ॥੧॥ਰਹਾਉ॥

ਗੁਰਮੁਖਾਂ ਨੇ ਜਾਨਣਾ ਕੀਤਾ ਹੈ ਕਿ ਉਹ ਪ੍ਰਭੂ ਅਪਰੰਪਰੁ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ, ਅਗਮ = ਮਨ ਦੇ ਸੰਕਲਪਾਂ ਵਿਕਲਪਾਂ ਦੀ ਗੰਮਤਾ ਤੋਂ ਰਹਿਤ ਅਤੇ ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਹੈ। ਉਹ ਹਰਿ = ਪ੍ਰਭੂ ਆਪ ਹੀ ਜਗਿਆਸੂਆਂ ਦੇ ਸ਼ਰਧਾ ਆਦਿ ਸ਼ੁਭ ਗੁਣਾਂ ਨੂੰ ਤੋਲਿ = ਵਿਚਾਰ ਕੇ ਆਪਣੇ ਅਤੁਲੁ = ਤੁਲਣ ਤੋਂ ਰਹਿਤ ਬ੍ਰਹਮ ਸਰੂਪ ਦੀ ਵਿਚਾਰ ਨੂੰ ਤੁਲਾਏ = ਤੁਲਾਉਂਦਾ ਹੈ **ਵਾ:** ਜਗਿਆਸੂ ਦੀ ਬੁੱਧ ਰੂਪੀ ਤਰਾਜੂ ਵਿਚ ਸ਼ਾਸਤ੍ਰ ਪ੍ਰਮਾਣ ਰੂਪੀ ਵੱਟੇ ਪਾ ਕੇ ਅਤੁਲ ਰੂਪ ਬ੍ਰਹਮ ਆਪ ਹੀ ਆਪਣੇ ਸਰੂਪ ਦੀ ਵਿਚਾਰ ਨੂੰ ਕਰਾਉਂਦਾ ਹੈ॥੧॥ਰਹਾਉ॥

## ਗੁਰ ਚਰਨ ਸਰੇਵਹਿ; ਗੁਰਸਿਖ ਤੋਰ ॥ ਗੁਰ ਸੇਵ ਤਰੇ; ਤਜਿ ਮੇਰ ਤੋਰ ॥

ਹੇ ਪ੍ਰਭੂ! ਜੋ ਗੁਰਾਂ ਦੇ ਚਰਨਾਂ ਨੂੰ ਸਰੇਵਹਿ = ਸੇਵਨਾ ਕਰਦੇ ਹਨ, ਉਹ ਗੁਰਸਿਖ ਤੋਰ = ਤੇਰੇ ਸਰੂਪ ਵਿਚ ਹੀ ਅਭੇਦ ਹੋ ਜਾਂਦੇ ਹਨ **ਵਾ:** ਗੁਰਸਿੱਖਾਂ ਦੀ ਇਹੋ ਹੀ ਤੋਰ = ਚਾਲ, ਰੀਤੀ ਹੈ ਕਿ ਉਹ ਗੁਰਾਂ ਦੇ ਚਰਨ ਕਮਲਾਂ ਨੂੰ ਹੀ ਸੇਵਨਾ ਕਰਦੇ ਹਨ।

ਉਹ ਮੇਰ ਤੋਰ = ਮੇਰ ਤੇਰ (ਮੇਰ ਭਾਵ ਜੀਵ ਦੀ ਅਲਪਗਤਾ ਅਤੇ ਤੇਰ ਭਾਵ ਈਸ਼ਰ ਦੀ ਸਰਬੱਗਤਾ) ਨੂੰ ਤਜਿ = ਛੱਡ ਕੇ ਗੁਰਾਂ ਦੀ ਸੇਵ = ਟਹਿਲ ਦੁਆਰਾ ਸੰਸਾਰ-ਸਮੁੰਦ੍ਰ ਤੋਂ ਤਰੇ = ਤਰ ਗਏ ਹਨ।

## ਨਰ ਨਿੰਦਕ ਲੋਭੀ; ਮਨਿ ਕਠੋਰ ॥ ਗੁਰ ਸੇਵ ਨ ਭਾਈ; ਸਿ ਚੋਰ ਚੋਰ ॥੨॥

ਜੋ ਨਰ = ਪੁਰਖ ਨਿੰਦਕ = ਅਪਕੀਰਤੀ ਕਰਨ ਵਾਲੇ, ਪਦਾਰਥਾਂ ਦੇ ਲੋਭੀ = ਲਾਲਚੀ ਅਤੇ ਮਨ ਦੇ ਕਠੋਰ = ਸਖ਼ਤ ਸੁਭਾਅ ਦੇ ਹਨ ਭਾਵ ਪੱਥਰ ਦਿਲ ਹਨ।

ਉਨ੍ਹਾਂ ਨੂੰ ਗੁਰਾਂ ਦੀ ਦੱਸੀ ਸੇਵ = ਟਹਿਲ ਵੀ ਭਾਈ = ਚੰਗੀ ਨਹੀਂ ਲੱਗਦੀ ਸਿ = ਉਹ ਤਾਂ ਚੋਰ ਚੋਰ = ਚੋਰਾਂ ਦੇ ਵੀ ਵੱਡੇ ਚੋਰ ਹਨ **ਵਾ:** ਉਹ ਸਿ = ਤਿੰਨਾਂ ਲੋਕਾਂ ਵਿਚ ਹੀ ਚੋਰੀ ਕਰਨ ਵਾਲੇ ਚੋਰ ਸੱਦੇ ਜਾਂਦੇ ਹਨ॥੨॥

## ਗੁਰੁ ਤੁਠਾ; ਬਖਸੇ ਭਗਤਿ ਭਾਉ ॥ ਗੁਰਿ ਤੁਠੈ; ਪਾਈਐ ਹਰਿ ਮਹਲਿ ਠਾਉ ॥

ਜਿਨ੍ਹਾਂ ਉੱਪਰ ਗੁਰੂ ਤੁਠਾ = ਪ੍ਰਸੰਨ ਹੋਇਆ ਹੈ, ਉਨ੍ਹਾਂ ਨੂੰ ਪ੍ਰਭੂ ਭਗਤਿ ਭਾਉ = ਪ੍ਰੇਮਾ-ਭਗਤੀ ਬਖਸੇ = ਬਖ਼ਸ਼ਣਾ ਕਰਦਾ ਹੈ।

ਗੁਰਿ = ਗੁਰਾਂ ਦੀ ਤੁਠੈ = ਪ੍ਰਸੰਨਤਾ ਕਰਕੇ ਹਰਿ = ਪਰਮਾਤਮਾ ਦੇ ਤੁਰੀਆ ਪਦ ਰੂਪੀ ਮਹੱਲ ਵਿਚ ਠਾਉ = ਥਾਂ, ਇਸਥਿਤੀ ਪਾਈਐ = ਪਾ ਲਈਦੀ ਹੈ।

## ਪਰਹਰਿ ਨਿੰਦਾ; ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ; ਕਰਮਿ ਭਾਗੁ ॥੩॥

ਜੋ ਮਨੁੱਖ ਨਿੰਦਾ = ਅਪਕੀਰਤੀ ਨੂੰ ਪਰਹਰਿ = ਤਿਆਗ ਕੇ ਹਰਿ = ਪਰਮਾਤਮਾ ਦੀ ਪ੍ਰੇਮਾ ਭਗਤਿ = ਭਗਤੀ ਵਿਚ ਜਾਗੁ = ਸਾਵਧਾਨ ਹੋਇਆ ਹੈ।

ਉਸ ਉੱਪਰ ਪ੍ਰਭੂ ਦੀ ਕਰਮਿ = ਬਖ਼ਸ਼ਿਸ਼ ਅਤੇ ਉਸਦੇ ਸ੍ਰੇਸ਼ਟ ਭਾਗੁ = ਕਰਮ ਹੋਣ ਕਰਕੇ ਉਸਨੂੰ

ਹਰਿ = ਪ੍ਰਭੂ ਦੀ ਭਗਤਿ = ਭਗਤੀ ਸੁਹਾਵੀ = ਸ਼ੋਭਨੀਕ ਲੱਗੀ ਹੈ **ਵਾ**: ਉਸਨੂੰ ਹਰੀ ਦੀ ਭਗਤੀ ਸ਼ੋਭਨੀਕ ਹੋਈ ਹੈ ਅਤੇ ਉਸਨੂੰ ਹੀ ਸ੍ਰੇਸ਼ਟ ਕਰਮਾਂ, ਪ੍ਰਭੂ ਦੀ ਬਖ਼ਸ਼ਿਸ਼ ਦਾ ਭਾਗੁ = ਛਾਂਦਾ ਪ੍ਰਾਪਤ ਹੋਇਆ ਹੈ॥੩॥

## ਗੁਰੁ ਮੇਲਿ ਮਿਲਾਵੈ; ਕਰੇ ਦਾਤਿ ॥ ਗੁਰਸਿਖ ਪਿਆਰੇ; ਦਿਨਸੁ ਰਾਤਿ ॥

ਪਰਮਾਤਮਾ ਗੁਰਾਂ ਦੇ ਮੇਲ ਵਿਚ ਮਿਲਾਉਂਦਾ ਹੈ ਅਤੇ ਗੁਰੂ ਨਾਮ ਦੀ ਦਾਤਿ = ਬਖ਼ਸ਼ਿਸ਼ ਦੇ ਕੇ ਪਰਮਾਤਮਾ ਦੇ ਮੇਲ ਵਿਚ ਮਿਲਾ ਦੇਂਦਾ ਹੈ।

ਜੋ ਸਤਿਗੁਰਾਂ ਦੇ ਪਿਆਰੇ ਗੁਰਸਿੱਖ ਹਨ, ਉਹ ਦਿਨ ਰਾਤ ਨਾਮ, ਭਗਤੀ ਵਿਚ ਜੁੜੇ ਰਹਿੰਦੇ ਹਨ **ਵਾ**: ਉਨ੍ਹਾਂ ਨੂੰ ਅਵਿੱਦਿਆ ਰੂਪੀ ਰਾਤ ਤੋਂ ਗਿਆਨ ਰੂਪੀ ਦਿਨ ਚੜ੍ਹ ਗਿਆ ਹੈ।

## ਫਲੁ ਨਾਮੁ ਪਰਾਪਤਿ; ਗੁਰੁ ਤੁਸਿ ਦੇਇ ॥
## ਕਹੁ ਨਾਨਕ; ਪਾਵਹਿ ਵਿਰਲੇ ਕੇਇ ॥੪॥੭॥

ਜਿਨ੍ਹਾਂ ਨੂੰ ਗੁਰੂ ਆਪ ਤੁਸਿ = ਪ੍ਰਸੰਨ ਹੋ ਕੇ ਦਾਤ ਦੇਇ = ਦੇਣਾ ਕਰਦਾ ਹੈ, ਉਨ੍ਹਾਂ ਨੂੰ ਨਾਮ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਕੇਇ = ਕੋਈ ਵਿਰਲੇ = ਟਾਵੇਂ ਟਾਵੇਂ ਹੀ ਇਸ ਦਾਤ ਨੂੰ ਪਾਵਹਿ = ਪਾਉਣਾ ਕਰਦੇ ਹਨ॥੪॥੭॥

## ਬਸੰਤੁ ਮਹਲਾ ੩ ਇਕ ਤੁਕਾ ॥

ਬਸੰਤ ਰਾਗ ਦੇ ਅੰਦਰ ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪਿਛਲੇ ਸ਼ਬਦ ਦੇ ਪ੍ਰਕਰਣ ਨੂੰ ਮੇਲਦੇ ਹੋਏ ਇਹ ਇਕ ਤੁਕਾ[੧] = ਇਕ ਇਕ ਤੁਕ ਤੇ ਅੰਕ ਵਾਲਾ ਸ਼ਬਦ ਉਚਾਰਣ ਕਰਦੇ ਹਨ।

***ਨੋਟ :*** ਜਿਵੇਂ ਪਿਛਲੇ ਸ਼ਬਦ ਵਿਚ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਅਖ਼ੀਰ ਵਿਚ ਕਥਨ ਕੀਤਾ ਹੈ ਕਿ ਕੋਈ ਵਿਰਲਾ ਹੀ ਨਾਮ ਦੀ ਦਾਤ ਨੂੰ ਪਾਉਂਦਾ ਹੈ, ਉਹੀ ਪ੍ਰਕਰਣ ਇਸ ਸ਼ਬਦ ਦੀ ਅਖ਼ੀਰਲੀ ਤੁਕ ਵਿਚ ਹੈ, ਜਿਸ ਕਰਕੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਪ੍ਰਕਰਣ ਮੇਲਨ ਲਈ ਇਹ ਸ਼ਬਦ ਏਥੇ ਦਰਜ ਕਰਵਾਇਆ ਹੈ।

## ਸਾਹਿਬ ਭਾਵੈ; ਸੇਵਕੁ ਸੇਵਾ ਕਰੈ ॥ ਜੀਵਤੁ ਮਰੈ; ਸਭਿ ਕੁਲ ਉਧਰੈ ॥੧॥

ਹੇ ਸਾਹਿਬ = ਮਾਲਕ ਪ੍ਰਭੂ ! ਜੇਕਰ ਤੈਨੂੰ ਭਾਵੈ = ਭਾਅ ਜਾਵੇ ਤਾਂ ਤੇਰਾ ਸੇਵਕੁ = ਦਾਸ ਤੇਰੀ ਭਗਤੀ ਰੂਪ ਸੇਵਾ = ਟਹਿਲ ਕਰੈ = ਕਰਦਾ ਹੈ।

ਉਹ ਜੀਵਤ-ਭਾਵ ਵੱਲੋਂ ਮਰੈ = ਮਰ ਜਾਂਦਾ ਹੈ ਅਤੇ ਉਸ ਦੀਆਂ ਸਭਿ = ਸਾਰੀਆਂ ਕੁਲਾਂ ਉਧਰੈ = ਉੱਧਰ, ਤਰ ਜਾਂਦੀਆਂ ਹਨ॥੧॥

## ਤੇਰੀ ਭਗਤਿ ਨ ਛੋਡਉ; ਕਿਆ ਕੋ ਹਸੈ ॥

ਹੇ ਪ੍ਰਭੂ ! ਮੈਂ ਤੇਰੀ ਭਗਤਿ = ਭਗਤੀ ਕਰਨੀ ਨਹੀਂ ਛੋਡਉ = ਛੱਡਾਂਗਾ, ਕੋ = ਕੋਈ ਮੇਰੇ ਉੱਪਰ ਕਿਆ = ਕੀ ਹੱਸੇਗਾ, ਭਾਵ ਕਿਸੇ ਦੇ ਹਾਸੇ, ਮਖ਼ੌਲ ਦੀ ਕੋਈ ਪਰਵਾਹ ਨਹੀਂ ਹੈ।

---

੧. ਇਕ ਤੁਕਾ—ਤੁਕਾਂਤ ਮਿਲਣ ਵਾਲੀ ਦੋ ਤੁਕਾਂ ਦਾ ਪਦ, ਜਿਸ ਦੇ ਅੰਤ ਅੰਕ ਹੁੰਦਾ ਹੈ, ਗਾਉਣ ਸਮੇਂ ਇਨ੍ਹਾਂ ਦੋ ਤੁਕਾਂ ਦੀ ਇਕ ਹੀ ਤੁਕ ਹੋਇਆ ਕਰਦੀ ਹੈ।

## ਸਾਚੁ ਨਾਮੁ; ਮੇਰੈ ਹਿਰਦੈ ਵਸੈ ॥੧॥ਰਹਾਉ॥

ਤੇਰਾ ਸਾਚੁ = ਸੱਚਾ ਨਾਮ, ਮੇਰੇ ਹਿਰਦੈ = ਮਨ ਵਿਚ ਵਸੈ = ਵੱਸਦਾ ਰਹੇ ॥੧॥ਰਹਾਉ॥

## ਜੈਸੇ ਮਾਇਆ ਮੋਹਿ; ਪ੍ਰਾਣੀ ਗਲਤੁ ਰਹੈ ॥
## ਤੈਸੇ ਸੰਤ ਜਨ; ਰਾਮ ਨਾਮ ਰਵਤ ਰਹੈ ॥੨॥

ਜੈਸੇ = ਜਿਸ ਪ੍ਰਕਾਰ ਮਾਇਆ ਦੇ ਮੋਹਿ = ਮੋਹ ਵਿਚ ਕੋਈ ਪ੍ਰਾਣੀ = ਪ੍ਰਾਣਾਧਾਰੀ ਜੀਵ ਗਲਤੁ = ਗ਼ਲਤਾਨ ਰਹਿੰਦਾ ਹੈ।

ਤੈਸੇ = ਉਸੇ ਪ੍ਰਕਾਰ ਸੰਤ ਜਨ ਰਾਮ = ਪਰਮਾਤਮਾ ਦੇ ਨਾਮ ਨੂੰ ਰਵਤ = ਉਚਾਰਣ ਕਰਦੇ ਰਹੈ = ਰਹਿੰਦੇ ਹਨ ॥੨॥

## ਮੈ ਮੂਰਖ ਮੁਗਧ ਊਪਰਿ; ਕਰਹੁ ਦਇਆ ॥
## ਤਉ ਸਰਣਾਗਤਿ; ਰਹਉ ਪਇਆ ॥੩॥

ਹੇ ਪ੍ਰਭੂ ! ਮੇਰੇ ਸ਼ਾਸਤ੍ਰ ਗਿਆਨ ਤੋਂ ਹੀਣ ਮੂਰਖ = ਬੇ-ਸਮਝ ਅਤੇ ਪਰਮਾਰਥ ਤੋਂ ਹੀਣ ਮੁਗਧ = ਮੂੜ੍ਹ ਉੱਪਰ ਆਪਣੀ ਦਇਆ = ਕਿਰਪਾ ਦ੍ਰਿਸ਼ਟੀ ਕਰਹੁ = ਕਰ।

ਹੇ ਪ੍ਰਭੂ ! ਮੈਂ ਤਉ = ਤੇਰੀ ਹੀ ਸਰਣਾਗਤਿ = ਸ਼ਰਨ ਦੇ ਵਿਚ ਪਿਆ ਰਹਉ = ਰਹਾਂ ॥੩॥

## ਕਹਤੁ ਨਾਨਕੁ; ਸੰਸਾਰ ਕੇ ਨਿਹਫਲ ਕਾਮਾ ॥
## ਗੁਰਪ੍ਰਸਾਦਿ; ਕੋ ਪਾਵੈ ਅੰਮ੍ਰਿਤ ਨਾਮਾ ॥੪॥੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ ਤੋਂ ਬਿਨਾਂ ਸੰਸਾਰ = ਜਗਤ ਕੇ = ਦੇ ਹੋਰ ਸਾਰੇ ਕਾਮਾ = ਕੰਮ ਨਿਹਫਲ = ਵਿਅਰਥ ਹੀ ਹਨ।

ਪਰ ਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਕੋ = ਕੋਈ ਵਿਰਲਾ ਹੀ ਇਸ ਅੰਮ੍ਰਿਤ ਨਾਮ ਨੂੰ ਪਾਉਣਾ ਕਰਦਾ ਹੈ ॥੪॥੮॥

## ਮਹਲਾ ੧ ਬਸੰਤੁ ਹਿੰਡੋਲ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਬਸੰਤ ਅਤੇ ਹਿੰਡੋਲ ਇਨ੍ਹਾਂ ਦੋਵਾਂ ਰਾਗਾਂ ਨੂੰ ਮੇਲਦੇ ਹੋਏ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਅੰਦਰ ਇਹ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਕਿਸੇ ਕਰਮਕਾਂਡੀ ਬ੍ਰਾਹਮਣ ਨੇ ਸਤਿਗੁਰਾਂ ਨੂੰ ਕਿਹਾ ਕਿ ਤੁਸੀਂ ਆਪਣੇ ਸਿੱਖਾਂ ਨੂੰ ਠਾਕੁਰਾਂ ਦੀ ਪੂਜਾ ਕਰਨ ਤੇ ਤੁਲਸੀ ਦੀ ਮਾਲਾ ਰੱਖਣ ਲਈ ਕਿਹਾ ਕਰੋ, ਤਦੋਂ ਸਤਿਗੁਰੂ ਜੀ ਨੇ ਇਹ ਉਪਦੇਸ਼ ਕਥਨ ਕੀਤਾ।

## ਸਾਲਗ੍ਰਾਮ ਬਿਪ ਪੂਜਿ ਮਨਾਵਹੁ; ਸੁਕ੍ਰਿਤੁ ਤੁਲਸੀ ਮਾਲਾ ॥

ਹੇ ਬਿਪ = ਬ੍ਰਾਹਮਣ ! ਤੁਸੀਂ ਸਾਲਗ੍ਰਾਮ = ਗੰਡਕਾ ਨਦੀ ਦੇ ਪੱਥਰ ਨੂੰ ਵਿਸ਼ਨੂੰ ਦਾ ਰੂਪ ਸਮਝ ਕੇ ਪੂਜਦੇ, ਮਨਾਉਂਦੇ ਹੋ ਅਤੇ ਤੁਲਸੀ ਦੀ ਮਾਲਾ ਫੇਰਨੀ ਸੁਕ੍ਰਿਤੁ = ਪੁੰਨ ਕਰਮ ਸਮਝਦੇ ਹੋ **ਅਥਵਾ** ਸਾਲ = ਸ੍ਰੇਸ਼ਟ ਅਤੇ

ਗ੍ਰਾਮ = ਸਮੂਹ ਜੀਵਾਂ ਨੂੰ ਸੁੱਖ ਦੇਣ ਵਾਲੇ **ਵਾ:** ਸਮੂਹ ਜੀਵਾਂ ਦੇ ਵਿਚ ਜਿਸਦਾ ਸਾਲ = ਘਰ ਹੈ, ਉਸ ਪਰਮਾਤਮਾ ਨੂੰ ਸਰੀਰ ਕਰਕੇ ਪੂਜਿਆ ਕਰੋ ਅਤੇ ਮਨ ਕਰਕੇ ਮਨਾਇਆ ਕਰੋ, ਫੇਰ ਬਿਪ = ਵਿਪਰਜੈ ਬੁੱਧੀ ਨਾਸ਼ ਹੋ ਜਾਵੇਗੀ, ਸੁਕ੍ਰਿਤੁ = ਪੁੰਨ ਕਰਮ ਕਮਾਇਆ ਕਰੋ, ਤੁਲਤਾ, ਸਮਾਨ ਬਿਰਤੀ ਰੂਪੀ ਤੁਲਸੀ ਮਾਲਾ ਪਕੜਨੀ ਕਰੋ **ਵਾ:** (ਮਾ + ਲਾ) ਮਾ = ਮਾਇਆ ਦੀ ਇੱਛਾ ਨੂੰ ਲਾ = ਲਾਹ ਕੇ ਤੁਲਤਾ ਬਿਰਤੀ ਰੂਪ ਤੁਲਸੀ ਦੀ ਮਾਲਾ ਪਕੜਨੀ ਕਰੋ। ਜੇਕਰ ਸੰਸਾਰ-ਸਮੁੰਦ੍ਰ ਤੋਂ ਪਾਰ ਹੋਣਾ ਹੈ ਤਾਂ :

## ਰਾਮ ਨਾਮੁ ਜਪਿ ਬੇੜਾ ਬਾਂਧਹੁ; ਦਇਆ ਕਰਹੁ ਦਇਆਲਾ ॥੧॥

ਰਾਮ = ਪਰਮਾਤਮਾ ਦਾ ਨਾਮ ਜਪਣ ਰੂਪੀ ਬੇੜਾ = ਜਹਾਜ਼ ਬਾਂਧਹੁ = ਬੰਨ੍ਹਣਾ ਕਰੋ ਅਤੇ ਪਰਮਾਤਮਾ ਅੱਗੇ ਬੇਨਤੀ ਕਰੋ ਕਿ ਹੇ ਦਇਆਲਾ = ਦਿਆਲੂ ਪ੍ਰਭੂ ! ਸਾਡੇ ਉੱਪਰ ਆਪਣੀ ਦਇਆ = ਮਿਹਰ ਕਰੋ ॥੧॥

**[ਅੰਗ ੧੧੭੧]**

## ਕਾਹੇ ਕਲਰਾ ਸਿੰਚਹੁ; ਜਨਮੁ ਗਵਾਵਹੁ ॥

ਹੇ ਬ੍ਰਾਹਮਣ ! ਤੁਸੀਂ ਇਨ੍ਹਾਂ ਪੱਥਰਾਂ ਨੂੰ ਪੂਜਣ, ਸਕਾਮ ਕਰਮਾਂ ਰੂਪੀ ਕਲਰਾ = ਕੱਲਰ ਨੂੰ ਕਾਹੇ = ਕਿਸ ਵਾਸਤੇ ਸਿੰਚਹੁ = ਸਿੰਜਣਾ ਕਰਦੇ ਹੋ ਅਤੇ ਆਪਣਾ ਅਮੋਲਕ ਮਨੁੱਖਾ ਜਨਮ ਵਿਅਰਥ ਗਵਾਵਹੁ = ਗੁਆ ਰਹੇ ਹੋ **ਅਥਵਾ** ਮਲੀਨ ਮਨ ਰੂਪੀ ਕਲਰਾ = ਰੇਹੀ ਵਾਲੀ ਬੰਜਰ ਧਰਤੀ ਵਿਚ ਵਾਸ਼ਨਾ ਕਰਕੇ ਵਿਸ਼ੇ-ਵਿਕਾਰਾਂ ਰੂਪੀ ਬ੍ਰਿਛਾਂ ਨੂੰ ਕਿਉਂ ਸਿੰਜ ਕਰਕੇ ਆਪਣਾ ਅਮੋਲਕ ਜਨਮ ਵਿਆਰਥ ਗਵਾਉਂਦੇ ਹੋ।

## ਕਾਚੀ ਢਹਗਿ ਦਿਵਾਲ; ਕਾਹੇ ਗਚੁ ਲਾਵਹੁ ॥੧॥ਰਹਾਉ॥

ਇਹ ਤੁਹਾਡੀ ਸਰੀਰ ਰੂਪੀ ਕਾਚੀ = ਕੱਚੀ ਦਿਵਾਲ = ਕੰਧ ਇਕ ਦਿਨ ਵਿਚ ਹੀ ਢਹਗਿ = ਡਿੱਗ ਜਾਵੇਗੀ, ਫੇਰ ਕਾਹੇ = ਕਿਸ ਵਾਸਤੇ ਵਰ ਲੈਣ ਰੂਪ ਗਚੁ = ਚੂਨਾ ਲਾਵਹੁ = ਲਾਉਣਾ ਕਰਦੇ ਹੋ, ਭਾਵ ਮਿਥਿਆ ਸਰੀਰ ਨੂੰ ਬਹੁਤੀ ਪ੍ਰੀਤੀ ਕਰਕੇ ਕਿਸ ਲਈ ਪਾਲਣਾ ਪੋਸ਼ਣਾ ਕਰਦੇ ਹੋ ॥੧॥ਰਹਾਉ॥

## ਕਰ ਹਰਿਹਟ, ਮਾਲ ਟਿੰਡ ਪਰੋਵਹੁ; ਤਿਸੁ ਭੀਤਰਿ ਮਨੁ ਜੋਵਹੁ ॥

ਹੇ ਬ੍ਰਾਹਮਣ ! ਹਰਿ ਹਰਿ ਕਰਨ ਰੂਪ ਹਰਿਹਟ = ਹਰਟ (ਵਗਦੇ ਖੂਹ ਦਾ ਜੰਤਰ) ਬਣਾਉਣਾ ਕਰੋ, ਆਤਮ ਵਿਸ਼ੈਣੀ ਬੁੱਧ ਰੂਪੀ ਮਾਲ = ਮਾਲ੍ਹ (ਖੂਹ ਦੀ ਮਾਲਾ) ਬਣਾਉਣੀ ਕਰੋ ਅਤੇ ਕਰੁਣਾ, ਮੁੱਦਤਾ, ਮੈਤ੍ਰੀ, ਉਪੇਖਿਆ ਰੂਪੀ ਟਿੰਡ = ਟਿੰਡਾਂ (ਮਿੱਟੀ ਦੇ ਭਾਂਡੇ) ਪਰੋਵਹੁ = ਪਰੋਣਾ ਕਰੋ **ਵਾ:** ਸ੍ਰਵਣ ਮੰਨਣ ਰੂਪ ਹਰਟ, ਸਤਿਸੰਗਤ ਦੀ ਪ੍ਰੀਤੀ ਰੂਪੀ ਮਾਲ੍ਹ ਅਤੇ ਸ਼ਰਧਾ ਆਦਿ ਗੁਣ ਰੂਪੀ ਟਿੰਡਾਂ ਪਰੋਣਾ ਕਰੋ ਅਤੇ ਤਿਸੁ = ਉਸਦੇ ਭੀਤਰਿ = ਵਿਚ ਆਪਣੇ ਮਨ ਰੂਪੀ ਬਲਦ ਨੂੰ ਜੋਵਹੁ = ਜੋੜਨਾ ਕਰੋ।

## ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ; ਤਉ ਮਾਲੀ ਕੇ ਹੋਵਹੁ ॥੨॥

ਇਉਂ ਸਾਧਸੰਗਤ ਰੂਪੀ ਖੂਹ ਦੇ ਵਿੱਚੋਂ ਅੰਮ੍ਰਿਤ ਨਾਮ ਰੂਪੀ ਜਲ ਸਿੰਚਹੁ = ਸਿੰਜਣਾ ਕਰੋ ਅਤੇ ਹਿਰਦੇ, ਇੰਦ੍ਰੀਆਂ ਰੂਪੀ ਕਿਆਰੇ ਨੂੰ ਸ਼ੁਭ ਗੁਣਾਂ, ਗੁਰ ਉਪਦੇਸ਼ ਨਾਲ ਭਰਹੁ = ਭਰਨਾ ਕਰੋ, ਤਉ = ਤਦੋਂ ਤੁਸੀਂ ਸੰਸਾਰ ਬਾਗ਼ ਦੇ ਮਾਲੀ ਪਰਮਾਤਮਾ ਦੇ ਪਿਆਰੇ ਹੋਵਹੁ = ਹੋ ਜਾਵੋਗੇ ॥੨॥

## ਕਾਮੁ ਕ੍ਰੋਧਿ ਦੁਇ ਕਰਹੁ ਬਸੋਲੇ; ਗੋਡਹੁ ਧਰਤੀ ਭਾਈ ॥

ਹੇ ਭਾਈ ! ਕਾਮ ਕ੍ਰੋਧ ਆਦਿ ਵਿਕਾਰਾਂ ਰੂਪੀ ਨਦੀਨ ਨੂੰ ਕੱਢਣ ਲਈ ਵਸਤ ਵਿਚਾਰ ਤੇ ਖਿਮਾ ਰੂਪੀ

ਦੁਇ = ਦੋ ਬਸੋਲੇ = ਰੰਬੇ ਬਣਾਉਣਾ ਕਰਹੁ = ਕਰੋ (ਭਾਵ ਵਸਤ ਵਿਚਾਰ ਨਾਲ ਕਾਮ ਅਤੇ ਖਿਮਾ ਨਾਲ ਕ੍ਰੋਧ ਨੂੰ ਮੇਟਣਾ ਕਰੋ) ਇਉਂ ਬੁੱਧ ਰੂਪੀ ਧਰਤੀ ਵਿਚ ਸਰੂਪ ਦੀ ਵਿਚਾਰ ਕਰਨ ਰੂਪ ਗੋਡਹੁ = ਗੋਡਣਾ ਕਰੋ।

## ਜਿਉ ਗੋਡਹੁ, ਤਿਉ ਤੁਮ ਸੁਖ ਪਾਵਹੁ; ਕਿਰਤੁ ਨ ਮੇਟਿਆ ਜਾਈ ॥੩॥

ਜਿਉ = ਜਿਵੇਂ ਜਿਵੇਂ ਤੁਸੀਂ ਬੁੱਧ ਰੂਪੀ ਧਰਤੀ ਨੂੰ ਸਰੂਪ ਦੀ ਵਿਚਾਰ ਕਰਨ ਰੂਪ ਗੋਡਹੁ = ਗੋਡਣਾ ਕਰੋਗੇ, ਤਿਉ = ਤਿਵੇਂ ਤੁਮ = ਤੁਸੀਂ ਆਤਮਾਨੰਦ ਰੂਪੀ ਸੁੱਖ ਨੂੰ ਪਾਵਹੁ = ਪਾਉਣਾ ਕਰੋਗੇ। ਇਸ ਪ੍ਰਕਾਰ ਤੁਹਾਡਾ ਜੋ ਵੀ ਭਜਨ, ਬੰਦਗੀ, ਸਰੂਪ ਦੀ ਵਿਚਾਰ ਰੂਪੀ ਕਿਰਤੁ = ਕੀਤਾ ਹੋਇਆ ਕਰਮ ਹੋਏਗਾ, ਉਹ ਮੇਟਿਆ = ਮਿਟਾਇਆ ਨਹੀਂ ਜਾਈ = ਜਾਵੇਗਾ, ਭਾਵ ਉਸਦਾ ਫਲ ਜ਼ਰੂਰ ਮਿਲੇਗਾ ॥੩॥

## ਬਗੁਲੇ ਤੇ ਫੁਨਿ ਹੰਸੁਲਾ ਹੋਵੈ; ਜੇ ਤੂ ਕਰਹਿ ਦਇਆਲਾ ॥

ਹੇ ਦਇਆਲਾ = ਕ੍ਰਿਪਾਲੂ ਪ੍ਰਭੂ ! ਜੇ = ਜੇਕਰ ਤੂੰ ਆਪਣੀ ਮਿਹਰ ਕਰਹਿ = ਕਰ ਦੇਵੇਂ ਤਾਂ ਇਹ ਜੀਵ ਬਗੁਲੇ ਦੀ ਨਿਆਈਂ ਦੰਭੀ, ਪਖੰਡੀ ਤੇ = ਤੋਂ ਫੁਨਿ = ਪੁਨਾ ਮਹਾਤਮਾ ਰੂਪੀ ਹੰਸੁਲਾ = ਹੰਸ ਰੂਪ ਹੋਵੈ = ਹੋ ਜਾਵੇਗਾ।

## ਪ੍ਰਣਵਤਿ ਨਾਨਕੁ ਦਾਸਨਿ ਦਾਸਾ; ਦਇਆ ਕਰਹੁ ਦਇਆਲਾ ॥੪॥੧॥੯॥

ਸਤਿਗੁਰੂ ਸਾਹਿਬ ਜੀ ਪ੍ਰਣਵਤਿ = ਬੇਨਤੀ ਪੂਰਬਕ ਕਥਨ ਕਰਦੇ ਹਨ ਕਿ ਹੇ ਪ੍ਰਭੂ! ਮੈਂ ਤੇਰੇ ਦਾਸਨਿ = ਸੇਵਕਾਂ ਦਾ ਦਾਸਾ = ਸੇਵਕ ਹਾਂ, ਹੇ ਦਇਆਲਾ = ਮਿਹਰਵਾਨ ਪ੍ਰਭੂ ਮੇਰੇ ਉੱਪਰ ਆਪਣੀ ਦਇਆ = ਮਿਹਰ ਕਰਹੁ = ਕਰੋ ॥੪॥੧॥੯॥

## ਬਸੰਤੁ ਮਹਲਾ ੧ ਹਿੰਡੋਲ ॥

**ਉਥਾਨਕਾ :** ਇਕ ਦਿਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸੁਭਾਇਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇ ਕੇ ਨਿਹਾਲ ਕਰ ਰਹੇ ਸਨ, ਉਸ ਸਮੇਂ ਇਕ ਬ੍ਰਾਹਮਣ ਆਇਆ। ਉਸਨੇ ਸਤਿਗੁਰਾਂ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ! ਚਾਰੇ ਜੁਗਾਂ ਤੋਂ ਬ੍ਰਾਹਮਣ ਹੀ ਉਪਦੇਸ਼ ਦੇਂਦੇ ਆ ਰਹੇ ਹਨ, ਤੁਸੀਂ ਛੱਤਰੀਆਂ ਦੀ ਕੁਲ ਵਿੱਚੋਂ ਪੈਦਾ ਹੋ ਕੇ ਇਸ ਕਲਿਜੁਗ ਅੰਦਰ ਉਪਦੇਸ਼ ਦੇ ਰਹੇ ਹੋ, ਪਰ ਪਿੱਛੇ ਕਿਸੇ ਜੁਗ ਵਿਚ ਛੱਤਰੀਆਂ ਨੇ ਉਪਦੇਸ਼ ਨਹੀਂ ਦਿੱਤਾ, ਅਸੀਂ ਬ੍ਰਾਹਮਣ ਹੀ ਗੁਰੂ ਕਹਾਉਂਦੇ ਆਏ ਹਾਂ, ਪਰ ਹੁਣ ਕਲਿਜੁਗ ਵਿਚ ਸਾਡਾ ਸਤਿਕਾਰ ਘੱਟ ਗਿਆ ਹੈ, ਕੋਈ ਸਾਡੀ ਕਦਰ ਵੀ ਨਹੀਂ ਕਰਦਾ, ਤਦ ਸੁਣ ਕੇ ਸਤਿਗੁਰੂ ਜੀ ਇਹ ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ।

## ਸਾਹੁਰੜੀ ਵਥੁ ਸਭੁ ਕਿਛੁ ਸਾਝੀ; ਪੇਵਕੜੈ ਧਨ ਵਖੇ ॥

ਹੇ ਭਾਈ ! ਜਿਵੇਂ ਸਾਹੁਰੜੀ = ਸਹੁਰੇ ਘਰ ਦੀ ਵਥੁ = ਵਸਤੂ ਦਰਾਣੀਆਂ ਜਠਾਣੀਆਂ ਦੀ ਸਭੁ ਕਿਛੁ = ਕੁਝ ਸਾਂਝੀ ਹੁੰਦੀ ਹੈ ਅਤੇ ਪੇਕਵੜੈ = ਪੇਕੇ ਘਰ ਤੋਂ ਲਿਆਂਦੀ ਹੋਈ ਵਸਤੂ ਧਨੁ = ਇਸਤ੍ਰੀਆਂ ਦੀ ਵਖੇ = ਵੱਖ ਵੱਖ ਹੁੰਦੀ ਹੈ।

**ਅਥਵਾ** ਪ੍ਰਲੋਕ ਰੂਪ ਸਾਹੁਰੜੀ = ਸਹੁਰੇ ਘਰ ਦੀ ਭਾਵ ਪਰਮਾਤਮਾ ਦੀ ਬਖ਼ਸ਼ਿਸ਼ ਕੀਤੀ ਹੋਈ ਬ੍ਰਹਮ ਵਿੱਦਿਆ, ਬ੍ਰਹਮ ਗਿਆਨ ਰੂਪੀ ਵਸਤੂ ਸਭ ਕੋਈ ਲਈ ਸਾਂਝੀ ਹੈ, ਭਾਵ ਕਿਸੇ ਵੀ ਵਰਨ ਵਾਲਾ ਇਹ ਵਿੱਦਿਆ ਪੜ੍ਹ ਸਕਦਾ ਹੈ ਪਰ ਇਸ ਸੰਸਾਰ ਰੂਪੀ ਪੇਵਕੜੈ = ਪੇਕੇ ਘਰ ਵਿਚ ਤੁਸੀਂ ਬ੍ਰਾਹਮਣ ਲੋਕਾਂ ਨੇ ਇਹ

ਵਿੱਦਿਆ ਦਾ ਧਨ ਵੱਖਰਾ ਕਰਕੇ ਰੱਖ ਦਿੱਤਾ, ਭਾਵ ਤੁਸੀਂ ਕਹਿੰਦੇ ਹੋ ਕਿ ਇਸ ਵਿੱਦਿਆ 'ਤੇ ਕੇਵਲ ਬ੍ਰਾਹਮਣ ਦਾ ਹੀ ਅਧਿਕਾਰ ਹੈ।

**ਅਥਵਾ** ਪ੍ਰਲੋਕ ਰੂਪੀ ਪੇਕੇ ਘਰ ਵਿੱਚੋਂ ਪ੍ਰਾਪਤ ਹੋਈ ਚੇਤਨ ਸੱਤਾ ਰੂਪੀ ਵਸਤੂ ਸਭ ਕਿਸੇ ਦੀ ਸਾਂਝੀ ਹੈ, ਭਾਵ ਸਾਰਿਆਂ ਵਿਚ ਇਕ ਪਰਮਾਤਮਾ ਦੀ ਹੀ ਸੱਤਾ ਵਿਆਪ ਰਹੀ ਹੈ ਪਰ ਸੰਸਾਰ ਰੂਪੀ ਪੇਕੇ ਘਰ ਵਿਚ ਜਿੰਦ ਰੂਪੀ ਧਨ = ਇਸਤ੍ਰੀ ਦੀ ਪਰਾਲਬਧ ਵਖੇ = ਵੱਖਰੀ ਵੱਖਰੀ ਹੈ।

## ਆਪਿ ਕੁਚਜੀ ਦੋਸੁ ਨ ਦੇਊ; ਜਾਣਾ ਨਾਹੀ ਰਖੇ ॥੧॥

ਜੇਕਰ ਕੋਈ ਆਪ ਹੀ ਕੁਚਜੀ = ਖੋਟੇ ਚੱਜ ਵਾਲੀ ਹੋਵੇ ਤਾਂ ਉਸਦਾ ਹੋਰ ਕਿਸੇ ਨੂੰ ਦੋਸ਼ ਦੇਊ = ਦੇਣਾ ਨਹੀਂ ਬਣਦਾ **ਅਥਵਾ** ਇਸੇ ਪ੍ਰਕਾਰ ਹੇ ਬ੍ਰਾਹਮਣ! ਤੁਹਾਡੀ ਆਪਣੀ ਬੁੱਧੀ ਕੁਚੱਜੀ ਹੈ, ਕਿਸੇ ਹੋਰ ਨੂੰ ਦੋਸ਼ ਨਾ ਦੇਣਾ ਕਰੋ, ਤੁਸੀਂ ਇਸ ਬ੍ਰਹਮ ਵਿੱਦਿਆ ਨੂੰ ਰੱਖਣਾ ਜਾਨਿਆ ਹੀ ਨਹੀਂ ਹੈ ਭਾਵ ਇਹ ਸਾਂਝਾ ਉਪਦੇਸ਼ ਸੀ ਪਰ ਤੁਸੀਂ ਆਪਣੀ ਮੇਰ ਕਰੀ ਬੈਠੇ ਹੋ **ਅਥਵਾ** ਜੀਵ ਕਾਮ ਕ੍ਰੋਧ ਰੂਪੀ ਕੁਚੱਜ ਪੁਣਾ ਆਪ ਕਰਦਾ ਹੈ, ਇਸ ਲਈ ਕਿਸੇ ਨੂੰ ਦੋਸ਼ ਦੇਣਾ ਨਹੀਂ ਬਣਦਾ, ਉਹ ਆਪਣੇ ਸੁਆਸਾਂ ਨੂੰ ਪਰਮਾਤਮਾ ਦੇ ਸਿਮਰਨ ਵਿਚ ਰੱਖਣਾ ਨਹੀਂ ਜਾਣਦਾ **ਵਾ:** ਆਪਣੀ ਪਰਾਲਬਧ ਅਨੁਸਾਰ ਰਜ਼ਾ ਵਿਚ ਰਹਿਣਾ ਨਹੀਂ ਜਾਣਦਾ॥੧॥

## ਮੇਰੇ ਸਾਹਿਬਾ; ਹਉ ਆਪੇ ਭਰਮਿ ਭੁਲਾਣੀ ॥

ਹੇ ਮੇਰੇ ਸਾਹਿਬਾ = ਮਾਲਕਾ! ਹਉ = ਮੈਂ ਆਪੇ = ਆਪ ਹੀ ਭਰਮ ਕਰਕੇ ਸਰੂਪ ਵੱਲੋਂ ਭੁਲਾਣੀ = ਭੁੱਲਣ ਵਿਚ ਆ ਰਹੀ ਹਾਂ, ਭਾਵ ਹੇ ਬ੍ਰਾਹਮਣ! ਅਭਿਮਾਨ ਕਰਕੇ ਬਿਰਤੀ ਭੁੱਲ ਰਹੀ ਹੈ, ਇਸ ਵਿਚ ਪ੍ਰਭੂ ਦਾ ਕੋਈ ਦੋਸ਼ ਨਹੀਂ ਹੈ।

## ਅਖਰ ਲਿਖੇ ਸੇਈ ਗਾਵਾ; ਅਵਰ ਨ ਜਾਣਾ ਬਾਣੀ ॥੧॥ਰਹਾਉ॥

ਹੇ ਪ੍ਰਭੂ! ਜਿਨ੍ਹਾਂ ਦੇ ਮੱਥੇ ਉੱਪਰ ਆਪਣੀ ਪ੍ਰਾਪਤੀ ਦੇ ਅੱਖਰ ਭਾਵ ਕਰਮ ਲਿਖੇ = ਲਿਖ ਦਿੱਤੇ ਹਨ, ਸੇਈ = ਉਹੀ ਤੇਰੇ ਗੁਣਾਂ ਨੂੰ ਗਾਵਾ = ਗਾਉਣਾ ਕਰਦੇ ਹਨ, ਅਵਰ = ਹੋਰ ਕੋਈ ਤੇਰੀ ਪ੍ਰਾਪਤੀ ਵਾਲੀ ਬਾਣੀ ਨੂੰ ਨਹੀਂ ਜਾਣਾ = ਜਾਣਦੇ।

**ਅਥਵਾ** ਜੋ ਵੇਦਾਂ ਸ਼ਾਸਤ੍ਰਾਂ ਦੇ ਅੱਖਰ ਲਿਖੇ ਹੋਏ ਹਨ, ਸਾਰੇ ਰਿਸ਼ੀ ਮੁਨੀ ਉਨ੍ਹਾਂ ਨੂੰ ਹੀ ਗਾਉਣਾ ਕਰਦੇ ਹਨ, ਹੋਰ ਸਰੂਪ ਦੀ ਸਿਖਿਆਤਤਾ, ਅਨੁਭਵ ਦੀ ਬਾਣੀ ਨਹੀਂ ਜਾਨਣਾ ਕਰਦੇ **ਅਥਵਾ** ਜਿਨ੍ਹਾਂ ਨੇ ਆਪਣੇ ਅੰਤਹਕਰਨ ਰੂਪੀ ਕਾਗ਼ਜ਼ ਉੱਪਰ ਗੁਰਾਂ ਦੇ ਉਪਦੇਸ਼ ਰੂਪੀ ਅੱਖਰ ਲਿਖ ਲਏ ਹਨ, ਉਹੀ ਤੇਰਾ ਜਸ ਗਾਉਣਾ ਕਰਦੇ ਹਨ, ਅਵਰ = ਹੋਰ ਕੋਈ ਅਨੁਭਵ ਦੀ ਬਾਣੀ ਨੂੰ ਨਹੀਂ ਜਾਣਦੇ॥੧॥ਰਹਾਉ॥

## ਕਢਿ ਕਸੀਦਾ ਪਹਿਰਹਿ ਚੋਲੀ; ਤਾਂ ਤੁਮ੍ ਜਾਣਹੁ ਨਾਰੀ ॥

ਹੇ ਭਾਈ! ਜੋ ਇਸਤ੍ਰੀ ਬਸਤ੍ਰਾਂ ਉੱਪਰ ਕਸੀਦਾ = ਵੇਲ ਬੂਟੀਆਂ ਆਦਿ ਕੱਢ ਕੇ ਚੋਲੀ ਪਹਿਰਹਿ = ਪਹਿਨਣਾ ਕਰਦੀ ਹੈ, ਤਾਂ = ਉਸਨੂੰ ਤੁਮ੍ = ਤੁਸੀਂ ਸ੍ਰੇਸ਼ਟ ਨਾਰੀ = ਇਸਤ੍ਰੀ ਜਾਣਹੁ = ਜਾਨਣਾ ਕਰੋ।

## ਜੇ ਘਰੁ ਰਾਖਹਿ, ਬੁਰਾ ਨ ਚਾਖਹਿ; ਹੋਵਹਿ ਕੰਤ ਪਿਆਰੀ ॥੨॥

ਜੇ = ਜੇਕਰ ਉਹ ਆਪਣੇ ਘਰ-ਬਾਰ ਨੂੰ ਸਾਂਭ ਕੇ ਰਾਖਹਿ = ਰੱਖਣਾ ਕਰਦੀ ਹੈ ਅਤੇ ਬੁਰਾ = ਭੈੜਾ ਪਦਾਰਥ ਨਹੀਂ ਚਾਖਹਿ = ਚੱਖਦੀ, ਉਹ ਆਪਣੇ ਕੰਤ = ਪਤੀ ਦੀ ਪਿਆਰੀ ਹੋਵਹਿ = ਹੁੰਦੀ ਹੈ॥੨॥

## ਦੂਸਰਾ ਅਰਥ

**ਕਢਿ ਕਸੀਦਾ ਪਹਿਰਹਿ ਚੋਲੀ; ਤਾਂ ਤੁਮ੍ ਜਾਣਹੁ ਨਾਰੀ ॥**

ਏਸੇ ਪ੍ਰਕਾਰ ਅੰਤਹਕਰਨ ਰੂਪੀ ਬਸਤ੍ਰ ਤੇ ਵਿਚਾਰ ਰੂਪੀ ਸੂਈ, ਮਹਾਂਵਾਕ ਰੂਪ ਧਾਗਾ ਲੈ ਕੇ, ਸ੍ਰਵਣ, ਮੰਨਣ, ਨਿਧਿਆਸਣ ਅਤੇ ਤਤ ਤ੍ਵੰ ਦਾ ਸੰਸ਼ੋਧਨ ਕਰਨ ਰੂਪ ਕਸੀਦਾ ਕੱਢਣਾ ਕਰੇ ਅਤੇ ਬ੍ਰਹਮ ਵਿਦਿਆ ਰੂਪੀ ਚੋਲੀ ਦੇ ਤਾਈਂ ਪਹਿਰਣਾ ਕਰੇ। ਤਾ = ਉਸਨੂੰ ਤੁਸੀਂ ਬ੍ਰਹਮ ਗਿਆਨੀ ਰੂਪ ਸੁਹਾਗਣ ਇਸਤ੍ਰੀ ਜਾਨਣਾ ਕਰੋ।

**ਜੇ ਘਰੁ ਰਾਖਹਿ, ਬੁਰਾ ਨ ਚਾਖਹਿ; ਹੋਵਹਿ ਕੰਤ ਪਿਆਰੀ ॥੨॥**

ਜੇਕਰ ਆਪਣੇ ਹਿਰਦੇ ਰੂਪੀ ਘਰ ਨੂੰ ਵਿਕਾਰਾਂ ਵੱਲੋਂ ਰੋਕ ਕੇ ਰੱਖਦੀ ਹੈ ਅਤੇ ਦੇਵੀ ਦੇਵਤਿਆਂ ਦੀ ਉਪਾਸ਼ਨਾ, ਵਿਸ਼ਿਆਂ ਰੂਪੀ ਬੁਰਾ ਰਸ ਨਹੀਂ ਚੱਖਦੀ, ਉਹ ਪਤੀ ਅਕਾਲ ਪੁਰਖ ਨੂੰ ਪਿਆਰੀ ਹੁੰਦੀ ਹੈ॥੨॥

## ਜੇ ਤੂੰ ਪੜਿਆ ਪੰਡਿਤੁ ਬੀਨਾ; ਦੁਇ ਅਖਰ ਦੁਇ ਨਾਵਾ ॥

ਹੇ ਭਾਈ! ਜੇ = ਜੇਕਰ ਤੂੰ ਬੇਦਾਂ ਸ਼ਾਸਤ੍ਰਾਂ ਆਦਿ ਗ੍ਰੰਥਾਂ ਨੂੰ ਪੜ੍ਹਿਆ ਹੋਇਆ ਬੀਨਾ = ਚਤੁਰ ਪੰਡਿਤੁ = ਵਿਦਵਾਨ ਕਹਾਉਂਦਾ ਹੈ ਤਾਂ ਜੋ ਦੁਇ = ਦੋ ਅੱਖਰ ਭਾਵ 'ਰ' + 'ਮ' **ਵਾ:** 'ਹ' + 'ਰ' (ਰਾਮ, ਹਰਿ) ਹਨ, ਇਨ੍ਹਾਂ ਦੁਇ = ਦੋਵਾਂ ਅੱਖਰਾਂ ਨੂੰ ਸੰਸਾਰ-ਸਮੁੰਦ੍ਰ ਤੋਂ ਤਰਨ ਲਈ ਨਾਵਾ = ਬੇੜੀ ਰੂਪ ਸਮਝਣਾ ਕਰ।

## ਪ੍ਰਣਵਤਿ ਨਾਨਕੁ ਏਕੁ ਲੰਘਾਏ; ਜੇ ਕਰਿ ਸਚਿ ਸਮਾਵਾਂ ॥੩॥੨॥੧੦॥

ਸਤਿਗੁਰੂ ਸਾਹਿਬ ਜੀ ਪ੍ਰਣਵਤਿ = ਬੇਨਤੀ ਪੂਰਵਕ ਕਥਨ ਕਰਦੇ ਹਨ ਕਿ ਇਕ ਪਰਮਾਤਮਾ ਦਾ ਨਾਮ ਹੀ ਸੰਸਾਰ-ਸਮੁੰਦ੍ਰ ਤੋਂ ਪਾਰ ਲੰਘਾਏ = ਲੰਘਾਉਂਦਾ ਹੈ, ਜੇਕਰ ਮੈਂ ਉਸ ਸੱਚੇ ਨਾਮ ਵਿਚ ਸਮਾਵਾਂ = ਮਿਲਿਆ ਰਹਾਂ ਤਾਂ ਹੀ ਮੁਕਤੀ ਮਿਲੇਗੀ॥੩॥੨॥੧੦॥

## ਬਸੰਤੁ ਹਿੰਡੋਲ ਮਹਲਾ ੧ ॥

**ਉਥਾਨਕਾ :** ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮੋਦੀਖਾਨਾ ਲੁਟਾ ਕੇ ਦੁਨੀਆਂ ਦੇ ਤਾਰਨ ਵਾਸਤੇ ਗੁ: ਸੰਤ ਘਾਟ ਵਾਲੇ ਅਸਥਾਨ 'ਤੇ ਬੈਠ ਗਏ ਸਨ। ਤਕਰੀਬਨ ਛੇ ਮਹੀਨੇ ਉਥੇ ਰਹੇ ਸਨ ਅਤੇ ਉਨ੍ਹਾਂ ਦਿਨਾਂ ਵਿਚ ਹੀ ਬਾਬੇ ਲਖਮੀਦਾਸ ਜੀ ਦਾ ਜਨਮ ਹੋਇਆ ਸੀ, ਗੁਰੂ ਜੀ ਉਥੇ ਹੀ ਬੈਠੇ ਰਹੇ ਸਨ। ਉਸ ਸਮੇਂ ਗੁਰੂ ਜੀ ਦੇ ਸਹੁਰੇ ਮੂਲਚੰਦ ਅਤੇ ਸੱਸ ਚੰਦੋ ਰਾਣੀ ਨੇ ਆ ਕੇ ਬਹੁਤ ਝਗੜਾ ਕੀਤਾ ਪਰ ਗੁਰੂ ਜੀ ਵੱਡੇ ਜਾਣ ਕੇ ਚੁੱਪ ਹੀ ਕੀਤੇ ਰਹੇ। ਫੇਰ ਮੂਲ ਚੰਦ ਨੇ ਆਪਣੇ ਮਿਲਾਪੀ ਇਕ ਬ੍ਰਾਹਮਣ ਕੋਲ ਆਪਣੇ ਦੁਖ ਰੋਏ, ਤਦੋਂ ਉਹ ਬ੍ਰਾਹਮਣ ਨੇ ਕਿਹਾ ਕਿ ਮੈਂ ਜਾ ਕੇ ਸਮਝਾਵਾਂਗਾ। ਇਉਂ ਉਹ ਪੰਡਿਤ ਮੂਲਚੰਦ ਜੀ ਦੇ ਨਾਲ ਸੰਤਘਾਟ ਵਾਲੇ ਅਸਥਾਨ 'ਤੇ ਆਇਆ ਤੇ ਆ ਕੇ ਉਸਨੇ ਗੁਰੂ ਜੀ ਨਾਲ ਚਰਚਾ ਕੀਤੀ, ਜਿਸਦੇ ਪ੍ਰਥਾਏ ਸਤਿਗੁਰਾਂ ਨੇ ਇਹ ਸ਼ਬਦ ਉਚਾਰਨ ਕੀਤਾ :

## ਰਾਜਾ ਬਾਲਕੁ ਨਗਰੀ ਕਾਚੀ; ਦੁਸਟਾ ਨਾਲਿ ਪਿਆਰੋ ॥

ਹੇ ਪੰਡਿਤ ਜੀ! ਇਹ ਦੇਹ ਰੂਪੀ ਨਗਰੀ ਕਾਚੀ = ਕੱਚੀ, ਨਾਸ਼ਵੰਤ ਹੈ, ਇਸ ਨਗਰੀ ਦਾ ਮਨ ਰੂਪੀ ਰਾਜਾ ਬਾਲਕੁ = ਬੱਚੇ ਦੀ ਨਿਆਈਂ ਅੰਞਾਣ ਹੈ ਜਿਸ ਦਾ ਕਾਮ ਕ੍ਰੋਧ ਆਦਿ ਦੁਸ਼ਟਾਂ ਦੇ ਨਾਲ ਪਿਆਰੋ = ਪ੍ਰੇਮ ਲੱਗਾ ਹੋਇਆ ਹੈ।

## ਦੁਇ ਮਾਈ, ਦੁਇ ਬਾਪਾ ਪੜੀਅਹਿ; ਪੰਡਿਤ ਕਰਹੁ ਬੀਚਾਰੋ ॥੧॥

ਇਸ ਮਨ ਦੀਆਂ ਦੁਇ = ਦੋ ਮਾਈ = ਮਾਵਾਂ ਅਤੇ ਦੁਇ = ਦੋ ਬਾਪਾ = ਪਿਤਾ ਪੜੀਅਹਿ = ਪੜ੍ਹੇ, ਦੱਸੇ ਜਾਂਦੇ ਹਨ ਭਾਵ ਸ਼ੁਧ ਮਨ ਦੀ ਮਾਂ ਮਾਇਆ ਅਤੇ ਅਸ਼ੁੱਧ ਮਨ ਦੀ ਮਾਂ ਅਵਿੱਦਿਆ ਹੈ। ਇਉਂ ਈਸ਼ਰ ਸ਼ੁੱਧ ਮਨ ਦਾ ਪਿਤਾ ਹੈ ਅਤੇ ਜੀਵਾਤਮਾ ਅਸ਼ੁੱਧ ਮਨ ਦਾ ਪਿਤਾ ਹੈ, ਇਸ ਲਈ ਹੇ ਪੰਡਿਤ! ਐਸੇ ਦੋਗਲ ਮਨ ਦੇ ਸਿਧਾਰਣ ਦਾ ਬੀਚਾਰ ਕਰਹੁ = ਕਰ।

**ਅਥਵਾ** ਦੁਇ = ਦ੍ਵੈਤ ਹੀ ਇਸਦੀ ਮਾਂ ਹੈ ਅਤੇ ਦੁਇ = ਦ੍ਵੈਤ ਹੀ ਇਸਦਾ ਪਿਤਾ ਪੜ੍ਹੀਦਾ, ਦੱਸੀਦਾ ਹੈ, ਇਸ ਲਈ ਇਸਦੇ ਰੋਕਣ ਦੀ ਵਿਚਾਰ ਕਰ।

**ਅਥਵਾ** ਆਸਾ ਅਤੇ ਤ੍ਰਿਸ਼ਨਾ ਰੂਪ ਇਸ ਮਨ ਦੀਆਂ ਦੋ ਮਾਵਾਂ ਹਨ ਅਤੇ ਰਾਗ ਤੇ ਦ੍ਵੈਸ਼ ਰੂਪ ਇਸ ਮਨ ਦੇ ਦੋ ਬਾਪ ਹਨ **ਵਾ**: ਪ੍ਰਵਿਰਤੀ ਅਤੇ ਨਵਿਰਤੀ ਰੂਪ ਦੋ ਮਾਵਾਂ ਹਨ ਅਤੇ ਦੇਹ ਅਧਿਆਸ ਤੇ ਸ਼ੁੱਧ ਹੰਕਾਰ ਰੂਪ ਇਸਦੇ ਦੋ ਬਾਪ ਦੱਸੀਦੇ ਹਨ ਇਸ ਮਨ ਦੇ ਰੋਕਣ ਦਾ ਵਿਚਾਰ ਕਰ **ਅਥਵਾ** ਜਿਸ ਕ੍ਰਿਸ਼ਨ ਦੀ ਦੇਵਕੀ ਅਤੇ ਯਸ਼ੋਧਾਂ ਦੋ ਮਾਵਾਂ ਕਹੀਦੀਆਂ ਹਨ ਅਤੇ ਵਾਸੁਦੇਵ ਤੇ ਨੰਦ ਦੋ ਪਿਤਾ ਕਹੀਦੇ ਹਨ, ਉਸ ਕ੍ਰਿਸ਼ਨ ਦੇ ਸਰੂਪ ਦਾ ਵਿਚਾਰ ਕਰ ॥੧॥

## ਸੁਆਮੀ ਪੰਡਿਤਾ; ਤੁਮ੍ ਦੇਹੁ ਮਤੀ ॥
## ਕਿਨ ਬਿਧਿ ਪਾਵਉ; ਪ੍ਰਾਨਪਤੀ ॥੧॥ਰਹਾਉ॥

ਹੇ ਸੁਆਮੀ ਪੰਡਿਤ ਜੀ! ਜੇ ਤੁਮ੍ = ਤੁਸੀਂ ਮੈਨੂੰ ਮਤੀ = ਸਿੱਖਿਆ ਦੇਹੁ = ਦੇਣੀ ਹੈ, ਤਾਂ ਮੈਨੂੰ ਇਹ ਸਿੱਖਿਆ ਦੱਸੋ ਕਿ ਮੈਂ ਕਿਨਿ = ਕਿਸ ਬਿਧਿ = ਤਰੀਕੇ ਨਾਲ ਆਪਣੇ ਪ੍ਰਾਨਪਤੀ = ਪ੍ਰਾਣਾਂ ਦੇ ਮਾਲਕ ਪਰਮਾਤਮਾ ਨੂੰ ਪਾਵਉ = ਪਾਉਣਾ ਕਰਾਂ ॥੧॥ਰਹਾਉ॥

ਇਹ ਸੁਣ ਕੇ ਪੰਡਿਤ ਬਹੁਤ ਹੈਰਾਨ ਹੋਇਆ, ਉਸਨੇ ਕਿਹਾ ਕਿ ਮਹਾਰਾਜ ਜੀ! ਤੁਸੀਂ ਹੀ ਦੱਸਣਾ ਕਰੋ, ਤਾਂ ਅੱਗੋਂ ਸਤਿਗੁਰੂ ਜੀ ਪਰਮਾਤਮਾ ਦੀ ਸਮਰੱਥਾ ਦੱਸਦੇ ਹਨ।

## ਭੀਤਰਿ ਅਗਨਿ ਬਨਾਸਪਤਿ ਮਉਲੀ; ਸਾਗਰੁ ਪੰਡੈ ਪਾਇਆ ॥

ਜਿਸ ਪਰਮਾਤਮਾ ਦੀ ਸੱਤਾ ਪਾ ਕੇ ਸਾਰੀ ਬਨਸਪਤੀ ਦੇ ਭੀਤਰਿ = ਅੰਦਰ ਸਮਾਨ ਅਗਨੀ ਹੁੰਦੇ ਹੋਇਆਂ ਵੀ ਬਨਸਪਤੀ ਮਉਲੀ = ਪ੍ਰਫੁੱਲਤ ਹੋ ਰਹੀ ਹੈ ਅਤੇ ਸਾਰੇ ਸਾਗਰੁ = ਸਮੁੰਦਰਾਂ ਨੂੰ ਆਪਣੇ ਹੁਕਮ ਰੂਪੀ ਪੰਡੈ = ਪੰਡ ਵਿਚ ਪਾਇਆ = ਪਾਉਣਾ ਕੀਤਾ ਹੈ।

## ਚੰਦੁ ਸੂਰਜੁ ਦੁਇ ਘਰ ਹੀ ਭੀਤਰਿ; ਐਸਾ ਗਿਆਨੁ ਨ ਪਾਇਆ ॥੨॥

ਚੰਦੁ = ਚੰਦ੍ਰਮਾ ਅਤੇ ਸੂਰਜ ਦੁਇ = ਦੋਵੇਂ ਹੀ ਜਿਸ ਪਰਮਾਤਮਾ ਦੇ ਸੰਸਾਰ ਰੂਪੀ ਘਰ ਭੀਤਰਿ = ਵਿਚ ਰੌਸ਼ਨੀ ਕਰ ਰਹੇ ਹਨ, ਐਸਾ = ਅਜਿਹਾ ਜੋ ਸਮਰੱਥ ਪਰਮਾਤਮਾ ਹੈ, ਉਸਦੇ ਗਿਆਨ ਨੂੰ ਪਾਉਣਾ ਹੀ ਨਹੀਂ ਕੀਤਾ ॥੨॥

### ਦੂਸਰਾ ਅਰਥ

**ਭੀਤਰਿ ਅਗਨਿ ਬਨਾਸਪਤਿ ਮਉਲੀ; ਸਾਗਰੁ ਪੰਡੈ ਪਾਇਆ ॥**

ਇਸ ਹਿਰਦੇ ਦੇ ਭੀਤਰਿ = ਵਿਚ ਤ੍ਰਿਸ਼ਨਾ ਦੀ ਅੱਗ ਬਲ ਰਹੀ ਹੈ, ਅਨੇਕਾਂ ਧੀਆਂ ਪੁੱਤਰ ਰੂਪੀ ਬਨਸਪਤੀ

ਖਿੜ ਰਹੀ ਹੈ, ਸਮੁੰਦਰ ਦੀ ਨਿਆਈਂ ਬ੍ਰਹਮ ਨੇ ਇਸ ਪੰਡੈ = ਪਿੰਡ, ਸਰੀਰ ਅੰਦਰ ਜੀਵਾਤਮਾ ਨੂੰ ਪਾਇਆ ਹੋਇਆ ਹੈ **ਵਾ:** ਇਸ ਤ੍ਰਿਸ਼ਨਾ ਨਾਲ ਭਰੇ ਸਰੀਰ ਅੰਦਰ ਸਮੁੰਦਰ ਦੀ ਨਿਆਈਂ ਵੱਡੇ ਬ੍ਰਹਮ ਦੇ ਗਿਆਨ ਨੂੰ ਪਾਉਣਾ ਕਰ।

**ਚੰਦੁ ਸੂਰਜੁ ਦੁਇ ਘਰ ਹੀ ਭੀਤਰਿ; ਐਸਾ ਗਿਆਨੁ ਨ ਪਾਇਆ ॥੨॥**

ਇਸ ਹਿਰਦੇ ਦੇ ਵਿਚ ਹੀ ਵੈਰਾਗ ਰੂਪੀ ਚੰਦ੍ਰਮਾ ਅਤੇ ਬਿਬੇਕ ਰੂਪੀ ਸੂਰਜ ਹੈ ਪਰ ਤੂੰ ਅਜਿਹਾ ਗਿਆਨ ਨਹੀਂ ਪਾਉਣਾ ਕੀਤਾ ॥੨॥

ਹੇ ਮਹਾਰਾਜਾ! ਅਸੀਂ ਰਾਮ ਰਾਮ ਤਾਂ ਉਚਾਰਨ ਕਰਦੇ ਹੀ ਰਹਿੰਦੇ ਹਾਂ, ਤਦੋਂ ਸਤਿਗੁਰੂ ਕਹਿੰਦੇ ਕਿ:

## ਰਾਮ ਰਵੰਤਾ ਜਾਣੀਐ; ਇਕ ਮਾਈ ਭੋਗੁ ਕਰੇਇ ॥

ਹੇ ਪੰਡਿਤ ਜੀ! ਰਾਮ = ਪਰਮਾਤਮਾ ਦੇ ਨਾਮ ਰਵੰਤਾ = ਉਚਾਰਣ ਕਰਦਾ ਭਾਵ ਸਿਮਰਦਾ ਹੋਇਆ ਉਹ ਮਨੁੱਖ ਹੀ ਜਾਣੀਐ = ਜਾਣੀਦਾ ਹੈ, ਜੋ ਇਕ ਮਾਈ = ਮਾਇਆ ਦੇ ਪਤੀ-ਪ੍ਰਭੂ ਦੇ ਬ੍ਰਹਮਾਨੰਦ ਨੂੰ ਭੋਗ = ਭੋਗਣਾ, ਮਾਨਣਾ ਕਰੇਇ = ਕਰਦਾ ਹੈ **ਵਾ:** ਜੋ ਇਕ ਮਾਈ = ਮਾਇਆ ਦਾ ਭੋਗ ਪਾਉਣਾ ਕਰਦਾ ਹੈ, ਭਾਵ ਮਾਇਆ ਵਾਲੀ ਬਿਰਤੀ ਦੀ ਨਵਿਰਤੀ ਕਰ ਦੇਂਦਾ ਹੈ।

## ਤਾ ਕੇ ਲਖਣ ਜਾਣੀਅਹਿ; ਖਿਮਾ ਧਨੁ ਸੰਗ੍ਰਹੇਇ ॥੩॥

ਤਾ = ਤਿਸ ਮਨੁੱਖ ਕੇ = ਦੇ ਲਖਣ = ਚਿਨ੍ਹ ਐਸੇ ਜਾਣੀਅਹਿ = ਜਾਣੀਦੇ ਹਨ ਕਿ ਉਹ ਮਨੁੱਖ ਖਿਮਾ ਰੂਪੀ ਧਨ ਨੂੰ ਸੰਗ੍ਰਹੇਇ = ਇਕੱਤ੍ਰ ਕਰਦਾ ਹੈ ॥੩॥

## ਕਹਿਆ ਸੁਣਹਿ ਨ ਖਾਇਆ ਮਾਨਹਿ; ਤਿਨ੍ਾ ਹੀ ਸੇਤੀ ਵਾਸਾ ॥

ਹੇ ਭਾਈ! ਜਿਨ੍ਹਾਂ ਸੰਬੰਧੀਆਂ ਦਾ ਤੂੰ ਮੋਹ ਕਰਦਾ ਹੈਂ, ਉਹ ਬਿਰਧ ਅਵਸਥਾ ਵਿਚ ਤੇਰਾ ਕਹਿਆ = ਆਖਿਆ ਹੋਇਆ ਬਚਨ ਨਹੀਂ ਸੁਣਹਿ = ਸੁਣਦੇ ਅਤੇ ਨਾ ਹੀ ਖਾਇਆ = ਖਾਧਾ ਪਦਾਰਥ ਮਾਨਹਿ = ਮੰਨਦੇ ਹਨ, ਪਰ ਤਿਨ੍ਾ = ਉਨ੍ਹਾਂ ਦੇ ਮੋਹ ਸੇਤੀ = ਨਾਲ ਹੀ ਤੂੰ ਵਾਸਾ = ਨਿਵਾਸ ਰੱਖਦਾ ਹੈਂ।

## ਪ੍ਰਣਵਤਿ ਨਾਨਕੁ ਦਾਸਨਿ ਦਾਸਾ; ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥

ਸਤਿਗੁਰੂ ਸਾਹਿਬ ਜੀ ਬੇਨਤੀ ਪੂਰਬਕ ਕਥਨ ਕਰਦੇ ਹਨ ਕਿ ਹੇ ਭਾਈ! ਤੂੰ ਆਪਣੇ ਇਸਤ੍ਰੀ, ਧੀਆਂ, ਪੁੱਤਰਾਂ ਆਦਿ ਸੰਬੰਧੀਆਂ ਦਾ ਦਾਸਨਿ = ਸੇਵਕਾਂ ਦਾ ਦਾਸਾ = ਸੇਵਕ ਬਣਿਆ ਹੋਇਆ ਹੈਂ, ਜੋ ਇਕ ਖਿਨ ਕਾਲ ਵਿਚ ਪਦਾਰਥ ਮਿਲਣ ਤੋਂ ਤੋਲਾ ਮਾਤ੍ਰ ਵੱਧ ਪ੍ਰਸੰਨ ਹੋ ਜਾਂਦੇ ਹਨ ਅਤੇ ਖਿਨ ਕਾਲ ਵਿਚ ਪਦਾਰਥ ਨਾ ਮਿਲਣ ਕਰਕੇ ਮਾਸਾ ਮਾਤ੍ਰ ਘੱਟ ਕੇ ਤੇਰਾ ਮੋਹ ਛੱਡ ਜਾਂਦੇ ਹਨ ॥੪॥੩॥੧੧॥

### ਦੂਸਰਾ ਅਰਥ

**ਕਹਿਆ ਸੁਣਹਿ ਨ ਖਾਇਆ ਮਾਨਹਿ; ਤਿਨ੍ਾ ਹੀ ਸੇਤੀ ਵਾਸਾ ॥**

ਏਸੇ ਪ੍ਰਕਾਰ ਇਹ ਇੰਦ੍ਰੇ ਗੁਰਾਂ ਦਾ ਕਹਿਆ ਹੋਇਆ ਉਪਦੇਸ਼ ਸੁਣਦੇ ਨਹੀਂ ਹਨ ਅਤੇ ਪ੍ਰਾਣ ਖਾਧਾ ਹੋਇਆ ਨਹੀਂ ਮੰਨਦੇ, ਪਰ ਫੇਰ ਵੀ ਤਿਨ੍ਹਾਂ ਦੇ ਨਾਲ ਵੀ ਜੀਵ ਦਾ ਵਾਸਾ ਹੈ।

**ਪ੍ਰਣਵਤਿ ਨਾਨਕੁ ਦਾਸਨਿ ਦਾਸਾ; ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥**

ਸਤਿਗੁਰੂ ਸਾਹਿਬ ਜੀ ਬੇਨਤੀ ਪੂਰਵਕ ਉਚਾਰਣ ਕਰਦੇ ਹਨ ਕਿ ਜੀਵ ਇਨ੍ਹਾਂ ਸੇਵਕ ਇੰਦ੍ਰੀਆਂ ਦਾ

ਹੀ ਦਾਸ ਬਣਿਆ ਹੋਇਆ ਹੈ, ਜੋ ਖਿਨ ਕਾਲ ਵਿਚ ਹੀ ਪਦਾਰਥ ਮਿਲਣ ਤੋਂ ਤੋਲੇ ਜਿੰਨਾ ਵੱਧ ਜਾਂਦਾ ਹੈ ਅਤੇ ਖਿਨ ਕਾਲ ਵਿਚ ਹੀ ਵਾਸ਼ਨਾ ਪੂਰੀ ਨਾ ਹੋਈ ਤੋਂ ਮਾਸੇ ਵਾਂਗ ਘੱਟ ਜਾਂਦਾ ਹੈ **ਅਥਵਾ** ਇਹ ਜੀਵ ਦਾਸਨਿ = ਦਾਹਨ ਭਾਵ ਸਾੜਨ ਵਾਲੇ ਵਿਸ਼ਿਆਂ ਦਾ ਦਾਸਾ = ਦਗਧ ਕੀਤਾ ਭਾਵ ਸਾੜਿਆ ਹੋਇਆ ਹੈ ਅਤੇ ਖਿਨ ਖਿਨ ਕਾਲ ਵਿਚ ਤੋਲਾ ਮਾਤ੍ਰ ਪਦਾਰਥਾਂ ਦੇ ਮੋਹ ਵਿਚ ਪੈ ਕੇ ਮਾਸਾ-ਮਾਸਾ ਹੋ ਰਿਹਾ ਹੈ **ਵਾ:** ਖਿਨ ਖਿਨ ਕਾਲ ਵਿਚ ਜੀਵ ਖੀਨ, ਕਮਜ਼ੋਰ ਕਰਨ ਵਾਲੇ ਵਿਸ਼ਿਆਂ, ਪਦਾਰਥਾਂ ਨੂੰ ਮਾਸਾ = ਰੱਤੀ ਕੁ ਸਮਝ ਕੇ ਇਨ੍ਹਾਂ ਦਾ ਮੋਹ ਛੱਡ ਦੇਵੇ ਅਤੇ ਪਰਮਾਤਮਾ ਦੇ ਸਰੂਪ ਦੀ ਤੋਲਾ = ਤੋਲ, ਵਿਚਾਰ ਕਰੇ ਤਾਂ ਜੀਵ ਪ੍ਰਭੂ ਦੇ ਦਾਸਾਂ ਦਾ ਦਾਸ ਹੋ ਕੇ ਜੀਵਨ ਮੁਕਤ ਹੋ ਸਕਦਾ ਹੈ॥੪॥੩॥੧੧॥

ਇਹ ਉਪਦੇਸ਼ ਸੁਣ ਕੇ ਉਹ ਬ੍ਰਾਹਮਣ ਗੁਰਾਂ ਦੇ ਚਰਨੀਂ ਪੈ ਗਿਆ।

## ਬਸੰਤੁ ਹਿੰਡੋਲ ਮਹਲਾ ੧ ॥

### ਸਾਚਾ ਸਾਹੁ ਗੁਰੂ ਸੁਖਦਾਤਾ; ਹਰਿ ਮੇਲੇ ਭੁਖ ਗਵਾਏ ॥

ਹੇ ਭਾਈ! ਸੁਖਦਾਤਾ = ਸੁੱਖ ਦੇਣ ਵਾਲਾ ਗੁਰੂ ਸਾਚਾ = ਸੱਚਾ ਸਾਹੁ = ਸ਼ਾਹੂਕਾਰ ਰੂਪ ਹੈ (ਨਾਮ ਰੂਪ ਧਨ ਦੇਣ ਵਾਲਾ ਹੈ) ਉਹ ਜੀਵ ਨੂੰ ਹਰਿ = ਪਰਮਾਤਮਾ ਨਾਲ ਮੇਲੇ = ਮਿਲਾ ਦੇਂਦਾ ਹੈ ਅਤੇ ਉਸ ਦੀ ਆਸਾ ਤ੍ਰਿਸ਼ਨਾ ਰੂਪੀ ਭੁੱਖ ਗਵਾਏ = ਗੁਆ ਦੇਂਦਾ ਹੈ।

### ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ; ਅਨਦਿਨੁ ਹਰਿ ਗੁਣ ਗਾਏ ॥੧॥

ਗੁਰੂ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਹਰਿ = ਪਰਮਾਤਮਾ ਦੀ ਭਗਤਿ = ਭਗਤੀ ਦ੍ਰਿੜਾਏ = ਦ੍ਰਿੜ੍ਹ ਪਰਪੱਕ ਕਰਵਾਉਂਦਾ ਹੈ ਅਤੇ ਜੀਵ ਅਨਦਿਨੁ = ਰਾਤ ਦਿਨ ਹਰਿ = ਪਰਮਾਤਮਾ ਦੇ ਗੁਣ ਗਾਏ = ਗਾਇਨ ਕਰਦਾ ਰਹਿੰਦਾ ਹੈ॥੧॥

### ਮਤ ਭੂਲਹਿ ਰੇ ਮਨ; ਚੇਤਿ ਹਰੀ ॥

ਰੇ = ਹੇ ਮੇਰੇ ਮਨਾਂ! ਤੂੰ ਮਤ = ਮਤਾਂ ਵਿਸ਼ਿਆਂ ਵਿਚ ਲੱਗ ਕੇ ਪ੍ਰਭੂ ਵੱਲੋਂ ਭੂਲਹਿ = ਭੁੱਲਣਾ ਕਰ, ਤੂੰ ਸਦਾ ਹੀ ਹਰੀ = ਪਰਮਾਤਮਾ ਨੂੰ ਚੇਤਿ = ਚੇਤਨਾ, ਸਿਮਰਨਾ ਕਰ।

### ਬਿਨੁ ਗੁਰ, ਮੁਕਤਿ ਨਾਹੀ ਤ੍ਰੈ ਲੋਈ; ਗੁਰਮੁਖਿ ਪਾਈਐ ਨਾਮੁ ਹਰੀ ॥੧॥ਰਹਾਉ॥

ਗੁਰੂ ਧਾਰਨ ਕੀਤੇ ਤੋਂ ਬਿਨੁ = ਬਗ਼ੈਰ ਤ੍ਰੈ ਲੋਈ = ਤਿੰਨਾਂ ਲੋਕਾਂ ਵਿਚ ਹੀ ਮੁਕਤਿ = ਮੁਕਤੀ ਦੀ ਪ੍ਰਾਪਤੀ ਨਹੀਂ ਹੋਣੀ ਅਤੇ ਗੁਰਮੁਖਿ = ਮੁਖੀ ਗੁਰਾਂ ਦੁਆਰਾ ਹੀ ਹਰੀ = ਪਰਮਾਤਮਾ ਦਾ ਨਾਮ ਪਾਈਐ = ਪਾਉਣਾ ਕਰੀਦਾ ਹੈ॥੧॥ਰਹਾਉ॥

### ਬਿਨੁ ਭਗਤੀ ਨਹੀ ਸਤਿਗੁਰੁ ਪਾਈਐ; ਬਿਨੁ ਭਾਗਾ ਨਹੀ ਭਗਤਿ ਹਰੀ ॥

ਹੇ ਭਾਈ! ਭਾਉ ਭਗਤੀ ਤੋਂ ਬਿਨਾਂ ਸਤਿਗੁਰੂ ਨਹੀਂ ਪਾਈਐ = ਪਾ ਸਕੀਦਾ ਅਤੇ ਭਾਗਾ = ਸ੍ਰੇਸ਼ਟ ਕਰਮਾਂ ਤੋਂ ਬਿਨੁ = ਬਗ਼ੈਰ ਹਰੀ = ਪਰਮਾਤਮਾ ਦੀ ਭਗਤਿ = ਭਗਤੀ ਨਹੀਂ ਹੋ ਸਕਦੀ।

### ਬਿਨੁ ਭਾਗਾ ਸਤਸੰਗੁ ਨ ਪਾਈਐ; ਕਰਮਿ ਮਿਲੈ ਹਰਿ ਨਾਮੁ ਹਰੀ ॥੨॥

ਹੇ ਭਾਈ! ਸ੍ਰੇਸ਼ਟ ਭਾਗਾ = ਕਰਮਾਂ ਤੋਂ ਬਿਨੁ = ਬਗ਼ੈਰ ਸਤਸੰਗਤ ਵੀ ਨਹੀਂ ਪਾਈਐ = ਪਾ ਸਕੀਦੀ ਅਤੇ ਸ੍ਰੇਸ਼ਟ ਕਰਮਿ = ਕਰਮਾਂ ਕਰਕੇ ਹਰੀ = ਪਰਮਾਤਮਾ ਦਾ ਹਰਿ ਨਾਮ ਮਿਲੈ = ਮਿਲਦਾ ਹੈ।

**ਅਥਵਾ** ਦੋਵੇਂ ਪੰਗਤੀਆਂ ਦਾ ਅੰਨਵੇ ਕਰਕੇ ਅਰਥ (ਬਿਨੁ ਭਾਗਾ ਸਤਸੰਗੁ ਨ ਪਾਈਐ) ਬਿਨਾਂ ਭਾਗਾਂ ਤੋਂ ਸਤਿਸੰਗਤ ਨਹੀਂ ਮਿਲਦੀ, (ਨਹੀ ਸਤਿਗੁਰੁ ਪਾਈਐ) ਸਤਿਸੰਗਤ ਤੋਂ ਬਿਨਾਂ ਸਤਿਗੁਰੂ ਨਹੀਂ ਪਈਦਾ, (ਬਿਨੁ ਸਤਿਗੁਰ ਨਹੀ ਭਗਤਿ ਹਰੀ) ਸਤਿਗੁਰੂ ਤੋਂ ਬਗ਼ੈਰ ਹਰੀ ਦੀ ਭਗਤੀ ਨਹੀਂ ਪਾਈਦੀ (ਭਗਤੀ ਬਿਨੁ ਭਾਗਾ) ਭਗਤੀ ਰੂਪੀ ਸ੍ਰੇਸ਼ਟ ਭਾਗਾਂ ਤੋਂ ਬਿਨਾਂ (ਨਾਮੁ ਹਰੀ) ਹਰੀ ਦਾ ਨਾਮ ਨਹੀਂ ਮਿਲਦਾ (ਕਰਮਿ ਮਿਲੈ ਹਰਿ) ਗੁਰਾਂ ਦੀ ਕਰਮਿ = ਮਿਹਰ ਕਰਕੇ ਹੀ ਹਰਿ = ਪਰਮਾਤਮਾ ਮਿਲੈ = ਮਿਲਦਾ ਹੈ ॥੨॥

## ਘਟਿ ਘਟਿ ਗੁਪਤੁ ਉਪਾਏ ਵੇਖੈ; ਪਰਗਟੁ ਗੁਰਮੁਖਿ ਸੰਤ ਜਨਾ ॥

ਜੋ ਪਰਮਾਤਮਾ ਸਾਰੇ ਘਟਿ ਘਟਿ = ਘਟਾਂ ਘਟਾਂ **ਵਾ:** ਸਰੀਰਾਂ ਸਰੀਰਾਂ ਵਿਚ ਗੁਪਤ = ਲੁਕਿਆ ਹੋਇਆ ਵੱਸ ਰਿਹਾ ਹੈਂ, ਸਾਰਿਆਂ ਨੂੰ ਉਪਾਏ = ਪੈਦਾ ਕਰਕੇ ਵੇਖੈ = ਵੇਖ ਰਿਹਾ ਹੈਂ, ਉਹ ਗੁਰਮੁਖਿ = ਮੁਖੀ ਗੁਰਾਂ ਦੁਆਰਾ ਸੰਤ ਜਨਾਂ ਨੂੰ ਪਰਗਟੁ = ਪ੍ਰਤੱਖ ਹੋਇਆ ਹੈ।

## ਹਰਿ ਹਰਿ ਕਰਹਿ, ਸੁ ਹਰਿ ਰੰਗਿ ਭੀਨੇ;
## ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥

ਜੋ ਹਰਿ = ਹਰੀ ਦੇ ਨਾਮ ਨੂੰ ਹਰਿ ਸਮੇਂ ਉਚਾਰਣ ਕਰਹਿ = ਕਰਦੇ ਹਨ, ਸੁ = ਉਹ ਹਰਿ = ਪ੍ਰਭੂ ਦੇ ਰੰਗਿ = ਪ੍ਰੇਮ ਵਿਚ ਭੀਨੇ = ਭਿੱਜੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਮਨਾ = ਮਨ ਵਿਚ ਹਰਿ = ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਜਲ ਵੱਸਦਾ ਹੈ **ਵਾ:** ਉਹ ਨਾਮ ਰੂਪੀ ਜਲ ਨੂੰ ਛਕ ਕੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਹੋਏ ਹਨ ॥੩॥

[ਅੰਗ ੧੧੭੨]

## ਜਿਨ ਕਉ ਤਖਤਿ ਮਿਲੈ ਵਡਿਆਈ; ਗੁਰਮੁਖਿ ਸੇ ਪਰਧਾਨ ਕੀਏ ॥

ਜਿਨ = ਜਿਨ੍ਹਾਂ ਕਉ = ਨੂੰ ਸਾਧ ਸੰਗਤ ਰੂਪੀ ਤਖਤਿ = ਸਿੰਘਾਸਣ ਉੱਪਰੋਂ ਸਿਮਰਨ ਰੂਪੀ ਵਡਿਆਈ ਮਿਲੈ = ਮਿਲਦੀ ਹੈ **ਵਾ:** ਅੰਤਹਕਰਨ, ਤੁਰੀਆ ਪਦ ਵਿਚ ਇਸਥਿਤ ਹੋਣ ਦੀ ਵਡਿਆਈ ਮਿਲਦੀ ਹੈ, ਸੇ = ਉਹ ਪੁਰਖ ਗੁਰਮੁਖਿ = ਮੁਖੀ ਗੁਰਾਂ ਨੇ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਜਿੱਤਣ ਵਾਲੇ ਪਰਧਾਨ = ਮੁਖੀਏ ਕੀਏ = ਕਰ ਦਿੱਤੇ ਹਨ।

## ਪਾਰਸੁ ਭੇਟਿ ਭਏ ਸੇ ਪਾਰਸ; ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਹਰਿ = ਹਰੀ ਸਰੂਪ ਗੁਰਾਂ ਦੇ ਸੰਗਿ = ਸੰਗੀ ਥੀਏ = ਹੋਏ ਹਨ, ਉਹ ਪਾਰਸ ਰੂਪ ਗੁਰਾਂ ਦੇ ਨਾਲ ਭੇਟਿ = ਮਿਲ ਕੇ ਪਾਰਸ ਰੂਪ ਬ੍ਰਹਮ ਹੀ ਭਏ = ਹੋ ਗਏ ਹਨ ॥੪॥੪॥੧੨॥

## ਬਸੰਤੁ ਮਹਲਾ ੩ ਘਰੁ ੧ ਦੁਤੁਕੇ ੴ ਸਤਿਗੁਰ ਪ੍ਰਸਾਦਿ ॥

ਸਿੱਖਾਂ ਨੇ ਸਤਿਗੁਰਾਂ ਤੋਂ ਬਸੰਤ ਰੁੱਤ ਬਾਬਤ ਪੁੱਛਿਆ, ਤਦੋਂ ਬਸੰਤ ਰਾਗ ਅੰਦਰ ਮਹਲਾ ੩ = ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਦੁਤੁਕੇ = ਦੋ ਦੋ ਤੁਕਾਂ ਵਾਲੀ ਬਾਣੀ ਉਚਾਰਣ ਕਰਦੇ ਹੋਏ ਉਪਦੇਸ਼ ਬਖ਼ਸ਼ਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮਾਹਾ ਰੁਤੀ ਮਹਿ; ਸਦ ਬਸੰਤੁ ॥ ਜਿਤੁ ਹਰਿਆ; ਸਭੁ ਜੀਅ ਜੰਤੁ ॥

ਹੇ ਪ੍ਰਭੂ ! ਤੂੰ ਬਾਰਾਂ ਮਾਹਾ = ਮਹੀਨਿਆਂ ਅਤੇ ਛੇ ਰੁਤੀ = ਰੁੱਤਾਂ ਮਹਿ = ਵਿਚ ਸਦ = ਹਮੇਸ਼ਾ ਹੀ ਬਸੰਤ ਰੁੱਤ ਵਾਂਗ ਪ੍ਰਫੁੱਲਤ ਹੋ ਰਿਹਾ ਹੈਂ **ਵਾ:** ਮਹੀਨਿਆਂ ਦੀ ਨਿਆਈਂ ਮਨੁੱਖਾ ਦੇਹਾਂ ਅਤੇ ਰੁੱਤਾਂ ਦੀ ਨਿਆਈਂ ਬਾਲ, ਜੁਆਨੀ, ਅਵਸਥਾ ਵਿਚ ਬਸੰਤੁ = ਵੱਸ ਰਿਹਾ ਹੈਂ **ਵਾ:** ਅਨੰਦ ਦੇ ਰਿਹਾ ਹੈਂ।

ਜਿਤੁ = ਜਿਸ ਤੇਰੀ ਚੇਤਨ ਸੱਤਾ ਨੂੰ ਪਾ ਕੇ ਸਭੁ = ਸਾਰੇ ਸੂਖਮ ਅਸਥੂਲ ਜੀਵ ਜੰਤ ਹਰਿਆ = ਹਰਿਆਵਲਤਾ ਦੇ ਸਹਿਤ, ਪ੍ਰਫੁੱਲਤ ਹੋ ਰਹੇ ਹਨ।

## ਕਿਆ ਹਉ ਆਖਾ; ਕਿਰਮ ਜੰਤੁ ॥
## ਤੇਰਾ ਕਿਨੈ ਨ ਪਾਇਆ; ਆਦਿ ਅੰਤੁ ॥੧॥

ਹੇ ਪ੍ਰਭੂ ! ਇਸ ਲਈ ਮੈਂ ਕਿਰਮ = ਕੀੜੇ ਦੀ ਨਿਆਈਂ ਤੁੱਛ ਜੰਤੁ = ਜੀਵ ਤੇਰੀ ਸਮੱਗਰ ਮਹਿਮਾ ਕਿਆ = ਕੀ ਆਖਾ = ਕਹਿ ਸਕਦਾ ਹਾਂ, ਭਾਵ ਵਰਣਨ ਨਹੀਂ ਕੀਤੀ ਜਾ ਸਕਦੀ।

ਹੇ ਪ੍ਰਭੂ ! ਤੇਰਾ ਆਦਿ = ਮੁੱਢ ਅਤੇ ਅੰਤੁ = ਅਖ਼ੀਰ ਕਿਨੈ = ਕਿਸੇ ਨੇ ਵੀ ਨਹੀਂ ਪਾਉਣਾ ਕੀਤਾ **ਵਾ:** ਤੂੰ ਇਸ ਸੰਸਾਰ ਨੂੰ ਕਦੋਂ ਰਚਿਆ ਸੀ ਅਤੇ ਕਦੋਂ ਇਸਦਾ ਅੰਤ ਕਰੇਂਗਾ, ਇਸ ਭੇਤ ਨੂੰ ਕਿਸੇ ਨੇ ਵੀ ਨਹੀਂ ਪਾਉਣਾ ਕੀਤਾ ॥੧॥

## ਤੈ ਸਾਹਿਬ ਕੀ; ਕਰਹਿ ਸੇਵ ॥ ਪਰਮ ਸੁਖ ਪਾਵਹਿ; ਆਤਮ ਦੇਵ ॥੧॥ਰਹਾਉ॥

ਹੇ ਪ੍ਰਭੂ ! ਜੋ ਮਨੁੱਖ ਤੈ = ਤੇਰੇ ਸਾਹਿਬ = ਮਾਲਕ ਕੀ = ਦੀ ਗੁਰਾਂ ਦੁਆਰਾ ਭਾਉ-ਭਗਤੀ ਰੂਪ ਸੇਵ = ਟਹਿਲ ਕਰਹਿ = ਕਰਦੇ ਹਨ।

ਹੇ ਸਰਬ ਦੇ ਆਤਮਾ ਤੇ ਦੇਵ = ਪ੍ਰਕਾਸ਼ ਸਰੂਪ ਪ੍ਰਭੂ ! ਉਹ ਤੇਰੇ ਪਰਮ = ਵੱਡੇ ਆਤਮਿਕ ਸੁਖ ਨੂੰ ਪਾਵਹਿ = ਪਾ ਲੈਂਦੇ ਹਨ ॥੧॥ਰਹਾਉ॥

## ਕਰਮੁ ਹੋਵੈ; ਤਾਂ ਸੇਵਾ ਕਰੈ ॥ ਗੁਰਪਰਸਾਦੀ; ਜੀਵਤ ਮਰੈ ॥

ਜੇਕਰ ਜੀਵ ਦੇ ਪੂਰਬਲੇ ਨਿਸ਼ਕਾਮ ਕਰਮ ਕੀਤੇ ਹੋਵੈ = ਹੋਣ ਤਾਂ = ਤਦ ਹੀ ਜੀਵ ਗੁਰਾਂ ਦੀ ਪ੍ਰਤੱਖ, ਭਗਤੀ ਰੂਪੀ ਸੇਵਾ = ਟਹਿਲ ਕਰੈ = ਕਰਦਾ ਹੈ।

ਅਤੇ ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਜੀਵਤ-ਭਾਵ ਤੋਂ ਮਰੈ = ਮਰ ਜਾਂਦਾ ਹੈ।

## ਅਨਦਿਨੁ; ਸਾਚੁ ਨਾਮੁ ਉਚਰੈ ॥ ਇਨ ਬਿਧਿ ਪ੍ਰਾਣੀ; ਦੁਤਰੁ ਤਰੈ ॥੨॥

ਉਹ ਅਨਦਿਨੁ = ਰਾਤ ਦਿਨ ਸਾਚੁ = ਸੱਚਾ ਨਾਮ ਉਚਰੈ = ਉਚਾਰਣ ਕਰਦਾ ਰਹਿੰਦਾ ਹੈ। ਇਨ = ਇਸ ਬਿਧਿ = ਤਰੀਕੇ ਨਾਲ ਉਹ ਪ੍ਰਾਣੀ = ਪ੍ਰਾਣਾਧਾਰੀ ਜੀਵ ਦੁਤਰੁ = ਕਠਿਨਤਾਈ ਨਾਲ ਪਾਰ ਹੋਣ ਵਾਲੇ ਸੰਸਾਰ-ਸਮੁੰਦ੍ਰ ਨੂੰ ਸੁਖੈਨ ਹੀ ਤਰੈ = ਤਰ ਜਾਂਦਾ ਹੈ ॥੨॥

## ਬਿਖੁ ਅੰਮ੍ਰਿਤੁ; ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ; ਦੁਇ ਫਲ ਲਾਏ ॥

ਬਿਖੁ = ਵਿਹੁ ਰੂਪ ਦੁੱਖ ਅਤੇ ਅੰਮ੍ਰਿਤ ਰੂਪ ਸੁਖ ਕਰਤਾਰਿ = ਪਰਮਾਤਮਾ ਨੇ ਉਪਾਏ = ਪੈਦਾ ਕੀਤੇ ਹਨ।

ਇਹ ਸੰਸਾਰੁ = ਜਗਤ ਰੂਪੀ ਬਿਰਖ = ਰੁੱਖ ਕਉ = ਨੂੰ (ਸੁੱਖ ਦੁਖ ਰੂਪੀ) ਦੁਇ = ਦੋ ਫਲ ਲਾਏ = ਲਾਉਣਾ ਕੀਤੇ ਹਨ, ਭਾਵ ਜਿਨ੍ਹਾਂ ਦੇ ਪੁੰਨ ਰੂਪ ਕਰਮ ਸਨ ਉਨ੍ਹਾਂ ਨੂੰ ਸੁਖ ਰੂਪੀ ਫਲ ਦੀ ਪ੍ਰਾਪਤੀ ਹੋਈ ਹੈ ਅਤੇ ਜਿਨ੍ਹਾਂ

ਦੇ ਮੰਦ ਕਰਮ ਸਨ ਉਨ੍ਹਾਂ ਨੂੰ ਦੁੱਖ ਰੂਪ ਫਲ ਦੀ ਪ੍ਰਾਪਤੀ ਹੋਈ ਹੈ **ਵਾ:** ਇਕ ਜੀਵ ਤਾਂ ਬਿਖੁ = ਵਿਹੁ ਰੂਪੀ ਮਾਇਆ ਵਿਚ ਲੱਗੇ ਹੋਏ ਹਨ ਅਤੇ ਇਕ ਅੰਮ੍ਰਿਤ ਰੂਪ ਨਾਮ ਵਿਚ ਲੱਗੇ ਹੋਏ ਹਨ।

## ਆਪੇ ਕਰਤਾ; ਕਰੇ ਕਰਾਏ ॥ ਜੋ ਤਿਸੁ ਭਾਵੈ; ਤਿਸੈ ਖਵਾਏ ॥੩॥

ਕਰਤਾ ਪੁਰਖ ਆਪੇ = ਆਪ ਹੀ ਸੰਸਾਰ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ ਬ੍ਰਹਮਾ ਆਦਿਕਾਂ ਨੂੰ ਪ੍ਰੇਰ ਕੇ ਕਰਾਏ = ਕਰਾਉਂਦਾ ਹੈ **ਵਾ:** ਆਪ ਹੀ ਜੀਵਾਂ ਨੂੰ ਉਤਪਤ ਕਰਦਾ ਹੈ ਅਤੇ ਆਪ ਹੀ ਉਨ੍ਹਾਂ ਦੀ ਵਾਸ਼ਨਾ ਅਨੁਸਾਰ ਕਰਮ ਕਰਾਉਂਦਾ ਹੈ।

ਜੋ = ਜਿਹੜਾ ਤਿਸੁ = ਉਸ ਪ੍ਰਭੂ ਨੂੰ ਭਾਵੈ = ਭਾਉਂਦਾ ਹੈ, ਤਿਸੈ = ਉਸੇ ਨੂੰ ਉਹੀ ਫਲ ਖਵਾਏ = ਖਵਾਲ ਦਿੰਦਾ ਹੈ, ਭਾਵ ਜੋ ਵਿਸ਼ਿਆਂ ਦੇ ਅਧੀਨ ਹਨ, ਉਨ੍ਹਾਂ ਨੂੰ ਦੁਖ ਰੂਪੀ ਅਤੇ ਜੋ ਭਜਨ ਸਿਰਮਨ ਕਰਦੇ ਹਨ, ਉਨ੍ਹਾਂ ਨੂੰ ਸੁਖ ਰੂਪੀ ਫਲ ਖਵਾਉਂਦਾ ਹੈ॥੩॥

## ਨਾਨਕ; ਜਿਸ ਨੋ ਨਦਰਿ ਕਰੇਇ ॥ ਅੰਮ੍ਰਿਤ ਨਾਮੁ; ਆਪੇ ਦੇਇ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਮਨੁੱਖ ਨੂੰ ਪਰਮਾਤਮਾ ਆਪਣੀ ਨਦਰਿ = ਕਿਰਪਾ ਦ੍ਰਿਸ਼ਟੀ ਕਰੇਇ = ਕਰਦਾ ਹੈ।

ਉਸ ਮਨੁੱਖ ਨੂੰ ਆਪਣਾ ਅੰਮ੍ਰਿਤ ਰੂਪੀ ਨਾਮ ਆਪ ਹੀ ਗੁਰਾਂ ਦੁਆਰਾ ਦੇਇ = ਦੇਣਾ ਕਰਦਾ ਹੈ।

## ਬਿਖਿਆ ਕੀ ਬਾਸਨਾ; ਮਨਹਿ ਕਰੇਇ ॥
## ਅਪਣਾ ਭਾਣਾ; ਆਪਿ ਕਰੇਇ ॥੪॥੧॥

ਉਸਦੇ ਅੰਦਰੋਂ ਬਿਖਿਆ = ਵਿਸ਼ਿਆਂ **ਵਾ:** ਵਿਹੁ ਰੂਪ ਮਾਇਆ ਕੀ = ਦੀ ਬਾਸਨਾ = ਵਾਸ਼ਨਾ ਮਨਹਿ = ਮਨ੍ਹਾਂ ਕਰੇਇ = ਕਰ ਦੇਂਦਾ ਹੈ ਭਾਵ ਰੋਕ ਦੇਂਦਾ ਹੈ।

ਇਉਂ ਉਸ ਕੋਲੋਂ ਆਪਣਾ ਭਾਣਾ ਆਪ ਹੀ ਮਨਾਉਣਾ ਕਰੇਇ = ਕਰਦਾ ਹੈ॥੪॥੧॥

## ਬਸੰਤੁ ਮਹਲਾ ੩ ॥
## ਰਾਤੇ ਸਾਚਿ; ਹਰਿ ਨਾਮਿ ਨਿਹਾਲਾ ॥
## ਦਇਆ ਕਰਹੁ; ਪ੍ਰਭ ਦੀਨ ਦਇਆਲਾ ॥

ਹੇ ਹਰਿ = ਹਰੀ ਜੋ ਤੇਰੇ ਸਾਚਿ = ਸੱਚੇ ਨਾਮ ਵਿਚ ਰਾਤੇ = ਰੰਗੇ ਹੋਏ ਹਨ, ਉਹ ਨਿਹਾਲਾ = ਅਨੰਦ ਪ੍ਰਸੰਨ ਹੋਏ ਹਨ **ਵਾ:** ਉਹ ਤੇਰੇ ਸਰੂਪ ਨੂੰ ਨਿਹਾਲਾ = ਤੱਕ ਲੈਂਦੇ ਹਨ।

ਹੇ ਦੀਨ = ਗ਼ਰੀਬਾਂ ਉੱਪਰ ਦਇਆਲਾ = ਦਿਆਲਤਾ ਕਰਨ ਵਾਲੇ ਪ੍ਰਭੂ = ਪਰਮਾਤਮਾ ! ਤੂੰ ਮੇਰੇ ਉੱਪਰ ਵੀ ਆਪਣੀ ਦਇਆ = ਮਿਹਰ ਕਰਹੁ = ਕਰ।

## ਤਿਸੁ ਬਿਨੁ; ਅਵਰੁ ਨਹੀ ਮੈ ਕੋਇ ॥ ਜਿਉ ਭਾਵੈ; ਤਿਉ ਰਾਖੈ ਸੋਇ ॥੧॥

ਹੇ ਪ੍ਰਭੂ ! ਤਿਸ ਆਪ ਜੀ ਤੋਂ ਬਿਨੁ = ਬਗ਼ੈਰ ਮੈ = ਮੇਰਾ ਅਵਰੁ = ਹੋਰ ਕੋਇ = ਕੋਈ ਵੀ ਸਹਾਇਕ ਨਹੀਂ ਹੈ।

ਜਿਉ = ਜਿਵੇਂ ਤੈਨੂੰ ਭਾਵੈ = ਭਾਉਂਦਾ ਹੈ, ਸੋਇ = ਸੋ ਤਿਉ = ਉਵੇਂ ਹੀ ਮੈਨੂੰ ਆਪਣੀ ਸ਼ਰਨ ਵਿਚ ਰਾਖੈ = ਰੱਖਣਾ ਕਰ॥੧॥

## ਗੁਰ ਗੋਪਾਲ; ਮੇਰੈ ਮਨਿ ਭਾਏ ॥

ਗੁਰੂ ਅਤੇ ਗੋਪਾਲ = ਪਰਮਾਤਮਾ **ਵਾ:** ਗੁਰ = ਪੂਜਨੀਕ, ਵੱਡੇ ਗੋਪਾਲ = ਪ੍ਰਭੂ ਜੀ ਮੇਰੇ ਮਨਿ = ਹਿਰਦੇ ਵਿਚ ਭਾਏ = ਚੰਗੇ ਲੱਗੇ ਹਨ।

## ਰਹਿ ਨ ਸਕਉ, ਦਰਸਨ ਦੇਖੇ ਬਿਨੁ; ਸਹਜਿ ਮਿਲਉ ਗੁਰੁ ਮੇਲਿ ਮਿਲਾਏ ॥੧॥ਰਹਾਉ॥

ਮੈਂ ਪ੍ਰਭੂ ਦੇ ਦਰਸ਼ਨ ਦੇਖੇ = ਵੇਖੇ ਤੋਂ ਬਿਨੁ = ਬਗ਼ੈਰ ਰਹਿ ਨਹੀਂ ਸਕਉ = ਸਕਦਾ, ਜੇਕਰ ਗੁਰੂ ਪ੍ਰਭੂ ਦੇ ਮੇਲ ਵਿਚ ਮਿਲਾਉਣਾ ਕਰੇ ਤਾਂ ਮੈਂ ਸਹਜਿ = ਸੁਭਾਵਿਕ ਹੀ, ਸ਼ਾਂਤੀ ਪੂਰਬਕ ਪਰਮਾਤਮਾ ਨਾਲ ਮਿਲਉ = ਮਿਲ ਜਾਵਾਂਗਾ ॥੧॥ਰਹਾਉ॥

## ਇਹੁ ਮਨੁ ਲੋਭੀ; ਲੋਭਿ ਲੁਭਾਨਾ ॥ ਰਾਮ ਬਿਸਾਰਿ; ਬਹੁਰਿ ਪਛੁਤਾਨਾ ॥

ਇਹ ਮਨ ਲੋਭੀ = ਲਾਲਚੀ ਹੋਇਆ ਪਦਾਰਥਾਂ, ਵਿਸ਼ਿਆਂ ਦੇ ਲੋਭਿ = ਲਾਲਚ ਵਿਚ ਲੁਭਾਨਾ = ਲੁਭਾਇਮਾਨ ਹੋ ਰਿਹਾ ਹੈ।

ਰਾਮ = ਪਰਮਾਤਮਾ ਦੇ ਨਾਮ ਨੂੰ ਬਿਸਾਰਿ = ਭੁਲਾ ਕੇ ਬਹੁਰਿ = ਮੁੜ ਕੇ ਅੰਤ ਨੂੰ ਪਛੁਤਾਨਾ = ਪਸ਼ਚਾਤਾਪ ਕਰਦਾ ਰਹਿੰਦਾ ਹੈ।

## ਬਿਛੁਰਤ ਮਿਲਾਇ; ਗੁਰ ਸੇਵ ਰਾਂਗੇ ॥ ਹਰਿ ਨਾਮੁ ਦੀਓ; ਮਸਤਕਿ ਵਡਭਾਗੇ ॥੨॥

ਜੋ ਗੁਰਾਂ ਦੀ ਸੇਵ = ਟਹਿਲ ਵਿਚ ਰਾਂਗੇ = ਰੰਗੇ ਹੋਏ ਹਨ, ਉਨ੍ਹਾਂ ਬਿਛੁਰਤ = ਵਿੱਛੜੇ ਹੋਇਆਂ ਨੂੰ ਗੁਰਾਂ ਨੇ ਪ੍ਰਭੂ ਨਾਲ ਮਿਲਾਇ = ਮਿਲਾ ਦਿੱਤਾ ਹੈ।

ਉਨ੍ਹਾਂ ਦੇ ਮਸਤਕਿ = ਮੱਥੇ ਦੇ ਵਡਭਾਗੇ = ਵੱਡੇ ਭਾਗ ਹੋਣ ਕਰਕੇ ਗੁਰਾਂ ਨੇ ਉਨ੍ਹਾਂ ਨੂੰ ਹਰਿ = ਪਰਮਾਤਮਾ ਦਾ ਨਾਮ ਦੀਓ = ਦੇਣਾ ਕੀਤਾ ਹੈ ॥੨॥

## ਪਉਣ ਪਾਣੀ ਕੀ; ਇਹ ਦੇਹ ਸਰੀਰਾ ॥ ਹਉਮੈ ਰੋਗੁ; ਕਠਿਨ ਤਨਿ ਪੀਰਾ ॥

ਪਉਣ = ਹਵਾ ਤੇ ਪਾਣੀ ਆਦਿ ਪੰਜ ਅਸਥੂਲ ਤੱਤਾਂ ਕੀ = ਦੀ ਇਹ ਅਸਥੂਲ ਦੇਹੀ ਹੈ ਅਤੇ ਸੂਖਮ ਤੱਤਾਂ ਦੀ ਸੂਖਮ ਸਰੀਰਾ = ਕਾਂਇਆ ਹੈ **ਵਾ:** ਪਉਣ ਦੀ ਨਿਆਈਂ ਰਜੋ ਗੁਣ ਤੇ ਪਾਣੀ ਦੀ ਨਿਆਈਂ ਸਤੋਗੁਣ ਅਤੇ ਅਗਨੀ ਦੀ ਨਿਆਈਂ ਤਮੋਗੁਣ ਤਿੰਨਾਂ ਗੁਣਾਂ ਦੀ ਇਹ ਦੇਹ ਬਣੀ ਹੋਈ ਹੈ ਅਤੇ ਪੰਜਾਂ ਤੱਤਾਂ ਦੇ ਸਤੋ ਅੰਸ ਤੋਂ ਸੂਖਮ ਅੰਤਹਕਰਨ ਦੀ ਉਤਪਤੀ ਹੋਈ ਹੈ।

ਸੂਖਮ ਦੇਹ ਦੇ ਅੰਦਰ ਹਉਮੈ = ਹੰਗਤਾ ਮਮਤਾ ਦੇ ਰੋਗ ਕਰਕੇ ਤਨਿ = ਸਰੀਰ ਅੰਦਰ ਕਠਿਨ = ਕਰੜੇ ਕਾਮ ਕ੍ਰੋਧ ਆਦਿ ਦੀ ਪੀਰਾ = ਪੀੜ ਚਿੰਬੜੀ ਰਹਿੰਦੀ ਹੈ।

## ਗੁਰਮੁਖਿ ਰਾਮ ਨਾਮ; ਦਾਰੂ ਗੁਣ ਗਾਇਆ ॥ ਕਰਿ ਕਿਰਪਾ ਗੁਰਿ; ਰੋਗੁ ਗਵਾਇਆ ॥੩॥

ਗੁਰਮੁਖ ਜਨਾਂ ਨੇ ਰਾਮ = ਪਰਮਾਤਮਾ ਦੇ ਨਾਮ ਨੂੰ ਜਪਿਆ ਹੈ ਅਤੇ ਦਾਰੂ = ਦਵਾਈ ਰੂਪ ਜਾਣ ਕੇ ਗੁਣਾਂ ਨੂੰ ਗਾਇਆ = ਗਾਉਣਾ ਕੀਤਾ ਹੈ।

ਗੁਰਾਂ ਨੇ ਆਪਣੀ ਕਿਰਪਾ = ਦਇਆ ਦ੍ਰਿਸ਼ਟ ਕਰਿ = ਕਰਕੇ ਹਉਮੈ ਦਾ ਰੋਗ ਗਵਾਇਆ = ਗਵਾ ਦਿੱਤਾ ਹੈ ॥੩॥

## ਚਾਰਿ ਨਦੀਆ ਅਗਨੀ; ਤਨਿ ਚਾਰੇ ॥ ਤ੍ਰਿਸਨਾ ਜਲਤ; ਜਲੇ ਅਹੰਕਾਰੇ ॥

[ਹੰਸ = ਹਿੰਸਾ, ਹੇਤ = ਮੋਹ, ਲੋਭ = ਲਾਲਚ, ਕੋਪ = ਕ੍ਰੋਧ ਰੂਪ] ਚਾਰ ਅੱਗ ਦੀਆਂ ਨਦੀਆਂ ਹਨ ਜੋ ਤਨਿ = ਸਰੀਰ ਨੂੰ ਚਾਰੇ = ਚਾਰ, ਸਾੜ ਰਹੀਆਂ ਹਨ।

ਜੀਵ ਇਕ ਤਾਂ ਤ੍ਰਿਸ਼ਨਾ ਕਰਕੇ ਜਲਤ = ਸੜ ਰਹੇ ਹਨ ਅਤੇ ਦੂਜਾ ਅਹੰਕਾਰੇ = ਅਭਿਮਾਨ ਵਿਚ ਜਲੇ = ਸੜ ਰਹੇ ਹਨ।

## ਗੁਰਿ ਰਾਖੇ; ਵਡਭਾਗੀ ਤਾਰੇ ॥
## ਜਨ ਨਾਨਕ; ਉਰਿ ਹਰਿ ਅੰਮ੍ਰਿਤੁ ਧਾਰੇ ॥੪॥੨॥

ਗੁਰਾਂ ਨੇ ਰਾਖੇ = ਰੱਖਿਆ ਕਰਕੇ ਵਡਭਾਗੀ = ਵੱਡੇ ਭਾਗਾਂ ਵਾਲੇ ਜੀਵ ਇਨ੍ਹਾਂ ਨਦੀਆਂ ਤੋਂ ਸੁਖੈਨ ਹੀ ਤਾਰੇ = ਤਾਰ ਦਿੱਤੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਐਸੇ ਜਨ = ਦਾਸ ਆਪਣੇ ਉਰਿ = ਹਿਰਦੇ ਵਿਚ ਹਰਿ ਹਰੀ ਦੇ ਅੰਮ੍ਰਿਤ ਨਾਮ ਨੂੰ ਧਾਰੇ = ਧਾਰਨ ਕਰਕੇ ਰੱਖਦੇ ਹਨ ॥੪॥੨॥

## ਬਸੰਤੁ ਮਹਲਾ ੩ ॥
## ਹਰਿ ਸੇਵੇ; ਸੋ ਹਰਿ ਕਾ ਲੋਗੁ ॥ ਸਾਚੁ ਸਹਜੁ; ਕਦੇ ਨ ਹੋਵੈ ਸੋਗੁ ॥

ਹੇ ਭਾਈ! ਜੋ ਹਰਿ ਪਰਮਾਤਮਾ ਨੂੰ ਸੇਵੇ = ਸੇਵਨਾ, ਸਿਮਰਨਾ ਕਰਦਾ ਹੈ, ਸੋ = ਉਹੋ ਹੀ ਹਰਿ = ਪਰਮਾਤਮਾ ਕਾ = ਦਾ ਲੋਗੁ = ਜਨ, ਭਗਤ ਹੈ।

ਉਸ ਦੇ ਅੰਦਰ ਸਾਚੁ = ਸੱਚਾ ਨਾਮ ਅਤੇ ਸਹਜੁ = ਗਿਆਨ ਪ੍ਰਾਪਤ ਹੈ, ਜਿਸ ਕਰਕੇ ਉਸਨੂੰ ਕਦੇ ਵੀ ਸੋਗੁ = ਗ਼ਮ ਨਹੀਂ ਹੋਵੈ = ਹੁੰਦਾ।

## ਮਨਮੁਖ ਮੁਏ; ਨਾਹੀ ਹਰਿ ਮਨ ਮਾਹਿ ॥
## ਮਰਿ ਮਰਿ ਜੰਮਹਿ; ਭੀ ਮਰਿ ਜਾਹਿ ॥੧॥

ਮਨਮੁਖ ਪੁਰਖ ਆਤਮਕ ਮੌਤੇ ਮੁਏ = ਮਰੇ ਹੋਏ ਹਨ ਕਿਉਂਕਿ ਉਨ੍ਹਾਂ ਦੇ ਮਨ = ਹਿਰਦੇ ਮਾਹਿ = ਵਿਚ ਹਰਿ = ਪਰਮਾਤਮਾ ਸਾਖਸ਼ਾਤ ਨਹੀਂ ਹੋਇਆ।

ਉਹ ਮਰਿ = ਮੌਤ ਦੇ ਮਾਰੇ ਹੋਏ ਮਰਿ = ਮਰਦੇ ਤੇ ਵਾਸ਼ਨਾਂ ਦੇ ਬੱਧੇ ਹੋਏ ਜੰਮਹਿ = ਜੰਮਦੇ ਹਨ, ਭੀ = ਪੁਨਾ ਫੇਰ ਮਰ ਜਾਹਿ = ਜਾਂਦੇ ਹਨ ਭਾਵ ਜੰਮਣ ਮਰਣ ਵਿਚ ਪਏ ਰਹਿੰਦੇ ਹਨ ॥੧॥

## ਸੇ ਜਨ ਜੀਵੇ; ਜਿਨ ਹਰਿ ਮਨ ਮਾਹਿ ॥
## ਸਾਚੁ ਸਮ੍ਾਲਹਿ; ਸਾਚਿ ਸਮਾਹਿ ॥੧॥ਰਹਾਉ॥

ਸੇ = ਉਹੋ ਜਨ = ਮਨੁੱਖ ਹੀ ਸੰਸਾਰ ਵਿਚ ਜੀਵੇ = ਜਿਉਂਦੇ ਹਨ, ਜਿਨ = ਜਿਨ੍ਹਾਂ ਦੇ ਮਨ = ਹਿਰਦੇ ਮਾਹਿ = ਵਿਚ ਹਰਿ = ਪਰਮਾਤਮਾ ਵੱਸਦਾ ਹੈ।

ਉਹ ਪਰਮਾਤਮਾ ਦੇ ਸਾਚੁ = ਸੱਚੇ ਨਾਮ ਨੂੰ ਸਮ੍ਾਲਹਿ = ਸੰਭਾਲਦੇ ਹਨ ਅਤੇ ਉਸਦੇ ਸਾਚਿ = ਸੱਚ ਸਰੂਪ ਵਿਚ ਹੀ ਸਮਾਹਿ = ਸਮਾਅ ਜਾਂਦੇ ਹਨ ॥੧॥ਰਹਾਉ ॥

## ਹਰਿ ਨ ਸੇਵਹਿ; ਤੇ ਹਰਿ ਤੇ ਦੂਰਿ ॥ ਦਿਸੰਤਰੁ ਭਵਹਿ; ਸਿਰਿ ਪਾਵਹਿ ਧੂਰਿ ॥

ਜੋ ਪੁਰਖ ਹਰਿ = ਪਰਮਾਤਮਾ ਨੂੰ ਸੇਵਹਿ = ਸੇਵਨਾ ਨਹੀਂ ਕਰਦੇ ਤੇ = ਉਹ ਪੁਰਖ ਹਰਿ = ਪਰਮਾਤਮਾ ਤੇ = ਤੋਂ ਦੂਰ ਭਾਵ ਵਿੱਛੜੇ ਰਹਿੰਦੇ ਹਨ।

ਉਹ ਦਿਸੰਤਰੁ = ਦੇਸ਼ਾਂ-ਦੇਸ਼ਾਂਤਰਾਂ ਵਿਚ ਭਵਹਿ = ਭਰਮਦੇ ਰਹਿੰਦੇ ਹਨ ਅਤੇ ਸਿਰ ਉੱਪਰ ਲਾਹਨਤਾਂ ਦੀ ਧੂਰਿ = ਸੁਆਹ ਹੀ ਪਾਵਹਿ = ਪਾਉਂਦੇ ਹਨ।

## ਹਰਿ ਆਪੇ; ਜਨ ਲੀਏ ਲਾਇ ॥ ਤਿਨ ਸਦਾ ਸੁਖੁ ਹੈ; ਤਿਲੁ ਨ ਤਮਾਇ ॥੨॥

ਹਰਿ = ਪਰਮਾਤਮਾ ਨੇ ਆਪੇ = ਆਪ ਹੀ ਆਪਣੇ ਜਨ = ਸੇਵਕ ਆਪਣੀ ਭਗਤੀ ਵਿਚ ਲਾਇ = ਲਾ ਲੀਏ = ਲਏ ਹਨ।

ਤਿਨ = ਉਨ੍ਹਾਂ ਨੂੰ ਸਦਾ = ਹਮੇਸ਼ਾ ਹੀ ਆਤਮ ਸੁਖ ਪ੍ਰਾਪਤ ਹੁੰਦਾ ਹੈ ਅਤੇ ਤਿਲੁ = ਰੰਚਕ ਮਾਤ੍ਰ ਵੀ ਤਮਾਇ = ਤਮ੍ਹਾਂ, ਖ਼੍ਵਾਹਿਸ਼ ਨਹੀਂ ਰਹਿੰਦੀ **ਵਾ:** ਤਮੋਗੁਣ **ਵਾ:** ਅਗਿਆਨ ਦਾ (ਤਮ + ਆਇ) ਤਮ = ਹਨੇਰਾ ਨਹੀਂ ਆਇ = ਆਉਂਦਾ ॥੨॥

[ਅੰਗ ੧੧੭੩]

## ਨਦਰਿ ਕਰੇ; ਚੂਕੈ ਅਭਿਮਾਨੁ ॥ ਸਾਚੀ ਦਰਗਹ; ਪਾਵੈ ਮਾਨੁ ॥

ਜਿਸ ਮਨੁੱਖ ਉੱਪਰ ਪ੍ਰਭੂ ਆਪਣੀ ਨਦਰਿ = ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ, ਉਸਦਾ ਅਭਿਮਾਨੁ = ਹੰਕਾਰ ਚੂਕੈ = ਚੁੱਕਿਆ ਜਾਂਦਾ ਹੈ, ਨਾਸ਼ ਹੋ ਜਾਂਦਾ ਹੈ।

ਉਹ ਸਾਚੀ = ਸੱਚੀ ਸਤਿਸੰਗਤ **ਵਾ:** ਸਚਖੰਡ ਰੂਪੀ ਦਰਗਾਹ ਵਿਚ ਮਾਨੁ = ਆਦਰ, ਸਤਿਕਾਰ ਪਾਵੈ = ਪਾਉਣਾ ਕਰਦਾ ਹੈ।

## ਹਰਿ ਜੀਉ ਵੇਖੈ; ਸਦ ਹਜੂਰਿ ॥ ਗੁਰ ਕੈ ਸਬਦਿ; ਰਹਿਆ ਭਰਪੂਰਿ ॥੩॥

ਉਹ ਹਰਿ = ਪ੍ਰਭੂ ਜੀਉ = ਜੀ ਨੂੰ ਸਦ = ਹਮੇਸ਼ਾ ਆਪਣੇ ਹਜੂਰਿ = ਨੇੜੇ, ਹਾਜ਼ਰ-ਨਾਜ਼ਰ ਵੇਖੈ = ਦੇਖਦਾ ਹੈ।

ਗੁਰਾਂ ਕੈ = ਦੇ ਸ਼ਬਦਿ = ਉਪਦੇਸ਼ ਦੀ ਕਮਾਈ ਕਰਕੇ ਉਸ ਨੂੰ ਸਭ ਥਾਈਂ ਭਰਪੂਰਿ = ਵਿਆਪਕ ਹੋ ਰਹਿਆ = ਰਿਹਾ ਪ੍ਰਤੀਤ ਹੁੰਦਾ ਹੈ ॥੩॥

## ਜੀਅ ਜੰਤ ਕੀ; ਕਰੇ ਪ੍ਰਤਿਪਾਲ ॥ ਗੁਰਪਰਸਾਦੀ; ਸਦ ਸਮ੍ਾਲ ॥

ਜੋ ਪਰਮਾਤਮਾ ਸੂਖਮ ਅਸਥੂਲ ਜੀਵ ਜੰਤਾਂ ਕੀ = ਦੀ ਪ੍ਰਤਿਪਾਲ = ਪਾਲਣਾ ਕਰੇ = ਕਰਦਾ ਹੈ।

ਹੇ ਭਾਈ! ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਉਸਨੂੰ ਸਦ = ਹਮੇਸ਼ਾਂ ਸਮ੍ਾਲ = ਸੰਭਲਾਣਾ ਕਰ।

## ਦਰਿ ਸਾਚੈ; ਪਤਿ ਸਿਉ ਘਰਿ ਜਾਇ ॥ ਨਾਨਕ; ਨਾਮਿ ਵਡਾਈ ਪਾਇ ॥੪॥੩॥

ਉਹ ਸਤਿਸੰਗਤ ਰੂਪੀ ਸਾਚੈ = ਸੱਚੇ ਦਰ ਦੁਆਰਾ ਪਤਿ = ਪਰਤਿਸ਼ਠਾ, ਇੱਜ਼ਤ ਦੇ ਸਿਉ = ਨਾਲ ਪ੍ਰਲੋਕ ਰੂਪੀ ਘਰ ਵਿਚ ਜਾਇ = ਜਾਂਦਾ ਹੈ **ਵਾ:** ਗਿਆਨ ਰੂਪੀ ਦਰ ਵਿਚ ਸਚਿਆਈ ਵਾਲਾ ਹੁੰਦਾ ਹੈ ਅਤੇ ਇੱਜ਼ਤ ਦੇ ਸਹਿਤ ਸਰੂਪ ਰੂਪੀ ਘਰ ਵਿਚ ਪਹੁੰਚ ਜਾਂਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਨਾਮ ਕਰਕੇ ਉਹ ਲੋਕ-ਪ੍ਰਲੋਕ ਵਿਚ ਵਡਾਈ = ਸ਼ੋਭਾ ਪਾਇ = ਪਾਉਂਦਾ ਹੈ ॥੪॥੩॥

## ਬਸੰਤੁ ਮਹਲਾ ੩ ॥

## ਅੰਤਰਿ ਪੂਜਾ; ਮਨ ਤੇ ਹੋਇ ॥ ਏਕੋ ਵੇਖੈ; ਅਉਰੁ ਨ ਕੋਇ ॥

ਹੇ ਭਾਈ ! ਅੰਤਰਿ = ਅੰਦਰੋਂ ਤਾਂ ਹੀ ਪੂਜਾ ਹੁੰਦੀ ਹੈ ਜੇ ਮਨ ਤੇ = ਤੋਂ ਹੋਇ = ਹੋਵੇ, ਭਾਵ ਜੇਕਰ ਮਨ ਅੰਦਰੋਂ ਜੁੜਿਆ ਹੋਵੇ ਤਾਂ ਹੀ ਅੰਦਰ ਪੂਜਾ ਹੁੰਦੀ ਹੈ।

ਐਸੀ ਪੂਜਾ ਕਰਨ ਵਾਲਾ ਮਨੁੱਖ ਸਭ ਥਾਈਂ ਏਕੋ = ਇਕ ਪਰਮਾਤਮਾ ਨੂੰ ਹੀ ਵੇਖੈ = ਦੇਖਦਾ ਹੈ, ਉਸ ਤੋਂ ਬਿਨਾਂ ਉਸ ਵਰਗਾ ਅਉਰੁ = ਹੋਰ ਕੋਇ = ਕੋਈ ਨਹੀਂ ਦੇਖਦਾ।

## ਦੂਜੈ ਲੋਕੀ; ਬਹੁਤੁ ਦੁਖੁ ਪਾਇਆ ॥ ਸਤਿਗੁਰਿ ਮੈਨੋ; ਏਕੁ ਦਿਖਾਇਆ ॥੧॥

ਦੂਜੈ = ਦ੍ਵੈਤ ਦੀ ਪੂਜਾ ਵਿਚ ਲੱਗੀ ਲੋਕੀ = ਲੋਕਾਈ ਨੇ ਬਹੁਤੁ = ਬੇਅੰਤ ਦੁਖੁ = ਕਸ਼ਟ ਪਾਇਆ = ਪਾਉਣਾ ਕੀਤਾ ਹੈ।

ਸਤਿਗੁਰਾਂ ਨੇ ਮੈਨੋ = ਮੈਨੂੰ ਸਭ ਥਾਈਂ ਏਕੁ = ਅਦੁੱਤੀ ਬ੍ਰਹਮ ਹੀ ਵਿਆਪਕ ਦਿਖਾਇਆ = ਵਿਖਾਲ ਦਿੱਤਾ ਹੈ ॥੧॥

## ਮੇਰਾ ਪ੍ਰਭੁ ਮਉਲਿਆ; ਸਦ ਬਸੰਤੁ ॥

ਹੇ ਭਾਈ ! ਮੇਰਾ ਪ੍ਰਭੁ = ਪ੍ਰਭੂ ਸਭ ਥਾਈਂ ਮਉਲਿਆ = ਪ੍ਰਫੁੱਲਤ ਹੋ ਰਿਹਾ, ਖਿਲ ਰਿਹਾ ਹੈ, ਜਿਸ ਕਰਕੇ ਸਦ = ਹਮੇਸ਼ਾਂ ਬਸੰਤੁ = ਅਨੰਦ ਦਾ ਖੇੜਾ ਬਣਿਆ ਹੋਇਆ ਹੈ।

## ਇਹੁ ਮਨੁ ਮਉਲਿਆ; ਗਾਇ ਗੁਣ ਗੋਬਿੰਦ ॥੧॥ਰਹਾਉ॥

ਗੋਬਿੰਦ = ਪਰਮਾਤਮਾ ਦੇ ਗੁਣ ਗਾਇ = ਗਾ ਕਰਕੇ ਮੇਰਾ ਇਹ ਮਨ ਵੀ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ ॥੧॥ਰਹਾਉ॥

## ਗੁਰ ਪੂਛਹੁ; ਤੁਮ੍ ਕਰਹੁ ਬੀਚਾਰੁ ॥ ਤਾਂ ਪ੍ਰਭ ਸਾਚੇ; ਲਗੈ ਪਿਆਰੁ ॥

ਹੇ ਭਾਈ ! ਗੁਰਾਂ ਤੋਂ ਪੂਛਹੁ = ਪੁੱਛ ਕੇ ਭਾਵ ਸਿੱਖਿਆ ਪ੍ਰਾਪਤ ਕਰਕੇ ਤੁਮ੍ = ਤੁਸੀਂ ਆਪਣੇ ਸਰੂਪ ਦੀ ਵਿਚਾਰ ਕਰਹੁ = ਕਰੋ।

ਤਾਂ ਸਾਚੇ = ਸੱਚੇ ਪ੍ਰਭ = ਪਰਮਾਤਮਾ ਨਾਲ ਤੁਹਾਡਾ ਪਿਆਰੁ = ਪ੍ਰੇਮ ਲੱਗ ਜਾਵੇਗਾ।

## ਆਪੁ ਛੋਡਿ; ਹੋਹਿ ਦਾਸਤ ਭਾਇ ॥
## ਤਉ ਜਗਜੀਵਨੁ; ਵਸੈ ਮਨਿ ਆਇ ॥੨॥

ਹੇ ਭਾਈ ! ਜੇਕਰ ਕੋਈ ਆਪੁ = ਆਪਾ-ਭਾਵ ਹੰਕਾਰ ਛੋਡਿ = ਛੱਡ ਕੇ ਦਾਸਤ ਭਾਇ = ਦਾਸਾ-ਭਾਵ ਦੇ ਸਹਿਤ ਹੋਹਿ = ਹੁੰਦਾ ਹੈ।

ਤਉ = ਤਾਂ ਜਗਜੀਵਨ = ਜਗਤ ਦਾ ਜੀਵਨ ਰੂਪ ਪ੍ਰਭੂ ਉਸਦੇ ਮਨ ਵਿਚ ਆਇ = ਆ ਕੇ ਵਸੈ = ਵੱਸ ਜਾਂਦਾ ਹੈ ॥੨॥

## ਭਗਤਿ ਕਰੇ; ਸਦ ਵੇਖੈ ਹਜੂਰਿ ॥ ਮੇਰਾ ਪ੍ਰਭੁ; ਸਦ ਰਹਿਆ ਭਰਪੂਰਿ ॥

ਜੋ ਮਨੁੱਖ ਪਰਮਾਤਮਾ ਦੀ ਭਗਤਿ = ਭਗਤੀ ਕਰੇ = ਕਰਦਾ ਹੈ, ਉਹ ਸਦ = ਹਮੇਸ਼ਾਂ ਹੀ ਪਰਮਾਤਮਾ ਨੂੰ ਆਪਣੇ ਹਜੂਰਿ = ਨੇੜੇ ਤੋਂ ਨੇੜੇ ਵੇਖੈ = ਦੇਖਦਾ ਹੈ।

ਅਤੇ ਨਿਸਚਾ ਕਰਦਾ ਹੈ ਕਿ ਮੇਰਾ ਪ੍ਰਭੁ = ਪਰਮਾਤਮਾ ਸਦ = ਹਮੇਸ਼ਾ ਹੀ ਸਭ ਥਾਈਂ ਭਰਪੂਰਿ = ਵਿਆਪਕ ਹੋ ਰਹਿਆ = ਰਿਹਾ ਹੈ।

## ਇਸੁ ਭਗਤੀ ਕਾ; ਕੋਈ ਜਾਣੈ ਭੇਉ ॥ ਸਭੁ ਮੇਰਾ ਪ੍ਰਭੁ; ਆਤਮ ਦੇਉ ॥੩॥

ਹੇ ਭਾਈ! ਇਸ ਭਾਉ ਭਗਤੀ ਕਾ = ਦਾ ਕੋਈ ਵਿਰਲਾ ਹੀ ਭੇਉ = ਭੇਦ ਜਾਣੈ = ਜਾਣਦਾ ਹੈ।

ਜੋ ਜਾਣ ਲੈਂਦਾ ਹੈ, ਉਹ ਐਸੇ ਨਿਸਚੇ ਕਰਦਾ ਹੈ ਕਿ ਮੇਰਾ ਪ੍ਰਭੁ = ਪਰਮਾਤਮਾ ਸਭੁ = ਸਾਰਿਆਂ ਵਿਚ ਆਤਮ = ਆਪਣਾ ਆਪ ਰੂਪ ਅਤੇ ਦੇਉ = ਪ੍ਰਕਾਸ਼ ਸਰੂਪ ਹੈ॥੩॥

## ਆਪੇ; ਸਤਿਗੁਰੁ ਮੇਲਿ ਮਿਲਾਏ ॥ ਜਗਜੀਵਨ ਸਿਉ; ਆਪਿ ਚਿਤੁ ਲਾਏ ॥

ਪ੍ਰਭੂ ਆਪ ਹੀ ਸਤਿਗੁਰਾਂ ਦੇ ਮੇਲ ਵਿਚ ਜੀਵਾਂ ਨੂੰ ਮਿਲਾਏ = ਮਿਲਾਉਂਦਾ ਹੈ ਅਤੇ ਗੁਰੂ ਰੂਪ ਵਿਚ ਜਗਜੀਵਨ = ਜਗਤ ਦੇ ਜੀਵਨ ਰੂਪ ਪ੍ਰਭੂ ਸਿਉ = ਨਾਲ ਆਪ ਹੀ ਚਿਤ = ਮਨ ਲਾਏ = ਲਾ ਦੇਂਦਾ ਹੈ।

## ਮਨੁ ਤਨੁ ਹਰਿਆ; ਸਹਜਿ ਸੁਭਾਏ ॥
## ਨਾਨਕ; ਨਾਮਿ ਰਹੇ ਲਿਵ ਲਾਏ ॥੪॥੪॥

ਉਨ੍ਹਾਂ ਦਾ ਸਹਿਜ ਸੁਭਾਏ = ਸੁਤੇ-ਸਿੱਧ, ਸੁਭਾਵਿਕ ਹੀ ਮਨੁ = ਹਿਰਦਾ ਤੇ ਤਨੁ = ਸਰੀਰ ਹਰਿਆ = ਹਰਾ ਭਰਾ ਹੋਇਆ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜੇ ਪਰਮਾਤਮਾ ਦੇ ਨਾਮ ਵਿਚ ਆਪਣੀ ਲਿਵ = ਬਿਰਤੀ, ਪ੍ਰੀਤੀ ਲਾਏ = ਲਾ ਕੇ ਰਹਿ ਰਹੇ ਹਨ॥੪॥੪॥

## ਬਸੰਤੁ ਮਹਲਾ ੩ ॥
## ਭਗਤਿ ਵਛਲੁ ਹਰਿ; ਵਸੈ ਮਨਿ ਆਇ ॥
## ਗੁਰ ਕਿਰਪਾ ਤੇ; ਸਹਜ ਸੁਭਾਇ ॥

ਭਗਤਿ = ਭਗਤੀ ਕਰਨ ਵਾਲਿਆਂ ਨਾਲ ਵਛਲੁ = ਪਿਆਰ ਕਰਨ ਵਾਲਾ ਹਰਿ = ਹਰੀ ਉਸ ਦੇ ਮਨਿ = ਹਿਰਦੇ ਵਿਚ ਆਇ = ਆ ਕੇ ਵਸੈ = ਵੱਸਦਾ ਹੈ।

ਜੋ ਮਨੁੱਖ ਗੁਰਾਂ ਦੀ ਕਿਰਪਾ = ਮਿਹਰ ਤੇ = ਤੋਂ ਅੰਦਰ ਸਹਜ = ਸ਼ਾਂਤੀ ਸੁਭਾਇ = ਸੁਭਾਅ ਧਾਰਨ ਕਰਕੇ ਰੱਖਦਾ ਹੈ।

## ਭਗਤਿ ਕਰੇ; ਵਿਚਹੁ ਆਪੁ ਖੋਇ ॥ ਤਦ ਹੀ; ਸਾਚਿ ਮਿਲਾਵਾ ਹੋਇ ॥੧॥

ਜਦੋਂ ਕੋਈ ਮਨੁੱਖ ਆਪਣੇ ਅੰਤਹਕਰਨ ਵਿਚਹੁ = ਅੰਦਰੋਂ ਆਪੁ = ਆਪਾ-ਭਾਵ ਹੰਕਾਰ ਖੋਇ = ਗੁਆ ਕੇ ਪ੍ਰਭੂ ਦੀ ਭਗਤਿ = ਭਗਤੀ ਕਰੇ = ਕਰਦਾ ਹੈ।

ਤਦ = ਤਦੋਂ ਹੀ ਉਸਦਾ ਸੱਚ ਸਰੂਪ ਵਿਚ ਮਿਲਾਵਾ = ਮਿਲਾਪ ਹੋਇ = ਹੁੰਦਾ ਹੈ॥੧॥

## ਭਗਤ ਸੋਹਹਿ ਸਦਾ; ਹਰਿ ਪ੍ਰਭ ਦੁਆਰਿ ॥

ਭਗਤ ਜਨ ਸਦਾ = ਹਮੇਸ਼ਾ ਹੀ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭ = ਪਰਮਾਤਮਾ ਦੇ ਦੁਆਰਿ = ਦਰ 'ਤੇ ਸੋਹਹਿ = ਸ਼ੋਭਦੇ ਹਨ **ਵਾ:** ਤੁਰੀਆ ਪਦ ਰੂਪੀ ਦਰ 'ਤੇ ਇਸਥਿਤ ਹੋ ਕੇ ਸ਼ੋਭਦੇ ਹਨ।

## ਗੁਰ ਕੈ ਹੇਤਿ; ਸਾਚੈ ਪ੍ਰੇਮ ਪਿਆਰਿ ॥੧॥ਰਹਾਉ॥

ਗੁਰੂ ਕੈ = ਦੇ ਹੇਤਿ = ਹਿਤ ਕਰਕੇ ਸਾਚੈ = ਸੱਚੇ ਪ੍ਰਭੂ ਦੇ ਪ੍ਰੇਮ ਵਿਚ ਪਿਆਰ ਪੈ ਜਾਂਦਾ ਹੈ **ਅਥਵਾ** ਗੁਰਾਂ ਕੈ = ਦੇ ਵਿਚ ਹੇਤਿ = ਪ੍ਰੇਮ ਕਾਰਨ ਗੁਰੂ ਮਨ ਬਾਣੀ ਸਰੀਰ ਕਰਕੇ ਸੱਚੇ ਦੇ ਪ੍ਰੇਮ ਦੇ ਪਿਆਰੇ ਬਣਾ ਦੇਂਦਾ ਹੈ॥੧॥ਰਹਾਉ॥

## ਭਗਤਿ ਕਰੇ; ਸੋ ਜਨੁ ਨਿਰਮਲੁ ਹੋਇ ॥ ਗੁਰ ਸਬਦੀ; ਵਿਚਹੁ ਹਉਮੈ ਖੋਇ ॥

ਜੋ ਪ੍ਰਭੂ ਦੀ ਭਗਤਿ = ਭਗਤੀ, ਬੰਦਗੀ ਕਰੇ = ਕਰਦਾ ਹੈ, ਸੋ = ਉਹ ਜਨੁ = ਪੁਰਖ ਮਾਇਆ ਦੀ ਮੈਲ ਤੋਂ ਰਹਿਤ ਨਿਰਮਲੁ = ਸ਼ੁੱਧ, ਉੱਜਲ ਜੀਵਨ ਵਾਲਾ ਹੋਇ = ਹੋ ਜਾਂਦਾ ਹੈ।

ਗੁਰਾਂ ਦੇ ਸਬਦੀ = ਉਪਦੇਸ਼ ਦੀ ਕਮਾਈ ਕਰਕੇ ਆਪਣੇ ਅੰਤਹਕਰਨ ਦੇ ਵਿਚਹੁ = ਅੰਦਰੋਂ ਹਉਮੈ = ਹੰਗਤਾ ਮਮਤਾ ਨੂੰ ਖੋਇ = ਗੁਆ ਦੇਂਦਾ ਹੈ।

## ਹਰਿ ਜੀਉ; ਆਪਿ ਵਸੈ ਮਨਿ ਆਇ ॥ ਸਦਾ ਸਾਂਤਿ; ਸੁਖਿ ਸਹਜਿ ਸਮਾਇ ॥੨॥

ਹਰਿ ਜੀਉ = ਪ੍ਰਭੂ ਜੀ ਆਪ ਹੀ ਉਸ ਦੇ ਮਨਿ = ਹਿਰਦੇ ਵਿਚ ਆਇ = ਆ ਕੇ ਵਸੈ = ਵੱਸ ਜਾਂਦਾ ਹੈ।

ਜਿਸ ਕਾਰਨ ਉਸਨੂੰ ਸਦਾ = ਹਮੇਸ਼ਾਂ ਸਾਂਤਿ = ਸ਼ਾਂਤੀ ਮਿਲਦੀ ਹੈ ਅਤੇ ਸਹਜਿ = ਸੁਭਾਵਿਕ ਹੀ ਮਨ ਸੁਖ ਸਰੂਪ ਵਿਚ ਸਮਾਇ = ਲੀਨ ਹੋ ਜਾਂਦਾ ਹੈ॥੨॥

## ਸਾਚਿ ਰਤੇ; ਤਿਨ੍ ਸਦ ਬਸੰਤ ॥ ਮਨੁ ਤਨੁ ਹਰਿਆ; ਰਵਿ ਗੁਣ ਗੁਵਿੰਦ ॥

ਜੋ ਪੁਰਖ ਸਾਚਿ = ਸੱਚੇ ਨਾਮ, ਪਰਮਾਤਮਾ ਦੇ ਪ੍ਰੇਮ ਰੰਗ ਵਿਚ ਰਤੇ = ਰੰਗੇ ਗਏ ਹਨ, ਤਿਨ੍ = ਉਨ੍ਹਾਂ ਲਈ ਸਦ = ਹਮੇਸ਼ਾਂ ਹੀ ਬਸੰਤ ਰੁੱਤ ਖਿੜੀ ਰਹਿੰਦੀ ਹੈ, ਭਾਵ ਉਨ੍ਹਾਂ ਲਈ ਸਦਾ ਹੀ ਅਨੰਦ ਬਣਿਆ ਰਹਿੰਦਾ ਹੈ।

ਗੁਵਿੰਦ = ਪਰਮਾਤਮਾ ਦੇ ਗੁਣ ਰਵਿ = ਉਚਾਰਣ ਕਰਕੇ ਉਨ੍ਹਾਂ ਦਾ ਮਨੁ = ਹਿਰਦਾ ਅਤੇ ਤਨੁ = ਸਰੀਰ ਸ਼ੁਭ ਗੁਣਾਂ **ਵਾ:** ਭਗਤੀ ਦੀ ਹਰਿਆ = ਹਰਿਆਵਲਤਾ ਦੇ ਸਹਿਤ ਹੋ ਜਾਂਦਾ ਹੈ।

## ਬਿਨੁ ਨਾਵੈ; ਸੂਕਾ ਸੰਸਾਰੁ ॥ ਅਗਨਿ ਤ੍ਰਿਸਨਾ; ਜਲੈ ਵਾਰੋ ਵਾਰ ॥੩॥

ਪਰਮਾਤਮਾ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਬਾਕੀ ਸਾਰਾ ਸੰਸਾਰੁ = ਜਗਤ ਹੀ ਸੋਗ ਵਿਚ ਸੂਕਾ = ਸੁੱਕਾ ਹੋਇਆ ਹੈ।

ਅਤੇ ਤ੍ਰਿਸ਼ਨਾ ਦੀ ਅਗਨਿ = ਅੱਗ ਕਰਕੇ ਵਾਰੋ ਵਾਰ = ਮੁੜ ਮੁੜ ਜਲੈ = ਸੜ ਰਿਹਾ ਹੈ॥੩॥

## ਸੋਈ ਕਰੇ; ਜਿ ਹਰਿ ਜੀਉ ਭਾਵੈ ॥ ਸਦਾ ਸੁਖੁ ਸਰੀਰਿ; ਭਾਣੈ ਚਿਤੁ ਲਾਵੈ ॥

ਗੁਰਮੁਖ ਜਨ ਸੋਈ = ਉਹੀ ਕਰਮ ਕਰੇ = ਕਰਦੇ ਹਨ, ਜਿ = ਜਿਹੜੇ ਹਰਿ ਜੀਉ = ਪ੍ਰਭੂ ਜੀ ਨੂੰ ਭਾਵੈ = ਭਾਉਂਦੇ ਹਨ।

ਪ੍ਰਭੂ ਦੇ ਭਾਣੈ = ਹੁਕਮ ਅਨੁਸਾਰ ਉਸਦੇ ਨਾਮ ਵਿਚ ਆਪਣਾ ਚਿਤੁ = ਮਨ ਲਾਵੈ = ਲਾਉਂਦੇ ਹਨ, ਜਿਸ ਕਰਕੇ ਉਨ੍ਹਾਂ ਦੇ ਸਰੀਰ ਵਿਚ ਸਦਾ = ਹਮੇਸ਼ਾ ਸੁਖ ਬਣਿਆ ਰਹਿੰਦਾ ਹੈ।

**ਅਪਣਾ ਪ੍ਰਭੁ ਸੇਵੇ; ਸਹਜਿ ਸੁਭਾਇ ॥ ਨਾਨਕ; ਨਾਮੁ ਵਸੈ ਮਨਿ ਆਇ ॥੪॥੫॥**

ਉਹ ਪ੍ਰਭੁ = ਪਰਮਾਤਮਾ ਨੂੰ ਆਪਣਾ ਆਸਰਾ ਜਾਣ ਕੇ ਸਹਜਿ ਸੁਭਾਇ = ਸੁਤੇ-ਸਿੱਧ **ਵਾ:** ਸਹਜਿ = ਸ਼ਾਂਤੀ ਸੁਭਾਇ = ਸੁਭਾਅ ਧਾਰ ਕੇ ਸੇਵੇ = ਸੇਵਨਾ ਕਰਦੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਗੁਰਮੁਖਾਂ ਦੇ ਮਨਿ ਹਿਰਦੇ ਵਿਚ ਪਰਮਾਤਮਾ ਦਾ ਨਾਮ ਆਇ = ਆ ਕੇ ਵਸੈ = ਵੱਸ ਜਾਂਦਾ ਹੈ ॥੪॥੫॥

## ਬਸੰਤੁ ਮਹਲਾ ੩ ॥

**ਮਾਇਆ ਮੋਹੁ; ਸਬਦਿ ਜਲਾਏ ॥ ਮਨੁ ਤਨੁ ਹਰਿਆ; ਸਤਿਗੁਰ ਭਾਏ ॥**

ਹੇ ਭਾਈ! ਗੁਰਮੁਖ ਜਨ ਮਾਇਆ ਦੇ ਮੋਹ ਨੂੰ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਜਲਾਏ = ਸਾੜ ਦੇਂਦੇ ਹਨ।

ਸਤਿਗੁਰਾਂ ਦੇ ਭਾਏ = ਪ੍ਰੇਮ ਕਰਕੇ ਉਨ੍ਹਾਂ ਦਾ ਮਨੁ = ਹਿਰਦਾ ਅਤੇ ਤਨੁ = ਸਰੀਰ ਸ਼ੁਭ ਗੁਣਾਂ ਕਰਕੇ ਸਦਾ ਹਰਿਆ = ਹਰਾ ਭਰਾ ਰਹਿੰਦਾ ਹੈ।

**ਸਫਲਿਓ ਬਿਰਖੁ; ਹਰਿ ਕੈ ਦੁਆਰਿ ॥ ਸਾਚੀ ਬਾਣੀ; ਨਾਮ ਪਿਆਰਿ ॥੧॥**

ਹਰਿ = ਪਰਮਾਤਮਾ ਕੈ = ਦੇ ਸਤਿਸੰਗਤ ਰੂਪੀ ਦੁਆਰਿ = ਦਰ ਵਿਚ ਇਸਥਿਤ ਰਹਿਣ ਕਰਕੇ ਉਨ੍ਹਾਂ ਦਾ ਸਰੀਰ ਰੂਪੀ ਬਿਰਖੁ = ਰੁੱਖ ਸਫਲਿਓ = ਸਫਲਾ ਹੈ **ਵਾ:** ਸਹਿਤ ਗਿਆਨ ਫਲ ਦੇ ਪ੍ਰਫੁੱਲਤ ਹੋ ਰਿਹਾ ਹੈ।

ਗੁਰਾਂ ਦੀ ਸਾਚੀ = ਸੱਚੀ ਬਾਣੀ ਦੁਆਰਾ ਉਨ੍ਹਾਂ ਦਾ ਪਰਮਾਤਮਾ ਦੇ ਨਾਮ ਵਿਚ ਪਿਆਰ ਲੱਗਾ ਰਹਿੰਦਾ ਹੈ ॥੧॥

**ਏ ਮਨ ਹਰਿਆ; ਸਹਜ ਸੁਭਾਇ ॥ ਸਚ ਫਲੁ ਲਾਗੈ; ਸਤਿਗੁਰ ਭਾਇ ॥੧॥ਰਹਾਉ॥**

ਗੁਰਮੁਖਾਂ ਦਾ ਏ = ਇਹ ਮਨ ਰੂਪੀ ਬਿਰਖ ਸਹਜ = ਸ਼ਾਂਤੀ ਸੁਭਾਇ = ਸੁਭਾਅ ਧਾਰ ਕੇ ਹਰਿਆ = ਹਰਾ ਭਰਾ ਹੋ ਰਿਹਾ ਹੈ।

ਜਿਸਨੂੰ ਸਤਿਗੁਰਾਂ ਦੇ ਭਾਇ = ਪ੍ਰੇਮ ਕਰਕੇ ਬ੍ਰਹਮ ਗਿਆਨ ਰੂਪੀ ਸੱਚਾ ਫਲ ਲਾਗੈ = ਲੱਗਾ ਹੋਇਆ ਹੈ ॥੧॥ਰਹਾਉ॥

**ਆਪੇ ਨੇੜੈ; ਆਪੇ ਦੂਰਿ ॥ ਗੁਰ ਕੈ ਸਬਦਿ; ਵੇਖੈ ਸਦ ਹਜੂਰਿ ॥**

ਪ੍ਰਭੂ ਆਪੇ = ਆਪ ਹੀ ਗੁਰਮੁਖ ਜਨਾਂ ਦੇ ਨੇੜੈ = ਨਜ਼ਦੀਕ ਹੈ ਅਤੇ ਆਪੇ = ਆਪ ਹੀ ਮਨਮੁਖਾਂ ਤੋਂ ਦੂਰ ਹੈ **ਵਾ:** ਸਾਰਿਆਂ ਦਾ ਆਤਮਾ ਰੂਪ ਹੋਣ ਕਰਕੇ ਨੇੜੇ ਵਰਤ ਰਿਹਾ ਹੈ ਅਤੇ ਆਪ ਹੀ ਪਾਪਾਂ ਪੁੰਨਾਂ ਤੋਂ ਪਰ੍ਹੇ ਦੂਰ ਵੱਸ ਰਿਹਾ ਹੈ।

ਜੋ ਗੁਰਾਂ ਕੇ = ਦੇ ਸਬਦਿ = ਉਪਦੇਸ਼ ਦੀ ਕਮਾਈ ਕਰਦਾ ਹੈ, ਉਹ ਸਦ = ਹਮੇਸ਼ਾਂ ਆਪਣੇ ਹਜੂਰਿ = ਨੇੜੇ ਆਪਣਾ ਆਤਮਾ ਰੂਪ ਕਰਕੇ ਵੇਖੈ = ਵੇਖਦਾ ਹੈ।

**ਛਾਵ ਘਣੀ; ਫੂਲੀ ਬਨਰਾਇ ॥ ਗੁਰਮੁਖਿ ਬਿਗਸੈ; ਸਹਜਿ ਸੁਭਾਇ ॥੨॥**

ਗੁਰਮੁਖ ਜਨਾਂ ਦੇ ਹਿਰਦੇ ਵਿਚ ਸ਼ਾਂਤੀ ਰੂਪੀ ਘਣੀ = ਸੰਘਣੀ ਛਾਵ = ਛਾਂ ਹੈ ਅਤੇ ਸ਼ੁੱਭ ਗੁਣਾਂ ਰੂਪੀ ਬਨਰਾਇ = ਬਨਸਪਤੀ ਫੂਲੀ = ਪ੍ਰਫੁੱਲਤ ਹੋ ਰਹੀ ਹੈ।

ਗੁਰਮੁਖ ਜਨ ਸਹਜਿ = ਸ਼ਾਂਤੀ ਸੁਭਾਇ = ਸੁਭਾਅ ਨੂੰ ਧਾਰਨ ਕਰਕੇ **ਵਾ:** ਸੁਤੇ-ਸਿਧ ਹੀ ਮਨ ਵਿਚ ਬਿਗਸੈ = ਖਿੜੇ ਰਹਿੰਦੇ ਹਨ ॥੨॥

## ਅਨਦਿਨੁ ਕੀਰਤਨੁ ਕਰਹਿ; ਦਿਨ ਰਾਤਿ ॥
## ਸਤਿਗੁਰਿ; ਗਵਾਈ ਵਿਚਹੁ ਜੂਠਿ ਭਰਾਂਤਿ ॥

ਉਹ ਦਿਨ ਰਾਤ ਅਨਦਿਨੁ = ਇਕ ਰਸ ਪਰਮਾਤਮਾ ਦਾ ਕੀਰਤਨੁ = ਭਜਨ, ਜਸ ਕਰਹਿ = ਕਰਦੇ ਰਹਿੰਦੇ ਹਨ **ਵਾ:** ਜਿਹੜੇ ਅਨਦਿਨੁ = ਰਾਤ ਦਿਨ ਪਰਮਾਤਮਾ ਦਾ ਕੀਰਤਨ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਅਵਿੱਦਿਆ ਰੂਪੀ ਰਾਤ ਤੋਂ ਗਿਆਨ ਰੂਪੀ ਦਿਨ ਚੜ੍ਹ ਗਿਆ ਹੈ।

ਸਤਿਗੁਰਾਂ ਨੇ ਉਨ੍ਹਾਂ ਦੇ ਹਿਰਦੇ ਵਿਚਹੁ = ਅੰਦਰੋਂ ਨਿੰਦਿਆ ਰੂਪੀ ਜੂਠ ਅਤੇ ਭਰਮ ਦੀ ਭਰਾਂਤਿ = ਭ੍ਰਾਂਤੀ ਗਵਾਈ = ਗਵਾ ਦਿੱਤੀ ਹੈ।

[ਅੰਗ ੧੧੭੪]

## ਪਰਪੰਚ ਵੇਖਿ; ਰਹਿਆ ਵਿਸਮਾਦੁ ॥ ਗੁਰਮੁਖਿ ਪਾਈਐ; ਨਾਮ ਪ੍ਰਸਾਦੁ ॥੩॥

ਨਾਮ ਦੀ ਕਮਾਈ ਵਾਲੇ ਗੁਰਮੁਖਾਂ ਦਾ ਮਨ ਪਰਪੰਚ = ਵਿਸ਼ੇਸ਼ ਕਰਕੇ ਪੰਜਾਂ (ਅਸਤੀ, ਭਾਂਤੀ, ਪ੍ਰੇਯ, ਨਾਮ ਤੇ ਰੂਪ) ਚੀਜ਼ਾਂ ਦੇ ਬਣੇ ਸੰਸਾਰ ਅੰਦਰ ਨਾਮ ਤੇ ਰੂਪ ਨੂੰ ਮਿਥਿਆ ਅਤੇ ਅਸਤੀ ਭਾਂਤੀ ਪ੍ਰੇਯ ਸਰੂਪ ਚੇਤਨ ਬ੍ਰਹਮ ਨੂੰ ਵੇਖਿ = ਦੇਖ ਕਰਕੇ ਵਿਸਮਾਦੁ = ਅਸਚਰਜ ਹੋ ਰਹਿਆ = ਰਿਹਾ ਹੈ।

ਉਹ ਨਾਮ ਗੁਰਮੁਖਿ = ਮੁਖੀ ਗੁਰਾਂ ਦੀ ਪ੍ਰਸਾਦੁ = ਕਿਰਪਾ ਦੁਆਰਾ ਹੀ ਪਾਈਐ = ਪ੍ਰਾਪਤ ਕਰੀਦਾ ਹੈ ॥੩॥

## ਆਪੇ ਕਰਤਾ; ਸਭਿ ਰਸ ਭੋਗ ॥ ਜੋ ਕਿਛੁ ਕਰੇ; ਸੋਈ ਪਰੁ ਹੋਗ ॥

ਕਰਤਾ ਪੁਰਖ ਆਪੇ = ਆਪ ਹੀ ਸਭਿ = ਸਾਰੇ ਰਸਾਂ ਨੂੰ ਭੋਗ = ਮਾਣ ਰਿਹਾ ਹੈ।

ਉਹ ਜੋ = ਜਿਹੜਾ ਕਿਛੁ = ਕੁਝ ਵੀ ਕਰੇ = ਕਰਦਾ ਹੈ, ਸੋਈ = ਉਹੋ ਹੀ ਪਰੁ = ਵਿਸ਼ੇਸ਼ ਕਰਕੇ ਤਿੰਨਾਂ ਕਾਲਾਂ ਵਿਚ ਹੋਗ = ਹੁੰਦਾ ਹੈ।

## ਵਡਾ ਦਾਤਾ; ਤਿਲੁ ਨ ਤਮਾਇ ॥
## ਨਾਨਕ ਮਿਲੀਐ; ਸਬਦੁ ਕਮਾਇ ॥੪॥੬॥

ਉਹ ਪਰਮਾਤਮਾ ਵੱਡਾ ਦਾਤਾ = ਦਾਨੀ ਹੈ, ਜਿਸ ਨੂੰ ਤਿਲੁ = ਰੰਚਕ ਮਾਤ੍ਰ ਵੀ ਕੋਈ ਤਮਾਇ = ਤਮ੍ਹਾ, ਖ਼੍ਵਾਹਿਸ਼ ਨਹੀਂ ਹੈ **ਵਾ:** ਤਮੋਗੁਣ ਨਹੀਂ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਾਂ ਦੇ ਸਬਦੁ = ਉਪਦੇਸ਼ ਨੂੰ ਕਮਾ ਕਰਕੇ ਉਸ ਪ੍ਰਭੂ ਨਾਲ ਮਿਲੀਐ = ਮਿਲੀਦਾ ਹੈ ॥੪॥੬॥

## ਬਸੰਤੁ ਮਹਲਾ ੩ ॥
## ਪੂਰੈ ਭਾਗਿ; ਸਚੁ ਕਾਰ ਕਮਾਵੈ ॥ ਏਕੋ ਚੇਤੈ; ਫਿਰਿ ਜੋਨਿ ਨ ਆਵੈ ॥

ਹੇ ਭਾਈ ! ਜਿਸ ਮਨੁੱਖ ਦੇ ਪੂਰੈ = ਪੂਰਨ ਭਾਗਿ = ਕਰਮ ਹਨ, ਉਹ ਸਚੁ = ਸੱਚੀ ਭਗਤੀ ਰੂਪੀ ਕਾਰ ਨੂੰ ਕਮਾਵੈ = ਕਮਾਉਣਾ ਕਰਦਾ ਹੈ।

ਉਹੋ ਏਕੋ = ਅਦੁੱਤੀ ਬ੍ਰਹਮ ਨੂੰ ਹੀ ਚੇਤੈ = ਸਿਮਰਨਾ ਕਰਦਾ ਹੈ, ਜਿਸ ਕਰਕੇ ਫਿਰਿ = ਮੁੜ ਕੇ ਜੋਨਿ = ਜੂਨਾਂ ਵਿਚ ਨਹੀਂ ਆਵੈ = ਆਉਂਦਾ।

## ਸਫਲ ਜਨਮੁ; ਇਸੁ ਜਗ ਮਹਿ ਆਇਆ ॥
## ਸਾਚਿ ਨਾਮਿ; ਸਹਜਿ ਸਮਾਇਆ ॥੧॥

ਇਸ ਜਗ = ਸੰਸਾਰ ਮਹਿ = ਵਿਚ ਆਇਆ ਹੋਇਆ ਉਸਦਾ ਮਨੁੱਖਾ ਜਨਮ ਸਫਲੁ = ਸਫਲਾ, ਪ੍ਰਮਾਣਿਕ ਹੈ **ਵਾ:** ਸਹਿਤ ਗਿਆਨ ਫਲ ਦੇ ਹੈ।

ਸਾਚਿ = ਸੱਚੇ ਨਾਮ ਵਿਚ ਸਹਜਿ = ਸੁਭਾਵਿਕ ਹੀ ਉਸਦਾ ਮਨ ਸਮਾਇਆ = ਲੀਨ ਹੋਇਆ ਹੈ **ਵਾ:** ਸੱਚੇ ਨਾਮ ਕਰਕੇ ਸਹਿਜ ਸਰੂਪ ਵਿਚ ਸਮਾਇਆ ਹੈ॥੧॥

## ਗੁਰਮੁਖਿ ਕਾਰ ਕਰਹੁ; ਲਿਵ ਲਾਇ ॥

ਹੇ ਭਾਈ! ਗੁਰਮੁਖਿ = ਮੁਖੀ ਗੁਰਾਂ ਦੁਆਰਾ ਭਗਤੀ ਦੀ ਕਾਰ ਕਰੋ ਅਤੇ ਪ੍ਰਭੂ ਵਿਚ ਆਪਣੀ ਲਿਵ = ਬਿਰਤੀ ਲਾਇ = ਲਾਉਣੀ ਕਰੋ **ਵਾ:** ਨਾਮ ਵਿਚ ਬਿਰਤੀ ਲਾ ਕੇ ਗੁਰਮੁਖਾਂ ਵਾਲੀ ਕਾਰ ਕਰਿਆ ਕਰੋ **ਵਾ:** ਗੁਰਮੁਖਾਂ ਦੀ ਸੰਗਤ ਵਿਚ ਮਿਲ ਕੇ ਲਿਵ ਲਾਉਣ ਰੂਪੀ ਕਾਰ ਕਮਾਉਣੀ ਕਰੋ।

## ਹਰਿ ਨਾਮੁ ਸੇਵਹੁ; ਵਿਚਹੁ ਆਪੁ ਗਵਾਇ ॥੧॥ਰਹਾਉ॥

ਆਪਣੇ ਅੰਤਹਕਰਨ ਦੇ ਵਿਚਹੁ = ਅੰਦਰੋਂ ਆਪੁ = ਆਪਾ-ਭਾਵ ਗਵਾਇ = ਗੁਆ ਕੇ ਹਰਿ = ਪਰਮਾਤਮਾ ਦਾ ਨਾਮ ਸੇਵਹੁ = ਸੇਵਨਾ, ਸਿਮਰਨਾ ਕਰੋ॥੧॥ਰਹਾਉ॥

## ਤਿਸੁ ਜਨ ਕੀ ਹੈ; ਸਾਚੀ ਬਾਣੀ ॥ ਗੁਰ ਕੈ ਸਬਦਿ; ਜਗ ਮਾਹਿ ਸਮਾਣੀ ॥

ਹੇ ਭਾਈ! ਤਿਸੁ = ਉਸ ਜਨ = ਮਨੁੱਖ ਕੀ = ਦੀ ਸਦਾ ਸੱਚੀ ਬਾਣੀ ਹੈ, ਭਾਵ ਸਦਾ ਸੱਚੇ ਬਚਨ ਬੋਲਦਾ ਹੈ।

ਜਿਸ ਨੇ ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੀ ਕਮਾਈ ਕੀਤੀ ਹੈ, ਉਸ ਦੀ ਵਡਿਆਈ ਸਾਰੇ ਜਗ = ਸੰਸਾਰ ਮਾਹਿ = ਵਿਚ ਸਮਾਣੀ = ਮਿਲੀ ਹੋਈ ਹੈ, ਭਾਵ ਸਾਰੇ ਸੰਸਾਰ ਅੰਦਰ ਹੀ ਉਸਦੀ ਕੀਰਤੀ ਹੁੰਦੀ ਹੈ।

## ਚਹੁ ਜੁਗ ਪਸਰੀ; ਸਾਚੀ ਸੋਇ ॥ ਨਾਮਿ ਰਤਾ; ਜਨੁ ਪਰਗਟੁ ਹੋਇ ॥੨॥

ਉਸ ਦੀ ਸਾਚੀ = ਸੱਚੀ ਸੋਇ = ਸ਼ੋਭਾ ਚਹੁ = ਚਾਰੇ ਜੁਗਾਂ ਵਿਚ ਪਸਰੀ = ਫੈਲੀ ਰਹਿੰਦੀ ਹੈ। ਪਰਮਾਤਮਾ ਦੇ ਨਾਮ ਵਿਚ ਰਤਾ = ਰੰਗਿਆ ਹੋਇਆ ਜਨੁ = ਮਨੁੱਖ ਕੁਲ ਦੁਨੀਆ ਵਿਚ ਪਰਗਟੁ = ਪ੍ਰਸਿੱਧ ਹੋਇ = ਹੋ ਜਾਂਦਾ ਹੈ॥੨॥

## ਇਕਿ ਸਾਚੈ ਸਬਦਿ; ਰਹੈ ਲਿਵ ਲਾਇ ॥ ਸੇ ਜਨ ਸਾਚੇ; ਸਾਚੈ ਭਾਇ ॥

ਇਕ ਗੁਰਮੁਖ ਜਨ ਗੁਰਾਂ ਦੇ ਸਾਚੈ = ਸੱਚੇ ਸਬਦਿ = ਉਪਦੇਸ਼ ਵਿਚ ਆਪਣੀ ਲਿਵ = ਬਿਰਤੀ ਲਾਇ = ਲਾ ਕੇ ਰਹੈ = ਰਹਿੰਦੇ ਹਨ।

ਸੇ = ਉਹ ਜਨ = ਪੁਰਖ ਸਾਚੇ = ਸੱਚੇ ਹਨ ਅਤੇ ਉਹੋ ਹੀ ਸਾਚੈ = ਸੱਚੇ ਸਰੂਪ ਪਰਮਾਤਮਾ ਨੂੰ ਭਾਇ = ਚੰਗੇ ਲੱਗੇ ਹਨ।

## ਸਾਚੁ ਧਿਆਇਨਿ; ਦੇਖਿ ਹਜੂਰਿ ॥ ਸੰਤ ਜਨਾ ਕੀ; ਪਗ ਪੰਕਜ ਧੂਰਿ ॥੩॥

ਉਹ ਸਾਚੁ = ਸੱਚੇ ਨਾਮ ਨੂੰ ਧਿਆਇਨਿ = ਆਰਾਧਦੇ ਹਨ ਅਤੇ ਵਾਹਿਗੁਰੂ ਨੂੰ ਸਦਾ ਆਪਣੇ ਹਜੂਰਿ = ਨੇੜੇ, ਅੰਗ-ਸੰਗ ਦੇਖਿ = ਵੇਖਦੇ ਹਨ।

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਪਗ = ਚਰਨਾਂ ਪੰਕਜ = ਕਮਲਾਂ ਦੀ ਧੂਰਿ = ਧੂੜੀ ਨੂੰ ਚਾਹੁੰਦੇ ਹਨ ॥੩॥

## ਏਕੋ ਕਰਤਾ; ਅਵਰੁ ਨ ਕੋਇ ॥ ਗੁਰ ਸਬਦੀ; ਮੇਲਾਵਾ ਹੋਇ ॥

ਉਨ੍ਹਾਂ ਦੀ ਐਸੀ ਦ੍ਰਿਸ਼ਟੀ ਹੁੰਦੀ ਹੈ ਕਿ ਏਕੋ = ਇਕ ਪਰਮਾਤਮਾ ਹੀ ਸਾਰੇ ਜਗਤ ਦਾ ਕਰਤਾ = ਰਚਨਹਾਰ ਹੈ, ਉਸ ਤੋਂ ਬਿਨਾਂ ਉਸ ਵਰਗਾ ਅਵਰੁ = ਹੋਰ ਕੋਇ = ਕੋਈ ਨਹੀਂ ਹੈ।

ਗੁਰਾਂ ਦੇ ਸਬਦੀ = ਉਪਦੇਸ਼ ਦੀ ਕਮਾਈ ਕਰਕੇ ਉਸ ਪ੍ਰਭੂ ਨਾਲ ਮੇਲਾਵਾ = ਮਿਲਾਪ ਹੋਇ = ਹੁੰਦਾ ਹੈ।

## ਜਿਨਿ ਸਚੁ ਸੇਵਿਆ; ਤਿਨਿ ਰਸੁ ਪਾਇਆ ॥
## ਨਾਨਕ; ਸਹਜੇ ਨਾਮਿ ਸਮਾਇਆ ॥੪॥੭॥

ਜਿਨਿ = ਜਿਸ ਮਨੁੱਖ ਨੇ ਵੀ ਸਚੁ = ਸੱਚੇ ਪਰਮਾਤਮਾ ਨੂੰ ਸੇਵਿਆ = ਸੇਵਨਾ, ਸਿਮਰਨਾ ਕੀਤਾ ਹੈ, ਤਿਨਿ = ਉਸ ਨੇ ਬ੍ਰਹਮਾਨੰਦ ਰੂਪੀ ਰਸ ਨੂੰ ਪਾਇਆ = ਪਾਉਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਸਹਜੇ = ਸੁਤੇ-ਸਿੱਧ ਹੀ ਨਾਮਿ = ਨਾਮੀ ਪਰਮਾਤਮਾ ਦੇ ਸਰੂਪ ਵਿਚ ਸਮਾਇਆ = ਲੀਨ ਹੋਇਆ ਹੈ ॥੪॥੭॥

## ਬਸੰਤੁ ਮਹਲਾ ੩ ॥

## ਭਗਤਿ ਕਰਹਿ ਜਨ; ਦੇਖਿ ਹਜੂਰਿ ॥ ਸੰਤ ਜਨਾ ਕੀ; ਪਗ ਪੰਕਜ ਧੂਰਿ ॥

ਪਰਮਾਤਮਾ ਨੂੰ ਆਪਣੇ ਹਜੂਰਿ = ਨੇੜੇ, ਅੰਗ-ਸੰਗ ਦੇਖਿ = ਵੇਖ ਕਰਕੇ ਜਗਿਆਸੂ ਜਨ ਪਰਮਾਤਮਾ ਦੀ ਭਗਤਿ = ਭਗਤੀ ਕਰਹਿ = ਕਰਦੇ ਹਨ।

ਅਤੇ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਕੀ = ਦੀ ਪਗ = ਚਰਨਾਂ ਪੰਕਜ = ਕਮਲਾਂ ਦੀ ਧੂਰਿ = ਧੂੜੀ ਨੂੰ ਚਾਹੁੰਦੇ ਰਹਿੰਦੇ ਹਨ।

## ਹਰਿ ਸੇਤੀ; ਸਦ ਰਹਹਿ ਲਿਵ ਲਾਇ ॥ ਪੂਰੈ ਸਤਿਗੁਰਿ; ਦੀਆ ਬੁਝਾਇ ॥੧॥

ਉਹ ਹਰਿ = ਪਰਮਾਤਮਾ ਦੇ ਸੇਤੀ = ਨਾਲ ਸਦ = ਹਮੇਸ਼ਾਂ ਆਪਣੀ ਲਿਵ = ਬਿਰਤੀ, ਪ੍ਰੀਤੀ ਲਾਇ = ਲਾ ਕੇ ਰਹਹਿ = ਰਹਿੰਦੇ ਹਨ।

ਇਹ ਪੂਰੈ = ਪੂਰਨ ਸਤਿਗੁਰਾਂ ਨੇ ਸਿੱਖਿਆ ਨੂੰ ਬੁਝਾਇ = ਸਮਝਾ ਦੀਆ = ਦਿੱਤਾ ॥੧॥

## ਦਾਸਾ ਕਾ ਦਾਸੁ; ਵਿਰਲਾ ਕੋਈ ਹੋਇ ॥ ਊਤਮ ਪਦਵੀ; ਪਾਵੈ ਸੋਇ ॥੧॥ਰਹਾਉ॥

ਹੇ ਭਾਈ! ਦਾਸਾ = ਸੇਵਕਾਂ ਕਾ = ਦਾ ਦਾਸੁ = ਸੇਵਕ ਕੋਈ ਵਿਰਲਾ = ਟਾਵਾਂ ਟਾਵਾਂ ਹੀ ਹੋਇ = ਹੁੰਦਾ ਹੈ।

ਜੋ ਹੁੰਦਾ ਹੈ ਸੋਇ = ਉਹ ਮਨੁੱਖ ਬ੍ਰਹਮ ਬੇਤਿਆਂ ਵਾਲੀ ਊਤਮ = ਸ੍ਰੇਸ਼ਟ ਪਦਵੀ ਪਾਵੈ = ਪਾ ਲੈਂਦਾ ਹੈ **ਵਾ:** ਤੁਰੀਆ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ ॥੧॥ਰਹਾਉ॥

## ਏਕੋ ਸੇਵਹੁ; ਅਵਰੁ ਨ ਕੋਇ ॥ ਜਿਤੁ ਸੇਵਿਐ; ਸਦਾ ਸੁਖੁ ਹੋਇ ॥

ਹੇ ਭਾਈ! ਏਕੋ = ਇਕ ਅਕਾਲ ਪੁਰਖ ਨੂੰ ਹੀ ਸੇਵਹੁ = ਸੇਵਨਾ, ਸਿਮਰਨਾ ਕਰੋ, ਕਿਉਂਕਿ ਉਸ ਤੋਂ ਬਿਨਾਂ ਉਸ ਵਰਗਾ ਅਵਰੁ = ਹੋਰ ਕੋਈ ਸੇਵਨੇ ਯੋਗ ਨਹੀਂ ਹੈ। ਜਿਤੁ = ਜਿਸ ਪਰਮਾਤਮਾ ਦੇ ਸੇਵਿਐ = ਸੇਵਨੇ ਕਰਕੇ ਸਦਾ = ਹਮੇਸ਼ਾਂ ਆਤਮਿਕ ਸੁਖ ਦੀ ਪ੍ਰਾਪਤੀ ਹੋਇ = ਹੁੰਦੀ ਹੈ।

## ਨਾ ਓਹੁ ਮਰੈ; ਨ ਆਵੈ ਜਾਇ ॥ ਤਿਸੁ ਬਿਨੁ; ਅਵਰੁ ਸੇਵੀ ਕਿਉ ਮਾਇ ॥੨॥

ਹੇ ਭਾਈ! ਉਹ ਪਰਮਾਤਮਾ ਨਾ ਹੀ ਮੌਤ ਕਰਕੇ ਮਰੈ = ਮਰਦਾ ਹੈ ਅਤੇ ਨਾ ਹੀ ਜੰਮਣ ਮਰਣ ਵਿਚ ਆਵੈ ਜਾਇ = ਆਉਂਦਾ ਜਾਂਦਾ ਹੈ।

ਹੇ ਮੇਰੀ ਮਾਇ = ਮਾਤਾ ਭਾਵ ਸੰਤ ਜਨੋਂ! ਫੇਰ ਤਿਸੁ = ਉਸ ਪਰਮਾਤਮਾ ਤੋਂ ਬਿਨੁ = ਬਗ਼ੈਰ ਅਵਰੁ = ਹੋਰ ਕੋਈ ਕਿਉ = ਕਿਸ ਲਈ ਸੇਵੀ = ਸੇਵਨਾ ਕਰੀਏ ਭਾਵ ਹੋਰ ਕੋਈ ਸੇਵਨੇ ਜੋਗ ਨਹੀਂ ਹੈ ॥੨॥

## ਸੇ ਜਨ ਸਾਚੇ; ਜਿਨੀ ਸਾਚੁ ਪਛਾਣਿਆ ॥
## ਆਪੁ ਮਾਰਿ; ਸਹਜੇ ਨਾਮਿ ਸਮਾਣਿਆ ॥

ਹੇ ਭਾਈ! ਸੇ = ਉਹ ਜਨ = ਪੁਰਖ ਹੀ ਸਾਚੇ = ਸੱਚੇ ਜੀਵਨ ਵਾਲੇ ਹਨ, ਜਿਨੀ = ਜਿਨ੍ਹਾਂ ਨੇ ਸਾਚੁ = ਸੱਚੇ ਪਰਮਾਤਮਾ, ਨਾਮ ਨੂੰ ਗੁਰਾਂ ਦੁਆਰਾ ਪਛਾਣਿਆ = ਪਛਾਣਨਾ ਕੀਤਾ ਹੈ।

ਉਹ ਆਪੁ = ਆਪਾ-ਭਾਵ (ਹੰਕਾਰ) ਮਾਰਿ = ਨਵਿਰਤ ਕਰਕੇ ਸਹਜੇ = ਸੁਤੇ-ਸਿੱਧ ਨਾਮਿ = ਨਾਮੀ ਪਰਮਾਤਮਾ ਦੇ ਸਰੂਪ ਵਿਚ ਸਮਾਣਿਆ = ਸਮਾਅ, ਲੀਨ ਹੋ ਗਏ ਹਨ।

## ਗੁਰਮੁਖਿ; ਨਾਮੁ ਪਰਾਪਤਿ ਹੋਇ ॥ ਮਨੁ ਨਿਰਮਲੁ; ਨਿਰਮਲ ਸਚੁ ਸੋਇ ॥੩॥

ਗੁਰਮੁਖਿ = ਮੁਖੀ ਗੁਰਾਂ ਦੁਆਰਾ ਹੀ ਨਾਮੀ ਦਾ ਨਾਮ ਪ੍ਰਾਪਤ ਹੋਇ = ਹੁੰਦਾ ਹੈ।

ਜਿਸ ਨੂੰ ਪ੍ਰਾਪਤ ਹੋਇਆ ਹੈ ਉਸਦਾ ਮਨ ਵੀ ਅਵਿੱਦਿਆ ਦੀ ਮੈਲ ਤੋਂ ਰਹਿਤ ਨਿਰਮਲੁ = ਉੱਜਲ ਹੋ ਜਾਂਦਾ ਹੈ ਅਤੇ ਉਸਦੀ ਸਚੁ = ਸੱਚੀ ਸੋਇ = ਸ਼ੋਭਾ ਵੀ ਨਿਰਮਲ = ਉੱਜਲ ਹੁੰਦੀ ਹੈ ॥੩॥

## ਜਿਨਿ ਗਿਆਨੁ ਕੀਆ; ਤਿਸੁ ਹਰਿ ਤੂ ਜਾਣੁ ॥
## ਸਾਚ ਸਬਦਿ; ਪ੍ਰਭੁ ਏਕੁ ਸਿਞਾਣੁ ॥

ਹੇ ਭਾਈ! ਜਿਨਿ = ਜਿਸ ਪਰਮਾਤਮਾ ਨੇ ਤੈਨੂੰ ਸਾਰਾ ਗਿਆਨ ਦੇਣਾ ਕੀਆ = ਕੀਤਾ ਹੈ, ਤਿਸੁ = ਉਸ ਹਰਿ = ਪ੍ਰਭੂ ਨੂੰ ਤੂੰ ਜਾਣੁ = ਜਾਨਣਾ ਕਰ।

ਗੁਰਾਂ ਦੇ ਸਾਚ = ਸੱਚੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਏਕੁ = ਇਕ ਪ੍ਰਭੁ = ਪਰਮਾਤਮਾ ਨੂੰ ਸਿਞਾਣੁ = ਪਛਾਣਨਾ ਕਰ।

## ਹਰਿ ਰਸੁ ਚਾਖੈ; ਤਾਂ ਸੁਧਿ ਹੋਇ ॥ ਨਾਨਕ, ਨਾਮਿ ਰਤੇ; ਸਚੁ ਸੋਇ ॥੪॥੮॥

ਹੇ ਭਾਈ! ਜੇਕਰ ਤੂੰ ਹਰਿ = ਪਰਮਾਤਮਾ ਦੇ ਨਾਮ ਰਸ ਨੂੰ ਚਾਖੈ = ਚੱਖੇਂਗਾ, ਭਾਵ ਜਪੇਂਗਾ ਤਾਂ ਹੀ ਤੇਰਾ ਅੰਤਹਕਰਨ ਸੁਧਿ = ਉੱਜਲ ਹੋਇ = ਹੋਵੇਗਾ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਵੀ ਮਨੁੱਖ ਪਰਮਾਤਮਾ ਦੇ ਨਾਮ ਵਿਚ ਰਤੇ = ਰੰਗੇ ਗਏ ਹਨ, ਉਹ ਸਚੁ = ਸੱਚੀ ਸੋਇ = ਸ਼ੋਭਾ ਵਾਲੇ ਹੋਏ ਹਨ ॥੪॥੮॥

## ਬਸੰਤੁ ਮਹਲਾ ੩ ॥

## ਨਾਮਿ ਰਤੇ; ਕੁਲਾਂ ਕਾ ਕਰਹਿ ਉਧਾਰੁ ॥ ਸਾਚੀ ਬਾਣੀ; ਨਾਮ ਪਿਆਰੁ ॥

ਹੇ ਭਾਈ ! ਜੋ ਮਨੁੱਖ ਪਰਮਾਤਮਾ ਦੇ ਨਾਮ ਵਿਚ ਰਤੇ = ਰੰਗੇ ਹੋਏ ਹਨ, ਉਹ ਆਪਣੀਆਂ ਕੁਲਾਂ ਕਾ = ਦਾ ਉਧਾਰੁ = ਪਾਰ-ਉਤਾਰਾ ਕਰਹਿ = ਕਰ ਲੈਂਦੇ ਹਨ।

ਉਨ੍ਹਾਂ ਦਾ ਗੁਰਾਂ ਦੀ ਉਪਦੇਸ਼ ਰੂਪੀ ਸੱਚੀ ਬਾਣੀ ਅਤੇ ਪਰਮਾਤਮਾ ਦੇ ਨਾਮ ਵਿਚ ਹੀ ਪਿਆਰ ਹੁੰਦਾ ਹੈ।

## ਮਨਮੁਖ ਭੂਲੇ; ਕਾਹੇ ਆਏ ॥ ਨਾਮਹੁ ਭੂਲੇ; ਜਨਮੁ ਗਵਾਏ ॥੧॥

ਮਨਮੁਖ ਲੋਕ ਅਗਿਆਨ ਕਰਕੇ ਆਪਣੇ ਸਰੂਪ ਤੋਂ ਭੂਲੇ = ਭੁੱਲੇ ਹੋਏ ਹਨ, ਉਹ ਮਨੁੱਖਾ ਜਨਮ ਧਾਰ ਕੇ ਇਸ ਸੰਸਾਰ ਵਿਚ ਕਾਹੇ = ਕਿਸ ਵਾਸਤੇ ਆਏ ਹਨ ਭਾਵ ਉਨ੍ਹਾਂ ਦਾ ਆਉਣਾ ਨਿਸਫਲ ਹੀ ਹੈ ਕਿਉਂਕਿ :

ਉਹ ਪਰਮਾਤਮਾ ਦੇ ਨਾਮਹੁ = ਨਾਮ ਤੋਂ ਵੀ ਭੂਲੇ = ਭੁੱਲੇ ਹੋਏ ਹਨ ਅਤੇ ਵਿਕਾਰਾਂ ਵਿਚ ਲੱਗ ਕੇ ਆਪਣਾ ਜਨਮ ਵਿਅਰਥ ਗਵਾਏ = ਗੁਆ ਜਾਂਦੇ ਹਨ ॥੧॥

## ਜੀਵਤ ਮਰੈ; ਮਰਿ ਮਰਣੁ ਸਵਾਰੈ ॥ ਗੁਰ ਕੈ ਸਬਦਿ; ਸਾਚੁ ਉਰ ਧਾਰੈ ॥੧॥ਰਹਾਉ॥

ਜਿਹੜਾ ਮਨੁੱਖ ਜੀਵਤ-ਭਾਵ ਵੱਲੋਂ ਮਰੈ = ਮਰ ਜਾਂਦਾ ਹੈ, ਉਹ ਮਰਿ = ਮੌਤ ਤੋਂ ਪਹਿਲਾਂ ਹੀ ਆਪਣਾ ਮਰਣਾ ਸਵਾਰੈ = ਸੰਵਾਰ ਲੈਂਦਾ ਹੈ।

ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਸਾਚੁ = ਸੱਚੇ ਨਾਮ ਨੂੰ ਆਪਣੇ ਉਰ = ਹਿਰਦੇ ਵਿਚ ਧਾਰੈ = ਧਾਰਨ ਕਰਦਾ ਹੈ ॥੧॥ਰਹਾਉ॥

## ਗੁਰਮੁਖਿ ਸਚੁ ਭੋਜਨੁ; ਪਵਿਤੁ ਸਰੀਰਾ ॥ ਮਨੁ ਨਿਰਮਲੁ; ਸਦ ਗੁਣੀ ਗਹੀਰਾ ॥

ਗੁਰਮੁਖਾਂ ਨੂੰ ਸਚੁ = ਸੱਚਾ ਨਾਮ ਰੂਪੀ ਭੋਜਨ ਪ੍ਰਾਪਤ ਹੋਇਆ ਹੈ, ਇਸ ਲਈ ਉਨ੍ਹਾਂ ਦਾ ਸਰੀਰ = ਤਨ ਵਿਕਾਰਾਂ ਤੋਂ ਰਹਿਤ ਹੋਣ ਕਾਰਨ ਪਵਿਤੁ = ਪਵਿੱਤ੍ਰ ਹੈ **ਵਾ:** ਅਖੰਡ ਚੇਤਨ ਦੇਹ ਰੂਪ ਪਵਿਤ੍ਰ ਸਰੀਰ ਪ੍ਰਾਪਤ ਹੋਇਆ ਹੈ।

ਉਨ੍ਹਾਂ ਦਾ ਮਨ ਵੀ ਨਿਰਮਲੁ = ਉੱਜਲ ਹੈ ਅਤੇ ਉਹ ਸਦ = ਹਮੇਸ਼ਾਂ ਲਈ ਗੁਣੀ = ਗੁਣਾਂ ਦੇ ਗਹੀਰਾ = ਖ਼ਜ਼ਾਨੇ ਹੀ ਬਣ ਗਏ ਹਨ।

## ਜੰਮੈ ਮਰੈ ਨ; ਆਵੈ ਜਾਇ ॥ ਗੁਰਪਰਸਾਦੀ; ਸਾਚਿ ਸਮਾਇ ॥੨॥

('ਨ' ਦੇਹਲੀ ਦੀਪਕ ਹੈ)

ਉਹ ਜੰਮੈ ਮਰੈ = ਜੰਮਦੇ ਮਰਦੇ ਨਹੀਂ ਹਨ ਅਤੇ ਨਾ ਹੀ ਵਾਸ਼ਨਾ ਦੇ ਬੱਧੇ ਹੋਏ ਆਵੈ = ਆਉਂਦੇ ਜਾਇ = ਜਾਂਦੇ ਹਨ।

ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਉਹ ਸਾਚਿ = ਸੱਚ ਸਰੂਪ ਵਿਚ ਸਮਾਇ = ਲੀਨ ਹੋ ਜਾਂਦੇ ਹਨ ॥੨॥

## ਸਾਚਾ ਸੇਵਹੁ; ਸਾਚੁ ਪਛਾਣੈ ॥ ਗੁਰ ਕੈ ਸਬਦਿ; ਹਰਿ ਦਰਿ ਨੀਸਾਣੈ ॥

ਹੇ ਭਾਈ ! ਸਾਚਾ = ਸੱਚੇ ਪਰਮਾਤਮਾ ਨੂੰ ਸੇਵਹੁ = ਸੇਵਨਾ, ਸਿਮਰਨਾ ਕਰੋ, ਫੇਰ ਉਸ ਸਾਚੁ = ਸੱਚੇ ਨੂੰ ਪਛਾਣੈ = ਪਛਾਣ ਲਵੋਗੇ।

ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਹਰਿ = ਪਰਮਾਤਮਾ ਦੇ ਸਾਧਸੰਗਤ, ਸਚਖੰਡ, ਸੰਸਾਰ ਰੂਪੀ ਦਰ ਵਿਚ ਨੀਸਾਣੈ = ਪ੍ਰਗਟ ਹੋ ਜਾਵੋਗੇ।

[ਅੰਗ ੧੧੭੫]

## ਦਰਿ ਸਾਚੈ; ਸਚੁ ਸੋਭਾ ਹੋਇ ॥ ਨਿਜ ਘਰਿ ਵਾਸਾ; ਪਾਵੈ ਸੋਇ ॥੩॥

ਫੇਰ ਸਾਚੈ = ਸੱਚੇ ਪਰਮਾਤਮਾ ਦੇ ਸਾਧਸੰਗਤ, ਸੱਚਖੰਡ ਰੂਪੀ ਦਰਿ = ਦੁਆਰੇ ਵਿਚ ਸਚੁ = ਸੱਚੀ ਸੋਭਾ = ਵਡਿਆਈ ਹੋਇ = ਹੋਵੇਗੀ।

ਸੋ ਜੋ ਵੀ ਸੱਚੇ ਨੂੰ ਸੇਵੇਗਾ, ਸੋਇ = ਉਹ ਮਨੁੱਖ ਨਿਜ = ਆਪਣੇ ਸਰੂਪ ਰੂਪੀ ਘਰ ਵਿਚ ਵਾਸਾ = ਨਿਵਾਸ ਪਾਵੈ = ਪਾ ਲਵੇਗਾ ॥੩॥

## ਆਪਿ ਅਭੁਲੁ; ਸਚਾ ਸਚੁ ਸੋਇ ॥ ਹੋਰਿ ਸਭਿ ਭੂਲਹਿ; ਦੂਜੈ ਪਤਿ ਖੋਇ ॥

ਸੋਇ = ਉਹ ਸੱਚਾ ਪਰਮਾਤਮਾ ਸਚੁ = ਨਿਸਚੇ ਕਰਕੇ ਆਪ ਅਭੁਲੁ = ਭੁੱਲਣ ਤੋਂ ਰਹਿਤ ਹੈ।

ਹੋਰ ਸਭਿ = ਸਾਰੇ ਭੂਲਹਿ = ਭੁੱਲ ਵਿਚ ਪਏ ਰਹਿੰਦੇ ਹਨ ਅਤੇ ਦੂਜੈ = ਦ੍ਵੈਤ-ਭਾਵ ਵਿਚ ਆਪਣੀ ਪਤਿ = ਇੱਜ਼ਤ ਖੋਇ = ਗੁਆ ਲੈਂਦੇ ਹਨ।

## ਸਾਚਾ ਸੇਵਹੁ; ਸਾਚੀ ਬਾਣੀ ॥ ਨਾਨਕ; ਨਾਮੇ ਸਾਚਿ ਸਮਾਣੀ ॥੪॥੯॥

ਹੇ ਭਾਈ! ਗੁਰਾਂ ਦੀ ਸਤਿਨਾਮ, ਉਪਦੇਸ਼ ਰੂਪੀ ਸਾਚੀ = ਸੱਚੀ ਬਾਣੀ ਦੁਆਰਾ ਸਾਚਾ = ਸੱਚਾ ਪ੍ਰਭੂ ਸੇਵਹੁ = ਸੇਵਨਾ ਕਰੋ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੇਵਨ ਵਾਲਿਆਂ ਦੀ ਬਿਰਤੀ ਨਾਮੇ = ਨਾਮ ਦੁਆਰਾ ਉਸਦੇ ਸੱਚ ਸਰੂਪ ਵਿਚ ਸਮਾਣੀ = ਸਮਾਅ ਗਈ ਹੈ ॥੪॥੯॥

## ਬਸੰਤੁ ਮਹਲਾ ੩ ॥

## ਬਿਨੁ ਕਰਮਾ; ਸਭ ਭਰਮਿ ਭੁਲਾਈ ॥ ਮਾਇਆ ਮੋਹਿ; ਬਹੁਤੁ ਦੁਖੁ ਪਾਈ ॥

ਪਰਮਾਤਮਾ ਦੀ ਕਰਮਾ = ਮਿਹਰ **ਵਾ:** ਨਿਸ਼ਕਾਮ ਕਰਮਾਂ ਤੋਂ ਬਿਨੁ = ਬਗ਼ੈਰ ਸਭ = ਸਾਰੀ ਸ੍ਰਿਸ਼ਟੀ ਭਰਮ ਵਿਚ ਭੁਲਾਈ = ਭੁੱਲੀ ਹੋਈ ਹੈ।

ਏਸੇ ਕਰਕੇ ਮਾਇਆ ਦੇ ਮੋਹਿ = ਮੋਹ ਕਰਕੇ ਜੰਮਣ ਮਰਣ ਰੂਪੀ ਬੇਅੰਤ ਦੁਖ ਪਾਈ = ਪਾ ਰਹੀ ਹੈ।

## ਮਨਮੁਖ ਅੰਧੇ; ਠਉਰ ਨ ਪਾਈ ॥
## ਬਿਸਟਾ ਕਾ ਕੀੜਾ; ਬਿਸਟਾ ਮਾਹਿ ਸਮਾਈ ॥੧॥

ਮਨਮੁਖ ਪੁਰਖ ਮਨਬੁੱਧ ਰੂਪੀ ਨੇਤ੍ਰਾਂ ਵਿਚ ਵਿਚਾਰ ਰੂਪੀ ਨਿਗ੍ਹਾ ਤੋਂ ਬਿਨਾਂ ਅੰਧੇ = ਅੰਨ੍ਹੇ ਹਨ, ਉਨ੍ਹਾਂ ਨੇ ਸਰੂਪ, ਤੁਰੀਆ ਪਦ ਵਿਚ ਠਉਰ = ਇਸਥਿਤੀ ਨਹੀਂ ਪਾਈ = ਪਾਉਣੀ ਕੀਤੀ।

ਜਿਵੇਂ ਬਿਸਟਾ = ਗੰਦਗੀ ਕਾ = ਦਾ ਕੀੜਾ ਬਿਸਟਾ = ਗੰਦਗੀ ਦੇ ਮਾਹਿ = ਵਿਚ ਹੀ ਸਮਾਈ = ਮਿਲਿਆ ਰਹਿੰਦਾ ਹੈ, ਇਉਂ ਮਨਮੁਖ ਪਹਿਲਾਂ ਮਾਤਾ ਦੇ ਗਰਭ ਰੂਪੀ ਮੈਲ ਦੇ ਕੀੜੇ ਸਨ ਅਤੇ ਹੁਣ ਵਿਸ਼ਿਆਂ ਦੀ ਗੰਦਗੀ ਵਿਚ ਸਮਾਏ ਰਹਿੰਦੇ ਹਨ **ਵਾ:** ਅੱਗੇ ਨਰਕ ਰੂਪੀ ਬਿਸਟਾ ਵਿਚ ਸਮਾਉਣਗੇ ॥੧॥

**ਹੁਕਮੁ ਮੰਨੇ; ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ; ਨਾਮਿ ਨੀਸਾਣੁ ॥੧॥ਰਹਾਉ॥**

ਹੇ ਭਾਈ! ਜੋ ਪਰਮਾਤਮਾ ਦਾ ਹੁਕਮ ਮੰਨੇ = ਮੰਨਦਾ ਹੈ, ਸੋ = ਉਹ ਜਨੁ = ਪੁਰਖ ਲੋਕ-ਪ੍ਰਲੋਕ ਵਿਚ ਪਰਵਾਣੁ = ਪਰਵਾਣਿਕ, ਸਫਲ ਜੀਵਨ ਵਾਲਾ ਹੈ।

ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੁਆਰਾ ਨਾਮਿ = ਨਾਮੀ ਪ੍ਰਭੂ ਉਸਦੇ ਅੰਦਰ ਨੀਸਾਣੁ = ਪ੍ਰਗਟ ਹੋਇਆ ਹੈ ॥੧॥ਰਹਾਉ॥

**ਸਾਚਿ ਰਤੇ; ਜਿਨ੍ਾ ਧੁਰਿ ਲਿਖਿ ਪਾਇਆ ॥
ਹਰਿ ਕਾ ਨਾਮੁ; ਸਦਾ ਮਨਿ ਭਾਇਆ ॥**

ਹੇ ਭਾਈ! ਉਹੀ ਮਨੁੱਖ ਸਾਚਿ = ਸੱਚੇ ਨਾਮ ਵਿਚ ਰਤੇ = ਰੰਗੇ ਹਨ, ਜਿਨ੍ਹਾਂ ਨੂੰ ਧੁਰਿ = ਧੁਰ ਦਰਗਾਹ ਤੋਂ ਹੀ ਉੱਤਮ ਲੇਖ ਲਿਖ ਕੇ ਪਾਇਆ ਹੈ।

ਹਰਿ = ਪਰਮਾਤਮਾ ਕਾ = ਦਾ ਨਾਮ ਸਦਾ = ਹਮੇਸ਼ਾਂ ਹੀ ਉਨ੍ਹਾਂ ਦੇ ਮਨਿ = ਹਿਰਦੇ ਵਿਚ ਭਾਇਆ = ਚੰਗਾ ਲੱਗਾ ਹੈ।

**ਸਤਿਗੁਰ ਕੀ ਬਾਣੀ; ਸਦਾ ਸੁਖੁ ਹੋਇ ॥ ਜੋਤੀ ਜੋਤਿ; ਮਿਲਾਏ ਸੋਇ ॥੨॥**

ਸਤਿਗੁਰਾਂ ਕੀ = ਦੀ ਸਿੱਖਿਆ ਰੂਪੀ ਬਾਣੀ ਦੁਆਰਾ ਸਦਾ = ਹਮੇਸ਼ਾਂ ਸੁਖੁ = ਅਨੰਦ ਦੀ ਪ੍ਰਾਪਤੀ ਹੋਇ = ਹੁੰਦੀ ਹੈ।

ਸੋਇ = ਉਹ ਬਾਣੀ ਜੋਤੀ = ਅਦ੍ਵੈਤ ਅਨੰਦ ਸਰੂਪ ਵਿਚ ਜੀਵ ਦੀ ਪਰਤਕ ਜੋਤ ਨੂੰ ਮਿਲਾਏ = ਮਿਲਾ ਦੇਂਦੀ ਹੈ ॥੨॥

**ਏਕੁ ਨਾਮੁ; ਤਾਰੇ ਸੰਸਾਰੁ ॥ ਗੁਰਪਰਸਾਦੀ; ਨਾਮ ਪਿਆਰੁ ॥**

ਹੇ ਭਾਈ! ਇੱਕੋ ਇਕ ਪਰਮਾਤਮਾ ਦਾ ਨਾਮ ਹੀ ਕੁਲ ਸੰਸਾਰੁ = ਜਗਤ ਨੂੰ ਤਾਰੇ = ਤਾਰਨ ਵਾਲਾ ਹੈ।

ਇਸ ਲਈ ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਪਰਮਾਤਮਾ ਦੇ ਨਾਮ ਵਿਚ ਪਿਆਰੁ = ਪ੍ਰੇਮ ਕਰੋ।

**ਬਿਨੁ ਨਾਮੈ; ਮੁਕਤਿ ਕਿਨੈ ਨ ਪਾਈ ॥ ਪੂਰੇ ਗੁਰ ਤੇ; ਨਾਮੁ ਪਲੈ ਪਾਈ ॥੩॥**

ਪਰਮਾਤਮਾ ਦੇ ਨਾਮੈ = ਨਾਮ ਤੋਂ ਬਿਨੁ = ਬਗ਼ੈਰ ਕਿਨੈ = ਕਿਸੇ ਨੇ ਵੀ ਮੁਕਤਿ = ਕਲਿਆਣ ਨਹੀਂ ਪਾਈ = ਪਾਉਣਾ ਕੀਤੀ।

ਪੂਰੇ = ਪੂਰਨ ਗੁਰਾਂ ਤੇ = ਤੋਂ ਹੀ ਪਰਮਾਤਮਾ ਦੇ ਨਾਮ ਦੀ ਦਾਤ ਹਿਰਦੇ ਰੂਪੀ ਪੱਲੇ ਵਿਚ ਪਾਈ = ਪਾਉਣਾ ਕਰੀਦੀ ਹੈ ॥੩॥

**ਸੋ ਬੂਝੈ; ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ; ਨਾਮੁ ਦ੍ਰਿੜਾਏ ॥**

ਇਹ ਗੱਲ ਸੋ = ਉਹੋ ਹੀ ਬੂਝੈ = ਬੁੱਝਦਾ, ਸਮਝਦਾ ਹੈ, ਜਿਸ ਨੂੰ ਪ੍ਰਭੂ ਆਪ ਬੁਝਾਏ = ਸਮਝਾਉਣਾ ਕਰਦਾ ਹੈ।

ਫੇਰ ਸਤਿਗੁਰਾਂ ਦੀ ਸੇਵਾ = ਟਹਿਲ ਵਿਚ ਲਾ ਕੇ ਆਪਣਾ ਨਾਮ ਦ੍ਰਿੜਾਏ = ਦ੍ਰਿੜ੍ਹ, ਪ੍ਰਪੱਕ ਕਰਵਾ ਦੇਂਦਾ ਹੈ।

## ਜਿਨ੍ਹ ਇਕੁ ਜਾਤਾ; ਸੇ ਜਨ ਪਰਵਾਣੁ ॥
## ਨਾਨਕ ਨਾਮਿ ਰਤੇ; ਦਰਿ ਨੀਸਾਣੁ ॥੪॥੧੦॥

ਹੇ ਭਾਈ! ਜਿਨ = ਜਿਨ੍ਹਾਂ ਮਨੁੱਖਾਂ ਨੇ ਇਕ ਪਰਮਾਤਮਾ ਨੂੰ ਹੀ ਆਪਣਾ ਸਭ ਕੁਝ ਜਾਤਾ = ਜਾਣਿਆ ਹੈ, ਸੇ = ਉਹ ਜਨ = ਪੁਰਖ ਲੋਕ-ਪ੍ਰਲੋਕ ਵਿਚ ਪਰਵਾਣੁ = ਪਰਵਾਣਿਕ, ਸਫਲ ਜੀਵਨ ਵਾਲੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪਰਮਾਤਮਾ ਦੇ ਨਾਮ ਵਿਚ ਰਤੇ = ਰੰਗੇ ਹੋਏ ਹਨ, ਉਹ ਪ੍ਰਭੂ ਦੇ ਸਚਖੰਡ, ਸਤਸੰਗਤ ਰੂਪੀ ਦਰਿ = ਦੁਆਰ ਵਿਚ ਨੀਸਾਣੁ = ਪ੍ਰਗਟ ਹਨ **ਵਾ:** ਉਨ੍ਹਾਂ ਦੇ ਦਰਿ = ਅੰਦਰ ਪ੍ਰਭੂ ਪ੍ਰਗਟ ਹੈ॥੪॥੧੦॥

## ਬਸੰਤੁ ਮਹਲਾ ੩ ॥
## ਕ੍ਰਿਪਾ ਕਰੇ; ਸਤਿਗੁਰੂ ਮਿਲਾਏ ॥ ਆਪੇ ਆਪਿ; ਵਸੈ ਮਨਿ ਆਏ ॥

ਹੇ ਭਾਈ! ਪ੍ਰਭੂ ਆਪ ਹੀ ਪੂਰਬਲੇ ਨਿਸ਼ਕਾਮ ਕਰਮਾਂ ਦਾ ਪ੍ਰੇਰਿਆ ਹੋਇਆ ਜਦੋਂ ਆਪਣੀ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਕਰੇ = ਕਰਦਾ ਹੈ, ਤਦੋਂ ਸਤਿਗੁਰੂ ਦੇ ਨਾਲ ਮਿਲਾਏ = ਮਿਲਾਉਣਾ ਕਰਦਾ ਹੈ।

ਫੇਰ ਆਪ ਹੀ ਤੱਤ ਪਦ ਦਾ ਲਖ ਅਰਥ ਰੂਪ ਹੋ ਕੇ ਅਤੇ ਆਪ ਹੀ ਤ੍ਵੰ ਪਦ ਦਾ ਲਖ ਅਰਥ ਰੂਪ ਹੋ ਮਨਿ = ਹਿਰਦੇ ਵਿਚ ਆਏ = ਆ ਕੇ ਵਸੈ = ਵੱਸ ਜਾਂਦਾ ਹੈ।

## ਨਿਹਚਲ ਮਤਿ; ਸਦਾ ਮਨ ਧੀਰ ॥ ਹਰਿ ਗੁਣ ਗਾਵੈ; ਗੁਣੀ ਗਹੀਰ ॥੧॥

ਜਿਨ੍ਹਾਂ ਦੀ ਗੁਰਮਤ ਦੁਆਰਾ ਮਤਿ = ਬੁੱਧੀ ਨਿਹਚਲ = ਅਚੱਲ ਹੋਈ ਹੈ, ਉਨ੍ਹਾਂ ਦੇ ਮਨ ਵਿਚ ਵੀ ਸਦਾ = ਹਮੇਸ਼ਾ ਧੀਰ = ਧੀਰਜਤਾ ਆ ਜਾਂਦੀ ਹੈ।

ਜੋ ਹਰਿ = ਪਰਮਾਤਮਾ ਦੇ ਗੁਣਾਂ ਨੂੰ ਗਾਵੈ = ਗਾਉਣਾ ਕਰਦੇ ਹਨ, ਉਹ ਗੁਣੀ = ਗੁਣਾਂ ਦਾ ਗਹੀਰ = ਸਮੁੰਦਰ, ਖ਼ਜ਼ਾਨਾ ਬਣ ਜਾਂਦੇ ਹਨ॥੧॥

## ਨਾਮਹੁ ਭੂਲੇ; ਮਰਹਿ ਬਿਖੁ ਖਾਇ ॥
## ਬ੍ਰਿਥਾ ਜਨਮੁ; ਫਿਰਿ ਆਵਹਿ ਜਾਇ ॥੧॥ਰਹਾਉ॥

ਜੋ ਮਨੁੱਖ ਪਰਮਾਤਮਾ ਦੇ ਨਾਮ ਤੋਂ ਭੂਲੇ = ਭੁੱਲੇ ਹੋਏ ਹਨ, ਉਹ ਵਿਸ਼ਿਆਂ ਦੀ ਬਿਖੁ = ਵਿਹੁ ਖਾਇ = ਖਾ ਕੇ ਮਰਹਿ = ਮਰ ਜਾਂਦੇ ਹਨ।

ਆਪਣਾ ਅਮੋਲਕ ਮਨੁੱਖਾ ਜਨਮ ਬ੍ਰਿਥਾ = ਵਿਅਰਥ ਗੁਆ ਕੇ ਫਿਰਿ = ਮੁੜ ਮੁੜ ਜੂਨਾਂ ਵਿਚ ਆਵਹਿ ਜਾਇ = ਆਉਂਦੇ ਜਾਂਦੇ ਰਹਿੰਦੇ ਹਨ॥੧॥ਰਹਾਉ॥

## ਬਹੁ ਭੇਖ ਕਰਹਿ; ਮਨਿ ਸਾਂਤਿ ਨ ਹੋਇ ॥
## ਬਹੁ ਅਭਿਮਾਨਿ; ਅਪਣੀ ਪਤਿ ਖੋਇ ॥

ਜਿਹੜੇ ਮਨੁੱਖ ਬਹੁ = ਬਹੁਤ ਭੇਖ = ਲਿਬਾਸਾਂ, ਭੇਖਾਂ ਨੂੰ ਧਾਰਨ ਕਰਹਿ = ਕਰਦੇ ਹਨ, ਉਨ੍ਹਾਂ ਦੇ ਮਨਿ = ਹਿਰਦੇ ਵਿਚ ਸਾਂਤਿ = ਸ਼ਾਂਤੀ ਨਹੀਂ ਹੋਇ = ਹੁੰਦੀ।

ਉਹ ਭੇਖਾਂ ਦਾ ਬਹੁ = ਬਹੁਤ ਅਭਿਮਾਨਿ = ਹੰਕਾਰ ਕਰਕੇ ਲੋਕ-ਪ੍ਰਲੋਕ ਵਿਚ ਆਪਣੀ ਪਤਿ = ਪਰਤਿਸ਼ਠਾ, ਇੱਜ਼ਤ ਖੋਇ = ਗੁਆ ਲੈਂਦੇ ਹਨ।

## ਸੇ ਵਡਭਾਗੀ; ਜਿਨ ਸਬਦੁ ਪਛਾਣਿਆ ॥
## ਬਾਹਰਿ ਜਾਦਾ; ਘਰ ਮਹਿ ਆਣਿਆ ॥੨॥

ਹੇ ਭਾਈ! ਸੇ = ਉਹੀ ਮਨੁੱਖ ਵਡਭਾਗੀ = ਵੱਡੇ ਭਾਗਾਂ ਵਾਲੇ ਹਨ, ਜਿਨ = ਜਿਨ੍ਹਾਂ ਨੇ ਗੁਰਾਂ ਦੇ ਸਬਦੁ = ਉਪਦੇਸ਼ ਨੂੰ **ਵਾ:** ਉਪਦੇਸ਼ ਦੁਆਰਾ ਬ੍ਰਹਮ ਨੂੰ ਪਛਾਣਿਆ = ਪਛਾਣਨਾ ਕੀਤਾ ਹੈ, ਅਤੇ

ਸ਼ਬਦ ਦੀ ਕਮਾਈ ਕਰਕੇ ਬਾਹਰਮੁਖ ਬਿਰਤੀ ਵਿਚ ਜਾਂਦਾ ਹੋਇਆ ਮਨ ਘਰ = ਅੰਤਰਮੁਖ ਬਿਰਤੀ ਮਹਿ = ਵਿਚ ਆਇਆ = ਲਿਆਉਣਾ ਕੀਤਾ ਹੈ **ਵਾ:** ਬਾਹਰ ਸੰਸਾਰ ਦੇ ਪਦਾਰਥਾਂ ਵੱਲ ਦੌੜਦਾ ਹੋਇਆ ਮਨ ਤੁਰੀਆ ਪਦ ਰੂਪੀ ਘਰ ਵਿਚ ਲਿਆਉਣਾ ਕੀਤਾ ਹੈ॥੨॥

## ਘਰ ਮਹਿ ਵਸਤੁ; ਅਗਮ ਅਪਾਰਾ ॥ ਗੁਰਮਤਿ ਖੋਜਹਿ; ਸਬਦਿ ਬੀਚਾਰਾ ॥

ਹੇ ਭਾਈ! ਅਗਮ = ਮਨ ਦੀ ਗੰਮਤਾ ਤੋਂ ਰਹਿਤ ਅਤੇ ਅਪਾਰਾ = ਪਾਰਾਵਾਰ ਤੋਂ ਰਹਿਤ ਪ੍ਰਭੂ ਸਾਧਸੰਗਤ, ਹਿਰਦੇ ਰੂਪੀ ਘਰ ਦੇ ਮਹਿ = ਵਿਚ ਹੀ ਵਸਤੁ = ਵੱਸ ਰਿਹਾ ਹੈ **ਵਾ:** ਅਗਮ = ਅਪਹੁੰਚ ਤੇ ਅਪਾਰਾ = ਬੇਅੰਤ ਪ੍ਰਭੂ ਦੀ ਨਾਮ ਰੂਪੀ ਵਸਤੁ = ਵਸਤੂ ਹਿਰਦੇ ਰੂਪੀ ਘਰ ਵਿਚ ਹੀ ਹੈ।

ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਗੁਰਾਂ ਦੇ ਸਬਦਿ = ਉਪਦੇਸ਼ ਦੀ ਵਿਚਾਰ ਕਰਕੇ ਗੁਰਮੁਖ ਜਨ ਉਸਨੂੰ ਖੋਜਹਿ = ਲੱਭ ਲੈਂਦੇ ਹਨ।

## ਨਾਮੁ ਨਵ ਨਿਧਿ; ਪਾਈ ਘਰ ਹੀ ਮਾਹਿ ॥
## ਸਦਾ ਰੰਗਿ ਰਾਤੇ; ਸਚਿ ਸਮਾਹਿ ॥੩॥

ਉਨ੍ਹਾਂ ਨੇ ਨਵ ਨਿਧਿ = ਨੌਂ ਨਿੱਧੀਆਂ ਦੇ ਦੇਣ ਵਾਲੇ ਨਾਮ ਦੀ ਦਾਤ ਹਿਰਦੇ ਰੂਪੀ ਘਰ ਦੇ ਮਾਹਿ = ਵਿੱਚੋਂ ਹੀ ਪਾਈ = ਪ੍ਰਾਪਤ ਕਰ ਲਈ ਹੈ।

ਉਹ ਸਦਾ = ਹਮੇਸ਼ਾਂ ਪ੍ਰਭੂ ਦੇ ਪ੍ਰੇਮ ਰੰਗ ਵਿਚ ਰਾਤੇ = ਰੰਗੇ ਹੋਏ ਸੱਚ ਸਰੂਪ ਵਿਚ ਸਮਾਹਿ = ਲੀਨ ਹੋ ਜਾਂਦੇ ਹਨ॥੩॥

## ਆਪਿ ਕਰੇ; ਕਿਛੁ ਕਰਣੁ ਨ ਜਾਇ ॥ ਆਪੇ ਭਾਵੈ; ਲਏ ਮਿਲਾਇ ॥

ਪ੍ਰਭੂ ਆਪ ਹੀ ਸਾਰੇ ਜਗਤ ਨੂੰ ਪੈਦਾ ਕਰੇ = ਕਰਦਾ ਹੈ, ਕਿਸੇ ਅਗਿਆਨੀ ਜੀਵ ਕੋਲੋਂ ਕਿਛੁ = ਕੁਝ ਕਰਣੁ = ਕੀਤਾ ਨਹੀਂ ਜਾਇ = ਜਾ ਸਕਦਾ।

ਜੋ ਪ੍ਰਭੂ ਨੂੰ ਆਪੇ = ਆਪ ਹੀ ਭਾਵੈ = ਭਾਉਂਦਾ ਹੈ, ਉਸ ਨੂੰ ਗੁਰਾਂ ਦੁਆਰਾ ਆਪਣੇ ਸਰੂਪ ਨਾਲ ਮਿਲਾਇ = ਮੇਲ ਲਏ = ਲੈਂਦਾ ਹੈ।

## ਤਿਸ ਤੇ ਨੇੜੈ; ਨਾਹੀ ਕੋ ਦੂਰਿ ॥
## ਨਾਨਕ; ਨਾਮਿ ਰਹਿਆ ਭਰਪੂਰਿ ॥੪॥੧੧॥

ਤਿਸੁ = ਉਸ ਪਰਮਾਤਮਾ ਤੇ = ਤੋਂ ਨਾ ਹੀ ਕੋ = ਕੋਈ ਨੇੜੈ = ਨਜ਼ਦੀਕ ਹੈ ਅਤੇ ਨਾ ਹੀ ਕੋਈ ਦੂਰ ਹੈ, ਭਾਵ ਜੀਵ ਨੂੰ ਨੇੜੇ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਵਾਸ਼ਨਾ ਦਾ ਬੱਧਾ ਹੋਇਆ ਹੈ ਅਤੇ ਉਸ ਪ੍ਰਭੂ ਨੂੰ ਦੂਰ ਕਿਵੇਂ ਕਹੀਏ ਕਿਉਂਕਿ ਉਹ ਸਭ ਦਾ ਆਤਮਾ ਰੂਪ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਨਾਮਿ = ਨਾਮੀ ਪਰਮਾਤਮਾ ਆਪ ਹੀ ਸਭ ਥਾਈਂ ਭਰਪੂਰਿ = ਵਿਆਪਕ ਹੋ ਰਿਹਾ ਹੈ॥੪॥੧੧॥

## ਬਸੰਤੁ ਮਹਲਾ ੩ ॥

## ਗੁਰ ਸਬਦੀ; ਹਰਿ ਚੇਤਿ ਸੁਭਾਇ ॥ ਰਾਮ ਨਾਮ ਰਸਿ; ਰਹੈ ਅਘਾਇ ॥

ਹੇ ਭਾਈ! ਗੁਰਾਂ ਦੇ ਸਬਦੀ = ਉਪਦੇਸ਼ ਦੁਆਰਾ ਸੁਭਾਇ = ਸੁਭਾਵਿਕ ਹੀ ਹਰਿ = ਪਰਮਾਤਮਾ ਨੂੰ ਚੇਤਿ = ਸਿਮਰਨਾ ਕਰ **ਵਾ:** ਹਰੀ ਦਾ ਸਿਮਰਨ ਕਰਕੇ ਸੁਭਾਇ = ਸ੍ਰੇਸ਼ਟ ਪ੍ਰਕਾਸ਼ ਹੋ ਜਾਵੇਗਾ।

ਫੇਰ ਰਾਮ = ਪਰਮਾਤਮਾ ਦੇ ਨਾਮ ਦੇ ਰਸਿ = ਸੁਆਦ ਨਾਲ ਅਘਾਇ = ਰੱਜਿਆ ਰਹੈ = ਰਹੇਂਗਾ।

## ਕੋਟ ਕੋਟੰਤਰ ਕੇ; ਪਾਪ ਜਲਿ ਜਾਹਿ ॥
## ਜੀਵਤ ਮਰਹਿ; ਹਰਿ ਨਾਮਿ ਸਮਾਹਿ ॥੧॥

ਹੇ ਭਾਈ! ਇਸ ਨਾਲ ਕੋਟੰਤਰ = ਕ੍ਰੋੜਾਂ ਜਨਮਾਂ ਕੇ = ਦੇ ਕੋਟ = ਕਿਲ੍ਹਿਆਂ ਦੀ ਨਿਆਈਂ ਉਸਰੇ ਹੋਏ ਪਾਪ ਨਾਮ ਅਭਿਆਸ ਰੂਪੀ ਅਗਨੀ ਨਾਲ ਜਲਿ = ਸੜ ਜਾਹਿ = ਜਾਂਦੇ ਹਨ।

ਫੇਰ ਜੀਵਤ-ਭਾਵ ਵੱਲੋਂ ਮਰਹਿ = ਮਰ ਜਾਵੇਂਗਾ, ਤਦੋਂ ਹਰਿ = ਪਰਮਾਤਮਾ ਦੇ ਨਾਮ ਵਿਚ ਸਮਾਹਿ = ਸਮਾਅ ਜਾਵੇਂਗਾ ॥੧॥

## ਹਰਿ ਕੀ ਦਾਤਿ; ਹਰਿ ਜੀਉ ਜਾਣੈ ॥

ਹੇ ਭਾਈ! ਹਰਿ = ਪਰਮਾਤਮਾ ਕੀ = ਦੀ ਨਾਮ ਰੂਪੀ ਦਾਤ ਨੂੰ ਹਰਿ = ਪ੍ਰਭੂ ਜੀ ਆਪ ਹੀ ਜਾਣੈ = ਜਾਣਦਾ ਹੈ।

## ਗੁਰ ਕੈ ਸਬਦਿ, ਇਹੁ ਮਨੁ ਮਉਲਿਆ;
## ਹਰਿ ਗੁਣਦਾਤਾ ਨਾਮੁ ਵਖਾਣੈ ॥੧॥ਰਹਾਉ॥

ਹੇ ਭਾਈ! ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੁਆਰਾ ਜਿਸ ਦਾ ਇਹ ਮਨ ਸ਼ੁੱਭ ਗੁਣਾਂ ਦੇ ਸਹਿਤ ਮਉਲਿਆ = ਪ੍ਰਫੁੱਲਤ ਹੋਇਆ ਹੈ, ਉਹੋ ਹੀ ਗੁਣਦਾਤਾ = ਗੁਣ ਦੇਣ ਵਾਲੇ ਹਰਿ = ਹਰੀ ਦਾ ਨਾਮ ਵਖਾਣੈ = ਕਥਨ, ਉਚਾਰਣ ਕਰਦਾ ਹੈ ॥੧॥ਰਹਾਉ॥

## ਭਗਵੈ ਵੇਸਿ ਭ੍ਰਮਿ; ਮੁਕਤਿ ਨ ਹੋਇ ॥ ਬਹੁ ਸੰਜਮਿ; ਸਾਂਤਿ ਨ ਪਾਵੈ ਕੋਇ ॥

ਹੇ ਭਾਈ! ਭਗਵੈ = ਗੇਰੂ ਰੰਗੇ ਆਦਿ ਵੇਸਿ = ਲਿਬਾਸ, ਭੇਖਾਂ ਵਿਚ ਭ੍ਰਮਣ ਨਾਲ ਮੁਕਤਿ = ਕਲਿਆਣ ਨਹੀਂ ਹੋਇ = ਹੁੰਦੀ।

ਬਹੁ = ਬਹੁਤ ਸੰਜਮਿ = ਸੰਜਮੀ ਹੋਣ ਨਾਲ ਵੀ ਕੋਇ = ਕੋਈ ਆਤਮਿਕ ਸਾਂਤਿ = ਸ਼ਾਂਤੀ ਨਹੀਂ ਪਾਵੈ = ਪਾ ਸਕਦਾ।

## ਗੁਰਮਤਿ; ਨਾਮੁ ਪਰਾਪਤਿ ਹੋਇ ॥ ਵਡਭਾਗੀ; ਹਰਿ ਪਾਵੈ ਸੋਇ ॥੨॥

ਹੇ ਭਾਈ! ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਨਾਮ ਦੀ ਪ੍ਰਾਪਤੀ ਹੋਇ = ਹੁੰਦੀ ਹੈ।

ਪਰ ਜੋ ਵਡਭਾਗੀ = ਵੱਡੇ ਭਾਗਾਂ ਵਾਲਾ ਹੈ, ਸੋਇ = ਉਹੋ ਹੀ ਹਰਿ = ਹਰੀ ਦਾ ਨਾਮ ਪਾਵੈ = ਪਾਉਣਾ ਕਰਦਾ ਹੈ ॥੨॥

[ਅੰਗ ੧੧੭੬]

## ਕਲਿ ਮਹਿ; ਰਾਮ ਨਾਮਿ ਵਡਿਆਈ ॥ ਗੁਰ ਪੂਰੇ ਤੇ; ਪਾਇਆ ਜਾਈ ॥

ਹੇ ਭਾਈ ! ਇਸ ਕਲਿ = ਕਲਿਜੁਗ ਮਹਿ = ਵਿਚ ਰਾਮ = ਪਰਮਾਤਮਾ ਦੇ ਨਾਮ ਕਰਕੇ ਹੀ ਲੋਕ-ਪ੍ਰਲੋਕ ਵਿਚ ਵਡਿਆਈ = ਸ਼ੋਭਾ ਮਿਲਦੀ ਹੈ।

ਪਰ ਇਹ ਨਾਮ ਪੂਰੇ = ਪੂਰਨ ਗੁਰਾਂ ਤੇ = ਤੋਂ ਹੀ ਪਾਇਆ ਜਾਈ = ਜਾਂਦਾ ਹੈ।

## ਨਾਮਿ ਰਤੇ; ਸਦਾ ਸੁਖੁ ਪਾਈ ॥ ਬਿਨੁ ਨਾਮੈ; ਹਉਮੈ ਜਲਿ ਜਾਈ ॥੩॥

ਜੋ ਪੁਰਖ ਨਾਮ ਵਿਚ ਰਤੇ = ਰੰਗੇ ਹੋਏ ਹਨ, ਉਹ ਸਦਾ = ਹਮੇਸ਼ਾਂ ਹੀ ਆਤਮਿਕ ਸੁੱਖ ਪਾਈ = ਪਾਉਣਾ ਕਰਦੇ ਹਨ।

ਜਿਹੜੇ ਪਰਮਾਤਮਾ ਦੇ ਨਾਮੈ = ਨਾਮ ਤੋਂ ਬਿਨੁ = ਬਗ਼ੈਰ ਹਨ, ਉਹ ਹਉਮੈ = ਹੰਗਤਾ ਮਮਤਾ ਦੀ ਅਗਨ ਵਿਚ ਹੀ ਜਲਿ = ਸੜ ਜਾਈ = ਜਾਂਦੇ ਹਨ ॥੩॥

## ਵਡਭਾਗੀ; ਹਰਿ ਨਾਮੁ ਬੀਚਾਰਾ ॥ ਛੂਟੈ; ਰਾਮ ਨਾਮਿ, ਦੁਖੁ ਸਾਰਾ ॥

ਹੇ ਭਾਈ! ਵਡਭਾਗੀ = ਵੱਡੇ ਭਾਗਾਂ ਵਾਲਿਆਂ ਨੇ ਹੀ ਹਰਿ = ਪਰਮਾਤਮਾ ਦੇ ਨਾਮ ਨੂੰ ਬੀਚਾਰਾ = ਵਿਚਾਰਨਾ ਕੀਤਾ ਹੈ।

ਰਾਮ = ਪਰਮਾਤਮਾ ਦੇ ਨਾਮ ਕਰਕੇ ਜੰਮਣ ਮਰਣ ਆਦਿ ਦਾ ਸਾਰਾ ਦੁਖ ਹੀ ਛੂਟੈ = ਛੁੱਟ ਜਾਂਦਾ ਹੈ **ਵਾ:** ਜੇਕਰ ਰਾਮ ਦਾ ਨਾਮ ਹੀ ਛੁੱਟ ਗਿਆ ਤਾਂ ਸਾਰਾ ਦੁੱਖ ਆ ਚਿੰਬੜਦਾ ਹੈ।

## ਹਿਰਦੈ ਵਸਿਆ; ਸੁ ਬਾਹਰਿ ਪਾਸਾਰਾ ॥
## ਨਾਨਕ; ਜਾਣੈ ਸਭੁ ਉਪਾਵਣਹਾਰਾ ॥੪॥੧੨॥

ਜਿਸਦੇ ਹਿਰਦੇ ਵਿਚ ਨਾਮ ਵਸਿਆ = ਵੱਸ ਗਿਆ ਹੈ, ਸੁ = ਉਸਨੂੰ ਬਾਹਰ ਸਾਰੇ ਪਸਾਰੇ ਵਿਚ ਵੀ ਪ੍ਰਭੂ ਹੀ ਵਿਆਪਕ ਦਿਸਦਾ ਹੈ **ਵਾ:** ਜੋ ਪ੍ਰਭੂ ਹਿਰਦੇ ਵਿਚ ਵੱਸਿਆ ਹੋਇਆ ਹੈ, ਉਹੋ ਹੀ ਬਾਹਰ ਸੰਸਾਰ ਦੇ ਪਸਾਰੇ ਵਿਚ ਵਿਆਪਕ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੰਸਾਰ ਨੂੰ ਉਪਾਵਣਹਾਰਾ = ਪੈਦਾ ਕਰਨ ਵਾਲਾ ਪ੍ਰਭੂ ਆਪ ਹੀ ਸਭੁ = ਸਾਰਾ ਕੁਝ ਜਾਣੈ = ਜਾਣਦਾ ਹੈ ॥੪॥੧੨॥

## ਬਸੰਤੁ ਮਹਲਾ ੩ ਇਕਤੁਕੇ ॥

ਬਸੰਤ ਰਾਗ ਅੰਦਰ ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਇਕ ਤੁਕੇ = ਇਕ ਇਕ ਤੁਕ ਤੇ ਅੰਕ ਵਾਲੇ ਸ਼ਬਦ ਉਚਾਰਣ ਕਰਦੇ ਹਨ।

***ਨੋਟ :*** ਦੋ ਛੋਟੀਆਂ ਤੁਕਾਂ ਨੂੰ ਇਕ ਦੀ ਗਿਣਤੀ ਵਿਚ ਹੀ ਸਮਝਣਾ।

## ਤੇਰਾ ਕੀਆ; ਕਿਰਮ ਜੰਤੁ ॥ ਦੇਹਿ ਤ; ਜਾਪੀ ਆਦਿ ਮੰਤੁ ॥੧॥

ਹੇ ਪ੍ਰਭੂ ! ਕਿਰਮ = ਕੀੜੇ ਦੀ ਨਿਆਈਂ ਤੁੱਛ ਜੰਤੁ = ਜੀਵ ਤੇਰਾ ਹੀ ਪੈਦਾ ਕੀਆ = ਕੀਤਾ ਹੋਇਆ ਹੈ।

ਹੇ ਪ੍ਰਭੂ ! ਜੇਕਰ ਤੂੰ ਆਪਣਾ ਆਦਿ = ਮੁੱਢਲਾ ਸਤਿਨਾਮ (ਵਾਹਿਗੁਰੂ) ਰੂਪ ਮੰਤੁ = ਮੰਤ੍ਰ ਦੇਹਿ = ਦੇਣਾ ਕਰੇਂ ਤਾਂ ਹੀ ਮੈਂ ਜਾਪੀ = ਜਪਣਾ ਕਰਾਂ ॥੧॥

## ਗੁਣ ਆਖਿ ਵੀਚਾਰੀ; ਮੇਰੀ ਮਾਇ ॥
## ਹਰਿ ਜਪਿ; ਹਰਿ ਕੈ ਲਗਉ ਪਾਇ ॥੧॥ਰਹਾਉ॥

ਹੇ ਮੇਰੀ ਮਾਇ = ਮਾਂ ਭਾਵ ਸੰਤ ਜਨੋਂ ! ਪਰਮਾਤਮਾ ਦੇ ਗੁਣ ਮੁਖ ਦੁਆਰਾ ਆਖਿ = ਕਹਿਣਾ ਕਰੀਏ ਅਤੇ ਸੰਗਤ ਵਿਚ ਮਿਲ ਕੇ ਵਿਚਾਰਨਾ ਕਰੀਏ।

ਬਾਣੀ ਕਰਕੇ ਹਰਿ = ਪਰਮਾਤਮਾ ਦੇ ਨਾਮ ਨੂੰ ਜਪਿ = ਜਪਣਾ ਕਰੀਏ ਅਤੇ ਸਰੀਰ ਕਰਕੇ ਹਰਿ = ਪਰਮਾਤਮਾ ਕੈ = ਦੇ ਪਾਇ = ਚਰਨੀਂ ਲਗਉ = ਲੱਗਣਾ ਕਰੀਏ ॥੧॥ਰਹਾਉ॥

## ਗੁਰਪ੍ਰਸਾਦਿ; ਲਾਗੇ ਨਾਮ ਸੁਆਦਿ ॥ ਕਾਹੇ ਜਨਮੁ ਗਵਾਵਹੁ; ਵੈਰਿ ਵਾਦਿ ॥੨॥

ਹੇ ਭਾਈ ! ਗੁਰਾਂ ਦੀ ਪ੍ਰਸਾਦਿ = ਕਿਰਪਾ ਪ੍ਰਾਪਤ ਕਰਕੇ ਪਰਮਾਤਮਾ ਦੇ ਨਾਮ ਦੇ ਸੁਆਦਿ = ਰਸ ਵਿਚ ਲਾਗੇ = ਲੱਗਣਾ ਕਰੋ।

ਐਵੇਂ ਵਾਦਿ = ਵਿਅਰਥ ਵੈਰਿ = ਝਗੜਿਆਂ ਕਰਕੇ **ਵਾ:** ਪੁਰਾਣੇ ਵੈਰ ਅਤੇ ਨਵੇਂ ਸਮੇਂ ਦੇ ਵਾਦਿ = ਝਗੜਿਆਂ ਵਿਚ ਫਸ ਕੇ ਕਾਹੇ = ਕਿਸ ਵਾਸਤੇ ਆਪਣਾ ਮਨੁੱਖਾ ਜਨਮ ਵਿਅਰਥ ਗਵਾਵਹੁ = ਗਵਾ ਰਹੇ ਹੋ ॥੨॥

## ਗੁਰਿ ਕਿਰਪਾ ਕੀਨੀ; ਚੂਕਾ ਅਭਿਮਾਨੁ ॥ ਸਹਜ ਭਾਇ; ਪਾਇਆ ਹਰਿ ਨਾਮੁ ॥੩॥

ਜਿਸ ਉੱਪਰ ਗੁਰਾਂ ਨੇ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕੀਨੀ = ਕੀਤੀ ਹੈ, ਉਸਦਾ ਅਭਿਆਨੁ = ਹੰਕਾਰ ਚੂਕਾ = ਚੁੱਕਿਆ ਗਿਆ ਹੈ।

ਉਸਨੇ ਸਹਜ ਭਾਇ = ਸੁਤੇ-ਸਿੱਧ ਹੀ ਹਰਿ = ਪਰਮਾਤਮਾ ਦਾ ਨਾਮ ਪਾਇਆ = ਪ੍ਰਾਪਤ ਕਰ ਲਿਆ ਹੈ ॥੩॥

## ਊਤਮੁ ਊਚਾ; ਸਬਦ ਕਾਮੁ ॥ ਨਾਨਕੁ ਵਖਾਣੈ; ਸਾਚੁ ਨਾਮੁ ॥੪॥੧੩॥

ਹੇ ਭਾਈ ! ਗੁਰਾਂ ਦੇ ਸਬਦ = ਉਪਦੇਸ਼ ਰੂਪ ਕਾਮੁ = ਕੰਮ ਭਾਵ ਸ਼ਬਦ ਦੀ ਕਮਾਈ ਊਤਮੁ = ਸ੍ਰੇਸ਼ਟ ਸਾਧਨਾ ਨਾਲੋਂ ਵੀ ਊਚਾ = ਸ੍ਰੇਸ਼ਟ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਾਂ ਪ੍ਰਭੂ ਦੇ ਸਾਚੁ ਨਾਮੁ = ਸਤਿਨਾਮ ਨੂੰ ਹੀ ਵਖਾਣੈ = ਕਥਨ ਕਰਦੇ ਹਾਂ ॥੪॥੧੩॥

## ਬਸੰਤੁ ਮਹਲਾ ੩ ॥
## ਬਨਸਪਤਿ ਮਉਲੀ; ਚੜਿਆ ਬਸੰਤੁ ॥
## ਇਹੁ ਮਨੁ ਮਉਲਿਆ; ਸਤਿਗੁਰੂ ਸੰਗਿ ॥੧॥

ਜਿਸ ਸਮੇਂ ਬਸੰਤ ਰੁੱਤ ਦਾ ਮਹੀਨਾ ਚੜਿਆ = ਚੜ੍ਹਦਾ ਹੈ, ਤਦੋਂ ਸਾਰੀ ਬਨਸਪਤੀ ਮਉਲੀ = ਪ੍ਰਫੁੱਲਤ ਹੋ ਜਾਂਦੀ ਹੈ **ਅਥਵਾ** ਏਸੇ ਪ੍ਰਕਾਰ ਜਦੋਂ ਬਸੰਤ ਰੁੱਤ ਦੀ ਨਿਆਈਂ ਜਗਿਆਸੂ ਦੇ ਹਿਰਦੇ ਅੰਦਰ ਪ੍ਰਭੂ ਸਾਖਸ਼ਾਤ ਹੁੰਦਾ ਹੈ, ਤਦੋਂ ਸ਼ੁਭ ਗੁਣਾਂ ਰੂਪੀ ਬਨਸਪਤੀ ਪ੍ਰਫੁੱਲਤ ਹੋ ਜਾਂਦੀ ਹੈ, ਭਾਵ ਅੰਤਹਕਰਨ ਰੂਪੀ ਧਰਤੀ ਵਿਚ ਸ਼ਰਧਾ ਰੂਪੀ ਬੀਜ ਦੁਆਰਾ ਪ੍ਰੇਮ, ਨਿਸਚਾ ਰੂਪੀ ਅੰਕੁਰ, ਸਤ ਸੰਤੋਖ ਰੂਪੀ ਪੱਤੇ, ਕਰੁਣਾ ਮੁੱਦਤਾ ਮੈਤ੍ਰੀ ਉਪੇਖਿਆ ਰੂਪੀ ਟਾਹਣੀਆਂ, ਧਰਮ ਰੂਪੀ ਫੁੱਲ ਅਤੇ ਗਿਆਨ ਰੂਪੀ ਫਲ ਲੱਗ ਜਾਂਦਾ ਹੈ।

**ਅਥਵਾ** ਜਦੋਂ ਪ੍ਰਭੂ ਦਾ ਪ੍ਰੇਮ ਰੂਪੀ ਬਸੰਤ ਦਾ ਮਹੀਨਾ ਅੰਦਰ ਚੜ੍ਹ ਗਿਆ, ਤਦੋਂ ਪ੍ਰਫੁੱਲਤ ਹੋ ਰਹੀ ਸਤਿਸੰਗਤ ਰੂਪੀ ਬਨਸਪਤੀ ਵਿੱਚੋਂ ਪ੍ਰਭੂ ਦਾ ਅਨੰਦ ਪ੍ਰਗਟ ਹੋ ਜਾਵੇਗਾ।

ਉਸੇ ਪ੍ਰਕਾਰ ਸਤਿਗੁਰਾਂ ਦੇ ਸੰਗਿ = ਨਾਲ ਮਿਲ ਕੇ ਇਹ ਮਨ ਸ਼ੁਭ ਗੁਣਾਂ ਨਾਲ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ॥੧॥

## ਤੁਮ੍ ਸਾਚੁ ਧਿਆਵਹੁ; ਮੁਗਧ ਮਨਾ ॥ ਤਾਂ ਸੁਖੁ ਪਾਵਹੁ; ਮੇਰੇ ਮਨਾ ॥੧॥ਰਹਾਉ॥

ਹੇ ਮੇਰੇ ਮੁਗਧ = ਮੂਰਖ ਮਨਾਂ! ਤੁਮ੍ = ਤੂੰ ਸਾਚੁ = ਸੱਚਾ ਨਾਮ ਧਿਆਵਹੁ = ਅਰਾਧਣਾ ਕਰ।

ਹੇ ਮੇਰੇ ਮਨਾਂ! ਤਾਂ ਤੂੰ ਆਤਮਿਕ ਸੁਖ ਪਾਵਹੁ = ਪਾ ਲਵੇਂਗਾ॥੧॥ਰਹਾਉ॥

## ਇਤੁ ਮਨਿ ਮਉਲਿਐ; ਭਇਆ ਅਨੰਦੁ ॥ ਅੰਮ੍ਰਿਤ ਫਲੁ ਪਾਇਆ; ਨਾਮੁ ਗੋਬਿੰਦ ॥੨॥

ਇਤੁ = ਇਸ ਪ੍ਰਕਾਰ ਮਨ ਦੇ ਅੰਦਰ ਸਤਿਸੰਗਤ ਦੁਆਰਾ ਸ਼ੁਭ ਗੁਣਾਂ ਨਾਲ ਮਉਲਿਐ = ਪ੍ਰਫੁੱਲਤ ਹੋਣ ਕਰਕੇ ਬ੍ਰਹਮਾਨੰਦ ਪ੍ਰਾਪਤ ਭਇਆ = ਹੋ ਜਾਂਦਾ ਹੈ।

ਇਸ ਮਨ ਨਾਲ ਗੋਬਿੰਦ = ਪਰਮਾਤਮਾ ਦਾ ਨਾਮ ਜਪ ਕੇ ਗੁਰਮੁਖਾਂ ਨੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਬ੍ਰਹਮ ਗਿਆਨ ਰੂਪੀ ਫਲ ਪਾਇਆ = ਪ੍ਰਾਪਤ ਕਰ ਲਿਆ ਹੈ **ਵਾ:** ਗੋਬਿੰਦ ਦਾ ਨਾਮ ਰੂਪੀ ਅੰਮ੍ਰਿਤ ਫਲ ਪ੍ਰਾਪਤ ਕੀਤਾ ਹੈ॥੨॥

## ਏਕੋ ਏਕੁ; ਸਭੁ ਆਖਿ ਵਖਾਣੈ ॥ ਹੁਕਮੁ ਬੂਝੈ; ਤਾਂ ਏਕੋ ਜਾਣੈ ॥੩॥

ਉਹ ਪ੍ਰਭੂ ਏਕੋ = ਇੱਕੋ ਹੀ ਨਿਰਗੁਣ ਸਰੂਪ ਤੇ ਇੱਕੋ ਹੀ ਸਰਗੁਣ ਸਰੂਪ ਹੈ **ਵਾ:** ਇੱਕੋ ਹੀ ਇਸ ਲੋਕ ਅਤੇ ਇੱਕੋ ਹੀ ਪ੍ਰਲੋਕ ਵਿਚ ਹੈ **ਵਾ:** ਇੱਕੋ ਹੀ ਹਿਰਦੇ ਅੰਦਰ ਅਤੇ ਇੱਕੋ ਹੀ ਸੰਸਾਰ ਵਿਚ ਹੈ। ਇਸ ਪ੍ਰਕਾਰ ਸਭੁ = ਸਾਰੇ ਬੇਦਾਂ ਸ਼ਾਸਤ੍ਰਾਂ ਵਾਲੇ ਆਖਿ = ਮੁਖ ਦੁਆਰਾ ਕਹਿ ਕੇ ਵਖਾਣੈ = ਕਥਨ ਕਰਦੇ ਹਨ।

ਪਰ ਜੇ ਕੋਈ ਮਨੁੱਖ ਸਤਿਗੁਰਾਂ ਦੇ ਹੁਕਮ ਨੂੰ ਬੂਝੈ = ਸਮਝ ਲਵੇ ਤਾਂ ਉਹ ਮਨੁੱਖ ਏਕੋ = ਅਦੁੱਤੀ ਬ੍ਰਹਮ ਨੂੰ ਜਾਣੈ = ਜਾਣ ਲੈਂਦਾ ਹੈ॥੩॥

## ਕਹਤ ਨਾਨਕੁ; ਹਉਮੈ ਕਹੈ ਨ ਕੋਇ ॥
## ਆਖਣੁ ਵੇਖਣੁ; ਸਭੁ ਸਾਹਿਬ ਤੇ ਹੋਇ ॥੪॥੧੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਦੋਂ ਕੋਇ = ਕੋਈ ਵੀ ਹਉਮੈ = ਹੰਗਤਾ ਮਮਤਾ ਦੇ ਬਚਨ ਨਹੀਂ ਕਹੈ = ਕਹਿੰਦਾ।

ਉਹ ਐਸੇ ਨਿਸਚੇ ਕਰਦਾ ਹੈ ਕਿ ਜੋ ਕੁਝ ਵੀ ਆਖਣੁ = ਕਹਿਣਾ ਤੇ ਜੋ ਕੁਝ ਵੀ ਵੇਖਣੁ = ਦੇਖਣਾ ਹੈ, ਇਹ ਸਭੁ = ਸਾਰਾ ਕੁਝ ਸਾਹਿਬ = ਮਾਲਕ ਪ੍ਰਭੂ ਤੇ = ਤੋਂ ਭਾਵ ਉਸੇ ਦੀ ਸੱਤਾ ਨਾਲ ਹੋਇ = ਹੋ ਰਿਹਾ ਹੈ॥੪॥੧੪॥

## ਬਸੰਤੁ ਮਹਲਾ ੩ ॥
## ਸਭਿ ਜੁਗ; ਤੇਰੇ ਕੀਤੇ ਹੋਏ ॥ ਸਤਿਗੁਰੁ ਭੇਟੈ; ਮਤਿ ਬੁਧਿ ਹੋਏ ॥੧॥

ਹੇ ਪ੍ਰਭੂ! ਸਭਿ = ਸਾਰੇ ਜੁਗ ਤੇਰੇ ਹੀ ਕੀਤੇ = ਬਣਾਏ, ਰਚੇ ਹੋਏ ਹਨ। ਸਤਿਗੁਰਾਂ ਦੇ ਨਾਲ ਭੇਟੈ = ਮਿਲਣ ਕਰਕੇ ਬੁਧਿ = ਬੁੱਧੀ ਦੇ ਅੰਦਰ ਤੇਰੀ ਪ੍ਰਾਪਤੀ ਵਾਲੀ ਮਤਿ = ਸਿੱਖਿਆ **ਵਾ:** ਆਤਮ ਵਿਸ਼ੈਣੀ ਬੁੱਧ ਦੇ ਅੰਦਰ ਤੇਰੇ ਸਰੂਪ ਦਾ ਮਤਿ = ਗਿਆਨ ਪ੍ਰਾਪਤ ਹੋਏ = ਹੋ ਜਾਂਦਾ ਹੈ॥੧॥

## ਹਰਿ ਜੀਉ; ਆਪੇ ਲੈਹੁ ਮਿਲਾਇ ॥
## ਗੁਰ ਕੈ ਸਬਦਿ; ਸਚ ਨਾਮਿ ਸਮਾਇ ॥੧॥ਰਹਾਉ॥

ਹੇ ਹਰਿ ਜੀਉ = ਪ੍ਰਭੂ ਜੀ ! ਤੂੰ ਆਪ ਹੀ ਆਪਣੇ ਨਾਲ ਮੈਨੂੰ ਮਿਲਾਇ = ਮਿਲਾ ਲੈਹੁ = ਲੈਣਾ ਕਰ। ਗੁਰਾਂ ਕੈ = ਦੇ ਉਪਦੇਸ਼ ਦੀ ਕਮਾਈ ਕਰਕੇ ਤੇਰੇ ਸੱਚੇ ਨਾਮ ਵਿਚ ਮੇਰਾ ਸਮਾਇ = ਸਮਾਉਣਾ ਹੋਵੇ **ਵਾ**: ਤੇਰੇ ਸੱਚੇ ਨਾਮ ਵਿਚ ਮੇਰਾ ਮਨ ਸਮਾਇ = ਲੀਨ, ਮਸਤ ਹੋ ਜਾਵੇ ॥੧॥ਰਹਾਉ॥

## ਮਨਿ ਬਸੰਤੁ; ਹਰੇ ਸਭਿ ਲੋਇ ॥ ਫਲਹਿ ਫੁਲੀਅਹਿ; ਰਾਮ ਨਾਮਿ ਸੁਖੁ ਹੋਇ ॥੨॥

ਜਿਸਦੇ ਮਨਿ = ਹਿਰਦੇ ਵਿਚ ਬਸੰਤ ਰੁੱਤ ਦੀ ਨਿਆਈਂ ਪ੍ਰਭੂ ਆ ਕੇ ਵੱਸ ਜਾਂਦਾ ਹੈ, ਉਸ ਦੇ ਭਾਣੇ ਸਭਿ = ਸਾਰੇ ਲੋਇ = ਲੋਕ ਹੀ ਹਰੇ ਭਰੇ ਹੋਏ ਹਨ **ਅਥਵਾ** ਜਿਸਦੇ ਮਨ ਵਿਚ ਬਸੰਤੁ = ਅਨੰਦ ਸਰੂਪ ਪ੍ਰਭੂ ਵੱਸਦਾ ਹੈ, ਉਸਦੀ ਸੰਗਤ ਕਰਨ ਵਾਲੇ ਸਾਰੇ ਲੋਕ ਸ਼ੁਭ ਗੁਣਾਂ ਨਾਲ ਹਰੇ ਭਰੇ ਹੋ ਜਾਂਦੇ ਹਨ **ਵਾ**: ਉਸਨੂੰ ਐਸਾ ਨਿਸਚਾ ਹੁੰਦਾ ਹੈ ਕਿ ਹਰੇ = ਹਰੀ ਸਭਿ = ਸਾਰੇ ਲੋਕਾਂ ਵਿਚ ਲੋਇ = ਪ੍ਰਕਾਸ਼ ਕਰ ਰਿਹਾ ਹੈ।

ਉਸਦੀ ਅੰਤਹਕਰਨ ਰੂਪੀ ਧਰਤੀ ਬ੍ਰਹਮ ਗਿਆਨ ਰੂਪੀ ਫਲਹਿ = ਫਲ ਨਾਲ ਫੁਲੀਅਹਿ = ਪ੍ਰਫੁੱਲਤ ਹੋਈ ਹੈ ਅਤੇ ਰਾਮ = ਪਰਮਾਤਮਾ ਦੇ ਨਾਮ ਨੂੰ ਜਪਣ ਕਰਕੇ ਆਤਮਿਕ ਸੁਖ ਵੀ ਪ੍ਰਾਪਤ ਹੋਇ = ਹੋਇਆ ਹੈ **ਵਾ**: ਰਾਮ ਦੇ ਨਾਮ ਕਰਕੇ ਧਰਮ ਰੂਪੀ ਫੁੱਲ, ਬ੍ਰਹਮ ਗਿਆਨ ਰੂਪੀ ਫਲ ਅਤੇ ਸੁਖ ਸਰੂਪ ਦਾ ਅਨੰਦ ਪ੍ਰਾਪਤ ਹੁੰਦਾ ਹੈ ॥੨॥

## ਸਦਾ ਬਸੰਤੁ; ਗੁਰ ਸਬਦੁ ਵੀਚਾਰੇ ॥ ਰਾਮ ਨਾਮੁ; ਰਾਖੈ ਉਰ ਧਾਰੇ ॥੩॥

ਉਸ ਮਨੁੱਖ ਲਈ ਸਦਾ = ਹਮੇਸ਼ਾ ਹੀ ਬਸੰਤ ਰੁੱਤ ਹੈ **ਵਾ**: ਉਸ ਮਨੁੱਖ ਨੂੰ ਸਦਾ ਬਸੰਤੁ = ਅਨੰਦ ਬਣਿਆ ਰਹਿੰਦਾ ਹੈ **ਵਾ**: ਉਸ ਮਨੁੱਖ ਦੇ ਅੰਦਰ ਸਦਾ ਪ੍ਰਭੂ ਬਸੰਤੁ = ਵੱਸਿਆ ਰਹਿੰਦਾ ਹੈ, ਜੋ ਗੁਰਾਂ ਦੇ ਸਬਦੁ = ਉਪਦੇਸ਼ ਦੀ ਵੀਚਾਰੈ = ਵਿਚਾਰ ਕਰਦਾ ਹੈ ਅਤੇ ਰਾਮ = ਪਰਮਾਤਮਾ ਦਾ ਨਾਮ ਆਪਣੇ ਉਰ = ਹਿਰਦੇ ਅੰਦਰ ਧਾਰੇ = ਧਾਰਨ ਕਰਕੇ ਰੱਖਦਾ ਹੈ ॥੩॥

## ਮਨਿ ਬਸੰਤੁ; ਤਨੁ ਮਨੁ ਹਰਿਆ ਹੋਇ ॥

ਜਿਸ ਦੇ ਮਨਿ = ਹਿਰਦੇ ਵਿਚ ਸਦਾ ਬਸੰਤੁ = ਅਨੰਦ ਹੈ **ਵਾ**: ਪ੍ਰਭੂ ਵੱਸਦਾ ਹੈ, ਉਸਦਾ ਤਨੁ = ਸਰੀਰ ਤੇ ਮਨੁ = ਹਿਰਦਾ ਸ਼ੁਭ ਗੁਣਾਂ ਦੀ ਹਰਿਆਵਲਤਾ ਦੇ ਸਹਿਤ ਹਰਿਆ = ਹਰਾ-ਭਰਾ ਹੋਇ = ਹੋ ਜਾਂਦਾ ਹੈ।

## ਨਾਨਕ ਇਹੁ ਤਨੁ ਬਿਰਖੁ; ਰਾਮ ਨਾਮੁ ਫਲੁ ਪਾਏ ਸੋਇ ॥੪॥੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹੁ = ਇਹ ਤਨੁ = ਸਰੀਰ ਇਕ ਬਿਰਖੁ = ਰੁੱਖ ਵਾਂਗ ਹੈ, ਜੋ ਸੋਇ = ਸ਼ੋਭਾ ਦੇ ਮਾਲਕ ਰਾਮ = ਪਰਮਾਤਮਾ ਦਾ ਨਾਮ ਰੂਪੀ ਫਲ ਪਾਏ = ਪਾ ਸਕਦਾ ਹੈ **ਵਾ**: ਜਿਸ ਨੇ ਇਸ ਸਰੀਰ ਅੰਦਰ ਪਰਮਾਤਮਾ ਦਾ ਨਾਮ ਜਪਿਆ ਹੈ, ਉਸਨੇ ਬ੍ਰਹਮ ਗਿਆਨ ਰੂਪੀ ਫਲ ਪਾਉਣਾ ਕੀਤਾ ਹੈ ॥੪॥੧੫॥

## ਬਸੰਤੁ ਮਹਲਾ ੩ ॥
## ਤਿਨ੍ ਬਸੰਤੁ; ਜੋ ਹਰਿ ਗੁਣ ਗਾਇ ॥ ਪੂਰੈ ਭਾਗਿ; ਹਰਿ ਭਗਤਿ ਕਰਾਇ ॥੧॥

ਹੇ ਭਾਈ ! ਤਿਨ੍ = ਉਨ੍ਹਾਂ ਮਨੁੱਖਾਂ ਲਈ ਸਦਾ ਹੀ ਬਸੰਤ ਰੁੱਤ ਖਿੜੀ ਰਹਿੰਦੀ ਹੈ **ਵਾ**: ਉਨ੍ਹਾਂ ਮਨੁੱਖਾਂ

ਦੇ ਅੰਦਰ ਸਦਾ ਹੀ ਬਸੰਤੁ = ਅਨੰਦ ਦਾ ਖੇੜਾ ਬਣਿਆ ਰਹਿੰਦਾ ਹੈ **ਵਾ:** ਉਨ੍ਹਾਂ ਦੇ ਅੰਦਰ ਹੀ ਹਰੀ ਆਪ ਸਾਖਸ਼ਾਤ ਹੋ ਕੇ ਬਸੰਤੁ = ਵੱਸਦਾ ਹੈ, ਜੋ ਹਰਿ = ਪਰਮਾਤਮਾ ਦੇ ਗੁਣ ਗਾਏ = ਗਾਉਣਾ ਕਰਦੇ ਹਨ।

ਜਿਨ੍ਹਾਂ ਦੇ ਪੂਰੇ = ਪੂਰਨ ਸ੍ਰੇਸ਼ਟ ਭਾਗਿ = ਕਰਮ ਹਨ, ਉਨ੍ਹਾਂ ਕੋਲੋਂ ਹਰਿ = ਹਰੀ ਆਪ ਆਪਣੀ ਭਗਤਿ = ਭਗਤੀ ਕਰਾਇ = ਕਰਾਉਂਦਾ ਹੈ ॥੧॥

## ਇਸੁ ਮਨ ਕਉ; ਬਸੰਤ ਕੀ ਲਗੈ ਨ ਸੋਇ ॥

ਮਨਮੁਖਾਂ ਦੇ ਪ੍ਰਭੂ ਦੀ ਭਾਉ-ਭਗਤੀ ਤੋਂ ਰਹਿਤ ਇਸ ਮਨ ਕਉ = ਨੂੰ ਬਸੰਤ = ਅਨੰਦ ਸਰੂਪ ਪ੍ਰਭੂ ਕੀ = ਦੀ ਪ੍ਰਾਪਤੀ ਦੀ ਕੋਈ ਸੋਇ = ਕਨਸੋਅ, ਖ਼ਬਰ ਨਹੀਂ ਲਗੈ = ਲੱਗਦੀ, ਪ੍ਰਾਪਤ ਹੁੰਦੀ।

## ਇਹੁ ਮਨੁ ਜਲਿਆ; ਦੂਜੈ ਦੋਇ ॥੧॥ਰਹਾਉ॥

ਉਨ੍ਹਾਂ ਦਾ ਇਹ ਮਨ ਦੂਜੈ = ਦ੍ਵੈਤ ਕਰਕੇ ਜਲਿਆ = ਸੜਿਆ ਰਹਿੰਦਾ ਹੈ ਅਤੇ ਦੋਇ = ਦੋ ਰਾਗ, ਦ੍ਵੈਖ ਰੂਪੀ ਰੋਗ ਚਿੰਬੜੇ ਰਹਿੰਦੇ ਹਨ, **ਵਾ:** ਜਿਤਨਾ ਚਿਰ ਤੱਕ ਇਹ ਮਨ ਤ੍ਰਿਸ਼ਨਾ ਦੀ ਅੱਗ ਵਿਚ ਸੜਿਆ ਰਹਿੰਦਾ ਹੈ, ਉਤਨਾ ਚਿਰ ਤੱਕ ਦੂਜੈ = ਦ੍ਵੈਤ ਕਰਕੇ ਦੋਇ = ਦੁਚਿੱਤੀ ਬਣੀ ਰਹਿੰਦੀ ਹੈ ॥੧॥ਰਹਾਉ॥

## ਇਹੁ ਮਨੁ; ਧੰਧੈ ਬਾਂਧਾ, ਕਰਮ ਕਮਾਇ ॥
## ਮਾਇਆ ਮੂਠਾ; ਸਦਾ ਬਿਲਲਾਇ ॥੨॥

ਉਨ੍ਹਾਂ ਦਾ ਇਹ ਮਨ ਮਾਇਆ ਦੇ ਧੰਧੈ = ਧੰਦਿਆਂ, ਕੰਮਾਂ-ਕਾਰਾਂ ਦੇ ਸੰਕਲਪਾਂ ਵਿਚ ਬਾਂਧਾ = ਬੱਝਾ ਹੋਇਆ ਕਰਮਾਂ ਨੂੰ ਕਮਾਇ = ਕਮਾਉਂਦਾ ਹੈ।

ਫੇਰ ਮਾਇਆ ਦਾ ਮੂਠਾ = ਲੁੱਟਿਆ ਹੋਇਆ ਸਦਾ = ਹਮੇਸ਼ਾਂ ਬਿਲਲਾਇ = ਵਿਰਲਾਪ ਕਰਦਾ ਭਾਵ ਦੁਖੀ ਹੁੰਦਾ ਹੈ ॥੨॥

## ਇਹੁ ਮਨੁ ਛੂਟੈ; ਜਾਂ ਸਤਿਗੁਰੁ ਭੇਟੈ ॥
## ਜਮਕਾਲ ਕੀ; ਫਿਰਿ ਆਵੈ ਨ ਫੇਟੈ ॥੩॥

ਹੇ ਭਾਈ! ਇਹ ਮਨ ਤਾਂ ਹੀ ਬੰਧਨਾਂ ਤੋਂ ਛੂਟੈ = ਛੁੱਟ ਸਕਦਾ ਹੈ, ਜਾਂ = ਜਦੋਂ ਸਤਿਗੁਰਾਂ ਦੇ ਨਾਲ ਭੇਟੈ = ਮਿਲ ਜਾਂਦਾ ਹੈ।

ਫੇਰ ਉਹ ਜਮਕਾਲ = ਕਾਲ ਕਰਨ ਵਾਲੇ ਜਮ ਕੀ = ਦੀ ਫੇਟੈ = ਫੇਟ, ਪਕੜ ਵਿਚ ਨਹੀਂ ਆਵੈ = ਆਉਂਦਾ **ਵਾ:** ਜਮਕਾਲ ਦੀ ਮੌਤ ਰੂਪੀ ਫੇਟੈ = ਬਰਛੀ ਆ ਕੇ ਨਹੀਂ ਲੱਗਦੀ ॥੩॥

## ਇਹੁ ਮਨੁ ਛੂਟਾ; ਗੁਰਿ ਲੀਆ ਛਡਾਇ ॥
## ਨਾਨਕ, ਮਾਇਆ ਮੋਹੁ; ਸਬਦਿ ਜਲਾਇ ॥੪॥੧੬॥

ਹੇ ਭਾਈ! ਜਦੋਂ ਗੁਰਾਂ ਨੇ ਆਪ ਛਡਾਇ = ਛੁਡਾ ਲੀਆ = ਲਿਆ, ਤਦੋਂ ਹੀ ਇਹ ਮਨ ਸਾਰੇ ਬੰਧਨਾਂ ਤੋਂ ਛੂਟਾ = ਛੁੱਟਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਾਂ ਨੇ ਆਪਣੇ ਸਬਦਿ = ਉਪਦੇਸ਼ ਦੀ ਕਮਾਈ ਕਰਵਾ ਕੇ ਮਾਇਆ ਦਾ ਮੋਹ ਵੀ ਜਲਾਇ = ਸਾੜ ਦਿੱਤਾ ਹੈ ॥੪॥੧੬॥

## ਬਸੰਤੁ ਮਹਲਾ ੩ ॥
## ਬਸੰਤੁ ਚੜਿਆ; ਫੂਲੀ ਬਨਰਾਇ ॥
## ਏਹਿ ਜੀਅ ਜੰਤ ਫੂਲਹਿ; ਹਰਿ ਚਿਤੁ ਲਾਇ ॥੧॥

ਹੇ ਭਾਈ! ਜਦੋਂ ਬਸੰਤ ਰੁੱਤ ਦਾ ਮਹੀਨਾ ਚੜਿਆ = ਚੜ੍ਹਦਾ ਹੈ, ਤਦੋਂ ਸਾਰੀ ਬਨਰਾਇ = ਬਨਸਪਤੀ ਫੂਲੀ = ਪ੍ਰਫੁੱਲਤ ਹੋ ਜਾਂਦੀ ਹੈ **ਅਥਵਾ** ਜਦੋਂ ਜਗਿਆਸੂ ਦਾ ਸ਼ੌਂਕ ਅਵਸਥਾ ਰੂਪੀ ਬਸੰਤ ਦਾ ਮਹੀਨਾ ਚੜ੍ਹਦਾ ਹੈ, ਤਦੋਂ ਉਸਦੇ ਅੰਦਰ ਸ਼ੁੱਭ ਗੁਣਾਂ ਦੀ ਬਨਸਪਤੀ ਪ੍ਰਫੁੱਲਤ ਹੋ ਜਾਂਦੀ ਹੈ।

ਏਸੇ ਪ੍ਰਕਾਰ ਸੂਖਮ ਅਸਥੂਲ ਜੀਵ ਜੰਤ **ਵਾ:** ਜੀਵਾਂ ਰੂਪੀ ਜੰਤ = ਵਾਜੇ ਹਰਿ = ਪਰਮਾਤਮਾ ਦੇ ਨਾਲ ਚਿਤੁ = ਮਨ ਲਾਇ = ਲਾ ਕੇ ਫੂਲਹਿ = ਪ੍ਰਫੁੱਲਤ ਹੋ ਰਹੇ ਹਨ॥੧॥

[ਅੰਗ ੧੧੭੭]

## ਇਨ੍ ਬਿਧਿ; ਇਹੁ ਮਨੁ ਹਰਿਆ ਹੋਇ ॥

ਇਨ੍ = ਇਸ ਬਿਧਿ = ਤਰੀਕੇ ਨਾਲ ਇਹ ਮਨ ਸ਼ੁਭ ਗੁਣਾਂ ਨਾਲ ਹਰਿਆ = ਹਰਾ ਭਰਾ ਹੋਇ = ਹੋ ਜਾਂਦਾ ਹੈ।

***ਪ੍ਰਸ਼ਨ :*** *ਕਿਸ ਪ੍ਰਕਾਰ ਹਰਾ ਭਰਾ ਹੋ ਜਾਂਦਾ ਹੈ?*
***ਗੁਰ-ਉੱਤਰ :***

## ਹਰਿ ਹਰਿ ਨਾਮੁ ਜਪੈ ਦਿਨੁ ਰਾਤੀ; ਗੁਰਮੁਖਿ ਹਉਮੈ ਕਢੈ ਧੋਇ ॥੧॥ਰਹਾਉ॥

ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਨਾਮ ਦਿਨ ਰਾਤ ਜਪੈ = ਜਪਦਾ ਰਹੇ ਅਤੇ ਗੁਰਮੁਖਾਂ ਦੀ ਸੰਗਤ **ਵਾ:** ਮੁਖੀ ਗੁਰਾਂ ਦੁਆਰਾ ਆਪਣੇ ਅੰਦਰੋਂ ਹਉਮੈ = ਹੰਗਤਾ ਮਮਤਾ ਦੀ ਗੰਦਗੀ ਨੂੰ ਕਢੈ = ਕੱਢ ਕੇ ਧੋਇ = ਧੋਣਾ ਕਰੇ ਤਾਂ ਇਹ ਮਨ ਸ਼ੁੱਧ ਹੋ ਕੇ ਹਰਾ ਭਰਾ ਹੋ ਜਾਂਦਾ ਹੈ **ਵਾ:** ਨਾਮ ਰੂਪੀ ਸਾਬਣ ਲਾ ਕੇ, ਪ੍ਰੇਮ ਰੂਪੀ ਜਲ ਪਾ ਕੇ, ਸਾਧਸੰਗਤ ਰੂਪੀ ਘਾਟ ਉੱਪਰ ਜਾ ਕੇ ਨਿਸਚੇ ਰੂਪੀ ਪਟੜੇ 'ਤੇ ਰੱਖ ਕੇ ਉਕਤੀਆਂ-ਜੁਗਤੀਆਂ ਰੂਪ ਮੁੱਕੀਆਂ ਦੁਆਰਾ ਹਉਮੈ ਦੀ ਮੈਲ ਨੂੰ ਕੱਢ ਕੇ ਮਨ ਨੂੰ ਧੋਣਾ ਕਰੇ ਤਾਂ ਸ਼ੁਭ ਗੁਣਾਂ ਦੀ ਹਰਿਆਵਲਤਾ ਦੇ ਸਹਿਤ ਹੁੰਦਾ ਹੈ॥੧॥ਰਹਾਉ॥

## ਸਤਿਗੁਰ ਬਾਣੀ; ਸਬਦੁ ਸੁਣਾਏ ॥ ਇਹੁ ਜਗੁ ਹਰਿਆ; ਸਤਿਗੁਰ ਭਾਏ ॥੨॥

ਸਤਿਗੁਰੂ ਸਾਹਿਬ ਜੀ ਆਪਣੀ ਬਾਣੀ ਦੁਆਰਾ ਬ੍ਰਹਮ ਦਾ ਸਬਦੁ = ਉਪਦੇਸ਼ ਸੁਣਾਏ = ਸੁਣਾਉਣਾ ਕਰਦੇ ਹਨ।

ਉਨ੍ਹਾਂ ਸਤਿਗੁਰਾਂ ਨਾਲ ਭਾਏ = ਪ੍ਰੇਮ ਕਰਕੇ ਇਹ ਸਾਰਾ ਜਗ = ਸੰਸਾਰ ਹੀ ਸ਼ੁੱਭ ਗੁਣਾਂ ਕਰਕੇ ਹਰਿਆ = ਹਰਾ ਭਰਾ ਹੋ ਰਿਹਾ ਹੈ॥੨॥

## ਫਲ ਫੂਲ ਲਾਗੇ; ਜਾਂ ਆਪੇ ਲਾਏ ॥ ਮੂਲਿ ਲਗੈ; ਤਾਂ ਸਤਿਗੁਰੁ ਪਾਏ ॥੩॥

ਜਾਂ = ਜਦੋਂ ਪ੍ਰਭੂ ਨੇ ਆਪ ਹੀ ਲਾਏ = ਲਾਉਣਾ ਕੀਤੇ, ਉਸ ਸਮੇਂ ਸਾਰੀ ਬਨਸਪਤੀ ਨੂੰ ਫਲ ਫੁੱਲ ਲਾਗੇ = ਲੱਗ ਗਏ **ਵਾ:** ਉਦੋਂ ਸ਼ੁਭ ਗੁਣਾਂ ਦੀ ਬਨਸਪਤੀ ਵਿਚ ਪ੍ਰੇਮ, ਧਰਮ ਰੂਪੀ ਫੁੱਲ ਅਤੇ ਗਿਆਨ ਰੂਪੀ ਫਲ ਲਾਗੇ = ਲੱਗੇ ਹਨ।

ਜੇ ਕੋਈ ਸਤਿਗੁਰਾਂ ਨੂੰ ਪਾਏ = ਪਾਉਣਾ ਕਰੇ ਤਾਂ ਹੀ ਉਹ ਮੂਲਿ = ਮੁੱਢ ਰੂਪ ਪਰਮਾਤਮਾ ਦੇ ਸਿਮਰਨ ਵਿਚ ਲਗੈ = ਲੱਗ ਸਕਦਾ ਹੈ॥੩॥

## ਆਪਿ ਬਸੰਤੁ; ਜਗਤੁ ਸਭੁ ਵਾੜੀ॥
## ਨਾਨਕ; ਪੂਰੈ ਭਾਗਿ ਭਗਤਿ ਨਿਰਾਲੀ॥੪॥੧੭॥

ਪਰਮਾਤਮਾ ਆਪ ਹੀ ਬਸੰਤ ਰੁੱਤ ਦੀ ਨਿਆਈਂ ਆਪਣੀ ਸੱਤਾ ਨਾਲ ਸਭ ਨੂੰ ਪ੍ਰਫੁੱਲਤ ਕਰ ਰਿਹਾ ਹੈ ਅਤੇ ਸਭੁ = ਸਾਰਾ ਜਗਤੁ = ਸੰਸਾਰ ਉਸਦੀ ਵਾੜੀ = ਬਗ਼ੀਚੀ ਰੂਪ ਹੋ ਕੇ ਪ੍ਰਫੁੱਲਤ ਹੋ ਰਿਹਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪੂਰੈ = ਪੂਰਨ ਭਾਗਾਂ ਵਾਲਿਆਂ ਨੂੰ ਨਿਰਾਲੀ = ਅਸੰਗ ਕਰਨ ਵਾਲੀ ਪ੍ਰਭੂ ਦੀ ਭਗਤੀ ਪ੍ਰਾਪਤ ਹੁੰਦੀ ਹੈ **ਵਾ:** ਪੂਰਨ ਭਾਗਾਂ ਵਾਲੇ ਮਨੁੱਖ ਭਗਤੀ ਕਰਕੇ ਆਪਣੀ ਬਿਰਤੀ ਵਿਕਾਰਾਂ ਵੱਲੋਂ ਨਿਰਾਲੀ = ਅਸੰਗ ਕਰ ਲੈਂਦੇ ਹਨ॥੪॥੧੭॥

## ਬਸੰਤੁ ਹਿੰਡੋਲ ਮਹਲਾ ੩ ਘਰੁ ੨ ੴ ਸਤਿਗੁਰ ਪ੍ਰਸਾਦਿ॥

ਬਸੰਤ ਰਾਗ ਅਤੇ ਹਿੰਡੋਲ ਰਾਗ ਦੋਨਾਂ ਨੂੰ ਮਿਲਾ ਕੇ ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਵਿਚ ਇਹ ਉਪਦੇਸ਼ ਕਥਨ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ;
## ਗੁਰ ਸਬਦ ਵਿਟਹੁ ਬਲਿ ਜਾਈ॥

ਹੇ ਭਾਈ! ਮੈਂ ਗੁਰਾਂ ਕੀ = ਦੀ ਉਚਾਰਣ ਕੀਤੀ ਧੁਰ ਕੀ ਬਾਣੀ ਦੇ ਵਿਟਹੁ = ਉੱਪਰੋਂ ਮਨ ਕਰਕੇ ਵਾਰਿਆ = ਕੁਰਬਾਨ ਜਾਂਦਾ ਹਾਂ ਅਤੇ ਗੁਰਾਂ ਦੇ ਸਬਦ = ਉਪਦੇਸ਼ ਦੇ ਵਿਟਹੁ = ਉਪਰੋਂ ਸਰੀਰ, ਬਾਣੀ ਕਰਕੇ ਵੀ ਬਲਿ = ਬਲਿਹਾਰ ਜਾਈ = ਜਾਂਦਾ ਹਾਂ **ਵਾ:** ਗੁਰ = ਚੇਤਨ ਸਬਦ = ਬ੍ਰਹਮ ਦੇ ਉੱਪਰੋਂ ਮਨ, ਬਾਣੀ, ਸਰੀਰ ਕਰਕੇ ਬਲਿਹਾਰ ਜਾਂਦਾ ਹਾਂ।

## ਗੁਰੁ ਸਾਲਾਹੀ ਸਦ ਅਪਣਾ ਭਾਈ; ਗੁਰ ਚਰਣੀ ਚਿਤੁ ਲਾਈ॥੧॥

ਹੇ ਭਾਈ! ਮੈਂ ਸਦ = ਹਮੇਸ਼ਾਂ ਆਪਣੇ ਗੁਰੂ ਨੂੰ ਸਾਲਾਹੀ = ਸਾਲਾਹੁਣਾ ਕਰਦਾ ਹਾਂ ਅਤੇ ਸਦਾ ਗੁਰਾਂ ਦੇ ਚਰਣੀ = ਚਰਨ ਕਮਲਾਂ ਵਿਚ ਚਿਤੁ = ਮਨ ਨੂੰ ਲਾਈ = ਲਾਉਣਾ ਕਰਦਾ ਹਾਂ॥੧॥

## ਮੇਰੇ ਮਨ; ਰਾਮ ਨਾਮਿ ਚਿਤੁ ਲਾਇ॥

ਹੇ ਮੇਰੇ ਮਨਾਂ! ਤੂੰ ਰਾਮ = ਪਰਮਾਤਮਾ ਦੇ ਨਾਮ ਵਿਚ ਆਪਣੇ ਚਿੱਤ ਦੀ ਬਿਰਤੀ ਲਾਇ = ਲਾਉਣੀ ਕਰ।

## ਮਨੁ ਤਨੁ ਤੇਰਾ ਹਰਿਆ ਹੋਵੈ; ਇਕੁ ਹਰਿ ਨਾਮਾ ਫਲੁ ਪਾਇ॥੧॥ਰਹਾਉ॥

ਹੇ ਭਾਈ! ਇਸ ਨਾਲ ਤੇਰਾ ਮਨ ਅੰਮ੍ਰਿਤ ਨਾਮ ਕਰਕੇ ਅਤੇ ਤਨ ਵਿਕਾਰਾਂ ਤੋਂ ਰਹਿਤ ਹੋ ਕੇ ਸ਼ੁਭ ਗੁਣਾਂ ਨਾਲ ਹਰਿਆ = ਹਰਾ ਭਰਾ ਹੋਵੈ = ਹੋ ਜਾਵੇਗਾ ਅਤੇ ਇਕ ਹਰੀ ਦਾ ਨਾਮ ਰੂਪੀ ਫਲ ਪਾਇ = ਪਾ ਲਵੇਗਾ **ਵਾ:** ਇਕੁ = ਅਦ੍ਵੈਤ ਰੂਪ ਹਰੀ ਦਾ ਨਾਮ ਜਪ ਕੇ ਬ੍ਰਹਮਾਨੰਦ ਰੂਪੀ ਫਲ ਪਾ ਲਵੇਗਾ॥੧॥ਰਹਾਉ॥

## ਗੁਰਿ ਰਾਖੇ ਸੇ ਉਬਰੇ ਭਾਈ; ਹਰਿ ਰਸੁ ਅੰਮ੍ਰਿਤੁ ਪੀਆਇ ॥

ਹੇ ਭਾਈ ! ਜੋ ਮਨੁੱਖ ਗੁਰਾਂ ਨੇ ਵਿਕਾਰਾਂ ਆਦਿ ਤੋਂ ਬਚਾ ਕੇ ਰਾਖੇ = ਰੱਖ ਲਏ ਹਨ, ਸੇ = ਉਹ ਮਾਇਆ ਦੇ ਮੋਹ ਤੋਂ ਉਬਰੇ = ਬਚ ਗਏ ਹਨ ਕਿਉਂਕਿ ਗੁਰਾਂ ਨੇ ਉਨ੍ਹਾਂ ਨੂੰ ਹਰਿ = ਹਰੀ ਦਾ ਅੰਮ੍ਰਿਤ ਰੂਪ ਨਾਮ ਦਾ ਰਸ ਪੀਆਇ = ਪਿਲਾਉਣਾ ਕੀਤਾ ਹੈ।

## ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ; ਸੁਖੁ ਵੂਠਾ ਮਨਿ ਆਇ ॥੨॥

ਹੇ ਭਾਈ ! ਉਨ੍ਹਾਂ ਦੇ ਵਿਚਹੁ = ਅੰਦਰੋਂ ਹਉਮੈ = ਹੰਗਤਾ ਮਮਤਾ ਦਾ ਦੁੱਖ ਉੱਠ ਗਇਆ = ਗਿਆ ਹੈ ਅਤੇ ਆਤਮਿਕ ਸੁਖ ਅੰਦਰ ਆਇ = ਆ ਕੇ ਵੂਠਾ = ਵੱਸ ਗਿਆ ਹੈ ॥੨॥

## ਧੁਰਿ ਆਪੇ ਜਿਨ੍ਾ ਨੋ ਬਖਸਿਓਨੁ ਭਾਈ; ਸਬਦੇ ਲਇਅਨੁ ਮਿਲਾਇ ॥

ਹੇ ਭਾਈ ! ਜਿਨ੍ਹਾਂ ਮਨੁੱਖਾਂ ਨੋ = ਨੂੰ ਧੁਰ ਦਰਗਾਹ ਤੋਂ ਹੀ ਨਿਸ਼ਕਾਮੀ ਜਾਣ ਕੇ ਪ੍ਰਭੂ ਨੇ ਬਖਸਿਓਨੁ = ਬਖ਼ਸ਼ ਦਿੱਤਾ ਹੈ, ਉਹ ਗੁਰਾਂ ਦੇ ਸਬਦੇ = ਉਪਦੇਸ਼ ਵਿਚ ਮਿਲਾਇ = ਮਿਲਾ ਲਇਅਨੁ = ਲਏ ਹਨ।

## ਧੂੜਿ ਤਿਨ੍ਾ ਕੀ ਅਘੁਲੀਐ ਭਾਈ; ਸਤਸੰਗਤਿ ਮੇਲਿ ਮਿਲਾਇ ॥੩॥

ਤਿਨ੍ਾ = ਉਨ੍ਹਾਂ ਗੁਰਮੁਖਾਂ ਦੇ ਚਰਨਾਂ ਕੀ = ਦੀ ਧੂੜ ਦੁਆਰਾ ਮਾਇਆ ਦੇ ਮੋਹ ਤੋਂ ਅਘੁਲੀਐ = ਛੁੱਟ ਜਾਈਦਾ ਹੈ, ਇਸ ਲਈ ਉਨ੍ਹਾਂ ਦੀ ਸਤਸੰਗਤ ਦੇ ਮੇਲ ਵਿਚ ਆਪਣੇ ਆਪ ਨੂੰ ਮਿਲਾਇ = ਮਿਲਾਉਣਾ ਕਰੀਏ **ਵਾ:** ਉਨ੍ਹਾਂ ਨੂੰ ਸਤਿਸੰਗਤ ਵਿਚ ਮੇਲ ਕੇ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ ॥੩॥

## ਆਪਿ ਕਰਾਏ ਕਰੇ ਆਪਿ ਭਾਈ; ਜਿਨਿ ਹਰਿਆ ਕੀਆ ਸਭੁ ਕੋਇ ॥

ਹੇ ਭਾਈ ! ਉਨ੍ਹਾਂ ਗੁਰਮੁਖਾਂ ਦਾ ਐਸਾ ਨਿਸਚਾ ਹੈ ਕਿ ਪ੍ਰਭੂ ਆਪ ਸਾਰੇ ਜਗਤ ਨੂੰ ਰਚਨਾ ਕਰੇ = ਕਰਦਾ ਹੈ ਅਤੇ ਆਪ ਹੀ ਜੀਵਾਂ ਦੀ ਵਾਸ਼ਨਾ ਅਨੁਸਾਰ ਉਨ੍ਹਾਂ ਪਾਸੋਂ ਕਰਮ ਕਰਾਏ = ਕਰਾਉਂਦਾ ਹੈ, ਜਿਨਿ = ਜਿਸ ਪਰਮਾਤਮਾ ਨੇ ਹੀ ਆਪਣੀ ਸੱਤਾ ਦੁਆਰਾ ਸਭ ਕੋਇ = ਕੋਈ ਜੀਵ ਜੰਤ ਹਰਿਆ = ਹਰਾ ਭਰਾ ਕੀਤਾ ਹੈ।

## ਨਾਨਕ ਮਨਿ ਤਨਿ ਸੁਖੁ ਸਦ ਵਸੈ ਭਾਈ;
## ਸਬਦਿ ਮਿਲਾਵਾ ਹੋਇ ॥੪॥੧॥੧੮॥੧੨॥੧੮॥੩੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਉਨ੍ਹਾਂ ਦੇ ਮਨਿ = ਹਿਰਦੇ ਅਤੇ ਤਨਿ ਸਰੀਰ ਵਿਚ ਸਦ = ਹਮੇਸ਼ਾਂ ਵਾਸਤੇ ਹੀ ਆਤਮਿਕ ਸੁੱਖ ਵਸੈ = ਵੱਸਦਾ ਹੈ ਅਤੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਪਰਮਾਤਮਾ ਨਾਲ ਮਿਲਾਵਾ = ਮਿਲਾਪ ਹੋਇ = ਹੋ ਜਾਂਦਾ ਹੈ ॥੪॥੧॥੧੮॥੧੨॥੧੮॥੩੦॥

**ਅੰਕਾਂ ਦਾ ਵੇਰਵਾ :**

੪ = ਇਸ ਸ਼ਬਦ ਦੇ ਪਦ ਹਨ।
੧ = ਦੂਸਰੇ ਘਰ ਦਾ ਇਹ ਇਕ ਸ਼ਬਦ ਆਇਆ ਹੈ।
੧੮ = ਸ੍ਰੀ ਗੁਰੂ ਅਮਰਦਾਸ ਜੀ ਦੇ ਅਠਾਰਾਂ ਸ਼ਬਦ ਆਏ ਹਨ।
੧੨ = ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਬਾਰਾਂ ਸ਼ਬਦ ਆਏ ਹਨ।
੧੮ = ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਅਠਾਰਾਂ ਸ਼ਬਦ ਆਏ ਹਨ।
**੩੦ = ਕੁੱਲ ਜੋੜ**

## ਰਾਗੁ ਬਸੰਤੁ ਮਹਲਾ ੪ ਘਰੁ ੧ ਇਕਤੁਕੇ ੧ੴ ਸਤਿਗੁਰ ਪ੍ਰਸਾਦਿ ॥

ਰਾਗ ਬਸੰਤ ਦੇ ਅੰਦਰ ਮਹਲਾ ੪ = ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਅੰਦਰ ਇਕ ਤੁਕੇ = ਇਕ-੧ ਤੁਕ ਤੇ ਅੰਕਾਂ ਵਾਲੀ ਉਪਦੇਸ਼ ਰੂਪ ਬਾਣੀ ਉਚਾਰਣ ਕਰਦੇ ਹਨ।

***ਨੋਟ :*** ਏਥੇ ਵੀ ਦੋ ਛੋਟੀਆਂ ਤੁਕਾਂ ਨੂੰ ਇਕ ਦੀ ਗਿਣਤੀ ਵਿਚ ਹੀ ਸਮਝਣਾ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਸਿੱਖਾਂ ਨੇ ਸਤਿਗੁਰਾਂ ਪਾਸ ਪ੍ਰਸ਼ਨ ਕੀਤਾ ਕਿ ਹੇ ਸਤਿਗੁਰੂ ਜੀ! ਪਰਮਾਤਮਾ ਦੀ ਜੋਤ ਕਿਸ ਪ੍ਰਕਾਰ ਸੰਸਾਰ ਵਿਚ ਫੈਲੀ ਹੋਈ ਹੈ, ਤਦ ਉੱਤਰ ਵਿਚ ਸਤਿਗੁਰੂ ਜੀ ਦ੍ਰਿਸ਼ਟਾਂਤ ਦੁਆਰਾ ਸਮਝਾਉਂਦੇ ਹੋਏ ਇਹ ਸ਼ਬਦ ਉਚਾਰਣ ਕਰਦੇ ਹਨ।

### ਜਿਉ ਪਸਰੀ; ਸੂਰਜ ਕਿਰਣਿ ਜੋਤਿ ॥
### ਤਿਉ ਘਟਿ ਘਟਿ ਰਮਈਆ; ਓਤਿ ਪੋਤਿ ॥੧॥

ਹੇ ਭਾਈ! ਜਿਉ = ਜਿਸ ਪ੍ਰਕਾਰ ਸੂਰਜ ਦੀਆਂ ਕਿਰਣਾਂ ਦੀ ਜੋਤਿ = ਜੋਤੀ ਸਭ ਥਾਵਾਂ ਵਿਚ ਪਸਰੀ = ਫੈਲੀ ਹੁੰਦੀ ਹੈ।

ਤਿਉ = ਤਿਵੇਂ ਰਮਈਆ = ਪਰਮਾਤਮਾ ਸਾਰੇ ਘਟਾਂ ਘਟਾਂ ਵਿਚ ਓਤਿ ਪੋਤਿ = ਤਾਣੇ-ਪੇਟੇ ਵਾਂਗ ਵਿਆਪਕ ਹੋ ਰਿਹਾ ਹੈ।

ਅਰਥਾਤ ਸਾਰੇ ਆਕਾਰ ਅਧਿਆਸ, ਕਲਪਤ ਰੂਪ ਹਨ ਅਤੇ ਉਹ ਅਧਿਸ਼ਠਾਨ ਰੂਪ ਪ੍ਰਭੂ ਤਾਣੇ ਪੇਟੇ ਵਾਂਗ ਸਾਰੇ ਆਕਾਰਾਂ ਵਿਚ ਮਿਲਿਆ ਹੋਇਆ ਹੈ **ਵਾ:** ਓਤਿ = ਉਹ ਪ੍ਰਭੂ ਭਗਤਾਂ ਦੇ ਪ੍ਰੇਮ ਵਿਚ ਪੋਤਿ = ਪ੍ਰੋਤਾ ਹੋਇਆ ਹੈ ਅਤੇ ਭਗਤ ਉਸਦੇ ਪ੍ਰੇਮ ਵਿਚ ਪ੍ਰੋਤੇ ਹੋਏ ਹਨ **ਵਾ:** ਵੈਰਾਗ ਬਿਬੇਕ ਖਟ ਸੰਪਤੀ ਮੋਖ ਇੱਛਾ ਇਹ ਤਾਣੇ ਦਾ ਸੂਤ ਹੈ ਅਤੇ ਸਰਵਣ ਮੰਨਣ ਨਿਧਿਆਸਣ ਪੇਟੇ ਦਾ ਸੂਤ ਹੈ **ਵਾ:** ਭੇਦ ਦੀਆਂ ਬਾਧਕ ਤੇ ਅਭੇਦ ਦੀਆਂ ਸਾਧਕ ਜੁਗਤੀਆਂ ਦੁਆਰਾ **ਵਾ:** ਸਜਾਤੀ ਬਿਰਤੀ ਦਾ ਪ੍ਰਵਾਹ ਅਤੇ ਵਿਜਾਤੀ ਬਿਰਤੀ ਦਾ ਤਿਆਗ ਕਰਨ ਰੂਪ ਤਾਣੇ ਪੇਟੇ ਵਤ ਰਮਿਆ ਪ੍ਰਭੂ ਭਗਤਾਂ ਨੂੰ ਦ੍ਰਿਸ਼ਟੀ ਵਿਚ ਆ ਜਾਂਦਾ ਹੈ॥੧॥

### ਏਕੋ ਹਰਿ; ਰਵਿਆ ਸ੍ਰਬ ਥਾਇ ॥
### ਗੁਰਸਬਦੀ ਮਿਲੀਐ; ਮੇਰੀ ਮਾਇ ॥੧॥ਰਹਾਉ॥

ਏਕੋ = ਇਕ ਹਰਿ = ਪਰਮਾਤਮਾ ਹੀ ਸ੍ਰਬ = ਸਾਰੇ ਥਾਇ = ਥਾਵਾਂ ਵਿਚ ਰਵਿਆ = ਵਿਆਪਕ ਹੋ ਰਿਹਾ ਹੈ।

ਹੇ ਮੇਰੀ ਮਾਇ = ਮਾਂ ਭਾਵ ਮਹਾਤਮਾ ਰੂਪੀ ਉੱਤਮ ਸਖੀਓ! ਗੁਰਾਂ ਦੇ ਸਬਦੀ = ਉਪਦੇਸ਼ ਦੀ ਕਮਾਈ ਕਰਕੇ ਹੀ ਉਸ ਪ੍ਰਭੂ ਨਾਲ ਮਿਲੀਐ = ਮਿਲ ਸਕੀਦਾ ਹੈ॥੧॥ਰਹਾਉ॥

### ਘਟਿ ਘਟਿ ਅੰਤਰਿ; ਏਕੋ ਹਰਿ ਸੋਇ ॥
### ਗੁਰਿ ਮਿਲਿਐ; ਇਕੁ ਪ੍ਰਗਟੁ ਹੋਇ ॥੨॥

ਹੇ ਭਾਈ! ਸਾਰੇ ਘਟਿ ਘਟਿ = ਘਟਾਂ ਘਟਾਂ, ਸਰੀਰਾਂ ਸਰੀਰਾਂ ਦੇ ਅੰਤਰਿ = ਵਿਚ ਸੋਇ = ਉਹ ਏਕੋ = ਇਕ ਹਰਿ = ਪਰਮਾਤਮਾ ਹੀ ਵੱਸ ਰਿਹਾ ਹੈ।

ਗੁਰਾਂ ਨਾਲ ਮਿਲਿਐ = ਮਿਲਣ ਕਰਕੇ ਉਹ ਇਕ ਅਦੁੱਤੀ ਪ੍ਰਭੂ ਹਿਰਦੇ ਅੰਦਰ ਹੀ ਪ੍ਰਗਟੁ = ਪ੍ਰਤੱਖ, ਸਾਖਸ਼ਾਤ ਹੋਇ = ਹੋ ਜਾਂਦਾ ਹੈ॥੨॥

## ਏਕੋ ਏਕੁ; ਰਹਿਆ ਭਰਪੂਰਿ ॥ ਸਾਕਤ ਨਰ ਲੋਭੀ; ਜਾਣਹਿ ਦੂਰਿ ॥੩॥

ਏਕੋ = ਇੱਕੋ ਨਿਰਗੁਣ ਸਰੂਪ ਵਿਚ ਅਤੇ ਇੱਕੋ ਹੀ ਸਰਗੁਣ ਸਰੂਪ ਵਿਚ ਸਾਰੇ ਭਰਪੂਰਿ = ਵਿਆਪਕ ਹੋ ਰਹਿਆ = ਰਿਹਾ ਹੈ।

ਸਾਕਤ = ਕਠੋਰ ਚਿੱਤ ਵਾਲੇ ਅਤੇ ਲੋਭੀ ਲਾਲਚੀ ਨਰ = ਮਨੁੱਖ ਉਸਨੂੰ ਆਪਣੇ ਤੋਂ ਦੂਰ ਜਾਣਹਿ = ਜਾਣਦੇ ਹਨ॥੩॥

## ਏਕੋ ਏਕੁ; ਵਰਤੈ ਹਰਿ ਲੋਇ ॥ ਨਾਨਕ; ਹਰਿ ਏਕੋੁ ਕਰੇ, ਸੁ ਹੋਇ ॥੪॥੧॥

ਏਕੋ ਏਕੁ = ਸਿਰਫ਼ ਇਕ ਪਰਮਾਤਮਾ ਹੀ ਸਾਰੇ ਲੋਇ = ਲੋਕਾਂ ਵਿਚ ਵਰਤੈ = ਵਰਤ ਰਿਹਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਏਕੋੁ = ਅਦੁੱਤੀ ਹਰਿ = ਪਰਮਾਤਮਾ ਜੋ ਕੁਝ ਵੀ ਕਰੇ = ਕਰਦਾ ਹੈ, ਸੁ = ਉਹੋ ਕੁਝ ਹੀ ਤਿੰਨਾਂ ਕਾਲਾਂ ਵਿਚ ਹੋਇ = ਹੁੰਦਾ ਹੈ॥੪॥੧॥

## ਬਸੰਤੁ ਮਹਲਾ ੪ ॥

ਵੈਰਾਗਮਈ ਉਪਦੇਸ਼ ਬਖ਼ਸ਼ਦੇ ਹਨ।

## ਰੈਣਿ ਦਿਨਸੁ ਦੁਇ; ਸਦੇ ਪਏ ॥
## ਮਨ ਹਰਿ ਸਿਮਰਹੁ; ਅੰਤਿ ਸਦਾ ਰਖਿ ਲਏ ॥੧॥

('ਸੱਦੇ' ਦਾ ਉਚਾਰਣ ਅੱਧਕ ਸਹਿਤ ਹੈ)

ਹੇ ਭਾਈ! ਰੈਣਿ = ਰਾਤ ਦਿਨਸੁ = ਦਿਨ ਦੁਇ = ਦੋਵੇਂ ਕਾਲ ਦੇ ਸੱਦੇ = ਬੁਲਾਵੇ ਪਏ = ਪੈ ਰਹੇ ਹਨ, ਭਾਵ ਰਾਤ ਦਿਨ ਕਰਕੇ ਉਮਰ ਲੰਘਦੀ ਜਾਂਦੀ ਹੈ ਅਤੇ ਕਾਲ ਨੇੜੇ ਆਉਂਦਾ ਜਾਂਦਾ ਹੈ।

ਹੇ ਮਨਾਂ! ਇਸ ਲਈ ਤੂੰ ਹਰਿ = ਪਰਮਾਤਮਾ ਨੂੰ ਸਿਮਰਹੁ = ਸਿਮਰਨਾ ਕਰ, ਜੋ ਅੰਤਿ = ਅਖ਼ੀਰ ਵੇਲੇ ਸਦਾ = ਹਮੇਸ਼ਾਂ ਵਾਸਤੇ ਹੀ ਜਮਾਂ, ਕਾਲ ਤੋਂ ਬਚਾ ਕੇ ਰੱਖ ਲਏ = ਲਵੇਗਾ, ਭਾਵ ਕਿਸੇ ਨੂੰ ਦਿਨ ਤੇ ਕਿਸੇ ਨੂੰ ਰਾਤ ਵਿਚ ਮੌਤ ਦਾ ਸੱਦਾ ਆ ਜਾਂਦਾ ਹੈ॥੧॥

## ਹਰਿ ਹਰਿ ਚੇਤਿ; ਸਦਾ ਮਨ ਮੇਰੇ ॥

ਹੇ ਮੇਰੇ ਮਨਾਂ! ਤੂੰ ਸਦਾ = ਹਮੇਸ਼ਾਂ ਵਾਸਤੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਨੂੰ ਚੇਤਿ = ਚੇਤਨਾ ਕਰ।

## ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ;
## ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥੧॥ਰਹਾਉ॥

ਗੁਰਮਤਿ = ਗੁਰਾਂ ਦੀ ਸਿੱਖਿਆ ਪ੍ਰਾਪਤ ਕਰਕੇ ਪ੍ਰਭੁ = ਪਰਮਾਤਮਾ ਕੇਰੇ = ਦੇ ਗੁਣ ਗਾਵਹੁ = ਗਾਉਣਾ ਕਰ, ਜਿਸਨੇ ਗੁਣ ਗਾਏ ਹਨ, ਉਸਨੇ ਸਭੁ = ਸਾਰੇ ਆਲਸੁ = ਦਲਿੱਦ੍ਰ ਅਤੇ ਦੂਖ = ਕਸ਼ਟਾਂ ਨੂੰ ਭੰਜਿ = ਭੰਨਣ ਵਾਲੇ ਪ੍ਰਭ = ਪਰਮਾਤਮਾ ਨੂੰ ਪਾਇਆ = ਪਾਉਣਾ ਕੀਤਾ ਹੈ॥੧॥ਰਹਾਉ॥

[ਅੰਗ ੧੧੭੮]

## ਮਨਮੁਖ; ਫਿਰਿ ਫਿਰਿ ਹਉਮੈ ਮੁਏ ॥ ਕਾਲਿ ਦੈਤਿ ਸੰਘਾਰੇ; ਜਮ ਪੁਰਿ ਗਏ ॥੨॥

ਮਨਮੁਖ = ਮਨ ਨੂੰ ਹੀ ਮੁਖੀ ਬਣਾਉਣ ਵਾਲੇ ਪੁਰਖ ਫਿਰਿ ਫਿਰਿ = ਮੁੜ ਮੁੜ ਹਉਮੈ = ਹੰਗਤਾ ਕਰਕੇ ਮੁਏ = ਮਰ ਰਹੇ ਹਨ।

ਕਾਲ ਰੂਪੀ ਦੈਂਤ ਨੇ ਉਹ ਮਨਮੁਖ ਸੰਘਾਰੇ = ਮਾਰਨਾ ਕੀਤੇ ਹਨ ਅਤੇ ਉਹ ਸਾਰੇ ਜਮਾਂ ਦੀ ਪੁਰਿ = ਪੁਰੀ ਵਿਚ ਹੀ ਗਏ ਹਨ॥੨॥

## ਗੁਰਮੁਖਿ ਹਰਿ ਹਰਿ; ਹਰਿ ਲਿਵ ਲਾਗੇ ॥ ਜਨਮ ਮਰਣ; ਦੋਊ ਦੁਖ ਭਾਗੇ ॥੩॥

ਗੁਰਮੁਖ ਜਨ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੀ ਲਿਵ ਵਿਚ ਲਾਗੇ = ਲੱਗੇ ਹੋਏ ਹਨ।

ਉਨ੍ਹਾਂ ਦੇ ਜੰਮਣ ਮਰਣ ਰੂਪੀ ਦੋਊ = ਦੋਵੇਂ ਦੁਖ ਹੀ ਭਾਗੇ = ਭੱਜ ਗਏ ਹਨ॥੩॥

## ਭਗਤ ਜਨਾ ਕਉ; ਹਰਿ ਕਿਰਪਾ ਧਾਰੀ ॥
## ਗੁਰੁ ਨਾਨਕੁ ਤੁਠਾ; ਮਿਲਿਆ ਬਨਵਾਰੀ ॥੪॥੨॥

ਹੇ ਭਾਈ! ਆਪਣੇ ਭਗਤ = ਸੇਵਕ ਜਨਾਂ ਕਉ = ਦੇ ਉੱਪਰ ਹਰਿ = ਪਰਮਾਤਮਾ ਨੇ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਧਾਰੀ = ਧਾਰਨਾ ਕੀਤੀ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਉੱਪਰ ਗੁਰੂ ਤੁਠਾ = ਪ੍ਰਸੰਨ ਹੋਇਆ ਹੈ, ਉਸਨੂੰ ਬਨਵਾਰੀ = ਸੰਸਾਰ ਬਾਗ਼ ਦਾ ਵਾਲੀ ਪ੍ਰਭੂ ਮਿਲਿਆ ਹੈ॥੪॥੨॥

## ਬਸੰਤੁ ਹਿੰਡੋਲ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਬਸੰਤ ਰਾਗ ਅਤੇ ਹਿੰਡੋਲ ਰਾਗ ਦੋਨਾਂ ਨੂੰ ਮੇਲ ਕੇ ਮਹਲਾ ੪ = ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਵਿਚ ਪਵਿੱਤਰ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਰਾਮ ਨਾਮੁ ਰਤਨ ਕੋਠੜੀ; ਗੜ ਮੰਦਰਿ ਏਕ ਲੁਕਾਨੀ ॥

ਹੇ ਭਾਈ! ਰਾਮ = ਪਰਮਾਤਮਾ ਦਾ ਨਾਮ ਰੂਪੀ ਰਤਨ = ਮਾਨਿਕ ਹਿਰਦੇ, ਬੁੱਧ, ਭਗਤੀ ਰੂਪੀ ਕੋਠੜੀ ਦੇ ਘਰ ਰੱਖਿਆ ਹੋਇਆ ਹੈ, ਜੋ ਕੋਠੜੀ ਇਕ ਸਰੀਰ ਰੂਪੀ ਗੜ = ਕਿਲ੍ਹੇ ਦੇ ਮੰਦਰਿ = ਅੰਦਰ ਲੁਕਾਨੀ = ਲੁਕੀ ਹੋਈ ਹੈ **ਵਾ:** ਮੰਦਰਿ = ਅਧਿਸ਼ਠਾਨ ਰੂਪ ਪ੍ਰਭੂ ਨੇ ਇਹ ਸਰੀਰ ਗੜ = ਘੜ ਕੇ ਇਸਦੇ ਅੰਦਰ ਇਕ ਭਗਤੀ ਰੂਪੀ ਕੋਠੜੀ ਲੁਕਾਉਣਾ ਕੀਤੀ ਹੈ।

## ਸਤਿਗੁਰੁ ਮਿਲੈ ਤ ਖੋਜੀਐ; ਮਿਲਿ ਜੋਤੀ ਜੋਤਿ ਸਮਾਨੀ ॥੧॥

ਜੇਕਰ ਸਤਿਗੁਰੂ ਸਾਹਿਬ ਜੀ ਮਿਲੈ = ਮਿਲ ਪੈਣ, ਤ = ਤਦੋਂ ਉਹ ਕੋਠੜੀ ਖੋਜੀਐ = ਲੱਭੀਦੀ ਹੈ, ਜਿਨ੍ਹਾਂ ਨੇ ਲੱਭ ਲਈ ਹੈ, ਤਿਨ੍ਹਾਂ ਦੀ ਪਰਤਕ ਜੋਤ ਅਦ੍ਵੈਤ ਅਨੰਦ ਜੋਤੀ ਸਰੂਪ ਵਿਚ ਸਮਾਨੀ = ਸਮਾਅ ਜਾਂਦੀ ਹੈ॥੧॥

## ਮਾਧੋ; ਸਾਧੂ ਜਨ ਦੇਹੁ ਮਿਲਾਇ ॥

ਹੇ ਮਾਧੋ = ਮਾਇਆ ਦੇ ਪਤੀ ਪ੍ਰਭੂ! ਤੂੰ ਮੈਨੂੰ ਆਪਣੇ ਸਾਧੂ = ਸ੍ਰੇਸ਼ਟ ਮਹਾਤਮਾ ਜਨਾਂ ਨਾਲ ਮਿਲਾਇ = ਮਿਲਾ ਦੇਹੁ = ਦੇਣਾ ਕਰ।

## ਦੇਖਤ ਦਰਸੁ ਪਾਪ ਸਭਿ ਨਾਸਹਿ; ਪਵਿਤ੍ਰ ਪਰਮਪਦੁ ਪਾਇ ॥੧॥ਰਹਾਉ॥

ਜਿਨ੍ਹਾਂ ਸਾਧੂਆਂ ਦੇ ਦਰਸੁ = ਦੀਦਾਰ ਦੇਖਤ = ਵੇਖਦਿਆਂ ਹੀ ਸਭਿ = ਸਾਰੇ ਪਾਪ ਨਾਸਹਿ = ਨਾਸ਼ ਹੋ ਜਾਂਦੇ ਹਨ ਅਤੇ ਪਰਮ = ਵੱਡੀ ਤੇ ਪਵਿੱਤ੍ਰ ਕੈਵਲ ਮੋਖ ਰੂਪੀ ਪਦੁ = ਪਦਵੀ ਪਾਇ = ਪਾ ਲਈਦੀ ਹੈ ॥੧॥ਰਹਾਉ॥

## ਪੰਚ ਚੋਰ ਮਿਲਿ, ਲਾਗੇ ਨਗਰੀਆ; ਰਾਮ ਨਾਮ ਧਨੁ ਹਿਰਿਆ ॥

ਪੰਚ ਚੋਰ = ਪੰਜ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਮਿਲ ਕਰਕੇ ਇਸ ਦੇਹ ਰੂਪੀ ਨਗਰੀਆ = ਨਗਰੀ ਨੂੰ ਲੁੱਟਣ ਵਾਸਤੇ ਲਾਗੇ = ਲੱਗੇ ਹੋਏ ਹਨ, ਜਿਨ੍ਹਾਂ ਨੇ ਰਾਮ = ਪਰਮਾਤਮਾ ਦੇ ਨਾਮ ਰੂਪੀ ਧਨ ਵੱਲੋਂ ਚਿੱਤ ਨੂੰ ਹਿਰਿਆ = ਚੁਰਾ ਲਿਆ ਹੈ।

## ਗੁਰਮਤਿ ਖੋਜ ਪਰੇ ਤਬ ਪਕਰੇ; ਧਨੁ ਸਾਬਤੁ ਰਾਸਿ ਉਬਰਿਆ ॥੨॥

ਜਦੋਂ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਇਨ੍ਹਾਂ ਦੇ ਖੋਜ = ਪਿੱਛੇ, ਢੂੰਢ ਵਿਚ ਪਰੇ = ਪਏ, ਤਬ = ਤਦੋਂ ਇਹ ਚੋਰ ਅੰਦਰੋਂ ਹੀ ਪਕੜੇ = ਫੜ ਲਏ ਅਤੇ ਨਾਮ ਰੂਪੀ ਧਨ ਸਾਬਤੁ = ਪੂਰਾ ਰਹਿ ਗਿਆ ਅਤੇ ਸ਼ਰਧਾ ਦੀ ਰਾਸਿ = ਰਾਸ਼ੀ ਵੀ ਸਾਬਤ ਰਹਿਣ ਨਾਲ ਚਿੱਤ ਉਬਰਿਆ = ਬਚ ਗਿਆ ॥੨॥

## ਪਾਖੰਡ ਭਰਮ ਉਪਾਵ ਕਰਿ ਥਾਕੇ; ਰਿਦ ਅੰਤਰਿ ਮਾਇਆ ਮਾਇਆ ॥

ਮਨਮੁਖ ਪਖੰਡ ਅਤੇ ਭਰਮ ਵਾਲੇ ਅਨੇਕਾਂ ਉਪਾਵ = ਯਤਨ ਕਰਿ = ਕਰਕੇ ਥਾਕੇ = ਥੱਕ ਗਏ ਹਨ, ਉਨ੍ਹਾਂ ਦੇ ਰਿਦ = ਹਿਰਦੇ ਦੇ ਅੰਤਰਿ = ਵਿਚ ਮਾਇਆ ਹੀ ਮਾਇਆ ਵੱਸੀ ਹੋਈ ਹੈ।

## ਸਾਧੂ ਪੁਰਖੁ ਪੁਰਖਪਤਿ ਪਾਇਆ; ਅਗਿਆਨ ਅੰਧੇਰੁ ਗਵਾਇਆ ॥੩॥

ਜਿਸ ਨੇ ਸਾਧੂ ਪੁਰਖੁ = ਸ੍ਰੇਸ਼ਟ ਸੰਤ ਜਨਾਂ ਨਾਲ ਮਿਲ ਕੇ ਪੁਰਖਪਤਿ = ਪੁਰਖਾਂ ਦੇ ਪਤੀ ਪਰਮਾਤਮਾ ਨੂੰ ਪਾਇਆ = ਪਾਉਣਾ ਕੀਤਾ ਹੈ, ਪ੍ਰਭੂ ਨੇ ਉਸਦੇ ਅੰਦਰੋਂ ਅਗਿਆਨ ਦਾ ਅੰਧੇਰੁ = ਹਨੇਰਾ ਗਵਾਇਆ = ਗੁਆ ਦਿੱਤਾ ਹੈ ॥੩॥

## ਜਗੰਨਾਥ ਜਗਦੀਸ ਗੁਸਾਈ; ਕਰਿ ਕਿਰਪਾ ਸਾਧੁ ਮਿਲਾਵੈ ॥

ਜਗੰਨਾਥ = ਜਗਤ ਦਾ ਸੁਆਮੀ, ਜਗਦੀਸ = ਜਗਤ ਦਾ ਈਸ਼ਵਰ ਅਤੇ ਗੁਸਾਈ = ਪ੍ਰਿਥਵੀ ਦਾ ਮਾਲਕ ਪ੍ਰਭੂ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਜਿਸਨੂੰ ਸਾਧੁ = ਸ੍ਰੇਸ਼ਟ ਮਹਾਤਮਾ, ਗੁਰੂ ਮਿਲਾਵੈ = ਮਿਲਾ ਦੇਂਦਾ ਹੈ।

## ਨਾਨਕ ਸਾਂਤਿ ਹੋਵੈ ਮਨ ਅੰਤਰਿ; ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਦੇ ਮਨ = ਹਿਰਦੇ ਦੇ ਅੰਤਰਿ = ਵਿਚ ਸਾਂਤਿ = ਸ਼ਾਂਤੀ

ਹੋਵੈ = ਹੋ ਜਾਂਦੀ ਹੈ ਅਤੇ ਉਹ ਨਿਤ = ਨਿਤਾਪ੍ਰਤੀ ਹਰਿ = ਪਰਮਾਤਮਾ ਦੇ ਗੁਣ ਗਾਵੈ = ਗਾਉਣਾ ਕਰਦਾ ਹੈ॥੪॥੧॥੩॥

## ਬਸੰਤੁ ਮਹਲਾ ੪ ਹਿੰਡੋਲ ॥

ਬਸੰਤ ਅਤੇ ਹਿੰਡੋਲ ਦੋਨਾਂ ਰਾਗਾਂ ਨੂੰ ਮੇਲ ਕੇ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਇਹ ਸ਼ਬਦ ਉਚਾਰਣ ਕਰਦੇ ਹਨ।

## ਤੁਮ੍ ਵਡ ਪੁਰਖ, ਵਡ ਅਗਮ ਗੁਸਾਈ; ਹਮ ਕੀਰੇ ਕਿਰਮ, ਤੁਮਨਛੇ ॥

ਹੇ ਪ੍ਰਭੂ ! ਤੁਮ੍ = ਤੂੰ ਵਡ = ਵੱਡਾ ਪੁਰਖ ਹੈਂ, ਵੱਡਾ ਅਗਮ = ਅਪਹੁੰਚ ਸਰੂਪ ਤੇ ਸਭ ਦਾ ਗੁਸਾਈ = ਮਾਲਕ ਹੈਂ **ਵਾ:** ਜੋ ਵੱਡੇ ਪੁਰਖ ਬ੍ਰਹਮਾਦਿਕ ਮੰਨੇ ਹਨ, ਤੂੰ ਉਨ੍ਹਾਂ ਤੋਂ ਵੀ ਵੱਡਾ ਅਗਮ = ਗੰਮਤਾ ਤੋਂ ਰਹਿਤ ਅਤੇ ਗੁਸਾਈ = ਪ੍ਰਿਥਵੀ ਦਾ ਮਾਲਕ ਹੈਂ। ਹਮ = ਅਸੀਂ ਤੁਮਨਛੇ = ਤੇਰੇ ਕੀਰੇ ਕਿਰਮ = ਕੀੜਿਆਂ ਦੇ ਕੀੜੇ ਭਾਵ ਦਾਸਾਂ ਦੇ ਵੀ ਛੋਟੇ ਦਾਸ ਹਾਂ।

## ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ; ਗੁਰ ਸਤਿਗੁਰ ਚਰਣ ਹਮ ਬਨਛੇ ॥੧॥

ਹੇ ਦੀਨ = ਗੀਰਬਾਂ ਉੱਪਰ ਦਇਆਲ = ਮਿਹਰਵਾਨ ਹੋਣ ਵਾਲੇ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭ = ਪ੍ਰਭੂ ! ਸਾਡੇ ਉੱਪਰ ਆਪਣੀ ਕਿਰਪਾ = ਮਿਹਰ ਕਰਹੁ = ਕਰ ਹਮ = ਅਸੀਂ ਗੁਰ = ਪੂਜਨੀਕ ਵੱਡੇ ਸਤਿਗੁਰਾਂ ਦੇ ਚਰਣਾਂ ਦੀ ਧੂੜੀ ਬਨਛੇ = ਚਾਹੁੰਦੇ ਹਾਂ॥੧॥

## ਗੋਬਿੰਦ ਜੀਉ; ਸਤਸੰਗਤਿ ਮੇਲਿ, ਕਰਿ ਕ੍ਰਿਪਛੇ ॥

ਹੇ ਗੋਬਿੰਦ = ਪ੍ਰਭੂ ਜੀਉ = ਜੀ ! ਆਪਣੀ ਕ੍ਰਿਪਛੇ = ਕਿਰਪਾ ਕਰਕੇ ਸਾਨੂੰ ਸਤਿਸੰਗਤ ਵਿਚ ਮੇਲਿ = ਮੇਲਣਾ ਕਰ।

## ਜਨਮ ਜਨਮ ਕੇ ਕਿਲਵਿਖ ਮਲੁ ਭਰਿਆ; ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥੧॥ਰਹਾਉ॥

ਹੇ ਪ੍ਰਭੂ ! ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਕੇ = ਦੇ ਕਿਲਵਿਖ = ਪਾਪਾਂ ਦੀ ਮਲੁ = ਮੈਲ ਨਾਲ ਸਾਡਾ ਮਨ ਭਰਿਆ ਹੋਇਆ ਹੈ, ਹੇ ਪ੍ਰਭ = ਪਰਮਾਤਮਾ ! ਸਾਨੂੰ ਆਪਣੀ ਸੰਗਤ ਵਿਚ ਮਿਲਿ = ਮਿਲਾ ਕੇ ਹਨਛੇ = ਪਵਿੱਤ੍ਰ ਜੀਵਨ ਵਾਲੇ ਕਰ॥੧॥ਰਹਾਉ॥

## ਤੁਮ੍ਰਾ ਜਨੁ ਜਾਤਿ ਅਵਿਜਾਤਾ; ਹਰਿ ਜਪਿਓ ਪਤਿਤ ਪਵੀਛੇ ॥

ਹੇ ਪ੍ਰਭੂ ! ਤੁਮ੍ਰਾ = ਤੇਰਾ ਜਨੁ = ਸੇਵਕ ਭਾਵੇਂ ਉੱਤਮ ਜਾਤਿ = ਜਾਤੀ ਦਾ ਹੋਵੇ, ਭਾਵੇਂ ਅਵਿਜਾਤਾ = ਨੀਵੀਂ ਜਾਤੀ ਦਾ ਹੋਵੇ, **ਅਥਵਾ** ਜਾਤਿ = ਬੁੱਧੀ ਵਾਲਾ ਜਾਂ ਅਵਿਜਾਤਾ = ਬੁੱਧ ਹੀਨ ਹੋਏ **ਵਾ:** ਤੇਰਾ ਨਾਮ ਜਾਤੀ, ਵਿਜਾਤੀ, ਸ੍ਵੈਗਤ ਭੇਦ ਤੋਂ ਰਹਿਤ ਕਰਨ ਵਾਲਾ ਹੈ ਜਿਨ੍ਹਾਂ ਨੇ ਵੀ ਤੇਰਾ ਹਰਿ ਨਾਮ ਜਪਿਓ = ਜਪਣਾ ਕੀਤਾ ਹੈ, ਉਹ ਪਤਿਤ = ਪਾਪੀ ਪੁਰਖ ਵੀ ਪਵੀਛੇ = ਪਵਿੱਤ੍ਰ ਜੀਵਨ ਵਾਲੇ ਹੋ ਗਏ ਹਨ।

## ਹਰਿ ਕੀਓ ਸਗਲ ਭਵਨ ਤੇ ਊਪਰਿ; ਹਰਿ ਸੋਭਾ ਹਰਿ ਪ੍ਰਭ ਦਿਨਛੇ ॥੨॥

ਹੇ ਹਰਿ = ਪ੍ਰਭੂ ! ਤੂੰ ਉਨ੍ਹਾਂ ਨੂੰ ਸਗਲ = ਸਾਰਿਆਂ ਭਵਨ = ਲੋਕਾਂ ਤੇ = ਤੋਂ ਊਪਰਿ = ਉੱਤੇ, ਉੱਚਾ ਕੀਓ = ਕਰ ਦਿੱਤਾ ਹੈ ਅਤੇ ਹੇ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭੂ ਪਰਮਾਤਮਾ ! ਤੂੰ ਉਨ੍ਹਾਂ ਨੂੰ ਲੋਕ-ਪ੍ਰਲੋਕ ਵਿਚ ਸੋਭਾ = ਵਡਿਆਈ ਦਿਨਛੇ = ਦੇਣਾ ਕੀਤੀ ਹੈ ॥੨॥

## ਜਾਤਿ ਅਜਾਤਿ ਕੋਈ ਪ੍ਰਭ ਧਿਆਵੈ; ਸਭਿ ਪੂਰੇ ਮਾਨਸ ਤਿਨਛੇ ॥

ਹੇ ਪ੍ਰਭ = ਪ੍ਰਭੂ ! ਚੰਗੀ ਜਾਤਿ = ਜਾਤੀ ਵਾਲਾ ਜਾਂ ਅਜਾਤਿ = ਨੀਵੀਂ ਜਾਤੀ ਵਾਲਾ, ਕੋਈ ਵੀ ਤੈਨੂੰ ਧਿਆਵੈ = ਆਰਾਧਣਾ ਕਰਦਾ ਹੈ, ਤਿਨਛੇ = ਉਨ੍ਹਾਂ ਦੇ ਸਭਿ = ਸਾਰੇ ਮਾਨਸ = ਮਨੋਰਥ ਪੂਰੇ = ਪੂਰਨ ਹੋ ਜਾਂਦੇ ਹਨ।

## ਸੇ ਧੰਨਿ ਵਡੇ ਵਡ, ਪੂਰੇ ਹਰਿ ਜਨ; ਜਿਨ ਹਰਿ ਧਾਰਿਓ ਹਰਿ ਉਰਛੇ ॥੩॥

ਹੇ ਹਰਿ = ਹਰੀ ! ਤੇਰੇ ਸੇ = ਉਹ ਜਨ = ਸੇਵਕ ਵਡੇ ਵਡ = ਵੱਡਿਆਂ ਤੋਂ ਵੱਡੇ, ਪੂਰੇ = ਪੂਰਨ ਗਿਆਨਵਾਨ ਅਤੇ ਧੰਨਿ = ਧੰਨਤਾ ਜੋਗ ਹਨ, ਜਿਨ = ਜਿਨ੍ਹਾਂ ਨੇ ਤੇਰੇ ਹਰਿ ਹਰਿ ਨਾਮ ਨੂੰ ਆਪਣੇ ਉਰਛੇ = ਹਿਰਦੇ ਵਿਚ ਧਾਰਿਓ = ਧਾਰਨ ਕੀਤਾ ਹੋਇਆ ਹੈ ॥੩॥

## ਹਮ ਢੀਢੇਂ ਢੀਮ ਬਹੁਤੁ ਅਤਿ ਭਾਰੀ; ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ ॥

(ਕਈ ਸਰੂਪਾਂ ਵਿਚ ਇਹ ਪਾਠ **ਢੀਂਢੇ** ਅਤੇ **ਢੀਢੇ** ਵੀ ਛਪਿਆ ਹੋਇਆ ਹੈ)

ਹੇ ਪ੍ਰਭੂ ! ਹਮ = ਅਸੀਂ ਢੀਂਢੇ = ਢੀਠਤਾਈ ਕਰਨ ਵਾਲੇ, ਨੀਵੀਂ ਜਾਤ ਵਾਲੇ ਢੀਮ = ਮਿੱਟੀ ਦੇ ਡਲੇ ਵਾਂਗ ਕਠੋਰ ਚਿੱਤ ਵਾਲੇ ਅਤੇ ਪਾਪਾਂ ਨਾਲ ਅਤਿ = ਅਤਸ਼ੇ ਕਰਕੇ ਬਹੁਤ ਭਾਰੀ ਹੋ ਰਹੇ ਹਾਂ। ਹੇ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭ = ਪ੍ਰਭੂ ! ਆਪਣੀ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਧਾਰਨ ਕਰਕੇ ਸਾਨੂੰ ਮਿਲਛੇ = ਮਿਲਣਾ ਕਰ।

## ਜਨ ਨਾਨਕ ਗੁਰੁ ਪਾਇਆ ਹਰਿ ਤੂਠੇ;
## ਹਮ ਕੀਏ ਪਤਿਤ ਪਵੀਛੇ ॥੪॥੨॥੪॥

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰਨ ਕਰਕੇ ਕਥਨ ਕਰਦੇ ਹਨ ਕਿ ਹੇ ਹਰਿ = ਪ੍ਰਭੂ ! ਤੇਰੇ ਤੂਠੇ = ਪ੍ਰਸੰਨ ਹੋਣ ਕਰਕੇ ਅਸੀਂ ਸਤਿਗੁਰਾਂ ਨੂੰ ਪਾਇਆ = ਪਾਉਣਾ ਕੀਤਾ ਹੈ, ਜਿਸ ਕਰਕੇ ਹਮ = ਅਸੀਂ ਗੁਰਾਂ ਦੁਆਰਾ ਪਤਿਤ = ਪਾਪੀ ਜੀਵ ਪਵੀਛੇ = ਪਵਿੱਤ੍ਰ ਕੀਏ = ਕਰ ਦਿੱਤੇ ਗਏ ॥੪॥੨॥੪॥

## ਬਸੰਤੁ ਹਿੰਡੋਲ ਮਹਲਾ ੪ ॥

ਬਸੰਤ ਅਤੇ ਹਿੰਡੋਲ ਦੋਨਾਂ ਰਾਗਾਂ ਨੂੰ ਮੇਲ ਕੇ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਬੇਨਤੀ ਪੂਰਬਕ ਸ਼ਬਦ ਉਚਾਰਣ ਕਰਦੇ ਹਨ।

## ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ; ਨਿਤ ਹਰਿ ਹਰਿ ਨਾਮ ਰਸਿ ਗੀਧੇ ॥

ਹੇ ਪ੍ਰਭੂ ! ਤੇਰੇ ਨਾਮ ਤੋਂ ਬਿਨਾਂ ਮੇਰਾ ਮਨੂਆ = ਮਨ ਇਕ ਖਿਨੁ = ਛਿਨ ਮਾਤ੍ਰ ਵੀ ਰਹਿ ਨਹੀਂ ਸਕੈ = ਸਕਦਾ, ਹੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪ੍ਰਭੂ ! ਮੇਰਾ ਮਨ ਨਿਤ = ਨਿਤਾਪ੍ਰਤੀ ਤੇਰੇ ਨਾਮ ਰਸ ਵਿਚ ਹੀ ਗੀਧੇ = ਗਿੱਝ ਗਿਆ ਹੈ।

## ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ; ਥਨਿ ਕਾਢੇ ਬਿਲਲ ਬਿਲੀਧੇ ॥੧॥

ਜਿਉ = ਜਿਵੇਂ ਦੁੱਧ ਚੁੰਘਦਾ ਬਾਰਿਕੁ = ਬੱਚਾ ਰਸਕਿ = ਸੁਆਦ ਦੇ ਨਾਲ **ਵਾ:** ਰਸੀਆ ਹੋ ਕੇ ਦੁੱਧ ਚੁੰਘਣ ਲਈ ਮਾਤਾ = ਮਾਂ ਦੇ ਥਨਿ = ਅਸਥਨਾਂ ਨੂੰ ਜਾ ਪਰਿਓ = ਪੈਂਦਾ ਹੈ ਅਤੇ ਜਦੋਂ ਮਾਂ ਬੱਚੇ ਦੇ ਮੁੱਖ ਵਿੱਚੋਂ ਆਪਣਾ ਥਨਿ = ਅਸਥਨ ਕਾਢੇ = ਕੱਢ ਲੈਂਦੀ ਹੈ, ਤਦੋਂ ਉਹ ਬਿਲਲ = ਵਿਰਲਾਪ ਕਰਦਾ ਬਿਲੀਧੇ = ਰੋਂਦਾ ਰਹਿੰਦਾ ਹੈ **ਅਥਵਾ** ਏਸੇ ਪ੍ਰਕਾਰ ਸਾਡਾ ਮਨ ਰੂਪੀ ਬੱਚਾ ਸਤਿਗੁਰੂ ਰੂਪੀ ਮਾਂ ਦੇ ਨਾਮ ਰੂਪੀ ਅਸਥਨਾਂ ਵਿੱਚੋਂ ਅਨੰਦ ਰੂਪੀ ਦੁੱਧ ਨੂੰ ਰਸੀਆ ਹੋ ਕੇ ਚੁੰਘਣਾ ਕਰਦਾ ਹੈ, ਜਦੋਂ ਗੁਰੂ ਜੀ ਸਾਡੇ ਹਿਰਦੇ ਰੂਪੀ ਮੁਖ ਵਿੱਚੋਂ ਆਪਣਾ ਨਾਮ ਰੂਪੀ ਅਸਥਨ ਕੱਢ ਲੈਂਦੇ ਹਨ, ਤਦੋਂ ਸਾਡਾ ਮਨ ਵਿਰਲਾਪ ਤੇ ਵਿਰਲਾਪ ਕਰਦਾ ਹੈ, ਭਾਵ ਸ਼ਾਂਤੀ ਨਹੀਂ ਆਉਂਦੀ ॥੧॥

## ਗੋਬਿੰਦ ਜੀਉ; ਮੇਰੇ ਮਨ ਤਨ ਨਾਮ ਹਰਿ ਬੀਧੇ ॥

ਹੇ ਗੋਬਿੰਦ = ਪ੍ਰਭੂ ਜੀ ! ਮੇਰੇ ਮਨ ਅਤੇ ਤਨ ਤੇਰੇ ਹਰਿ ਨਾਮ ਨਾਲ ਬੀਧੇ = ਵਿੰਨ੍ਹੇ ਗਏ ਹਨ।

## ਵਡੈ ਭਾਗਿ ਗੁਰੁ ਸਤਿਗੁਰੁ ਪਾਇਆ;<br>ਵਿਚਿ ਕਾਇਆ ਨਗਰ ਹਰਿ ਸੀਧੇ ॥੧॥ਰਹਾਉ॥

ਅਸੀਂ ਵੱਡੇ ਭਾਗਿ = ਭਾਗਾਂ ਕਰਕੇ ਗੁਰ = ਪੂਜਨੀਕ ਸਤਿਗੁਰੂ ਪਾਇਆ = ਪਾਉਣਾ ਕੀਤਾ ਹੈ, ਹੇ ਹਰਿ = ਪ੍ਰਭੂ ! ਗੁਰਾਂ ਦੀ ਕਿਰਪਾ ਦੁਆਰਾ ਇਸ ਕਾਇਆ = ਦੇਹ ਰੂਪੀ ਨਗਰ ਵਿਚਿ = ਅੰਦਰ ਤੈਨੂੰ ਸੀਧੇ = ਸਿੱਧ, ਪ੍ਰਗਟ ਕਰ ਲਿਆ ਹੈ ॥੧॥ਰਹਾਉ॥

[ਅੰਗ ੧੧੭੯]

## ਜਨ ਕੇ ਸਾਸ ਸਾਸ ਹੈ ਜੇਤੇ; ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥

ਹੇ ਪ੍ਰਭੂ ! ਤੇਰੇ ਜਨ = ਦਾਸ ਦੇ ਜੇਤੇ = ਜਿਤਨੇ ਜਾਗਰਤ ਅਵਸਥਾ ਦੇ ਸਾਸ = ਸ੍ਵਾਸ ਹਨ ਅਤੇ ਜਿਤਨੇ ਸੁਪਨ, ਸੁਖੋਪਤ ਅਵਸਥਾ ਦੇ ਸਾਸ = ਸ੍ਵਾਸ ਹਨ ਭਾਵ ਜਿਤਨੇ ਵੀ ਸ੍ਵਾਸ ਲੈਂਦਾ ਹੈ, ਹੇ ਹਰਿ ਹਰਿ ਪ੍ਰਭੂ ! ਉਹ ਤੇਰੇ ਬਿਰਹਿ = ਪ੍ਰੇਮ ਦੇ ਵਿਚ ਹੀ ਬੀਧੇ = ਵਿੰਨ੍ਹੇ ਰਹਿੰਦੇ ਹਨ।

## ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ; ਬਿਨੁ ਜਲ ਦੇਖੇ, ਸੁਕਲੀਧੇ ॥੨॥

ਜਿਉ = ਜਿਵੇਂ ਜਲ = ਪਾਣੀ ਦੇ ਨਾਲ ਕਮਲ ਫੁੱਲ ਦੀ ਅਤਿ = ਅਤਿਸ਼ੇ ਕਰਕੇ ਭਾਰੀ = ਬਹੁਤ ਪ੍ਰੀਤਿ = ਪ੍ਰੀਤੀ ਹੁੰਦੀ ਹੈ, ਉਹ ਜਲ = ਪਾਣੀ ਨੂੰ ਦੇਖੇ = ਵੇਖਣ ਤੋਂ ਬਿਨਾਂ ਸੁਕਲੀਧੇ = ਸੁੱਕ ਜਾਂਦਾ ਹੈ ਭਾਵ ਜਦੋਂ ਤਲਾਅ ਵਿਚ ਪਾਣੀ ਸੁੱਕ ਜਾਂਦਾ ਹੈ ਤਾਂ ਉਹ ਪਾਣੀ ਤੋਂ ਬਿਨਾਂ ਸੁੱਕ ਜਾਂਦਾ ਹੈ **ਅਥਵਾ** ਏਸੇ ਪ੍ਰਕਾਰ ਤੇਰੇ ਦਰਸ਼ਨਾਂ ਰੂਪੀ ਜਲ ਨੂੰ ਦੇਖਣ ਤੋਂ ਬਿਨਾਂ ਸਾਡਾ ਚਿੱਤ ਰੂਪ ਕੌਲ ਸੋਗ ਦੇ ਵਿਚ ਸੁੱਕ ਜਾਂਦਾ ਹੈ ॥੨॥

## ਜਨ ਜਪਿਓ ਨਾਮੁ ਨਿਰੰਜਨੁ ਨਰਹਰਿ; ਉਪਦੇਸਿ ਗੁਰੂ ਹਰਿ ਪ੍ਰੀਧੇ ॥

ਹੇ ਹਰਿ = ਹਰੀ ਜਿਨ੍ਹਾਂ ਨੂੰ ਗੁਰਾਂ ਨੇ ਆਪਣਾ ਉਪਦੇਸ਼, ਨਾਮ ਅੰਤਹਕਰਣ ਰੂਪੀ ਥਾਲੀ ਦੇ ਵਿਚ ਪ੍ਰੀਧੇ = ਪ੍ਰੋਸਣਾ ਕੀਤਾ ਹੈ, ਹੇ ਨਿਰੰਜਨੁ = ਸ਼ੁੱਧ ਸਰੂਪ, ਨਰਹਰਿ = ਨਰਾਂ ਨੂੰ ਹਰੇ ਭਰੇ ਕਰਨ ਵਾਲੇ ਪ੍ਰਭੂ ! ਉਨ੍ਹਾਂ ਜਨ = ਦਾਸਾਂ ਨੇ ਤੇਰਾ ਨਾਮ ਜਪਿਓ = ਜਪਣਾ ਕੀਤਾ ਹੈ।

## ਜਨਮ ਜਨਮ ਕੀ ਹਉਮੈ ਮਲੁ ਨਿਕਸੀ; ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥

ਉਨ੍ਹਾਂ ਦੀ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਕੀ = ਦੀ ਲੱਗੀ ਹੋਈ ਹਉਮੈ = ਹੰਗਤਾ ਦੀ ਮਲੁ = ਮੈਲ ਨਿਕਸੀ = ਨਿਕਲ ਜਾਂਦੀ ਹੈ, ਹੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਹਰੀ ! ਉਨ੍ਹਾਂ ਨੂੰ ਤੇਰੇ ਅੰਮ੍ਰਿਤ ਨਾਮ ਜਲ ਦੇ ਨੀਧੇ = ਖ਼ਜ਼ਾਨੇ ਪ੍ਰਾਪਤ ਹੋਏ ਹਨ **ਅਥਵਾ** ਹੇ ਨੀਧੇ = ਸਮੁੰਦਰ ਦੀ ਨਿਆਈਂ ਵਿਸ਼ਾਲ ਹਿਰਦੇ ਵਾਲੇ ਪ੍ਰਭੂ ਤੇਰੇ ਹਰਿ ਹਰਿ ਅੰਮ੍ਰਿਤ ਨਾਮ ਰੂਪ ਜਲ ਨਾਲ ਉਨ੍ਹਾਂ ਦੀ ਜਨਮਾਂ-ਜਨਮਾਂਤ੍ਰਾਂ ਦੀ ਹਉਮੈ ਦੀ ਮੈਲ ਨਿਕਸੀ = ਨਿਕਲ ਗਈ ਹੈ ॥੩॥

## ਹਮਰੇ ਕਰਮ ਨ ਬਿਚਰਹੁ ਠਾਕੁਰ; ਤੁਮ੍ ਪੈਜ ਰਖਹੁ ਅਪਨੀਧੇ ॥

ਹੇ ਠਾਕੁਰ = ਸੁਆਮੀ ਪ੍ਰਭੂ ! ਹਮਰੇ = ਸਾਡੇ ਕਰਮਾਂ ਨੂੰ ਬਿਚਰਹੁ = ਵਿਚਾਰਨਾ ਨਾ ਕਰੋ, ਤੇ ਸਾਨੂੰ ਅਪਨੀਧੇ = ਆਪਣੇ ਜਾਣ ਕੇ ਤੁਮ੍ = ਤੁਸੀਂ ਸਾਡੀ ਪੈਜ = ਇੱਜ਼ਤ ਰਖਹੁ = ਰੱਖਣੀ ਕਰੋ।

## ਹਰਿ ਭਾਵੈ ਸੁਣਿ ਬਿਨਉ ਬੇਨਤੀ; ਜਨ ਨਾਨਕ ਸਰਣਿ ਪਵੀਧੇ ॥੪॥੩॥੫॥

ਹੇ ਹਰਿ = ਪ੍ਰਭੂ ! ਜੇਕਰ ਤੈਨੂੰ ਭਾਵੈ = ਭਾਅ ਜਾਵੇ ਤਾਂ ਮੇਰੇ ਬਿਨਉ = ਅਰਜ਼ੋਈ ਕਰਨ ਵਾਲੇ ਦੀ ਇਕ ਬੇਨਤੀ = ਅਰਜ਼ ਸੁਣਿ = ਸੁਣਨਾ ਕਰ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਜਨ = ਦਾਸ ਤੇਰੀ ਸਰਣਿ = ਓਟ ਵਿਚ ਪਵੀਧੇ = ਪਏ ਹੋਏ ਹਾਂ ॥੪॥੩॥੫॥

## ਬਸੰਤੁ ਹਿੰਡੋਲ ਮਹਲਾ ੪ ॥

ਬਸੰਤ ਅਤੇ ਹਿੰਡੋਲ ਦੋਨਾਂ ਰਾਗਾਂ ਨੂੰ ਮੇਲ ਕੇ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਨ ਦਾ ਸੁਭਾਅ ਦੱਸਦੇ ਹੋਏ ਇਹ ਸ਼ਬਦ ਉਚਾਰਣ ਕਰਦੇ ਹਨ।

## ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ; ਤਿਲੁ ਘਰਿ ਨਹੀ ਵਾਸਾ ਪਾਈਐ ॥

ਹੇ ਭਾਈ ! ਜੀਵ ਦਾ ਮਨ ਖਿਨ ਖਿਨ ਕਾਲ ਵਿਚ ਭਰਮ ਕਰਕੇ ਭਰਮਦਾ ਹੋਇਆ **ਵਾ:** ਭਟਕ ਭਟਕ ਕੇ ਬਾਹਰਮੁਖ ਬਿਰਤੀ ਵਿਚ ਬਹੁ = ਬਹੁਤ ਧਾਵੈ = ਦੌੜਦਾ ਹੈ, ਉਹ ਇਕ ਤਿਲੁ = ਰੰਚਕ ਮਾਤ੍ਰ ਵੀ ਅੰਤਹਕਰਨ ਰੂਪੀ **ਵਾ:** ਸਰੂਪ ਰੂਪੀ ਘਰ ਵਿਚ ਵਾਸਾ = ਨਿਵਾਸ ਨਹੀਂ ਪਾਈਐ = ਪਾਉਣਾ ਕਰਦਾ।

## ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ;<br>ਘਰਿ ਮੰਦਰਿ ਆਣਿ ਵਸਾਈਐ ॥੧॥

ਜਿਨ੍ਹਾਂ ਦੇ ਮਨ ਰੂਪੀ ਹਾਥੀ ਦੇ ਸਿਰ ਉੱਪਰ ਦਾਰੂ = ਔਸ਼ਧੀ ਰੂਪ ਸ਼ਬਦ ਦਾ ਅੰਕਸੁ = ਕੁੰਡਾ ਧਾਰਿਓ = ਰੱਖਣਾ ਕੀਤਾ ਹੈ, ਉਹ ਸੰਸਾਰ ਰੂਪੀ ਘਰ ਵਿਚ ਰਹਿੰਦੇ ਹੋਏ ਸਾਧਸੰਗਤ ਰੂਪੀ ਮੰਦਰ ਵਿਚ ਆਣਿ = ਲਿਆ ਕੇ ਮਨ ਨੂੰ ਵਸਾਈਐ = ਵਸਾਉਣਾ ਕਰਦੇ ਹਨ **ਵਾ:** ਸਰੀਰ ਰੂਪੀ ਘਰ ਦੇ ਅੰਦਰ ਅੰਤਹਕਰਨ ਰੂਪੀ ਮੰਦਰ ਵਿਚ ਅੰਤਰਮੁਖ ਬਿਰਤੀ ਦੁਆਰਾ ਲਿਆ ਕਰਕੇ ਵਸਾਉਣਾ ਕਰਦੇ ਹਨ ॥੧॥

## ਗੋਬਿੰਦ ਜੀਉ, ਸਤਸੰਗਤਿ ਮੇਲਿ; ਹਰਿ ਧਿਆਈਐ ॥

ਹੇ ਗੋਬਿੰਦ = ਪ੍ਰਭੂ ਜੀਉ ਜੀ ! ਸਾਨੂੰ ਆਪਣੀ ਸਤਿਸੰਗਤ ਨਾਲ ਮੇਲਣਾ ਕਰ, ਜਿਥੇ ਬੈਠ ਕੇ ਅਸੀਂ ਤੇਰਾ ਹਰਿ ਨਾਮ ਧਿਆਈਐ = ਸਿਮਰਨਾ ਕਰੀਏ।

## ਹਉਮੈ ਰੋਗੁ ਗਇਆ ਸੁਖੁ ਪਾਇਆ; ਹਰਿ ਸਹਜਿ ਸਮਾਧਿ ਲਗਾਈਐ ॥੧॥ਰਹਾਉ॥

ਜਿਨ੍ਹਾਂ ਨੇ ਤੇਰਾ ਨਾਮ ਸਿਮਰਿਆ ਹੈ, ਉਨ੍ਹਾਂ ਦਾ ਹਉਮੈ = ਹੰਗਤਾ ਮਮਤਾ ਦਾ ਰੋਗ ਚਲਿਆ ਗਿਆ ਹੈ ਅਤੇ ਉਨ੍ਹਾਂ ਨੇ ਆਤਮਿਕ ਸੁਖ ਪਾਇਆ = ਪਾ ਲਿਆ ਹੈ, ਹੇ ਹਰਿ = ਹਰੀ ! ਉਹ ਸਹਜਿ = ਸੁਤੇ-ਸਿੱਧ ਹੀ ਤੇਰੇ ਸਰੂਪ ਵਿਚ ਨਿਰਵਿਕਲਪ ਸਮਾਧਿ = ਸਮਾਧੀ ਲਗਾਈਐ = ਲਾਉਣਾ ਕਰਦੇ ਹਨ ॥੧॥ਰਹਾਉ॥

## ਘਰਿ ਰਤਨ ਲਾਲ ਬਹੁ ਮਾਣਕ ਲਾਦੇ; ਮਨੁ ਭ੍ਰਮਿਆ ਲਹਿ ਨ ਸਕਾਈਐ ॥

ਇਸ ਹਿਰਦੇ ਰੂਪੀ ਘਰ ਵਿਚ ਵੈਰਾਗ ਰੂਪੀ ਰਤਨ, ਪ੍ਰੇਮ ਰੂਪੀ ਲਾਲ ਅਤੇ ਸਰਵਣ ਮੰਨਣ ਨਿਧਿਆਸਣ ਰੂਪੀ ਬਹੁ = ਬਹੁਤ ਮਾਣਕ = ਮੋਤੀ ਲਾਦੇ = ਲੱਦੇ, ਭਰੇ ਹੋਏ ਹਨ, ਪਰ ਮਨ ਦੇ ਭ੍ਰਮਿਆ = ਭ੍ਰਮਣ ਕਰਕੇ ਲਹਿ = ਪ੍ਰਾਪਤ ਨਹੀਂ ਕਰ ਸਕਾਈਐ = ਸਕੀਦੇ।

## ਜਿਉ ਓਡਾ ਕੂਪੁ ਗੁਹਜ ਖਿਨ ਕਾਢੈ; ਤਿਉ ਸਤਿਗੁਰਿ ਵਸਤੁ ਲਹਾਈਐ ॥੨॥

ਜਿਉ = ਜਿਵੇਂ ਓਡਾ[੧] = ਸੇਂਘਾ ਮਨੁੱਖ ਗੁਹਜ = ਗੁਪਤ ਕੂਪੁ = ਖੂਹ ਨੂੰ ਇਕ ਖਿਨ = ਛਿਨ ਵਿਚ ਹੀ ਕਾਢੈ = ਕੱਢ ਕੇ ਪ੍ਰਗਟ ਕਰ ਦੇਂਦਾ ਹੈ, ਤਿਉ = ਤਿਵੇਂ ਸਤਿਗੁਰਾਂ ਦੁਆਰਾ ਇਸ ਸਰੀਰ ਰੂਪੀ ਜ਼ਮੀਨ ਦੇ ਅੰਦਰੋਂ ਹੀ ਉਪਰੋਕਤ **ਵਾ:** ਆਤਮਾਨੰਦ ਰੂਪੀ ਵਸਤੁ = ਵਸਤੂ ਲਗਾਈਐ = ਲੱਭ, ਪ੍ਰਾਪਤ ਕਰ ਲਈਦੀ ਹੈ ॥੨॥

## ਜਿਨ੍ ਐਸਾ ਸਤਿਗੁਰੁ ਸਾਧੁ ਨ ਪਾਇਆ; ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥

ਜਿਨ੍ = ਜਿਨ੍ਹਾਂ ਮਨੁੱਖਾਂ ਨੇ ਐਸਾ = ਅਜਿਹਾ ਸਾਧੁ = ਸ੍ਰੇਸ਼ਟ ਸਤਿਗੁਰੂ ਨਹੀਂ ਪਾਇਆ = ਪਾਉਣਾ ਕੀਤਾ, ਤੇ = ਉਨ੍ਹਾਂ ਨਰ = ਮਨੁੱਖਾਂ ਦੇ ਜੀਵਾਈਐ = ਜੀਵਨ ਨੂੰ ਧ੍ਰਿਗ ਧ੍ਰਿਗ = ਫਿਟਕਾਰਾਂ ਤੇ ਫਿਟਕਾਰਾਂ ਪੈਂਦੀਆਂ ਹਨ **ਵਾ:** ਉਹ ਜਿਤਨਾ ਪਿੱਛੇ ਜੀਅ ਆਏ ਹਨ, ਉਸਨੂੰ ਵੀ ਧ੍ਰਿਕਾਰ ਹੈ ਅਤੇ ਜਿਤਨਾ ਅੱਗੇ ਜੀਵੇਗਾ, ਉਹ ਵੀ ਧ੍ਰਿਕਾਰ ਜੋਗ ਹੈ।

## ਜਨਮੁ ਪਦਾਰਥੁ ਪੁੰਨਿ ਫਲੁ ਪਾਇਆ; ਕਉਡੀ ਬਦਲੈ ਜਾਈਐ ॥੩॥

ਪਿਛਲੇ ਪੁੰਨ ਕਰਮਾਂ ਦੇ ਫਲ ਕਰਕੇ ਇਹ ਮਨੁੱਖਾ ਜਨਮ ਰੂਪੀ ਪਦਾਰਥ ਪਾਇਆ ਜਾਂਦਾ ਹੈ, ਪਰ ਉਨ੍ਹਾਂ ਮਨਮੁਖਾਂ ਦਾ ਇਹ ਅਮੋਲਕ ਜਨਮ ਕੌਡੀ ਦੇ ਬਦਲੈ = ਵੱਟੇ **ਵਾ:** ਮਾਇਆ ਰੂਪੀ ਕੌਡੀ ਦੇ ਬਦਲੇ ਵਿਅਰਥ ਜਾਈਐ = ਜਾ ਰਿਹਾ ਹੈ ॥੩॥

## ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ; ਕਰਿ ਕਿਰਪਾ ਗੁਰੂ ਮਿਲਾਈਐ ॥

ਹੇ (ਮਧੁ + ਸੂਦਨ) ਮਧੁ = ਮਧੂ ਦੈਂਤ ਨੂੰ ਸੂਦਨ = ਕੱਟਣ ਵਾਲੇ **ਵਾ:** ਹੰਕਾਰ, ਅਗਿਆਨ ਰੂਪੀ ਮਧੂ ਦੈਂਤ ਨੂੰ ਕੱਟਣ ਵਾਲੇ, ਹਰਿ ਪ੍ਰਭ = ਹਰੀ ਪ੍ਰਭੂ ! ਸਾਡੇ ਉੱਪਰ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਧਾਰਿ = ਧਾਰਨੀ ਕਰ, ਆਪਣੀ ਕਿਰਪਾ = ਮਿਹਰ ਕਰਿ = ਕਰਕੇ ਸਾਨੂੰ ਗੁਰੂ ਮਿਲਾਈਐ = ਮਿਲਾਉਣਾ ਕਰ।

---

੧. **ਓਡਾ (ਓਡ)**: ਧਰਤੀ ਦੇ ਅੰਦਰਲੇ ਭੇਤ ਜਾਨਣ ਵਾਲੀ ਇਕ ਜਾਤੀ, ਇਸ ਜਾਤੀ ਦੇ ਲੋਕ ਅਕਸਰ ਰੋੜ ਵੱਟੇ ਆਦਿਕ ਪੁੱਟ ਕੇ ਕੱਢਦੇ ਹਨ ਤੇ ਖੂਹ ਲਾਉਂਦੇ ਹਨ, ਇਹ ਤਜਰਬੇ ਤੋਂ ਅੰਦਾਜ਼ਾ ਲਾ ਕੇ ਦੱਸ ਸਕਦੇ ਹਨ ਕਿ ਖਾਰਾ **ਅਥਵਾ** ਮਿੱਠਾ ਪਾਣੀ ਕਿਸ ਤਰ੍ਹਾਂ ਦੀ ਜ਼ਮੀਨ ਹੇਠੋਂ ਨਿਕਲਦਾ ਹੈ, ਲੋਕ ਪੁਰਾਣੇ ਦੱਬੇ ਹੋਏ ਖੂਹਾਂ ਨੂੰ ਲੱਭਣ ਵਾਸਤੇ ਇਨ੍ਹਾਂ ਦੀ ਬਹੁਤ ਮਦਦ ਲੈਂਦੇ ਹਨ।

## ਜਨ ਨਾਨਕ ਨਿਰਬਾਣ ਪਦੁ ਪਾਇਆ; ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਜਿਨ੍ਹਾਂ ਤੇਰੇ ਜਨ = ਦਾਸਾਂ ਨੇ ਨਿਰਬਾਣ = ਬੰਧਨਾਂ ਤੋਂ ਰਹਿਤ, ਆਦਤਾਂ, ਦੁੱਖਾਂ ਤੋਂ ਰਹਿਤ ਤੁਰੀਆ ਪਦੁ = ਪਦਵੀ ਨੂੰ ਪਾਇਆ = ਪਾਉਣਾ ਕੀਤਾ ਹੈ, ਹੇ ਹਰਿ = ਹਰੀ ! ਅਸੀਂ ਉਨ੍ਹਾਂ ਸਾਧੂ = ਸ੍ਰੇਸ਼ਟ ਮਹਾਤਮਾ ਜਨਾਂ ਨਾਲ ਮਿਲ ਕਰਕੇ ਤੇਰੇ ਗੁਣ ਗਾਈਐ = ਗਾਉਣਾ ਕਰੀਏ ॥੪॥੪॥੬॥

## ਬਸੰਤੁ ਹਿੰਡੋਲ ਮਹਲਾ ੪ ॥

ਬਸੰਤ ਅਤੇ ਹਿੰਡੋਲ ਦੋਨਾਂ ਰਾਗਾਂ ਨੂੰ ਮੇਲ ਕੇ ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਪਵਿੱਤਰ ਉਪਦੇਸ਼ ਬਖ਼ਸ਼ਿਸ ਕਰਦੇ ਹਨ।

## ਆਵਣ ਜਾਣੁ ਭਇਆ ਦੁਖੁ ਬਿਖਿਆ; ਦੇਹ ਮਨਮੁਖ ਸੁੰਞੀ ਸੁੰਞੁ ॥

ਬਿਖਿਆ = ਵਿਸ਼ਿਆਂ ਦੀ ਵਾਸ਼ਨਾ **ਵਾ:** ਮਾਇਆ ਕਰਕੇ ਜੀਵਾਂ ਨੂੰ ਆਵਣ ਜਾਣੁ = ਆਉਣ ਜਾਣ ਭਾਵ ਜੰਮਣ ਮਰਣ ਦਾ ਦੁੱਖ ਲੱਗਾ ਭਇਆ = ਹੋਇਆ ਹੈ, ਨਾਮ ਤੋਂ ਸੁੰਞੁ = ਸੱਖਣੇ ਮਨਮੁਖਾਂ ਦੀ ਦੇਹ = ਕਾਇਆਂ ਵੀ ਸ਼ੁੱਭ ਗੁਣਾਂ ਤੋਂ ਸੁੰਞੀ = ਸੱਖਣੀ, ਖ਼ਾਲੀ ਹੈ **ਵਾ:** ਉਨ੍ਹਾਂ ਦੀ ਬੁੱਧ ਰੂਪੀ ਦੇਹ ਵੀ ਖ਼ਾਲੀ ਹੈ ਅਤੇ ਰਸਨਾ ਵੀ ਖ਼ਾਲੀ ਹੈ ਭਾਵ ਭਜਨ ਸਿਮਰਨ ਤੋਂ ਬਿਨਾਂ ਮਨਮੁਖ ਆਪ ਪਰਮਾਰਥ ਵੱਲੋਂ ਜੜ੍ਹ ਹਨ ਅਤੇ ਉਨ੍ਹਾਂ ਦੀ ਦੇਹ ਵੀ ਜੜ੍ਹ ਹੈ।

## ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ; ਜਮਿ ਪਕਰੇ ਕਾਲਿ ਸਲੁੰਞੁ ॥੧॥

ਉਨ੍ਹਾਂ ਨੇ ਰਾਮ = ਪਰਮਾਤਮਾ ਦਾ ਨਾਮ ਪਲ ਮਾਤ੍ਰ ਸਮੇਂ ਵਿੱਚੋਂ ਖਿਨ ਜਿਤਨਾ ਸਮਾਂ ਵੀ ਚੇਤਿਆ = ਚੇਤੇ ਨਹੀਂ ਕੀਤਾ, ਅੰਤ ਨੂੰ ਕਾਲ ਕਰਨ ਵਾਲਾ ਜਮ ਉਨ੍ਹਾਂ ਨੂੰ ਪ੍ਰਤੱਖ **ਵਾ:** ਸੰਸਕਾਰਾਂ ਰੂਪੀ ਸਲੁੰਞੁ = ਕੇਸਾਂ ਤੋਂ ਪਕਰੇ = ਫੜ ਕੇ ਪ੍ਰਲੋਕ ਨੂੰ ਲੈ ਜਾਵੇਗਾ ॥੧॥

## ਗੋਬਿੰਦ ਜੀਉ; ਬਿਖੁ ਹਉਮੈ ਮਮਤਾ ਮੁੰਞੁ ॥

ਬੇਨਤੀ ਕਰੀਏ ਕਿ ਹੇ ਗੋਬਿੰਦ ਜੀਉ = ਪ੍ਰਭੂ ਜੀ ! ਸਾਡੇ ਅੰਦਰੋਂ ਬਿਖੁ = ਵਿਹੁ ਰੂਪ ਮਾਇਆ ਦੇਹ ਦੀ ਹਉਮੈ = ਹੰਗਤਾ, ਪਦਾਰਥਾਂ ਦੀ ਮਮਤਾ = ਮੇਰ ਮੁੰਞੁ = ਕੱਟਣੀ ਕਰੋ।

## ਸਤਸੰਗਤਿ ਗੁਰ ਕੀ ਹਰਿ ਪਿਆਰੀ; ਮਿਲਿ ਸੰਗਤਿ ਹਰਿ ਰਸੁ ਭੁੰਞੁ ॥੧॥ਰਹਾਉ॥

ਹੇ ਹਰਿ = ਪ੍ਰਭੂ ! ਗੁਰਾਂ ਕੀ = ਦੀ ਸਤਿਸੰਗਤ ਅਤਿਅੰਤ ਪਿਆਰੀ ਹੈ, ਹੇ ਹਰਿ = ਹਰੀ ! ਮੈਂ ਉਸ ਸੰਗਤ ਵਿਚ ਮਿਲ ਕਰਕੇ ਤੇਰੇ ਨਾਮ ਰਸ ਨੂੰ ਭੁੰਞੁ = ਭੋਗਣਾ, ਮਾਨਣਾ ਕਰਾਂ ॥੧॥ਰਹਾਉ॥

## ਸਤਸੰਗਤਿ ਸਾਧ ਦਇਆ ਕਰਿ ਮੇਲਹੁ; ਸਰਣਾਗਤਿ ਸਾਧੂ ਪੰਞੁ ॥

ਹੇ ਪ੍ਰਭੂ ! ਸਾਧ = ਸ੍ਰੇਸ਼ਟ ਗੁਰੂ, ਮਹਾਤਮਾ ਜਨਾਂ ਦੀ ਸਤ ਸਰੂਪ ਨਾਲ ਮੇਲਣ ਵਾਲੀ ਸੰਗਤ ਵਿਚ ਸਾਨੂੰ ਆਪਣੀ ਦਇਆ = ਕਿਰਪਾ ਕਰਕੇ ਮੇਲਹੁ = ਮੇਲਣਾ ਕਰੋ ਅਤੇ ਮੈਂ ਉਨ੍ਹਾਂ ਸਾਧੂ = ਮਹਾਤਮਾ ਦੀ ਸੰਗਤ ਵਿਚ ਪੰਞੁ = ਪੈਣਾ ਕਰਾਂ **ਵਾ:** ਜੋ ਸਾਧੂ ਤੇਰੀ ਸ਼ਰਨ ਵਿਚ ਪਏ ਹਨ, ਮੈਂ ਉਨ੍ਹਾਂ ਦੀ ਸ਼ਰਨ ਵਿਚ ਪੈਣਾ ਕਰਾਂ।

## ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ; ਤੁਮ ਦੀਨ ਦਇਆਲ ਦੁਖ ਭੰਞੁ ॥੨॥

ਹੇ ਪ੍ਰਭ = ਪ੍ਰਭੂ ! ਹਮ = ਅਸੀਂ ਪਾਪਾਂ ਨਾਲ ਪਾਥਰ = ਪੱਥਰ ਵਾਂਗ ਭਾਰੇ ਹੋਣ ਕਰਕੇ ਸੰਸਾਰ-ਸਮੁੰਦ੍ਰ ਦੇ ਪਦਾਰਥਾਂ ਰੂਪੀ ਪਾਣੀ ਵਿਚ ਡੁੱਬਦੇ ਜਾ ਰਹੇ ਹਾਂ, ਤੁਸੀਂ ਕਿਰਪਾ ਕਰਕੇ ਮੁਕਤ ਰੂਪੀ ਕਿਨਾਰੇ 'ਤੇ ਕਾਢਿ = ਕੱਢ ਲੇਹੁ = ਲੈਣਾ ਕਰੋ, ਤੁਮ = ਤੁਸੀਂ ਦੀਨ = ਗ਼ਰੀਬਾਂ ਉੱਪਰ ਦਇਆਲ = ਮਿਹਰਵਾਨ ਹੋਣ ਵਾਲੇ ਹੋ ਅਤੇ ਸਾਰੇ ਦੁੱਖਾਂ ਨੂੰ ਭੰਞੁ = ਭੰਨਣ ਵਾਲੇ ਹੋ **ਵਾ:** ਤੇਰਾ ਨਾਮ ਹੀ ਦੁੱਖ ਭੰਜਨ ਹੈ॥੨॥

## ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ;<br>ਸਤਸੰਗਤਿ ਮਿਲਿ ਬੁਧਿ ਲੰਞੁ ॥

ਹੇ ਸੁਆਮੀ = ਮਾਲਕ ਹਰਿ = ਪ੍ਰਭੂ ! ਸਾਡੇ ਰਿਦ = ਹਿਰਦੇ ਦੇ ਅੰਤਰਿ = ਵਿਚ ਆਪਣੀ ਉਸਤਤਿ = ਸਿਫ਼ਤਿ-ਸਲਾਹ, ਵਡਿਆਈ ਧਾਰਹੁ = ਧਾਰਨਾ, ਵਸਾਉਣਾ ਕਰੋ, ਤਾਂ ਜੋ ਮੈਂ ਗੁਰਾਂ ਦੀ ਸਤਿਸੰਗਤ ਵਿਚ ਮਿਲ ਕੇ ਆਤਮ ਵਿਸ਼ੈਣੀ ਬੁੱਧ ਲੰਞੁ = ਲੈਣਾ ਕਰਾਂ।

## ਹਰਿ ਨਾਮੈ ਹਮ ਪ੍ਰੀਤਿ ਲਗਾਨੀ; ਹਮ ਹਰਿ ਵਿਟਹੁ ਘੁਮਿ ਵੰਞੁ ॥੩॥

ਹੇ ਹਰਿ ਪ੍ਰਭੂ ! ਤੇਰੇ ਨਾਮੈ = ਨਾਮ ਨਾਲ ਹਮ = ਅਸੀਂ ਪ੍ਰੀਤਿ = ਪ੍ਰੀਤੀ, ਲਿਵ ਲਗਾਨੀ = ਲਾਉਣਾ ਕੀਤੀ ਹੈ, ਹੇ ਹਰਿ = ਹਰੀ ! ਹਮ = ਅਸੀਂ ਤੇਰੇ ਵਿਟਹੁ = ਉੱਪਰੋਂ ਘੁਮਿ = ਬਲਿਹਾਰ ਵੰਞੁ = ਜਾਂਦੇ ਹਾਂ॥੩॥

## ਜਨ ਕੇ ਪੂਰਿ ਮਨੋਰਥ ਹਰਿ ਪ੍ਰਭ; ਹਰਿ ਨਾਮੁ ਦੇਵਹੁ ਹਰਿ ਲੰਞੁ ॥

ਹੇ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭ = ਪ੍ਰਭੂ ! ਆਪਣੇ ਜਨ = ਸੇਵਕ ਕੇ = ਦੇ ਸਾਰੇ ਮਨੋਰਥ = ਮਨ ਦੇ ਸੰਕਲਪ ਪੂਰਿ = ਪੂਰੇ ਕਰੋ, ਜੇ ਹਰਿ = ਹਰੀ ! ਮੈਂ ਤੇਰਾ ਹਰਿ ਨਾਮ ਹੀ ਲੰਞੁ = ਲੈਣਾ ਚਾਹੁੰਦਾ ਹਾਂ, ਤੁਸੀਂ ਕਿਰਪਾ ਕਰਕੇ ਆਪਣਾ ਨਾਮ ਦੇਵਹੁ = ਦੇਣਾ ਕਰੋ।

## ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ;<br>ਗੁਰਿ ਮੰਤ੍ਰੁ ਦੀਓ ਹਰਿ ਭੰਞੁ ॥੪॥੫॥੭॥੩੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਜਨਾਂ ਦੇ ਮਨਿ = ਹਿਰਦੇ ਤੇ ਤਨਿ = ਸਰੀਰ ਅੰਦਰ ਅਨਦੁ = ਅਨੰਦ ਪ੍ਰਾਪਤ ਭਇਆ = ਹੋਇਆ ਹੈ, ਹੇ ਹਰੀ ! ਜਿਨ੍ਹਾਂ ਨੂੰ ਗੁਰਾਂ ਨੇ ਤੇਰਾ ਨਾਮ ਰੂਪੀ ਮੰਤ੍ਰ ਭੰਞੁ = ਭਜਨ ਕਰਨ ਲਈ ਦੀਓ = ਦੇਣਾ ਕੀਤਾ ਹੈ **ਵਾ:** ਹਰਿ = ਹਰੇਕ ਦੁੱਖਾਂ ਦੇ ਭੰਞੁ = ਭੰਨਣ, ਨਾਸ਼ ਕਰਨ ਵਾਲਾ ਗੁਰਾਂ ਨੇ ਨਾਮ ਮੰਤ੍ਰ ਦੇਣਾ ਕੀਤਾ ਹੈ॥੪॥੫॥੭॥੩੭॥

[ਅੰਗ ੧੧੮੦]

## ਬਸੰਤੁ ਮਹਲਾ ੫ ਘਰੁ ੧ ਦੁਤੁਕੇ ੴ ਸਤਿਗੁਰ ਪ੍ਰਸਾਦਿ ॥

ਜਿਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਕਾਰ ਸੇਵਾ ਕਰਵਾ ਰਹੇ ਸਨ, ਉਸ ਸਮੇਂ ਹੋਲੀਆਂ ਦੇ ਦਿਨ ਹੋਣ ਕਾਰਨ ਗੁਰਸਿੱਖਾਂ ਨੇ ਸਤਿਗੁਰਾਂ ਨੂੰ ਪੁੱਛਿਆ ਕਿ ਹੇ ਸਤਿਗੁਰੂ ਜੀ ! ਸਾਨੂੰ ਹੋਲੀ ਖੇਡਣ ਬਾਬਤ ਕੀ ਆਗਿਆ ਹੈ ? ਤਦੋਂ ਬਸੰਤ ਰਾਗ ਅੰਦਰ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ, ਘਰੁ ੧ = ਪਹਿਲੇ ਸੁਰਤਾਲ ਅੰਦਰ ਦੁਤੁਕੇ = ਦੋ-ਦੋ ਤੁਕਾਂ ਤੇ ਅੰਕਾਂ ਵਾਲੀ ਬਾਣੀ ਦੁਆਰਾ ਸਿੱਖਿਆ ਬਖ਼ਸ਼ਦੇ ਹੋਏ ਇਹ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਗੁਰੁ ਸੇਵਉ; ਕਰਿ ਨਮਸਕਾਰ ॥ ਆਜੁ ਹਮਾਰੈ; ਮੰਗਲਚਾਰ ॥

ਹੇ ਭਾਈ ! ਅਸੀਂ ਨਮਸਕਾਰ = ਬੰਦਨਾ ਕਰਿ = ਕਰਕੇ ਆਪਣੇ ਗੁਰੂ ਨੂੰ ਸੇਵਉ = ਸੇਵਨਾ ਕਰਦੇ ਹਾਂ। ਜਿਸ ਕਰਕੇ ਆਜੁ = ਹੁਣ ਹਮਾਰੈ = ਸਾਡੇ ਹਿਰਦੇ ਅੰਦਰ ਮੰਗਲਚਾਰ = ਖ਼ੁਸ਼ੀਆਂ ਹੋ ਰਹੀਆਂ ਹਨ।

## ਆਜੁ ਹਮਾਰੈ; ਮਹਾ ਅਨੰਦ ॥ ਚਿੰਤ ਲਥੀ; ਭੇਟੇ ਗੋਬਿੰਦ ॥੧॥

ਆਜੁ = ਹੁਣ ਹਮਾਰੈ = ਸਾਡੇ ਹਿਰਦੇ ਅੰਦਰ ਮਹਾ= ਬਹੁਤ ਅਨੰਦ ਹੋ ਰਿਹਾ ਹੈ।

ਗੋਬਿੰਦ = ਪ੍ਰਭੂ ਜੀ ਭੇਟੇ = ਮਿਲ ਗਏ ਹਨ, ਜਿਸ ਕਰਕੇ ਸਾਡੀ ਸਾਰੀ ਚਿੰਤ = ਸੋਚ ਲਥੀ = ਲਹਿ ਗਈ ਹੈ ॥੧॥

## ਆਜੁ ਹਮਾਰੈ; ਗ੍ਰਿਹਿ ਬਸੰਤ ॥ ਗੁਨ ਗਾਏ; ਪ੍ਰਭ ਤੁਮ ਬੇਅੰਤ ॥੧॥ਰਹਾਉ॥

ਆਜੁ = ਅੱਜ, ਹੁਣ ਹਮਾਰੈ = ਸਾਡੇ ਹਿਰਦੇ ਰੂਪੀ ਗ੍ਰਿਹਿ = ਘਰ ਵਿਚ ਸ਼ੌਂਕ ਅਵਸਥਾ ਰੂਪੀ ਬਸੰਤ ਰੁੱਤ ਦਾ ਮਹੀਨਾ ਚੜ੍ਹਿਆ ਹੋਇਆ ਹੈ **ਵਾ:** ਹਿਰਦੇ ਵਿਚ ਬਸੰਤ = ਅਨੰਦ ਪ੍ਰਾਪਤ ਹੋ ਗਿਆ ਹੈ।

ਕਿਉਂਕਿ ਹੇ ਬੇਅੰਤ = ਅੰਤ ਤੋਂ ਰਹਿਤ ਪ੍ਰਭ = ਪ੍ਰਭੂ ! ਅਸੀਂ ਤੁਮ = ਤੁਹਾਡੇ ਗੁਣ ਗਾਏ = ਗਾਉਣਾ ਕੀਤੇ ਹਨ ॥੧॥ਰਹਾਉ॥

## ਆਜੁ ਹਮਾਰੈ; ਬਨੇ ਫਾਗ ॥ ਪ੍ਰਭ ਸੰਗੀ ਮਿਲਿ; ਖੇਲਨ ਲਾਗ ॥

ਆਜੁ = ਅੱਜ, ਹੁਣ ਹਮਾਰੈ = ਸਾਡੇ ਹਿਰਦੇ ਅੰਦਰ ਫਾਗ = ਫੱਗਣ ਦੇ ਮਹੀਨੇ ਦਾ ਉਤਸਵ (ਹੋਲੀ) **ਵਾ:** ਅਨੰਦ ਬਨੇ = ਬਣ ਰਿਹਾ ਹੈ।

ਪ੍ਰਭ = ਪਰਮਾਤਮਾ ਦੇ ਸੰਗੀ = ਸਾਥੀ, ਮੇਲੀ ਸੰਤ ਜਨਾਂ ਨਾਲ ਮਿਲ ਕਰਕੇ ਪ੍ਰੇਮ ਦੀ ਖੇਡ ਖੇਡਣ ਵਿਚ ਲਾਗ = ਲੱਗੇ ਹੋਏ ਹਾਂ।

## ਹੋਲੀ ਕੀਨੀ; ਸੰਤ ਸੇਵ ॥ ਰੰਗੁ ਲਾਗਾ; ਅਤਿ ਲਾਲ ਦੇਵ ॥੨॥

ਹੇ ਭਾਈ ! ਜੋ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਸੇਵ = ਟਹਿਲ ਕਰਨੀ ਹੈ, ਇਹੋ ਹੀ ਅਸੀਂ ਹੋਲੀ ਖੇਡਣਾ ਕੀਨੀ = ਕੀਤੀ ਹੈ।

ਦੇਵ = ਪ੍ਰਕਾਸ਼ ਸਰੂਪ ਪ੍ਰਭੂ ਦਾ ਅਤਿ = ਅਤਿਅੰਤ ਲਾਲ = ਪ੍ਰੇਮ ਰੂਪ ਰੰਗ ਲਾਗਾ = ਲੱਗਿਆ ਹੋਇਆ ਹੈ ॥੨॥

## ਮਨੁ ਤਨੁ ਮਉਲਿਓ; ਅਤਿ ਅਨੂਪ ॥ ਸੂਕੈ ਨਾਹੀ; ਛਾਵ ਧੂਪ ॥

ਅਤਿ = ਬਹੁਤ ਅਨੂਪ = ਉਪਮਾ ਤੋਂ ਰਹਿਤ, ਸੁੰਦਰ ਸਾਡਾ ਮਨੁ = ਹਿਰਦਾ ਅਤੇ ਤਨੁ = ਸਰੀਰ ਸ਼ੁੱਭ ਗੁਣਾਂ ਨਾਲ ਮਉਲਿਓ = ਪ੍ਰਫੁੱਲਤ ਹੋਇਆ ਹੈ।

ਜੋ ਛਾਵ = ਛਾਂ ਅਤੇ ਧੂਪ = ਧੁੱਪ ਵਿਚ ਸੂਕੈ = ਸੁੱਕਣ ਵਾਲਾ ਨਹੀਂ ਹੈ **ਵਾ:** ਛਾਂ ਦੀ ਨਿਆਈਂ ਜੜ੍ਹ ਪੁਰਖਾਂ ਅਤੇ ਧੁੱਪ ਦੀ ਨਿਆਈਂ ਤਮੋਗੁਣੀ ਪੁਰਖਾਂ ਦੀ ਸੰਗਤ ਕਰਕੇ ਵੀ ਇਹ ਅਨੰਦ ਸੁੱਕਣ ਵਾਲਾ ਨਹੀਂ

ਹੈ **ਵਾ**: ਛਾਂ ਦੀ ਨਿਆਈਂ ਜੜਤਾ ਬਿਰਤੀ ਕਰਕੇ ਅਤੇ ਧੁੱਪ ਦੀ ਨਿਆਈਂ ਕ੍ਰੋਧ ਕਰਕੇ ਸੁੱਕਦਾ ਨਹੀਂ ਹੈ **ਵਾ**: ਹੰਕਾਰ ਕਰਕੇ ਸੁੱਕਦਾ ਨਹੀਂ ਹੈ **ਵਾ**: ਛਾਂ ਦੀ ਨਿਆਈਂ ਸ਼ਾਂਤੀ, ਧੁੱਪ ਦੀ ਨਿਆਈਂ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

## ਸਗਲੀ ਰੂਤੀ; ਹਰਿਆ ਹੋਇ ॥ ਸਦ ਬਸੰਤ; ਗੁਰ ਮਿਲੇ ਦੇਵ ॥੩॥

ਸਾਡਾ ਮਨ ਪ੍ਰਤੱਖ ਸਗਲੀ = ਸਾਰੀਆਂ ਰੂਤੀ = ਰੁੱਤਾਂ ਵਿਚ **ਵਾ**: ਬਚਪਨ, ਜਵਾਨੀ, ਬਿਰਧ ਅਵਸਥਾ ਰੂਪੀ ਸਾਰੀਆਂ ਰੁੱਤਾਂ ਵਿਚ ਹਰਿਆ = ਹਰਾ ਭਰਾ, ਅਨੰਦ ਦੇ ਸਹਿਤ ਹੋਇ = ਹੋ ਗਿਆ ਹੈ।

ਸਾਨੂੰ ਦੇਵ = ਪੂਜਨੀਕ ਗੁਰੂ ਜੀ ਮਿਲੇ ਹਨ, ਜਿਸ ਕਰਕੇ ਸਾਡੇ ਅੰਦਰ ਸਦ = ਹਮੇਸ਼ਾ ਬਸੰਤ = ਅਨੰਦ ਬਣਿਆ ਰਹਿੰਦਾ ਹੈ॥੩॥

## ਬਿਰਖੁ ਜਮਿਓ ਹੈ; ਪਾਰਜਾਤ ॥ ਫੂਲ ਲਗੇ; ਫਲ ਰਤਨ ਭਾਂਤਿ ॥

ਸਾਡੀ ਬੁੱਧ ਰੂਪੀ ਧਰਤੀ ਦੇ ਅੰਦਰ ਪ੍ਰਭੂ ਦਾ ਪ੍ਰੇਮ ਰੂਪੀ ਪਾਰਜਾਤ = ਕਲਪ ਬ੍ਰਿਛ ਜਮਿਓ = ਉਤਪੰਨ ਹੋਇਆ ਹੈ।

ਜਿਸ ਨੂੰ ਨਿਸ਼ਕਾਮ ਕਰਮਾਂ ਦੇ ਫਲ ਲੱਗੇ ਹੋਏ ਹਨ, ਰਤਨ ਦੀ ਨਿਆਈਂ ਅਮੋਲਕ ਭਾਂਤਿ = ਪ੍ਰਕਾਸ਼, ਗਿਆਨ ਰੂਪ ਫਲ ਲੱਗੇ ਹਨ **ਵਾ**: ਧਰਮ ਰੂਪੀ ਫੁੱਲ ਤੇ ਗਿਆਨ ਰੂਪੀ ਫਲ ਰਤਨਾਂ ਵਾਂਗ ਭਾਂਤਿ = ਚਮਕ ਰਹੇ ਹਨ।

## ਤ੍ਰਿਪਤਿ ਅਘਾਨੇ; ਹਰਿ ਗੁਣਹ ਗਾਇ ॥
## ਜਨ ਨਾਨਕ; ਹਰਿ ਹਰਿ ਹਰਿ ਧਿਆਇ ॥੪॥੧॥

ਹਰਿ = ਪਰਮਾਤਮਾ ਦੇ ਗੁਣਹ = ਗੁਣ ਗਾਇ = ਗਾ ਕੇ ਆਤਮ ਤ੍ਰਿਪਤਿ = ਤ੍ਰਿਪਤੀ, ਸੰਤੁਸ਼ਟਤਾ ਦੁਆਰਾ ਅਘਾਨੇ = ਰੱਜ ਗਏ ਹਾਂ **ਵਾ**: ਇਸ ਲੋਕ ਦੇ ਪਦਾਰਥਾਂ ਵੱਲੋਂ ਵੀ ਰੱਜ ਗਏ ਹਾਂ ਅਤੇ ਪ੍ਰਲੋਕ ਦੇ ਪਦਾਰਥਾਂ ਵਲੋਂ ਵੀ ਰੱਜ ਗਏ ਹਾਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਮਨ ਬਾਣੀ ਸਰੀਰ ਕਰਕੇ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਨੂੰ ਹੀ ਧਿਆਇ = ਸਿਮਰਨਾ ਕਰਦੇ ਹਾਂ॥੪॥੧॥

## ਬਸੰਤੁ ਮਹਲਾ ੫ ॥

## ਹਟਵਾਣੀ; ਧਨ ਮਾਲ ਹਾਟੁ ਕੀਤੁ ॥ ਜੂਆਰੀ; ਜੂਏ ਮਾਹਿ ਚੀਤੁ ॥

ਜਿਵੇਂ ਹਟਵਾਣੀ = ਦੁਕਾਨਦਾਰ ਆਪਣੀ ਹਾਟੁ = ਦੁਕਾਨ ਵਿਚ ਧਨ ਅਤੇ ਮਾਲ = ਸਮੱਗ੍ਰੀ ਆਦਿ ਇਕੱਤ੍ਰ ਕੀਤੁ = ਕਰਦਾ ਹੈ **ਵਾ**: ਮਾਲ = ਪਸ਼ੂ ਆਦਿ ਰੱਖ ਕੇ ਉਧਾਰ ਵਸਤੂਆਂ ਦੇਣਾ ਕਰਦਾ ਹੈ।

ਜੂਆਰੀ = ਜੂਏ ਬਾਜ਼ ਦਾ ਚੀਤੁ = ਚਿੱਤ ਜੂਏ ਮਾਹਿ = ਵਿਚ ਹੀ ਲੱਗਾ ਰਹਿੰਦਾ ਹੈ (**ਅਥਵਾ** ਗੁਰਮੁਖ ਰੂਪੀ ਹਟਵਾਣੀ = ਦੁਕਾਨਦਾਰ ਨੇ ਆਪਣੀ ਬੁੱਧ ਰੂਪੀ ਹੱਟੀ ਵਿਚ ਨਾਮ ਰੂਪੀ ਧਨ ਅਤੇ ਸਰਵਣ ਮੰਨਣ ਰੂਪੀ ਮਾਲ ਇਕੱਤ੍ਰ ਕੀਤਾ ਹੈ। ਗੁਰਮੁਖ ਜੂਏਬਾਜ਼ ਵਾਂਗ ਸਦਾ ਨਾਮ ਵਿਚ ਹੀ ਚਿੱਤ ਲਾਈ ਰੱਖਦੇ ਹਨ)

## ਅਮਲੀ ਜੀਵੈ; ਅਮਲੁ ਖਾਇ ॥ ਤਿਉ ਹਰਿਜਨੁ ਜੀਵੈ; ਹਰਿ ਧਿਆਇ ॥੧॥

ਜਿਵੇਂ ਅਮਲੀ = ਨਸ਼ਈ ਮਨੁੱਖ ਅਮਲੁ = ਨਸ਼ਾ ਖਾਇ = ਖਾ ਕੇ ਹੀ ਜੀਵੈ = ਜਿਉਣਾ ਕਰਦਾ ਹੈ।

ਤਿਉ = ਤਿਵੇਂ ਹੀ ਹਰਿਜਨੁ = ਪਰਮਾਤਮਾ ਦਾ ਸੇਵਕ ਹਰਿ = ਪਰਮਾਤਮਾ ਦੇ ਨਾਮ ਨੂੰ ਧਿਆਇ = ਆਰਾਧ ਸਿਮਰ ਕੇ ਜੀਵੈ = ਜਿਉਣਾ ਕਰਦਾ ਹੈ, ਭਾਵ ਸਿਮਰਨ ਨੂੰ ਹੀ ਆਪਣਾ ਜੀਵਨ ਸਮਝਦਾ ਹੈ॥੧॥

## ਅਪਨੈ ਰੰਗਿ; ਸਭੁ ਕੋ ਰਚੈ ॥
## ਜਿਤੁ ਪ੍ਰਭਿ ਲਾਇਆ; ਤਿਤੁ ਤਿਤੁ ਲਗੈ ॥੧॥ਰਹਾਉ॥

ਹੇ ਭਾਈ! ਆਪਣੇ-ਆਪਣੇ ਰੰਗਿ = ਅਨੰਦ ਵਿਚ ਸਭੁ = ਸਾਰੇ ਕੋ = ਕੋਈ ਰਚੈ = ਰਚ ਰਹੇ ਹਨ।

ਪ੍ਰਭਿ = ਪਰਮਾਤਮਾ ਨੇ ਉਨ੍ਹਾਂ ਦੀ ਵਾਸ਼ਨਾ ਅਨੁਸਾਰ ਜਿਤੁ = ਜਿਸ ਪਾਸੇ ਵੱਲ ਕਿਸੇ ਨੂੰ ਲਾਇਆ = ਲਾਉਣਾ ਕੀਤਾ ਹੈ, ਤਿਤੁ ਤਿਤੁ = ਉਸ ਉਸ ਪਾਸੇ ਵੱਲ ਹੀ ਸਾਰੇ ਲਗੈ = ਲੱਗਦੇ ਹਨ॥੧॥ਰਹਾਉ॥

## ਮੇਘ ਸਮੈ; ਮੋਰ ਨਿਰਤਿਕਾਰ ॥ ਚੰਦ ਦੇਖਿ ਬਿਗਸਹਿ; ਕਉਲਾਰ ॥

ਜਿਵੇਂ ਮੇਘ = ਬੱਦਲ ਦੇ ਗਰਜਣ ਸਮੇਂ ਮੋਰ ਨਿਰਤਕਾਰੀ ਕਰਦਾ, ਭਾਵ ਪੈਲਾਂ ਪਾਉਂਦਾ ਹੈ।

ਚੰਦ = ਚੰਦ੍ਰਮਾ ਨੂੰ ਦੇਖਿ = ਵੇਖ ਕਰਕੇ ਕਉਲਾਰ = ਕੰਮੀਆਂ ਬਿਗਸਹਿ = ਖਿੜ ਆਉਂਦੀਆਂ ਹਨ। **ਅਥਵਾ** ਜਦੋਂ ਗੁਰੂ ਰੂਪੀ ਬੱਦਲ ਨਾਮ ਦੀ ਵਰਖਾ ਕਰਨ ਲੱਗਦੇ ਹਨ, ਉਸ ਸਮੇਂ ਮੋਰ ਦੀ ਨਿਆਈਂ ਜਗਿਆਸੂ ਨਿਰਣਾ ਕਰਨ ਰੂਪ ਨ੍ਰਿਤਕਾਰੀ ਕਰਨ ਲੱਗ ਜਾਂਦਾ ਹੈ।

ਚੰਦ੍ਰਮਾ ਦੀ ਨਿਆਈਂ ਗੁਰੂ ਦੇ ਦਰਸ਼ਨ ਵੇਖ ਕੇ ਜਗਿਆਸੂਆਂ ਦੀਆਂ ਬੁੱਧੀਆਂ ਰੂਪ ਕੰਮੀਆਂ ਖਿੜ ਜਾਂਦੀਆਂ ਹਨ।

## ਮਾਤਾ; ਬਾਰਿਕ ਦੇਖਿ ਅਨੰਦ ॥
## ਤਿਉ ਹਰਿਜਨ ਜੀਵਹਿ; ਜਪਿ ਗੋਬਿੰਦ ॥੨॥

ਜਿਵੇਂ ਮਾਤਾ = ਮਾਂ ਆਪਣੇ ਬਾਰਿਕ = ਬੱਚੇ ਨੂੰ ਵੇਖ ਕੇ ਅਨੰਦ = ਪ੍ਰਸੰਨਤਾ ਦੇ ਸਹਿਤ ਹੁੰਦੀ ਹੈ **ਵਾ:** ਮਾਂ ਨੂੰ ਦੇਖ ਕੇ ਬੱਚੇ ਅਨੰਦ ਦੇ ਸਹਿਤ ਹੁੰਦੇ ਹਨ। ਇਉਂ ਮਾਂ ਦੀ ਨਿਆਈਂ ਗੁਰੂ ਆਪਣੇ ਸਿੱਖਾਂ ਨੂੰ ਅਤੇ ਸਿੱਖ ਆਪਣੇ ਗੁਰੂ ਨੂੰ ਦੇਖ ਕੇ ਪ੍ਰਸੰਨ ਹੁੰਦੇ ਹਨ।

ਤਿਉ = ਤਿਵੇਂ ਹਰਿਜਨ = ਪਰਮਾਤਮਾ ਦੇ ਸੇਵਕ ਗੋਬਿੰਦ = ਪਰਮਾਤਮਾ ਨੂੰ ਜਪ ਕੇ ਆਤਮਿਕ ਜੀਵਨ ਵਿਚ ਜੀਵਹਿ = ਜਿਉਣਾ ਕਰਦੇ ਹਨ॥੨॥

## ਸਿੰਘ ਰੁਚੈ; ਸਦ ਭੋਜਨੁ ਮਾਸ ॥ ਰਣੁ ਦੇਖਿ ਸੂਰੇ; ਚਿਤ ਉਲਾਸ ॥

ਜਿਵੇਂ ਸਿੰਘ = ਸ਼ੇਰ ਸਦ = ਹਮੇਸ਼ਾਂ ਮਾਸ ਦਾ ਭੋਜਨ ਖਾ ਕੇ ਹੀ ਰੁਚੈ = ਪ੍ਰਸੰਨ ਹੁੰਦਾ ਹੈ।

ਜਿਵੇਂ ਰਣੁ = ਜੁੱਧ ਦੇ ਮੈਦਾਨ ਨੂੰ ਦੇਖਿ = ਵੇਖ ਕਰਕੇ ਸੂਰੇ = ਸੂਰਮੇ ਦੇ ਚਿਤ = ਮਨ ਵਿਚ ਉਲਾਸ = ਉਤਸ਼ਾਹ ਪੈਦਾ ਹੋ ਜਾਂਦਾ ਹੈ।

## ਕਿਰਪਨ ਕਉ; ਅਤਿ ਧਨ ਪਿਆਰੁ ॥
## ਹਰਿਜਨ ਕਉ; ਹਰਿ ਹਰਿ ਆਧਾਰੁ ॥੩॥

ਜਿਵੇਂ ਕਿਰਪਨ = ਕੰਜੂਸ ਮਨੁੱਖ ਕਉ = ਨੂੰ ਧਨ ਨਾਲ ਅਤਿ = ਬਹੁਤ ਪਿਆਰ ਹੁੰਦਾ ਹੈ।

ਤਿਵੇਂ ਹਰਿਜਨ = ਪਰਮਾਤਮਾ ਦੇ ਸੇਵਕ ਕਉ = ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦਾ ਹੀ ਆਧਾਰੁ = ਆਸਰਾ ਹੁੰਦਾ ਹੈ॥੩॥

**ਸਰਬ ਰੰਗ; ਇਕ ਰੰਗ ਮਾਹਿ ॥ ਸਰਬ ਸੁਖਾ ਸੁਖ; ਹਰਿ ਕੈ ਨਾਇ ॥**

ਸਰਬ = ਸਾਰੇ ਰੰਗ = ਅਨੰਦ, ਇਕ ਵਾਹਿਗੁਰੂ ਦੇ ਰੰਗ = ਪ੍ਰੇਮ ਮਾਹਿ = ਵਿਚ ਹੀ ਹਨ। ਸਰਬ = ਸਾਰੇ ਸੁੱਖਾਂ ਵਿੱਚੋਂ ਵੱਡੇ ਸੁਖ ਹਰਿ = ਪਰਮਾਤਮਾ ਕੈ = ਦੇ ਨਾਇ = ਨਾਮ ਵਿਚ ਹੀ ਹਨ।

**ਤਿਸਹਿ ਪਰਾਪਤਿ; ਇਹੁ ਨਿਧਾਨੁ ॥ ਨਾਨਕ; ਗੁਰੁ ਜਿਸੁ ਕਰੇ ਦਾਨੁ ॥੪॥੨॥**

ਹੇ ਭਾਈ ! ਇਹ ਨਾਮ ਦਾ ਨਿਧਾਨੁ = ਖ਼ਜ਼ਾਨਾ ਤਿਸਹਿ = ਉਸਨੂੰ ਹੀ ਪਰਾਪਤਿ = ਮਿਲਦਾ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਮਨੁੱਖ ਨੂੰ ਗੁਰੂ ਆਪ ਨਾਮ ਦਾ ਦਾਨ ਦੇਣਾ ਕਰੇ = ਕਰਦਾ ਹੈ ॥੪॥੨॥

## ਬਸੰਤੁ ਮਹਲਾ ੫ ॥

**ਤਿਸੁ ਬਸੰਤੁ; ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ; ਜਿਸੁ ਗੁਰੁ ਦਇਆਲੁ ॥**

ਹੇ ਭਾਈ ! ਤਿਸੁ = ਉਸ ਮਨੁੱਖ ਦੇ ਮਨ ਵਿਚ ਸਦਾ ਬਸੰਤੁ = ਅਨੰਦ ਹੈ, ਜਿਸ ਉੱਪਰ ਪ੍ਰਭੁ = ਪਰਮਾਤਮਾ ਆਪ ਕ੍ਰਿਪਾਲ = ਮਿਹਰਵਾਨ ਹੁੰਦਾ ਹੈ।

ਤਿਸੁ = ਉਸ ਮਨੁੱਖ ਦੇ ਮਨ ਵਿਚ ਸਦਾ ਬਸੰਤੁ = ਅਨੰਦ ਬਣਿਆ ਰਹਿੰਦਾ ਹੈ, ਜਿਸ ਉੱਪਰ ਗੁਰੂ ਦਇਆਲੁ = ਦਿਆਲੂ ਹੁੰਦਾ ਹੈ।

**ਮੰਗਲੁ ਤਿਸ ਕੈ; ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ; ਜਿਸੁ ਰਿਦੈ ਨਾਮੁ ॥੧॥**

ਤਿਸੁ = ਉਸ ਮਨੁੱਖ ਕੈ = ਦੇ ਹਿਰਦੇ ਅੰਦਰ ਮੰਗਲੁ = ਅਨੰਦ ਪ੍ਰਾਪਤ ਹੁੰਦਾ ਹੈ, ਜਿਸ ਨੂੰ ਇਕ ਪਰਮਾਤਮਾ ਦੀ ਬੰਦਗੀ ਨਾਲ ਹੀ ਕੰਮ ਹੈ।

ਤਿਸੁ = ਉਸ ਮਨੁੱਖ ਦੇ ਮਨ ਅੰਦਰ ਸਦ = ਹਮੇਸ਼ਾ ਬਸੰਤੁ = ਅਨੰਦ ਬਣਿਆ ਰਹਿੰਦਾ ਹੈ, ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਿਆ ਹੋਇਆ ਹੈ ॥੧॥

**ਗ੍ਰਿਹਿ ਤਾ ਕੇ; ਬਸੰਤੁ ਗਨੀ ॥ ਜਾ ਕੈ; ਕੀਰਤਨੁ ਹਰਿ ਧੁਨੀ ॥੧॥ਰਹਾਉ॥**

ਤਾ = ਉਸ ਮਨੁੱਖ ਕੇ = ਦੇ ਹਿਰਦੇ ਰੂਪੀ ਗ੍ਰਿਹਿ = ਘਰ ਵਿਚ ਬਸੰਤੁ = ਅਨੰਦ ਦੀ ਪ੍ਰਾਪਤੀ ਹੋਈ ਗਨੀ = ਗਿਣੀਦੀ, ਵਿਚਾਰੀਦੀ ਹੈ।

ਜਾ = ਜਿਸ ਕੈ = ਦੇ ਹਿਰਦੇ ਅੰਦਰ ਹਰਿ = ਹਰੀ ਦੇ ਕੀਰਤਨੁ = ਜੱਸ ਦੀ ਧੁਨੀ ਚੱਲਦੀ ਰਹਿੰਦੀ ਹੈ ॥੧॥ਰਹਾਉ॥

**ਪ੍ਰੀਤਿ ਪਾਰਬ੍ਰਹਮ; ਮਉਲਿ ਮਨਾ ॥ ਗਿਆਨੁ ਕਮਾਈਐ; ਪੂਛਿ ਜਨਾਂ ॥**

ਹੇ ਮਨਾਂ ! ਪਾਰਬ੍ਰਹਮ = ਪਰਮਾਤਮਾ ਦੀ ਪ੍ਰੀਤਿ = ਪ੍ਰੀਤੀ, ਲਿਵ ਵਿਚ ਮਉਲਿ = ਪ੍ਰਫੁੱਲਤ ਹੋਣਾ ਕਰ।

ਸ੍ਰੇਸ਼ਟ ਮਹਾਤਮਾ ਜਨਾਂ ਨੂੰ ਪੂਛਿ = ਪੁੱਛ ਕੇ ਗਿਆਨ ਪ੍ਰਾਪਤੀ ਦੀ ਕਮਾਈਐ = ਕਮਾਈ ਕਰ।

**ਸੋ ਤਪਸੀ; ਜਿਸੁ ਸਾਧਸੰਗੁ ॥ ਸਦ ਧਿਆਨੀ; ਜਿਸੁ ਗੁਰਹਿ ਰੰਗੁ ॥੨॥**

ਹੇ ਭਾਈ ! ਸੋ = ਉਹੋ ਹੀ ਅਸਲ ਤਪਸੀ = ਤਪੱਸਿਆ ਕਰਨ ਵਾਲਾ ਹੈ, ਜਿਸ ਨੂੰ ਸਾਧਸੰਗੁ = ਸ੍ਰੇਸ਼ਟ ਸੰਤ ਜਨਾਂ ਦਾ ਮਿਲਾਪ ਪ੍ਰਾਪਤ ਹੋਇਆ ਹੈ।

ਉਹ ਮਨੁੱਖ ਹੀ ਸਦ = ਸਦੀਵ ਧਿਆਨੀ = ਧਿਆਨ ਲਾਉਣ ਵਾਲਾ ਹੈ, ਜਿਸ ਨੂੰ ਗੁਰਹਿ = ਗੁਰੂ ਦੇ ਨਾਲ ਰੰਗੁ = ਪ੍ਰੇਮ ਹੈ ॥੨॥

## ਸੇ ਨਿਰਭਉ; ਜਿਨ ਭਉ ਪਇਆ ॥ ਸੋ ਸੁਖੀਆ; ਜਿਸੁ ਭ੍ਰਮੁ ਗਇਆ ॥

ਹੇ ਭਾਈ ! ਸੇ = ਉਹ ਮਨੁੱਖ ਸੰਸਾਰ ਦੇ ਵਿਚ ਨਿਰਭਉ = ਭੈ ਤੋਂ ਰਹਿਤ ਹੋਏ ਹਨ, ਜਿਨ੍ਹਾਂ ਦੇ ਹਿਰਦੇ ਅੰਦਰ ਪ੍ਰਭੂ ਦਾ ਭਉ = ਭੈ ਪਇਆ = ਪਿਆ ਹੋਇਆ ਹੈ।

ਸੋ = ਉਹੋ ਹੀ ਸੁਖੀਆ = ਸੁੱਖ ਦੇ ਸਹਿਤ ਹੈ, ਜਿਸ ਦੇ ਅੰਦਰੋਂ ਭਰਮ ਗਇਆ = ਨਵਿਰਤ ਹੋ ਗਿਆ ਹੈ।

## ਸੋ ਇਕਾਂਤੀ; ਜਿਸੁ ਰਿਦਾ ਥਾਇ ॥ ਸੋਈ ਨਿਹਚਲੁ; ਸਾਚ ਠਾਇ ॥੩॥

ਹੇ ਭਾਈ ! ਸੋ = ਉਹੋ ਹੀ ਇਕਾਂਤੀ = ਇਕਾਂਤ ਵਿਚ ਰਹਿਣ ਵਾਲਾ ਹੈ, ਜਿਸ ਮਨੁੱਖ ਦਾ ਰਿਦਾ = ਹਿਰਦਾ ਇਕ ਥਾਇ = ਥਾਂ ਟਿਕ ਗਿਆ, ਅਚੱਲ ਹੋ ਗਿਆ ਹੈ।

ਸੋਈ = ਉਹੋ ਹੀ ਨਿਹਚਲੁ = ਅਚੱਲ ਹੈ, ਜਿਸ ਨੂੰ ਸਾਚ = ਸਤ-ਚਿੱਤ ਅਨੰਦ ਸਰੂਪ ਰੂਪੀ **ਵਾ:** ਤੁਰੀਆ ਪਦ ਰੂਪੀ ਠਾਇ = ਥਾਂ ਦੀ ਪ੍ਰਾਪਤੀ ਹੋ ਗਈ ਹੈ ॥੩॥

## ਏਕਾ ਖੋਜੈ; ਏਕ ਪ੍ਰੀਤਿ ॥ ਦਰਸਨ ਪਰਸਨ; ਹੀਤ ਚੀਤਿ ॥

ਜੋ ਸਾਧਸੰਗਤ ਨਾਲ ਮਿਲ ਕੇ ਏਕਾ = ਇਕ ਪ੍ਰਭੂ ਨੂੰ ਹੀ ਤਨ ਮਨ ਨਾਲ ਖੋਜੈ = ਖੋਜਣਾ ਕਰਦਾ ਹੈ, ਉਸਦੀ ਏਕ = ਇਕ ਪ੍ਰਭੂ ਨਾਲ ਪ੍ਰੀਤਿ = ਪ੍ਰੀਤੀ ਲੱਗ ਜਾਂਦੀ ਹੈ।

ਉਸ ਦਾ ਪ੍ਰਭੂ ਦੇ ਦਰਸਨ = ਦੀਦਾਰ ਕਰਨ ਦੀ ਹੀ ਪਰਸਨ ਛੁਹ, ਤਾਂਘ ਦਾ ਹੀ ਚੀਤਿ = ਮਨ ਵਿਚ ਹੀਤ = ਹਿਤ, ਪ੍ਰੇਮ ਹੈ।

## ਹਰਿ ਰੰਗ ਰੰਗਾ; ਸਹਜਿ ਮਾਣੁ ॥ ਨਾਨਕ ਦਾਸ; ਤਿਸੁ ਜਨ ਕੁਰਬਾਣੁ ॥੪॥੩॥

ਉਹ ਸਾਰੇ ਰੰਗਾਂ ਵਿਚ ਰੰਗੇ ਹੋਏ ਹਰਿ = ਹਰੀ ਦੇ ਅਨੰਦ ਨੂੰ ਸਹਜਿ = ਸੁਭਾਵਿਕ ਹੀ ਮਾਣੁ = ਮਾਣਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਦਾਸਾ-ਭਾਵ ਧਾਰ ਕੇ ਤਿਸੁ = ਉਸ ਜਨ = ਪੁਰਖ ਤੋਂ ਕੁਰਬਾਨੁ = ਬਲਿਹਾਰ ਜਾਂਦੇ ਹਾਂ ॥੪॥੩॥

[ਅੰਗ ੧੧੮੧]

## ਬਸੰਤੁ ਮਹਲਾ ੫ ॥

## ਜੀਅ ਪ੍ਰਾਣ; ਤੁਮ੍ ਪਿੰਡ ਦੀਨ੍ ॥ ਮੁਗਧ ਸੁੰਦਰ; ਧਾਰਿ ਜੋਤਿ ਕੀਨ੍ ॥

ਹੇ ਪ੍ਰਭੂ ! ਸਭ ਜੀਵਾਂ ਦੇ ਤਾਈਂ ਜੀਅ = ਜ਼ਿੰਦਗੀ, ਪ੍ਰਾਣ = ਸੁਆਸ, ਪਿੰਡ = ਸਰੀਰ ਆਦਿ ਸਭ ਕੁਝ ਤੁਮ੍ = ਤੂੰ ਹੀ ਦੀਨ੍ = ਦੇਣਾ ਕੀਤੇ ਹਨ।

ਤੂੰ ਆਪਣੀ ਚੇਤਨ ਸੱਤਾ ਰੂਪੀ ਜੋਤ ਧਾਰ ਕੇ ਪੰਜਾਂ ਤੱਤਾਂ ਦੀ ਮਿੱਟੀ ਦੇ ਬਣੇ ਮੁਗਧ = ਮੂਰਖਾਂ ਨੂੰ ਸੁੰਦਰ = ਸੋਹਣਾ ਬਣਾਉਣਾ ਕੀਨ੍ = ਕੀਤਾ ਹੈ।

## ਸਭਿ ਜਾਚਿਕ; ਪ੍ਰਭ ਤੁਮ੍ ਦਇਆਲ ॥ ਨਾਮੁ ਜਪਤ; ਹੋਵਤ ਨਿਹਾਲ ॥੧॥

ਹੇ ਪ੍ਰਭੂ ! ਸਭਿ = ਸਾਰੇ ਜੀਵ ਤੇਰੇ ਦਰ ਦੇ ਜਾਚਿਕ = ਮੰਗਤੇ ਹਨ ਅਤੇ ਤੁਮ੍ = ਤੂੰ ਦਇਆਲ = ਦਿਆਲੂ ਹੈਂ।

ਜੋ ਤੇਰਾ ਨਾਮ ਜਪਤ = ਜਪਦੇ ਹਨ, ਉਹ ਨਿਹਾਲ = ਅਨੰਦ ਪ੍ਰਸੰਨ ਹੋਵਤ = ਹੋ ਜਾਂਦੇ ਹਨ **ਵਾ:** ਨਿਹਾਲ = ਦੁੱਖਾਂ ਤੋਂ ਰਹਿਤ ਹੋ ਜਾਂਦੇ ਹਨ॥੧॥

## ਮੇਰੇ ਪ੍ਰੀਤਮ; ਕਾਰਣ ਕਰਣ ਜੋਗ ॥
## ਹਉ ਪਾਵਉ; ਤੁਮ ਤੇ ਸਗਲ ਥੋਕ ॥੧॥ਰਹਾਉ॥

ਹੇ ਮੇਰੇ ਪ੍ਰੀਤਮ = ਪਿਆਰੇ ਪ੍ਰਭੂ ! ਤੂੰ ਸਾਰੇ ਕਾਰਣਾਂ ਦੇ ਕਰਨ ਜੋਗੁ = ਲਾਇਕ ਹੈ ਭਾਵ ਜਿਵੇਂ ਕਿਸੇ ਨੇ ਜਗਤ ਰਚਨਾ ਦਾ ਕਾਰਣ ਅਗਿਆਨ, ਕਰਮ, ਪ੍ਰਮਾਣੂ ਆਦਿ ਨੂੰ ਮੰਨਿਆ ਹੈ ਪਰ ਤੂੰ ਇਨ੍ਹਾਂ ਕਾਰਣਾਂ ਨੂੰ ਵੀ ਪੈਦਾ ਕਰਨ ਵਾਲਾ ਹੈਂ।

ਹੇ ਪ੍ਰਭੂ ! ਹਉ = ਮੈਂ ਤੁਮ = ਤੁਹਾਡੇ ਤੇ = ਤੋਂ ਸਗਲ = ਸਾਰੇ ਥੋਕ = ਪਦਾਰਥ ਪਾਵਉ = ਪ੍ਰਾਪਤ ਕਰ ਰਿਹਾ ਹਾਂ॥੧॥ਰਹਾਉ॥

## ਨਾਮੁ ਜਪਤ; ਹੋਵਤ ਉਧਾਰ ॥ ਨਾਮੁ ਜਪਤ; ਸੁਖ ਸਹਜ ਸਾਰ ॥

ਤੇਰਾ ਨਾਮ ਜਪਤ = ਜਪਦਿਆਂ ਹੀ ਸੰਸਾਰ-ਸਮੁੰਦ੍ਰ ਤੋਂ ਉਧਾਰ = ਪਾਰ-ਉਤਾਰਾ ਹੋਵਤ = ਹੁੰਦਾ ਹੈ।

ਤੇਰਾ ਨਾਮ ਜਪਤ = ਜਪਦਿਆਂ ਹੀ ਸਾਰ = ਸ੍ਰੇਸ਼ਟ ਆਤਮਿਕ ਸੁੱਖ ਅਤੇ ਸਹਜ = ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ **ਵਾ:** ਸਾਰ ਰੂਪ ਦਾ ਸੁੱਖ ਤੇ ਸਹਜ = ਗਿਆਨ ਪ੍ਰਾਪਤ ਹੁੰਦਾ ਹੈ।

## ਨਾਮੁ ਜਪਤ; ਪਤਿ ਸੋਭਾ ਹੋਇ ॥ ਨਾਮੁ ਜਪਤ; ਬਿਘਨੁ ਨਾਹੀ ਕੋਇ ॥੨॥

ਤੇਰਾ ਨਾਮ ਜਪਤ = ਜਪਣੇ ਕਰਕੇ ਇਸ ਲੋਕ ਵਿਚ ਪਤਿ = ਪਰਤਿਸ਼ਠਾ ਅਤੇ ਪ੍ਰਲੋਕ ਵਿਚ ਸੋਭਾ = ਵਡਿਆਈ ਹੋਇ = ਹੁੰਦੀ ਹੈ।

ਤੇਰਾ ਨਾਮ ਜਪਤ = ਜਪਣੇ ਕਰਕੇ ਕੋਇ = ਕੋਈ ਵੀ ਰਾਗ ਦ੍ਵੈਖ ਆਦਿ ਬਿਘਨ ਨਾਹੀ = ਨਹੀਂ ਲੱਗਦਾ॥੨॥

## ਜਾ ਕਾਰਣਿ; ਇਹ ਦੁਲਭ ਦੇਹ ॥ ਸੋ ਬੋਲੁ; ਮੇਰੇ ਪ੍ਰਭੂ ਦੇਹਿ ॥

ਹੇ ਪ੍ਰਭੂ ! ਜਾ = ਜਿਸ ਨੂੰ ਤੇਰੀ ਪ੍ਰਾਪਤੀ, ਨਾਮ ਜਪਣ ਦੇ ਕਾਰਣਿ = ਵਾਸਤੇ ਇਹ ਦੁਲਭ = ਕਠਿਨਤਾਈ ਨਾਲ ਪ੍ਰਾਪਤ ਹੋਣ ਵਾਲੀ ਮਨੁੱਖਾ ਦੇਹ = ਸਰੀਰ ਦੇਣਾ ਕੀਤਾ ਹੈ।

ਹੇ ਮੇਰੇ ਪ੍ਰਭੂ ! ਸੋ = ਉਹ ਤੇਰਾ ਬੋਲੁ = ਬਚਨ ਭਾਵ ਨਾਮ ਜਪਣਾ ਮੈਨੂੰ ਦੇਹਿ = ਦੇਣਾ ਕਰ।

## ਸਾਧਸੰਗਤਿ ਮਹਿ; ਇਹੁ ਬਿਸ੍ਰਾਮੁ ॥ ਸਦਾ ਰਿਦੈ ਜਪੀ; ਪ੍ਰਭ ਤੇਰੋ ਨਾਮੁ ॥੩॥

ਤੇਰੀ ਸਾਧਸੰਗਤ ਮਹਿ = ਵਿਚ ਮੇਰਾ ਇਹ ਮਨ ਬਿਸ੍ਰਾਮੁ = ਇਸਥਿਤੀ ਪਾਉਣਾ ਕਰੇ।

ਹੇ ਪ੍ਰਭੂ ! ਮੈਂ ਤੇਰੋ = ਤੇਰਾ ਨਾਮ ਸਦਾ = ਹਮੇਸ਼ਾਂ ਆਪਣੇ ਰਿਦੈ = ਹਿਰਦੇ ਵਿਚ ਜਪੀ = ਜਪਦਾ ਰਹਾਂ॥੩॥

## ਤੁਝ ਬਿਨੁ; ਦੂਜਾ ਕੋਇ ਨਾਹਿ ॥ ਸਭੁ ਤੇਰੋ ਖੇਲੁ; ਤੁਝ ਮਾਹਿ ਸਮਾਹਿ ॥

ਹੇ ਪ੍ਰਭੂ ! ਤੁਝ = ਤੇਰੇ ਤੋਂ ਬਿਨੁ = ਬਗ਼ੈਰ ਤੇਰੇ ਵਰਗਾ ਦੂਜਾ = ਦੂਸਰਾ ਹੋਰ ਕੋਇ = ਕੋਈ ਨਾਹਿ = ਨਹੀਂ ਹੈ।

ਹੇ ਪ੍ਰਭੂ ! ਇਹ ਜਗਤ ਸਭੁ = ਸਾਰਾ ਤੇਰਾ ਹੀ ਖੇਲ ਹੈ ਅਤੇ ਅੰਤ ਨੂੰ ਤੁਝ = ਤੇਰੇ ਮਾਹਿ = ਵਿਚ ਹੀ ਸਮਾਹਿ = ਸਮਾਅ ਜਾਵੇਗਾ।

## ਜਿਉ ਭਾਵੈ; ਤਿਉ ਰਾਖਿ ਲੇ ॥ ਸੁਖੁ ਨਾਨਕ; ਪੂਰਾ ਗੁਰੁ ਮਿਲੇ ॥੪॥੪॥

ਹੇ ਪ੍ਰਭੂ ! ਜਿਉ = ਜਿਵੇਂ ਤੈਨੂੰ ਭਾਵੈ = ਭਾਉਂਦਾ ਹੈ, ਤਿਉ = ਤਿਵੇਂ ਰਾਖਿ = ਰੱਖ ਲੇ = ਲੈਣਾ ਕਰ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇਕਰ ਤੇਰੀ ਕਿਰਪਾ ਕਰਕੇ ਪੂਰਾ = ਪੂਰਨ ਗੁਰੂ ਮਿਲੇ = ਮਿਲ ਜਾਵੇ ਤਾਂ ਹੀ ਤੇਰੀ ਪ੍ਰਾਪਤੀ ਦਾ ਸੁਖ ਮਿਲ ਸਕਦਾ ਹੈ॥੪॥੪॥

## ਬਸੰਤੁ ਮਹਲਾ ੫ ॥

## ਪ੍ਰਭ ਪ੍ਰੀਤਮ; ਮੇਰੈ ਸੰਗਿ ਰਾਇ ॥ ਜਿਸਹਿ ਦੇਖਿ; ਹਉ ਜੀਵਾ ਮਾਇ ॥

ਸਭ ਦਾ ਪ੍ਰੀਤਮ = ਪਿਆਰਾ ਪ੍ਰਭ = ਪਰਮਾਤਮਾ ਅਤੇ ਸਭ ਦਾ ਰਾਇ = ਰਾਜਾ, ਪ੍ਰਕਾਸ਼ਕ ਪ੍ਰਭੂ ਸਦਾ ਹੀ ਮੇਰੇ ਸੰਗਿ = ਨਾਲ, ਅੰਗ ਸੰਗ ਵੱਸਦਾ ਹੈ।

ਹੇ ਮਾਇ = ਮਾਂ ਭਾਵ ਮਹਾਤਮਾ ਰੂਪ ਉੱਤਮ ਸਖੀ ! ਜਿਸਹਿ = ਜਿਸ ਪ੍ਰਭੂ ਨੂੰ ਦੇਖਿ = ਵੇਖ ਕਰਕੇ ਹਉ = ਮੈਂ ਜੀਵਾ = ਜਿਉਣਾ ਕਰਦਾ ਹਾਂ।

## ਜਾ ਕੈ ਸਿਮਰਨਿ; ਦੁਖੁ ਨ ਹੋਇ ॥ ਕਰਿ ਦਇਆ; ਮਿਲਾਵਹੁ ਤਿਸਹਿ ਮੋਹਿ ॥੧॥

ਜਾ = ਜਿਸ ਪ੍ਰਭੂ ਕੈ = ਦੇ ਸਿਮਰਨਿ = ਚਿੰਤਨ ਕਰਕੇ ਜੰਮਣ ਮਰਣ ਦਾ ਦੁਖ ਪ੍ਰਾਪਤ ਨਹੀਂ ਹੋਇ = ਹੁੰਦਾ।

ਹੇ ਮਹਾਤਮਾ ਜਨੋਂ ! ਆਪਣੀ ਦਇਆ = ਮਿਹਰ ਕਰਿ = ਕਰਕੇ ਮੋਹਿ = ਮੈਨੂੰ ਤਿਸਹਿ = ਉਸ ਪ੍ਰਭੂ ਨਾਲ ਮਿਲਾਵਹੁ = ਮੇਲਣਾ ਕਰੋ ॥੧॥

## ਮੇਰੇ ਪ੍ਰੀਤਮ; ਪ੍ਰਾਨ ਅਧਾਰ ਮਨ ॥ ਜੀਉ ਪ੍ਰਾਨ; ਸਭੁ ਤੇਰੋ ਧਨ ॥੧॥ਰਹਾਉ॥

ਹੇ ਮੇਰੇ ਪ੍ਰੀਤਮ = ਪਿਆਰੇ ਪ੍ਰਭੂ ! ਤੂੰ ਮੇਰੇ ਪ੍ਰਾਣਾਂ ਅਤੇ ਮਨ ਦਾ ਅਧਾਰ = ਆਸਰਾ ਰੂਪ ਹੈਂ। ਮੇਰੀ ਜੀਉ = ਜ਼ਿੰਦਗੀ, ਪ੍ਰਾਣ ਅਤੇ ਧਨ ਆਦਿ ਸਭੁ = ਸਾਰਾ ਕੁਝ ਤੇਰਾ ਹੀ ਦਿੱਤਾ ਹੋਇਆ ਹੈ॥੧॥ਰਹਾਉ॥

## ਜਾ ਕਉ ਖੋਜਹਿ; ਸੁਰਿ ਨਰ ਦੇਵ ॥ ਮੁਨਿ ਜਨ ਸੇਖ; ਨ ਲਹਹਿ ਭੇਵ ॥

ਜਾ = ਜਿਸ ਪਰਮੇਸ਼ਰ ਕਉ = ਨੂੰ ਸੁਰ = ਦੇਵਤੇ, ਨਰ = ਮਨੁੱਖ ਅਤੇ ਦੇਵ = ਦੈਵੀ ਸੰਪਦਾ ਵਾਲੇ ਖੋਜਹਿ = ਲੱਭ ਰਹੇ ਹਨ **ਵਾ:** ਸੁਰਿ = ਤੇਤੀ ਕ੍ਰੋੜ ਦੇਵਤੇ ਨਰ = ਮਰਦ, ਸੂਰਮੇ ਅਤੇ ਦੇਵ = ਵੱਡੇ (ਬ੍ਰਹਮਾ, ਵਿਸ਼ਨੂੰ, ਸ਼ਿਵਜੀ) ਦੇਵਤੇ ਆਦਿ ਵੀ ਖੋਜਹਿ = ਲੱਭ ਰਹੇ ਹਨ।

ਮੁਨਿ = ਮੰਨਣਸ਼ੀਲ ਮਹਾਤਮਾ, ਜਨ = ਭਗਤ ਅਤੇ ਸੇਖ = ਬਿਰਧ ਜਾਤੀ ਵਾਲੇ (ਮੁਸਲਮਾਨਾਂ ਵਿਚ ਉੱਤਮ ਜਾਤੀ ਵਾਲੇ) ਜਿਸ ਦੇ ਸਰੂਪ ਦਾ ਭੇਵ = ਭੇਤ ਨਹੀਂ ਜਾਣ ਸਕਦੇ।

## ਜਾ ਕੀ ਗਤਿ ਮਿਤਿ; ਕਹੀ ਨ ਜਾਇ ॥
## ਘਟਿ ਘਟਿ ਘਟਿ ਘਟਿ; ਰਹਿਆ ਸਮਾਇ ॥੨॥

ਜਾ = ਜਿਸ ਪ੍ਰਭੂ ਕੀ = ਦੀ ਗਤਿ = ਪ੍ਰਾਪਤੀ ਦੀ ਮਿਤਿ = ਮਰਯਾਦਾ, ਕਿਸੇ ਕੋਲੋਂ ਵੀ ਕਹੀ = ਆਖੀ ਨਹੀਂ ਜਾਇ = ਜਾਂਦੀ।

ਉਹ ਪ੍ਰਭੂ ਅੰਡਜ ਖਾਣੀ ਦੇ ਘਟਿ ਵਿਚ, ਜੇਰਜ ਖਾਣੀ ਦੇ ਘਟਿ ਵਿਚ, ਸੇਤਜ ਖਾਣੀ ਦੇ ਘਟਿ ਵਿਚ

ਅਤੇ ਉਤਭੁਜ ਖਾਣੀ ਦੇ ਘਟਿ ਵਿਚ ਸਮਾਇ = ਸਮਾਅ, ਲੀਨ ਹੋ ਰਹਿਆ = ਰਿਹਾ ਹੈ, **ਵਾ**: ਚੌਹਾਂ ਜੁਗਾਂ ਦੇ ਹਰੇਕ ਸਰੀਰਾਂ ਰੂਪੀ ਘੜਿਆਂ ਅੰਦਰ ਸਮਾਅ, ਵਿਆਪਕ ਹੋ ਰਿਹਾ ਹੈ॥੨॥

## ਜਾ ਕੇ ਭਗਤ; ਆਨੰਦਮੈ ॥ ਜਾ ਕੇ ਭਗਤ ਕਉ; ਨਾਹੀ ਖੈ ॥

(**ਆਨੰਦ-ਮੈ** ਉਚਾਰਣ ਹੈ, **ਮੈ** ਬਿੰਦੀ ਤੋਂ ਰਹਿਤ ਹੈ)

ਜਾ = ਜਿਸ ਪ੍ਰਭੂ ਕੈ = ਕੇ ਭਗਤ = ਸੇਵਕ ਆਨੰਦਮੈ = ਅਨੰਦ ਸਰੂਪ ਹੋ ਗਏ ਹਨ, ਭਾਵ ਅਨੰਦ ਨਾਲ ਭਰਪੂਰ ਰਹਿੰਦੇ ਹਨ।

ਜਾ = ਜਿਸ ਪ੍ਰਭੂ ਕੇ = ਦੇ ਭਗਤ = ਸੇਵਕਾਂ ਕਉ = ਨੂੰ ਕੋਈ ਖੈ = ਨਾਸ਼ ਨਹੀਂ ਕਰ ਸਕਦਾ।

## ਜਾ ਕੇ ਭਗਤ ਕਉ; ਨਾਹੀ ਭੈ ॥ ਜਾ ਕੇ ਭਗਤ ਕਉ; ਸਦਾ ਜੈ ॥੩॥

ਜਾ = ਜਿਸ ਪ੍ਰਭੂ ਕੇ = ਦੇ ਭਗਤ = ਸੇਵਕਾਂ ਕਉ = ਨੂੰ ਕੋਈ ਵੀ ਭੈ = ਡਰ ਨਹੀਂ ਵਿਆਪਦਾ।

ਜਾ = ਜਿਸ ਪ੍ਰਭੂ ਕੇ = ਦੇ ਭਗਤ = ਸੇਵਕਾਂ ਕਉ = ਨੂੰ ਸਦਾ = ਹਮੇਸ਼ਾਂ ਜੈ = ਜਿੱਤ ਦੀ ਪ੍ਰਾਪਤੀ ਹੁੰਦੀ ਹੈ॥੩॥

## ਕਉਨੁ ਉਪਮਾ ਤੇਰੀ; ਕਹੀ ਜਾਇ ॥ ਸੁਖਦਾਤਾ ਪ੍ਰਭੁ; ਰਹਿਓ ਸਮਾਇ ॥

ਹੇ ਪ੍ਰਭੂ ! ਤੇਰੀ ਕਉਨੁ = ਕਿਹੜੀ ਕਿਹੜੀ ਉਪਮਾ = ਵਡਿਆਈ ਕਹੀ = ਕਥਨ ਕੀਤੀ ਜਾਇ = ਜਾਵੇ।

ਹੇ ਸੁਖਦਾਤਾ = ਸੁੱਖ ਦੇਣ ਵਾਲੇ ਪ੍ਰਭੂ ! ਤੂੰ ਸਾਰਿਆਂ ਵਿਚ ਹੀ ਸਮਾਇ = ਲੀਨ, ਵਿਆਪਕ ਹੋ ਰਿਹਾ ਹੈਂ।

## ਨਾਨਕੁ ਜਾਚੈ; ਏਕੁ ਦਾਨੁ ॥ ਕਰਿ ਕਿਰਪਾ; ਮੋਹਿ ਦੇਹੁ ਨਾਮੁ ॥੪॥੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਮੈਂ ਏਕੁ = ਇਕ ਦਾਨੁ = ਖੈਰਾਤ ਜਾਚੈ = ਮੰਗਦਾ ਹਾਂ।

ਤੂੰ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਮੋਹਿ = ਮੈਨੂੰ ਆਪਣਾ ਨਾਮ ਦੇਹੁ = ਦੇਣਾ ਕਰ॥੪॥੫॥

## ਬਸੰਤੁ ਮਹਲਾ ੫ ॥

## ਮਿਲਿ ਪਾਣੀ; ਜਿਉ ਹਰੇ ਬੂਟ ॥ ਸਾਧਸੰਗਤਿ; ਤਿਉ ਹਉਮੈ ਛੂਟ ॥

ਪਾਣੀ ਨਾਲ ਮਿਲ ਕਰਕੇ ਜਿਉ = ਜਿਵੇਂ ਬੂਟ = ਪੌਦੇ, ਬੂਟੇ ਹਰੇ ਭਰੇ ਹੋ ਜਾਂਦੇ ਹਨ।

ਤਿਉ = ਤਿਵੇਂ ਹੀ ਸਾਧਸੰਗਤਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਨਾਲ ਮਿਲ ਕਰਕੇ ਹਉਮੈ = ਹੰਗਤਾ ਮਮਤਾ ਛੂਟ = ਛੁੱਟ ਜਾਂਦੀ ਹੈ ਅਤੇ ਅਨੰਦ ਦੇ ਨਾਲ ਹਰੇ ਭਰੇ ਹੋ ਜਾਈਦਾ ਹੈ **ਵਾ**: ਸ਼ੁੱਭ ਗੁਣਾਂ ਰੂਪੀ ਬੂਟੇ ਹਰੇ ਭਰੇ ਹੋ ਜਾਂਦੇ ਹਨ।

## ਜੈਸੀ ਦਾਸੇ ਧੀਰ; ਮੀਰ ॥ ਤੈਸੇ ਉਧਾਰਨ; ਗੁਰਹ ਪੀਰ ॥੧॥

ਜੈਸੀ = ਜਿਸ ਪ੍ਰਕਾਰ ਕਿਸੇ ਦਾਸੇ = ਸੇਵਕ ਨੂੰ ਮੀਰ = ਪਾਤਸ਼ਾਹ ਦੀ ਧੀਰ = ਧੀਰਜਤਾ ਹੁੰਦੀ ਹੈ, ਭਾਵ ਪਾਤਸ਼ਾਹ ਦੇ ਆਸਰੇ ਉਸਨੂੰ ਕਿਸੇ ਪ੍ਰਕਾਰ ਦਾ ਦੁੱਖ ਪ੍ਰਾਪਤ ਨਹੀਂ ਹੁੰਦਾ।

ਤੈਸੇ = ਉਸੇ ਪ੍ਰਕਾਰ ਪੀਰ = ਪੂਜਨੀਕ ਗੁਰਹ = ਗੁਰੂ ਸੰਸਾਰ-ਸਮੁੰਦ੍ਰ ਤੋਂ ਉਧਾਰਨ = ਪਾਰ ਉਤਾਰਨ ਲਈ ਆਸਰਾ ਰੂਪ ਹੁੰਦੇ ਹਨ **ਵਾ**: ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਗੁਰੂ ਨਾਨਕ ਦੇਵ ਜੀ ਜੀਵਾਂ ਦੇ ਉੱਧਾਰ ਕਰਨ ਲਈ ਆਸਰਾ ਰੂਪ ਹਨ॥੧॥

## ਤੁਮ ਦਾਤੇ ਪ੍ਰਭ; ਦੇਨਹਾਰ ॥ ਨਿਮਖ ਨਿਮਖ; ਤਿਸੁ ਨਮਸਕਾਰ ॥੧॥ਰਹਾਉ॥

ਹੇ ਪ੍ਰਭ = ਪ੍ਰਭੂ ! ਤੁਮ = ਤੁਸੀਂ ਸਭ ਜੀਵਾਂ ਨੂੰ ਸਭ ਪਦਾਰਥ ਦੇਨਹਾਰ = ਦੇਣ ਵਾਲੇ ਦਾਤੇ = ਦਾਤਾਰ ਰੂਪ ਹੋ।

ਮੈਂ ਨਿਮਖ ਨਿਮਖ ਕਾਲ ਵਿਚ ਤਿਸੁ = ਆਪ ਜੀ ਨੂੰ ਨਮਸਕਾਰ = ਬੰਦਨਾ ਕਰਦਾ ਹਾਂ ॥੧॥ਰਹਾਉ॥

## ਜਿਸਹਿ ਪਰਾਪਤਿ; ਸਾਧਸੰਗੁ ॥ ਤਿਸੁ ਜਨ ਲਾਗਾ; ਪਾਰਬ੍ਰਹਮ ਰੰਗੁ ॥

ਜਿਸਹਿ = ਜਿਸ ਮਨੁੱਖ ਨੂੰ ਸਾਧਸੰਗੁ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਪ੍ਰਾਪਤ ਹੋਈ ਹੈ।

ਤਿਸੁ = ਉਸ ਜਨ = ਮਨੁੱਖ ਦਾ ਪਾਰਬ੍ਰਹਮ = ਪ੍ਰਭੂ ਦੇ ਨਾਲ ਰੰਗੁ = ਪ੍ਰੇਮ ਲਾਗਾ = ਲੱਗ ਜਾਂਦਾ ਹੈ।

## ਤੇ ਬੰਧਨ ਤੇ; ਭਏ ਮੁਕਤਿ ॥ ਭਗਤ ਅਰਾਧਹਿ; ਜੋਗ ਜੁਗਤਿ ॥੨॥

ਜਿਨ੍ਹਾਂ ਨੂੰ ਪ੍ਰੇਮ ਲੱਗਾ ਹੈ ਤੇ = ਉਹ ਮਨੁੱਖ ਕਰਤਾ-ਭੋਗਤਾ, ਹੰਗਤਾ-ਮਮਤਾ ਦੇ ਬੰਧਨ = ਜੰਜਾਲਾਂ ਤੇ = ਤੋਂ ਮੁਕਤ ਭਏ = ਹੋਏ ਹਨ।

ਉਹ ਜੋਗ = ਜੁੜਨੇ ਜੋਗ ਪ੍ਰਭੂ ਦੀ ਭਗਤੀ ਦੀ ਜੁਗਤਿ = ਜੁਗਤੀ ਕਰਕੇ ਭਗਤ = ਸੇਵਕ ਜਨ ਪ੍ਰਭੂ ਨੂੰ ਅਰਾਧਹਿ = ਆਰਾਧਣਾ ਕਰਦੇ ਹਨ **ਵਾ:** ਹਠ ਜੋਗ, ਰਾਜ ਜੋਗ, ਲੈ ਜੋਗ, ਮੰਤ੍ਰ ਜੋਗ ਆਦਿ ਨੂੰ ਛੱਡ ਕੇ ਭਗਤਿ ਜੋਗ ਦੀ ਜੁਗਤੀ ਦੁਆਰਾ ਆਰਾਧਣਾ ਕਰਦੇ ਹਨ ॥੨॥

## ਨੇਤ੍ਰ ਸੰਤੋਖੇ; ਦਰਸੁ ਪੇਖਿ ॥ ਰਸਨਾ ਗਾਏ; ਗੁਣ ਅਨੇਕ ॥

ਪ੍ਰਭੂ ਦੇ ਸਰਗੁਣ ਸਰੂਪ ਦੇ ਦਰਸੁ = ਦਰਸ਼ਨ ਪੇਖਿ = ਦੇਖ ਕੇ ਉਨ੍ਹਾਂ ਦੇ ਪ੍ਰਤੱਖ ਨੇਤ੍ਰ ਸੰਤੋਖੇ = ਸੰਤੁਸ਼ਟ ਹੋਏ ਹਨ **ਵਾ:** ਮਨ ਬੁੱਧ ਰੂਪੀ ਨੇਤ੍ਰ ਸਤ-ਚਿੱਤ ਅਨੰਦ ਸਰੂਪ ਦੇ ਦਰਸ਼ਨ ਕਰਕੇ ਸੰਤੁਸ਼ਟ ਹੋਏ ਹਨ **ਵਾ:** ਪ੍ਰੋਖ ਅਤੇ ਅਪ੍ਰੋਖ ਗਿਆਨ ਰੂਪੀ ਨੇਤ੍ਰ ਸ੍ਵੈ ਅਨੁਭਵ ਸਰੂਪ ਦੇ ਦਰਸ਼ਨ ਦੇਖ ਕੇ ਸੰਤੁਸ਼ਟ ਹੋਏ ਹਨ।

ਉਹ ਭਗਤ ਜਨ ਆਪਣੀ ਰਸਨਾ = ਜੀਭਾ ਦੁਆਰਾ ਵੀ ਪ੍ਰਭੂ ਦੇ ਅਨੇਕ = ਬੇਅੰਤ ਗੁਣਾਂ ਨੂੰ ਗਾਏ = ਗਾਉਣਾ ਕਰਦੇ ਹਨ।

## ਤ੍ਰਿਸਨਾ ਬੂਝੀ; ਗੁਰਪ੍ਰਸਾਦਿ ॥ ਮਨੁ ਆਘਾਨਾ; ਹਰਿ ਰਸਹਿ ਸੁਆਦਿ ॥੩॥

ਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਉਨ੍ਹਾਂ ਦੇ ਅੰਦਰੋਂ ਰਸਾਂ ਕਸਾਂ ਦੀ ਤ੍ਰਿਸ਼ਨਾ ਬੂਝੀ = ਬੁਝ ਗਈ ਹੈ।

ਹਰਿ = ਪਰਮਾਤਮਾ ਦੇ ਨਾਮ ਰਸਹਿ = ਰਸ ਦੇ ਸੁਆਦ ਵਿਚ ਉਨ੍ਹਾਂ ਦਾ ਮਨ ਆਘਾਨਾ = ਤ੍ਰਿਪਤ ਹੋਇਆ ਹੈ ॥੩॥

## ਸੇਵਕੁ ਲਾਗੋ; ਚਰਣ ਸੇਵ ॥ ਆਦਿ ਪੁਰਖ; ਅਪਰੰਪਰ ਦੇਵ ॥

ਹੇ ਪ੍ਰਭੂ ! ਮੈਂ ਸੇਵਕੁ = ਦਾਸ ਤੇਰੇ ਚਰਣਾਂ ਦੀ ਸੇਵ = ਟਹਿਲ ਵਿਚ ਲਾਗੋ = ਲੱਗਾ ਹੋਇਆ ਹਾਂ।

ਹੇ ਪ੍ਰਭੂ ! ਤੂੰ ਸੰਸਾਰ ਦਾ ਆਦਿ = ਮੁੱਢ ਰੂਪ, ਪੁਰਖ = ਵਿਆਪਕ, ਅਪਰੰਪਰ = ਪ੍ਰਕਿਰਤੀ ਤੋਂ ਪਰ੍ਹੇ ਅਤੇ ਦੇਵ = ਪ੍ਰਕਾਸ਼ ਸਰੂਪ ਹੈਂ।

## ਸਗਲ ਉਧਾਰਣ; ਤੇਰੋ ਨਾਮੁ ॥ ਨਾਨਕ; ਪਾਇਓ ਇਹੁ ਨਿਧਾਨੁ ॥੪॥੬॥

ਹੇ ਪ੍ਰਭੂ ! ਤੇਰੋ = ਤੇਰਾ ਨਾਮ ਹੀ ਸਗਲ = ਸਾਰੇ ਸੰਸਾਰ ਦਾ ਉਧਾਰਣ = ਪਾਰ-ਉਤਾਰਾ ਕਰਨ ਵਾਲਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤੇਰਾ ਇਹ ਨਾਮ ਦਾ ਨਿਧਾਨੁ = ਖ਼ਜ਼ਾਨਾ ਆਸਾਂ ਨੇ ਗੁਰਾਂ ਦੁਆਰਾ ਪਾਇਓ = ਪਾਉਣਾ ਕੀਤਾ ਹੈ ॥੪॥੬॥

## ਬਸੰਤੁ ਮਹਲਾ ੫ ॥

## ਤੁਮ ਬਡ ਦਾਤੇ; ਦੇ ਰਹੇ ॥ ਜੀਅ ਪ੍ਰਾਣ ਮਹਿ; ਰਵਿ ਰਹੇ ॥

ਹੇ ਪ੍ਰਭੂ ਜੀ ! ਤੁਮ = ਤੁਸੀਂ ਬਡ = ਵੱਡੇ ਦਾਤੇ = ਦਾਤਾਰ ਹੋ ਅਤੇ ਸਭ ਜੀਵਾਂ ਨੂੰ ਦਾਤਾਂ ਦੇ ਰਹੇ ਹੋ।

ਸਾਰੇ ਜੀਅ = ਜੀਵਾਂ ਦੇ ਪ੍ਰਾਨ = ਸੁਆਸਾਂ ਮਹਿ = ਵਿਚ ਰਵਿ = ਵਿਆਪਕ ਹੋ ਰਹੇ ਹੋ।

## ਦੀਨੇ; ਸਗਲੇ ਭੋਜਨ ਖਾਨ ॥ ਮੋਹਿ ਨਿਰਗੁਨ; ਇਕੁ ਗੁਨੁ ਨ ਜਾਨ ॥੧॥

ਹੇ ਪ੍ਰਭੂ ! ਤੂੰ ਸਗਲੇ = ਸਾਰੇ ਜੀਵਾਂ ਜੰਤਾਂ ਨੂੰ ਉਨ੍ਹਾਂ ਦੀ ਖ਼ੁਰਾਕ ਅਨੁਸਾਰ **ਵਾ:** ਮਨੁੱਖਾਂ ਨੂੰ ਛੱਤੀ ਪ੍ਰਕਾਰ ਦੇ ਭੋਜਨ ਖਾਣ ਵਾਸਤੇ ਦੀਨੇ = ਦੇਣਾ ਕੀਤੇ ਹਨ।

ਪਰ ਮੋਹਿ = ਮੈਂ ਨਿਰਗੁਨ = ਗੁਣਾਂ ਤੋਂ ਹੀਣੇ ਨੇ ਤੇਰਾ ਇਕ ਵੀ ਗੁਣ ਨਹੀਂ ਜਾਨ = ਜਾਨਣਾ ਕੀਤਾ ॥੧॥

## ਹਉ ਕਛੂ ਨ ਜਾਨਉ; ਤੇਰੀ ਸਾਰ ॥

## ਤੂ ਕਰਿ ਗਤਿ ਮੇਰੀ; ਪ੍ਰਭ ਦਇਆਰ ॥੧॥ਰਹਾਉ॥

ਹੇ ਪ੍ਰਭੂ ! ਹਉ = ਮੈਂ ਤੇਰੀ ਪ੍ਰਾਪਤੀ ਦੀ ਸਾਰ = ਖ਼ਬਰ ਨੂੰ ਕਛੂ = ਕੁਛ ਵੀ ਨਹੀਂ ਜਾਨਉ = ਜਾਣਦਾ।

ਹੇ ਦਇਆਰ = ਦਿਆਲੂ ਪ੍ਰਭੂ ! ਤੂੰ ਮੇਰੀ ਗਤਿ = ਕਲਿਆਣ ਕਰ ॥੧॥ਰਹਾਉ॥

[ਅੰਗ ੧੧੮੨]

## ਜਾਪ ਨ ਤਾਪ; ਨ ਕਰਮ ਕੀਤਿ ॥ ਆਵੈ ਨਾਹੀ; ਕਛੂ ਰੀਤਿ ॥

ਹੇ ਪ੍ਰਭੂ ! ਨਾ ਹੀ ਮੈਂ ਬਾਣੀ ਕਰਕੇ ਜਾਪ = ਜਪ, ਸਰੀਰ ਕਰਕੇ ਤਾਪ = ਤਪੱਸਿਆ ਕੀਤੀ ਹੈ ਅਤੇ ਨਾ ਹੀ ਕੋਈ ਨਿਸ਼ਕਾਮ ਕਰਮ ਕੀਤਿ = ਕੀਤੇ ਹਨ।

ਹੇ ਪ੍ਰਭੂ ! ਮੈਨੂੰ ਕਿਸੇ ਜਪ ਤਪ, ਜੋਗਾ ਅਭਿਆਸ ਆਦਿ ਸਾਧਨਾ ਦੀ ਕਛੂ = ਕੁਝ ਵੀ ਰੀਤਿ = ਰੀਤੀ, ਮਰਯਾਦਾ ਨਹੀਂ ਆਵੈ = ਆਉਂਦੀ।

## ਮਨ ਮਹਿ ਰਾਖਉ; ਆਸ ਏਕ ॥ ਨਾਮ ਤੇਰੇ ਕੀ; ਤਰਉ ਟੇਕ ॥੨॥

ਹੇ ਪ੍ਰਭੂ ! ਮੈਂ ਆਪਣੇ ਮਨ = ਹਿਰਦੇ ਮਹਿ = ਵਿਚ ਏਕ = ਇਕ ਇਹੋ ਹੀ ਆਸ ਰਾਖਉ = ਰੱਖਦਾ ਹਾਂ, ਕਿ :

ਤੇਰੇ ਨਾਮ ਕੀ = ਦੀ ਟੇਕ = ਓਟ ਕਰਕੇ ਮੈਂ ਸੰਸਾਰ-ਸਮੁੰਦ੍ਰ ਤੋਂ ਤਰਉ = ਪਾਰ ਹੋ ਜਾਵਾਂਗਾ ॥੨॥

## ਸਰਬ ਕਲਾ ਪ੍ਰਭ; ਤੁਮ ਪ੍ਰਬੀਨ ॥ ਅੰਤੁ ਨ ਪਾਵਹਿ; ਜਲਹਿ ਮੀਨ ॥

ਹੇ ਪ੍ਰਭ = ਪ੍ਰਭੂ ! ਤੁਮ = ਤੂੰ ਸਰਬ = ਸਾਰੀਆਂ ਕਲਾ = ਸ਼ਕਤੀਆਂ ਕਰਕੇ ਪ੍ਰਬੀਨ = ਸਿਆਣਾ ਹੈਂ।

ਜਿਵੇਂ ਮੀਨ = ਮੱਛੀ ਜਲਹਿ = ਪਾਣੀ ਦਾ ਅੰਤ ਨਹੀਂ ਪਾਵਹਿ = ਪਾ ਸਕਦੀ, ਇਉਂ ਤੂੰ ਚੇਤਨ ਰੂਪ ਪਾਣੀ ਦੀ ਨਿਆਈਂ ਹੈਂ ਅਤੇ ਅਸੀਂ ਤੇਰੇ ਸਰੂਪ ਵਿਚ ਰਹਿਣ ਵਾਲੇ ਜੀਵ ਤੇਰਾ ਅੰਤ ਨਹੀਂ ਪਾ ਸਕਦੇ।

## ਅਗਮ ਅਗਮ; ਊਚਹ ਤੇ ਊਚ ॥ ਹਮ ਥੋਰੇ; ਤੁਮ ਬਹੁਤ ਮੂਚ ॥੩॥

ਹੇ ਪ੍ਰਭੂ! ਤੂੰ ਸ਼ਾਸਤ੍ਰਾਂ ਕਰਕੇ ਵੀ ਅਗਮ = ਗੰਮਤਾ ਤੋਂ ਰਹਿਤ, ਮਨ ਬਾਣੀ ਸਰੀਰ ਕਰਕੇ ਵੀ ਅਗਮ = ਗੰਮਤਾ ਤੋਂ ਰਹਿਤ ਹੈਂ ਅਤੇ ਊਚਹ = ਉੱਚੇ ਬ੍ਰਹਮਾ ਆਦਿਕਾਂ ਤੇ = ਤੋਂ ਵੀ ਊਚ = ਉੱਚਾ ਹੈਂ।

ਹੇ ਪ੍ਰਭੂ! ਹਮ = ਅਸੀਂ ਥੋਰੇ = ਥੋੜ੍ਹੇ, ਤੁਛ ਹਾਂ ਅਤੇ ਤੁਮ = ਤੂੰ ਬਹੁਤ ਹੀ ਮੂਚ = ਵਿਸਤਾਰ ਵਾਲਾ ਹੈਂ **ਵਾ**: ਤੂੰ ਮੂਚ = ਵਿਸ਼ੇਸ਼ ਕਰਕੇ ਬਹੁਤ ਵੱਡਾ ਹੈਂ॥੩॥

## ਜਿਨ ਤੂ ਧਿਆਇਆ; ਸੇ ਗਨੀ ॥ ਜਿਨ ਤੂ ਪਾਇਆ; ਸੇ ਧਨੀ ॥

ਹੇ ਪ੍ਰਭੂ! ਜਿਨ = ਜਿਨ੍ਹਾਂ ਨੇ ਤੂ = ਤੈਨੂੰ ਧਿਆਇਆ = ਸਿਮਰਨਾ ਕੀਤਾ ਹੈ, ਸੇ = ਉਹੋ ਤੇਰੀ ਗਨੀ = ਗਿਣਤੀ ਵਿਚ ਹਨ।

ਜਿਨ = ਜਿਨ੍ਹਾਂ ਨੇ ਤੂ = ਤੈਨੂੰ ਪਾਇਆ = ਪਾਉਣਾ ਕੀਤਾ ਹੈ, ਸੇ = ਉਹੋ ਹੀ ਅਸਲ ਧਨੀ = ਧਨਵਾਨ ਹਨ।

## ਜਿਨਿ ਤੂ ਸੇਵਿਆ; ਸੁਖੀ ਸੇ ॥ ਸੰਤ ਸਰਣਿ; ਨਾਨਕ ਪਰੇ ॥੪॥੭॥

ਹੇ ਪ੍ਰਭੂ! ਜਿਨਿ = ਜਿਨ੍ਹਾਂ ਨੇ ਤੂ = ਤੈਨੂੰ ਸੇਵਿਆ = ਸੇਵਨਾ ਕੀਤਾ ਹੈ, ਸੇ = ਉਹ ਲੋਕ-ਪ੍ਰਲੋਕ ਵਿਚ ਸੁਖੀ = ਸੁੱਖ ਦੇ ਸਹਿਤ ਹੋਏ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਐਸੇ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਸਰਣਿ = ਓਟ ਵਿਚ ਅਸੀਂ ਪਰੇ = ਪਏ ਹਾਂ॥੪॥੭॥

## ਬਸੰਤੁ ਮਹਲਾ ੫ ॥

## ਤਿਸੁ ਤੂ ਸੇਵਿ; ਜਿਨਿ ਤੂ ਕੀਆ ॥ ਤਿਸੁ ਅਰਾਧਿ; ਜਿਨਿ ਜੀਉ ਦੀਆ ॥

ਹੇ ਜੀਵ! ਤੂੰ ਤਿਸੁ = ਉਸ ਪ੍ਰਭੂ ਨੂੰ ਸੇਵਿ = ਸੇਵਨਾ, ਸਿਮਰਨਾ ਕਰ, ਜਿਨਿ = ਜਿਸ ਪ੍ਰਭੂ ਨੇ ਤੂ = ਤੈਨੂੰ ਪੈਦਾ ਕੀਆ = ਕੀਤਾ ਹੈ।

ਤੂੰ ਤਿਸੁ = ਉਸ ਪ੍ਰਭੂ ਨੂੰ ਅਰਾਧਿ = ਧਿਆਉਣਾ ਕਰ, ਜਿਨਿ = ਜਿਸ ਪ੍ਰਭੂ ਨੇ ਤੈਨੂੰ ਜੀਉ = ਜੀਵਨ **ਵਾ**: ਸੂਖਮ ਅਸਥੂਲ ਸਰੀਰ ਦੀਆ = ਦੇਣਾ ਕੀਤਾ ਹੈ।

## ਤਿਸ ਕਾ ਚਾਕਰੁ ਹੋਹਿ; ਫਿਰਿ ਡਾਨੁ ਨ ਲਾਗੈ ॥

ਹੇ ਭਾਈ! ਤਿਸ = ਉਸ ਪ੍ਰਭੂ ਕਾ = ਦਾ ਚਾਕਰੁ = ਸੇਵਕੁ ਹੋਹਿ = ਹੋਣਾ ਕਰ, ਜਿਸ ਕਰਕੇ ਤੈਨੂੰ ਫੇਰ ਜਮਦੂਤਾਂ ਆਦਿ ਦਾ ਡਾਨੁ = ਡੰਨ ਨਹੀਂ ਲਾਗੈ = ਲੱਗੇਗਾ।

## ਤਿਸ ਕੀ ਕਰਿ ਪੋਤਦਾਰੀ; ਫਿਰਿ ਦੂਖੁ ਨ ਲਾਗੈ ॥੧॥

ਤਿਸ = ਉਸ ਪ੍ਰਭੂ ਕੀ = ਦੀ ਪੋਤਦਾਰੀ = ਖ਼ਜ਼ਾਨੇ ਦੀ ਕਾਰ ਕਰ, ਭਾਵ ਉਸ ਪ੍ਰਭੂ ਦਾ ਖ਼ਜ਼ਾਨਚੀ ਬਣ, ਫੇਰ ਜੰਮਣ ਮਰਣ ਦਾ ਦੁੱਖ ਨਹੀਂ ਲਾਗੈ = ਲੱਗੇਗਾ॥੧॥

## ਏਵਡ ਭਾਗ ਹੋਹਿ; ਜਿਸੁ ਪ੍ਰਾਣੀ ॥ ਸੋ ਪਾਏ; ਇਹੁ ਪਦੁ ਨਿਰਬਾਣੀ ॥੧॥ਰਹਾਉ॥

ਏਵਡ = ਇਤਨੇ ਵੱਡੇ ਭਾਗ ਜਿਸ ਪ੍ਰਾਣੀ = ਪ੍ਰਾਣਾਧਾਰੀ ਜੀਵ ਦੇ ਹੁੰਦੇ ਹਨ।

ਸੋ = ਉਹੋ ਹੀ ਇਹ ਨਿਰਬਾਣੀ = ਬੰਧਨਾਂ ਤੋਂ ਰਹਿਤ ਪਦੁ = ਪਦਵੀ ਨੂੰ ਪਾਏ = ਪਾਉਣਾ ਕਰਦਾ ਹੈ ॥੧॥ਰਹਾਉ॥

## ਦੂਜੀ ਸੇਵਾ; ਜੀਵਨੁ ਬਿਰਥਾ ॥ ਕਛੂ ਨ ਹੋਈ ਹੈ; ਪੂਰਨ ਅਰਥਾ ॥

ਦੂਜੀ = ਦ੍ਵੈਤ ਵਾਲੀ **ਵਾ:** ਦੂਸਰੇ ਦੇਵੀ ਦੇਵਤਿਆਂ ਦੀ ਸੇਵਾ = ਟਹਿਲ ਕਰਨ ਨਾਲ ਜੀਵਨ ਬਿਰਥਾ = ਵਿਅਰਥ ਹੀ ਚਲਾ ਜਾਂਦਾ ਹੈ।

ਅਤੇ ਕਛੂ = ਕੁੱਝ ਅਰਥਾ = ਅਰਥ, ਮਤਲਬ ਵੀ ਪੂਰਨ = ਪੂਰਾ ਨਹੀਂ ਹੁੰਦਾ ਹੈ।

**ਸਾਖੀ—ਸ਼ਿਵਜੀ ਦੇ ਉਪਾਸ਼ਕਾਂ ਦੀ :** ਇਕ ਲੱਕੜਹਾਰਾ ਜੋ ਅਤਿਅੰਤ ਗ਼ਰੀਬ ਸੀ ਅਤੇ ਆਪਣੀ ਇਸਤ੍ਰੀ ਤੇ ਇਕ ਪੁੱਤਰ ਸਮੇਤ ਜੰਗਲ ਵਿਚ ਕੁਟੀਆ ਬਣਾ ਕੇ ਰਹਿੰਦਾ ਸੀ। ਉਹ ਲੱਕੜਾਂ ਵੇਚ ਕੇ ਗੁਜ਼ਾਰਾ ਕਰਿਆ ਕਰਦਾ ਸੀ। ਇਕ ਦਿਨ ਉਸਨੇ ਕਿਸੇ ਸ਼ਿਵ ਉਪਾਸ਼ਕ ਤੋਂ ਸੁਣਿਆ ਕਿ ਜੇਕਰ ਸ਼ਿਵਜੀ ਦੀ ਉਪਾਸ਼ਨਾ ਕੀਤੀ ਜਾਵੇ ਤਾਂ ਭੋਲੇਨਾਥ ਜੀ ਜਲਦੀ ਹੀ ਪ੍ਰਸੰਨ ਹੋ ਜਾਂਦੇ ਹਨ। ਇਹ ਕਾਮਨਾ ਮਨ ਵਿਚ ਲੈ ਕੇ ਪਰਿਵਾਰ ਦੇ ਤਿੰਨੇ ਜੀਵ ਜੰਗਲ ਵਿਚ ਬੈਠ ਕੇ ਸ਼ਿਵ ਜੀ ਦੀ ਉਪਾਸ਼ਨਾ ਕਰਨ ਲੱਗੇ। ਕੁਝ ਸਮਾਂ ਬੀਤਣ ਤੋਂ ਬਾਅਦ ਉਨ੍ਹਾਂ ਦੀ ਭਗਤੀ ਤੋਂ ਪ੍ਰਸੰਨ ਹੋ ਸ਼ਿਵਜੀ ਪ੍ਰਗਟ ਹੋ ਗਏ। ਸਭ ਤੋਂ ਪਹਿਲਾਂ ਸ਼ਿਵਜੀ ਨੇ ਲੱਕੜਹਾਰੇ ਦੀ ਪਤਨੀ ਨੂੰ ਵਰ ਮੰਗਣ ਲਈ ਕਿਹਾ। ਉਸ ਨੇ ਕਿਹਾ ਕਿ ਹੇ ਪ੍ਰਭੂ! ਚਿਰਾਂ ਦੀ ਗ਼ਰੀਬੀ ਨੇ ਮੇਰੀ ਸੁੰਦਰਤਾ ਖ਼ਤਮ ਕਰ ਦਿੱਤੀ ਹੈ। ਆਪ ਜੀ ਕਿਰਪਾ ਕਰਕੇ ਮੇਰਾ ਸਰੀਰ ਨੌਜਵਾਨ ਤੇ ਸੁੰਦਰ ਬਣਾ ਦੇਵੋ। ਉਸਦੀ ਬੇਨਤੀ ਮੰਨ ਕੇ ਸ਼ਿਵਜੀ ਨੇ ਕਿਹਾ ਕਿ 'ਤਥਾ ਅਸਤੂ'। ਉਸ ਵੇਲੇ ਉਸਦਾ ਸਰੀਰ ਅਤਿਅੰਤ ਸੁੰਦਰ ਤੇ ਕੁਆਰੀ ਕੰਨਿਆ ਵਰਗਾ ਹੋ ਗਿਆ। ਇਤਨੇ ਚਿਰ ਨੂੰ ਇਕ ਰਾਜਾ ਸ਼ਿਕਾਰ ਖੇਡਦਾ ਹੋਇਆ ਉਥੇ ਆਇਆ ਤੇ ਜੰਗਲ ਵਿਚ ਇਕ ਸੁੰਦਰ ਲੜਕੀ ਨੂੰ ਵੇਖ ਕੇ ਉਸ ਦਾ ਮਨ ਲੁਭਾਇਮਾਨ ਹੋ ਗਿਆ ਤੇ ਕਾਮ ਵਾਸ਼ਨਾ ਦੇ ਅਧੀਨ ਹੋਏ ਰਾਜੇ ਨੇ ਆਪਣੀ ਰਾਣੀ ਬਣਾਉਣ ਹਿਤ ਇਸਤ੍ਰੀ ਨੂੰ ਜਬਰੀ ਚੁੱਕ ਕੇ ਆਪਣੇ ਘੋੜੇ ਦੀ ਪਿੱਠ 'ਤੇ ਬਿਠਾ ਲਿਆ ਅਤੇ ਮਹਿਲਾਂ ਵੱਲ ਚੱਲ ਪਿਆ। ਇਹ ਵੇਖ ਕੇ ਉਸ ਦੇ ਪਤੀ ਨੂੰ ਬਹੁਤ ਕ੍ਰੋਧ ਆਇਆ, ਪ੍ਰੰਤੂ ਰਾਜੇ ਅੱਗੇ ਉਸ ਦਾ ਕੋਈ ਜ਼ੋਰ ਨਾ ਚੱਲਿਆ। ਇਤਨੇ ਚਿਰ ਨੂੰ ਸ਼ਿਵਜੀ ਨੇ ਲੱਕੜਹਾਰੇ ਨੂੰ ਦਰਸ਼ਨ ਦਿੱਤੇ ਅਤੇ ਵਰ ਮੰਗਣ ਲਈ ਕਿਹਾ। ਇਸਤ੍ਰੀ ਦੇ ਦੁਖ ਤੋਂ ਆਹਤ ਇਸ ਲੱਕੜਹਾਰੇ ਨੇ ਸ਼ਿਵਜੀ ਅੱਗੇ ਬੇਨਤੀ ਕੀਤੀ ਕਿ ਹੇ ਪ੍ਰਭੂ! ਜੇਕਰ ਤੁਸੀਂ ਮੇਰੇ ਉੱਪਰ ਪ੍ਰਸੰਨ ਹੋਏ ਹੋ ਤਾਂ ਮੇਰੀ ਇਸਤ੍ਰੀ ਨੂੰ ਸੂਰੀ ਬਣਾ ਦਿਉ। ਸ਼ਿਵਜੀ ਨੇ ਤਥਾ ਅਸਤੂ ਕਿਹਾ। ਉਸ ਵੇਲੇ ਘੋੜੇ 'ਤੇ ਬੈਠੀ ਹੋਈ ਉਸਦੀ ਪਤਨੀ ਸੂਰੀ ਬਣ ਗਈ ਅਤੇ ਘੁਰ-ਘੁਰ ਕਰਨ ਲੱਗ ਪਈ। ਇਹ ਵੇਖ ਕੇ ਰਾਜੇ ਨੇ ਕੋਈ ਬਲਾ ਸਮਝ ਕੇ ਘੋੜੇ ਤੋਂ ਹੇਠਾਂ ਸੁੱਟ ਦਿੱਤੀ। ਸੂਰੀ ਬਣੀ ਇਸਤ੍ਰੀ ਆਪਦੇ ਪੁੱਤਰ ਕੋਲ ਆਈ, ਉਸ ਦੀ ਇਹ ਹਾਲਤ ਵੇਖ ਕੇ ਪੁੱਤ ਨੂੰ ਬਹੁਤ ਦੁੱਖ ਹੋਇਆ ਕਿ ਮੇਰੀ ਮਾਂ ਦੀ ਇਹ ਹਾਲਤ ਹੋ ਗਈ ਹੈ। ਪੁੱਤਰ ਇਹ ਸੋਚ ਹੀ ਰਿਹਾ ਸੀ, ਉਸ ਵੇਲੇ ਸ਼ਿਵਜੀ ਨੇ ਪ੍ਰਗਟ ਹੋ ਕੇ ਵਰ ਮੰਗਣ ਲਈ ਕਿਹਾ। ਤਦ ਉਸ ਨੇ ਕਿਹਾ ਕਿ ਹੇ ਪ੍ਰਭੂ! ਆਪ ਜੀ ਕਿਰਪਾ ਕਰਕੇ ਮੇਰੀ ਮਾਂ ਨੂੰ ਪਹਿਲੇ ਹੀ ਸਰੂਪ ਵਿਚ ਜਿਉਂ ਦਾ ਤਿਉਂ ਕਰ ਦਿਉ। ਸ਼ਿਵਜੀ ਨੇ ਕਿਹਾ ਕਿ ਤਥਾ ਅਸਤੂ। ਉਸ ਵੇਲੇ ਉਹ ਇਸਤ੍ਰੀ ਸੂਰੀ ਤੋਂ ਆਪਣੀ ਪਹਿਲੀ ਸ਼ਕਲ ਵਿਚ ਆ ਗਈ। ਸੋ ਇਸ ਪ੍ਰਕਾਰ ਤਿਨ੍ਹਾਂ ਨੇ ਸ਼ਿਵਜੀ ਤੋਂ ਵਰ ਵੀ ਮੰਗ ਲਏ, ਪਰ ਪ੍ਰਾਪਤ ਕੁਝ ਵੀ ਨਾ ਹੋਇਆ।

## ਮਾਣਸ ਸੇਵਾ; ਖਰੀ ਦੁਹੇਲੀ ॥ ਸਾਧ ਕੀ ਸੇਵਾ; ਸਦਾ ਸੁਹੇਲੀ ॥੨॥

ਹੇ ਭਾਈ! ਮਾਣਸ = ਮਨੁੱਖਾ ਦੀ ਸੇਵਾ = ਟਹਿਲ ਖਰੀ = ਅਤਿਅੰਤ ਹੀ ਦੁਹੇਲੀ = ਦੁਖਦਾਇਕ ਹੈ।

ਪਰ ਸਾਧ = ਸ੍ਰੇਸ਼ਟ ਮਹਾਤਮਾ ਜਨਾਂ **ਵਾ:** ਗੁਰਾਂ ਕੀ = ਦੀ ਸੇਵਾ = ਟਹਿਲ ਸਦਾ = ਹਮੇਸ਼ਾਂ ਸੁਹੇਲੀ = ਸੁਖਦਾਇਕ ਹੈ ॥੨॥

## ਜੇ ਲੋੜਹਿ; ਸਦਾ ਸੁਖੁ ਭਾਈ ॥ ਸਾਧੂ ਸੰਗਤਿ; ਗੁਰਹਿ ਬਤਾਈ ॥

ਹੇ ਭਾਈ! ਜੇਕਰ ਤੂੰ ਸਦਾ = ਹਮੇਸ਼ਾਂ ਰਹਿਣ ਵਾਲਾ ਆਤਮਿਕ ਸੁਖ ਲੋੜਹਿ = ਚਾਹੁੰਦਾ ਹੈਂ। ਤਾਂ ਸਾਧੂ = ਸੰਤ ਜਨਾਂ ਦੀ ਸੰਗਤ ਕਰਨੀ ਹੀ ਗੁਰਹਿ = ਗੁਰਾਂ ਨੇ ਬਤਾਈ = ਦੱਸਣਾ ਕੀਤੀ ਹੈ।

## ਊਹਾ ਜਪੀਐ; ਕੇਵਲ ਨਾਮ ॥ ਸਾਧੂ ਸੰਗਤਿ; ਪਾਰ ਗਰਾਮ ॥੩॥

ਊਹਾ = ਉਥੇ ਸਾਧੂਆਂ ਦੀ ਸੰਗਤ ਵਿਚ ਕੇਵਲ = ਸਿਰਫ਼ ਨਾਮ ਹੀ ਜਪੀਐ = ਜਪੀਦਾ ਹੈ।

ਸਾਧੂ = ਸੰਤ ਜਨਾਂ ਦੀ ਸੰਗਤ ਗਰਾਮ = ਸਮੂਹ ਸੰਸਾਰ-ਸਮੁੰਦ੍ਰ ਦੇ ਬੰਧਨਾਂ ਤੋਂ ਪਾਰ, ਮੁਕਤ ਕਰਨ ਵਾਲੀ ਹੈ ॥੩॥

## ਸਗਲ ਤਤ ਮਹਿ; ਤਤੁ ਗਿਆਨੁ ॥ ਸਰਬ ਧਿਆਨ ਮਹਿ; ਏਕੁ ਧਿਆਨੁ ॥

ਹੇ ਭਾਈ! ਸਗਲ = ਸਾਰੇ ਤਤ = ਸਿਧਾਂਤਾਂ ਮਹਿ = ਵਿੱਚੋਂ ਗਿਆਨ ਦਾ ਤਤੁ = ਸਿਧਾਂਤ ਸ੍ਰੇਸ਼ਟ ਹੈ **ਵਾ:** ਸਾਰੇ ਤੱਤਾਂ ਦੇ ਗਿਆਨ ਨਾਲੋਂ ਤਤ ਸਰੂਪ ਦਾ ਅਪ੍ਰੋਖ ਗਿਆਨ ਹੀ ਸ੍ਰੇਸ਼ਟ ਹੈ।

ਸਰਬ = ਸਾਰੇ ਧਿਆਨਾਂ ਮਹਿ = ਵਿੱਚੋਂ ਏਕੁ = ਇਕ ਵਾਹਿਗੁਰੂ ਦਾ ਧਿਆਨ ਹੀ ਸ੍ਰੇਸ਼ਟ ਹੈ।

## ਹਰਿ ਕੀਰਤਨ ਮਹਿ; ਊਤਮ ਧੁਨਾ ॥
## ਨਾਨਕ; ਗੁਰ ਮਿਲਿ ਗਾਇ ਗੁਨਾ ॥੪॥੮॥

ਹਰਿ = ਪਰਮਾਤਮਾ ਦੇ ਕੀਰਤਨ = ਜਸ ਮਹਿ = ਵਿਚ ਬਹੁਤ ਊਤਮ = ਸ੍ਰੇਸ਼ਟ ਧੁਨਾ = ਧੁਨੀ ਹੁੰਦੀ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਇਸ ਪ੍ਰਕਾਰ ਗੁਰਾਂ ਨਾਲ ਮਿਲ ਕਰਕੇ ਪਰਮਾਤਮਾ ਦੇ ਗੁਣ ਗਾਇ = ਗਾਉਣਾ ਕਰੋ ॥੪॥੮॥

## ਬਸੰਤੁ ਮਹਲਾ ੫ ॥
## ਜਿਸੁ ਬੋਲਤ; ਮੁਖੁ ਪਵਿਤੁ ਹੋਇ ॥ ਜਿਸੁ ਸਿਮਰਤ; ਨਿਰਮਲ ਹੈ ਸੋਇ ॥

ਜਿਸ ਪ੍ਰਭੂ ਦਾ ਜੱਸ, ਨਾਮ ਬੋਲਤ = ਬੋਲਣ ਕਰਕੇ ਮੁਖ ਵੀ ਪਵਿਤੁ = ਪਵਿੱਤਰ ਹੋਇ = ਹੋ ਜਾਂਦਾ ਹੈ।

ਜਿਸ ਪ੍ਰਭੂ ਦਾ ਸਿਮਰਤ = ਸਿਮਰਨ ਕਰਨ ਨਾਲ ਲੋਕ-ਪ੍ਰਲੋਕ ਵਿਚ ਨਿਰਮਲ = ਉੱਜਲ ਸੋਇ = ਸ਼ੋਭਾ ਹੁੰਦੀ ਹੈ।

## ਜਿਸੁ ਅਰਾਧੇ; ਜਮੁ ਕਿਛੁ ਨ ਕਹੈ ॥ ਜਿਸ ਕੀ ਸੇਵਾ; ਸਭੁ ਕਿਛੁ ਲਹੈ ॥੧॥

ਜਿਸ ਪ੍ਰਭੂ ਨੂੰ ਅਰਾਧੇ = ਸਿਮਰਨ ਨਾਲ ਜਮੁ = ਜਮਦੂਤ ਵੀ ਕਿਛੁ = ਕੁਝ ਨਹੀਂ ਕਹੈ = ਕਹਿੰਦਾ।

ਜਿਸ ਪ੍ਰਭੂ ਕੀ = ਦੀ ਸੇਵਾ = ਟਹਿਲ ਕਰਨ ਨਾਲ ਜੀਵ ਸਭੁ = ਸਾਰਾ ਕਿਛੁ = ਕੁਝ ਧਰਮ ਅਰਥ ਕਾਮ ਮੋਖ ਲਹੈ = ਪ੍ਰਾਪਤ ਕਰ ਲੈਂਦਾ ਹੈ ॥੧॥

## ਰਾਮ ਰਾਮ ਬੋਲਿ; ਰਾਮ ਰਾਮ ॥ ਤਿਆਗਹੁ; ਮਨ ਕੇ ਸਗਲ ਕਾਮ ॥੧॥ਰਹਾਉ॥

ਹੇ ਭਾਈ! ਮਨ ਕਰਕੇ ਵੀ ਰਾਮ ਰਾਮ ਬੋਲਿ = ਉਚਾਰਣ ਕਰ ਅਤੇ ਬਾਨੀ ਕਰਕੇ ਵੀ ਰਾਮ ਰਾਮ ਉਚਾਰਣ ਕਰ **ਅਥਵਾ** ਜੋ ਰਾਮ = ਪ੍ਰਭੂ ਸਤਿਜੁਗ ਵਿਚ ਵਿਆਪਕ ਸੀ, ਜੋ ਰਾਮ = ਪ੍ਰਭੂ ਤ੍ਰੇਤੇ ਵਿਚ ਵਿਆਪਕ ਸੀ,

ਜੋ ਰਾਮ = ਪ੍ਰਭੂ ਦੁਆਪੁਰ ਵਿਚ ਵਿਆਪਕ ਸੀ ਅਤੇ ਜੋ ਰਾਮ = ਪ੍ਰਭੂ ਹੁਣ ਕਲਿਜੁਗ ਵਿਚ ਵੀ ਵਿਆਪਕ ਹੈ, ਉਸ ਪ੍ਰਭੂ ਦੇ ਨਾਮ, ਜਸ ਨੂੰ ਬੋਲਿ = ਉਚਾਰਣ ਕਰੋ **ਵਾ:** ਚਾਰ ਵਾਰ ਰਾਮ ਪਦ ਕਹਿਣ ਤੋਂ ਚਾਰ ਅੱਖਰਾ 'ਵਾਹਿਗੁਰੂ' ਮੰਤ੍ਰ ਸਮਝਣਾ, ਇਹ ਵਾਹਿਗੁਰੂ ਮੰਤ੍ਰ ਨੂੰ ਬੋਲਣਾ, ਸਿਮਰਨਾ ਕਰੋ।

ਅਤੇ ਮਨ ਕੇ = ਦੇ ਸਗਲ = ਸਾਰੇ ਕਾਮ = ਕੰਮ, ਫੁਰਨੇ ਤਿਆਗਹੁ = ਛੱਡਣਾ ਕਰੋ ॥੧॥ਰਹਾਉ॥

## ਜਿਸ ਕੇ ਧਾਰੇ; ਧਰਣਿ ਅਕਾਸੁ ॥ ਘਟਿ ਘਟਿ; ਜਿਸ ਕਾ ਹੈ ਪ੍ਰਗਾਸੁ ॥

ਜਿਸ ਪ੍ਰਭੂ ਕੇ = ਦੇ ਧਰਣਿ = ਧਰਤੀ ਅਤੇ ਅਕਾਸ਼ ਆਦਿ ਤੱਤ ਧਾਰੇ = ਇਸਥਿਤ ਕੀਤੇ ਹੋਏ ਹਨ **ਵਾ:** ਆਪਣੇ ਨਾਮ ਦੇ ਆਸਰੇ ਟਿਕਾਏ ਹੋਏ ਹਨ।

ਸਾਰੇ ਘਟਾਂ ਘਟਾਂ ਵਿਚ ਜਿਸ ਪ੍ਰਭੂ ਦਾ ਹੀ ਪ੍ਰਗਾਸੁ = ਚਾਨਣਾ ਹੈ।

## ਜਿਸੁ ਸਿਮਰਤ; ਪਤਿਤ ਪੁਨੀਤ ਹੋਇ ॥ ਅੰਤ ਕਾਲਿ; ਫਿਰਿ ਫਿਰਿ ਨ ਰੋਇ ॥੨॥

ਜਿਸ ਪ੍ਰਭੂ ਦਾ ਸਿਮਰਤ = ਸਿਮਰਨ ਕਰਨ ਨਾਲ ਅਨੇਕਾਂ ਪਤਿਤ = ਪਾਪੀ ਮਨੁੱਖ ਪੁਨੀਤ = ਪਵਿੱਤਰ ਜੀਵਨ ਵਾਲੇ ਹੋਇ = ਹੋ ਜਾਂਦੇ ਹਨ।

ਅੰਤ = ਅਖ਼ੀਰ ਦੇ ਕਾਲਿ = ਸਮੇਂ ਫਿਰਿ ਫਿਰਿ = ਮੁੜ ਮੁੜ ਰੋਇ = ਰੋਣਾ ਨਹੀਂ ਹੁੰਦਾ ॥੨॥

## ਸਗਲ ਧਰਮ ਮਹਿ; ਊਤਮ ਧਰਮ ॥ ਕਰਮ ਕਰਤੂਤਿ ਕੈ; ਊਪਰਿ ਕਰਮ ॥

ਸਗਲ = ਸਾਰੇ ਧਰਮਾਂ ਮਹਿ = ਵਿੱਚੋਂ ਇਹ ਰਾਮ ਨਾਮ ਦਾ ਸਿਮਰਨ ਹੀ ਊਤਮ = ਸ੍ਰੇਸ਼ਟ ਕਰਮ ਹੈ।

ਸਾਰੇ ਕਰਮਾਂ ਦੀ ਕਰਤੂਤਿ = ਕਰਨੀ ਕੈ = ਦੇ ਊਪਰਿ = ਉੱਤੇ ਨਾਮ ਸਿਮਰਨ ਹੀ ਸ੍ਰੇਸ਼ਟ ਕਰਮ ਹੈ।

## ਜਿਸ ਕਉ ਚਾਹਹਿ; ਸੁਰਿ ਨਰ ਦੇਵ ॥ ਸੰਤ ਸਭਾ ਕੀ; ਲਗਹੁ ਸੇਵ ॥੩॥

ਜਿਸ ਪ੍ਰਭੂ ਦੇ ਨਾਮ ਕਉ = ਨੂੰ ਸੁਰਿ = ਤੇਤੀ ਕ੍ਰੋੜ ਦੇਵਤੇ, ਨਰ = ਮਨੁੱਖ ਦੇਵ = ਵੱਡੇ ਬ੍ਰਹਮਾ ਵਿਸ਼ਨੂੰ ਆਦਿ ਦੇਵਤੇ ਚਾਹਹਿ = ਚਾਹੁੰਦੇ ਹਨ।

ਉਸ ਪ੍ਰਭੂ, ਨਾਮ ਦੀ ਪ੍ਰਾਪਤੀ ਲਈ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਸਭਾ = ਸੰਗਤ ਦੀ ਸੇਵ = ਟਹਿਲ ਵਿਚ ਲਗਹੁ = ਲੱਗਣਾ ਕਰੋ ॥੩॥

## ਆਦਿ ਪੁਰਖਿ; ਜਿਸੁ ਕੀਆ ਦਾਨੁ ॥ ਤਿਸ ਕਉ ਮਿਲਿਆ; ਹਰਿ ਨਿਧਾਨੁ ॥

ਆਦਿ = ਮੁੱਢ ਸਰੂਪ ਤੇ ਪੁਰਖਿ = ਪੂਰਨ ਪਰਮਾਤਮਾ ਨੇ ਆਪ ਜਿਸ ਮਨੁੱਖ ਨੂੰ ਨਾਮ ਦਾ ਦਾਨ ਦੇਣਾ ਕੀਆ = ਕੀਤਾ ਹੈ।

ਤਿਸ ਮਨੁੱਖ ਨੂੰ ਹੀ ਇਹ ਹਰਿ = ਪ੍ਰਭੂ ਦੇ ਨਾਮ ਦਾ ਨਿਧਾਨੁ = ਖ਼ਜ਼ਾਨਾ ਮਿਲਿਆ ਹੈ।

## ਤਿਸ ਕੀ ਗਤਿ ਮਿਤਿ; ਕਹੀ ਨ ਜਾਇ ॥
## ਨਾਨਕ ਜਨ; ਹਰਿ ਹਰਿ ਧਿਆਇ ॥੪॥੯॥

ਤਿਸ = ਉਸ ਪ੍ਰਭੂ ਕੀ = ਦੀ ਗਤਿ = ਪ੍ਰਾਪਤੀ ਦੀ ਮਿਤਿ = ਮਰਯਾਦਾ ਕੁਝ ਵੀ ਕਹੀ = ਆਖੀ ਨਹੀਂ ਜਾਇ = ਜਾ ਸਕਦੀ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਜਨ = ਦਾਸ ਉਸ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪ੍ਰਭੂ ਨੂੰ ਧਿਆਇ = ਸਿਮਰਨਾ ਕਰਦੇ ਹਾਂ ॥੪॥੯॥

## ਬਸੰਤੁ ਮਹਲਾ ੫ ॥

## ਮਨ ਤਨ ਭੀਤਰਿ; ਲਾਗੀ ਪਿਆਸ ॥ ਗੁਰਿ ਦਇਆਲਿ; ਪੂਰੀ ਮੇਰੀ ਆਸ ॥

ਮੇਰੇ ਮਨ = ਹਿਰਦੇ ਤੇ ਤਨ = ਸਰੀਰ ਭੀਤਰਿ = ਵਿਚ ਪ੍ਰਭੂ ਦੇ ਦਰਸ਼ਨਾਂ ਦੀ ਪਿਆਸਾ ਲਾਗੀ = ਲੱਗੀ ਹੋਈ ਸੀ।

ਦਇਆਲਿ = ਦਿਆਲੂ ਗੁਰਾਂ ਨੇ ਮੇਰੀ ਆਸ = ਇੱਛਾ ਪੂਰੀ = ਪੂਰਨ ਕੀਤੀ ਹੈ।

## ਕਿਲਵਿਖ ਕਾਟੇ; ਸਾਧਸੰਗਿ ॥ ਨਾਮੁ ਜਪਿਓ; ਹਰਿ ਨਾਮ ਰੰਗਿ ॥੧॥

ਸਾਧਸੰਗਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਵਿਚ ਮੇਲ ਕੇ ਗੁਰਾਂ ਨੇ ਮੇਰੇ ਸਾਰੇ ਕਿਲਵਿਖ = ਪਾਪ ਕਾਟੇ = ਕੱਟ ਦਿੱਤੇ ਹਨ।

ਕਿਉਂਕਿ ਮੈਂ ਸੰਗਤ ਵਿਚ ਮਿਲ ਕੇ ਪ੍ਰਭੂ ਦਾ ਨਾਮ ਜਪਿਓ = ਜਪਣਾ ਕੀਤਾ ਹੈ, ਜਿਸ ਕਰਕੇ ਹਰਿ = ਪ੍ਰਭੂ ਦੇ ਨਾਮ ਦਾ ਰੰਗਿ = ਪ੍ਰੇਮ, ਅਨੰਦ ਆਇਆ ਹੈ ॥੧॥

## ਗੁਰ ਪਰਸਾਦਿ; ਬਸੰਤੁ ਬਨਾ ॥

ਗੁਰਾਂ ਦੀ ਪਰਸਾਦਿ = ਕਿਰਪਾ ਕਰਕੇ ਮੇਰੇ ਮਨ ਅੰਦਰ ਬਸੰਤੁ = ਅਨੰਦ ਬਨਾ = ਬਣ ਰਿਹਾ ਹੈ।

## ਚਰਨ ਕਮਲ ਹਿਰਦੈ ਉਰਿ ਧਾਰੇ; ਸਦਾ ਸਦਾ ਹਰਿ ਜਸੁ ਸੁਨਾ ॥੧॥ਰਹਾਉ॥

ਗੁਰਾਂ ਦੇ ਚਰਨ ਕਮਲ ਹਿਰਦੈ = ਮਨ ਦੇ ਉਰਿ = ਵਿਚ ਧਾਰੇ = ਧਾਰਨਾ ਕੀਤੇ ਹਨ ਅਤੇ ਸਾਧਸੰਗਤ ਵਿਚ ਮਿਲ ਕੇ ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਹਰਿ = ਪ੍ਰਭੂ ਦਾ ਜੱਸ ਸੁਨਾ = ਸ੍ਰਵਨ ਕੀਤਾ ਹੈ ॥੧॥ਰਹਾਉ॥

[ਅੰਗ ੧੧੯੩]

## ਸਮਰਥ ਸੁਆਮੀ; ਕਾਰਨ ਕਰਣ ॥ ਮੋਹਿ ਅਨਾਥ; ਪ੍ਰਭ ਤੇਰੀ ਸਰਣ ॥

ਹੇ ਸੁਆਮੀ = ਮਾਲਕ ਪ੍ਰਭੂ ! ਤੂੰ ਸਮਰਥ = ਸਰਬ ਸ਼ਕਤੀਵਾਨ ਅਤੇ ਸਾਰੇ ਕਾਰਣਾਂ ਨੂੰ ਕਰਨ ਵਾਲਾ ਹੈਂ।

ਹੇ ਪ੍ਰਭੂ ! ਮੋਹਿ = ਮੈਂ ਅਨਾਥ = ਯਤੀਮ, ਗ਼ਰੀਬ ਤੇਰੀ ਸਰਣ = ਓਟ ਵਿਚ ਪਿਆ ਹਾਂ।

## ਜੀਅ ਜੰਤ; ਤੇਰੇ ਆਧਾਰਿ ॥ ਕਰਿ ਕਿਰਪਾ ਪ੍ਰਭ; ਲੇਹਿ ਨਿਸਤਾਰਿ ॥੨॥

ਹੇ ਪ੍ਰਭੂ ! ਸਾਰੇ ਸੂਖਮ ਅਸਥੂਲ ਜੀਵ ਜੰਤ ਤੇਰੇ ਹੀ ਆਧਾਰਿ = ਆਸਰੇ ਹਨ।

ਹੇ ਪ੍ਰਭ = ਪ੍ਰਭੂ ! ਤੂੰ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਮੈਨੂੰ ਸੰਸਾਰ-ਸਮੁੰਦ੍ਰ ਤੋਂ ਨਿਸਤਾਰਿ = ਤਾਰ ਲੇਹਿ = ਲੈਣਾ ਕਰ ॥੨॥

## ਭਵ ਖੰਡਨ; ਦੁਖ ਨਾਸ ਦੇਵ ॥ ਸੁਰਿ ਨਰ ਮੁਨਿ ਜਨ; ਤਾ ਕੀ ਸੇਵ ॥

ਹੇ ਭਵ = ਜੰਮਣ ਮਰਣ ਦੇ ਭੈ ਨੂੰ ਖੰਡਨ = ਕੱਟਣ ਵਾਲੇ ਅਤੇ ਦੁਖਾਂ ਨੂੰ ਨਾਸ਼ ਕਰਨ ਵਾਲੇ ਦੇਵ = ਪ੍ਰਕਾਸ਼ ਸਰੂਪ ਪ੍ਰਭੂ !

ਸੁਰਿ = ਦੇਵਤੇ, ਨਰ = ਮਨੁੱਖ, ਮੁਨਿ = ਮੰਨਣਸ਼ੀਲ ਮਹਾਤਮਾ ਜਨ ਸਾਰੇ ਤਾ = ਤਿਸ ਆਪ ਜੀ ਕੀ = ਦੀ ਸੇਵ = ਟਹਿਲ ਵਿਚ ਲੱਗੇ ਹੋਏ ਹਨ।

**ਧਰਣਿ ਅਕਾਸੁ; ਜਾ ਕੀ ਕਲਾ ਮਾਹਿ ॥ ਤੇਰਾ ਦੀਆ; ਸਭਿ ਜੰਤ ਖਾਹਿ ॥੩॥**

ਧਰਣਿ = ਧਰਤੀ ਅਤੇ ਅਕਾਸ਼ ਆਦਿ ਜਾ = ਜਿਸ ਆਪ ਜੀ ਕੀ = ਦੀ ਕਲਾ = ਸ਼ਕਤੀ ਮਾਹਿ = ਵਿਚ ਖਲੋਤੇ ਹਨ।

ਤੇਰਾ ਦੀਆ = ਦਿੱਤਾ ਹੋਇਆ ਦਾਨ ਹੀ ਸਭਿ = ਸਾਰੇ ਜੰਤ = ਜੀਵ ਖਾਹਿ = ਖਾਣਾ ਕਰਦੇ ਹਨ ॥੩॥

**ਅੰਤਰਜਾਮੀ ਪ੍ਰਭ; ਦਇਆਲ ॥ ਅਪਣੇ ਦਾਸ ਕਉ; ਨਦਰਿ ਨਿਹਾਲਿ ॥**

ਹੇ ਪ੍ਰਭੂ ! ਤੂੰ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਅਤੇ ਦਇਆਲ = ਦਇਆ ਦਾ ਘਰ ਹੈਂ।

ਤੂੰ ਆਪਣੇ ਦਾਸ = ਸੇਵਕਾਂ ਕਉ = ਨੂੰ ਮਿਹਰ ਦੀ ਨਦਰਿ = ਦ੍ਰਿਸ਼ਟੀ ਨਾਲ ਨਿਹਾਲਿ = ਦੇਖਣਾ ਕਰ।

**ਕਰਿ ਕਿਰਪਾ; ਮੋਹਿ ਦੇਹੁ ਦਾਨੁ ॥ ਜਪਿ ਜੀਵੈ ਨਾਨਕੁ; ਤੇਰੋ ਨਾਮੁ ॥੪॥੧੦॥**

ਹੇ ਪ੍ਰਭੂ ! ਤੂੰ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਮੋਹਿ = ਮੈਨੂੰ ਇਹ ਦਾਨ ਦੇਹੁ = ਦੇਣਾ ਕਰ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤੇਰਾ ਨਾਮ ਜਪ ਕੇ ਹੀ ਜੀਵੈ = ਜਿਉਣਾ ਕਰੀਏ ॥੪॥੧੦॥

## ਬਸੰਤੁ ਮਹਲਾ ੫ ॥

**ਰਾਮ ਰੰਗਿ; ਸਭ ਗਏ ਪਾਪ ॥ ਰਾਮ ਜਪਤ; ਕਛੁ ਨਹੀ ਸੰਤਾਪ ॥**

ਹੇ ਭਾਈ ! ਰਾਮ = ਪਰਮਾਤਮਾ ਦੇ ਰੰਗਿ = ਪ੍ਰੇਮ ਵਿਚ ਲੱਗਣ ਕਾਰਨ ਸਭ = ਸਾਰੇ ਪਾਪ = ਮੰਦ ਕਰਮ ਨਵਿਰਤ ਹੋ ਗਏ ਹਨ।

ਰਾਮ = ਪਰਮਾਤਮਾ ਦਾ ਨਾਮ ਜਪਤ = ਜਪਦਿਆਂ ਕਛੁ = ਕੁਝ ਵੀ ਸੰਤਾਪ = ਦੁਖ ਨਹੀਂ ਵਿਆਪਦਾ।

**ਗੋਬਿੰਦ ਜਪਤ; ਸਭਿ ਮਿਟੇ ਅੰਧੇਰ ॥ ਹਰਿ ਸਿਮਰਤ; ਕਛੁ ਨਾਹਿ ਫੇਰ ॥੧॥**

ਹੇ ਭਾਈ ! ਗੋਬਿੰਦ = ਪਰਮਾਤਮਾ ਦਾ ਨਾਮ ਜਪਤ = ਜਪਦਿਆਂ ਸਭਿ = ਸਾਰੇ ਭਰਮ ਆਦਿ ਦੇ ਅੰਧੇਰ = ਹਨੇਰੇ ਮਿਟੇ = ਮਿਟ ਜਾਂਦੇ ਹਨ।

ਹਰਿ = ਪਰਮਾਤਮਾ ਦਾ ਸਿਮਰਤ = ਸਿਮਰਨ ਕਰਨ ਨਾਲ ਚੌਰਾਸੀ ਦਾ ਕਛੁ = ਕੁਝ ਵੀ ਫੇਰ = ਫੇਰਾ ਨਹੀਂ ਪੈਂਦਾ ॥੧॥

**ਬਸੰਤੁ ਹਮਾਰੈ; ਰਾਮ ਰੰਗੁ ॥ ਸੰਤ ਜਨਾ ਸਿਉ; ਸਦਾ ਸੰਗੁ ॥੧॥ਰਹਾਉ॥**

ਹੇ ਭਾਈ ! ਰਾਮ = ਪਰਮਾਤਮਾ ਦਾ ਰੰਗੁ = ਪ੍ਰੇਮ ਹੀ ਹਮਾਰੈ = ਸਾਡੇ ਲਈ ਸਦਾ ਬਸੰਤ ਦਾ ਮਹੀਨਾ ਚੜ੍ਹਿਆ ਹੋਇਆ ਹੈ **ਵਾ:** ਪ੍ਰੇਮ ਕਰਕੇ ਬਸੰਤੁ = ਅਨੰਦ ਬਣ ਰਿਹਾ ਹੈ।

ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਸਿਉ = ਨਾਲ ਸਾਡਾ ਸਦਾ = ਹਮੇਸ਼ਾਂ ਸੰਗੁ = ਸਾਥ ਬਣ ਰਿਹਾ ਹੈ, ਭਾਵ ਸੰਤ ਜਨਾਂ ਦੀ ਸੰਗਤ ਵਿਚ ਮਿਲੇ ਹੋਏ ਹਾਂ ॥੧॥ਰਹਾਉ॥

**ਸੰਤ ਜਨੀ; ਕੀਆ ਉਪਦੇਸੁ ॥ ਜਹ ਗੋਬਿੰਦ ਭਗਤੁ; ਸੋ ਧੰਨਿ ਦੇਸੁ ॥**

ਸੰਤ = ਸ਼ਾਂਤ-ਚਿੱਤ ਮਹਾਤਮਾ ਜਨੀ = ਜਨਾਂ ਨੇ ਇਹ ਉਪਦੇਸ਼ ਦੇਣਾ ਕੀਆ = ਕੀਤਾ ਹੈ, ਕਿ :

ਜਹ = ਜਿਥੇ ਵੀ ਗੋਬਿੰਦ = ਪਰਮਾਤਮਾ ਦੇ ਭਗਤੁ = ਸੇਵਕ ਵੱਸਦੇ ਹਨ, ਸੋ = ਉਹ ਪ੍ਰਤੱਖ ਦੇਸ਼ ਧੰਨਿ = ਧੰਨਤਾ ਜੋਗ ਹੈ **ਵਾ:** ਹਿਰਦਾ ਰੂਪੀ ਦੇਸ਼ ਵੀ ਧੰਨਤਾ ਜੋਗ ਹੈ।

## ਹਰਿ ਭਗਤਿਹੀਨ; ਉਦਿਆਨ ਥਾਨੁ ॥ ਗੁਰ ਪ੍ਰਸਾਦਿ; ਘਟਿ ਘਟਿ ਪਛਾਨੁ ॥੨॥

ਜੋ ਹਰਿ = ਪਰਮਾਤਮਾ ਦੀ ਭਗਤਿਹੀਨ = ਭਗਤੀ ਤੋਂ ਹੀ ਰਹਿਤ ਹਨ, ਉਨ੍ਹਾਂ ਦਾ ਹਿਰਦਾ ਰੂਪੀ ਥਾਨੁ = ਅਸਥਾਨ ਉਦਿਆਨ = ਉਜਾੜ ਦੀ ਨਿਆਈਂ ਹੈ।

ਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਉਸ ਪ੍ਰਭੂ ਨੂੰ ਸਾਰੇ ਘਟਿ ਘਟਿ = ਘਟਾਂ ਘਟਾਂ, ਸਰੀਰਾਂ ਸਰੀਰਾਂ ਵਿਚ ਵਿਆਪਕ ਪਛਾਨੁ = ਪਛਾਣਨਾ ਕਰੋ ॥੨॥

## ਹਰਿ ਕੀਰਤਨ; ਰਸ ਭੋਗ ਰੰਗੁ ॥ ਮਨ ਪਾਪ ਕਰਤ; ਤੂ ਸਦਾ ਸੰਗੁ ॥

ਹਰਿ = ਪਰਮਾਤਮਾ ਦੇ ਕੀਰਤਨ = ਜੱਸ ਨੂੰ ਰਸ = ਪ੍ਰੇਮ ਨਾਲ ਕਰਕੇ ਰੰਗੁ = ਅਨੰਦ ਭੋਗ = ਮਾਨਣਾ ਕਰੋ **ਵਾ**: ਹਰੀ ਦਾ ਜੱਸ ਕਰਕੇ ਸਾਰੇ ਰਸਾਂ, ਰੰਗਾਂ ਨੂੰ ਮਾਣ ਲਈਦਾ ਹੈ।

ਮਨ ਨੂੰ ਸਿੱਖਿਆ ਦੇਈਏ ਕਿ ਹੇ ਮਨਾਂ ! ਤੂੰ ਪਾਪ = ਮੰਦ ਕਰਮ ਕਰਤ = ਕਰਦਿਆਂ ਸਦਾ = ਹਮੇਸ਼ਾਂ ਸੰਗੁ = ਸੰਗਿਆ, ਸੰਕੋਚਿਆ ਕਰ।

## ਨਿਕਟਿ ਪੇਖੁ; ਪ੍ਰਭੁ ਕਰਣਹਾਰ ॥ ਈਤ ਊਤ; ਪ੍ਰਭ ਕਾਰਜ ਸਾਰ ॥੩॥

ਸੰਸਾਰ ਨੂੰ ਕਰਣਹਾਰ = ਰਚਣ ਵਾਲੇ ਪ੍ਰਭੁ = ਪਰਮਾਤਮਾ ਨੂੰ ਸਦਾ ਆਪਣੇ ਨਿਕਟਿ = ਨੇੜੇ ਪੇਖੁ = ਵੇਖਣਾ ਕਰ।

ਈਤ = ਇਸ ਲੋਕ ਅਤੇ ਊਤ = ਪ੍ਰਲੋਕ ਵਿਚ ਉਹ ਪ੍ਰਭ = ਪਰਮਾਤਮਾ ਹੀ ਸਾਰੇ ਕਾਰਜ = ਕੰਮ ਸਾਰ = ਸੰਵਾਰਨਾ ਕਰਦਾ ਹੈ ॥੩॥

## ਚਰਨ ਕਮਲ ਸਿਉ; ਲਗੋ ਧਿਆਨੁ ॥ ਕਰਿ ਕਿਰਪਾ; ਪ੍ਰਭਿ ਕੀਨੋ ਦਾਨੁ ॥

ਉਨ੍ਹਾਂ ਮਨੁੱਖਾਂ ਦਾ ਹੀ ਪਰਮਾਤਮਾ ਦੇ ਚਰਨ ਕਮਲਾਂ ਦੇ ਸਿਉ = ਨਾਲ ਧਿਆਨ ਲਗੋ = ਲੱਗਿਆ ਹੈ।

ਜਿਨ੍ਹਾਂ ਉੱਪਰ ਪਰਮਾਤਮਾ ਨੇ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਨਾਮ ਦਾ ਦਾਨ ਦੇਣਾ ਕੀਨੋ = ਕੀਤਾ ਹੈ।

## ਤੇਰਿਆ ਸੰਤ ਜਨਾ ਕੀ; ਬਾਛਉ ਧੂਰਿ ॥
## ਜਪਿ ਨਾਨਕ ਸੁਆਮੀ; ਸਦ ਹਜੂਰਿ ॥੪॥੧੧॥

ਹੇ ਪ੍ਰਭੂ ! ਤੇਰਿਆ = ਤੇਰੇ ਉਨ੍ਹਾਂ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਕੀ = ਦੀ ਮੈਂ ਚਰਨ ਧੂਰਿ = ਧੂੜੀ ਬਾਛਉ = ਚਾਹੁੰਦਾ ਹਾਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸੁਆਮੀ = ਮਾਲਕ ਪ੍ਰਭੂ ! ਜਿਹੜੇ ਸੰਤ ਜਨ ਤੈਨੂੰ ਸਦ = ਹਮੇਸ਼ਾਂ ਹਜੂਰਿ = ਨਿਕਟ ਜਾਣ ਕੇ ਜਪਿ = ਜਪਣਾ ਕਰਦੇ ਹਨ ॥੪॥੧੧॥

## ਬਸੰਤੁ ਮਹਲਾ ੫ ॥
## ਸਚੁ ਪਰਮੇਸਰੁ; ਨਿਤ ਨਵਾ ॥ ਗੁਰ ਕਿਰਪਾ ਤੇ; ਨਿਤ ਚਵਾ ॥

ਸਚੁ = ਸੱਚਾ ਪਰਮੇਸਰੁ = ਪਰਮਾਤਮਾ ਸਤਿ ਚਿੱਤ ਅਨੰਦ ਸਰੂਪ ਹੋਣ ਕਰਕੇ ਨਿਤ = ਨਿਤਾਪ੍ਰਤੀ ਨਵਾ = ਨਵੀਨ ਸਰੂਪ ਹੈ।

ਗੁਰਾਂ ਦੀ ਕਿਰਪਾ = ਮਿਹਰ ਤੇ = ਤੋਂ ਮੈਂ ਨਿਤ = ਨਿਤਾਪ੍ਰਤੀ ਉਸਦੇ ਜੱਸ, ਨਾਮ ਨੂੰ ਚਵਾ = ਉਚਾਰਣ ਕਰਦਾ ਹਾਂ।

## ਪ੍ਰਭ ਰਖਵਾਲੇ; ਮਾਈ ਬਾਪ ॥ ਜਾ ਕੈ ਸਿਮਰਣਿ; ਨਹੀ ਸੰਤਾਪ ॥੧॥

ਉਹ ਪ੍ਰਭੂ ਜੀ ਮਾਈ ਬਾਪ = ਮਾਤਾ ਪਿਤਾ ਦੀ ਨਿਆਈਂ ਰਖਵਾਲੇ = ਰੱਖਿਆ ਕਰਨ ਵਾਲੇ ਹਨ। ਜਾ = ਜਿਸ ਪ੍ਰਭੂ ਕੈ = ਦੇ ਸਿਮਰਣਿ = ਚਿੰਤਨ ਕਰਕੇ ਕੋਈ ਵੀ ਸੰਤਾਪ = ਦੁੱਖ ਨਹੀਂ ਵਿਆਪਦਾ ॥੧॥

## ਖਸਮੁ ਧਿਆਈ; ਇਕ ਮਨਿ ਇਕ ਭਾਇ ॥

ਹੇ ਭਾਈ! ਇਕ ਪ੍ਰਭੂ ਦੀ ਭਾਇ = ਭਾਵਨਾ ਧਾਰ ਕੇ ਅਤੇ ਇਕ ਮਨਿ = ਇਕਾਗਰ ਮਨ ਨਾਲ ਖਸਮੁ = ਮਾਲਕ ਪ੍ਰਭੂ ਨੂੰ ਧਿਆਈ = ਸਿਮਰਨਾ ਕਰੀਏ।

## ਗੁਰ ਪੂਰੇ ਕੀ ਸਦਾ ਸਰਣਾਈ;
## ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ਰਹਾਉ॥

ਸਦਾ = ਹਮੇਸ਼ਾਂ ਪੂਰੇ = ਪੂਰਨ ਗੁਰਾਂ ਕੀ = ਦੀ ਸਰਣਾਈ = ਓਟ ਵਿਚ ਪੈਣਾ ਕਰੀਏ, ਜੋ ਸ਼ਰਨ ਵਿਚ ਪਏ ਹਨ, ਉਨ੍ਹਾਂ ਨੂੰ ਸਾਚੈ = ਸੱਚੇ ਸਾਹਿਬਿ = ਮਾਲਕ ਪ੍ਰਭੂ ਨੇ ਆਪਣੇ ਅਭੇਦ ਨਿਸਚੇ ਰੂਪੀ ਕੰਠ ਨਾਲ ਲਾਇ = ਲਾ ਕੇ ਰਖਿਆ = ਰੱਖਣਾ ਕੀਤਾ ਹੈ ॥੧॥ਰਹਾਉ॥

## ਅਪਣੇ ਜਨ; ਪ੍ਰਭਿ ਆਪਿ ਰਖੇ ॥ ਦੁਸਟ ਦੂਤ; ਸਭਿ ਭ੍ਰਮਿ ਥਕੇ ॥

ਅਪਣੇ = ਆਪ ਦੇ ਜਨ = ਸੇਵਕ ਪ੍ਰਭਿ = ਪਰਮਾਤਮਾ ਨੇ ਆਪ ਹੀ ਬਚਾਅ ਕੇ ਰਖੇ = ਰੱਖਣਾ ਕੀਤੇ ਹਨ। ਵਿਸ਼ਿਆਂ ਵਿਚ ਚਿੰਬੜੇ ਹੋਏ ਦੁਸ਼ਟ ਇੰਦ੍ਰੇ, ਦੂਤ = ਕਾਮ ਕ੍ਰੋਧ ਆਦਿ ਵਿਕਾਰ ਅਤੇ ਸਭਿ = ਸਾਰੇ ਭਰਮ ਥਕੇ = ਥੱਕ ਗਏ ਹਨ।

## ਬਿਨੁ ਗੁਰ ਸਾਚੇ; ਨਹੀ ਜਾਇ ॥ ਦੁਖੁ ਦੇਸ ਦਿਸੰਤਰਿ; ਰਹੇ ਧਾਇ ॥੨॥

ਸਾਚੇ = ਸੱਚੇ ਗੁਰਾਂ ਤੋਂ ਬਿਨੁ = ਬਗ਼ੈਰ ਰੱਖਿਆ ਲਈ ਹੋਰ ਕੋਈ ਜਾਇ = ਜਗ੍ਹਾ ਨਹੀਂ ਹੈ।

ਦੇਸ਼ਾਂ-ਦੇਸ਼ਾਂਤਰਾਂ ਵਿਚ ਭਟਕਦੇ ਰਹਿਣ ਨਾਲ ਗੁਰਾਂ ਤੋਂ ਬਿਨਾਂ ਦੁਖ ਧਾਇ = ਧਾ, ਦੌੜ ਕੇ ਪ੍ਰਾਪਤ ਹੁੰਦੇ ਹਨ **ਵਾ:** ਜੋ ਗੁਰਾਂ ਤੋਂ ਬਿਨਾਂ ਦੇਸ਼ਾਂ-ਪ੍ਰਦੇਸ਼ਾਂ ਵਿਚ ਮਾਇਆ ਵਾਸਤੇ ਦੌੜ ਰਹੇ ਹਨ, ਉਨ੍ਹਾਂ ਨੂੰ ਦੁੱਖ ਹੀ ਪ੍ਰਾਪਤ ਹੁੰਦਾ ਹੈ ॥੨॥

## ਕਿਰਤੁ ਓਨਾ ਕਾ; ਮਿਟਸਿ ਨਾਹਿ ॥ ਓਇ ਅਪਣਾ ਬੀਜਿਆ; ਆਪਿ ਖਾਹਿ ॥

ਓਨਾ = ਉਨ੍ਹਾਂ ਮਨਮੁਖਾਂ ਕਾ = ਦਾ ਕਿਰਤੁ = ਕੀਤਾ ਹੋਇਆ ਮੰਦ ਕਰਮ ਭੋਗੇ ਤੋਂ ਬਿਨਾਂ ਮਿਟਸਿ = ਮਿਟਦਾ ਨਹੀਂ ਹੈ।

ਓਇ = ਉਹ ਮਨਮੁਖ ਆਪਣਾ ਚੰਗਾ ਮੰਦਾ ਬੀਜਿਆ ਕਰਮ ਫਲ ਆਪ ਹੀ ਖਾਹਿ = ਖਾਂਦੇ ਹਨ।

## ਜਨ ਕਾ ਰਖਵਾਲਾ; ਆਪਿ ਸੋਇ ॥ ਜਨ ਕਉ; ਪਹੁਚਿ ਨ ਸਕਸਿ ਕੋਇ ॥੩॥

ਸੋਇ = ਉਹ ਪਰਮਾਤਮਾ ਆਪ ਹੀ ਆਪਣੇ ਜਨ = ਸੇਵਕਾਂ ਕਾ = ਦਾ ਰਖਵਾਲਾ = ਰਖਿਅਕ ਹੈ।

ਪ੍ਰਭੂ ਦੇ ਜਨ = ਸੇਵਕਾਂ ਕਉ = ਨੂੰ ਦੁਖ ਦੇਣ ਵਾਸਤੇ ਕੋਇ = ਕੋਈ ਉਨ੍ਹਾਂ ਦੇ ਪਾਸ ਨਹੀਂ ਪਹੁੰਚ ਸਕਸਿ = ਸਕਦਾ ॥੩॥

## ਪ੍ਰਭਿ ਦਾਸ ਰਖੇ; ਕਰਿ ਜਤਨੁ ਆਪਿ ॥ ਅਖੰਡ ਪੂਰਨ; ਜਾ ਕੋ ਪ੍ਰਤਾਪੁ ॥

ਪ੍ਰਭਿ = ਪਰਮਾਤਮਾ ਨੇ ਆਪ ਜਤਨੁ = ਉਪਾਅ ਕਰਿ = ਕਰਕੇ ਆਪਣੇ ਦਾਸ = ਸੇਵਕ ਵਿਕਾਰਾਂ ਤੋਂ ਬਚਾ ਕੇ ਰੱਖਣਾ ਕੀਤੇ ਹਨ।

ਜਾ = ਜਿਸ ਪ੍ਰਭੂ ਕੋ = ਦਾ ਪ੍ਰਤਾਪੁ = ਤੇਜ ਪ੍ਰਭਾਵ ਅਖੰਡ = ਕੱਟਣ ਤੋਂ ਰਹਿਤ ਅਤੇ ਸਭ ਥਾਈਂ ਪੂਰਨ ਹੈ।

## ਗੁਣ ਗੋਬਿੰਦ; ਨਿਤ ਰਸਨ ਗਾਇ ॥
## ਨਾਨਕੁ ਜੀਵੈ; ਹਰਿ ਚਰਣ ਧਿਆਇ ॥੪॥੧੨॥

ਉਸ ਗੋਬਿੰਦ = ਪਰਮਾਤਮਾ ਦੇ ਗੁਣਾਂ ਨੂੰ ਨਿਤ = ਨਿਤਾਪ੍ਰਤੀ ਆਪਣੀ ਰਸਨ = ਜੀਭਾ ਨਾਲ ਗਾਇ = ਗਾਉਣਾ ਕਰੋ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਾਂ ਹਰਿ = ਪਰਮਾਤਮਾ ਦੇ ਚਰਣ ਕਮਲਾਂ ਨੂੰ ਧਿਆਇ = ਸਿਮਰ ਕੇ ਜੀਵੈ = ਜਿਉਣਾ ਕਰਦੇ ਹਾਂ ॥੪॥੧੨॥

## ਬਸੰਤੁ ਮਹਲਾ ੫ ॥
## ਗੁਰ ਚਰਣ ਸਰੇਵਤ; ਦੁਖੁ ਗਇਆ ॥ ਪਾਰਬ੍ਰਹਮਿ ਪ੍ਰਭਿ; ਕਰੀ ਮਇਆ ॥

ਗੁਰਾਂ ਦੇ ਚਰਣਾਂ ਨੂੰ ਸਰੇਵਤ = ਸੇਂਵਦਿਆਂ ਉਸ ਮਨੁੱਖ ਦਾ ਜੰਮਣ ਮਰਣ ਆਦਿ ਦਾ ਦੁੱਖ ਚਲਿਆ ਗਿਆ ਹੈ।

ਜਿਸ ਮਨੁੱਖ ਉੱਪਰ (ਪਾਰ+ਬ੍ਰਹਮਿ) ਪਾਪਾਂ ਪੁੰਨਾਂ ਤੋਂ ਪਾਰ = ਪਰ੍ਹੇ ਬ੍ਰਹਮਿ = ਵਿਆਪਕ ਸਰੂਪ ਪ੍ਰਭਿ = ਪਰਮਾਤਮਾ ਨੇ ਆਪਣੀ ਮਇਆ = ਕਿਰਪਾ ਦ੍ਰਿਸ਼ਟੀ ਕਰੀ = ਕੀਤੀ ਹੈ।

## ਸਰਬ ਮਨੋਰਥ; ਪੂਰਨ ਕਾਮ ॥ ਜਪਿ ਜੀਵੈ ਨਾਨਕੁ; ਰਾਮ ਨਾਮ ॥੧॥

ਉਸ ਦੇ ਸਰਬ = ਸਾਰੇ ਮਨੋਰਥ = ਸੰਕਲਪ ਅਤੇ ਸਾਰੇ ਕਾਮ = ਕੰਮ-ਕਾਰ ਵੀ ਪੂਰਨ = ਪੂਰੇ ਹੋਏ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਰਾਮ = ਪਰਮਾਤਮਾ ਦਾ ਨਾਮ ਜਪ ਕੇ ਹੀ ਜੀਵੈ = ਜਿਉਣਾ ਕਰਦੇ ਹਾਂ ॥੧॥

## ਸਾ ਰੁਤਿ ਸੁਹਾਵੀ; ਜਿਤੁ ਹਰਿ ਚਿਤਿ ਆਵੈ ॥

ਹੇ ਭਾਈ! ਸਾ = ਉਹੋ ਪ੍ਰਤੱਖ **ਵਾ:** ਅਵਸਥਾ ਰੂਪੀ ਰੁੱਤ ਸੁਹਾਵੀ = ਸ਼ੋਭਨੀਕ ਹੈ, ਜਿਤੁ = ਜਿਸ ਵਿਚ ਹਰਿ = ਪਰਮਾਤਮਾ ਚਿਤਿ = ਚੇਤੇ ਆਵੈ = ਆਉਂਦਾ ਹੈ।

## ਬਿਨੁ ਸਤਿਗੁਰ, ਦੀਸੈ ਬਿਲਲਾਂਤੀ;
## ਸਾਕਤੁ ਫਿਰਿ ਫਿਰਿ ਆਵੈ ਜਾਵੈ ॥੧॥ਰਹਾਉ॥

ਸਤਿਗੁਰਾਂ ਤੋਂ ਬਿਨੁ = ਬਗ਼ੈਰ ਸਾਰੀ ਸ੍ਰਿਸ਼ਟੀ ਬਿਲਲਾਂਤੀ = ਵਿਰਲਾਪ ਕਰਦੀ ਦੀਸੈ = ਦਿਸ ਰਹੀ ਹੈ,

ਸਾਕਤੁ = ਕਠੋਰ ਚਿਤ ਵਾਲਾ ਪੁਰਖ ਫਿਰਿ ਫਿਰਿ = ਮੁੜ ਮੁੜ ਜੂਨਾਂ ਵਿਚ ਆਵੈ ਜਾਵੈ = ਆਉਂਦਾ ਜਾਂਦਾ ਰਹਿੰਦਾ ਹੈ॥੧॥ਰਹਾਉ॥

[ਅੰਗ ੧੧੮੪]

## ਸੇ ਧਨਵੰਤ; ਜਿਨ ਹਰਿ ਪ੍ਰਭੁ ਰਾਸਿ ॥ ਕਾਮ ਕ੍ਰੋਧ; ਗੁਰ ਸਬਦਿ ਨਾਸਿ ॥

ਹੇ ਭਾਈ! ਸੇ = ਉਹ ਮਨੁੱਖ ਹੀ ਧਨਵੰਤ = ਧਨ ਵਾਲੇ ਹਨ, ਜਿਨ = ਜਿਨ੍ਹਾਂ ਦੇ ਪਾਸ ਹਰਿ = ਹਰੇ ਭਰੇ ਕਰਨ ਵਾਲੇ ਪ੍ਰਭੁ = ਪਰਮਾਤਮਾ ਦੀ ਨਾਮ ਰੂਪੀ ਰਾਸਿ = ਪੂੰਜੀ ਹੈ। ਉਨ੍ਹਾਂ ਨੇ ਕਾਮ ਕ੍ਰੋਧ ਆਦਿ ਵਿਕਾਰ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਨਾਸ਼ ਕਰ ਲਏ ਹਨ।

## ਭੈ ਬਿਨਸੇ; ਨਿਰਭੈ ਪਦੁ ਪਾਇਆ ॥
## ਗੁਰ ਮਿਲਿ ਨਾਨਕ; ਖਸਮੁ ਧਿਆਇਆ ॥੨॥

ਉਨ੍ਹਾਂ ਦੇ ਸਾਰੇ ਭੈ = ਡਰ ਬਿਨਸੇ = ਨਾਸ਼ ਹੋ ਗਏ ਹਨ ਅਤੇ ਉਨ੍ਹਾਂ ਨੇ ਨਿਰਭੈ = ਭੈ ਤੋਂ ਰਹਿਤ ਪਦੁ = ਪਦਵੀ ਨੂੰ ਪਾਇਆ = ਪਾਉਣਾ ਕੀਤਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੇ ਗੁਰਾਂ ਨਾਲ ਮਿਲ ਕੇ ਖਸਮੁ = ਮਾਲਕ ਵਾਹਿਗੁਰੂ ਨੂੰ ਧਿਆਇਆ = ਸਿਮਰਨਾ ਕੀਤਾ ਹੈ॥੨॥

## ਸਾਧਸੰਗਤਿ; ਪ੍ਰਭਿ ਕੀਓ ਨਿਵਾਸ ॥ ਹਰਿ ਜਪਿ ਜਪਿ; ਹੋਈ ਪੂਰਨ ਆਸ ॥

ਸਾਧਸੰਗਤਿ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਵਿਚ ਪ੍ਰਭਿ = ਪਰਮਾਤਮਾ ਨੇ ਆਪ ਨਿਵਾਸ = ਵੱਸਣਾ, ਟਿਕਾਣਾ ਕੀਓ = ਕੀਤਾ ਹੈ।

ਉਸ ਸੰਗਤ ਦੁਆਰਾ ਹਰਿ = ਪਰਮਾਤਮਾ ਨੂੰ ਜਪ ਜਪ ਕੇ ਮੇਰੀ ਸਾਰੀ ਆਸ = ਇੱਛਾ ਪੂਰਨ = ਪੂਰੀ ਹੋਈ ਹੈ।

## ਜਲਿ ਥਲਿ ਮਹੀਅਲਿ; ਰਵਿ ਰਹਿਆ ॥
## ਗੁਰ ਮਿਲਿ ਨਾਨਕਿ; ਹਰਿ ਹਰਿ ਕਹਿਆ ॥੩॥

ਜੋ ਪ੍ਰਭੂ ਜਲਿ = ਪਾਣੀ ਵਾਲੀਆਂ ਥਾਵਾਂ ਅਤੇ ਥਲਿ = ਖ਼ੁਸ਼ਕ ਥਾਵਾਂ ਮਹੀਅਲਿ = ਵਿਚ **ਵਾ:** (ਮਹੀ+ਅਲਿ) ਮਹੀ = ਪ੍ਰਿਥਵੀ ਅਤੇ ਅਲਿ = ਅਕਾਸ਼ ਵਿਚ ਰਵਿ = ਵਿਆਪਕ ਹੋ ਰਹਿਆ = ਰਿਹਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਾਂ ਨਾਲ ਮਿਲ ਕਰਕੇ ਅਸਾਂ ਨੇ ਉਸ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਨਾਮ ਨੂੰ ਕਹਿਆ = ਉਚਾਰਣਾ ਕੀਤਾ ਹੈ॥੩॥

## ਅਸਟ ਸਿਧਿ; ਨਵ ਨਿਧਿ ਏਹ ॥ ਕਰਮਿ ਪਰਾਪਤਿ; ਜਿਸੁ ਨਾਮੁ ਦੇਹ ॥

ਉਸ ਲਈ ਇਹ ਨਾਮ ਹੀ ਅਸਟ = ਅੱਠ ਮੁੱਖ ਸਿਧਿ = ਸਿੱਧੀਆਂ ਅਤੇ ਨਵ = ਨੌਂ ਨਿਧਿ = ਨਿੱਧੀਆਂ ਦੇਣ ਵਾਲਾ ਹੈ।

ਕਰਮਿ = ਬਖ਼ਸ਼ਿਸ਼ ਦੁਆਰਾ ਹੋਈ ਪ੍ਰਾਪਤੀ ਨਾਲ ਜਿਸ ਨੂੰ ਪ੍ਰਭੂ ਆਪ ਆਪਣਾ ਨਾਮ ਦੇਹ = ਦੇਣਾ ਕਰਦਾ ਹੈ **ਵਾ:** ਜਿਸ ਉੱਪਰ ਪ੍ਰਭੂ ਦੀ ਕਰਮਿ = ਕਿਰਪਾ ਹੋਈ ਹੈ, ਉਸ ਨੂੰ ਗੁਰੂ ਸਾਹਿਬ ਜੀ ਦੀ ਪ੍ਰਾਪਤੀ

ਹੋਈ ਹੈ, ਜਿਸ ਨੂੰ ਗੁਰਾਂ ਦੀ ਪ੍ਰਾਪਤੀ ਹੁੰਦੀ ਹੈ, ਉਸ ਨੂੰ ਗੁਰੂ ਸਾਹਿਬ ਜੀ ਪਰਮਾਤਮਾ ਦਾ ਨਾਮ ਦੇਹ = ਦੇਣਾ ਕਰਦੇ ਹਨ।

## ਪ੍ਰਭ, ਜਪਿ ਜਪਿ ਜੀਵਹਿ; ਤੇਰੇ ਦਾਸ ॥
## ਗੁਰ ਮਿਲਿ ਨਾਨਕ; ਕਮਲ ਪ੍ਰਗਾਸ ॥੪॥੧੩॥

ਹੇ ਪ੍ਰਭ = ਪਰਮੇਸ਼ਰ ! ਤੇਰੇ ਦਾਸ = ਸੇਵਕ ਤੇਰੇ ਨਾਮ ਨੂੰ ਮਨ ਬਾਣੀ ਸਰੀਰ ਦੁਆਰਾ ਜਪ ਜਪ ਕੇ ਹੀ ਜੀਵਹਿ = ਜਿਉਣਾ ਕਰਦੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਾਂ ਨਾਲ ਮਿਲ ਕਰਕੇ ਉਨ੍ਹਾਂ ਦੇ ਹਿਰਦੇ ਰੂਪੀ ਕਮਲ ਵਿਚ ਤੇਰੇ ਗਿਆਨ ਦਾ ਪ੍ਰਗਾਸ = ਚਾਨਣ ਹੋਇਆ ਹੈ ॥੪॥੧੩॥

## ਬਸੰਤੁ ਮਹਲਾ ੫ ਘਰੁ ੧ ਇਕਤੁਕੇ ੴ ਸਤਿਗੁਰ ਪ੍ਰਸਾਦਿ ॥

ਬਸੰਤ ਰਾਗ ਅੰਦਰ ਮਹਲਾ ੫ = ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਇਕ ਤੁਕੇ = ਇਕ ਇਕ ਤੁਕ ਤੇ ਅੰਕ ਵਾਲੇ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਸਗਲ ਇਛਾ; ਜਪਿ ਪੁੰਨੀਆ ॥ ਪ੍ਰਭਿ ਮੇਲੇ; ਚਿਰੀ ਵਿਛੁੰਨਿਆ ॥੧॥

ਹੇ ਭਾਈ ! ਪਰਮਾਤਮਾ ਦਾ ਨਾਮ ਜਪ ਕੇ ਸਗਲ = ਸਾਰੀਆਂ ਇਛਾ = ਇੱਛਾਵਾਂ ਪੁੰਨੀਆ = ਪੂਰੀਆਂ ਹੋ ਜਾਂਦੀਆਂ ਹਨ।[੧]

ਚਿਰੀ = ਚਿਰਾਂ ਤੋਂ ਵਿਛੁੰਨਿਆ = ਵਿੱਛੜੇ ਹੋਏ ਜੀਵ ਪ੍ਰਭਿ = ਪਰਮਾਤਮਾ ਨੇ ਆਪ ਆਪਣੇ ਨਾਲ ਮੇਲੇ = ਮੇਲਣਾ ਕੀਤੇ ਹਨ ॥੧॥

## ਤੁਮ ਰਵਹੁ ਗੋਬਿੰਦੈ; ਰਵਣ ਜੋਗੁ ॥
## ਜਿਤੁ ਰਵਿਐ; ਸੁਖ ਸਹਜ ਭੋਗੁ ॥੧॥ਰਹਾਉ ॥

ਹੇ ਭਾਈ ! ਤੁਮ = ਤੁਸੀਂ ਰਵਣ = ਉਚਾਰਣ ਜੋਗ ਗੋਬਿੰਦੈ = ਪਰਮਾਤਮਾ ਦੇ ਨਾਮ, ਜੱਸ ਨੂੰ ਰਵਹੁ = ਉਚਾਰਣ ਕਰੋ **ਵਾ:** ਜੋ ਪ੍ਰਭੂ ਸਭ ਤੋਂ ਰਵਣ = ਸੁੰਦਰ ਅਤੇ ਆਪਣੇ ਸਰੂਪ ਵਿਚ ਜੋਗੁ = ਜੋੜਨ ਵਾਲਾ ਹੈ, ਉਸ ਦਾ ਜੱਸ ਉਚਾਰਣ ਕਰੋ।

ਜਿਤੁ = ਜਿਸ ਦੇ ਜੱਸ, ਨਾਮ ਨੂੰ ਰਵਿਐ = ਉਚਾਰਣ ਕਰਕੇ ਸੁਖ ਸਹਜ = ਅਚੁੱਤ ਸੁਖ ਸਰੂਪ ਪਰਮਾਤਮਾ ਦੇ ਅਨੰਦ ਨੂੰ ਭੋਗੁ = ਮਾਨਣਾ ਕਰੀਦਾ ਹੈ ॥੧॥ਰਹਾਉ॥

---

੧. ਦੁਨੀਆਂ ਵਿਚ ਚਾਰ ਪ੍ਰਕਾਰ ਦੀਆਂ ਇੱਛਾਵਾਂ ਮੰਨੀਆਂ ਹਨ : ੧. ਸਾਡੇ ਕੰਮ ਵਿਚ ਕੋਈ ਵਿਘਨ ਨਾ ਪਵੇ, ੨. ਸਾਡੀ ਦੁਨੀਆਂ ਵਿਚ ਵਡਿਆਈ ਹੋਵੇ, ੩. ਸਾਰੇ ਸੁੱਖ ਪ੍ਰਾਪਤ ਹੋਣ, ੪. ਪ੍ਰਭੂ ਦੀ ਪ੍ਰਾਪਤੀ ਵੀ ਹੋ ਜਾਵੇ। ਜੈਸਾ ਕਿ :

**ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥**
**ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥**
**ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨਾ ਸੁਖੁ ਸਦ ਹੋਈ ॥**
**ਜਿਨਾ ਨਾਨਕੁ ਸਤਿਗੁਰੁ ਭੇਟਿਆ ਤਿਨਾ ਮਿਲਿਆ ਹਰਿ ਸੋਈ ॥੨॥** *(ਅੰਗ ੪੫੧)*

**ਵਾ:** ਸੁਤ, ਬਿਤ, ਲੋਕ ਈਖਣਾ ਇਹ ਇੱਛਾਵਾਂ ਵੀ ਪੂਰਨ ਹੋ ਜਾਂਦੀਆਂ ਹਨ।

## ਕਰਿ ਕਿਰਪਾ; ਨਦਰਿ ਨਿਹਾਲਿਆ ॥ ਅਪਣਾ ਦਾਸੁ; ਆਪਿ ਸਮ੍ਾਲਿਆ ॥੨॥

ਪ੍ਰਭੂ ਨੇ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਆਪਣੀ ਗਿਆਨ ਨਦਰਿ = ਦ੍ਰਿਸ਼ਟੀ ਦੁਆਰਾ ਮੈਨੂੰ ਦਾਸ ਨੂੰ ਨਿਹਾਲਿਆ = ਤੱਕਣਾ ਕੀਤਾ ਹੈ **ਵਾ:** ਜਿਸ ਨੂੰ ਆਪਣੀ ਕਿਰਪਾ ਨਦਰਿ = ਦ੍ਰਿਸ਼ਟੀ ਕਰਕੇ ਤੱਕਿਆ ਹੈ, ਉਸ ਨੂੰ ਨਿਹਾਲਿਆ = ਨਿਹਾਲ, ਅਨੰਦ ਪ੍ਰਸੰਨ ਕਰ ਦਿੱਤਾ ਹੈ।

ਪ੍ਰਭੂ ਨੇ ਆਪਣਾ ਦਾਸੁ = ਸੇਵਕ ਆਪ ਹੀ ਸਮ੍ਾਲਿਆ = ਸੰਭਾਲਣਾ ਕੀਤਾ ਹੈ॥੨॥

## ਸੇਜ ਸੁਹਾਵੀ; ਰਸਿ ਬਨੀ ॥ ਆਇ ਮਿਲੇ; ਪ੍ਰਭ ਸੁਖ ਧਨੀ ॥੩॥

ਸਾਡੀ ਹਿਰਦੇ ਰੂਪੀ ਸੇਜਾ ਸ਼ਰਧਾ ਆਦਿ ਗੁਣਾਂ ਦੀ ਵਿਛਾਈ ਕਰਕੇ ਸੁਹਾਵੀ = ਸ਼ੋਭਨੀਕ ਹੋ ਰਹੀ ਹੈ ਅਤੇ ਰਸਿ = ਪ੍ਰੇਮ ਪੂਰਬਕ ਅਵਸਥਾ ਬਨੀ = ਬਣ ਰਹੀ ਹੈ, ਜਿਸ ਵਿਚ ਸੁੱਖਾਂ ਦੇ ਧਨੀ = ਮਾਲਕ ਪ੍ਰਭੂ ਜੀ ਆਇ = ਆ ਕੇ ਮਿਲੇ ਹਨ॥੩॥

## ਮੇਰਾ ਗੁਣੁ ਅਵਗਣੁ; ਨ ਬੀਚਾਰਿਆ ॥
## ਪ੍ਰਭ ਨਾਨਕ; ਚਰਣ ਪੂਜਾਰਿਆ ॥੪॥੧॥੧੪॥

ਪਰਮਾਤਮਾ ਨੇ ਮੇਰਾ ਗੁਣ ਅਵਗੁਣ = ਗੁਨਾਹ ਕੁਝ ਵੀ ਨਹੀਂ ਬੀਚਾਰਿਆ = ਵਿਚਾਰਨਾ ਕੀਤਾ ਹੈ **ਵਾ:** ਮੇਰੇ ਗੁਣਾਂ ਤੋਂ ਹੀਣੇ ਦਾ ਅਵਗੁਣ ਵੀ ਕੋਈ ਨਹੀਂ ਵਿਚਾਰਨਾ ਕੀਤਾ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸਾਂ ਨੇ ਪ੍ਰਭ = ਪਰਮਾਤਮਾ ਦੇ ਚਰਣ ਕਮਲਾਂ ਨੂੰ ਹੀ ਪੂਜਾਰਿਆ = ਪੂਜਣਾ ਕੀਤਾ ਹੈ॥੪॥੧॥੧੪॥

## ਬਸੰਤੁ ਮਹਲਾ ੫ ॥
## ਕਿਲਬਿਖ ਬਿਨਸੇ; ਗਾਇ ਗੁਨਾ ॥ ਅਨਦਿਨ ਉਪਜੀ; ਸਹਜ ਧੁਨਾ ॥੧॥

ਪਰਮਾਤਮਾ ਦੇ ਗੁਨਾ = ਗੁਣ ਗਾਇ = ਗਾਉਣ ਕਰਕੇ ਸਾਰੇ ਕਿਲਬਿਖ = ਪਾਪ ਬਿਨਸੇ = ਨਾਸ਼ ਹੋ ਗਏ ਹਨ।

ਅਨਦਿਨੁ = ਰਾਤ ਦਿਨ ਸਹਜ = ਸ਼ਾਂਤੀ ਦੇਣ ਵਾਲੀ ਸਤਿਨਾਮ ਦੀ ਧੁਨਾ = ਧੁਨੀ ਉਪਜੀ = ਪੈਦਾ ਹੋ ਗਈ ਹੈ **ਵਾ:** ਐਸੀ ਸਹਜ ਧੁਨੀ ਪ੍ਰਗਟ ਹੋਈ ਹੈ ਜਿਸ ਨੇ ਅਵਿੱਦਿਆ ਰੂਪੀ ਰਾਤ ਤੋਂ ਗਿਆਨ ਦੇ ਦਿਨ ਦੀ ਪ੍ਰਾਪਤੀ ਕਰਵਾ ਦਿੱਤੀ ਹੈ॥੧॥

## ਮਨੁ ਮਉਲਿਓ; ਹਰਿ ਚਰਨ ਸੰਗਿ ॥

ਹੇ ਭਾਈ! ਹਰਿ = ਪਰਮਾਤਮਾ ਦੇ ਚਰਣ ਕਮਲਾਂ ਸੰਗਿ = ਨਾਲ ਮੇਰਾ ਮਨ ਮਉਲਿਓ = ਪ੍ਰਫੁੱਲਤ ਹੋ ਰਿਹਾ ਹੈ।

## ਕਰਿ ਕਿਰਪਾ ਸਾਧੂ ਜਨ ਭੇਟੇ; ਨਿਤ ਰਾਤੌ ਹਰਿ ਨਾਮ ਰੰਗਿ ॥੧॥ਰਹਾਉ॥

ਪ੍ਰਭੂ ਨੇ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਸਾਧੂ = ਸ੍ਰੇਸ਼ਟ ਮਹਾਤਮਾ ਜਨ ਭੇਟੇ = ਮਿਲਾਉਣਾ ਕੀਤੇ ਹਨ, ਜਿਨ੍ਹਾਂ ਦੀ ਸੰਗਤ ਵਿਚ ਮੈਂ ਨਿਤ = ਨਿਤਾਪ੍ਰਤੀ ਹਰਿ = ਪਰਮਾਤਮਾ ਦੇ ਨਾਮ ਦੇ ਰੰਗਿ = ਪ੍ਰੇਮ ਵਿਚ ਰਾਤੌ = ਰੰਗਿਆ ਗਿਆ ਹਾਂ॥੧॥ਰਹਾਉ॥

## ਕਰਿ ਕਿਰਪਾ; ਪ੍ਰਗਟੇ ਗੋੁਪਾਲ ॥ ਲੜਿ ਲਾਇ ਉਧਾਰੇ; ਦੀਨ ਦਇਆਲ ॥੨॥

ਆਪਣੀ ਕਿਰਪਾ = ਮਿਹਰ ਕਰਿ = ਕਰਕੇ ਗੋੁਪਾਲ = ਪ੍ਰਭੂ ਜੀ ਪ੍ਰਗਟੇ = ਪ੍ਰਗਟ ਹੋ ਆਏ ਹਨ। ਦੀਨ = ਗ਼ਰੀਬਾਂ ਉੱਪਰ ਦਇਆਲ = ਮਿਹਰਵਾਨ ਹੋਣ ਵਾਲੇ ਪ੍ਰਭੂ ਨੇ ਆਪਣੀ ਸ਼ਰਨ ਰੂਪੀ ਲੜਿ = ਪੱਲੇ ਵਿਚ ਲਾਇ = ਲਾ ਕੇ ਆਪਣੇ ਸੇਵਕ ਸੰਸਾਰ-ਸਮੁੰਦ੍ਰ ਤੋਂ ਉਧਾਰੇ = ਪਾਰ ਕਰ ਦਿੱਤੇ ਹਨ॥੨॥

## ਇਹੁ ਮਨੁ ਹੋਆ; ਸਾਧ ਧੂਰਿ ॥ ਨਿਤ ਦੇਖੈ; ਸੁਆਮੀ ਹਜੂਰਿ ॥੩॥

ਸਾਡਾ ਇਹ ਮਨ ਸਾਧ = ਮਹਾਤਮਾ ਜਨਾਂ ਦੇ ਚਰਨਾਂ ਦੀ ਧੂਰਿ = ਧੂੜੀ ਹੋਆ = ਹੋਇਆ ਹੈ, ਭਾਵ ਅਤਿਅੰਤ ਨਿਮਰਤਾ ਦੇ ਸਹਿਤ ਹੋਇਆ ਹੈ।

ਜੋ ਹੁਣ ਸੁਆਮੀ = ਮਾਲਕ ਪ੍ਰਭੂ ਨੂੰ ਨਿਤ = ਨਿਤਾਪ੍ਰਤੀ ਆਪਣੇ ਹਜੂਰਿ = ਨੇੜੇ ਤੋਂ ਨੇੜੇ ਕਰਕੇ ਦੇਖੈ = ਵੇਖਦਾ ਹੈ॥੩॥

## ਕਾਮ ਕ੍ਰੋਧ; ਤ੍ਰਿਸਨਾ ਗਈ ॥ ਨਾਨਕ; ਪ੍ਰਭ ਕਿਰਪਾ ਭਈ ॥੪॥੨॥੧੫॥

ਜਿਸ ਕਰਕੇ ਇਸ ਮਨ ਦੇ ਅੰਦਰੋਂ ਕਾਮ = ਵਿਕਾਰ ਦ੍ਰਿਸ਼ਟੀ ਕ੍ਰੋਧ = ਤੀਖਣ ਬਿਰਤੀ ਅਤੇ ਰਸਾਂ ਕਸਾਂ ਦੀ ਤ੍ਰਿਸ਼ਨਾ ਚਲੀ ਗਈ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹ ਸਭ ਪ੍ਰਭ = ਪਰਮਾਤਮਾ ਦੀ ਹੀ ਕਿਰਪਾ = ਮਿਹਰ ਭਈ = ਹੋਈ ਹੈ॥੪॥੨॥੧੫॥

## ਬਸੰਤੁ ਮਹਲਾ ੫ ॥

## ਰੋਗ ਮਿਟਾਏ; ਪ੍ਰਭੂ ਆਪਿ ॥ ਬਾਲਕ ਰਾਖੇ; ਅਪਨੇ ਕਰ ਥਾਪਿ ॥੧॥

ਹੇ ਭਾਈ! ਪ੍ਰਭੂ ਨੇ ਆਪ ਹੀ ਆਪਣੇ ਦਾਸਾਂ ਦੇ ਪ੍ਰਤੱਖ **ਵਾ:** ਅਗਿਆਨ, ਹਉਮੈ ਆਦਿ ਦੇ ਰੋਗ ਮਿਟਾਏ = ਮਿਟਾਉਣਾ ਕੀਤੇ ਹਨ।

ਆਪਣੇ ਬਾਲਕ = ਬੱਚੇ, ਦਾਸ ਨੂੰ ਆਪਣੇ ਕਰ = ਹੱਥਾਂ ਨਾਲ ਥਾਪਿ = ਥਾਪੜਾ ਦੇ ਕੇ ਰਾਖੇ = ਰੱਖਣਾ ਕੀਤੇ ਹਨ॥੧॥

## ਸਾਂਤਿ ਸਹਜ; ਗ੍ਰਿਹਿ ਸਦ ਬਸੰਤੁ ॥

ਜੋ ਸਾਂਤਿ = ਸ਼ਾਂਤੀ ਦਾ ਸਰੂਪ ਬ੍ਰਹਮ ਹੈ, ਉਨ੍ਹਾਂ ਦਾਸਾਂ ਦਾ ਸਹਜ = ਸੁਤੇ-ਸਿੱਧ ਹੀ ਉਸਦੇ ਸਤਿਸੰਗਤ, ਸਰੂਪ ਰੂਪੀ ਗ੍ਰਿਹਿ = ਘਰ ਵਿਚ ਸਦ = ਸਦੀਵੀ ਬਸੰਤੁ = ਵਾਸਾ ਹੋਇਆ ਹੈ **ਅਥਵਾ** ਸ਼ਾਂਤ ਸਰੂਪ ਬ੍ਰਹਮ ਦਾ ਸਹਿਜੇ ਹੀ ਹਿਰਦੇ ਰੂਪੀ ਘਰ ਵਿਚ ਸਦੀਵੀ ਬਸੰਤੁ = ਅਨੰਦ ਪ੍ਰਾਪਤ ਹੋਇਆ ਹੈ।

## ਗੁਰ ਪੂਰੇ ਕੀ ਸਰਣੀ ਆਏ;
## ਕਲਿਆਣ ਰੂਪ, ਜਪਿ ਹਰਿ ਹਰਿ ਮੰਤੁ ॥੧॥ਰਹਾਉ॥

ਜਦੋਂ ਅਸੀਂ ਪੂਰੇ = ਪੂਰਨ ਗੁਰਾਂ ਕੀ = ਦੀ ਸਰਣੀ = ਸ਼ਰਣ ਵਿਚ ਆਏ, ਤਦੋਂ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਦੇ ਨਾਮ ਮੰਤੁ = ਮੰਤ੍ਰ ਨੂੰ ਜਪ ਕੇ ਕਲਿਆਣ = ਮੁਕਤ ਸਰੂਪ ਹੋ ਗਏ ਹਾਂ **ਵਾ:** ਕਲਿਆਣ ਰੂਪ = ਸੁਖ ਸਰੂਪ ਵਿਚ ਇਸਥਿਤ ਹੋ ਗਏ ਹਾਂ॥੧॥ਰਹਾਉ॥

## ਸੋਗ ਸੰਤਾਪ; ਕਟੇ ਪ੍ਰਭਿ ਆਪਿ ॥
## ਗੁਰ ਅਪੁਨੇ ਕਉ; ਨਿਤ ਨਿਤ ਜਾਪਿ ॥੨॥

ਵਿਛੋੜੇ ਦੇ ਸੋਗ = ਗ਼ਮ ਅਤੇ ਨਾ ਪ੍ਰਾਪਤੀ ਦੇ ਸੰਤਾਪ = ਦੁੱਖ **ਵਾ:** ਭਲੀ ਪ੍ਰਕਾਰ ਚਿੰਬੜੇ ਹੋਏ ਆਧੀ, ਬਿਆਧੀ ਅਤੇ ਉਪਾਧੀ ਆਦਿ ਤਾਪ ਪ੍ਰਭਿ = ਪਰਮਾਤਮਾ ਨੇ ਆਪ ਹੀ ਕਟੇ = ਕੱਟ ਦਿੱਤੇ ਹਨ।

ਅਸੀਂ ਅਪੁਨੇ = ਆਪਦੇ ਆਸਰੇ ਗੁਰੂ ਕਉ = ਨੂੰ ਵੀ ਨਿਤ ਨਿਤ = ਨਿਤਾਪ੍ਰਤੀ ਜਾਪਿ = ਜਪਣਾ ਕਰਦੇ ਹਾਂ **ਵਾ:** ਤੁਸੀਂ ਵੀ ਜਪਣਾ ਕਰੋ ॥੨॥

## ਜੋ ਜਨੁ; ਤੇਰਾ ਜਪੇ ਨਾਉ ॥ ਸਭਿ ਫਲ ਪਾਏ; ਨਿਹਚਲ ਗੁਣ ਗਾਉ ॥੩॥

ਹੇ ਪ੍ਰਭੂ ! ਜੋ = ਜਿਹੜਾ ਵੀ ਜਨੁ = ਮਨੁੱਖ ਤੇਰਾ ਨਾਉ = ਨਾਮ ਜਪੇ = ਜਪਣਾ ਕਰਦਾ ਹੈ।

ਉਹ ਤੇਰੇ ਗੁਣਾਂ ਨੂੰ ਗਾਉ = ਗਾ ਕਰਕੇ ਨਿਹਚਲ = ਅਚੱਲ ਚਿੱਤ ਵਾਲਾ ਹੋਇਆ ਹੈ ਅਤੇ ਉਸ ਨੇ ਧਰਮ ਅਰਥ ਕਾਮ ਮੋਖ ਰੂਪੀ ਸਭਿ = ਸਾਰੇ ਫਲ ਪਾਏ = ਪ੍ਰਾਪਤ ਕਰ ਲਏ ਹਨ ॥੩॥

## ਨਾਨਕ; ਭਗਤਾ ਭਲੀ ਰੀਤਿ ॥
## ਸੁਖਦਾਤਾ ਜਪਦੇ; ਨੀਤ ਨੀਤਿ ॥੪॥੩॥੧੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਭਗਤਾ = ਸੇਵਕ ਜਨਾਂ ਦੀ ਇਹ ਬਹੁਤ ਹੀ ਭਲੀ = ਚੰਗੀ ਰੀਤਿ = ਰੀਤੀ, ਮਰਯਾਦਾ ਹੈ।

ਜੋ ਸੁਖਦਾਤਾ = ਸੁੱਖਾਂ ਦੇ ਦੇਣ ਵਾਲੇ ਪ੍ਰਭੂ ਨੂੰ ਨੀਤ ਨੀਤਿ = ਨਿਤਾਪ੍ਰਤੀ ਜਪਦੇ ਰਹਿੰਦੇ ਹਨ ॥੪॥੩॥੧੯॥

## ਬਸੰਤੁ ਮਹਲਾ ੫ ॥
## ਹੁਕਮੁ ਕਰਿ; ਕੀਨ੍ੇ ਨਿਹਾਲ ॥
## ਅਪਨੇ ਸੇਵਕ ਕਉ; ਭਇਆ ਦਇਆਲੁ ॥੧॥

ਹੇ ਭਾਈ ! ਪਰਮਾਤਮਾ ਨੇ ਆਪਣਾ ਹੁਕਮ ਮਨਾ ਕਰਿ = ਕਰਕੇ ਆਪਣੇ ਸੇਵਕ ਨਿਹਾਲ = ਅਨੰਦ ਪ੍ਰਸੰਨ ਕੀਨ੍ੇ = ਕਰ ਦਿੱਤੇ ਹਨ।

ਪ੍ਰਭੂ ਅਪਨੇ = ਆਪ ਦੇ ਸੇਵਕ = ਦਾਸਾਂ ਕਉ = ਉੱਪਰ ਦਇਆਲੁ = ਮਿਹਰਵਾਨ ਭਇਆ = ਹੋਇਆ ਹੈ ॥੧॥

## ਗੁਰਿ ਪੂਰੈ; ਸਭੁ ਪੂਰਾ ਕੀਆ ॥
## ਅੰਮ੍ਰਿਤ ਨਾਮੁ; ਰਿਦ ਮਹਿ ਦੀਆ ॥੧॥ਰਹਾਉ॥

ਪੂਰੈ = ਪੂਰਨ ਗੁਰਾਂ ਨੇ ਸਾਡਾ ਪਰਮਾਰਥ, ਵਿਵਹਾਰਕ ਸਭੁ = ਸਾਰਾ ਕਾਰਜ ਪੂਰਾ = ਸੰਪੂਰਨ ਕੀਆ = ਕੀਤਾ ਹੈ।

ਕਿਉਂਕਿ ਗੁਰਾਂ ਨੇ ਪਰਮਾਤਮਾ ਦਾ ਅੰਮ੍ਰਿਤ ਰੂਪ ਨਾਮ ਸਾਡੇ ਰਿਦ = ਹਿਰਦੇ ਮਹਿ = ਵਿਚ ਦੀਆ = ਦੇਣਾ ਕੀਤਾ ਹੈ ॥੧॥ਰਹਾਉ॥

[ਅੰਗ ੧੧੯੫]

## ਕਰਮੁ ਧਰਮੁ ਮੇਰਾ; ਕਛੁ ਨ ਬੀਚਾਰਿਓ ॥
## ਬਾਹ ਪਕਰਿ; ਭਵਜਲੁ ਨਿਸਤਾਰਿਓ ॥੨॥

ਪਰਮਾਤਮਾ ਨੇ ਮੇਰਾ ਚੰਗਾ ਨਿਸ਼ਕਾਮ ਕਰਮ, ਚੰਗਾ ਧਰਮ ਆਦਿ ਕਛੁ = ਕੁਝ ਵੀ ਬੀਚਾਰਿਓ = ਵਿਚਾਰਨਾ ਨਹੀਂ ਕੀਤਾ।

ਮੇਰੀ ਬਿਰਤੀ ਰੂਪੀ ਬਾਹ = ਭੁਜਾ ਪਕਰਿ = ਫੜ ਕੇ ਭਵਜਲੁ = ਸੰਸਾਰ-ਸਮੁੰਦ੍ਰ ਤੋਂ ਨਿਸਤਾਰਿਓ = ਤਾਰਨਾ ਕੀਤਾ ਹੈ ॥੨॥

## ਪ੍ਰਭਿ ਕਾਟਿ ਮੈਲੁ; ਨਿਰਮਲ ਕਰੇ ॥ ਗੁਰ ਪੂਰੇ ਕੀ; ਸਰਣੀ ਪਰੇ ॥੩॥

ਉਸ ਵੇਲੇ ਪ੍ਰਭਿ = ਪਰਮਾਤਮਾ ਨੇ ਸਾਡੇ ਅੰਦਰੋਂ ਹਉਮੈ ਦੀ ਮੈਲੁ = ਮਲੀਨਤਾਈ ਕਾਟਿ = ਕੱਟ ਕੇ ਨਿਰਮਲ = ਸ਼ੁੱਧ ਜੀਵਨ ਵਾਲੇ ਕਰੇ = ਕਰ ਦਿੱਤਾ ਹੈ।

ਜਦੋਂ ਅਸੀਂ ਪੂਰੇ = ਪੂਰਨ ਗੁਰਾਂ ਕੀ = ਦੀ ਸਰਣੀ = ਓਟ ਵਿਚ ਪਰੇ = ਪਏ ਹਾਂ ॥੩॥

## ਆਪਿ ਕਰਹਿ; ਆਪਿ ਕਰਣੈਹਾਰੇ ॥
## ਕਰਿ ਕਿਰਪਾ; ਨਾਨਕ ਉਧਾਰੇ ॥੪॥੪॥੧੭॥

ਪ੍ਰਭੂ ਆਪ ਹੀ ਸਭ ਕੁਝ ਪੈਦਾ ਕਰਹਿ = ਕਰਦਾ ਹੈ ਅਤੇ ਆਪ ਹੀ ਸਭ ਦੀ ਪਾਲਣਾ ਕਰਣੈਹਾਰੇ = ਕਰਨ ਵਾਲਾ ਹੈ **ਵਾ:** ਆਪ ਹੀ ਬ੍ਰਹਮ ਗਿਆਨ ਦੇਣਾ ਕਰਦਾ ਹੈ ਅਤੇ ਆਪ ਹੀ ਕਲਿਆਣ ਕਰਨ ਵਾਲਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਪ੍ਰਭੂ ਨੇ ਆਪਣੀ ਕਿਰਪਾ = ਮਿਹਰ ਕਰਿ = ਕਰਕੇ ਆਪਣੇ ਸੇਵਕ ਉਧਾਰੇ = ਤਾਰ ਦਿੱਤੇ ਹਨ ॥੪॥੪॥੧੭॥

## ਬਸੰਤੁ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਬਸੰਤ ਰਾਗ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਪਵਿੱਤਰ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਦੇਖੁ ਫੂਲ; ਫੂਲ ਫੂਲੇ ॥ ਅਹੰ ਤਿਆਗਿ; ਤਿਆਗੇ ॥

ਹੇ ਜੀਵ ! ਤੂੰ ਦੇਖੁ = ਦੇਖਣਾ ਕਰ, ਜਿਵੇਂ ਬਸੰਤ ਰੁੱਤ ਵਿਚ ਫੂਲ = ਫਲਾਂ ਦੀਆਂ ਫੂਲ = ਫੁੱਲਵਾੜੀਆਂ ਫੂਲੇ = ਪ੍ਰਫੁੱਲਤ ਹੋ ਰਹੀਆਂ ਹਨ।

ਇਉਂ ਜੇਕਰ ਤੂੰ ਆਪਣੇ ਅੰਦਰੋਂ ਅਹੰ = ਹੰਕਾਰ ਦੇ ਤਿਆਗ ਨੂੰ ਵੀ ਤਿਆਗੇ = ਛੱਡ ਦੇਵੇਂਗਾ, ਤਦੋਂ ਤੂੰ ਵੀ ਸ਼ੁਭ ਗੁਣਾਂ ਦੇ ਨਾਲ ਪ੍ਰਫੁੱਲਤ ਹੋ ਜਾਵੇਂਗਾ।

**ਅਥਵਾ** ਹੇ ਜੀਵ ! ਤੂੰ ਜੁਆਨੀ ਰੂਪੀ ਸੂਰਜ ਚੜ੍ਹਨ ਨਾਲ ਆਪਣੇ ਸਰੀਰ ਨੂੰ ਫੁੱਲ ਦੀ ਨਿਆਈਂ ਪ੍ਰਫੁੱਲਤ ਹੋਏ ਦੇਖ ਕੇ ਐਵੇਂ ਹੰਕਾਰ ਵਿਚ ਕੀ ਫੁੱਲ ਰਿਹਾ ਹੈਂ।

ਜਿਨ੍ਹਾਂ ਸੰਤ ਜਨਾਂ ਨੇ ਹੰਕਾਰ ਤਿਆਗਿਆ ਹੈ, ਉਨ੍ਹਾਂ ਨਾਲ ਮਿਲ ਕੇ ਤੂੰ ਵੀ ਹੰਕਾਰ ਨੂੰ ਤਿਆਗਣਾ ਕਰ।

**ਅਥਵਾ** ਜਿਵੇਂ ਕਿਸੇ ਬਗ਼ੀਚੇ ਵਿਚ ਫੁੱਲ ਖਿੜੇ ਹੁੰਦੇ ਹਨ, ਇਉਂ ਸਾਧਸੰਗਤ ਰੂਪੀ ਬਗ਼ੀਚੇ ਅੰਦਰ ਸੰਤ ਜਨ ਧਰਮ ਰੂਪੀ ਫੁੱਲ ਕਰਕੇ ਵੈਰਾਗ, ਬਿਬੇਕ, ਖਟਸੰਪਤੀ, ਸਰਵਣ, ਮੰਨਣ ਅਤੇ ਨਿਧਿਆਸਣ ਕਰਨ ਰੂਪ ਪ੍ਰਫੁੱਲਤ ਹੋ ਰਹੇ ਹਨ।

ਅਤੇ ਉਨ੍ਹਾਂ ਨੇ ਹੰਕਾਰ ਦੇ ਤਿਆਗ ਦਾ ਵੀ ਤਿਆਗ ਕੀਤਾ ਹੈ **ਵਾ:** ਤਿਆਗਣ ਜੋਗ ਹੰਗਤਾ ਨੂੰ ਤਿਆਗਣਾ ਕੀਤਾ ਹੈ।

## ਚਰਨ ਕਮਲ; ਪਾਗੇ ॥ ਤੁਮ ਮਿਲਹੁ ਪ੍ਰਭ; ਸਭਾਗੇ ॥
## ਹਰਿ ਚੇਤਿ; ਮਨ ਮੇਰੇ ॥ ਰਹਾਉ ॥

ਉਹ ਸੰਤ ਜਨ ਪ੍ਰਭੂ ਦੇ ਚਰਣ ਕਮਲਾਂ ਦੇ ਪਾਗੇ = ਪ੍ਰੇਮ ਵਿਚ ਮਗਨ ਹੋਏ ਹਨ। ਹੇ ਸਭਾਗੇ = ਸ੍ਰੇਸ਼ਟ ਭਾਗਾਂ ਵਾਲੇ ਮਨਾਂ ! ਤੂੰ ਵੀ ਪ੍ਰਭ = ਪਰਮਾਤਮਾ ਨਾਲ ਮਿਲਹੁ = ਮਿਲਣਾ ਕਰ **ਵਾ:** ਤੂੰ ਪ੍ਰਭੂ ਨਾਲ ਮਿਲਣਾ ਕਰ ਤਾਂ ਸ੍ਰੇਸ਼ਟ ਭਾਗਾਂ ਵਾਲਾ ਬਣ ਜਾਵੇਂਗਾ।

ਹੇ ਮੇਰੇ ਮਨਾਂ ! ਹਰਿ = ਪਰਮਾਤਮਾ ਨੂੰ ਚੇਤਿ = ਚੇਤੇ ਕਰ ॥ ਰਹਾਉ ॥

## ਸਘਨ ਬਾਸੁ; ਕੂਲੇ ॥ ਇਕਿ ਰਹੇ; ਸੂਕਿ ਕਠੂਲੇ ॥

ਜਦੋਂ ਬਨਸਪਤੀ ਪ੍ਰਫੁੱਲਤ ਹੁੰਦੀ ਹੈ, ਤਦੋਂ ਫੁੱਲ, ਪੱਤ੍ਰੇ ਆਦਿ ਬਹੁਤ ਸਘਨ = ਸੰਘਣੇ ਲੱਗੇ ਹੁੰਦੇ ਹਨ, ਬਹੁਤ ਸੁੰਦਰ ਬਾਸੁ = ਸੁਗੰਧੀ ਆਉਂਦੀ ਹੈ ਅਤੇ ਕੂਲੇ = ਨਰਮ ਨਰਮ ਕਰੂੰਬਲਾਂ ਹੁੰਦੀਆਂ ਹਨ।

ਪਰ ਇਕ ਕਠੂਲੇ = ਕਾਠ ਵਰਗੇ ਕੁਸੋਕੜ ਬਿਰਛ ਸੂਕਿ = ਸੁੱਕੇ ਹੀ ਰਹੇ = ਰਹਿੰਦੇ ਹਨ।

**ਅਥਵਾ** ਗੁਰਮੁਖ ਜਨ ਸ਼ੁਭ ਗੁਣਾਂ ਰੂਪੀ ਸੰਘਣੇ ਵਣ ਦੀ ਨਿਆਈਂ ਹਨ, ਜਿਨ੍ਹਾਂ ਨੂੰ ਧਰਮ ਰੂਪੀ ਫਲ, ਸਤ ਸੰਤੋਖ ਰੂਪੀ ਪੱਤ੍ਰੇ ਲੱਗੇ ਹੋਏ ਹਨ, ਭਗਤੀ ਰੂਪੀ ਸੁਗੰਧੀ ਲੈ, ਖਿਲਾਰ ਰਹੇ ਹਨ ਅਤੇ ਕੂਲੇ = ਕੋਮਲ ਚਿੱਤ ਵਾਲੇ ਹਨ।

ਇਕ ਮਨਮੁਖ ਕਠੂਲੇ = ਕਠੋਰ ਚਿੱਤ ਵਾਲੇ ਸ਼ਰਧਾ ਆਦਿ ਗੁਣਾਂ ਤੋਂ ਬਿਨਾਂ ਸੁੱਕ ਰਹੇ ਹਨ।

## ਬਸੰਤ ਰੁਤਿ; ਆਈ ॥ ਪਰਫੂਲਤਾ; ਰਹੇ ॥੧॥

ਇਹ ਮਨੁੱਖਾ ਜਨਮ ਰੂਪੀ ਬਸੰਤ ਰੁੱਤ ਸਭ ਨੂੰ ਆਈ = ਆ ਕੇ ਪ੍ਰਾਪਤ ਹੋਈ ਹੈ।

ਪਰੰਤੂ ਮਨਮੁਖ ਜੀਵ ਵਿਸ਼ੇਸ਼ ਕਰਕੇ ਪਰਫੂਲਤਾ = ਪ੍ਰਫੁੱਲਤ ਹੋਣ ਤੋਂ ਰਹੇ = ਰਹਿਤ ਹੋਏ ਪਏ ਹਨ **ਵਾ:** ਗੁਰਮੁਖ ਜਨ ਸ਼ੁਭ ਗੁਣਾਂ ਦੀ ਹਰਿਆਵਲਤਾ ਨਾਲ ਪ੍ਰਫੁੱਲਤ ਹੋ ਰਹੇ ਹਨ ॥੧॥

## ਅਬ; ਕਲੂ ਆਇਓ ਰੇ ॥ ਇਕੁ ਨਾਮੁ; ਬੋਵਹੁ ਬੋਵਹੁ ॥

ਰੇ = ਹੇ ਭਾਈ ! ਅਬ = ਹੁਣ ਕਲੂ = ਕਲਿਜੁਗ ਦਾ ਸਮਾਂ ਆਇਓ = ਆਇਆ ਹੈ।

ਇਸ ਸਮੇਂ ਅੰਦਰ ਹੋਰ ਕਰਮ ਕਾਂਡਾਂ ਨੂੰ ਛੱਡ ਕੇ ਇਕ ਪਰਮਾਤਮਾ ਦੇ ਨਾਮ ਨੂੰ ਬੋਵਹੁ = ਬੀਜਣਾ ਕਰੋ, ਬੋਵਹੁ = ਬੀਜਣਾ ਕਰੋ **ਵਾ:** ਬੋਵਹੁ = ਬੀਜਣੇ ਜੋਗ ਪਰਮਾਤਮਾ ਦੇ ਨਾਮ ਨੂੰ ਹਿਰਦੇ ਰੂਪੀ ਧਰਤੀ ਵਿਚ ਬੀਜਣਾ ਕਰੋ।

## ਅਨ ਰੁਤਿ; ਨਾਹੀ ਨਾਹੀ ॥ ਮਤੁ; ਭਰਮਿ ਭੂਲਹੁ ਭੂਲਹੁ ॥

ਹੁਣ ਅਨ = ਹੋਰ ਜਗ ਜੋਗ ਆਦਿ ਦੀ ਰੁਤਿ = ਰੁੱਤ ਨਹੀਂ ਹੈ, ਨਹੀਂ ਹੈ।

ਹੇ ਭਾਈ ! ਮਤੁ = ਮਤਾਂ ਭਰਮ ਵਿਚ ਭੁੱਲਣਾ ਕਰੋ, ਮਤਾਂ ਭੂਲਹੁ = ਭੁੱਲਣਾ ਕਰੋ।

## ਗੁਰ ਮਿਲੇ; ਹਰਿ ਪਾਏ ॥ ਜਿਸੁ ਮਸਤਕਿ; ਹੈ ਲੇਖਾ ॥

ਜਿਸ ਨੂੰ ਗੁਰੂ ਜੀ ਮਿਲੇ ਹਨ, ਉਸ ਨੇ ਹਰਿ = ਪ੍ਰਭੂ ਨੂੰ ਪਾਏ = ਪਾਉਣਾ ਕੀਤਾ ਹੈ।

ਜਿਸ ਦੇ ਮਸਤਕਿ = ਮੱਥੇ ਉੱਪਰ ਸ੍ਰੇਸ਼ਟ ਲੇਖਾ = ਲੇਖ, ਕਰਮ ਹੈ **ਵਾ:** ਜਿਸ ਦੇ ਅੰਤਹਕਰਨ ਰੂਪ ਮੱਥੇ ਉੱਪਰ ਸ੍ਰੇਸ਼ਟ ਉਪਦੇਸ਼ ਨੂੰ ਲਿਖ ਲਿਆ ਹੈ, ਉਸ ਨੂੰ ਇਹ ਦਾਤ ਪ੍ਰਾਪਤ ਹੋਈ ਹੈ।

## ਮਨ; ਰੁਤਿ ਨਾਮ ਰੇ ॥ ਗੁਨ ਕਹੇ ਨਾਨਕ; ਹਰਿ ਹਰੇ ਹਰਿ ਹਰੇ ॥੨॥੧੮॥

ਰੇ = ਹੇ ਮਨਾਂ ! ਹੁਣ ਇਹ ਕਲਿਜੁਗ ਦੀ ਰੁੱਤ ਨਾਮ ਜਪਣ ਦੀ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹ ਹਰਿ = ਹਰੇਕ ਨੂੰ ਹਰੇ ਭਰੇ ਕਰਨ ਵਾਲੇ ਹਰਿ ਹਰੇ = ਹਰੀ ਪ੍ਰਭੂ ਦੇ ਗੁਣ ਕਹੇ = ਕਥਨ ਕਰਦੇ ਹਾਂ॥੨॥੧੮॥

## ਬਸੰਤੁ ਮਹਲਾ ੫ ਘਰੁ ੨ ਹਿੰਡੋਲ ੧ੴ ਸਤਿਗੁਰ ਪ੍ਰਸਾਦਿ ॥

ਬਸੰਤ ਅਤੇ ਹਿੰਡੋਲ ਦੋਨਾਂ ਰਾਗਾਂ ਨੂੰ ਮੇਲਦੇ ਹੋਏ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੂਸਰੇ ਘਰੁ = ਸੁਰਤਾਲ ਵਿਚ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਜਿਹੜੇ ਲੋਕ ਚੌਪੜ ਦੀ ਬਾਜ਼ੀ ਖੇਡਦੇ ਹਨ, ਤੁਹਾਡੀ ਇਸ ਬਾਰੇ ਕੀ ਆਗਿਆ ਹੈ ? ਅੱਗੋਂ ਸਤਿਗੁਰਾਂ ਨੇ ਕਿਹਾ ਕਿ ਤੁਹਾਨੂੰ ਇਹ ਖੇਡ ਖੇਡਣ ਦੀ ਆਗਿਆ ਨਹੀਂ ਹੈ, ਅਸੀਂ ਤੁਹਾਨੂੰ ਗੁਰਮਤ ਅਨੁਸਾਰ ਚੌਪੜ ਖੇਡਣ ਦੀ ਜੁਗਤ ਦੱਸਦੇ ਹਾਂ।

## ਹੋਇ ਇਕਤ੍ਰ ਮਿਲਹੁ ਮੇਰੇ ਭਾਈ; ਦੁਬਿਧਾ ਦੂਰਿ ਕਰਹੁ ਲਿਵ ਲਾਇ ॥

ਹੇ ਮੇਰੇ ਭਾਈ = ਭਰਾਵੋ ! ਸਤਿਸੰਗਤ ਵਿਚ ਇਕਤ੍ਰ = ਇਕੱਠੇ ਹੋਇ = ਹੋ ਕੇ ਮਿਲਹੁ = ਮਿਲਣਾ ਕਰੋ ਅਤੇ ਦੁਬਿਧਾ = ਦ੍ਵੈਤ-ਭਾਵ ਨੂੰ ਦੂਰ ਕਰਹੁ = ਕਰਨਾ ਕਰੋ ਅਤੇ ਪ੍ਰਭੂ ਦੇ ਚਰਨਾਂ ਵਿਚ ਲਿਵ = ਬਿਰਤੀ, ਪ੍ਰੀਤੀ ਲਾਇ = ਲਾਉਣਾ ਕਰੋ **ਵਾ:** ਲਿਵ ਲਗਾ ਕੇ ਦੁਬਿਧਾ ਨੂੰ ਦੂਰ ਕਰੋ।

## ਹਰਿ ਨਾਮੈ ਕੇ ਹੋਵਹੁ ਜੋੜੀ; ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥

ਹਰਿ = ਪਰਮਾਤਮਾ ਦੇ ਨਾਮੈ = ਨਾਮ ਕੇ = ਦੇ ਜੋੜੀ = ਮਿਲਾਪੀ ਹੋਵਹੁ = ਹੋਣਾ ਕਰੋ, **ਵਾ:** ਚਿੱਤ ਦੀ ਬਿਰਤੀ ਨੂੰ ਜੋੜਨ ਰੂਪ ਜੋਟੇ ਬਣਾਉਣਾ ਕਰੋ ਅਤੇ ਗੁਰਮੁਖ ਬਣ ਕੇ ਦਿਲ ਦੀ ਸਫ਼ਾਈ ਰੂਪੀ ਸਫਾ = ਚੌਪੜ ਖੇਡਣ ਦੀ ਬਸਤ੍ਰ ਵਿਛਾਇ = ਵਿਛਾ ਕੇ ਬੈਸਹੁ = ਬੈਠਣਾ ਕਰੋ॥੧॥

## ਇਨ ਬਿਧਿ; ਪਾਸਾ ਢਾਲਹੁ ਬੀਰ ॥

ਹੇ ਮੇਰੇ ਬੀਰ = ਵੀਰ, ਭਰਾਵੋ ! ਇਨ੍ = ਇਸ ਬਿਧਿ = ਤਰੀਕੇ ਨਾਲ ਦੁਨੀਆਂ ਤੋਂ ਉਲਟ ਪਰਮਾਤਮਾ

ਵੱਲ ਚਿੱਤ ਲਾਉਣ ਰੂਪ ਪਾਸਾ ਢਾਲਹੁ = ਢਾਲਣਾ, ਸੁੱਟਣਾ ਕਰੋ **ਵਾ:** ਜੇ ਤੁਸੀਂ ਇਸ ਤਰੀਕੇ ਨਾਲ ਪਾਸਾ ਸੁੱਟੋਗੇ ਤਾਂ ਤੁਸੀਂ ਮਨ ਨੂੰ ਜਿੱਤਣ ਵਾਲੇ ਬੀਰ = ਬਹਾਦਰ ਸੂਰਮੇ ਬਣ ਜਾਵੋਗੇ।

## ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ;
## ਅੰਤ ਕਾਲਿ ਨਹ ਲਾਗੈ ਪੀਰ ॥੧॥ਰਹਾਉ॥

ਗੁਰਮੁਖ ਬਣ ਕੇ **ਵਾ:** ਗੁਰਮੁਖਾਂ ਦੀ ਸੰਗਤ ਕਰਕੇ **ਵਾ:** ਮੁਖੀ ਗੁਰਾਂ ਦੁਆਰਾ ਦਿਨ ਰਾਤ ਪਰਮਾਤਮਾ ਦਾ ਨਾਮ ਜਪਹੁ = ਜਪਣਾ ਕਰੋ, ਫੇਰ ਅੰਤ = ਅਖ਼ੀਰ ਦੇ ਕਾਲਿ = ਸਮੇਂ ਜਮ ਆਦਿਕਾਂ ਦੀ ਪੀਰ = ਪੀੜਾ ਨਹੀਂ ਲਾਗੈ = ਲੱਗੇਗੀ ॥੧॥ਰਹਾਉ॥

## ਕਰਮ ਧਰਮ ਤੁਮ੍ ਚਉਪੜਿ ਸਾਜਹੁ; ਸਤੁ ਕਰਹੁ ਤੁਮ੍ ਸਾਰੀ ॥

ਨਿਸ਼ਕਾਮ ਕਰਮ ਅਤੇ ਪੁੰਨ ਆਦਿ ਧਰਮ ਕਰਨ ਰੂਪ ਤੁਮ੍ = ਤੁਸੀਂ ਚਉਪੜਿ = ਸ਼ਤਰੰਜ ਦੀ ਖੇਡ ਸਾਜਹੁ = ਸਾਜਣਾ ਕਰੋ ਅਤੇ ਸਤ ਸੰਤੋਖ ਰੂਪੀ ਤੁਮ੍ = ਤੁਸੀਂ ਸਾਰੀ = ਨਰਦਾਂ ਬਣਾਉਣਾ ਕਰਹੁ = ਕਰੋ।

## ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ; ਐਸੀ ਖੇਲ ਹਰਿ ਪਿਆਰੀ ॥੨॥

ਕਾਮ ਨੂੰ ਵਸਤ ਵਿਚਾਰ, ਕ੍ਰੋਧ ਨੂੰ ਸ਼ਾਂਤੀ, ਲੋਭ ਨੂੰ ਸੰਤੋਖ ਅਤੇ ਮੋਹ ਨੂੰ ਬਿਬੇਕ ਨਾਲ ਜੀਤਹੁ = ਜਿੱਤਣਾ ਕਰੋ, ਐਸੀ = ਅਜਿਹੀ ਖੇਲ = ਖੇਡ ਹਰਿ = ਪਰਮਾਤਮਾ ਨੂੰ ਪਿਆਰੀ ਹੈ ॥੨॥

## ਉਠਿ ਇਸਨਾਨੁ ਕਰਹੁ ਪਰਭਾਤੇ; ਸੋਏ ਹਰਿ ਆਰਾਧੇ ॥

ਹੇ ਭਾਈ! ਪਰਭਾਤੇ = ਅੰਮ੍ਰਿਤ ਵੇਲੇ ਉੱਠ ਕਰਕੇ ਬਾਹਰੀ ਤੇ ਅੰਤ੍ਰੀਵੀ (ਨਾਮ ਜਲ ਵਿਚ) ਇਸ਼ਨਾਨ ਕਰਹੁ = ਕਰੋ ਅਤੇ ਸੋਏ = ਸੁੱਤੇ ਹੋਏ ਵੀ ਹਰਿ = ਪਰਮਾਤਮਾ ਨੂੰ ਆਰਾਧੇ = ਸਿਮਰਨਾ ਕਰੋ।

## ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ;
## ਸੁਖ ਸਹਜ ਸੇਤੀ ਘਰਿ ਜਾਤੇ ॥੩॥

ਫੇਰ ਕਾਮ ਕ੍ਰੋਧ, ਪੰਜਾਂ ਕੋਸ਼ਾਂ ਰੂਪੀ ਬਿਖੜੇ = ਔਖੇ ਦਾਉ = ਸਮੇਂ **ਵਾ:** ਦਾਉ ਪੇਚਾਂ ਤੋਂ ਮੇਰਾ ਸਤਿਗੁਰੂ ਪਾਰ ਲੰਘਾਵੈ = ਲੰਘਾਅ ਲੈਂਦਾ ਹੈ ਅਤੇ ਪਾਰ ਲੰਘਣ ਵਾਲੇ ਗੁਰਮੁਖ ਸੁਖ ਤੇ ਸਹਜ = ਸ਼ਾਂਤੀ ਸੇਤੀ = ਨਾਲ ਸਚਖੰਡ, ਸਰੂਪ ਰੂਪੀ ਘਰ ਵਿਚ ਚਲੇ ਜਾਤੇ = ਜਾਂਦੇ ਹਨ ॥੩॥

## ਹਰਿ ਆਪੇ ਖੇਲੈ ਆਪੇ ਦੇਖੈ; ਹਰਿ ਆਪੇ ਰਚਨੁ ਰਚਾਇਆ ॥

ਉਸ ਅਵਸਥਾ ਵਿਚ ਪਹੁੰਚ ਕੇ ਐਸਾ ਨਿਸਚਾ ਕਰਦੇ ਹਨ ਕਿ ਹਰਿ = ਪਰਮਾਤਮਾ ਆਪੇ = ਆਪ ਹੀ ਸੰਸਾਰ ਦੀ ਖੇਡ ਨੂੰ ਖੇਲੈ = ਖੇਲਣਾ ਕਰਦਾ ਹੈ, ਆਪ ਹੀ ਸਭ ਖੇਡ ਨੂੰ ਦੇਖੈ = ਵੇਖ ਰਿਹਾ ਹੈ, ਹਰਿ = ਪਰਮਾਤਮਾ ਨੇ ਆਪੇ = ਆਪ ਹੀ ਪੰਜਾਂ ਤੱਤਾਂ ਦੀ ਰਚਨਾ ਨੂੰ ਰਚਾਇਆ = ਰਚਾਉਣਾ ਕੀਤਾ ਹੈ।

## ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ;
## ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ = ਜਿਹੜਾ ਨਰੁ = ਪੁਰਖ ਗੁਰਮੁਖਿ = ਮੁਖੀ ਗੁਰਾਂ ਦੁਆਰਾ

ਇਸ ਸ਼ੁਭ ਗੁਣਾਂ ਦੀ ਖੇਡ ਨੂੰ ਖੇਲਦਾ ਹੈ, ਸੋ = ਉਹ ਮਨੁੱਖਾ ਜਨਮ ਰੂਪੀ ਬਾਜ਼ੀ ਜਿਣਿ = ਜਿੱਤ ਕੇ ਆਪਣੇ ਸਰੂਪ ਰੂਪੀ ਘਰ ਵਿਚ ਆਇਆ ਹੈ॥੪॥੧॥੧੯॥

## ਬਸੰਤੁ ਮਹਲਾ ੫ ਹਿੰਡੋਲ ॥

ਜਿਸ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਕਾਰ-ਸੇਵਾ ਹੋ ਰਹੀ ਸੀ, ਉਸ ਸਮੇਂ ਸਤਿਗੁਰੂ ਸਾਹਿਬ ਜੀ ਨੇ ਬਸੰਤ ਅਤੇ ਹਿੰਡੋਲ ਦੋਨਾਂ ਰਾਗਾਂ ਨੂੰ ਮੇਲਦੇ ਹੋਏ ਇਹ ਪਾਵਨ ਸ਼ਬਦ ਉਚਾਰਣ ਕੀਤਾ।

## ਤੇਰੀ ਕੁਦਰਤਿ ਤੂਹੈ ਜਾਣਹਿ; ਅਉਰੁ ਨ ਦੂਜਾ ਜਾਣੈ ॥

ਹੇ ਪ੍ਰਭੂ ! ਤੇਰੀ ਕੁਦਰਤਿ = ਸ਼ਕਤੀ, ਰਚਨਾ ਨੂੰ ਤੂਹੈ = ਤੂੰ ਆਪ ਹੀ ਜਾਣਹਿ = ਜਾਣਦਾ ਹੈਂ, ਤੇਰੇ ਤੋਂ ਬਿਨਾਂ ਅਉਰੁ = ਹੋਰ ਦੂਜਾ = ਦੂਸਰਾ ਕੋਈ ਨਹੀਂ ਜਾਣੈ = ਜਾਣਦਾ।

## ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ; ਸੋਈ ਤੁਝੈ ਪਛਾਣੈ ॥੧॥

ਹੇ ਮੇਰੇ ਪਿਆਰੇ ਪ੍ਰਭੂ ! ਜਿਸ ਮਨੁੱਖ ਨੂੰ ਤੂੰ ਆਪਣੀ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਕਰਹਿ = ਕਰਦਾ ਹੈਂ, ਸੋਈ = ਉਹੋ ਹੀ ਤੁਝੈ ਤੈਨੂੰ ਪਛਾਣੈ = ਪਛਾਣਨਾ ਕਰਦਾ ਹੈ॥੧॥

## ਤੇਰਿਆ ਭਗਤਾ ਕਉ; ਬਲਿਹਾਰਾ ॥

ਹੇ ਪ੍ਰਭੂ ! ਤੇਰਿਆ ਭਗਤਾ = ਸੇਵਕ ਜਨਾਂ ਕਉ = ਦੇ ਉਪਰੋਂ ਮੈਂ ਬਲਿਹਾਰਾ = ਕੁਰਬਾਨ ਜਾਂਦਾ ਹਾਂ।

## ਥਾਨੁ ਸੁਹਾਵਾ ਸਦਾ ਪ੍ਰਭ ਤੇਰਾ; ਰੰਗ ਤੇਰੇ ਆਪਾਰਾ ॥੧॥ਰਹਾਉ॥

ਹੇ ਪ੍ਰਭ = ਪਰਮਾਤਮਾ ! ਤੇਰਾ ਇਹ ਹਰਿਮੰਦਰ ਸਾਹਿਬ ਰੂਪ ਥਾਨੁ = ਅਸਥਾਨ **ਵਾ:** ਸਾਧਸੰਗਤ, ਸਰੂਪ, ਦੈਵੀ ਸੰਪਦਾ ਦੇ ਸਹਿਤ ਅੰਤਹਕਰਨ ਰੂਪੀ ਥਾਂ ਸੁਹਾਵਾ = ਸ਼ੋਭਨੀਕ ਹੈ ਅਤੇ ਤੇਰੇ ਰੰਗ = ਕੌਤਕ ਵੀ ਆਪਾਰਾ = ਬੇਅੰਤ ਹਨ **ਵਾ:** ਤੇਰੇ ਪ੍ਰੇਮ, ਸਾਧਨਾ ਦਾ ਰੰਗ ਵੀ ਅਪਾਰ ਹੀ ਹੈ॥੧॥ਰਹਾਉ॥

## ਤੇਰੀ ਸੇਵਾ ਤੁਝ ਤੇ ਹੋਵੈ; ਅਉਰੁ ਨ ਦੂਜਾ ਕਰਤਾ ॥

ਹੇ ਪ੍ਰਭੂ ! ਤੇਰੀ ਇਹ ਅੰਮ੍ਰਿਤਸਰ ਸਾਹਿਬ ਦੀ ਸੇਵਾ = ਟਹਿਲ ਤੁਝ = ਤੇਰੇ ਤੇ = ਤੋਂ ਹੀ ਹੋਵੈ = ਹੋ ਸਕਦੀ ਹੈ **ਵਾ:** ਤੇਰੀ ਭਗਤੀ ਰੂਪੀ ਸੇਵਾ = ਟਹਿਲ ਤੇਰੀ ਕਿਰਪਾ ਤੋਂ ਹੀ ਹੋ ਸਕਦੀ ਹੈ, ਅਉਰੁ = ਹੋਰ ਕੋਈ ਦੂਜਾ = ਦੂਸਰਾ ਆਪਣੇ ਬਲ ਨਾਲ ਕੁਝ ਨਹੀਂ ਕਰਤਾ = ਕਰ ਸਕਦਾ।

## ਭਗਤੁ ਤੇਰਾ ਸੋਈ, ਤੁਧੁ ਭਾਵੈ; ਜਿਸ ਨੋ ਤੂ ਰੰਗੁ ਧਰਤਾ ॥੨॥

ਹੇ ਪ੍ਰਭੂ ! ਸੋਈ = ਉਹੋ ਹੀ ਤੇਰਾ ਭਗਤੁ = ਸੇਵਕ ਬਣ ਸਕਦਾ ਹੈ, ਜੋ ਤੁਧੁ = ਤੈਨੂੰ ਭਾਵੈ = ਭਾਅ ਜਾਂਦਾ ਹੈ ਅਤੇ ਜਿਸ ਨੋ = ਨੂੰ ਤੂੰ ਆਪਣਾ ਰੰਗੁ = ਪ੍ਰੇਮ ਧਰਤਾ = ਧਾਰਣ ਕਰਾਉਂਦਾ ਹੈ॥੨॥

[ਅੰਗ ੧੧੮੬]

## ਤੂ ਵਡ ਦਾਤਾ, ਤੂ ਵਡ ਦਾਨਾ; ਅਉਰੁ ਨਹੀ ਕੋ ਦੂਜਾ ॥

ਹੇ ਪ੍ਰਭੂ ! ਤੂੰ ਹੀ ਵਡ = ਵੱਡਾ ਦਾਤਾ ਹੈਂ, ਤੂੰ ਹੀ ਵਡ = ਵੱਡਾ ਦਾਨਾ = ਜਾਨਣ ਵਾਲਾ, ਅੰਤਰਜਾਮੀ ਹੈਂ, ਤੇਰੇ ਵਰਗਾ ਅਉਰੁ = ਹੋਰ ਕੋ = ਕੋਈ ਦੂਜਾ = ਦੂਸਰਾ ਨਹੀਂ ਹੈ।

## ਤੂ ਸਮਰਥੁ ਸੁਆਮੀ ਮੇਰਾ; ਹਉ ਕਿਆ ਜਾਣਾ ਤੇਰੀ ਪੂਜਾ ॥੩॥

ਹੇ ਪ੍ਰਭੂ ! ਤੂੰ ਸਮਰਥੁ = ਸਰਬ ਸ਼ਕਤੀਵਾਨ ਅਤੇ ਮੇਰਾ ਸੁਆਮੀ = ਮਾਲਕ ਹੈਂ, ਹਉ = ਮੈਂ ਤੇਰੀ ਪੂਜਾ ਕਰਨੀ ਕਿਆ = ਕੀ ਜਾਣਾ = ਜਾਣ ਸਕਦਾ ਹਾਂ, ਭਾਵ ਨਹੀਂ ਜਾਣ ਸਕਦਾ ॥੩॥

## ਤੇਰਾ ਮਹਲੁ ਅਗੋਚਰੁ, ਮੇਰੇ ਪਿਆਰੇ; ਬਿਖਮੁ ਤੇਰਾ ਹੈ ਭਾਣਾ ॥

ਹੇ ਮੇਰੇ ਪਿਆਰੇ ਪ੍ਰਭੂ ! ਤੇਰਾ ਸਰੂਪ ਰੂਪੀ ਮਹੱਲ ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਹੈ ਅਤੇ ਤੇਰਾ ਭਾਣਾ ਮੰਨਣਾ ਵੀ ਬਹੁਤ ਬਿਖਮੁ = ਕਠਨ ਹੈ।

## ਕਹੁ ਨਾਨਕ ਢਹਿ ਪਇਆ ਦੁਆਰੈ;
## ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਬੇਨਤੀ ਕਰੋ ਕਿ ਹੇ ਪ੍ਰਭੂ ! ਮੈਂ ਤੇਰੇ ਸਾਧਸੰਗਤ ਰੂਪੀ ਦੁਆਰੈ = ਦਰ ਉੱਪਰ ਢਹਿ ਪਇਆ = ਪਿਆ ਹਾਂ **ਵਾ:** ਮੈਂ ਦੇਹ ਅਭਿਮਾਨ ਵੱਲੋਂ ਢਹਿ ਕੇ ਤੇਰੀ ਸ਼ਰਨ ਰੂਪੀ ਦੁਆਰੇ 'ਤੇ ਪਿਆ ਹਾਂ, ਤੂੰ ਮੈਨੂੰ ਸ਼ਾਸਤ੍ਰ ਗਿਆਨ ਤੋਂ ਰਹਿਤ ਮੁਗਧ = ਬੇ-ਸਮਝ ਅਤੇ ਪਰਮਾਰਥ ਦੇ ਗਿਆਨ ਵਲੋਂ ਅਜਾਣਾ = ਅਣਜਾਣ ਨੂੰ ਕਿਰਪਾ ਕਰਕੇ ਬਚਾ ਕੇ ਰੱਖ ਲੇਵਹੁ = ਲੈਣਾ ਕਰ ॥੪॥੨॥੨੦॥

## ਬਸੰਤੁ ਹਿੰਡੋਲ ਮਹਲਾ ੫ ॥

ਬਸੰਤ ਅਤੇ ਹਿੰਡੋਲ ਦੋਨਾਂ ਰਾਗਾਂ ਨੂੰ ਮੇਲਦੇ ਹੋਈ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਬੇਨਤੀ ਪੂਰਬਕ ਸ਼ਬਦ ਉਚਾਰਣ ਕਰਦੇ ਹਨ।

## ਮੂਲੁ ਨ ਬੂਝੈ, ਆਪੁ ਨ ਸੂਝੈ; ਭਰਮਿ ਬਿਆਪੀ ਅਹੰ ਮਨੀ ॥੧॥

ਇਹ ਜੀਵ ਆਪਣਾ ਮੂਲੁ = ਮੁੱਢ (ਰਕਤ ਬਿੰਦ)[੧] ਨਹੀਂ ਬੂਝੈ = ਬੁੱਝਦਾ **ਵਾ:** ਇਹ ਜੀਵ ਆਪਣੇ ਮੂਲੁ = ਮੁੱਢ ਅਧਿਸ਼ਠਾਨ ਬ੍ਰਹਮ ਨੂੰ ਬੁੱਝਦਾ ਨਹੀਂ ਹੈ ਜਿਸ ਕਰਕੇ ਇਸਨੂੰ ਆਪੁ = ਆਪਣਾ ਸਰੂਪ ਸੂਝੈ = ਸੁੱਝਦਾ ਨਹੀਂ ਹੈ, ਸਾਰੀ ਦੁਨੀਆਂ ਹੀ ਭਰਮ ਵਿਚ ਬਿਆਪੀ = ਲੱਗ ਰਹੀ ਹੈ ਅਤੇ ਅਹੰ = ਹੰਕਾਰ ਤੇ ਮਨੀ = ਮਨੌਤ ਕਰ ਰਹੀ ਹੈ **ਵਾ:** ਅਹੰ = ਹੰਕਾਰ ਕਰਕੇ ਆਪਣੇ ਆਪ ਨੂੰ ਹੀ ਸਭ ਤੋਂ ਵੱਡੀ ਮਨੀ = ਮੰਨੀ ਫਿਰਦੀ ਹੈ ॥੧॥

## ਪਿਤਾ ਪਾਰਬ੍ਰਹਮ; ਪ੍ਰਭ ਧਨੀ ॥ ਮੋਹਿ ਨਿਸਤਾਰਹੁ; ਨਿਰਗੁਨੀ ॥੧॥ਰਹਾਉ॥

ਹੇ (ਪਾਰ+ਬ੍ਰਹਮ) ਪਾਪਾਂ ਪੁੰਨਾਂ ਤੋਂ ਪਾਰ ਬ੍ਰਹਮ = ਵਿਆਪਕ ਸਰੂਪ ਪਿਤਾ ਅਕਾਲ ਪੁਰਖ ! ਹੇ ਸਭ ਦੇ ਧਨੀ = ਮਾਲਕ ਪ੍ਰਭ = ਪ੍ਰਭੂ !

ਮੈਨੂੰ ਨਿਰਗੁਨੀ = ਗੁਣਾਂ ਤੋਂ ਹੀਣੇ ਨੂੰ ਇਸ ਸੰਸਾਰ-ਸਮੁੰਦ੍ਰ ਤੋਂ ਨਿਸਤਾਰਹੁ = ਪਾਰ ਕਰੋ ॥੧॥ਰਹਾਉ॥

## ਓਪਤਿ ਪਰਲਉ ਪ੍ਰਭ ਤੇ ਹੋਵੈ; ਇਹ ਬੀਚਾਰੀ ਹਰਿ ਜਨੀ ॥੨॥

ਸੰਸਾਰ ਦੀ ਓਪਤਿ = ਉਤਪਤੀ ਅਤੇ ਪਰਲਉ = ਨਾਸ ਪ੍ਰਭ = ਪਰਮਾਤਮਾ ਦੇ ਹੁਕਮ ਤੇ = ਤੋਂ ਹੀ ਹੋਵੈ = ਹੁੰਦਾ ਹੈ, ਹਰਿ = ਪਰਮਾਤਮਾ ਦੇ ਸੰਤ ਜਨੀ = ਜਨਾਂ ਨੇ ਇਹ ਬੀਚਾਰੀ = ਵਿਚਾਰ ਕੀਤੀ ਹੈ **ਵਾ:** ਇਹ

---

੧. ਜੈਸਾ ਕਿ : **ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥** *(ਅੰਗ ੬੩)*

ਵਿਚਾਰ ਹਰੀ ਦੇ ਜਨਾਂ ਨੇ ਹੀ ਕੀਤੀ ਹੈ ਕਿ ਅੰਤਹਕਰਨ ਦੇ ਅੰਦਰ ਸ਼ੁਭ ਗੁਣਾਂ ਦੀ ਉਤਪਤੀ ਅਤੇ ਆਸੁਰੀ ਸੰਪਦਾ ਦਾ ਨਾਸ਼ ਪ੍ਰਭੂ ਦੀ ਕਿਰਪਾ ਨਾਲ ਹੀ ਹੁੰਦਾ ਹੈ॥੨॥

## ਨਾਮ ਪ੍ਰਭੂ ਕੇ ਜੋ ਰੰਗਿ ਰਾਤੇ; ਕਲਿ ਮਹਿ ਸੁਖੀਏ ਸੇ ਗਨੀ ॥੩॥

ਜੋ = ਜਿਹੜੇ ਮਨੁੱਖ ਪ੍ਰਭੂ = ਪਰਮਾਤਮਾ ਕੇ = ਦੇ ਨਾਮ ਦੇ ਰੰਗਿ = ਪ੍ਰੇਮ ਵਿਚ ਰਾਤੇ = ਰੰਗੇ ਹੋਏ ਹਨ, ਸੇ = ਉਹੋ ਮਨੁੱਖ ਹੀ ਇਸ ਕਲਿ = ਕਲਿਜੁਗ ਦੇ ਮਹਿ = ਵਿਚ ਸੁਖੀਏ = ਸੁੱਖ ਦੇ ਸਹਿਤ ਗਨੀ = ਗਿਣੇ ਜਾਂਦੇ ਹਨ ॥੩॥

## ਅਵਰੁ ਉਪਾਉ ਨ ਕੋਈ ਸੂਝੈ; ਨਾਨਕ ਤਰੀਐ ਗੁਰ ਬਚਨੀ ॥੪॥੩॥੨੧॥

ਅਵਰੁ = ਹੋਰ ਕੋਈ ਵੀ ਉਪਾਉ = ਯਤਨ ਸੂਝੈ = ਸੁੱਝਦਾ ਨਹੀਂ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਕ ਗੁਰਾਂ ਦੇ ਬਚਨੀ = ਉਪਦੇਸ਼ ਕਰਕੇ ਹੀ ਸੰਸਾਰ-ਸਮੁੰਦ੍ਰ ਤੋਂ ਤਰੀਐ = ਤਰ ਜਾਈਦਾ ਹੈ ॥੪॥੩॥੨੧॥

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਰਾਗੁ ਬਸੰਤੁ ਹਿੰਡੋਲ ਮਹਲਾ ੯ ॥

**ਉਥਾਨਕਾ :** ਜਿਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਬੇ ਬਕਾਲੇ ਵਿਖੇ ਗੁਰੂ ਰੂਪ ਵਿਚ ਪ੍ਰਗਟ ਹੋਏ ਸਨ, ਉਸ ਸਮੇਂ ਅਨੇਕਾਂ ਸੰਗਤਾਂ ਉਥੇ ਹਾਜ਼ਰ ਸਨ, ਜਿਨ੍ਹਾਂ ਸੰਗਤਾਂ ਨੂੰ ਸਤਿਗੁਰਾਂ ਨੇ ਗਉੜੀ ਆਦਿ ਰਾਗਾਂ ਵਿਚ ਵੀ ਉਪਦੇਸ਼ ਕਥਨ ਕੀਤੇ ਹਨ, ਇਹ ਸ਼ਬਦ ਵੀ ਉਥੇ ਬਸੰਤ ਅਤੇ ਹਿੰਡੋਲ ਦੋਵਾਂ ਰਾਗਾਂ ਨੂੰ ਮੇਲਦੇ ਹੋਏ ਨੌਂਵੇਂ ਸਰੂਪ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਉਚਾਰਣ ਕਰਕੇ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਸਾਧੋ; ਇਹ ਤਨੁ ਮਿਥਿਆ ਜਾਨਉ ॥

ਹੇ ਸਾਧੋ = ਸੰਤ ਜਨੋਂ ! ਇਹ ਪੰਜਾਂ ਤੱਤਾਂ ਦੇ ਤਨੁ = ਸਰੀਰ ਨੂੰ ਮਿਥਿਆ = ਝੂਠਾ ਜਾਨਉ = ਜਾਨਣਾ ਕਰੋ।

## ਯਾ ਭੀਤਰਿ ਜੋ ਰਾਮੁ ਬਸਤੁ ਹੈ; ਸਾਚੋ ਤਾਹਿ ਪਛਾਨੋ ॥੧॥ ਰਹਾਉ ॥

ਯਾ = ਇਸ ਸਰੀਰ ਦੇ ਭੀਤਰਿ = ਵਿਚ ਜੋ = ਜਿਹੜਾ ਰਾਮੁ = ਪ੍ਰਭੂ ਬਸਤੁ = ਵੱਸਦਾ ਹੈ, ਤਾਹਿ = ਉਸ ਨੂੰ ਸਾਚੋ = ਸੱਚ ਸਰੂਪ ਪਛਾਨੋ = ਪਛਾਣਨਾ ਕਰੋ ॥੧॥ ਰਹਾਉ ॥

## ਇਹੁ ਜਗੁ ਹੈ ਸੰਪਤਿ ਸੁਪਨੇ ਕੀ; ਦੇਖਿ ਕਹਾ ਐਡਾਨੋ ॥

ਹੇ ਸੰਤ ਜਨੋਂ ! ਇਹ ਜਗੁ = ਸੰਸਾਰ ਦੇ ਪਦਾਰਥ ਸੁਪਨੇ ਕੀ = ਦੀ ਸੰਪਤਿ = ਬਿਭੂਤੀ ਵਾਂਗ ਹੈ, ਭਾਵ ਜਿਵੇਂ ਸੁਪਨੇ ਵਿਚ ਕਿਤਨੇ ਮਹੱਲ, ਧਨ, ਪਦਾਰਥ ਆਪਣੇ ਦੇਖੀਦੇ ਹਨ ਪਰ ਜਾਗਣ ਵੇਲੇ ਕੁਝ ਵੀ ਕੋਲ ਨਹੀਂ ਹੁੰਦਾ, ਇਉਂ ਜਦੋਂ ਜਮਾਂ ਦਾ ਡੰਡਾ ਸਿਰ ਵਿਚ ਵੱਜਦਾ ਹੈ ਤਦੋਂ ਹੀ ਜੀਵ ਇਸ ਭੇਤ ਨੂੰ ਸਮਝਦਾ ਹੈ **ਵਾ:** ਇਸ ਸੰਸਾਰ ਦੀ ਬਿਭੂਤੀ ਨੂੰ ਦੇਖ ਕੇ ਹੰਕਾਰ ਨਾਲ ਕਹਾ = ਕੀ ਐਡਾਨੋ = ਆਕੜਦਾ ਹੈ।

## ਸੰਗਿ ਤਿਹਾਰੈ ਕਛੂ ਨ ਚਾਲੈ; ਤਾਹਿ ਕਹਾ ਲਪਟਾਨੋ ॥੧॥

ਹੇ ਭਾਈ! ਤਿਹਾਰੈ = ਤੁਹਾਡੇ ਸੰਗਿ = ਨਾਲ ਪ੍ਰਲੋਕ ਨੂੰ ਕਛੂ = ਕੁਝ ਵੀ ਨਹੀਂ ਚਾਲੈ = ਚੱਲੇਗਾ, ਫੇਰ ਤਹਿ = ਉਨ੍ਹਾਂ ਪਦਾਰਥਾਂ ਦੇ ਨਾਲ ਕਹਾ = ਕੀ ਲਪਟਾਨੋ = ਲਿਪਾਇਮਾਨ ਹੋ ਰਹੇ ਹੋ ॥੧॥

## ਉਸਤਤਿ ਨਿੰਦਾ ਦੋਊ ਪਰਹਰਿ; ਹਰਿ ਕੀਰਤਿ ਉਰਿ ਆਨੋ ॥

ਆਪਣੀ ਉਸਤਤਿ = ਵਡਿਆਈ ਪਰਾਏ ਦੀ ਨਿੰਦਾ = ਅਪਕੀਰਤੀ, ਇਹ ਦੋਊ = ਦੋਵੇਂ ਸੁਭਾਵਾਂ ਨੂੰ ਪਰਹਰਿ = ਤਿਆਗਣਾ ਕਰੋ ਅਤੇ ਹਰਿ = ਪਰਮਾਤਮਾ ਦੀ ਕੀਰਤਿ = ਕੀਰਤੀ ਨੂੰ ਹੀ ਆਪਣੇ ਉਰਿ = ਹਿਰਦੇ ਵਿਚ ਆਨੋ = ਲਿਆਉਣਾ ਕਰੋ।

## ਜਨ ਨਾਨਕ ਸਭ ਹੀ ਮੈ ਪੂਰਨ; ਏਕ ਪੁਰਖ ਭਗਵਾਨੋ ॥੨॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਏਕ = ਇਕ ਪੁਰਖ ਭਗਵਾਨੋ = ਅਕਾਲ ਪੁਰਖ ਹੀ ਸਭ = ਸਾਰਿਆਂ ਮੈ = ਵਿਚ ਪੂਰਨ = ਵਿਆਪਕ ਹੋ ਰਿਹਾ ਹੈ ॥੨॥੧॥

## ਬਸੰਤੁ ਮਹਲਾ ੯ ॥
## ਪਾਪੀ ਹੀਐ ਮੈ; ਕਾਮੁ ਬਸਾਇ ॥

ਹੇ ਭਾਈ! ਪਾਪੀ = ਮੰਦ ਕਰਮੀਆਂ ਦੇ ਹੀਐ = ਹਿਰਦੇ ਮੈ = ਵਿਚ ਕਾਮ ਬਸਾਇ = ਵੱਸਦਾ ਹੈ।

## ਮਨੁ ਚੰਚਲੁ, ਯਾ ਤੇ; ਗਹਿਓ ਨ ਜਾਇ ॥੧॥ ਰਹਾਉ ॥

ਯਾ ਤੇ = ਇਸ ਵਾਸਤੇ ਇਹ ਮਨ ਚੰਚਲ ਹੋ ਰਿਹਾ, ਜੋ ਕਿਸੇ ਸਾਧਨਾ ਕਰਕੇ ਗਹਿਓ = ਫੜਿਆ ਨਹੀਂ ਜਾਇ = ਜਾਂਦਾ ॥੧॥ ਰਹਾਉ ॥

## ਜੋਗੀ ਜੰਗਮ; ਅਰੁ ਸੰਨਿਆਸ ॥ ਸਭ ਹੀ ਪਰਿ; ਡਾਰੀ ਇਹ ਫਾਸ ॥੧॥

ਹੇ ਭਾਈ! ਭਾਵੇਂ ਕੋਈ ਜੋਗੀ = ਜੋਗ ਮਤ ਵਾਲਾ, ਜੰਗਮ = ਸ਼ੈਵ ਮਤ ਵਾਲਾ ਅਰੁ = ਅਤੇ ਸੰਨਿਆਸ = ਸੰਨਿਆਸੀ ਹੈ।

ਸਭ = ਸਾਰਿਆਂ ਦੇ ਪਰਿ = ਉੱਪਰ ਹੀ ਇਸ ਕਾਮ ਨੇ ਆਪਣੀ ਫਾਸ = ਫਾਹੀ ਡਾਰੀ = ਸੁੱਟੀ ਹੋਈ ਹੈ ॥੧॥

## ਜਿਹਿ ਜਿਹਿ; ਹਰਿ ਕੋ ਨਾਮੁ ਸਮ੍ਾਰਿ ॥ ਤੇ; ਭਵ ਸਾਗਰ ਉਤਰੇ ਪਾਰਿ ॥੨॥

ਜਿਹਿ ਜਿਹਿ = ਜਿਸ ਜਿਸ ਮਨੁੱਖ ਨੇ ਹਰਿ = ਪਰਮਾਤਮਾ ਕੋ = ਦਾ ਨਾਮ ਸਮ੍ਾਰਿ = ਸੰਭਾਲਣਾ ਕੀਤਾ ਹੈ।

ਤੇ = ਉਹ ਸਾਰੇ ਹੀ ਭਵ ਸਾਗਰ = ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤੀ ਰੂਪ ਕਿਨਾਰੇ 'ਤੇ ਉਤਰੇ = ਉੱਤਰ ਗਏ ਹਨ ॥੨॥

## ਜਨ ਨਾਨਕ; ਹਰਿ ਕੀ ਸਰਨਾਇ ॥ ਦੀਜੈ ਨਾਮੁ; ਰਹੈ ਗੁਨ ਗਾਇ ॥੩॥੨॥

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਅਸੀਂ ਹਰਿ = ਪਰਮਾਤਮਾ ਕੀ = ਦੀ ਸਰਨਾਇ = ਸ਼ਰਨ ਵਿਚ ਪਏ ਹਾਂ।

ਅਤੇ ਬੇਨਤੀ ਕਰਦੇ ਹਾਂ ਕਿ ਹੇ ਪ੍ਰਭੂ! ਸਾਨੂੰ ਆਪਣਾ ਨਾਮ ਦੀਜੈ = ਦੇਣਾ ਕਰ, ਅਸੀਂ ਤੇਰੇ ਗੁਣ ਗਾਇ = ਗਾਇਨ ਕਰਦੇ ਰਹੈ = ਰਹੀਏ ॥੩॥੨॥

## ਬਸੰਤੁ ਮਹਲਾ ੯ ॥

**ਉਥਾਨਕਾ :** ਜਿਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਤਾ ਗੱਦੀ ਉੱਪਰ ਬਿਰਾਜਮਾਨ ਹੋ ਗਏ, ਸਤਿਗੁਰਾਂ ਦੇ ਚਰਨਾਂ ਪਾਸ ਸੰਗਤਾਂ ਨੇ ਮਾਇਆ ਦੇ ਢੇਰ ਲਗਾ ਦਿੱਤੇ ਸਨ। ਉਸ ਸਮੇਂ ਧੀਰਮੱਲ ਨੇ ਬਹੁਤ ਈਰਖਾ ਕੀਤੀ, ਇਕ ਦਿਨ ਸਤਿਗੁਰੂ ਜੀ ਬਿਆਸ ਦਰਿਆ ਵੱਲ ਘੋੜੀ ਉੱਪਰ ਚੜ੍ਹ ਕੇ ਜਾ ਰਹੇ ਸਨ, ਤਦੋਂ ਧੀਰਮੱਲ ਨੇ ਈਰਖਾ ਨਾਲ ਸ਼ੀਹੇਂ ਮਸੰਦ ਨੂੰ ਗੁਰੂ ਸਾਹਿਬ ਉੱਪਰ ਹਮਲਾ ਕਰਨ ਲਈ ਭੇਜਣਾ ਕੀਤਾ, ਤਦੋਂ ਸ਼ੀਹੇਂ ਮਸੰਦ ਨੇ ਗੁਰੂ ਸਾਹਿਬ ਉੱਪਰ ਗੋਲੀ ਚਲਾਈ, ਗੋਲੀ ਦੇ ਖੜਕੇ ਨਾਲ ਘੋੜੀ ਦੌੜ ਪਈ, ਜਿਸ ਕਰਕੇ ਉਹ ਗੋਲੀ ਸਤਿਗਰਾਂ ਦੇ ਨਾ ਲੱਗੀ, ਵਾਪਸ ਮੁੜਦੇ ਹੋਏ ਗੁਰੂ ਸਾਹਿਬ ਜੀ ਨੇ ਧੀਰਮੱਲ ਦੇ ਡੇਰੇ ਕੋਲ ਆ ਕੇ ਬਚਨ ਕੀਤੇ ਕਿ ਧੀਰਮੱਲ ਭਲਾ ਹੋਵੇ। ਜਦੋਂ ਗੁਰੂ ਜੀ ਆਪਣੇ ਅਸਥਾਨ 'ਤੇ ਵਾਪਸ ਆ ਕੇ ਪੰਜ ਇਸ਼ਨਾਨਾ ਕਰ ਰਹੇ ਸਨ ਤਦੋਂ ਸ਼ੀਹਾਂ ਮਸੰਦ ਕੁਝ ਆਦਮੀ ਲੈ ਕੇ ਗੁਰੂ ਜੀ ਦੇ ਅਸਥਾਨ 'ਤੇ ਆ ਗਿਆ ਅਤੇ ਉਸ ਨੇ ਆ ਕੇ ਫੇਰ ਗੁਰੂ ਜੀ ਉੱਪਰ ਗੋਲੀ ਚਲਾ ਦਿੱਤੀ ਜੋ ਸਤਿਗੁਰਾਂ ਦੇ ਮੱਥੇ ਨੂੰ ਛੂਹ ਕੇ ਕੰਧ ਵਿਚ ਜਾ ਵੱਜੀ, ਤਦੋਂ ਵੀ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੋਈ ਵੀ ਕੌੜਾ ਬਚਨ ਨਾ ਕੀਤਾ। ਬੰਦੂਕ ਚੱਲੀ ਮਗਰੋਂ ਮਾਤਾ ਨਾਨਕੀ ਜੀ ਨੇ ਰੌਲਾ ਪਾਇਆ। ਇਤਨੇ ਚਿਰ ਨੂੰ ਉਹ ਲੁਟੇਰੇ ਗੁਰੂ ਦੇ ਘਰ ਦਾ ਸਾਰਾ ਸਾਮਾਨ ਚੁੱਕ ਕੇ ਲੈ ਗਏ। ਜਦ ਇਹ ਖ਼ਬਰ ਮੱਖਣ ਸ਼ਾਹ ਲੁਬਾਣੇ ਨੂੰ ਪਤਾ ਚੱਲੀ, ਤਦੋਂ ਉਸਨੇ ਆਪਣੇ ਆਦਮੀ ਤੇ ਸਿੱਖਾਂ ਨੂੰ ਨਾਲ ਲੈ ਕੇ ਜਲਦੀ ਹੀ ਧੀਰਮੱਲ ਉੱਪਰ ਹਮਲਾ ਕਰ ਦਿੱਤਾ ਅਤੇ ਅਜਿਹੀ ਤੀਰਾਂ ਦੀ ਵਰਖਾ ਕੀਤੀ ਕਿ ਧੀਰਮੱਲ ਸਹਿ ਨਾ ਸਕਿਆ ਤੇ ਆਪਣਾ ਘੋੜਾ ਭਜਾ ਕੇ ਨਿਕਲ ਗਿਆ ਅਤੇ ਉਸ ਦੇ ਸਾਰੇ ਆਦਮੀ ਵੀ ਭੱਜ ਗਏ। ਤਦੋਂ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੇਤ ਸਾਰਾ ਸਾਮਾਨ ਵਾਪਸ ਲੈ ਆਂਦਾ ਪਰ ਜਦੋਂ ਗੁਰੂ ਜੀ ਨੇ ਇਹ ਸੁਣਿਆ ਤਾਂ ਉਨ੍ਹਾਂ ਨੇ ਮੱਖਣ ਸ਼ਾਹ ਤੇ ਕ੍ਰਿਪਾਲ ਚੰਦ ਜੀ ਨੂੰ ਕਹਿ ਕੇ ਉਨ੍ਹਾਂ ਦਾ ਸਾਰਾ ਸਾਮਾਨ ਵਾਪਸ ਮੁੜਾ ਦਿੱਤਾ ਪਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦੀ ਨਿਸ਼ਾਨੀ ਜਾਣ ਕੇ ਨਾ ਮੋੜਿਆ, ਜੋ ਮਾਤਾ ਨਾਨਕੀ ਜੀ ਨੂੰ ਸੌਂਪ ਦਿੱਤਾ। ਉਸ ਸਮੇਂ ਮਾਤਾ ਨਾਨਕੀ ਜੀ ਨੇ ਕਿਹਾ ਕਿ ਹੇ ਸਪੁੱਤਰ ਜੀ ! ਤੁਸੀਂ ਧਨ ਕਿਉਂ ਨਾ ਰੱਖਿਆ, ਤਦੋਂ ਸਤਿਗੁਰਾਂ ਨੇ ਇਹ ਸ਼ਬਦ ਉਚਾਰਣ ਕੀਤਾ।

### ਮਾਈ; ਮੈ ਧਨੁ ਪਾਇਓ ਹਰਿ ਨਾਮੁ ॥

ਹੇ ਮਾਈ = ਮਾਤਾ ਜੀ ! ਮੈਂ ਹਰਿ = ਪਰਮਾਤਮਾ ਦਾ ਨਾਮ ਰੂਪੀ ਧਨ ਪਾਇਓ = ਪਾਉਣਾ ਕੀਤਾ ਹੈ।

### ਮਨੁ ਮੇਰੋ ਧਾਵਨ ਤੇ ਛੂਟਿਓ; ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥

ਮੇਰੋ = ਮੇਰਾ ਮਨ ਸੰਸਾਰਾਕਾਰ ਬਿਰਤੀ ਵੱਲ ਧਾਵਨ = ਦੌੜਨ ਤੇ = ਤੋਂ ਛੂਟਿਓ = ਛੁੱਟ ਗਿਆ ਹੈ ਅਤੇ ਹੁਣ ਇਹ ਅਨੰਦ ਸਰੂਪ ਵਿਚ ਬਿਸਰਾਮੁ = ਇਸਥਿਤੀ ਕਰਿ = ਕਰਕੇ ਬੈਠੋ = ਬੈਠ ਗਿਆ ਹੈ ॥੧॥ ਰਹਾਉ ॥

### ਮਾਇਆ ਮਮਤਾ ਤਨ ਤੇ ਭਾਗੀ; ਉਪਜਿਓ ਨਿਰਮਲ ਗਿਆਨੁ ॥

ਮਾਇਆ ਦੀ ਮਮਤਾ = ਮੇਰ ਇਸ ਤਨ = ਸਰੀਰ ਤੇ = ਤੋਂ ਭਾਗੀ = ਭੱਜ ਗਈ ਹੈ ਅਤੇ ਮੇਰੇ ਅੰਦਰ ਨਿਰਮਲ = ਉੱਜਲ ਗਿਆਨ ਉਪਜਿਓ = ਪੈਦਾ ਹੋਇਆ ਹੈ।

### ਲੋਭ ਮੋਹ ਏਹ ਪਰਸਿ ਨ ਸਾਕੈ; ਗਹੀ ਭਗਤਿ ਭਗਵਾਨ ॥੧॥

ਜੋ ਲੋਭ = ਲਾਲਚ ਮੋਹ ਆਦਿ ਵਿਕਾਰ ਹਨ, ਏਹ = ਇਹ ਮੈਨੂੰ ਹੁਣ ਪਰਸਿ = ਸਪਰਸ਼ ਨਹੀਂ ਕਰ ਸਾਕੈ = ਸਕਦੇ, ਕਿਉਂਕਿ ਮੈਂ ਹੁਣ ਭਗਵਾਨ = ਪਰਮਾਤਮਾ ਦੀ ਭਗਤਿ = ਭਗਤੀ ਗਹੀ = ਗ੍ਰਹਿਣ ਕੀਤੀ ਹੈ ॥੧॥

## ਜਨਮ ਜਨਮ ਕਾ ਸੰਸਾ ਚੂਕਾ; ਰਤਨੁ ਨਾਮੁ ਜਬ ਪਾਇਆ ॥

ਉਸ ਸਮੇਂ ਜਨਮ ਜਨਮ = ਜਨਮਾਂ-ਜਨਮਾਂਤ੍ਰਾਂ ਕਾ = ਦਾ ਪਿਆ ਹੋਇਆ ਸੰਸਾ ਚੂਕਾ = ਚੁੱਕਿਆ ਗਿਆ ਭਾਵ ਦੂਰ ਹੋ ਗਿਆ ਹੈ। ਜਬ = ਜਦੋਂ ਦਾ ਰਤਨੁ = ਮਾਣਿਕ ਦੀ ਨਿਆਈਂ ਅਮੋਲਕ ਨਾਮ ਨੂੰ ਪਾਇਆ = ਪਾਉਣਾ ਕੀਤਾ ਹੈ।

## ਤ੍ਰਿਸਨਾ ਸਕਲ ਬਿਨਾਸੀ ਮਨ ਤੇ; ਨਿਜ ਸੁਖ ਮਾਹਿ ਸਮਾਇਆ ॥੨॥

ਮਨ ਤੇ = ਤੋਂ ਸਕਲ = ਸਾਰੀ ਤ੍ਰਿਸ਼ਨਾ ਬਿਨਾਸੀ = ਨਾਸ਼ ਹੋ ਗਈ ਹੈ, ਅਤੇ ਮੇਰਾ ਮਨ ਨਿਜ = ਆਪਣੇ ਸੁਖ ਸਰੂਪ ਮਾਹਿ = ਵਿਚ ਸਮਾਇਆ = ਲੀਨ ਹੋ ਗਿਆ ਹੈ ॥੨॥

## ਜਾ ਕਉ ਹੋਤ ਦਇਆਲੁ ਕਿਰਪਾ ਨਿਧਿ; ਸੋ ਗੋਬਿੰਦ ਗੁਨ ਗਾਵੈ ॥

ਜਾ = ਜਿਸ ਮਨੁੱਖ ਕਉ = ਦੇ ਉੱਪਰ ਕਿਰਪਾ = ਮਿਹਰ ਦਾ ਨਿਧਿ = ਖ਼ਜ਼ਾਨਾ ਪ੍ਰਭੂ ਦਇਆਲੁ = ਮਿਹਰਵਾਨ ਹੋਤ = ਹੋ ਜਾਂਦਾ ਹੈ, ਸੋ = ਉਹੋ ਹੀ ਗੋਬਿੰਦ = ਪਰਮਾਤਮਾ ਦੇ ਗੁਣ ਗਾਵੈ = ਗਾਉਣਾ ਕਰਦਾ ਹੈ।

## ਕਹੁ ਨਾਨਕ ਇਹ ਬਿਧਿ ਕੀ ਸੰਪੈ; ਕੋਊ ਗੁਰਮੁਖਿ ਪਾਵੈ ॥੩॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮਾਤਾ ਜੀ ! ਇਹ = ਇਸ ਬਿਧਿ = ਪ੍ਰਕਾਰ ਦੀ (ਸ਼ੁਭ ਗੁਣਾਂ, ਗਿਆਨ) ਦੀ ਸੰਪੈ = ਬਿਭੂਤੀ ਕੋਊ = ਕੋਈ ਗੁਰਮੁਖ ਹੀ ਪਾਵੈ = ਪਾਉਣਾ ਕਰਦਾ ਹੈ ॥੩॥੩॥

## ਬਸੰਤੁ ਮਹਲਾ ੯ ॥
## ਮਨ; ਕਹਾ ਬਿਸਾਰਿਓ ਰਾਮ ਨਾਮੁ ॥
## ਤਨੁ ਬਿਨਸੈ; ਜਮ ਸਿਉ ਪਰੈ ਕਾਮੁ ॥੧॥ਰਹਾਉ ॥

ਹੇ ਮਨਾਂ ! ਤੂੰ ਰਾਮ = ਪਰਮਾਤਮਾ ਦਾ ਨਾਮ ਕਹਾ = ਕਿਸ ਲਈ ਬਿਸਾਰਿਓ = ਭੁਲਾਇਆ ਹੋਇਆ ਹੈ।

ਜਦੋਂ ਇਹ ਤਨੁ = ਸਰੀਰ ਬਿਨਸੈ = ਨਾਸ਼ ਹੋਵੇਗਾ, ਤਦੋਂ ਪਰਮਾਤਮਾ ਦੇ ਨਾਮ ਤੋਂ ਬਿਨਾਂ ਹੋਣ ਕਰਕੇ ਜਮ = ਯਮਰਾਜ, ਜਮਦੂਤਾਂ ਦੇ ਸਿਉ = ਨਾਲ ਹੀ ਕਾਮੁ = ਕੰਮ ਪਰੈ = ਪਵੇਗਾ, ਭਾਵ ਜਮਾਂ ਦੇ ਨਾਲ ਜਾਣਾ ਪਵੇਗਾ ॥੧॥ਰਹਾਉ॥

## ਇਹੁ ਜਗੁ; ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ; ਕਿਹ ਬਿਚਾਰਿ ॥੧॥

ਹੇ ਮਨਾਂ ! ਇਹ ਜਗੁ = ਸੰਸਾਰ ਤਾਂ ਇਕ ਧੂਏ = ਧੂਏਂ ਕਾ = ਦਾ ਪਹਾੜ ਹੈ, ਭਾਵ ਧੂੰਏਂ ਵਾਂਗ ਨਾਸ਼ਵਾਨ ਹੈ।

ਫੇਰ ਤੈ = ਤੂੰ ਕਿਹ = ਕਿਹੜੀ ਵਿਚਾਰ ਕਰਕੇ ਇਸ ਨਾਸ਼ਵਾਨ ਸੰਸਾਰ ਨੂੰ ਸਾਚਾ = ਸੱਚਾ ਮੰਨਿਆ ਹੋਇਆ ਹੈ।

[ਅੰਗ ੧੧੮੭]

## ਧਨੁ ਦਾਰਾ; ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ; ਸਮਝ ਲੇਹ ॥੨॥

ਜੋ ਧਨੁ = ਦੌਲਤ, ਦਾਰਾ = ਇਸਤ੍ਰੀ, ਸੰਪਤ = ਬਿਭੂਤੀ ਅਤੇ ਗ੍ਰੇਹ = ਘਰ ਆਦਿਕ ਹਨ।

ਤੂੰ ਸਮਝ ਲੇਹ = ਲੈਣਾ ਕਰ ਕਿ ਅੰਤ ਨੂੰ ਇਹ ਕਛੁ = ਕੁਝ ਵੀ ਸੰਗਿ = ਨਾਲ ਨਹੀਂ ਚਾਲੈ = ਚੱਲੇਗਾ ॥੨॥

## ਇਕ ਭਗਤਿ ਨਾਰਾਇਨ; ਹੋਇ ਸੰਗਿ ॥
## ਕਹੁ ਨਾਨਕ; ਭਜੁ ਤਿਹ ਏਕ ਰੰਗਿ ॥੩॥੪॥

ਕੇਵਲ ਇਕ ਨਾਰਾਇਨ = ਪਰਮਾਤਮਾ ਦੀ ਭਾਉ ਭਗਤਿ = ਭਗਤੀ ਹੀ ਤੇਰੇ ਸਦਾ ਸੰਗਿ = ਨਾਲ ਹੋਇ = ਹੋਵੇਗੀ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਹੇ ਮਨਾਂ ! ਤਿਹ = ਉਸ ਏਕ = ਇਕ ਪਰਮਾਤਮਾ ਨੂੰ ਰੰਗਿ = ਪ੍ਰੇਮ ਕਰਕੇ ਭਜੁ = ਸਿਮਰਨਾ ਕਰ ॥੩॥੪॥

## ਬਸੰਤੁ ਮਹਲਾ ੯ ॥
## ਕਹਾ ਭੂਲਿਓ ਰੇ; ਝੂਠੇ ਲੋਭ ਲਾਗ ॥
## ਕਛੁ ਬਿਗਰਿਓ ਨਾਹਨਿ; ਅਜਹੁ ਜਾਗ ॥੧॥ ਰਹਾਉ ॥

ਰੇ = ਹੇ ਭਾਈ! ਝੂਠੇ ਪਦਾਰਥਾਂ ਦੇ ਲੋਭ = ਲਾਲਚ ਵਿਚ ਲਾਗ = ਲੱਗ ਕੇ ਤੂੰ ਪਰਮਾਤਮਾ ਨੂੰ ਕਹਾ = ਕਿਸ ਲਈ ਭੂਲਿਓ = ਭੁੱਲੀ ਬੈਠਾ ਹੈਂ।

ਹੇ ਭਾਈ ! ਹੁਣ ਵੀ ਤੇਰਾ ਕਛੁ = ਕੁਝ ਬਿਗਰਿਓ = ਵਿਗੜਿਆ ਨਾਹਨਿ = ਨਹੀਂ ਹੈ, ਤੂੰ ਅਜਹੁ = ਅਜੇ ਵੀ ਅਵਿੱਦਿਆ ਦੀ ਨੀਂਦ ਤੋਂ ਗਿਆਨ ਅਵਸਥਾ ਵਿਚ ਜਾਗ = ਜਾਗਣਾ ਕਰ ॥੧॥ਰਹਾਉ॥

## ਸਮ ਸੁਪਨੈ ਕੈ; ਇਹੁ ਜਗੁ ਜਾਨੁ ॥ ਬਿਨਸੈ ਛਿਨ ਮੈ; ਸਾਚੀ ਮਾਨੁ ॥੧॥

ਹੇ ਭਾਈ! ਤੂੰ ਸੁਪਨੇ ਕੈ = ਦੇ ਸਮ = ਸਮਾਨ ਹੀ ਇਹੁ = ਇਸ ਜਗੁ = ਸੰਸਾਰ ਨੂੰ ਨਾਸ਼ਵੰਤ ਜਾਨੁ = ਜਾਨਣਾ ਕਰ।

ਜਿਵੇਂ ਜਾਗਣ ਨਾਲ ਸੁਪਨਾ ਨਾਸ਼ ਹੋ ਜਾਂਦਾ ਹੈ, ਇਉਂ ਗਿਆਨ ਅਵਸਥਾ ਵਿਚ ਜਾਗਣ ਨਾਲ ਇਹ ਛਿਨ ਮੈ = ਵਿਚ ਹੀ ਬਿਨਸੈ = ਨਾਸ਼ ਹੋ ਜਾਵੇਗਾ, ਤੂੰ ਇਹ ਗੱਲ ਸਾਚੀ = ਸੱਚੀ ਮਨ = ਮੰਨਣਾ ਕਰ ॥੧॥

## ਸੰਗਿ ਤੇਰੈ; ਹਰਿ ਬਸਤ ਨੀਤ ॥ ਨਿਸ ਬਾਸੁਰ; ਭਜੁ ਤਾਹਿ ਮੀਤ ॥੨॥

ਹੇ ਭਾਈ ! ਹਰਿ = ਪਰਮਾਤਮਾ ਨੀਤ = ਨਿਤਾਪ੍ਰਤੀ ਤੇਰੇ ਸੰਗਿ = ਨਾਲ ਹੀ ਬਸਤ = ਵੱਸਦਾ ਹੈ।

ਹੇ ਮੀਤ = ਮਿੱਤਰ! ਤੂੰ ਤਾਹਿ = ਉਸ ਪ੍ਰਭੂ ਨੂੰ ਨਿਸ = ਰਾਤ ਬਾਸੁਰ = ਦਿਨ ਭਜੁ = ਸਿਮਰਨਾ ਕਰ ॥੨॥

## ਬਾਰ ਅੰਤ ਕੀ; ਹੋਇ ਸਹਾਇ ॥
## ਕਹੁ ਨਾਨਕ; ਗੁਨ ਤਾ ਕੇ ਗਾਇ ॥੩॥੫॥

ਜੋ ਪ੍ਰਭੂ ਅੰਤ = ਅਖ਼ੀਰ ਕੀ = ਦੀ ਬਾਰ = ਵਾਰੀ, ਸਮੇਂ ਤੇਰਾ ਸਹਾਇ = ਸਹਾਇਕ ਹੋਇ = ਹੋਵੇਗਾ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਾ = ਉਸ ਪ੍ਰਭੂ ਕੇ = ਦੇ ਗੁਣਾਂ ਨੂੰ ਗਾਇ = ਗਾਉਣਾ ਕਰ ॥੩॥੫॥

# ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ

## ੧ੴ ਸਤਿਗੁਰ ਪ੍ਰਸਾਦਿ ॥

ਬਸੰਤ ਰਾਗ ਅੰਦਰ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਦੇ ਅੰਦਰ ਦੁਤੁਕੀਆ = ਦੋ-ਦੋ ਤੁਕਾਂ ਤੇ ਅੰਕਾਂ ਵਾਲੀ ਅਤੇ ਅਸਟਪਦੀਆ = ਅੱਠ-ਅੱਠ ਪਦਾਂ ਵਾਲੀ ਬਾਣੀ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਜਦੋਂ ਰਾਜੇ ਸ਼ਿਵਨਾਭ ਦੀ ਮਨਸੁਖ ਸ਼ਾਹੂਕਾਰ ਨਾਲ ਮੁਲਾਕਾਤ ਹੋਈ ਅਤੇ ਸਨਮੁਖ ਸ਼ਾਹ ਤੋਂ ਸ਼ਿਵਨਾਭ ਰਾਜੇ ਨੇ ਸਤਿਗੁਰੂ ਨਾਨਕ ਦੇਵ ਜੀ ਦੀ ਉਪਮਾ ਸੁਣੀ ਤਾਂ ਰਾਜੇ ਦੇ ਮਨ ਵਿਚ ਵੀ ਗੁਰਾਂ ਦੇ ਦਰਸ਼ਨ ਕਰਨ ਦੀ ਇੱਛਾ ਹੋਈ ਅਤੇ ਰਾਜੇ ਨੇ ਮਨਮੁਖ ਸ਼ਾਹ ਨੂੰ ਕਿਹਾ ਕਿ ਮੈਨੂੰ ਵੀ ਆਪਣੇ ਨਾਲ ਲਿਜਾ ਕੇ ਗੁਰੂ ਜੀ ਦੇ ਦਰਸ਼ਨ ਕਰਵਾਉ। ਤਦੋਂ ਮਨਸੁਖ ਸ਼ਾਹ ਨੇ ਕਿਹਾ ਕਿ ਮੈਂ ਸੁਣਿਆ ਹੈ ਕਿ ਗੁਰੂ ਨਾਨਕ ਦੇਵ ਜੀ ਹੁਣ ਮੋਦੀਖ਼ਾਨਾ ਛੱਡ ਕੇ ਦੇਸਾਂ ਪ੍ਰਦੇਸ਼ਾਂ ਵਿਚ ਸੰਗਤਾਂ ਨੂੰ ਤਾਰਨ ਲਈ ਵਿਚਰਨ ਲੱਗ ਪਏ ਹਨ, ਆਪਾਂ ਸਤਿਗੁਰਾਂ ਨੂੰ ਕਿਵੇਂ ਲੱਭ ਸਕਾਂਗੇ, ਸਤਿਗੁਰਾਂ ਨੂੰ ਲੱਭਦਿਆਂ ਬਹੁਤ ਸਮਾਂ ਲੱਗ ਜਾਵੇਗਾ। ਹੇ ਰਾਜਨ ! ਜੇਕਰ ਤੇਰੇ ਮਨ ਵਿਚ ਸਤਿਗੁਰਾਂ ਦੇ ਦਰਸ਼ਨਾਂ ਦੀ ਇੱਛਾ ਹੈ ਤਾਂ ਤੂੰ ਏਥੇ ਹੀ ਦਿਲ ਦੀ ਭਾਵਨਾ ਨਾਲ ਸਤਿਗੁਰਾਂ ਨੂੰ ਆਰਾਧਨਾ ਕਰ, ਮੇਰਾ ਨਿਸਚਾ ਹੈ ਕਿ ਉਹ ਅੰਤਰਜਾਮੀ ਸਤਿਗੁਰੂ ਜੀ ਤੈਨੂੰ ਏਥੇ ਹੀ ਆਣ ਕੇ ਦਰਸ਼ਨ ਦੇਣਗੇ। ਤਦੋਂ ਤੋਂ ਰਾਜਾ ਸ਼ਿਵਨਾਭ ਬੈਰਾਗੀ ਹੋ ਕੇ ਹਰ ਰੋਜ਼ ਸਤਿਗੁਰਾਂ ਦਾ ਸਿਮਰਨ ਕਰਨ ਲੱਗ ਪਿਆ। ਜਦੋਂ ਦੰਭੀ ਪਖੰਡੀ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਆਪਣਾ ਭੇਸ ਬਦਲ ਕੇ ਰਾਜੇ ਸ਼ਿਵਨਾਭ ਕੋਲ ਆ ਕੇ ਕਿਹਾ ਕਰਨ ਕਿ ਅਸੀਂ ਗੁਰੂ ਨਾਨਕ ਹਾਂ, ਪਰ ਰਾਜੇ ਨੂੰ ਕੋਈ ਸ਼ਾਂਤੀ ਨਾ ਆਵੇ, ਜਿਹੋ ਜਿਹੇ ਲੱਛਣ ਗੁਰੂ ਨਾਨਕ ਦੇਵ ਜੀ ਵਿਚ ਮਨਸੁਖ ਸ਼ਾਹੂਕਾਰ ਨੇ ਦੱਸੇ ਸਨ, ਉਹੋ ਜਿਹੇ ਇਨ੍ਹਾਂ ਦੇ ਜੀਵਨ 'ਚ ਨਾ ਦੇਖ ਕੇ ਰਾਜੇ ਨੂੰ ਬਹੁਤ ਉਦਾਸੀ ਹੋਈ। ਤਦੋਂ ਰਾਜੇ ਨੇ ਪਦਮਣੀਆਂ ਨੂੰ ਹੁਕਮ ਦੇ ਦਿੱਤਾ ਕਿ ਪਹਿਲਾਂ ਤੁਸੀਂ ਗੁਰੂ ਨਾਨਕ ਦੇਵ ਜੀ ਦਾ ਨਾਮ ਕਹਾ ਕੇ ਆਉਣ ਵਾਲਿਆਂ ਦੀ ਪਰਖ ਕਰਿਆ ਕਰੋ। ਇਸ ਪਰਖਣਾ ਵਿਚ ਪਖੰਡੀ ਲੋਕ ਸ਼ਰਮਿੰਦੇ ਹੋ ਹੋ ਕੇ ਹਾਰ ਕੇ ਜਾਣ ਲੱਗੇ, ਕੋਈ ਵੀ ਪਰਖਣਾ ਵਿਚ ਪੂਰਾ ਨਾ ਉਤਰਿਆ ਤੇ ਰਾਜਾ ਨਿਸ਼ਰਧਕ ਹੋਣ ਲੱਗਾ।

ਸੋ ਇਸ ਰਾਜੇ ਦੀ ਭਾਵਨਾ ਪੂਰੀ ਕਰਨ ਲਈ ਅੰਤਰਜਾਮੀ ਸਤਿਗੁਰੂ ਜੀ ਸੰਗਲਾਦੀਪ ਵਿਖੇ ਪਹੁੰਚ ਗਏ। ਜਦੋਂ ਸਤਿਗੁਰੂ ਜੀ ਸ਼ਿਵਨਾਭ ਰਾਜੇ ਦੇ ਸੁੱਕੇ ਬਾਗ਼ ਵਿਚ ਪਹੁੰਚੇ ਤਾਂ ਸਤਿਗੁਰਾਂ ਦੇ ਚਰਨ ਪੈਣ ਨਾਲ ਸਾਰਾ ਬਾਗ਼ ਹਰਾ ਭਰਾ ਹੋ ਗਿਆ। ਮਾਲੀ ਨੇ ਜਾ ਕੇ ਰਾਜੇ ਸ਼ਿਵਨਾਭ ਨੂੰ ਦੱਸਿਆ ਕਿ ਕੁਝ ਫ਼ਕੀਰ ਆਏ ਹਨ, ਉਨ੍ਹਾਂ ਦੇ ਆਉਣ ਨਾਲ ਸਾਰਾ ਬਾਗ਼ ਹਰਾ ਭਰਾ ਹੋ ਗਿਆ ਹੈ, ਰਾਜਾ ਸੁਣ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ ਅਤੇ ਮਨ ਵਿਚ ਸੰਸਾ ਵੀ ਹੋ ਗਿਆ ਕਿ ਕਿਤੇ ਕੋਈ ਤਾਕਤ ਵਾਲੇ ਸਿੱਧ ਹੀ ਨਾ ਹੋਣ, ਇਸ ਲਈ ਮੈਂ ਇਨ੍ਹਾਂ ਦੀ ਵੀ ਪਹਿਲਾਂ ਪਰਖ ਕਰ ਲਵਾਂ, ਫੇਰ ਦਰਸ਼ਨ ਕਰਨ ਜਾਵਾਂਗਾ। ਇਹ ਸੋਚ ਕੇ ਰਾਜੇ ਸ਼ਿਵਨਾਭ ਨੇ ਸਤਿਗੁਰਾਂ ਪਾਸ ਪਦਮਣੀਆਂ ਭੇਜੀਆਂ, ਜਿਨ੍ਹਾਂ ਔਰਤਾਂ ਨੇ ਸਤਿਗੁਰਾਂ ਦੇ ਪਾਸ ਜਾ ਕੇ ਬਹੁਤ ਹਾਵ-ਭਾਵ ਦਿਖਾ ਕੇ ਸਤਿਗੁਰਾਂ ਨੂੰ ਮੋਹਿਤ ਕਰਨਾ ਚਾਹਿਆ, ਪਰੰਤੂ ਸਤਿਗੁਰੂ ਜੀ ਅਡੋਲ ਅਵਸਥਾ ਵਿਚ ਬੈਠੇ ਰਹੇ ਅਤੇ ਪੁਤ੍ਰੀ ਸ਼ਬਦ ਨਾਲ ਸੰਬੋਧਨ ਕਰਕੇ ਉਨ੍ਹਾਂ ਦੀ ਮੰਦ ਵਾਸ਼ਨਾ ਹੀ ਮੇਟ ਦਿੱਤੀ। ਇਹ ਸ਼ਬਦ ਉਚਾਰਣ ਕਰਕੇ ਉਪਦੇਸ਼ ਬਖ਼ਸ਼ਿਸ਼ ਕੀਤਾ।

ਉਨ੍ਹਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਆਪ ਜੀ ਤੋਂ ਬਿਨਾਂ ਏਥੇ ਜੋ ਵੀ ਮਹਾਤਮਾ ਆਏ, ਉਹ ਸਾਰੇ ਕਿਉਂ ਡੋਲ ਜਾਂਦੇ ਰਹੇ। ਤੁਸੀਂ ਕਿਵੇਂ ਅਡੋਲ ਬੈਠੇ ਹੋ, ਤਦੋਂ ਉਚਾਰਣ ਕਰਦੇ ਹਨ।

## ਜਗੁ ਕਊਆ; ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ; ਗਿਰੈ ਦੇਖੁ ਭੀਤਿ ॥

ਇਹ ਜਗੁ = ਸੰਸਾਰ ਕਊਆ = ਕਾਂ ਦੀ ਨਿਆਈਂ ਵਿਸ਼ਿਆਂ ਰੂਪੀ ਵਿਸ਼ਟਾ ਖਾਣ ਵਾਲਾ ਹੈ, ਜੋ ਪਰਮਾਤਮਾ ਦਾ ਨਾਮ ਚੀਤਿ = ਚੇਤੇ ਨਹੀਂ ਕਰਦਾ।

ਪਰਮਾਤਮਾ ਦੇ ਨਾਮ ਨੂੰ ਬਿਸਾਰਿ = ਭੁਲਾ ਕੇ ਵਿਸ਼ਿਆਂ ਰੂਪੀ ਭੀਤਿ = ਚੋਗੇ ਨੂੰ ਦੇਖ ਕੇ ਆਪਣੇ ਜੀਵਨ ਤੋਂ ਗਿਰੈ = ਡਿੱਗ ਜਾਂਦਾ ਹੈ। (ਸਿੰਧੀ ਬੋਲੀ ਵਿਚ 'ਭੀਤਿ' ਦਾ ਅਰਥ 'ਚੋਗਾ' ਹੈ।)

## ਮਨੂਆ ਡੋਲੈ; ਚੀਤਿ ਅਨੀਤਿ ॥ ਜਗ ਸਿਉ ਤੂਟੀ; ਝੂਠ ਪਰੀਤਿ ॥੧॥

ਐਸੇ ਜੀਵ ਦਾ ਮਨੂਆ = ਮਨ ਵਿਕਾਰਾਂ ਵਿਚ ਡੋਲੈ = ਡੋਲਦਾ ਰਹਿੰਦਾ ਹੈ ਅਤੇ ਚੀਤਿ = ਚਿੱਤ ਅਨੀਤਿ = ਅਨਿੱਤ (ਮਿਥਿਆ) ਪਦਾਰਥਾਂ 'ਚ ਲੱਗਾ ਰਹਿੰਦਾ ਹੈ **ਵਾ:** ਚਿੱਤ ਵਿਚ ਅਨੀਤਿ = ਬਦਨੀਤੀ ਹੈ।

ਪਰ ਇਹ ਝੂਠੀ ਪ੍ਰੀਤੀ ਜਾਣ ਕੇ ਅਸੀਂ ਜਗ = ਜਗਤ ਸਿਉ = ਨਾਲੋਂ ਆਪਣੀ ਪ੍ਰੀਤੀ ਤੂਟੀ = ਤੋੜ ਲਈ ਹੈ **ਵਾ:** ਝੂਠੇ ਸੰਸਾਰ ਨਾਲੋਂ ਆਪਣੀ ਪ੍ਰੀਤੀ ਤੋੜ ਲਈ ਹੈ **ਵਾ:** ਜਗਤ ਦੀ ਝੂਠੀ ਪ੍ਰੀਤੀ ਟੁੱਟ ਗਈ ਹੈ॥੧॥

## ਕਾਮੁ ਕ੍ਰੋਧੁ; ਬਿਖੁ ਬਜਰੁ ਭਾਰੁ ॥
## ਨਾਮ ਬਿਨਾ; ਕੈਸੇ ਗੁਨ ਚਾਰੁ ॥੧॥ਰਹਾਉ॥

ਜੀਵ ਦੇ ਸਿਰ ਉੱਪਰ ਕਾਮੁ = ਵਿਕਾਰ ਦ੍ਰਿਸ਼ਟੀ ਅਤੇ ਕ੍ਰੋਧੁ = ਗ਼ੁੱਸੇ ਆਦਿ ਬਿਖੁ = ਵਿਹੁ ਰੂਪ ਵਿਸ਼ਿਆਂ ਦਾ ਬਜਰੁ = ਸਖ਼ਤ ਪੱਥਰ ਵਾਂਗ ਭਾਰ ਪਿਆ ਰਹਿੰਦਾ ਹੈ।

ਪਰਮਾਤਮਾ ਦੇ ਨਾਮ ਜਪਣ ਤੋਂ ਬਿਨਾ = ਬਗ਼ੈਰ ਚਾਰੁ = ਸੁੰਦਰ ਸ਼ੁੱਭ ਗੁਣ ਕੈਸੇ = ਕਿਵੇਂ ਪ੍ਰਾਪਤ ਹੋ ਸਕਦੇ ਹਨ, ਭਾਵ ਪ੍ਰਾਪਤ ਨਹੀਂ ਹੋ ਸਕਦੇ॥੧॥ਰਹਾਉ॥

## ਘਰੁ ਬਾਲੂ ਕਾ; ਘੂਮਨ ਘੇਰਿ ॥ ਬਰਖਸਿ ਬਾਣੀ; ਬੁਦਬੁਦਾ ਹੇਰਿ ॥

ਜੀਵ ਦਾ ਸਰੀਰ ਪੰਜਾਂ ਤੱਤਾਂ ਰੂਪੀ ਬਾਲੂ = ਰੇਤੇ ਕਾ = ਦਾ ਘਰ ਹੈ, ਜੋ ਕਾਲ ਰੂਪੀ ਘੂਮਨ ਘੇਰਿ = ਘੁੰਮਣ ਘੇਰੀ ਵਿਚ ਪਿਆ ਰਹਿੰਦਾ ਹੈ।

ਜਿਵੇਂ ਬਰਖਸਿ = ਵਰਖਾ ਦੇ ਪਾਣੀ ਵਿਚ ਬੁਦਬੁਦਾ = ਬੁਲਬੁਲੇ ਦੀ ਬਾਣੀ = ਬਨਾਵਟ ਹੇਰਿ = ਦੇਖੀਦੀ ਹੈ, ਇਉਂ ਪਦਾਰਥਾਂ ਦੇ ਮੋਹ ਰੂਪੀ ਵਰਖਾ ਪੈਣ ਕਰਕੇ ਸਰੀਰਾਂ ਰੂਪੀ ਬੁਲਬੁਲਿਆਂ ਦੀ ਰਚਨਾ ਦੇਖੀਦੀ ਹੈ।

## ਮਾਤ੍ਰ ਬੂੰਦ ਤੇ; ਧਰਿ ਚਕੁ ਫੇਰਿ ॥ ਸਰਬ ਜੋਤਿ; ਨਾਮੈ ਕੀ ਚੇਰਿ ॥੨॥

ਜਿਵੇਂ ਘੁਮਿਆਰ ਚੱਕ ਨੂੰ ਫੇਰਿ = ਘੁਮਾ ਕੇ ਬੂੰਦ ਮਾਤ੍ਰ ਪਾਣੀ ਛਿੜਕ ਛਿੜਕ ਕੇ ਮਿੱਟੀ ਤੋਂ ਭਾਂਡੇ ਬਣਾ ਦੇਂਦਾ ਹੈ, ਇਉਂ ਪ੍ਰਭੂ ਕਾਲ ਰੂਪੀ ਚੱਕ੍ਰ ਫੇਰ ਕੇ ਮਾਤਾ ਦੀ ਗਰਭ ਰੂਪੀ ਧਰਤੀ ਅੰਦਰ ਪਿਤਾ ਦੇ ਵੀਰਜ ਦੀ ਬੂੰਦ ਮਾਤ੍ਰ ਤੋਂ ਸਰੀਰ ਰਚ ਦੇਂਦਾ ਹੈ।

ਪਰ ਸਰਬ = ਸਾਰੀਆਂ ਜੋਤਿ = ਸ਼ਕਤੀਆਂ ਪਰਮਾਤਮਾ ਦੇ ਨਾਮੈ = ਨਾਮ ਕੀ = ਦੀਆਂ ਚੇਰਿ = ਦਾਸੀਆਂ ਹਨ **ਵਾ:** ਜਿਸ ਪ੍ਰਭੂ ਦੀ ਸਾਰੇ ਸਰੀਰਾਂ ਅੰਦਰ ਜੋਤ ਪ੍ਰਕਾਸ਼ ਰਹੀ ਹੈ, ਉਸ ਦੇ ਨਾਮ ਦੀ ਦਾਸੀ ਬਣ॥੨॥

## ਸਰਬ ਉਪਾਇ; ਗੁਰੂ ਸਿਰਿ ਮੋਰੁ ॥ ਭਗਤਿ ਕਰਉ; ਪਗ ਲਾਗਉ ਤੋਰ ॥

ਅਸੀਂ ਪ੍ਰਭੂ ਅੱਗੇ ਇਉਂ ਬੇਨਤੀ ਕਰਦੇ ਹਾਂ ਕਿ ਹੇ ਪ੍ਰਭੂ ! ਮੋਰੁ = ਮੇਰੇ ਸਿਰ ਦੇ ਉੱਪਰ ਤੂੰ ਆਪ ਹੀ ਗੁਰੂ ਸਰੂਪ ਹੋ ਕੇ ਸਰਬ = ਸਾਰੇ ਉਪਾਇ = ਉਪਾਅ ਕਰਨ ਵਾਲਾ ਹੈਂ।

ਮੈਂ ਤੋਰ = ਤੇਰੇ ਪਗ = ਚਰਨਾਂ ਵਿਚ ਲਾਗਉ = ਲੱਗ ਕੇ ਤੇਰੀ ਭਗਤਿ = ਭਗਤੀ ਕਰਉ = ਕਰਦਾ ਹਾਂ।

## ਨਾਮਿ ਰਤੋ; ਚਾਹਉ ਤੁਝ ਓਰੁ ॥ ਨਾਮੁ ਦੁਰਾਇ ਚਲੈ; ਸੋ ਚੋਰੁ ॥੩॥

ਹੇ ਪ੍ਰਭੂ ! ਮੈਂ ਤੇਰੇ ਨਾਮ ਵਿਚ ਰਤੋ = ਰੰਗਿਆ ਹੋਇਆ ਤੇਰੀ ਹੀ ਓਰੁ = ਤਰਫ਼ ਚਾਹਉ = ਚਾਹੁੰਦਾ ਹਾਂ।

ਜੋ ਤੇਰੇ ਨਾਮ ਵੱਲੋਂ ਚਿੱਤ ਨੂੰ ਦੁਰਾਇ = ਲੁਕੋ ਕੇ ਚੱਲਦੇ ਹਨ, ਸੋ = ਉਹ ਚੋਰ ਦੀ ਨਿਆਈਂ ਹਨ **ਵਾ:** ਉਹ ਚੋਰ ਜੂਨਾਂ ਵਿਚ ਚੱਲਦੇ ਹਨ ॥੩॥

## ਪਤਿ ਖੋਈ; ਬਿਖੁ ਅੰਚਲਿ ਪਾਇ ॥
## ਸਾਚ ਨਾਮਿ ਰਤੋ; ਪਤਿ ਸਿਉ ਘਰਿ ਜਾਇ ॥

ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਅੰਚਲਿ = ਪੱਲੇ ਵਿਚ ਬਿਖੁ = ਵਿਸ਼ਿਆਂ ਦੀ ਵਾਸ਼ਨਾ ਪਾਇ = ਪਾਉਣਾ ਕੀਤੀ ਹੈ, ਉਨ੍ਹਾਂ ਨੇ ਆਪਣੀ ਪਤਿ = ਇੱਜ਼ਤ ਖੋਈ = ਗੁਆ ਲਈ ਹੈ।

ਜੋ ਪਰਮਾਤਮਾ ਦੇ ਸਾਚੁ = ਸੱਚੇ ਨਾਮ ਵਿਚ ਰਤੋ = ਰੰਗੇ ਹੋਏ ਹਨ, ਉਹ ਪਤਿ = ਇੱਜ਼ਤ ਦੇ ਸਿਉ = ਨਾਲ ਆਪਣੇ ਪ੍ਰਲੋਕ ਰੂਪੀ ਘਰ ਵਿਚ ਜਾਇ = ਜਾਂਦੇ ਹਨ।

## ਜੋ ਕਿਛੁ ਕੀਨ੍ਸਿ; ਪ੍ਰਭੁ ਰਜਾਇ ॥ ਭੈ ਮਾਨੈ; ਨਿਰਭਉ ਮੇਰੀ ਮਾਇ ॥੪॥

ਉਹ ਜਾਣਦੇ ਹਨ ਕਿ ਜੋ = ਜਿਹੜਾ ਕਿਛੁ = ਕੁਝ ਵੀ ਕੀਨ੍ਸਿ = ਕਰਦਾ ਹੈ, ਉਹ ਪ੍ਰਭੂ ਆਪਣੀ ਰਜਾਇ = ਆਗਿਆ ਵਿਚ ਹੀ ਕਰਦਾ ਹੈ।

ਹੇ ਮੇਰੀ ਮਾਇ = ਮਾਂ, ਸਖੀਓ ! ਸੁਣਨਾ ਕਰੋ, ਜੋ ਪ੍ਰਭੂ ਦਾ ਭੈ = ਡਰ ਮਾਨੈ = ਮੰਨਦੇ ਹਨ, ਉਹ ਜਮਦੂਤ ਆਦਿ ਦੇ ਨਿਰਭਉ = ਭੈ ਤੋਂ ਰਹਿਤ ਹੋ ਜਾਂਦੇ ਹਨ ॥੪॥

## ਕਾਮਨਿ ਚਾਹੈ; ਸੁੰਦਰਿ ਭੋਗੁ ॥ ਪਾਨ ਫੂਲ; ਮੀਠੇ ਰਸ ਰੋਗ ॥

ਜਿਵੇਂ ਤੁਸੀਂ ਕਾਮਨਿ = ਇਸਤ੍ਰੀਆਂ ਸੁੰਦਰ ਭੋਗ ਪਦਾਰਥਾਂ ਨੂੰ ਚਾਹੈ = ਚਾਹੁੰਦੀਆਂ ਹੋ। ਫੇਰ ਪਾਨਾਂ ਦੇ ਬੀੜੇ ਚੱਬਦੀਆਂ, ਫੁੱਲਾਂ ਦੇ ਹਾਰ ਗਲ ਵਿਚ ਪਾਉਂਦੀਆਂ ਹੋ, ਮਿੱਠੇ ਮਿੱਠੇ ਰਸ ਖਾਣਾ ਕਰਦੀਆਂ ਹੋ, ਇਹ ਸਾਰੇ ਅੰਤ ਨੂੰ ਰੋਗ ਰੂਪ ਹੀ ਹਨ।

## ਖੀਲੈ ਬਿਗਸੈ; ਤੇਤੋ ਸੋਗ ॥ ਪ੍ਰਭ ਸਰਣਾਗਤਿ; ਕੀਨ੍ਸਿ ਹੋਗ ॥੫॥

ਜੀਵ ਜਿਤਨਾ ਇਸਤ੍ਰੀਆਂ ਨਾਲ ਖੀਲੈ = ਕ੍ਰੀੜਾ ਕਰਦਾ ਹੋਇਆ ਬਿਗਸੈ = ਖ਼ੁਸ਼ ਹੁੰਦਾ ਹੈ, ਉਸ ਨੂੰ ਤੇਤੋ = ਉਤਨਾ ਹੀ ਸੋਗ = ਗ਼ਮ ਪ੍ਰਾਪਤ ਹੁੰਦਾ ਹੈ **ਵਾ:** ਉਨ੍ਹਾਂ ਇਸਤ੍ਰੀਆਂ ਦੇ ਵਿਜੋਗ ਕਰਕੇ ਸੋਗ ਦੇ ਸਹਿਤ ਰਹਿੰਦਾ ਹੈ।

ਜੋ ਪ੍ਰਭ = ਪਰਮਾਤਮਾ ਦੀ ਸਰਣਾਗਤਿ = ਸ਼ਰਨ ਵਿਚ ਆਏ ਹਨ, ਉਹ ਇਹ ਨਿਸਚਾ ਕਰਦੇ ਹਨ ਕਿ ਪ੍ਰਭੂ ਜੋ ਵੀ ਕੀਨ੍ਸਿ = ਕਰਦਾ ਹੈ, ਉਹੋ ਹੀ ਹੋਗ = ਹੁੰਦਾ ਹੈ ॥੫॥

## ਕਾਪੜੁ ਪਹਿਰਸਿ; ਅਧਿਕੁ ਸੀਗਾਰੁ ॥ ਮਾਟੀ ਫੂਲੀ; ਰੂਪੁ ਬਿਕਾਰੁ ॥

ਜੋ ਤੁਸੀਂ ਸੋਹਣੇ ਸੋਹਣੇ ਕਾਪੜ = ਕੱਪੜੇ ਪਹਿਰਸਿ = ਪਹਿਣਦੀਆਂ ਹੋ ਅਤੇ ਅਧਿਕੁ = ਬਹੁਤ ਸੀਗਾਰੁ = ਸ਼ਿੰਗਾਰ ਕਰਦੀਆਂ ਹੋ।

ਇਹ ਤਾਂ ਜੁਵਾ ਅਵਸਥਾ ਰੂਪੀ ਸੂਰਜ ਚੜ੍ਹਨ ਕਰਕੇ ਦੇਹ ਰੂਪੀ ਮਾਟੀ = ਮਿੱਟੀ ਫੂਲੀ = ਫੁੱਲੀ ਹੋਈ ਹੈ, ਇਹ ਸੁੰਦਰ ਰੂਪ ਅੰਤ ਨੂੰ ਵਿਕਾਰ ਰੂਪ ਹੈ **ਵਾ:** ਬਿਕਾਰੁ = ਬਦਲ ਜਾਣ ਵਾਲਾ ਹੈ।

## ਆਸਾ ਮਨਸਾ; ਬਾਂਧੋ ਬਾਰੁ ॥ ਨਾਮ ਬਿਨਾ; ਸੂਨਾ ਘਰੁ ਬਾਰੁ ॥੬॥

ਪਦਾਰਥਾਂ ਦੀਆਂ ਆਸਾਂ ਤੇ ਵਿਸ਼ਿਆਂ ਦੀ ਮਨਸਾ = ਵਾਸ਼ਨਾ ਵਾਲੇ, ਪਰਮਾਤਮਾ ਦੇ ਬਾਰੁ = ਦੁਆਰ ਵਿਚ ਬਾਂਧੋ = ਬੱਝੇ ਜਾਂਦੇ ਹਨ।

ਪਰਮਾਤਮਾ ਦੇ ਨਾਮ ਤੋਂ ਬਿਨਾ = ਬਗ਼ੈਰ ਹਿਰਦਾ ਰੂਪੀ ਘਰ ਅਤੇ ਬਾਰੁ = ਦਰਵਾਜ਼ਾ, ਮੁਖ ਸੂਨਾ = ਖ਼ਾਲੀ ਹੀ ਰਹਿ ਜਾਂਦਾ ਹੈ ॥੬॥

## ਗਾਛਹੁ ਪੁਤ੍ਰੀ; ਰਾਜ ਕੁਆਰਿ ॥ ਨਾਮੁ ਭਣਹੁ ਸਚੁ; ਦੋਤੁ ਸਵਾਰਿ ॥

ਹੇ ਰਾਜ ਕੁਆਰਿ = ਰਾਜ ਦਾਸੀਓ ਤੇ ਸਾਡੀ ਪੁਤ੍ਰੀ = ਧੀਓ ! ਤੁਸੀਂ ਏਥੋਂ ਗਾਛਹੁ = ਚਲੀਆਂ ਜਾਵੋ।

ਅਤੇ ਦੋਤੁ = ਅੰਮ੍ਰਿਤ ਵੇਲੇ ਨੂੰ ਸਵਾਰਿ = ਸੰਭਾਲ ਕੇ ਸਚੁ = ਸੱਚੇ ਪਰਮਾਤਮਾ ਦਾ ਨਾਮ ਭਣਹੁ = ਉਚਾਰਣ ਕਰੋ **ਵਾ:** ਦੋਤੁ = ਦਿਨ ਚੜ੍ਹਦੇ ਤੋਂ ਹੀ ਸੱਚੇ ਪ੍ਰਭੂ ਦਾ ਨਾਮ ਉਚਾਰਣ ਕਰੋ, ਇਉਂ ਤੁਸੀਂ ਆਪਣੇ ਜੀਵਨ ਨੂੰ ਸੰਵਾਰ ਲਵੋਗੀਆਂ **ਵਾ:** ਜੇ ਨਾਮ ਉਚਾਰਣ ਕਰੋਗੀਆਂ, ਤਦੋਂ ਸੱਚੇ ਦਾ ਅਪ੍ਰੋਖ ਗਿਆਨ ਰੂਪੀ ਦਿਨ ਉਦੇ ਹੋ ਜਾਵੇਗਾ ਅਤੇ ਤੁਹਾਡਾ ਜੀਵਨ ਸਫਲ ਹੋ ਜਾਵੇਗਾ **ਵਾ:** ਨਾਮ ਜਪੋ ਅਤੇ ਸੱਚੀ ਸ਼ੁੱਭ ਗੁਣਾਂ ਦੀ ਦੋਤੁ = ਸੁੰਦਰਤਾ ਨਾਲ ਆਪਾ ਸੰਵਾਰਨਾ ਕਰੋ।

## ਪ੍ਰਿਉ ਸੇਵਹੁ; ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ; ਬਿਖੁ ਤਿਆਸ ਨਿਵਾਰਿ ॥੭॥

ਜਾਉ ਧੀਉ, ਆਪਣੇ ਪ੍ਰਿਉ = ਪਤੀਆਂ ਦੀ ਸੇਵਹੁ = ਸੇਵਾ ਕਰੋ ਅਤੇ ਹਿਰਦੇ ਵਿਚ ਪ੍ਰਭ = ਪਰਮਾਤਮਾ ਦੇ ਪ੍ਰੇਮ ਦਾ ਅਧਾਰਿ = ਆਸਰਾ ਲਵੋ **ਵਾ:** ਸਭ ਦੇ ਆਸਰਾ ਰੂਪ ਪ੍ਰਭੂ-ਪਤੀ ਨੂੰ ਪ੍ਰੇਮ ਨਾਲ ਸੇਵਨਾ ਕਰੋ।

ਗੁਰਾਂ ਦੇ ਸਬਦੀ = ਉਪਦੇਸ਼ ਦੀ ਕਮਾਈ ਕਰਕੇ ਬਿਖੁ = ਵਿਹੁ ਰੂਪ ਵਿਸ਼ਿਆਂ ਦੀ ਤਿਆਸ = ਤ੍ਰੇਹ ਨੂੰ ਨਿਵਾਰਿ = ਦੂਰ ਕਰੋ ॥੭॥

ਸਤਿਗੁਰਾਂ ਦੇ ਐਸੇ ਬਚਨ ਸੁਣ ਕੇ ਉਨ੍ਹਾਂ ਨੂੰ ਆਪਣੇ ਜੀਵਨ ਉੱਪਰ ਬਹੁਤ ਸ਼ਰਮ ਆਈ ਅਤੇ ਸਤਿਗੁਰਾਂ ਤੋਂ ਮੁਆਫ਼ੀ ਮੰਗੀ, ਫੇਰ ਉਨ੍ਹਾਂ ਨੇ ਬੇਨਤੀ ਕੀਤੀ ਕਿ ਹੇ ਮਹਾਰਾਜ! ਸਾਡੇ ਸਰੂਪ ਨੂੰ ਦੇਖ ਕੇ ਤੁਹਾਡੇ ਤੋਂ ਪਹਿਲਾਂ ਆਉਣ ਵਾਲੇ ਸਾਰੇ ਹੀ ਮੋਹਿਤ ਹੋ ਗਏ ਸਨ, ਤੁਸੀਂ ਸਾਨੂੰ ਵੇਖ ਕੇ ਮੋਹਿਤ ਕਿਉਂ ਨਹੀਂ ਹੋਏ ?

ਤਦੋਂ ਸਤਿਗੁਰਾਂ ਨੇ ਕਿਹਾ ਕਿ ਇਹ ਸੰਸਾਰ ਦੀ ਰੀਤੀ ਹੀ ਚੱਲੀ ਆਉਂਦੀ ਹੈ ਕਿ ਇਕ ਇਸਤ੍ਰੀ ਦੂਜੀ ਇਸਤ੍ਰੀ ਨੂੰ ਆਪਣੇ ਸਰੂਪ 'ਤੇ ਮੋਹਿਤ ਨਹੀਂ ਕਰ ਸਕਦੀ, ਮੈਂ ਵੀ ਅਕਾਲ ਪੁਰਖ ਦੀ ਇਸਤ੍ਰੀ ਹਾਂ।

## ਮੋਹਨਿ; ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ; ਪਛਾਨਾ ਤੋਹਿ ॥

ਮੋਹਨਿ = ਮੋਹਿਤ ਕਰਨ ਵਾਲੇ ਪਰਮਾਤਮਾ ਨੇ ਮੋਹਿ = ਮੇਰਾ ਮਨ ਮੋਹਿ = ਮੋਹਿਤ ਕਰ ਲੀਆ = ਲਿਆ ਹੈ।

ਅਤੇ ਉਸ ਗੁਰੂ ਅਕਾਲ ਪੁਰਖ ਕੈ = ਦੇ ਸਬਦਿ = ਉਪਦੇਸ਼ ਕਰਕੇ ਮੈਂ ਤੋਹਿ = ਤੁਹਾਨੂੰ ਪਛਾਨਾ = ਪਛਾਣ

ਲਿਆ ਹੈ, ਭਾਵ ਤੁਹਾਡਾ ਰੂਪ ਨਾਸ਼ਵੰਤ ਹੈ, ਇਹ ਸਾਰਾ ਤਨ ਗੰਦਗੀ ਦੇ ਨਾਲ ਭਰਿਆ ਹੋਇਆ ਹੈ, ਇਸ ਨਾਲ ਕੀ ਮੋਹ ਕਰਨਾ ਹੈ।

**ਅਥਵਾ** ਹੇ ਪ੍ਰਭੂ ! ਗੁਰਾਂ ਦੇ ਉਪਦੇਸ਼ ਦੁਆਰਾ ਮੈਂ ਤੈਨੂੰ ਸਤਿ-ਚਿੱਤ ਅਨੰਦ ਸਰੂਪ ਪਛਾਣਨਾ ਕੀਤਾ ਹੈ।

ਫੇਰ ਉਨ੍ਹਾਂ ਪਦਮਣੀਆਂ ਨੇ ਬੇਨਤੀ ਕੀਤੀ ਕਿ ਹੇ ਮਹਾਰਾਜ ! ਸਾਨੂੰ ਬਖ਼ਸ਼ ਲਵੋ, ਤਦੋਂ ਸਤਿਗੁਰੂ ਜੀ ਪ੍ਰਭੂ ਦੇ ਸਨਮੁਖ ਬੇਨਤੀ ਪੂਰਬਕ ਉਚਾਰਣ ਕਰਦੇ ਹਨ।

## ਨਾਨਕ; ਠਾਢੇ ਚਾਹਹਿ ਪ੍ਰਭੂ ਦੁਆਰਿ ॥
## ਤੇਰੇ ਨਾਮਿ ਸੰਤੋਖੇ; ਕਿਰਪਾ ਧਾਰਿ ॥੮॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਅਸੀਂ ਸਭ ਜੀਵ ਤੇਰੇ ਸਤਿਸੰਗਤ ਰੂਪੀ ਦੁਆਰਿ = ਦਰ ਉੱਪਰ ਠਾਢੇ = ਖੜੇ ਹੋਏ ਆਪਣੇ ਆਪ ਨੂੰ ਬਖ਼ਸ਼ਾਉਣਾ **ਵਾ:** ਤੇਰਾ ਦਰਸ਼ਨ ਚਾਹਹਿ = ਚਾਹੁੰਦੇ ਹਾਂ।

ਤੇਰੇ ਨਾਮ ਕਰਕੇ ਭਗਤ ਜਨਾਂ ਦੇ ਚਿੱਤ ਸੰਤੋਖੇ = ਸੰਤੋਖ ਦੇ ਸਹਿਤ ਹੋਏ ਹਨ, ਤੂੰ ਸਾਡੇ ਉੱਪਰ ਵੀ ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਧਾਰਨੀ ਕਰ ॥੮॥੧॥

ਇਹ ਉਪਦੇਸ਼ ਸੁਣ ਕੇ ਉਨ੍ਹਾਂ ਪਦਮਣੀਆਂ ਦੀ ਸਾਰੀ ਮੰਦੀ ਵਾਸ਼ਨਾ ਨਵਿਰਤ ਹੋ ਗਈ ਅਤੇ ਉਨ੍ਹਾਂ ਨੇ ਪ੍ਰਣ ਕੀਤਾ ਕਿ ਅਸੀਂ ਆਪਣੇ ਪਤੀਬਰਤਾ ਧਰਮ ਵਿਚ ਪ੍ਰਪੱਕ ਰਹਾਂਗੀਆਂ, ਇਉਂ ਉਹ ਸਤਿਗੁਰਾਂ ਦੇ ਚਰਨਾਂ 'ਤੇ ਨਮਸਕਾਰ ਕਰਕੇ ਰਾਜੇ ਸ਼ਿਵਨਾਭ ਕੋਲ ਗਈਆਂ ਅਤੇ ਜਾ ਕੇ ਕਿਹਾ ਕਿ ਇਹ ਪੂਰਨ ਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਨ, ਤੁਸੀਂ ਜਾ ਕੇ ਉਨ੍ਹਾਂ ਦੀ ਸ਼ਰਨ ਵਿਚ ਪੈਣਾ ਕਰੋ। ਇਤਨੇ ਬਚਨ ਸੁਣ ਕੇ ਰਾਜਾ ਸ਼ਿਵਨਾਭ ਸਤਿਗੁਰਾਂ ਦੇ ਦਰਸ਼ਨ ਕਰਨ ਚੱਲ ਪਿਆ। ਉਸ ਬਾਗ਼ ਵਿਚ ਇਕ ਛੋਟਾ ਜਿਹਾ ਮੰਦਰ (ਮਕਾਨ) ਬਣਿਆ ਹੋਇਆ ਸੀ, ਸਤਿਗੁਰੂ ਜੀ ਰਾਜੇ ਨੂੰ ਆਉਂਦਾ ਦੇਖ ਕੇ ਉਸ ਮੰਦਰ ਵਿਚ ਦਾਖ਼ਲ ਹੋ ਗਏ ਅਤੇ ਬੂਹਾ ਬੰਦ ਕਰ ਲਿਆ, ਉਸ ਵੇਲੇ ਰਾਜੇ ਨੇ ਸਤਿਗੁਰਾਂ ਪਾਸ ਜੋ ਬੇਨਤੀਆਂ ਕੀਤੀਆਂ ਤੇ ਫੇਰ ਦਰਸ਼ਨ ਪ੍ਰਾਪਤ ਕੀਤਾ, ਉਹ ਸ਼ਬਦ ਪਿੱਛੇ ਮਾਰੂ ਰਾਗ ਅੰਦਰ 'ਅੰਗ ੯੯੨' ਉੱਪਰ ਆ ਚੁੱਕਾ ਹੈ।

## ਬਸੰਤੁ ਮਹਲਾ ੧ ॥
## ਮਨੁ ਭੂਲਉ ਭਰਮਸਿ; ਆਇ ਜਾਇ ॥
## ਅਤਿ ਲੁਬਧ ਲੁਭਾਨਉ; ਬਿਖਮ ਮਾਇ ॥

ਹੇ ਭਾਈ ! ਇਹ ਮਨ ਆਪਣੇ ਸਰੂਪ ਤੋਂ ਭੂਲਉ = ਭੁੱਲਿਆ ਹੋਇਆ ਭਰਮਸਿ = ਭਰਮਦਾ ਰਹਿੰਦਾ ਹੈ ਅਤੇ ਸੰਕਲਪਾਂ ਵਿਕਲਪਾਂ ਵਿਚ ਆਇ ਜਾਇ = ਆਉਂਦਾ ਜਾਂਦਾ ਰਹਿੰਦਾ ਹੈ।

ਬਹੁਤ ਬਿਖਮੁ = ਕਠਨ ਮਾਇ = ਮਾਇਆ ਵਿਚ ਲੁਬਧ = ਲਾਲਚੀ ਹੋ ਕੇ ਲੁਬਧ = ਸ਼ਿਕਾਰੀ ਵਾਂਗ ਲੁਭਾਨਉ = ਲੁਭਾਇਮਾਨ ਹੋ ਰਿਹਾ ਹੈ।

## ਨਹ ਅਸਥਿਰੁ ਦੀਸੈ; ਏਕ ਭਾਇ ॥
## ਜਿਉ ਮੀਨ ਕੁੰਡਲੀਆ; ਕੰਠਿ ਪਾਇ ॥੧॥

ਇਹ ਮਾਇਆ ਏਕ ਭਾਇ = ਇਕ ਰਸ ਅਸਥਿਰੁ = ਇਸਥਿਤ ਨਹ = ਨਹੀਂ ਦੀਸੈ = ਦਿਸਦੀ।

ਜਿਉ = ਜਿਵੇਂ ਮੀਨ = ਮੱਛੀ ਕੁੰਡਲੀਆ = ਕੁੰਡੀ ਆਪਣੇ ਕੰਠਿ = ਗਲੇ ਵਿਚ ਪਾਇ = ਪਾ ਲੈਂਦੀ ਹੈ, ਇਉਂ ਜੀਵ ਰੂਪੀ ਮੱਛੀ ਨੇ ਮੋਹ ਰੂਪੀ ਕੁੰਡੀ ਨੂੰ ਆਪਣੇ ਹਿਰਦੇ ਰੂਪੀ ਕੰਠ ਵਿਚ ਪਾਇਆ ਹੈ॥੧॥

## ਮਨੁ ਭੂਲਉ; ਸਮਝਸਿ ਸਾਚਿ ਨਾਇ ॥
## ਗੁਰ ਸਬਦੁ ਬੀਚਾਰੇ; ਸਹਜ ਭਾਇ ॥੧॥ ਰਹਾਉ ॥

ਆਪਣੇ ਸਰੂਪ ਤੋਂ ਭੂਲਉ = ਭੁੱਲਿਆ ਹੋਇਆ ਮਨ ਸਾਚਿ = ਸੱਚੇ ਨਾਇ = ਨਾਮ ਕਰਕੇ ਸਮਝਸਿ = ਸਮਝ ਸਕਦਾ ਹੈ।

ਗੁਰਾਂ ਦੇ ਸਬਦੁ = ਉਪਦੇਸ਼ ਦੀ ਬੀਚਾਰੇ = ਵਿਚਾਰ ਕਰਨ ਨਾਲ ਸਹਜ ਭਾਇ = ਸ਼ਾਂਤੀ ਸੁਭਾਅ ਪ੍ਰਾਪਤ ਹੋ ਜਾਂਦਾ ਹੈ **ਵਾ:** ਸਹਜ = ਸੁਤੇ-ਸਿੱਧ ਹੀ ਗਿਆਨ ਦਾ ਭਾਇ = ਪ੍ਰਕਾਸ਼ ਹੋ ਜਾਂਦਾ ਹੈ॥੧॥ਰਹਾਉ॥

[ਅੰਗ ੧੧੮੮]

## ਮਨੁ ਭੂਲਉ; ਭਰਮਸਿ, ਭਵਰ ਤਾਰ ॥ ਬਿਲ ਬਿਰਥੇ ਚਾਹੈ; ਬਹੁ ਬਿਕਾਰ ॥

ਇਹ ਮਨ ਆਪਣੇ ਸਰੂਪ ਤੋਂ ਭੁੱਲਿਆ ਹੋਇਆ ਭਵਰ = ਭੌਰੇ ਦੀ ਤਾਰ = ਤਰ੍ਹਾਂ, ਵਾਂਗ ਵਿਸ਼ਿਆਂ ਦੀ ਸੁਗੰਧੀ ਵਾਸਤੇ ਭਰਮਸਿ = ਭਰਮਦਾ ਰਹਿੰਦਾ ਹੈ **ਵਾ:** ਜਿਵੇਂ ਜਲ ਜੁਲਾਹਾ (ਲੰਮੀਆਂ ਲੱਤਾਂ ਤੇ ਮੱਖੀ ਦੇ ਵਰਗਾ ਇਕ ਕੀੜਾ) ਪਾਣੀ ਦੀ ਘੁੰਮਣ ਘੇਰੀ ਦੇ ਉੱਪਰ ਆਲੇ-ਦੁਆਲੇ ਘੁੰਮਦਾ ਰਹਿੰਦਾ ਹੈ, ਏਸੇ ਪ੍ਰਕਾਰ ਇਹ ਮਨ ਰੂਪ ਜਲ ਜੁਲਾਹਾ ਮਾਇਆ ਦੀ ਵਾਸ਼ਨਾ ਰੂਪੀ ਘੁੰਮਣ ਘੇਰੀ ਦੇ ਆਲੇ-ਦੁਆਲੇ ਘੁੰਮਦਾ ਰਹਿੰਦਾ ਹੈ।

ਸਰੀਰ ਰੂਪੀ ਬਿਲ = ਖੁੱਡ ਵਿਚ ਬੈਠਾ ਹੋਇਆ ਅੰਤਹਕਰਨ ਬਿਰਥੇ = ਵਿਅਰਥ ਹੀ ਬਹੁ = ਬਹੁਤੇ ਵਿਕਾਰਾਂ ਨੂੰ ਭੋਗਣਾ ਚਾਹੈ = ਚਾਹੁੰਦਾ ਹੈ **ਵਾ:** ਬਿਲ = ਖੁੱਡ ਭਾਵ ਗੋਲਕਾਂ ਸਮੇਤ ਇੰਦਰੇ ਵਿਅਰਥ ਹਨ ਜੋ ਬਹੁਤੇ ਵਿਕਾਰਾਂ ਨੂੰ ਚਾਹੁੰਦੇ ਹਨ।

## ਮੈਗਲ ਜਿਉ ਫਾਸਸਿ; ਕਾਮਹਾਰ ॥ ਕੜਿ ਬੰਧਨਿ ਬਾਧਿਓ; ਸੀਸ ਮਾਰ ॥੨॥

ਜਿਉ = ਜਿਵੇਂ ਕਾਮਹਾਰ = ਕਾਮੀ ਮੈਗਲ = ਹਾਥੀ ਕਲਬੂਤ ਦੀ ਹਸਤਨੀ ਦੇਖ ਕੇ ਉਸ ਨਾਲ ਸਪਰਸ਼ ਕਰਨ ਲਈ ਟੋਏ ਵਿਚ ਡਿੱਗ ਕੇ ਫਾਸਸਿ = ਫਸ ਜਾਂਦਾ ਹੈ।

ਫੇਰ ਉਸ ਨੂੰ ਕੜਿ = ਕੱਸ ਕੇ ਸੰਗਲਾਂ ਦੇ ਬੰਧਨਾਂ ਨਾਲ ਬਾਧਿਓ = ਬੰਨ੍ਹ ਦੇਂਦੇ ਹਨ ਅਤੇ ਉਸਦੇ ਸੀਸ = ਸਿਰ ਉੱਪਰ ਕੁੰਡੇ ਦੀ ਮਾਰ ਪੈਂਦੀ ਹੈ **ਅਥਵਾ** ਏਸੇ ਪ੍ਰਕਾਰ ਹਾਥੀ ਦੀ ਨਿਆਈਂ ਕਾਮੀ ਮਨੁੱਖ ਇਸਤ੍ਰੀ ਦਾ ਸਰੂਪ ਦੇਖ ਕੇ ਉਸ ਨਾਲ ਸਪਰਸ਼ ਹੋਣ ਵਾਸਤੇ ਮੋਹ ਰੂਪੀ ਟੋਏ ਵਿਚ ਡਿੱਗ ਪੈਂਦਾ ਹੈ।

ਜੋ ਰਾਗ ਦ੍ਵੈਖ ਰੂਪੀ ਸੰਗਲਾਂ ਦੇ ਬੰਧਨ ਨਾਲ ਕੱਸ ਕੇ ਬੱਝਾ ਹੋਇਆ ਸਿਰ ਉੱਪਰ ਤਰਕਾਂ ਰੂਪੀ **ਵਾ:** ਜਮਾਂ ਦੇ ਡੰਡ ਰੂਪ ਕੁੰਡੇ ਦੀ ਮਾਰ ਸਹਾਰਦਾ ਹੈ॥੨॥

## ਮਨੁ ਮੁਗਧੌ ਦਾਦਰੁ; ਭਗਤਿ ਹੀਨੁ ॥ ਦਰਿ ਭ੍ਰਸਟ ਸਰਾਪੀ; ਨਾਮ ਬੀਨੁ ॥

ਪਰਮਾਤਮਾ ਦੀ ਭਗਤਿ = ਭਗਤੀ ਤੋਂ ਹੀਨੁ = ਰਹਿਤ ਮਨ ਦਾਦਰੁ = ਡੱਡੂ ਦੀ ਨਿਆਈਂ ਮੁਗਧੌ = ਮੂਰਖ ਹੈ ਜੋ ਵਿਸ਼ਿਆਂ ਰੂਪੀ ਚਿੱਕੜ ਵਿਚ ਹੀ ਟਪੂਸੀਆਂ ਮਾਰਦਾ ਰਹਿੰਦਾ ਹੈ **ਵਾ:** ਮੋਹ ਰੂਪੀ ਚਿੱਕੜ ਵਿਚ ਫਸਿਆ ਹੋਇਆ ਵਿਸ਼ਿਆਂ ਰੂਪੀ ਜਾਲਾ ਖਾਂਦਾ ਰਹਿੰਦਾ ਹੈ।

ਪਰਮਾਤਮਾ ਦੇ ਨਾਮ ਤੋਂ ਬੀਨੁ = ਰਹਿਤ ਹੋਣ ਕਰਕੇ ਸਰਾਪੀ ਹੋਈ ਬੁੱਧ ਵਾਲਾ ਜੀਵ ਪ੍ਰਭੂ ਦੇ ਦਰ ਵੱਲੋਂ ਭ੍ਰਸਟ = ਡਿੱਗਿਆ ਹੋਇਆ ਹੈ।

## ਤਾ ਕੈ ਜਾਤਿ ਨ ਪਾਤੀ; ਨਾਮ ਲੀਨ ॥ ਸਭਿ ਦੂਖ ਸਖਾਈ; ਗੁਣਹ ਬੀਨ ॥੩॥

ਜੋ ਪਰਮਾਤਮਾ ਦੇ ਨਾਮ ਵਿਚ ਲੀਨ ਹੋਏ ਹਨ, ਤਾ = ਉਨ੍ਹਾਂ ਕੈ = ਦੇ ਪਾਸੋਂ ਕੋਈ ਜਾਤ ਪਾਤ ਨਹੀਂ

ਪੁੱਛੀ ਜਾਂਦੀ **ਵਾ:** ਜੋ ਪ੍ਰਭੂ ਦੇ ਨਾਮ ਲੈਣ ਵੱਲੋਂ ਖ਼ਾਲੀ ਹਨ, ਉਨ੍ਹਾਂ ਦੀ ਕੋਈ ਚੰਗੀ ਜਾਤੀ ਪਾਤੀ ਨਹੀਂ ਹੁੰਦੀ, ਭਾਵ ਉਹ ਭਰਿਸ਼ਟੇ ਹੋਏ ਮਨੁੱਖ ਹਨ।

ਜੋ ਪਰਮਾਤਮਾ ਦੇ ਗੁਣਹ = ਗੁਣਾਂ ਤੋਂ ਬੀਨ = ਰਹਿਤ ਹਨ, ਉਨ੍ਹਾਂ ਦੇ ਸਭਿ = ਸਾਰੇ ਦੂਖ = ਦੁੱਖ, ਕਸ਼ਟ ਹੀ ਸਖਾਈ = ਸਾਥੀ ਬਣੇ ਰਹਿੰਦੇ ਹਨ ਜਿਨ੍ਹਾਂ ਨੇ ਪਰਮਾਤਮਾ ਦੇ ਗੁਣਾਂ ਨੂੰ ਬੀਨ = ਚੁਣ ਲਿਆ, ਭਾਵ ਗ੍ਰਹਿਣ ਕੀਤਾ ਹੈ, ਉਨ੍ਹਾਂ ਦੇ ਸਾਰੇ ਦੁੱਖ ਹੀ ਸੁਖਦਾਇਕ ਹੋ ਕੇ ਸਹਾਇਕ ਬਣ ਜਾਂਦੇ ਹਨ॥੩॥

## ਮਨੁ ਚਲੈ ਨ ਜਾਈ; ਠਾਕਿ ਰਾਖੁ ॥
## ਬਿਨੁ ਹਰਿ ਰਸ ਰਾਤੇ; ਪਤਿ ਨ ਸਾਖੁ ॥

ਹੇ ਭਾਈ! ਇਹ ਮਨ ਕਿਸੇ ਪਦਾਰਥਾਂ ਵਿਚ ਚਲਾਇਮਾਨ ਹੋ ਕੇ ਚਲੈ = ਚਲਿਆ ਨਾ ਜਾਈ = ਜਾਵੇ, ਇਸ ਲਈ ਇਸ ਨੂੰ ਠਾਕਿ = ਰੋਕ ਕੇ ਰਾਖੁ = ਰੱਖਣਾ ਕਰੋ।

ਹਰਿ = ਪਰਮਾਤਮਾ ਦੇ ਰਸ = ਪ੍ਰੇਮ ਵਿਚ ਰਾਤੇ = ਰੰਗੇ ਤੋਂ ਬਿਨੁ ਬਗ਼ੈਰ ਜੀਵ ਦੀ ਏਥੇ ਕੋਈ ਪਤਿ = ਇੱਜ਼ਤ ਨਹੀਂ ਰਹਿੰਦੀ ਅਤੇ ਪ੍ਰਲੋਕ ਵਿਚ ਕੋਈ ਉਸਦੀ ਸਾਖੁ = ਉਗਾਹੀ (ਗਵਾਹੀ) ਨਹੀਂ ਦੇਂਦਾ।

ਅੱਗੇ ਬੇਨਤੀ ਦਾ ਪ੍ਰਕਾਰ ਦੱਸਦੇ ਹਨ:

## ਤੂ ਆਪੇ ਸੁਰਤਾ; ਆਪਿ ਰਾਖੁ ॥ ਧਰਿ ਧਾਰਣ ਦੇਖੈ; ਜਾਣੈ ਆਪਿ ॥੪॥

ਹੇ ਪ੍ਰਭੂ! ਤੂੰ ਆਪ ਹੀ ਸੁਰਤਾ = ਗਿਆਤਾ ਹੈਂ, ਆਪ ਹੀ ਸਭ ਦੀ ਰਾਖੁ = ਰੱਖਿਆ ਕਰਨ ਵਾਲਾ ਹੈਂ।

ਤੂੰ ਆਪ ਹੀ ਧਰਿ = ਧਰਤੀ ਆਦਿ ਤੱਤਾਂ ਨੂੰ ਆਪ ਦੇ ਆਸਰੇ ਧਾਰਣ ਕਰਕੇ ਦੇਖੈ = ਦੇਖ ਰਿਹਾ ਹੈਂ ਅਤੇ ਆਪ ਹੀ ਸਾਰੇ ਭੇਤਾਂ ਨੂੰ ਜਾਣੈ = ਜਾਣਦਾ ਹੈਂ॥੪॥

## ਆਪਿ ਭੁਲਾਏ; ਕਿਸੁ ਕਹਉ ਜਾਇ ॥ ਗੁਰੁ ਮੇਲੇ; ਬਿਰਥਾ ਕਹਉ ਮਾਇ ॥

ਜਿਸ ਨੂੰ ਪ੍ਰਭੂ ਨੇ ਆਪ ਹੀ ਆਪਣੇ ਸਰੂਪ ਵੱਲੋਂ ਭੁਲਾਏ = ਭੁਲਾ ਦਿੱਤਾ ਹੈ, ਫੇਰ ਮੈਂ ਕਿਸ ਕੋਲ ਜਾਇ = ਜਾ ਕੇ ਆਪਣੀ ਪੀੜਾ ਕਹਉ = ਕਹਿਣਾ ਕਰਾਂ।

ਹੇ ਮਾਇ = ਮਾਤਾ ਰੂਪ ਉੱਤਮ ਸਖੀਓ! ਜੇਕਰ ਪ੍ਰਭੂ ਆਪ ਪੂਰਨ ਗੁਰੂ ਦੇ ਨਾਲ ਮੇਲੇ = ਮੇਲਣਾ ਕਰੇ, ਤਾਂ ਉਨ੍ਹਾਂ ਗੁਰਾਂ ਪਾਸ ਜਾ ਕੇ ਆਪਣੀ ਬਿਰਥਾ = ਪੀੜਾ ਕਹਉ = ਕਹਿਣੀ ਕਰਾਂਗਾ।

## ਅਵਗਣ ਛੋਡਉ; ਗੁਣ ਕਮਾਇ ॥ ਗੁਰ ਸਬਦੀ ਰਾਤਾ; ਸਚਿ ਸਮਾਇ ॥੫॥

ਅਤੇ ਅਵਗਣ = ਗੁਨਾਹਾਂ ਨੂੰ ਛੋਡਉ = ਛੱਡ ਕਰਕੇ ਗੁਣਾਂ ਨੂੰ ਕਮਾਇ = ਕਮਾਉਣਾ ਕਰਾਂਗਾ।

ਜੇਕਰ ਗੁਰੂ ਅਕਾਲ ਪੁਰਖ ਦੇ ਸਬਦੀ = ਉਪਦੇਸ਼ ਵਿਚ ਰਾਤਾ = ਰੰਗਿਆ ਗਿਆ ਤਾਂ ਸੱਚ ਸਰੂਪ ਵਿਚ ਸਮਾਇ = ਸਮਾਅ ਜਾਵਾਂਗਾ॥੫॥

## ਸਤਿਗੁਰ ਮਿਲਿਐ; ਮਤਿ ਊਤਮ ਹੋਇ ॥
## ਮਨੁ ਨਿਰਮਲੁ; ਹਉਮੈ ਕਢੈ ਧੋਇ ॥

ਕਿਉਂਕਿ ਸਤਿਗੁਰਾਂ ਦੇ ਮਿਲਿਐ = ਮਿਲਣ ਕਰਕੇ ਮਤਿ = ਬੁੱਧੀ ਊਤਮ = ਸ੍ਰੇਸ਼ਟ ਹੋਇ = ਹੋ ਜਾਂਦੀ ਹੈ।

ਮਨੁ = ਹਿਰਦਾ ਨਿਰਮਲੁ = ਉੱਜਲ ਹੋ ਜਾਂਦਾ ਹੈ ਅਤੇ ਗੁਰੂ ਜੀ ਹਉਮੈ = ਹੰਗਤਾ ਮਮਤਾ ਦੀ ਮੈਲ ਕੱਢ ਕੇ ਉਸਨੂੰ ਨਾਮ ਦਾ ਸਾਬਣ, ਪ੍ਰੇਮ ਦਾ ਜਲ ਪਾ ਕੇ ਧੋਇ = ਧੋ ਦੇਂਦੇ ਹਨ।

## ਸਦਾ ਮੁਕਤੁ; ਬੰਧਿ ਨ ਸਕੈ ਕੋਇ ॥ ਸਦਾ ਨਾਮੁ ਵਖਾਣੈ; ਅਉਰੁ ਨ ਕੋਇ ॥੬॥

ਜਿਸ ਦਾ ਮਨ ਸ਼ੁੱਧ ਹੋ ਗਿਆ ਹੈ, ਉਹ ਪੁਰਸ਼ ਸਦਾ = ਹਮੇਸ਼ਾਂ ਮੁਕਤੁ = ਕਲਿਆਣ ਸਰੂਪ ਹੈ, ਉਸ ਨੂੰ ਕੋਇ = ਕੋਈ ਵੀ ਜੰਮਣ ਮਰਣ, ਰਾਗ ਦ੍ਵੈਖ ਬੰਧਿ = ਬੰਨ੍ਹ ਨਹੀਂ ਸਕੈ = ਸਕਦਾ।

ਉਹ ਪੁਰਖ ਸਦਾ = ਹਮੇਸ਼ਾਂ ਪਰਮਾਤਮਾ ਦਾ ਨਾਮ ਹੀ ਵਖਾਣੈ = ਕਥਨ ਕਰਦਾ ਹੈ, ਉਹ ਵਾਹਿਗੁਰੂ ਤੋਂ ਬਿਨਾਂ ਉਸ ਵਰਗਾ ਹੋਰ ਕੋਇ = ਕੋਈ ਨਹੀਂ ਜਾਣਦਾ ॥੬॥

## ਮਨੁ ਹਰਿ ਕੈ ਭਾਣੈ; ਆਵੈ ਜਾਇ ॥ ਸਭ ਮਹਿ ਏਕੋ; ਕਿਛੁ ਕਹਣੁ ਨ ਜਾਇ ॥

ਇਹ ਮਨ **ਵਾ:** ਜੀਵ ਹਰਿ = ਪਰਮਾਤਮਾ ਕੈ = ਦੇ ਭਾਣੈ = ਹੁਕਮ ਵਿਚ ਸੰਸਾਰ ਅੰਦਰ ਆਵੈ ਜਾਇ = ਆਉਂਦਾ ਜਾਂਦਾ ਰਹਿੰਦਾ ਹੈ **ਵਾ:** ਜੋ ਪਰਮਾਤਮਾ ਦੇ ਭਾਣੇ ਨੂੰ ਮਨ = ਮੰਨ ਲੈਂਦਾ ਹੈ, ਉਹ ਗੁਰੂ ਦੀ ਸ਼ਰਨ ਵਿਚ ਆ ਕੇ ਆਪਣੇ ਸਰੂਪ ਵਿਚ ਚਲਾ ਜਾਂਦਾ ਹੈ।

ਸਭ = ਸਾਰੇ ਸੰਸਾਰ ਮਹਿ = ਵਿਚ ਏਕੋ = ਇਕ ਪ੍ਰਭੂ ਹੀ ਵਿਆਪਕ ਹੈ, ਉਸ ਦੇ ਭਾਣੇ ਤੋਂ ਉਲਟ ਕਿਛੁ = ਕੁਝ ਕਹਣੁ = ਕਿਹਾ ਨਹੀਂ ਜਾਇ = ਜਾਂਦਾ।

## ਸਭੁ ਹੁਕਮੋ ਵਰਤੈ; ਹੁਕਮਿ ਸਮਾਇ ॥ ਦੂਖ ਸੂਖ; ਸਭ ਤਿਸੁ ਰਜਾਇ ॥੭॥

ਸਭੁ = ਸਾਰਾ ਸੰਸਾਰ ਪਰਮਾਤਮਾ ਦੇ ਹੁਕਮੋ = ਹੁਕਮ ਵਿਚ ਹੀ ਵਰਤੈ = ਵਰਤ ਰਿਹਾ ਹੈ ਅਤੇ ਹੁਕਮ ਅਨੁਸਾਰ ਹੀ ਸਾਰਾ ਸਮਾਇ = ਸਮਾਅ ਜਾਂਦਾ ਹੈ।

ਜੀਵਾਂ ਨੂੰ ਦੁੱਖ ਅਤੇ ਸੁੱਖ **ਵਾ:** ਦੁੱਖ ਦੀ ਨਵਿਰਤੀ ਤੇ ਸੁੱਖ ਦੀ ਪ੍ਰਾਪਤੀ ਸਭ ਤਿਸੁ = ਉਸਦੀ ਰਜਾਇ = ਆਗਿਆ ਵਿਚ ਹੈ ॥੭॥

## ਤੂ ਅਭੁਲੁ; ਨ ਭੂਲੌ ਕਦੇ ਨਾਹਿ ॥ ਗੁਰ ਸਬਦੁ ਸੁਣਾਏ; ਮਤਿ ਅਗਾਹਿ ॥

ਹੇ ਨਾਹਿ = ਪਤੀ ਪ੍ਰਭੂ ! ਤੂੰ ਸਦਾ ਅਭੁਲੁ = ਭੁੱਲਣ ਤੋਂ ਰਹਿਤ ਹੈਂ ਅਤੇ ਕਦੇ = ਕਦਾਚਿਤ ਵੀ ਭੂਲੌ = ਭੁੱਲਣ ਵਿਚ ਨਹੀਂ ਆਉਂਦਾ।

ਜਿਨ੍ਹਾਂ ਨੂੰ ਤੂੰ ਗੁਰਾਂ ਦਾ ਸਬਦੁ = ਉਪਦੇਸ਼ ਸੁਣਾਏ = ਸੁਣਾਉਂਦਾ ਹੈਂ, ਉਨ੍ਹਾਂ ਦੀ ਮਤਿ = ਬੁੱਧ ਅਗਾਹਿ = ਅਗਾਧ, ਆਤਮ ਵਿਸ਼ੈਣੀ ਹੁੰਦੀ ਹੈ।

## ਤੂ ਮੋਟਉ ਠਾਕੁਰੁ; ਸਬਦ ਮਾਹਿ ॥ ਮਨੁ ਨਾਨਕ ਮਾਨਿਆ; ਸਚੁ ਸਲਾਹਿ ॥੮॥੨॥

ਹੇ ਠਾਕੁਰ = ਮਾਲਕ ਪ੍ਰਭੂ ! ਤੂੰ ਮੋਟਉ = ਵੱਡਾ, ਅਧਿਸ਼ਠਾਨ ਰੂਪ ਹੈਂ ਅਤੇ ਗੁਰਾਂ ਦੇ ਸਬਦ = ਉਪਦੇਸ਼ **ਵਾ:** ਸਬਦ = ਸੰਸਾਰ ਮਾਹਿ = ਵਿਚ ਵਿਆਪਕ ਹੋ ਰਿਹਾ ਹੈਂ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦਾ ਮਨ ਗੁਰ ਉਪਦੇਸ਼ ਵਿਚ ਮਾਨਿਆ = ਮੰਨ ਗਿਆ ਹੈ, ਉਹ ਤੇਰੇ ਸਚੁ = ਸੱਚੇ ਨਾਮ ਨੂੰ ਸਲਾਹਿ = ਸਾਲਾਹੁੰਦੇ ਹਨ ॥੮॥੨॥

## ਬਸੰਤੁ ਮਹਲਾ ੧ ॥

## ਦਰਸਨ ਕੀ ਪਿਆਸ; ਜਿਸੁ ਨਰ ਹੋਇ ॥ ਏਕਤੁ ਰਾਚੈ; ਪਰਹਰਿ ਦੋਇ ॥

ਹੇ ਭਾਈ ! ਜਿਸ ਨਰ = ਮਨੁੱਖ ਨੂੰ ਪ੍ਰਭੂ ਦੇ ਦਰਸ਼ਨਾਂ ਕੀ = ਦੀ ਪਿਆਸ = ਤ੍ਰੇਹ, ਚਾਹਨਾ ਲੱਗੀ ਹੋਈ ਹੈ।

ਉਹ ਦੋਇ = ਦ੍ਵੈਤ ਨੂੰ ਪਰਹਰਿ = ਤਿਆਗ ਕੇ ਏਕਤੁ = ਇਕ ਪ੍ਰਭੂ ਵਿਚ ਰਚੈ = ਰਚਨਾ ਕਰਦਾ ਹੈ।

## ਦੂਰਿ ਦਰਦੁ; ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ ਬੂਝੈ; ਏਕ ਸਮਾਇ ॥੧॥

ਉਸ ਦੀਆਂ ਅਵਿੱਦਿਆ ਆਦਿ ਦੀਆਂ ਦਰਦੁ = ਪੀੜਾਂ ਦੂਰ ਹੋ ਜਾਂਦੀਆਂ ਹਨ ਅਤੇ ਉਹ ਅੰਮ੍ਰਿਤ ਨਾਮ ਨੂੰ ਮਥਿ = ਵਿਚਾਰ ਕੇ ਬ੍ਰਹਮਾਨੰਦ ਨੂੰ ਖਾਇ = ਖਾਣਾ, ਮਾਨਣਾ ਕਰਦਾ ਹੈ।

ਉਹ ਗੁਰਮੁਖਿ = ਮੁਖੀ ਗੁਰਾਂ ਦੁਆਰਾ ਆਪਣੇ ਸਰੂਪ ਨੂੰ ਬੂਝੈ = ਬੁੱਝ ਕੇ ਏਕ = ਇਕ ਪ੍ਰਭੂ ਵਿਚ ਸਮਾਇ = ਲੀਨ ਹੋ ਜਾਂਦਾ ਹੈ॥੧॥

## ਤੇਰੇ ਦਰਸਨ ਕਉ; ਕੇਤੀ ਬਿਲਲਾਇ ॥

ਹੇ ਪ੍ਰਭੂ ! ਤੇਰੇ ਦਰਸਨ = ਦੀਦਾਰ ਕਰਨ ਕਉ = ਨੂੰ ਕੇਤੀ = ਕਿਤਨੀ ਹੀ ਸ੍ਰਿਸ਼ਟੀ ਬਿਲਲਾਇ = ਵਿਰਲਾਪ ਕਰ ਰਹੀ ਹੈ।

## ਵਿਰਲਾ ਕੋ ਚੀਨਸਿ; ਗੁਰ ਸਬਦਿ ਮਿਲਾਇ ॥੧॥ ਰਹਾਉ ॥

ਪਰ ਜਿਸ ਨੂੰ ਗੁਰੂ ਦੇ ਸਬਦਿ = ਉਪਦੇਸ਼ ਵਿਚ ਮਿਲਾਇ = ਮਿਲਾਉਣਾ ਕਰਦਾ ਹੈ, ਉਹ ਕੋ = ਕੋਈ ਵਿਰਲਾ = ਟਾਵਾਂ ਹੀ ਤੇਰੇ ਸਰੂਪ ਨੂੰ ਚੀਨਸਿ = ਜਾਨਣਾ, ਪਛਾਣਨਾ ਕਰਦਾ ਹੈ॥੧॥ ਰਹਾਉ ॥

## ਬੇਦ ਵਖਾਣਿ ਕਹਹਿ; ਇਕੁ ਕਹੀਐ ॥
## ਓਹੁ ਬੇਅੰਤੁ; ਅੰਤੁ ਕਿਨਿ ਲਹੀਐ ॥

ਬੇਦ ਦੁਆਰਾ ਵਖਾਣਿ = ਕਥਨ ਕਰਨ ਵਾਲੇ ਪੰਡਿਤ **ਵਾ:** ਬੇਦ ਕਥਨ ਕਰਕੇ ਇਹ ਕਹਹਿ = ਕਹਿੰਦੇ ਹਨ ਕਿ ਇਕ ਬ੍ਰਹਮ ਦੇ ਜੱਸ ਨੂੰ ਕਹੀਐ = ਉਚਾਰਣ ਕਰੀਏ।

ਉਹ ਪ੍ਰਭੂ ਬੇਅੰਤ = ਅੰਤ ਤੋਂ ਰਹਿਤ ਸਰੂਪ ਹੈ, ਉਸ ਦਾ ਅੰਤੁ = ਅਖ਼ੀਰ ਕਿਨਿ = ਕਿਸ ਨੇ ਲਹੀਐ = ਪ੍ਰਾਪਤ ਕੀਤਾ ਹੈ, ਭਾਵ ਉਸਦਾ ਅੰਤ ਕੋਈ ਨਹੀਂ ਜਾਣ ਸਕਦਾ।

## ਏਕੋ ਕਰਤਾ; ਜਿਨਿ ਜਗੁ ਕੀਆ ॥ ਬਾਝੁ ਕਲਾ; ਧਰਿ ਗਗਨੁ ਧਰੀਆ ॥੨॥

ਹੇ ਭਾਈ ! ਉਹ ਏਕੋ = ਇੱਕੋ ਕਰਤਾ ਪੁਰਖ ਹੈ, ਜਿਨਿ = ਜਿਸ ਨੇ ਸਾਰਾ ਜਗੁ = ਸੰਸਾਰ ਪੈਦਾ ਕੀਆ = ਕੀਤਾ ਹੈ।

ਜਿਸ ਨੇ ਕਿਸੇ ਥੰਮ੍ਹ ਆਦਿ ਕਲਾ = ਆਧਾਰ ਤੋਂ ਬਾਝੁ = ਬਗ਼ੈਰ ਧਰਿ = ਧਰਤੀ ਤੇ ਗਗਨੁ = ਅਕਾਸ਼ ਨੂੰ ਧਰੀਆ = ਰੱਖਣਾ ਕੀਤਾ ਹੈ **ਵਾ:** ਪ੍ਰਤੱਖ ਕਿਸੇ ਸਹਾਰੇ ਤੋਂ ਬਿਨਾਂ ਆਪਣੀ ਕਲਾ = ਸ਼ਕਤੀ ਨਾਲ ਧਰਤੀ ਤੇ ਅਕਾਸ਼ ਨੂੰ ਰੱਖਣਾ ਕੀਤਾ ਹੈ॥੨॥

## ਏਕੋ ਗਿਆਨੁ; ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ; ਅਕਥ ਕਹਾਣੀ ॥

ਉਹ ਇਕ ਪ੍ਰਭੂ ਹੀ ਗਿਆਨੀਆਂ ਦੇ ਗਿਆਨ, ਧਿਆਨੀਆਂ ਦੇ ਧਿਆਨ ਅਤੇ ਬਾਣੀ ਧੁਨਿ = ਉਚਾਰਣ ਵਾਲਿਆਂ ਵਿਚ ਬੈਠਾ ਹੋਇਆ ਹੈ **ਵਾ:** ਇੱਕੋ ਹੀ ਨਿਰਗੁਣ ਸਰੂਪ ਦੇ ਗਿਆਨ, ਸਰਗੁਣ ਸਰੂਪ ਦੇ ਧਿਆਨ ਅਤੇ ਬਾਣੀ ਉਚਾਰਣ ਵਾਲੇ ਉਪਾਸ਼ਕਾਂ ਵਿਚ ਇਸਥਿਤ ਹੈ **ਵਾ:** ਇਕ ਰਸ ਬਾਣੀ ਦੀ ਧੁਨੀ ਚੱਲਣੀ ਹੀ ਅਸਲ ਗਿਆਨ ਧਿਆਨ ਹੈ।

ਉਹ ਇਕ ਪ੍ਰਭੂ ਹੀ ਨਿਰਾਲਮੁ = ਅਸੰਗ ਹੈ ਅਤੇ ਉਸਦੀ ਕਹਾਣੀ = ਕਥਾ ਵੀ ਅਕਥ = ਕਥਨ ਤੋਂ ਰਹਿਤ ਹੈ।

## ਏਕੋ ਸਬਦੁ; ਸਚਾ ਨੀਸਾਣੁ ॥ ਪੂਰੇ ਗੁਰ ਤੇ; ਜਾਣੈ ਜਾਣੁ ॥੩॥

ਏਕੋ = ਇਕ ਗੁਰਾਂ ਦਾ ਸਬਦੁ = ਉਪਦੇਸ਼ ਹੀ ਸੱਚਾ ਨੀਸਾਣੁ = ਪਰਵਾਨਾ ਹੈ **ਵਾ:** ਸੱਚੇ ਨੂੰ ਨੀਸਾਣੁ = ਪ੍ਰਗਟ ਕਰਨ ਵਾਲਾ ਹੈ।

ਪੂਰੇ = ਪੂਰਨ ਗੁਰੂ ਅਕਾਲ ਪੁਰਖ ਤੇ = ਤੋਂ ਹੀ ਉਸਦਾ ਸਰੂਪ ਜਾਣੈ ਜਾਣ = ਜਾਣਿਆ ਜਾਂਦਾ ਹੈ ॥੩॥

## ਏਕੋ ਧਰਮੁ; ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ; ਜੁਗਿ ਜੁਗਿ ਸੋਈ ॥

ਏਕੋ = ਇਕ ਨਾਮ ਹੀ ਸਭ ਦਾ ਸਾਂਝਾ ਧਰਮ ਹੈ ਪਰ ਜੇਕਰ ਕੋਈ ਉਸ ਸੱਚੇ ਨਾਮ ਨੂੰ ਦ੍ਰਿੜੈ = ਪ੍ਰਪੱਕ ਕਰ ਲਵੇ।

ਸੋਈ = ਉਹ ਮਨੁੱਖ ਗੁਰਮਤਿ = ਗੁਰਾਂ ਦੀ ਸਿੱਖਿਆ ਨੂੰ ਧਾਰਨ ਕਰਕੇ ਜੁਗਾਂ-ਜੁਗਾਂ ਵਿਚ ਪੂਰਾ = ਪੂਰਨ ਪੁਰਖ ਕਰਕੇ ਪ੍ਰਗਟ ਹੋ ਜਾਂਦਾ ਹੈ।

## ਅਨਹਦਿ ਰਾਤਾ; ਏਕ ਲਿਵ ਤਾਰ ॥
## ਓਹੁ ਗੁਰਮੁਖਿ ਪਾਵੈ; ਅਲਖ ਅਪਾਰ ॥੪॥

ਜੋ ਅਨਹਦਿ = ਹੱਦ ਤੋਂ ਰਹਿਤ ਪਰਮਾਤਮਾ ਦੀ ਲਿਵ = ਪ੍ਰੀਤੀ ਵਿਚ ਤਾਰ = ਤੇਲ ਧਾਰਾ ਵਤ ਏਕ = ਇਕ ਰਸ ਰਾਤਾ = ਰੰਗਿਆ ਰਹਿੰਦਾ ਹੈ।

ਉਹ ਗੁਰਮੁਖਿ = ਮੁਖੀ ਗੁਰਾਂ ਦੁਆਰਾ **ਵਾ:** ਗੁਰਮੁਖ ਬਣ ਕੇ ਅਸ਼ੁੱਧ ਮਨ ਕਰਕੇ ਅਲਖ = ਲਖਣ ਤੋਂ ਰਹਿਤ ਅਤੇ ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਪ੍ਰਭੂ ਦੇ ਸਰੂਪ ਨੂੰ ਪਾਵੈ = ਪਾ ਲੈਂਦਾ ਹੈ ॥੪॥

## ਏਕੋ ਤਖਤੁ; ਏਕੋ ਪਾਤਿਸਾਹੁ ॥ ਸਰਬੀ ਥਾਈ; ਵੇਪਰਵਾਹੁ ॥

ਏਕੋ = ਇਕ ਸੰਸਾਰ ਰੂਪੀ ਤਖਤੁ = ਸਿੰਘਾਸਣ ਹੈ ਅਤੇ ਉਸ ਉੱਪਰ ਏਕੋ = ਇਕ ਪਰਮਾਤਮਾ ਹੀ ਪਾਤਿਸਾਹੁ = ਤਖ਼ਤ ਦਾ ਮਾਲਕ, ਸੁਲਤਾਨ ਹੈ **ਵਾ:** ਇਕ ਸਤਿਸੰਗਤ ਰੂਪੀ ਤਖ਼ਤ ਹੈ ਅਤੇ ਇਕ ਗੁਰੂ ਰੂਪੀ ਪਾਤਸ਼ਾਹ ਉਸ ਵਿਚ ਨਿਵਾਸ ਕਰ ਰਿਹਾ ਹੈ **ਵਾ:** ਇਕ ਅੰਤਹਕਰਨ ਰੂਪੀ ਤਖ਼ਤ ਹੈ ਅਤੇ ਉਸ ਉੱਪਰ ਇਕ ਬ੍ਰਹਮ ਸਾਖੀ ਰੂਪ ਹੋ ਕੇ ਨਿਵਾਸ ਕਰ ਰਿਹਾ ਹੈ **ਵਾ:** ਇਕ ਤੁਰੀਆ ਪਦ ਰੂਪੀ ਤਖ਼ਤ ਹੈ ਅਤੇ ਇਕ ਬ੍ਰਹਮ ਚੇਤਨ ਪਾਤਸ਼ਾਹ ਰੂਪ ਹੈ।

ਉਹ ਵੇਪਰਵਾਹੁ = ਬੇ-ਮੁਥਾਜ ਪ੍ਰਭੂ ਸਰਬੀ = ਸਾਰੇ ਥਾਈ = ਥਾਵਾਂ ਵਿਚ ਵੱਸ ਰਿਹਾ ਹੈ।

## ਤਿਸ ਕਾ ਕੀਆ; ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ; ਏਕੰਕਾਰੁ ॥੫॥

ਤਿਸ = ਉਸ ਸਾਰੁ = ਸ੍ਰੇਸ਼ਟ ਸਰੂਪ ਪ੍ਰਭੂ ਕਾ = ਦਾ ਤ੍ਰਿਭਵਣ = ਤਿੰਨਾਂ ਭਵਣਾਂ ਰੂਪ ਬ੍ਰਹਿਮੰਡ ਪੈਦਾ ਕੀਆ = ਕੀਤਾ ਹੋਇਆ ਹੈ।

ਉਹ ਪ੍ਰਭੂ ਮਨ ਦੇ ਸੰਕਲਪਾਂ ਵਿਕਲਪਾਂ ਦੀ ਅਗਮੁ = ਗੰਮਤਾ ਤੋਂ ਰਹਿਤ, ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਅਤੇ ਏਕੰਕਾਰੁ = ਇਕ ਸਰੂਪ ਹੈ ॥੫॥

## ਏਕਾ ਮੂਰਤਿ; ਸਾਚਾ ਨਾਉ ॥ ਤਿਥੈ ਨਿਬੜੈ; ਸਾਚੁ ਨਿਆਉ ॥

ਉਹ ਏਕਾ = ਇੱਕੋ ਮੂਰਤਿ = ਹਸਤੀ, ਸਰੂਪ ਹੈ, ਉਸ ਦਾ ਨਾਉ = ਨਾਮ ਵੀ ਸਾਚਾ = ਸੱਚਾ ਹੈ।

ਤਿਥੈ = ਉਥੇ ਪਰਮਾਤਮਾ ਦੇ ਦਰ ਵਿਚ ਸਾਚੁ = ਸੱਚਾ ਨਿਆਉ = ਨਿਆਂ ਹੀ ਨਿਬੜੈ = ਨਿਬੜਦਾ ਹੈ।

## ਸਾਚੀ ਕਰਣੀ; ਪਤਿ ਪਰਵਾਣੁ ॥ ਸਾਚੀ ਦਰਗਹ; ਪਾਵੈ ਮਾਣੁ ॥੬॥

ਉਸ ਪ੍ਰਭੂ ਦੀ ਜਿਸ ਨੇ ਸਾਚੀ = ਸੱਚੀ ਭਗਤੀ ਰੂਪੀ ਕਰਣੀ = ਕਮਾਈ ਕੀਤੀ ਹੈ, ਉਸਦੀ ਪਤਿ = ਇੱਜ਼ਤ ਲੋਕ-ਪ੍ਰਲੋਕ ਵਿਚ ਪਰਵਾਣੁ = ਪ੍ਰਮਾਣਿਕ, ਸਫਲੀ ਹੈ।

ਉਹ ਪ੍ਰਭੂ ਦੀ ਸਾਚੀ = ਸੱਚੀ ਦਰਗਾਹ ਵਿਚ ਮਾਣੁ = ਸਤਿਕਾਰ ਪਾਵੈ = ਪਾਉਣਾ ਕਰਦਾ ਹੈ ॥੬॥

## ਏਕਾ ਭਗਤਿ; ਏਕੋ ਹੈ ਭਾਉ ॥ ਬਿਨੁ ਭੈ ਭਗਤੀ; ਆਵਉ ਜਾਉ ॥

ਉਸ ਨੂੰ ਨਿਸਚਾ ਬੱਝ ਜਾਂਦਾ ਹੈ ਕਿ ਏਕਾ = ਇਕ ਪਰਮਾਤਮਾ ਦੀ ਭਗਤਿ = ਭਗਤੀ ਅਤੇ ਏਕੋ = ਇਕ ਪਰਮਾਤਮਾ ਦਾ ਭਾਉ = ਪ੍ਰੇਮ ਹੀ ਸੱਚਾ ਹੈ।

ਉਹ ਜੀਵ ਪ੍ਰਭੂ ਦੇ ਭੈ ਅਤੇ ਭਗਤਿ = ਭਗਤੀ ਤੋਂ ਬਿਨੁ = ਬਗ਼ੈਰ ਜੰਮਣ ਮਰਣ ਵਿਚ ਆਵਉ ਜਾਉ = ਆਉਂਦਾ ਜਾਂਦਾ ਹੀ ਰਹਿੰਦਾ ਹੈ।

[ਅੰਗ ੧੧੮੯]

## ਗੁਰ ਤੇ ਸਮਝਿ; ਰਹੈ ਮਿਹਮਾਣੁ ॥ ਹਰਿ ਰਸਿ ਰਾਤਾ; ਜਨੁ ਪਰਵਾਣੁ ॥੭॥

ਜੋ ਮਨੁੱਖ ਗੁਰਾਂ ਤੇ = ਤੋਂ ਸਮਝਿ = ਸਿੱਖਿਆ ਲੈ ਕੇ ਸੰਸਾਰ ਅੰਦਰ ਆਪਣੇ ਆਪ ਨੂੰ ਮਿਹਮਾਣੁ = ਪ੍ਰਾਹੁਣਾ ਸਮਝ ਕੇ ਰਹੈ = ਰਹਿੰਦਾ ਹੈ।

ਉਹ ਜਨੁ = ਪੁਰਖ ਹਰਿ = ਪਰਮਾਤਮਾ ਦੇ ਰਸਿ = ਪ੍ਰੇਮ ਵਿਚ ਰਾਤਾ = ਰੰਗਿਆ ਹੋਇਆ ਪ੍ਰਭੂ ਦੀ ਦਰਗਾਹ ਵਿਚ ਪਰਵਾਣੁ = ਪ੍ਰਮਾਣਿਕ, ਸਫਲ ਹੈ ॥੭॥

## ਇਤ ਉਤ ਦੇਖਉ; ਸਹਜੇ ਰਾਵਉ ॥ ਤੁਝ ਬਿਨੁ ਠਾਕੁਰ; ਕਿਸੈ ਨ ਭਾਵਉ ॥

ਹੇ ਪ੍ਰਭੂ ! ਮੈਂ ਇਤ ਉਤ = ਇਥੇ ਉਥੇ ਭਾਵ ਲੋਕ-ਪ੍ਰਲੋਕ ਵਿਚ ਤੈਨੂੰ ਹੀ ਵਿਆਪਕ ਦੇਖਉ = ਦੇਖਦਾ ਹਾਂ ਅਤੇ ਸਹਜੇ = ਸੁਤੇ-ਸਿੱਧ ਹੀ ਤੇਰੇ ਅਨੰਦ ਨੂੰ ਰਾਵਉ = ਮਾਨਣਾ ਕਰਦਾ ਹਾਂ।

ਹੇ ਠਾਕੁਰ = ਮਾਲਕ ਪ੍ਰਭੂ ! ਤੁਝ = ਤੇਰੇ ਤੋਂ ਬਿਨੁ = ਬਗ਼ੈਰ ਹੋਰ ਕਿਸੇ ਨਾਲ ਭਾਵਉ = ਭਾਵਨਾ ਨਹੀਂ ਕਰਦਾ।

## ਨਾਨਕ; ਹਉਮੈ ਸਬਦਿ ਜਲਾਇਆ ॥
## ਸਤਿਗੁਰਿ ਸਾਚਾ; ਦਰਸੁ ਦਿਖਾਇਆ ॥੮॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਨੇ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਹਉਮੈ = ਹੰਗਤਾ ਮਮਤਾ ਨੂੰ ਜਲਾਇਆ = ਸਾੜ ਦਿੱਤਾ ਹੈ।

ਉਸ ਨੂੰ ਸਤਿਗੁਰਾਂ ਨੇ ਸੱਚ ਸਰੂਪ ਪ੍ਰਭੂ ਦਾ ਦਰਸੁ = ਦਰਸ਼ਨ ਦਿਖਾਇਆ = ਵਿਖਾਲ ਦਿੱਤਾ ਹੈ ॥੮॥੩॥

## ਬਸੰਤੁ ਮਹਲਾ ੧ ॥

## ਚੰਚਲੁ ਚੀਤੁ; ਨ ਪਾਵੈ ਪਾਰਾ ॥ ਆਵਤ ਜਾਤ; ਨ ਲਾਗੈ ਬਾਰਾ ॥

ਚੰਚਲੁ = ਚਲਾਇਮਾਨ ਚੀਤੁ = ਮਨ ਵਾਲਾ ਮਨੁੱਖ ਸੰਸਾਰ-ਸਮੁੰਦ੍ਰ ਤੋਂ ਪਾਰਾ = ਪਾਰ ਨਹੀਂ ਪਾਵੈ = ਪਾ ਸਕਦਾ।

ਉਸ ਨੂੰ ਸੰਸਾਰ ਵਿਚ ਆਵਤ ਜਾਤ = ਆਉਂਦਿਆਂ ਜਾਂਦਿਆਂ ਬਾਰਾ = ਦੇਰ ਨਹੀਂ ਲਾਗੈ = ਲੱਗਦੀ।

## ਦੂਖੁ ਘਣੋ ਮਰੀਐ; ਕਰਤਾਰਾ ॥ ਬਿਨੁ ਪ੍ਰੀਤਮ; ਕੋ ਕਰੈ ਨ ਸਾਰਾ ॥੧॥

ਹੇ ਕਰਤਾਰਾ = ਪ੍ਰਭੂ ! ਇਸ ਚੰਚਲ ਚਿੱਤ ਕਰਕੇ ਜੰਮਣ ਮਰਣ ਦਾ ਘਣੋ = ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ ਅਤੇ ਇਸੇ ਕਰਕੇ ਤੇਰੇ ਵੱਲੋਂ ਬੇਮੁਖ ਹੋਣ ਰੂਪੀ ਮਰੀਐ = ਮਰਦੇ ਰਹੀਦਾ ਹੈ।

ਹੇ ਪ੍ਰੀਤਮ = ਪਿਆਰੇ ਪ੍ਰਭੂ ! ਤੇਰੇ ਤੋਂ ਬਿਨੁ = ਬਗ਼ੈਰ ਕੋ = ਕੋਈ ਵੀ ਜੀਵਾਂ ਦੀ ਸਾਰਾ = ਸੰਭਾਲ ਨਹੀਂ ਕਰੈ = ਕਰ ਸਕਦਾ ॥੧॥

## ਸਭ ਊਤਮ; ਕਿਸੁ ਆਖਉ ਹੀਨਾ ॥
## ਹਰਿ ਭਗਤੀ; ਸਚਿ ਨਾਮਿ ਪਤੀਨਾ ॥੧॥ਰਹਾਉ॥

ਹੇ ਭਾਈ ! ਮੇਰੇ ਨਾਲੋਂ ਸਭ = ਸਾਰੇ ਹੀ ਊਤਮ = ਸ੍ਰੇਸ਼ਟ ਹਨ, ਫੇਰ ਮੈਂ ਕਿਸ ਨੂੰ ਹੀਨਾ = ਨੀਚ, ਮਾੜਾ ਆਖਉ = ਕਹਿਣਾ ਕਰਾਂ।

ਜੋ ਹਰਿ = ਪਰਮਾਤਮਾ ਦੀ ਭਗਤੀ = ਬੰਦਗੀ ਕਰਦਾ ਹੈ, ਉਸਦਾ ਮਨ ਪਰਮਾਤਮਾ ਦੇ ਸਚਿ = ਸੱਚੇ ਨਾਮ ਵਿਚ ਪਤੀਨਾ = ਪਤੀਜ ਜਾਂਦਾ ਹੈ ॥੧॥ ਰਹਾਉ ॥

## ਅਉਖਧ ਕਰਿ ਥਾਕੀ; ਬਹੁਤੇਰੇ ॥ ਕਿਉ ਦੁਖੁ ਚੂਕੈ; ਬਿਨੁ ਗੁਰ ਮੇਰੇ ॥

ਹੋਰ ਸਾਰੀ ਸ੍ਰਿਸ਼ਟੀ ਬਹੁਤੇਰੇ = ਬਹੁਤੇ ਕਰਮ ਕਾਂਡ, ਉਪਾਸ਼ਨਾ ਰੂਪੀ ਅਉਖਧ = ਦਵਾਈਆਂ ਕਰ ਕਰ ਕੇ ਥਾਕੀ = ਥੱਕ ਗਈ ਹੈ।

ਮੇਰੇ ਗੁਰੂ ਤੋਂ ਬਿਨੁ = ਬਗ਼ੈਰ ਜੰਮਣ ਮਰਣ ਆਦਿ ਦਾ ਦੁਖ ਕਿਉ = ਕਿਵੇਂ ਚੂਕੈ = ਚੁੱਕਿਆ ਜਾ ਸਕਦਾ ਹੈ ਭਾਵ ਨਹੀਂ ਚੁੱਕਿਆ ਜਾ ਸਕਦਾ।

## ਬਿਨੁ ਹਰਿ ਭਗਤੀ; ਦੂਖ ਘਣੇਰੇ ॥ ਦੁਖ ਸੁਖ ਦਾਤੇ; ਠਾਕੁਰ ਮੇਰੇ ॥੨॥

ਹਰਿ = ਪਰਮਾਤਮਾ ਦੀ ਭਗਤੀ ਤੋਂ ਬਿਨੁ = ਬਗ਼ੈਰ ਘਣੇਰੇ = ਬਿਅੰਤ ਦੁਖ ਪ੍ਰਾਪਤ ਹੁੰਦੇ ਹਨ।

ਮੇਰੇ ਠਾਕੁਰ = ਪ੍ਰਭੂ ਜੀ ਆਪ ਹੀ ਜੀਵਾਂ ਦੇ ਕਰਮਾਂ ਅਨੁਸਾਰ ਸੁਖ ਅਤੇ ਦੁਖ ਦੇ ਦਾਤੇ = ਦੇਣ ਵਾਲੇ ਹਨ **ਵਾ:** ਸੁਖ ਦੀ ਪ੍ਰਾਪਤੀ ਅਤੇ ਦੁਖ ਦੀ ਨਵਿਰਤੀ ਕਰਨ ਵਾਲੇ ਹਨ ॥੨॥

## ਰੋਗੁ ਵਡੋ; ਕਿਉ ਬਾਂਧਉ ਧੀਰਾ ॥ ਰੋਗੁ ਬੁਝੈ; ਸੋ ਕਾਟੈ ਪੀਰਾ ॥

ਹਉਮੈ ਦਾ ਬਹੁਤ ਵਡੋ = ਵੱਡਾ ਰੋਗ ਜੀਵਾਂ ਨੂੰ ਚਿੰਬੜਿਆ ਹੋਇਆ ਹੈ, ਇਸ ਦੇ ਹੁੰਦਿਆਂ ਮੇਰਾ ਮਨ ਧੀਰਾ = ਧੀਰਜਤਾ ਕਿਉ = ਕਿਵੇਂ ਬਾਂਧਉ = ਬੰਨ੍ਹਣਾ ਕਰੇ।

ਜੋ ਗੁਰੂ ਰੂਪੀ ਵੈਦ ਇਸ ਰੋਗ ਨੂੰ ਬੁਝੈ = ਸਮਝ ਲਵੇਗਾ, ਸੋ = ਉਹੋ ਹੀ ਇਸ ਰੋਗ ਦੀ ਪੀਰਾ = ਪੀੜ ਨੂੰ ਕਾਟੈ = ਕੱਟਣਾ ਕਰੇਗਾ।

## ਮੈ ਅਵਗਣ; ਮਨ ਮਾਹਿ ਸਰੀਰਾ ॥ ਢੂਢਤ ਖੋਜਤ; ਗੁਰਿ ਮੇਲੇ ਬੀਰਾ ॥੩॥

ਮੈ = ਮੇਰੇ ਮਨ = ਅੰਤਹਕਰਨ ਅਤੇ ਸਰੀਰਾ = ਤਨ ਮਾਹਿ = ਵਿਚ ਅਵਗਣ = ਗੁਨਾਹ ਹੀ ਭਰੇ ਹੋਏ ਹਨ।

ਬੀਰਾ = ਹੇ ਭਾਈ ! ਪ੍ਰਭੂ ਦੇ ਰਸਤੇ ਨੂੰ ਬੇਦਾਂ ਦੁਆਰਾ ਢੂਢਤ = ਲੱਭਦਿਆਂ ਅਤੇ ਸ਼ਾਸਤ੍ਰਾਂ ਦੁਆਰਾ

ਖੋਜਤ = ਖੋਜਦਿਆਂ ਗੁਰਾਂ ਨੇ ਉਸ ਰਸਤੇ ਵਿਚ ਮੇਲੇ = ਮੇਲਣਾ ਕੀਤਾ ਹੈ **ਵਾ:** ਗੁਰੂ ਬੀਰਾ = ਸੂਰਮੇ ਨੇ ਪ੍ਰਭੂ ਨਾਲ ਮੇਲਣਾ ਕੀਤਾ ਹੈ ॥੩॥

## ਗੁਰ ਕਾ ਸਬਦੁ; ਦਾਰੂ ਹਰਿ ਨਾਉ ॥ ਜਿਉ ਤੂ ਰਾਖਹਿ; ਤਿਵੈ ਰਹਾਉ ॥

ਹੇ ਹਰਿ = ਪ੍ਰਭੂ ! ਤੇਰਾ ਨਾਉ = ਨਾਮ ਅਤੇ ਗੁਰਾਂ ਕਾ = ਦਾ ਸਬਦੁ = ਉਪਦੇਸ਼ ਹਉਮੈ ਦੇ ਰੋਗ ਨੂੰ ਮੇਟਣ ਵਾਸਤੇ ਦਾਰੂ = ਦਵਾਈ ਰੂਪ ਹੈ।

ਹੇ ਪ੍ਰਭੂ ! ਜਿਉ = ਜਿਵੇਂ ਤੂੰ ਰਾਖਹਿ = ਰੱਖਣਾ ਚਾਹੁੰਦਾ ਹੈਂ, ਤਿਵੈ = ਉਵੇਂ ਹੀ ਮੇਰਾ ਰਹਾਉ = ਰਹਿਣਾ ਹੁੰਦਾ ਹੈ।

## ਜਗੁ ਰੋਗੀ; ਕਹ ਦੇਖਿ ਦਿਖਾਉ ॥ ਹਰਿ ਨਿਰਮਾਇਲੁ; ਨਿਰਮਲੁ ਨਾਉ ॥੪॥

ਸਾਰਾ ਜਗੁ = ਜਗਤ ਹੀ ਰੋਗੀ = ਰੋਗ ਦਾ ਗ੍ਰਸਿਆ ਹੋਇਆ ਦਿਖਾਈ ਦੇ ਰਿਹਾ ਹੈ, ਫੇਰ ਮੈਂ ਆਪਣਾ ਰੋਗ ਕਹ = ਕਿਸ ਨੂੰ ਦਿਖਾਉ = ਦਿਖਾਉਣਾ, ਦੱਸਣਾ ਕਰਾਂ **ਵਾ:** ਕਿਸ ਨੂੰ ਦਿਖਾਈਏ ਅਤੇ ਕੌਣ ਦੇਖ ਸਕਦਾ ਹੈ ਭਾਵ ਕੋਈ ਨਹੀਂ ਦੇਖ ਸਕਦਾ।

ਹੇ ਹਰਿ = ਪ੍ਰਭੂ ! ਇਕ ਤੂੰ ਹੀ ਇਹ ਰੋਗ ਮੇਟ ਕੇ ਨਿਰਮਾਇਲੁ = ਉੱਜਲ ਕਰਨ ਵਾਲਾ ਹੈਂ ਅਤੇ ਤੇਰਾ ਨਾਉ = ਨਾਮ ਵੀ ਨਿਰਮਲ = ਉੱਜਲ ਹੈ ॥੪॥

## ਘਰ ਮਹਿ ਘਰੁ; ਜੋ ਦੇਖਿ ਦਿਖਾਵੈ ॥ ਗੁਰ ਮਹਲੀ; ਸੋ ਮਹਲਿ ਬੁਲਾਵੈ ॥

ਜਿਹੜਾ ਗੁਰੂ ਹਿਰਦੇ ਰੂਪੀ ਘਰ ਦੇ ਮਾਹਿ = ਵਿਚ ਸਰੂਪ ਰੂਪੀ ਘਰ ਨੂੰ ਆਪ ਦੇਖ ਕੇ ਹੋਰਨਾਂ ਨੂੰ ਦਿਖਾਵੈ = ਦਿਖਾਉਣਾ ਕਰਦਾ ਹੈ।

ਉਹ ਤੁਰੀਆ ਪਦ ਰੂਪੀ ਮਹਲੀ = ਮਹੱਲ ਦਾ ਮਾਲਕ ਗੁਰੂ ਹੀ ਹੈ, ਜੋ ਸਰੂਪ ਰੂਪੀ ਮਹਲਿ = ਮਹੱਲ ਵਿਚ ਬੁਲਾਵੈ = ਬੁਲਾ ਲੈਂਦਾ ਹੈ।

## ਮਨ ਮਹਿ ਮਨੂਆ; ਚਿਤ ਮਹਿ ਚੀਤਾ ॥ ਐਸੇ ਹਰਿ ਕੇ ਲੋਗ; ਅਤੀਤਾ ॥੫॥

ਜਿਨ੍ਹਾਂ ਦਾ ਮਨੂਆ = ਮਨ ਪਰਮਾਤਮਾ ਦੇ ਮਨ = ਮੰਨਣ **ਵਾ:** ਗੁਰਾਂ ਦੇ ਮਨ = ਮੰਤ੍ਰ ਮਹਿ = ਵਿਚ ਲੱਗਿਆ ਹੈ ਅਤੇ ਚੀਤਾ = ਚਿੱਤ ਵਾਹਿਗੁਰੂ ਦੇ ਚਿਤ = ਚਿੰਤਨ ਮਹਿ = ਵਿਚ ਲੱਗਾ ਹੋਇਆ ਹੈ।

ਐਸੇ = ਅਜਿਹੇ ਹਰਿ = ਹਰੀ ਕੇ = ਦੇ ਲੋਗ = ਜਨ ਸਦਾ ਅਤੀਤਾ = ਅਸੰਗ ਰਹਿੰਦੇ ਹਨ ॥੫॥

## ਹਰਖ ਸੋਗ ਤੇ; ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ; ਹਰਿ ਨਾਮਿ ਨਿਵਾਸਾ ॥

ਉਹ ਪਦਾਰਥਾਂ ਦੇ ਆਏ ਤੋਂ ਹਰਖ = ਖ਼ੁਸ਼ੀ ਅਤੇ ਪਦਾਰਥਾਂ ਦੇ ਵਿਛੜਨ ਦੇ ਸੋਗ = ਗ਼ਮ ਤੇ = ਤੋਂ ਨਿਰਾਸਾ = ਨਿਰਾਸ਼ ਹੀ ਰਹਹਿ = ਰਹਿੰਦੇ ਹਨ।

ਉਹ ਨਾਮ ਅੰਮ੍ਰਿਤ ਨੂੰ ਚਾਖਿ = ਚੱਖ ਕੇ ਹਰਿ = ਹਰੀ ਦੇ ਨਾਮ ਵਿਚ ਹੀ ਮਨ ਦਾ ਨਿਵਾਸਾ = ਨਿਵਾਸ ਕਰਦੇ ਹਨ।

## ਆਪੁ ਪਛਾਣਿ; ਰਹੈ ਲਿਵ ਲਾਗਾ ॥ ਜਨਮੁ ਜੀਤਿ; ਗੁਰਮਤਿ ਦੁਖੁ ਭਾਗਾ ॥੬॥

ਆਪੁ = ਆਪਣੇ ਸਰੂਪ ਦੀ ਪਛਾਣ ਕਰਕੇ ਉਨ੍ਹਾਂ ਦਾ ਮਨ ਪਰਮਾਤਮਾ ਦੀ ਲਿਵ = ਪ੍ਰੀਤ ਵਿਚ ਲਾਗਾ = ਲੱਗਾ ਰਹਿੰਦਾ ਹੈ।

ਉਨ੍ਹਾਂ ਨੇ ਮਨੁੱਖਾ ਜਨਮ ਨੂੰ ਜੀਤਿ = ਜਿੱਤ ਲਿਆ ਹੈ ਅਤੇ ਗੁਰਮਤਿ = ਗੁਰਾਂ ਦੀ ਸਿੱਖਿਆ ਧਾਰਨ ਕਰਕੇ ਉਨ੍ਹਾਂ ਦਾ ਜੰਮਣ ਮਰਣ ਰੂਪੀ ਦੁਖ ਭਾਗਾ = ਭੱਜ ਗਿਆ ਹੈ॥੬॥

## ਗੁਰਿ ਦੀਆ; ਸਚੁ ਅੰਮ੍ਰਿਤੁ ਪੀਵਉ ॥
## ਸਹਜਿ ਮਰਉ; ਜੀਵਤ ਹੀ ਜੀਵਉ ॥

ਹੇ ਭਾਈ! ਜੋ ਗੁਰਾਂ ਦੇ ਨਾਮ ਦਾ ਉਪਦੇਸ਼ ਦੀਆ = ਦੇਣਾ ਕੀਤਾ ਹੈ, ਉਸ ਸੱਚੇ ਅੰਮ੍ਰਿਤ ਨਾਮ ਨੂੰ ਪੀਵਉ = ਪੀਣਾ ਕਰੋ।

ਸਹਜਿ = ਸ਼ਾਂਤੀ ਪੂਰਬਕ ਦੇਹ ਦੇ ਅਭਿਮਾਨ ਵੱਲੋਂ ਮਰਉ = ਮਰਨਾ ਕਰੋ, ਤਾਂ ਜੀਵਨ ਰੂਪ ਨੂੰ ਪਾ ਕੇ ਜੀਵਤ ਹੀ ਜੀਵਉ = ਜਿਉਂਦੇ ਹੀ ਜਿਉਂਦੇ ਰਹੋਗੇ।

## ਅਪਣੋ ਕਰਿ ਰਾਖਹੁ; ਗੁਰ ਭਾਵੈ ॥ ਤੁਮ੍ਰੋ ਹੋਇ; ਸੁ ਤੁਝਹਿ ਸਮਾਵੈ ॥੭॥

ਹੇ ਗੁਰੂ ਅਕਾਲ ਪੁਰਖ! ਜੇਕਰ ਤੈਨੂੰ ਭਾਵੈ = ਭਾਅ ਜਾਵੇ, ਤਾਂ ਮੈਨੂੰ ਅਪਣੋ = ਆਪ ਦਾ ਗੋੱਲਾ ਕਰਿ = ਕਰਕੇ ਰਾਖਹੁ = ਰੱਖਣਾ ਕਰ।

ਹੇ ਪ੍ਰਭੂ! ਜੋ ਤੁਮ੍ਰੋ = ਤੇਰਾ ਸੇਵਕ ਹੋਇ = ਹੋ ਜਾਂਦਾ ਹੈ, ਸੁ = ਉਹ ਤੁਝਹਿ = ਤੇਰੇ ਸਰੂਪ ਵਿਚ ਹੀ ਸਮਾਵੈ = ਸਮਾਅ ਜਾਂਦਾ ਹੈ॥੭॥

## ਭੋਗੀ ਕਉ; ਦੁਖੁ ਰੋਗ ਵਿਆਪੈ ॥ ਘਟਿ ਘਟਿ ਰਵਿ ਰਹਿਆ; ਪ੍ਰਭੁ ਜਾਪੈ ॥

ਪਦਾਰਥਾਂ ਦੇ ਭੋਗੀ = ਭੋਗਣ ਵਾਲੇ ਕਉ = ਨੂੰ ਜੰਮਣ ਮਰਣ ਦੇ ਦੁੱਖ ਹੰਕਾਰ ਆਦਿ ਦੇ ਰੋਗ ਹੀ ਵਿਆਪੈ = ਲੱਗਦੇ ਹਨ।

ਹੇ ਪ੍ਰਭੁ = ਪਰਮਾਤਮਾ! ਜੋ ਤੇਰਾ ਨਾਮ ਜਾਪੈ = ਜਪਦੇ ਹਨ, ਉਹ ਤੈਨੂੰ ਸਾਰੇ ਘਟਾਂ ਘਟਾਂ ਵਿਚ ਰਵਿ = ਵਿਆਪਕ ਹੋ ਰਹਿਆ = ਰਿਹਾ ਨਿਸਚੇ ਕਰਦੇ ਹਨ।

## ਸੁਖ ਦੁਖ ਹੀ ਤੇ; ਗੁਰ ਸਬਦਿ ਅਤੀਤਾ ॥
## ਨਾਨਕ ਰਾਮੁ ਰਵੈ; ਹਿਤ ਚੀਤਾ ॥੮॥੪॥

ਉਹ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਹੀ = ਨਿਸਚੇ ਕਰਕੇ ਸੁਖ ਦੁਖ ਤੋਂ ਅਤੀਤਾ = ਅਸੰਗ ਰਹਿੰਦੇ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਚੀਤਾ = ਮਨ ਦੇ ਹਿਤ = ਪ੍ਰੇਮ ਨਾਲ ਰਾਮ = ਪਰਮਾਤਮਾ ਦਾ ਨਾਮ ਰਵੈ = ਉਚਾਰਣ ਕਰਦੇ ਰਹਿੰਦੇ ਹਨ॥੮॥੪॥

## ਬਸੰਤੁ ਮਹਲਾ ੧ ਇਕ ਤੁਕੀਆ ॥

**ਉਥਾਨਕਾ :** ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਬਿਰਾਜਮਾਨ ਸਨ, ਉਸ ਸਮੇਂ ਸਤਿਗੁਰਾਂ ਦੇ ਪਾਸ ਅਨੇਕਾਂ ਸੰਗਤਾਂ ਅਤੇ ਸਾਧੂ ਸੰਤ ਦਰਸ਼ਨ ਕਰਨ ਆਉਂਦੇ। ਸਤਿਗੁਰੂ ਜੀ ਸਭ ਨੂੰ ਲੰਗਰ ਪ੍ਰਸ਼ਾਦ ਛਕਾਉਂਦੇ। ਇਕ ਦਿਨ ਇਕ ਨਾਂਗਾ ਸਾਧੂ ਆਪਣੀ ਜਮਾਤ ਦੇ ਸਮੇਤ ਸਤਿਗੁਰਾਂ ਪਾਸ ਚੱਲ ਕੇ ਆਇਆ, ਜੋ ਪਹਿਲਾਂ ਸੰਨਿਆਸੀਆਂ ਦਾ ਚੇਲਾ ਸੀ। ਇਸ ਨੇ ਕਿਹਾ—ਮਹਾਰਾਜ! ਸਾਡੀ

ਜਮਾਤ ਨੂੰ ਪੰਜ ਸੌ ਰੁਪਈਆ ਭੇਟਾ ਕਰੋ ਅਤੇ ਹਾਥੀ, ਘੋੜੇ, ਸਾਧੂਆਂ ਨੂੰ ਰਸਦ ਵੀ ਦਿਓ, ਸਤਿਗੁਰਾਂ ਨੇ ਇਹ ਸਭ ਕੁਝ ਲੰਗਰ ਵਿੱਚੋਂ ਦਿਵਾ ਦਿੱਤਾ। ਫੇਰ ਇਹ ਨਾਂਗਾ ਸਾਧੂ ਸਤਿਗੁਰਾਂ ਦੇ ਦੀਵਾਨ ਵਿਚ ਆ ਕੇ ਬਹੁਤ ਆਕੜ ਦੇ ਨਾਲ ਬੈਠ ਗਿਆ, ਇਸ ਨੇ ਕਿਹਾ ਕਿ ਮਹਾਰਾਜ ਜੀ ! ਸਾਧੂ ਬਣਨ ਤੋਂ ਬਿਨਾਂ ਕਲਿਆਣ ਨਹੀਂ ਹੋ ਸਕਦੀ, ਤਦੋਂ ਉਸਦਾ ਮਾਣ ਮੇਟਣ ਵਾਸਤੇ ਅਤੇ ਸਰਬੱਤ ਸੰਗਤਾਂ ਦਾ ਭਲਾ ਕਰਨ ਹਿਤ ਇਹ ਪਾਵਨ ਸ਼ਬਦ ਬਸੰਤ ਰਾਗ ਅੰਦਰ ਉਚਾਰਣ ਕੀਤਾ।

ਇਕ ਤੁਕੀਆ = ਇਸ ਅਸਟਪਦੀ ਵਿਚ ਇਕ ਇਕ ਤੁਕ 'ਤੇ ਅੰਕ ਆਵੇਗਾ, ਦੋ ਛੋਟੀਆਂ ਤੁਕਾਂ ਨੂੰ ਇਕ ਦੀ ਗਿਣਤੀ ਵਿਚ ਸਮਝਣਾ।

## ਮਤੁ ਭਸਮ ਅੰਧੂਲੇ; ਗਰਬਿ ਜਾਹਿ ॥ ਇਨ ਬਿਧਿ ਨਾਗੇ; ਜੋਗੁ ਨਾਹਿ ॥੧॥

ਹੇ ਅੰਧੂਲੇ = ਅਗਿਆਨੀ ਜੀਵ ! ਆਪਣੇ ਤਨ ਉੱਪਰ ਭਸਮ = ਸੁਆਹ ਮਲ ਕੇ ਮਤੁ = ਮਤਾ ਗਰਬਿ = ਹੰਕਾਰ ਨਾਲ ਆਪਣੇ ਮਨੁੱਖਾ ਜਨਮ ਨੂੰ ਗੁਆ ਕੇ ਜਾਹਿ = ਚਲਾ ਜਾਵੇ **ਵਾ:** ਭਸਮ = ਸੁਆਹ ਮਤਾਂ ਮਲ, ਇਸ ਨਾਲ ਹੰਕਾਰ ਵਿਚ ਹੀ ਜਾਵੇਂਗਾ।

ਹੇ ਨਾਂਗੇ ! ਇਨ = ਇਸ ਬਿਧਿ = ਤਰੀਕੇ ਨਾਲ (ਤਨ ਨੰਗਾ ਰੱਖ ਕੇ ਅਤੇ ਉੱਪਰ ਸੁਆਹ ਮਲ ਕੇ) ਪਰਮਾਤਮਾ ਵਿਚ ਜੋਗੁ = ਜੁੜਨਾ ਨਾਹਿ = ਨਹੀਂ ਹੋ ਸਕਦਾ ॥੧॥

## ਮੂੜ੍ੇ ਕਾਹੇ ਬਿਸਾਰਿਓ; ਤੈ ਰਾਮ ਨਾਮ ॥
## ਅੰਤ ਕਾਲਿ; ਤੇਰੈ ਆਵੈ ਕਾਮ ॥੧॥ਰਹਾਉ॥

ਹੇ ਮੂੜ੍ੇ = ਮੂਰਖ ਜੀਵ ! ਤੈ = ਤੂੰ ਰਾਮ = ਪਰਮਾਤਮਾ ਦਾ ਨਾਮ ਕਾਹੇ = ਕਿਸ ਲਈ ਬਿਸਾਰਿਓ = ਵਿਸਾਰਣਾ ਕੀਤਾ ਹੈ।

ਇਹ ਪਰਮਾਤਮਾ ਦਾ ਨਾਮ ਹੀ ਅੰਤ = ਅਖ਼ੀਰ ਦੇ ਕਾਲਿ = ਸਮੇਂ ਤੇਰੇ ਕਾਮ = ਕੰਮ ਆਵੇਗਾ ॥੧॥ਰਹਾਉ॥

## ਗੁਰ ਪੂਛਿ; ਤੁਮ ਕਰਹੁ ਬੀਚਾਰੁ ॥ ਜਹ ਦੇਖਉ; ਤਹ ਸਾਰਿਗਪਾਣਿ ॥੨॥

ਗੁਰੂ ਨੂੰ ਪੂਛਿ = ਪੁੱਛ ਕੇ ਤੁਮ = ਤੂੰ ਆਪਣੇ ਹਿਰਦੇ ਅੰਦਰ ਪਰਮਾਤਮਾ ਦੀ ਵਿਚਾਰ ਕਰਹੁ = ਕਰ।

ਫੇਰ ਜਹ = ਜਿਥੇ ਵੀ ਦੇਖਉ = ਦੇਖੇਂਗਾ, ਤਹ = ਉਥੇ (ਸਾਰਿਗ + ਪਾਣਿ) ਸਾਰੰਗ ਨਾਮੇ ਧਨੁੱਖ ਨੂੰ ਆਪਣੇ ਪਾਣਿ = ਹੱਥਾਂ ਵਿਚ ਪਕੜਨ ਵਾਲੇ ਪਰਮਾਤਮਾ ਦਾ ਸਰੂਪ ਹੀ ਵਿਆਪਕ ਦ੍ਰਿਸ਼ਟੀ ਵਿਚ ਆਵੇਗਾ ॥੨॥

***ਪ੍ਰਸ਼ਨ :*** *ਹੇ ਮਹਾਰਾਜ ! ਤੁਸੀਂ ਕੀ ਹੋ ?*
***ਗੁਰ ਉੱਤਰ :***

## ਕਿਆ ਹਉ ਆਖਾ; ਜਾਂ ਕਛੂ ਨਾਹਿ ॥ ਜਾਤਿ ਪਤਿ; ਸਭ ਤੇਰੈ ਨਾਇ ॥੩॥

ਹੇ ਭਾਈ ! ਮੈਂ ਕਿਆ = ਕੀ ਆਖਾ = ਕਹਿਣਾ ਕਰਾਂ, ਜਾਂ = ਜਦੋਂ ਮੈਂ ਕਛੂ = ਕੁਝ ਹੈ ਹੀ ਨਹੀਂ ਹਾਂ, ਭਾਵ ਮੈਂ ਸੂਖਮ, ਅਸਥੂਲ ਤੇ ਕਾਰਨ ਦੇਹ ਵੀ ਨਹੀਂ ਹਾਂ।

ਇਹ ਜਾਤਿ ਪਤਿ = ਜਾਤੀ ਪਾਤੀ ਸਭ ਤੇਰੇ ਨਾਮ ਨਾਲ ਹੀ ਲੱਗੀਆਂ ਹੋਈਆਂ ਹਨ **ਵਾ:** ਪਰਮਾਤਮਾ ਦੇ ਸਨਮੁਖ ਕਹਿੰਦੇ ਹਨ ਕਿ ਹੇ ਪ੍ਰਭੂ ! ਅਸੀਂ ਤੇਰੇ ਨਾਇ = ਨਾਮ ਨੂੰ ਆਪਣੀ ਸਾਰੀ ਜਾਤ ਪਾਤ ਸਮਝਣਾ ਕੀਤਾ ਹੈ ॥੩॥

## ਕਾਹੇ ਮਾਲੁ ਦਰਬੁ ਦੇਖਿ; ਗਰਬਿ ਜਾਹਿ ॥ ਚਲਤੀ ਬਾਰ; ਤੇਰੋ ਕਛੂ ਨਾਹਿ ॥੪॥

ਹੇ ਭਾਈ! ਤੂੰ ਆਪਣੇ ਪਾਸ ਮਾਲੁ = ਹਾਥੀ ਘੋੜੇ ਆਦਿ ਪਸ਼ੂ ਤੇ ਦਰਬੁ = ਧਨ ਦੇਖਿ = ਵੇਖ ਕਰਕੇ ਕਾਹੇ = ਕਿਸ ਵਾਸਤੇ ਗਰਬਿ = ਹੰਕਾਰੀ ਹੋਈ ਜਾਹਿ = ਜਾਂਦਾ ਹੈਂ।

ਅੰਤ ਨੂੰ ਸੰਸਾਰ ਤੋਂ ਚਲਤੀ ਬਾਰ = ਚੱਲਣ ਸਮੇਂ ਤੇਰੋ = ਤੇਰਾ ਕਛੂ = ਕੁਝ ਵੀ ਪਦਾਰਥ ਨਾਹਿ = ਨਹੀਂ ਹੋਵੇਗਾ, ਭਾਵ ਪ੍ਰਲੋਕ ਵਿਚ ਨਾਲ ਕੁਝ ਨਹੀਂ ਜਾਵੇਗਾ ॥੪॥

## ਪੰਚ ਮਾਰਿ; ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ; ਇਹੈ ਪਾਂਇ ॥੫॥

ਪੰਚ = ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਕਾਰਾਂ ਨੂੰ ਮਾਰਿ = ਨਵਿਰਤ ਕਰਕੇ ਆਪਣੇ ਚਿਤੁ = ਮਨ ਨੂੰ ਸੰਕਲਪਾਂ ਵਿਕਲਪਾਂ ਵੱਲੋਂ ਰੋਕ ਕੇ ਤੁਰੀਆ ਪਦ ਰੂਪੀ ਥਾਇ = ਥਾਂ ਵਿਚ ਇਸਥਿਤ ਕਰਕੇ ਰਖਹੁ = ਰੱਖਣਾ ਕਰ।

ਜੋਗ ਵਿਚ ਜੁਗਤਿ = ਜੁੜਨ ਕੀ = ਦੀ **ਵਾ:** ਪ੍ਰਭੂ ਨਾਲ ਜੋਗ = ਮਿਲਾਪ ਦੀ ਜੁਗਤੀ ਕੀ = ਦੀ ਇਹੈ = ਇਹੋ ਹੀ ਪਾਂਇ = ਨੀਂਹ, ਬੁਨਿਆਦ ਹੈ ॥੫॥

## ਹਉਮੈ ਪੈਖੜੁ; ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ, ਮੂੜੇ ; ਮੁਕਤਿ ਜਾਹਿ ॥੬॥

ਹੇ ਭਾਈ! ਤੇਰੇ ਮਨ ਰੂਪੀ ਪੈਰ ਦੇ ਮਾਹਿ = ਵਿਚ ਹਉਮੈ = ਹੰਗਤਾ ਮਮਤਾ ਦੀ ਪੈਖੜ ਪਈ ਹੋਈ ਹੈ।

ਹੇ ਮੂੜੇ = ਮੂਰਖ ਜੀਵ! ਤੂੰ ਹਰਿ = ਪਰਮਾਤਮਾ ਨੂੰ ਚੇਤਹਿ = ਯਾਦ ਨਹੀਂ ਕਰਦਾ, ਜਿਸ ਕਰਕੇ ਤੇਰੇ ਪਾਸੋਂ ਮੁਕਤਿ = ਮੁਕਤੀ ਚਲੀ ਜਾਹਿ = ਜਾਵੇਗੀ ਭਾਵ ਤੂੰ ਮੁਕਤ ਨਹੀਂ ਹੋ ਸਕੇਂਗਾ ॥੬॥

## ਮਤ ਹਰਿ ਵਿਸਰਿਐ; ਜਮ ਵਸਿ ਪਾਹਿ ॥ ਅੰਤ ਕਾਲਿ ਮੂੜੇ; ਚੋਟ ਖਾਹਿ ॥੭॥

ਹੇ ਜੀਵ! ਹਰਿ = ਪਰਮਾਤਮਾ ਦੇ ਵਿਸਰਿਐ = ਭੁੱਲਣ ਕਰਕੇ ਮਤ = ਮਤਾਂ ਜਮ = ਜਮਦੂਤਾਂ ਦੇ ਵੱਸ ਪਾਹਿ = ਪੈ ਜਾਵੀਂ।

ਹੇ ਮੂੜੇ = ਮੂਰਖ ਜੀਵ! ਫੇਰ ਅੰਤ = ਅਖ਼ੀਰ ਦੇ ਕਾਲਿ = ਸਮੇਂ ਜਮਾਂ ਵੱਸ ਹੋਇਆ ਜਮਾਂ ਦੀਆਂ ਚੋਟ = ਸੱਟਾਂ ਖਾਹਿ = ਖਾਵੇਂਗਾ ॥੭॥

[ਅੰਗ ੧੧੯੦]

## ਗੁਰ ਸਬਦੁ ਬੀਚਾਰਹਿ; ਆਪੁ ਜਾਇ ॥ ਸਾਚ ਜੋਗੁ; ਮਨਿ ਵਸੈ ਆਇ ॥੮॥

ਜੇ ਗੁਰੂ ਦੇ ਸਬਦੁ = ਉਪਦੇਸ਼ ਨੂੰ ਬੀਚਾਰਹਿ = ਵਿਚਾਰਨਾ ਕਰੇਂ ਤਾਂ ਤੇਰੇ ਅੰਦਰੋਂ ਆਪੁ = ਆਪਾ-ਭਾਵ (ਹੰਕਾਰ) ਚਲਿਆ ਜਾਇ = ਜਾਵੇਗਾ।

ਤਦੋਂ ਸਾਚ = ਸੱਚਾ ਜੋਗ ਮਨ ਵਿਚ ਆਇ = ਆ ਕੇ ਵਸੈ = ਵੱਸ ਜਾਂਦਾ ਹੈ ਭਾਵ ਸੱਚੇ ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ ॥੮॥

## ਜਿਨਿ ਜੀਉ ਪਿੰਡੁ ਦਿਤਾ; ਤਿਸੁ ਚੇਤਹਿ ਨਾਹਿ ॥
## ਮੜੀ ਮਸਾਣੀ ਮੂੜੇ; ਜੋਗੁ ਨਾਹਿ ॥੯॥

ਜਿਨਿ = ਜਿਸ ਪਰਮਾਤਮਾ ਨੇ ਜੀਉ = ਜ਼ਿੰਦਗੀ ਤੇ ਪਿੰਡੁ = ਸਰੀਰ ਆਦਿ ਸਭ ਕੁਝ ਦਿਤਾ = ਦੇਣਾ ਕੀਤਾ ਹੈ, ਤਿਸੁ = ਉਸ ਪ੍ਰਭੂ ਨੂੰ ਚੇਤਹਿ = ਯਾਦ ਨਹੀਂ ਕਰਦਾ।

ਹੇ ਮੂੜੇ = ਮੂਰਖ ਜੀਵ ! ਮੜ੍ਹੀਆਂ ਤੇ ਮਸਾਣੀ = ਮਸਾਣਾਂ ਵਿਚ ਅਸਲ ਜੋਗ ਪ੍ਰਾਪਤ ਨਾਹਿ = ਨਹੀਂ ਹੁੰਦਾ ॥੯॥

## ਗੁਣ ਨਾਨਕੁ ਬੋਲੈ; ਭਲੀ ਬਾਣਿ ॥
## ਤੁਮ ਹੋਹੁ ਸੁਜਾਖੇ; ਲੇਹੁ ਪਛਾਣਿ ॥੧੦॥੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਗੁਣ = ਉਪਕਾਰ ਕਰਨ ਵਾਲੀ **ਵਾ:** ਗੁਣਾਂ ਨੂੰ ਉਚਾਰਣ ਵਾਲੀ ਭਲੀ = ਚੰਗੀ ਬਾਣਿ = ਬਾਣੀ ਹੀ ਬੋਲੈ = ਕਥਨ ਕਰਦੇ ਹਾਂ।

ਹੇ ਜੀਵ ! ਤੁਮ = ਤੁਸੀਂ ਗਿਆਨ ਤੇ ਵੈਰਾਗ ਰੂਪੀ ਨੈਤ੍ਰਾਂ ਨੂੰ ਪ੍ਰਾਪਤ ਕਰਕੇ ਸੁਜਾਖੇ = ਉੱਤਮ ਦ੍ਰਿਸ਼ਟੀ ਵਾਲੇ ਹੋਹੁ = ਹੋਣਾ ਕਰੋ ਅਤੇ ਆਪਣੇ ਸਰੂਪ ਨੂੰ ਪਛਾਣ ਲੇਹੁ = ਲੈਣਾ ਕਰੋ **ਵਾ:** ਤੁਸੀਂ ਆਪਣੇ ਸਰੂਪ ਨੂੰ ਗੁਰਾਂ ਦੁਆਰਾ ਪਛਾਣ ਲੈਣਾ ਕਰੋ, ਤਦੋਂ ਤੁਸੀਂ ਪ੍ਰੋਖ, ਅਪ੍ਰੋਖ ਗਿਆਨ ਰੂਪ ਨੇਤ੍ਰਾਂ ਦੇ ਸਹਿਤ ਸੁਜਾਖੇ ਹੋ ਜਾਵੋਗੇ ॥੧੦॥੫॥

## ਬਸੰਤੁ ਮਹਲਾ ੧ ॥
## ਦੁਬਿਧਾ ਦੁਰਮਤਿ; ਅਧੁਲੀ ਕਾਰ ॥ ਮਨਮੁਖਿ ਭਰਮੈ; ਮਝਿ ਗੁਬਾਰ ॥੧॥

ਜੋ ਦੁਰਮਤਿ = ਖੋਟੀ ਮਤ ਕਰਕੇ ਚਿੱਤ ਵਿਚ ਦੁਬਿਧਾ = ਦ੍ਵੈਤ-ਭਾਵ ਹੈ, ਇਸ ਕਰਕੇ ਜੀਵ ਅਧੁਲੀ = ਅੰਧਤਾਈ ਵਾਲੀ ਕਾਰ ਕਰਦੇ ਹਨ।

ਮਨਮੁਖ ਜੀਵ ਅਗਿਆਨਤਾ ਦੇ ਗੁਬਾਰ = ਹਨੇਰੇ ਮਝਿ = ਵਿਚ ਭਰਮੈ = ਭਰਮਦੇ ਰਹਿੰਦੇ ਹਨ ॥੧॥

## ਮਨੁ ਅੰਧੁਲਾ; ਅੰਧੁਲੀ ਮਤਿ ਲਾਗੈ ॥
## ਗੁਰ ਕਰਣੀ ਬਿਨੁ; ਭਰਮੁ ਨ ਭਾਗੈ ॥੧॥ ਰਹਾਉ ॥

ਜਿਨ੍ਹਾਂ ਦਾ ਮਨ ਅੰਧੁਲਾ = ਅਗਿਆਨੀ ਹੈ, ਉਹ ਅੰਧੁਲੀ = ਅਗਿਆਨੀਆਂ ਦੀ ਮਤਿ = ਸਿੱਖਿਆ ਵਿਚ ਲਾਗੈ = ਲੱਗਦੇ ਹਨ।

ਗੁਰੂ ਦੀ ਬਖ਼ਸ਼ਿਸ਼ ਕੀਤੀ ਭਗਤੀ ਰੂਪ ਕਰਣੀ ਤੋਂ ਬਿਨੁ = ਬਗ਼ੈਰ ਕਿਸੇ ਪ੍ਰਕਾਰ ਦਾ ਭਰਮ ਨਹੀਂ ਭਾਗੈ = ਭੱਜਦਾ, ਨਵਿਰਤ ਹੁੰਦਾ ॥੧॥ ਰਹਾਉ ॥

## ਮਨਮੁਖਿ ਅੰਧੁਲੇ; ਗੁਰਮਤਿ ਨ ਭਾਈ ॥ ਪਸੂ ਭਏ; ਅਭਿਮਾਨੁ ਨ ਜਾਈ ॥੨॥

ਮਨਮੁਖ ਪੁਰਖ ਵਿਵੇਕ ਵੈਰਾਗ ਰੂਪੀ ਨੇਤ੍ਰਾਂ ਤੋਂ ਬਿਨਾਂ ਅੰਧੁਲੇ = ਅੰਨ੍ਹੇ, ਅਗਿਆਨੀ ਹਨ, ਉਨ੍ਹਾਂ ਨੂੰ ਗੁਰਮਤਿ = ਗੁਰਾਂ ਦੀ ਸਿੱਖਿਆ ਭਾਈ = ਚੰਗੀ ਨਹੀਂ ਲੱਗਦੀ।

ਉਹ ਪਸ਼ੂਆਂ ਦੇ ਸੁਭਾਅ ਵਾਲੇ ਭਏ = ਹੋ ਰਹੇ ਹਨ, ਉਨ੍ਹਾਂ ਦੇ ਅੰਦਰੋਂ ਅਭਿਮਾਨੁ = ਹੰਕਾਰ ਨਹੀਂ ਜਾਈ = ਜਾਂਦਾ ॥੨॥

## ਲਖ ਚਉਰਾਸੀਹ; ਜੰਤ ਉਪਾਏ ॥ ਮੇਰੇ ਠਾਕੁਰ ਭਾਣੇ; ਸਿਰਜਿ ਸਮਾਏ ॥੩॥

ਪ੍ਰਭੂ ਨੇ ਚੌਰਾਸੀ ਲੱਖ ਜੂਨਾਂ ਦੇ ਜੰਤ = ਜੀਵ ਉਪਾਏ = ਪੈਦਾ ਕੀਤੇ ਹਨ।

ਉਹ ਮੇਰੇ ਠਾਕੁਰ = ਮਾਲਕ ਪ੍ਰਭੂ ਨੇ ਆਪਣੇ ਭਾਣੇ ਵਿਚ ਸਾਰੇ ਸਿਰਜਿ = ਰਚ ਕੇ ਅੰਤ ਨੂੰ ਸਮਾਏ = ਲੀਨ ਕੀਤੇ ਹਨ ॥੩॥

## ਸਗਲੀ ਭੂਲੈ; ਨਹੀ ਸਬਦੁ ਅਚਾਰੁ ॥ ਸੋ ਸਮਝੈ; ਜਿਸੁ ਗੁਰੁ ਕਰਤਾਰੁ ॥੪॥

ਜਿਨ੍ਹਾਂ ਨੂੰ ਗੁਰਾਂ ਦੇ ਸਬਦੁ = ਉਪਦੇਸ਼ ਦਾ ਅਚਾਰੁ = ਕਰਤਬ ਪ੍ਰਾਪਤ ਨਹੀਂ ਹੈ, ਉਹ ਸਗਲੀ = ਸਾਰੀ ਸ੍ਰਿਸ਼ਟੀ ਅਗਿਆਨ ਕਾਰਨ ਆਪਣੇ ਸਰੂਪ ਵਲੋਂ ਭੂਲੈ = ਭੁੱਲੀ ਹੋਈ ਹੈ।

ਸੋ = ਉਹੋ ਮਨੁੱਖ ਹੀ ਆਪਣੇ ਸਰੂਪ ਨੂੰ ਸਮਝੈ = ਸਮਝਦਾ ਹੈ, ਜਿਸ ਨੂੰ ਗੁਰੂ ਦੁਆਰਾ ਕਰਤਾਰੁ = ਪਰਮਾਤਮਾ ਦੀ ਪ੍ਰਾਪਤੀ ਹੋਈ ਹੈ ॥੪॥

## ਗੁਰ ਕੇ ਚਾਕਰ; ਠਾਕੁਰ ਭਾਣੇ ॥ ਬਖਸਿ ਲੀਏ; ਨਾਹੀ ਜਮ ਕਾਣੇ ॥੫॥

ਗੁਰੂ ਕੇ = ਦੇ ਚਾਕਰ = ਸੇਵਕ ਠਾਕੁਰ = ਪਰਮਾਤਮਾ ਨੂੰ ਭਾਣੇ = ਚੰਗੇ ਲੱਗਦੇ ਹਨ।

ਉਹ ਪਰਮਾਤਮਾ ਨੇ ਬਖ਼ਸ਼ ਲੀਏ = ਲਏ ਹਨ, ਉਨ੍ਹਾਂ ਨੂੰ ਜਮ ਦੀ ਕੋਈ ਕਾਣੇ = ਕਾਣ ਕਨੌਂਡ ਨਹੀਂ ਲੱਗਦੀ ॥੫॥

## ਜਿਨ ਕੈ ਹਿਰਦੈ; ਏਕੋ ਭਾਇਆ ॥ ਆਪੇ ਮੇਲੇ; ਭਰਮੁ ਚੁਕਾਇਆ ॥੬॥

ਜਿਨ = ਜਿਨ੍ਹਾਂ ਮਨੁੱਖਾਂ ਕੈ = ਦੇ ਹਿਰਦੇ ਵਿਚ ਇਕ ਪ੍ਰਭੂ ਭਾਇਆ = ਚੰਗਾ ਲੱਗ ਆਇਆ ਹੈ।

ਪ੍ਰਭੂ ਨੇ ਆਪੇ = ਆਪ ਹੀ ਉਹ ਗੁਰਾਂ ਨਾਲ ਮੇਲੇ ਹਨ ਅਤੇ ਉਨ੍ਹਾਂ ਦੇ ਅੰਦਰੋਂ ਸਾਰਾ ਭਰਮ ਚੁਕਾਇਆ = ਚੁਕਾ ਦਿੱਤਾ ਹੈ ॥੬॥

## ਬੇਮੁਹਤਾਜੁ; ਬੇਅੰਤੁ ਅਪਾਰਾ ॥ ਸਚਿ ਪਤੀਜੈ; ਕਰਣੈਹਾਰਾ ॥੭॥

ਉਹ ਪ੍ਰਭੂ ਬੇਮੁਹਤਾਜੁ = ਬੇ-ਮੁਥਾਜ (ਖ਼ੁਸ਼ਾਮਦ ਤੋਂ ਰਹਿਤ) ਬੇਅੰਤੁ = ਅੰਤ ਤੋਂ ਰਹਿਤ ਅਤੇ ਅਪਾਰਾ = ਪਾਰਾਵਾਰ ਤੋਂ ਰਹਿਤ ਹੈ।

ਉਹ ਕਰਣੈਹਾਰਾ = ਰਚਣਹਾਰ ਪ੍ਰਭੂ ਸੱਚੇ ਨਾਮ ਕਰਕੇ ਪਤੀਜੈ = ਪਤੀਜਦਾ ਹੈ ॥੭॥

## ਨਾਨਕ, ਭੂਲੇ; ਗੁਰੁ ਸਮਝਾਵੈ ॥ ਏਕੁ ਦਿਖਾਵੈ; ਸਾਚਿ ਟਿਕਾਵੈ ॥੮॥੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਆਪਣੇ ਸਰੂਪ ਵੱਲੋਂ ਭੁੱਲੇ ਹੋਏ ਹਨ, ਉਨ੍ਹਾਂ ਨੂੰ ਗੁਰੂ ਜੀ ਸਮਝਾਵੈ = ਸਮਝਾ ਦੇਂਦੇ ਹਨ।

ਗੁਰੂ ਜੀ ਸਾਰਿਆਂ ਅੰਦਰ ਏਕੁ = ਇਕ ਪ੍ਰਭੂ ਵਿਆਪਕ ਦਿਖਾਵੈ = ਦਿਖਾ ਦੇਂਦੇ ਹਨ ਅਤੇ ਬਿਰਤੀ ਨੂੰ ਸਾਚਿ = ਸੱਚ ਸਰੂਪ ਵਿਚ ਟਿਕਾਵੈ = ਟਿਕਾਅ ਦੇਂਦੇ ਹਨ ॥੮॥੬॥

## ਬਸੰਤੁ ਮਹਲਾ ੧ ॥

ਸਤਿਗੁਰੂ ਜੀ ਸਰਬ ਰੂਪ ਕਰਕੇ ਪਰਮਾਤਮਾ ਨੂੰ ਵਰਣਨ ਕਰਦੇ ਹਨ।

## ਆਪੇ ਭਵਰਾ; ਫੂਲ ਬੇਲਿ ॥ ਆਪੇ; ਸੰਗਤਿ ਮੀਤ ਮੇਲਿ ॥੧॥

ਪ੍ਰਭੂ ਆਪੇ = ਆਪ ਹੀ ਭਵਰਾ = ਭੌਰਾ, ਫੂਲ = ਫੁੱਲ ਅਤੇ ਬੇਲ ਰੂਪ ਹੈ **ਵਾ:** ਆਪ ਹੀ ਜਗਿਆਸੂ ਰੂਪ ਭੌਰਾ ਹੈ, ਸਤਿਗੁਰਾਂ ਦਾ ਸਿਧਾਂਤ ਰੂਪ ਫੁੱਲ ਹੈ, ਕਰੁਣਾ ਮੁੱਦਤਾ ਮੈਤ੍ਰੀ ਉਪੇਖਿਆ ਰੂਪੀ ਵੇਲਾਂ ਰੂਪ ਹੈ **ਵਾ:** ਅਧਿਕਾਰੀ ਰੂਪੀ ਭੌਰਾ, ਕੀਰਤਨ ਕਰਨ ਰੂਪ ਫੁੱਲ ਅਤੇ ਭਗਤੀ ਰੂਪੀ ਵੇਲ ਰੂਪ ਹੈ।

ਪ੍ਰਭੂ ਆਪ ਹੀ ਮੀਤ = ਮਿੱਤਰ ਰੂਪ ਸਤਿਗੁਰਾਂ, ਗੁਰਮੁਖਾਂ ਦੀ ਸੰਗਤ ਵਿਚ ਮੇਲਿ = ਮੇਲਣਾ ਕਰਦਾ ਹੈ ॥੧॥

## ਐਸੀ ਭਵਰਾ; ਬਾਸੁ ਲੇ ॥ ਤਰਵਰ ਫੂਲੇ; ਬਨ ਹਰੇ ॥੧॥ ਰਹਾਉ ॥

ਹੇ ਜਗਿਆਸੂ ਰੂਪ ਭਵਰਾ = ਭੌਰਿਆ ! ਐਸੀ = ਅਜਿਹੀ ਪ੍ਰਭੂ ਦੀ ਭਗਤੀ ਰੂਪੀ ਬਾਸੁ = ਸੁਗੰਧੀ ਲੇ = ਲੈਣਾ ਕਰ।

ਦੇਖ ! ਸੰਤ ਰੂਪੀ ਤਰਵਰ = ਬ੍ਰਿਛ ਵੀ ਭਗਤੀ ਵੀ ਸੁਗੰਧੀ ਨਾਲ ਫੂਲੇ = ਪ੍ਰਫੁੱਲਤ ਹੋ ਰਹੇ ਹਨ ਅਤੇ ਸਤਿਸੰਗਤ ਰੂਪ ਬਨ ਵੀ ਸ਼ੁਭ ਗੁਣਾਂ ਨਾਲ ਹਰਾ ਭਰਾ ਹੋ ਰਿਹਾ ਹੈ **ਵਾ:** (ਤਰ+ਵਰ) ਤਰ = ਅਤਸ਼ੇ ਕਰਕੇ ਵਰ = ਸ੍ਰੇਸ਼ਟ ਭਗਤ ਜਨ ਵੀ ਸ਼ੁਭ ਗੁਣਾਂ ਕਰਕੇ ਪ੍ਰਫੁੱਲਤ ਹੋ ਰਹੇ ਹਨ ਅਤੇ ਅਧਿਕਾਰੀ ਵੀ ਨਾਮ ਰੂਪੀ ਬਨ = ਜਲ ਨਾਲ ਹਰੇ ਭਰੇ ਹੋ ਰਹੇ ਹਨ ॥੧॥ ਰਹਾਉ ॥

## ਆਪੇ ਕਵਲਾ; ਕੰਤੁ ਆਪਿ ॥ ਆਪੇ ਰਾਵੇ; ਸਬਦਿ ਥਾਪਿ ॥੨॥

ਪ੍ਰਭੂ ਆਪੇ = ਆਪ ਹੀ ਕਵਲਾ = ਲਛਮੀ ਰੂਪ ਹੈ, ਆਪ ਹੀ ਲਛਮੀ ਦਾ ਕੰਤੁ = ਪਤੀ ਵਿਸ਼ਨੂੰ ਰੂਪ ਹੈ **ਵਾ:** ਆਪ ਹੀ ਲਛਮੀ (ਮਾਇਆ) ਰੂਪ ਹੈ ਅਤੇ ਆਪ ਹੀ ਉਸਦਾ ਪਤੀ ਈਸ਼ਰ ਰੂਪ ਹੈ **ਵਾ:** ਆਪ ਹੀ ਭਗਤੀ ਰੂਪ ਲਛਮੀ ਹੈ ਅਤੇ ਆਪ ਹੀ ਭਗਤੀ ਦਾ ਪਤੀ ਭਗਵੰਤ ਰੂਪ ਹੈ।

ਆਪ ਹੀ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਚਿੱਤ ਨੂੰ ਥਾਪਿ = ਇਸਥਿਤ ਕਰਕੇ ਬ੍ਰਹਮਾਨੰਦ ਨੂੰ ਰਾਵੇ = ਮਾਨਣ ਵਾਲਾ ਹੈ **ਵਾ:** ਸਬਦਿ = ਸੰਸਾਰ ਨੂੰ ਥਾਪਿ = ਇਸਥਿਤ ਕਰਕੇ ਉਸਦੇ ਭੋਗਾਂ ਨੂੰ ਭੋਗਣਾ ਕਰਦਾ ਹੈ ॥੨॥

## ਆਪੇ ਬਛਰੂ; ਗਊ ਖੀਰੁ ॥ ਆਪੇ ਮੰਦਰੁ; ਥੰਮ੍ਹੁ ਸਰੀਰੁ ॥੩॥

ਪ੍ਰਭੂ ਆਪੇ = ਆਪ ਹੀ ਬਛਰੂ = ਵੱਛਾ ਰੂਪ ਹੈ, ਆਪ ਹੀ ਗਊ ਤੇ ਖੀਰ = ਦੁੱਧ ਰੂਪ ਹੈ **ਵਾ:** ਆਪ ਹੀ ਜਗਿਆਸੂ ਰੂਪ ਵੱਛੇ ਬਣਾਏ ਹਨ, ਸੁਰਤੀਆਂ ਸਿੰਮ੍ਰਿਤੀਆਂ, ਉਪਨਿਸ਼ਦਾਂ ਰੂਪੀ ਗਊਆਂ ਬਣਾਈਆਂ ਹਨ ਅਤੇ ਆਪ ਹੀ ਏਨ੍ਹਾਂ ਦਾ ਉਪਦੇਸ਼ ਰੂਪ ਦੁੱਧ ਜਗਿਆਸੂ ਨੂੰ ਚੁੰਘਾਉਣਾ ਕਰਦਾ ਹੈ **ਵਾ:** ਆਪ ਹੀ ਜਗਿਆਸੂ ਦਾ ਮਨ ਸਤੋਗੁਣ ਦੇ ਸਹਿਤ ਹੋਣ ਰੂਪ ਵੱਛਾ ਹੈ, ਆਪ ਹੀ ਭਗਤੀ ਰੂਪ ਗਊ ਹੈ ਅਤੇ ਆਪ ਹੀ ਗਿਆਨ ਰੂਪੀ ਦੁੱਧ ਰੂਪ ਹੈ।

ਆਪ ਹੀ ਸਰੀਰ ਰੂਪੀ ਮੰਦਰ ਰੂਪ ਹੈ ਅਤੇ ਆਪ ਹੀ ਸਰੀਰ ਦਾ ਅਧਿਸ਼ਠਾਨ ਰੂਪ ਥੰਮ੍ਹ ਹੈ, ਭਾਵ ਆਪਣੀ ਚੇਤਨ ਸੱਤਾ ਦੇ ਨਾਲ ਥੰਮ੍ਹਣਾ ਕਰਦਾ ਹੈ **ਵਾ:** ਸਾਧਸੰਗਤ ਰੂਪੀ ਮੰਦਰ ਹੈ ਅਤੇ ਆਪ ਹੀ ਸਰੀਰ ਨੂੰ ਵਿਸ਼ਿਆਂ ਵੱਲੋਂ ਥੰਮ੍ਹ ਕਰਕੇ ਅਧਿਸ਼ਠਾਨ ਸਰੂਪ ਦੀ ਪ੍ਰਾਪਤੀ ਕਰਾਉਣ ਵਾਲਾ ਹੈ ॥੩॥

## ਆਪੇ ਕਰਣੀ; ਕਰਣਹਾਰੁ ॥ ਆਪੇ ਗੁਰਮੁਖਿ; ਕਰਿ ਬੀਚਾਰੁ ॥੪॥

ਆਪੇ = ਆਪ ਹੀ ਭਗਤੀ ਰੂਪ ਕਰਣੀ ਹੈ ਅਤੇ ਆਪ ਹੀ ਸਿੱਖ ਰੂਪ ਹੋ ਕੇ ਭਗਤੀ ਕਰਣਹਾਰੁ = ਕਰਨ ਵਾਲਾ ਹੈ।

ਆਪ ਹੀ ਗੁਰਮੁਖ ਰੂਪ ਹੋ ਕੇ ਉਸ ਭਗਤੀ, ਆਪਣੇ ਸਰੂਪ ਦਾ ਬੀਚਾਰੁ = ਨਿਰਣਾ ਕਰਿ = ਕਰਦਾ ਹੈ ॥੪॥

## ਤੂ ਕਰਿ ਕਰਿ ਦੇਖਹਿ; ਕਰਣਹਾਰੁ ॥ ਜੋਤਿ ਜੀਅ ਅਸੰਖ; ਦੇਇ ਅਧਾਰੁ ॥੫॥

ਹੇ ਕਰਣਹਾਰੁ = ਰਚਨਹਾਰ ਪ੍ਰਭੂ ! ਤੂੰ ਆਪ ਹੀ ਸੰਸਾਰ ਨੂੰ ਪੈਦਾ ਕਰਿ = ਕਰਕੇ ਫੇਰ ਪਾਲਣਾ

ਕਰਿ = ਕਰਕੇ ਸਭਨਾਂ ਦੇ ਕਰਤਬ ਦੇਖਹਿ = ਵੇਖਣਾ ਕਰਦਾ ਹੈਂ **ਵਾ**: ਆਪ ਹੀ ਸਰਵਣ ਕਰਕੇ ਮੰਨਣ ਕਰਕੇ ਫੇਰ ਨਿਧਿਆਸਣ ਕਰਕੇ ਆਪਣੇ ਸਰੂਪ ਨੂੰ ਦੇਖਣਾ ਕਰਦਾ ਹੈਂ।

ਅਸੰਖ = ਅਣਗਿਣਤ ਜੀਅ = ਜੀਵਾਂ ਦੇ ਅੰਦਰ ਤੂੰ ਆਪਣੀ ਚੇਤਨ ਸੱਤਾ ਰੂਪੀ ਜੋਤ ਦਾ ਅਧਾਰੁ = ਆਸਰਾ ਦੇਇ = ਦੇਣ ਵਾਲਾ ਹੈਂ ॥੫॥

## ਤੂ ਸਰੁ ਸਾਗਰੁ; ਗੁਣ ਗਹੀਰੁ ॥ ਤੂ ਅਕੁਲ ਨਿਰੰਜਨੁ; ਪਰਮ ਹੀਰੁ ॥੬॥

ਹੇ ਪ੍ਰਭੂ ! ਤੂੰ ਸਾਧ ਸੰਗਤ ਰੂਪੀ ਸਰੁ = ਸਰੋਵਰ, ਗੁਰੂ ਰੂਪ ਸਾਗਰੁ = ਸਮੁੰਦਰ ਅਤੇ ਗੁਣਾਂ ਦਾ ਗਹੀਰੁ = ਅਥਾਹ ਖ਼ਜ਼ਾਨਾ ਰੂਪ ਹੈਂ।

ਹੇ ਪ੍ਰਭੂ ! ਤੂੰ ਅਕੁਲ = ਕੁਲਾਂ ਤੋਂ ਰਹਿਤ, ਨਿਰੰਜਨੁ = ਮਾਇਆ ਮਲ ਤੋਂ ਰਹਿਤ, ਪਰਮ = ਵੱਡਾ ਅਤੇ ਹੀਰ = ਹੀਰੇ ਦੀ ਨਿਆਈਂ ਸ਼ੁੱਧ ਸਰੂਪ ਹੈਂ **ਵਾ**: ਹੀਰੇ ਦੀ ਨਿਆਈਂ ਅਮੋਲਕ ਹੈਂ ॥੬॥

## ਤੂ ਆਪੇ ਕਰਤਾ; ਕਰਣ ਜੋਗੁ ॥ ਨਿਹਕੇਵਲੁ ਰਾਜਨ; ਸੁਖੀ ਲੋਗੁ ॥੭॥

ਹੇ ਪ੍ਰਭੂ ! ਤੂੰ ਆਪ ਹੀ ਕਰਤਾ ਪੁਰਖ ਹੈਂ ਅਤੇ ਸਭ ਦੀ ਪਾਲਣਾ ਕਰਨ ਦੇ ਜੋਗੁ = ਲਾਇਕ ਹੈਂ **ਵਾ**: ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਕਰਨ ਵਾਲਾ ਹੈਂ ਅਤੇ ਆਪ ਹੀ ਸਿੱਖਾਂ ਦੀ ਕਲਿਆਣ ਕਰਨ ਦੇ ਜੋਗ ਹੈਂ।

ਹੇ ਪ੍ਰਭੂ ! ਤੂੰ ਨਿਹਕੇਵਲੁ = ਸ਼ੁੱਧ ਸਰੂਪ, ਰਾਜਨ = ਰਾਜਾ, ਪ੍ਰਕਾਸ਼ ਸਰੂਪ ਹੈਂ ਅਤੇ ਤੇਰੇ ਲੋਗੁ = ਜਨ, ਜਗਿਆਸੂ ਸੁਖੀ = ਸੁਖ ਦੇ ਸਹਿਤ ਹਨ ॥੭॥

## ਨਾਨਕ ਧ੍ਰਾਪੇ; ਹਰਿ ਨਾਮ ਸੁਆਦਿ ॥
## ਬਿਨੁ ਹਰਿ ਗੁਰ ਪ੍ਰੀਤਮ; ਜਨਮੁ ਬਾਦਿ ॥੮॥੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰੀ ਦੇ ਨਾਮ ਦੇ ਸੁਆਦ ਨਾਲ ਅਸੀਂ ਧ੍ਰਾਪੇ = ਤ੍ਰਿਪਤ ਹੋਏ ਹਾਂ।

ਹਰਿ = ਪਰਮਾਤਮਾ ਅਤੇ ਪਿਆਰੇ ਗੁਰੂ ਤੋਂ ਬਿਨੁ = ਬਗ਼ੈਰ ਮਨੁੱਖਾ ਜਨਮ ਬਾਦਿ = ਵਿਅਰਥ ਹੀ ਚਲਾ ਜਾਂਦਾ ਹੈ ॥੮॥੭॥

## ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਜਿਸ ਸਮੇਂ ਸਤਿਗੁਰੂ ਸਾਹਿਬ ਜੀ ਮੱਕੇ ਗਏ ਸਨ, ਉਸ ਸਮੇਂ ਉਥੇ ਬਸੰਤ ਅਤੇ ਹਿੰਡੋਲ ਦੋਨਾਂ ਰਾਗਾਂ ਨੂੰ ਮੇਲਦੇ ਹੋਏ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਘਰੁ ੨ = ਦੂਸਰੇ ਸੁਰਤਾਲ ਅੰਦਰ ਇਹ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਨਉ ਸਤ ਚਉਦਹ ਤੀਨਿ ਚਾਰਿ; ਕਰਿ ਮਹਲਤਿ ਚਾਰਿ ਬਹਾਲੀ ॥

ਹੇ ਪ੍ਰਭੂ ! ਤੂੰ ਨਾਉ = ਨੌਂ ਖੰਡ, ਸੱਤ ਦੀਪ, ਚਉਦਹ = ਚੌਦਾਂ ਲੋਕ (ਸੱਤ ਪਤਾਲ ਤੇ ਸੱਤ ਅਕਾਸ਼), ਤੀਨਿ = ਤਿੰਨ ਗੁਣ ਅਤੇ ਚਾਰ ਖਾਣੀਆਂ ਦੀ ਮਹਲਤਿ = ਹੱਦ, ਹਵੇਲੀ ਬਣਾ ਕਰਿ = ਕਰਕੇ ਚਾਰਿ = ਸੁੰਦਰ ਸ੍ਰਿਸ਼ਟੀ ਬਹਾਲੀ = ਇਸਥਿਤ ਕੀਤੀ ਹੈ।

**ਅਥਵਾ** ਹੇ ਪ੍ਰਭੂ ! ਤੂੰ ਨੌਂ ਗੋਲਕਾਂ, ਸਤ (ਪੰਜ ਤੱਤ ਮਨ ਅਤੇ ਬੁੱਧ), ਚਉਦਹ = ਚੌਦਾਂ, ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ ਅਤੇ ਚਾਰੇ ਅੰਤਹਕਰਨ (ਮਨ, ਬੁੱਧ, ਚਿੱਤ, ਹੰਕਾਰ) ਤੀਨਿ = ਤਿੰਨ ਅਵਸਥਾ (ਜਾਗਰਤ, ਸੁਪਨ, ਸੁਖੋਪਤ) ਅਤੇ ਚਾਰ ਸੁਭਾਅ (ਉੱਤਮ, ਮੱਧਮ, ਕਨਿਸ਼ਟ ਤੇ ਅਧਮ) ਆਦਿ ਬਣਾ ਕਰਕੇ ਇਹ ਦੇਹ ਰੂਪੀ ਸੁੰਦਰ ਹਵੇਲੀ ਇਸਥਿਤ ਕੀਤੀ ਹੈ **ਵਾ:** ਚਾਰ ਵਰਨ (ਖੱਤ੍ਰੀ, ਬ੍ਰਾਹਮਣ, ਸ਼ੂਦ, ਵੈਸ਼ **ਵਾ:** ਸੀਆ, ਸੁੰਨੀ, ਹਾਫ਼ਜ਼ੀ, ਇਮਾਮਸਾਫ਼ੀ) ਬਣਾ ਕੇ ਇਹ ਦੇਹ ਰੂਪੀ ਹਵੇਲੀ ਇਸਥਿਤ ਕੀਤੀ ਹੈ।

## ਚਾਰੇ ਦੀਵੇ, ਚਹੁ ਹਥਿ ਦੀਏ; ਏਕਾ ਏਕਾ ਵਾਰੀ ॥੧॥

ਹੇ ਪ੍ਰਭੂ ! ਤੂੰ ਚਾਰੇ ਵੇਦਾਂ ਰੂਪੀ ਦੀਵੇ ਚਹੁ = ਚਾਰੇ ਜੁਗਾਂ ਦੇ ਜੀਵਾਂ ਦੇ ਹੱਥ ਵਿਚ ਦੀਏ = ਦੇਣਾ ਕੀਤੇ ਹਨ **ਵਾ:** ਚਾਰੇ ਵਰਣਾਂ ਨੂੰ ਦਿੱਤੇ ਹਨ ਭਾਵ ਸਤਿਜੁਗ ਵਿਚ ਸਾਮਵੇਦ ਬ੍ਰਾਹਮਣਾਂ ਨੂੰ ਦਿੱਤਾ ਸੀ, ਤ੍ਰੇਤੇ ਵਿਚ ਖੱਤ੍ਰੀਆਂ ਦਾ ਰਾਜ ਅਤੇ ਰਿਗਵੇਦ ਸੀ, ਦੁਆਪਰ ਵਿਚ ਵੈਸ਼ਾਂ ਦਾ ਰਾਜ ਸੀ ਅਤੇ ਯਜੁਰ ਵੇਦ ਸੀ, ਹੁਣ ਕਲਿਜੁਗ ਵਿਚ ਸ਼ੂਦ੍ਰਾਂ ਦਾ ਰਾਜ ਹੈ ਅਤੇ ਅਥਰਬਣ ਵੇਦ ਪ੍ਰਧਾਨ ਹੈ ਅਤੇ ਵਾਰੀ ਅਨੁਸਾਰ ਏਕਾ ਏਕਾ = ਇਕ ਇਕ ਵੇਦ ਵੰਡਿਆ ਹੋਇਆ ਹੈ **ਵਾ:** ਇਕ ਇਕ ਵਾਰੀ ਅਨੁਸਾਰ ਨਬੇੜਾ ਹੁੰਦਾ ਹੈ ਭਾਵ ਸਤਿਜੁਗ ਵਿਚ ਲਖ ਵਰ੍ਹੇ ਦੀ ਆਰਜਾ ਸੀ ਜੇ ਕੋਈ ਇਕ ਗੁਨਾਹ ਕਰਦਾ ਤਾਂ ਸਾਰੇ ਦੇਸ਼ ਨੂੰ ਡੰਡ ਮਿਲਦਾ। ਤ੍ਰੇਤੇ ਵਿਚ ਦਸ ਹਜ਼ਾਰ ਸਾਲ ਦੀ ਆਰਜਾ ਸੀ, ਕਿਸੇ ਇਕ ਦੇ ਗੁਨਾਹ ਕਾਰਨ ਸਾਰੀ ਨਗਰੀ ਨੂੰ ਡੰਡ ਮਿਲਦਾ ਸੀ। ਦੁਆਪਰ ਵਿਚ ਹਜ਼ਾਰ ਕੁ ਸਾਲ ਦੀ ਆਰਜਾ ਸੀ, ਕਿਸੇ ਇਕ ਦੇ ਗੁਨਾਹ ਕਾਰਨ ਸਾਰੀ ਵੰਸ਼ ਨੂੰ ਡੰਡ ਮਿਲਦਾ ਸੀ ਅਤੇ ਹੁਣ ਕਲਿਜੁਗ ਵਿਚ ਤਕਰੀਬਨ ਸੌ ਕੁ ਸਾਲ ਦੀ ਆਰਜਾ ਹੈ, ਇਸ ਵਿਚ ਜੋ ਕੋਈ ਗੁਨਾਹ ਕਰਦਾ ਹੈ, ਉਸ ਦਾ ਫਲ ਉਹ ਆਪ ਹੀ ਭੋਗਣਾ ਕਰਦਾ ਹੈ॥੧॥

## ਮਿਹਰਵਾਨ ਮਧੁਸੂਦਨ ਮਾਧੌ; ਐਸੀ ਸਕਤਿ ਤੁਮ੍ਾਰੀ ॥੧॥ ਰਹਾਉ ॥

ਹੇ ਮਿਹਰਵਾਨ = ਮਿਹਰ ਕਰਨ ਵਾਲੇ, ਮਧੁਸੂਦਨ = ਮਧੁ ਨਾਮੇ ਦੈਂਤ ਨੂੰ ਕੱਟਣ ਵਾਲੇ ਅਤੇ ਮਾਧੌ = ਮਾਇਆ ਦੇ ਪਤੀ ਪ੍ਰਭੂ ! ਤੁਮ੍ਾਰੀ = ਤੇਰੀ ਐਸੀ = ਅਜਿਹੀ ਸਕਤਿ = ਸ਼ਕਤੀ ਵਰਤ ਰਹੀ ਹੈ॥੧॥ ਰਹਾਉ॥

## ਘਰਿ ਘਰਿ ਲਸਕਰੁ ਪਾਵਕੁ ਤੇਰਾ; ਧਰਮੁ ਕਰੇ ਸਿਕਦਾਰੀ ॥

ਘਰਿ ਘਰਿ = ਸਰੀਰਾਂ ਸਰੀਰਾਂ ਅੰਦਰ ਭੋਜਨ ਨੂੰ ਹਜ਼ਮ ਕਰਨ, ਪ੍ਰਾਣਾਂ ਨੂੰ ਚਲਾਉਣ ਵਾਲੀ ਪਾਵਕੁ = ਅੱਗ ਤੇਰਾ ਲਸਕਰੁ = ਫ਼ੌਜਾਂ ਦਾ ਸਮੁਦਾਇ ਬਣਿਆ ਹੋਇਆ ਅਤੇ ਧਰਮੁ = ਧਰਮ ਰਾਜਾ ਸਭ ਸਰੀਰਾਂ ਉੱਪਰ ਸਿਕਦਾਰੀ = ਸਰਦਾਰੀ ਕਰੇ = ਕਰ ਰਿਹਾ ਹੈ।

## ਧਰਤੀ ਦੇਗ ਮਿਲੈ ਇਕ ਵੇਰਾ; ਭਾਗੁ ਤੇਰਾ ਭੰਡਾਰੀ ॥੨॥

ਇਹ ਧਰਤੀ ਰੂਪੀ ਦੇਗ ਇਕ ਵੇਰਾ = ਵਾਰ ਹੀ ਸਭ ਨੂੰ ਮਿਲੈ = ਮਿਲ ਗਈ ਹੈ ਕਿ ਜੋ ਬੀਜੀ ਜਾਓਗੇ, ਉਹੋ ਹੀ ਖਾਈ ਜਾਓਗੇ। ਹੇ ਪ੍ਰਭੂ ! ਤੇਰਾ ਲਿਖਿਆ ਹੋਇਆ ਪ੍ਰਾਲਬਧ ਰੂਪੀ ਭਾਗੁ = ਕਰਮ ਭੰਡਾਰੀ = ਭੰਡਾਰਾ ਵਰਤਾਉਣ ਵਾਲਾ ਬਣਾਇਆ ਹੋਇਆ ਹੈ॥੨॥

## ਨਾ ਸਾਬੂਰੁ ਹੋਵੈ ਫਿਰਿ ਮੰਗੈ; ਨਾਰਦੁ ਕਰੇ ਖੁਆਰੀ ॥

ਜਿਸ ਨੂੰ ਸਾਬੂਰੁ = ਸੰਤੋਖ ਨਹੀਂ ਹੋਵੈ = ਹੁੰਦਾ, ਉਹ ਫਿਰਿ = ਮੁੜ-ਮੁੜ ਹੋਰ ਭੋਗ ਪਦਾਰਥ ਮੰਗੈ = ਮੰਗਦਾ ਫਿਰਦਾ ਹੈ, ਉਸਦਾ ਨਾਰਦੁ = ਚੰਚਲ ਮਨ ਉਸਦੀ ਖੁਆਰੀ ਕਰੇ = ਕਰਦਾ ਹੈ।

[ਅੰਗ ੧੧੯੧]

## ਲਬੁ ਅਧੇਰਾ ਬੰਦੀਖਾਨਾ; ਅਉਗਣ ਪੈਰਿ ਲੁਹਾਰੀ ॥੩॥

ਖਾਣ, ਜੋੜਨ ਦਾ ਲਬੁ = ਲਾਲਚ ਜੀਵਾਂ ਲਈ ਅਧੇਰਾ = ਹਨੇਰੇ ਵਾਲਾ ਬੰਦੀਖਾਨਾ = ਕੈਦ ਖ਼ਾਨਾ ਬਣਿਆ ਹੋਇਆ ਹੈ ਅਤੇ ਉਨ੍ਹਾਂ ਦੇ ਪੈਰਿ = ਪੈਰਾਂ ਵਿਚ ਅਉਗਣ = ਗੁਨਾਹਾਂ ਰੂਪੀ ਲੁਹਾਰੀ = ਲੋਹੇ ਦੀ ਬੇੜੀ ਪਈ ਹੋਈ ਹੈ ॥੩॥

## ਪੂੰਜੀ ਮਾਰ, ਪਵੈ ਨਿਤ ਮੁਦਗਰ; ਪਾਪੁ ਕਰੇ ਕੁੋਟਵਾਰੀ ॥

ਪਾਪਾਂ ਦੀ ਪੂੰਜੀ = ਰਾਸ਼ੀ ਕਰਕੇ ਨਿਤ = ਨਿਤਾਪ੍ਰਤੀ ਮੁਦਗਰ = ਮੁਹਲਿਆਂ ਦੀ ਮਾਰ ਪਵੈ = ਪੈਂਦੀ ਹੈ ਅਤੇ ਪਾਪ ਕਰਮ ਹੀ ਕੁੋਟਵਾਰੀ = ਕੋਤਵਾਲੀ ਕਰੇ = ਕਰਦਾ ਹੈ **ਵਾ:** ਸਰੀਰ ਦਾ ਕੋਤਵਾਲ ਮਨ, ਜੀਵਾਤਮਾ ਪਾਪ ਕਰਮ ਕਰਦਾ ਹੈ।

## ਭਾਵੈ ਚੰਗਾ ਭਾਵੈ ਮੰਦਾ; ਜੈਸੀ ਨਦਰਿ ਤੁਮ੍ਹਾਰੀ ॥੪॥

ਹੇ ਪ੍ਰਭੂ! ਲੋਕਾਂ ਦੀ ਦ੍ਰਿਸ਼ਟੀ ਵਿਚ ਭਾਵੇਂ ਕੋਈ ਚੰਗਾ ਕਰਮ ਕਰਦਾ, ਭਾਵੇਂ ਮੰਦਾ ਕਰਮ ਕਰਦਾ ਹੈ, ਉਨ੍ਹਾਂ ਦੀ ਕਰਣੀ ਅਨੁਸਾਰ ਜਿਹੋ ਜਿਹੀ ਤੇਰੀ ਨਦਰਿ = ਦ੍ਰਿਸ਼ਟੀ ਹੁੰਦੀ ਹੈ, ਉਹੋ ਜਿਹੀ ਹੀ ਜੀਵਾਂ ਦੀ ਹਾਲਤ ਹੁੰਦੀ ਹੈ ॥੪॥

## ਆਦਿ ਪੁਰਖ ਕਉ ਅਲਹੁ ਕਹੀਐ; ਸੇਖਾਂ ਆਈ ਵਾਰੀ ॥

ਹੇ ਆਦਿ = ਮੁੱਢ ਸਰੂਪ ਤੇ ਪੁਰਖ = ਵਿਆਪਕ ਪ੍ਰਭੂ! ਆਪ ਜੀ ਕਉ = ਨੂੰ ਮੁਸਲਮਾਨ ਲੋਕ ਅਲਹੁ = ਅੱਲ੍ਹਾ ਕਹੀਐ = ਕਹਿਣ ਲੱਗ ਪਏ ਹਨ ਅਤੇ ਸੇਖਾਂ, ਪਠਾਣਾਂ ਆਦਿ ਦੇ ਰਾਜ ਕਰਨ ਦੀ ਵਾਰੀ ਆਈ = ਆ ਗਈ।

## ਦੇਵਲ ਦੇਵਤਿਆ ਕਰੁ ਲਾਗਾ; ਐਸੀ ਕੀਰਤਿ ਚਾਲੀ ॥੫॥

ਫੇਰ ਦੇਵਲ = ਦੇਵਤਿਆਂ ਦੇ ਮੰਦਰ ਅਤੇ ਦੇਵਤਿਆਂ ਦੀਆਂ ਮੂਰਤਾਂ ਨੂੰ ਕਰੁ = ਟੈਕਸ ਲਾਗਾ = ਲੱਗ ਗਿਆ, ਐਸੀ = ਅਜਿਹੀ ਮੁਸਲਮਾਨਾਂ ਦੀ ਕੀਰਤਿ = ਕੀਰਤੀ, ਰਹੁ ਰੀਤੀ ਚਾਲੀ = ਚੱਲ ਪਈ ॥੫॥

## ਕੂਜਾ ਬਾਂਗ ਨਿਵਾਜ ਮੁਸਲਾ; ਨੀਲ ਰੂਪ ਬਨਵਾਰੀ ॥

ਹੱਥ ਵਿਚ ਕੂਜਾ = ਲੋਟਾ (ਗੰਗਾਸਾਗਰ) ਫੜ ਲਿਆ, ਬਾਂਗਾਂ ਦੇਂਦੇ ਹਨ, ਹੇਠਾਂ ਮੁਸਲਾ = ਆਸਣ ਵਿਛਾ ਕੇ ਉੱਪਰ ਨਿਮਾਜ਼ ਪੜ੍ਹਦੇ ਹਨ, ਹੇ ਬਨਵਾਰੀ = ਸੰਸਾਰ ਬਾਗ਼ ਦੇ ਵਾਲੀ ਪ੍ਰਭੂ! ਇਉਂ ਨੀਲ = ਨੀਲੇ ਰੂਪ ਭਾਵ ਨੀਲੇ ਬਾਣੇ ਵਾਲੇ ਮੁਗ਼ਲਾਂ ਦੀ ਪ੍ਰਧਾਨਤਾ ਹੋ ਗਈ।

## ਘਰਿ ਘਰਿ ਮੀਆ ਸਭਨਾਂ ਜੀਆਂ; ਬੋਲੀ ਅਵਰ ਤੁਮਾਰੀ ॥੬॥

ਹੇ ਪ੍ਰਭੂ! ਹੁਣ ਘਰਾਂ ਘਰਾਂ ਅੰਦਰ ਸਭਨਾਂ = ਸਾਰਿਆਂ ਜੀਆਂ = ਜੀਵਾਂ ਦੇ ਮੂੰਹੋਂ ਮੀਆਂ ਜੀ ਉਚਾਰਣ ਹੁੰਦਾ ਹੈ, ਹੁਣ ਤੁਮਾਰੀ = ਤੇਰੀ ਸ੍ਰਿਸ਼ਟੀ ਦੀ ਅਵਰੁ = ਹੋਰ ਹੀ ਬੋਲੀ ਹੋ ਗਈ ਭਾਵ ਸੰਸਕ੍ਰਿਤ ਤੇ ਹਿੰਦੀ ਦੇ ਥਾਂ ਤੁਰਕਾਂ ਦੀ ਬੋਲੀ ਅਰਬੀ ਫ਼ਾਰਸੀ ਆਦਿ ਦਾ ਬੋਲ-ਬਾਲਾ ਹੋ ਗਿਆ ਹੈ ॥੬॥

## ਜੇ ਤੂ ਮੀਰ ਮਹੀਪਤਿ ਸਾਹਿਬੁ; ਕੁਦਰਤਿ ਕਉਣ ਹਮਾਰੀ ॥

ਹੇ ਪ੍ਰਭੂ ! ਜੇਕਰ ਤੂੰ ਆਪ ਕਿਸੇ ਨੂੰ ਮੀਰ = ਪਾਤਸ਼ਾਹ ਅਤੇ ਮਹੀਪਤਿ = ਧਰਤੀ ਦਾ ਪਤੀ ਸਾਹਿਬੁ = ਮਾਲਕ ਬਣਾਉਣਾ ਚਾਹੇਂ ਤਾਂ ਉਸ ਵਿਚ ਹਮਾਰੀ = ਸਾਡੀ ਕਉਣ = ਕਿਹੜੀ ਕੁਦਰਤਿ = ਸ਼ਕਤੀ ਚੱਲ ਸਕਦੀ ਹੈ।

## ਚਾਰੇ ਕੁੰਟ ਸਲਾਮੁ ਕਰਹਿਗੇ; ਘਰਿ ਘਰਿ ਸਿਫਤਿ ਤੁਮ੍ਾਰੀ ॥੭॥

ਹੇ ਪ੍ਰਭੂ ! ਪਹਿਲਾਂ ਲੋਕ ਤੈਨੂੰ ਨਮਸਕਾਰ, ਡੰਡਉਤ ਕਰਦੇ ਸਨ, ਹੁਣ ਚਾਰੇ ਕੁੰਟ = ਚਾਰੇ ਦਿਸ਼ਾਵਾਂ ਦੇ ਲੋਕ ਤੈਨੂੰ ਸਲਾਮ ਕਰਹਿਗੇ = ਕਰਨਗੇ ਅਤੇ ਭਗਤੀ ਦੀ ਥਾਂ ਘਰਾਂ ਘਰਾਂ ਵਿਚ ਤੇਰੀ ਸਿਫ਼ਤ ਹੋਵੇਗੀ ਭਾਵ ਬੋਲੀ ਬਦਲ ਜਾਵੇਗੀ ॥੭॥

***ਪ੍ਰਸ਼ਨ :*** *ਜਦੋਂ ਸਤਿਗੁਰਾਂ ਨੇ ਮੱਕੇ ਵਿਚ ਐਸੇ ਬਚਨ ਉਚਾਰੇ, ਤਦੋਂ ਅਕਾਸ਼ ਵਾਣੀ ਹੋਈ ਕਿ ਤੁਸੀਂ ਦੱਸੋ ਕੀ ਚਾਹੀਦਾ ਹੈ ?*

***ਗੁਰ-ਉੱਤਰ :***

## ਤੀਰਥ ਸਿੰਮ੍ਰਿਤਿ ਪੁੰਨ ਦਾਨ; ਕਿਛੁ ਲਾਹਾ ਮਿਲੈ ਦਿਹਾੜੀ ॥

ਹੇ ਪ੍ਰਭੂ ! ਹਿੰਦੂਆਂ ਨੂੰ ਵੀ ਤੀਰਥ ਯਾਤ੍ਰਾ ਟੈਕਸ ਤੋਂ ਬਿਨਾਂ ਜਾਣ, ਸਿੰਮ੍ਰਿਤੀਆਂ ਦੇ ਪਾਠ, ਕਿਸੇ ਪੁਰਬ ਦੇ ਸਮੇਂ ਪੁੰਨ ਅਤੇ ਸੁਤੇ-ਸਿੱਧ ਦਾਨ ਕਰਨ ਦਾ ਕਿਛੁ = ਕੁਝ ਕੁ ਦਿਹਾੜੀ ਰੂਪ ਲਾਹਾ = ਲਾਭ ਭਾਵ ਨਫ਼ਾ ਮਿਲੈ = ਮਿਲਨਾ ਚਾਹੀਦਾ ਹੈ ਭਾਵ ਇਹ ਹਿੰਦੂ ਵੀ ਅਜ਼ਾਦ ਹੋਣੇ ਚਾਹੀਦੇ ਹਨ।[1]

## ਨਾਨਕ ਨਾਮੁ ਮਿਲੈ ਵਡਿਆਈ; ਮੇਕਾ ਘੜੀ ਸਮ੍ਾਲੀ ॥੮॥੧॥੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਨੂੰ ਤਾਂ ਤੇਰੇ ਨਾਮ ਦੇ ਜਪਣ ਜਪਾਉਣ ਦੀ ਹੀ ਵਡਿਆਈ = ਸ਼ੋਭਾ ਮਿਲੇ ਅਤੇ ਮੈਂ ਮੇਕਾ = ਇਕ ਇਕ ਘੜੀ ਵਿਚ ਤੈਨੂੰ ਸਮ੍ਾਲੀ = ਸੰਭਾਲਣਾ ਕਰਾਂ ॥੮॥੧॥੮॥

## ਬਸੰਤੁ ਹਿੰਡੋਲੁ ਘਰੁ ੨ ਮਹਲਾ ੪ ੧ੴ ਸਤਿਗੁਰ ਪ੍ਰਸਾਦਿ ॥

ਬਸੰਤ ਅਤੇ ਹਿੰਡੋਲ ਦੋਵੇਂ ਰਾਗਾਂ ਨੂੰ ਮੇਲਦੇ ਹੋਏ ਘਰੁ ੨ = ਦੂਸਰੇ ਸੁਰਤਾਲ ਦੇ ਅੰਦਰ ਮਹਲਾ ੪ = ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਇਸ ਮਨ ਨੂੰ ਬਾਲਕ ਦੀ ਨਿਆਈਂ ਕਥਨ ਕਰਕੇ ਅਤੇ ਪਰਮਾਤਮਾ ਦੇ ਸਨਮੁਖ ਬੇਨਤੀ ਦਾ ਪ੍ਰਕਾਰ ਦੱਸਦੇ ਹੋਏ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

---

੧. ਜੈਸਾ ਕਿ :

**ਧੁਜਾ ਇਸਲਾਮ ਕੀ ਜੌਂ ਫਿਰੀ ਆਣ ਹਿੰਦ ਮਾਹੇ, ਹਿੰਦੂਓਂ ਕੋ ਮਾਰਤੇ ਥੇ ਬੀਰ ਛਾਨ-ਛਾਨ ਕੇ।**
**ਮੰਦਰ ਗਿਰਾਇ ਕੇ ਮਸੀਤੇਂ ਬਣਵਾਇ ਦੀਨੀ, ਨਕ ਮੈ ਅਜਾਨ ਕੀਨੀ ਇਨਹੁ ਕੇ ਆਨ ਕੇ।**
**ਹਿੰਦੂਓਂ ਕੇ ਬਚਿਓਂ ਕੋ ਕੁਹਿ ਕੁਹਿ ਮਾਰਤੇ ਥੇ, ਔਰਤੋਂ ਲਗਏ ਸਭ ਸੁੰਦਰ ਪਛਾਨ ਕੇ।**
**ਐਸੇ ਸ਼ੇਰ ਪਾਰਸੀ ਨ ਕੋਈ ਜਾਨ, ਜਉ ਨ ਤੀਰ ਛੂਟਨੇ ਗੋਬਿੰਦ ਸਿੰਘ ਜਵਾਨ ਕੇ।**

## ਕਾਂਇਆ ਨਗਰਿ, ਇਕੁ ਬਾਲਕੁ ਵਸਿਆ; ਖਿਨੁ ਪਲੁ ਥਿਰੁ ਨ ਰਹਾਈ ॥

ਇਸ ਕਾਂਇਆ = ਦੇਹ ਰੂਪੀ ਨਗਰਿ = ਨਗਰੀ ਵਿਚ ਇਕ ਮਨ ਰੂਪੀ ਬਾਲਕੁ = ਬੱਚਾ ਵਸਿਆ = ਵੱਸ ਰਿਹਾ ਹੈ ਜੋ ਪਲ ਵਿੱਚੋਂ ਇਕ ਖਿਨ ਮਾਤ੍ਰ ਵੀ ਥਿਰੁ = ਇਸਥਿਤ ਨਹੀਂ ਰਹਾਈ = ਰਹਿੰਦਾ।

## ਅਨਿਕ ਉਪਾਵ ਜਤਨ ਕਰਿ ਥਾਕੇ; ਬਾਰੰ ਬਾਰ ਭਰਮਾਈ ॥੧॥

ਅਨਿਕ = ਅਨੇਕਾਂ ਲੋਕ ਸਾਧਨਾ ਦੇ ਉਪਾਵ ਜਤਨ = ਉਪਾਵ ਦੇ ਉਪਾਵ ਕਰਿ = ਕਰਕੇ ਥਾਕੇ = ਥੱਕ ਗਏ ਹਨ, ਤਾਂ ਵੀ ਇਹ ਮਨ ਸਾਰਿਆਂ ਨੂੰ ਬਾਰੰ ਬਾਰ = ਵਾਰ ਵਾਰ ਭਰਮਾਈ = ਭਰਮਾ ਰਿਹਾ ਹੈ ॥੧॥

## ਮੇਰੇ ਠਾਕੁਰ; ਬਾਲਕੁ ਇਕਤੁ ਘਰਿ ਆਣੁ ॥

ਹੇ ਮੇਰੇ ਠਾਕੁਰ = ਮਾਲਕ ਪ੍ਰਭੂ ! ਇਸ ਬਾਲਕੁ = ਬੱਚੇ ਦੀ ਨਿਆਈਂ ਅਨਜਾਣ ਮਨ ਨੂੰ ਆਪਣੇ ਸਰੂਪ ਦੀ ਇਕਤੁ = ਏਕਤਾ ਰੂਪੀ ਘਰ ਵਿਚ ਆਣੁ = ਲਿਆਉਣਾ ਕਰ **ਵਾ:** ਇਕ ਹਿਹਦੇ ਰੂਪੀ ਘਰ ਵਿਚ ਇਸਥਿਤ ਕਰ।

## ਸਤਿਗੁਰੁ ਮਿਲੈ ਤ ਪੂਰਾ ਪਾਈਐ; ਭਜੁ ਰਾਮ ਨਾਮੁ ਨੀਸਾਣੁ ॥੧॥ ਰਹਾਉ ॥

ਜੇਕਰ ਸਤਿਗੁਰੂ ਮਿਲੈ = ਮਿਲ ਜਾਵੇ ਤਾਂ ਪੂਰਾ = ਪੂਰਨ ਗਿਆਨ ਪਾਈਐ = ਪ੍ਰਾਪਤ ਕਰੀਦਾ ਹੈ, ਇਸ ਲਈ ਗੁਰਾਂ ਨਾਲ ਮਿਲ ਕੇ ਰਾਮ ਨਾਮ ਨੂੰ ਨੀਸਾਣੁ = ਪ੍ਰਗਟ ਹੀ ਭਜੁ = ਸਿਮਰਨਾ ਕਰੋ ॥੧॥ ਰਹਾਉ ॥

## ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ; ਜਿਤੁ ਰਾਮ ਨਾਮੁ ਨਹੀ ਵਸਿਆ ॥

ਇਹ ਸਭੁ = ਸਾਰੇ ਜਗੁ = ਸੰਸਾਰ ਵਿਚ ਉਹ ਸਰੀਰੁ = ਤਨ ਮਿਰਤਕੁ = ਮੁਰਦਿਆਂ ਦਾ ਮੜਾ = ਮੱਠ, ਮੜ੍ਹੀ ਹੈ, ਜਿਤੁ = ਜਿਸ ਵਿਚ ਰਾਮ = ਪਰਮਾਤਮਾ ਦਾ ਨਾਮ ਨਹੀਂ ਵੱਸਿਆ।

## ਰਾਮ ਨਾਮੁ ਗੁਰਿ ਉਦਕੁ ਚੁਆਇਆ; ਫਿਰਿ ਹਰਿਆ ਹੋਆ ਰਸਿਆ ॥੨॥

ਜਿਸ ਮਨੁੱਖ ਦੇ ਸਰੀਰ ਅੰਦਰ ਗੁਰਾਂ ਨੇ ਰਾਮ = ਪਰਮਾਤਮਾ ਦਾ ਨਾਮ ਰੂਪੀ ਅੰਮ੍ਰਿਤ ਉਦਕੁ = ਜਲ ਚੁਆਇਆ = ਚੋਅ ਦਿੱਤਾ ਹੈ ਭਾਵ ਹਿਰਦੇ ਵਿਚ ਨਾਮ ਵਸਾ ਦਿੱਤਾ ਹੈ, ਉਹ ਨਾਮ ਵਿਚ ਰਸਿਆ = ਰਸ ਸਹਿਤ ਹੋਇਆ ਫਿਰਿ = ਮੁੜ ਕੇ ਹਰਿਆ = ਹਰਾ ਭਰਾ ਭਾਵ ਆਤਮਕ ਜੀਵਨ ਵਿਚ ਜਿਉਂਦਾ ਹੋਆ = ਹੋ ਜਾਂਦਾ ਹੈ ॥੨॥

## ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ;
## ਇਕੁ ਗੁਰਮੁਖਿ ਚਲਤੁ ਦਿਖਾਇਆ ॥

ਮੈਂ ਬੇਦਾਂ ਸ਼ਾਸਤ੍ਰਾਂ ਦੇ ਸਿਧਾਂਤ ਨੂੰ ਨਿਰਖਤ ਨਿਰਖਤ = ਵੇਖ ਵੇਖ ਕੇ ਸੂਖਮ ਅਸਥੂਲ ਸਭੁ = ਸਾਰੇ ਸਰੀਰ = ਤਨ ਨੂੰ ਖੋਜਿਆ = ਢੂੰਢਣਾ ਕੀਤਾ ਹੈ, ਪਰ ਇਕ ਗੁਰਮੁਖਿ = ਮੁਖੀ ਗੁਰਾਂ ਨੇ ਇਸ ਸੰਸਾਰ ਦਾ ਚਲਤੁ = ਕੌਤਕ ਦਿਖਾਇਆ = ਵਿਖਾਉਣਾ ਕੀਤਾ ਹੈ ਭਾਵ ਕਿ ਪ੍ਰਭੂ ਸਭ ਥਾਈਂ ਪ੍ਰਗਟ ਰੂਪ ਹੈ।

## ਬਾਹਰੁ ਖੋਜਿ ਮੁਏ ਸਭਿ ਸਾਕਤ; ਹਰਿ ਗੁਰਮਤੀ ਘਰਿ ਪਾਇਆ ॥੩॥

ਸਭਿ = ਸਾਰੇ ਸਾਕਤ = ਕਠੋਰ ਚਿੱਤ ਵਾਲੇ ਪਤਿਤ ਪੁਰਖ ਸਰੀਰ ਤੋਂ ਬਾਹਰ ਸੰਸਾਰ ਨੂੰ ਹੀ ਖੋਜਿ =

ਲੱਭ ਲੱਭ ਮੁਏ = ਮਰ ਗਏ ਹਨ, ਪਰ ਗੁਰਮਤੀ = ਗੁਰਾਂ ਦੀ ਸਿੱਖਿਆ ਦੁਆਰਾ ਮੈਂ ਹਿਰਦੇ ਰੂਪੀ ਘਰ ਵਿਚ ਹੀ ਹਰਿ = ਪਰਮਾਤਮਾ ਨੂੰ ਪਾਇਆ = ਪਾਉਣਾ ਕੀਤਾ ਹੈ ॥੩॥

## ਦੀਨਾ ਦੀਨ ਦਇਆਲ ਭਏ ਹੈ; ਜਿਉ ਕ੍ਰਿਸਨੁ ਬਿਦਰੁ ਘਰਿ ਆਇਆ ॥

ਜੋ ਦੀਨਾ ਦੀਨ = ਗ਼ਰੀਬਾਂ ਤੋਂ ਵੀ ਗ਼ਰੀਬ ਹਨ ਪ੍ਰਭੂ ਜੀ ਉਨ੍ਹਾਂ ਉੱਪਰ ਸਦਾ ਦਇਆਲ = ਮਿਹਰਵਾਨ ਭਏ = ਹੋਏ ਹਨ **ਵਾ:** (ਦੀਨ + ਅਦੀਨ) ਦੀਨ = ਗ਼ਰੀਬਾਂ ਉੱਪਰ ਅਦੀਨ = ਉਦਾਰ, ਨਿਡਰ ਪ੍ਰਭੂ ਜੀ ਦਇਆਲੂ ਹੋਏ ਹਨ, [ਅੱਗੇ ਉਦਾਹਰਣ ਦੇਂਦੇ ਹਨ] ਜਿਉ = ਜਿਵੇਂ ਕ੍ਰਿਸ਼ਨ ਭਗਵਾਨ ਦਾਸ ਦੇ ਪੁੱਤਰ ਬਿਦਰ ਭਗਤ ਦੇ ਘਰ ਆਇਆ ਸੀ **ਵਾ:** ਜੋ (ਬਿ + ਦਰ) ਬਿ = ਦ੍ਵੈਤ ਨੂੰ ਦਰ = ਦਲਣ ਵਾਲੇ ਹਨ, ਉਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਕ੍ਰਿਸਨੁ = ਮੜੱਪਣ, ਕਮਜ਼ੋਰੀ ਤੋਂ ਰਹਿਤ ਪਰਮਾਤਮਾ ਆ ਕੇ ਸਾਖਿਆਤ ਹੋਇਆ ਹੈ।

## ਮਿਲਿਓ ਸੁਦਾਮਾ ਭਾਵਨੀ ਧਾਰਿ;
## ਸਭੁ ਕਿਛੁ ਆਗੈ, ਦਾਲਦੁ ਭੰਜਿ ਸਮਾਇਆ ॥੪॥

ਜਦੋਂ ਸੁਦਾਮਾ ਭਗਤ ਭਾਵਨੀ = ਭਾਵਨਾ, ਸ਼ਰਧਾ ਧਾਰ ਕੇ ਕ੍ਰਿਸ਼ਨ ਜੀ ਨੂੰ ਆ ਕੇ ਮਿਲਿਓ = ਮਿਲਿਆ, ਤਦੋਂ ਸੁਦਾਮੇ ਦੇ ਘਰ ਜਾਣ ਤੋਂ ਆਗੈ = ਅੱਗੋਂ, ਪਹਿਲਾਂ ਹੀ ਭਗਵਾਨ ਨੇ ਸਭ ਕਿਛੁ = ਕੁਝ ਪਦਾਰਥ ਉਸਦੇ ਘਰ ਭੇਜ ਦਿੱਤੇ ਅਤੇ ਉਸਦਾ ਦਾਲਦੁ = ਦਲਿੱਦਰ ਭੰਜਿ = ਨਾਸ਼ ਕਰਕੇ ਆਪਣੇ ਸਰੂਪ ਵਿਚ ਉਸ ਨੂੰ ਸਮਾਇਆ = ਅਭੇਦ ਕੀਤਾ ਭਾਵ ਧਰਮ ਅਰਥ, ਕਾਮ, ਮੋਖ ਚਾਰੇ ਪਦਾਰਥ ਹੀ ਦੇ ਦਿੱਤੇ ॥੪॥

## ਰਾਮ ਨਾਮ ਕੀ ਪੈਜ ਵਡੇਰੀ; ਮੇਰੇ ਠਾਕੁਰਿ ਆਪਿ ਰਖਾਈ ॥

ਰਾਮ = ਪਰਮਾਤਮਾ ਦੇ ਨਾਮ ਜਪਣ ਵਾਲਿਆਂ ਕੀ = ਦੀ ਲੋਕ-ਪ੍ਰਲੋਕ ਵਿਚ ਬਹੁਤ ਵਡੇਰੀ = ਵੱਡੀ ਪੈਜ = ਪਰਤਿਸ਼ਠਾ, ਇੱਜ਼ਤ ਹੁੰਦੀ ਹੈ, ਮੇਰੇ ਠਾਕੁਰਿ = ਮਾਲਕ ਪ੍ਰਭੂ ਨੇ ਆਪ ਹੀ ਇਹ ਇੱਜ਼ਤ ਰਖਾਈ = ਰਖਾਉਣਾ ਕੀਤੀ ਹੈ।

## ਜੇ ਸਭਿ ਸਾਕਤ ਕਰਹਿ ਬਖੀਲੀ; ਇਕ ਰਤੀ ਤਿਲੁ ਨ ਘਟਾਈ ॥੫॥

ਜੇ = ਜੇਕਰ ਸਭਿ = ਸਾਰੇ ਸਾਕਤ = ਕਠੋਰ ਚਿੱਤ ਵਾਲੇ ਪਤਿਤ ਪੁਰਖ ਉਨ੍ਹਾਂ ਨਾਮ ਜਪਣ ਵਾਲਿਆਂ ਨਾਲ ਬਖੀਲੀ = ਈਰਖਾ ਕਰਹਿ = ਕਰਨ ਲੱਗ ਪੈਣ ਤਾਂ ਵੀ ਉਨ੍ਹਾਂ ਦੀ ਇਕ ਰੱਤੀ ਵਿੱਚੋਂ ਤਿਲ ਮਾਤ੍ਰ ਵੀ ਉਪਮਾ ਘਟਾਈ ਹੋਈ ਘਟ ਨਹੀਂ ਸਕਦੀ ॥੫॥

## ਜਨ ਕੀ ਉਸਤਤਿ ਹੈ ਰਾਮ ਨਾਮਾ; ਦਹ ਦਿਸਿ ਸੋਭਾ ਪਾਈ ॥

ਰਾਮ = ਪਰਮਾਤਮਾ ਦਾ ਨਾਮ ਜਪਣ ਕਰਕੇ ਹੀ ਜਨ = ਸੇਵਕਾਂ ਕੀ = ਦੀ ਉਸਤਤਿ = ਵਡਿਆਈ ਹੁੰਦੀ ਹੈ ਅਤੇ ਨਾਮ ਜਪ ਕੇ ਉਨ੍ਹਾਂ ਨੇ ਦਹ ਦਿਸਿ = ਦਸੇ ਦਿਸ਼ਾਵਾਂ ਭਾਵ ਸਾਰੇ ਬ੍ਰਹਮੰਡ ਵਿਚ ਸੋਭਾ = ਵਡਿਆਈ ਪਾਈ = ਪਾਉਣਾ ਕੀਤੀ ਹੈ।

## ਨਿੰਦਕੁ ਸਾਕਤੁ, ਖਵਿ ਨ ਸਕੈ ਤਿਲੁ; ਅਪਣੈ ਘਰਿ ਲੂਕੀ ਲਾਈ ॥੬॥

ਨਿੰਦਕੁ = ਨਿੰਦਿਆ ਕਰਨ ਵਾਲੇ ਤੇ ਸਾਕਤੁ = ਕਠੋਰ ਚਿੱਤ ਵਾਲੇ ਪੁਰਖ ਉਨ੍ਹਾਂ ਦੀ ਵਡਿਆਈ ਤਿਲ ਮਾਤ੍ਰ ਵੀ ਖਵਿ = ਸਹਾਰ ਨਹੀਂ ਸਕੈ = ਸਕਦੇ, ਉਨ੍ਹਾਂ ਨੇ ਆਪਣੇ ਹਿਰਦੇ ਰੂਪੀ ਘਰ ਵਿਚ ਈਰਖਾ ਰੂਪੀ ਲੂਕੀ = ਚੁਆਤੀ ਲਾਈ = ਲਾਉਣਾ ਕੀਤੀ ਹੈ ॥੬॥

## ਜਨ ਕਉ ਜਨੁ ਮਿਲਿ, ਸੋਭਾ ਪਾਵੈ; ਗੁਣ ਮਹਿ ਗੁਣ ਪਰਗਾਸਾ ॥

ਪ੍ਰਭੂ ਦੇ ਜਨ = ਭਗਤਾਂ ਕਉ = ਦੇ ਨਾਲ ਜਨੁ = ਭਗਤ ਮਿਲ ਕੇ ਸੋਭਾ = ਵਡਿਆਈ ਪਾਵੈ = ਪਾਉਣਾ ਕਰਦਾ ਹੈ ਅਤੇ ਉਸ ਦੇ ਗੁਣਾਂ ਮਹਿ = ਵਿਚ ਹੋਰ ਗੁਣਾਂ ਦਾ ਪਰਗਾਸਾ = ਪ੍ਰਕਾਸ਼ ਹੋ ਜਾਂਦਾ ਹੈ **ਵਾ:** ਸ਼ਰਧਾ ਆਦਿ ਗੁਣਾਂ ਵਿਚ ਬ੍ਰਹਮ ਗਿਆਨ ਰੂਪੀ ਗੁਣ ਦਾ ਪ੍ਰਕਾਸ਼ ਹੋ ਜਾਂਦਾ ਹੈ।

## ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ; ਜੋ ਹੋਵਹਿ ਦਾਸਨਿ ਦਾਸਾ ॥੭॥

ਉਹੋ ਹੀ ਜਨ = ਭਗਤ ਮੇਰੇ ਠਾਕੁਰ = ਮਾਲਕ ਦੇ ਮਨ ਕਰਕੇ ਪ੍ਰੀਤਮ ਅਤੇ ਬਾਣੀ ਕਰਕੇ ਪਿਆਰੇ ਹਨ, ਜੋ = ਜਿਹੜੇ ਦਾਸਨਿ ਦਾਸਾ = ਸੇਵਕਾਂ ਦੇ ਸੇਵਕ ਹੋਵਹਿ = ਹੋ ਜਾਂਦੇ ਹਨ ॥੭॥

## ਆਪੇ ਜਲੁ ਅਪਰੰਪਰੁ ਕਰਤਾ; ਆਪੇ ਮੇਲਿ ਮਿਲਾਵੈ ॥

ਕਰਤਾ ਪੁਰਖ ਆਪੇ = ਆਪ ਹੀ ਪ੍ਰੇਮ ਰੂਪੀ ਜਲ ਰੂਪ ਹੈ; ਆਪ ਹੀ ਅਪਰੰਪਰੁ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ ਅਤੇ ਆਪ ਹੀ ਗੁਰਾਂ ਨਾਲ ਮੇਲ ਕੇ ਆਪਣੇ ਸਰੂਪ ਨਾਲ ਮਿਲਾਵੈ = ਮਿਲਾਉਣਾ ਕਰਦਾ ਹੈ।

## ਨਾਨਕ ਗੁਰਮੁਖਿ ਸਹਜਿ ਮਿਲਾਏ; ਜਿਉ ਜਲੁ ਜਲਹਿ ਸਮਾਵੈ ॥੮॥੧॥੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪ੍ਰਭੂ ਨੇ ਗੁਰਮੁਖ ਸਹਜਿ = ਸੁਭਾਵਿਕ ਹੀ ਆਪਣੇ ਸਰੂਪ ਵਿਚ ਮਿਲਾਏ = ਮਿਲਾਉਣਾ ਕੀਤੇ ਹਨ, ਜਿਉ = ਜਿਵੇਂ ਜਲੁ = ਪਾਣੀ ਜਲਹਿ = ਪਾਣੀ ਵਿਚ ਸਮਾਵੈ = ਸਮਾਅ ਜਾਂਦਾ ਹੈ, ਤਿਵੇਂ ਪ੍ਰੇਮੀ ਜਨ ਆਪਣੇ ਸਰੂਪ ਵਿਚ ਸਮਾਅ ਜਾਂਦੇ ਹਨ ॥੮॥੧॥੯॥

[ਅੰਗ ੧੧੯੨]

## ਬਸੰਤੁ ਮਹਲਾ ੫ ਘਰੁ ੧ ਦੁਤੁਕੀਆ ੴ ਸਤਿਗੁਰ ਪ੍ਰਸਾਦਿ ॥

ਬਸੰਤ ਰਾਗ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਇਹ ਦੁਤੁਕੀਆ = ਦੋ ਦੋ ਤੁਕਾਂ ਤੇ ਅੰਕ ਵਾਲੀ ਬਾਣੀ ਉਚਾਰਣ ਕਰਦੇ ਹੋਏ ਭਗਤਾਂ ਦੀਆਂ ਸਾਖੀਆਂ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸੁਣਿ ਸਾਖੀ ਮਨ; ਜਪਿ ਪਿਆਰ ॥ ਅਜਾਮਲੁ ਉਧਰਿਆ; ਕਹਿ ਏਕ ਬਾਰ ॥

ਹੇ ਮਨਾਂ ! ਤੂੰ ਭਗਤਾਂ ਦੇ ਜੀਵਨ ਦੀਆਂ ਸਾਖੀਆਂ ਸੁਣਿ = ਸੁਣਨਾ ਕਰ **ਵਾ:** ਸਾਡੀ ਸਾਖੀ = ਸਿੱਖਿਆ ਸੁਣ ਕਰਕੇ ਪਿਆਰ ਨਾਲ ਪ੍ਰਭੂ ਦਾ ਨਾਮ ਜਪਣਾ ਕਰ।

ਦੇਖ ਅਜਾਮਲ ਏਕ ਬਾਰ = ਇਕ ਵਾਰ ਅਖ਼ੀਰਲੀ ਅਵਸਥਾ ਵਿਚ ਪਰਮਾਤਮਾ ਦਾ ਨਾਮ ਕਹਿ = ਆਖ ਕੇ ਸੰਸਾਰ ਤੋਂ ਉਧਰਿਆ = ਤਰ ਗਿਆ ਸੀ।

**ਸਾਖੀ—ਅਜਾਮਲ ਦੀ :** ਅਜਾਮਲ ਕਾਨਕਬੁਜ ਜਾਤੀ ਦਾ ਬ੍ਰਾਹਮਣ ਸੀ। ਇਸਦਾ ਪਿਤਾ ਰਾਜ ਪੰਡਿਤ ਸੀ। ਪਿਤਾ ਜੀ ਨੇ ਇਸਨੂੰ ਵਿੱਦਿਆ ਗੁਰੂ ਕੋਲ ਵਿੱਦਿਆ ਪੜ੍ਹਨ ਲਈ ਭੇਜਣਾ ਕੀਤਾ। ਗੁਰੂ ਜੀ ਦਾ ਆਸ਼ਰਮ ਪਹਾੜ ਵੱਲ ਸੀ ਅਤੇ ਇਨ੍ਹਾਂ ਦਾ ਘਰ ਸ਼ਹਿਰ ਦੇ ਦੱਖਣ ਵੱਲ ਸੀ। ਗੁਰੂ ਜੀ ਨੇ ਅਜਾਮਲ ਨੂੰ ਪਹਿਲੇ ਹੀ ਦਿਨ ਤੋਂ ਇਹ ਹਦਾਇਤ ਦੇ ਰੱਖੀ ਸੀ ਕਿ ਵਿੱਦਿਆ ਪੜ੍ਹਨ ਲਈ ਆਉਣ ਤੇ ਘਰ ਨੂੰ ਜਾਣ

ਸਮੇਂ ਸ਼ਹਿਰ ਦੇ ਅੰਦਰਲੇ ਰਸਤੇ ਨੂੰ ਨਹੀਂ ਆਉਣਾ ਅਤੇ ਨਾ ਹੀ ਜਾਣਾ, ਬਾਹਰਲੇ ਰਸਤੇ ਨੂੰ ਘੁੰਮ ਕੇ ਆਉਣਾ ਹੈ। ਇਸ ਨਾਲ ਅਜਾਮਲ ਨੂੰ ਢਾਈ-ਤਿੰਨ ਮੀਲ ਦਾ ਪੈਂਡਾ ਵਾਧੂ ਤਹਿ ਕਰਨਾ ਪੈਂਦਾ ਸੀ। ਅਜਾਮਲ ਬਾਹਰਲੇ ਰਸਤੇ ਨੂੰ ਆਉਂਦਾ ਅਤੇ ਪੜ੍ਹਨ ਤੋਂ ਬਾਅਦ ਉਸੇ ਰਸਤੇ ਨੂੰ ਵਾਪਿਸ ਚਲਾ ਜਾਂਦਾ ਸੀ। ਇਸ ਨੇ ਬਹੁਤ ਸਾਰੇ ਬੇਦਾਂ ਸ਼ਾਸ੍ਰਤਾਂ ਅਤੇ ਧਰਮ ਗ੍ਰੰਥਾਂ ਦਾ ਅਧਿਐਨ ਕਰ ਲਿਆ।

ਇਕ ਦਿਨ ਅਜਾਮਲ ਆਪਣੇ ਗੁਰੂ ਜੀ ਦੇ ਕਥਨਾਂ ਦੀ ਉਲੰਘਣਾ ਕਰਕੇ ਸ਼ਹਿਰ ਦੇ ਵਿਚਕਾਰਲੇ ਰਸਤੇ ਰਾਹੀਂ ਚੱਲ ਪਿਆ। ਇਸ ਰਸਤੇ ਵਿਚ ਵੇਸ਼ਵਾਵਾਂ ਦੇ ਕੋਠੇ ਪੈਂਦੇ ਸਨ ਅਤੇ ਰਸਤੇ ਵਿਚ ਤੁਰੇ ਜਾਂਦੇ ਅਜਾਮਲ ਨੂੰ ਇਕ ਮੁਟਿਆਰ ਵੇਸ਼ਵਾ ਨੇ ਆਪਣੇ ਨੈਣਾਂ ਦੇ ਤੀਰ ਦਾ ਸ਼ਿਕਾਰ ਬਣਾ ਲਿਆ। ਅਜਾਮਲ ਦੀ ਚੜ੍ਹਦੀ ਜਵਾਨੀ, ਵੇਸ਼ਵਾ ਦੀ ਸੁੰਦਰਤਾ ਅਤੇ ਕਾਮਵਾਸ਼ਨਾ ਦੇ ਹਾਵਾਂ-ਭਾਵਾਂ ਨੇ ਅਜਾਮਲ ਨੂੰ ਪੂਰੀ ਤਰ੍ਹਾਂ ਵੇਸ਼ਵਾ ਦਾ ਹੀ ਬਣਾ ਦਿੱਤਾ। ਉਹ ਉਸ ਸਮੇਂ ਤੋਂ ਵੇਸ਼ਵਾ ਦੇ ਘਰ ਜਾਣ ਲੱਗ ਪਿਆ ਅਤੇ ਗੁਰੂ ਦੇ ਆਸ਼ਰਮ ਵਿਚ ਜਾਣਾ ਛੱਡ ਦਿੱਤਾ। ਭਾਵੇਂ ਘਰ ਵਿਚ ਅਜਾਮਲ ਦੀ ਵਿਆਹੁਤਾ ਪਤਨੀ ਵੀ ਸੀ ਪ੍ਰੰਤੂ ਵੇਸ਼ਵਾ ਦੀ ਸੁੰਦਰਤਾ ਅਤੇ ਚੰਚਲਤਾ ਨੇ ਅਜਾਮਲ ਨੂੰ ਸ਼ਾਦੀ ਕਰਾਉਣ ਸਮੇਂ ਕੀਤੇ ਸਾਰੇ ਵਾਅਦੇ ਭੁਲਾ ਦਿੱਤੇ। ਨਗਰ ਦੇ ਰਾਜੇ ਨੂੰ ਅਜਾਮਲ ਦੇ ਵੇਸ਼ਵਾ ਗਾਮੀ ਹੋਣ ਦੀ ਖ਼ਬਰ ਮਿਲ ਚੁੱਕੀ ਸੀ। ਰਾਜੇ ਨੇ ਉਸ ਨੂੰ ਸਮਝਾਉਂਦਿਆਂ ਹੋਇਆਂ ਤਾੜਨਾ ਵੀ ਕੀਤੀ ਪਰ ਅਜਾਮਲ ਵੇਸ਼ਵਾ ਦੇ ਮੋਹ ਨੂੰ ਘਟਾ ਨਾ ਸਕਿਆ। ਰਾਜੇ ਨੇ ਅਜਾਮਲ ਦੀ ਸਾਰੀ ਜਾਇਦਾਦ ਇਸਦੀ ਵਿਆਹੁਤਾ ਇਸਤ੍ਰੀ ਨੂੰ ਦੇ ਕੇ ਅਜਾਮਲ ਅਤੇ ਵੇਸ਼ਵਾ ਨੂੰ ਸ਼ਹਿਰ ਤੋਂ ਬਾਹਰ ਕੱਢ ਦਿੱਤਾ। ਇਹ ਦੋਵੇਂ ਬਾਹਰ ਜੰਗਲ ਵਿਚ ਇਕ ਝੌਂਪੜੀ ਜਿਹੀ ਬਣਾ ਕੇ ਉਥੇ ਹੀ ਰਹਿਣ ਲੱਗ ਪਏ ਅਤੇ ਪੇਟ ਭਰਨ ਲਈ ਛੋਟੇ ਮੋਟੇ ਪੰਛੀ, ਜਾਨਵਰਾਂ ਦਾ ਸ਼ਿਕਾਰ ਕਰਨਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਲੋਕੀਂ ਉਸ ਨੂੰ ਅਜਾਮਲ ਪਾਪੀ ਕਹਿਣ ਲੱਗ ਪਏ ਸਨ। ਇਸ ਤਰ੍ਹਾਂ ਸਮਾਂ ਬੀਤਦਾ ਗਿਆ ਅਤੇ ਇਨ੍ਹਾਂ ਦੇ ਘਰ ਛੇ ਪੁੱਤਰਾਂ ਨੇ ਜਨਮ ਲਿਆ। ਅਜਾਮਲ ਪਰਿਵਾਰ ਦੀ ਪਰਵਰਿਸ਼ ਲਈ ਸਾਰਾ ਦਿਨ ਚਿੜੀਆਂ ਆਦਿ ਪੰਛੀਆਂ ਦਾ ਸ਼ਿਕਾਰ ਖੇਡਦਾ ਰਹਿੰਦਾ। ਇਨ੍ਹਾਂ ਪੰਛੀਆਂ ਦਾ ਮਾਸ ਭੁੰਨ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਭਰਦਾ। ਇਕ ਦਿਨ ਸਿਆਲ ਦੀ ਝੜੀ ਲੱਗੀ ਹੋਈ ਸੀ। ਸੰਧਿਆ ਵੇਲੇ ਦੋ ਸਾਧੂ ਇਸ ਦੀ ਝੌਂਪੜੀ ਕੋਲ ਆਏ। ਅਜਾਮਲ ਘਰ ਨਹੀਂ ਸੀ। ਵੇਸ਼ਵਾ ਨੇ ਉਨ੍ਹਾਂ ਦਾ ਸਨਮਾਨ ਕੀਤਾ। ਵੇਸ਼ਵਾ ਦਾ ਮਨ ਸਾਧੂਆਂ ਦੇ ਦਰਸ਼ਨ ਕਰਕੇ ਸ਼ਾਂਤ ਹੋ ਗਿਆ, ਆਪਣੇ ਪਾਸ ਵਾਲੀ ਝੌਂਪੜੀ ਵਿਚ ਉਨ੍ਹਾਂ ਨੂੰ ਠਹਿਰਾ ਦਿੱਤਾ। ਗਰਮ ਪਾਣੀ ਨਾਲ ਉਨ੍ਹਾਂ ਦੇ ਹੱਥ ਪੈਰ ਧੁਆਏ। ਏਨੇ ਨੂੰ ਅਜਾਮਲ ਵੀ ਆ ਗਿਆ। ਵੇਸਵਾ ਨੇ ਕਿਹਾ ਕਿ ਅੱਜ ਅਸੀਂ ਘਰੇ ਮਾਸ ਨਹੀਂ ਰਿੰਨ੍ਹਣਾ। ਘਰ ਵਿਚ ਸੰਤ ਆਏ ਹੋਏ ਹਨ। ਇਨ੍ਹਾਂ ਪੰਛੀਆਂ ਨੂੰ ਕਿਸੇ ਹੋਰ ਨੂੰ ਦੇ ਦੇਵੋ। ਅਜਾਮਲ ਨੇ ਉਵੇਂ ਹੀ ਕੀਤਾ ਅਤੇ ਆਪਣੇ ਹੱਥ ਪੈਰ ਧੋ ਕੇ ਸੰਤਾਂ ਦੇ ਚਰਨੀਂ ਢਹਿ ਪਿਆ ਅਤੇ ਰੋ ਰੋ ਕੇ ਆਪਣੇ ਕੀਤੇ ਗੁਨਾਹਾਂ ਦੀ ਖਿਮਾ ਮੰਗਣ ਲੱਗਾ ਅਤੇ ਸੰਤਾਂ ਨੂੰ ਭੁੱਜੇ ਹੋਏ ਛੋਲੇ ਖੁਆ ਕੇ ਆਰਾਮ ਕਰਨ ਲਈ ਕਿਹਾ। ਦੂਜੇ ਦਿਨ ਅਜਾਮਲ ਨੇ ਸੰਤਾਂ ਨੂੰ ਆਪਣੀ ਸਾਰੀ ਕਥਾ ਸੁਣਾ ਦਿੱਤੀ ਅਤੇ ਆਪਣੇ ਜੀਵਨ ਦੇ ਉੱਧਾਰ ਲਈ ਬੇਨਤੀ ਕੀਤੀ। ਸੰਤਾਂ ਨੇ ਇਸ ਦੇ ਘਰ ਰਾਤ ਜੁ ਕੱਟੀ ਸੀ ਅਤੇ ਅੰਨ ਦਾਣਾ ਛਕਿਆ ਸੀ, ਜਿਸ ਕਰਕੇ ਸੰਤ ਉਨ੍ਹਾਂ ਦਾ ਉੱਧਾਰ ਕਰਨਾ ਚਾਹੁੰਦੇ ਸਨ ਜਾਂ ਇਉਂ ਜਾਣ ਲਓ ਕਿ ਅਜਾਮਲ ਦੇ ਚੰਗੇ ਭਾਗ ਜਾਗ ਪਏ ਸਨ। ਸੰਤਾਂ ਨੇ ਕਿਹਾ ਕਿ ਤੁਹਾਡੇ ਘਰ ਜੋ ਹੁਣ ਪੁੱਤਰ ਪੈਦਾ ਹੋਵੇਗਾ, ਉਸ ਦਾ ਨਾਮ ਨਾਰਾਇਣ ਰੱਖ ਦੇਣਾ, ਪ੍ਰਭੂ ਤੁਹਾਡਾ ਭਲਾ ਕਰੇਗਾ, ਇਹ ਕਹਿ ਕੇ ਸੰਤ ਚੱਲ ਪਏ। ਸਮਾਂ ਆਉਣ 'ਤੇ ਇਨ੍ਹਾਂ ਦੇ ਘਰ ਪੁੱਤਰ ਨੇ ਜਨਮ ਲਿਆ। ਉਸ ਦਾ ਨਾਮ ਨਾਰਾਇਣ ਰੱਖਿਆ। ਇਹ ਦੋਵੇਂ ਜੀਅ ਹਰ ਸਮੇਂ ਪੁੱਤਰ ਨਾਰਾਇਣ ਨਾਲ ਪਰਚੇ ਰਹਿੰਦੇ, ਅਜਾਮਲ ਦਾ ਅੰਤ ਸਮਾਂ ਆ ਪਹੁੰਚਾ। ਜਮਦੂਤ ਉਸਦੀ ਜਿੰਦ ਕੱਢਣ ਲਈ ਆਏ। ਅਜਾਮਲ ਆਪਣੇ ਪੁੱਤਰ ਨਾਰਾਇਣ ਨੂੰ ਅਵਾਜ਼ਾਂ ਮਾਰਨ ਲੱਗ ਪਿਆ ਕਿ ਪੁੱਤਰ ਨਾਰਾਇਣ ਮੈਨੂੰ ਇਨ੍ਹਾਂ ਜਮਦੂਤਾਂ ਕੋਲੋਂ ਬਚਾ ਲੈ। ਇਹ ਸੁਣ ਕੇ ਜਮਦੂਤ ਡਰ ਗਏ ਕਿ ਨਾਰਾਇਣ ਦਾ ਨਾਮ ਲੈਣ ਵਾਲੇ ਨੂੰ ਅਸੀਂ ਕਿਵੇਂ ਲਿਜਾ ਸਕਦੇ

ਹਾਂ। ਪੁੱਤਰ ਨਾਰਾਇਣ, ਪੁੱਤਰ ਨਾਰਾਇਣ ਕਹਿੰਦਿਆਂ ਜਦੋਂ ਕੱਲਾ ਨਾਰਾਇਣ, ਨਾਰਾਇਣ ਹੀ ਰਹਿ ਗਿਆ ਤਦੋਂ ਉਸ ਨੂੰ ਲੈਣ ਵਾਸਤੇ ਰਾਮਗਣ ਆ ਗਏ ਅਤੇ ਅਜਾਮਲ ਦੇ ਜੀਵਾਤਮਾ ਨੂੰ ਬਿਬਾਣ ਵਿਚ ਅਸਵਾਰ ਕਰ ਲਿਆ ਤਾਂ ਜਮਦੂਤਾਂ ਨੇ ਕਿਹਾ ਕਿ ਹੇ ਰਾਮਗਣੋ! ਇਹ ਤਾਂ ਬਹੁਤ ਵੱਡਾ ਪਾਪੀ ਹੈ। ਤੁਸੀਂ ਇਸ ਨੂੰ ਕਿਥੇ ਲਿਜਾ ਰਹੇ ਹੋ? ਤਾਂ ਰਾਮਗਣਾਂ ਨੇ ਉੱਤਰ ਦਿੱਤਾ ਕਿ ਇਹ ਪਾਪੀ ਸੀ ਪਰੰਤੂ ਅੰਤ ਸਮੇਂ ਇਸ ਨੇ ਨਾਰਾਇਣ ਨੂੰ ਪੁਕਾਰਿਆ ਹੈ। ਇਸ ਲਈ ਹੇ ਜਮਦੂਤੋ! ਹੁਣ ਸਾਡੇ ਨਾਲ ਇਹ ਬੈਕੁੰਠ ਧਾਮ ਜਾ ਰਿਹਾ ਹੈ। ਇਸ ਪ੍ਰਕਾਰ ਭਾਵੇਂ ਪੁੱਤ੍ਰ ਦਾ ਨਾਮ ਰੱਖਿਆ ਹੋਣ ਕਾਰਣ ਹੀ ਪ੍ਰਭੂ ਦਾ ਨਾਮ ਲਿਆ, ਪਰ ਅਜਾਮਲ ਜਮਾਂ ਦੇ ਨਾਲ ਹੀ ਨਹੀਂ ਗਿਆ ਸਗੋਂ ਬੈਕੁੰਠ ਦਾ ਵਾਸੀ ਬਣ ਗਿਆ।

ਇਹ ਨਾਮ ਦੀ ਮਹਿਮਾ ਹੈ ਕਿ ਅਜਾਮਲ ਜਮਾਂ ਦੇ ਦੇਸ਼ ਨੂੰ ਨਹੀਂ ਗਿਆ। ਜੈਸਾ ਕਿ:

**ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥** *(ਅੰਗ ੬੩੨)*

## ਬਾਲਮੀਕੈ; ਹੋਆ ਸਾਧਸੰਗੁ॥

ਬਾਲਮੀਕੈ = ਬਾਲਮੀਕ ਦੇ ਤਾਈਂ ਵੀ ਸਾਧਸੰਗੁ = ਸ੍ਰੇਸ਼ਟ ਮਹਾਤਮਾ ਜਨਾਂ ਦਾ ਸੰਗ ਪ੍ਰਾਪਤ ਹੋਇਆ ਸੀ, ਤਦੋਂ ਉਹ ਸਿਮਰਨ ਭਜਨ ਕਰਕੇ ਸੰਸਾਰ-ਸਮੁੰਦ੍ਰ ਤੋਂ ਪਾਰ ਹੋਇਆ ਸੀ।

**ਸਾਖੀ—ਬਾਲਮੀਕ ਦੀ :** ਬਾਲਮੀਕ ਨਾਮ ਦੇ ਦੋ ਰਿਖੀ ਹੋਏ ਹਨ। ਇਕ ਤ੍ਰੇਤ੍ਰੇ ਜੁਗ ਵਿਚ ਹੋਏ ਸਨ ਜਿਨ੍ਹਾਂ ਨੇ ਭਗਵਾਨ ਰਾਮਚੰਦ੍ਰ ਜੀ ਦੇ ਜਨਮ ਤੋਂ ਦਸ ਹਜ਼ਾਰ ਸਾਲ ਪਹਿਲਾਂ ਹੀ ਰਾਮਾਇਣ ਲਿਖ ਦਿੱਤੀ ਸੀ। ਇਥੇ ਦੂਸਰੇ ਬਾਲਮੀਕ ਦੀ ਸਾਖੀ ਹੈ।

ਜੋ ਦੁਆਪਰ ਜੁਗ ਵਿਚ ਹੋਏ ਹਨ, ਉਹ ਉਸ ਘਰ ਵਿਚ ਜਨਮੇ ਸਨ ਜਿਸ ਨੂੰ ਉਸ ਸਮੇਂ ਦੇ ਧਰਮ ਦੇ ਆਗੂ ਬ੍ਰਾਹਮਣ, ਨੀਚ ਅਤੇ ਅਪਵਿੱਤ੍ਰ ਮੰਨਦੇ ਸਨ। ਭਾਵੇਂ ਇਸ ਬਾਲਮੀਕ ਦਾ ਪਹਿਲਾ ਜੀਵਨ ਕਿਸੇ ਤਰ੍ਹਾਂ ਦਾ ਵੀ ਸੀ, ਪਰ ਜਦੋਂ ਇਸ ਨੂੰ ਪੂਰਨ ਮਹਾਂਪੁਰਖਾਂ ਦਾ ਮਿਲਾਪ ਹੋਇਆ, ਜਿਨ੍ਹਾਂ ਨੂੰ ਧਨ ਦੇ ਬਦਲੇ ਮਾਰਨ ਲੱਗਾ ਸੀ। ਉਨ੍ਹਾਂ ਦੇ ਕਹਿਣ 'ਤੇ ਕਿ ਜਿਸ ਪਰਿਵਾਰ ਬਦਲੇ ਤੂੰ ਇਤਨੇ ਪਾਪ ਕਰਦਾ ਹੈਂ ਉਹ ਅੰਤ ਦੇ ਸਮੇਂ ਤੇਰਾ ਸਾਥ ਨਹੀਂ ਦੇਣਗੇ, ਜਦੋਂ ਪਰਿਵਾਰ ਨੂੰ ਪੁੱਛਿਆ ਤਾਂ ਉਨ੍ਹਾਂ ਸਾਰਿਆਂ ਨੇ ਸਾਫ਼ ਸਾਫ਼ ਕਹਿ ਦਿੱਤਾ ਕਿ ਅਸੀਂ ਤੇਰੇ ਬਦਲੇ ਪ੍ਰਲੋਕ ਵਿਚ ਸਜ਼ਾ ਨਹੀਂ ਭੁਗਤ ਸਕਦੇ, ਤੇਰਾ ਫ਼ਰਜ਼ ਹੈ ਕਿ ਤੂੰ ਸਾਡੀ ਪਾਲਣਾ ਕਰ ਭਾਵੇਂ ਜਿਵੇਂ ਮਰਜ਼ੀ ਕਰ। ਉਥੇ ਤਾਂ ਆਪੋ-ਆਪਣੇ ਕਰਮਾਂ ਦਾ ਲੇਖਾ ਜੋਖਾ ਭੁਗਤਣਾ ਪੈਂਦਾ ਹੈ, ਕੋਈ ਵੀ ਕਿਸੇ ਦੀ ਸਹਾਇਤਾ ਨਹੀਂ ਕਰਦਾ। ਉਹ ਫੇਰ ਵਾਪਸ ਉਨ੍ਹਾਂ ਮਹਾਂਪੁਰਖਾਂ ਕੋਲ ਆਇਆ ਤੇ ਖਿਮਾ ਮੰਗੀ ਅਤੇ ਉਪਦੇਸ਼ ਦੀ ਯਾਚਨਾ ਕੀਤੀ, ਤਦੋਂ ਉਨ੍ਹਾਂ ਨੇ ਬੇਦਾਂ ਸ਼ਾਸਤ੍ਰਾਂ ਦੇ ਗਿਆਤੇ ਪੰਡਤਾਂ ਤੋਂ ਡਰਦੇ ਹੋਇਆਂ ਰਾਮ ਦੀ ਬਜਾਏ ਮਰਾ-ਮਰਾ ਦਾ ਉਪਦੇਸ਼ ਦੇ ਦਿੱਤਾ, ਜੋ ਉਲਟ ਕੇ ਰਾਮ ਰਾਮ ਹੀ ਹੋ ਗਿਆ। ਫੇਰ ਇਸ ਨੇ ਸੰਸਾਰ ਤੋਂ ਉਪਰਾਮ ਹੋ ਕੇ ਐਸੀ ਬੰਦਗੀ ਕੀਤੀ ਜਿਸਦੀ ਬੰਦਗੀ ਦੇ ਪਰਤਾਪ ਕਰਕੇ ਇਹ ਬਾਲਮੀਕ ਚੌਹਾਂ ਕੁੰਟਾਂ ਵਿਚ ਜਾਣਿਆ ਗਿਆ ਅਤੇ ਇਕ ਮਹਾਨ ਰਿਖੀ ਬਣਿਆ। ਇਸ ਮਹਾਂਰਿਖੀ ਦੇ ਚਰਨ ਪੈਣ ਕਰਕੇ ਪਾਂਡਵਾਂ ਦਾ ਜਗ ਸੰਪੂਰਨ ਹੋਇਆ ਸੀ ਅਤੇ ਕ੍ਰਿਸ਼ਨ ਜੀ ਨੇ ਆਪ ਇਸ ਰਿਖੀ ਦੇ ਚਰਨ ਧੋਤੇ ਸਨ।

ਜਦੋਂ ਬਾਲਮੀਕ ਰਿਖੀ ਨੇ ਖਾਣ ਵਾਸਤੇ ਸਾਰੇ ਖੱਟੇ-ਮਿੱਠੇ ਭੋਜਨਾਂ ਨੂੰ ਇਕੱਠੇ ਰਲਾ ਲਿਆ ਸੀ, ਉਸ ਵਕਤ ਦਰੋਪਦੀ ਨੇ ਸ਼ੰਕਾ ਕੀਤੀ ਸੀ, ਜਦ ਸ਼ੰਕਾ ਕੀਤੀ ਤਾਂ ਉਸ ਵੇਲੇ ਕ੍ਰਿਸ਼ਨ ਜੀ ਨੇ ਦਰੋਪਦੀ ਦੀ ਸ਼ੰਕਾ ਮੇਟਣ ਵਾਸਤੇ ਬਾਲਮੀਕ ਰਿਖੀ ਨੂੰ ਪੁੱਛਿਆ ਕਿ ਹੇ ਰਿਖੀ ਜੀ! ਤੁਸੀਂ ਸਾਰੇ ਖੱਟੇ-ਮਿੱਠੇ ਭੋਜਨ ਕਿਉਂ ਰਲਾ ਲਏ ਹਨ? ਤਦੋਂ ਬਾਲਮੀਕ ਨੇ ਕਿਹਾ ਹੇ ਭਗਵਾਨ ਜੀ! ਮੈਂ ਸੋਚਿਆ ਕਿ ਜੇਕਰ ਮੈਂ ਤੁਹਾਨੂੰ ਮਿੱਠੇ ਭੋਜਨ ਦਾ ਭੋਗ ਲਵਾਇਆ ਤਾਂ ਕਿਤੇ ਤੁਹਾਨੂੰ ਸਲੂਣਾ ਭੋਜਨ ਖਾਣ ਦੀ ਇੱਛਾ ਨਾ ਹੋਵੇ ਤੇ ਜੇ ਮੈਂ ਸਲੂਣੇ ਭੋਜਨ ਨੂੰ ਭੋਗ ਲਵਾ ਦਿੱਤਾ ਤਾਂ ਕਿਤੇ ਤੁਹਾਨੂੰ ਮਿੱਠਾ ਖਾਣ ਦੀ ਰੁਚੀ ਨਾ ਹੋਵੇ, ਇਸ ਲਈ ਮੈਂ ਸਾਰੇ ਭੋਜਨ ਇਕੱਠੇ

ਕੀਤੇ ਹਨ ਕਿ ਜਿਹੜਾ ਵੀ ਭੋਜਨ ਤੁਹਾਨੂੰ ਚੰਗਾ ਲੱਗੇ, ਤੁਸੀਂ ਉਹੋ ਹੀ ਛਕ ਲਵੋਗੇ। ਇਹ ਸੁਣ ਕੇ ਦਰੋਪਦੀ ਦੀ ਸ਼ੰਕਾ ਮਿਟ ਗਈ ਸੀ।

ਸੋ ਸਾਧੂਆਂ ਦੇ ਸੰਗ ਤੇ ਨਾਮ ਦੇ ਸਿਮਰਨ ਕਰਕੇ ਬਾਲਮੀਕ ਦਾ ਉੱਧਾਰ ਹੋਇਆ।

## ਧ੍ਰੂ ਕਉ ਮਿਲਿਆ; ਹਰਿ ਨਿਸੰਗ ॥੧॥

ਧ੍ਰੂ ਭਗਤ ਕਉ = ਨੂੰ ਹਰਿ = ਪਰਮਾਤਮਾ ਨਿਸੰਗ = ਬਿਨਾਂ ਸ਼ੰਕਾ ਦੇ ਪ੍ਰਤੱਖ ਹੋ ਕੇ ਮਿਲਿਆ ਸੀ ॥੧॥

**ਸਾਖੀ—ਭਗਤ ਧ੍ਰੂ ਜੀ ਦੀ :** ਭਾਗਵਤ ਅਤੇ ਵਿਸ਼ਨ ਪੁਰਾਣ ਦੇ ਅਨੁਸਾਰ ਭਗਤ ਧ੍ਰੂ ਜੀ ਰਾਜੇ ਉਤਾਨਪਾਦ ਦਾ ਪੁੱਤਰ ਸੀ। ਰਾਜੇ ਉਤਾਨਪਾਦ ਦੀਆਂ ਦੋ ਇਸਤ੍ਰੀਆਂ ਸੁਨੀਤੀ ਅਤੇ ਸੁਰੁਚੀ ਸਨ। ਭਗਤ ਧ੍ਰੂ ਜੀ ਦਾ ਜਨਮ ਸੁਨੀਤੀ ਦੇ ਗਰਭ ਤੋਂ ਹੋਇਆ ਅਤੇ ਸੁਰੁਚੀ ਦੇ ਗਰਭ ਤੋਂ ਉੱਤਮ ਨਾਮ ਦੇ ਬਾਲਕ ਨੇ ਜਨਮ ਲਿਆ। ਰਾਜੇ ਦਾ ਸੁਰੁਚੀ ਰਾਣੀ ਨਾਲ ਜ਼ਿਆਦਾ ਪਿਆਰ ਸੀ। ਇਕ ਦਿਨ ਰਾਜੇ ਉਤਾਨਪਾਦ ਨੇ ਆਪਣੀ ਗੋਦੀ ਵਿਚ ਸੁਰੁਚੀ ਰਾਣੀ ਦੇ ਪੁੱਤਰ ਉੱਤਮ ਨੂੰ ਬਿਠਾਇਆ ਹੋਇਆ ਸੀ। ਆਪਣੇ ਭਰਾ ਉੱਤਮ ਨੂੰ ਆਪਣੇ ਪਿਤਾ ਦੀ ਗੋਦੀ ਵਿਚ ਬੈਠਾ ਵੇਖ ਕੇ ਧ੍ਰੂ ਵੀ ਆਪਣੇ ਪਿਤਾ ਦੀ ਗੋਦੀ ਵਿਚ ਜਾ ਬੈਠਾ। ਤਦੋਂ ਸੁਰੁਚੀ ਰਾਣੀ ਨੇ ਚਪੇੜਾਂ ਮਾਰ ਕੇ ਰਾਜੇ ਦੀ ਗੋਦੀ ਵਿੱਚੋਂ ਉਠਾ ਦਿੱਤਾ ਅਤੇ ਕਿਹਾ ਕਿ ਹੇ ਬਾਲਕ ! ਇਸ ਗੋਦੀ ਵਿਚ ਬੈਠਣ ਦਾ ਅਧਿਕਾਰ ਸਿਰਫ਼ ਮੇਰੇ ਉਦਰ ਤੋਂ ਪੈਦਾ ਹੋਏ ਬਾਲਕ ਦਾ ਹੀ ਹੈ।

ਧ੍ਰੂ ਇਹ ਸੁਣ ਕੇ ਰੋਂਦਾ ਰੋਂਦਾ ਆਪਣੀ ਮਾਂ ਸੁਨੀਤੀ ਦੇ ਕੋਲ ਆ ਕੇ ਗੋਦੀ ਵਿਚ ਬੈਠ ਗਿਆ ਤੇ ਹਉਕੇ ਲੈਂਦਾ ਹੋਇਆ ਕਹਿੰਦਾ ਕਿ ਮਾਂ ! ਮੈਨੂੰ ਦੱਸ ਤੂੰ ਪਟਰਾਣੀ ਹੈਂ ਜਾਂ ਗੋੱਲੀ।

ਮਾਂ ਕਹਿਣ ਲੱਗੀ ਕਿ ਹਾਂ ਪੁੱਤਰ ਤੇਰੀ ਮਤਰੇਈ ਮਾਂ ਸੱਚ ਆਖਦੀ ਹੈ। ਤੂੰ ਮੇਰੇ ਜਿਹੀ ਅਭਾਗਣ ਦੇ ਪੇਟ ਵਿੱਚੋਂ ਜਨਮ ਲੈ ਕੇ ਰਾਜ ਸਿੰਘਾਸਣ 'ਤੇ ਕਿਵੇਂ ਬੈਠ ਸਕਦਾ ਹੈਂ ? ਮੈਂ ਜਨਮ ਦੀ ਤਾਂ ਸਵਾਣੀ ਹਾਂ, ਪਰ ਪਰਮਾਤਮਾ ਦੀ ਭਗਤੀ, ਭਜਨ ਸਿਮਰਨ ਨਾ ਕਰਨ ਕਰਕੇ ਹੁਣ ਗੋੱਲੀਆਂ ਵਰਗੀ ਹੋਈ ਪਈ ਹਾਂ।

ਅੱਗੋਂ ਧ੍ਰੂ ਨੇ ਕਿਹਾ ਕਿ ਮਾਂ ! ਫੇਰ ਕਿਸ ਉੱਦਮ ਕਰਕੇ ਰਾਜ ਗੱਦੀ ਦੀ ਪ੍ਰਾਪਤੀ ਹੋਵੇਗੀ, ਤਾਂ ਮਾਂ ਨੇ ਅੱਗੋਂ ਸਿੱਖਿਆ ਦਿੱਤੀ ਕਿ ਹੇ ਪੁੱਤਰ ! ਪਰਮਾਤਮਾ ਦੀ ਬੰਦਗੀ ਕਰਕੇ ਹੀ ਸਾਰੇ ਰਾਜ ਭਾਗ ਦੇ ਸੁੱਖ ਪ੍ਰਾਪਤ ਹੁੰਦੇ ਹਨ। ਇਹ ਸੁਣ ਕੇ ਧ੍ਰੂ ਨੇ ਆਪਣੀ ਮਾਤਾ ਦੇ ਪੈਰਾਂ 'ਤੇ ਮੱਥਾ ਟੇਕਿਆ ਤੇ ਬਾਹਰ ਜੰਗਲ ਵਿਚ ਤਪੱਸਿਆ ਕਰਨ ਲਈ ਚੱਲ ਪਿਆ। ਤਦੋਂ ਰਸਤੇ ਵਿਚ ਇਸ ਨੂੰ ਨਾਰਦ ਮੁਨੀ ਜੀ ਮਿਲੇ, ਉਨ੍ਹਾਂ ਨੇ ਇਸ ਦੀ ਪ੍ਰੀਖਿਆ ਲੈ ਕੇ ਇਸ ਨੂੰ ਨਾਮ ਮੰਤ੍ਰ ਦਾ ਉਪਦੇਸ਼ ਦਿੱਤਾ।

ਫੇਰ ਧ੍ਰੂ ਨੇ ਮਧੂਬਨ ਵਿਚ ਜਾ ਕੇ ਅਜਿਹਾ ਘੋਰ ਤਪ ਕੀਤਾ ਕਿ ਵਿਸ਼ਨੂੰ ਭਗਵਾਨ ਜੀ ਨੇ ਸਾਖਸ਼ਾਤ, ਪ੍ਰਤੱਖ ਹੋ ਕੇ ਧ੍ਰੂ ਭਗਤ ਨੂੰ ਨਿਹਾਲ ਕੀਤਾ ਅਤੇ ਸਾਰੀਆਂ ਕਾਮਨਾਵਾਂ ਵੀ ਪੂਰੀਆਂ ਕੀਤੀਆਂ।

ਫੇਰ ਜਦੋਂ ਧ੍ਰੂ ਤਪ ਕਰਕੇ ਵਾਪਸ ਆਇਆ ਤਾਂ ਇਸਦੇ ਪਿਤਾ ਨੇ ਸਾਰਾ ਰਾਜ ਭਾਗ ਇਸ ਨੂੰ ਦੇ ਦਿੱਤਾ। ਇਸ ਦਾ ਦੂਜਾ ਭਰਾ ਉੱਤਮ ਜੰਗਲ ਵਿਚ ਸ਼ਿਕਾਰ ਖੇਡਣ ਗਿਆ ਸੀ ਤਾਂ ਉਥੇ ਜੱਛਾਂ ਹੱਥੋਂ ਹੀ ਮਾਰਿਆ ਗਿਆ। ਇਸਦੀ ਮਤਰੇਈ ਮਾਂ ਸੁਰੁਚੀ ਆਪਣੇ ਪੁੱਤਰ ਨੂੰ ਭਾਲਣ ਵਾਲੀ ਜੰਗਲ ਦੀ ਡੌਂ ਅਗਨੀ ਵਿਚ ਸੜ ਕੇ ਮਰ ਗਈ। ਇਸ ਪ੍ਰਕਾਰ ਧ੍ਰੂ ਨੇ ਨਿਸਚਿੰਤ ਹੋ ਕੇ ਛੱਤੀ ਹਜ਼ਾਰ (੩੬੦੦੦) ਵਰ੍ਹਾ ਆਗਰੇ ਵਿਚ ਰਾਜ ਕੀਤਾ, ਫਿਰ ਅਚੱਲ ਪਦਵੀ ਨੂੰ ਵੀ ਪ੍ਰਾਪਤ ਹੋਇਆ ਅਤੇ ਸਾਰੀ ਦੁਨੀਆਂ ਨੂੰ ਦੱਸ ਦਿੱਤਾ ਕਿ ਭਗਤੀ ਦਾ ਏਡਾ ਵੱਡਾ ਪ੍ਰਤਾਪ ਹੈ।

## ਤੇਰਿਆ ਸੰਤਾ ਜਾਚਉ; ਚਰਨ ਰੇਨ ॥

ਹੇ ਪ੍ਰਭੂ ! ਮੈਂ ਤੇਰੇ ਸੰਤ = ਸ਼ਾਂਤ-ਚਿੱਤ ਮਹਾਤਮਾ ਜਨਾਂ ਦੇ ਚਰਨਾਂ ਦੀ ਰੇਨ = ਧੂੜੀ ਜਾਚਉ = ਮੰਗਦਾ ਹਾਂ।

## ਲੇ ਮਸਤਕਿ ਲਾਵਉ; ਕਰਿ ਕ੍ਰਿਪਾ ਦੇਨ ॥੧॥ ਰਹਾਉ ॥

ਹੇ ਪ੍ਰਭੂ! ਤੂੰ ਉਹ ਧੂੜੀ ਆਪਣੀ ਕ੍ਰਿਪਾ = ਮਿਹਰ ਕਰਿ = ਕਰਕੇ ਦੇਨ = ਦੇਣਾ ਕਰ, ਮੈਂ ਉਸ ਧੂੜੀ ਨੂੰ ਲੇ = ਲੈ ਕਰਕੇ ਆਪਣੇ ਮਸਤਕਿ = ਮੱਥੇ ਉੱਪਰ ਲਾਵਉ = ਲਾਉਣਾ ਕਰਾਂ ॥੧॥ ਰਹਾਉ ॥

## ਗਨਿਕਾ ਉਧਰੀ; ਹਰਿ ਕਹੈ ਤੋਤ ॥

ਤੋਤ = ਤੋਤੇ ਨੂੰ ਹਰਿ = ਪਰਮਾਤਮਾ ਦਾ ਰਾਮ ਨਾਮ ਕਹੈ = ਕਹਾਉਂਦੀ ਹੋਈ ਗਨਿਕਾ = ਵੇਸ਼ਵਾ ਵੀ ਸੰਸਾਰ-ਸਮੁੰਦ੍ਰ ਤੋਂ ਉਧਰੀ = ਤਰ ਗਈ ਸੀ **ਵਾ:** ਤੋਤਾ ਰਾਮ ਰਾਮ ਕਹੈ = ਕਹਿੰਦਾ ਸੀ ਤੇ ਗਨਿਕਾ ਵੀ ਰਾਮ ਰਾਮ ਕਹਿ ਕੇ ਉੱਧਰ ਗਈ ਸੀ।

**ਸਾਖੀ—ਗਨਕਾ ਦੀ :** ਇਕ ਮਹਾਤਮਾ ਬਾਹਰ ਜੰਗਲ ਵਿਚ ਰਿਹਾ ਕਰਦੇ ਸਨ। ਇਕ ਦਿਨ ਉਹ ਨਗਰ ਵਿਚ ਆਏ। ਉਧਰੋਂ ਮੀਂਹ ਬਹੁਤ ਪੈਣ ਲੱਗ ਪਿਆ। ਸਿਆਲ ਦੀ ਰੁੱਤ ਸੀ, ਮਹਾਤਮਾ ਦੇ ਬਸਤਰ ਵੀ ਸਾਰੇ ਭਿੱਜ ਗਏ ਸਨ। ਮਹਾਤਮਾ ਨੇ ਉਥੇ ਸੱਥ ਵਿਚ ਬੈਠੇ ਲੋਕਾਂ ਨੂੰ ਕਿਹਾ ਕਿ ਸਾਡੇ ਸਾਰੇ ਬਸਤਰ ਭਿੱਜ ਗਏ ਹਨ ਤੁਸੀਂ ਸਾਨੂੰ ਰਾਤ ਆਰਾਮ ਕਰਨ ਲਈ ਕਿਸੇ ਭਗਤ ਦਾ ਘਰ ਦੱਸ ਦੇਵੋ, ਤਾਂ ਲੋਕਾਂ ਨੇ ਮਹਾਤਮਾ ਨਾਲ ਮਸ਼ਕਰੀ ਕਰਨ ਲਈ ਮਹਾਤਮਾ ਨੂੰ ਵੇਸ਼ਵਾ ਦੇ ਘਰ ਵਿਚ ਭੇਜ ਦਿੱਤਾ। ਜਦੋਂ ਮਹਾਤਮਾ ਜੀ ਉਥੇ ਪਹੁੰਚੇ ਤਾਂ ਉੱਥੋਂ ਦਾ ਠਾਠ ਬਾਠ ਵੇਖ ਕੇ ਪੈਰ ਪਿਛਾਂਹ ਵੱਲ ਨੂੰ ਪੁੱਟਣ ਲੱਗੇ। ਉਧਰੋਂ ਵੇਸ਼ਵਾ ਦੀ ਨਿਗ੍ਹਾ ਮਹਾਂਪੁਰਖਾਂ ਉੱਪਰ ਪੈ ਗਈ, ਉਸ ਦੇ ਚੰਗੇ ਭਾਗ ਜਾਗੇ ਤੇ ਉਹ ਮਹਾਂਪੁਰਖਾਂ ਦੇ ਚਰਨੀਂ ਆ ਪਈ। ਬੇਨਤੀ ਕਰਨ ਲੱਗੀ ਕਿ ਮਹਾਰਾਜ! ਮੈਂ ਬਹੁਤ ਪਾਪਣ ਹਾਂ, ਸਾਰੀ ਜ਼ਿੰਦਗੀ ਮੰਦ ਕਰਮ ਹੀ ਕਰਦੀ ਰਹੀ ਹਾਂ, ਮੇਰੇ ਕੋਲ ਤਾਂ ਬਹੁਤ ਸਾਰੇ ਪਾਪੀ, ਮੰਦ ਦ੍ਰਿਸ਼ਟੀ ਵਾਲੇ ਵਿਸ਼ਈ ਪੁਰਖ ਹੀ ਆਉਂਦੇ ਹਨ, ਤੁਸੀਂ ਅਚਾਨਕ ਹੀ ਮੇਰੇ ਘਰ ਆਏ ਹੋ, ਕਿਰਪਾ ਕਰਕੇ ਮੇਰਾ ਵੀ ਉੱਧਾਰ ਕਰੋ। ਮਹਾਂਪੁਰਖਾਂ ਨੂੰ ਉਸਦੀ ਬੇਨਤੀ ਸੁਣ ਕੇ ਦਿਆਲਤਾ ਆਈ ਅਤੇ ਉਸ ਦਾ ਉੱਧਾਰ ਕਰਨ ਲਈ ਕਿਹਾ ਕਿ ਤੂੰ ਅੱਗੇ ਵਾਸਤੇ ਇਹ ਵੇਸ਼ਵਾ ਦਾ ਪੇਸ਼ਾ ਛੱਡ ਦੇ ਤੇ ਰਾਮ ਦਾ ਨਾਮ ਜਪਿਆ ਕਰ, ਉਸ ਨੇ ਕਿਹਾ ਕਿ ਮਹਾਰਾਜ! ਮੈਂ ਕਦੇ ਰਾਮ ਨਾਮ ਜਪਿਆ ਹੀ ਨਹੀਂ, ਮੈਨੂੰ ਨਹੀਂ ਪਤਾ ਕਿ ਰਾਮ ਨਾਮ ਕਿਵੇਂ ਜਪੀਦਾ ਹੈ, ਤਦੋਂ ਮਹਾਂਪੁਰਖਾਂ ਨੇ ਕਿਹਾ ਕਿ ਸਾਡੇ ਪਾਸੋਂ ਆਹ ਇਕ ਤੋਤਾ ਲੈ ਕੇ ਰੱਖ ਲੈਣਾ ਕਰ, ਇਸ ਤੋਤੇ ਨੂੰ ਅਸੀਂ ਰਾਮ ਨਾਮ ਜਪਾਉਣ ਦਾ ਸੁਭਾਅ ਬਣਾਇਆ ਹੋਇਆ ਹੈ, ਇਸ ਲਈ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਆਪ ਰਾਮ ਰਾਮ ਜਪਿਆ ਕਰੀਂ ਤੇ ਤੋਤੇ ਕੋਲੋਂ ਰਾਮ ਰਾਮ ਸੁਣਿਆ ਕਰੀਂ, ਪਰਮਾਤਮਾ ਭਲਾ ਕਰੇਗਾ।

ਇਉਂ ਆਖ ਕੇ ਮਹਾਂਪੁਰਖ ਚਲੇ ਗਏ, ਮਹਾਂਪੁਰਖਾਂ ਦੀ ਕ੍ਰਿਪਾ ਵਾਲੇ ਬਚਨ ਸੁਣ ਕੇ ਮੰਨ ਕੇ ਤੋਤੇ ਨੂੰ ਆਪਣੇ ਕੋਲ ਰੱਖ ਲਿਆ ਤੇ ਮਹਾਂਪੁਰਖਾਂ ਦੇ ਦੱਸੇ ਅਨੁਸਾਰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਪ ਪਰਮਾਤਮਾ ਦਾ ਨਾਮ ਜਪਿਆ ਕਰੇ ਤੇ ਤੋਤੇ ਕੋਲੋਂ ਜਪਾਇਆ, ਸੁਣਿਆ ਕਰੇ। ਇਉਂ ਪਰਮਾਤਮਾ ਨਾਲ ਬਹੁਤ ਪ੍ਰੇਮ ਜਾਗ ਪਿਆ, ਉਸ ਨੇ ਰਾਤ ਨੂੰ ਸੌਣਾ ਵੀ ਛੱਡ ਦਿੱਤਾ ਤੇ ਇਕ ਰਸ ਪਰਮਾਤਮਾ ਦੇ ਨਾਮ ਦਾ ਚਿੰਤਨ ਕਰਿਆ ਕਰੇ।

ਇਕ ਦਿਨ ਹਨੇਰੀ ਰਾਤ ਨੂੰ ਇਕ ਜ਼ਹਿਰੀਲੇ ਸੱਪ ਨੇ ਤੋਤੇ ਨੂੰ ਪਿੰਜਰੇ ਵਿਚ ਡੰਗ ਮਾਰ ਕੇ ਮਾਰ ਦਿੱਤਾ ਤੇ ਆਪ ਪਿੰਜਰੇ ਵਿਚ ਬੈਠ ਗਿਆ, ਹਨੇਰੇ ਵਿਚ ਹੀ ਨਿੱਤ ਦੇ ਨੇਮ ਅਨੁਸਾਰ ਗਨਕਾ ਤੋਤੇ ਨੂੰ ਰਾਮ ਰਾਮ ਕਹਾਉਣ ਲੱਗੀ ਪਰੰਤੂ ਤੋਤੇ ਦੀ ਕੋਈ ਅਵਾਜ਼ ਨਾ ਆਈ, ਉਸ ਨੇ ਸੋਚਿਆ ਕਿ ਤੋਤਾ ਸੁੱਤਾ ਪਿਆ ਹੈ, ਤੋਤੇ ਨੂੰ ਜਗਾਉਣ ਲਈ ਪਿੰਜਰੇ ਦੇ ਬੂਹੇ ਰਾਹੀਂ ਜਦੋਂ ਪਿੰਜਰੇ ਵਿਚ ਹੱਥ ਪਾਇਆ ਤਾਂ ਸੱਪ ਨੇ ਗਨਕਾ ਨੂੰ ਡੱਸ ਲਿਆ। ਰਾਮ ਨਾਮ ਕਹਿੰਦੀ ਦੇ ਪ੍ਰਾਣ ਨਿਕਲ ਗਏ। ਅੰਤ ਵੇਲੇ ਰਾਮ ਦਾ ਨਾਮ ਲੈਣ ਕਰਕੇ ਬੈਕੁੰਠ

ਧਾਮ ਦੀ ਵਸਨੀਕ ਹੋ ਗਈ। ਏਸੇ ਪ੍ਰਕਰਣ ਨੂੰ ਭਾਈ ਗੁਰਦਾਸ ਆਪਣੀਆਂ ਵਾਰਾਂ ਵਿਚ ਇਸ ਪ੍ਰਕਾਰ ਲਿਖਦੇ ਹਨ :

**ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।**
**ਮਹਾਂ ਪੁਰਖੁ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।**
**ਦੁਰਮਤਿ ਦੇਖਿ ਦਇਆਲ ਹੋਇ ਹਥਹੁਂ ਉਸ ਨੋ ਦਿਤੋਨੁ ਤੋਤਾ।**
**ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ।**
**ਲਿਵ ਲਾਗੀ ਤਿਸੁ ਤੋਤਿਅਹੁਂ ਨਿਤ ਪੜ੍ਹਾਏ ਕਰੈ ਅਸੋਤਾ।**
**ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।**
**ਅੰਤਕਾਲੁ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ।**
**ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ।**
**ਥਾਉ ਨਿਥਾਵੈ ਮਾਣੁ ਮਣੋਤਾ॥੨੧॥** *(ਭਾ. ਗੁਰਦਾਸ ਜੀ, ਵਾਰ ੧੦, ਪਉੜੀ ੨੧)*

ਦੂਸਰੀ ਗਨਕਾ ਰਾਜੇ ਜਨਕ ਦੇ ਵੇਲੇ ਹੋਈ ਸੀ, ਜੋ ਉਸਦੀ ਪੁਰੀ ਵਿਚ ਰਹਿੰਦੀ ਸੀ, ਜਿਸਦਾ ਨਾਮ ਪਿੰਗਲਾ ਸੀ। ਇਕ ਦਿਨ ਇਸਨੇ ਇਕ ਧਨੀ, ਸੁੰਦਰ ਤੇ ਜਵਾਨ ਪੁਰਖ ਦੇਖਿਆ ਅਤੇ ਕਾਮ ਨਾਲ ਵਿਆਕੁਲ ਹੋ ਗਈ, ਪਰ ਉਹ ਪੁਰਖ ਪਿੰਗਲਾ ਪਾਸ ਨਹੀਂ ਆਇਆ, ਜਿਸ ਤੋਂ ਉਸਦੀ ਸਾਰੀ ਰਾਤ ਬੇਚੈਨੀ ਵਿਚ ਬੀਤੀ ਤੇ ਅੰਮ੍ਰਿਤ ਵੇਲੇ ਨੂੰ ਉਸ ਦੇ ਮਨ ਵਿਚ ਵੈਰਾਗ ਉਤਪੰਨ ਹੋਇਆ ਕਿ ਜੇਕਰ ਅਜਿਹਾ ਪ੍ਰੇਮ ਈਸ਼ਵਰ ਵਿਚ ਲਾਉਂਦੀ ਤਾਂ ਬਹੁਤ ਉੱਤਮ ਫਲ ਪ੍ਰਾਪਤ ਹੁੰਦਾ, ਇਸ ਪ੍ਰਕਾਰ ਉਹ ਪਰਮਾਤਮਾ ਦੇ ਸਿਮਰਨ ਵਿਚ ਲੱਗ ਕੇ ਮੁਕਤ ਹੋਈ **ਵਾ:** ਇਸ ਪ੍ਰਕਾਰ ਵੀ ਮੰਨਿਆ ਜਾਂਦਾ ਹੈ ਕਿ ਇਹ ਰਾਜੇ ਜਨਕ ਦੇ ਸਰੀਰ ਉੱਪਰ ਮੋਹਿਤ ਹੋ ਗਈ, ਜਦੋਂ ਵੀ ਉਸਦੀ ਸਭਾ ਲੱਗਦੀ, ਤਦੋਂ ਉਸਦੇ ਚਿਹਰੇ ਵੱਲ ਹੀ ਤੱਕਦੀ ਰਹਿੰਦੀ ਸੀ, ਇਕ ਦਿਨ ਰਾਜਾ ਜਨਕ ਰਿਖੀਆਂ ਨਾਲ ਵਿਚਾਰ ਗੋਸ਼ਟੀ ਕਰ ਰਿਹਾ ਸੀ, ਤਦੋਂ ਉਨ੍ਹਾਂ ਦੀ ਵਿਚਾਰ ਸੁਣ ਕੇ ਵੇਸ਼ਵਾ ਨੂੰ ਆਪਣੇ ਉੱਪਰ ਬਹੁਤ ਗਿਲਾਨੀ ਹੋਈ ਤੇ ਆਪਣੇ ਕਰਮਾਂ ਨੂੰ ਧ੍ਰਿਕਾਰਿਆ। ਫੇਰ ਇਸ ਨੇ ਰਿਖੀਆਂ ਦੇ ਉਪਦੇਸ਼ ਨੂੰ ਕਮਾ ਕੇ ਤਪ ਕੀਤਾ ਅਤੇ ਮੁਕਤੀ ਨੂੰ ਪ੍ਰਾਪਤ ਹੋਈ।

## ਗਜਇੰਦ੍ਰ ਧਿਆਇਓ; ਹਰਿ ਕੀਓ ਮੋਖ ॥

ਜਦੋਂ ਤੰਦੂਏ ਦੇ ਜਾਲ ਵਿਚ ਫਸੇ ਹੋਏ ਗਜਇੰਦ੍ਰ = ਐਰਾਵਤ, ਹਾਥੀਆਂ ਦੇ ਸਰਦਾਰ ਵੱਡੇ ਹਾਥੀ ਨੇ ਪਰਾ ਬਾਣੀ ਦੁਆਰਾ ਪਰਮਾਤਮਾ ਨੂੰ ਧਿਆਇਓ = ਆਰਾਧਣਾ ਕੀਤਾ ਸੀ, ਤਦੋਂ ਹਰਿ = ਪਰਮਾਤਮਾ ਨੇ ਤੰਦੂਏ ਦੀਆਂ ਤਾਰਾਂ ਕੱਟ ਕੇ ਹਾਥੀ ਨੂੰ ਮੋਖ = ਮੁਕਤ ਕੀਓ = ਕੀਤਾ ਸੀ।

**ਸਾਖੀ—ਹਾਥੀ ਤੇ ਤੰਦੂਏ ਦੀ :** ੧. ਚੰਦ੍ਰਿਕ ਮੁਨੀ ਹਰੀ ਹਰਿ ਛੇਤ੍ਰ (ਜੋ ਪਟਨਾ ਸਾਹਿਬ ਤੋਂ ਗੰਗਾ ਵਾਲੇ ਪਾਸੇ 'ਤੇ ਸੁਸ਼ੋਭਿਤ ਹੈ, ਜਿਥੇ ਕੱਤਕ ਦੀ ਪੂਰਨਮਾਸ਼ੀ ਨੂੰ ਬਹੁਤ ਭਾਰੀ ਮੇਲਾ ਲੱਗਦਾ ਹੈ) ਵਿਚ ਬੈਠਾ ਹੋਇਆ ਤਪ ਕਰ ਰਿਹਾ ਸੀ। ਇਸਨੇ ਉਥੇ ਆਪਣੀ ਕੁਟੀਆ ਕੋਲ ਇਕ ਬਹੁਤ ਸੁੰਦਰ ਫੁੱਲਾਂ ਦੀ ਬਗ਼ੀਚੀ ਲਾਈ ਹੋਈ ਸੀ। ਇਕ ਰਾਜਾ ਆਪਣੇ ਰਾਜ ਦੇ ਅਭਿਮਾਨ ਦੇ ਸਹਿਤ ਸੁੰਦਰ ਬਗ਼ੀਚੀ ਵੇਖ ਕੇ ਹਾਥੀ ਦੇ ਸਮੇਤ ਉਸ ਵਿਚ ਆ ਵੜਿਆ। ਹਾਥੀ ਨੇ ਬਗ਼ੀਚੀ ਦੇ ਫੁੱਲ ਤੇ ਵੇਲਾਂ ਤੋੜ ਭੰਨ ਦਿੱਤੀਆਂ। ਜਦੋਂ ਮੁਨੀ ਜੀ ਨੂੰ ਪਤਾ ਲੱਗਿਆ ਕਿ ਰਾਜੇ ਦੇ ਹਾਥੀ ਨੇ ਬਗ਼ੀਚੀ ਦੀਆਂ ਵੇਲਾਂ ਦਾ ਨੁਕਸਾਨ ਕਰ ਦਿੱਤਾ ਹੈ, ਤਦੋਂ ਮੁਨੀ ਨੇ ਰਾਜੇ ਪਾਸ ਜਾ ਕੇ ਕਿਹਾ ਕਿ ਹੇ ਰਾਜਨ ਹਾਥੀ 'ਤੇ ਬੈਠ ਕੇ ਆਪਣੇ ਰਾਜ ਦਾ ਅਭਿਮਾਨ ਕਰਦਾ ਹੈਂ ਜਾਹ ਤੈਨੂੰ ਹਾਥੀ ਦੀ ਜੂਨ ਪ੍ਰਾਪਤ ਹੋਏ, ਉਹ ਰਾਜਾ ਮਰਨ ਤੋਂ ਬਾਅਦ ਹਾਥੀ ਦੀ ਜੂਨ ਨੂੰ ਪ੍ਰਾਪਤ ਹੋਇਆ। ਜਦੋਂ ਇਸ ਗੱਲ ਦਾ ਪਤਾ ਰਾਜੇ ਦੇ ਭਰਾ ਨੂੰ ਲੱਗਿਆ ਤਾਂ ਉਹ ਕ੍ਰੋਧ ਵਿਚ ਚੰਦ੍ਰਿਕ ਮੁਨੀ ਵੱਲ ਤੁਰ ਪਿਆ

ਉਸ ਵੇਲੇ ਮੁਨੀ ਹਰੀ ਹਰਿ ਛੇਤ੍ ’ਤੇ ਇਸ਼ਨਾਨ ਕਰਨ ਲਈ ਆਇਆ ਹੋਇਆ ਸੀ, ਜਦੋਂ ਮੁਨੀ ਨੇ ਇਸ਼ਨਾਨ ਲਈ ਪਾਣੀ ਵਿਚ ਚੁੱਬਕੀ ਮਾਰੀ, ਤਦੋਂ ਪਾਣੀ ਦੇ ਵਿਚ ਬੈਠੇ ਰਾਜੇ ਦੇ ਭਰਾ ਨੇ ਮੁਨੀ ਦੀ ਅੱਡੀ ਪਕੜ ਲਈ। ਤਦੋਂ ਮੁਨੀ ਜੀ ਕਹਿਣ ਲੱਗੇ ਕਿ “ਗਰਾਹ ਗੀਰ” “ਗਰਾਹ ਗੀਰ”। ਤਾਂ ਰਾਜੇ ਦੇ ਭਰਾ ਨੇ ਬਾਹਰ ਨਿਕਲ ਕੇ ਕਿਹਾ ਕਿ ਮੈਂ ਗਰਾਹ ਗੀਰ ਨਹੀਂ, ਰਾਜੇ ਦਾ ਭਰਾ ਹਾਂ, ਜਿਸ ਨੂੰ ਤੂੰ ਹਾਥੀ ਬਣਨ ਦਾ ਸਰਾਪ ਦਿੱਤਾ ਹੈ, ਤਦ ਮੁਨੀ ਨੇ ਉਸ ਨੂੰ ਵੀ ਸਰਾਪ ਦੇ ਦਿੱਤਾ ਕਿ ਜਾਹ ਤੂੰ ਵੀ ਗਰਾਹ ਬਣ। ਇਉਂ ਦੋਵੇਂ ਭਰਾ ਹਾਥੀ ਤੇ ਤੰਦੂਆ ਬਣੇ ਸਨ।

**੨.** ਭਗਤ ਮਾਲ ਵਿਚ ਪ੍ਰਸੰਗ ਆਉਂਦਾ ਹੈ ਕਿ ਹਾਥੀ ਅਤੇ ਤੰਦੂਆ ਦੋਵੇਂ ਗੰਧਰਵ ਦੇ ਪੁੱਤਰ ਸਨ। ਪਿਤਾ ਦੇ ਗੁਜ਼ਰਨ ਤੋਂ ਬਾਅਦ ਜਦੋਂ ਆਪਸ ਵਿਚ ਜਾਇਦਾਦ ਵੰਡਣ ਲੱਗੇ ਤਾਂ ਵੱਡੇ ਭਰਾ (ਹਾਥੀ) ਨੇ ਛੋਟੇ ਭਰਾ (ਤੰਦੂਏ) ਨੂੰ ਕੁਝ ਨਾ ਦਿੱਤਾ। ਇਨ੍ਹਾਂ ਦੋਵਾਂ ਭਰਾਵਾਂ ਦੀ ਵਾਕ ਸਿੱਧੀ ਸੀ। ਤਦੋਂ ਛੋਟੇ ਭਰਾ (ਤੰਦੂਏ) ਨੇ ਕਿਹਾ ਕਿ ਜਾਹ ਤੂੰ ਹਾਥੀ ਬਣੇ। ਵੱਡੇ ਭਰਾ (ਹਾਥੀ) ਨੇ ਕਿਹਾ ਕਿ ਜਾਹ ਤੂੰ ਤੰਦੂਆ ਬਣੇ। ਛੋਟਾ ਭਰਾ ਕਹਿਣ ਲੱਗਾ ਕਿ ਕੋਈ ਗੱਲ ਨਹੀਂ ਭਰਾਵਾ ਤੈਨੂੰ ਹੀ ਪਕੜਿਆ ਕਰਾਂਗਾ, ਇਉਂ ਇਹ ਹਾਥੀ ਤੇ ਤੰਦੂਆਂ ਬਣੇ।

**੩.** ਇਹ ਵੀ ਪ੍ਰਸੰਗ ਆਉਂਦਾ ਹੈ ਕਿ ਹਾਹਾ ਅਤੇ ਹੂਹੂ ਦੇਵਤਿਆਂ ਦੇ ਰਾਗੀ ਸਨ, ਜੋ ਰਾਗ ਵਿੱਦਿਆ ਕਰਕੇ ਬਹੁਤ ਅਭਿਮਾਨੀ ਹੋ ਗਏ ਸਨ ਜਿਸ ਅਭਿਮਾਨ ਕਰਕੇ ਕੇਵਲ ਰਿਖੀ ਦੇ ਸ੍ਰਾਪ ਨਾਲ ਇਹ ਹਾਥੀ ਅਤੇ ਤੰਦੂਆ ਬਣੇ।

ਸੋ ਤੰਦੂਆ ਹਰੀ ਹਰਿ ਛੇਤ੍ ਵਿਚ ਪਾਣੀ ਅੰਦਰ ਆਪਣੀਆਂ ਤਾਰਾਂ ਖਿਲਾਰ ਕੇ ਬੈਠਾ ਹੋਇਆ ਸੀ ਅਤੇ ਹਾਥੀ ਆਪਣੇ ਪਰਿਵਾਰ ਦੇ ਸਮੇਤ ਉਸ ਨਦੀ ਵਿਚ ਪਾਣੀ ਪੀਣ ਲਈ ਆ ਵੜਿਆ। ਤੰਦੂਏ ਨੇ ਆਪਣੇ ਜਾਲ ਵਿਚ ਹਾਥੀ ਨੂੰ ਫਸਾ ਲਿਆ ਅਤੇ ਡੂੰਘੇ ਪਾਣੀ ਵਿਚ ਲੈ ਗਿਆ, ਹਾਥੀ ਨੂੰ ਮੁਸੀਬਤ ਵਿਚ ਫਸਿਆ ਦੇਖ ਕੇ ਇਸ ਦੇ ਪਰਿਵਾਰ ਵਾਲਾ ਕੋਈ ਵੀ ਇਸ ਨੂੰ ਬਚਾਉਣ ਲਈ ਨਹੀਂ ਆਇਆ। ਹਾਥੀ ਨੇ ਹਰ ਪਾਸਿਓਂ ਆਪਣੀ ਜਾਨ ਸੰਕਟ ਵਿਚ ਦੇਖੀ। ਅਜੇ ਡੂੰਘੇ ਪਾਣੀ ਵਿਚ ਡੁੱਬਣ ਹੀ ਵਾਲਾ ਸੀ ਕਿ ਅਚਾਨਕ ਇਕ ਕਮਲ ਪਾਣੀ ਵਿਚ ਤੈਰਦਾ ਹੋਇਆ ਇਸ ਨੂੰ ਪ੍ਰਾਪਤ ਹੋਇਆ, ਜਿਸ ਨੂੰ ਸੁੰਡ ਨਾਲ ਚੁੱਕ ਕੇ ਇਸ ਨੇ ਪਰਮਾਤਮਾ ਨੂੰ ਕਮਲ ਦੀ ਭੇਟਾ ਅਰਪਣ ਕਰਕੇ ਸਹਾਇਤਾ ਲਈ ਪੁਕਾਰ ਕੀਤੀ। ਤਦੋਂ ਇਸ ਦੀ ਪੁਕਾਰ ਸੁਣੀ ਗਈ ਅਤੇ ਭਗਵਾਨ ਨੇ ਆਪਣੇ ਸੁਦਰਸ਼ਨ ਚੱਕ੍ਰ ਨਾਲ ਤੰਦੂਏ ਦੀਆਂ ਤੰਦਾਂ ਕੱਟ ਕੇ ਹਾਥੀ ਨੂੰ ਮੁਕਤ ਕੀਤਾ।

## ਬਿਪ੍ ਸੁਦਾਮੇ; ਦਾਲਦੁ ਭੰਜ ॥

ਸੁਦਾਮੇ ਬਿਪ੍ = ਬ੍ਰਾਹਮਣ ਦੀ ਕ੍ਰਿਸ਼ਨ ਰੂਪ ਵਿਚ ਦਾਲਦੁ = ਗ਼ਰੀਬੀ ਭੰਜ = ਨਾਸ਼ ਕੀਤੀ ਸੀ।

**ਸਾਖੀ—ਸੁਦਾਮੇ ਭਗਤ ਦੀ :** ਇਕ ਸੁਦਾਮਾ ਨਾਮ ਦਾ ਬ੍ਰਾਹਮਣ ਸੀ, ਜੋ ਬਚਪਨ ਵਿਚ ਕ੍ਰਿਸ਼ਨ ਭਗਵਾਨ ਜੀ ਦੇ ਨਾਲ ਉਨ੍ਹਾਂ ਦੇ ਗੁਰੂ ਸੰਦੀਪਨ ਕੋਲ ਇਕੱਠੇ ਪੜ੍ਹਦੇ ਸਨ। ਇਕ ਦਿਨ ਸੰਦੀਪਨ ਨੇ ਇਨ੍ਹਾਂ ਨੂੰ ਜੰਗਲ ਵਿੱਚੋਂ ਲੱਕੜਾਂ ਲਿਆਉਣ ਲਈ ਕਿਹਾ। ਇਹ ਲੱਕੜਾਂ ਲੈਣ ਲਈ ਗਏ, ਇਸਦੇ ਕੋਲ ਕੁਝ ਭੁੰਨੇ ਹੋਏ ਚੌਲ ਸਨ, ਜੋ ਕ੍ਰਿਸ਼ਨ ਜੀ ਤੋਂ ਚੋਰੀ ਚੋਰੀ ਬੁੱਕਲ ਵਿਚ ਮੂੰਹ ਲੁਕੋ ਕੇ ਖਾਈ ਜਾਂਦਾ ਸੀ, ਕ੍ਰਿਸ਼ਨ ਜੀ ਨੇ ਮੂੰਹ ਹਿਲਾਉਂਦੇ ਨੂੰ ਵੇਖ ਕੇ ਕਿਹਾ ਕਿ ਕੀ ਗੱਲ ਹੈ, ਤੇਰਾ ਮੂੰਹ ਕਿਉਂ ਹਿੱਲੀ ਜਾਂਦਾ ਹੈ ਤਾਂ ਸੁਦਾਮੇ ਨੇ ਕਿਹਾ ਕੇ ਪਾਲੇ ਨਾਲ ਹਿੱਲੀ ਜਾਂਦਾ ਹੈ, ਤਦੋਂ ਕ੍ਰਿਸ਼ਨ ਜੀ ਨੇ ਸੁਭਾਵਿਕ ਹੀ ਕਹਿ ਦਿੱਤਾ ਕਿ ਜਾ ਓਇ ਦਲਿੱਦਰੀਆ ਇਕ ਚੌਲਾਂ ਦੇ ਬਦਲੇ ਮਿੱਤਰ ਨਾਲ ਝੂਠ ਬੋਲ ਦਿੱਤਾ, ਤੂੰ ਆਪਣਾ ਮਿੱਤਰ ਧਰਮ ਨਹੀਂ ਨਿਭਾਇਆ। ਇਉਂ ਸੁਦਾਮਾ ਦਲਿੱਦਰੀ ਹੀ ਰਿਹਾ।

ਜਦੋਂ ਵੱਡਾ ਹੋਇਆ ਤਾਂ ਘਰਦਿਆਂ ਨੇ ਇਸਦਾ ਵਿਆਹ ਕਰ ਦਿੱਤਾ, ਘਰ ਦੇ ਵਿਚ ਖਾਣ ਨੂੰ ਕੁਝ ਵੀ ਨਾ ਰਿਹਾ। ਇਕ ਦਿਨ ਇਸਦੀ ਘਰਵਾਲੀ ਨੇ ਕਿਹਾ ਕਿ ਤੂੰ ਹਰ ਰੋਜ਼ ਕਹਿੰਦਾ ਰਹਿੰਦਾ ਹੈਂ ਕਿ ਕ੍ਰਿਸ਼ਨ ਭਗਵਾਨ ਮੇਰਾ ਬਚਪਨ ਦਾ ਮਿੱਤਰ ਹੈ ਤੇ ਫੇਰ ਉਸ ਕੋਲ ਜਾ ਕੇ ਆਪਣੀ ਸਾਰੀ ਗ਼ਰੀਬੀ ਦੂਰ ਕਿਉਂ ਨਹੀਂ ਕਰ ਲੈਂਦਾ। ਇਉਂ ਘਰਵਾਲੀ ਦਾ ਪ੍ਰੇਰਿਆ ਹੋਇਆ ਇਕ ਪੁਰਾਣੇ ਜਿਹੇ ਕਪੜੇ ਵਿਚ ਭੁੰਨੇ ਹੋਏ ਚੌਲ ਪਾ ਕੇ ਗਿਣਤੀਆਂ ਗਿਣਦਾ ਹੋਇਆ ਦੁਆਰਕਾ ਵੱਲ ਚੱਲ ਪਿਆ ਅਤੇ ਮਨ ਵਿਚ ਸੋਚਦਾ ਹੈ ਕਿ ਭਗਵਾਨ ਨਾਲ ਕਿਵੇਂ ਮਿਲਾਂਗਾ। ਇਉਂ ਸੋਚਦਾ ਸੋਚਦਾ ਕ੍ਰਿਸ਼ਨ ਭਗਵਾਨ ਜੀ ਦੇ ਦਰਬਾਰ ਦੇ ਬਾਹਰ ਸਿੰਘ ਪੌੜ ਕੋਲ ਜਾ ਕੇ ਖੜਾ ਹੋ ਗਿਆ। ਦੁਆਰਪਾਲਿਕਾ ਨੇ ਅੰਦਰ ਨਾ ਜਾਣ ਦਿੱਤਾ। ਜਦੋਂ ਕ੍ਰਿਸ਼ਨ ਜੀ ਨੂੰ ਸੁਦਾਮੇ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਹ ਆਪਣਾ ਸਿੰਘਾਸਣ ਛੱਡ ਕੇ ਨੰਗੇ ਪੈਰੀਂ ਭੱਜੇ ਆਏ, ਸੁਦਾਮੇ ਨੂੰ ਆਪਣੇ ਗਲ ਨਾਲ ਲਾਇਆ, ਪੈਰ ਧੋ ਕੇ ਸਿੰਘਾਸਣ ਉੱਪਰ ਬਿਠਾਉਣਾ ਕੀਤਾ। ਕ੍ਰਿਸ਼ਨ ਜੀ ਨੇ ਕਿਹਾ ਕਿ ਮੇਰੇ ਵਾਸਤੇ ਕੀ ਲੈ ਕੇ ਆਇਆ ਹੈਂ। ਉਸ ਵੇਲੇ ਸੁਦਾਮੇ ਨੇ ਫਟੇ ਹੋਏ ਕੱਪੜੇ ਵਿੱਚੋਂ ਭੁੰਨੇ ਹੋਏ ਚੌਲ ਕੱਢ ਕੇ ਦਿੱਤੇ, ਕ੍ਰਿਸ਼ਨ ਭਗਵਾਨ ਨੇ ਉਸ ਦੇ ਦਿੱਤੇ ਹੋਏ ਚੌਲ ਚੱਬ ਕੇ ਬਿਨਾਂ ਕਹਿਣ ਤੋਂ ਹੀ ਚਾਰੇ ਪਦਾਰਥ ਉਸ ਦੇ ਘਰ ਵਿਚ ਪਹੁੰਚਾ ਦਿੱਤੇ। ਇਉਂ ਹੋਰ ਪਿਆਰ ਦੇ ਬਚਨ ਕੀਤੇ ਤੇ ਫੇਰ ਕ੍ਰਿਸ਼ਨ ਜੀ ਨੇ ਵਿਦਾ ਕਰ ਦਿੱਤਾ। ਰਸਤੇ ਵਿਚ ਆਉਂਦਾ ਹੋਇਆ ਸੋਚਦਾ ਹੈ ਕਿ ਇਤਨੇ ਚਿਰ ਬਾਅਦ ਕ੍ਰਿਸ਼ਨ ਨੂੰ ਮਿਲਿਆ, ਫੇਰ ਵੀ ਕੁਝ ਮੰਗ ਨਾ ਸਕਿਆ ਤੇ ਉਨ੍ਹਾਂ ਨੇ ਵੀ ਕੁਝ ਨਹੀਂ ਦਿੱਤਾ। ਇਉਂ ਵਿਚਾਰਦਾ ਹੋਇਆ ਜਦੋਂ ਆਪਣੇ ਨਗਰ ਪਹੁੰਚਾ ਤਾਂ ਉਥੇ ਸੋਨੇ ਦੇ ਮਹੱਲ ਅਤੇ ਅਨੇਕਾਂ ਪਦਾਰਥ ਦੇਖ ਕੇ ਨਿਹਾਲ ਹੋਇਆ। ਇਉਂ ਸੁਦਾਮੇ ਨੂੰ ਚਾਰੇ ਪਦਾਰਥ ਦੇਣਾ ਕੀਤੇ।

## ਰੇ ਮਨ; ਤੂ ਭੀ ਭਜੁ ਗੋਬਿੰਦ ॥੨॥

ਰੇ = ਹੇ ਮਨਾਂ ! ਇਸ ਲਈ ਤੂੰ ਵੀ ਗੋਬਿੰਦ = ਪਰਮਾਤਮਾ ਦਾ ਭਜੁ = ਭਜਨ ਕਰ, ਤੇਰੇ ਵੀ ਸਾਰੇ ਦਲਿਦਰ ਦੂਰ ਹੋ ਜਾਣਗੇ ॥੨॥

## ਬਧਿਕੁ ਉਧਾਰਿਓ; ਖਮਿ ਪ੍ਰਹਾਰ ॥

ਪ੍ਰਹਾਰ = ਘਾਤ ਕਰਨ ਵਾਲੇ ਬਧਿਕੁ = ਸ਼ਿਕਾਰੀ ਨੂੰ ਕ੍ਰਿਸ਼ਨ ਰੂਪ ਵਿਚ ਖਮਿ = ਖਿਮਾ ਕਰਕੇ ਉਧਾਰਿਓ = ਤਾਰ ਦਿੱਤਾ **ਵਾ:** ਖਮਿ = ਤੀਰ ਦਾ ਪ੍ਰਹਾਰ ਕਰਨ ਵਾਲੇ ਸ਼ਿਕਾਰੀ ਨੂੰ ਉੱਧਾਰਨਾ ਕੀਤਾ ਹੈ।

**ਸਾਖੀ—ਬਧਿਕ ਦੀ :** ਜਿਸ ਸਮੇਂ ਛਪੰਜਾ ਕਰੋੜ ਯਾਦਵਾਂ ਦੀ ਆਪੋ ਵਿਚ ਦੀ ਜੰਗ ਹੋਣ ਕਰਕੇ ਉਹ ਸਾਰੇ ਸਮਾਪਤ ਹੋ ਗਏ, ਉਸ ਸਮੇਂ ਭਗਵਾਨ ਕ੍ਰਿਸ਼ਨ ਜੀ ਉਪਰਾਮ ਜਿਹੇ ਹੋ ਕੇ ਸੋਮ ਤੀਰਥ (ਪ੍ਰਭਾਸ ਛੇਤ੍ਰ) ਵਾਲੇ ਅਸਥਾਨ ਉੱਪਰ ਜਾ ਕੇ ਗੋਡੇ ਉੱਪਰ ਪੈਰ ਰੱਖ ਕੇ ਸੌਂ ਗਏ। ਉਨ੍ਹਾਂ ਦੇ ਪੈਰਾਂ ਵਿਚਲਾ ਪਦਮ ਤਾਰੇ ਵਾਂਗ ਲਿਸ਼ਕਾਰੇ ਮਾਰ ਰਿਹਾ ਸੀ। ਉਧਰੋਂ ਇਕ ਬਧਿਕ (ਸ਼ਿਕਾਰੀ) ਕਿਸੇ ਸ਼ਿਕਾਰ ਦੀ ਭਾਲ ਵਿਚ ਜੰਗਲ ਵਿਚ ਫਿਰਦਾ ਪਿਆ ਸੀ। ਤਦੋਂ ਉਸਨੂੰ ਕ੍ਰਿਸ਼ਨ ਜੀ ਦੇ ਪੈਰਾਂ ਦਾ ਲਿਸ਼ਕਦਾ ਹੋਇਆ ਪਦਮ ਇਕ ਹਿਰਨ ਦੀ ਅੱਖ ਵਰਗਾ ਦਿੱਸਿਆ। ਇਸਨੇ ਹਿਰਨ ਦੀ ਅੱਖ ਸਮਝ ਕੇ ਨਿਸ਼ਾਨਾ ਬੰਨ੍ਹ ਕੇ ਤੀਰ ਮਰ ਦਿੱਤਾ, ਜੋ ਭਗਵਾਨ ਕ੍ਰਿਸ਼ਨ ਜੀ ਦੇ ਪੈਰਾਂ ਵਿਚ ਜਾ ਵੱਜਾ। ਜਦੋਂ ਬਧਿਕ ਨੇ ਉਥੇ ਜਾ ਕੇ ਵੇਖਿਆ ਤਾਂ ਭਗਵਾਨ ਕ੍ਰਿਸ਼ਨ ਜੀ ਦਾ ਮੁਖ ਵੇਖ ਕੇ ਉੱਚੀ-ਉੱਚੀ ਰੋਣ ਲੱਗ ਪਿਆ। ਕਹਿਣ ਲੱਗਾ ਕਿ ਮੇਰੇ ਕੋਲੋਂ ਬਹੁਤ ਅਨਰਥ ਹੋ ਗਿਆ ਹੈ, ਜੋ ਆਪ ਜੀ ਦੇ ਚਰਨਾਂ ਨੂੰ ਹਿਰਨ ਦੀ ਅੱਖ ਸਮਝ ਕੇ ਭੁਲੇਖੇ ਵਿਚ ਤੀਰ ਮਾਰ ਬੈਠਾ ਹਾਂ। ਕ੍ਰਿਸ਼ਨ ਭਗਵਾਨ ਜੀ ਨੇ ਉਸਨੂੰ ਆਪਣੇ ਗਲ ਨਾਲ ਲਾਇਆ ਤੇ ਕਿਹਾ ਕਿ ਇਹ ਤਾਂ ਵਿਧਾਨ ਹੀ ਇਸ ਤਰ੍ਹਾਂ ਹੋਣਾ ਸੀ ਕਿਉਂਕਿ ਤੂੰ ਤ੍ਰੇਤੇ ਜੁਗ ਵਿਚ ਬਾਲੀ ਦੇ ਰੂਪ ਵਿਚ ਸੀ ਤੇ ਮੈਂ ਭਗਵਾਨ ਰਾਮਚੰਦ੍ਰ ਜੀ ਦੇ ਰੂਪ ਵਿਚ ਸੀ।

ਉਸ ਵੇਲੇ ਮੈਂ ਸੁਗਰੀਵ ਦੀ ਮਦਦ ਲਈ ਤੇਰੇ ਲੁਕ ਕੇ ਤੀਰ ਮਾਰਿਆ ਸੀ ਕਿਉਂਕਿ ਤੂੰ ਦੇਵਤਿਆਂ ਕੋਲ ਵਰ ਲਿਆ ਹੋਇਆ ਸੀ ਕਿ ਜੋ ਵੀ ਤੇਰੇ ਨਾਲ ਜੰਗ ਕਰਨ ਆਵੇ, ਉਸਦਾ ਅੱਧਾ ਬਲ ਤੇਰੇ ਵਿਚ ਆ ਜਾਵੇ, ਇਉਂ ਮੈਂ ਤੇਰੇ ਲੁਕ ਕੇ ਤੀਰ ਮਾਰਿਆ ਸੀ ਤੇ ਤੂੰ ਉਸ ਵੇਲੇ ਇਹ ਸੰਕਲਪ ਕੀਤਾ ਸੀ ਕਿ ਜਿਸ ਨੇ ਮੇਰੇ ਤੀਰ ਮਾਰਿਆ ਹੈ, ਉਸ ਨੂੰ ਮੈਂ ਵੀ ਉਸੇ ਤਰ੍ਹਾਂ ਹੀ ਮਾਰਾਂਗਾ। ਉਸੇ ਸੰਕਲਪ ਕਰਕੇ ਤੈਨੂੰ ਹੁਣ ਬਧਿਕ ਦਾ ਰੂਪ ਮਿਲਿਆ ਤੇ ਤੂੰ ਸਾਡੇ ਤੀਰ ਮਾਰ ਕੇ ਆਪਣਾ ਸੰਕਲਪ ਪੂਰਾ ਕੀਤਾ ਹੈ। ਸੋ ਇਸ ਪ੍ਰਕਾਰ ਉਸ ਬਧਿਕ ਦਾ ਵੀ ਉੱਧਾਰ ਕੀਤਾ।

## ਕੁਬਿਜਾ ਉਧਰੀ; ਅੰਗੁਸਟ ਧਾਰ ॥

ਕ੍ਰਿਸ਼ਨ ਜੀ ਦੇ ਚਰਨਾਂ ਦਾ ਅੰਗੁਸਟ = ਅੰਗੂਠਾ ਧਾਰ = ਰੱਖਣ ਨਾਲ ਕੁਬਿਜਾ = ਕੁੱਬੇ ਲੱਕ ਵਾਲੀ ਕੰਸ ਦੀ ਮਾਲਣ ਵੀ ਉਧਰੀ = ਤਰ ਗਈ।

**ਸਾਖੀ—ਕੁਬਿਜਾ ਦੀ :** ਇਹ ਕੁਬਿਜਾ ਦੁਆਪੁਰ ਜੁਗ ਦੇ ਵਿਚ ਕ੍ਰਿਸ਼ਨ ਭਗਵਾਨ ਦੇ ਮਾਮੇ ਕੰਸ ਦੀ ਇਕ ਦਾਸੀ ਸੀ, ਜਿਸ ਦਾ ਰੂਪ ਬਹੁਤ ਕੋਝਾ ਸੀ ਤੇ ਲੱਕ ਤੋਂ ਵੀ ਕੁੱਬੀ ਸੀ। ਏਸੇ ਕਰਕੇ ਇਸਦਾ ਨਾਮ ਕੁਬਿਜਾ ਪੈ ਗਿਆ। ਇਹ ਰਾਜੇ ਕੰਸ ਵਾਸਤੇ ਹਰ ਰੋਜ਼ ਫੁੱਲਾਂ ਦੀ ਮਾਲਾ ਤਿਆਰ ਕਰਕੇ ਦਿੰਦੀ ਸੀ ਅਤੇ ਚੰਦਨ ਕੇਸਰ ਆਦਿ ਦਾ ਲੇਪਨ ਕਰਿਆ ਕਰਦੀ ਸੀ। ਜਦੋਂ ਕ੍ਰਿਸ਼ਨ ਭਗਵਾਨ ਜੀ ਮਥਰਾ ਗਏ ਤਾਂ ਇਸ ਕੁਬਿਜਾ ਨੇ ਕ੍ਰਿਸ਼ਨ ਜੀ ਦੇ ਸਰੂਪ ਤੋਂ ਮੋਹਿਤ ਹੋ ਕੇ ਉਹ ਮਾਲਾ ਭਗਵਾਨ ਦੇ ਗਲ ਵਿਚ ਪਾ ਦਿੱਤੀ ਅਤੇ ਬਹੁਤ ਪ੍ਰੇਮ ਨਾਲ ਚੰਦਨ ਤੇ ਕੇਸਰ ਦਾ ਲੇਪਨ ਮਲਿਆ, ਜਿਸ 'ਤੇ ਭਗਵਾਨ ਕ੍ਰਿਸ਼ਨ ਨੇ ਰੀਝ ਕੇ ਇਸ ਦੇ ਪੈਰ 'ਤੇ ਆਪਣੇ ਚਰਨਾਂ ਦਾ ਅੰਗੂਠਾ ਰੱਖ ਕੇ ਅਤੇ ਠੋਡੀ ਹੇਠਾਂ ਹੱਥ ਦੇ ਕੇ ਝਟਕਾ ਦਿੱਤਾ। ਜਿਸ ਨਾਲ ਇਸ ਦਾ ਸਾਰਾ ਕੁੱਬ ਦੂਰ ਹੋ ਗਿਆ। ਇਉਂ ਬਿਨਾਂ ਰੂਪ ਵਾਲੀ ਤੇ ਕੁੱਬੀ ਮਾਲਣ ਦਾ ਵੀ ਉੱਧਾਰ ਹੋਇਆ।

## ਬਿਦਰੁ ਉਧਾਰਿਓ; ਦਾਸਤ ਭਾਇ ॥

ਦਾਸਤ ਭਾਇ = ਦਾਸਾ-ਭਾਵ ਧਾਰਨ ਵਾਲੇ ਬਿਦਰ ਭਗਤ ਨੂੰ ਵੀ ਕ੍ਰਿਸ਼ਨ ਰੂਪ ਵਿਚ ਉਧਾਰਿਓ = ਤਾਰਨਾ ਕੀਤਾ।

**ਸਾਖੀ—ਬਿਦਰ ਭਗਤ ਦੀ :** ਰਾਜਾ ਵਿਚਿਤ੍ਰ ਵੀਰਯ ਦੀ ਦਾਸੀ ਸੁਦੇਸ਼ਨਾ ਦੇ ਉਦਰ ਤੋਂ ਵਿਆਸ ਦਾ ਪੁੱਤਰ ਬਿਦਰ ਭਗਤ ਹੋਇਆ ਹੈ। ਇਹ ਬਹੁਤ ਗੁਣੀ, ਨੀਤੀਵਾਨ, ਈਸ਼ਵਰ ਭਗਤ ਅਤੇ ਸਤਯਵਕਤਾ ਸੀ।

ਜਿਸ ਵਖਤ ਭਗਵਾਨ ਕ੍ਰਿਸ਼ਨ ਜੀ ਪਾਂਡਵਾਂ ਨੂੰ ਪੰਜ ਪਿੰਡ ਦਿਵਾਉਣ ਵਾਸਤੇ ਦੁਰਜੋਧਨ ਨੂੰ ਮਿਲਣ ਲਈ ਆਏ ਤਾਂ ਦੁਰਜੋਧਨ ਨੇ ਸੋਚਿਆ ਕਿ ਜੇਕਰ ਮੈਂ ਭਗਵਾਨ ਕ੍ਰਿਸ਼ਨ ਦੇ ਆਉਣ ਤੋਂ ਖੜ੍ਹਾ ਹੋ ਗਿਆ ਤਾਂ ਸਭਾ ਵਿਚ ਬੈਠੇ ਲੋਕ ਕਹਿਣਗੇ ਕਿ ਇਹ ਗੁਆਲਿਆਂ ਦੇ ਮੁੰਡੇ ਲਈ ਆਪਣੇ ਸਿੰਘਾਸਣ ਤੋਂ ਉੱਠ ਪਿਆ ਹੈ, ਅਤੇ ਜੇਕਰ ਖੜਾ ਨਾ ਹੋਇਆ ਤਾਂ ਕ੍ਰਿਸ਼ਨ ਦੀ ਨਿਰਾਦਰੀ ਸਮਝਣਗੇ। ਇਸ ਤਰ੍ਹਾਂ ਵਿਚਾਰ ਕਰਕੇ ਇਹ ਕ੍ਰਿਸ਼ਨ ਜੀ ਦੇ ਆਉਣ ਤੋਂ ਪਹਿਲਾਂ ਹੀ ਹਾਥੀਆਂ ਦੇ ਤਬੇਲੇ ਵਿਚ ਚਲਾ ਗਿਆ ਕਿ ਉਥੇ ਖੜੇ ਖੜੋਤੇ ਹੀ ਮਿਲ ਲਵਾਂਗੇ। ਜਦੋਂ ਕ੍ਰਿਸ਼ਨ ਜੀ ਨੂੰ ਇਹ ਗੱਲ ਪਤਾ ਲੱਗੀ ਤਾਂ ਉਹ ਪਿੱਛੋਂ ਹੀ ਵਾਪਸ ਮੁੜ ਗਏ ਅਤੇ ਬਿਦਰ ਭਗਤ ਜੀ ਦੇ ਪ੍ਰੇਮ ਕਰਕੇ ਉਸ ਦੀ ਝੁੱਗੀ ਵੱਲ ਚੱਲ ਪਏ। ਕ੍ਰਿਸ਼ਨ ਜੀ ਨੇ ਜਦੋਂ ਬਿਦਰ ਭਗਤ ਜੀ ਦਾ ਦਰਵਾਜ਼ਾ ਖੜਕਾ ਕੇ ਅਵਾਜ਼ ਮਾਰੀ, ਤਦੋਂ ਬਿਦਰ ਭਗਤ ਜੀ ਦੀ ਪਤਨੀ ਇਸ਼ਨਾਨ ਕਰ ਰਹੀ ਸੀ, ਉਹ ਕ੍ਰਿਸ਼ਨ ਜੀ ਦੀ ਅਵਾਜ਼ ਸੁਣ ਕੇ ਅਸਤ-ਵਿਅਸਤ ਹੋ ਗਈ ਤੇ ਉਸੇ ਤਰ੍ਹਾਂ ਹੀ ਉਸ ਨੇ ਆ ਕੇ ਦਰਵਾਜ਼ਾ ਖੋਲ੍ਹ ਦਿੱਤਾ, ਤਦੋਂ ਕ੍ਰਿਸ਼ਨ ਜੀ ਨੇ ਆਪਣਾ ਬਸਤ੍ਰ ਉਤਾਰ ਕੇ ਉਸ ਨੂੰ ਦਿੱਤਾ। ਉਸ ਨੇ ਕ੍ਰਿਸ਼ਨ

ਜੀ ਦਾ ਬਹੁਤ ਸਤਿਕਾਰ ਕੀਤਾ, ਅੰਦਰ ਪਲੰਘੇ ਉੱਪਰ ਬਿਠਾ ਕੇ ਕ੍ਰਿਸ਼ਨ ਜੀ ਦੇ ਖਾਣ ਲਈ ਅੱਗੇ ਕੇਲੇ ਰੱਖ ਦਿੱਤੇ। ਪ੍ਰੇਮ ਵਿਚ ਮਸਤ ਹੋਈ ਕੇਲੇ ਦੀਆਂ ਛਿੱਲਾਂ ਕ੍ਰਿਸ਼ਨ ਜੀ ਨੂੰ ਖਾਣ ਲਈ ਦਈ ਜਾਵੇ ਅਤੇ ਵਿੱਚੋਂ ਗੁੱਦਾ ਕੱਢ ਕੱਢ ਕੇ ਬਾਹਰ ਸੁੱਟੀ ਜਾਵੇ। ਕ੍ਰਿਸ਼ਨ ਜੀ ਉਸਦਾ ਪ੍ਰੇਮ ਵੇਖ ਕੇ ਉਹ ਛਿੱਲਾਂ ਹੀ ਕਬੂਲ ਕਰੀ ਗਏ।

ਇਤਨੇ ਚਿਰ ਨੂੰ ਬਿਦਰ ਜੀ ਵੀ ਬਾਹਰੋਂ ਆ ਗਏ। ਉਹ ਕ੍ਰਿਸ਼ਨ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਭਗਵਾਨ ਜੀ ਦੇ ਹੱਥ ਵਿਚ ਕੇਲੇ ਦੀਆਂ ਛਿੱਲਾਂ ਵੇਖ ਕੇ ਬਹੁਤ ਹੈਰਾਨ ਹੋਏ ਤੇ ਆਪਣੀ ਪਤਨੀ ਨੂੰ ਕਿਹਾ ਕਿ ਕਮਲੀਏ ਤੂੰ ਭਗਵਾਨ ਜੀ ਨੂੰ ਛਿਲਕੇ ਹੀ ਖਵਾਈ ਜਾ ਰਹੀ ਹੈਂ। ਉਸ ਨੇ ਭਗਵਾਨ ਜੀ ਤੋਂ ਮੁਆਫ਼ੀ ਮੰਗੀ। ਇਉਂ ਜਦੋਂ ਸ਼ਾਮ ਹੋ ਗਈ ਤਾਂ ਬਿਦਰ ਜੀ ਨੇ ਕਿਹਾ ਕਿ ਭਗਤਨੀਏ ਭਗਵਾਨ ਵਾਸਤੇ ਭੋਜਨ ਤੂੰ ਨਹੀਂ ਬਣਾਉਣਾ ਕਿਉਂਕਿ ਤੂੰ ਅੱਗੇ ਹੀ ਭਗਵਾਨ ਜੀ ਨੂੰ ਛਿਲਕਾਂ ਖੁਆ ਦਿੱਤੀਆਂ ਹਨ, ਹੁਣ ਪਤਾ ਨਹੀਂ ਕੀ ਬਣਾ ਦੇਵੇਂਗੀ। ਇਸ ਲਈ ਭੋਜਨ ਮੈਂ ਤਿਆਰ ਕਰਾਂਗਾ। ਤਦੋਂ ਬਿਦਰ ਜੀ ਨੇ ਬਹੁਤ ਪ੍ਰੇਮ ਨਾਲ ਕ੍ਰਿਸ਼ਨ ਜੀ ਦੇ ਗੁਣ ਗਾਉਂਦਿਆਂ ਸਾਗ ਬਣਾਇਆ, ਜਿਸ ਵਿਚ ਲੂਣ ਪਾਉਣਾ ਹੀ ਭੁੱਲ ਹੀ ਗਏ ਤੇ ਉਵੇਂ ਹੀ ਲਿਆ ਕੇ ਭਗਵਾਨ ਜੀ ਦੇ ਅੱਗੇ ਰੱਖ ਦਿੱਤਾ, ਫੇਰ ਗਰਮ ਗਰਮ ਪਰਸ਼ਾਦੇ ਲਾਹ ਕੇ ਖਵਾਉਣਾ ਕੀਤੇ। ਭਗਵਾਨ ਜੀ ਬਹੁਤ ਪ੍ਰਸੰਨ ਹੋ ਕੇ ਖਾਈ ਜਾਣ, ਜਦੋਂ ਭਗਤ ਜੀ ਦੀ ਪਤਨੀ ਛਕਣ ਲੱਗੀ ਤਾਂ ਉਹ ਹੱਸ ਕੇ ਬੋਲੀ ਕਿ ਮੈਂ ਤਾਂ ਛਿਲਕਾਂ ਖੁਆਈਆਂ ਸਨ ਤੇ ਤੁਸੀਂ ਸਾਗ ਹੀ ਅਲੂਣਾ ਬਣਾ ਕੇ ਖਵਾ ਦਿੱਤਾ ਹੈ। ਬਿਦਰ ਜੀ ਨੇ ਭਗਵਾਨ ਜੀ ਤੋਂ ਖਿਮਾ ਮੰਗੀ। ਭਗਵਾਨ ਜੀ ਉਨ੍ਹਾਂ ਦਾ ਪ੍ਰੇਮ ਵੇਖ ਕੇ ਬਹੁਤ ਪ੍ਰਸੰਨ ਹੋਏ। ਸਾਰੀ ਰਾਤ ਪਰਮਾਤਮਾ ਦੇ ਗੁਣ ਗਾਉਂਦਿਆਂ ਤੇ ਭਗਵਾਨ ਕ੍ਰਿਸ਼ਨ ਜੀ ਦੀ ਸੇਵਾ ਕਰਦਿਆਂ ਬਤੀਤ ਕੀਤੀ।

ਇਸ ਪ੍ਰਕਾਰ ਭਗਵਾਨ ਕ੍ਰਿਸ਼ਨ ਜੀ ਨੇ ਬਿਦਰ ਭਗਤ ਦਾ ਉੱਧਾਰ ਕੀਤਾ।

## ਰੇ ਮਨ; ਤੂ ਭੀ ਹਰਿ ਧਿਆਇ ॥੩॥

ਇਸ ਲਈ ਰੇ = ਹੇ ਮਨਾਂ ! ਤੂੰ ਵੀ ਹਰੇ ਭਰੇ ਕਰਨ ਵਾਲੇ ਹਰਿ = ਪਰਮਾਤਮਾ ਨੂੰ ਧਿਆਇ = ਸਿਮਰਨਾ ਕਰ ॥੩॥

## ਪ੍ਰਹਲਾਦ ਰਖੀ; ਹਰਿ ਪੈਜ ਆਪ ॥

ਪ੍ਰਹਿਲਾਦ ਭਗਤ ਦੀ ਹਰਿ = ਪਰਮਾਤਮਾ ਨੇ ਆਪ ਹੀ ਪੈਜ = ਇੱਜ਼ਤ, ਪ੍ਰਤਿਸ਼ਠਾ ਰਖੀ = ਰੱਖਣਾ ਕੀਤੀ ਸੀ।

**ਸਾਖੀ—ਭਗਤ ਪ੍ਰਹਿਲਾਦ ਜੀ ਦੀ :** ਇਕ ਕਸ਼ਪ ਰਿਖੀ ਦੇ ਘਰ ਦਿਤੀ ਦੇ ਉਦਰ ਤੋਂ ਦੋ ਪੁੱਤਰ ਹਿਰਨਕਸ਼ਪ ਤੇ ਹਰਨਾਖਸ਼ ਪੈਦਾ ਹੋਏ। ਹਿਰਨਕਸ਼ਪ ਨੂੰ ਵਰਾਹ ਅਵਤਾਰ ਨੇ ਮਾਰ ਦਿੱਤਾ ਅਤੇ ਹਰਨਾਖਸ਼ ਨੇ ਬਾਹਰ ਜੰਗਲਾਂ ਵਿਚ ਬਹੁਤ ਤਪ ਕੀਤਾ, ਉਸ ਸਮੇਂ ਦੇਵਰਾਜ ਇੰਦ੍ਰ ਨੇ ਹਰਨਾਖਸ਼ ਦੇ ਨਗਰ ਮੁਲਤਾਨ ਉੱਪਰ ਹਮਲਾ ਕਰ ਦਿੱਤਾ ਤੇ ਸਾਰਾ ਸ਼ਹਿਰ ਉਜਾੜ ਦਿੱਤਾ ਅਤੇ ਉਸਦੀ ਪਤਨੀ ਕਿਆਧੂ ਨੂੰ ਕੈਦ ਕਰਕੇ ਆਪਣੇ ਨਾਲ ਲੈ ਗਿਆ, ਰਸਤੇ ਵਿਚ ਇੰਦ੍ਰ ਨੂੰ ਨਾਰਦ ਮੁਨੀ ਜੀ ਮਿਲ ਪਏ, ਉਹ ਇੰਦ੍ਰ ਕੋਲੋਂ ਕਿਆਧੂ ਨੂੰ ਆਪਣੇ ਆਸ਼ਰਮ ਵਿਚ ਲੈ ਗਏ, ਉਸਨੇ ਉਥੇ ਹੀ ਪ੍ਰਹਿਲਾਦ ਨੂੰ ਜਨਮ ਦਿੱਤਾ। ਰਿਸ਼ੀਆਂ ਮੁਨੀਆਂ ਦੇ ਭਜਨ ਬੰਦਗੀ ਦੇ ਪ੍ਰਤਾਪ ਕਰਕੇ ਉਹ ਭਗਤੀ ਦੇ ਸਾਰੇ ਗੁਣ ਭਗਤ ਪ੍ਰਹਿਲਾਦ ਜੀ ਦੇ ਹਿਰਦੇ ਅੰਦਰ ਪ੍ਰਵੇਸ਼ ਕਰ ਗਏ। ਉਧਰ ਹਰਨਾਖਸ਼ ਨੇ ਭਾਰੀ ਤਪੱਸਿਆ ਕਰਕੇ ਬ੍ਰਹਮਾ ਜੀ ਕੋਲੋਂ ਮਨ ਬਾਂਛਤ ਫਲ ਪ੍ਰਾਪਤ ਕੀਤੇ ਕਿ ਮੈਂ ਨਾ ਦਿਨੇ ਮਰਾਂ, ਨਾ ਰਾਤ ਨੂੰ ਮਰਾਂ, ਨਾ ਕਿਸੇ ਸ਼ਸਤ੍ਰ ਨਾਲ ਮਰਾਂ, ਨਾ ਕਿਸੇ ਅਸਤ੍ਰ ਨਾਲ ਮਰਾਂ, ਨਾ ਕਿਸੇ ਮਨੁੱਖ ਤੋਂ ਮਰਾਂ, ਨਾ ਕਿਸੇ ਜਾਨਵਰ ਤੋਂ ਮਰਾਂ, ਨਾ ਅੰਦਰ ਮਰਾਂ ਨਾ ਬਾਹਰ ਮਰਾਂ ਆਦਿਕ ਵਰ ਪ੍ਰਾਪਤ ਕੀਤੇ। ਜਦੋਂ ਉਹ ਵਾਪਸ ਆਪਣੇ ਨਗਰ ਆਇਆ ਤਾਂ ਉਸ ਨੇ ਆਪਣਾ ਉੱਜੜਿਆ ਹੋਇਆ

ਨਗਰ ਵੇਖ ਕੇ ਬਦਲੇ ਦੀ ਅੱਗ ਨਾਲ ਦੇਵਤਿਆਂ ਉੱਪਰ ਹਮਲਾ ਕਰ ਦਿੱਤਾ ਤੇ ਦੇਵਤਿਆਂ ਨੂੰ ਹਰਾ ਕੇ ਦੇਵਪੁਰੀ ਉੱਪਰ ਆਪਣਾ ਕਬਜ਼ਾ ਕਰ ਲਿਆ। ਦੇਵਤਿਆਂ ਨੇ ਬ੍ਰਹਮਾ ਵਿਸ਼ਨੂੰ ਆਦਿਕ ਪਾਸ ਜਾ ਕੇ ਪੁਕਾਰਾਂ ਕੀਤੀਆਂ, ਉਨ੍ਹਾਂ ਦੇ ਰੱਖਿਆ ਕਰਨ ਵਾਸਤੇ ਧੀਰਜ ਦਿੱਤਾ।

ਓਧਰ ਹਰਨਾਖਸ਼ ਨੇ ਆਪਣੀ ਤਾਕਤ ਤੇ ਹੰਕਾਰ ਦੇ ਨਸ਼ੇ ਵਿਚ ਆਪਣੇ ਸਾਰੇ ਰਾਜ ਅੰਦਰ ਆਪਣਾ ਨਾਮ ਜਪਾਉਣਾ ਸ਼ੁਰੂ ਕਰ ਦਿੱਤਾ। ਪ੍ਰਹਿਲਾਦ ਅਤੇ ਕਿਆਧੂ ਦੀ ਪ੍ਰਾਪਤੀ ਕਰਕੇ ਹਰਨਾਖਸ਼ ਖ਼ੁਸ਼ ਹੋਇਆ। ਜਦੋਂ ਪ੍ਰਹਿਲਾਦ ਪੰਜ ਕੁ ਵਰ੍ਹੇ ਦਾ ਹੋ ਗਿਆ ਤਾਂ ਉਸ ਨੂੰ ਪੜ੍ਹਨ ਲਈ ਦੈਂਤਾਂ ਦੇ ਗੁਰੂ ਸ਼ੁਕਰਾਚਾਰਯ ਦੇ ਪੁੱਤਰ ਸੰਡਾ ਤੇ ਮਰਕਾ ਦੇ ਪਾਸ ਭੇਜਣਾ ਕੀਤਾ। ਪਾਠਸ਼ਾਲਾ ਵਿਚ ਦੈਂਤਾਂ ਦੀ ਵਿੱਦਿਆ ਪੜ੍ਹਨ ਦੀ ਬਜਾਏ ਪ੍ਰਹਿਲਾਦ ਨੇ ਵਿਸ਼ਨੂੰ ਦੀ ਭਗਤੀ ਸ਼ੁਰੂ ਕਰ ਦਿੱਤੀ, ਹਰ ਰੋਜ਼ ਹੀ ਕੀਰਤਨ ਭਜਨ ਕਰਦਾ ਰਿਹਾ ਕਰੇ, ਕੁਝ ਦਿਨਾਂ ਵਿਚ ਸਾਰੇ ਚਾਟੜਿਆਂ ਨੂੰ ਵੀ ਰਾਮ ਨਾਮ ਜਪਣ ਵਿਚ ਲਾ ਲਿਆ, ਤਦੋਂ ਸੰਡੇ ਤੇ ਮਰਕੇ ਨੇ ਖਿੱਝ ਕੇ ਪ੍ਰਹਿਲਾਦ ਦੀ ਸ਼ਿਕਾਇਤ ਹਰਨਾਖਸ਼ ਕੋਲ ਕੀਤੀ।

ਪਿਤਾ ਹਰਨਾਖਸ਼ ਤੇ ਮਾਤਾ ਕਿਆਧੂ ਨੇ ਪ੍ਰਹਿਲਾਦ ਨੂੰ ਰਾਮ ਦਾ ਨਾਮ ਛੱਡ ਦੇਣ ਲਈ ਕਿਹਾ, ਪਰ ਪ੍ਰਹਿਲਾਦ ਨਾ ਮੰਨਿਆ। ਅਖ਼ੀਰ ਹਰਨਾਖਸ਼ ਨੇ ਪ੍ਰਹਿਲਾਦ ਨੂੰ ਮਰਵਾਉਣ ਲਈ ਬਹੁਤ ਯਤਨ ਕੀਤੇ। ਉਸ ਨੂੰ ਜ਼ਹਿਰ ਦਿੱਤੀ ਗਈ, ਸੱਪ ਛੱਡੇ ਗਏ, ਬੰਦ ਕਮਰੇ ਵਿਚ ਕੈਦ ਕੀਤਾ ਗਿਆ ਪਰ ਪ੍ਰਹਿਲਾਦ ਨਾ ਡੋਲਿਆ। ਫੇਰ ਹਰਨਾਖਸ਼ ਦੀ ਭੈਣ ਹੋਲਿਕਾ ਨੇ ਆਪਣੀ ਸ਼ਕਤੀ ਵਾਲੀ ਚਾਦਰ ਆਪਣੇ ਉੱਪਰ ਲੈ ਕੇ ਅੱਗ ਵਿਚ ਬੈਠ ਕੇ ਪ੍ਰਹਿਲਾਦ ਨੂੰ ਜ਼ਿੰਦਾ ਸਾੜਨਾ ਚਾਹਿਆ ਪਰ ਹੋਲਿਕਾ ਆਪ ਸੜ ਗਈ ਤੇ ਪ੍ਰਹਿਲਾਦ ਫੇਰ ਬਚ ਗਿਆ ਕਿਉਂਕਿ ਉਹ ਚਾਦਰ ਹਵਾ ਨਾਲ ਉੱਡ ਕੇ ਪ੍ਰਹਿਲਾਦ ਦੇ ਉਪਰ ਆ ਕੇ ਪੈ ਗਈ ਸੀ। ਅਖ਼ੀਰ ਰਾਜੇ ਨੇ ਆਪ ਤਲਵਾਰ ਕੱਢ ਕੇ ਆਪਣੇ ਪੁੱਤ੍ਰ ਨੂੰ ਮਾਰਨਾ ਚਾਹਿਆ। ਉਸ ਸਮੇਂ ਭਗਵਾਨ ਨੇ ਆਪਣੇ ਭਗਤ ਦੀ ਰੱਖਿਆ ਲਈ ਥੰਮ੍ਹ ਨੂੰ ਪਾੜ ਕੇ ਨਰਸਿੰਘ ਦਾ ਰੂਪ ਧਾਰਨ ਕੀਤਾ ਅਤੇ ਹਰਨਾਖਸ਼ ਦੇ ਸਾਰੇ ਵਰ ਪੂਰੇ ਕਰਕੇ ਉਸਨੂੰ ਆਪਣੇ ਪੱਟਾਂ ਉੱਪਰ ਰੱਖ ਕੇ ਨੌਂਹਾਂ ਨਾਲ ਚੀਰ ਦਿੱਤਾ ਤੇ ਆਪਣੇ ਭਗਤ ਦੀ ਰੱਖਿਆ ਕੀਤੀ। ਪਿਤਾ ਦੇ ਪ੍ਰਲੋਕ ਜਾਣ ਤੋਂ ਬਾਅਦ ਪ੍ਰਹਿਲਾਦ ਦੈਂਤਾਂ ਦਾ ਰਾਜਾ ਬਣਿਆ, ਫੇਰ ਇੰਦ੍ਰ ਪਦਵੀ ਨੂੰ ਪ੍ਰਾਪਤ ਹੋਇਆ ਤੇ ਅੰਤ ਨੂੰ ਵਿਸ਼ਨ ਰੂਪ ਹੀ ਹੋ ਗਿਆ।

## ਬਸਤ੍ਰ ਛੀਨਤ; ਦ੍ਰੋਪਤੀ ਰਖੀ ਲਾਜ ॥

ਜਦੋਂ ਦੁਰਜੋਧਨ ਆਦਿ ਦੁਸ਼ਟ ਪੁਰਖਾਂ ਦੀ ਸਭਾ ਵਿਚ ਦ੍ਰੋਪਤੀ ਨੂੰ ਨਗਨ ਕਰਨ ਲਈ ਉਸਦੇ ਬਸਤ੍ਰ ਛੀਨਤ = ਖੋਹੇ, ਲਾਹੇ ਜਾ ਰਹੇ ਸਨ, ਤਦੋਂ ਪ੍ਰਭੂ ਨੇ ਕ੍ਰਿਸ਼ਨ ਰੂਪ ਵਿਚ ਦ੍ਰੋਪਤੀ ਦੀ ਲਾਜ = ਲੱਜਾ, ਇੱਜ਼ਤ ਰਖੀ = ਰੱਖਣਾ ਕੀਤੀ ਸੀ ਭਾਵ ਉਸ ਨੂੰ ਨਗਨ ਨਹੀਂ ਹੋਣ ਦਿੱਤਾ ਸੀ।

**ਸਾਖੀ—ਦ੍ਰੋਪਤੀ ਦੀ :** ਜਿਸ ਸਮੇਂ ਪਾਂਡਵ ਜੂਏ ਵਿਚ ਸਭ ਕੁਝ ਹਾਰ ਗਏ, ਤਦੋਂ ਯੁਧਿਸ਼ਟਰ ਨੇ ਦ੍ਰੋਪਤੀ ਵੀ ਦਾਉ 'ਤੇ ਲਾ ਦਿੱਤੀ, ਕੌਰਵਾਂ ਦੀ ਕੁਟਲਨੀਤੀ ਕਰਕੇ ਪਾਂਡਵ ਦ੍ਰੋਪਤੀ ਨੂੰ ਵੀ ਹਾਰ ਗਏ। ਉਸ ਸਮੇਂ ਦੁਰਜੋਧਨ ਨੇ ਦੂਤਾਂ ਨੂੰ ਹੁਕਮ ਦਿੱਤਾ ਕਿ ਦ੍ਰੋਪਤੀ ਨੂੰ ਏਥੇ ਸਭਾ ਵਿਚ ਲੈ ਕੇ ਆਓ। ਉਹ ਦੂਤ ਦ੍ਰੋਪਤੀ ਨੂੰ ਲੈਣ ਵਾਸਤੇ ਗਏ ਪਰ ਉਹ ਦੂਤਾਂ ਨਾਲ ਨਾ ਆਈ। ਫੇਰ ਦੁਸ਼ਾਸਨ ਗਿਆ ਤੇ ਇਸ ਨੇ ਦ੍ਰੋਪਤੀ ਨੂੰ ਸਿਰ ਦੇ ਵਾਲਾਂ ਤੋਂ ਪਕੜ ਕੇ ਸਭਾ ਵਿਚ ਲੈ ਆਂਦਾ ਅਤੇ ਦੂਤਾਂ ਨੂੰ ਸਾਰੀ ਸਭਾ ਦੇ ਸਾਹਮਣੇ ਦ੍ਰੋਪਤੀ ਨੂੰ ਨਗਨ ਕਰਨ ਦਾ ਹੁਕਮ ਕੀਤਾ। ਉਹ ਦ੍ਰੋਪਤੀ ਦੀ ਸਾੜ੍ਹੀ ਉਤਾਰ ਕੇ ਉਸ ਨੂੰ ਨਗਨ ਕਰਨ ਲੱਗੇ। ਦ੍ਰੋਪਤੀ ਨੇ ਆਪਣੇ ਪੰਜਾਂ ਪਤੀਆਂ ਵੱਲ ਵੇਖਿਆ ਪਰ ਉਨ੍ਹਾਂ ਨੇ ਸ਼ਰਮ ਨਾਲ ਨੀਵੀਂ ਪਾ ਲਈ। ਫੇਰ ਇਸ ਨੇ ਆਪਣੀ ਰੱਖਿਆ ਲਈ ਅੱਖਾਂ ਬੰਦ ਕਰਕੇ ਕ੍ਰਿਸ਼ਨ ਨੂੰ ਚੇਤੇ ਕੀਤਾ ਤੇ ਵਿਰਲਾਪ ਕਰਦੀ ਹੋਈ ਨੇ ਕਿਹਾ ਕਿ ਹੇ ਬ੍ਰਿੰਦਾਬਨ ਵਿਚ ਵੱਸਣ ਵਾਲੇ! ਹੇ ਦੁਆਰਕਾ ਦੇ ਨਿਵਾਸੀ! ਤੂੰ ਹੀ ਮੇਰੀ ਪੈਜ ਰੱਖ। ਪਰ ਭਗਵਾਨ ਜੀ ਨਾ ਆਏ। ਜਦੋਂ ਅਤਿਅੰਤ ਦੀਨ ਮਨ ਹੋ ਕੇ ਬੇਨਤੀ ਕੀਤੀ ਕਿ ਹੇ ਸਰਬ ਵਿਆਪੀ ਪ੍ਰਭੂ! ਤੂੰ ਮੇਰੀ ਰੱਖਿਆ ਕਰ।

ਉਸ ਵੇਲੇ ਅਜਿਹਾ ਕੌਤਕ ਵਰਤਿਆ ਕਿ ਦ੍ਰੋਪਤੀ ਦੇ ਉਦਾਲੇ ਕਪੜਿਆਂ ਦਾ ਕਿਲ੍ਹਾ ਹੀ ਉਸਰ ਗਿਆ, ਸਾਰੇ ਦੂਤ ਕਪੜੇ ਲਾਹ ਲਾਹ ਕੇ ਥੱਕ ਗਏ ਪਰ ਦ੍ਰੋਪਤੀ ਨਗਨ ਨਾ ਹੋ ਸਕੀ। ਇਉਂ ਪ੍ਰਭੂ ਨੇ ਭਗਵਾਨ ਕ੍ਰਿਸ਼ਨ ਦੇ ਰੂਪ ਵਿਚ ਆਪਣੀ ਭਗਤਨੀ ਜਾਣ ਕੇ ਉਸਦੀ ਪੈਜ ਰੱਖੀ।

## ਜਿਨਿ ਜਿਨਿ ਸੇਵਿਆ; ਅੰਤ ਬਾਰ ॥ ਰੇ ਮਨ ਸੇਵਿ; ਤੂ ਪਰਹਿ ਪਾਰ ॥੪॥

ਹੇ ਮਨਾਂ ! ਜਿਨਿ ਜਿਨਿ = ਜਿਨ੍ਹਾਂ ਜਿਨ੍ਹਾਂ ਨੇ ਵੀ ਅੰਤ = ਅਖ਼ੀਰ ਦੇ ਬਾਰ = ਵੇਲੇ ਭਾਵ ਔਖੇ ਸਮੇਂ ਵੀ ਪ੍ਰਭੂ ਨੂੰ ਸੇਵਿਆ = ਸੇਵਨਾ ਕੀਤਾ ਹੈ, ਉਹ ਸਾਰੇ ਸੰਸਾਰ-ਸਮੁੰਦ੍ਰ ਤੋਂ ਪਾਰ ਹੋ ਗਏ ਹਨ।

ਰੇ = ਹੇ ਮਨਾਂ ! ਤੂੰ ਵੀ ਉਸ ਪ੍ਰਭੂ ਨੂੰ ਸੇਵਿ = ਸੇਵਨਾ ਕਰ, ਤਾਂ ਤੂੰ ਵੀ ਇਸ ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤ ਰੂਪੀ ਕਿਨਾਰੇ 'ਤੇ ਪਰਹਿ = ਪੈ ਜਾਵੇਂਗਾ ॥੪॥

## ਧੰਨੈ ਸੇਵਿਆ; ਬਾਲ ਬੁਧਿ ॥

ਧੰਨੈ = ਧੰਨਾ ਭਗਤ ਜੀ ਨੇ ਬਾਲ ਬੁਧਿ = ਬਾਲਕਾਂ ਦੀ ਬੁੱਧੀ ਦੇ ਸਮਾਨ ਭਾਵ ਭੋਲੇ ਸੁਭਾਅ ਨਿਰਵੈਰ, ਹਰਖ ਸੋਗ ਤੋਂ ਰਹਿਤ ਹੋ ਕੇ ਪ੍ਰਭੂ ਨੂੰ ਸੇਵਿਆ = ਸੇਵਨਾ ਕੀਤਾ।

**ਸਾਖੀ—ਭਗਤ ਧੰਨਾ ਜੀ ਦੀ :** ਭਗਤ ਧੰਨਾ ਜੀ ਜੱਟ ਜਾਤੀ ਵਿੱਚੋਂ ਸਨ, ਜੋ ਬਚਪਨ ਵਿਚ ਜਮਨਾ ਦੇ ਕਿਨਾਰੇ ਆਪਣੀਆਂ ਗਾਂਈਆਂ ਚਰਾਉਣ ਆਇਆ ਕਰਦੇ ਸਨ, ਉਥੇ ਹੀ ਜਮਨਾ ਦੇ ਕਿਨਾਰੇ ਇਕ ਬ੍ਰਾਹਮਣ ਦੇਵਤਿਆਂ ਦੀ ਮੂਰਤੀ ਦੀ ਪੂਜਾ ਕਰਨ ਆਇਆ ਕਰਦਾ ਸੀ। ਭਗਤ ਧੰਨਾ ਜੀ ਨੇ ਇਕ ਦਿਨ ਉਸ ਬ੍ਰਾਹਮਣ ਨੂੰ ਪੁੱਛ ਲਿਆ ਕਿ ਇਸ ਮੂਰਤੀ ਦੀ ਪੂਜਾ ਕਰਨ ਨਾਲ ਕੀ ਲਾਭ ਪ੍ਰਾਪਤ ਹੁੰਦਾ ਹੈ ? ਅੱਗੋਂ ਬ੍ਰਾਹਮਣ ਨੇ ਕਿਹਾ ਕਿ ਇਸ ਠਾਕੁਰ ਦੀ ਪੂਜਾ ਕਰਕੇ, ਇਸਨੂੰ ਭੋਗ ਲਵਾ ਕੇ ਜੋ ਵੀ ਮੰਗੀਏ, ਉਹੋ ਕੁਝ ਹੀ ਮਿਲ ਜਾਂਦਾ ਹੈ। ਭਗਤ ਧੰਨਾ ਜੀ ਨੇ ਕਿਹਾ ਕਿ ਇਕ ਠਾਕੁਰ ਮੈਨੂੰ ਵੀ ਦੇ ਦੇਵੋ ਤਾਂ ਬ੍ਰਾਹਮਣ ਨੇ ਕਿਹਾ ਕਿ ਇਸ ਦੇ ਬਦਲੇ ਤੈਨੂੰ ਕਪਲਾ ਗਊ ਦੇਣੀ ਪਵੇਗੀ ਜੋ ਤੇਰੀਆਂ ਗਊਆਂ ਵਿਚ ਸਭ ਤੋਂ ਕੀਮਤੀ ਹੈ, ਤਦੋਂ ਧੰਨਾ ਜੀ ਨੇ ਗਾਂ ਦੇ ਦਿੱਤੀ। ਬ੍ਰਾਹਮਣ ਨੇ ਗਾਂ ਦੇ ਲਾਲਚ ਵਿਚ ਇਕ ਪੱਥਰ ਰੁਮਾਲ ਵਿਚ ਲਪੇਟ ਕੇ ਭਗਤ ਧੰਨਾ ਜੀ ਨੂੰ ਦੇ ਦਿੱਤਾ। ਭਗਤ ਧੰਨਾ ਜੀ ਨੇ ਉਹ ਠਾਕੁਰ ਨੂੰ ਇਸ਼ਨਾਨ ਕਰਵਾ ਕੇ ਮੰਜੇ ਉੱਪਰ ਰੱਖ ਦਿੱਤਾ ਅਤੇ ਘਰੋਂ ਲੱਸੀ ਦਹੀਂ ਮਿੱਸੀਆਂ ਰੋਟੀਆਂ ਲਿਆ ਕੇ ਪੱਥਰ ਦੇ ਠਾਕੁਰ ਸਾਹਮਣੇ ਰੱਖ ਦਿੱਤੀਆਂ। ਫੇਰ ਹੱਥ ਜੋੜ ਕੇ ਬਹੁਤ ਬੇਨਤੀਆਂ ਕੀਤੀਆਂ ਕਿ ਪ੍ਰਭੂ ਜੀ ਮੇਰੇ ਵੱਲੋਂ ਲਿਆਂਦੇ ਪਰਸ਼ਾਦੇ ਨੂੰ ਵੀ ਛਕੋ, ਪਰ ਪੱਥਰ ਨੇ ਕੀ ਖਾਣਾ ਸੀ। ਅਖ਼ੀਰ ਨੂੰ ਭਗਤ ਧੰਨਾ ਜੀ ਨੇ ਫ਼ੈਸਲਾ ਕਰ ਲਿਆ ਕਿ ਹੇ ਪ੍ਰਭੂ ਜੀ ! ਜੇਕਰ ਤੁਸੀਂ ਮੇਰੇ ਵੱਲੋਂ ਲਿਆਂਦਾ ਪ੍ਰਸ਼ਾਦਾ ਨਾ ਛਕਿਆ ਤਾਂ ਮੈਂ ਵੀ ਕੁਝ ਨਹੀਂ ਛਕਾਂਗਾ। ਪ੍ਰਭੂ ਜੀ ਇਸ ਦੇ ਭੋਲੇ ਭਾਲੇ ਸੁਭਾਅ ਉੱਪਰ ਬਹੁਤ ਪ੍ਰਸੰਨ ਹੋਏ। ਫੇਰ ਅਵਾਜ਼ ਆਈ ਕਿ ਧੰਨਿਆ ਪੱਥਰ ਕੋਈ ਰੋਟੀ ਨਹੀਂ ਖਾਂਦੇ ਹੁੰਦੇ। ਅੱਗੋਂ ਭਗਤ ਧੰਨਾ ਜੀ ਨੇ ਕਿਹਾ ਕਿ ਹੇ ਭਗਵਾਨ ਜੀ ! ਮੈਂ ਕਿਹੜਾ ਪੱਥਰ ਨੂੰ ਹੀ ਰੋਟੀ ਖਵਾਲ ਰਿਹਾ ਹਾਂ ਜਿਸਦੀ ਇਹ ਅਵਾਜ਼ ਆ ਰਹੀ ਹੈ ਮੈਂ ਉਸ ਵਿਆਪਕ ਪ੍ਰਭੂ ਨੂੰ ਆਖ ਰਿਹਾ ਹਾਂ ਕਿ ਮੇਰੇ ਗ਼ਰੀਬ ਜੱਟ ਕੋਲੋਂ ਵੀ ਭੋਜਨ ਛਕੋ। ਤਦੋਂ ਭਗਵਾਨ ਜੀ ਨੇ ਸਰਗੁਨ ਸਰੂਪ ਵਿਚ ਪ੍ਰਤੱਖ ਹੋ ਕੇ ਦਰਸ਼ਨ ਦਿੱਤੇ ਅਤੇ ਧੰਨੇ ਦਾ ਭੋਜਨ ਛਕਣਾ ਕੀਤਾ।

## ਤ੍ਰਿਲੋਚਨ; ਗੁਰ ਮਿਲਿ ਭਈ ਸਿਧਿ ॥

ਭਗਤ ਤ੍ਰਿਲੋਚਨ ਜੀ ਨੂੰ ਵੀ ਗੁਰੂ (ਗਿਆਨ ਦੇਵ) ਨਾਲ ਮਿਲ ਕੇ ਪ੍ਰਭੂ ਦੀ ਸਿਧਿ = ਪ੍ਰਾਪਤੀ ਭਈ = ਹੋਈ ਸੀ। (ਭਗਤ ਤ੍ਰਿਲੋਚਨ ਅਤੇ ਭਗਤ ਨਾਮਦੇਵ ਜੀ ਦੋਵੇਂ ਸਮਕਾਲੀ ਮਹਾਤਮਾ ਸਨ ਅਤੇ ਦੋਨਾਂ ਦੇ ਗੁਰੂ ਗਿਆਨ ਦੇਵ ਜੀ ਸਨ, ਉਨ੍ਹਾਂ ਦੀ ਸੰਗਤ ਕਰਕੇ ਇਨ੍ਹਾਂ ਭਗਤਾਂ ਨੇ ਆਤਮ ਗਿਆਨ ਪ੍ਰਾਪਤ ਕੀਤਾ ਸੀ।)

## ਬੇਣੀ ਕਉ; ਗੁਰਿ ਕੀਓ ਪ੍ਰਗਾਸੁ ॥

ਭਗਤ ਬੇਣੀ ਜੀ ਦੇ ਕਉ = ਤਾਈਂ ਉਨ੍ਹਾਂ ਦੇ ਗੁਰਾਂ ਨੇ ਗਿਆਨ ਦਾ ਪ੍ਰਗਾਸੁ = ਚਾਨਣਾ ਕੀਓ = ਕੀਤਾ।

**ਸਾਖੀ—ਭਗਤ ਬੇਣੀ ਜੀ ਦੀ :** ਭਗਤ ਬੇਣੀ ਜੀ ਦੇ ਜੀਵਨ ਬਾਰੇ ਹੋਰ ਕੁਝ ਹਾਲ ਮਾਲੂਮ ਨਹੀਂ ਹੁੰਦਾ, ਪਰ ਭਾਈ ਗੁਰਦਾਸ ਜੀ ਦੀ ਰਚਨਾ ਦੁਆਰਾ ਉਨ੍ਹਾਂ ਦਾ ਐਸਾ ਜੀਵਨ ਦ੍ਰਿਸ਼ਟੀ ਵਿਚ ਆਉਂਦਾ ਹੈ।

ਇਹ ਭਗਤ ਬੇਣੀ ਜੀ ਗੰਗਾ ਦੇ ਕਿਨਾਰੇ ਪਰਮਾਤਮਾ ਦੇ ਸਿਮਰਨ ਵਿਚ ਲੀਨ ਰਹਿੰਦੇ ਸਨ। ਭਗਤ ਜੀ ਦੀ ਸ਼ਾਦੀ ਹੋਈ ਹੋਈ ਸੀ। ਭਗਤ ਜੀ ਬਹੁਤ ਵਿਦਵਾਨ ਪੰਡਤ ਸਨ। ਭਗਤ ਜੀ ਦਾ ਚਿੱਤ ਵੈਰਾਗ ਵਿਚ ਪਰਮਾਤਮਾ ਦੀ ਆਰਾਧਨਾ ਵਿਚ ਜੁੜਿਆ ਰਹਿੰਦਾ ਸੀ। ਭਗਤ ਜੀ ਘਰੋਂ ਬਹੁਤ ਇਕਾਂਤ ਵਿਚ ਬੈਠ ਕੇ ਪਰਮਾਤਮਾ ਦੇ ਨਾਮ ਵਿਚ ਆਪਣੀ ਸੁਰਤ ਟਿਕਾਈ ਰੱਖਦੇ। ਜਦੋਂ ਘਰ ਆਇਆ ਕਰਨ ਤਾਂ ਟਾਲ-ਮਟੋਲ ਕੇ ਕਿਹਾ ਕਰਨ—ਮੈਂ ਰਾਜ ਦਰਬਾਰ ਵਿਚ ਕਥਾ ਕਰਦਾ ਹਾਂ, ਜਦੋਂ ਕਥਾ ਦਾ ਭੋਗ ਪਵੇਗਾ, ਰਾਜਾ ਉਦੋਂ ਕਥਾ ਦੀ ਭੇਟਾ ਦੇਵੇਗਾ। ਇਉਂ ਟਾਲ-ਮਟੋਲ ਕਰਕੇ ਸਮਾਂ ਲੰਘਾਉਂਦੇ ਰਹੇ। ਸਮਾਂ ਲੰਘਣ ’ਤੇ ਭਗਤ ਜੀ ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਉਸ ਸਮੇਂ ਭਗਤ ਜੀ ਬਾਹਰ ਜੰਗਲ ਵਿਚ ਬੈਠੇ ਹੋਏ ਪਰਮਾਤਮਾ ਦੀ ਲਿਵ ਵਿਚ ਲੀਨ ਸਨ। ਘਰ ਵਿਚ ਕੁਝ ਵੀ ਮਿੱਠਾ ਪਦਾਰਥ ਨਹੀਂ ਸੀ, ਜੋ ਪੁੱਤਰ ਦੀ ਖ਼ੁਸ਼ੀ ਵਾਸਤੇ ਪਿੰਡ ਵਿਚ ਵੰਡਦੇ। ਉਸ ਸਮੇਂ ਭਗਵਾਨ ਨੇ ਇਕ ਰਾਜੇ ਦਾ ਰੂਪ ਧਾਰਨ ਕੀਤਾ ਅਤੇ ਘਿਉ, ਖੰਡ, ਸ਼ੱਕਰ ਆਦਿ ਬਹੁਤ ਪਦਾਰਥ ਲਿਆ ਕੇ ਭਗਤ ਜੀ ਦੇ ਘਰ ਵਿਚ ਰੱਖ ਦਿੱਤੇ ਤੇ ਕਿਹਾ ਕਿ ਹੁਣ ਕਥਾ ਦਾ ਮੱਧ ਹੋਇਆ ਸੀ, ਜਦੋਂ ਕਥਾ ਦਾ ਭੋਗ ਪਵੇਗਾ, ਉਸ ਸਮੇਂ ਹੋਰ ਵੀ ਪਦਾਰਥ ਦੇ ਕੇ ਜਾਵਾਂਗਾ। ਤਦੋਂ ਸਭ ਪਦਾਰਥ ਮੁੱਕਣ ਤੋਂ ਰਹਿਤ ਹੋ ਗਏ। ਨੌਂ ਨਿੱਧੀਆਂ ਤੇ ਅਠਾਰਾਂ ਸਿੱਧੀਆਂ ਵਰਤ ਆਈਆਂ। ਤਦੋਂ ਪ੍ਰਭੂ ਜੀ ਰਾਜੇ ਦੇ ਰੂਪ ਵਿਚ ਹੀ ਭਗਤ ਜੀ ਦੇ ਪਾਸ ਜੰਗਲ ਵਿਚ ਗਏ। ਭਗਤ ਜੀ ਨੇ ਪ੍ਰਭੂ ਦੇ ਚਰਨਾਂ ਵਿਚ ਲਿਵ ਲਾਈ ਹੋਈ ਸੀ। ਰਾਜੇ ਦੇ ਰੂਪ ਵਿਚ ਪ੍ਰਭੂ ਜੀ ਨੇ ਭਗਤ ਜੀ ਦੇ ਅੰਦਰੋਂ ਆਪਣੇ ਚਰਨਾਂ ਦਾ ਧਿਆਨ ਖਿੱਚ ਲਿਆ, ਤਦੋਂ ਲਿਵ ਟੁੱਟਣ ਤੋਂ ਬਿਹਬਲ ਹੋ ਕੇ ਭਗਤ ਜੀ ਨੇ ਨੇਤ੍ਰ ਖੋਲ੍ਹੇ ਅਤੇ ਪਰਮਾਤਮਾ ਦੇ ਸਰਗੁਣ ਸਰੂਪ ਵਿਚ ਦਰਸ਼ਨ ਕਰਕੇ ਚਰਨੀਂ ਪੈ ਗਏ। ਪਰਮੇਸ਼ਰ ਨੇ ਆਪਣੇ ਭਗਤ ਨੂੰ ਕੰਠ ਨਾਲ ਲਾਇਆ, ਭਗਤ ਜੀ ਨੂੰ ਪੱਤੇ-ਪੱਤੇ ਵਿੱਚੋਂ ਭਗਵਾਨ ਦਾ ਸਰੂਪ ਦਿੱਸਿਆ। ਇਉਂ ਭਗਤ ਬੇਣੀ ਜੀ ਪਰਮੇਸ਼ਰ ਦੇ ਸਰਗੁਣ ਸਰੂਪ ਨੂੰ ਦੇਖ ਕੇ ਨਿਹਾਲ ਹੋਏ।

## ਰੇ ਮਨ; ਤੂ ਭੀ ਹੋਹਿ ਦਾਸੁ ॥੫॥

ਰੇ = ਹੇ ਮਨਾਂ ! ਤੂੰ ਵੀ ਉਸ ਪ੍ਰਭੂ ਦਾ ਦਾਸੁ = ਸੇਵਕ ਹੋਹਿ = ਹੋਣਾ ਕਰ ॥੫॥

## ਜੈਦੇਵ; ਤਿਆਗਿਓ ਅਹੰਮੇਵ ॥ ਨਾਈ ਉਧਰਿਓ; ਸੈਨੁ ਸੇਵ ॥

ਭਗਤ ਜੈਦੇਵ ਜੀ ਨੇ ਵੀ ਨਾਮ ਜਪ ਕੇ ਆਪਣੇ ਅੰਦਰੋਂ ਅਹੰਮੇਵ = ਹੰਗਤਾ ਮਮਤਾ ਨੂੰ ਤਿਆਗਿਓ = ਤਿਆਗਣਾ ਕੀਤਾ ਸੀ।

ਨਾਈ ਜਾਤੀ ਦਾ ਸੈਣ ਭਗਤ ਵੀ ਸੰਤ ਜਨਾਂ ਦੀ ਸੇਵ = ਟਹਿਲ ਕਰਕੇ ਉਧਰਿਓ = ਤਰ ਗਿਆ ਸੀ।

## ਮਨੁ ਡੀਗਿ ਨ ਡੋਲੈ; ਕਹੂੰ ਜਾਇ ॥
## ਮਨ ਤੂ ਭੀ ਤਰਸਹਿ; ਸਰਣਿ ਪਾਇ ॥੬॥

ਹੇ ਮਨਾਂ ! ਤੂੰ ਸੰਕਲਪਾਂ ਵਿਕਲਪਾਂ ਰੂਪੀ ਡੀਗ ਡੋਲੈ = ਡੱਕ ਡੋਲੇ ਖਾ ਕੇ ਭਾਵ ਡਾਵਾਂਡੋਲ ਹੋ ਕੇ ਕਹੂੰ = ਕਿਤੇ ਵੀ ਨਾ ਜਾਇ = ਜਾਣਾ ਕਰ।

ਹੇ ਮਨਾਂ ! ਆਪਣੇ ਆਪ ਨੂੰ ਗੁਰਾਂ ਦੀ ਸਰਣਿ = ਓਟ ਵਿਚ ਪਾਇ = ਪਾਉਣਾ ਕਰ ਤਾਂ ਤੂੰ ਵੀ ਤਰਸਹਿ = ਤਰ ਜਾਵੇਂਗਾ ॥੬॥

## ਜਿਹ ਅਨੁਗ੍ਰਹੁ; ਠਾਕੁਰਿ ਕੀਓ ਆਪਿ ॥ ਸੇ ਤੈਂ ਲੀਨੇ; ਭਗਤ ਰਾਖਿ ॥

ਹੇ ਠਾਕੁਰਿ = ਮਾਲਕ ਪ੍ਰਭੂ ! ਜਿਹ = ਜਿਨ੍ਹਾਂ ਸੇਵਕਾਂ ਉੱਪਰ ਤੂੰ ਆਪ ਆਪਣੀ ਅਨੁਗ੍ਰਹੁ = ਕਿਰਪਾ ਕੀਓ = ਕੀਤੀ ਹੈ।

ਸੇ = ਉਹ ਭਗਤ ਜਨ ਤੈਂ = ਤੂੰ ਆਪ ਰਾਖਿ = ਰੱਖ ਲੀਨੇ = ਲੈਣਾ ਕੀਤੇ ਹਨ।

## ਤਿਨ ਕਾ ਗੁਣੁ ਅਵਗਣੁ; ਨ ਬੀਚਾਰਿਓ ਕੋਇ ॥

ਹੇ ਪ੍ਰਭੂ ! ਤੂੰ ਤਿਨ = ਉਨ੍ਹਾਂ ਭਗਤਾਂ ਕਾ = ਦਾ ਗੁਣ ਅਤੇ ਅਵਗਣੁ = ਗੁਨਾਹ ਕੋਇ = ਕੋਈ ਵੀ ਬੀਚਾਰਿਓ = ਵਿਚਾਰਨਾ ਨਹੀਂ ਕੀਤਾ।

## ਇਹ ਬਿਧਿ ਦੇਖਿ; ਮਨੁ ਲਗਾ ਸੇਵ ॥੭॥

ਹੇ ਪ੍ਰਭੂ ! ਇਹ = ਇਸ ਬਿਧਿ = ਤਰੀਕੇ ਨਾਲ ਤੇਰੀ ਭਗਤਾਂ ਉੱਪਰ ਕਿਰਪਾਲਤਾ ਦੇਖਿ = ਵੇਖ ਕਰਕੇ ਮੇਰਾ ਮਨ ਵੀ ਤੇਰੀ ਸੇਵ = ਟਹਿਲ, ਭਗਤੀ ਵਿਚ ਲਗਾ = ਲੱਗ ਗਿਆ ਹੈ ॥੭॥

## ਕਬੀਰਿ ਧਿਆਇਓ; ਏਕ ਰੰਗ ॥ ਨਾਮਦੇਵ; ਹਰਿ ਜੀਉ ਬਸਹਿ ਸੰਗਿ ॥

ਭਗਤ ਕਬੀਰ ਸਾਹਿਬ ਜੀ ਨੇ ਏਕ = ਇਕ ਪ੍ਰਭੂ ਵਿਚ ਰੰਗ = ਪ੍ਰੇਮ ਕਰਕੇ **ਵਾ:** ਪ੍ਰਭੂ ਨਾਲ ਇਕ ਰੂਪ ਹੋ ਕੇ ਪ੍ਰਭੂ ਨੂੰ ਧਿਆਇਓ = ਸਿਮਰਨਾ ਕੀਤਾ ਸੀ।

ਭਗਤ ਨਾਮਦੇਵ ਜੀ ਦੇ ਹਰਿ = ਪਰਮਾਤਮਾ ਜੀ ਸਦਾ ਸੰਗਿ = ਕੋਲ ਬਸਹਿ = ਵੱਸਦੇ ਸੀ, ਭਾਵ ਨਾਮਦੇਵ ਜੀ ਨੇ ਪ੍ਰਭੂ ਨੂੰ ਆਪਣੇ ਅੰਗ-ਸੰਗ ਹੀ ਜਾਣਿਆ ਹੋਇਆ ਸੀ।

## ਰਵਿਦਾਸ ਧਿਆਏ; ਪ੍ਰਭ ਅਨੂਪ ॥ ਗੁਰ ਨਾਨਕ ਦੇਵ; ਗੋਵਿੰਦ ਰੂਪ ॥੮॥੧॥

ਅਨੂਪ = ਉਪਮਾ ਤੋਂ ਰਹਿਤ ਪ੍ਰਭੂ ਨੂੰ ਭਗਤ ਰਵਿਦਾਸ ਜੀ ਨੇ ਵੀ ਪ੍ਰੇਮ ਨਾਲ ਧਿਆਏ = ਸਿਮਰਨਾ ਕੀਤਾ ਸੀ।

***ਪ੍ਰਸ਼ਨ :*** *ਹੇ ਮਹਾਰਾਜ ! ਤੁਸੀਂ ਸਾਰੇ ਭਗਤਾਂ ਦੀਆਂ ਸਾਖੀਆਂ ਸੁਣਾਈਆਂ ਹਨ, ਗੁਰੂ ਨਾਨਕ ਦੇਵ ਸਾਹਿਬ ਕੀ ਸਨ ?*

***ਗੁਰ-ਉੱਤਰ :***

ਤਦੋਂ ਗੁਰੂ ਅਰਜਨ ਦੇਵ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਗੁਰਸਿੱਖੋ ! ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤਾਂ ਗੋਵਿੰਦ = ਪਰਮਾਤਮਾ ਦਾ ਹੀ ਸਰੂਪ ਸਨ ॥੮॥੧॥

## ਬਸੰਤੁ ਮਹਲਾ ੫ ॥

## ਅਨਿਕ ਜਨਮ ਭ੍ਰਮੇ; ਜੋਨਿ ਮਾਹਿ ॥ ਹਰਿ ਸਿਮਰਨ ਬਿਨੁ; ਨਰਕਿ ਪਾਹਿ ॥

ਹੇ ਭਾਈ ! ਇਹ ਜੀਵ ਚੌਰਾਸੀ ਲੱਖ ਜੋਨਿ = ਜੂਨਾਂ ਮਾਹਿ = ਵਿਚ ਅਨਿਕ = ਅਨੇਕਾਂ ਜਨਮ ਭ੍ਰਮੇ = ਭਰਮਦੇ, ਭਟਕਦੇ ਰਹੇ ਹਨ।

ਹਰਿ = ਪਰਮਾਤਮਾ ਦੇ ਸਿਮਰਨ ਤੋਂ ਬਿਨੁ = ਬਗ਼ੈਰ ਸਾਰੇ ਨਰਕ ਵਿਚ ਹੀ ਪਾਹਿ = ਪੈਂਦੇ ਹਨ।

## ਭਗਤਿ ਬਿਹੂਨਾ; ਖੰਡ ਖੰਡ ॥ ਬਿਨੁ ਬੂਝੇ; ਜਮੁ ਦੇਤ ਡੰਡ ॥੧॥

ਪਰਮਾਤਮਾ ਦੀ ਭਗਤਿ = ਭਗਤੀ ਤੋਂ ਬਿਹੂਨਾ = ਹੀਣਾ ਜੀਵ ਅਨੇਕਾਂ ਜੂਨਾਂ ਵਿਚ ਖੰਡ ਖੰਡ = ਟੁਕੜੇ ਟੁਕੜੇ ਕੀਤਾ ਜਾਂਦਾ ਹੈ।

ਆਪਣਾ ਸਰੂਪ ਬੂਝੇ = ਬੁੱਝਣ, ਸਮਝਣ ਤੋਂ ਬਿਨੁ = ਬਗ਼ੈਰ ਜਮੁ = ਯਮਰਾਜ ਡੰਡ = ਸਜ਼ਾ ਦੇਤ = ਦੇਣਾ ਕਰਦਾ ਹੈ॥੧॥

## ਗੋਬਿੰਦ ਭਜਹੁ; ਮੇਰੇ ਸਦਾ ਮੀਤ ॥
## ਸਾਚ ਸਬਦ; ਕਰਿ ਸਦਾ ਪ੍ਰੀਤਿ ॥੧॥ਰਹਾਉ॥

ਹੇ ਮੇਰੇ ਗੁਰਸਿੱਖ ਮੀਤ = ਮਿੱਤਰੋ ! ਸਦਾ = ਹਮੇਸ਼ਾਂ ਗੋਬਿੰਦ = ਪਰਮਾਤਮਾ ਨੂੰ ਭਜਹੁ = ਸਿਮਰਨਾ ਕਰੋ।

ਅਤੇ ਸਾਚ = ਸੱਚੇ ਗੁਰਾਂ ਦੇ ਸਬਦ = ਉਪਦੇਸ਼ ਵਿਚ ਸਦਾ = ਹਮੇਸ਼ਾਂ ਪ੍ਰੀਤਿ = ਪ੍ਰੀਤੀ ਕਰਿ = ਕਰੋ **ਵਾ:** ਗੁਰਾਂ ਦੇ ਉਪਦੇਸ਼ ਦੁਆਰਾ ਸੱਚੇ ਪਰਮਾਤਮਾ ਨਾਲ ਪ੍ਰੀਤੀ ਲਾਉਣਾ ਕਰੋ॥੧॥ਰਹਾਉ॥

## ਸੰਤੋਖੁ ਨ ਆਵਤ; ਕਹੂੰ ਕਾਜ ॥ ਧੂੰਮ ਬਾਦਰ; ਸਭਿ ਮਾਇਆ ਸਾਜ ॥

ਦੁਨੀਆਂ ਦੇ ਕਹੂੰ = ਕਿਸੇ ਕਾਜ = ਕੰਮ ਵਿਚ ਵੀ ਜੀਵ ਨੂੰ ਸੰਤੋਖ ਨਹੀਂ ਆਵਤ = ਆਉਂਦਾ ਭਾਵ ਤ੍ਰਿਸ਼ਨਾ ਦੀ ਨਵਿਰਤੀ ਕਦੇ ਨਹੀਂ ਹੁੰਦੀ।

ਮਾਇਆ ਦਾ ਸਭਿ = ਸਾਰਾ ਸਾਜ = ਸਾਜੋ-ਸਾਮਾਨ ਧੂੰਮ = ਧੂਏ ਦੇ ਬਾਦਰ = ਬੱਦਲ ਸਮਾਨ ਖਿਨ ਭੰਗਰ, ਨਾਸ਼ਵਾਨ ਹੈ।

## ਪਾਪ ਕਰੰਤੌ; ਨਹ ਸੰਗਾਇ ॥ ਬਿਖੁ ਕਾ ਮਾਤਾ; ਆਵੈ ਜਾਇ ॥੨॥

ਇਹ ਜੀਵ ਪਾਪ = ਮੰਦ ਕਰਮ ਕਰੰਤੌ = ਕਰਦਾ ਹੋਇਆ ਕਦੇ ਵੀ ਸੰਗਾਇ = ਸੰਗਦਾ ਨਹੀਂ ਹੈ।

ਬਿਖੁ = ਵਿਹੁ ਰੂਪ ਮਾਇਆ, ਵਿਸ਼ਿਆਂ ਕਾ = ਦਾ ਮਾਤਾ = ਮਸਤ ਕੀਤਾ ਹੋਇਆ ਜੂਨਾਂ ਵਿਚ ਆਵੈ ਜਾਇ = ਆਉਂਦਾ ਜਾਂਦਾ ਰਹਿੰਦਾ ਹੈ॥੨॥

## ਹਉ ਹਉ ਕਰਤ; ਬਧੇ ਬਿਕਾਰ ॥ ਮੋਹ ਲੋਭ; ਡੂਬੌ ਸੰਸਾਰ ॥

ਹਉ ਹਉ = ਮੈਂ ਮੈਂ ਕਰਤ = ਕਰਦਿਆਂ ਜੀਵ ਦੇ ਅੰਦਰ ਕਾਮ ਕ੍ਰੋਧ ਆਦਿ ਵਿਕਾਰ ਬਧੇ = ਵੱਧ ਜਾਂਦੇ ਹਨ **ਵਾ:** ਵਿਕਾਰਾਂ ਕਰਕੇ ਜੀਵ ਬਧੇ = ਨਾਸ਼ ਹੁੰਦਾ ਜਾਂਦਾ ਹੈ **ਵਾ:** ਵਿਕਾਰਾਂ ਵਿਚ ਜੀਵ ਬਧੇ = ਬੰਨ੍ਹੇ ਜਾਂਦੇ ਹਨ।

ਪਰਿਵਾਰ ਦੇ ਮੋਹ ਅਤੇ ਪਦਾਰਥਾਂ ਦੇ ਲੋਭ = ਲਾਲਚ ਵਿਚ ਸਾਰਾ ਸੰਸਾਰ = ਜਗਤ ਹੀ ਡੁਬੌ = ਡੁੱਬ ਰਿਹਾ ਹੈ **ਵਾ:** ਮੋਹ ਅਤੇ ਲੋਭ ਕਰਕੇ ਸੰਸਾਰ ਵਿਸ਼ਿਆਂ ਰੂਪੀ ਪਾਣੀ ਵਿਚ ਡੁੱਬ ਰਿਹਾ ਹੈ।

## ਕਾਮਿ ਕ੍ਰੋਧਿ; ਮਨੁ ਵਸਿ ਕੀਆ ॥ ਸੁਪਨੈ; ਨਾਮੁ ਨ ਹਰਿ ਲੀਆ ॥੩॥

ਕਾਮ ਅਤੇ ਕ੍ਰੋਧ ਆਦਿ ਵਿਕਾਰਾਂ ਨੇ ਜੀਵ ਦਾ ਮਨ ਆਪਣੇ ਵਸਿ = ਅਧੀਨ ਕੀਆ = ਕੀਤਾ ਹੋਇਆ ਹੈ।

ਜਿਸ ਕਰਕੇ ਜੀਵ ਨੇ ਸੁਪਨੇ ਵਿਚ ਵੀ ਕਦੇ ਹਰਿ = ਪਰਮਾਤਮਾ ਦਾ ਨਾਮ ਲੀਆ = ਲੈਣਾ, ਜਪਣਾ ਨਹੀਂ ਕੀਤਾ **ਵਾ:** ਸੁਪਨੇ ਰੂਪ ਸੰਸਾਰ ਵਿਚ ਪਰਮਾਤਮਾ ਦਾ ਨਾਮ ਨਹੀਂ ਲੈਣਾ ਕਰਦਾ॥੩॥

## ਕਬ ਹੀ ਰਾਜਾ; ਕਬ ਮੰਗਨਹਾਰੁ ॥ ਦੂਖ ਸੂਖ; ਬਾਧੌ ਸੰਸਾਰ ॥

ਸਕਾਮ ਕਰਮਾਂ ਦੇ ਅਧੀਨ ਹੋਇਆ ਜੀਵ ਕਬ ਹੀ = ਕਦੇ ਤਾਂ ਰਾਜਾ ਬਣ ਜਾਂਦਾ ਹੈ ਅਤੇ ਪੁੰਨ ਨਾਸ਼ ਹੋਇਆਂ ਤੋਂ ਕਬ = ਕਦੇ ਮੰਗਨਹਾਰੁ = ਮੰਗਣ ਵਾਲਾ ਮੰਗਤਾ ਬਣ ਜਾਂਦਾ ਹੈ।

ਇਉਂ ਸਾਰਾ ਸੰਸਾਰ = ਜਗਤ ਹੀ ਦੁੱਖ ਅਤੇ ਸੁੱਖ ਵਿਚ ਬਾਧੌ = ਬੱਧਾ ਹੋਇਆ ਹੈ।

## ਮਨ ਉਧਰਣ ਕਾ; ਸਾਜੁ ਨਾਹਿ ॥ ਪਾਪ ਬੰਧਨ; ਨਿਤ ਪਉਤ ਜਾਹਿ ॥੪॥

ਜੀਵ ਇਸ ਮਨ ਦੇ ਉਧਰਣ = ਤਾਰਣ ਕਾ = ਦਾ ਕੋਈ ਸਾਜੁ = ਸਾਜੋ-ਸਾਮਾਨ, ਸਾਧਨ ਨਾਹਿ = ਨਹੀਂ ਕਰਦਾ।

ਜੀਵ ਨੂੰ ਪਾਪਾਂ ਦੇ ਬੰਧਨ = ਜੰਜਾਲ ਨਿਤ = ਨਿਤਾਪ੍ਰਤੀ ਪਉਤ = ਪੈਂਦੇ ਜਾਹਿ = ਜਾਂਦੇ ਹਨ ॥੪॥

## ਈਠ ਮੀਤ; ਕੋਊ ਸਖਾ ਨਾਹਿ ॥ ਆਪਿ ਬੀਜਿ; ਆਪੇ ਹੀ ਖਾਂਹਿ ॥

ਪਾਪਾਂ ਦੇ ਬੰਧਨਾਂ ਤੋਂ ਛੁਡਾਉਣ ਵਾਲਾ ਇਸ ਲੋਕ ਵਿਚ ਕੋਈ ਈਠ = ਪਿਆਰਾ ਮੀਤ = ਮਿੱਤਰ ਨਹੀਂ ਹੈ ਅਤੇ ਪ੍ਰਲੋਕ ਵਿਚ ਕੋਊ = ਕੋਈ ਸਖਾ = ਸਾਥੀ ਨਹੀਂ ਹੈ।

ਜੀਵ ਆਪ ਹੀ ਆਪਣੇ ਕਰਮਾਂ ਰੂਪੀ ਬੀਜ ਨੂੰ ਬੀਜਣਾ ਕਰਦੇ ਹਨ ਅਤੇ ਆਪੇ = ਆਪ ਹੀ ਉਨ੍ਹਾਂ ਦਾ ਫਲ ਖਾਂਹਿ = ਖਾਣਾ, ਭੋਗਣਾ ਕਰਦੇ ਹਨ।

[ਅੰਗ ੧੧੯੩]

## ਜਾ ਕੈ ਕੀਨੈ੍; ਹੋਤ ਬਿਕਾਰ ॥ ਸੇ ਛੋਡਿ ਚਲਿਆ; ਖਿਨ ਮਹਿ ਗਵਾਰ ॥੫॥

ਜਾ = ਜਿਨ੍ਹਾਂ ਕਰਤਬਾਂ ਕੈ = ਦੇ ਕੀਨੈ੍ = ਕਰਨ ਨਾਲ ਜੀਵ ਦੇ ਅੰਦਰ ਵਿਕਾਰ ਹੀ ਪੈਦਾ ਹੋਤ = ਹੁੰਦੇ ਹਨ।

ਗਵਾਰ = ਮੂਰਖ ਪੁਰਖ ਅੰਤ ਨੂੰ ਸੇ = ਉਹ ਸਾਰੇ ਕਰਤਬ ਖਿਨ = ਛਿਨ ਮਾਤ੍ਰ ਸਮੇਂ ਮਹਿ = ਵਿਚ ਹੀ ਛੋਡਿ = ਛੱਡ ਕੇ ਚਲਿਆ = ਤੁਰ ਜਾਂਦਾ ਹੈ ॥੫॥

## ਮਾਇਆ ਮੋਹਿ; ਬਹੁ ਭਰਮਿਆ ॥ ਕਿਰਤ ਰੇਖ; ਕਰਿ ਕਰਮਿਆ ॥

ਇਹ ਜੀਵ ਮਾਇਆ ਦੇ ਮੋਹਿ = ਮੋਹ ਵਿਚ ਹੀ ਬਹੁ = ਬਹੁਤ ਭਰਮਿਆ = ਭਰਮਦਾ ਰਹਿੰਦਾ ਹੈ।

ਪੂਰਬਲੇ ਕਿਰਤ = ਕੀਤੇ ਹੋਏ ਸੰਚਤ ਕਰਮਾਂ ਦੀ ਰੇਖ = ਲਿਖਤ ਅਨੁਸਾਰ ਜੀਵ ਚੰਗੇ ਮੰਦੇ ਕਰਮਿਆ = ਕਰਮਾਂ ਨੂੰ ਕਰਿ = ਕਰਦਾ ਹੈ।

## ਕਰਣੈਹਾਰੁ; ਅਲਿਪਤੁ ਆਪਿ ॥ ਨਹੀ ਲੇਪੁ ਪ੍ਰਭ; ਪੁੰਨ ਪਾਪਿ ॥੬॥

ਕਰਣੈਹਾਰੁ = ਜਗਤ ਦੀ ਉਤਪਤੀ ਕਰਨ ਵਾਲਾ ਪ੍ਰਭੂ ਆਪ ਮਾਇਆ ਦੇ ਮੋਹ ਤੋਂ ਅਲਿਪਤੁ = ਨਿਰਲੇਪ ਰਹਿੰਦਾ ਹੈ।

ਉਸ ਪ੍ਰਭੂ ਨੂੰ ਪੁੰਨ ਪਾਪ ਆਦਿ ਦੀ ਕੋਈ ਲੇਪੁ = ਲਿਪਾਇਮਾਨਤਾ ਨਹੀਂ ਹੁੰਦੀ ॥੬॥

## ਰਾਖਿ ਲੇਹੁ; ਗੋਬਿੰਦ ਦਇਆਲ ॥ ਤੇਰੀ ਸਰਣਿ; ਪੂਰਨ ਕ੍ਰਿਪਾਲ ॥

ਹੇ ਦਇਆਲ = ਦਇਆ ਦੇ ਘਰ ਗੋਬਿੰਦ = ਪ੍ਰਭੂ ! ਮੈਨੂੰ ਮਾਇਆ ਦੇ ਮੋਹ ਤੋਂ ਬਚਾ ਕੇ ਰਾਖਿ = ਰੱਖ ਲੇਹੁ = ਲੈਣਾ ਕਰ।

ਹੇ ਪੂਰਨ ਕ੍ਰਿਪਾਲ = ਮਿਹਰਵਾਨ ਪ੍ਰਭੂ **ਵਾ:** ਹੇ ਪੂਰਨ = ਵਿਆਪਕ ਤੇ ਕ੍ਰਿਪਾਲ = ਦਿਆਲੂ ਪ੍ਰਭੂ ! ਮੈਂ ਤੇਰੀ ਸਰਣਿ = ਓਟ ਵਿਚ ਆਇਆ ਹਾਂ।

## ਤੁਝ ਬਿਨੁ; ਦੂਜਾ ਨਹੀ ਠਾਉ ॥ ਕਰਿ ਕਿਰਪਾ ਪ੍ਰਭ; ਦੇਹੁ ਨਾਉ ॥੭॥

ਹੇ ਪ੍ਰਭੂ ! ਤੁਝ = ਤੇਰੇ ਤੋਂ ਬਿਨੁ = ਬਗ਼ੈਰ ਮੈਨੂੰ ਬਖ਼ਸ਼ਣ ਵਾਲਾ ਹੋਰ ਦੂਜਾ = ਦੂਸਰਾ ਕੋਈ ਠਾਉ = ਥਾਂ ਨਹੀਂ ਹੈ।

ਹੇ ਪ੍ਰਭ = ਪ੍ਰਭੂ ! ਆਪਣੀ ਕਿਰਪਾ = ਮਿਹਰ ਕਰਿ = ਕਰਕੇ ਮੈਨੂੰ ਆਪਣਾ ਨਾਉ = ਨਾਮ ਦੇਹੁ = ਦੇਣਾ ਕਰ ॥੭॥

## ਤੂ ਕਰਤਾ; ਤੂ ਕਰਣਹਾਰੁ ॥ ਤੂ ਊਚਾ; ਤੂ ਬਹੁ ਅਪਾਰੁ ॥

ਹੇ ਪ੍ਰਭੂ ! ਤੂੰ ਸਾਰੇ ਸੰਸਾਰ ਨੂੰ ਉਤਪਤ ਕਰਤਾ = ਕਰਨ ਵਾਲਾ ਹੈਂ। ਤੂੰ ਹੀ ਸਭ ਦੀ ਪਾਲਣਾ ਕਰਣਹਾਰੁ = ਕਰਨ ਵਾਲਾ ਹੈਂ **ਵਾ:** ਤੂੰ ਹੀ ਗੁਰੂ ਰੂਪ ਹੋ ਕੇ ਸਿੱਖਾਂ ਨੂੰ ਉਪਦੇਸ਼ ਕਰਦਾ ਹੈਂ ਅਤੇ ਤੂੰ ਹੀ ਸਿੱਖ ਰੂਪ ਹੋ ਕੇ ਉਸ ਉਪਦੇਸ਼ ਨੂੰ ਸ੍ਰਵਣ, ਮੰਨਣ, ਨਿਧਿਆਸਣ ਕਰਨ ਵਾਲਾ ਹੈਂ **ਵਾ:** ਤੂੰ ਹੀ ਜੀਵ ਰੂਪ ਹੋ ਕੇ ਸੰਚਤ ਤੇ ਪਰਾਲਬਧ ਕਰਮਾਂ ਨੂੰ ਕਿਰੇਮਾਨ ਵਿਚ ਕਰਨ ਵਾਲਾ ਹੋ ਰਿਹਾ ਹੈਂ ਅਤੇ ਈਸ਼ਰ ਰੂਪ ਹੋ ਕੇ ਉਨ੍ਹਾਂ ਕਰਮਾਂ ਦਾ ਫਲ ਦੇਣਾ ਕਰਦਾ ਹੈਂ।

ਹੇ ਪ੍ਰਭੂ ! ਤੂੰ ਤਿੰਨਾਂ ਗੁਣਾਂ ਤੋਂ ਅਤੀਤ ਹੋਣ ਰੂਪ ਊਚ = ਉੱਚਾ ਹੈਂ ਅਤੇ ਤੂੰ ਬਹੁ = ਬਹੁਤ ਅਪਾਰੁ = ਬੇਅੰਤ ਹੈਂ **ਵਾ:** ਤੂੰ ਬਹੁਤ ਵੱਡੇ ਵਿਸਥਾਰ ਵਾਲਾ ਅਤੇ ਅਪਾਰੁ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈਂ।

## ਕਰਿ ਕਿਰਪਾ; ਲੜਿ ਲੇਹੁ ਲਾਇ ॥
## ਨਾਨਕ ਦਾਸ; ਪ੍ਰਭ ਕੀ ਸਰਣਾਇ ॥੮॥੨॥

ਹੇ ਪ੍ਰਭੂ ! ਆਪਣੀ ਕਿਰਪਾ = ਮਿਹਰ ਦੀ ਦ੍ਰਿਸ਼ਟੀ ਕਰਿ = ਕਰਕੇ ਮੈਨੂੰ ਆਪਣੀ ਸ਼ਰਨ, ਸਤਿਸੰਗਤ ਰੂਪੀ ਲੜਿ = ਪੱਲੇ ਵਿਚ ਲਾਇ = ਲਾ ਲੇਹੁ = ਲੈਣਾ ਕਰ।

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮੇਸ਼ਰ ! ਮੈਂ ਆਪ ਜੀ ਕੀ = ਦੀ ਸਰਣਾਇ = ਸ਼ਰਨ ਵਿਚ ਆਇਆ ਹਾਂ ॥੮॥੨॥

## ਬਸੰਤ ਕੀ ਵਾਰ ਮਹਲੁ ੫ ੴ ਸਤਿਗੁਰ ਪ੍ਰਸਾਦਿ ॥

ਮਹਲੁ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਬਸੰਤ ਰਾਗ ਕੀ = ਦੀ ਵਾਰ ਨਾਮੇ ਬਾਣੀ ਅਰੰਭ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

***ਨੋਟ :*** ਇਸ ਵਾਰ ਵਿਚ 'ਮਹਲੁ' ਪਾਠ ਹੀ ਸ਼ੁੱਧ ਹੈ, ਆਪਣੀ ਮਰਜ਼ੀ ਅਨੁਸਾਰ 'ਮਹਲਾ' ਨਹੀਂ ਪੜ੍ਹਨਾ।

## ਹਰਿ ਕਾ ਨਾਮੁ ਧਿਆਇ ਕੈ; ਹੋਹੁ ਹਰਿਆ ਭਾਈ ॥

ਹੇ ਭਾਈ ! ਹਰਿ = ਪਰਮਾਤਮਾ ਕਾ = ਦਾ ਨਾਮ ਧਿਆਇ = ਆਰਾਧ ਕੈ = ਕਰਕੇ ਸ਼ੁਭ ਗੁਣਾਂ ਦੇ ਸਹਿਤ ਹਰਿਆ = ਹਰਾ ਭਰਾ ਹੋਹੁ = ਹੋਣਾ ਕਰ ਅਰਥਾਤ ਤੇਰਾ ਮਨ ਰੂਪੀ ਬਿਰਛ ਅਗਿਆਨ ਰੂਪੀ ਸੂਰਜ ਦੀਆਂ

ਰਾਗ ਦ੍ਵੈਖ ਰੂਪੀ ਕਿਰਨਾਂ ਦੀ ਤ੍ਰਿਸ਼ਨਾ ਰੂਪੀ ਤਪਸ਼ ਕਰਕੇ ਸੁੱਕਾ ਪਿਆ ਹੈ, ਇਸ ਲਈ ਧਿਆਕਾਰ ਬਿਰਤੀ ਦੁਆਰਾ ਤ੍ਰਿਕੁਟੀ ਦਾ ਅਭਾਵ ਕਰਕੇ ਭਾਵ ਧਿਆਤਾ (ਅੰਤਹਕਰਨ), ਧਿਆਨ (ਅੰਤਹਕਰਨ ਦੀ ਬਿਰਤੀ) ਅਤੇ ਧੇਯ (ਜਿਸ ਵਿਚ ਧਿਆਨ ਜੋੜਨਾ ਹੈ, ਬ੍ਰਹਮ, ਨਾਮ) ਇਸ ਤ੍ਰਿਕੁਟੀ ਤੋਂ ਉੱਪਰ ਉੱਠ ਜਾਣਾ। ਇਸ ਪ੍ਰਕਾਰ ਧਿਆਉਣਾ ਕਰ, ਫੇਰ ਤੇਰੇ ਅੰਦਰ ਸ਼ਰਧਾ ਦੀ ਜੜ੍ਹ, ਪ੍ਰੇਮ ਦੇ ਅੰਕੁਰ, ਸਤ ਸੰਤੋਖ ਰੂਪੀ ਪੱਤੇ, ਕਰੁਣਾ ਮੁੱਦਤਾ ਮੈਤ੍ਰੀ ਤੇ ਉਪੇਖਿਆ ਰੂਪੀ ਟਾਹਣੀਆਂ, ਧਰਮ ਰੂਪੀ ਫੁੱਲ ਅਤੇ ਗਿਆਨ ਰੂਪੀ ਫਲ ਦੀ ਪ੍ਰਾਪਤੀ ਹੋ ਜਾਵੇਗੀ।

## ਕਰਮਿ ਲਿਖੰਤੈ ਪਾਈਐ; ਇਹ ਰੁਤਿ ਸੁਹਾਈ ॥

ਪਰ ਇਹ (ਹਰੀ ਦਾ ਨਾਮ ਧਿਆਉਣ ਵਾਲੀ) ਮਨੁੱਖਾ ਜਨਮ ਰੂਪੀ ਸੁਹਾਈ = ਸ਼ੋਭਨੀਕ ਬਸੰਤ ਰੁੱਤ **ਵਾ:** ਅਵਸਥਾ ਰੂਪੀ ਰੁੱਤ ਪੂਰਬਲੇ ਸ੍ਰੇਸ਼ਟ ਕਰਮਾਂ ਦੇ ਲਿਖੰਤੈ = ਲਿਖੇ ਹੋਇਆਂ ਹੀ ਪਾਈਐ = ਪ੍ਰਾਪਤ ਕਰੀਦੀ ਹੈ।

## ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ; ਅੰਮ੍ਰਿਤ ਫਲੁ ਪਾਈ ॥

ਜਿਸ ਪ੍ਰਭੂ ਦੀ ਚੇਤਨ ਸੱਤਾ ਕਰਕੇ ਵਣੁ = ਜੰਗਲ, ਤ੍ਰਿਣੁ = ਘਾਹ ਅਤੇ ਤ੍ਰਿਭਵਣੁ = ਤਿੰਨੇ ਲੋਕਾਂ ਵਾਲਾ ਬ੍ਰਹਮੰਡ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ, ਉਸ ਪ੍ਰਭੂ ਦੇ ਨਾਮ ਰੂਪੀ ਅੰਮ੍ਰਿਤ ਫਲ ਨੂੰ ਪਾਈ = ਪਾਉਣਾ ਕਰ **ਅਥਵਾ** ਜਿਸ ਨੇ ਨਾਮ ਰੂਪੀ ਅੰਮ੍ਰਿਤ ਫਲ ਦੀ ਪ੍ਰਾਪਤੀ ਕੀਤੀ ਹੈ, ਉਸ ਦੇ ਵਣ ਦੀ ਨਿਆਈਂ ਸਰੀਰ, ਤ੍ਰਿਣ ਦੀ ਨਿਆਈਂ ਇੰਦ੍ਰੇ ਤ੍ਰਿਭਵਣੁ = ਜਾਗਰਤ, ਸੁਪਨ, ਸੁਖੋਪਤ ਅਵਸਥਾ ਇਹ ਸਾਰੇ ਹੀ ਪ੍ਰਫੁੱਲਤ ਹੋ ਰਹੇ ਹਨ।

## ਮਿਲਿ ਸਾਧੂ ਸੁਖੁ ਊਪਜੈ; ਲਥੀ ਸਭ ਛਾਈ ॥

ਸਾਧੂ = ਸ੍ਰੇਸ਼ਟ ਮਹਾਤਮਾ **ਵਾ:** ਸਤਿਗੁਰਾਂ ਨਾਲ ਮਿਲ ਕੇ ਉਸ ਮਨੁੱਖ ਨੂੰ ਆਤਮਿਕ ਸੁਖ ਊਪਜੈ = ਪੈਦਾ ਹੋ ਰਿਹਾ ਹੈ ਅਤੇ ਉਸ ਦੀ ਸਭ = ਸਾਰੀ ਅਵਿੱਦਿਆ, ਹੰਗਤਾ ਮਮਤਾ ਦੀ ਛਾਈ = ਮੈਲ, ਕਾਲਖ ਵੀ ਲਥੀ = ਲਹਿ ਗਈ ਹੈ।

## ਨਾਨਕੁ ਸਿਮਰੈ ਏਕੁ ਨਾਮੁ; ਫਿਰਿ ਬਹੁੜਿ ਨ ਧਾਈ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਏਕੁ = ਅਦੁੱਤੀ ਪਰਮਾਤਮਾ ਦਾ ਨਾਮ ਸਿਮਰੈ = ਸਿਮਰਦੇ ਹਨ, ਉਹ ਫਿਰਿ = ਪੁਨਾ ਬਹੁੜਿ = ਮੁੜ ਕੇ ਜੂਨਾਂ ਵਿਚ ਧਾਈ = ਦੌੜਦੇ ਨਹੀਂ ਹਨ **ਵਾ:** ਫਿਰਿ ਬਹੁੜਿ = ਮੁੜ ਮੁੜ ਉਨ੍ਹਾਂ ਦਾ ਮਨ ਸੰਕਲਪਾਂ ਵਿਕਲਪਾਂ ਵਿਚ ਧਾਈ = ਦੌੜਦਾ ਨਹੀਂ ਹੈ॥੧॥

## ਪੰਜੇ ਬਧੇ ਮਹਾਬਲੀ; ਕਰਿ ਸਚਾ ਢੋਆ ॥

ਹੇ ਭਾਈ ! ਅਸਾਂ ਨੇ ਸੱਚੇ ਪ੍ਰਭੂ ਦਾ ਢੋਆ = ਆਸਰਾ ਲੈ ਕਰਿ = ਕਰਕੇ **ਵਾ:** ਸੱਚੇ ਦਾ ਢੋਆ = ਮਿਲਾਪ ਕਰਕੇ ਮਹਾਬਲੀ = ਬਹੁਤ ਬਲ ਵਾਲੇ ਪੰਜੇ = ਪੰਜ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਵਿਕਾਰ ਬਧੇ = ਬੰਨ੍ਹ ਲਏ ਹਨ, ਭਾਵ ਆਪਣੇ ਅਧੀਨ ਕਰ ਲਏ ਹਨ।

## ਆਪਣੇ ਚਰਣ ਜਪਾਇਅਨੁ; ਵਿਚਿ ਦਯੁ ਖੜੋਆ ॥

(**ਦਯੁ** ਦਾ ਉਚਾਰਣ **ਦਈਉ** ਹੈ)

ਸਾਡੇ ਹਿਰਦੇ ਵਿਚਿ = ਅੰਦਰ ਦਯੁ = ਪ੍ਰੇਰਕ ਪ੍ਰਭੂ ਆਪ ਖੜੋਆ = ਖਲੋਤਾ ਭਾਵ ਇਸਥਿਤ ਹੋਇਆ

ਹੈ ਅਤੇ ਉਸ ਨੇ ਆਪਣੇ ਨਾਮ ਰੂਪੀ ਚਰਣ ਜਪਾਇਅਨੁ = ਜਪਾਉਣਾ ਕੀਤੇ ਹਨ **ਵਾ:** ਆਪਣੇ ਚਰਣਾਂ ਦਾ ਧਿਆਨ ਦੇ ਕੇ ਆਪਣਾ ਨਾਮ ਜਪਾਉਣਾ ਕੀਤਾ ਹੈ **ਵਾ:** ਚਰਣ ਭਾਵ ਅਧਿਸ਼ਠਾਨ ਸਰੂਪ ਨੇ ਆਪਣੇ ਚਰਣਾਂ ਕਮਲਾਂ ਦਾ ਧਿਆਨ ਰੂਪ ਜਾਪ ਕਰਾਇਆ ਹੈ।

## ਰੋਗ ਸੋਗ ਸਭਿ ਮਿਟਿ ਗਏ; ਨਿਤ ਨਵਾ ਨਿਰੋਆ ॥

ਗੁਰਮੁਖ ਜਨਾਂ ਦੇ ਅਗਿਆਨ ਆਦਿ ਦੇ ਰੋਗ ਅਤੇ ਵਿਛੋੜੇ ਦੇ ਸੋਗ = ਗ਼ਮ ਸਭਿ = ਸਾਰੇ ਮਿਟ ਗਏ ਹਨ ਅਤੇ ਨਵਾ = ਨਵੀਨ ਸਰੂਪ ਪ੍ਰਭੂ ਦੀ ਪ੍ਰਾਪਤੀ ਕਰਕੇ ਉਨ੍ਹਾਂ ਦਾ ਤਨ ਮਨ ਨਿਤ = ਨਿਤਾਪ੍ਰਤੀ ਨਿਰੋਆ = ਅਰੋਗ ਹੋਇਆ ਹੈ।

## ਦਿਨੁ ਰੈਣਿ ਨਾਮੁ ਧਿਆਇਦਾ; ਫਿਰਿ ਪਾਇ ਨ ਮੋਆ ॥

ਜੋ ਮਨੁੱਖ ਵੀ ਦਿਨ ਰੈਣਿ = ਰਾਤ ਪਰਮਾਤਮਾ ਦੇ ਨਾਮ ਨੂੰ ਧਿਆਇਦਾ = ਆਰਾਧਣਾ ਕਰਦਾ ਹੈ, ਉਹ ਫਿਰਿ = ਮੁੜ ਕੇ ਮੋਆ = ਮਰਨਾ ਨਹੀਂ ਪਾਇ = ਪਾਉਂਦਾ ਭਾਵ ਜੰਮਣ ਮਰਣ ਤੋਂ ਰਹਿਤ ਹੋ ਜਾਂਦਾ ਹੈ।

## ਜਿਸ ਤੇ ਉਪਜਿਆ ਨਾਨਕਾ; ਸੋਈ ਫਿਰਿ ਹੋਆ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਵਾਹਿਗੁਰੂ ਦੇ ਸਰੂਪ ਤੇ = ਤੋਂ ਅਗਿਆਨ ਕਰਕੇ ਜੀਵ ਉਪਜਿਆ = ਪੈਦਾ ਹੋਇਆ ਸੀ, ਉਸ ਸਰੂਪ ਦਾ ਗਿਆਨ ਪ੍ਰਾਪਤ ਕਰਕੇ ਫਿਰਿ = ਮੁੜ ਕੇ ਜੀਵ ਸੋਈ = ਉਹੀ ਬ੍ਰਹਮ ਦਾ ਰੂਪ ਹੀ ਹੋਆ = ਹੋ ਗਿਆ, ਹੋ ਜਾਂਦਾ ਹੈ॥੨॥

## ਕਿਥਹੁ ਉਪਜੈ ਕਹ ਰਹੈ; ਕਹ ਮਾਹਿ ਸਮਾਵੈ ॥

***ਪ੍ਰਸ਼ਨ :*** *ਇਹ ਜੀਵ ਕਿਥਹੁ = ਕਿਥੋਂ ਉਪਜੈ = ਪੈਦਾ ਹੋਇਆ ਹੈ, ਫੇਰ ਕਹ = ਕਿਥੇ ਰਹੈ = ਇਸਥਿਤ ਰਹਿੰਦਾ ਹੈ ਅਤੇ ਕਹ = ਕਿਸ ਮਾਹਿ = ਵਿਚ ਸਮਾਵੈ = ਸਮਾਅ ਜਾਂਦਾ ਹੈ ?*

***ਉੱਤਰ :*** ਇਹ ਜੀਵ ਬ੍ਰਹਮ ਤੋਂ ਪੈਦਾ ਹੋਇਆ ਹੈ, ਬ੍ਰਹਮ ਵਿਚ ਹੀ ਇਸਥਿਤ ਰਹਿੰਦਾ ਹੈ ਅਤੇ ਅੰਤ ਨੂੰ ਬ੍ਰਹਮ ਵਿਚ ਹੀ ਸਮਾਵੈ = ਸਮਾਅ ਜਾਂਦਾ ਹੈ।

## ਜੀਅ ਜੰਤ ਸਭਿ ਖਸਮ ਕੇ; ਕਉਣੁ ਕੀਮਤਿ ਪਾਵੈ ॥

ਸਭਿ = ਸਾਰੇ ਸੂਖਮ ਅਸਥੂਲ ਜੀਵ ਜੰਤ **ਵਾ:** ਜੀਵਾਂ ਰੂਪੀ ਜੰਤ = ਵਾਜੇ ਖਸਮ = ਮਾਲਕ ਪਰਮਾਤਮਾ ਕੇ = ਦੇ ਬਣਾਏ ਹੋਏ ਹਨ, ਫੇਰ ਉਨ੍ਹਾਂ ਸਾਰਿਆਂ ਦੀ ਕੀਮਤ ਨੂੰ ਕਉਣੁ = ਕਿਹੜਾ ਪਾਵੈ = ਪਾ ਸਕਦਾ ਹੈ, ਭਾਵ ਕੋਈ ਨਹੀਂ ਪਾ ਸਕਦਾ, ਪ੍ਰਭੂ ਆਪ ਹੀ ਆਪਣੀ ਰਚਨਾ ਨੂੰ ਜਾਣਦਾ ਹੈ।

## ਕਹਨਿ ਧਿਆਇਨਿ ਸੁਣਨਿ ਨਿਤ; ਸੇ ਭਗਤ ਸੁਹਾਵੈ ॥

ਜਿਹੜੇ ਪ੍ਰਤੱਖ **ਵਾ:** ਪ੍ਰੀਤ ਰੂਪੀ ਰਸਨਾ ਕਰਕੇ ਪਰਮਾਤਮਾ ਦਾ ਨਾਮ ਨਿਤ = ਨਿਤਾਪ੍ਰਤੀ ਕਹਨਿ = ਕਹਿੰਦੇ, ਉਚਾਰਣ ਕਰਦੇ, ਮਨ, ਧਿਆਕਾਰ ਬਿਰਤੀ ਕਰਕੇ ਧਿਆਇਨਿ = ਧਿਆਉਂਦੇ ਹਨ ਅਤੇ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਨਿ = ਸ੍ਰਵਨ ਕਰਦੇ ਹਨ, ਸੇ = ਉਹ ਭਗਤ ਜਨ ਲੋਕ-ਪ੍ਰਲੋਕ ਵਿਚ ਸੁਹਾਵੈ = ਸ਼ੋਭਨੀਕ ਹੁੰਦੇ ਹਨ।

## ਅਗਮੁ ਅਗੋਚਰੁ ਸਾਹਿਬੋ; ਦੂਸਰੁ ਲਵੈ ਨ ਲਾਵੈ ॥

ਉਹ ਪ੍ਰਭੂ ਮਨ, ਸ਼ਾਸਤ੍ਰਾਂ ਕਰਕੇ ਅਗਮੁ = ਗੰਮਤਾ ਤੋਂ ਰਹਿਤ, ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਅਤੇ ਮਾਇਆ ਬਿਰਤੀ ਕਰਕੇ ਸਭ ਦਾ ਸਾਹਿਬੋ = ਮਾਲਕ ਹੈ, ਹੋਰ ਕੋਈ ਦੂਸਰੁ = ਦੂਜਾ ਉਸ ਦੇ ਲਵੈ = ਸਦਰਸ਼, ਬਰਾਬਰ ਨਹੀਂ ਲਾਵੈ = ਲਾਈਦਾ।

## ਸਚੁ ਪੂਰੈ ਗੁਰਿ ਉਪਦੇਸਿਆ; ਨਾਨਕੁ ਸੁਣਾਵੈ ॥੩॥੧॥

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਉਚਾਰਣ ਕਰਦੇ ਹਨ ਕਿ ਇਹ ਪੂਰੈ = ਪੂਰਨ ਗੁਰਾਂ ਨੇ ਹੀ ਸੱਚਾ ਉਪਦੇਸਿਆ = ਉਪਦੇਸ਼ ਦੇਣਾ ਕੀਤਾ ਹੈ ਅਤੇ ਅਸੀਂ ਸੰਗਤਾਂ ਦੇ ਤਾਈਂ ਉਹ ਉਪਦੇਸ਼ ਸੁਣਾਵੈ = ਸੁਣਾਉਣਾ ਕਰਦੇ ਹਾਂ ॥੩॥੧॥

ਇਹ ਬਸੰਤ ਕੀ ਵਾਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਤਿੰਨ ਪਉੜੀਆਂ ਦੀ ਹੀ ਰਚਨਾ ਕੀਤੀ ਹੈ। ਇਸ ਬਾਬਤ ਐਸੀ ਸਾਖੀ ਆਉਂਦੀ ਹੈ ਕਿ ਜਦੋਂ ਸਤਿਗੁਰਾਂ ਨੇ ਬਸੰਤ ਕੀ ਵਾਰ ਲਿਖਾਉਣੀ ਅਰੰਭ ਕੀਤੀ ਤਦੋਂ ਵੱਡਾ ਦਿਨ ਚੜ੍ਹ ਗਿਆ ਸੀ। ਲੰਗਰ ਤਿਆਰ ਹੋ ਚੁੱਕਾ ਸੀ। ਲਾਂਗਰੀ ਸਿੱਖ ਹੱਥ ਜੋੜ ਕੇ ਖੜਾ ਰਿਹਾ, ਜਦੋਂ ਸਤਿਗੁਰਾਂ ਨੇ ਇਹ ਤਿੰਨ ਪਉੜੀਆਂ ਰਚ ਦਿੱਤੀਆਂ ਤਾਂ ਉਤਾਂਹ ਨੂੰ ਦ੍ਰਿਸ਼ਟੀ ਕਰ ਕੇ ਤੱਕਿਆ ਤਦੋਂ ਸਿੱਖ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਭੋਜਨ ਤਿਆਰ ਹੈ। ਸਤਿਗੁਰਾਂ ਨੇ ਲੰਗਰ ਦਾ ਸਤਿਕਾਰ ਰੱਖਦਿਆਂ ਬਾਣੀ ਸੰਤੋਖ ਕੇ ਲੰਗਰ ਛਕਣ ਲਈ ਚਲੇ ਗਏ ਅਤੇ ਹੋਰ ਪਉੜੀਆਂ ਉਚਾਰਣ ਨਹੀਂ ਕੀਤੀਆਂ।

**ਅਥਵਾ** ਸਤਿਗੁਰੂ ਸਾਹਿਬ ਜੀ ਨੇ 'ਬਸੰਤ ਕੀ ਵਾਰ' ਦੀ ਰਚਨਾ ਹੀ ਇਤਨੀ ਕੁ ਕਰਨੀ ਸੀ, ਇਸ ਲਈ ਤਿੰਨ ਪਉੜੀਆਂ ਰਚ ਕੇ ਹੀ ਇਸ ਵਾਰ ਦਾ ਭੋਗ ਪਾਇਆ ਹੈ।

ਇਕ ਬਾਬੂ ਤੇਜਾ ਸਿੰਘ ਹੋਇਆ ਹੈ, ਜਿਸ ਨੇ ਵੈਰੋ ਕੇ ਨਗਰ ਦੇ ਇਕ ਦਰਬਾਰੀ ਦਾਸ ਕਵੀ ਦੀ ਲਿਖੀ ਹੋਈ 'ਹਰਿ ਜਸ' ਪੋਥੀ ਦੀ ਕਵਿਤਾ ਵਿੱਚੋਂ ਕੁਝ ਪਉੜੀਆਂ ਲੈ ਕੇ ਨਾਲ 'ਮਹਲਾ ੬' 'ਮਹਲਾ ੭' ਅਤੇ 'ਮਹਲਾ ੮' ਦੇ ਨਾਮਾਂ ਹੇਠ ਸਲੋਕ ਲਿਖ ਕੇ ਇਸ ਬਸੰਤ ਦੀ ਵਾਰ ਨੂੰ ਪੰਦਰਾਂ ਪਉੜੀਆਂ ਦੀ ਵਾਰ ਲਿਖ ਕੇ ਸੰਗਤਾਂ ਵਿਚ ਪ੍ਰਚਾਰ ਕੀਤਾ ਸੀ ਕਿ ਜੇਕਰ ਇਨ੍ਹਾਂ ਮਹੱਲਿਆਂ ਸਹਿਤ ਬਾਣੀ ਪੜ੍ਹਾਂਗੇ ਤਾਂ ਹੀ ਦਸਾਂ ਗੁਰੂਆਂ ਦਾ ਸਰੂਪ ਹੋ ਸਕਦਾ ਹੈ।

ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਥਾ ਵਿਚ ਬਚਨ ਕਰਦੇ ਹਨ ਕਿ ਉਸ ਨੂੰ ਇਹ ਪਤਾ ਨਹੀਂ ਲੱਗ ਸਕਿਆ ਕਿ ਜੇਕਰ ਪਹਿਲੇ ਪਾਤਸ਼ਾਹ ਜੀ ਉਪਦੇਸ਼ ਦੇ ਰਹੇ ਹਨ ਤਾਂ ਵੀ ਦਸੇ ਸਰੂਪ ਹੀ ਉਚਾਰਣ ਕਰ ਰਹੇ ਹਨ ਅਤੇ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਉਪਦੇਸ਼ ਦੇ ਰਹੇ ਹਨ ਤਾਂ ਵੀ ਦਸੇ ਸਰੂਪ ਹੀ ਉਚਾਰਣ ਕਰ ਰਹੇ ਹਨ ਇਉਂ ਦਸ ਗੁਰੂ ਸਾਹਿਬਾਨਾਂ ਦੀ ਇਕ ਹੀ ਜੋਤ ਹੈ। ਮਹਾਂਪੁਰਖਾਂ ਨੇ ਦੱਸਿਆ ਕਿ ਜਦੋਂ ਅਸੀਂ ਰਾਇਪੁਰ ਵਿਚ ਕਥਾ ਕਰਨ ਲਈ ਗਏ ਸਾਂ ਤਦੋਂ ਉਥੇ ਇਕ ਪ੍ਰੇਮੀ ਨੇ ਇਹ 'ਬਸੰਤ ਕੀ ਵਾਰ' ਪੰਦਰਾਂ ਪਉੜੀਆਂ ਵਾਲੀ ਲਿਆ ਕੇ ਸਾਨੂੰ ਦਿਖਾਈ ਕਿ ਇਸ ਬਾਣੀ ਨੂੰ ਪੜ੍ਹੋ। ਤਦੋਂ ਅਸੀਂ ਕਿਹਾ ਕਿ ਭਾਈ ! ਜਿਤਨੀ ਬਾਣੀ ਸਾਨੂੰ ਗੁਰੂ ਸਾਹਿਬ ਜੀ ਨੇ ਉਚਾਰਣ ਕਰਕੇ ਉਪਦੇਸ਼ ਰੂਪ ਵਿਚ ਦੇ ਦਿੱਤੀ ਹੈ, ਸਾਨੂੰ ਉਤਨੀ ਹੀ ਪ੍ਰਵਾਨ ਕਰਨੀ ਚਾਹੀਦੀ ਹੈ ਕਿਉਂਕਿ ਸਤਿਗੁਰਾਂ ਦਾ ਫ਼ੁਰਮਾਨ ਹੈ ਜੈਸਾ ਕਿ :

**ਪੂਰੇ ਕਾ ਕੀਆ ਸਭ ਕਿਛੁ ਪੂਰਾ; ਘਟਿ ਵਧਿ ਕਿਛੁ ਨਾਹੀ ॥**

*(ਸਲੋਕ ਵਾਰਾਂ ਤੇ ਵਧੀਕ, ਮ: ੧, ਅੰਗ ੧੪੧੨)*

ਇਸ ਲਈ ਸਾਨੂੰ ਤਿੰਨ ਪਉੜੀਆਂ ਦੀ ਵਾਰ ਉੱਪਰ ਆਪਣੀ ਤੁਛ ਮਤ ਅਨੁਸਾਰ ਸ਼ੰਕਾ ਨਹੀਂ ਕਰਨੀ ਚਾਹੀਦੀ।

# ਭਗਤ ਬਾਣੀ ਆਰੰਭ

## ਬਸੰਤੁ ਬਾਣੀ ਭਗਤਾਂ ਕੀ

ਬਸੰਤ ਰਾਗ ਅੰਦਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਭਗਤਾਂ = ਭਗਤ ਜਨਾਂ ਕੀ = ਦੀ ਉਚਾਰਣ ਕੀਤੀ ਬਾਣੀ ਦਰਜ ਕਰਦੇ ਹਨ।

## ਕਬੀਰ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਭਗਤ ਕਬੀਰ ਸਾਹਿਬ ਜੀ ਦੇ ਪਾਸ ਕੁਝ ਸਾਧੂ ਮਹਾਤਮਾਂ ਨੇ ਬਸੰਤ ਰੁੱਤ ਬਾਬਤ ਪੁੱਛਿਆ, ਤਦੋਂ ਭਗਤ ਕਬੀਰ ਸਾਹਿਬ ਜੀ ਘਰੁ ੧ = ਪਹਿਲੇ ਸੁਰਤਾਲ ਅੰਦਰ ਇਹ ਪਾਵਨ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਸਮਸ਼ਟੀ ਉਪਾਧੀ ਕਰਕੇ ਪ੍ਰਫੁੱਲਤਾ ਦੱਸਦੇ ਹਨ।

## ਮਉਲੀ ਧਰਤੀ; ਮਉਲਿਆ ਅਕਾਸੁ ॥
## ਘਟਿ ਘਟਿ ਮਉਲਿਆ; ਆਤਮ ਪ੍ਰਗਾਸੁ ॥੧॥

ਹੇ ਭਾਈ! ਪ੍ਰਭੂ ਦੀ ਚੇਤਨ ਸੱਤਾ ਦੇ ਨਾਲ ਧਰਤੀ ਵੀ ਸਾਰੀ ਬਨਸਪਤੀ ਕਰਕੇ ਮਉਲੀ = ਪ੍ਰਫੁੱਲਤ ਹੋ ਰਹੀ ਹੈ ਅਤੇ ਅਕਾਸ਼ ਵੀ ਸੂਰਜ, ਚੰਦ, ਤਾਰੇ ਆਦਿ ਕਰਕੇ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ।

ਆਤਮ = ਆਪਣਾ ਆਪ ਰੂਪ ਤੇ ਪ੍ਰਗਾਸੁ = ਪ੍ਰਕਾਸ਼ ਸਰੂਪ ਪ੍ਰਭੂ ਸਾਰੇ ਘਟਾਂ ਘਟਾਂ ਵਿਚ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ।

**ਅਥਵਾ** ਵਿਅਸ਼ਟੀ ਉਪਾਧੀ ਕਰਕੇ ਪ੍ਰਫੁੱਲਤਾ ਦੱਸਦੇ ਹਨ।

ਹੇ ਭਾਈ! ਉਸ ਪ੍ਰਭੂ ਦੀ ਸੱਤਾ ਪਾ ਕੇ ਦੇਹ, ਬੁੱਧ ਰੂਪੀ ਧਰਤੀ ਪ੍ਰਫੁੱਲਤਾ ਦੇ ਸਹਿਤ ਹੋ ਰਹੀ ਹੈ, ਉਹ ਪ੍ਰਭੂ ਹਿਰਦੇ ਰੂਪੀ ਅਕਾਸ਼ ਵਿਚ ਮਿਲ ਰਿਹਾ ਹੈ, ਪ੍ਰਫੁੱਲਤ ਹੋ ਰਿਹਾ ਹੈ।

ਸਾਰਿਆਂ ਦਾ ਆਤਮ = ਆਪਣਾ ਆਪ ਰੂਪ ਪ੍ਰਭੂ ਆਪਣੀ ਚੇਤਨ ਸੱਤਾ ਦੇ ਪ੍ਰਕਾਸ਼ ਕਰਕੇ ਘਟਾਂ ਘਟਾਂ ਵਿਚ ਵੀ ਮਿਲ ਰਿਹਾ ਹੈ॥੧॥

## ਰਾਜਾਰਾਮੁ ਮਉਲਿਆ; ਅਨਤ ਭਾਇ ॥
## ਜਹ ਦੇਖਉ; ਤਹ ਰਹਿਆ ਸਮਾਇ ॥੧॥ਰਹਾਉ॥

ਰਾਜਾ = ਪ੍ਰਕਾਸ਼ ਸਰੂਪ ਅਤੇ ਰਾਮੁ = ਰਮਿਆ ਹੋਇਆ ਪ੍ਰਭੂ ਅਨਤ = ਅਨੇਕਾਂ ਭਾਇ = ਪ੍ਰਕਾਰ, ਤਰੀਕਿਆਂ ਨਾਲ ਸਭ ਨੂੰ ਮਉਲਿਆ = ਪ੍ਰਫੁੱਲਤ ਕਰ ਰਿਹਾ ਹੈ।

ਮੈਂ ਜਹ = ਜਿਥੇ ਜਿਥੇ ਵੀ ਦੇਖਉ = ਦੇਖਦਾ ਹਾਂ, ਤਹ = ਉਥੇ ਹੀ ਉਹ ਪ੍ਰਭੂ ਸਮਾਇ = ਸਮਾਅ, ਵਿਆਪਕ ਹੋ ਰਹਿਆ = ਰਿਹਾ ਹੈ॥੧॥ਰਹਾਉ॥

ਇਹ ਵਾਚ ਸ੍ਰਿਸ਼ਟੀ ਕਥਨ ਕੀਤੀ ਹੈ, ਅੱਗੇ ਵਾਚਕ ਸ੍ਰਿਸ਼ਟੀ ਦਾ ਕਥਨ ਕਰਦੇ ਹਨ।[1]

---

੧. ਵਾਚ = ਰੂਪ, ਅਕਾਰ, ਵਾਚਕ = ਨਾਮ ਭਾਵ ਅਕਾਰਾਂ ਵਾਲੀ ਸ੍ਰਿਸ਼ਟੀ ਵਾਚ ਰੂਪ ਅਤੇ ਨਾਵਾਂ ਕਰਕੇ ਜਿਹੜੀ ਸ੍ਰਿਸ਼ਟੀ ਕਥਨ ਕੀਤੀ ਜਾਂਦੀ ਹੈ, ਉਹ ਵਾਚਕ ਰੂਪ ਹੈ।

## ਦੁਤੀਆ ਮਉਲੇ; ਚਾਰਿ ਬੇਦ ॥ ਸਿੰਮ੍ਰਿਤਿ ਮਉਲੀ; ਸਿਉ ਕਤੇਬ ॥੨॥

ਦੁਤੀਆ = ਦ੍ਵੈਤ ਰੂਪ ਸੰਸਾਰ ਵਿਚ ਚਾਰਿ = ਚਾਰੇ ਬੇਦ ਵੀ ਕਰਮ, ਉਪਾਸ਼ਨਾ, ਗਿਆਨ ਕਰਕੇ ਮਉਲੇ = ਪ੍ਰਫੁੱਲਤ ਹੋ ਰਹੇ ਹਨ।

ਸਤਾਈ ਸਿੰਮ੍ਰਿਤੀਆਂ ਕਤੇਬ = ਕਿਤਾਬਾਂ (ਤੌਰੇਤ, ਜੰਬੂਰ, ਅੰਜੀਲ, ਕੁਰਾਨ) ਦੇ ਸਿਉ = ਸਾਹਿਤ ਆਪੋ-ਆਪਣੀ ਸਮਝ ਨੂੰ ਕਥਨ ਕਰਨ ਵਾਲੀਆਂ ਹੋ ਕੇ ਮਉਲੀ = ਪ੍ਰਫੁੱਲਤ ਹੋ ਰਹੀਆਂ ਹਨ ॥੨॥

## ਸੰਕਰੁ ਮਉਲਿਓ; ਜੋਗ ਧਿਆਨ ॥ ਕਬੀਰ ਕੋ ਸੁਆਮੀ; ਸਭ ਸਮਾਨ ॥੩॥੧॥

ਸੰਕਰੁ = ਸ਼ਿਵਜੀ ਜੋਗ ਨਾਲ ਧਿਆਨ ਲਾਉਣ ਕਰਕੇ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨਾਂ ਕੋ = ਦਾ ਸੁਆਮੀ = ਮਾਲਕ ਪ੍ਰਭੂ ਸਭ = ਸਾਰਿਆਂ ਵਿਚ ਹੀ ਸਮਾਨ = ਸਮਾਇਆ ਹੋਇਆ ਹੈ **ਵਾ:** ਸਾਰਿਆਂ ਵਿਚ ਸਮਾਨ ਸੱਤਾ ਰੂਪ ਹੋ ਕੇ ਵਰਤ ਰਿਹਾ ਹੈ ॥੩॥੧॥

**ਉਥਾਨਕਾ :** ਇਹ ਉਪਦੇਸ਼ ਸੁਣ ਕੇ ਉਨ੍ਹਾਂ ਸਾਧੂਆਂ ਨੇ ਕਿਹਾ ਕਿ ਹੇ ਕਬੀਰ ਜੀ! ਜਿਹੜੇ ਪੰਡਿਤ, ਜੋਗੀ, ਸੰਨਿਆਸੀ ਆਦਿ ਹਨ, ਕੀ ਉਹ ਪਰਮਾਤਮਾ ਵਾਲੇ ਪਾਸੇ ਜਾਗਦੇ ਹਨ ? ਤਦ ਉੱਤਰ ਵਿਚ ਕਥਨ ਕਰਦੇ ਹਨ।

## ਪੰਡਿਤ ਜਨ ਮਾਤੇ; ਪੜ੍ਹਿ ਪੁਰਾਨ ॥ ਜੋਗੀ ਮਾਤੇ; ਜੋਗ ਧਿਆਨ ॥

ਪੰਡਿਤ = ਵਿਦਵਾਨ ਬ੍ਰਾਹਮਣ ਜਨ = ਲੋਕ ਪੁਰਾਣਾਂ ਨੂੰ ਪੜ੍ਹ ਪੜ੍ਹ ਕੇ ਹੰਕਾਰ ਵਿਚ ਮਾਤੇ = ਮਸਤ ਹੋਏ ਪਏ ਹਨ।

ਜੋਗੀ ਲੋਕ ਜੋਗ ਦੇ ਧਿਆਨ ਵਿਚ ਮਾਤੇ = ਮਸਤ ਹੋਏ ਪਏ ਹਨ ਭਾਵ ਜੋਗ ਸਾਧਨਾ ਕਰਕੇ ਲੰਮੀ ਉਮਰ ਕਰਕੇ ਹੰਕਾਰੀ ਹੋਏ ਪਏ ਹਨ।

## ਸੰਨਿਆਸੀ ਮਾਤੇ; ਅਹੰਮੇਵ ॥ ਤਪਸੀ ਮਾਤੇ; ਤਪ ਕੈ ਭੇਵ ॥੧॥

ਸੰਨਿਆਸੀ ਲੋਕ ਆਪਣੇ ਆਪ ਨੂੰ ਬ੍ਰਾਹਮਣਾਂ ਦੇ ਵੀ ਗੁਰੂ ਸਮਝ ਕੇ ਅਹੰਮੇਵ = ਹੰਕਾਰ ਵਿਚ ਮਾਤੇ = ਮਸਤ ਹੋਏ ਪਏ ਹਨ।

ਤਪਸੀ = ਤਪੱਸਵੀ ਲੋਕ ਤਪ ਕੈ = ਦੇ ਭੇਵ = ਭੇਦ ਵਿਚ ਹੰਕਾਰ ਦੇ ਸਹਿਤ ਮਾਤੇ = ਮਸਤ ਹੋਏ ਫਿਰਦੇ ਹਨ ॥੧॥

## ਸਭ ਮਦ ਮਾਤੇ; ਕੋਊ ਨ ਜਾਗ ॥
## ਸੰਗ ਹੀ ਚੋਰ; ਘਰੁ ਮੁਸਨ ਲਾਗ ॥੧॥ਰਹਾਉ॥

ਇਸ ਪ੍ਰਕਾਰ ਸਭ = ਸਾਰੇ ਜੀਵ ਮਦ = ਹੰਕਾਰ ਦੇ ਨਸ਼ੇ ਵਿਚ ਮਾਤੇ = ਮਸਤ ਹੋਏ ਪਏ ਹਨ, ਕੋਊ = ਕੋਈ ਵੀ ਮਨੁੱਖ ਨਿਮਰਤਾ ਧਾਰਨ ਕਰਕੇ ਗਿਆਨ ਅਵਸਥਾ ਵਿਚ ਨਹੀਂ ਜਾਗ = ਜਾਗਦਾ।

ਜਿਥੇ ਹੰਕਾਰ ਹੈ ਉਥੇ ਸੰਗ = ਨਾਲ ਹੀ ਕਾਮ ਕ੍ਰੋਧ ਰੂਪੀ ਚੋਰ ਵੀ ਅੰਤਹਕਰਨ ਰੂਪੀ ਘਰ ਵਿੱਚੋਂ ਸ਼ੁੱਭ ਗੁਣਾਂ ਰੂਪੀ ਧਨ ਨੂੰ ਮੁਸਨ = ਲੁੱਟਣ ਲਾਗ = ਲੱਗੇ ਹੋਏ ਹਨ, ਭਾਵ ਹਉਮੈ ਦਾ ਪਾੜ ਲੱਗਾ ਹੋਇਆ ਹੈ, ਜਿਸ ਵਿੱਚੋਂ ਦੀ ਲੰਘ ਕੇ ਇਹ ਸ਼ੁਭ ਗੁਣਾਂ ਨੂੰ ਲੁੱਟ ਰਹੇ ਹਨ ॥੧॥ ਰਹਾਉ ॥

***ਪ੍ਰਸ਼ਨ :*** *ਹੇ ਕਬੀਰ ਜੀ ! ਕੋਈ ਜਾਗਦਾ ਵੀ ਹੈ ?*
***ਉੱਤਰ:*** ਭਗਤ ਕਬੀਰ ਜੀ ਕਥਨ ਕਰਦੇ ਹਨ :

## ਜਾਗੈ ਸੁਕਦੇਉ; ਅਰੁ ਅਕੂਰੁ ॥

ਹੇ ਭਾਈ ! ਸੁਕਦੇਉ = ਸੁਕਦੇਵ ਮੁਨੀ ਅਰੁ = ਅਤੇ ਅਕੂਰੁ = ਅਕਰੂਰ ਭਗਤ (ਕ੍ਰਿਸ਼ਨ ਜੀ ਦਾ ਚਾਚਾ) ਗਿਆਨ ਅਵਸਥਾ ਵਿਚ ਜਾਗੈ = ਜਾਗ ਰਹੇ ਹਨ।

**ਸਾਖੀ—ਸੁਕਦੇਵ ਮੁਨੀ ਦੀ :** ਸੁਕਦੇਵ ਮੁਨੀ ਬਿਆਸ ਰਿਖੀ ਦਾ ਪੁੱਤਰ ਸੀ। ਬਿਆਸ ਰਿਖੀ ਨੇ ਕਿਹਾ ਕਿ ਤੂੰ ਮੇਰੇ ਕੋਲੋਂ ਉਪਦੇਸ਼ ਲੈਣਾ ਕਰ। ਅੱਗੋਂ ਸੁਕਦੇਵ ਮੁਨੀ ਕਹਿੰਦਾ ਕਿ ਮੈਂ ਬਚਪਨ ਤੋਂ ਹੀ ਉਪਰਾਮ ਹਾਂ, ਮੈਨੂੰ ਉਪਦੇਸ਼ ਦੀ ਲੋੜ ਨਹੀਂ ਹੈ। ਫੇਰ ਬਿਆਸ ਰਿਖੀ ਨੇ ਆਪਣੇ ਪੁੱਤਰ ਸੁਕਦੇਵ ਮੁਨੀ ਨੂੰ ਰਾਜੇ ਜਨਕ ਪਾਸੋਂ ਉਪਦੇਸ਼ ਲੈਣ ਲਈ ਭੇਜਿਆ। ਜਦੋਂ ਸੁਕਦੇਵ ਮੁਨੀ ਰਾਜੇ ਜਨਕ ਕੋਲੋਂ ਉਪਦੇਸ਼ ਲੈਣ ਲਈ ਗਿਆ ਤਾਂ ਰਾਜੇ ਦੇ ਮਹਿਲ ਦੇਖ ਕੇ ਇਸਨੇ ਆਪਣੀ ਤੂੰਬੀ ਤੇ ਫੌੜੀ ਬਾਹਰ ਰੱਖ ਦਿੱਤੀ ਅਤੇ ਆਪ ਰਾਜੇ ਦੇ ਮਹਿਲਾਂ ਅੰਦਰ ਪ੍ਰਵੇਸ਼ ਹੋ ਗਿਆ। ਅੰਦਰ ਜਾ ਕੇ ਰਾਜ ਬਿਭੂਤੀ ਦੇਖ ਕੇ ਆਪਣੇ ਉਦਾਸ ਪੁਣੇ ਦੇ ਹੰਕਾਰ ਨਾਲ ਮਨ ਅੰਦਰ ਹੀ ਕਹਿੰਦਾ ਹੈ ਕਿ ਇਹ ਤਾਂ ਆਪ ਮਾਇਆ ਵਿਚ ਫਸਿਆ ਹੋਣਾ ਹੈ, ਫੇਰ ਮੈਨੂੰ ਕੀ ਉਪਦੇਸ਼ ਦੇਵੇਗਾ। ਓਧਰ ਰਾਜੇ ਨੇ ਇਸਦੇ ਅੰਦਰ ਦੀ ਗੱਲ ਜਾਣ ਕੇ ਜੋਗ ਸ਼ਕਤੀ ਨਾਲ ਮਹਿਲਾਂ ਨੂੰ ਅੱਗ ਲਾ ਦਿੱਤੀ। ਅੱਗ ਲੱਗੀ ਦੇਖ ਕੇ ਸੁਕਦੇਵ ਮੁਨੀ ਆਪਣੀ ਤੂੰਬੀ ਤੇ ਫੌੜੀ ਨੂੰ ਫੜਨ ਲਈ ਬਾਹਰ ਵੱਲ ਭੱਜ ਪਿਆ। ਉਸ ਵੇਲੇ ਰਾਜੇ ਜਨਕ ਨੇ ਕਿਹਾ ਕਿ ਹੇ ਵਿਰਕਤਾ ! ਤੂੰ ਇਕ ਦੋ ਪੈਸਿਆਂ ਦੀ ਤੂੰਬੀ ਤੇ ਫੌੜੀ ਚੁੱਕਣ ਲਈ ਬਾਹਰ ਨੂੰ ਦੌੜ ਪਿਆ ਹੈਂ। ਏਧਰ ਮੇਰੇ ਮਹਿਲਾਂ ਨੂੰ ਅੱਗ ਲੱਗੀ ਹੋਈ ਹੈ ਪਰ ਮੈਨੂੰ ਕੋਈ ਪ੍ਰਵਾਹ ਨਹੀਂ। ਹੁਣ ਤੂੰ ਦੱਸ ਕਿ ਮੈਂ ਗ੍ਰਿਹਸਥੀ ਹੋ ਕੇ ਮਾਇਆ ਵਿਚ ਫਸਿਆ ਹਾਂ ਜਾਂ ਤੂੰ ਵਿਰਕਤ ਹੋ ਕੇ ਮਾਇਆ ਵਿਚ ਫਸਿਆ ਹੋਇਆ ਹੈਂ। ਇਹ ਸੁਣ ਕੇ ਸੁਕਦੇਵ ਮੁਨੀ ਚੁੱਪ ਕਰ ਗਿਆ ਤੇ ਪੁੱਛਿਆ ਕਿ ਤੁਸੀਂ ਇਨ੍ਹਾਂ ਮਾਇਕੀ ਪਦਾਰਥਾਂ ਵਿਚ ਨਿਰਲੇਪ ਕਿਵੇਂ ਰਹਿੰਦੇ ਹੋ ਤਾਂ ਰਾਜੇ ਜਨਕ ਨੇ ਸਮਝਾਉਣ ਲਈ ਥਾਲੀ ਵਿਚ ਤੇਲ ਪਾ ਕੇ ਬਜ਼ਾਰ ਘੁੰਮ ਆਉਣ ਲਈ ਕਿਹਾ। ਤਦੋਂ ਸੁਕਦੇਵ ਮੁਨੀ ਅਨੇਕ ਤਰ੍ਹਾਂ ਦੇ ਰੰਗ ਤਮਾਸ਼ਿਆਂ ਵਿੱਚੋਂ ਨਿਕਲ ਕੇ ਵਾਪਸ ਰਾਜੇ ਪਾਸ ਆ ਗਿਆ। ਤਦ ਰਾਜੇ ਨੇ ਪੁੱਛਿਆ ਕਿ ਤੂੰ ਬਜ਼ਾਰ ਵਿਚ ਕੀ ਕੀ ਵੇਖਿਆ ਹੈ ? ਤਾਂ ਸੁਕਦੇਵ ਮੁਨੀ ਨੇ ਕਿਹਾ ਕਿ ਜੇਕਰ ਮੈਂ ਕੁਝ ਦੇਖਦਾ ਤਾਂ ਤੇਲ ਡੁੱਲ੍ਹ ਜਾਣਾ ਸੀ। ਰਾਜੇ ਜਨਕ ਨੇ ਕਿਹਾ ਕਿ ਬਸ ਮੈਂ ਇਸੇ ਪ੍ਰਕਾਰ ਇਨ੍ਹਾਂ ਰੰਗ ਤਮਾਸ਼ਿਆਂ ਵਿਚ ਹੁੰਦਾ ਹੋਇਆ ਇਨ੍ਹਾਂ ਵੱਲ ਤੱਕਦਾ ਨਹੀਂ ਹਾਂ, ਭਾਵ ਇਨ੍ਹਾਂ ਤੋਂ ਨਿਰਲੇਪ ਰਹਿੰਦਾ ਹਾਂ। ਫੇਰ ਸੁਕਦੇਵ ਮੁਨੀ ਨੇ ਰਾਜੇ ਜਨਕ ਤੋਂ ਉਪਦੇਸ਼ ਦੀ ਯਾਚਨਾ ਕੀਤੀ। ਰਾਜੇ ਨੇ ਕਿਹਾ ਕਿ ਪਹਿਲਾਂ ਜੱਗ ਕਰ ਲੈਣ ਦੇ, ਫੇਰ ਉਪਦੇਸ਼ ਦੇਵਾਂਗੇ, ਉਤਨਾ ਚਿਰ ਬਾਹਰ ਖੜਾ ਹੋ ਜਾ। ਜੱਗ ਸੰਪੂਰਨ ਹੋਣ ਤੋਂ ਬਾਅਦ ਲੋਕਾਂ ਨੇ ਲੰਗਰ ਪ੍ਰਸ਼ਾਦ ਛਕ ਕੇ ਜੂਠੀਆਂ ਪੱਤਲਾਂ ਬਾਹਰ ਸੁੱਟੀਆਂ। ਉਨ੍ਹਾਂ ਪੱਤਲਾਂ ਦੇ ਹੇਠਾਂ ਸੁਕਦੇਵ ਮੁਨੀ ਖੜਾ ਸੀ, ਉਹ ਸਾਰੀਆਂ ਜੂਠੀਆਂ ਪੱਤਲਾਂ ਉਸਦੇ ਉੱਪਰ ਡਿੱਗਦੀਆਂ ਗਈਆਂ ਤੇ ਉਸ ਨੇ ਆਪਣੇ ਬ੍ਰਾਹਮਣ ਪੁਣੇ ਦਾ ਰੰਚਕ ਮਾਤ੍ਰ ਵੀ ਹੰਕਾਰ ਨਾ ਕੀਤਾ। ਜਦੋਂ ਮੁਨੀ ਤਿਲ ਜਿਤਨਾ ਵੀ ਨਾ ਡੋਲਿਆ, ਤਦੋਂ ਰਾਜੇ ਜਨਕ ਨੇ ਹੰਕਾਰ ਤੋਂ ਰਹਿਤ ਹੋਇਆ ਜਾਣ ਕੇ ਉਸ ਨੂੰ ਬਾਹਰ ਕਢਵਾਇਆ ਤੇ ਉਸ ਦਾ ਇਸ਼ਨਾਨ ਕਰਵਾ ਕੇ ਉਪਦੇਸ਼ ਦੇਣਾ ਕੀਤਾ। ਇਉਂ ਸੁਕਦੇਵ ਮੁਨੀ ਰਾਜੇ ਜਨਕ ਤੋਂ ਉਪਦੇਸ਼ ਲੈ ਕੇ ਗਿਆਨ ਅਵਸਥਾ ਵਿਚ ਜਾਗਿਆ ਸੀ।

**ਸਾਖੀ—ਅਕਰੂਰ ਭਗਤ ਦੀ :** ਅਕਰੂਰ ਭਗਤ ਰਿਸ਼ਤੇ ਵਿਚ ਦੁਆਪਰ ਜੁਗ ਦੇ ਅਵਤਾਰ ਕ੍ਰਿਸ਼ਨ ਭਗਵਾਨ ਦਾ ਚਾਚਾ ਸੀ। ਇਸ ਦੇ ਹੱਥ ਕ੍ਰਿਸ਼ਨ ਤੇ ਬਲਰਾਮ ਨੂੰ ਮਥੁਰਾ ਲਿਆਉਣ ਲਈ ਕੰਸ ਨੇ ਸੁਨੇਹਾ ਭੇਜਣਾ ਕੀਤਾ। ਜਿਸ ਸਮੇਂ ਇਹ ਕ੍ਰਿਸ਼ਨ ਅਤੇ ਬਲਰਾਮ ਨੂੰ ਲੈ ਕੇ ਗੋਕਲ ਵਿੱਚੋਂ ਚੱਲਿਆ, ਤਦੋਂ ਇਸ ਦੇ ਦਿਲ ਵਿਚ ਸੰਕਲਪ ਹੋਇਆ ਕਿ ਕ੍ਰਿਸ਼ਨ ਭਗਵਾਨ ਦੀ ਅਜੇ ਬਾਲਕ ਅਵਸਥਾ ਹੀ ਹੈ ਤੇ ਕੰਸ ਕਿਤੇ ਇਨ੍ਹਾਂ ਨੂੰ ਮਾਰ ਨਾ ਦੇਵੇ। ਇਉਂ ਅੰਦਰੋਂ ਘਬਰਾਇਆ ਹੋਇਆ ਜਮਨਾ ਦੇ ਕਿਨਾਰੇ ਰੱਥ ਖੜਾ ਕਰਕੇ ਜਦੋਂ

ਇਸ਼ਨਾਨ ਕਰਨ ਲੱਗਾ, ਉਸ ਵੇਲੇ ਭਗਵਾਨ ਕ੍ਰਿਸ਼ਨ ਨੇ ਆਪਣਾ ਹਜ਼ਾਰਾਂ ਮੂੰਹਾਂ ਤੇ ਹਜ਼ਾਰਾਂ ਹੱਥਾਂ ਪੈਰਾਂ ਵਾਲਾ ਵੈਰਾਟ ਰੂਪ ਦਿਖਾਇਆ। ਇਹ ਵੇਖ ਕੇ ਅਕਰੂਰ ਕ੍ਰਿਸ਼ਨ ਜੀ ਦੇ ਚਰਨੀਂ ਪੈ ਗਿਆ ਤੇ ਕ੍ਰਿਸ਼ਨ ਜੀ ਨੇ ਉਸ ਨੂੰ ਗਿਆਨ ਕਰਵਾਇਆ। ਇਸ ਪ੍ਰਕਾਰ ਅਕਰੂਰ ਭਗਤ ਵੀ ਗਿਆਨ ਅਵਸਥਾ ਵਿਚ ਜਾਗਿਆ ਹੈ।

**[ਅੰਗ ੧੧੯੪]**

## ਹਣਵੰਤੁ ਜਾਗੈ; ਧਰਿ ਲੰਕੂਰੁ ॥

ਲੰਕੂਰੁ = ਲਾਂਗਰ, ਪੂਛ ਨੂੰ ਧਰਿ = ਧਾਰਨ ਵਾਲਾ ਹਣਵੰਤੁ = ਹਨੂੰਮਾਨ ਵੀ ਗਿਆਨ ਅਵਸਥਾ ਵਿਚ ਜਾਗਦਾ ਹੈ **ਵਾ:** ਲੰਕੂਰੁ = ਪੂਛ ਨੂੰ ਧਾਰਨ ਵਾਲੇ ਨਲ ਨੀਲ, ਸੁਗ੍ਰੀਵ ਆਦਿ ਵੀ ਗਿਆਨ ਅਵਸਥਾ ਵਿਚ ਜਾਗ ਰਹੇ ਹਨ।

**ਸਾਖੀ—ਹਨੂੰਮਾਨ ਦੀ :** ਜਿਸ ਸਮੇਂ ਭਗਵਾਨ ਰਾਮ ਚੰਦ੍ਰ ਜੀ ਲੰਕਾ ਨੂੰ ਜਿੱਤ ਕੇ ਅਤੇ ਸੀਤਾ ਨੂੰ ਵਾਪਸ ਲੈ ਕੇ ਅਯੁੱਧਿਆ ਵਿਚ ਆਏ ਸਨ, ਉਸ ਸਮੇਂ ਇਕ ਰਾਜੇ ਨੇ ਆ ਕੇ ਰਾਮ ਚੰਦ੍ਰ ਜੀ ਦੇ ਚਰਨਾਂ ਉੱਪਰ ਨਮਸਕਾਰ ਕੀਤੀ ਤੇ ਇਕ ਰਤਨਾਂ ਦੀ ਮਾਲਾ ਭੇਂਟ ਕੀਤੀ। ਭਗਵਾਨ ਰਾਮ ਨੇ ਉਹ ਮਾਲਾ ਸੀਤਾ ਜੀ ਨੂੰ ਦੇ ਦਿੱਤੀ। ਸੀਤਾ ਜੀ ਨੇ ਅੱਗੇ ਹਨੂੰਮਾਨ ਨੂੰ ਪਿਆਰਾ ਸੇਵਕ ਜਾਣ ਕੇ ਦੇ ਦਿੱਤੀ। ਹਨੂੰਮਾਨ ਜੀ ਬੈਠ ਕੇ ਉਸ ਮਾਲਾ ਦੇ ਮਣਕਿਆਂ ਨੂੰ ਦੇਖ ਦੇਖ ਕੇ ਭੰਨੀ ਜਾਣ ਤੇ ਚੂਰਾ ਚੂਰਾ ਕਰਕੇ ਪਰ੍ਹੇ ਸੁੱਟੀ ਜਾਣ। ਇਹ ਦੇਖ ਕੇ ਰਾਜੇ ਨੇ ਰਾਮ ਚੰਦ੍ਰ ਜੀ ਨੂੰ ਕਿਹਾ ਕਿ ਭਗਵਾਨ ਜੀ ! ਤੁਸਾਂ ਨੇ ਰਤਨਾਂ ਦੀ ਮਾਲਾ ਦੀ ਕਦਰ ਨਹੀਂ ਜਾਣੀ। ਰਾਮ ਜੀ ਨੇ ਕਿਹਾ ਕਦਰ ਕਰਕੇ ਹੀ ਅਸਾਂ ਨੇ ਸੀਤਾ ਜੀ ਨੂੰ ਦਿੱਤੀ ਸੀ ਤੇ ਸੀਤਾ ਨੇ ਹਨੂੰਮਾਨ ਨੂੰ ਪਿਆਰਾ ਸੇਵਕ ਜਾਣ ਕੇ ਦਿੱਤੀ ਸੀ। ਹੇ ਰਾਜਨ ! ਜੇ ਤੈਨੂੰ ਕੋਈ ਸ਼ੰਕਾ ਹੈ ਤਾਂ ਤੂੰ ਖ਼ੁਦ ਹਨੂੰਮਾਨ ਕੋਲੋਂ ਹੀ ਪੁੱਛ ਲੈਣਾ ਕਰ। ਰਾਜੇ ਨੇ ਹਨੂੰਮਾਨ ਤੋਂ ਮਾਲਾ ਦੇ ਮਣਕੇ ਤੋੜਨ ਦਾ ਕਾਰਨ ਪੁੱਛਿਆ ਤਾਂ ਹਨੂੰਮਾਨ ਜੀ ਨੇ ਕਿਹਾ ਕਿ ਹੇ ਰਾਜਨ ! ਮੈਂ ਤਾਂ ਇਸ ਵਿਚ ਰਾਮ ਦਾ ਨਾਮ ਵੇਖ ਰਿਹਾ ਹਾਂ ਕਿ ਜੇਕਰ ਇਸ ਵਿਚ ਰਾਮ ਦਾ ਨਾਮ ਲਿਖਿਆ ਹੋਵੇ ਤਾਂ ਇਹ ਮੇਰੇ ਕੰਮ ਦੀ ਚੀਜ਼ ਹੈ। ਜੇਕਰ ਨਹੀਂ ਤਾਂ ਫੇਰ ਇਹ ਮੇਰੇ ਕਿਸੇ ਕੰਮ ਦੀ ਨਹੀਂ ਹੈ, ਭਾਵ ਮੇਰੇ ਲਈ ਰਾਮ ਤੋਂ ਬਿਨਾਂ ਇਹ ਰਤਨ ਵੀ ਕੌਡੀਆਂ ਤੋਂ ਨਿਕੰਮੇ ਹਨ। ਤਦੋਂ ਰਾਜੇ ਨੇ ਤਰਕ ਮਾਰ ਕੇ ਕਿਹਾ ਕਿ ਤੇਰੇ ਸਰੀਰ ਵਿਚ ਕਿਹੜਾ ਰਾਮ ਦਾ ਨਾਮ ਲਿਖਿਆ ਹੋਇਆ ਹੈ ? ਤਦੋਂ ਹਨੂੰਮਾਨ ਜੀ ਨੇ ਆਪਣੀ ਛਾਤੀ ਤੋਂ ਚਮੜੀ ਖਿੱਚ ਕੇ ਰੋਮ ਰੋਮ ਵਿਚ ਰਾਮ ਨਾਮ ਲਿਖਿਆ ਹੋਇਆ ਦਿਖਾਲ ਦਿੱਤਾ, ਇਹ ਦੇਖ ਕੇ ਰਾਜਾ ਹਨੂੰਮਾਨ ਜੀ ਦੇ ਚਰਨਾਂ ਉੱਪਰ ਡਿੱਗ ਪਿਆ। ਸੋ ਇਸ ਪ੍ਰਕਾਰ ਹਨੂੰਮਾਨ ਵੀ ਗਿਆਨ ਅਵਸਥਾ ਵਿਚ ਜਾਗ ਰਿਹਾ ਹੈ।

**ਸਾਖੀ—ਨਲ ਅਤੇ ਨੀਲ ਦੀ :** ਨਲ ਅਤੇ ਨੀਲ ਵੀ ਦੋਵੇਂ ਬਾਂਦਰ ਜਾਤੀ ਵਿੱਚੋਂ ਸਨ। ਇਹ ਨਦੀ ਦੇ ਕਿਨਾਰੇ ਰਹਿੰਦੇ ਸਨ। ਜਦੋਂ ਕੋਈ ਬ੍ਰਾਹਮਣ ਜਾਂ ਰਿਖੀ ਠਾਕੁਰਾਂ ਦਾ ਇਸ਼ਨਾਨ ਕਰਵਾਉਣ ਆਉਂਦੇ, ਤਦੋਂ ਇਹ ਉਨ੍ਹਾਂ ਦੇ ਬਸਤ੍ਰ ਜਾਂ ਠਾਕੁਰਾਂ ਨੂੰ ਡੋਬ ਦਿਆ ਕਰਨ, ਉਸ ਵੇਲੇ ਰਿਖੀਆਂ ਨੇ ਸਰਾਪ ਦਿੱਤਾ ਕਿ ਤੁਹਾਡੇ ਹੱਥੋਂ ਕੁਝ ਡੁੱਬਿਆ ਨਾ ਕਰੇ। ਫੇਰ ਜਿਸ ਸਮੇਂ ਭਗਵਾਨ ਰਾਮ ਚੰਦ੍ਰ ਜੀ ਲੰਕਾ ਨੂੰ ਜਾਣ ਵਾਸਤੇ ਪੁੱਲ ਬੰਨ੍ਹ ਰਹੇ ਸਨ, ਤਦੋਂ ਇਨ੍ਹਾਂ ਦੇ ਹੱਥੋਂ ਪੱਥਰ ਸੁਟਵਾਉਂਦੇ ਸਨ ਜੋ ਪੱਥਰ ਪਾਣੀ ਵਿਚ ਨਹੀਂ ਡੁੱਬਦੇ ਸਨ, ਪਰ ਉਹ ਪੱਥਰ ਇਧਰ ਉਧਰ ਖਿੰਡ ਜਾਇਆ ਕਰਨ। ਜਦੋਂ ਪੱਥਰਾਂ ਉਪਰ 'ਰਾ' ਤੇ 'ਮ' ਲਿਖ ਕੇ ਸੁੱਟਿਆ ਗਿਆ, ਤਦੋਂ ਉਹ ਆਪਸ ਵਿਚ ਜੁੜੇ ਤੇ ਸਾਰਾ ਪੁੱਲ ਬਣਿਆ। ਇਉਂ ਨਲ ਅਤੇ ਨੀਲ ਨੂੰ ਰਾਮ ਨਾਮ ਉਪਰ ਨਿਸਚਾ ਆ ਗਿਆ, ਇਸ ਪ੍ਰਕਾਰ ਉਹ ਵੀ ਤਰ ਗਏ ਸਨ।

## ਸੰਕਰੁ ਜਾਗੈ; ਚਰਨ ਸੇਵ ॥ ਕਲਿ ਜਾਗੇ; ਨਾਮਾ ਜੈਦੇਵ ॥੨॥

ਪਰਮਾਤਮਾ ਦੇ ਚਰਨਾਂ ਦੀ ਸੇਵ = ਟਹਿਲ ਕਰਕੇ ਸ਼ਿਵਜੀ ਵੀ ਗਿਆਨ ਅਵਸਥਾ ਵਿਚ ਜਾਗੈ = ਜਾਗਦਾ ਹੈ।

ਹੁਣ ਕਲਿ = ਕਲਿਜੁਗ ਦੇ ਸਮੇਂ ਵਿਚ ਭਗਤ ਨਾਮਾ = ਨਾਮਦੇਵ ਅਤੇ ਭਗਤ ਜੈਦੇਵ ਜੀ ਵੀ ਗਿਆਨ ਅਵਸਥਾ ਵਿਚ ਜਾਗੇ ਹਨ॥੨॥

## ਜਾਗਤ ਸੋਵਤ; ਬਹੁ ਪ੍ਰਕਾਰ॥

ਜਾਗਤ = ਜਾਗਣਾ ਅਤੇ ਸੋਵਤ = ਸੌਣਾ ਬਹੁ = ਬਹੁਤ ਪ੍ਰਕਾਰ = ਤਰ੍ਹਾਂ ਦਾ ਹੈ ਅਰਥਾਤ ਕਈ ਮੰਦ ਕਰਮ, ਚੋਰੀ ਆਦਿ ਕਰਨ ਲਈ ਰਾਤਾਂ ਨੂੰ ਜਾਗਦੇ ਹਨ ਉਹ ਜਾਗਣਾ ਪ੍ਰਵਾਨ ਨਹੀਂ ਹੈ, ਜੋ ਇਨ੍ਹਾਂ ਮੰਦ ਕਰਮਾਂ ਵੱਲੋਂ ਸੌਣਾ ਹੈ ਇਹ ਸੌਣਾ ਵੀ ਪ੍ਰਵਾਨ ਹੈ, ਜੋ ਭਜਨ ਸਿਮਰਨ ਵੱਲੋਂ ਸੌਣਾ ਹੈ ਇਹ ਸੌਣਾ ਵੀ ਪ੍ਰਵਾਨ ਨਹੀਂ ਹੈ, ਜੋ ਭਜਨ ਸਿਮਰਨ ਵਿਚ ਜਾਗਣਾ ਹੈ ਇਹ ਜਾਗਣਾ ਪ੍ਰਵਾਨ ਹੈ।

**ਵਾ:** ਪੱਥਰ ਘਣ ਸੁਖੋਪਤ ਅਵਸਥਾ ਵਿਚ ਸੁੱਤੇ ਪਏ ਹਨ, ਬਿਰਛ ਸੁਖੋਪਤ ਅਵਸਥਾ ਵਿਚ ਸੁੱਤੇ ਪਏ ਹਨ, ਪਸ਼ੂ ਆਦਿ ਸੁਪਨ ਅਵਸਥਾ ਵਿਚ ਸੁੱਤੇ ਪਏ ਹਨ ਅਤੇ ਮਨੁੱਖ ਨੂੰ ਜਾਗਦੇ ਦਿਮਾਗ਼ ਵਾਲਾ ਮੰਨਿਆ ਗਿਆ ਹੈ। ਇਉਂ ਪਾਂਬਰ ਪੁਰਖ ਘਣ ਸੁਖੋਪਤੀ ਅਵਸਥਾ ਵਿਚ ਸੁੱਤੇ ਪਏ ਹਨ, ਉਨ੍ਹਾਂ ਨੂੰ ਪਰਮਾਤਮਾ ਦੇ ਨਾਮ ਸਿਮਰਨ ਬਾਰੇ ਕੋਈ ਖ਼ਬਰ ਸਾਰ ਨਹੀਂ ਹੈ। ਇਕ ਵਿਸ਼ਈ ਪੁਰਖ ਵਿਸ਼ਿਆਂ ਵਿਚ ਲੱਗ ਕੇ ਵਿਸ਼ਿਆਂ ਦੀ ਪ੍ਰਵਿਰਤੀ ਲਈ ਪੁੰਨ ਦਾਨ ਕਰਦੇ ਹੋਏ ਸੁਖੋਪਤ ਅਵਸਥਾ ਵਿਚ ਸੁੱਤੇ ਪਏ ਹਨ। ਇਕ ਜਗਿਆਸੂ ਸੁਪਨ ਅਵਸਥਾ ਵਾਲੇ ਮੰਨੇ ਹੋਏ ਹਨ ਜਿਨ੍ਹਾਂ ਨੂੰ ਸਭ ਨਾਨਾ ਪ੍ਰਕਾਰ ਦਾ ਸੰਸਾਰ ਸੁਪਨੇ ਦੀ ਨਿਆਈਂ ਪ੍ਰਤੀਤ ਹੋ ਰਿਹਾ ਹੈ ਅਤੇ ਇਕ ਗਿਆਨਵਾਨ ਮਹਾਤਮਾ ਜਾਗਦੇ ਦਿਮਾਗ਼ (ਜਾਗਰਤ ਅਵਸਥਾ) ਵਾਲੇ ਹਨ ਜੋ ਇਕਾਗਰ ਚਿੱਤ ਕਰਕੇ ਗਿਆਨ ਅਵਸਥਾ ਵਿਚ ਜਾਗਦੇ ਰਹਿੰਦੇ ਹਨ ਅਤੇ ਸਾ-ਵਿਕਲਪ ਤੇ ਨਿਰਵਿਕਲਪ ਸਮਾਧੀ ਵਿਚ ਸੌਣਾ ਕਰਦੇ ਹਨ। ਇਉਂ ਜਾਗਣਾ ਅਤੇ ਸੌਣਾ ਬਹੁਤ ਪ੍ਰਕਾਰ ਦਾ ਹੈ।

## ਗੁਰਮੁਖਿ ਜਾਗੈ; ਸੋਈ ਸਾਰੁ॥

ਜੋ ਵੀ ਗੁਰਮੁਖਿ = ਮੁਖੀ ਗੁਰਾਂ ਦੁਆਰਾ ਗਿਆਨ ਅਵਸਥਾ ਵਿਚ ਜਾਗੈ = ਜਾਗਦਾ ਹੈ, ਸੋਈ = ਉਹੀ ਸਾਰੁ = ਸ੍ਰੇਸ਼ਟ ਰੂਪ ਦੀ ਪ੍ਰਾਪਤੀ ਕਰਦਾ ਹੈ **ਵਾ:** ਉਹੋ ਹੀ ਸ੍ਰੇਸ਼ਟ ਜੀਵਨ ਵਾਲਾ ਹੈ।

## ਇਸੁ ਦੇਹੀ ਕੇ; ਅਧਿਕ ਕਾਮ॥
## ਕਹਿ ਕਬੀਰ; ਭਜਿ ਰਾਮ ਨਾਮ॥੩॥੨॥

ਹੇ ਭਾਈ! ਇਸ ਮਨੁੱਖਾ ਦੇਹੀ ਕੇ = ਦੇ ਪਾਲਣ, ਪੋਸ਼ਣ ਆਦਿ ਦੇ ਅਧਿਕ = ਬਹੁਤ ਕਾਮ = ਕੰਮ ਹਨ **ਵਾ:** ਇਸ ਦੇਹੀ = ਜੀਵਾਤਮਾ ਦੇ ਅਧਿਕ = ਬਹੁਤ ਕੰਮ ਆਉਣ ਵਾਲਾ ਪਰਮਾਤਮਾ ਦਾ ਨਾਮ ਹੀ ਹੈ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਹੇ ਭਾਈ! ਰਾਮ = ਪਰਮਾਤਮਾ ਦਾ ਨਾਮ ਭਜਿ = ਸਿਮਰਨਾ ਕਰ॥੩॥੨॥

ਭਗਤ ਕਬੀਰ ਸਾਹਿਬ ਜੀ ਦੇ ਪਾਸ ਕੁਝ ਪੰਡਤਾਂ ਨੇ ਆ ਕੇ ਪ੍ਰਸ਼ਨ ਕੀਤਾ ਕਿ ਜਗਤ ਸਤ ਹੈ ਜਾਂ ਅਸੱਤ ਹੈ। ਤਦੋਂ ਭਗਤ ਕਬੀਰ ਸਾਹਿਬ ਜੀ ਜਗਤ ਨੂੰ ਅਜਾਤਵਾਦ, ਅਤਿਅੰਤਾਭਾਵ ਕਥਨ ਕਰਦੇ ਹੋਏ ਫ਼ੁਰਮਾਉਂਦੇ ਹਨ।

## ਜੋਇ; ਖਸਮੁ ਹੈ ਜਾਇਆ॥

ਹੇ ਭਾਈ! ਜਿਵੇਂ ਕੋਈ ਕਹੇ ਕਿ ਜੋਇ = ਇਸਤ੍ਰੀ ਨੇ ਆਪਣੇ ਖਸਮੁ = ਪਤੀ ਨੂੰ ਜਾਇਆ = ਪੈਦਾ ਕੀਤਾ ਹੋਇਆ ਹੈ।

## ਪੂਤਿ; ਬਾਪੁ ਖੇਲਾਇਆ ॥ ਬਿਨੁ ਸ੍ਰਵਣਾ; ਖੀਰੁ ਪਿਲਾਇਆ ॥੧॥

ਫੇਰ ਕਹੇ ਕਿ ਪੂਤਿ = ਪੁੱਤਰ ਨੇ ਆਪਣੇ ਬਾਪ = ਪਿਤਾ ਨੂੰ ਖੇਲਾਇਆ = ਖਿਡਾਉਣਾ ਕੀਤਾ ਹੈ ਅਤੇ ਸ੍ਰਵਣਾ = ਅਸਥਨਾਂ ਤੋਂ ਬਿਨੁ = ਬਗ਼ੈਰ ਹੀ ਮਾਂ ਨੇ ਬੱਚੇ ਨੂੰ ਖੀਰੁ = ਦੁੱਧ ਪਿਲਾਇਆ = ਪਿਲਾਉਣਾ ਕੀਤਾ ਹੋਵੇ, ਭਾਵ ਜਿਵੇਂ ਸਭ ਗੱਲਾਂ ਅਣਹੋਈਆਂ ਹਨ, ਇਉਂ ਹੀ ਇਸ ਸੰਸਾਰ ਨੂੰ ਸਮਝਣਾ ਕਰੋ, ਭਾਵ ਅਣਹੋਇਆ ਹੀ ਪ੍ਰਤੀਤ ਹੋ ਰਿਹਾ ਹੈ ॥੧॥

## ਦੇਖਹੁ ਲੋਗਾ; ਕਲਿ ਕੋ ਭਾਉ ॥
## ਸੁਤਿ ਮੁਕਲਾਈ; ਅਪਨੀ ਮਾਉ ॥੧॥ਰਹਾਉ॥

ਹੇ ਲੋਗਾ = ਲੋਕੋ ! ਦੇਖਹੁ = ਦੇਖਣਾ ਕਰੋ, ਕਲਿ = ਕਲਿਜੁਗ ਕੋ = ਦਾ ਭਾਉ = ਪ੍ਰਕਾਰ ਇਸ ਤਰ੍ਹਾਂ ਦਾ ਹੈ **ਵਾ:** ਕਲਿਜੁਗ ਦਾ ਭਾਉ = ਪ੍ਰੇਮ ਦੇਖਣਾ ਕਰੋ, ਭਾਵ ਚੂਹੇ ਤੇ ਬਿੱਲੀ, ਬਿੱਲੀ ਤੇ ਕੁੱਤੇ ਦਾ ਆਪੋ ਵਿਚ ਪਿਆਰ ਪਿਆ ਹੋਇਆ ਹੈ।

ਹੋਰ ਸੁਣੋ, ਜੇ ਕੋਈ ਕਹੇ ਕਿ ਸੁਤਿ = ਪੁੱਤਰ ਨੇ ਅਪਨੀ = ਆਪ ਦੀ ਮਾਉ = ਮਾਂ ਹੀ ਮੁਕਲਾਈ = ਮੁਕਲਾਵੇ ਲਿਆਂਦੀ ਹੋਵੇ। ਇਹ ਵੀ ਅਣਹੋਈ ਗੱਲ ਹੈ ॥੧॥ ਰਹਾਉ ॥

## ਪਗਾ ਬਿਨੁ; ਹੁਰੀਆ ਮਾਰਤਾ ॥ ਬਦਨੈ ਬਿਨੁ; ਖਿਰ ਖਿਰ ਹਾਸਤਾ ॥

ਜਿਵੇਂ ਕੋਈ ਪਗਾ = ਪੈਰਾਂ ਤੋਂ ਬਿਨੁ = ਬਗ਼ੈਰ ਹੋਵੇ ਅਤੇ ਵੱਡੀਆਂ ਵੱਡੀਆਂ ਹੁਰੀਆ = ਛਾਲਾਂ ਮਾਰਤਾ = ਮਾਰਦਾ ਹੋਵੇ।

ਜਿਵੇਂ ਕੋਈ ਬਦਨੈ = ਮੂੰਹ ਤੋਂ ਬਗ਼ੈਰ ਖਿਰ ਖਿਰ = ਖਿੜ ਖਿੜਾ ਕੇ ਹਾਸਤਾ = ਹੱਸਦਾ ਹੋਵੇ, ਇਹ ਵੀ ਅਣਹੋਈ ਗੱਲ ਹੈ।

## ਨਿਦ੍ਰਾ ਬਿਨੁ; ਨਰੁ ਪੈ ਸੋਵੈ ॥ ਬਿਨੁ ਬਾਸਨ; ਖੀਰੁ ਬਿਲੋਵੈ ॥੨॥

ਜਿਵੇਂ ਨਿਦ੍ਰਾ ਤੋਂ ਬਿਨੁ = ਬਗ਼ੈਰ ਕੋਈ ਨਰੁ = ਮਨੁੱਖ ਪਲੰਘੇ ਆਦਿ 'ਤੇ ਪੈ ਕੇ ਭਾਵ ਲੰਮੀਆਂ ਤਾਣ ਕੇ ਸੋਵੈ = ਸੌਣਾ ਕਰੇ।

ਕੋਈ ਬਾਸਨ = ਬਰਤਨ ਤੋਂ ਬਿਨੁ = ਬਗ਼ੈਰ ਖੀਰੁ = ਦੁੱਧ ਨੂੰ ਬਿਲੋਵੈ = ਰਿੜਕਣਾ ਕਰੇ, ਇਹ ਵੀ ਅਣਹੋਈਆਂ ਗੱਲਾਂ ਹਨ ॥੨॥

## ਬਿਨੁ ਅਸਥਨ; ਗਊ ਲਵੇਰੀ ॥ ਪੈਡੇ ਬਿਨੁ; ਬਾਟ ਘਨੇਰੀ ॥

ਅਸਥਨ = ਥਣਾਂ ਤੋਂ ਬਿਨੁ = ਬਗ਼ੈਰ ਗਊ = ਗਾਂ ਲਵੇਰੀ = ਦੁੱਧ ਦੇਂਦੀ ਪੈਡੇ = ਦੂਰੀ, ਫ਼ਾਸਲੇ ਤੋਂ ਬਿਨੁ = ਬਗ਼ੈਰ ਹੀ ਘਨੇਰੀ = ਬਹੁਤ ਬਾਟ = ਰਾਹ ਹੋਵੇ। ਜਿਵੇਂ ਇਹ ਵੀ ਅਣਹੋਈ ਗੱਲ ਹੈ, ਇਉਂ ਇਹ ਜਗਤ ਵੀ ਅਣਹੋਇਆ ਪ੍ਰਤੀਤ ਹੋ ਰਿਹਾ ਹੈ।

## ਬਿਨੁ ਸਤਿਗੁਰ; ਬਾਟ ਨ ਪਾਈ ॥ ਕਹੁ ਕਬੀਰ; ਸਮਝਾਈ ॥੩॥੩॥

ਪਰ ਸਤਿਗੁਰ ਤੋਂ ਬਿਨੁ = ਬਗ਼ੈਰ ਕਿਸੇ ਨੇ ਗਿਆਨ ਦੇ ਬਾਟ = ਰਸਤੇ ਦੀ ਪਾਈ = ਪ੍ਰਾਪਤੀ ਨਹੀਂ ਕੀਤੀ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਇਹ ਸਮਝਾਈ = ਸਮਝਾ ਕੇ ਦੱਸਿਆ ਹੈ ॥੩॥੩॥

## ਦੂਸਰਾ ਅਰਥ

**ਜੋਇ; ਖਸਮੁ ਹੈ ਜਾਇਆ॥**

ਮਾਇਆ ਰੂਪੀ ਜੋਇ = ਇਸਤ੍ਰੀ ਖਸਮੁ = ਮਾਲਕ ਈਸ਼ਰ ਨੇ (ਮਾਇਆ ਸਬਲ ਹੋ ਕੇ) ਜਗਤ ਜਾਇਆ = ਪੈਦਾ ਕੀਤਾ ਹੈ **ਵਾ:** ਮਾਇਆ ਰੂਪੀ ਇਸਤ੍ਰੀ ਨੇ ਪਰਮਾਤਮਾ ਨੂੰ ਜੀਵ ਰੂਪ ਕਰਕੇ ਪੈਦਾ ਕਰ ਦਿੱਤਾ ਹੈ।

**ਪੂਤਿ; ਬਾਪੁ ਖੇਲਾਇਆ॥ ਬਿਨੁ ਸ੍ਰਵਣਾ; ਖੀਰੁ ਪਿਲਾਇਆ॥੧॥**

ਇਸ ਜਗਤ ਵਿਚ ਮਨ ਰੂਪੀ ਪੂਤਿ = ਪੁੱਤਰ ਨੇ ਅਸ਼ੁੱਧ ਮਨ ਵਾਲੇ ਜੀਵ ਰੂਪੀ ਬਾਪ ਨੂੰ ਪਦਾਰਥਾਂ ਵਿਚ ਖਿਡਾਉਣਾ ਕੀਤਾ ਹੈ।

ਇੰਦ੍ਰਿਆਂ ਰੂਪੀ ਸ੍ਰਵਣਾ = ਥਣਾਂ ਤੋਂ ਬਿਨੁ = ਬਗ਼ੈਰ ਰਹਿਣ ਵਾਲੀ ਮਾਇਆ ਆਪਣਾ ਮਿਥਿਆ ਸੁਖ ਵਿਖਾਉਣ ਰੂਪ ਦੁੱਧ ਪਿਲਾ ਰਹੀ ਹੈ॥੧॥

**ਦੇਖਹੁ ਲੋਗਾ; ਕਲਿ ਕੋ ਭਾਉ॥ ਸੁਤਿ ਮੁਕਲਾਈ; ਅਪਨੀ ਮਾਉ॥੧॥ ਰਹਾਉ॥**

ਹੇ ਲੋਗਾ = ਲੋਕੋ ! ਦੇਖਹੁ = ਦੇਖਣਾ ਕਰੋ ਕਿਵੇਂ ਕਲਿ = ਅਵਿਦਿਆ ਦਾ ਭਾਉ = ਪ੍ਰਕਾਰ ਹੋ ਰਿਹਾ ਹੈ।

ਜੀਵ ਰੂਪੀ ਸੁਤਿ = ਪੁੱਤਰ ਨੇ ਆਪਣੀ ਮਾਂ ਮਾਇਆ ਆਪ ਹੀ ਵਿਆਹੀ ਹੋਈ ਭਾਵ ਇਹ ਮਾਇਆ ਈਸ਼ਰ ਦੀ ਹੈ ਪਰ ਇਸਨੂੰ ਜੀਵ ਆਪਣੀ ਮੰਨੀ ਬੈਠਾ ਹੈ॥੧॥ਰਹਾਉ॥

**ਪਗਾ ਬਿਨੁ; ਹੁਰੀਆ ਮਾਰਤਾ॥ ਬਦਨੈ ਬਿਨੁ; ਖਿਰ ਖਿਰ ਹਾਸਤਾ॥**

ਇਹ ਮਨ ਪ੍ਰਤੱਖ ਪੈਰਾਂ ਤੋਂ ਬਿਨਾਂ ਸੰਕਲਪਾਂ ਦੀਆਂ ਵੱਡੀਆਂ ਵੱਡੀਆਂ ਛਾਲਾਂ ਮਾਰ ਰਿਹਾ ਹੈ।

ਪ੍ਰਤੱਖ ਮੂੰਹ ਤੋਂ ਬਿਨਾਂ ਅੰਦਰੇ ਹੀ ਖਿੜ ਖਿੜ ਕੇ ਹਾਸਤਾ = ਹੱਸ ਰਿਹਾ ਹੈ।

**ਨਿਦ੍ਰਾ ਬਿਨੁ; ਨਰੁ ਪੈ ਸੋਵੈ॥ ਬਿਨੁ ਬਾਸਨ; ਖੀਰੁ ਬਿਲੋਵੈ॥੨॥**

ਇਹ ਨਰ = ਜੀਵ ਸ਼ੁੱਧ ਸਰੂਪ ਵਿਚ ਅਵਿਦਿਆ ਰੂਪੀ ਨੀਂਦ ਤੋਂ ਬਿਨੁ = ਬਗ਼ੈਰ ਹੈ ਪਰ ਮਲਿਨ ਭਾਵ ਕਰਕੇ ਅਵਿਦਿਆ ਵਿਚ ਪੈ ਕੇ ਸੁੱਤਾ ਪਿਆ ਹੈ, ਭਾਵ ਪਰਮਾਦੀ ਹੋ ਰਿਹਾ ਹੈ।

ਸ਼ੁੱਧ ਭਾਵਨਾ ਰੂਪੀ ਭਾਂਡੇ ਤੋਂ ਬਿਨਾਂ ਸਕਾਮ ਕਰਮਾਂ ਰੂਪੀ ਦੁੱਧ ਨੂੰ ਰਿੜਕ ਰਿਹਾ ਹੈ॥੨॥

**ਬਿਨੁ ਅਸਥਨ; ਗਊ ਲਵੇਰੀ॥ ਪੈਡੇ ਬਿਨੁ; ਬਾਟ ਘਨੇਰੀ॥**

ਇਹ ਮਾਇਆ ਰੂਪੀ ਗਾਂ ਸੁਖ ਰੂਪੀ ਅਸਥਨਾਂ ਤੋਂ ਬਗ਼ੈਰ ਹੈ, ਪਰ ਜੀਵ ਨੇ ਲਵੇਰੀ = ਦੁੱਧ ਆਦਿ ਪਦਾਰਥ ਦੇਣ ਵਾਲੀ ਮੰਨਿਆ ਹੋਇਆ ਹੈ।

ਜੀਵ ਦਾ ਸ਼ੁੱਧ ਸਰੂਪ ਆਵਾ ਗਵਣ ਦੇ ਪੈਂਡੇ ਤੋਂ ਬਿਨੁ = ਬਗ਼ੈਰ ਹੈ, ਪਰ ਮਾਇਆ ਦੇ ਬਲ ਕਰਕੇ ਇਸ ਜੀਵ ਨੇ ਘਨੇਰੀ = ਬਹੁਤ ਵਾਟ ਮੰਨੀ ਹੋਈ ਹੈ।

**ਬਿਨੁ ਸਤਿਗੁਰ; ਬਾਟ ਨ ਪਾਈ॥ ਕਹੁ ਕਬੀਰ; ਸਮਝਾਈ॥੩॥੩॥**

ਸਤਿਗੁਰਾਂ ਤੋਂ ਬਿਨਾਂ ਵਿਚਾਰ, ਭਗਤੀ ਰੂਪੀ ਰਸਤਾ ਨਹੀਂ ਪਾਈਦਾ। ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਇਹ ਗੱਲ ਅਸੀਂ ਸਮਝਾ ਕੇ ਕਥਨ ਕੀਤੀ ਹੈ॥੩॥੩॥

## ਤੀਸਰਾ ਅਰਥ

**ਜੋਇ; ਖਸਮੁ ਹੈ ਜਾਇਆ॥**

ਜਿਸ ਦੇ ਹਿਰਦੇ ਅੰਦਰ ਭਗਤੀ ਰੂਪੀ ਜੋਇ = ਇਸਤ੍ਰੀ ਵੱਸ ਰਹੀ ਹੈ, ਉਸਦੇ ਹਿਰਦੇ ਅੰਦਰ ਖਸਮੁ = ਮਾਲਕ ਪ੍ਰਭੂ ਨੇ ਗਿਆਨ ਰੂਪੀ ਪੁੱਤਰ ਜਾਇਆ = ਪੈਦਾ ਕੀਤਾ ਹੈ।

**ਪੂਤਿ; ਬਾਪੁ ਖੇਲਾਇਆ ॥ ਬਿਨੁ ਸ੍ਰਵਣਾ; ਖੀਰੁ ਪਿਲਾਇਆ ॥੧॥**

ਜਿਨ੍ਹਾਂ ਅੰਦਰ ਬ੍ਰਹਮ ਗਿਆਨ ਪੈਦਾ ਹੋਇਆ ਹੈ, ਉਨ੍ਹਾਂ ਦਾ ਵੈਰਾਗ ਰੂਪੀ ਪੁੱਤਰ ਮਨ ਰੂਪੀ ਬਾਪ ਨੂੰ ਪ੍ਰੇਮ ਦੀ ਖੇਡ ਵਿਚ ਖਿਡਾਉਣਾ ਕਰਦਾ ਹੈ।

ਔਗੁਣ ਕਰਨ ਰੂਪ ਸ੍ਰਵਣਾ = ਅਸਥਨਾਂ ਦੇ ਛੇਕਾਂ ਤੋਂ ਬਿਨਾਂ ਹੋ ਕੇ ਨਿਸ਼ਕਾਮ ਕਰਮਾਂ ਰੂਪੀ ਦੁੱਧ ਪਿਲਾਉਣਾ ਕੀਤਾ ਹੈ ॥੧॥

**ਦੇਖਹੁ ਲੋਗਾ; ਕਲਿ ਕੋ ਭਾਉ ॥ ਸੁਤਿ ਮੁਕਲਾਈ; ਅਪਨੀ ਮਾਉ ॥੧॥ ਰਹਾਉ ॥**

ਹੇ ਲੋਗਾ = ਲੋਕੋ ! ਦੇਖਣਾ ਕਰੋ ਕਲਿ = ਸ਼ਾਂਤ ਰੂਪ ਪਰਮਾਤਮਾ ਦੀ ਭਗਤੀ ਦਾ ਐਸਾ ਪ੍ਰਕਾਰ ਹੈ **ਵਾ:** ਕਲਿ = ਕਲਿਜੁਗ ਦੇ ਅੰਦਰ ਆਪਣੇ ਭਾਉ = ਪ੍ਰੇਮ ਦਾ ਪ੍ਰਕਾਸ਼ ਕੀਤਾ ਹੈ।

ਜਿਹੜਾ ਜੀਵ ਰੂਪੀ ਪੁੱਤਰ ਮਾਇਆ ਨੂੰ ਆਪਣੀ ਮੰਨੀ ਬੈਠਾ ਸੀ, ਹੁਣ ਉਸ ਵੱਲੋਂ ਮੁਕਲਾਈ = ਮੋਕਲਾ ਹੀ ਕਰ ਛੱਡਿਆ ਹੈ, ਭਾਵ ਮਾਇਆ ਦੇ ਮੋਹ ਵੱਲੋਂ ਵਿਹਲਾ ਹੋ ਗਿਆ ਹੈ ॥੧॥ ਰਹਾਉ ॥

**ਪਗਾ ਬਿਨੁ; ਹੁਰੀਆ ਮਾਰਤਾ ॥ ਬਦਨੈ ਬਿਨੁ; ਖਿਰ ਖਿਰ ਹਾਸਤਾ ॥**

ਇਹ ਮਨ ਪਹਿਲਾਂ ਸੰਕਲਪ-ਵਿਕਲਪ ਰੂਪੀ ਪੈਰਾਂ ਨਾਲ ਛਾਲਾਂ ਮਾਰਦਾ ਸੀ, ਹੁਣ ਇਸ ਨੂੰ ਸਮ ਦਮ ਸਾਧਨਾ ਨਾਲ ਸੰਕਲਪ ਵਿਕਲਪ ਰੂਪੀ ਪੈਰਾਂ ਤੋਂ ਬਿਨਾਂ ਕਰ ਦਿੱਤਾ ਹੈ ਅਤੇ ਹੁਣ ਇਹ ਤੁਰੀਆ ਪਦ ਵਿਚ ਪਹੁੰਚਣ ਲਈ ਦੇਹ ਅਭਿਮਾਨ ਤੋਂ ਪਰ੍ਹੇ ਹੋਣ ਰੂਪ ਛਾਲਾਂ ਮਾਰ ਰਿਹਾ ਹੈ।

ਜੋ ਪਹਿਲਾਂ ਅਨੇਕ ਤਰ੍ਹਾਂ ਦੀ ਵਾਸ਼ਨਾ ਕਰਕੇ ਖਿੜ ਖਿੜ ਕੇ ਹੱਸਦਾ ਸੀ, ਹੁਣ ਇਸ ਨੂੰ ਬਦਨੈ = ਮੁਖ, ਵਚਨ ਬੋਲਣ ਤੋਂ ਬਿਨਾਂ ਕਰ ਦਿੱਤਾ ਹੈ।

**ਨਿਦ੍ਰਾ ਬਿਨੁ; ਨਰੁ ਪੈ ਸੋਵੈ ॥ ਬਿਨੁ ਬਾਸਨ; ਖੀਰੁ ਬਿਲੋਵੈ ॥੨॥**

ਜੋ ਜੀਵ ਪਹਿਲਾਂ ਅਵਿੱਦਿਆ ਦੀ ਨੀਂਦ ਵਿਚ ਪੈ ਕੇ ਸੁੱਤਾ ਰਹਿੰਦਾ ਸੀ, ਹੁਣ ਅਵਿੱਦਿਆ ਰੂਪੀ ਨੀਂਦ ਤੋਂ ਬਿਨੁ = ਬਗ਼ੈਰ ਹੋ ਰਿਹਾ ਹੈ।

ਜੀਵ ਬਾਸਨ = ਵਾਸ਼ਨਾ ਤੋਂ ਬਿਨਾਂ ਹੋ ਗਿਆ ਹੈ ਅਤੇ ਸ਼ਰਧਾ ਰੂਪੀ ਬਰਤਨ ਵਿਚ ਨਿਸ਼ਕਾਮ ਕਰਮਾਂ ਰੂਪੀ ਦੁੱਧ ਪਾ ਕੇ ਰਿੜਕਨਾ ਕਰਦਾ ਹੈ ॥੨॥

**ਬਿਨੁ ਅਸਥਨ; ਗਊ ਲਵੇਰੀ ॥ ਪੈਡੇ ਬਿਨੁ; ਬਾਟ ਘਨੇਰੀ ॥**

ਜਿਹੜੀ ਮਾਇਆ ਰੂਪੀ ਗਊ ਪਹਿਲਾਂ ਜੀਵ ਨੇ ਸੁੱਖ ਰੂਪੀ ਦੁੱਧ ਦੇਣ ਵਾਲੀ ਸਮਝੀ ਹੋਈ ਸੀ, ਉਹ ਹੁਣ ਭਗਤੀ ਕਰਕੇ ਅਸੱਤ ਜੜ ਦੁਖ ਰੂਪ ਬਿਨਾਂ ਅਸਥਨ ਤੋਂ ਸਮਝ ਲਈ ਹੈ।

ਜੋ ਪਹਿਲਾਂ ਜੀਵ ਚੌਰਾਸੀ ਲੱਖ ਜੂਨਾਂ ਦੀ ਬਹੁਤ ਲੰਮੀ ਵਾਟ ਵਿਚ ਪਿਆ ਰਹਿੰਦਾ ਸੀ, ਹੁਣ ਭਗਤੀ ਕਰਕੇ ਉਸ ਜੰਮਣ-ਮਰਣ ਦੇ ਪੈਂਡੇ ਤੋਂ ਬਿਨਾਂ ਹੋ ਗਿਆ ਹੈ।

**ਬਿਨੁ ਸਤਿਗੁਰ; ਬਾਟ ਨ ਪਾਈ ॥ ਕਹੁ ਕਬੀਰ; ਸਮਝਾਈ ॥੩॥੩॥**

ਪਰ ਸਤਿਗੁਰੂ ਤੋਂ ਬਿਨੁ = ਬਗ਼ੈਰ ਕਿਸੇ ਨੇ ਵੀ ਭਗਤੀ ਰੂਪੀ ਰਸਤੇ ਦੀ ਪ੍ਰਾਪਤੀ ਨਹੀਂ ਕੀਤੀ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਇਹ ਸਮਝਾ ਕੇ ਗੱਲ ਕਹੀ ਹੈ ਕਿ ਭਗਤੀ ਕਰਕੇ ਸਾਰੇ ਗੁਣ ਪ੍ਰਾਪਤ ਹੁੰਦੇ ਹਨ ॥੩॥੩॥

ਭਗਤ ਕਬੀਰ ਸਾਹਿਬ ਜੀ ਤੋਂ ਕਿਸੇ ਜਗਿਆਸੂ ਨੇ ਪੁੱਛਿਆ ਕਿ ਭਗਤ ਪ੍ਰਹਿਲਾਦ ਦੀ ਪਰਮਾਤਮਾ ਨੇ ਕਿਵੇਂ ਰੱਖਿਆ ਕੀਤੀ ਸੀ। ਤਦੋਂ ਉੱਤਰ ਵਿਚ ਕਥਨ ਕਰਦੇ ਹਨ।

## ਪ੍ਰਹਲਾਦ ਪਠਾਏ; ਪੜਨਸਾਲ ॥ ਸੰਗਿ ਸਖਾ; ਬਹੁ ਲੀਏ ਬਾਲ ॥

ਜਿਸ ਸਮੇਂ ਭਗਤ ਪ੍ਰਹਲਾਦ ਜੀ ਪੜ੍ਹਨ ਵਾਲੇ ਸਾਲ = ਘਰ (ਪਾਠਸ਼ਾਲਾ) ਵਿਚ ਪਠਾਏ = ਭੇਜਣਾ ਕੀਤੇ।

ਭਗਤ ਪ੍ਰਹਲਾਦ ਜੀ ਨੇ ਸੰਗਿ = ਨਾਲ ਬਹੁ = ਬਹੁਤ ਸਾਰੇ ਆਪਣੇ ਸਖਾ = ਮਿੱਤਰ ਬਾਲ = ਬਾਲਕ ਲੀਏ = ਲੈਣਾ ਕੀਤੇ ਸਨ।

ਜਦੋਂ ਪਾਠਸ਼ਾਲਾ ਵਿਚ ਸੰਡਾ ਤੇ ਮਰਕਾ ਰਾਜਨੀਤ ਆਦਿ ਦੀ ਵਿੱਦਿਆ ਪੜ੍ਹਾਉਣ ਲੱਗੇ, ਤਦੋਂ ਪ੍ਰਹਿਲਾਦ ਜੀ ਨੇ ਕਿਹਾ :

## ਮੋਕਉ ਕਹਾ ਪੜ੍ਾਵਸਿ; ਆਲ ਜਾਲ ॥

ਹੇ ਪਾਂਧਾ ਜੀ ! ਮੋਕਉ = ਮੇਰੇ ਤਾਈਂ ਆਲ = ਘਰ ਦੇ ਜਾਲ = ਧੰਦਿਆਂ ਵਿਚ ਫਸਣ ਦੀ ਵਿੱਦਿਆ ਕਹਾ = ਕੀ ਪੜ੍ਾਵਸਿ = ਪੜ੍ਹਾਉਣਾ ਕਰਦੇ ਹੋ।

## ਮੇਰੀ ਪਟੀਆ ਲਿਖਿ ਦੇਹੁ; ਸ੍ਰੀ ਗੋੁਪਾਲ ॥੧॥

ਮੇਰੀ ਪਟੀਆ = ਪੱਟੀ ਉੱਪਰ ਸ੍ਰੀ = ਸ਼ੋਭਾ ਦੇ ਮਾਲਕ ਗੋੁਪਾਲ = ਪਰਮਾਤਮਾ ਦਾ ਨਾਮ ਲਿਖ ਦੇਹੁ = ਦੇਣਾ ਕਰੋ ॥੧॥

ਅੱਗੋਂ ਪਾਂਧੇ ਨੇ ਝਿੜਕਣਾ ਕੀਤਾ ਕਿ ਪਰਮਾਤਮਾ ਦਾ ਨਾਮ ਲੈਣਾ ਤੇਰੇ ਪਿਤਾ ਦਾ ਹੁਕਮ ਨਹੀਂ ਹੈ, ਇਸ ਲਈ ਤੂੰ ਇਹ ਨਾਮ ਲੈਣਾ ਛੱਡ ਦੇ।

## ਨਹੀ ਛੋਡਉ; ਰੇ ਬਾਬਾ ਰਾਮ ਨਾਮ ॥

ਰੇ = ਹੇ ਬਾਬਾ = ਪਾਂਧਾ ਜੀ ! ਮੈਂ ਰਾਮ = ਪਰਮਾਤਮਾ ਦਾ ਨਾਮ ਜਪਣਾ ਨਹੀਂ ਛੋਡਉ = ਛੱਡਾਂਗਾ।

## ਮੇਰੋ ਅਉਰ ਪੜਨ ਸਿਉ; ਨਹੀ ਕਾਮੁ ॥੧॥ ਰਹਾਉ ॥

ਮੇਰੋ = ਮੇਰਾ ਪਰਮਾਤਮਾ ਦੇ ਨਾਮ ਤੋਂ ਬਿਨਾਂ ਅਉਰ = ਹੋਰ ਰਾਜਨੀਤ, ਦੈਂਤਾਂ ਦੀ ਵਿੱਦਿਆ ਆਦਿ ਕੁਝ ਪੜ੍ਹਨ ਦੇ ਸਿਉ = ਨਾਲ ਕੋਈ ਕਾਮੁ = ਕੰਮ ਨਹੀਂ ਹੈ ॥੧॥ਰਹਾਉ॥

## ਸੰਡੈ ਮਰਕੈ; ਕਹਿਓ ਜਾਇ ॥ ਪ੍ਰਹਲਾਦ ਬੁਲਾਏ; ਬੇਗਿ ਧਾਇ ॥

ਫੇਰ ਸੰਡੇ ਅਤੇ ਮਰਕੇ ਨੇ ਪ੍ਰਹਿਲਾਦ ਦੀ ਮਾਤਾ ਕੋਲ ਜਾਇ = ਜਾ ਕੇ ਕਹਿਓ = ਕਹਿਣਾ ਕੀਤਾ ਕਿ ਪ੍ਰਹਿਲਾਦ ਹਰਨਾਖਸ਼ ਦੇ ਦੁਸ਼ਮਨ ਵਿਸ਼ਨੂੰ ਦੀ ਭਗਤੀ ਕਰਦਾ ਰਹਿੰਦਾ ਹੈ।

ਉਸ ਵੇਲੇ ਬੇਗਿ = ਛੇਤੀ ਨਾਲ ਧਾਇ = ਹਲਕਾਰੇ ਨੂੰ ਭੇਜ ਕੇ ਪ੍ਰਹਲਾਦ ਭਗਤ ਜੀ ਆਪਣੇ ਪਾਸ ਬੁਲਾਏ = ਬੁਲਾ ਲਏ।

## ਤੂ; ਰਾਮ ਕਹਨ ਕੀ ਛੋਡੁ ਬਾਨਿ ॥
## ਤੁਝੁ ਤੁਰਤੁ ਛਡਾਊ; ਮੇਰੋ ਕਹਿਓ ਮਾਨਿ ॥੨॥

ਫੇਰ ਮਾਂ ਨੇ ਕਿਹਾ ਕਿ ਹੇ ਪ੍ਰਹਿਲਾਦ ! ਤੂੰ ਰਾਮ ਨਾਮ ਕਹਨ = ਆਖਣ ਕੀ = ਦੀ ਬਾਨਿ = ਆਦਤ ਛੋਡੁ = ਛੱਡ ਦੇਣਾ ਕਰ।

ਤੂੰ ਮੇਰਾ ਕਹਿਓ = ਆਖਾ ਮਾਨਿ = ਮੰਨ ਲੈਣਾ ਕਰ, ਮੈਂ ਤੈਨੂੰ ਤੁਰਤੁ = ਛੇਤੀ ਨਾਲ ਛੁਡਾਉ = ਛੁਡਾ ਲਵਾਂਗੀ ॥੨॥

ਫੇਰ ਜਦੋਂ ਹਰਨਾਖਸ਼ ਨੂੰ ਪਤਾ ਲੱਗਾ ਤਾਂ ਉਸ ਨੇ ਪਕੜ ਕੇ ਬਹੁਤ ਡਰਾਇਆ ਪਰ ਪ੍ਰਹਿਲਾਦ ਨਾ ਡਰਿਆ, ਫੇਰ ਪ੍ਰਹਿਲਾਦ ਨੂੰ ਪਾਣੀ ਵਿਚ ਸੁੱਟਿਆ ਗਿਆ, ਪਹਾੜ ਤੋਂ ਸੁੱਟਿਆ ਗਿਆ ਆਦਿ ਸਜ਼ਾ ਦਿੱਤੀ, ਜਦ ਫੇਰ ਵੀ ਪ੍ਰਹਿਲਾਦ ਨੂੰ ਕੁਝ ਨਾ ਹੋਇਆ। ਫੇਰ ਹਰਨਾਖਸ਼ ਨੂੰ ਕਿਹਾ ਕਿ ਮੈਂ ਤੈਨੂੰ ਮਾਰਾਂਗਾ, ਤਦੋਂ ਪ੍ਰਹਿਲਾਦ ਨੇ ਕਿਹਾ ਕਿ :

## ਮੋਕਉ ਕਹਾ ਸਤਾਵਹੁ; ਬਾਰ ਬਾਰ ॥ ਪ੍ਰਭਿ; ਜਲ ਥਲ ਗਿਰਿ ਕੀਏ ਪਹਾਰ ॥

ਮੋਕਉ = ਮੇਰੇ ਤਾਈਂ ਐਵੇਂ ਬਾਰ ਬਾਰ = ਮੁੜ ਮੁੜ ਕੇ ਕੀ ਸਤਾਵਹੁ = ਸਤਾਉਣਾ ਕਰਦੇ ਹੋ।

ਇਹ ਜਲ = ਪਾਣੀ ਵਾਲੀਆਂ ਥਾਵਾਂ, ਥਲ = ਖ਼ੁਸ਼ਕ ਥਾਵਾਂ ਅਤੇ ਗਿਰਿ = ਵੱਡੇ ਵੱਡੇ ਪਹਾਰ = ਪਹਾੜ ਪ੍ਰਭਿ = ਪਰਮਾਤਮਾ ਨੇ ਹੀ ਬਣਾਉਣਾ ਕੀਤੇ ਹਨ।

## ਇਕੁ ਰਾਮੁ ਨ ਛੋਡਉ; ਗੁਰਹਿ ਗਾਰਿ ॥
## ਮੋਕਉ ਘਾਲਿ ਜਾਰਿ; ਭਾਵੈ ਮਾਰਿ ਡਾਰਿ ॥੩॥

ਮੈਂ ਇਕੁ ਰਾਮੁ = ਪਰਮਾਤਮਾ ਦਾ ਨਾਮ ਜਪਣਾ ਨਹੀਂ ਛੋਡਉ = ਛੱਡਾਂਗਾ, ਕਿਉਂਕਿ ਨਾਮ ਛੱਡਣ ਨਾਲ ਮੇਰੇ ਗੁਰਹਿ = ਗੁਰੂ (ਨਾਰਦ ਮੁਨੀ) ਨੂੰ ਗਾਰਿ = ਗਾਲ੍ਹੀ, ਕਲੰਕ ਲੱਗੇਗਾ ਕਿ ਨਾਰਦ ਮੁਨੀ ਦੇ ਚੇਲੇ ਨੇ ਆਪਣੇ ਪਿਓ ਤੋਂ ਡਰਦਿਆਂ ਨਾਮ ਜਪਣਾ ਛੱਡ ਦਿੱਤਾ ਹੈ।

**ਅਥਵਾ** ਮੈਂ ਰਾਮ ਨਾਮ ਨਹੀਂ ਛੱਡਾਂਗਾ, ਕਿਉਂਕਿ ਰਾਮ ਨਾਮ ਛੱਡਣ ਕਰਕੇ ਮੇਰੀ ਕੁਝ ਗਾਰਿ = ਗਲ ਜਾਏਗੀ **ਵਾ:** ਮੈਂ ਆਪਣੇ ਗੁਰੂ ਕੀ ਗਾਰਿ = ਸੁਗੰਧ ਖਾ ਕੇ ਕਹਿੰਦਾ ਹਾਂ ਕਿ ਮੈਂ ਰਾਮ ਨਾਮ ਜਪਣਾ ਨਹੀਂ ਛੱਡਾਂਗਾ।

ਮੋਕਉ = ਮੇਰੇ ਤਾਈਂ ਭਾਵੇਂ ਅੱਗ ਵਿਚ ਘਾਲਿ = ਪਾ ਕੇ ਜਾਰਿ = ਸਾੜ ਦੇਵੋ, ਭਾਵੇਂ ਕਿਸੇ ਸ਼ਾਸਤ੍ਰ ਨਾਲ ਮਾਰ ਕੇ ਡਾਰਿ = ਸੁੱਟ ਦੇਵੋ ॥੩॥

## ਕਾਢਿ ਖੜਗੁ; ਕੋਪਿਓ ਰਿਸਾਇ ॥ ਤੁਝ ਰਾਖਨਹਾਰੋ; ਮੋਹਿ ਬਤਾਇ ॥

(ਦੂਜਾ ਪਾਠ **ਕੋ ਪਿਓ ਰਿਸਾਇ**)

ਉਸ ਸਮੇਂ ਹਰਨਾਖਸ਼ ਖੜਗੁ = ਤਲਵਾਰ ਕਾਢਿ = ਕੱਢ ਕੇ ਰਿਸਾਇ = ਖਿੱਝ ਕੇ ਕੋਪਿਓ = ਗ਼ੁੱਸੇ ਦੇ ਸਹਿਤ ਹੋਇਆ **ਅਥਵਾ** ਤਲਵਾਰ ਕੋ = ਨੂੰ ਕੱਢ ਕੇ ਪ੍ਰਹਿਲਾਦ ਦਾ ਪਿਓ = ਪਿਤਾ ਰਿਸਾਇ = ਗ਼ੁੱਸੇ ਦੇ ਸਹਿਤ ਹੋਇਆ।

ਅਤੇ ਕਹਿਣ ਲੱਗਾ ਕਿ ਹੁਣ ਤੁਝ = ਤੈਨੂੰ ਮੇਰੇ ਕੋਲੋਂ ਕਿਹੜਾ ਰਾਖਨਹਾਰੋ = ਰੱਖਿਆ ਕਰਕੇ ਬਚਾਉਣ ਵਾਲਾ ਹੈ, ਤੂੰ ਮੋਹਿ = ਮੈਨੂੰ ਬਤਾਇ = ਦੱਸਣਾ ਕਰ।

## ਪ੍ਰਭ ਥੰਭ ਤੇ ਨਿਕਸੇ; ਕੈ ਬਿਸਥਾਰ ॥ ਹਰਨਾਖਸੁ ਛੇਦਿਓ; ਨਖ ਬਿਦਾਰ ॥੪॥

ਤਦੋਂ ਬਿਸਥਾਰ = ਵੱਡਾ ਸਰੂਪ ਧਾਰ ਕੈ = ਕਰਕੇ ਪ੍ਰਭੂ ਜੀ ਥੰਭ = ਥਮਲੇ ਤੇ = ਤੋਂ ਬਾਹਰ ਨਿਕਸੇ = ਨਿਕਲ ਆਏ।

ਤਦੋਂ ਹਰਨਾਖਸ਼ ਨੂੰ ਨਖ = ਨੌਂਹਾਂ ਨਾਲ ਬਿਦਾਰ = ਪਾੜ ਕੇ ਛੇਦਿਓ = ਚੀਰ, ਨਾਸ਼ ਕਰ ਦਿੱਤਾ ॥੪॥

## ਓਇ ਪਰਮ ਪੁਰਖ; ਦੇਵਾਧਿ ਦੇਵ ॥ ਭਗਤਿ ਹੇਤਿ; ਨਰਸਿੰਘ ਭੇਵ ॥

ਓਇ = ਉਹ ਪਰਮਾਤਮਾ ਸਭ ਤੋਂ ਪਰਮ = ਵੱਡਾ, ਪੁਰਖ = ਵਿਆਪਕ ਅਤੇ ਦੇਵਾਧਿ ਦੇਵ = ਦੇਵਤਿਆਂ ਦਾ ਵੀ ਵੱਡਾ ਦੇਵਤਾ ਹੈ **ਵਾ:** ਦੇਵਤਿਆਂ ਦਾ ਵੀ ਅਧਪਤੀ ਦੇਵ = ਪ੍ਰਕਾਸ਼ ਰੂਪ ਹੈ।

ਉਹ ਭਗਤਿ = ਭਗਤੀ ਦੇ ਹੇਤਿ = ਹਿਤ ਕਰਕੇ ਪ੍ਰਹਿਲਾਦ ਦੀ ਰੱਖਿਆ ਕਾਰਨ ਨਰਸਿੰਘ ਰੂਪ ਭੇਵ = ਹੋਇਆ।

## ਕਹਿ ਕਬੀਰ; ਕੋ ਲਖੈ ਨ ਪਾਰ ॥ ਪ੍ਰਹਲਾਦ ਉਧਾਰੇ; ਅਨਿਕ ਬਾਰ ॥੫॥੪॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਪ੍ਰਭੂ ਦੇ ਗੁਣਾਂ ਦਾ ਕੋ = ਕੋਈ ਪਾਰ = ਪਾਰਾਵਾਰ ਨਹੀਂ ਲਖੈ = ਜਾਣ ਸਕਦਾ।

ਉਸ ਪ੍ਰਭੂ ਨੇ ਅਨਿਕ ਬਾਰ = ਅਨੇਕਾਂ ਵਾਰ ਪ੍ਰਹਲਾਦ ਭਗਤ ਜੀ ਨੂੰ ਉਧਾਰੇ = ਤਾਰਨਾ, ਬਚਾਉਣਾ ਕੀਤਾ ॥੫॥੪॥

ਇਸ ਸ਼ਬਦ ਵਿਚ ਭਗਤ ਕਬੀਰ ਸਾਹਿਬ ਜੀ ਵਿਕਾਰਾਂ ਤੋਂ ਬਚਣ ਲਈ ਪ੍ਰਭੂ ਅੱਗੇ ਬੇਨਤੀ ਕਰਦੇ ਹਨ।

## ਇਸੁ ਤਨ ਮਨ ਮਧੇ; ਮਦਨ ਚੋਰ ॥ ਜਿਨਿ ਗਿਆਨ ਰਤਨੁ; ਹਿਰਿ ਲੀਨ ਮੋਰ ॥

ਇਸ ਤਨ ਅੰਦਰ ਮਨ ਦੇ ਮਧੇ = ਵਿਚ ਮਦਨ = ਕਾਮ ਰੂਪੀ ਚੋਰ ਰਹਿੰਦਾ ਹੈ।

ਜਿਨਿ = ਜਿਸ ਕਾਮ ਨੇ ਗਿਆਨ ਰੂਪੀ ਰਤਨ ਨੂੰ ਮੋਰ = ਮੇਰੇ ਹਿਰਦੇ ਵਿੱਚੋਂ ਹਿਰਿ = ਚੁਰਾ ਲੀਨ = ਲੈਣਾ ਕੀਤਾ ਹੈ।

## ਮੈ ਅਨਾਥੁ; ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ; ਮੈ ਕੋ ਆਹਿ ॥੧॥

ਹੇ ਪ੍ਰਭੂ ! ਮੈਂ ਅਨਾਥੁ = ਯਤੀਮ ਹਾਂ, ਤੇਰੇ ਤੋਂ ਬਿਨਾਂ ਕਾਹਿ = ਕਿਸ ਅੱਗੇ ਬੇਨਤੀ ਕਹਉ = ਕਹਿਣੀ ਕਰਾਂ।

ਇਸ ਕਾਮ ਕਰਕੇ ਕੋ ਕੋ = ਕਿਹੜਾ ਕਿਹੜਾ ਬਿਗੂਤੋ = ਖ਼ਰਾਬ ਨਹੀਂ ਹੋਇਆ, ਭਾਵ ਸਾਰੇ ਹੀ ਖ਼ਰਾਬ ਹੋਏ ਹਨ, ਫੇਰ ਮੈਂ ਵਿਚਾਰਾ ਕੋ = ਕੌਣ ਆਹਿ = ਹਾਂ, ਭਾਵ ਮੇਰੇ ਵਿਚ ਇਸ ਨੂੰ ਰੋਕਣ ਦਾ ਕੀ ਬਲ ਹੈ ॥੧॥

## ਮਾਧਉ; ਦਾਰੁਨ ਦੁਖੁ ਸਹਿਓ ਨ ਜਾਇ ॥

ਹੇ ਮਾਧਉ = ਮਾਇਆ ਦੇ ਪਤੀ ਪ੍ਰਭੂ! ਇਹ ਕਾਮ ਦਾ ਦਾਰੁਨ = ਭਿਆਨਕ ਦੁਖ ਮੇਰੇ ਕੋਲੋਂ ਸਹਿਓ = ਸਹਾਰਿਆ ਨਹੀਂ ਜਾਇ = ਜਾਂਦਾ।

## ਮੇਰੋ ਚਪਲ ਬੁਧਿ ਸਿਉ; ਕਹਾ ਬਸਾਇ ॥੧॥ਰਹਾਉ॥

ਮੇਰੋ = ਮੇਰਾ ਚਪਲ = ਚੰਚਲ ਬੁਧਿ = ਬੁੱਧੀ ਦੇ ਸਿਉ = ਨਾਲ ਕਹਾ = ਕੀ ਬਸਾਇ = ਵੱਸ ਚੱਲ ਸਕਦਾ ਹੈ, ਭਾਵ ਕੋਈ ਵੱਸ ਨਹੀਂ ਚੱਲ ਸਕਦਾ ॥੧॥ਰਹਾਉ॥

## ਸਨਕ ਸਨੰਦਨ; ਸਿਵ ਸੁਕਾਦਿ ॥ ਨਾਭਿ ਕਮਲ; ਜਾਨੇ ਬ੍ਰਹਮਾਦਿ ॥

ਸਨਕ ਸਨੰਦਨ = ਬ੍ਰਹਮਾ ਦੇ ਪੁੱਤਰ, ਸਿਵ = ਸ਼ਿਵਜੀ ਅਤੇ ਸੁਕਾਦਿ = ਸੁਕਦੇਵ ਮੁਨੀ ਆਦਿ ਜਪੀ ਤਪੀ।

ਕਮਲ ਦੀ ਨਾਭੀ ਵਿੱਚੋਂ ਪੈਦਾ ਹੋਏ ਬ੍ਰਹਮਾਦਿ = ਬ੍ਰਹਮਾ ਆਦਿਕ।

## ਕਬਿ ਜਨ; ਜੋਗੀ ਜਟਾ ਧਾਰਿ ॥
## ਸਭ ਆਪਨ ਅਉਸਰ; ਚਲੇ ਸਾਰਿ ॥੨॥

ਕਬਿ = ਕਵੀ ਜਨ = ਲੋਕ, ਜੋਗੀ = ਜੋਗ ਮਤ ਦੇ ਧਾਰਨ ਵਾਲੇ ਅਤੇ ਜਟਾਧਾਰਿ = ਜੜਾਵਾਂ ਧਾਰਨ ਵਾਲੇ ਆਦਿ।

ਸਭ = ਸਾਰੇ ਆਪਨ = ਆਪੋ-ਆਪਣੇ ਅਉਸਰ = ਸਮੇਂ ਨੂੰ ਸਾਰਿ = ਸੰਭਾਲ ਕੇ ਏਥੋਂ ਚਲੇ ਗਏ ਹਨ, ਭਾਵ ਇਸ ਕਾਮ ਤੋਂ ਡਰਦੇ ਡਰਦੇ ਹੀ ਗਏ ਹਨ ॥੨॥

## ਤੂ ਅਥਾਹੁ; ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ; ਦੁਖੁ ਕਹਉ ਕਾਹਿ ॥

ਹੇ ਪ੍ਰਭੂ ! ਤੂੰ ਅਥਾਹੁ = ਥਾਹ ਤੋਂ ਰਹਿਤ ਬੇਅੰਤ ਹੈਂ, ਮੋਹਿ = ਮੇਰੇ ਕੋਲੋਂ ਤੇਰਾ ਥਾਹ = ਅੰਤ ਨਾਹਿ = ਨਹੀਂ ਪਾਇਆ ਜਾ ਸਕਦਾ।

ਹੇ ਦੀਨਾ = ਗ਼ਰੀਬਾਂ ਦੇ ਨਾਥ = ਮਾਲਕ ਪ੍ਰਭੂ ! ਮੈਂ ਤੇਰੇ ਤੋਂ ਬਿਨਾਂ ਕਾਹਿ = ਕਿਸ ਪਾਸ ਆਪਣਾ ਦੁਖ ਕਹਉ = ਕਹਿਣਾ ਕਰਾਂ।

## ਮੋਰੋ ਜਨਮ ਮਰਨ ਦੁਖੁ; ਆਥਿ ਧੀਰ ॥
## ਸੁਖ ਸਾਗਰ; ਗੁਨ ਰਉ ਕਬੀਰ ॥੩॥੫॥

ਜੋ ਮੋਰੋ = ਮੇਰਾ ਜਨਮ ਮਰਣ ਦਾ ਦੁਖ ਆਥਿ = ਹੈ, ਇਸ ਤੋਂ ਧੀਰ = ਧੀਰਜਤਾ ਦੇਣੀ ਕਰ।

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸੁੱਖਾਂ ਦੇ ਸਾਗਰ = ਸਮੁੰਦ੍ਰ ਰੂਪ ਪ੍ਰਭੂ ! ਮੈਂ ਤੇਰੇ ਗੁਣਾਂ ਨੂੰ ਰਉ = ਉਚਾਰਦਾ ਰਹਾਂ ॥੩॥੫॥

**ਉਥਾਨਕਾ :** ਭਗਤ ਕਬੀਰ ਸਾਹਿਬ ਜੀ ਦੇ ਪਾਸ ਇਕ ਦਿਨ ਇਕ ਵਪਾਰੀ ਨੇ ਆ ਕੇ ਕਿਹਾ ਕਿ ਕਬੀਰ ਜੀ ! ਜੇਕਰ ਤੁਸੀਂ ਆਗਿਆ ਕਰੋ ਤਾਂ ਮੈਂ ਤੁਹਾਡੇ ਨਾਂ ਦਾ ਇਕ ਬੈਲ ਲੈ ਲੈਂਦਾ ਹਾਂ, ਉਸ ਰਾਹੀਂ ਜੋ ਵੀ ਵਪਾਰ ਕਰਾਂਗਾ ਉਸ ਦਾ ਨਫ਼ਾ ਮੈਂ ਤੁਹਾਡੇ ਕੋਲ ਭੇਜ ਦਿਆ ਕਰਾਂਗਾ, ਜਿਸ ਨਾਲ ਤੁਹਾਡਾ ਲੰਗਰ ਚੱਲਦਾ ਰਿਹਾ ਕਰੇਗਾ। ਇਹ ਸੁਣ ਕੇ ਭਗਤ ਕਬੀਰ ਸਾਹਿਬ ਜੀ ਵੈਰਾਗ ਮਈ ਸ਼ਬਦ ਉਚਾਰਨ ਕਰਦੇ ਹਨ।

## ਨਾਇਕੁ ਏਕੁ; ਬਨਜਾਰੇ ਪਾਚ ॥ ਬਰਧ ਪਚੀਸਕ; ਸੰਗੁ ਕਾਚ ॥

ਹੇ ਭਾਈ ! ਇਕ ਮਨ ਨਾਇਕੁ = ਵਣਜਾਰਿਆਂ ਦਾ ਮਾਲਕ ਹੈ ਅਤੇ ਪਾਚ = ਪੰਜ ਗਿਆਨ ਇੰਦ੍ਰੇ **ਵਾ:** ਪੰਜ ਵਿਸ਼ੇ **ਵਾ:** ਪੰਜ ਪ੍ਰਾਣ ਰੂਪੀ ਵਣਜਾਰੇ ਬਣੇ ਹੋਏ ਹਨ।

ਪਚੀਸਕ = ਪੱਚੀ ਪ੍ਰਕਿਰਤੀਆਂ (ਪੰਜ ਤੱਤਾਂ ਦੇ ਪੰਜ ਪੰਜ ਹਿੱਸੇ) ਰੂਪੀ ਕਾਫ਼ਲੇ ਦੇ ਬਰਧ = ਬਲਦ ਹਨ, ਜਿਨ੍ਹਾਂ ਦਾ ਸੰਗੁ = ਸਾਥ ਕਾਚ = ਕੱਚਾ ਹੈ, ਭਾਵ ਛੇਤੀ ਹੀ ਨਾਸ਼ ਹੋ ਜਾਣ ਵਾਲੇ ਹਨ।

## ਨਉ ਬਹੀਆਂ; ਦਸ ਗੋਨਿ ਆਹਿ ॥ ਕਸਨਿ ਬਹਤਰਿ; ਲਾਗੀ ਤਾਹਿ ॥੧॥

(‘ਬਹੱਤਰਿ’ ਦਾ ਉਚਾਰਣ ਅੱਧਕ ਸਹਿਤ ਹੈ)

ਨਉ = ਨੌਂ ਗੋਲਕਾਂ ਰੂਪੀ ਬਹੀਆਂ = ਲਚਕੀਲੀਆਂ ਡਾਂਗਾਂ ਹਨ (ਜਿਨ੍ਹਾਂ ਨਾਲ ਬੋਝ ਚੁੱਕ ਕੇ ਉਤਾਰਿਆ ਅਤੇ ਚੜ੍ਹਾਇਆ ਜਾਂਦਾ ਹੈ) ਅਤੇ ਦਸ ਇੰਦ੍ਰੇ ਰੂਪੀ ਗੋਨਿ = ਬੋਰੀਆਂ ਆਹਿ = ਹਨ।

ਬਹੱਤਰ ਮੋਟੀਆਂ ਨਾੜਾਂ ਬੋਰੀਆਂ ਆਦਿ ਨੂੰ ਬੰਨ੍ਹਣ ਲਈ ਕਸਨਿ = ਰੱਸੀਆਂ ਦੀ ਨਿਆਈਂ ਹਨ, ਜੋ ਤਾਹਿ = ਉਨ੍ਹਾਂ ਛੱਟਾਂ, ਬੋਰੀਆਂ ਨੂੰ ਸਿਉਣ ਵਾਸਤੇ ਲਾਗੀ = ਲੱਗੀਆਂ ਹੋਈਆਂ ਹਨ ॥੧॥

## ਮੋਹਿ, ਐਸੇ ਬਨਜ ਸਿਉ; ਨਹੀਨ ਕਾਜੁ ॥

ਹੇ ਭਾਈ! ਮੋਹਿ = ਮੈਨੂੰ ਐਸੇ ਸਰੀਰ ਨੂੰ ਧਾਰਨ ਰੂਪੀ ਬਨਜ = ਵਪਾਰ ਸਿਉ = ਨਾਲ ਕੋਈ ਵੀ ਕਾਜੁ = ਕੰਮ ਨਹੀਨ = ਨਹੀਂ ਹੈ।

[ਅੰਗ ੧੧੯੫]

## ਜਿਹ ਘਟੈ ਮੂਲੁ; ਨਿਤ ਬਢੈ ਬਿਆਜੁ ॥ ਰਹਾਉ ॥

ਜਿਹ = ਜਿਸ ਵਿਚ ਮੂਲੁ = ਮੁੱਢ ਰੂਪ ਪੁੰਨ ਘਟੈ = ਘਟਦੇ ਜਾ ਰਹੇ ਹਨ ਅਤੇ ਨਿਤਾਪ੍ਰਤੀ ਪਾਪਾਂ ਦਾ ਬਿਆਜੁ = ਸੂਦ ਬਢੈ = ਵਧਦਾ ਜਾਂਦਾ ਹੈ **ਵਾ:** ਮੂਲ ਰੂਪ ਵਿਚ ਸ੍ਵਾਸ ਘਟਦੇ ਜਾਂਦੇ ਹਨ ਅਤੇ ਦੁਖ ਰੂਪੀ ਵਿਆਜ ਵਧਦਾ ਜਾਂਦਾ ਹੈ **ਵਾ:** ਮੂਲ ਰੂਪ ਪਰਮਾਤਮਾ ਦਾ ਵਿਚਾਰ ਘਟਦਾ ਜਾਂਦਾ ਹੈ ਅਤੇ ਪਰਮਾਰਥ ਤੋਂ ਹੀਨਾ ਹੋ ਕੇ ਅਵਰਨ ਦਾ ਪਰਦਾ ਰੂਪ ਵਿਆਜ ਵਧਦਾ ਜਾਂਦਾ ਹੈ **ਵਾ:** ਪ੍ਰਾਲਬਧ ਰੂਪੀ ਮੂਲ ਘਟਦਾ ਜਾਂਦਾ ਹੈ ਅਤੇ ਅੰਤ ਦਾ ਸਮਾਂ ਨੇੜੇ ਆਉਣ ਰੂਪ ਵਿਆਜ ਵਧਦਾ ਜਾਂਦਾ ਹੈ॥ ਰਹਾਉ॥

## ਸਾਤ ਸੂਤ; ਮਿਲਿ ਬਨਜੁ ਕੀਨ ॥ ਕਰਮ ਭਾਵਨੀ; ਸੰਗ ਲੀਨ ॥

ਸਾਤ ਸੂਤ = ਸੱਤ ਧਾਤਾਂ[੧] ਰੂਪ ਸੂਤ ਨੇ ਮਿਲ ਕਰਕੇ ਜੋ ਸਰੀਰ ਬਣਾਇਆ ਹੈ, ਇਸ ਨੇ ਵਿਸ਼ੇ-ਵਿਕਾਰਾਂ ਦਾ ਵਣਜ ਕੀਨ = ਕੀਤਾ ਹੈ **ਵਾ:** ਵਿਹਾਰਾਂ ਰੂਪੀ ਵਪਾਰ ਕੀਨ = ਕੀਤਾ ਹੈ।

ਕੀਤੇ ਕਰਮਾਂ ਦੀ ਭਾਵਨੀ = ਸ਼ਰਧਾ ਆਪਣੇ ਸੰਗ = ਨਾਲ ਲੀਨ = ਲੈਣਾ ਕੀਤੀ ਹੈ।

## ਤੀਨਿ ਜਗਾਤੀ; ਕਰਤ ਰਾਰਿ ॥ ਚਲੋ ਬਨਜਾਰਾ; ਹਾਥ ਝਾਰਿ ॥੨॥

ਤੀਨਿ = ਤਿੰਨ ਉੱਤਮ, ਮਧਮ ਤੇ ਕਨਿਸ਼ਟ ਕਰਮਾਂ ਰੂਪੀ **ਵਾ:** ਤਿੰਨ ਗੁਣਾ ਰੂਪੀ ਜਗਾਤੀ = ਮਸੂਲੀਏ ਰਾਰਿ = ਝਗੜਾ ਕਰਤ = ਕਰਦੇ ਹਨ।

ਜੀਵ ਰੂਪੀ ਵਣਜਾਰਾ ਸਰੀਰ ਦੇ ਅੰਤ ਹੋਣ ਵੇਲੇ ਦੋਵੇਂ ਹਾਥ = ਹੱਥ ਝਾਰਿ = ਝਾੜ ਕੇ ਭਾਵ ਖ਼ਾਲੀ ਹੀ ਪ੍ਰਲੋਕ ਨੂੰ ਚਲੋ = ਚਲਿਆ ਜਾਂਦਾ ਹੈ॥੨॥

## ਪੂੰਜੀ ਹਿਰਾਨੀ; ਬਨਜੁ ਟੂਟ ॥ ਦਹ ਦਿਸ ਟਾਂਡੋ; ਗਇਓ ਫੂਟਿ ॥

ਜਦੋਂ ਸ੍ਵਾਸਾਂ ਰੂਪੀ ਪੂੰਜੀ = ਰਾਸ਼ੀ ਹਿਰਾਨੀ = ਖੁੱਸ ਜਾਂਦੀ ਹੈ, ਤਦੋਂ ਸਰੀਰ ਦਾ ਵਿਹਾਰ ਰੂਪ ਵਣਜ ਵੀ ਟੂਟ = ਟੁੱਟ ਜਾਂਦਾ ਹੈ, ਭਾਵ ਸਰੀਰ ਦੀ ਕਿਰਿਆ ਖ਼ਤਮ ਹੋ ਜਾਂਦੀ ਹੈ।

ਜਦੋਂ ਇਹ ਬੈਲਾਂ ਦਾ ਟਾਂਡੋ = ਕਾਫ਼ਲਾ ਦਹ ਦਿਸ = ਦਸੇ ਦਿਸ਼ਾਵਾਂ ਨੂੰ ਫੂਟਿ = ਫੁੱਟ ਕੇ ਚਲਾ ਗਇਓ = ਗਿਆ ਹੈ, ਭਾਵ ਅਸਥੂਲ ਤੱਤ ਤੱਤਾਂ ਵਿਚ ਮਿਲ ਜਾਂਦੇ ਹਨ **ਵਾ:** ਜਿਸ ਪਾਸੇ ਵਾਸ਼ਨਾ ਹੁੰਦੀ ਹੈ ਉਸ ਪਾਸੇ ਨੂੰ ਸੂਖਮ ਸਰੀਰ ਚਲਿਆ ਜਾਂਦਾ ਹੈ।

## ਕਹਿ ਕਬੀਰ; ਮਨ ਸਰਸੀ ਕਾਜ ॥ ਸਹਜ ਸਮਾਨੋ; ਤ ਭਰਮ ਭਾਜ ॥੩॥੬॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਮਨ ਦੇ ਕਾਜ = ਕੰਮ ਤਾਂ ਸਰਸੀ = ਅਧਿਕਤਾ ਨੂੰ ਪ੍ਰਾਪਤ ਹੋਣ ਵਾਲੇ ਹਨ।

ਜੇਕਰ ਇਹ ਮਨ ਸਹਿਜ ਸਰੂਪ ਵਿਚ ਸਮਾਨੋ = ਸਮਾਅ ਜਾਵੇ ਤ = ਤਾਂ ਇਸ ਦੇ ਅੰਦਰੋਂ ਭਰਮ ਭਾਜ = ਭੱਜ ਸਕਦਾ ਹੈ॥੩॥੬॥

---

੧. ਰਕਤ, ਬੀਰਜ, ਮਿੱਝ, ਮੇਦਾ, ਮਾਸ, ਤੁਚਾ, ਹੱਡ ਅੱਠਵੀਂ 'ਓਜ' ਨੂੰ ਇਥੇ ਛੱਡ ਦੇਣਾ।

## ਦੂਸਰਾ ਅਰਥ

**ਨਾਇਕੁ ਏਕੁ; ਬਨਜਾਰੇ ਪਾਚ ॥ ਬਰਧ ਪਚੀਸਕ; ਸੰਗੁ ਕਾਚ ॥**

ਏਕ = ਇਕ ਪ੍ਰੇਰਕ ਬ੍ਰਹਮ ਚੇਤਨ ਨਾਇਕ = ਮਾਲਕ ਹੈ, ਪਾਚ = ਪੰਜ ਤੱਤ ਰੂਪੀ ਪੰਜ ਵਣਜਾਰੇ ਹਨ। ਪਚੀਸਕ = ਪੱਚੀ ਪ੍ਰਕਿਰਤੀਆਂ ਵਾਲੇ ਸਰੀਰ ਬੈਲ ਦੀ ਨਿਆਈਂ ਹਨ, ਜਿਨ੍ਹਾਂ ਦਾ ਸਾਥ ਕੱਚਾ ਹੀ ਹੈ।

**ਨਉ ਬਹੀਆਂ; ਦਸ ਗੋਨਿ ਆਹਿ ॥ ਕਸਨਿ ਬਹਤਰਿ; ਲਾਗੀ ਤਾਹਿ ॥੧॥**

ਸਾਂਖ ਮਤ ਅਨੁਸਾਰ ਇਕ ਪੁਰਖ, ਇਕ ਪ੍ਰਕਿਰਤੀ, ਇਕ ਤ੍ਰਿਧਾ ਹੰਕਾਰ, ਇਕ ਮਹੀਤੱਤ ਅਤੇ ਪੰਜ ਤਨਮਾਤ੍ਰਾ ਰੂਪ ਨੌਂ ਬਾਹੀਆਂ ਹਨ ਅਤੇ ਦਸੇ ਦਿਸ਼ਾਵਾਂ ਰੂਪ ਦਸ ਗੋਨਿ = ਬੋਰੀਆਂ ਆਹਿ = ਹਨ ਜਿਨ੍ਹਾਂ ਕਰਕੇ ਸਮਸਟੀ ਰੂਪ ਵਿਚ ਸ੍ਰਿਸ਼ਟੀ ਬਣ, ਦਿਸ ਰਹੀ ਹੈ।

ਬਹੱਤਰ ਚੌਂਕੜੀਆਂ ਇੰਦ੍ਰ ਪਦਵੀ ਰੂਪ ਤਿਸ ਜਗਤ ਨੂੰ ਰੱਸੀਆਂ ਲੱਗੀਆਂ ਹੋਈਆਂ ਹਨ॥੧॥

**ਮੋਹਿ, ਐਸੇ ਬਨਜ ਸਿਉ; ਨਹੀਨ ਕਾਜੁ ॥**

ਹੇ ਭਾਈ! ਚਾਹੇ ਸਮਸ਼ਟੀ ਉਪਾਧੀ ਕਰਕੇ ਚਾਹੇ ਵਿਅਸ਼ਟੀ ਉਪਾਧੀ ਕਰਕੇ ਗੁਣਾਂ ਜਾਂ ਸ੍ਰਿਸ਼ਟੀ ਬਣੀ ਹੈ, ਐਸੇ ਜਗਤ ਦੇ ਵਣਜ ਨਾਲ ਮੇਰਾ ਕੋਈ ਕਾਮ ਨਹੀਂ ਹੈ।

**ਜਿਹ ਘਟੈ ਮੂਲੁ; ਨਿਤ ਬਢੈ ਬਿਆਜੁ ॥ ਰਹਾਉ ॥**

ਜਿਸ ਵਿਚ ਸੁਆਸਾਂ ਰੂਪੀ ਮੂਲ ਘਟਦਾ ਜਾ ਰਿਹਾ ਹੈ ਅਤੇ ਦੁੱਖਾਂ ਰੂਪੀ ਵਿਆਜ ਨਿਤਾਪ੍ਰਤੀ ਵਧਦਾ ਜਾ ਰਿਹਾ ਹੈ **ਵਾ:** ਮੂਲ ਰੂਪ ਪਰਮਾਤਮਾ ਦੇ ਸਿਮਰਨ ਵੱਲੋਂ ਚਿੱਤ ਘਟਦਾ ਜਾ ਰਿਹਾ ਅਤੇ ਨਰਕ ਆਦਿ ਵਿਚ ਪੈਣ ਰੂਪ ਵਿਆਜ ਵਧਦਾ ਜਾ ਰਿਹਾ ਹੈ॥ ਰਹਾਉ॥

**ਸਾਤ ਸੂਤ; ਮਿਲਿ ਬਨਜੁ ਕੀਨ ॥ ਕਰਮ ਭਾਵਨੀ; ਸੰਗ ਲੀਨ ॥**

ਜਿਨ੍ਹਾਂ ਨੇ ਪੰਜ ਗਿਆਨ ਇੰਦ੍ਰੇ, ਮਨ ਤੇ ਬੁੱਧ ਇਨ੍ਹਾਂ ਸਾਤ = ਸੱਤਾਂ ਨੂੰ ਸੂਤ ਭਾਵ ਠੀਕ ਕਰ ਲਿਆ, ਉਨ੍ਹਾਂ ਦੀ ਸਤਿਸੰਗਤ ਨਾਲ ਮਿਲ ਕੇ ਪਰਮਾਤਮਾ ਦੇ ਭਜਨ ਸਿਮਰਨ ਦਾ ਵਪਾਰ ਕੀਨ = ਕੀਤਾ ਹੈ।

ਜਿਨ੍ਹਾਂ ਦੇ ਸਕਾਮ ਕਰਮਾਂ ਦੀ ਭਾਵਨਾ ਨਾਲ ਲੈਣਾ ਕੀਤੀ ਹੈ, ਉਨ੍ਹਾਂ ਨੇ ਬ੍ਰਹਮ ਲੋਕ ਤੇ ਸਵਰਗ ਦੀ ਪ੍ਰਾਪਤੀ ਕਰ ਲੈਣਾ ਕੀਤੀ ਹੈ।

**ਤੀਨਿ ਜਗਾਤੀ; ਕਰਤ ਰਾਰਿ ॥ ਚਲੋ ਬਨਜਾਰਾ; ਹਾਥ ਝਾਰਿ ॥੨॥**

ਸਕਾਮੀ ਮਨੁੱਖ ਨਾਲ ਤੀਨਿ = ਤਿੰਨ ਰਾਜਸੀ, ਤਾਮਸੀ, ਸਾਂਤਕੀ ਸੁਭਾਅ ਰਾਰਿ = ਝਗੜਾ ਕਰਤ = ਕਰਦੇ ਹਨ।

ਜਦੋਂ ਪੁੰਨ ਨਾਸ਼ ਹੋ ਜਾਂਦੇ, ਤਦੋਂ ਸਕਾਮੀ ਜੀਵ ਰੂਪ ਵਣਜਾਰਾ ਆਪਣੇ ਹੱਥ ਝਾੜ ਕੇ ਚਲਿਆ ਜਾਂਦਾ ਹੈ ਭਾਵ ਬ੍ਰਹਮ ਲੋਕ, ਸੁਰਗ ਲੋਕ ਵਿੱਚੋਂ ਡਿੱਗ ਜਾਂਦਾ ਹੈ॥੨॥

**ਪੂੰਜੀ ਹਿਰਾਨੀ; ਬਨਜੁ ਟੂਟ ॥ ਦਹ ਦਿਸ ਟਾਂਡੋ; ਗਇਓ ਫੂਟਿ ॥**

ਉਸ ਦੀ ਪੁੰਨ ਰੂਪੀ ਪੂੰਜੀ ਖ਼ਤਮ ਹੋ ਜਾਂਦੀ ਹੈ ਅਤੇ ਸਵਰਗ ਦਾ ਸੁੱਖ ਆਦਿ ਰੂਪੀ ਵਪਾਰ ਟੁੱਟ ਜਾਂਦਾ ਹੈ।

ਫੇਰ ਸੂਖਮ, ਅਸਥੂਲ ਦੇ ਕਾਰਨ ਦੇਹਾਂ ਰੂਪੀ ਟਾਂਡੋ = ਬੈਲਾਂ ਦਾ ਸਮੁਦਾਇ ਦਸਾਂ ਦਿਸ਼ਾਵਾਂ ਵਿਚ ਟੁੱਟ ਗਿਆ, ਜਾਂਦਾ ਹੈ।

**ਕਹਿ ਕਬੀਰ; ਮਨ ਸਰਸੀ ਕਾਜ ॥ ਸਹਜ ਸਮਾਨੋ; ਤ ਭਰਮ ਭਾਜ ॥੩॥੬॥**

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਮਨ ਦੇ ਸਾਰੇ ਕਾਜ = ਕੰਮ ਤਦੋਂ ਹੀ ਸਰਸੀ = ਸੌਰਨਗੇ।

ਅਤੇ ਤ = ਤਦੋਂ ਹੀ ਭਰਮ ਪਾਜ = ਭੱਜੇਗਾ, ਜਦੋਂ ਇਹ ਮਨ ਸਹਿਜ ਸਰੂਪ ਵਿਚ ਸਮਾਨੋ = ਸਮਾਅ ਜਾਵੇਗਾ ॥੩॥੬॥

## ਤੀਸਰਾ ਅਰਥ

**ਨਾਇਕੁ ਏਕੁ; ਬਨਜਾਰੇ ਪਾਚ ॥ ਬਰਧ ਪਚੀਸਕ; ਸੰਗੁ ਕਾਚ ॥**

ਇਕ ਚੇਤਨ ਹੀ ਨਾਇਕੁ = ਮਾਲਕ ਹੈ ਅਤੇ ਪੰਜਾਂ ਤੱਤਾਂ ਦੀ ਧਾਰਨਾ ਰੂਪ ਪੰਜ ਵਣਜਾਰੇ ਹਨ।

ਪੱਚੀ ਪ੍ਰਕਿਰਤੀਆਂ ਦਾ ਸਰੀਰ ਰੂਪੀ ਬਲਦ ਹੈ ਜਿਸਦੀ ਸੰਗਤ ਕਾਚੀ = ਕੱਚੀ, ਮਿਥਿਆ ਹੈ।

**ਨਉ ਬਹੀਆਂ; ਦਸ ਗੋਨਿ ਆਹਿ ॥ ਕਸਨਿ ਬਹਤਰਿ; ਲਾਗੀ ਤਾਹਿ ॥੧॥**

ਹੇ ਭਾਈ! ਜੋ ਨੌਂ ਖੰਡਾਂ ਦੀ ਵਾਸ਼ਨਾ ਰੂਪੀ ਬਹੀਆਂ ਅਤੇ ਦਸੇ ਦਿਸ਼ਾਵਾਂ ਦੇ ਪਦਾਰਥਾਂ ਦੀ ਵਾਸ਼ਨਾ ਰੂਪੀ ਗੋਨਿ = ਬੋਰੀਆਂ ਹਨ, ਇਨ੍ਹਾਂ ਦੀ ਵਾਸ਼ਨਾ ਨੂੰ ਤਿਆਗਣਾ ਕਰੇ।

੭੨ ਕਰੋੜ ੭੨ ਲੱਖ ੧੦ ਹਜ਼ਾਰ ਦੋ ਸੌ ਇਕ ਨਾੜੀਆਂ ਰੂਪੀ ਕਸਨਿ = ਰੱਸੀਆਂ ਤਿਸ ਸਰੀਰ ਨੂੰ ਲੱਗੀਆਂ ਹੋਈਆਂ ਹਨ ॥੧॥

**ਮੋਹਿ, ਐਸੇ ਬਨਜ ਸਿਉ; ਨਹੀਨ ਕਾਜੁ ॥**

ਇਸ ਸਰੀਰ ਦੇ ਮੋਹ ਰੂਪੀ ਵਣਜ ਨਾਲ ਮੇਰਾ ਕੋਈ ਵੀ ਕਾਜੁ = ਕੰਮ ਨਹੀਂ ਹੈ।

**ਜਿਹ ਘਟੈ ਮੂਲੁ; ਨਿਤ ਬਢੈ ਬਿਆਜੁ ॥ ਰਹਾਉ ॥**

ਜਿਸ ਵਿਚ ਪਰਚਣ ਨਾਲ ਮੂਲ ਰੂਪ ਬ੍ਰਹਮ ਦਾ ਪ੍ਰੇਮ ਘਟ ਜਾਂਦਾ ਹੈ ਅਤੇ ਨਿਤ = ਨਿਤਾਪ੍ਰਤੀ ਸੰਸਾਰ ਦੇ ਅੰਦਰ ਰਾਜ ਦੰਡ, ਪਿੱਤਰ ਦੰਡ, ਦੇਵ ਦੰਡ ਆਦਿ ਦਾ ਵਿਆਜ ਵਧਦਾ ਜਾਂਦਾ ਹੈ॥ ਰਹਾਉ॥

**ਸਾਤ ਸੂਤ; ਮਿਲਿ ਬਨਜੁ ਕੀਨ ॥ ਕਰਮ ਭਾਵਨੀ; ਸੰਗ ਲੀਨ ॥**

ਜਿਨਾਂ ਨੇ ਸਾਤ = ਸੱਤ ਸਾਧਨ (ਸ੍ਵਣ, ਮੰਨਣ, ਨਿਧਿਆਸਣ, ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ) ਧਾਰਨ ਕਰਕੇ ਅਤੇ ਸਤਿਸੰਗਤ ਵਿਚ ਮਿਲ ਕੇ ਬ੍ਰਹਮ ਗਿਆਨ ਦਾ ਵਪਾਰ ਕੀਤਾ ਹੈ।

ਅਤੇ ਨਿਸ਼ਕਾਮ ਕਰਮਾਂ ਦੀ ਭਾਵਨਾ ਕਰਕੇ ਪਰਮਾਤਮਾ ਦੇ ਨਾਲ ਬਿਰਤੀ ਲੀਨ ਕੀਤੀ ਹੈ।

**ਤੀਨਿ ਜਗਾਤੀ; ਕਰਤ ਰਾਰਿ ॥ ਚਲੋ ਬਨਜਾਰਾ; ਹਾਥ ਝਾਰਿ ॥੨॥**

ਉਨ੍ਹਾਂ ਦੇ ਤਿੰਨ ਉੱਤਮ ਮੱਧਮ ਕਨਿਸ਼ਟ ਸੁਭਾਅ ਰੂਪੀ ਕੀ ਝਗੜਾ ਕਰਦੇ ਹਨ ਭਾਵ ਨਹੀਂ, ਉਨ੍ਹਾਂ ਨੇ ਇਨ੍ਹਾਂ ਸੁਭਾਵਾਂ ਨੂੰ ਮਿਥਿਆ ਜਾਣਿਆ ਹੈ।

ਅਤੇ ਸੰਕਲਪ ਵਿਕਲਪ ਰੂਪੀ ਹੱਥਾਂ ਨੂੰ ਝਾੜ ਕੇ ਉਨ੍ਹਾਂ ਦਾ ਜੀਵ ਰੂਪ ਵਣਜਾਰਾ ਤੁਰੀਆ ਪਦ ਵਿਚ ਚਲਿਆ ਜਾਂਦਾ ਹੈ॥੨॥

**ਪੂੰਜੀ ਹਿਰਾਨੀ; ਬਨਜੁ ਟੂਟ ॥ ਦਹ ਦਿਸ ਟਾਂਡੋ; ਗਇਓ ਫੂਟਿ ॥**

ਉਨ੍ਹਾਂ ਦੀ ਪਾਪ ਪੁੰਨ ਰੂਪੀ ਪੂੰਜੀ ਵੀ ਮੁੱਕ ਗਈ ਹੈ ਅਤੇ ਜੰਮਣ ਮਰਣ ਦਾ ਵਣਜ ਵੀ ਟੁੱਟ ਗਿਆ ਹੈ।

ਦਸਾਂ ਦਿਸ਼ਾਵਾਂ ਦੇ ਪਦਾਰਥਾਂ ਦੀ ਵਾਸ਼ਨਾ ਰੂਪ ਬੈਲਾਂ ਦਾ ਸਮੁਦਾਯ ਵੀ ਨਾਸ਼ ਹੋ ਗਿਆ ਹੈ।

**ਕਹਿ ਕਬੀਰ; ਮਨ ਸਰਸੀ ਕਾਜ ॥ ਸਹਜ ਸਮਾਨੋ; ਤ ਭਰਮ ਭਾਜ ॥੩॥੬॥**

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਪਰਮਾਰਥ ਦੇ ਸਾਰੇ ਕਾਜ = ਕੰਮ ਸਰਸੀ = ਸਹਿਤ ਰਸ, ਅਧਿਕਤਾ ਦੇ ਸੰਪੂਰਨ ਹੋਏ ਹਨ।

ਹੇ ਭਾਈ! ਜਦੋਂ ਤੁਸੀਂ ਵੀ ਸਹਿਜ ਸਰੂਪ ਵਿਚ ਸਮਾਨੋ = ਸਮਾਅ ਜਾਵੋਗੇ, ਤਾਂ ਤੁਹਾਡਾ ਭਰਮ ਭਾਜ = ਭੱਜ ਜਾਵੇਗਾ॥੩॥੬॥

# ਬਸੰਤੁ ਹਿੰਡੋਲੁ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਬਸੰਤ ਅਤੇ ਹਿੰਡੋਲ ਦੋਵੇਂ ਰਾਗਾਂ ਨੂੰ ਮੇਲਦੇ ਹੋਏ ਘਰੁ ੨ = ਦੂਸਰੇ ਸੁਰਤਾਲ ਵਿਚ ਭਗਤ ਕਬੀਰ ਸਾਹਿਬ ਜੀ ਇਹ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਇਕ ਵਾਰ ਕਾਂਸ਼ੀ ਅੰਦਰ ਇਕ ਦਿਗ ਵਿਜਯ ਪੰਡਿਤ ਆਇਆ। ਉਸ ਨੇ ਸਾਰੀ ਕਾਂਸ਼ੀ ਅੰਦਰ ਢੰਡੋਰਾ ਪਿਟਵਾ ਦਿੱਤਾ ਕਿ ਕੋਈ ਵੀ ਮੇਰੇ ਨਾਲ ਆ ਕੇ ਚਰਚਾ ਕਰੇ। ਜੇਕਰ ਉਹ ਚਰਚਾ ਵਿਚ ਜਿੱਤ ਗਿਆ ਤਾਂ ਮੈਂ ਆਪਣੇ ਆਪ ਨੂੰ ਸਾਰੀ ਦੁਨੀਆਂ ਵਿਚ ਹਾਰਿਆ ਹੋਇਆ ਸਮਝਾਂਗਾ ਅਤੇ ਜੇਕਰ ਮੈਂ ਜਿੱਤ ਗਿਆ ਤਾਂ ਸਾਰੀ ਕਾਂਸ਼ੀ ਦੀ ਹਾਰ ਮੰਨੀ ਜਾਵੇਗੀ। ਇਹ ਸੁਣ ਕੇ ਪੰਡਿਤਾਂ ਨੇ ਕਿਹਾ ਕਿ ਆਪਾਂ ਇਸਨੂੰ ਕਬੀਰ ਦੇ ਪਾਸ ਲੈ ਚੱਲਦੇ ਹਾਂ। ਜੇਕਰ ਇਸ ਨੇ ਕਬੀਰ ਨੂੰ ਹਰਾ ਦਿੱਤਾ ਤਾਂ ਅਸੀਂ ਕਹਾਂਗੇ ਕਿ ਤੂੰ ਇਕ ਜੁਲਾਹੇ ਨੂੰ ਹੀ ਹਰਾਇਆ ਹੈ ਅਤੇ ਜੇਕਰ ਕਬੀਰ ਜਿੱਤ ਗਿਆ ਤਾਂ ਸਾਰੀ ਕਾਂਸ਼ੀ ਦੀ ਜਿੱਤ ਹੋਵੇਗੀ। ਇਉਂ ਈਰਖਾਲੂ ਪੰਡਿਤ, ਉਸ ਦਿਗ ਵਿਜਯ ਪੰਡਤ ਨੂੰ ਕਬੀਰ ਜੀ ਦੇ ਪਾਸ ਲੈ ਗਏ। ਜਿਸ ਸਮੇਂ ਇਹ ਕਬੀਰ ਜੀ ਦੇ ਪਾਸ ਪਹੁੰਚੇ, ਉਸ ਸਮੇਂ ਕਬੀਰ ਜੀ ਖੱਡੀ 'ਤੇ ਤਾਣੀ ਤਣ ਰਹੇ ਸਨ। ਇਤਨੇ ਨੂੰ ਕਬੀਰ ਜੀ ਦੇ ਸਪੁੱਤਰ ਕਮਾਲੇ ਨੇ ਕਿਹਾ ਕਿ ਪਿਤਾ ਜੀ ਪ੍ਰਸ਼ਾਦਾ ਤਿਆਰ ਹੈ ਛਕ ਲਵੋ, ਤਦੋਂ ਭਗਤ ਕਬੀਰ ਜੀ ਨੇ ਕਿਹਾ ਕਿ ਪੁੱਤਰ! ਅੱਜ ਪ੍ਰਸ਼ਾਦਾ ਏਥੇ ਹੀ ਲੈ ਆਵੋ। ਸੋ ਭਗਤ ਕਬੀਰ ਜੀ ਉਥੇ ਖੱਡੀ ਪਾਸ ਬੈਠ ਕੇ ਹੀ ਪ੍ਰਸ਼ਾਦਾ ਛਕਣ ਲੱਗ ਪਏ। ਜਦੋਂ ਦਿਗ ਵਿਜਯ ਪੰਡਤ ਨੇ ਦੇਖਿਆ ਤਾਂ ਉਸ ਨੇ ਕਿਹਾ ਕਿ ਇਹ ਤਾਂ ਅਪਵਿੱਤਰ ਜਗ੍ਹਾ 'ਤੇ ਬੈਠ ਕੇ ਹੀ ਭੋਜਨ ਛਕੀ ਜਾਂਦਾ ਹੈ। ਇਸ ਨੂੰ ਕੋਈ ਨਿਯਮ ਨਹੀਂ ਪਤਾ ਆਦਿ ਗੱਲਾਂ ਕਹੀਆਂ। ਇਹ ਸੁਣ ਕੇ ਭਗਤ ਕਬੀਰ ਸਾਹਿਬ ਜੀ ਨੇ ਉੱਤਰ ਵਿਚ ਕਿਹਾ ਕਿ :

(***ਨੋਟ :*** ਰਹਾਉ ਵਾਲੀਆਂ ਤੁਕਾਂ ਤੋਂ ਅਰਥ ਅਰੰਭ ਕਰਨਾ)

**ਕਹੁ ਪੰਡਿਤ; ਸੂਚਾ ਕਵਨੁ ਠਾਉ ॥ ਜਹਾਂ ਬੈਸਿ; ਹਉ ਭੋਜਨੁ ਖਾਉ ॥੧॥ ਰਹਾਉ ॥**

ਹੇ ਪੰਡਿਤ! ਤੂੰ ਕਹੁ = ਦੱਸਣਾ ਕਰ ਕਿ ਸੂਚਾ = ਸੁੱਚਾ, ਪਵਿੱਤ੍ਰ ਠਾਉ = ਅਸਥਾਨ ਕਵਨੁ = ਕਿਹੜਾ ਹੈ ? ਜਹਾ = ਜਿਥੇ ਬੈਠ ਕੇ ਹਉ = ਮੈਂ ਭੋਜਨ ਖਾਉ = ਖਾਣਾ ਕਰਾਂ ॥੧॥ਰਹਾਉ॥

ਪੰਡਿਤ ਕਹਿਣ ਲੱਗਾ ਕਿ ਸਾਰੇ ਹੀ ਚੌਂਕਾ ਦੇਣਾ ਸੁੱਚਾ ਸਮਝਦੇ ਹਨ ਤਾਂ ਕਬੀਰ ਜੀ ਕਥਨ ਕਰਦੇ ਹਨ ਕਿ :

## ਮਾਤਾ ਜੂਠੀ, ਪਿਤਾ ਭੀ ਜੂਠਾ; ਜੂਠੇ ਹੀ ਫਲ ਲਾਗੇ ॥

ਹੇ ਪੰਡਿਤ! ਮਾਤਾ = ਮਾਂ ਦੀ ਦੇਹੀ ਵੀ ਜੂਠੀ = ਅਪਵਿੱਤ੍ਰ ਹੈ, ਪਿਤਾ ਦਾ ਸਰੀਰ ਭੀ = ਵੀ ਜੂਠਾ = ਅਪਵਿੱਤ੍ਰ ਹੈ ਅਤੇ ਉਨ੍ਹਾਂ ਤੋਂ ਪੈਦਾ ਹੋਏ ਧੀਆਂ ਪੁੱਤ੍ਰ ਰੂਪੀ ਫਲ ਵੀ ਜੂਠੇ = ਅਪਵਿੱਤ੍ਰ ਹੀ ਲਾਗੇ = ਲੱਗੇ ਹਨ।

## ਆਵਹਿ ਜੂਠੇ, ਜਾਹਿ ਭੀ ਜੂਠੇ; ਜੂਠੇ ਮਰਹਿ ਅਭਾਗੇ ॥੧॥

ਇਸ ਪ੍ਰਕਾਰ ਜਨਮ ਧਾਰ ਕੇ ਆਵਹਿ = ਆਉਣ ਵਾਲੇ ਵੀ ਜੂਠੇ = ਅਪਵਿੱਤ੍ਰ ਹਨ, ਮਰ ਕੇ ਪ੍ਰਲੋਕ ਨੂੰ ਜਾਹਿ = ਜਾਣ ਵਾਲੇ ਭੀ = ਵੀ ਜੂਠੇ = ਅਪਵਿੱਤ੍ਰ ਹਨ **ਵਾ:** ਕਿਸੇ ਦੇਸ਼ ਵਿਚ ਆਉਣ ਵਾਲੇ ਵੀ ਜੂਠੇ ਹਨ, ਪ੍ਰਦੇਸ਼ ਵਿਚ ਜਾਣ ਵਾਲੇ ਵੀ ਜੂਠੇ ਹਨ ਅਤੇ ਅਭਾਗੇ = ਭਾਗਾਂ ਤੋਂ ਹੀਣੇ ਜੀਵ ਜੂਠੇ = ਅਪਵਿੱਤ੍ਰ ਹੀ ਮਰਹਿ = ਮਰ ਜਾਂਦੇ ਹਨ।

**ਅਥਵਾ** ਜੋ ਅਵਿੱਦਿਆ ਦੀ ਜੂਠ ਕਰਕੇ ਅਭਾਗੇ = ਭਾਗਾਂ ਤੋਂ ਹੀਣੇ ਪਰਮਾਤਮਾ ਵੱਲੋਂ ਬੇਮੁਖ ਹੋ ਰਹੇ ਹਨ, ਉਹ ਜੀਵ ਆਉਂਦੇ ਵੀ ਜੂਠ ਵਿਚ ਤੇ ਮਰ ਕੇ ਜਾਂਦੇ ਵੀ ਜੂਠ ਵਿਚ ਹਨ॥੧॥

## ਕਹੁ ਪੰਡਿਤ; ਸੂਚਾ ਕਵਨੁ ਠਾਉ ॥
## ਜਹਾਂ ਬੈਸਿ; ਹਉ ਭੋਜਨੁ ਖਾਉ ॥੧॥ਰਹਾਉ॥

ਹੇ ਪੰਡਿਤ ਜੀ ! ਫੇਰ ਤੁਸੀਂ ਕਹੁ = ਦੱਸਣਾ ਕਰੋ ਕਿ ਸੂਚਾ = ਪਵਿੱਤ੍ਰ ਠਾਉ = ਅਸਥਾਨ ਕਿਹੜਾ ਹੈ। ਜਹਾਂ = ਜਿਥੇ ਬੈਸਿ = ਬੈਠ ਕੇ ਹਉ = ਮੈਂ ਭੋਜਨ ਖਾਉ = ਖਾਣਾ ਕਰਾਂ॥੧॥ਰਹਾਉ॥

## ਜਿਹਬਾ ਜੂਠੀ, ਬੋਲਤ ਜੂਠਾ; ਕਰਨ ਨੇਤ੍ਰ ਸਭਿ ਜੂਠੇ ॥

ਇਹ ਜਿਹਬਾ = ਜੀਭਾ ਵੀ ਜੂਠੀ = ਅਪਵਿੱਤ੍ਰ ਹੈ, ਬੋਲਤ = ਬੋਲਣ ਵਾਲਾ ਵਾਕ ਇੰਦ੍ਰਾ ਵੀ ਜੂਠਾ = ਅਪਵਿੱਤ੍ਰ ਹੈ, ਕਰਨ = ਕੰਨ ਨੇਤ੍ਰ = ਅੱਖਾਂ ਆਦਿ ਸਭਿ = ਸਾਰੇ ਇੰਦ੍ਰੇ ਵੀ ਜੂਠੇ = ਅਪਵਿੱਤ੍ਰ ਹਨ।

## ਇੰਦ੍ਰੀ ਕੀ ਜੂਠਿ ਉਤਰਸਿ ਨਾਹੀ; ਬ੍ਰਹਮ ਅਗਨਿ ਕੇ ਲੂਠੇ ॥੨॥

ਹੇ ਬ੍ਰਹਮ = ਬ੍ਰਹਮਣ ਪੁਣੇ ਦੇ ਹੰਕਾਰ ਦੀ ਅਗਨਿ = ਅੱਗ ਕੇ = ਦੇ ਲੂਠੇ = ਸਾੜੇ ਹੋਏ ਪੰਡਿਤ ! ਇਨ੍ਹਾਂ ਦਸਾਂ ਇੰਦ੍ਰੀਆਂ ਦੀ ਜੂਠਿ = ਅਪਵਿੱਤ੍ਰਤਾ ਕਦੇ ਵੀ ਉਤਰਸਿ = ਉੱਤਰਦੀ ਹੀ ਨਹੀਂ ਹੈ॥੨॥

## ਅਗਨਿ ਭੀ ਜੂਠੀ, ਪਾਨੀ ਜੂਠਾ; ਜੂਠੀ ਬੈਸਿ ਪਕਾਇਆ ॥

ਇਹ ਅਗਨਿ = ਅੱਗ ਭੀ = ਵੀ ਜੂਠੀ = ਅਪਵਿੱਤ੍ਰ ਹੈ ਕਿਉਂਕਿ ਉਸ ਵਿਚ ਅਨੇਕਾਂ ਕੀੜੇ ਸੜਦੇ ਰਹਿੰਦੇ ਹਨ, ਪਾਨੀ = ਜਲ ਵੀ ਜੂਠਾ ਹੈ ਕਿਉਂਕਿ ਅਨੇਕਾਂ ਪਸ਼ੂ ਪੰਛੀ, ਜਾਨਵਰ ਪੀ ਜਾਂਦੇ ਹਨ ਫੇਰ ਜਿਥੇ ਬੈਸਿ = ਬੈਠ ਕੇ ਭੋਜਨ ਪਕਾਇਆ ਜਾਂਦਾ ਹੈ ਉਹ ਰਸੋਈ ਵੀ ਜੂਠੀ ਹੈ।

## ਜੂਠੀ ਕਰਛੀ ਪਰੋਸਨ ਲਾਗਾ; ਜੂਠੇ ਹੀ ਬੈਠਿ ਖਾਇਆ ॥੩॥

ਜਿਸ ਕੜਛੀ ਦੇ ਨਾਲ ਕੋਈ ਭੋਜਨ ਪਰੋਸਨ = ਵਰਤਾਉਣ ਲਾਗਾ = ਲੱਗਾ ਹੈ, ਉਹ ਕੜਛੀ ਵੀ ਜੂਠੀ ਹੈ ਅਤੇ ਬੈਠ ਕੇ ਜਿਨ੍ਹਾਂ ਨੇ ਭੋਜਨ ਖਾਇਆ = ਖਾਧਾ ਹੈ, ਉਹ ਵੀ ਜੂਠੇ ਹੀ ਹਨ॥੩॥

## ਗੋਬਰੁ ਜੂਠਾ, ਚਉਕਾ ਜੂਠਾ; ਜੂਠੀ ਦੀਨੀ ਕਾਰਾ ॥

ਪਸ਼ੂਆਂ ਦਾ ਗੋਬਰੁ = ਗੋਹਾ ਵੀ ਜੂਠਾ ਹੈ, ਫੇਰ ਜਿਥੇ ਲੇਪਨ ਕੀਤਾ ਉਹ ਚੌਂਕਾ ਵੀ ਜੂਠਾ ਹੈ ਅਤੇ ਜੋ ਚੌਂਕੇ ਦੇ ਆਲੇ-ਦੁਆਲੇ ਕਾਰਾ = ਲਕੀਰ ਦੀਨੀ = ਦੇਣਾ, ਕੱਢਣਾ ਕੀਤੀ ਹੈ, ਉਹ ਵੀ ਜੂਠੀ ਹੈ।

***ਪ੍ਰਸ਼ਨ :*** *ਇਹ ਸੁਣ ਕੇ ਉਸ ਪੰਡਿਤ ਨੇ ਕਿਹਾ ਕਿ ਫਿਰ ਤੁਹਾਡੇ ਮੱਤ ਅਨੁਸਾਰ ਸੁੱਚਾ ਕੌਣ ਹੈ ?*

***ਉੱਤਰ :***

## ਕਹਿ ਕਬੀਰ, ਤੇਈ ਨਰ ਸੂਚੇ; ਸਾਚੀ ਪਰੀ ਬਿਚਾਰਾ ॥੪॥੧॥੭॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪੰਡਿਤ ਜੀ ! ਤੇਈ = ਉਹੀ ਨਰ = ਮਨੁੱਖ ਇਸ ਜਗਤ ਵਿਚ ਸੂਚੇ = ਪਵਿੱਤ੍ਰ ਹਨ, ਜਿਨ੍ਹਾਂ ਦੇ ਹਿਰਦੇ ਅੰਦਰ ਸੱਚ ਸਰੂਪ ਦੀ ਸੱਚੀ ਵਿਚਾਰ ਪਰੀ = ਪਈ ਹੈ॥੪॥੧॥੭॥

# ਰਾਮਾਨੰਦ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਇਕ ਕਬੀਰ ਪੰਥੀ ਭਾਈ ਲਹਿਣਾ ਸਿੰਘ ਜੀ ਹੋਏ ਹਨ (ਜੋ ਅੰਮ੍ਰਿਤ ਛਕ ਕੇ ਸਿੰਘ ਸਜੇ ਸਨ) ਉਨ੍ਹਾਂ ਨੇ ਭਗਤਾਂ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਕਾਂਸ਼ੀ ਵਿਚ ਗੁਰੂ ਕੇ ਬਾਗ਼ ਵਾਲੇ ਅਸਥਾਨ ਉੱਪਰ ਆਏ ਸਨ, ਉਸ ਸਮੇਂ ਸਭ ਤੋਂ ਪਹਿਲਾਂ ਭਗਤ ਰਾਮਾਨੰਦ ਜੀ ਸਤਿਗੁਰਾਂ ਨੂੰ ਆ ਕੇ ਮਿਲੇ ਸਨ। ਫੇਰ ਬਾਕੀ ਭਗਤਾਂ ਦਾ ਵੀ ਮਿਲਾਪ ਹੋਇਆ ਸੀ। ਭਗਤ ਰਾਮਾਨੰਦ ਜੀ ਪਹਿਲਾਂ ਕਾਂਸ਼ੀ ਵਿਚ ਵਿਸ਼ਵੇਸ਼੍ਵਰ ਨਾਥ ਦੇ ਮੰਦਰ 'ਬ੍ਰਹਮ ਠਾਂ' ਵਿਖੇ ਜਾ ਕੇ ਫੁੱਲ ਪੱਤਰ ਆਦਿ ਚੜ੍ਹਾਅ ਕੇ ਪੂਜਾ ਕਰਿਆ ਕਰਦੇ ਸਨ। ਸਤਿਗੁਰਾਂ ਦੇ ਦਰਸ਼ਨਾਂ ਤੋਂ ਬਾਅਦ ਰਾਮਾਨੰਦ ਜੀ ਆਪਣੇ ਘਰ ਵਿਚ ਬੈਠ ਕੇ ਹੀ ਸਿਮਰਨ ਭਜਨ ਕਰਿਆ ਕਰਦੇ ਸਨ। ਇਕ ਦਿਨ ਕਿਸੇ ਪ੍ਰੇਮੀ ਨੇ ਰਾਮਾਨੰਦ ਜੀ ਨੂੰ ਆ ਕੇ ਬੇਨਤੀ ਕੀਤੀ ਕਿ ਰਾਮਾਨੰਦ ਜੀ ! ਆਓ ਅਸੀਂ ਬ੍ਰਹਮ ਅਸਥਾਨ ਮੰਦਰ ਵਿਖੇ ਪੂਜਾ ਕਰਨ ਚੱਲੀਏ। ਤਦੋਂ ਰਾਮਾਨੰਦ ਜੀ ਨੇ ਘਰੁ ੧ = ਪਹਿਲੇ ਸੁਰਤਾਲ ਵਿਚ ਇਹ ਪਾਵਨ ਸ਼ਬਦ ਉਚਾਰਣ ਕੀਤਾ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਕਤ ਜਾਈਐ ਰੇ; ਘਰ ਲਾਗੋ ਰੰਗੁ ॥

ਰੇ = ਹੇ ਭਾਈ ! ਹੋਰ ਕਤ = ਕਿਥੇ ਜਾਈਐ = ਜਾਣਾ ਕਰੀਏ, ਸਾਡੇ ਤਾਂ ਹਿਰਦੇ ਰੂਪੀ ਘਰ ਵਿਚ ਹੀ ਪਰਮਾਤਮਾ ਦਾ ਰੰਗੁ = ਪ੍ਰੇਮ ਲਾਗੋ = ਲੱਗਿਆ ਹੋਇਆ ਹੈ।

## ਮੇਰਾ ਚਿਤੁ ਨ ਚਲੈ; ਮਨੁ ਭਇਓ ਪੰਗੁ ॥੧॥ ਰਹਾਉ ॥

ਮੇਰਾ ਚਿਤੁ = ਮਨ ਹੁਣ ਕਿਤੇ ਵੀ ਚਲੈ = ਚਲਾਇਮਾਨ ਨਹੀਂ ਹੁੰਦਾ, ਮੇਰਾ ਮਨ ਹੁਣ ਪੰਗੁ = ਸ਼ੁੱਧ ਭਇਓ = ਹੋ ਗਿਆ ਹੈ **ਵਾ:** ਮੇਰਾ ਮਨ ਹੁਣ ਸੰਕਲਪ ਵਿਕਲਪ ਰੂਪੀ ਪੈਰਾਂ ਤੋਂ ਪੰਗੁ = ਪਿੰਗਲਾ ਹੋ ਗਿਆ ਹੈ ॥੧॥ ਰਹਾਉ ॥

***ਪ੍ਰਸ਼ਨ :*** *ਹੇ ਰਾਮਾਨੰਦ ਜੀ ! ਤੁਸੀਂ ਪਹਿਲਾਂ ਤਾਂ ਰੋਜ਼ ਹੀ ਜਾਂਦੇ ਹੁੰਦੇ ਸੀ, ਫੇਰ ਹੁਣ ਕੀ ਹੋ ਗਿਆ ?*
***ਉੱਤਰ :***

## ਏਕ ਦਿਵਸ; ਮਨ ਭਈ ਉਮੰਗ ॥ ਘਸਿ ਚੰਦਨ ਚੋਆ; ਬਹੁ ਸੁਗੰਧ ॥

ਹੇ ਭਾਈ ! ਪਹਿਲਾਂ ਜਗਿਆਸਾ ਅਵਸਥਾ ਵਿਚ ਏਕ = ਇਕ ਦਿਵਸ = ਦਿਨ ਮੇਰੇ ਮਨ ਅੰਦਰ ਉਮੰਗ = ਅਨੰਦ ਦੀ ਲਹਿਰ, ਤਾਂਘ ਪੈਦਾ ਭਈ = ਹੋਈ ਕਿ ਪੂਜਾ ਕਰੀਏ।

ਤਦੋਂ ਚੰਦਨ ਨੂੰ ਘਸਿ = ਘਸਾ ਕੇ ਅਤੇ ਚੋਆ = ਅਤਰ ਅਤੇ ਮੁਸ਼ਕ ਕਪੂਰ ਆਦਿ ਬਹੁ = ਬਹੁਤ ਸੁਗੰਧ = ਸੁਗੰਧੀ ਵਾਲੀਆਂ ਵਸਤੂਆਂ ਲੈਣਾ ਕੀਤੀਆਂ।

## ਪੂਜਨ ਚਾਲੀ; ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ; ਗੁਰ ਮਨ ਹੀ ਮਾਹਿ ॥੧॥

ਫੇਰ ਮੈਂ ਜਗਿਆਸੂ ਰੂਪ ਇਸਤ੍ਰੀ ਬ੍ਰਹਮ ਠਾਇ = ਦੇਵ ਮੰਦਰ ਵਿਚ ਪੂਜਨ = ਪੂਜਾ ਕਰਨ ਲਈ ਚਾਲੀ = ਚੱਲ ਪਈ।

ਸੋ ਬ੍ਰਹਮ ਦਾ ਅਸਲ ਅਸਥਾਨ (ਤੁਰੀਆ ਅਤੀਤ ਬ੍ਰਹਮ ਸਰੂਪ) ਗੁਰਾਂ ਨੇ ਮੇਰੇ ਮਨ ਮਾਹਿ = ਵਿਚ ਹੀ ਬਤਾਇਓ = ਦੱਸ ਦਿੱਤਾ ਹੈ ॥੧॥

## ਜਹਾ ਜਾਈਐ; ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ; ਸਭ ਸਮਾਨ ॥

ਹੋਰ ਬਾਹਰ ਜਹਾ = ਜਿਥੇ ਵੀ ਤੀਰਥਾਂ, ਮੰਦਰਾਂ ਵਿਚ ਜਾਈਐ = ਜਾਣਾ ਕਰੀਏ, ਤਹ = ਉਥੇ ਜਲ = ਪਾਣੀ ਤੇ ਪਖਾਨ = ਪੱਥਰ ਹੀ ਪੂਜੇ ਜਾ ਰਹੇ ਹਨ।

ਪਰ ਹੇ ਪ੍ਰਭੂ ! ਤੂੰ ਸਭ = ਸਾਰੇ ਥਾਵਾਂ ਅੰਦਰ ਸਮਾਨ = ਬਰਾਬਰ, ਇਕ-ਰਸ ਪੂਰਿ = ਪੂਰਨ ਹੋ ਰਹਿਓ = ਰਿਹਾ ਹੈਂ।

## ਬੇਦ ਪੁਰਾਨ; ਸਭ ਦੇਖੇ ਜੋਇ ॥ ਊਹਾਂ ਤਉ ਜਾਈਐ; ਜਉ ਈਹਾਂ ਨ ਹੋਇ ॥੨॥

ਚਾਰੇ ਬੇਦ ਅਤੇ ਅਠਾਰਾਂ ਪੁਰਾਣ ਸਭ = ਸਾਰੇ ਜੋਇ = ਢੂੰਢ, ਪੜਤਾਲ, ਖੋਜ ਕਰਕੇ ਦੇਖਣਾ ਕੀਤੇ ਹਨ **ਵਾ:** ਸਭ = ਸਾਰੇ ਬੇਦ ਵੀ ਦੇਖੇ = ਦੇਖਣਾ ਕੀਤੇ ਹਨ ਅਤੇ ਸਾਰੇ ਪੁਰਾਨ ਵੀ ਜੋਇ = ਦੇਖਣਾ ਕੀਤੇ ਹਨ।

ਸਭ ਦਾ ਸਿਧਾਂਤ ਇਹੋ ਹੈ ਕਿ ਊਹਾਂ = ਉਸ ਥਾਂ 'ਤੇ (ਤੀਰਥਾਂ, ਦੇਵ ਮੰਦਰਾਂ ਆਦਿ ਵਿਚ) ਤਉ = ਤਾਂ ਜਾਈਐ = ਜਾਣਾ ਕਰੀਏ, ਜਉ = ਜੇਕਰ ਪਰਮਾਤਮਾ ਈਹਾਂ = ਏਥੇ ਵਿਆਪਕ ਨਾ ਹੋਇ = ਹੋਵੇ, ਭਾਵ ਅਸੀਂ ਪਰਮਾਤਮਾ ਨੂੰ ਸਭ ਥਾਈਂ ਵਿਆਪਕ ਜਾਣ ਲਿਆ ਹੈ॥੨॥

## ਸਤਿਗੁਰ; ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ; ਭ੍ਰਮ ਕਾਟੇ ਮੋਰ ॥

ਹੇ ਸਤਿਗੁਰੂ ! (ਸ੍ਰੀ ਗੁਰੂ ਨਾਨਕ ਦੇਵ ਜੀ) ਮੈਂ ਤੋਰ = ਤੁਹਾਡੇ ਤੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ।

ਜਿਨਿ = ਜਿਨ੍ਹਾਂ ਨੇ ਬਿਕਲ = ਵਿਆਕੁਲ ਕਰਨ ਵਾਲੇ ਸਕਲ = ਸਾਰੇ ਭਰਮ ਮੋਰ = ਮੇਰੇ ਅੰਦਰੋਂ ਕਾਟੇ = ਕੱਟ ਦਿੱਤੇ ਹਨ।

## ਰਾਮਾਨੰਦ ਸੁਆਮੀ; ਰਮਤ ਬ੍ਰਹਮ ॥[1]
## ਗੁਰ ਕਾ ਸਬਦੁ; ਕਾਟੈ ਕੋਟਿ ਕਰਮ ॥੩॥੧॥

ਭਗਤ ਰਾਮਾਨੰਦ ਜੀ ਕਥਨ ਕਰਦੇ ਹਨ ਕਿ ਮੈਂ ਸੁਆਮੀ = ਮਾਲਕ ਬ੍ਰਹਮ = ਵਿਆਪਕ ਪ੍ਰਭੂ ਦਾ ਜੱਸ ਰਮਤ = ਉਚਾਰਣ ਕਰਦਾ ਹਾਂ **ਵਾ:** ਰਾਮਾਨੰਦ ਦਾ ਸੁਆਮੀ = ਮਾਲਕ ਪ੍ਰਭੂ ਸਭ ਥਾਈਂ ਰਮਤ = ਰਮ ਰਿਹਾ ਹੈ।

ਗੁਰਾਂ ਕਾ = ਦਾ ਸਬਦੁ = ਉਪਦੇਸ਼ ਕੋਟਿ = ਕ੍ਰੋੜਾਂ ਹੀ ਜਨਮਾਂ ਦੇ ਸੰਚਤ ਕਰਮਾਂ ਨੂੰ ਕਾਟੈ = ਕੱਟ ਦੇਂਦਾ ਹੈ॥੩॥੧॥

## ਬਸੰਤੁ ਬਾਣੀ ਨਾਮਦੇਉ ਜੀ ਕੀ ੴ ਸਤਿਗੁਰ ਪ੍ਰਸਾਦਿ ॥

ਰਾਗੁ ਬਸੰਤ ਦੇ ਅੰਦਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਭਗਤ ਨਾਮਦੇਵ ਜੀ ਦੀ ਉਚਾਰਣ ਕੀਤੀ ਬਾਣੀ ਦਰਜ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਜਿਸ ਸਮੇਂ ਭਗਤ ਨਾਮਦੇਵ ਜੀ ਨੂੰ ਸਲੇਮ ਸ਼ਾਹ ਬਾਦਸ਼ਾਹ ਨੇ ਹਾਥੀ ਅੱਗੇ ਸੁਟਵਾਇਆ, ਅੱਗੋਂ ਹਾਥੀ ਨੇ ਭਗਤ ਨਾਮਦੇਵ ਜੀ ਨੂੰ ਕੁਝ ਨਾ ਕਿਹਾ। ਜਦੋਂ ਨਾਮਦੇਵ ਜੀ ਰਿਹਾਅ ਹੋ ਕੇ ਆਏ, ਤਦੋਂ

---

੧. ਚਾਲ ਵਾਸਤੇ ਬਿਸਰਾਮ 'ਸੁਆਮੀ' ਪਦ 'ਤੇ ਹੈ, ਅਰਥ ਲਈ 'ਰਾਮਾਨੰਦ' 'ਤੇ ਲੱਗਦਾ ਹੈ।

ਪ੍ਰੇਮੀਆਂ ਨੇ ਪੁੱਛਿਆ ਕਿ ਜਿਸ ਸਮੇਂ ਤੁਹਾਨੂੰ ਹਾਥੀ ਚੋਟ ਮਾਰਦਾ ਸੀ, ਤਦੋਂ ਤੁਹਾਡੇ ਮਨ ਦੀ ਕੀ ਅਵਸਥਾ ਸੀ ? ਤਦੋਂ ਭਗਤ ਨਾਮਦੇਵ ਜੀ ਨੇ ਇਹ ਸ਼ਬਦ ਉਚਾਰਣ ਕੀਤਾ।

## ਸਾਹਿਬੁ ਸੰਕਟਵੈ; ਸੇਵਕੁ ਭਜੈ ॥ ਚਿਰੰਕਾਲ ਨ ਜੀਵੈ; ਦੋਊ ਕੁਲ ਲਜੈ ॥੧॥

(**ਸੰਕਟ-ਵੈ** ਡੈਸ਼ ਲਗਾ ਕੇ ਅਤੇ **ਭੱਜੈ** ਅੱਧਕ ਸਹਿਤ ਉਚਾਰਣ ਹੈ)

ਹੇ ਭਾਈ! ਜੇਕਰ ਸਾਹਿਬੁ = ਮਾਲਕ ਪਰਖ ਕਰਨ ਵਾਸਤੇ ਸੰਕਟਵੈ = ਸੰਕਟ, ਦੁਖ ਦੇਣਾ ਕਰੇ ਅਤੇ ਸੇਵਕ = ਦਾਸ ਭਜੈ = ਭਗੌੜਾ ਹੋ ਜਾਵੇ ਭਾਵ ਪਰਮਾਤਮਾ ਪਰਖ ਕਰਨ ਲਈ ਕੋਈ ਦੁੱਖ ਦੇਵੇ ਤੇ ਸੇਵਕ ਅੱਗੋਂ ਦੁੱਖ ਵੇਖ ਕੇ ਡੋਲ ਜਾਵੇ ਕਿ ਮੇਰੇ ਕੋਲੋਂ ਭਾਣਾ ਨਹੀਂ ਮੰਨਿਆ ਜਾਂਦਾ।

ਉਹ ਚਿਰੰਕਾਲ = ਬਹੁਤਾ ਚਿਰ ਤਾਂ ਜੀਵੈ = ਜਿਉਂਦਾ ਨਹੀਂ ਰਹਿੰਦਾ, ਸਗੋਂ ਉਹ ਆਪਣੀ ਦੋਊ= ਦੋਵੇਂ ਨਾਨਕੇ ਤੇ ਦਾਦਕੇ ਦੀਆਂ ਕੁਲਾਂ ਨੂੰ ਲਜੈ = ਲਾਜ ਲਾਉਂਦਾ ਕੁਲ ਬਦਨਾਮ ਕਰਾਉਂਦਾ ਹੈ॥੧॥

## ਤੇਰੀ ਭਗਤਿ ਨ ਛੋਡਉ; ਭਾਵੈ ਲੋਗੁ ਹਸੈ ॥

ਹੇ ਪ੍ਰਭੂ! ਮੈਂ ਤੇਰੀ ਭਗਤਿ = ਭਗਤੀ ਕਰਨੀ ਨਹੀਂ ਛੋਡਉ = ਛੱਡਾਂਗਾ, ਭਾਵੇਂ ਲੋਕ ਮੇਰੇ ਉੱਪਰ ਹਸੈ = ਹੱਸਦੇ ਰਹਿਣ।

## ਚਰਨ ਕਮਲ; ਮੇਰੇ ਹੀਅਰੇ ਬਸੈ ॥੧॥ ਰਹਾਉ ॥

ਹੇ ਪ੍ਰਭੂ! ਤੇਰੇ ਚਰਨ ਕਮਲ ਮੇਰੇ ਹੀਅਰੇ = ਹਿਰਦੇ ਵਿਚ ਬਸੈ = ਵੱਸਦੇ ਰਹਿਣ॥੧॥ ਰਹਾਉ॥

## ਜੈਸੇ ਅਪਨੇ ਧਨਹਿ; ਪ੍ਰਾਨੀ ਮਰਨੁ ਮਾਂਡੈ ॥
## ਤੈਸੇ ਸੰਤ ਜਨਾਂ; ਰਾਮ ਨਾਮੁ ਨ ਛਾਡੈਂ ॥੨॥

ਜੈਸੇ = ਜਿਸ ਪ੍ਰਕਾਰ ਅਪਨੇ = ਆਪਦੇ ਧਨਹਿ = ਧਨ ਵਾਸਤੇ ਪ੍ਰਾਨੀ = ਪ੍ਰਾਣਾਂਧਾਰੀ ਜੀਵ ਮਰਨ ਮਾਂਡੈ = ਮਰਨਾ ਠਾਨ ਲੈਂਦਾ ਹੈ, ਭਾਵ ਕਿਸੇ ਚੋਰ ਆਦਿ ਨੂੰ ਦੇਣਾ ਨਹੀਂ ਕਰਦਾ।

ਤੈਸੇ = ਉਸੇ ਪ੍ਰਕਾਰ ਸੰਤ ਜਨਾਂ = ਸ਼ਾਂਤ-ਚਿੱਤ ਮਹਾਤਮਾ ਜਨ ਰਾਮ = ਪਰਮਾਤਮਾ ਦਾ ਨਾਮ ਜਪਣਾ ਨਹੀਂ ਛਾਡੈਂ = ਛੱਡਦੇ॥੨॥

## ਗੰਗਾ ਗਇਆ ਗੋਦਾਵਰੀ; ਸੰਸਾਰ ਕੇ ਕਾਮਾ ॥

ਜੋ ਗੰਗਾ ਗਇਆ (ਗਯਾ)[੧], ਗੋਦਾਵਰੀ ਆਦਿ ਤੀਰਥਾਂ ਉੱਪਰ ਜਾਣਾ ਹੈ, ਇਹ ਸੰਸਾਰ = ਜਗਤ ਕੇ = ਦੇ ਹੀ ਕਾਮਾ = ਕੰਮ ਹਨ ਭਾਵ ਇਸ ਨਾਲ ਕਲਿਆਣ ਨਹੀਂ ਹੋਣੀ।

[ਅੰਗ ੧੧੯੬]

## ਨਾਰਾਇਣੁ ਸੁਪ੍ਰਸੰਨ ਹੋਇ; ਤ ਸੇਵਕੁ ਨਾਮਾ ॥੩॥੧॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਜੇਕਰ ਨਾਰਾਇਣੁ = ਪਰਮਾਤਮਾ ਸੁਪ੍ਰਸੰਨ = ਭਲੀ ਪ੍ਰਕਾਰ ਪ੍ਰਸੰਨ ਹੋਇ = ਹੋ ਜਾਵੇ, ਤਾਂ ਹੀ ਉਸਦੇ ਅਸਲੀ ਸੇਵਕੁ = ਦਾਸ ਹੋਈਦਾ ਹੈ॥੩॥੧॥

---

੧. ਗਇਆ (ਗਯਾ) ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿੱਚੋਂ ਇਕ ਪੁਰੀ ਹੈ, ਜੋ ਬਿਹਾਰ ਦੇਸ਼ ਵਿਚ ਪਟਨੇ ਦੇ ਇਲਾਕੇ ਫਲਗੂ ਨਦੀ ਦੇ ਕਿਨਾਰੇ ਹੈ, ਇਸ ਥਾਂ ਪਿੱਤਰਾਂ ਦੀ ਗਤੀ ਲਈ ਹਿੰਦੂ ਪਿੰਡ ਦਾਨ ਕਰਦੇ ਹਨ।

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਪਰਮਾਤਮਾ ਅੱਗੇ ਬੇਨਤੀ ਕਰਨ ਦੀ ਜਾਚ ਦੱਸਦੇ ਹੋਏ ਫ਼ੁਰਮਾਉਂਦੇ ਹਨ।

## ਲੋਭ ਲਹਰਿ; ਅਤਿ ਨੀਝਰ ਬਾਜੈ ॥ ਕਾਇਆ ਡੂਬੈ; ਕੇਸਵਾ ॥੧॥

ਹੇ ਪ੍ਰਭੂ ! ਇਸ ਜਗਤ ਵਿਚ ਪਦਾਰਥਾਂ ਦੇ ਲੋਭ = ਲਾਲਚ ਰੂਪੀ ਲਹਿਰ ਅਤਿ = ਬਹੁਤ ਭਾਰੀ ਨੀਝਰ = ਇਕ-ਰਸ ਬਾਜੈ = ਪ੍ਰਗਟ ਹੋ ਰਹੀ ਹੈ।

ਹੇ ਕੇਸਵਾ = ਕੇਸਾਂ ਵਾਲੇ ਪ੍ਰਭੂ ! ਮੇਰੀ ਕਾਇਆ = ਦੇਹ, ਬੁੱਧ ਇਸ ਲਹਿਰ ਵਿਚ ਡੂਬੈ = ਡੁੱਬ ਰਹੀ ਹੈ, ਭਾਵ ਮਿਥਿਆ ਪਦਾਰਥਾਂ ਨੂੰ ਨਿਸਚੇ ਕਰਨ ਵਿਚ ਲੱਗੀ ਹੋਈ ਹੈ॥੧॥

## ਸੰਸਾਰੁ ਸਮੁੰਦੇ; ਤਾਰਿ ਗੋੁਬਿੰਦੇ ॥ ਤਾਰਿ ਲੈ; ਬਾਪ ਬੀਠੁਲਾ ॥੧॥ਰਹਾਉ॥

ਹੇ ਗੋੁਬਿੰਦੇ = ਪਰਮਾਤਮਾ ! ਤੂੰ ਮੈਨੂੰ ਇਸ ਸੰਸਾਰੁ = ਜਗਤ ਰੂਪੀ ਸਮੁੰਦੇ = ਸਮੁੰਦਰ ਤੋਂ ਤਾਰਿ = ਤਾਰਨਾ ਕਰ।

ਹੇ ਬਾਪ = ਪਿਤਾ ਸਰੂਪ ਬੀਠੁਲਾ = ਪ੍ਰਭੂ ! ਮੈਨੂੰ ਤਾਰ ਲੈ = ਲੈਣਾ ਕਰ ॥੧॥ ਰਹਾਉ ॥

## ਅਨਿਲ ਬੇੜਾ; ਹਉ ਖੇਵਿ ਨ ਸਾਕਉ ॥
## ਤੇਰਾ ਪਾਰੁ ਨ ਪਾਇਆ; ਬੀਠੁਲਾ ॥੨॥

ਹੇ ਪ੍ਰਭੂ ! ਸੰਸਾਰ-ਸਮੁੰਦ੍ਰ ਵਿਚ ਤ੍ਰਿਸ਼ਨਾ ਰੂਪੀ ਅਨਿਲ = ਅੱਗ ਹੈ **ਵਾ:** ਵਾਸ਼ਨਾ ਰੂਪੀ ਅਨਿਲ = ਪੌਣ ਹੈ, ਜਿਸ ਵਿਚ ਮੇਰਾ ਅੰਤਹਕਰਨ ਰੂਪੀ ਬੇੜਾ = ਜਹਾਜ਼ ਪਿਆ ਹੋਇਆ ਹੈ, ਹਉ = ਮੈਂ ਇਸਨੂੰ ਖੇਵਿ = ਸਹਾਰੇ ਦੇ ਨਾਲ ਚਲਾ ਨਹੀਂ ਸਾਕਉ = ਸਕਦਾ।

ਹੇ ਬੀਠੁਲਾ = ਪ੍ਰਭੂ ! ਤੇਰਾ ਪਾਰ ਉਰਾਰ ਕਰਕੇ ਅੰਤ ਨਹੀਂ ਪਾਇਆ ਜਾਂਦਾ **ਵਾ:** ਤੇਰੇ ਸੰਸਾਰ-ਸਮੁੰਦ੍ਰ ਦਾ ਪਾਰਲਾ ਕਿਨਾਰਾ ਨਹੀਂ ਪਾਇਆ ਜਾਂਦਾ॥੨॥

## ਹੋਹੁ ਦਇਆਲੁ, ਸਤਿਗੁਰੁ ਮੇਲਿ ਤੂ; ਮੋਕਉ ਪਾਰਿ ਉਤਾਰੇ ਕੇਸਵਾ ॥੩॥

ਹੇ ਪ੍ਰਭੂ ! ਤੂੰ ਦਇਆਲ = ਮਿਹਰਵਾਨ ਹੋਹੁ = ਹੋਣਾ ਕਰ ਅਤੇ ਮੈਨੂੰ ਗੁਰੂ ਦੇ ਨਾਲ ਮੇਲਣਾ ਕਰ। ਹੇ ਕੇਸਵਾ = ਕੇਸ਼ਾਂ ਨੂੰ ਧਾਰਨ ਵਾਲੇ ਪ੍ਰਭੂ ! ਤੂੰ ਮੋਕਉ = ਮੈਨੂੰ ਇਸ ਸੰਸਾਰ-ਸਮੁੰਦ੍ਰ ਤੋਂ ਪਾਰ ਮੁਕਤ ਰੂਪੀ ਕਿਨਾਰੇ 'ਤੇ ਉਤਾਰੇ = ਉਤਾਰਨਾ ਕਰ॥੩॥

## ਨਾਮਾ ਕਹੈ; ਹਉ ਤਰਿ ਭੀ ਨ ਜਾਨਉ ॥
## ਮੋਕਉ, ਬਾਹ ਦੇਹਿ ਬਾਹ ਦੇਹਿ; ਬੀਠੁਲਾ ॥੪॥੨॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਹਉ = ਮੈਂ ਆਪਣੇ ਆਪ ਸੰਸਾਰ ਤੋਂ ਤਰਿ = ਤੈਰਨਾ ਭੀ = ਵੀ ਨਹੀਂ ਜਾਨਉ = ਜਾਣਦਾ।

ਹੇ ਬੀਠੁਲਾ = ਪਰਮਾਤਮਾ ! ਮੋਕਉ = ਮੈਨੂੰ ਆਪਣੀ ਭਗਤੀ ਰੂਪੀ ਬਾਹ = ਭੁਜਾ ਦੇਹਿ = ਦੇਣੀ ਕਰ, ਆਪਣੀ ਕਿਰਪਾ ਰੂਪੀ ਬਾਹ = ਭੁਜਾ ਦੇਹਿ = ਦੇਣੀ ਕਰ **ਵਾ:** ਬ੍ਰਹਮਾਕਾਰ ਬਿਰਤੀ ਕਰਨ ਭੁਜਾ ਪਕੜਾਉਣੀ ਕਰ ਅਤੇ ਸੰਤ ਜਨਾਂ ਦੀ ਸੰਗਤ ਰੂਪੀ ਭੁਜਾ ਪਕੜਾਉਣੀ ਕਰ, ਭਾਵ ਜਿਵੇਂ ਡੁੱਬਦੇ ਹੋਏ ਨੂੰ ਬਾਂਹ ਪਕੜਾ ਕੇ ਪਾਣੀ 'ਚੋਂ ਬਾਹਰ ਕੱਢ ਲਈਦਾ ਹੈ, ਇਉਂ ਮੈਨੂੰ ਸੰਸਾਰ-ਸਮੁੰਦ੍ਰ ਤੋਂ ਬਾਹਰ ਕੱਢ ਲੈਣਾ ਕਰ॥੪॥੨॥

**ਉਥਾਨਕਾ :** ਇਕ ਦਿਨ ਭਗਤ ਨਾਮਦੇਵ ਜੀ ਨਦੀ ਦੇ ਕਿਨਾਰੇ ਬਸਤ੍ਰਾਂ ਦੀ ਪੰਡ ਰੱਖ ਕੇ ਆਪ ਸਿਮਰਨ ਵਿਚ ਜੁੜ ਗਏ ਅਤੇ ਕੋਈ ਬਸਤਰ ਨਹੀਂ ਧੋਤਾ, ਇਤਨੇ ਨੂੰ ਭਗਤ ਨਾਮਦੇਵ ਜੀ ਦੀ ਪਤਨੀ (ਲਾਡਲੀ) ਹੋਰ ਧੋਣ ਵਾਲੇ ਬਸਤਰ ਲੈ ਕੇ ਆ ਗਈ। ਉਸ ਨੇ ਕਿਹਾ ਕਿ ਮਹਾਰਾਜ! ਤੁਸੀਂ ਕੋਈ ਬਸਤਰ ਨਹੀਂ ਧੋਤਾ। ਤਦੋਂ ਜੋ ਬਚਨ ਬਿਲਾਸ ਹੋਏ ਉਨ੍ਹਾਂ ਦੁਆਰਾ ਪਹਿਲੇ ਅਰਥ ਵਿਚ ਬਾਹਜ ਭਾਵ ਨੂੰ ਕਥਨ ਕਰਕੇ ਫੇਰ ਅੰਤ੍ਰੀਵ ਭਾਵ ਵਿਚ ਕਿਸੇ ਅਨਯ ਪੁਰਖ ਨੂੰ ਸਮਝਾਉਂਦੇ ਹਨ।

## ਸਹਜ ਅਵਲਿ, ਧੂੜਿ ਮਣੀ; ਗਾਡੀ ਚਾਲਤੀ ॥

(**ਅੱਵਲਿ** ਅੱਧਕ ਸਹਿਤ ਉਚਾਰਣ ਹੈ)

ਮੈਂ ਸਹਜ = ਸੁਭਾਵਿਕ ਹੀ ਅਵਲਿ = ਪਹਿਲਾਂ ਨਦੀ ਦੇ ਕਿਨਾਰੇ ਆ ਜਾਂਦਾ ਸੀ, ਫੇਰ ਪਿੱਛੋਂ ਘਰ ਦਾ ਕੰਮ-ਕਾਰ ਕਰਕੇ ਧੂੜਿ ਮਣੀ = ਧੂੜ ਰੂਪ ਭਾਵ ਮਲੀਨ ਕੱਪੜਿਆਂ ਦੀ ਗਾਡੀ = ਗੱਡੀ ਨੂੰ ਚਾਲਤੀ = ਚਲਾਉਂਦੀ ਤੋਰਦੀ ਹੋਈ ਆ ਜਾਂਦੀ ਹੈ।

## ਪੀਛੈ; ਤਿਨਕਾ ਲੈ ਕਰਿ ਹਾਂਕਤੀ ॥੧॥

ਅਤੇ ਪਿੱਛੇ ਤਿਨਕਾ = ਕੱਖ ਭਾਵ ਛਮਕ ਲੈ ਕਰਿ = ਕਰਕੇ ਗੱਡੀ ਹਾਂਕਤੀ = ਹਿੱਕਦੀ ਜਾਂਦੀ ਹੈ ॥੧॥

## ਜੈਸੇ ਪਨਕਤ; ਥ੍ਰੂਟਿਟਿ ਹਾਂਕਤੀ ॥ ਸਰਿ ਧੋਵਨ ਚਾਲੀ; ਲਾਡੁਲੀ ॥੧॥ਰਹਾਉ॥

ਜੈਸੇ = ਜਿਸ ਪ੍ਰਕਾਰ ਪਨਕਤ = ਗੋਬਰ ਦੀ ਗੋਲੀ ਨੂੰ ਟਿਟਿ = ਟਿੱਟਣ, ਮਲ ਖਾਣ ਵਾਲੀ ਭੂੰਡੀ ਥ੍ਰੂ = ਧੂਹ ਕੇ ਹਾਂਕਤੀ = ਚਲਾਉਂਦੀ ਹੈ, ਇਉਂ ਲਾਡਲੀ ਬੈਲ ਨੂੰ ਹੱਕਿਆ ਕਰਦੀ ਤੇ ਬੈਲ ਅੱਗੋਂ ਉਸ ਗੱਡੀ ਨੂੰ ਧੂਹਿਆ ਕਰਦਾ।

ਇਉਂ ਮੇਰੀ ਲਾਡੁਲੀ = ਪਿਆਰੀ ਇਸਤ੍ਰੀ ਸਰਿ = ਨਦੀ ਦੇ ਕਿਨਾਰੇ ਕੱਪੜੇ ਧੋਣ ਲਈ ਚਾਲੀ = ਚੱਲੀ ॥੧॥ ਰਹਾਉ ॥

## ਧੋਬੀ ਧੋਵੈ; ਬਿਰਹ ਬਿਰਾਤਾ ॥ ਹਰਿ ਚਰਨ; ਮੇਰਾ ਮਨੁ ਰਾਤਾ ॥੨॥

ਏਥੇ ਆ ਕੇ ਉਸ ਨੇ ਦੇਖਿਆ ਕਿ ਬਾਕੀ ਸਾਰੇ ਧੋਬੀ ਬਸਤਰ ਧੋਵੈ = ਧੋ ਰਹੇ ਹਨ ਅਤੇ ਨਾਮਦੇਵ ਪਰਮਾਤਮਾ ਦੇ ਬਿਰਹ = ਪ੍ਰੇਮ ਵਿਚ ਬਿਰਾਤਾ = ਵਿਸ਼ੇਸ਼ ਕਰਕੇ ਰੰਗਿਆ ਹੋਇਆ ਹੈ।

ਫੇਰ ਉਸ ਨੇ ਪੁੱਛਿਆ ਕਿ ਮਹਾਰਾਜ! ਬਾਕੀ ਸਾਰੇ ਧੋਬੀਆਂ ਨੇ ਬਸਤਰ ਧੋ ਲਏ ਹਨ, ਤੁਸੀਂ ਕਿਉਂ ਨਹੀਂ ਧੋਤੇ। ਤਦੋਂ ਅਸੀਂ ਕਿਹਾ ਕਿ :

ਹਰਿ = ਪਰਮਾਤਮਾ ਦੇ ਚਰਨ ਕਮਲਾਂ ਵਿਚ ਮੇਰਾ ਮਨ ਰਾਤਾ = ਰੰਗਿਆ ਹੋਇਆ ਹੈ ॥੨॥

ਇਉਂ ਬਚਨ ਕਰਕੇ ਭਗਤਨੀ ਨੂੰ ਵੀ ਪ੍ਰਭੂ ਦੀ ਭਗਤੀ ਦੇ ਰੰਗ ਵਿਚ ਲੀਨ ਕੀਤਾ।

### ਦੂਸਰਾ ਅਰਥ

### ਸਹਜ ਅਵਲਿ, ਧੂੜਿ ਮਣੀ; ਗਾਡੀ ਚਾਲਤੀ ॥

ਸਹਜ = ਸੁਭਾਵਿਕ ਹੀ ਅਵਲਿ = ਪਹਿਲਾਂ, ਆਦਿ ਤੋਂ ਪ੍ਰਭੂ ਦੀ ਨੇਤ ਅਨੁਸਾਰ ਪੰਜਾਂ ਤੱਤਾਂ ਦੀ ਧੂੜਿ = ਧੂੜੀ ਨਾਲ ਮਣੀ = ਭਰੀ ਹੋਈ ਦੇਹ ਰੂਪੀ ਗਾਡੀ = ਗੱਡੀ ਚਾਲਤੀ = ਚੱਲ ਰਹੀ ਹੈ।

### ਪੀਛੈ; ਤਿਨਕਾ ਲੈ ਕਰਿ ਹਾਂਕਤੀ ॥੧॥

ਪਿੱਛੇ ਈਸ਼ਰ ਦੀ ਜੋ ਇੱਛਾ ਹੈ ਕਿ ਮੈਂ ਸਭ ਦੀ ਪਾਲਣਾ ਕਰਨੀ ਹੈ, ਇਹ ਇੱਛਾ ਹੀ ਪਰਾਲਬਧ ਰੂਪੀ ਤਿਨਕਾ ਲੈ ਕੇ ਇਸ ਦੇਹ ਰੂਪੀ ਗੱਡੀ ਨੂੰ ਹਾਂਕਤੀ = ਹਿੱਕ, ਚਲਾ ਰਹੀ ਹੈ ॥੧॥

**ਜੈਸੇ ਪਨਕਤ; ਥ੍ਰੂ ਟਿਟਿ ਹਾਂਕਤੀ ॥**

ਜੈਸੇ = ਜਿਸ ਪ੍ਰਕਾਰ ਪਨਕਤ = ਗੋਬਰ ਦੀ ਗੋਲੀ ਨੂੰ ਟਿਟਿ = ਗੋਹੇ ਦੀ ਭੂੰਡੀ ਥ੍ਰੂ = ਖਿੱਚਦੀ ਹੈ, ਇਉਂ ਪਰਾਲਬਧ ਹਿੱਕਦੀ, ਚਲਾਉਣਾ ਕਰਦੀ ਹੈ **ਵਾ:** ਜਿਵੇਂ ਇਕ ਭੂੰਡੀ ਗੋਹੇ ਦੀ ਗੋਲੀ ਨੂੰ ਇਕੱਠੀ ਕਰਕੇ ਦੂਜੀ ਵੱਲ ਨੂੰ ਧੱਕਦੀ ਹੈ ਅਤੇ ਦੂਜੀ ਉਸ ਗੋਲੀ ਨੂੰ ਆਪਣੇ ਵੱਲ ਖਿੱਚਦੀ ਹੈ।

ਇਸ ਪ੍ਰਕਾਰ ਈਸ਼ਰ ਦੀ ਇੱਛਾ ਇਸ ਦੇਹ ਰੂਪੀ ਗੱਡੀ ਨੂੰ ਹਿੱਕ ਰਹੀ ਹੈ ਅਤੇ ਪਰਾਲਬਧ ਅੱਗੇ ਨੂੰ ਖਿੱਚ ਰਹੀ ਹੈ।

**ਸਰਿ ਧੋਵਨ ਚਾਲੀ; ਲਾਡੁਲੀ ॥੧॥ ਰਹਾਉ ॥**

ਇਉਂ ਇਸ ਦੇਹ ਰੂਪੀ ਗੱਡੀ ਨੂੰ ਪਰਾਲਬਧ ਦੇ ਆਸਰੇ ਜਾਣ ਕੇ ਜਗਿਆਸੂ ਲਾਡੁਲੀ = ਪ੍ਰੇਮ, ਬੁੱਧੀ ਸਤਿਸੰਗਤ ਰੂਪੀ ਸਰਿ = ਸਰੋਵਰ ਉੱਪਰ ਪ੍ਰੇਮ ਰੂਪੀ ਜਲ ਨਾਲ ਆਪਣੇ ਮਨ ਰੂਪੀ ਬਸਤਰ ਨੂੰ ਧੋਣ ਵਾਸਤੇ ਚੱਲੀ ਹੈ ॥੧॥ ਰਹਾਉ ॥

**ਧੋਬੀ ਧੋਵੈ; ਬਿਰਹ ਬਿਰਾਤਾ ॥ ਹਰਿ ਚਰਨ; ਮੇਰਾ ਮਨੁ ਰਾਤਾ ॥੨॥**

ਜਿਹੜੇ ਸਕਾਮੀ ਜੀਵ ਰੂਪੀ ਧੋਬੀ ਹਨ, ਉਹ ਸਕਾਮ ਕਰਮਾਂ ਰੂਪੀ ਪਾਣੀ ਨਾਲ ਆਪਣੇ ਮਨ ਰੂਪੀ ਬਸਤਰ ਨੂੰ ਧੋਣ ਦਾ ਜਤਨ ਕਰ ਰਹੇ ਹਨ, ਨਿਸ਼ਕਾਮੀ ਜੀਵ ਪ੍ਰਭੂ ਦੇ ਬਿਰਹ = ਪ੍ਰੇਮ ਵਿਚ ਬਿਰਾਤਾ = ਵਿਸ਼ੇਸ਼ ਕਰਕੇ ਰੰਗਿਆ ਰਹਿੰਦਾ ਹੈ **ਵਾ:** ਜਿਸ ਦੇ ਮਨ ਰੂਪੀ ਬਸਤਰ ਨੂੰ ਗੁਰੂ ਰੂਪੀ ਧੋਬੀ ਧੋ ਦੇਂਦਾ ਹੈ, ਉਹ ਪ੍ਰਭੂ ਦੇ ਪ੍ਰੇਮ ਵਿਚ ਵਿਸ਼ੇਸ਼ ਕਰਕੇ ਰੰਗਿਆ ਜਾਂਦਾ ਹੈ।

ਹਰਿ = ਪਰਮਾਤਮਾ ਦੇ ਚਰਨ ਕਮਲਾਂ ਨਾਲ ਮੇਰਾ ਮਨ ਰੰਗਿਆ ਹੋਇਆ ਹੈ ॥੨॥

## ਭਣਤਿ ਨਾਮਦੇਉ; ਰਮਿ ਰਹਿਆ ॥
## ਅਪਨੇ ਭਗਤ ਪਰ; ਕਰਿ ਦਇਆ ॥੩॥੩॥

ਭਗਤ ਨਾਮਦੇਵ ਜੀ ਬੇਨਤੀ ਪੂਰਬਕ ਭਣਤਿ = ਉਚਾਰਣ ਕਰਦੇ ਹਨ ਕਿ ਉਹ ਪ੍ਰਭੂ ਸਾਰੇ ਸੰਸਾਰ ਵਿਚ ਰਮਿ = ਵਿਆਪਕ ਹੋ ਰਹਿਆ = ਰਿਹਾ ਹੈ।

ਉਸ ਨੇ ਮੈਨੂੰ ਆਪਣਾ ਭਗਤ ਜਾਣ ਕੇ ਮੇਰੇ ਪਰ = ਉੱਪਰ ਆਪਣੀ ਦਇਆ = ਮਿਹਰ ਕਰਿ = ਕੀਤੀ ਹੈ ॥੩॥੩॥

## ਬਸੰਤੁ ਬਾਣੀ ਰਵਿਦਾਸ ਜੀ ਕੀ ੴ ਸਤਿਗੁਰ ਪ੍ਰਸਾਦਿ ॥

ਰਾਗੁ ਬਸੰਤ ਵਿਚ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਭਗਤ ਰਵਿਦਾਸ ਜੀ ਕੀ = ਦੀ ਉਚਾਰਣ ਕੀਤੀ ਬਾਣੀ ਦਰਜ ਕਰਦੇ ਹਨ।

੧ = ਅਦੁੱਤੀ ਬ੍ਰਹਮ, ੳ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਇਕ ਵਾਰ ਭਗਤ ਰਵਿਦਾਸ ਸਾਹਿਬ ਜੀ ਦੇ ਪਾਸ ਇਕ ਪ੍ਰੇਮੀ ਘੋੜਾ ਤੇ ਪੁਸ਼ਾਕ ਲੈ ਕੇ ਆਇਆ। ਉਸ ਨੇ ਬੇਨਤੀ ਕਰਕੇ ਕਿਹਾ ਕਿ ਹੇ ਮਹਾਰਾਜ ! ਮੇਰੇ ਪੁੱਤਰ ਦੀ ਸ਼ਾਦੀ ਹੈ, ਤੁਸੀਂ ਇਹ ਪੁਸ਼ਾਕ ਪਹਿਨ ਕੇ ਘੋੜੇ ਉੱਪਰ ਅਸਵਾਰ ਹੋਵੋ ਅਤੇ ਮੇਰੇ ਪੁੱਤਰ ਦੀ ਸ਼ਾਦੀ ਵਿਚ ਚੱਲੋ। ਮੈਂ ਤੁਹਾਨੂੰ ਆਪਣੇ ਪੁੱਤਰ ਦੀ ਜੰਞ ਵਿਚ ਲੈ ਕੇ ਜ਼ਰੂਰ ਜਾਣਾ ਹੈ। ਭਗਤ ਰਵਿਦਾਸ ਜੀ ਨੇ ਕਿਹਾ ਕਿ ਅਸੀਂ ਏਥੇ ਹੀ ਠੀਕ ਹਾਂ, ਤੂੰ ਸਾਨੂੰ ਵਿਆਹ ਵਿਚ ਨਾ ਲੈ ਕੇ ਜਾਹ। ਅੱਗੋਂ ਉਹ ਕਹਿੰਦਾ ਕਿ ਮੈਂ ਤੁਹਾਨੂੰ ਜ਼ਰੂਰ ਲੈ ਕੇ ਜਾਣਾ ਹੈ, ਤੁਸੀਂ ਇਹ ਪੁਸ਼ਾਕ ਪਹਿਨ ਲਵੋ। ਭਗਤ ਰਵਿਦਾਸ ਜੀ ਨੇ ਉਸਦਾ ਬਹੁਤਾ ਪ੍ਰੇਮ ਦੇਖ ਕੇ ਉਹ ਪੁਸ਼ਾਕ ਪਹਿਨ

ਲਈ ਅਤੇ ਘੋੜੇ ਉੱਪਰ ਬੈਠ ਗਏ। ਤਦੋਂ ਆਪਣੇ ਪਰਛਾਵੇਂ ਨੂੰ ਦੇਖ ਕੇ ਮਨ ਵਿਚ ਸੋਚਣ ਲੱਗੇ ਕਿ ਅਸੀਂ ਬਹੁਤ ਜਚ ਰਹੇ ਹਾਂ ਫੇਰ ਆਪਣੇ ਪਹਿਨੇ ਹੋਏ ਬਸਤ੍ਰਾਂ ਵੱਲ ਦੇਖਣ ਲੱਗੇ ਕਿ ਸੱਚ-ਮੁੱਚ ਹੀ ਬਹੁਤ ਜਚ ਰਹੇ ਹਾਂ। ਇਸ ਵਿਚਾਰ ਤੋਂ ਬਾਅਦ ਭਗਤ ਰਵਿਦਾਸ ਜੀ ਛੇਤੀ ਦੇ ਨਾਲ ਘੋੜੇ ਤੋਂ ਹੇਠਾਂ ਉੱਤਰੇ ਅਤੇ ਉਸਦੀ ਪੁਸ਼ਾਕ ਲਾਹ ਕੇ ਉਸ ਨੂੰ ਫੜਾ ਦਿੱਤੀ ਤੇ ਕਿਹਾ ਕਿ ਅਸੀਂ ਤੇਰੇ ਨਾਲ ਨਹੀਂ ਜਾਣਾ। ਸਾਡਾ ਮਨ ਹੰਕਾਰ ਕਰਦਾ ਹੈ ਕਿ ਤੂੰ ਸੋਹਣਾ ਬਣ ਗਿਆ ਹੈਂ। ਇਉਂ ਉਸ ਪ੍ਰੇਮੀ ਨੂੰ ਭਗਤ ਜੀ ਨੇ ਜਵਾਬ ਦੇ ਦਿੱਤਾ ਅਤੇ ਫੇਰ ਆਪਣੀ ਦੇਹ ਪ੍ਰਤੀ ਉਪਦੇਸ਼ ਦੇਂਦੇ ਹਨ।

***ਨੋਟ :*** ਕਈ ਇਸੇ ਵਾਰਤਾ ਨੂੰ ਚਿਤੌੜ ਦੇ ਰਾਜੇ ਦੀ ਮਹਾਰਾਣੀ ਝਾਲਾਬਾਈ ਦੇ ਪੁਸ਼ਾਕ ਅਤੇ ਘੋੜੇ ਦੀ ਗੱਲ ਉਨ੍ਹਾਂ ਵੱਲੋਂ ਮੰਨਦੇ ਹਨ।

## ਤੁਝਹਿ ਸੁਝੰਤਾ; ਕਛੂ ਨਾਹਿ ॥ ਪਹਿਰਾਵਾ ਦੇਖੇ; ਊਭਿ ਜਾਹਿ ॥

ਹੇ ਦੇਹੀ! ਤੁਝਹਿ = ਤੈਨੂੰ ਕਛੂ = ਕੁਝ ਵੀ ਸੁਝੰਤਾ = ਸੁੱਝਦਾ, ਦਿਸਦਾ ਨਾਹਿ = ਨਹੀਂ ਹੈ।

ਤੂੰ ਆਪਣਾ ਪਹਿਰਾਵਾ = ਲਿਬਾਸ, ਪੁਸ਼ਾਕ ਆਦਿ ਦੇਖੇ = ਦੇਖ ਕੇ ਊਭਿ = ਹੰਕਾਰ ਦੇ ਸਹਿਤ ਹੋ ਜਾਹਿ = ਜਾਂਦੀ ਹੈ।

## ਗਰਬਵਤੀ ਕਾ; ਨਾਹੀ ਠਾਉ ॥
## ਤੇਰੀ ਗਰਦਨਿ ਊਪਰਿ; ਲਵੈ ਕਾਉ ॥੧॥

ਪਰ ਗਰਬਵਤੀ = ਹੰਕਾਰੀ ਹੰਕਾਰ ਵਾਲੀ ਦੇਹ ਕਾ = ਦਾ ਪ੍ਰਲੋਕ ਵਿਚ ਕੋਈ ਠਾਉ = ਥਾਂ ਨਹੀਂ ਹੈ **ਵਾ:** ਹੰਕਾਰ ਵਾਲੀ ਬੁੱਧੀ ਦਾ ਤੁਰੀਆ ਪਦ ਵਿਚ ਕੋਈ ਥਾਂ ਨਹੀਂ ਹੈ।

ਹੇ ਦੇਹੀ! ਤੇਰੀ ਗਰਦਨਿ = ਧੌਣ ਦੇ ਊਪਰਿ = ਉੱਤੇ ਕਾਲ ਰੂਪੀ ਕਾਉ = ਕਾਂ ਲਵੈ = ਬੋਲਦਾ ਪਿਆ ਹੈ ॥੧॥

## ਤੂ; ਕਾਂਇ ਗਰਬਹਿ ਬਾਵਲੀ ॥

ਹੇ ਬਾਵਲੀ = ਕਮਲੀ ਦੇਹ! ਤੂੰ ਕਾਂਇ = ਕਿਸ ਵਾਸਤੇ ਗਰਬਹਿ = ਹੰਕਾਰ ਕਰਦੀ ਹੈਂ।

## ਜੈਸੇ ਭਾਦਉ ਖੂੰਬ ਰਾਜੁ; ਤੂ, ਤਿਸ ਤੇ ਖਰੀ ਉਤਾਵਲੀ ॥੧॥ਰਹਾਉ॥

ਜੈਸੇ = ਜਿਸ ਪ੍ਰਕਾਰ ਭਾਦਉ = ਭਾਦਰੋਂ ਦੇ ਮਹੀਨੇ ਵਿਚ ਖੂੰਬ[੧] = ਖੁੰਬ ਦਾ ਰਾਜੁ = ਪ੍ਰਕਾਸ਼ ਹੁੰਦਾ ਹੈ ਤੇ

---

੧. ਖੁੰਬ ਸਾਵਣ ਭਾਦੋਂ ਵਿਚ ਆਪੇ ਉੱਗਣ ਵਾਲੀ ਬਨਸਪਤੀ, ਜਿਸ ਦੇ ਨਾ ਜੜ੍ਹ ਨਾ ਪੱਤਾ ਹੁੰਦਾ ਹੈ। ਇਹ ਕਈ ਪ੍ਰਕਾਰ ਦੀ ਹੁੰਦੀ ਹੈ। ਜ਼ਹਿਰੀਲੀਆਂ ਨੂੰ 'ਪਦ ਬਹੇੜੇ' ਕਹਿੰਦੇ ਹਨ, ਇਹ ਅਕਸਰ ਕਾਲੇ ਤੇ ਛਤ੍ਰੀਦਾਰ ਹੁੰਦੇ ਹਨ ਪਰ ਚਿੱਟੇ ਵੀ ਹੁੰਦੇ ਹਨ। ਬ੍ਰਿਛਾਂ ਦੇ ਮੁੱਢਾਂ 'ਤੇ ਉੱਗੇ ਵੀ ਜ਼ਹਿਰੀਲੇ ਹੁੰਦੇ ਹਨ। ਖਾਣ ਵਾਲੀ ਕਿਸਮ ਨੂੰ ਖੁੰਬ ਕਹਿੰਦੇ ਹਨ। ਇਸ ਦੀਆਂ ਕਿਸਮਾਂ ਵਿੱਚੋਂ ਰਾਜ ਖੁੰਬ ਸਭ ਤੋਂ ਚੰਗੀ ਮੰਨੀ ਗਈ ਹੈ। ਇਹ ਮਿੰਟਗੁਮਰੀ ਆਦਿ ਜ਼ਿਲ੍ਹਿਆਂ ਵਿਚ ਬਹੁਤ ਉੱਗਦੀ ਹੈ। ਇਹ ਸਿੱਧੀ-ਲੰਮੀ ਬੜੀ ਚਿੱਟੀ ਤੇ ਇਸ ਦੇ ਉਪਰ ਛਤ੍ਰੀ ਨਹੀਂ ਹੁੰਦੀ। ਉੱਪਰ ਛਤ੍ਰੀ ਦੇ ਥਾਵੇਂ ਗੁੰਦਾ ਹੁੰਦਾ ਹੈ। ਇਕ ਕਾਲੀ ਕਿਸਮ ਗੁੱਥੀ ਵਰਗੀ ਕਸ਼ਮੀਰ ਵਿਖੇ ਹੁੰਦੀ ਹੈ, ਉਸ ਨੂੰ ਗੁੱਛੀ ਕਹਿੰਦੇ ਹਨ। ਪੰਜਾਬ ਦੇ ਪੱਛੋਂ ਵੱਲੋਂ ਇਕ ਮੋਟੀ ਛਤ੍ਰੀਦਾਰ ਸਫ਼ੈਦ ਆਉਂਦੀ ਹੈ ਉਸ ਨੂੰ ਢਿੰਗਰੀ ਕਹਿੰਦੇ ਹਨ, ਏਹ ਦੋਵੇਂ ਖਾਈਦੀਆਂ ਹਨ। ਪੰਜਾਬ ਦੇ ਪਹਾੜਾਂ 'ਤੇ ਖੁੰਬ ਅਕਸਰ ਸਖ਼ਤ ਜ਼ਹਿਰੀਲੀ ਹੁੰਦੀ ਹੈ ਤੇ ਚੰਗੀ ਖੁੰਬ ਦੇ ਭੁਲੇਖੇ ਕਈ ਜ਼ਹਿਰੀਲੀ ਖੁੰਬ ਖਾ ਕੇ ਮਰ ਜਾਂਦੇ ਹਨ। ਇਹ ਛੇਤੀ ਉੱਗਦੀ ਤੇ ਛੇਤੀ ਸੜ ਜਾਂਦੀ ਹੈ, ਸੋ ਉਸਦਾ ਥੋੜ੍ਹੀ ਜ਼ਿੰਦਗੀ ਦਾ ਦ੍ਰਿਸ਼ਟਾਂਤ ਵਰਤੀਦਾ ਹੈ।

ਛੇਤੀ ਹੀ ਸੜ ਜਾਂਦੀ ਹੈ ਭਾਵ ਢਾਈ ਕੁ ਦਿਨ ਦੀ ਮੁਨਿਆਦ ਹੁੰਦੀ ਹੈ ਪਰ ਤੂੰ ਤਾਂ ਤਿਸ = ਉਸ ਖੁੰਬ ਤੇ = ਤੋਂ ਵੀ ਉਤਾਵਲੀ = ਛੇਤੀ ਜਾਣ ਵਾਲੀ ਹੈਂ ॥੧॥ ਰਹਾਉ ॥

## ਜੈਸੇ ਕੁਰੰਕ; ਨਹੀ ਪਾਇਓ ਭੇਦੁ ॥ ਤਨਿ ਸੁਗੰਧ; ਢੂਢੈ ਪ੍ਰਦੇਸੁ ॥

ਜੈਸੇ = ਜਿਸ ਪ੍ਰਕਾਰ ਕੁਰੰਕ = ਹਿਰਨ ਨੇ ਕਸਤੂਰੀ ਦਾ ਭੇਦ ਨਹੀਂ ਪਾਇਓ = ਪਾਉਣਾ ਕੀਤਾ।

ਉਸਦੇ ਤਨਿ = ਸਰੀਰ ਵਿਚ ਹੀ ਕਸਤੂਰੀ ਦੀ ਸੁਗੰਧ = ਖ਼ੁਸ਼ਬੂ ਹੁੰਦੀ ਹੈ ਪਰ ਉਹ ਪ੍ਰਦੇਸੁ = ਦੂਜੀ ਥਾਂ ਝਾੜੀਆਂ ਆਦਿ ਵਿਚ ਜਾ ਕੇ ਢੂਢੈ = ਲੱਭਦਾ ਫਿਰਦਾ ਹੈ।

**ਅਥਵਾ** ਏਸੇ ਪ੍ਰਕਾਰ ਹਿਰਦੇ ਦੇ ਅੰਦਰ ਹੀ ਭਗਤੀ ਰੂਪੀ ਕਸਤੂਰੀ ਹੈ ਅਤੇ ਅਨੰਦ ਰੂਪ ਸੁਗੰਧੀ ਆ ਰਹੀ ਹੈ।

ਪਰ ਜੀਵ ਪਰਾਏ ਦੇਸ਼ ਭਾਵ ਵਿਸ਼ਿਆਂ ਆਦਿ ਵਿਚ ਉਸ ਅਨੰਦ ਦੀ ਭਾਲ ਕਰ ਰਿਹਾ ਹੈ।

## ਅਪ ਤਨ ਕਾ; ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮਕੰਕਰੁ; ਕਰੇ ਖੁਆਰੁ ॥੨॥

ਜੋ = ਜਿਹੜਾ ਮਨੁੱਖ ਅਪ = ਆਪਣੇ ਤਨ = ਸਰੀਰ, ਸਰੂਪ ਕਾ = ਦਾ ਬੀਚਾਰੁ = ਨਿਰਣਾ ਕਰੇ = ਕਰਦਾ ਹੈ।

ਤਿਸੁ = ਉਸ ਮਨੁੱਖ ਨੂੰ ਜਮਕੰਕਰੁ = ਜਮਾਂ ਦਾ ਦੂਤ ਖੁਆਰੁ = ਖ਼ਰਾਬ ਨਹੀਂ ਕਰੇ = ਕਰਦਾ ॥੨॥

## ਪੁਤ੍ਰ ਕਲਤ੍ਰ ਕਾ; ਕਰਹਿ ਅਹੰਕਾਰੁ ॥ ਠਾਕੁਰੁ; ਲੇਖਾ ਮਗਨਹਾਰੁ ॥

ਜੋ ਮਨੁੱਖ ਆਪਣੇ ਪੁੱਤਰ, ਆਪਣੀ ਕਲਤ੍ਰ = ਇਸਤ੍ਰੀ ਆਦਿ ਕਾ = ਦਾ ਅਹੰਕਾਰ = ਅਭਿਮਾਨ ਕਰਹਿ = ਕਰਦਾ ਹੈ।

ਉਸ ਹੰਕਾਰੀ ਕੋਲੋਂ ਠਾਕੁਰੁ = ਮਾਲਕ ਪ੍ਰਭੂ ਕਰਮਾਂ-ਧਰਮਾਂ ਦਾ ਲੇਖਾ = ਹਿਸਾਬ-ਕਿਤਾਬ ਮਗਨਹਾਰੁ = ਮੰਗਣਵਾਲਾ ਹੈ।

## ਫੇੜੇ ਕਾ ਦੁਖੁ; ਸਹੈ ਜੀਉ ॥ ਪਾਛੇ, ਕਿਸਹਿ ਪੁਕਾਰਹਿ; ਪੀਉ ਪੀਉ ॥੩॥

ਫੇੜੇ = ਕੀਤੇ ਹੋਏ ਮੰਦ ਕਰਮਾਂ ਕਾ = ਦਾ ਦੁਖ ਜੀਉ = ਜੀਵ ਜ਼ਰੂਰ ਸਹੈ = ਸਹਾਰਨਾ ਕਰੇਗਾ।

ਫੇਰ ਪਾਛੇ = ਪਿੱਛੇ ਰੱਖਿਆ ਲਈ ਕਿਸਹਿ = ਕਿਸ ਨੂੰ ਪੀਉ ਪੀਉ = ਪਿਆਰਾ ਪਿਆਰਾ ਕਰਕੇ ਪੁਕਾਰਹਿ = ਪੁਕਾਰੇਗਾ, ਭਾਵ ਉਸ ਸਮੇਂ ਕਿਸੇ ਨੇ ਰੱਖਿਆ ਨਹੀਂ ਕਰਨੀ ॥੩॥

## ਸਾਧੂ ਕੀ; ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ; ਸਭ ਕੋਟਿ ਕੋਟਿ ॥

ਹੇ ਕਾਂਇਆ, ਜੀਵ ! ਜਉ = ਜੇਕਰ ਤੂੰ ਸਾਧੂ = ਮਹਾਤਮਾ ਜਨਾਂ ਕੀ = ਦੀ ਓਟ = ਟੇਕ ਲੇਹਿ = ਲੈਣਾ ਕਰੇਂ।

ਤਾਂ ਤੇਰੇ ਕੋਟਿ ਕੋਟਿ = ਕੋਟਾਨ ਕੋਟ ਸਭ = ਸਾਰੇ ਪਾਪ **ਵਾ:** ਕ੍ਰੋੜਾਂ ਜਨਮਾਂ ਦੇ ਕ੍ਰੋੜਾਂ ਸਾਰੇ ਪਾਪ ਮਿਟਹਿ = ਮਿਟ ਜਾਣਗੇ।

## ਕਹਿ ਰਵਿਦਾਸ; ਜੁੋ ਜਪੈ ਨਾਮੁ ॥
## ਤਿਸੁ ਜਾਤਿ ਨ ਜਨਮੁ; ਨ ਜੋਨਿ ਕਾਮੁ ॥੪॥੧॥੨॥

ਭਗਤ ਰਵਿਦਾਸ ਜੀ ਕਥਨ ਕਰਦੇ ਹਨ ਕਿ ਜੁੋ = ਜਿਹੜਾ ਮਨੁੱਖ ਵੀ ਪਰਮਾਤਮਾ ਦਾ ਨਾਮ ਜਪੈ = ਜਪਦਾ ਹੈ।

ਤਿਸੁ = ਉਸ ਮਨੁੱਖ ਦਾ ਜਾਤਿ = ਜਾਤੀ ਤੇ ਜਨਮ ਨਾਲ ਕੋਈ ਸੰਬੰਧ ਨਹੀਂ ਰਹਿੰਦਾ ਅਤੇ ਨਾ ਹੀ ਜੋਨਿ = ਜੂਨਾਂ ਨਾਲ ਕੋਈ ਕਾਮੁ = ਕੰਮ ਰਹਿੰਦਾ ਹੈ ॥੪॥੧॥੨॥

## ਬਸੰਤੁ ਕਬੀਰ ਜੀਉ ੧ੴ ਸਤਿਗੁਰ ਪ੍ਰਸਾਦਿ ॥

ਰਾਗ ਬਸੰਤ ਅੰਦਰ ਭਗਤ ਕਬੀਰ ਜੀ ਸ਼ਬਦ ਉਚਾਰਣ ਕਰਦੇ ਹਨ।

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਇਕ ਵਾਰ ਪਰਮਾਤਮਾ ਨੇ ਭਗਤ ਕਬੀਰ ਜੀ ਦੀ ਪਰਖ ਕਰਨ ਲਈ ਇਕ ਕੁੱਤੀ ਦਾ ਰੂਪ ਧਾਰਨ ਕੀਤਾ। ਜਿਥੇ ਕਬੀਰ ਜੀ ਆਪਣੇ ਅਨੰਦ ਵਿਚ ਬੈਠੇ ਹੋਏ ਸਨ, ਤਦੋਂ ਕੂਕਰੀ ਦੇ ਰੂਪ ਵਿਚ ਪ੍ਰਭੂ ਭਗਤ ਕਬੀਰ ਜੀ ਦੇ ਪਾਸ ਆ ਕੇ ਹੌਲੀ ਹੌਲੀ ਹੋ ਗਿਆ, ਤਦੋਂ ਸਭ ਵਿਚ ਇਕ ਜੋਤ ਨੂੰ ਦੇਖਣ ਵਾਲੇ ਭਗਤ ਕਬੀਰ ਸਾਹਿਬ ਜੀ ਇਹ ਸ਼ਬਦ ਉਚਾਰਣ ਕਰਦੇ ਹਨ।

### ਸੁਰਹ ਕੀ ਜੈਸੀ; ਤੇਰੀ ਚਾਲ ॥ ਤੇਰੀ ਪੂੰਛਟ ਊਪਰਿ; ਝਮਕ ਬਾਲ ॥੧॥

ਹੇ ਕੂਕਰੀ! ਸੁਰਹ = ਗਾਂ ਕੀ = ਦੀ ਜੈਸੀ = ਵਰਗੀ, ਤਰ੍ਹਾਂ ਤੇਰੀ ਚਾਲ = ਤੋਰ ਹੈ।

ਤੇਰੀ ਪੂੰਛਟ = ਪੂਛ ਊਪਰਿ = ਉੱਤੇ ਸੋਹਣੇ ਬਾਲ ਝਮਕ ਰਹੇ ਹਨ ॥੧॥

### ਇਸ ਘਰ ਮਹਿ ਹੈ; ਸੁ ਤੂ ਢੂੰਢਿ ਖਾਹਿ ॥

ਜੋ ਕੁਝ ਇਸ ਮੇਰੇ ਘਰ ਵਿਚ ਹੈ, ਸੁ = ਉਹ ਤੂੰ ਢੂੰਢਿ = ਲੱਭ ਕੇ ਖਾਹਿ = ਖਾਣਾ ਕਰ।

### ਅਉਰ ਕਿਸ ਹੀ ਕੇ; ਤੂ ਮਤਿ ਹੀ ਜਾਹਿ ॥੧॥ ਰਹਾਉ ॥

ਅਉਰ = ਹੋਰ ਕਿਸ ਹੀ = ਕਿਸੇ ਕੇ = ਦੇ ਘਰ ਵਿਚ ਤੂੰ ਮਤਿ = ਮਤਾਂ ਹੀ ਜਾਹਿ = ਜਾਣਾ ਕਰ ॥੧॥ ਰਹਾਉ ॥

### ਚਾਕੀ ਚਾਟਹਿ; ਚੂਨੁ ਖਾਹਿ ॥ ਚਾਕੀ ਕਾ ਚੀਥਰਾ; ਕਹਾਂ ਲੈ ਜਾਹਿ ॥੨॥

ਏਥੇ ਪਈ ਚਾਕੀ = ਚੱਕੀ ਚਾਟਹਿ = ਚੱਟ ਲੈ ਅਤੇ ਚੂਨੁ = ਆਟਾ ਖਾਹਿ = ਖਾਣਾ ਕਰ।

ਚੱਕੀ ਚੱਟਣ ਤੋਂ ਬਾਅਦ ਕੂਕਰੀ ਰੂਪ ਵਿਚ ਪ੍ਰਭੂ ਨੇ ਚੱਕੀ ਦਾ ਕੱਪੜਾ ਚੁੱਕ ਲਿਆ, ਤਦੋਂ ਕਹਿੰਦੇ ਹਨ।

ਪਰ ਤੂੰ ਇਹ ਚਾਕੀ = ਚੱਕੀ ਕਾ = ਦਾ ਚੀਥਰਾ = ਪਰੋਲਾ ਕਹਾਂ = ਕਿਥੇ ਲੇ = ਲੈ ਕਰਕੇ ਜਾਹਿ = ਜਾਂਦਾ ਹੈਂ। ਸਾਨੂੰ ਹੋਰ ਬਣਾਉਣਾ ਪਵੇਗਾ ॥੨॥

ਤਦੋਂ ਉਸ ਕੋਲੋਂ ਪਰੋਲਾ ਛੁਡਾ ਲਿਆ, ਫੇਰ ਛੱਤ ਨਾਲ ਲਟਕਦੇ ਟੋਕਰੇ ਵੱਲ ਦੇਖਣ ਵੱਲ ਪਿਆ। ਤਦੋਂ ਕਹਿੰਦੇ ਹਨ :

### ਛੀਕੇ ਪਰ; ਤੇਰੀ ਬਹੁਤੁ ਡੀਠਿ ॥ ਮਤੁ ਲਕਰੀ ਸੋਟਾ; ਤੇਰੀ ਪਰੈ ਪੀਠਿ ॥੩॥

ਛੀਕੇ = ਛਿੱਕੇ ਦੇ ਪਰ = ਉੱਪਰ ਤੇਰੀ ਬਹੁਤ ਡੀਠਿ = ਨਜ਼ਰ ਲੱਗੀ ਹੋਈ ਹੈ।

ਜੇਕਰ ਕਮਾਲਾ ਤੇ ਕਮਾਲੀ ਆ ਗਏ, ਤਦੋਂ ਮਤੁ = ਮਤਾਂ ਕਿਤੇ ਤੇਰੀ ਪੀਠਿ = ਪਿੱਠ ਉੱਪਰ ਲੱਕੜੀ (ਮਨਘੜਤ ਸੋਟੀ) ਜਾਂ ਸੋਟਾ (ਘੜਿਆ ਹੋਇਆ ਡੰਡਾ) ਪਰੈ = ਪੈ ਜਾਵੇ ॥੩॥

## ਕਹਿ ਕਬੀਰ; ਭੋਗ ਭਲੇ ਕੀਨ ॥ ਮਤਿ ਕੋਊ ਮਾਰੈ; ਈਂਟ ਢੇਮ ॥੪॥੧॥

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੁਣ ਤੁਸੀਂ ਭਲੇ = ਚੰਗੇ ਚੰਗੇ ਭੋਗ = ਪਦਾਰਥ ਖਾਣਾ ਕੀਨ = ਕੀਤੇ ਹਨ। ਹੁਣ ਤੁਸੀਂ ਏਥੋਂ ਚਲੇ ਜਾਵੋ।

ਮਤਿ = ਮਤਾਂ ਕਿਤੇ ਕੋਊ = ਕੋਈ ਵੇਖ ਕੇ ਪੱਕੀ ਈਂਟ = ਇੱਟ ਜਾਂ ਵਾਹਣ ਦੀ ਕੱਚੀ ਢੇਮ = ਢੀਮ ਮਾਰੈ = ਮਾਰਨਾ ਕਰੇ ॥੪॥੧॥

ਸੋ ਇਹ ਬਿਨੋਦ ਦਾ ਅਰਥ ਸਮਝਣਾ।

### ਦੂਸਰਾ ਅਰਥ

ਇਸ ਅਰਥ ਵਿਚ ਮਨੁੱਖਾ ਦੇਹੀ ਨੂੰ ਸੰਬੋਧਨ ਕਰਦੇ ਹੋਏ ਕਥਨ ਕਰਦੇ ਹਨ :

**ਸੁਰਹ ਕੀ ਜੈਸੀ; ਤੇਰੀ ਚਾਲ ॥ ਤੇਰੀ ਪੂੰਛਟ ਊਪਰਿ; ਝਮਕ ਬਾਲ ॥੧॥**

ਹੇ ਜੀਵ ! ਸੁਰਹ = ਦੇਵਤਿਆਂ ਕੀ = ਦੀ ਜੈਸੀ = ਤਰ੍ਹਾਂ ਤੇਰੀ ਚਾਲ = ਤੋਰ ਹੈ।

ਤੇਰੀ ਬੁੱਧ ਰੂਪੀ ਪੂੰਛਟ = ਪੂਛ ਉੱਪਰ ਸ਼ੁਭ ਗੁਣਾਂ ਰੂਪੀ ਵਾਲ ਝਮਕ ਰਹੇ ਹਨ ॥੧॥

**ਇਸ ਘਰ ਮਹਿ ਹੈ; ਸੁ ਤੂ ਢੂੰਢਿ ਖਾਹਿ ॥**

ਇਸ ਮਨੁੱਖਾ ਦੇਹ ਰੂਪੀ ਘਰ ਮਹਿ = ਵਿਚ ਜੋ ਆਤਮਿਕ ਅਨੰਦ ਰੂਪੀ ਪਦਾਰਥ ਹੈ, ਸੁ = ਉਹ ਤੂੰ ਢੂੰਢਿ = ਲੱਭ ਕੇ ਖਾਹਿ = ਖਾਣਾ ਕਰ **ਵਾ:** ਇਸ ਸਤਿਸੰਗਤ ਰੂਪੀ ਘਰ ਦੇ ਵਿਚ ਜੋ ਬ੍ਰਹਮ ਚੇਤਨ ਵੱਸ ਰਿਹਾ ਹੈ, ਸੁ = ਉਸਨੂੰ ਢੂੰਢ ਭਾਵ ਵਿਚਾਰ ਕੇ ਉਸਦੇ ਬ੍ਰਹਮ ਅਨੰਦ ਨੂੰ ਖਾਣਾ ਕਰ।

**ਅਉਰ ਕਿਸ ਹੀ ਕੇ; ਤੂ ਮਤਿ ਹੀ ਜਾਹਿ ॥੧॥ ਰਹਾਉ ॥**

ਅਉਰ = ਹੋਰ ਕਿਸ ਹੀ = ਕਿਸੇ ਦੇਵੀ-ਦੇਵਤਿਆਂ ਦੀ ਉਪਾਸ਼ਨਾ ਦੇ ਵਿਚ ਤੂੰ ਮਤਾਂ ਹੀ ਜਾਹਿ = ਜਾਣਾ ਕਰ ॥੧॥ ਰਹਾਉ ॥

**ਚਾਕੀ ਚਾਟਹਿ; ਚੂਨੁ ਖਾਹਿ ॥ ਚਾਕੀ ਕਾ ਚੀਥਰਾ; ਕਹਾਂ ਲੈ ਜਾਹਿ ॥੨॥**

ਹੇ ਜੀਵ ! ਤੂੰ ਸਕਾਮ ਕਰਮ, ਵਿਸ਼ੇ, ਮਾਇਆ ਰੂਪੀ ਚਾਕੀ = ਚੱਕੀ ਚਾਟਹਿ = ਚੱਟ ਰਿਹਾ ਹੈਂ, ਇਸ ਨੂੰ ਛੱਡ ਕੇ ਤੂੰ ਪਰਮਾਤਮਾ ਨੂੰ ਜਾਨਣ ਰੂਪ ਚੂਨੁ = ਆਟਾ ਖਾਹਿ = ਖਾਣਾ ਕਰ **ਵਾ:** ਪੰਜਾਂ ਵਿਕਾਰਾਂ ਨੂੰ ਚੂਨੁ = ਚੂਰਨ ਕਰਕੇ ਬ੍ਰਹਮਾਨੰਦ ਨੂੰ ਖਾਣਾ ਕਰ।

ਸਕਾਮ ਕਰਮਾਂ **ਵਾ:** ਮਾਇਆ ਰੂਪੀ ਚੱਕੀ ਦਾ ਸਰੀਰ ਰੂਪੀ ਚੀਥਰਾ = ਪਰੋਲਾ ਕਹਾਂ = ਕਿਥੇ ਲੈ ਕੇ ਜਾਹਿ = ਜਾਵੇਂਗਾ ਭਾਵ ਇਹ ਸਰੀਰ ਨਾਲ ਨਹੀਂ ਜਾਵੇਗਾ ॥੨॥

**ਛੀਕੇ ਪਰ; ਤੇਰੀ ਬਹੁਤੁ ਡੀਠਿ ॥ ਮਤੁ ਲਕਰੀ ਸੋਟਾ; ਤੇਰੀ ਪਰੈ ਪੀਠਿ ॥੩॥**

ਸ੍ਵਰਗ ਰੂਪੀ ਛੀਕੇ = ਛਿੱਕੇ ਪਰ = ਉੱਪਰ ਤੇਰੀ ਬਹੁਤ ਡੀਠਿ = ਨਜ਼ਰ ਲੱਗੀ ਹੋਈ ਹੈ।

ਇਸ ਨਾਲ ਮਤਾਂ ਤੇਰੀ ਪਿੱਠ ਉੱਪਰ ਈਰਖਾ ਰੂਪੀ ਲੱਕੜੀ ਅਤੇ ਹੰਕਾਰ ਰੂਪੀ ਸੋਟਾ ਪੈਣਾ ਕਰੇ ॥੩॥

**ਕਹਿ ਕਬੀਰ; ਭੋਗ ਭਲੇ ਕੀਨ ॥ ਮਤਿ ਕੋਊ ਮਾਰੈ; ਈਂਟ ਢੇਮ ॥੪॥੧॥**

ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਜੀਵ ! ਤੂੰ ਸੰਸਾਰ ਦੇ ਬਹੁਤ ਚੰਗੇ ਚੰਗੇ ਭੋਗ ਭੋਗਣਾ ਕੀਨ = ਕੀਤੇ ਹਨ। ਹੁਣ ਇਸ ਨੂੰ ਤਿਆਗਣਾ ਕਰ।

ਮਤਾਂ ਕੋਈ ਤੈਨੂੰ ਇੱਟ ਤੇ ਢੀਮ ਮਾਰਨਾ ਕਰੇ, ਭਾਵ ਸੰਬੰਧੀਆਂ ਆਦਿ ਦਾ ਵਿਜੋਗ ਰੂਪੀ ਇੱਟ ਅਤੇ ਪਦਾਰਥਾਂ ਦਾ ਵਿਜੋਗ ਰੂਪੀ ਢੀਮ ਮਾਰਨਾ ਕਰੇ ॥੪॥੧॥

[ਰਾਗੁ ਬਸੰਤੁ ਸਮਾਪਤੰ]

# ਰਾਗੁ ਸਾਰਗ

**ਰਾਗੁ ਸਾਰਗ ਬਾਰੇ ਕੁਝ ਵੀਚਾਰ ਇਸ ਪ੍ਰਕਾਰ ਹੈ :**

ਰਾਗ ਸਾਰੰਗ ਪੁਰਾਤਨ ਤੇ ਲੋਕ ਪ੍ਰਿਯ ਰਾਗ ਹੈ। ਇਸ ਰਾਗ ਦੀਆਂ ਮਧੁਰ ਸੁਰਾਵਲੀਆਂ ਲੋਕ ਸੰਗੀਤ ਤੋਂ ਵਿਕਸਤ ਹੋਈਆਂ ਹਨ, ਜਿਨ੍ਹਾਂ ਦਾ ਉੱਤਰੀ ਭਾਰਤ ਵਿਚ ਵਿਸ਼ੇਸ਼ ਪ੍ਰਚਾਰ ਹੈ। ਲੋਕ ਸਾਜ਼ ਬੀਨ ਉੱਤੇ ਸਮੁੱਚੇ ਉੱਤਰੀ ਭਾਰਤ ਦੇ ਸਪੇਰੇ ਇਸ ਰਾਗ ਨੂੰ ਬੜੀ ਖ਼ੂਬਸੂਰਤੀ ਨਾਲ ਵਜਾਉਂਦੇ ਹਨ। ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਮਹਲਾ ੧, ੨, ੩, ੪, ੫, ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਪਰਮਾਨੰਦ ਜੀ ਅਤੇ ਭਗਤ ਸੂਰਦਾਸ ਜੀ ਦੀ ਬਾਣੀ ਅੰਕਤ ਹੈ।

ਗੁਰਮਤਿ ਸੰਗੀਤ ਦੀ ਵਿਵਹਾਰਕ ਪਰੰਪਰਾ ਵਿਚ ਬਸੰਤ ਰਾਗ ਦੇ ਗਾਇਨ ਦਿਨਾਂ ਵਿਚ ਇਸ ਰਾਗ ਦਾ ਗਾਇਨ ਬਿਲਕੁਲ ਵਰਜਿਤ ਮੰਨਿਆ ਜਾਂਦਾ ਹੈ। ਭਾਰਤੀ ਸੰਗੀਤ ਵਿਚ ਸਾਰੰਗ ਦੇ ਮੇਲ ਤੋਂ ਉਪਜੇ ਕਈ ਪ੍ਰਕਾਰ ਪ੍ਰਚੱਲਤ ਹਨ। ਜਿਵੇਂ ਰਾਗ ਸਾਰੰਗ, ਵਡਹੰਸ ਸਾਰੰਗ, ਮੀਆਂ ਦੀ ਸਾਰੰਗ ਆਦਿ। ਇਸ ਰਾਗ ਦਾ ਪ੍ਰਮੁੱਖ ਅੰਗ 'ਨ੍ਹੀ, ਪ ਮ ਰੇ' ਮੰਨਿਆ ਜਾਂਦਾ ਹੈ। ਕਈ ਵਿਦਵਾਨ ਸਾਰੰਗ ਨੂੰ ਬਰਿੰਦਾਬਨੀ ਸਾਰੰਗ ਵੀ ਕਹਿ ਦਿੰਦੇ ਹਨ ਪਰ ਬਹੁਮਤ ਅਨੁਸਾਰ ਸਾਰੰਗ ਹੀ ਪ੍ਰਚੱਲਤ ਹੈ। ਸਾਰੰਗ ਰਾਗ ਵਿਚ ਨਿਸ਼ਾਦ ਦੇ ਦੋਵੇਂ ਰੂਪ ਪ੍ਰਯੋਗ ਕਰਦਿਆਂ ਇਸ ਵਿਚ ਗੰਧਾਰ ਅਤੇ ਧੈਵਤ ਪੂਰਨ ਰੂਪ ਵਿਚ ਵਰਜਿਤ ਕੀਤੇ ਜਾਂਦੇ ਹਨ। ਇਸ ਦਾ ਵਾਦੀ ਰਿਸ਼ਵ, ਸੰਵਾਦੀ ਪੰਚਮ, ਖਾਟ ਕਾਫੀ, ਸਮਾਂ ਦਿਨ ਦਾ ਤੀਜਾ ਪਹਰ ਅਤੇ ਜਾਤੀ ਔੜਵ ਹੈ।

**ਅਥਵਾ** ਇਕ ਰਾਗ, ਜੋ ਕਾਫੀ ਠਾਟ ਦਾ ਔੜਵ ਸਾੜਵ ਹੈ, ਇਸ ਨੂੰ ਨਿਸ਼ਾਦ ਸ਼ੁੱਧ ਅਤੇ ਕੋਮਲ ਦੋਵੇਂ ਲੱਗਦੇ ਹਨ, ਬਾਕੀ ਸਾਰੇ ਸ਼ੁੱਧ ਸੁਰ ਹਨ। ਸਾਰੰਗ ਦੇ ਆਉਣ ਦਾ ਵੇਲਾ ਦੋਪਹਿਰਾ (ਮਧਯਾਨ) ਹੈ ਸਾਰੰਗ ਵਿਚ ਵਾਦੀ ਰਿਸ਼ਵ ਅਤੇ ਸੰਵਾਦੀ ਪੰਚਮ ਹੈ, ਆਰੋਹੀ ਵਿਚ ਧੈਵਤ ਵਰਜਿਤ ਹੈ, ਅਵਰੋਹੀ ਵਿਚ ਵੀ ਦੁਰਬਲ ਹੋ ਕੇ ਲੱਗਦਾ ਹੈ।

ਆਰੋਹੀ—ਸ ਰ ਮ ਪ ਨ ਸ।
ਅਵਰੋਹੀ—ਸ ਧ ਨਾ ਪ ਮ ਰ ਸ।

**ਅਥਵਾ**

ਆਰੋਹੀ—ਸ, ਰੇ ਮ ਪ, ਨੀ ਸੰ।
ਅਵਰੋਹੀ—ਸੰ ਨ੍ਹੀ ਪ, ਮ ਰੇ, ਨੀ ਸ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਦਾ ਛੱਬੀਵਾਂ ਅਸਥਾਨ ਹੈ।

[**ਅੰਗ ੧੧੯੭**]

## ਰਾਗੁ ਸਾਰਗ ਚਉਪਦੇ ਮਹਲਾ ੧ ਘਰੁ ੧

ਰਾਗ ਸਾਰਗ ਦੇ ਅੰਦਰ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਪਹਿਲਾਂ ਮੰਗਲ ਕਰਦਿਆਂ ਚਉਪਦੇ = ਚਾਰ ਚਾਰ ਪਦਿਆਂ ਵਾਲੇ ਸ਼ਬਦ ਉਚਾਰਨ ਕਰਦੇ ਹਨ।

## ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿ = ਨਾਸ਼ ਤੋਂ ਰਹਿਤ ਸੱਚ ਸਰੂਪ ਨਾਮੁ = ਪ੍ਰਸਿੱਧ, ਕਰਤਾ = ਜਗਤ ਦਾ ਰਚੈਤਾ, ਪੁਰਖੁ = ਪੂਰਨ, ਨਿਰਭਉ = ਭੈ ਤੋਂ ਰਹਿਤ, ਨਿਰਵੈਰੁ = ਵੈਰ ਤੋਂ ਰਹਿਤ ਅਕਾਲ = ਕਾਲ (ਮੌਤ) ਤੋਂ ਰਹਿਤ ਮੂਰਤਿ = ਹਸਤੀ (ਸਰੂਪ) ਅਜੂਨੀ = ਜੂਨਾਂ ਤੋਂ ਰਹਿਤ, ਸੈਭੰ = ਸੁਤੇ ਪ੍ਰਕਾਸ਼ ਸਰੂਪ, ਗੁਰ = ਚੇਤਨ ਅਤੇ ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਪੁਨੇ ਠਾਕੁਰ ਕੀ; ਹਉ ਚੇਰੀ ॥

ਹੇ ਭਾਈ ! ਅਪੁਨੇ = ਆਪਦੇ ਠਾਕੁਰ = ਮਾਲਕ ਪਰਮੇਸ਼ਰ ਕੀ = ਦੀ ਹਉ = ਮੈਂ ਚੇਰੀ = ਦਾਸੀ ਹਾਂ।

## ਚਰਨ ਗਹੇ ਜਗਜੀਵਨ ਪ੍ਰਭ ਕੇ; ਹਉਮੈ ਮਾਰਿ ਨਿਬੇਰੀ ॥੧॥ਰਹਾਉ॥

ਜਿਸ ਵੇਲੇ ਮੈਂ ਜਗਜੀਵਨ = ਜਗਤ ਦੇ ਜੀਵਨ ਰੂਪ ਪ੍ਰਭ = ਪਰਮੇਸ਼ਰ ਕੇ = ਦੇ ਚਰਨਾਂ ਕਮਲਾਂ ਨੂੰ ਗਹੇ = ਪਕੜਨਾ ਕੀਤਾ **ਵਾ:** ਰਿਦੇ ਵਿਚ ਧਿਆਨ ਕਰਨ ਰੂਪ ਪਕੜਨਾ ਕੀਤਾ **ਵਾ:** ਪ੍ਰੇਮ ਰੂਪੀ ਹੱਥਾਂ ਦੇ ਨਾਲ ਪਕੜਨਾ ਕੀਤਾ, ਉਸ ਵੇਲੇ ਪਰਮੇਸ਼ਰ ਨੇ ਕਿਰਪਾ ਕਰਕੇ ਦੁਨੀਆਂ ਨੂੰ ਮਾਰਿ = ਮਾਰਨ ਵਾਲੀ ਹਉਮੈ = ਹੰਗਤਾ ਮੇਰੇ ਅੰਦਰੋਂ ਨਿਬੇਰੀ = ਨਿਬੇੜ, ਨਵਿਰਤ ਕਰ ਦਿੱਤੀ ਹੈ **ਵਾ:** ਜੋ ਹਉਮੈ ਤੇ ਕਾਮਨਾ ਮਾਰਿ = ਮਾਰਨ ਵਾਲੀ ਸੀ, ਇਹ ਨਿਬੇੜ, ਨਵਿਰਤ ਕਰ ਦਿੱਤੀ ਹੈ।

**ਵਾ:** ਹਉਮੈ ਨੂੰ ਮਾਰ ਕਰਕੇ ਹਉਮੈ ਕਰਨ ਦੀ ਹੰਗਤਾ ਵੀ ਨਵਿਰਤ ਕਰ ਦਿੱਤੀ ਹੈ ਭਾਵ ਇਹ ਹੰਗਤਾ ਵੀ ਨਹੀਂ ਰਹੀ ਕਿ ਮੈਂ ਹਉਮੈ ਮਾਰ ਲਈ ਹੈ॥੧॥ਰਹਾਉ॥

## ਪੂਰਨ ਪਰਮ ਜੋਤਿ ਪਰਮੇਸਰ; ਪ੍ਰੀਤਮ ਪ੍ਰਾਨ ਹਮਾਰੇ ॥

ਜੋ ਸਾਰਿਆਂ ਥਾਵਾਂ ਵਿਚ ਪੂਰਨ = ਵਿਆਪਕ, ਸਭ ਤੋਂ ਪਰਮ = ਵੱਡਾ ਜੋਤਿ = ਪ੍ਰਕਾਸ਼ ਸਰੂਪ ਪਰਮੇਸ਼ਰ ਹੈ, ਉਹ ਪ੍ਰੀਤਮ = ਪਿਆਰਾ ਪਰਮੇਸ਼ਰ ਹਮਾਰੇ = ਸਾਡੇ ਪ੍ਰਾਨ = ਪ੍ਰਾਣਾਂ ਦਾ ਆਸਰਾ ਰੂਪ ਹੈ।

## ਮੋਹਨ ਮੋਹਿ ਲੀਆ ਮਨੁ ਮੇਰਾ; ਸਮਝਸਿ ਸਬਦੁ ਬੀਚਾਰੇ ॥੧॥

ਹੇ ਭਾਈ ! ਸਾਰਿਆਂ ਭਗਤਾਂ ਦੇ ਮੋਹ ਨੂੰ ਮੇਟਣ ਵਾਲੇ **ਵਾ:** ਆਪਣੇ ਪਿਆਰਿਆਂ ਨੂੰ ਪ੍ਰੇਮ ਵਿਚ ਮੋਹਨ = ਮੋਹਿਤ ਕਰਨ ਵਾਲੇ ਪਰਮੇਸ਼ਰ ਨੇ ਮੇਰਾ ਮਨ ਮੋਹ ਲੀਆ = ਲਿਆ ਹੈ, ਗੁਰ ਸਬਦੁ = ਉਪਦੇਸ਼ ਦੀ ਵੀਚਾਰ ਕਰਕੇ ਉਸ ਦੇ ਸਰੂਪ ਦੀ ਸਮਝਸਿ = ਸਮਝ (ਗਿਆਤ) ਪ੍ਰਾਪਤ ਹੁੰਦੀ ਹੈ **ਵਾ:** ਸਬਦੁ = ਬ੍ਰਹਮ ਦੀ ਵੀਚਾਰ ਕਰਕੇ ਸ੍ਵੈ ਸਰੂਪ ਦੇ ਆਦਿ ਨੂੰ ਸਮਝਣਾ ਕੀਤਾ ਹੈ **ਵਾ:** ਸੱਚ ਸਰੂਪ ਦੇ ਅਨੰਦ ਨੂੰ ਸਮਝਣਾ ਕੀਤਾ ਹੈ॥੧॥

## ਮਨਮੁਖ ਹੀਨ ਹੋਛੀ ਮਤਿ ਝੂਠੀ; ਮਨਿ ਤਨਿ ਪੀਰ ਸਰੀਰੇ ॥

ਮਨਮੁਖ = ਆਪਣੇ ਮਨ ਨੂੰ ਮੁਖੀ ਬਣਾਉਣ ਵਾਲੇ **ਵਾ:** ਆਪਣੇ ਮਨ ਦੇ ਆਖੇ ਲੱਗਣ ਵਾਲੇ ਗੁਣਾਂ ਤੋਂ ਹੀਨ = ਰਹਿਤ ਪੁਰਖ ਦੀ ਮਤਿ = ਬੁੱਧੀ ਵਿਸ਼ੇ ਵਿਸ਼ੈਣੀ ਹੋਣ ਕਰਕੇ ਹੋਛੀ = ਤੁੱਛ ਤੇ ਝੂਠੀ ਹੈ **ਵਾ:** ਝੂਠੇ

ਪਦਾਰਥਾਂ ਵਿਚ ਲੱਗ ਕੇ ਝੂਠੀ ਹੈ **ਵਾ:** ਉਸ ਦੀ ਮਤਿ = ਸਿੱਖਿਆ ਲੈਣੀ ਵੀ ਝੂਠੀ ਹੈ ਅਤੇ ਉਸ ਦੇ ਮਨਿ ਅੰਦਰ ਹੰਕਾਰ ਦੀ, ਕਾਰਨ ਤਨਿ = ਸਰੀਰ ਅੰਦਰ ਅਵਿੱਦਿਆ ਦੀ ਤੇ ਸਥੂਲ ਸਰੀਰ ਅੰਦਰ ਕਾਲ ਵਿਸ਼ਿਆਂ ਦੀ ਪੀਰ = ਪੀੜਾ ਬਣੀ ਰਹਿੰਦੀ ਹੈ **ਵਾ:** ਤਿੰਨਾਂ ਦੇਹਾਂ ਦੇ ਅੰਦਰ ਜੰਮਣ ਮਰਣ ਦੀ ਪੀੜਾ ਹੈ।

ਅੱਗੇ ਗੁਰਮੁਖਾਂ ਦੀ ਹਾਲਤ ਦੱਸਦੇ ਹਨ :

## ਜਬ ਕੀ ਰਾਮ ਰੰਗੀਲੈ ਰਾਤੀ; ਰਾਮ ਜਪਤ ਮਨ ਧੀਰੇ ॥੨॥

ਜਬ = ਜਦੋਂ ਕੀ = ਦੀ ਮੇਰੀ ਬਿਰਤੀ ਰੰਗੀਲੈ (ਰੰਗ + ਈਲੈ) ਰੰਗਾਂ ਦੇ ਈਲੈ = ਘਰ ਰਾਮ = ਪਰਮੇਸ਼ਰ ਦੇ ਵਿਚ ਰਾਤੀ = ਰੰਗੀ ਗਈ ਹੈ **ਵਾ:** ਰਾਮ = ਪਰਮੇਸ਼ਰ ਦੇ ਰੰਗੀਲੈ = ਅਨੰਦ ਵਿਚ ਰੰਗੀ ਗਈ ਹੈ। ਤਦ ਤੋਂ ਰਮੰਤੀ ਰਾਮ = ਪਰਮੇਸ਼ਰ ਦਾ ਨਾਮ ਜਪਤ = ਜਪਣ ਕਰਕੇ ਮਨ = ਚਿੱਤ ਧੀਰੇ = ਧੀਰਜਤਾ ਦੇ ਸਹਿਤ ਹੋ ਗਿਆ ਹੈ **ਵਾ:** ਵਿਕਾਰਾਂ ਦੀ ਨਵਿਰਤੀ ਕਰਕੇ ਬਿਬੇਕ ਆਦਿ ਗੁਣਾਂ ਦੇ ਸਹਿਤ ਹੋ ਕੇ ਧੀਰਜਤਾ ਨੂੰ ਪ੍ਰਾਪਤ ਹੋਇਆ ਹੈ॥੨॥

## ਹਉਮੈ ਛੋਡਿ ਭਈ ਬੈਰਾਗਨਿ; ਤਬ ਸਾਚੀ ਸੁਰਤਿ ਸਮਾਨੀ ॥

ਜਦੋਂ ਤੋਂ ਚਿੱਤ ਦੀ ਬਿਰਤੀ ਹਉਮੈ = ਹੰਗਤਾ ਨੂੰ ਛੋਡਿ = ਛੱਡ ਕਰਕੇ ਦੁਨੀਆਂ ਤੋਂ ਬੈਰਾਗਨਿ = ਵੈਰਾਗਨ, ਵੈਰਾਗ ਵਾਲੀ ਭਈ = ਹੋ ਗਈ ਹੈ, **ਵਾ:** ਵਿਸ਼ਿਆਂ ਨੂੰ ਛੋਡਿ = ਛੱਡ ਕੇ ਪਰਮੇਸ਼ਰ ਦੇ ਮਿਲਾਪ ਵਾਲੇ ਵੈਰਾਗ ਦੇ ਸਹਿਤ ਹੋ ਗਈ ਹੈ, ਤਬ = ਤਦ ਤੋਂ ਸਾਚੀ = ਸੱਚੀ ਭਗਤੀ ਕਰਕੇ ਸੁਰਤਿ = ਬਿਰਤੀ ਬ੍ਰਹਮ ਵਿਚ ਸਮਾਨੀ = ਸਮਾ ਗਈ ਹੈ **ਵਾ:** ਬ੍ਰਹਮ ਗਿਆਨ ਦੀ ਸੱਚੀ ਸੁਰਤਿ = ਗਿਆਤ ਹਿਰਦੇ ਵਿਚ ਸਮਾਅ ਗਈ ਹੈ **ਵਾ:** ਸੱਚੀ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰਕੇ ਬਿਰਤੀ ਬ੍ਰਹਮ ਵਿਚ ਸਮਾਅ ਗਈ ਹੈ।

## ਅਕੁਲ ਨਿਰੰਜਨ ਸਿਉ ਮਨੁ ਮਾਨਿਆ; ਬਿਸਰੀ ਲਾਜ ਲੋੁਕਾਨੀ ॥੩॥

ਜਦੋਂ ਦਾ ਅਕੁਲ = ਕੁਲਾਂ ਤੋਂ ਰਹਿਤ ਨਿਰੰਜਨ = ਸ਼ੁੱਧ ਸਰੂਪ ਪਰਮੇਸ਼ਰ ਦੇ ਸਿਉ = ਨਾਲ ਮਨੁ = ਚਿੱਤ ਮਾਨਿਆ = ਮੰਨ ਗਿਆ ਹੈ, ਤਦੋਂ ਦੀ ਲੋੁਕਾਨੀ = ਲੁਕਾਈ, ਦੁਨੀਆਂ ਦੀ ਲਾਜ = ਲੱਜਾ ਬਿਸਰੀ = ਵਿਸਰ, ਭੁੱਲ ਗਈ ਹੈ॥੩॥

## ਭੂਰ ਭਵਿਖ ਨਾਹੀ ਤੁਮ ਜੈਸੇ; ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥

ਹੇ ਮੇਰੇ ਪ੍ਰੀਤਮ = ਪਿਆਰੇ **ਵਾ:** ਪਰਮ ਪ੍ਰੇਮ ਦੇ ਅਸਪਦ ਤੇ ਪ੍ਰਾਣਾਂ ਦੇ ਅਧਾਰਾ = ਆਸਰਾ ਰੂਪ ਪਰਮੇਸ਼ਰ ! ਤੁਮ = ਤੇਰੇ ਜੈਸੇ = ਵਰਗਾ ਭੂਰ = ਭੂਤਕਾਲ ਵਿਚ ਕੋਈ ਨਾਹੀ = ਨਹੀਂ ਹੋਇਆ ਤੇ ਨਾ ਹੀ ਭਵਿੱਖ = ਭਵਿੱਖਤ ਸਮੇਂ ਵਿਚ ਹੋਵੇਗਾ **ਵਾ:** ਭੂਰ = ਸਮੂਹ ਸਮੇਂ ਤੇ ਆਉਣ ਵਾਲੇ ਸਮੇਂ ਵਿਚ ਕੋਈ ਨਹੀਂ ਦਿਸਦਾ।

## ਹਰਿ ਕੈ ਨਾਮਿ ਰਤੀ ਸੋਹਾਗਨਿ; ਨਾਨਕ ਰਾਮ ਭਤਾਰਾ ॥੪॥੧॥

ਜਿਸ ਦੀ ਹਰਿ = ਪਰਮੇਸ਼ਰ ਕੈ = ਦੇ ਨਾਮ ਵਿਚ ਬਿਰਤੀ ਰਤੀ = ਰੰਗੀ ਹੋਈ ਹੈ, ਉਸ ਦੀ ਬਿਰਤੀ ਸੋਹਾਗਨਿ = ਸੁਹਾਗਵੰਤੀ, ਅਨੰਦ ਦੇ ਸਹਿਤ ਹੋਈ ਹੈ ਕਿਉਂਕਿ ਉਸ ਨੂੰ ਭਤਾਰਾ = ਪਤੀ ਰਾਮ = ਪਰਮੇਸ਼ਰ ਮਿਲ ਗਿਆ ਹੈ **ਵਾ:** ਭਤਾਰਾ = ਭਰਤੀ ਭਾਵ ਪੂਰਤੀ ਕਰਨ ਵਾਲਾ ਪਰਮੇਸ਼ਰ ਮਿਲ ਗਿਆ ਹੈ॥੪॥੧॥

## ਸਾਰਗ ਮਹਲਾ ੧ ॥

## ਹਰਿ ਬਿਨੁ ਕਿਉ ਰਹੀਐ; ਦੂਖੁ ਬਿਆਪੈ ॥

ਹੇ ਭਾਈ! ਹਰਿ = ਪਰਮੇਸ਼ਰ ਦੇ ਭਜਨ ਸਿਮਰਨ ਤੋਂ ਬਿਨੁ = ਬਗ਼ੈਰ ਕਿਉ = ਕਿਵੇਂ ਰਹੀਐ = ਰਹਿਣਾ ਕਰੀਏ, ਕਿਉਂਕਿ ਪ੍ਰਭੂ ਸਿਮਰਨ ਤੋਂ ਬਗ਼ੈਰ ਜੰਮਣ ਮਰਣ **ਵਾ:** ਅਗਿਆਨ ਦਾ ਦੁੱਖ ਬਿਆਪੈ = ਲੱਗਿਆ ਹੀ ਰਹਿੰਦਾ ਹੈ **ਅਥਵਾ** ਭਾਵੇਂ ਦੁੱਖ ਲੱਗ ਜਾਵੇ, ਪਰਮੇਸ਼ਰ ਤੋਂ ਬਗ਼ੈਰ ਕਿਵੇਂ ਰਹੀਏ ਭਾਵ ਰਿਹਾ ਨਹੀਂ ਜਾਂਦਾ।

## ਜਿਹਵਾ ਸਾਦੁ ਨ, ਫੀਕੀ ਰਸ ਬਿਨੁ; ਬਿਨੁ ਪ੍ਰਭ ਕਾਲੁ ਸੰਤਾਪੈ ॥੧॥ਰਹਾਉ॥

ਜਿਹਵਾ = ਰਸਨਾ ਵਿਚ ਨਾਮ ਦਾ ਸਾਦੁ = ਸੁਆਦ ਨ = ਨਹੀਂ ਹੈ ਤੇ ਰਸ = ਪ੍ਰੇਮ ਤੋਂ ਬਿਨੁ = ਬਗ਼ੈਰ ਫੀਕੀ = ਫਿੱਕੀ ਹੈ, ਭਾਵ ਬੇਰਸੀ ਵਾਲੀਆਂ ਗੱਲਾਂ ਕਰਦੀ ਹੈ, ਪ੍ਰਭ = ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਇਹਨਾਂ (ਜੀਵਾਂ) ਨੂੰ ਕਾਲ ਸੰਤਾਪੈ = ਦੁੱਖ ਦਿੰਦਾ ਹੀ ਰਹਿੰਦਾ ਹੈ **ਵਾ:** ਹਰੇਕ ਜਨਮ ਦੇ ਅੰਤ ਵਿਚ ਸਤਾਉਂਦਾ ਹੀ ਰਹਿੰਦਾ ਹੈ ॥੧॥ਰਹਾਉ॥

## ਜਬ ਲਗੁ, ਦਰਸੁ ਨ ਪਰਸੈ ਪ੍ਰੀਤਮ; ਤਬ ਲਗੁ ਭੂਖ ਪਿਆਸੀ ॥

ਜਬ = ਜਦ ਲਗੁ = ਤਕ ਪ੍ਰੀਤਮ = ਪਿਆਰੇ ਪਰਮੇਸ਼ਰ, ਗੁਰੂ ਦੇ ਦਰਸੁ = ਦਰਸ਼ਨਾਂ ਨੂੰ ਪਰਸੈ = ਪਰਸੀਦਾ ਨ = ਨਹੀਂ ਹੈ, ਤਬ ਲਗੁ = ਤਦ ਤੱਕ ਪਦਾਰਥਾਂ ਦੇ ਖਾਣ ਦੀ ਭੂਖ = ਭੁੱਖ ਤੇ ਰਸਾਂ ਕਸਾਂ ਦੇ ਪੀਣ ਦੀ **ਵਾ:** ਤ੍ਰਿਸ਼ਨਾ ਰੂਪੀ ਪਿਆਸੀ = ਤ੍ਰੇਹ ਲੱਗੀ ਰਹਿੰਦੀ ਹੈ।

## ਦਰਸਨੁ ਦੇਖਤ ਹੀ ਮਨੁ ਮਾਨਿਆ; ਜਲ ਰਸਿ ਕਮਲ ਬਿਗਾਸੀ ॥੧॥

ਅੰਤਰਜਾਮੀ ਅਕਾਲ ਪੁਰਖ ਦੇ ਦਰਸਨੁ = ਦੀਦਾਰ ਦੇਖਤ = ਦੇਖਦਿਆਂ ਹੀ ਮਨੁ = ਚਿੱਤ ਉਸ ਦੇ ਸਰੂਪ ਵਿਚ ਇਉਂ ਮਾਨਿਆ = ਮੰਨ ਗਿਆ ਹੈ ਜਿਵੇਂ ਜਲ = ਪਾਣੀ ਦੇ ਰਸ (ਸੰਗ) ਕਰਕੇ ਕਮਲ = ਕੌਲ ਫੁੱਲ ਬਿਗਾਸੀ = ਖਿੜ ਪੈਂਦਾ ਹੈ **ਵਾ:** ਇਸੇ ਪ੍ਰਕਾਰ ਰਸ ਰੂਪ ਬ੍ਰਹਮ ਦੇ ਪ੍ਰੇਮ ਰੂਪੀ ਪਾਣੀ ਨਾਲ ਰਿਦੇ ਰੂਪ ਕੌਲ ਦੀ ਬਿਰਤੀ ਬਿਗਾਸੀ = ਖਿੜ ਆਈ ਹੈ **ਵਾ:** ਬਿਗਾਸੀ = ਅਨੰਦ ਦੇ ਸਹਿਤ ਹੋ ਗਈ ਹੈ ॥੧॥

## ਊਨਵਿ ਘਨਹਰੁ, ਗਰਜੈ ਬਰਸੈ; ਕੋਕਿਲ ਮੋਰ ਬੈਰਾਗੈ ॥

ਜਿਸ ਵਕਤ ਘਨਹਰੁ = ਬੱਦਲ ਊਨਵਿ = ਝੁਕ ਕਰਕੇ ਗਰਜੈ = ਗਰਜਦਾ ਤੇ ਬਰਸੈ = ਵਰਸਦਾ ਹੈ ਭਾਵ ਵਰਖਾ ਕਰਦਾ ਹੈ, ਉਸ ਵੇਲੇ ਕੋਕਿਲ = ਕੋਇਲ ਵੈਰਾਗ ਦੇ ਨਾਲ ਕੂਕਣ ਲੱਗ ਜਾਂਦੀ ਹੈ ਤੇ ਮੋਰ ਵੈਰਾਗ ਵਿਚ ਪੈਲਾਂ ਪਾਉਂਦਾ ਤੇ ਖ਼ੁਸ਼ ਹੋ ਕੇ ਬੋਲਦਾ ਹੈ।

**ਅਥਵਾ** ਇਸੇ ਪ੍ਰਕਾਰ ਜਦ ਅਕਾਲ ਪੁਰਖ ਰੂਪ ਬੱਦਲ ਕ੍ਰਿਪਾਲੂ ਹੋਣ ਰੂਪ ਝੁਕ ਕਰਕੇ ਉਪਦੇਸ਼ ਦੇਣ ਰੂਪ ਗਰਜਦੇ ਤੇ ਬ੍ਰਹਮ ਗਿਆਨ ਦੀ ਦਾਤ ਦੇਣ ਰੂਪ ਵਰਸਦੇ ਹਨ, **ਵਾ:** ਮਹਾਵਾਕਾਂ ਦਾ ਉਪਦੇਸ਼ ਦੇਣ ਰੂਪ ਗਰਜਦੇ ਤੇ ਪਦਾਰਥਾਂ ਨੂੰ ਦੇਣ ਰੂਪ ਵਰਖਾ ਕਰਦੇ ਹਨ, ਤਦ ਸੰਤਾਂ ਮਹਾਤਮਾਂ ਦੀ ਜ਼ੁਬਾਨ ਕੋਇਲਾਂ ਵਾਂਗੂੰ ਵੈਰਾਗ ਦੇ ਸਹਿਤ ਕੂਕਦੀ ਹੈ ਤੇ ਮਨ ਰੂਪ ਮੋਰ ਵੈਰਾਗ ਦੇ ਬਚਨ ਬੋਲਦਾ ਹੋਇਆ ਸ੍ਰਵਣ, ਮੰਨਣ, ਨਿਧਿਆਸਣ ਰੂਪ ਪੈਲਾਂ ਪਾਉਂਦਾ ਹੈ **ਵਾ:** ਸੰਤਾਂ ਦੀ ਬੁੱਧ ਰੂਪ ਕੋਇਲ ਨਿਰਨਾ ਕਰਨ ਰੂਪ ਕੂਕਦੀ ਹੈ ਤੇ ਮਨ ਰੂਪ ਮੋਰ ਵੈਰਾਗ ਦੇ ਸਹਿਤ ਹੁੰਦਾ ਹੈ।

## ਤਰਵਰ ਬਿਰਖ ਬਿਹੰਗ ਭੁਇਅੰਗਮ; ਘਰਿ ਪਿਰ ਧਨ ਸੋਹਾਗੈ ॥੨॥

ਜਿਵੇਂ ਬਾਗ਼ਾਂ ਵਿਚ ਤਰਵਰ = ਫਲਾਂ ਵਾਲੇ ਬ੍ਰਿਛ, ਬਿਰਖ = ਮਾਰੂਥਲਾਂ ਵਿਚ ਆਪਣੇ ਆਪ ਉੱਗੇ ਹੋਏ ਬ੍ਰਿਛ, ਬਿਹੰਗ = ਪੰਛੀ ਭੁਇਅੰਗਮ = ਸੱਪ ਆਦਿ ਵਰਖਾ ਪੈਣ ਤੋਂ ਖ਼ੁਸ਼ੀ ਵਿਚ ਆਉਂਦੇ ਹਨ, ਤਿਵੇਂ ਜਗਿਆਸੂ ਰੂਪ ਧਨ = ਇਸਤਰੀ ਦੇ ਰਿਦੇ ਰੂਪੀ ਘਰ ਵਿਚ ਸੋਹਾਗੈ = ਅਨੰਦ ਪ੍ਰਾਪਤ ਹੁੰਦਾ ਹੈ।

**ਅਥਵਾ** (ਬਿਰਖ ਬਿਹੰਗ) ਜਿਸ ਪ੍ਰਕਾਰ ਵਰਖਾ ਪੈਣ ਤੋਂ ਬਾਗ਼ਾਂ ਦੇ ਫਲਦਾਰ ਬਿਰਖ = ਬ੍ਰਿਛ ਤੇ ਬਿਹੰਗ = ਪੰਛੀ ਖ਼ੁਸ਼ ਹੁੰਦੇ ਹਨ **ਵਾ:** ਪੰਛੀ ਬ੍ਰਿਛਾਂ ਦੇ ਫਲ ਫੁੱਲ ਖਾ ਕੇ ਪ੍ਰਸੰਨ ਹੁੰਦੇ ਹਨ ਅਤੇ (ਤਰਵਰ ਭੁਇਅੰਗਮ) (ਤਰ + ਵਰ) ਵਰ = ਸ੍ਰੇਸ਼ਟ ਤਰ = ਬ੍ਰਿਛ ਚੰਦਨ ਦੇ ਨਾਲ ਮਿਲ ਕੇ ਭੁਇਅੰਗਮ = ਸੱਪ ਜ਼ਹਿਰ ਦੀ ਤਪਸ਼ ਤੋਂ ਠੰਢ ਪ੍ਰਾਪਤ ਕਰਦੇ ਹਨ ਭਾਵ ਸ਼ੀਤਲ ਚੰਦਨ ਦੇ ਨਾਲ ਲਪਟੇ ਰਹਿੰਦੇ ਹਨ **ਵਾ:** ਇਸੇ ਪ੍ਰਕਾਰ ਜਗਿਆਸੂ ਰੂਪ ਪੰਛੀ ਗਿਆਨ ਰੂਪੀ ਫਲ, ਧਰਮ ਰੂਪੀ ਫੁੱਲ ਤੇ ਸ਼ੁਭ ਗੁਣਾਂ ਰੂਪ ਪੱਤਰਿਆਂ ਨੂੰ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਹਨ **ਵਾ:** ਇੰਦਰੇ ਰੂਪ ਪੰਛੀ ਮਹਾਤਮਾ ਰੂਪ ਬ੍ਰਿਛਾਂ ਦਾ ਸੰਗ ਪ੍ਰਾਪਤ ਕਰਕੇ ਭਾਵ ਦਰਸ਼ਨ ਕਰਕੇ ਪ੍ਰਸੰਨ ਹੁੰਦੇ ਹਨ ਅਤੇ ਗੁਰੂ ਰੂਪ ਸ੍ਰੇਸ਼ਟ ਚੰਦਨ ਦੇ ਬ੍ਰਿਛ ਨਾਲ ਮਿਲ ਕੇ ਪ੍ਰੇਮ ਵਾਲੇ ਜਗਿਆਸੂ ਰੂਪ ਸੱਪ ਵਿਸ਼ਿਆਂ ਰੂਪ ਜ਼ਹਿਰ ਦੀ ਤਪਸ਼ ਤੋਂ ਠੰਢ ਪ੍ਰਾਪਤ ਕਰਦੇ ਹਨ **ਵਾ:** ਨਾਮ ਰੂਪ ਸ਼ੀਤਲਤਾ ਦੇ ਕਰਕੇ ਮਨ ਰੂਪੀ ਸੱਪ ਦੀ ਜ਼ਹਿਰ ਮਿਟ ਜਾਂਦੀ ਹੈ।

ਇਹ ਸਾਰੇ ਉਸ ਨੂੰ ਸ਼ੋਭਨੀਕ ਹਨ, ਜਿਸ ਜਗਿਆਸੂ ਰੂਪ ਇਸਤਰੀ ਦੇ ਰਿਦੇ ਰੂਪੀ ਘਰ ਵਿਚ ਪਤੀ ਪ੍ਰਾਪਤੀ ਦਾ ਸੋਹਾਗੈ = ਅਨੰਦ ਪ੍ਰਾਪਤ ਹੋਇਆ ਹੈ।

**ਅਥਵਾ** ਬੁੱਧ ਰੂਪ ਧਰਤੀ ਵਿਚ (ਤਰ + ਵਰ) ਤਰ = ਅਤਿਸ਼ੇ ਕਰਕੇ ਵਰ = ਸ੍ਰੇਸ਼ਟ ਗੁਣਾਂ ਰੂਪ ਬ੍ਰਿਛ ਪੈਦਾ ਹੋਣ ਕਰਕੇ ਇੰਦਰਿਆਂ ਰੂਪ ਪੰਛੀਆਂ ਨੂੰ ਅਨੰਦ ਪ੍ਰਾਪਤ ਹੋਇਆ ਹੈ ਅਤੇ ਪ੍ਰੇਮ ਰੂਪ ਭੁਇਅੰਗਮ = ਸੱਪ ਨੂੰ ਵੀ ਖੇੜਾ ਹੋਇਆ ਹੈ, ਇਉਂ ਜਗਿਆਸੂ ਰੂਪ ਇਸਤਰੀ ਦੇ ਰਿਦੇ ਰੂਪ ਘਰ ਵਿਚ ਪਿਰ = ਪਤੀ ਪਰਮੇਸ਼ਰ ਦੀ ਪ੍ਰਾਪਤੀ ਦਾ ਸੋਹਾਗੈ = ਅਨੰਦ ਪ੍ਰਾਪਤ ਹੋਇਆ ਹੈ ॥੨॥

## ਕੁਚਿਲ ਕੁਰੂਪਿ ਕੁਨਾਰਿ ਕੁਲਖਨੀ; ਪਿਰ ਕਾ ਸਹਜੁ ਨ ਜਾਨਿਆ ॥

ਜਿਸ ਜੀਵ ਰੂਪ ਇਸਤਰੀ ਨੇ ਪਿਰ = ਪਤੀ ਪਰਮੇਸ਼ਰ ਦੀ ਪ੍ਰਾਪਤੀ ਕਾ = ਦਾ ਸਹਜੁ = ਗਿਆਨ **ਵਾ:** ਸਰੂਪ ਦਾ ਗਿਆਨ ਨ = ਨਹੀਂ ਜਾਨਿਆ = ਜਾਨਣਾ ਕੀਤਾ, ਉਹ ਜੀਵ ਰੂਪ ਇਸਤਰੀ ਸਰੀਰ ਕਰਕੇ ਕੁਚਿਲ = ਅਪਵਿੱਤਰ, ਬਦਚਲਨ ਹੈ **ਵਾ:** ਕੁਚਿਲ = ਖੋਟੀ ਚਾਲ ਭਾਵ ਕੁਸੰਗਤ ਦੇ ਰਸਤੇ ਉੱਤੇ ਚੱਲਣ ਵਾਲੀ ਹੈ, ਕੁਰੂਪਿ = ਦਿਲ ਦੀ ਸਫ਼ਾਈ ਰੂਪੀ ਰੂਪ ਤੋਂ ਰਹਿਤ ਹੈ, ਕੁਨਾਰਿ = ਖੋਟੀ ਜੀਵ ਰੂਪ ਇਸਤਰੀ ਹੈ ਭਾਵ ਖੋਟੇ ਕੰਮਾਂ ਨੂੰ ਕਰਨ ਵਾਲੀ ਇਸਤਰੀ ਹੈ ਕੁਲਖਨੀ = ਖੋਟੇ ਕਾਮ ਆਦਿ ਲੱਛਣਾਂ ਵਾਲੀ ਹੈ **ਵਾ:** ਉਹ ਆਪਣੀ ਸ਼ੁਭ ਗੁਣਾਂ ਰੂਪੀ ਕੁਲਾਂ ਨੂੰ ਖਨੀ = ਨਾਸ਼ ਕਰਨ ਵਾਲੀ ਹੈ ਅਰਥਾਤ ਜਿਸਦੇ ਹੁੱਡਾਂ ਨਿਕਲੀਆਂ ਹੋਣ ਤੇ ਦਾੜ੍ਹੀ ਆਈ ਹੋਵੇ ਉਸ ਇਸਤਰੀ ਨੂੰ ਕੁਲਖਣੀ ਮੰਨਦੇ ਹਨ ਇਸੇ ਪ੍ਰਕਾਰ ਜਿਸ ਦੇ ਹੰਗਤਾ ਦੀਆਂ ਹੁੱਡਾਂ ਨਿਕਲੀਆ ਹੋਣ ਤੇ ਨਿੰਦਿਆ ਰੂਪੀ ਦਾੜ੍ਹੀ ਨਿਕਲੀ ਹੋਵੇ ਉਹ ਜੀਵ ਰੂਪ ਇਸਤਰੀ ਕੁਲਖਣੀ ਹੁੰਦੀ ਹੈ।

## ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ; ਦੁਰਮਤਿ ਦੂਖ ਸਮਾਨਿਆ ॥੩॥

ਜਿਸ ਦੀ ਰਸਨ = ਜਿਹਵਾ ਹੋਰਨਾਂ ਰਸਾਂ ਵਿਚ ਫਸੀ ਹੋਣ ਕਾਰਨ ਹਰਿ = ਪਰਮੇਸ਼ਰ ਦੇ ਰੰਗਿ = ਪ੍ਰੇਮ ਰਸ ਵਿਚ ਤ੍ਰਿਪਤੀ = ਤ੍ਰਿਪਤ ਨਹੀਂ ਹੋਈ **ਵਾ:** ਬਿਰਤੀ ਹਰੀ ਦੇ ਨਾਮ ਰਸ ਵਿਚ ਤੇ ਰਸਨਾ ਪ੍ਰੇਮ ਵਿਚ ਤ੍ਰਿਪਤ ਨਹੀਂ ਹੋਈ, ਉਸ ਦੁਰਮਤਿ = ਖੋਟੀ ਮੱਤ ਵਾਲੀ ਇਸਤਰੀ ਦਾ ਮਨ ਹਰ ਵਕਤ ਅਗਿਆਨ ਰੂਪ ਦੂਖ = ਦੁੱਖ ਵਿਚ ਹੀ ਸਮਾਨਿਆ = ਸਮਾਇਆ, ਮਿਲਿਆ ਰਹਿੰਦਾ ਹੈ ॥੩॥

## ਆਇ ਨ ਜਾਵੈ; ਨਾ ਦੁਖੁ ਪਾਵੈ; ਨਾ ਦੁਖ ਦਰਦੁ ਸਰੀਰੇ ॥

ਗੁਰਮੁਖ ਇਸਤਰੀ ਨਾ ਜਨਮ ਧਾਰ ਕੇ ਆਇ = ਆਉਂਦੀ ਹੈ, ਨਾ ਮਰ ਕੇ ਕਿਤੇ ਜਾਵੈ = ਜਾਣਾ ਕਰਦੀ ਹੈ, ਨਾ ਹੀ ਜੰਮਣ ਮਰਣ ਦਾ ਦੁਖੁ = ਕਸ਼ਟ ਪਾਵੈ = ਪਾਉਣਾ ਕਰਦੀ ਹੈ ਅਤੇ ਨਾ ਹੀ ਉਸ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਦੁੱਖ ਹੁੰਦਾ ਹੈ ਅਤੇ ਨਾ ਹੀ ਉਸ ਦੇ ਸਰੀਰੇ = ਤਨ ਵਿਚ ਅਵਿੱਦਿਆ ਰੂਪ ਦਰਦੁ = ਪੀੜਾ ਹੁੰਦੀ ਹੈ।

## ਨਾਨਕ ਪ੍ਰਭ ਤੇ ਸਹਜ ਸੁਹੇਲੀ; ਪ੍ਰਭ ਦੇਖਤ ਹੀ ਮਨੁ ਧੀਰੇ ॥੪॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪਤੀ ਪ੍ਰਭ = ਪਰਮੇਸ਼ਰ ਦੀ ਪ੍ਰਾਪਤੀ ਦੇ ਅਨੰਦ ਪ੍ਰਾਪਤ ਕਰਨ ਤੇ = ਤੋਂ ਸਹਜ = ਸੁਤੇ-ਸਿੱਧ ਹੀ ਸੁਹੇਲੀ = ਸੁਖੀ ਹੋਈ ਹੈ ਅਤੇ ਪਤੀ ਪ੍ਰਭ = ਪਰਮੇਸ਼ਰ ਦੇ ਦਰਸ਼ਨ ਦੇਖਤ = ਵੇਖਦਿਆਂ ਹੀ ਉਸ ਦਾ ਮਨੁ = ਚਿੱਤ ਧੀਰੇ = ਧੀਰਜਤਾ ਦੇ ਸਹਿਤ ਹੋ ਗਿਆ ਹੈ ॥੪॥੨॥

## ਸਾਰਗ ਮਹਲਾ ੧ ॥

## ਦੂਰਿ ਨਾਹੀ; ਮੇਰੋ ਪ੍ਰਭੁ ਪਿਆਰਾ ॥

ਮੇਰੋ = ਮੇਰਾ ਅਤਿਅੰਤ ਪਿਆਰਾ ਪ੍ਰਭੁ = ਪਰਮੇਸ਼ਰ ਦੂਰਿ ਨਾਹੀ = ਨਹੀਂ ਹੈ, ਭਾਵ ਸਾਰਿਆਂ ਦਾ ਆਤਮਾ ਰੂਪ ਹੋਣ ਕਰਕੇ ਨੇੜੇ ਹੈ।

## ਸਤਿਗੁਰ ਬਚਨਿ ਮੇਰੋ ਮਨੁ ਮਾਨਿਆ; ਹਰਿ ਪਾਏ ਪ੍ਰਾਨ ਅਧਾਰਾ ॥੧॥ਰਹਾਉ॥

ਜਦੋਂ ਦਾ ਮੇਰੋ = ਮੇਰਾ ਮਨੁ = ਚਿੱਤ ਸਤਿਗੁਰਾਂ ਦੇ ਬਚਨਾਂ ਉੱਤੇ ਮਾਨਿਆ = ਮੰਨ, ਪਤੀਜ ਗਿਆ ਹੈ, ਤਦੋਂ ਦਾ ਪ੍ਰਾਣਾਂ ਦਾ ਅਧਾਰਾ = ਆਸਰਾ ਰੂਪ ਹਰਿ = ਪਰਮੇਸ਼ਰ ਪਾਏ = ਪਾਉਣਾ ਕੀਤਾ ਹੈ ॥੧॥ਰਹਾਉ॥

[ਅੰਗ ੧੧੯੮]

## ਇਨ ਬਿਧਿ ਹਰਿ ਮਿਲੀਐ ਵਰ ਕਾਮਨਿ; ਧਨ ਸੋਹਾਗੁ ਪਿਆਰੀ ॥

ਹੇ ਜਗਿਆਸੂ ਰੂਪ ਕਾਮਨਿ = ਇਸਤਰੀਏ ! ਇਨ = ਇਸ ਬਿਧਿ = ਤਰੀਕੇ ਦੇ ਨਾਲ ਵਰ = ਪਤੀ ਹਰਿ = ਪਰਮੇਸ਼ਰ ਨੂੰ ਮਿਲੀਐ = ਮਿਲੀਦਾ ਹੈ, ਜੋ ਜਗਿਆਸੂ ਰੂਪ ਇਸਤਰੀ ਪਤੀ ਪਰਮੇਸ਼ਰ ਨੂੰ ਪਿਆਰੀ ਲੱਗਦੀ ਹੈ, ਉਸਦਾ ਸੋਹਾਗੁ = ਅਨੰਦ ਧਨ = ਧੰਨਤਾ ਦੇ ਯੋਗ ਹੈ **ਵਾ:** ਜੋ ਇਸ ਤਰੀਕੇ ਭਾਵ ਗੁਰ ਉਪਦੇਸ਼ ਦੁਆਰਾ ਪ੍ਰਭੂ ਦੇ ਪ੍ਰਾਪਤੀ ਵਾਲੇ ਪਿਆਰ ਵਿਚ ਲੱਗੀ ਹੈ, ਉਸ ਦਾ ਸੋਹਾਗ ਧੰਨ ਹੈ।

## ਜਾਤਿ ਬਰਨ, ਕੁਲ ਸਹਸਾ ਚੂਕਾ; ਗੁਰਮਤਿ ਸਬਦਿ ਬੀਚਾਰੀ ॥੧॥

ਜਿਸ ਦੀ ਬਿਰਤੀ ਗੁਰਮਤਿ = ਗੁਰ ਸਿੱਖਿਆ ਦੁਆਰਾ ਸਬਦਿ = ਬ੍ਰਹਮ ਦੀ ਬੀਚਾਰੀ = ਵੀਚਾਰ ਵਾਲੀ ਹੋ ਗਈ ਹੈ **ਵਾ:** ਗੁਰਮਤਿ ਨੂੰ ਧਾਰਨ ਕਰਕੇ ਗੁਰ ਸਬਦਿ = ਉਪਦੇਸ਼ ਦੀ ਵੀਚਾਰ ਵਾਲੀ ਹੋ ਗਈ ਹੈ, ਉਸ ਦੇ ਹਿਰਦੇ ਵਿੱਚੋਂ ਜਾਤਿ = ਜਾਤੀ, ਬਰਨ = ਖੱਤਰੀ ਬ੍ਰਾਹਮਣ ਆਦਿ ਵਰਣਾਂ ਦਾ ਤੇ ਚੰਗੀ ਕੁਲ ਆਦਿ ਦਾ ਸਹਸਾ = ਸੰਸਾ ਚੂਕਾ = ਚੁੱਕਿਆ ਜਾਂਦਾ ਹੈ **ਵਾ:** ਜਾਤੀ, ਵਰਣ, ਕੁਲ ਦਾ ਅਭਿਮਾਨ ਤੇ ਪ੍ਰਮਾਣਗਤ ਸੰਸਾ ਆਦਿ ਚੁੱਕਿਆ, ਦੂਰ ਹੋ ਜਾਂਦਾ ਹੈ **ਵਾ:** ਉਸ ਦੀ ਜਾਤਿ = ਬੁੱਧੀ ਆਤਮ ਵਿਸ਼ੈਣੀ ਹੋ ਗਈ ਹੈ, ਤੇ ਉਸ ਨੂੰ ਬਰਨ ਭਾਵ ਪਰਮੇਸ਼ਰ ਦਾ ਪ੍ਰੇਮ ਪ੍ਰਾਪਤ ਹੋ ਜਾਂਦਾ ਹੈ ਤੇ ਉਸ ਦੇ ਹਿਰਦੇ ਅੰਦਰੋਂ ਪ੍ਰਮਾਣ ਗਤਿ, ਪ੍ਰਮੇਯ ਗਤਿ ਆਦਿ ਸੰਸਾ ਵੀ ਚੁੱਕਿਆ ਜਾਂਦਾ ਹੈ ॥੧॥

## ਜਿਸੁ ਮਨੁ ਮਾਨੈ, ਅਭਿਮਾਨੁ ਨ ਤਾ ਕਉ; ਹਿੰਸਾ ਲੋਭੁ ਵਿਸਾਰੇ ॥

ਜਿਸ ਦਾ ਮਨੁ = ਚਿੱਤ ਪਤੀ ਪਰਮੇਸ਼ਰ ਵਿਚ ਮਾਨੈ = ਮੰਨ ਜਾਂਦਾ ਹੈ **ਵਾ:** ਜਿਸ ਉੱਤੇ ਪਰਮੇਸ਼ਰ ਦਾ ਮਨ ਮੰਨ ਜਾਂਦਾ ਹੈ ਤਾ ਕਉ = ਉਸ ਨੂੰ ਕਦੇ ਵੀ ਗੁਣਾਂ ਆਦਿ ਦਾ ਅਭਿਮਾਨੁ = ਹੰਕਾਰ ਨ = ਨਹੀਂ ਫੁਰਦਾ ਅਤੇ ਉਹ ਹਿੰਸਾ = ਜੀਵ ਘਾਤ ਤੇ ਲੋਭ ਆਦਿ ਨੂੰ ਵਿਸਾਰੇ = ਵਿਸਾਰ ਦਿੰਦੀ ਹੈ ਭਾਵ ਉਹ ਮਨ ਕਰਕੇ ਕਿਸੇ ਦਾ ਬੁਰਾ ਨਹੀਂ ਚਿਤਵਦੀ, ਬਾਣੀ ਕਰਕੇ ਕਿਸੇ ਨੂੰ ਬੁਰਾ ਸ਼ਬਦ ਨਹੀਂ ਕਹਿੰਦੀ ਤੇ ਸਰੀਰ ਕਰਕੇ ਦੁੱਖ ਨਹੀਂ ਦਿੰਦੀ, ਇਉਂ ਮਨ, ਬਾਣੀ, ਸਰੀਰ ਕਰਕੇ ਹਿੰਸਾ ਨਹੀਂ ਕਰਦੀ ਤੇ ਉਸ ਨੇ ਪਦਾਰਥਾਂ ਦਾ ਲਾਲਚ ਵੀ ਅੰਦਰੋਂ ਵਿਸਾਰ ਦਿੱਤਾ ਹੈ।

## ਸਹਜਿ ਰਵੈ ਵਰੁ ਕਾਮਣਿ ਪਿਰ ਕੀ; ਗੁਰਮੁਖਿ ਰੰਗਿ ਸਵਾਰੇ ॥੨॥

ਜੋ ਜਗਿਆਸੂ ਰੂਪ ਕਾਮਣਿ = ਇਸਤਰੀ ਪਿਰ = ਪਤੀ ਪਰਮੇਸ਼ਰ ਕੀ = ਦੀ ਚਾਹਵਾਨ ਹੈ, ਉਹ ਵਰੁ = ਪਤੀ ਪਰਮੇਸ਼ਰ ਦੀ ਪ੍ਰਾਪਤੀ ਦੇ ਅਨੰਦ ਨੂੰ ਸਹਜਿ = ਸੁਤੇ-ਸਿੱਧ ਹੀ ਰਵੈ = ਮਾਣਦੀ ਹੈ **ਵਾ:** ਸਹਜਿ = ਗਿਆਨ ਸਰੂਪ ਪਤੀ ਪਰਮੇਸ਼ਰ ਦੇ ਅਨੰਦ ਨੂੰ ਮਾਣਦੀ ਹੈ ਅਤੇ ਉਸ ਦੇ ਮਨ ਨੂੰ ਗੁਰਮੁਖਿ = ਮੁਖੀ ਗੁਰਾਂ ਦੁਆਰਾ ਪਤੀ ਪਰਮੇਸ਼ਰ ਨੇ ਪੂਰਨ ਰੰਗਿ = ਅਨੰਦ ਦੇ ਸਹਿਤ **ਵਾ:** ਰੰਗਿ = ਪ੍ਰੇਮ ਦੇ ਨਾਲ ਸਵਾਰੇ = ਸੰਵਾਰਨਾ ਕੀਤਾ ਹੈ॥੨॥

## ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ; ਮਾਇਆ ਮੋਹ ਪਸਾਰੀ ॥

ਜੋ ਮਾਇਆ ਦੇ ਮੋਹ ਨੂੰ ਪਸਾਰੀ = ਪਸਾਰਨ, ਖਿਲਾਰਨ ਵਾਲੀ ਹੈ, ਐਸੀ = ਅਜਿਹੀ ਕੁਟੰਬ = ਪਰਿਵਾਰ ਤੇ ਸਨਬੰਧੀ = ਸੰਬੰਧੀਆਂ ਦੀ ਪ੍ਰੀਤਿ = ਪ੍ਰੀਤੀ ਨੂੰ ਬ੍ਰਹਮ ਅਭਿਆਸ ਰੂਪੀ ਅਗਨੀ ਦੇ ਨਾਲ ਜਾਰਉ = ਸਾੜ ਦੇਣਾ ਕਰੋ।

## ਜਿਸੁ ਅੰਤਰਿ ਪ੍ਰੀਤਿ, ਰਾਮ ਰਸੁ ਨਾਹੀ; ਦੁਬਿਧਾ ਕਰਮ ਬਿਕਾਰੀ ॥੩॥

ਜਿਸ ਦੇ ਹਿਰਦੇ ਅੰਤਰਿ = ਵਿਚ ਪ੍ਰਭੂ ਪ੍ਰਾਪਤੀ ਦੀ ਪ੍ਰੀਤਿ = ਪ੍ਰੀਤੀ ਤੇ ਰਾਮ = ਪਰਮੇਸ਼ਰ ਪ੍ਰਾਪਤੀ ਦਾ ਰਸੁ = ਅਨੰਦ ਨਾਹੀ = ਨਹੀਂ ਹੈ, ਉਹ ਦੁਬਿਧਾ = ਦੁਚਿੱਤੀ, ਦ੍ਵੈਤ-ਭਾਵ ਵਿਚ ਪਈ ਹੋਈ ਬਿਕਾਰੀ = ਵਿਕਾਰਾਂ ਵਾਲੇ ਕੰਮ ਕਰਦੀ ਰਹਿੰਦੀ ਹੈ **ਵਾ:** ਔਗੁਣਾਂ ਕਾਰਨ ਵਿਕਾਰੀ ਹੋਈ ਰਹਿੰਦੀ ਹੈ॥੩॥

## ਅੰਤਰਿ ਰਤਨ ਪਦਾਰਥ, ਹਿਤ ਕੌ; ਦੁਰੈ ਨ ਲਾਲ ਪਿਆਰੀ ॥

ਜਿਸ ਦੇ ਹਿਰਦੇ ਅੰਤਰਿ = ਵਿਚ ਰਤਨ ਪਦਾਰਥ ਰੂਪ ਬ੍ਰਹਮ ਦੀ ਪ੍ਰਾਪਤੀ ਕੌ = ਦਾ ਹਿਤ = ਪ੍ਰੇਮ ਹੈ **ਵਾ:** ਜਿਸ ਦੇ ਅੰਦਰ ਪਰਮੇਸ਼ਰ ਨੇ ਪ੍ਰੇਮ ਰੂਪੀ ਰਤਨ ਪਦਾਰਥ ਕੌ = ਨੂੰ ਪੈਦਾ ਕੀਤਾ ਹੈ **ਵਾ:** ਜਿਸ ਦੇ ਅੰਦਰ ਪ੍ਰੇਮ ਰੂਪ ਪਦਾਰਥ ਹੈ ਉਸ ਨੂੰ ਰਤਨ ਰੂਪ ਬ੍ਰਹਮ ਅੰਦਰੋਂ ਹੀ ਪ੍ਰਾਪਤ ਹੋਇਆ ਹੈ। ਉਹ ਲਾਲ = ਪਿਆਰੇ ਪਰਮੇਸ਼ਰ ਦੀ ਪਿਆਰੀ ਸਖੀ ਦੁਰੈ = ਲੁਕ ਨ = ਨਹੀਂ ਸਕਦੀ ਭਾਵ ਛੁਪਾਈ ਹੋਈ ਛੁਪਦੀ (ਲੁਕਦੀ) ਨਹੀਂ ਹੈ।

**ਅਥਵਾ** ਜਿਸ ਦੇ ਅੰਦਰ ਵੈਰਾਗ ਰੂਪੀ ਰਤਨ, ਸਤ, ਸੰਤੋਖ, ਦਇਆ, ਧਰਮ, ਵੀਚਾਰ ਆਦਿ ਗੁਣਾਂ ਰੂਪ ਪਦਾਰਥ ਤੇ ਪ੍ਰਭੂ ਪ੍ਰਾਪਤੀ ਦਾ ਪ੍ਰੇਮ ਹੈ **ਵਾ:** ਜਿਸਦੇ ਅੰਦਰ ਰਤਨ ਰੂਪ ਬ੍ਰਹਮ ਦਾ ਪ੍ਰੇਮ ਰੂਪੀ ਪਦਾਰਥ ਹੈ, ਉਹ ਪਿਆਰੇ ਪਰਮੇਸ਼ਰ ਦੀ ਪਿਆਰੀ ਸਖੀ ਗੁੱਝੀ ਨਹੀਂ ਰਹਿ ਸਕਦੀ, ਭਾਵ ਉਹ ਸਭ ਵਿਚ ਮਸ਼ਹੂਰ, ਪ੍ਰਗਟ ਹੋ ਜਾਂਦੀ ਹੈ, ਅਤੇ :

## ਨਾਨਕ, ਗੁਰਮੁਖਿ ਨਾਮੁ ਅਮੋਲਕੁ; ਜੁਗਿ ਜੁਗਿ ਅੰਤਰਿ ਧਾਰੀ ॥੪॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਗੁਰਮੁਖ ਸਖੀ ਗੁਰਮੁਖਿ = ਮੁਖੀ ਗੁਰਾਂ ਦੁਆਰਾ ਪਰਮੇਸ਼ਰ ਦੇ ਅਮੋਲਕੁ = ਅਨਮੋਲ, ਮੁੱਲ ਤੋਂ ਰਹਿਤ ਨਾਮ ਨੂੰ ਜੁਗਿ ਜੁਗਿ = ਜੁਗਾਂ ਜੁਗਾਂ ਵਿਚ ਹਿਰਦੇ ਦੇ ਅੰਤਰਿ = ਅੰਦਰ ਧਾਰੀ = ਧਾਰਨ ਕਰਕੇ ਰੱਖਦੀ ਹੈ।

**ਅਥਵਾ** ਜਿਸ ਨੂੰ ਮੁਖੀ ਗੁਰਾਂ ਨੇ ਪਰਮੇਸ਼ਰ ਦਾ ਅਮੋਲਕ ਨਾਮ ਅੰਮ੍ਰਿਤ ਦੇਣਾ ਕੀਤਾ ਹੈ, ਉਹ ਜੁਗਾਂ ਜੁਗਾਂ ਦੇ ਅੰਦਰ ਪਰਮੇਸ਼ਰ ਦੇ ਨਾਮ ਨੂੰ ਹਿਰਦੇ ਵਿਚ ਧਾਰਨ, ਵਸਾ ਕਰਕੇ ਰੱਖਦੀ ਹੈ ॥੪॥੩॥

## ਸਾਰੰਗ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਸਾਰੰਗ ਰਾਗ ਦੇ ਅੰਦਰ ਮਹਲਾ ੪ = ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਿੱਖ ਸੰਗਤਾਂ ਨੂੰ ਪਰਮ ਪਵਿੱਤਰ ਉਪਦੇਸ਼ ਦਿੰਦਿਆਂ ਘਰੁ ੧ = ਪਹਿਲੇ ਸੁਰਤਾਲ ਵਿਚ ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦਿਆਂ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ਓੰ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਕੇ ਸੰਤ ਜਨਾ ਕੀ; ਹਮ ਧੂਰਿ ॥

ਪ੍ਰਭੂ ਦੀ ਕਿਰਪਾ ਦੁਆਰਾ ਹਰਿ = ਪਰਮੇਸ਼ਰ ਕੇ = ਦੇ ਸੰਤ ਜਨਾਂ ਕੀ = ਦੀ ਹਮ = ਅਸੀਂ ਚਰਨ ਧੂਰਿ = ਧੂੜ ਬਨਣਾ ਕੀਤਾ ਹੈ।

## ਮਿਲਿ ਸਤਸੰਗਤਿ, ਪਰਮਪਦੁ ਪਾਇਆ;
## ਆਤਮ ਰਾਮੁ ਰਹਿਆ ਭਰਪੂਰਿ ॥੧॥ਰਹਾਉ॥

ਸਤਿਸੰਗਤ ਦੇ ਮਿਲਿ = ਮਿਲਾਪ ਦੁਆਰਾ ਪਰਮਪਦੁ = ਵੱਡੀ ਕੈਵਲ ਮੋਖ ਰੂਪ ਪਦਵੀ ਨੂੰ ਪਾਇਆ = ਪਾਉਣਾ ਕੀਤਾ ਹੈ ਅਤੇ ਜੋ ਸਾਰਿਆਂ ਦਾ ਆਤਮ = ਆਤਮਾ, ਆਪਣਾ ਆਪ ਰੂਪ, ਰਾਮੁ = ਰਮਿਆ ਹੋਇਆ ਤੇ ਸਭ ਥਾਵਾਂ ਤੇ ਭਰਪੂਰਿ = ਵਿਆਪਕ ਹੋ ਰਿਹਾ ਪਰਮੇਸ਼ਰ ਹੈ ਉਸ ਨੂੰ ਜਾਨਣਾ ਕੀਤਾ ਹੈ **ਵਾ:** ਜੋ ਪਰਮੇਸ਼ਰ ਸਭ ਥਾਂ ਭਰਪੂਰਿ = ਵਿਆਪਕ ਹੋ ਰਿਹਾ ਹੈ, ਉਸ ਨੂੰ ਆਤਮ = ਆਪਣਾ ਆਪ ਰੂਪ ਜਾਨਣਾ ਕੀਤਾ ਹੈ ॥੧॥ਰਹਾਉ॥

## ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ; ਕਿਲਵਿਖ ਦੁਖ ਕਾਟੇ ਸਭਿ ਦੂਰਿ ॥

ਸਤਿਗੁਰੂ ਸੰਤ ਮਿਲੈ = ਮਿਲ ਜਾਣ **ਵਾ:** ਸੰਤੁ = ਸ਼ਾਂਤ ਆਤਮਾ ਵਾਲੇ ਸਤਿਗੁਰੂ ਜੀ ਮਿਲੈ = ਮਿਲ ਜਾਣ ਤਾਂ ਆਤਮਿਕ ਸਾਂਤਿ = ਸ਼ਾਂਤੀ ਪਾਈਐ = ਪਾਉਣਾ ਕਰੀਦੀ ਹੈ ਅਤੇ ਸਤਿਗੁਰਾਂ ਨੇ ਚਾਰ ਪ੍ਰਕਾਰ ਦੇ ਕਿਲਵਿਖ = ਪਾਪ, ਜੰਮਣ ਮਰਣ ਆਦਿ ਸਭਿ = ਸਾਰੇ ਦੁਖ ਕਾਟੇ = ਕੱਟ ਕੇ ਦੂਰ ਕਰ ਦਿੱਤੇ ਹਨ।

## ਆਤਮ ਜੋਤਿ ਭਈ ਪਰਫੂਲਿਤ; ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥

ਹਿਰਦੇ ਦੇ ਅੰਦਰ ਬ੍ਰਹਮ ਆਤਮ = ਆਤਮਾ ਦੀ ਜੋਤਿ = ਗਿਆਤ ਭਈ = ਹੋਈ ਤੋਂ ਬਿਰਤੀ ਸ਼ੁਭ ਗੁਣਾਂ ਦੇ ਸਹਿਤ ਪਰਫੂਲਿਤ = ਪ੍ਰਫੁੱਲਤ, ਖਿੜ ਗਈ ਹੈ, ਜਿਸ ਕਰਕੇ ਪੁਰਖੁ = ਪੂਰਨ ਨਿਰੰਜਨ = ਸ਼ੁੱਧ ਸਰੂਪ ਪਰਮੇਸ਼ਰ ਨੂੰ ਆਪਣਾ ਆਤਮਾ ਰੂਪ ਕਰਕੇ ਹਜੂਰਿ = ਨੇੜੇ ਹੀ ਦੇਖਿਆ = ਵੇਖ ਲਿਆ ਹੈ ॥੧॥

## ਵਡੈ ਭਾਗਿ ਸਤਸੰਗਤਿ ਪਾਈ; ਹਰਿ ਹਰਿ ਨਾਮੁ ਰਹਿਆ ਭਰਪੂਰਿ ॥

ਜਿਸ ਨੇ ਵਡੈ = ਵੱਡਿਆਂ ਭਾਗਿ = ਕਰਮਾਂ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਸਤਿਸੰਗਤ ਪਾਈ = ਪਾਉਣਾ ਕੀਤੀ ਹੈ, ਉਸ ਨੇ ਸਭ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਜਪ ਕੇ ਪਰਮੇਸ਼ਰ ਨੂੰ ਸਾਰੇ ਭਰਪੂਰਿ = ਲਬਾ ਲਬ, ਵਿਆਪਕ ਹੋ ਰਿਹਾ ਜਾਣਿਆ ਹੈ।

## ਅਠਸਠਿ ਤੀਰਥ ਮਜਨੁ ਕੀਆ; ਸਤਸੰਗਤਿ ਪਗ ਨਾਏ ਧੂਰਿ ॥੨॥

(ਨ੍ਹਾਏ ਦਾ ਉਚਾਰਣ ਭਾਰਾ ਹੈ)

ਉਸ ਨੇ ਸਤਿਸੰਗਤ ਦੇ ਪਗ = ਚਰਨਾਂ ਦੀ ਧੂਰਿ = ਧੂੜ ਵਿਚ ਨਾਏ = ਇਸ਼ਨਾਨ ਕਰਕੇ ਮਾਨੋ ਅਠਸਠਿ = ਅਠਾਹਠ ਤੀਰਥਾਂ ਦੇ ਮਜਨੁ = ਪੁਰਬਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਕੀਆ = ਕੀਤਾ ਹੈ ॥੨॥

## ਦੁਰਮਤਿ ਬਿਕਾਰ ਮਲੀਨ ਮਤਿ ਹੋਛੀ; ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥

ਜੋ ਦੁਰਮਤਿ = ਖੋਟੀ ਮੱਤ **ਵਾ:** ਖੋਟੇ ਪੁਰਖ ਦੀ ਮਤਿ = ਸਿੱਖਿਆ ਕਰਕੇ ਕਾਮ ਕ੍ਰੋਧ ਆਦਿ ਵਿਕਾਰਾਂ ਕਰਕੇ ਮਤਿ = ਬੁੱਧੀ ਹੋਛੀ = ਤੁੱਛ ਤੇ ਮਲੀਨ = ਮੈਲੀ ਹੋ ਰਹੀ ਹੈ **ਵਾ:** ਕਾਮ ਕ੍ਰੋਧ ਆਦਿ ਵਿਕਾਰ ਫੁਰਨੇ ਕਰਕੇ ਅਤੇ ਮਲੀਨਤਾ ਪੈਦਾ ਕਰਨ ਵਾਲੀ ਅਵਿੱਦਿਆ ਕਰਕੇ ਹੋਛੀ = ਤੁੱਛ ਮੱਤ ਹੋ ਰਹੀ ਸੀ ਅਤੇ ਵਿਸ਼ਿਆਂ ਦੀ ਕੁਸੁਧੁ = ਅਪਵਿੱਤਰਤਾ ਕਰਕੇ ਹਿਰਦਾ = ਰਿਦਾ ਮੋਹ, ਕੂਰੁ = ਝੂਠ ਬੋਲਣ **ਵਾ:** ਝੂਠੇ ਪਦਾਰਥਾਂ ਵਿਚ ਲਾਗਾ = ਲੱਗਿਆ ਹੋਇਆ ਹੈ।

## ਬਿਨੁ ਕਰਮਾ ਕਿਉ ਸੰਗਤਿ ਪਾਈਐ; ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥

ਨਿਸ਼ਕਾਮ ਕਰਮਾਂ ਦੇ ਕੀਤੇ ਤੋਂ ਬਿਨੁ = ਬਗ਼ੈਰ **ਵਾ:** ਗੁਰਾਂ ਦੀ ਕਰਮਾ = ਬਖਸ਼ਿਸ਼ ਤੋਂ ਬਗ਼ੈਰ ਸਤਿਸੰਗਤ ਕਿਉ = ਕਿਵੇਂ ਪਾਈਐ = ਪਾਉਣਾ ਕਰੀਦੀ ਹੈ ? ਭਾਵ ਪ੍ਰਾਪਤ ਨਹੀਂ ਹੁੰਦੀ ਅਤੇ ਹਉਮੈ = ਹੰਗਤਾ ਦੇ ਬਿਆਪਿ = ਵਿਆਪਣੇ, ਲੱਗਣੇ ਕਰਕੇ ਮਨ ਸਦਾ ਝੂਰਿ = ਝੁਰਦਾ ਰਹਿੰਦਾ ਹੈ ॥੩॥

## ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀ; ਮਾਗਉ ਸਤਸੰਗਤਿ ਪਗ ਧੂਰਿ ॥

ਹੇ ਹਰਿ = ਪਰਮੇਸ਼ਰ ਜੀ ! ਕ੍ਰਿਪਾ = ਮੇਹਰ ਦੀ ਦ੍ਰਿਸ਼ਟੀ ਕਰਿ = ਕਰਕੇ ਮੇਰੇ ਉਤੇ ਦਇਆਲ = ਦਿਆਲੂ ਹੋਹੁ = ਹੋਣਾ ਕਰੋ, ਮੈਂ ਆਪ ਜੀ ਦੀ ਸਤਿਸੰਗਤ ਦੇ ਪਗ = ਚਰਨਾਂ ਦੀ ਧੂਰਿ = ਧੂੜੀ ਮਾਗਉ = ਮੰਗਦਾ ਹਾਂ।

## ਨਾਨਕ, ਸੰਤੁ ਮਿਲੈ ਹਰਿ ਪਾਈਐ; ਜਨੁ ਹਰਿ ਭੇਟਿਆ ਰਾਮੁ ਹਜੂਰਿ ॥੪॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪਰਮੇਸ਼ਰ ! ਸੰਤੁ = ਸ਼ਾਂਤ ਆਤਮਾ ਵਾਲੇ ਪੁਰਖਾਂ ਦੇ ਨਾਲ ਮਿਲੈ = ਮਿਲਣੇ ਕਰਕੇ ਤੈਨੂੰ ਪਾਈਐ = ਪਾਉਣਾ ਕਰੀਦਾ ਹੈ, ਹੇ ਰਾਮੁ = ਰਮੇ ਹੋਏ ਹਰਿ = ਪਰਮੇਸ਼ਰ ! ਜਿਸ ਗੁਰਮੁਖ ਜਨ ਨੂੰ ਤੂੰ ਭੇਟਿਆ = ਮਿਲਿਆ ਹੈਂ, ਉਸ ਨੇ ਤੈਨੂੰ ਹਜੂਰਿ = ਕੋਲ ਸਮਝਿਆ ਹੈ ॥੪॥੧॥

## ਸਾਰੰਗ ਮਹਲਾ ੪ ॥

## ਗੋਬਿੰਦ ਚਰਨਨ ਕਉ; ਬਲਿਹਾਰੀ ॥

ਮੈਂ ਗੋਬਿੰਦ = ਪ੍ਰਿਥਵੀ ਦੀ ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਪਵਿੱਤਰ ਚਰਨਨ = ਚਰਨਾਂ ਕਮਲਾਂ ਕਉ = ਦੇ ਉਪਰੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ।

## ਭਵਜਲੁ ਜਗਤੁ ਨ ਜਾਈ ਤਰਣਾ; ਜਪਿ ਹਰਿ ਹਰਿ ਪਾਰਿ ਉਤਾਰੀ ॥੧॥ਰਹਾਉ॥

ਜੰਮਣ ਮਰਣ ਦੇ ਭਵਜਲੁ = ਭੈ ਰੂਪੀ ਪਾਣੀ ਨਾਲ ਭਰਿਆ ਹੋਇਆ ਜਗਤੁ = ਸੰਸਾਰ-ਸਮੁੰਦ੍ਰ ਅਸਾਂ ਜੀਵਾਂ ਦੇ ਪਾਸੋਂ ਆਪਣੇ ਆਪ ਤਰਣਾ = ਤਰਿਆ ਨ = ਨਹੀਂ ਜਾਈ = ਜਾਂਦਾ, ਕੇਵਲ ਗੁਰਾਂ ਦੁਆਰਾ ਹਰਿ = ਹਰੀ ਹਰਿ = ਪਰਮੇਸ਼ਰ ਦਾ ਨਾਮ ਜਪ ਕੇ ਹੀ ਪਾਰ ਉਤਾਰੀ = ਉਤਾਰਾ ਹੋ ਸਕਦਾ ਹੈ **ਵਾ:** ਵਾਹਿਗੁਰੂ ਦਾ ਨਾਮ ਜਪਿਆ ਹੋਇਆ ਜਹਾਜ਼ ਵਤ ਹੋ ਕੇ ਵੈਰਾਗ ਰੂਪੀ ਕਿਨਾਰੇ ਤੋਂ ਚੜ੍ਹਾਅ ਕੇ ਮੁਕਤ ਰੂਪ ਕਿਨਾਰੇ 'ਤੇ ਪਾਰ ਉਤਾਰ ਦਿੰਦਾ ਹੈ॥੧॥ਰਹਾਉ॥

## ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ; ਸੇਵਾ ਸੁਰਤਿ ਬੀਚਾਰੀ ॥

ਜਿਸ ਦੇ ਹਿਰਦੈ = ਚਿੱਤ ਵਿਚ ਪ੍ਰਭ = ਪਰਮੇਸ਼ਰ ਕੇਰੀ = ਦੀ ਪ੍ਰਤੀਤਿ = ਪ੍ਰਤੀਤੀ ਬਨੀ = ਬਣ ਆਈ ਹੈ ਭਾਵ ਭਰੋਸਾ ਆ ਗਿਆ ਕਿ ਪਰਮੇਸ਼ਰ ਸਦਾ ਅੰਗ ਸੰਗ ਹੈ, ਉਸ ਦੀ ਸੁਰਤਿ = ਸੁਰਤੀ ਅੰਦਰ ਭਗਤੀ ਰੂਪ ਸੇਵਾ = ਟਹਿਲ ਕਰਨ ਦੀ ਬੀਚਾਰੀ = ਵੀਚਾਰ ਪ੍ਰਾਪਤ ਹੋਈ ਹੈ **ਵਾ:** ਉਹ ਪ੍ਰੇਮ ਨਾਲ ਸੇਵਾ = ਟਹਿਲ ਕਰਦਾ ਹੈ ਤੇ ਸੁਰਤਿ = ਬਿਰਤੀ ਦੇ ਨਾਲ ਸ੍ਵੈ ਸਰੂਪ ਨੂੰ ਵਿਚਾਰਨਾ ਕਰਦਾ ਹੈ **ਵਾ:** ਉਸ ਨੇ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰਕੇ ਪ੍ਰਭੂ ਪ੍ਰਾਪਤੀ ਵਾਲੀ ਭਗਤੀ ਰੂਪ ਸੇਵਾ = ਟਹਿਲ ਕਰਨੀ ਵੀਚਾਰੀ ਹੈ **ਵਾ:** ਆਪ ਨਾਮ ਜਪਣ ਤੇ ਹੋਰਨਾਂ ਨੂੰ ਜਪਾਉਣ ਰੂਪ ਸੇਵਾ ਕਰਨੀ ਵੀਚਾਰੀ ਹੈ।

## ਅਨਦਿਨੁ ਰਾਮ ਨਾਮੁ ਜਪਿ ਹਿਰਦੈ; ਸਰਬ ਕਲਾ ਗੁਣਕਾਰੀ ॥੧॥

ਜੋ ਪਰਮੇਸ਼ਰ ਸਰਬ = ਸਾਰੀਆਂ ਕਲਾ = ਸ਼ਕਤੀਆਂ ਵਾਲਾ ਤੇ ਗੁਣਕਾਰੀ = ਉਪਕਾਰੀ ਹੈ **ਵਾ:** ਜੋ (ਗੁਣ + ਕਾਰੀ) ਗੁਣ = ਵਿਸ਼ਿਆਂ ਦੀ ਨਵਿਰਤੀ ਵਾਲੀ ਨਾਮ ਰੂਪ ਕਾਰੀ = ਔਸ਼ਧੀ ਦੇਣ ਵਾਲਾ ਹੈ, ਉਸ ਰਾਮ = ਪਰਮੇਸ਼ਰ ਦਾ ਨਾਮ ਗੁਰਮੁਖ ਜਨ ਅਨਦਿਨੁ = ਰਾਤ ਦਿਨੇ ਹਿਰਦੈ = ਚਿੱਤ ਵਿਚ ਜਪਿ = ਜਪਦਾ ਰਹਿੰਦਾ ਹੈ॥੧॥

## ਪ੍ਰਭੁ ਅਗਮ ਅਗੋਚਰੁ, ਰਵਿਆ ਸ੍ਰਬ ਠਾਈ; ਮਨਿ ਤਨਿ ਅਲਖ ਅਪਾਰੀ ॥

ਜੋ ਪ੍ਰਭੁ = ਪਰਮੇਸ਼ਰ ਅਗਮ = ਮਨ ਦੀ ਗੰਮਤਾ ਤੋਂ ਪਰੇ, ਅਗੋਚਰੁ = ਇੰਦਰੀਆਂ ਦੇ ਅਵਿਸ਼ੇ ਤੇ ਸ੍ਰਬ = ਸਭ ਠਾਈ = ਥਾਵਾਂ ਵਿਚ ਰਵਿਆ = ਰਮਿਆ ਹੋਇਆ ਹੈ ਅਤੇ ਜੋ ਮਨਿ = ਚਿੱਤ ਤੇ ਤਨ ਦੇ ਅੰਦਰ ਮੌਜੂਦ ਹੈ ਪਰ ਗੁਰਾਂ ਤੋਂ ਬਗ਼ੈਰ ਅਲਖ = ਲਖਣ ਤੋਂ ਰਹਿਤ ਤੇ ਅਪਾਰੀ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ।

## ਗੁਰ ਕਿਰਪਾਲ ਭਏ, ਤਬ ਪਾਇਆ; ਹਿਰਦੈ ਅਲਖੁ ਲਖਾਰੀ ॥੨॥

ਜਦ ਗੁਰ = ਸਤਿਗੁਰੂ ਜੀ ਕਿਰਪਾਲ = ਦਿਆਲੂ ਭਏ = ਹੋਏ, ਤਬ = ਤਦੋਂ ਅੰਦਰੋਂ ਹੀ ਪਰਮੇਸ਼ਰ ਨੂੰ ਪਾਇਆ = ਪਾਉਣਾ ਕੀਤਾ ਹੈ, ਕਿਉਂਕਿ ਗੁਰਾਂ ਨੇ ਨਾਮ ਅੰਮ੍ਰਿਤ ਦੀ ਦਾਤ ਦੇ ਕੇ ਅਲਖੁ = ਲਖਣ ਤੋਂ ਰਹਿਤ ਪਰਮੇਸ਼ਰ ਨੂੰ ਰਿਦੇ ਵਿਚ ਹੀ ਲਖਾਰੀ = ਜਣਾ ਦਿੱਤਾ ਹੈ॥੨॥

## ਅੰਤਰਿ ਹਰਿ ਨਾਮੁ, ਸਰਬ ਧਰਣੀਧਰ;
## ਸਾਕਤ ਕਉ ਦੂਰਿ ਭਇਆ, ਅਹੰਕਾਰੀ ॥

ਸਰਬ = ਸਾਰੀ ਧਰਣੀਧਰ = ਧਰਤੀ ਨੂੰ ਆਪਣੇ ਆਸਰੇ ਧਾਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਸਭ ਦੇ ਅੰਤਰਿ = ਅੰਦਰ ਹੀ ਹੈ **ਵਾ:** ਸਾਰੀ ਧਰਤੀ ਨੂੰ ਆਪਣੇ ਆਸਰੇ ਧਾਰਨ ਵਾਲੇ ਪਰਮੇਸ਼ਰ ਦਾ ਨਾਮ ਗੁਰਮੁਖਾਂ

ਦੇ ਹਿਰਦੇ ਅੰਦਰ ਪ੍ਰਗਟ ਹੋ ਜਾਂਦਾ ਹੈ, ਪਰ ਅਹੰਕਾਰੀ = ਹੰਕਾਰੀ ਅਤੇ ਸਾਕਤ = ਕਠੋਰ ਚਿੱਤ ਵਾਲੇ ਪੁਰਖਾਂ ਕਉ = ਨੂੰ ਦੂਰ ਪ੍ਰਤੀਤ ਭਇਆ = ਹੋ ਰਿਹਾ ਹੈ।

## ਤ੍ਰਿਸਨਾ ਜਲਤ, ਨ ਕਬਹੂ ਬੂਝਹਿ; ਜੂਐ ਬਾਜੀ ਹਾਰੀ ॥੩॥

ਕਠੋਰ ਚਿੱਤ ਵਾਲਾ ਪੁਰਖ ਹਰ ਵਕਤ ਤ੍ਰਿਸ਼ਨਾ ਰੂਪੀ ਅਗਨੀ ਵਿਚ ਜਲਤ = ਜਲਦਾ ਰਹਿੰਦਾ ਹੈ, ਉਸ ਦੇ ਅੰਦਰੋਂ ਪਦਾਰਥਾਂ ਨੂੰ ਪਾ ਕੇ ਵੀ ਕਬਹੂ = ਕਦੇ ਤ੍ਰਿਸ਼ਨਾ ਬੂਝਹਿ = ਬੁਝਦੀ ਨ = ਨਹੀਂ ਹੈ, ਇਸੇ ਕਰਕੇ ਉਸ ਨੇ ਆਪਣੀ ਮਨੁੱਖਾ ਜਨਮ ਰੂਪੀ ਬਾਜ਼ੀ ਵਿਸ਼ਿਆਂ ਰੂਪੀ ਜੂਐ = ਜੂਏ ਵਿਚ ਹਾਰੀ = ਹਾਰ ਦਿੱਤੀ ਹੈ ॥੩॥

## ਊਠਤ ਬੈਠਤ ਹਰਿ ਗੁਨ ਗਾਵਹਿ; ਗੁਰਿ ਕਿੰਚਤ ਕਿਰਪਾ ਧਾਰੀ ॥

ਜਿਨ੍ਹਾਂ ਉੱਤੇ ਪੂਰੇ ਗੁਰਿ = ਸਤਿਗੁਰਾਂ ਨੇ ਕਿੰਚਤ = ਥੋੜ੍ਹੀ ਜਿਹੀ ਵੀ ਕਿਰਪਾ = ਮੇਹਰ ਦੀ ਦ੍ਰਿਸ਼ਟੀ ਧਾਰੀ = ਕੀਤੀ ਹੈ, ਉਹ ਗੁਰਮੁਖ ਜਨ ਊਠਤ = ਉੱਠਦੇ ਬੈਠਤ = ਬੈਠਦੇ ਹਰਿ = ਪਰਮੇਸ਼ਰ ਦੇ ਗੁਨ = ਗੁਣਾਂ ਨੂੰ ਗਾਵਹਿ = ਗਾਉਂਦੇ ਰਹਿੰਦੇ ਹਨ।

[ਅੰਗ ੧੧੯੯]

## ਨਾਨਕ, ਜਿਨ ਕਉ ਨਦਰਿ ਭਈ ਹੈ; ਤਿਨ ਕੀ ਪੈਜ ਸਵਾਰੀ ॥੪॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ = ਜਿਨ੍ਹਾਂ ਕਉ = ਉੱਤੇ ਪਰਮੇਸ਼ਰ **ਵਾ:** ਗੁਰਾਂ ਦੀ ਕਿਰਪਾ ਨਦਰਿ = ਦ੍ਰਿਸ਼ਟੀ ਭਈ = ਹੋਈ ਹੈ, ਤਿਨ = ਉਨ੍ਹਾ ਕੀ = ਦੀ ਪੈਜ = ਇੱਜ਼ਤ ਆਪ ਪਰਮੇਸ਼ਰ ਨੇ ਲੋਕ-ਪ੍ਰਲੋਕ ਵਿਚ ਸਵਾਰੀ = ਸੰਵਾਰਨਾ ਕੀਤੀ ਹੈ ॥੪॥੨॥

## ਸਾਰਗ ਮਹਲਾ ੪ ॥

## ਹਰਿ ਹਰਿ ਅੰਮ੍ਰਿਤ ਨਾਮੁ; ਦੇਹੁ ਪਿਆਰੇ ॥

ਹੇ ਪਰਮੇਸ਼ਰ ! ਜੋ ਤੇਰਾ ਸਭ ਨੂੰ ਹਰਿ = ਹਰੇ-ਭਰੇ ਕਰਨ ਵਾਲਾ ਤੇ ਪਾਪਾਂ ਦਾ ਹਰਿ = ਹਾਰਕ ਨਾਮ ਅੰਮ੍ਰਿਤ ਹੈ **ਵਾ:** ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਨਾਮ ਹੈ, ਹੇ ਪਿਆਰੇ ਪਰਮੇਸ਼ਰ ! ਉਹ ਨਾਮ ਮੈਨੂੰ ਦੇਹੁ = ਦੇਣਾ ਕਰੋ।

## ਜਿਨ ਊਪਰਿ ਗੁਰਮੁਖਿ ਮਨੁ ਮਾਨਿਆ; ਤਿਨ ਕੇ ਕਾਜ ਸਵਾਰੇ ॥੧॥ਰਹਾਉ॥

ਹੇ ਪਰਮੇਸ਼ਰ ! ਜਿਨ = ਜਿਨ੍ਹਾਂ ਗੁਰਮੁਖਾਂ ਊਪਰਿ = ਉੱਤੇ ਤੇਰਾ ਮਨੁ = ਚਿੱਤ ਮਾਨਿਆ = ਮੰਨ, ਪਤੀਜ ਗਿਆ ਹੈ **ਵਾ:** ਗੁਰਮੁਖਿ = ਮੁਖੀ ਗੁਰਾਂ ਦਾ ਮਨ ਮੰਨ ਗਿਆ ਹੈ, ਤਿਨ = ਉਨ੍ਹਾਂ ਕੇ = ਦੇ ਪ੍ਰਮਾਰਥ ਤੇ ਵਿਵਹਾਰਕ ਆਦਿ ਸਾਰੇ ਕਾਜ = ਕਾਰਜ ਤੂੰ ਆਪ ਹੀ ਸਵਾਰੇ = ਸੰਵਾਰ ਦਿੱਤੇ ਹਨ ॥੧॥ਰਹਾਉ॥

## ਜੋ ਜਨ ਦੀਨ ਭਏ ਗੁਰ ਆਗੈ; ਤਿਨ ਕੇ ਦੂਖ ਨਿਵਾਰੇ ॥

ਜੋ = ਜਿਹੜੇ ਜਨ = ਪੁਰਖ ਗੁਰ = ਸਤਿਗੁਰਾਂ ਦੇ ਆਗੈ = ਅੱਗੇ ਦੀਨ = ਗ਼ਰੀਬੀ ਭਾਵ ਸ਼ਰਧਾ, ਨਿਮਰਤਾ ਵਾਲੇ ਸੁਭਾਅ ਦੇ ਸਹਿਤ ਪੇਸ਼ ਭਏ = ਹੋਏ ਹਨ, ਤਿਨ = ਉਨ੍ਹਾਂ ਕੇ = ਦੇ ਗੁਰਾਂ ਨੇ ਜੰਮਣ ਮਰਣ ਦੇ ਆਦਿ ਸਾਰੇ ਦੂਖ = ਦੁੱਖ ਨਿਵਾਰੇ = ਨਵਿਰਤ ਕਰ ਦਿੱਤੇ ਹਨ।

## ਅਨਦਿਨੁ ਭਗਤਿ ਕਰਹਿ ਗੁਰ ਆਗੈ; ਗੁਰ ਕੈ ਸਬਦਿ ਸਵਾਰੇ ॥੧॥

ਉਹ ਪੁਰਖ ਗੁਰਾਂ ਦੇ ਆਗੈ = ਅੱਗੇ ਭਾਵ ਸਨਮੁਖ ਰਹਿ ਕੇ ਅਨਦਿਨੁ = ਰਾਤ ਦਿਨੇ ਪ੍ਰੇਮਾ ਭਗਤਿ = ਭਗਤੀ ਕਰਹਿ = ਕਰਦੇ ਹਨ, ਇਸੇ ਕਰਕੇ ਉਨ੍ਹਾਂ ਨੇ ਸਤਿਗੁਰਾਂ ਕੈ = ਦੇ ਸਬਦਿ = ਉਪਦੇਸ਼ ਦੁਆਰਾ ਆਪਣੇ ਜੀਵਨ ਸਵਾਰੇ = ਸੰਵਾਰ ਲਏ ਹਨ ॥੧॥

## ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ; ਰਸੁ ਗਾਵਹਿ ਰਸੁ ਬੀਚਾਰੇ ॥

ਜਿਨ੍ਹਾਂ ਦੇ ਹਿਰਦੈ = ਚਿੱਤ ਵਿਚ ਗੁਰਾਂ ਦੁਆਰਾ ਪਰਮੇਸ਼ਰ ਦਾ ਨਾਮ ਅੰਮ੍ਰਿਤ ਵੱਸਿਆ ਹੈ, ਰਸਨਾ = ਜਿਹਵਾ 'ਚ ਵੀ ਨਾਮ ਦਾ ਰਸ ਹੈ, ਉਹ ਰਸੁ = ਪ੍ਰੇਮ ਨਾਲ ਪਰਮੇਸ਼ਰ ਦੇ ਜੱਸ ਨੂੰ ਗਾਵਹਿ = ਗਾਉਂਦੇ ਹਨ ਅਤੇ ਰਸੁ = ਪ੍ਰੇਮ ਨਾਲ ਅਨੰਦ ਸਰੂਪ ਦੀ ਪ੍ਰਾਪਤੀ ਬਾਬਤ ਬੀਚਾਰੇ = ਵੀਚਾਰ ਕਰਦੇ ਹਨ।

## ਗੁਰਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ; ਓਇ ਪਾਵਹਿ ਮੋਖ ਦੁਆਰੇ ॥੨॥

ਉਨ੍ਹਾਂ ਨੇ ਗੁਰਪਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਨੂੰ ਚੀਨ੍ਹਿਆ = ਜਾਣ ਲਿਆ ਹੈ, ਇਸੇ ਕਰਕੇ ਓਇ = ਉਹ ਦੁਆਰੇ = ਦੁਆਰਿਆਂ ਵਾਲੇ ਸਰੀਰ ਤੋਂ **ਵਾ:** ਸੰਸਾਰ ਰੂਪੀ ਦੁਆਰੇ ਤੋਂ ਮੋਖ = ਮੁਕਤੀ ਪਾਵਹਿ = ਪਾ ਲੈਂਦੇ ਹਨ **ਵਾ:** ਮੁਕਤੀ ਦੇ ਦੁਆਲੇ ਬ੍ਰਹਮ ਗਿਆਨ ਨੂੰ ਪਾ ਲੈਂਦੇ ਹਨ ॥੨॥

## ਸਤਿਗੁਰੁ ਪੁਰਖੁ ਅਚਲੁ, ਅਚਲਾ ਮਤਿ; ਜਿਸੁ ਦ੍ਰਿੜਤਾ, ਨਾਮੁ ਅਧਾਰੇ ॥

ਸਤਿਗੁਰੁ = ਸੱਚਾ ਗੁਰੂ ਆਪ ਪੁਰਖੁ = ਪੂਰਨ ਅਚੱਲ ਹੈ ਅਤੇ ਗੁਰਾਂ ਦੀ ਮਤਿ = ਬੁੱਧੀ (ਸਿੱਖਿਆ) ਵੀ ਅਚਲਾ = ਚੱਲਣ ਤੋਂ ਰਹਿਤ ਹੈ ਭਾਵ ਸਦਾ ਇਕ-ਰਸ ਰਹਿਣ ਵਾਲੀ ਹੈ, ਜਿਸ ਗੁਰੂ ਦੀ ਨਾਮ ਵਿਚ ਦ੍ਰਿੜਤਾ = ਪ੍ਰਪੱਕਤਾ ਹੈ ਅਤੇ ਜਿਸ ਗੁਰੂ ਨੂੰ ਕੇਵਲ ਨਾਮ ਦਾ ਹੀ ਅਧਾਰੇ = ਆਸਰਾ ਹੈ **ਵਾ:** ਉਸ ਦੀ ਬੁੱਧ ਗੁਰ ਸਿੱਖਿਆ ਦੁਆਰਾ ਅਚੱਲ ਹੋ ਗਈ ਹੈ, ਜਿਸ ਦੇ ਅੰਦਰ ਗੁਰ ਸਿੱਖਿਆ ਦੀ ਪ੍ਰਪੱਕਤਾ ਤੇ ਨਾਮ ਦਾ ਆਸਰਾ ਹੈ।

## ਤਿਸੁ ਆਗੈ ਜੀਉ ਦੇਵਉ ਅਪੁਨਾ; ਹਉ ਸਤਿਗੁਰ ਕੈ ਬਲਿਹਾਰੇ ॥੩॥

ਤਿਸੁ = ਉਸ ਗੁਰਾਂ ਦੇ ਆਗੈ = ਅੱਗੇ ਅਪੁਨਾ = ਆਪਣਾ ਜੀਉ = ਸੂਖਮ ਸਰੀਰ ਅਰਪ ਦੇਵਉ = ਦੇਣਾ ਕਰਾਂ **ਵਾ:** ਆਪਣੀ ਜ਼ਿੰਦਗੀ ਭੇਟਾ ਕਰਦਾ ਹਾਂ ਅਤੇ ਹਉ = ਮੈਂ ਉਸ ਸਤਿਗੁਰੂ ਕੈ = ਦੇ ਉਪਰੋਂ ਬਲਿਹਾਰੇ = ਕੁਰਬਾਨ ਜਾਂਦਾ ਹਾਂ ॥੩॥

## ਮਨਮੁਖ ਭ੍ਰਮਿ ਦੂਜੈ ਭਾਇ ਲਾਗੇ; ਅੰਤਰਿ ਅਗਿਆਨ ਗੁਬਾਰੇ ॥

ਮਨਮੁਖ ਪੁਰਖ ਭਰਮ ਦੇ ਕਾਰਨ ਦੂਜੈ = ਦਵੈਤ ਭਾਇ = ਭਾਵ **ਵਾ:** ਭਰਮ ਦੇ ਦਵੈਤ-ਭਾਵ ਵਿਚ ਲਾਗੇ = ਲੱਗ ਰਹੇ ਹਨ ਕਿਉਂਕਿ ਉਨ੍ਹਾਂ ਦੇ ਅੰਤਰਿ = ਅੰਦਰ ਅਗਿਆਨ ਦਾ ਗੁਬਾਰੇ = ਗਾੜ੍ਹਾ ਹਨੇਰਾ ਪਿਆ ਹੋਇਆ ਹੈ।

## ਸਤਿਗੁਰੁ ਦਾਤਾ ਨਦਰਿ ਨ ਆਵੈ; ਨਾ ਉਰਵਾਰਿ ਨ ਪਾਰੇ ॥੪॥

ਇਸ ਲਈ ਨਾਮ, ਗਿਆਨ ਆਦਿ ਦਾਤਾਂ ਦੇਣ ਵਾਲਾ ਸਤਿਗੁਰੂ ਦਾਤਾ ਉਨ੍ਹਾਂ ਮਨਮੁਖ ਪੁਰਖਾਂ ਦੀ ਨਦਰਿ = ਦ੍ਰਿਸ਼ਟੀ ਵਿਚ ਨ = ਨਹੀਂ ਆਵੈ = ਆਉਂਦਾ, ਇਸੇ ਕਰਕੇ ਉਨ੍ਹਾਂ ਦਾ ਨਾ ਉਰਵਾਰਿ = ਉਰਲਾ ਕਿਨਾਰਾ ਭਾਵ ਇਹ ਲੋਕ ਤੇ ਨਾ ਹੀ ਪਾਰੇ = ਪਰਲਾ ਕਿਨਾਰਾ ਭਾਵ ਪ੍ਰਲੋਕ ਸੁਧਰਦਾ ਹੈ ॥੪॥

## ਸਰਬੇ ਘਟਿ ਘਟਿ ਰਵਿਆ ਸੁਆਮੀ; ਸਰਬ ਕਲਾ ਕਲ ਧਾਰੇ ॥

ਜੋ ਸੁਆਮੀ = ਮਾਲਕ ਪ੍ਰਭੂ ਸਰਬੇ = ਸਾਰਿਆਂ ਘਟਿ ਘਟਿ = ਘਟਾਂ ਘਟਾਂ ਵਿਚ ਰਵਿਆ = ਵਿਆਪਕ ਹੋ ਰਿਹਾ ਹੈ, ਉਹ ਪਰਮੇਸ਼ਰ ਸਰਬ = ਸਾਰੀਆਂ ਕਲਾ = ਸ਼ਕਤੀਆਂ ਦਾ ਮਾਲਕ ਹੈ ਤੇ ਸਾਰੀ ਸ੍ਰਿਸ਼ਟੀ ਆਪਣੀ ਚੇਤਨ ਸੱਤਾ ਰੂਪੀ ਕਲਾ = ਸ਼ਕਤੀ ਦੇ ਆਸਰੇ ਧਾਰੇ = ਧਾਰਨ ਕੀਤੀ ਹੋਈ ਹੈ **ਵਾ:** ਸਾਰੇ ਖੰਡ ਬ੍ਰਹਮੰਡ ਆਪਣੀ ਕਲਾ ਨਾਲ ਧਾਰੇ ਹੋਏ ਹਨ ਅਤੇ ਆਤਮਿਕ ਕਲ = ਸ਼ਾਂਤੀ ਧਾਰੇ = ਧਾਰਨ ਕਰਾਉਣ ਵਾਲਾ ਹੈ।

## ਨਾਨਕੁ, ਦਾਸਨਿ ਦਾਸੁ ਕਹਤ ਹੈ; ਕਰਿ ਕਿਰਪਾ ਲੇਹੁ ਉਬਾਰੇ ॥੫॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਦਾਸਨਿ = ਦਾਸਾਂ ਦਾ ਦਾਸੁ = ਸੇਵਕ ਬਣ ਕੇ ਬੇਨਤੀ ਪੂਰਵਕ ਇਹ ਬਚਨ ਕਹਤ = ਕਥਨ ਕਰਦਾ ਹਾਂ ਕਿ ਹੇ ਪਰਮੇਸ਼ਰ ! ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਮੈਨੂੰ ਸੰਸਾਰ-ਸਮੁੰਦ੍ਰ ਤੋਂ ਉਬਾਰੇ = ਬਚਾ ਲੇਹੁ = ਲੈਣਾ ਕਰੋ ॥੫॥੩॥

## ਸਾਰਗ ਮਹਲਾ ੪ ॥
## ਗੋਬਿਦ ਕੀ; ਐਸੀ ਕਾਰ ਕਮਾਇ ॥

ਹੇ ਭਾਈ ! ਗੋਬਿਦ = ਪਰਮੇਸ਼ਰ ਕੀ = ਦੀ ਐਸੀ = ਅਜਿਹੀ ਭਗਤੀ ਰੂਪ ਕਾਰ ਕਮਾਇ = ਕਮਾਉਣਾ ਕਰ।

## ਜੋ ਕਿਛੁ ਕਰੇ, ਸੁ ਸਤਿ ਕਰਿ ਮਾਨਹੁ;
## ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥੧॥ਰਹਾਉ॥

ਜੋ = ਜਿਹੜਾ ਕਿਛੁ = ਕੁਝ ਪਰਮੇਸ਼ਰ ਕਰੇ = ਕਰਦਾ ਹੈ, ਸੁ = ਉਸ ਨੂੰ ਆਪਣੇ ਮਨ ਦੀ ਮੱਤ ਛੱਡ ਕੇ ਸਤਿ = ਸੱਚਾ ਕਰਿ = ਕਰਕੇ ਮਾਨਹੁ = ਮੰਨਣਾ ਕਰ ਅਤੇ ਗੁਰਮੁਖ ਬਣ ਕੇ **ਵਾ:** ਮੁਖੀ ਗੁਰਾਂ ਦੁਆਰਾ ਨਾਮ ਵਿਚ ਲਿਵ = ਬਿਰਤੀ ਲਾਇ = ਲਾ ਕੇ ਰਹਹੁ = ਰਹਿਣਾ ਕਰ ॥੧॥ਰਹਾਉ॥

## ਗੋਬਿਦ ਪ੍ਰੀਤਿ ਲਗੀ ਅਤਿ ਮੀਠੀ; ਅਵਰ ਵਿਸਰਿ ਸਭ ਜਾਇ ॥

ਜਿਸ ਗੁਰਮੁਖ ਦੇ ਅੰਦਰ ਗੋਬਿਦ = ਪਰਮੇਸ਼ਰ ਦੀ ਪ੍ਰੀਤਿ = ਪ੍ਰੀਤੀ ਅਤਿ = ਅਤਿਅੰਤ ਮੀਠੀ = ਮਿੱਠੀ, ਪਿਆਰੀ ਲਗੀ = ਲੱਗ ਆਈ ਹੈ, ਉਸ ਦੀ ਅਵਰ = ਹੋਰ ਦਵੈਤ ਵਾਲੀ ਪ੍ਰੀਤੀ ਸਭ = ਸਾਰੀ ਵਿਸਰਿ = ਭੁੱਲ ਜਾਇ = ਜਾਂਦੀ ਹੈ।

## ਅਨਦਿਨੁ ਰਹਸੁ ਭਇਆ ਮਨੁ ਮਾਨਿਆ; ਜੋਤੀ ਜੋਤਿ ਮਿਲਾਇ ॥੧॥

ਜਦ ਉਸ ਦਾ ਮਨੁ = ਚਿੱਤ ਗੁਰ ਉਪਦੇਸ਼ ਤੇ ਮਾਨਿਆ = ਮੰਨ ਗਿਆ, ਤਦੋਂ ਉਸ ਨੂੰ ਅਨਦਿਨੁ = ਰਾਤ ਦਿਨੇ ਰਹਸੁ = ਅਨੰਦ ਪ੍ਰਾਪਤ ਭਇਆ = ਹੋਇਆ ਹੈ **ਵਾ:** ਰਹਸੁ = ਸਿਧਾਂਤ ਸਰੂਪ ਪ੍ਰਾਪਤ ਹੋਇਆ ਹੈ ਅਤੇ ਉਸ ਨੇ ਜੋਤੀ = ਪ੍ਰਕਾਸ਼ ਸਰੂਪ ਪਰਮੇਸ਼ਰ ਵਿਚ ਆਪਣੀ ਪ੍ਰਤਕ ਜੋਤ ਮਿਲਾਇ = ਮਿਲਾ ਲੈਣਾ ਕੀਤੀ ਹੈ ॥੧॥

## ਜਬ ਗੁਣ ਗਾਇ, ਤਬ ਹੀ ਮਨੁ ਤ੍ਰਿਪਤੈ; ਸਾਂਤਿ ਵਸੈ ਮਨਿ ਆਇ ॥

ਜਬ = ਜਦੋਂ ਗੁਰਮੁਖ ਅਧਿਕਾਰੀ ਗੁਰਾਂ ਦੁਆਰਾ ਪਰਮੇਸ਼ਰ ਦੇ ਗੁਣਾਂ ਦੇ ਤਾਈਂ ਗਾਇ = ਗਾਉਂਦਾ ਹੈ, ਤਬ = ਤਦੋਂ ਹੀ ਉਸ ਦਾ ਮਨੁ = ਚਿੱਤ ਤ੍ਰਿਪਤੈ = ਰੱਜਦਾ ਹੈ ਅਤੇ ਮਨਿ = ਹਿਰਦੇ ਵਿਚ ਆਇ = ਆ ਕੇ

ਸਾਂਤਿ = ਸ਼ਾਂਤੀ ਵਸੈ = ਵੱਸਦੀ ਹੈ **ਵਾ:** ਸ੍ਰਵਣ, ਮੰਨਣ ਕਰਨ ਵਾਲੇ ਅਧਿਕਾਰੀ ਦੇ ਹਿਰਦੇ ਵਿਚ ਆ ਕੇ ਸ਼ਾਂਤੀ ਵੱਸ ਜਾਂਦੀ ਹੈ।

## ਗੁਰ ਕਿਰਪਾਲ ਭਏ, ਤਬ ਪਾਇਆ; ਹਰਿ ਚਰਣੀ ਚਿਤੁ ਲਾਇ ॥੨॥

ਜਦੋਂ ਗੁਰ = ਸਤਿਗੁਰੂ ਸਾਹਿਬ ਜੀ ਕਿਰਪਾਲ = ਕ੍ਰਿਪਾਲੂ ਭਏ = ਹੋਏ ਤਬ = ਤਦੋਂ ਗੁਰਾਂ ਪਾਸੋਂ ਪ੍ਰਭੂ ਦੇ ਗੁਣ ਗਾਉਣ ਦੀ ਦਾਤ ਨੂੰ ਪਾਇਆ = ਪਾਉਣਾ ਕੀਤਾ ਹੈ ਅਤੇ ਹਰਿ = ਪਰਮੇਸ਼ਰ ਦੇ ਚਰਣੀ = ਚਰਨਾਂ ਕਮਲਾਂ ਵਿਚ ਚਿੱਤ ਨੂੰ ਲਾਇ = ਲਾਉਣਾ, ਜੋੜਨਾ ਕੀਤਾ ਹੈ॥੨॥

## ਮਤਿ ਪ੍ਰਗਾਸ ਭਈ ਹਰਿ ਧਿਆਇਆ; ਗਿਆਨਿ ਤਤਿ ਲਿਵ ਲਾਇ ॥

ਜਿਸ ਨੇ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਉਸ ਦੀ ਮਤਿ = ਬੁੱਧੀ ਗਿਆਨ ਦੇ ਪ੍ਰਗਾਸ = ਪ੍ਰਕਾਸ਼ ਸਹਿਤ ਭਈ = ਹੋਈ ਹੈ ਅਤੇ ਉਸ ਨੇ ਤਤਿ = ਤੱਤ, ਸਿਧਾਂਤ ਸਰੂਪ ਦੀ ਪ੍ਰਾਪਤੀ ਵਾਲੇ ਵਾਸਤਵ (ਅਸਲੀ) ਗਿਆਨ ਵਿਚ ਲਿਵ = ਬਿਰਤੀ ਨੂੰ ਲਾਇ = ਲਾਉਣਾ ਕੀਤਾ ਹੈ।

## ਅੰਤਰਿ ਜੋਤਿ ਪ੍ਰਗਟੀ, ਮਨੁ ਮਾਨਿਆ; ਹਰਿ ਸਹਜਿ ਸਮਾਧਿ ਲਗਾਇ ॥੩॥

ਜਿਸ ਦਾ ਮਨੁ = ਚਿੱਤ ਪ੍ਰਭੂ ਉੱਤੇ ਮਾਨਿਆ = ਮੰਨ, ਪਤੀਜ ਗਿਆ ਹੈ, ਉਸ ਦੇ ਹਿਰਦੇ ਅੰਤਰਿ = ਵਿਚ ਪਰਮੇਸ਼ਰ ਦੀ ਜੋਤ ਪ੍ਰਗਟੀ = ਪ੍ਰਗਟ ਹੋ ਆਈ ਹੈ, ਇਸੇ ਕਰਕੇ ਉਹ ਹਰ ਵਕਤ ਹਰਿ = ਪਰਮੇਸ਼ਰ ਵਿਚ ਸਹਜਿ = ਸੁਤੇ-ਸਿੱਧ ਬਿਰਤੀ ਲਾਉਣ ਰੂਪ ਸਮਾਧਿ = ਸਮਾਧੀ ਲਗਾਇ = ਲਗਾਉਣਾ ਕਰਦਾ ਹੈ॥੩॥

## ਹਿਰਦੈ ਕਪਟੁ, ਨਿਤ ਕਪਟੁ ਕਮਾਵਹਿ; ਮੁਖਹੁ ਹਰਿ ਹਰਿ ਸੁਣਾਇ ॥

ਜਿਸ ਪੁਰਖ ਦੇ ਅੰਦਰ ਕਪਟੁ = ਛਲ ਹੈ ਉਹ ਨਿਤ = ਹਮੇਸ਼ਾਂ ਕਪਟੁ = ਛਲ ਨੂੰ ਹੀ ਕਮਾਵਹਿ = ਕਮਾਉਣਾ ਕਰਦਾ ਹੈ, ਉਹ ਗੁਰ ਉਪਦੇਸ਼ ਕਮਾਵਹਿ = ਕਮਾਉਣ ਤੋਂ ਬਗ਼ੈਰ ਨਿਤਾਪ੍ਰਤੀ ਛਲ ਹੀ ਕਰਦਾ ਰਹਿੰਦਾ ਹੈ ਅਤੇ ਮੁਖਹੁ = ਮੂੰਹੋਂ ਦਿਖਾਵੇ ਮਾਤਰ ਹਰਿ = ਹਰੀ ਹਰਿ = ਪਰਮੇਸ਼ਰ ਦਾ ਨਾਮ ਲੋਕਾਂ ਨੂੰ ਠੱਗਣ ਵਾਸਤੇ ਸੁਣਾਇ = ਸੁਣਾਉਂਦਾ ਹੈ।

## ਅੰਤਰਿ ਲੋਭੁ ਮਹਾ ਗੁਬਾਰਾ; ਤੁਹ ਕੂਟੈ ਦੁਖ ਖਾਇ ॥੪॥

ਜਿਸ ਦੇ ਹਿਰਦੇ ਅੰਤਰਿ = ਵਿਚ ਪਦਾਰਥਾਂ ਦਾ ਲੋਭੁ = ਲਾਲਚ ਤੇ ਅਗਿਆਨ ਦਾ ਮਹਾ = ਬੜਾ ਭਾਰੀ ਗੁਬਾਰਾ = ਹਨੇਰਾ ਪਿਆ ਹੋਇਆ ਹੈ, ਉਹ ਪੁਰਖ ਸਕਾਮ ਕਰਮਾਂ ਰੂਪੀ ਤੁਹ = ਫੂਸ ਨੂੰ ਕੂਟੈ = ਕੁੱਟਣੇ ਕਰਕੇ ਜੰਮਣ ਮਰਣ ਦਾ ਦੁਖ ਹੀ ਖਾਇ = ਖਾਣਾ, ਭੋਗਣਾ ਕਰੇਗਾ॥੪॥

## ਜਬ ਸੁਪ੍ਰਸੰਨ ਭਏ ਪ੍ਰਭ ਮੇਰੇ; ਗੁਰਮੁਖਿ ਪਰਚਾ ਲਾਇ ॥

ਜਬ = ਜਦੋਂ ਮੇਰੇ ਪ੍ਰਭ = ਪਰਮੇਸ਼ਰ ਜੀ ਸੁਪ੍ਰਸੰਨ = ਭਲੀ ਪ੍ਰਕਾਰ ਕਰਕੇ ਖ਼ੁਸ਼ ਭਏ = ਹੋਏ, ਤਦੋਂ ਪਰਮੇਸ਼ਰ ਨੇ ਗੁਰਮੁਖਾਂ ਦੀ ਸੰਗਤ ਦਾ ਪ੍ਰੇਮ ਰੂਪੀ ਪਰਚਾ ਲਾਇ = ਲਾ ਦਿੱਤਾ।

## ਨਾਨਕ, ਨਾਮ ਨਿਰੰਜਨੁ ਪਾਇਆ; ਨਾਮੁ ਜਪਤ ਸੁਖੁ ਪਾਇ ॥੫॥੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦ ਅਸਾਂ ਨੇ ਗੁਰਾਂ ਦੁਆਰਾ ਨਿਰੰਜਨੁ = ਸ਼ੁੱਧ ਸਰੂਪ

ਪਰਮੇਸ਼ਰ ਦੇ ਨਾਮ ਨੂੰ ਪਾਇਆ = ਪਾਉਣਾ ਕੀਤਾ, ਤਦੋਂ ਦਾ ਨਾਮ ਨੂੰ ਜਪਤ = ਜਪ ਕਰਕੇ ਆਤਮਿਕ ਸੁਖੁ = ਅਨੰਦ ਨੂੰ ਪਾਇ = ਪਾਉਣਾ ਕੀਤਾ ਹੈ ॥੫॥੪॥

## ਸਾਰਗ ਮਹਲਾ ੪ ॥

## ਮੇਰਾ ਮਨੁ; ਰਾਮ ਨਾਮਿ ਮਨੁ ਮਾਨੀ ॥

ਹੇ ਭਾਈ! ਮੇਰਾ = ਸਾਡਾ ਮਨੁ = ਚਿੱਤ ਰਾਮ = ਪਰਮੇਸ਼ਰ ਦੇ ਨਾਮ ਵਿਚ ਮੰਨ ਗਿਆ ਹੈ, ਇਸ ਕਰਕੇ ਹੁਣ ਮਨ ਮਾਨੀ = ਮਾਨੀਕ (ਮੰਨਣ ਲਾਇਕ) ਹੋ ਗਿਆ ਹੈ।

**ਅਥਵਾ** ਜਦੋਂ ਮਨ ਨੇ ਗੁਰਾਂ ਦੀ ਸਿੱਖਿਆ ਮਾਨੀ = ਮੰਨਣਾ ਕੀਤੀ, ਤਦੋਂ ਮੇਰਾ = ਸਾਡਾ ਮਨੁ = ਚਿੱਤ ਰਾਮ = ਪਰਮੇਸ਼ਰ ਦੇ ਨਾਮ ਜਪਣ ਵਿਚ ਮੰਨ ਗਿਆ।

## ਮੇਰੈ ਹੀਅਰੈ ਸਤਿਗੁਰਿ ਪ੍ਰੀਤਿ ਲਗਾਈ;
## ਮਨਿ ਹਰਿ ਹਰਿ ਕਥਾ ਸੁਖਾਨੀ ॥੧॥ਰਹਾਉ॥

ਮੇਰੈ = ਸਾਡੇ ਹੀਅਰੈ = ਹਿਰਦੇ ਵਿਚ ਪੂਰੇ ਸਤਿਗੁਰਾਂ ਨੇ ਪ੍ਰਭੂ ਦੀ ਪ੍ਰੀਤਿ = ਪ੍ਰੀਤੀ ਲਗਾਈ = ਲਗਾ ਦਿੱਤੀ ਹੈ ਅਤੇ ਸਾਡੇ ਮਨਿ = ਚਿੱਤ ਵਿਚ ਹਰਿ = ਹਰੀ ਹਰਿ = ਪਰਮੇਸ਼ਰ ਦੇ ਸਰੂਪ ਦੀ ਪ੍ਰਾਪਤੀ ਵਾਲੀ ਕਥਾ ਸੁਖਾਨੀ = ਚੰਗੀ ਲੱਗ ਆਈ ਹੈ ॥੧॥ਰਹਾਉ॥

## ਦੀਨ ਦਇਆਲ ਹੋਵਹੁ ਜਨ ਊਪਰਿ; ਜਨ ਦੇਵਹੁ ਅਕਥ ਕਹਾਨੀ ॥

ਹੇ ਪਰਮੇਸ਼ਰ! ਸਾਡੇ ਦੀਨ = ਗ਼ਰੀਬ ਜਨਾਂ ਦੇ ਊਪਰਿ = ਉੱਤੇ ਦਇਆਲ = ਦਿਆਲੂ ਹੋਵਹੁ = ਹੋਣਾ ਕਰੋ ਅਤੇ ਸਾਨੂੰ ਜਨਾਂ ਨੂੰ ਸਰੂਪਾ ਨੰਦ ਦੀ ਪ੍ਰਾਪਤੀ ਵਾਲੀ ਅਕਥ = ਕਥਨ ਤੋਂ ਰਹਿਤ ਕਹਾਨੀ = ਕਥਾ ਬਖ਼ਸ਼ ਦੇਵਹੁ = ਦੇਣਾ ਕਰੋ।

## ਸੰਤ ਜਨਾ ਮਿਲਿ ਹਰਿ ਰਸੁ ਪਾਇਆ; ਹਰਿ ਮਨਿ ਤਨਿ ਮੀਠ ਲਗਾਨੀ ॥੧॥

ਹੇ ਹਰਿ = ਪਰਮੇਸ਼ਰ! ਜਿਸ ਪੁਰਖ ਨੇ ਸੰਤ ਜਨਾਂ ਨਾਲ ਮਿਲਿ = ਮਿਲਾਪ ਕਰਕੇ ਤੇਰੇ ਪ੍ਰਾਪਤੀ ਵਾਲੇ ਰਸੁ = ਪ੍ਰੇਮ, ਅਨੰਦ **ਵਾ:** ਨਾਮ ਰਸ ਨੂੰ ਪਾਇਆ = ਪਾਉਣਾ ਕੀਤਾ ਹੈ, ਹੇ ਹਰਿ = ਪਰਮੇਸ਼ਰ! ਉਸ ਦੇ ਮਨਿ = ਚਿੱਤ ਤੇ ਤਨਿ = ਸਰੀਰ ਵਿਚ ਤੇਰੇ ਨਾਮ ਦੀ ਮੀਠ = ਮਿੱਠੀ, ਪਿਆਰੀ ਪ੍ਰੀਤੀ ਲਗਾਨੀ = ਲੱਗ ਆਈ ਹੈ ॥੧॥

## ਹਰਿ ਕੈ ਰੰਗਿ ਰਤੇ ਬੈਰਾਗੀ; ਜਿਨ ਗੁਰਮਤਿ ਨਾਮੁ ਪਛਾਨੀ ॥

ਜਿਨ = ਜਿਨ੍ਹਾਂ ਨੇ ਗੁਰਮਤਿ = ਗੁਰ ਸਿੱਖਿਆ ਦੁਆਰਾ ਨਾਮ ਦੀ ਪਛਾਨੀ = ਪਹਿਚਾਨ ਕੀਤੀ ਹੈ **ਵਾ:** ਨਾਮੀ ਪਰਮੇਸ਼ਰ ਨੂੰ ਪਛਾਣ ਲਿਆ ਹੈ, ਉਹ ਹਰਿ = ਪਰਮੇਸ਼ਰ ਕੈ = ਦੇ ਪ੍ਰੇਮ ਰੰਗ ਵਿਚ ਰਤੇ = ਰੰਗੇ ਹੋਏ ਪੂਰਨ ਬੈਰਾਗੀ = ਵੈਰਾਗਵਾਨ ਹਨ।

## ਪੁਰਖੈ ਪੁਰਖੁ ਮਿਲਿਆ, ਸੁਖੁ ਪਾਇਆ; ਸਭ ਚੂਕੀ ਆਵਣ ਜਾਨੀ ॥੨॥

ਜੋ ਪੁਰਖੈ = ਜੀਵ ਪੁਰਖੁ = ਪੂਰਨ ਗੁਰਾਂ ਦੇ ਨਾਲ ਮਿਲਿਆ = ਮਿਲ ਗਿਆ ਹੈ **ਵਾ:** ਜਿਸ ਦਾ ਪੁਰਖੈ = ਜੀਵ ਆਤਮਾ ਪੁਰਖੁ = ਈਸ਼ਰ ਨਾਲ ਮਿਲਿਆ = ਮਿਲ ਗਿਆ ਹੈ **ਵਾ:** ਜਿਸ ਪੁਰਖੈ = ਜੀਵ ਦਾ ਤੂੰ ਪਦ ਦਾ ਲਖ ਅਰਥ ਪੁਰਖੁ = ਈਸ਼ਰ ਭਾਵ ਤੱਤਪਦ ਦੇ ਲਖ ਅਰਥ ਨਾਲ ਮਿਲ ਗਿਆ ਹੈ, ਉਸ ਨੇ

ਸੁਖੁ = ਅਨੰਦ ਸਰੂਪ ਨੂੰ ਪਾਇਆ = ਪਾ ਲਿਆ ਹੈ, ਇਸੇ ਕਰਕੇ ਉਸ ਦੀ ਆਵਣ = ਆਉਣ ਜਾਨੀ = ਜਾਣ ਭਾਵ ਜੰਮਣ ਮਰਣ ਵਾਲੀ ਹਾਲਤ ਸਭ = ਸਾਰੀ ਚੂਕੀ = ਚੁੱਕੀ, ਮਿਟ ਗਈ ਹੈ॥੨॥

## ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ; ਰਸਨਾ ਨਾਮੁ ਵਖਾਨੀ ॥

ਸੁਆਮੀ = ਮਾਲਕ ਪ੍ਰਭ = ਪਰਮੇਸ਼ਰ ਦੇ ਦਰਸ਼ਨ ਨੂੰ ਦੇਖਾ = ਵੇਖਣ ਦਾ ਮੇਰੇ ਨੈਣੀ = ਨੇਤਰਾਂ ਵਿਚ ਬਿਰਹੁ = ਪ੍ਰੇਮ ਲੱਗਿਆ ਹੋਇਆ ਹੈ **ਵਾ:** ਮੇਰੇ ਨੈਣੀ = ਨੇਤ੍ਰਾਂ ਵਿਚ ਪ੍ਰੇਮ ਹੈ ਕਿ ਮਾਲਕ ਪਰਮੇਸ਼ਰ ਦੇ ਦਰਸ਼ਨਾਂ ਨੂੰ ਦੇਖਣਾ ਕਰਾਂ **ਵਾ:** ਮੈਂ ਪ੍ਰੇਮ ਰੂਪੀ ਨੇਤਰਾਂ ਦੇ ਨਾਲ ਮਾਲਕ ਪਰਮੇਸ਼ਰ ਦਾ ਦਰਸਨ ਦੇਖਾ = ਦੇਖਣਾ ਕਰਦਾ ਹਾਂ ਅਤੇ ਮੇਰੀ ਰਸਨਾ = ਜੀਭਾ ਹਰ ਵਕਤ ਪਰਮੇਸ਼ਰ ਦਾ ਨਾਮ ਵਖਾਨੀ = ਕਥਨ ਕਰਦੀ ਰਹਿੰਦੀ ਹੈ **ਵਾ:** ਰਸਨਾ ਵਿਚ ਵੀ ਪਰਮੇਸ਼ਰ ਦਾ ਨਾਮ ਕਥਨ ਕਰਨ ਦਾ ਪਿਆਰ ਹੈ।

**[ਅੰਗ ੧੨੦੦]**

## ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ; ਹਿਰਦੈ ਹਰਿ ਹਰਿ ਭਾਨੀ ॥੩॥

ਸ੍ਰਵਣੀ = ਕੰਨਾਂ ਦੇ ਨਾਲ ਰਾਤ ਦਿਨ ਕੀਰਤਨ ਭਗਤੀ ਸੁਨਉ = ਸੁਣਦਾ ਰਹਿੰਦਾ ਹਾਂ ਅਤੇ ਹਿਰਦੇ ਵਿਚ ਵੀ ਹਰਿ = ਹਰੀ ਹਰਿ = ਪਰਮੇਸ਼ਰ ਦੀ ਕੀਰਤੀ ਕਰਨੀ ਹੀ ਭਾਨੀ = ਭਾਉਂਦੀ ਹੈ **ਵਾ:** ਹਰਿ ਹਰਿ ਨਾਮ ਭਾਨੀ = ਭਾਉਂਦਾ ਹੈ॥੩॥

## ਪੰਚ ਜਨਾ ਗੁਰਿ ਵਸਗਤਿ ਆਣੇ; ਤਉ ਉਨਮਨਿ ਨਾਮਿ ਲਗਾਨੀ ॥

ਜਦ ਗੁਰਿ = ਸਤਿਗੁਰਾਂ ਨੇ ਪੰਚ ਜਨਾ = ਪੰਜੇ ਗਿਆਨ ਇੰਦਰੇ **ਵਾ:** ਸ਼ਬਦ, ਸਪਰਸ਼, ਰੂਪ, ਰਸ, ਗੰਧ ਵਸਗਤਿ = ਅਧੀਨਗੀ ਵਿਚ ਆਣੇ = ਲਿਆ ਦਿੱਤੇ **ਵਾ:** ਇਨ੍ਹਾਂ ਦੀ (ਵਸ + ਗਤਿ) ਗਤਿ = ਚਾਲ ਵਸ = ਅਧੀਨਗੀ ਵਿਚ ਆਣੇ = ਲਿਆ ਦਿੱਤੀ, ਤਉ = ਤਦ ਉਨਮਨਿ = ਤੁਰੀਆ ਅਵਸਥਾ ਵਿਚ ਨਾਮ ਕਰਕੇ ਬਿਰਤੀ ਲਗਾਨੀ = ਲੱਗ ਗਈ।

## ਜਨ ਨਾਨਕ, ਹਰਿ ਕਿਰਪਾ ਧਾਰੀ; ਹਰਿ ਰਾਮੈ ਨਾਮਿ ਸਮਾਨੀ ॥੪॥੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦੋਂ ਮੈਂ ਜਨ = ਦਾਸ ਦੇ ਉੱਤੋਂ ਹਰਿ = ਪਰਮੇਸ਼ਰ ਨੇ ਕਿਰਪਾ = ਦਇਆ ਦ੍ਰਿਸ਼ਟੀ ਧਾਰੀ = ਧਾਰਨਾ ਕੀਤੀ ਹੈ, ਤਦੋਂ ਰਾਮੈ = ਰਮੇ ਹੋਏ ਹਰਿ = ਪਰਮੇਸ਼ਰ ਦੇ ਨਾਮ ਵਿਚ ਮੇਰੀ ਬਿਰਤੀ ਸਮਾਨੀ = ਸਮਾਅ ਭਾਵ ਲੀਨ ਹੋ ਗਈ ਹੈ॥੪॥੫॥

## ਸਾਰਗ ਮਹਲਾ ੪ ॥

## ਜਪਿ[੧] ਮਨ ਰਾਮ ਨਾਮੁ; ਪੜ੍ਹੁ[੧] ਸਾਰੁ ॥

ਹੇ ਮੇਰੇ ਮਨਾਂ ! ਰਾਮ = ਪਰਮੇਸ਼ਰ ਦਾ ਨਾਮ ਜਪਿ = ਜਪਣਾ ਕਰ, ਇਹੋ ਹੀ ਸਾਰੁ = ਸ੍ਰੇਸ਼ਟ ਪੜੁ = ਪੜ੍ਹਨਾ ਹੈ **ਵਾ:** ਇਹੋ ਹੀ ਸਾਰ ਰੂਪ ਦੀ ਪ੍ਰਾਪਤੀ ਵਾਲੀ ਪੜ੍ਹੁ = ਪੜ੍ਹਾਈ ਹੈ।

## ਰਾਮ ਨਾਮ ਬਿਨੁ, ਥਿਰੁ ਨਹੀ ਕੋਈ; ਹੋਰੁ ਨਿਹਫਲ ਸਭੁ ਬਿਸਥਾਰੁ ॥੧॥ਰਹਾਉ॥

ਰਾਮ = ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ ਕੋਈ ਥਿਰੁ = ਅਚੱਲ, ਇਸਥਿਤ ਰਹਿਣ ਵਾਲਾ ਪਦਾਰਥ ਨਹੀਂ ਹੈ, ਹੋਰ ਸਭੁ = ਸਾਰਾ ਬਿਸਥਾਰੁ = ਵਿਸਤਾਰ (ਖਿਲਾਰਾ) ਨਿਹਫਲ = ਨਿਸਫਲ ਹੀ ਹੈ॥੧॥ਰਹਾਉ॥

---

੧. ਕਈ ਸਰੂਪਾਂ ਵਿਚ 'ਜਪ' ਤੇ 'ਪੜ੍ਹ' ਪਾਠ ਵੀ ਹੁੰਦਾ ਹੈ।

## ਕਿਆ ਲੀਜੈ, ਕਿਆ ਤਜੀਐ, ਬਉਰੇ; ਜੋ ਦੀਸੈ ਸੋ ਛਾਰੁ ॥

ਹੇ ਬਉਰੇ = ਕਮਲੇ ਜੀਵ, ਮਨ! ਇਥੋਂ ਕਿਆ = ਕਿਹੜਾ ਪਦਾਰਥ ਲੀਜੈ = ਲੈ ਕੇ ਪ੍ਰਲੋਕ ਵੱਲ ਨੂੰ ਚੱਲੇਂਗਾ ਤੇ ਕਿਆ = ਕਿਹੜੇ ਪਦਾਰਥ ਦੇ ਤਜੀਐ = ਤਿਆਗ ਦਾ ਹੰਕਾਰ ਕਰੇਂਗਾ **ਵਾ:** ਕਿਆ ਕੀ ਲੀਜੈ = ਗ੍ਰਹਿਣ ਕਰੇਂਗਾ ਅਤੇ ਕੀ ਤਿਆਗ ਦੇਣਾ ਕਰੇਂਗਾ **ਵਾ:** ਕਿਹੜੇ ਸਕਾਮ ਕਰਮਾਂ ਨੂੰ ਨਾਲ ਲੈ ਕੇ ਜਾਵੇਂਗਾ, ਕਿਹੜੇ ਤਿਆਗਣਾ ਕਰੇਂਗਾ ਜੋ = ਜਿਹੜਾ ਕੁਝ ਪਰਪੰਚ ਦਾ ਪਸਾਰਾ ਦੀਸੈ = ਦਿੱਸਣ ਵਿਚ ਆਉਂਦਾ ਹੈ, ਸੋ = ਉਹ ਸਭ ਕਾਲ ਰੂਪੀ ਅਗਨੀ ਦੇ ਨਾਲ ਛਾਰੁ = ਸੁਆਹ, ਨਾਸ਼ ਹੋ ਜਾਣ ਵਾਲਾ ਹੈ।

## ਜਿਸੁ ਬਿਖਿਆ ਕਉ; ਤੁਮ ਅਪੁਨੀ ਕਰਿ ਜਾਨਹੁ; ਸਾ ਛਾਡਿ ਜਾਹੁ ਸਿਰਿ ਭਾਰੁ ॥੧॥

ਜਿਸ ਬਿਖਿਆ = ਮਾਇਆ ਨੂੰ ਤੁਮ = ਤੂੰ ਆਪਣੀ ਕਰਿ = ਕਰਕੇ ਜਾਨਹੁ = ਜਾਣਦਾ ਹੈਂ, ਸਾ = ਉਹ ਇਥੇ ਹੀ ਛਾਡਿ = ਛੱਡ ਕੇ ਚਲਿਆ ਜਾਹੁ = ਜਾਵੇਂਗਾ ਅਤੇ ਸਿਰਿ ਭਾਰੁ = ਮਾਤਾ ਦੇ ਗਰਭ ਵਿਚ **ਵਾ:** ਨਰਕ ਵਿਚ ਉਲਟਾ ਲਮਕਣਾ ਪਵੇਗਾ **ਵਾ:** ਸਿਰ ਉੱਤੇ ਪਾਪਾਂ ਦਾ ਭਾਰੁ ਉਠਾਉਣਾ ਪਵੇਗਾ **ਵਾ:** ਸਿਰ ਉੱਤੇ ਪਾਪਾਂ ਦਾ ਭਾਰ ਲੈ ਕੇ ਪ੍ਰਲੋਕ ਵੱਲ ਨੂੰ ਚਲਿਆ ਜਾਵੇਂਗਾ॥੧॥

## ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ; ਬੂਝਿ ਨ ਸਕੈ ਗਵਾਰੁ ॥

ਤਿਲੁ ਤਿਲੁ = ਰਤਾ ਰਤਾ ਭਰ ਸਮਾਂ ਕਰਕੇ ਫੁਨਿ = ਪੁਨਾ ਪਲ ਪਲ ਕਰਕੇ **ਵਾ:** ਪਲ ਪਲ ਸਮੇਂ ਵਿੱਚੋਂ ਰਤਾ ਰਤਾ ਜਿਤਨਾ ਸਮਾਂ ਗੁਜ਼ਰਦਿਆਂ ਪੁਨਾ ਅਉਧ = ਉਮਰ ਘਾਟੈ = ਘਟਦੀ ਜਾ ਰਹੀ ਹੈ, ਪਰ ਗਵਾਰੁ = ਮੂਰਖ ਜੀਵ ਬੂਝਿ = ਸਮਝ ਨ = ਨਹੀਂ ਸਕੈ = ਸਕਦਾ।

## ਸੋ ਕਿਛੁ ਕਰੈ, ਜਿ ਸਾਥਿ ਨ ਚਾਲੈ; ਇਹੁ ਸਾਕਤ ਕਾ ਆਚਾਰੁ ॥੨॥

ਇਹ ਜੀਵ ਸੋ = ਉਹ ਕਿਛੁ = ਕੁਝ ਕਰੈ = ਕਰਦਾ ਰਹਿੰਦਾ ਹੈ ਜਿ = ਜਿਹੜਾ ਪ੍ਰਲੋਕ ਨੂੰ ਸਾਥਿ = ਨਾਲ ਨ = ਨਹੀਂ ਚਾਲੈ = ਚੱਲਦਾ, ਇਹੋ ਸਾਕਤ = ਕਠੋਰ ਚਿੱਤ ਵਾਲੇ ਜੀਵ ਕਾ = ਦਾ ਆਚਾਰੁ = ਕਰਤੱਬ ਹੈ॥੨॥

## ਸੰਤ ਜਨਾ ਕੈ ਸੰਗਿ ਮਿਲੁ ਬਉਰੇ; ਤਉ ਪਾਵਹਿ ਮੋਖ ਦੁਆਰੁ ॥

ਹੇ ਬਉਰੇ = ਕਮਲੇ ਜੀਵ! ਸੰਤ = ਸ਼ਾਂਤ ਚਿੱਤ ਵਾਲੇ ਜਨਾ = ਪੁਰਖਾਂ ਕੈ = ਦੇ ਸੰਗਿ = ਨਾਲ ਮਿਲੁ = ਮਿਲਣਾ ਕਰ, ਤਉ = ਤਦ ਤੂੰ ਦੁਆਰੁ = ਦੁਆਰਿਆਂ ਵਾਲੇ ਸੰਸਾਰ **ਵਾ:** ਸਰੀਰ ਤੋਂ ਮੋਖ = ਮੁਕਤੀ ਪਾਵਹਿ = ਪਾ ਲਵੇਂਗਾ **ਵਾ:** ਮੁਕਤੀ ਦਾ ਦੁਆਰਾ ਗਿਆਨ ਪਾ ਲਵੇਂਗਾ।

## ਬਿਨੁ ਸਤਸੰਗ, ਸੁਖੁ ਕਿਨੈ ਨ ਪਾਇਆ; ਜਾਇ ਪੂਛਹੁ ਬੇਦ ਬੀਚਾਰੁ ॥੩॥

ਸਤਸੰਗ = ਸਤਿਸੰਗਤ ਕਰਨ ਤੋਂ ਬਿਨੁ = ਬਗ਼ੈਰ ਕਿਨੈ = ਕਿਸੇ ਨੇ ਵੀ ਵਾਹਿਗੁਰੂ ਦੀ ਪ੍ਰਾਪਤੀ ਦਾ ਸੁਖੁ = ਅਨੰਦ ਨ = ਨਹੀਂ ਪਾਇਆ = ਪਾਉਣਾ ਕੀਤਾ, ਜੇਕਰ ਸੰਸਾ ਹੈ ਤਾਂ ਬੇਦਾਂ ਦੇ ਬੀਚਾਰੁ = ਵੀਚਾਰਨ ਵਾਲੇ ਪੰਡਤਾਂ ਨੂੰ ਜਾਇ = ਜਾ ਕੇ ਪੂਛਹੁ = ਪੁੱਛ ਲੈਣਾ ਕਰੋ॥੩॥

## ਰਾਣਾ ਰਾਉ ਸਭੈ ਕੋਊ ਚਾਲੈ; ਝੂਠੁ ਛੋਡਿ ਜਾਇ ਪਾਸਾਰੁ ॥

ਭਾਵੇਂ ਕੋਈ ਰਾਣਾ = ਰਾਜਾ ਹੈ, ਭਾਵੇਂ ਕੋਈ ਰਾਉ = ਰਾਏ ਦੇ ਖ਼ਿਤਾਬ ਵਾਲਾ ਹੈ, ਸਭੈ = ਸਭ ਕੋਊ =

ਕੋਈ ਪ੍ਰਲੋਕ ਵੱਲ ਨੂੰ ਚਾਲੈ = ਚੱਲਣਾ ਕਰਦਾ ਹੈ ਅਤੇ ਇਸ ਝੂਠੁ = ਮਿਥਿਆ ਸੰਸਾਰ ਦੇ ਪਾਸਾਰੁ = ਖਿਲਾਰੇ ਨੂੰ ਛੋਡਿ = ਛੱਡ ਕਰਕੇ ਜਾਇ = ਜਾਂਦਾ ਹੈ।

## ਨਾਨਕ, ਸੰਤ ਸਦਾ ਥਿਰੁ ਨਿਹਚਲੁ; ਜਿਨ ਰਾਮ ਨਾਮੁ ਆਧਾਰੁ ॥੪॥੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਸੰਤ ਜਨ ਸਦਾ = ਹਮੇਸ਼ਾਂ ਨਿਹਚਲੁ = ਅਚੱਲ ਰੂਪ ਵਾਹਿਗੁਰੂ ਦੇ ਨਾਲ ਮਿਲ ਕੇ ਥਿਰੁ = ਇਸਥਿਤ ਹੁੰਦੇ ਹਨ, ਜਿਨ = ਜਿਨ੍ਹਾਂ ਸੰਤ ਜਨਾਂ ਨੂੰ ਸਿਰਫ਼ ਰਾਮ = ਪਰਮੇਸ਼ਰ ਦੇ ਨਾਮ ਦਾ ਹੀ ਆਧਾਰੁ = ਆਸਰਾ ਹੈ॥੪॥੬॥

## ਸਾਰਗ ਮਹਲਾ ੪ ਘਰੁ ੩ ਦੁਪਦਾ ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਜਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਤਾ ਗੱਦੀ ਉੱਤੇ ਸਥਾਪਨ ਕਰ ਦਿੱਤਾ ਅਤੇ ਸਾਰੀਆਂ ਸੰਗਤਾਂ ਨੂੰ ਹੁਕਮ ਕਰ ਦਿੱਤਾ ਕਿ ਅੱਜ ਤੋਂ (ਗੁਰੂ) ਅਰਜਨ ਦੇਵ ਜੀ ਗੁਰਤਾ ਗੱਦੀ ਦੇ ਮਾਲਕ ਹਨ, ਜਿਨ੍ਹਾਂ ਨੇ ਸਾਡੇ ਜਾਂ ਪਹਿਲੇ ਸਤਿਗੁਰਾਂ ਦੇ ਦਰਸ਼ਨ ਕਰਨੇ ਹਨ ਉਹ (ਗੁਰੂ) ਅਰਜਨ ਦੇਵ ਜੀ ਦੇ ਦੀਦਾਰ ਵਿੱਚੋਂ ਸਾਡੇ ਦੀਦਾਰ ਕਰ ਸਕਦੇ ਹਨ, ਸਤਿਗੁਰਾਂ ਦਾ ਇਹ ਹੁਕਮ ਸੁਣ ਕੇ ਸਭ ਸੰਗਤਾਂ ਨੇ ਤਾਂ ਸਵੀਕਾਰ ਕਰ ਲਿਆ, ਪਰ ਪ੍ਰਿਥੀ ਚੰਦ ਨੇ ਇਹ ਸਭ ਕੁਝ ਸਵੀਕਾਰ ਨਾ ਕੀਤਾ ਸਗੋਂ ਕਰੋਧ ਵਿਚ ਆ ਕੇ ਬਾਬਾ ਬੁੱਢਾ ਜੀ ਨੂੰ ਬੋਲ ਕੁਬੋਲ ਬੋਲਣ ਲੱਗਾ ਕਿ ਤੁਸੀਂ ਸਿਆਣੇ ਸੀ ਮੇਰੇ ਪਿਤਾ ਜੀ ਨੂੰ ਕਹਿ ਦਿੰਦੇ ਕਿ ਪ੍ਰਿਥੀ ਚੰਦ ਇਤਨੇ ਸਾਲਾਂ ਤੋਂ ਸੇਵਾ ਕਰਦਾ ਆ ਰਿਹਾ ਹੈ, ਇਸ ਲਈ ਗੁਰਤਾ ਗੱਦੀ ਦਾ ਪ੍ਰਿਥੀ ਚੰਦ ਅਧਿਕਾਰੀ ਹੈ, ਇਉਂ ਬਾਬਾ ਬੁੱਢਾ ਜੀ ਨੂੰ ਕੌੜੇ ਸ਼ਬਦ ਬੋਲਦਾ ਹੋਇਆ ਘਰ ਵਿਚ ਆ ਗਿਆ। ਉਸ ਵਕਤ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਿਲਾਂ ਵਿਚ ਬਿਰਾਜਮਾਨ ਸਨ, ਜਦ ਪ੍ਰਿਥੀ ਚੰਦ ਘਰ ਵਿਚ ਆ ਕੇ ਉੱਚੀ-ਉੱਚੀ ਬੋਲ ਕੇ ਝਗੜਾ ਕਰਨ ਲੱਗਾ, ਉਸ ਵੇਲੇ ਮਾਤਾ ਭਾਨੀ ਜੀ ਨੇ ਪ੍ਰਿਥੀ ਚੰਦ ਨੂੰ ਸਿੱਖਿਆ ਦਿੰਦਿਆਂ ਜੋ ਬਚਨ ਕਹੇ ਸਨ, ਪਰ ਕਰਮਾਂ ਹੀਣਾ ਪ੍ਰਿਥੀ ਚੰਦ ਸਮਝਿਆ ਨਾ, ਮਾਤਾ ਭਾਨੀ ਜੀ ਦੇ ਸਿੱਖਿਆ ਰੂਪ ਵਿਚ ਕਹੇ ਬਚਨਾਂ ਨੂੰ ਸਾਰਗ ਰਾਗ ਦੇ ਅੰਦਰ ਮਹਲਾ ੪ = ਚੌਥੇ ਸਰੂਪ ਅਨੁਵਾਦ ਕਰਕੇ ਘਰੁ ੩ = ਤੀਸਰੇ ਸੁਰਤਾਲ ਵਿਚ ਪਹਿਲਾਂ ਮੰਗਲ ਕਰਦਿਆਂ ਦੁਪਦਾ = ਦੋ ਪਦਿਆਂ ਵਾਲਾ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਕਾਹੇ ਪੂਤ; ਝਗਰਤਹਉ ਸੰਗਿ ਬਾਪ ॥

(**ਝਗਰਤ-ਹਉ** ਦਾ ਡੈਸ਼ ਲਗਾ ਕੇ ਉਚਾਰਣ ਹੈ)

ਹੇ ਪੂਤ = ਪੁੱਤਰ ਪ੍ਰਿਥੀ ਚੰਦ! ਕਾਹੇ = ਕਿਸ ਵਾਸਤੇ ਆਪਣੇ ਬਾਪ = ਪਿਤਾ ਦੇ ਸੰਗਿ = ਨਾਲ ਝਗਰਤਹਉ = ਝਗੜਾ ਕਰਦੇ ਹੋ।

## ਜਿਨ ਕੇ ਜਣੇ, ਬਡੀਰੇ ਤੁਮਹਉ; ਤਿਨ ਸਿਉ ਝਗਰਤ, ਪਾਪ ॥੧॥ਰਹਾਉ॥

(**ਤੁਮ-ਹਉ** ਉਚਾਰਣ ਹੈ)

ਹੇ ਪੁੱਤਰ! ਜਿਨ = ਜਿਨ੍ਹਾਂ ਕੇ = ਦੇ ਜਣੇ = ਉਤਪੰਨ ਕੀਤੇ ਹੋਏ ਅਤੇ ਤੁਸੀਂ ਬਡੀਰੇ = ਵਡਿਆਏ ਹੋਏ ਹੋ, ਭਾਵ ਸੰਗਤਾਂ ਤੁਹਾਡਾ ਸਤਿਕਾਰ ਕਰਦੀਆਂ ਹਨ, ਤਿਨ = ਉਨ੍ਹਾਂ ਸਤਿਗੁਰਾਂ ਦੇ ਸਿਉ = ਨਾਲ ਝਗਰਤ = ਝਗੜਾ ਕਰਨਾ ਬੜਾ ਪਾਪ ਹੈ॥੧॥ਰਹਾਉ॥

ਫੇਰ ਪ੍ਰਿਥੀ ਚੰਦ ਕਹਿਣ ਲੱਗਾ ਕਿ ਮੈਂ ਆਪਣੀ ਦੌਲਤ ਦੇ ਨਾਲ (ਗੁਰੂ) ਅਰਜਨ ਦੇਵ ਜੀ ਦੇ ਕੋਲੋਂ ਗੁਰਿਆਈ ਖੋਹ ਲਵਾਂਗਾ ਅਤੇ ਆਪਣੇ ਬਾਪ ਤੇ ਭਰਾ ਨੂੰ ਕੈਦ ਕਰਵਾ ਦੇਵਾਂਗਾ, ਇਸ ਤਰ੍ਹਾਂ ਦੇ ਬਚਨ ਜਦੋਂ ਪ੍ਰਿਥੀ ਚੰਦ ਨੇ ਕਹੇ ਤਾਂ ਜੋ ਅੱਗੋਂ ਬੀਬੀ ਭਾਨੀ ਜੀ ਨੇ ਆਪਣੀ ਰਸਨਾ ਦੁਆਰਾ ਬਚਨ ਕਹੇ, ਉਹ ਬਚਨ ਸਤਿਗੁਰੂ ਸਾਹਿਬ ਜੀ ਅੱਗੇ ਕਥਨ ਕਰਦੇ ਹਨ।

## ਜਿਸੁ ਧਨ ਕਾ ਤੁਮ ਗਰਬੁ ਕਰਤਹਉ; ਸੋ ਧਨੁ, ਕਿਸਹਿ ਨ ਆਪ ॥

(**ਕਰਤ-ਹਉ** ਉਚਾਰਣ ਹੈ)

ਹੇ ਪੁੱਤਰ! ਜਿਸ ਧਨ = ਦੌਲਤ ਕਾ = ਦਾ ਤੁਮ = ਤੁਸੀਂ ਗਰਬ = ਹੰਕਾਰ ਕਰਤਹਉ = ਕਰਦੇ ਹੋ, ਸੋ = ਉਹ ਧਨ ਕਿਸਹਿ = ਕਿਸੇ ਦਾ ਆਪੁ = ਆਪਣਾ ਨ = ਨਹੀਂ ਹੈ।

## ਖਿਨ ਮਹਿ ਛੋਡਿ ਜਾਇ ਬਿਖਿਆ ਰਸੁ; ਤਉ ਲਾਗੈ ਪਛੁਤਾਪ ॥੧॥

ਜਿਸ ਬਿਖਿਆ = ਮਾਇਆ ਦੇ ਰਸ ਵਿਚ ਤੁਸੀਂ ਪਏ ਹੋਏ ਹੋ, ਇਸ ਮਾਇਆ ਦੇ ਰਸ ਨੂੰ ਤੁਸੀਂ ਇਕ ਖਿਨ = ਛਿਨ ਦੇ ਮਹਿ = ਵਿਚ ਹੀ ਛੋਡਿ = ਛੱਡ ਕੇ ਚਲੇ ਜਾਇ = ਜਾਵੋਗੇ ਅਤੇ ਤਉ = ਤਦੋਂ ਤੁਹਾਨੂੰ ਪਛੁਤਾਪ = ਪਸ਼ਚਾਤਾਪ ਹੀ ਲਾਗੈ = ਲੱਗੇਗਾ ਕਿ ਧਨ ਨਾਸ਼ ਹੋ ਗਿਆ ਹੈ ॥੧॥

## ਜੋ ਤੁਮਰੇ ਪ੍ਰਭ ਹੋਤੇ ਸੁਆਮੀ; ਹਰਿ ਤਿਨ ਕੇ ਜਾਪਹੁ ਜਾਪ ॥

ਹੇ ਪੁੱਤਰ! ਜੋ = ਜਿਹੜੇ ਤੁਮਰੇ = ਤੁਹਾਡੇ ਸੁਆਮੀ = ਮਾਲਕ ਪ੍ਰਭ = ਪਰਮੇਸ਼ਰ ਦਾ ਸਰੂਪ ਪਿਤਾ ਸਤਿਗੁਰੂ ਜੀ ਸੰਸਾਰ ਦੇ ਅੰਦਰ ਹੋਤੇ = ਹੋਂਦ ਰੂਪ ਹਨ, ਤਿਨ = ਉਨ੍ਹਾਂ ਸਤਿਗੁਰਾਂ ਕੇ = ਦੇ ਉਪਦੇਸ਼ ਦੁਆਰਾ ਹਰਿ = ਪਰਮੇਸ਼ਰ ਦੇ ਜਾਪ ਨੂੰ ਜਾਪਹੁ = ਜਪਣਾ ਕਰੋ **ਵਾ:** ਜੋ ਮਾਲਕ ਪਰਮੇਸ਼ਰ ਜੀ ਤੁਹਾਡੇ ਮਾਤਾ ਦੇ ਪੇਟ ਵਿਚ ਰੱਖਿਅਕ ਹੋਤੇ = ਹੋਏ ਸਨ, ਹੁਣ ਉਸ ਪਰਮੇਸ਼ਰ ਦੇ ਜਾਪ ਨੂੰ ਜਾਪਹੁ = ਜਪਣਾ ਕਰੋ।

## ਉਪਦੇਸੁ ਕਰਤ ਨਾਨਕ ਜਨ ਤੁਮ ਕਉ;<br>ਜਉ ਸੁਨਹੁ, ਤਉ ਜਾਇ ਸੰਤਾਪ ॥੨॥੧॥੭॥

ਹੇ ਪੁੱਤਰ! ਸਤਿਗੁਰੂ ਨਾਨਕ ਦੇਵ ਜੀ ਦਾ ਸਰੂਪ ਤੇ ਪ੍ਰਭੂ ਦੇ ਪਿਆਰੇ ਜਨ = ਸੇਵਕ ਸ੍ਰੀ ਗੁਰੂ ਰਾਮਦਾਸ ਜੀ, ਤੁਮ = ਤੇਰੇ ਕਉ = ਤਾਈਂ ਉਪਦੇਸ਼ ਦੇਣਾ ਕਰਤ = ਕਰਦੇ ਹਨ, ਹੇ ਪੁੱਤਰ ਜਉ = ਜਦ ਸੁਨਹੁ = ਸੁਣਨਾ ਕਰੋਗੇ, ਤਉ = ਤਦ ਤੇਰੇ ਸਾਰੇ ਸੰਤਾਪ = ਦੁੱਖ ਚਲੇ ਜਾਇ = ਜਾਣਗੇ, ਭਾਵ ਜੋ ਤੈਨੂੰ ਗੁਰਿਆਈ ਨਾ ਮਿਲਣ ਦਾ ਦੁੱਖ ਹੈ, ਇਹ ਹਿਰਦੇ ਅੰਦਰੋਂ ਚਲਿਆ ਜਾਇ = ਜਾਵੇਗਾ ॥੨॥੧॥੭॥

### ਦੂਸਰਾ ਅਰਥ

ਇਸੇ ਸ਼ਬਦ ਦੁਆਰਾ ਸਤਿਗੁਰੂ ਜੀ ਜੀਵ ਨੂੰ ਸੰਬੋਧਨ ਕਰਦਿਆਂ ਸਰਬ ਸਾਂਝਾ ਉਪਦੇਸ਼ ਬਖ਼ਸ਼ਦੇ ਹਨ।

### ਕਾਹੇ ਪੂਤ; ਝਗਰਤਹਉ ਸੰਗਿ ਬਾਪ ॥

ਹੇ ਜੀਵ ਰੂਪ ਪੂਤ = ਪੁੱਤਰੋ! ਕਿਸ ਵਾਸਤੇ ਤੁਸੀਂ ਪਰਮੇਸ਼ਰ ਰੂਪ ਪਿਤਾ ਦੇ ਨਾਲ ਝਗੜਨਾ ਕਰਦੇ ਹੋ ਕਿ ਸਾਨੂੰ ਸੁਖ ਨਹੀਂ ਦਿੱਤੇ, ਪਦਾਰਥ ਨਹੀਂ ਦਿੱਤੇ, ਸਾਡਾ ਦੁਨੀਆਂ ਵਿਚ ਜੱਸ ਕਿਉਂ ਨਹੀਂ ਕੀਤਾ ਆਦਿ।

**ਜਿਨ ਕੇ ਜਣੇ, ਬਡੀਰੇ ਤੁਮਹਉ; ਤਿਨ ਸਿਉ ਝਗਰਤ, ਪਾਪ ॥੧॥ਰਹਾਉ॥**

ਜਿਨ = ਜਿਸ ਵਾਹਿਗੁਰੂ ਦੇ ਤੁਸੀਂ ਪੈਦਾ ਕੀਤੇ ਹੋਏ ਅਤੇ ਤੁਸੀਂ ਵਡਿਆਏ ਹੋਏ ਹੋ, ਤਿਨ = ਉਸ ਦਾਤੇ ਪਰਮੇਸ਼ਰ ਨਾਲ ਝਗੜਾ ਕਰਨਾ ਪਾਪ ਹੈ ॥੧॥ਰਹਾਉ॥

**ਜਿਸੁ ਧਨ ਕਾ ਤੁਮ ਗਰਬੁ ਕਰਤਹਉ; ਸੋ ਧਨੁ, ਕਿਸਹਿ ਨ ਆਪ ॥**

ਹੇ ਜੀਵ ਰੂਪ ਪੁੱਤਰੋ ! ਜਿਸ ਧਨ, ਪਦਾਰਥ ਦਾ ਤੁਸੀਂ ਹੰਕਾਰ ਕਰਦੇ ਹੋ, ਉਹ ਧਨ ਕਿਸੇ ਦਾ ਆਪਣਾ ਨਹੀਂ ਹੈ, ਭਾਵ ਜਦੋਂ ਪਰਾਲਬਧ ਪੂਰੀ ਹੋ ਜਾਂਦੀ ਜਾਂ ਪੁੰਨ ਕਰਮ ਖ਼ਤਮ ਹੋ ਜਾਂਦੇ ਹਨ, ਤਦੋਂ ਧਨ ਹੋਰਨਾਂ ਪੁੰਨੀ ਪੁਰਖਾਂ ਦੇ ਕੋਲ ਚਲਿਆ ਜਾਂਦਾ ਹੈ।

**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ; ਤਉ ਲਾਗੈ ਪਛੁਤਾਪ ॥੧॥**

ਹੇ ਜੀਵ ਰੂਪ ਪੁੱਤਰੋ ! ਤੁਸੀਂ ਬਿਖਿਆ = ਮਾਇਆ ਦੇ ਰਸ ਨੂੰ **ਵਾ:** ਬਿਖਿਆ = ਵਿਸ਼ਿਆਂ ਦੇ ਰਸੁ = ਅਨੰਦ ਨੂੰ ਇਕ ਛਿਨ ਦੇ ਵਿਚ ਛੱਡ ਕਰਕੇ ਦੁਨੀਆਂ ਤੋਂ ਚਲੇ ਜਾਇ = ਜਾਵੋਗੇ, ਤਦੋਂ ਪਸ਼ਚਾਤਾਪ ਲਾਗੈ = ਲੱਗ ਜਾਵੇਗਾ ਕਿ ਅਸੀਂ ਤਾਂ ਹੁਣੇ ਹੀ ਮਰ ਚੱਲੇ ਹਾਂ **ਵਾ:** ਤਦੋਂ ਜਿਨ੍ਹਾਂ ਪਦਾਰਥਾਂ, ਵਿਸ਼ਿਆਂ ਨਾਲ ਮੋਹ ਲਾਇਆ ਹੈ, ਉਨ੍ਹਾਂ ਦਾ (ਪਛੁ + ਤਾਪ) ਪਛੁ = ਪਿੱਛੋਂ ਤਾਪ = ਤਪਾਉਣਾ ਲੱਗ ਜਾਵੇਗਾ ॥੧॥

**ਜੋ ਤੁਮਰੇ ਪ੍ਰਭ ਹੋਤੇ ਸੁਆਮੀ; ਹਰਿ ਤਿਨ ਕੇ ਜਾਪਹੁ ਜਾਪ ॥**

ਜੋ ਮਾਲਕ ਪਰਮੇਸ਼ਰ ਜੀ ਤੁਮਰੇ = ਤੁਹਾਡੇ ਹੋਤੇ = ਹੋਂਦ ਰੂਪ ਹਨ, ਉਸ ਹਰੀ ਪਰਮੇਸ਼ਰ ਦੇ ਜਾਪ ਨੂੰ ਗੁਰ ਉਪਦੇਸ਼ ਦੁਆਰਾ ਇਕ ਰਸ ਜਪਣਾ ਕਰੋ।

**ਉਪਦੇਸੁ ਕਰਤ ਨਾਨਕ ਜਨ ਤੁਮ ਕਉ; ਜਉ ਸੁਨਹੁ, ਤਉ ਜਾਇ ਸੰਤਾਪ ॥੨॥੧॥੭॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਿਆਰੇ ਜਨੋਂ ! ਅਸੀਂ ਤੁਮ = ਤੁਹਾਡੇ ਕਉ = ਤਾਈਂ ਉਪਦੇਸ਼ ਦੇਣਾ ਕਰਤ = ਕਰਦੇ ਹਾਂ, ਜਉ = ਜੇ ਇਸ ਉਪਦੇਸ਼ ਨੂੰ ਸੁਨਹੁ = ਸ੍ਰਵਣ ਕਰੋਗੇ ਤਾਂ ਤੁਹਾਡਾ ਜੰਮਣ ਮਰਣ ਰੂਪ ਸੰਤਾਪ = ਦੁੱਖ ਚਲਿਆ ਜਾਇ = ਜਾਵੇਗਾ **ਵਾ:** (ਸੰ + ਤਾਪ) ਸੰ = ਭਲੀ ਪ੍ਰਕਾਰ ਕਰਕੇ ਆਧੀ, ਬਿਆਧੀ, ਉਪਾਧੀ ਰੂਪ ਤਾਪ ਚਲਿਆ ਜਾਵੇਗਾ ॥੨॥੧॥੭॥

# ਸਾਰਗ ਮਹਲਾ ੪ ਘਰੁ ੫ ਦੁਪਦੇ ਪੜਤਾਲ[੧]

# ੴ ਸਤਿਗੁਰ ਪ੍ਰਸਾਦਿ ॥

ਸਾਰਗ ਰਾਗ ਵਿਚ ਮਹਲਾ ੪ = ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਘਰੁ ੫ = ਪੰਜਵੇਂ ਸੁਰਤਾਲ ਵਿਚ ਦੁਪਦੇ = ਦੋ ਪਦਾਂ ਵਾਲੀ ਬਾਣੀ ਪਹਿਲਾਂ ਮੰਗਲ ਕਰਦਿਆਂ ਪੜਤਾਲ ਨਾਮੇ ਛੰਦ ਵਿਚ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

---

੧. **ਪੜਤਾਲ** : ਪਰਤਾਉ ਤਾਲ ਦਾ, ਜਿਸਦੇ ਪਾਟਵੇਂ ਤਾਲ ਹੋਣ ਜਾਂ ਤਾਲ ਹੀ ਤਾਲ ਪਵੇ, ਭਾਵ ਗਾਉਣ ਵਿਚ ਤੁਕ ਤੁਕ 'ਤੇ ਤਾਲ ਪਰਤਦਾ ਜਾਂਦਾ ਹੋਵੇ, ਉਸ ਨੂੰ ਪੜਤਾਲ ਕਹਿੰਦੇ ਹਨ **ਵਾ:** ਜਿਸ ਛੰਦ ਵਿਚ ਵਾਹਿਗੁਰੂ ਦੇ ਸਰੂਪ ਦੀ ਪੜਤਾਲ = ਖੋਜ ਹੋਵੇ ਜਾਂ ਪਟਤਾਲ, ਚਾਰ ਤਾਲ ਦਾ ਭੇਦ, ਇਸ ਤਾਲ ਵਿਚ ਗਾਏ ਜਾਣ ਵਾਲੇ ਪਦਾਂ ਦੀ ਪੜਤਾਲ ਸੰਗਯਾ ਹੋ ਗਈ ਹੈ, ਭਾਵੇਂ ਉਹ ਕਿਸੇ ਧਾਰਨਾ ਦੇ ਹੋਣ, ਜਿਵੇਂ ਸਰਬਲੋਹ ਗ੍ਰੰਥ ਵਿੱਚੋਂ ਅਨੇਕਾਂ ਛੰਦਾਂ ਦੇ ਆਦਿ ਪੜਤਾਲ ਲਿਖਿਆ ਹੈ।

## ਜਪਿ ਮਨ, ਜਗੰਨਾਥ ਜਗਦੀਸਰੋ ਜਗਜੀਵਨੋ; ਮਨਮੋਹਨ ਸਿਉ, ਪ੍ਰੀਤਿ ਲਾਗੀ; ਮੈ ਹਰਿ ਹਰਿ ਹਰਿ ਟੇਕ, ਸਭ ਦਿਨਸੁ ਸਭ ਰਾਤਿ ॥੧॥ਰਹਾਉ॥

ਹੇ ਮੇਰੇ ਮਨਾਂ ! ਉਸ ਨੂੰ ਜਪਿ = ਜਪਣਾ ਕਰ, ਜੋ ਜਗੰਨਾਥ = ਜਗਤ ਦਾ ਸੁਆਮੀ, ਜਗਦੀਸਰੋ = ਜਗਤ ਦਾ ਈਸ਼ਰ ਤੇ ਸਾਰੇ ਜਗਜੀਵਨੋ = ਜਗਤ ਦਾ ਜੀਵਨ ਰੂਪ ਪ੍ਰਭੂ ਹੈ, ਫੇਰ ਉਸ ਮਨਮੋਹਨ = ਮਨ ਨੂੰ ਮੋਹਿਤ ਕਰਨ ਵਾਲੇ ਪ੍ਰਭੂ ਦੇ ਸਿਉ = ਨਾਲ ਤੇਰੀ ਪ੍ਰੀਤਿ = ਪ੍ਰੀਤੀ ਲਾਗੀ = ਲੱਗ ਜਾਵੇਗੀ, ਸਭ = ਸਾਰਾ ਦਿਨਸੁ = ਦਿਨ, ਸਭ = ਸਾਰੀ ਰਾਤਿ = ਰਾਤਰੀ ਮੈ = ਮੈਨੂੰ ਓਸੇ ਹਰਿ = ਹਰੇ-ਭਰੇ ਕਰਨ ਵਾਲੇ, ਪਾਪਾਂ ਦੇ ਹਰਿ = ਹਾਰਕ ਹਰਿ = ਪਰਮੇਸ਼ਰ ਦੀ ਮਨ, ਬਾਣੀ, ਸਰੀਰ ਕਰਕੇ ਟੇਕ = ਓਟ ਹੈ।

**ਅਥਵਾ** ਹੇ ਭਾਈ ! ਉਸ ਨੂੰ ਮਨ ਵਿਚ ਜਪਣਾ ਕਰ, ਜੋ ਜਗੰਨਾਥ = ਜਗਤ ਦਾ ਸੁਆਮੀ ਹੈ।

***ਪ੍ਰਸ਼ਨ*** *: ਹੇ ਗੁਰੂ ਜੀ ! ਜਗਤ ਦੇ ਸੁਆਮੀ ਤਾਂ ਰਾਜੇ ਲੋਕ ਵੀ ਹੋ ਸਕਦੇ ਹਨ ?*
***ਗੁਰ-ਉੱਤਰ :***

### ਜਗਦੀਸਰੋ

ਜੋ ਸਾਰੇ ਜਗਦੀਸਰੋ = ਜਗਤ ਦਾ ਈਸਰ ਹੈ ਭਾਵ ਸਭ ਨੂੰ ਸੱਤਾ ਸਫੁਰਤੀ ਦੇਣ ਵਾਲਾ ਹੈ, ਉਸ ਨੂੰ ਮਨ ਵਿਚ ਜਪਣਾ ਕਰ।

***ਪ੍ਰਸ਼ਨ*** *: ਹੇ ਗੁਰੂ ਜੀ ! ਜਗਤ ਦੇ ਈਸਰ ਤਾਂ ਬ੍ਰਹਮਾ ਆਦਿਕ ਵੀ ਹੋ ਸਕਦੇ ਹਨ ?*
***ਗੁਰ-ਉੱਤਰ :***

### ਜਗਜੀਵਨੋ

ਜੋ ਸਾਰੇ ਜਗਜੀਵਨੋ = ਜਗਤ ਦਾ ਜੀਵਨ ਰੂਪ ਹੈ, ਭਾਵ ਆਪਣੀ ਚੇਤਨ ਸੱਤਾ ਨਾਲ ਜੀਵਨ ਦਾਨ ਦੇਣ ਵਾਲਾ ਹੈ, ਉਸ ਨੂੰ ਮਨ ਵਿਚ ਜਪਣਾ ਕਰ।

***ਪ੍ਰਸ਼ਨ*** *: ਹੇ ਗੁਰੂ ਜੀ ! ਸਾਰੇ ਜਗਤ ਦੇ ਜੀਵਨ ਰੂਪ ਤਾਂ ਪ੍ਰਾਣ ਵੀ ਹਨ ?*
***ਗੁਰ-ਉੱਤਰ :***

### ਮਨਮੋਹਨ ਸਿਉ, ਪ੍ਰੀਤਿ ਲਾਗੀ

ਜਿਹੜਾ ਸਾਰਿਆਂ ਦੇ ਮਨਾਂ ਨੂੰ ਮੋਹਤ ਕਰਨ ਵਾਲਾ ਹੈ **ਵਾ:** ਸੰਤਾਂ ਭਗਤਾਂ ਦੇ ਮਨ ਵਿੱਚੋਂ ਮੋਹ ਨੂੰ ਮੇਟਣ ਵਾਲਾ ਹੈ, ਉਸ ਦੇ ਨਾਲ ਸਾਡੀ ਪ੍ਰੀਤੀ ਲੱਗੀ ਹੋਈ ਹੈ, ਇਸ ਲਈ ਹੇ ਭਾਈ ! ਤੂੰ ਵੀ ਉਸ ਨਾਲ ਆਪਣੇ ਮਨ ਦੀ ਪ੍ਰੀਤੀ ਲਗਾਉਣਾ ਕਰ।

***ਪ੍ਰਸ਼ਨ*** *: ਹੇ ਗੁਰੂ ਜੀ ! ਮਨ ਨੂੰ ਮੋਹਿਤ ਕਰਨ ਵਾਲੀ ਤਾਂ ਮਾਇਆ ਵੀ ਹੈ ?*
***ਗੁਰ-ਉੱਤਰ :***

### ਮੈ ਹਰਿ ਹਰਿ ਹਰਿ ਟੇਕ, ਸਭ ਦਿਨਸੁ ਸਭ ਰਾਤਿ ॥੧॥ਰਹਾਉ॥

ਜ਼ਿੰਦਗੀ ਦੇ ਸਭ = ਸਾਰੇ ਦਿਨਾਂ ਤੇ ਜ਼ਿੰਦਗੀ ਦੀਆਂ ਸਭ ਰਾਤਾਂ ਵਿਚ ਮੈ = ਮੈਨੂੰ ਉਸੇ ਸੰਸਿਆਂ ਦੇ ਹਰਿ = ਹਾਰਕ, ਹਰਿ = ਹਰੀ ਹਰਿ = ਪਰਮਾਤਮਾ ਦੀ ਮਨ, ਬਾਣੀ, ਸਰੀਰ ਕਰਕੇ ਟੇਕ = ਓਟ ਹੈ **ਵਾ:** ਜਿਸ ਦੀ ਸਭ = ਸਾਰੇ ਗਿਆਨ ਰੂਪੀ ਦਿਨਸੁ = ਦਿਨ ਵਾਲੇ ਪੁਰਖਾਂ ਤੇ ਪ੍ਰੇਮ ਨਾਲ ਭਿੱਜੀ ਹੋਈ ਅਵਸਥਾ ਰੂਪੀ ਰਾਤ ਵਾਲੇ ਸਾਰੇ ਜਗਿਆਸੂ ਜਨਾਂ ਨੂੰ ਓਟ ਹੈ, ਉਸ ਨੂੰ ਮਨ ਵਿਚ ਜਪਣਾ ਕਰ ॥੧॥ਰਹਾਉ॥

## ਹਰਿ ਕੀ ਉਪਮਾ ਅਨਿਕ ਅਨਿਕ, ਅਨਿਕ ਗੁਨ ਗਾਵਤ; ਸੁਕ ਨਾਰਦ ਬ੍ਰਹਮਾਦਿਕ, ਤਵ ਗੁਨ ਸੁਆਮੀ, ਗਨਿਨ ਨ ਜਾਤਿ ॥

ਹੇ ਹਰਿ = ਪਰਮੇਸ਼ਰ! ਆਪ ਜੀ ਕੀ = ਦੀ ਉਪਮਾ = ਮਹਿਮਾ ਵੀ ਅਨਿਕ = ਅਨੰਤ ਪ੍ਰਕਾਰ ਦੀ ਹੈ ਤੇ ਮਹਿਮਾ ਕਰਨ ਵਾਲੇ ਵੀ ਅਨਿਕ = ਅਨੰਤ ਪ੍ਰਕਾਰ ਦੇ ਹਨ, ਤੇਰੇ ਵਿਚ ਗੁਣ ਵੀ ਅਨੰਤ ਪ੍ਰਕਾਰ ਦੇ ਹਨ ਤੇ ਅਨੰਤ ਪ੍ਰਕਾਰ ਦੇ ਜੀਵ ਤੇਰੇ ਗੁਨ = ਗੁਣਾਂ ਨੂੰ ਗਾਵਤ = ਗਾਉਂਦੇ ਹਨ।

ਹੇ ਸੁਆਮੀ = ਮਾਲਕ ਪਰਮੇਸ਼ਰ! ਤਵ = ਤੇਰੇ ਗੁਨ = ਗੁਣਾਂ ਨੂੰ ਸੁਕ = ਸੁਕਦੇਵ ਰਿਸ਼ੀ, ਬ੍ਰਹਮਾ ਦਾ ਪੁੱਤਰ ਨਾਰਦ ਮੁਨੀ ਅਤੇ ਬ੍ਰਹਮਾਦਿਕ = ਬ੍ਰਹਮਾ ਆਦਿਕ ਸਾਰੇ ਦੇਵਤੇ ਗਾਉਂਦੇ ਹਨ, ਪਰ ਕਿਸੇ ਦੇ ਪਾਸੋਂ ਵੀ ਉਪਮਾ ਰੂਪ ਵਿਚ ਤੇਰੇ ਗੁਣ ਗਨਿਨ = ਗਿਣੇ ਨ = ਨਹੀਂ ਜਾਤਿ = ਜਾ ਸਕਦੇ।

## ਤੂ ਹਰਿ ਬੇਅੰਤੁ, ਤੂ ਹਰਿ ਬੇਅੰਤੁ, ਤੂ ਹਰਿ ਸੁਆਮੀ; ਤੂ ਆਪੇ ਹੀ ਜਾਨਹਿ, ਆਪਨੀ ਭਾਂਤਿ ॥੧॥

ਹੇ ਹਰਿ = ਪਰਮੇਸ਼ਰ! ਤੂੰ ਪਿੱਛੇ ਭੂਤਕਾਲ ਵਿਚ ਵੀ ਬੇਅੰਤੁ = ਅਨੰਤ ਸੀ **ਵਾ:** ਅੰਤ ਤੋਂ ਰਹਿਤ ਸੀ, ਹੇ ਹਰਿ = ਪਰਮੇਸ਼ਰ! ਤੂੰ ਹੁਣ ਵਰਤਮਾਨ ਸਮੇਂ ਵਿਚ ਵੀ ਬੇਅੰਤੁ = ਅਨੰਤ, ਅੰਤ ਤੋਂ ਰਹਿਤ ਹੈਂ ਅਤੇ ਹੇ ਸੁਆਮੀ = ਮਾਲਕ ਹਰਿ = ਪਰਮੇਸ਼ਰ! ਤੂੰ ਅੱਗੇ ਭਵਿੱਖਤ ਕਾਲ ਵਿਚ ਵੀ ਅਨੰਤ, ਅੰਤ ਤੋਂ ਰਹਿਤ ਹੋਵੇਂਗਾ **ਵਾ:** ਹੇ ਹਰਿ = ਪਰਮੇਸ਼ਰ! ਤੂੰ ਸਭ ਦਾ ਸੁਆਮੀ = ਮਾਲਕ ਹੈਂ।

ਹੇ ਪਰਮੇਸ਼ਰ! ਆਪਨੀ = ਆਪਣੀ ਪਾਲਣ ਪੋਸ਼ਣ ਦੀ ਭਾਂਤਿ = ਰੀਤੀ ਨੂੰ ਤੂੰ ਆਪੈ = ਆਪ ਹੀ ਜਾਣਹਿ = ਜਾਣਦਾ ਹੈਂ ॥੧॥

## ਹਰਿ ਕੈ ਨਿਕਟਿ ਨਿਕਟਿ, ਹਰਿ ਨਿਕਟ ਹੀ ਬਸਤੇ; ਤੇ ਹਰਿ ਕੇ ਜਨ ਸਾਧੂ, ਹਰਿ ਭਗਾਤ ॥

ਜੋ ਹਰਿ = ਪਰਮੇਸ਼ਰ ਕੈ = ਦੇ ਤਾਈਂ ਨਿਕਟਿ ਨਿਕਟਿ = ਨੇੜੇ ਤੋਂ ਨੇੜੇ, ਜਾਣਦੇ ਹਨ, ਉਹ ਹਰਿ = ਪਰਮੇਸ਼ਰ ਦੇ ਨਿਕਟ = ਨੇੜੇ ਹੀ ਬਸਤੇ = ਵੱਸਦੇ ਹਨ **ਵਾ:** ਉਨ੍ਹਾਂ ਦੇ ਪਰਮੇਸ਼ਰ ਨੇੜੇ ਹੀ ਵੱਸਦਾ ਹੈ ਅਤੇ ਤੇ = ਉਹ ਹਰਿ = ਪਰਮੇਸ਼ਰ ਕੇ = ਦੇ ਸਾਧੂ = ਸੰਤ ਜਨ ਹਨ ਤੇ ਹਰਿ = ਪਰਮੇਸ਼ਰ ਦੇ ਪਿਆਰੇ ਭਗਾਤ = ਭਗਤ ਹਨ।

**ਅਥਵਾ** ਹੇ ਹਰਿ = ਪਰਮੇਸ਼ਰ! ਜੋ ਆਪ ਜੀ ਕੈ = ਦੇ ਮਨ ਕਰਕੇ ਨਿਕਟਿ = ਨੇੜੇ ਵੱਸਦੇ ਹਨ, ਬਾਣੀ ਕਰਕੇ ਨਿਕਟਿ = ਨੇੜੇ ਵੱਸਦੇ ਹਨ ਅਤੇ ਹੇ ਹਰਿ = ਪਰਮੇਸ਼ਰ! ਸਰੀਰ ਕਰਕੇ ਵੀ ਨਿਕਟ = ਨੇੜੇ ਬਸਤੇ = ਵੱਸਦੇ ਹਨ **ਵਾ:** ਹੇ ਪਰਮੇਸ਼ਰ! ਜੋ ਆਪ ਦੇ ਤਾਈਂ ਨੇੜੇ ਤੋਂ ਨੇੜੇ ਜਾਣਦੇ ਹਨ, ਉਹ ਹੇ ਹਰੀ! ਤੇਰੇ ਨੇੜੇ ਹੀ ਵੱਸਦੇ ਹਨ ਅਤੇ ਹੇ ਹਰੀ! ਤੇ = ਉਹ ਆਪ ਜੀ ਕੇ = ਦੇ ਭਗਤ ਜਨ ਤੇ ਸਾਧੂ ਹਨ ਅਤੇ ਹੇ ਹਰੀ! ਉਹ ਆਪ ਜੀ ਦੀ ਭਗਾਤ = ਭਗਤੀ ਕਰਨ ਵਾਲੇ ਪੁਰਖ ਹਨ।

[ਅੰਗ ੧੨੦੧]

## ਤੇ ਹਰਿ ਕੇ ਜਨ, ਹਰਿ ਸਿਉ ਰਲਿ ਮਿਲੇ; ਜੈਸੇ ਜਨ ਨਾਨਕ, ਸਲਲੈ ਸਲਲ ਮਿਲਾਤਿ ॥੨॥੧॥੮॥

ਤੇ = ਉਹ ਹਰਿ = ਪਰਮੇਸ਼ਰ ਕੇ = ਦੇ ਸੰਤ, ਭਗਤ ਜਨ ਹਰਿ = ਪਰਮੇਸ਼ਰ ਦੇ ਸਿਉ = ਨਾਲ ਇਉਂ ਰਲ ਮਿਲੇ ਹਨ, ਸਤਿਗੁਰੂ ਸਾਹਿਬ ਜੀ ਜਨ = ਦਾਸਾ-ਭਾਵ ਧਾਰ ਦੇ ਕਥਨ ਕਰਦੇ ਹਨ ਕਿ ਜੈਸੇ = ਜਿਸ ਪ੍ਰਕਾਰ

ਸਲਲੈ = ਪਾਣੀ ਨਾਲ ਸਲਲ = ਪਾਣੀ ਮਿਲਾਤਿ = ਮਿਲ ਜਾਂਦਾ ਹੈ **ਵਾ:** ਜਿਵੇਂ ਸਮੁੰਦਰ ਦੇ ਪਾਣੀ ਵਿਚ ਗੰਗਾ ਦਾ ਪਾਣੀ ਮਿਲ ਜਾਂਦਾ ਹੈ, ਇਸੇ ਪ੍ਰਕਾਰ ਬ੍ਰਹਮ ਰੂਪ ਸਮੁੰਦ੍ਰ ਵਿਚ ਈਸ਼ਰ ਰੂਪ ਗੰਗਾ ਦਾ ਪਾਣੀ ਮਿਲ ਜਾਂਦਾ ਹੈ **ਵਾ:** ਜੋ ਬ੍ਰਹਮ ਰੂਪੀ ਪਾਣੀ ਦਾ ਸਰੂਪ ਸਤਿਗੁਰੂ ਜੀ ਹਨ, ਉਨ੍ਹਾਂ ਦੇ ਨਾਲ ਜਗਿਆਸੂ ਰੂਪੀ ਗੰਗਾ ਦਾ ਪਾਣੀ ਮਿਲ ਜਾਂਦਾ ਹੈ **ਵਾ:** ਈਸ਼ਰ ਦੇ ਤਤ ਪਦ ਲਖ ਅਰਥ ਰੂਪ ਪਾਣੀ ਵਿਚ ਜੀਵ ਦਾ ਤ੍ਵੰ ਪਦ ਦੇ ਲਖ ਅਰਥ ਦਾ ਪਾਣੀ ਮਿਲ ਜਾਂਦਾ ਹੈ ਭਾਵ ਜੀਵ ਦੀ ਪਰਤਕ ਜੋਤ ਅਦ੍ਵੈਤ ਅਨੰਦ ਜੋਤ ਵਿਚ ਮਿਲ ਜਾਂਦੀ ਹੈ॥੨॥੧॥੮॥

## ਸਾਰੰਗ ਮਹਲਾ ੪ ॥
## ਜਪਿ ਮਨ, ਨਰਹਰੇ ਨਰਹਰ ਸੁਆਮੀ, ਹਰਿ ਸਗਲ ਦੇਵ ਦੇਵਾ; ਸ੍ਰੀ ਰਾਮ ਰਾਮ ਨਾਮਾ, ਹਰਿ ਪ੍ਰੀਤਮੁ ਮੋਰਾ ॥੧॥ਰਹਾਉ॥

ਹੇ ਮੇਰੇ ਮਨਾਂ! ਉਸ ਨੂੰ ਜਪਿ = ਜਪਣਾ ਕਰ, ਜੋ ਨਰਹਰੇ = ਨਰਾਂ ਨੂੰ ਹਰੇ-ਭਰੇ ਕਰਨ ਵਾਲਾ, ਨਰਹਰ = ਨਰਸਿੰਘ ਆਦਿ ਰੂਪਾਂ ਨੂੰ ਧਾਰਨ ਵਾਲਾ ਸੁਆਮੀ = ਮਾਲਕ ਪਰਮੇਸ਼ਰ ਹੈ ਅਤੇ ਜੋ ਹਰਿ = ਪਰਮੇਸ਼ਰ ਸਾਰੇ ਦੇਵ = ਦੇਵਤਿਆਂ ਦੇ ਦੇਵਾ = ਪੂਜਣੇ ਯੋਗ ਹੈ ਅਤੇ ਜਿਸ ਸ੍ਰੀ = ਸ਼ਿਰੋਮਣੀ ਰਾਮ = ਰਮੇ ਹੋਏ ਰਾਮ = ਪਰਮੇਸ਼ਰ ਦਾ ਨਾਮਾ = ਨਾਮ ਆਤਮਿਕ ਸ਼ਾਂਤੀ ਦੇਣ ਵਾਲਾ ਹੈ ਅਤੇ ਉਹ ਹਰਿ = ਪਰਮੇਸ਼ਰ ਮੋਰਾ = ਮੇਰਾ ਪ੍ਰੀਤਮੁ = ਪਿਆਰਾ **ਅਥਵਾ** ਹੇ ਪਿਆਰੇ! ਉਸ ਨੂੰ ਆਪਣੇ ਮਨ ਵਿਚ ਜਪਿ = ਜਪਣਾ ਕਰ, ਜੋ ਨਰਹਰੇ = ਨਰਾਂ ਨੂੰ ਹਰੇ-ਭਰੇ ਕਰਨ ਵਾਲਾ ਹੈ।

***ਪ੍ਰਸ਼ਨ :*** *ਹੇ ਗੁਰੂ ਜੀ! ਨਰਾਂ ਨੂੰ ਹਰੇ-ਭਰੇ ਕਰਨ ਵਾਲੇ ਤਾਂ ਪ੍ਰਾਣ ਵੀ ਹਨ?*
***ਗੁਰ-ਉੱਤਰ :***

### ਨਰਹਰ

ਜੋ ਨਰਹਰ = ਨਰ ਸਿੰਘ ਆਦਿ ਰੂਪਾਂ ਨੂੰ ਧਾਰਨ ਵਾਲਾ ਹੈ, ਉਸ ਨੂੰ ਮਨ ਵਿਚ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ! ਨਰਹਰ ਨਾਮ ਤਾਂ ਵਿਸ਼ਨੂੰ ਆਦਿ ਜਾਂ ਰਾਜਿਆਂ ਦਾ ਵੀ ਹੈ?*
***ਗੁਰ-ਉੱਤਰ :***

### ਸੁਆਮੀ

ਜੋ ਵਿਸ਼ਨੂੰ ਆਦਿ ਜਾਂ ਰਾਜੇ ਆਦਿਕ ਸਾਰਿਆਂ ਦਾ ਸੁਆਮੀ = ਮਾਲਕ ਹੈ, ਉਸ ਨੂੰ ਮਨ ਵਿਚ ਜਪਣਾ ਕਰ।

***ਪ੍ਰਸ਼ਨ :*** *ਜਗਤ ਵਿਚ ਸੁਆਮੀ ਤਾਂ ਬਹੁਤ ਹਨ?*
***ਗੁਰ-ਉੱਤਰ :***

### ਹਰਿ ਸਗਲ ਦੇਵ ਦੇਵਾ

ਜੋ ਹਰਿ = ਪਰਮੇਸ਼ਰ ਸਗਲ = ਸਾਰਿਆਂ ਦੇਵ = ਦੇਵਤਿਆਂ ਦੇ ਦੇਵਾ = ਪੂਜਣੇ ਯੋਗ ਹੈ, ਉਸ ਨੂੰ ਮਨ ਵਿਚ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ! ਸਾਰਿਆਂ ਦੇਵਤਿਆਂ ਦਾ ਦੇਵ ਤਾਂ ਇੰਦਰ ਹੈ?*
***ਗੁਰ-ਉੱਤਰ :***

### ਸ੍ਰੀ ਰਾਮ

ਸ੍ਰੀ = ਸ਼ਿਰੋਮਣੀ ਰਾਮ ਨੂੰ ਜਪੋ।

***ਪ੍ਰਸ਼ਨ :*** *ਹੇ ਗੁਰੂ ਜੀ ! ਸ੍ਰੀ ਰਾਮ ਤਾਂ ਤਰੇਤੇ ਯੁੱਗ ਦੇ ਅਵਤਾਰ ਸ੍ਰੀ ਰਾਮ ਚੰਦਰ ਦਾ ਨਾਮ ਵੀ ਹੈ ?*
***ਗੁਰ-ਉੱਤਰ :***

**ਰਾਮ ਨਾਮਾ**

ਹੇ ਪਿਆਰੇ ! ਸਭ ਥਾਵਾਂ ਵਿਚ ਰਾਮ = ਰਮੇ ਹੋਏ ਪਰਮੇਸ਼ਰ ਦਾ ਨਾਮਾ = ਨਾਮ ਅੰਮ੍ਰਿਤ ਆਪਣੇ ਮਨ ਵਿਚ ਜਪਣਾ ਕਰ।

**ਹਰਿ ਪ੍ਰੀਤਮੁ ਮੋਰਾ ॥**

ਉਹੋ ਹਰਿ = ਪਰਮੇਸ਼ਰ ਮੇਰਾ ਪ੍ਰੀਤਮ = ਪਿਆਰਾ ਹੈ ॥੧॥ਰਹਾਉ॥

## ਜਿਤੁ ਗ੍ਰਿਹਿ ਗੁਨ ਗਾਵਤੇ, ਹਰਿ ਕੇ ਗੁਨ ਗਾਵਤੇ, ਰਾਮ ਗੁਨ ਗਾਵਤੇ; ਤਿਤੁ ਗ੍ਰਿਹਿ ਵਾਜੇ ਪੰਚ ਸਬਦ, ਵਡਭਾਗ ਮਥੋਰਾ ॥

ਜਿਤੁ = ਜਿਸ ਰਿਦੇ ਰੂਪੀ ਗ੍ਰਿਹਿ = ਘਰ ਵਿਚ ਮਨ ਕਰਕੇ ਪਰਮੇਸ਼ਰ ਦੇ ਗੁਨ = ਗੁਣ ਗਾਵਤੇ = ਗਾਏ ਜਾਂਦੇ ਹਨ, ਸਰੀਰ ਕਰਕੇ ਹਰਿ = ਪਰਮੇਸ਼ਰ ਕੇ = ਦੇ ਗੁਣ ਗਾਵਤੇ = ਗਾਏ ਜਾਂਦੇ ਹਨ ਅਤੇ ਬਾਣੀ ਕਰਕੇ ਵੀ ਰਾਮ = ਪਰਮੇਸ਼ਰ ਦੇ ਗੁਣ ਗਾਵਤੇ = ਗਾਏ ਜਾਂਦੇ ਹਨ, ਤਿਤੁ = ਉਸ ਰਿਦੇ ਰੂਪੀ ਗ੍ਰਿਹਿ = ਘਰ ਵਿਚ ਪੰਚ ਸਬਦ = ਪੰਜ ਪ੍ਰਕਾਰ ਦੇ (ਤਾਰ, ਚੰਮ, ਧਾਤ, ਘੜੇ, ਫੂਕ ਵਾਲੇ ਵਾਜੇ) ਵਾਜਿਆਂ ਦੇ ਸ਼ਬਦ ਵਾਜੇ = ਵੱਜਦੇ ਹਨ **ਵਾ:** ਪੰਚ = ਚੇਤਨ ਸਬਦ = ਬ੍ਰਹਮ ਵਾਜੇ = ਪਰਗਟ, ਸਾਖਿਆਤ ਹੋ ਜਾਂਦਾ ਹੈ, ਪਰ ਉਸ ਦੇ ਰਿਦੇ ਵਿਚ ਬ੍ਰਹਮ ਸਾਖਿਆਤ ਹੁੰਦਾ ਹੈ, ਜਿਸ ਦੇ ਮਥੋਰਾ = ਮੱਥੇ ਦੇ ਵਡ = ਵੱਡੇ ਭਾਗ = ਕਰਮ ਹਨ।

**ਅਥਵਾ** ਜਿਤੁ = ਜਿਸ ਦੇ ਪ੍ਰਤੱਖ, ਰਿਦੇ ਰੂਪੀ ਗ੍ਰਿਹਿ = ਘਰ ਵਿਚ ਗੁਣ ਗਾਏ ਜਾਂਦੇ ਹਨ।

***ਪ੍ਰਸ਼ਨ :*** *ਹੇ ਗੁਰੂ ਜੀ ! ਕਿਸ ਦੇ ਗੁਣ ਗਾਏ ਜਾਂਦੇ ਹਨ ?*
***ਗੁਰ-ਉੱਤਰ :***

**ਹਰਿ ਕੇ ਗੁਨ ਗਾਵਤੇ**

ਹੇ ਭਾਈ ! ਹਰਿ = ਹਰੀ ਕੇ = ਦੇ ਗੁਣ ਗਾਏ ਜਾਂਦੇ ਹਨ।

***ਪ੍ਰਸ਼ਨ :*** *ਹੇ ਗੁਰੂ ਜੀ ! ਹਰਿ ਨਾਮ ਤਾਂ ਡੱਡੂ, ਬਾਂਦਰ, ਹਾਥੀ ਆਦਿ ਦਾ ਵੀ ਹੁੰਦਾ ਹੈ ?*
***ਗੁਰ-ਉੱਤਰ :***

**ਰਾਮ ਗੁਨ ਗਾਵਤੇ**

ਹੇ ਭਾਈ ! ਰਾਮ = ਰਮੇ ਹੋਏ ਪਰਮੇਸ਼ਰ ਦੇ ਗੁਣ ਗਾਏ ਜਾਂਦੇ ਹਨ।

ਉਸ ਰਿਦੇ ਘਰ ਵਿਚ ਪੰਜ ਪ੍ਰਕਾਰ ਦੇ ਵਾਜੇ ਵੱਜ ਆਏ ਹਨ **ਵਾ:** ਚੇਤਨ ਬ੍ਰਹਮ ਪ੍ਰਗਟ ਹੋ ਜਾਂਦਾ ਹੈ, ਪਰ ਉਸ ਦੇ ਰਿਦੇ ਵਿਚ ਬ੍ਰਹਮ ਸਾਖਿਆਤ ਹੁੰਦਾ ਹੈ ਜਿਸ ਦੇ ਮੱਥੇ ਦੇ ਵੱਡੇ ਭਾਗ = ਕਰਮ ਹਨ।

## ਤਿਨ ਜਨ ਕੇ ਸਭਿ ਪਾਪ ਗਏ, ਸਭਿ ਦੋਖ ਗਏ, ਸਭਿ ਰੋਗ ਗਏ; ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ; ਤਿਨ ਜਨ ਕੇ, ਹਰਿ ਮਾਰਿ ਕਢੇ ਪੰਚ ਚੋਰਾ ॥੧॥

ਤਿਨ = ਉਸ ਗੁਰਮੁਖ ਜਨ ਕੇ = ਦੇ ਸਭਿ = ਸਾਰੇ ਪਾਪ ਚਲੇ ਗਏ ਹਨ, ਸਭਿ = ਸਾਰੇ ਰਾਗ ਦ੍ਵੈਖ ਆਦਿ ਦੋਖ = ਦੋਸ਼ ਵੀ ਚਲੇ ਗਏ ਹਨ, ਸਭਿ = ਸਾਰੇ ਹੰਕਾਰ ਆਦਿ ਦੇ ਰੋਗ ਵੀ ਚਲੇ ਗਏ ਹਨ ਕਾਮ, ਕ੍ਰੋਧ, ਲੋਭ, ਮੋਹ ਅਭਿਮਾਨ ਆਦਿ ਵਿਕਾਰ ਵੀ ਚਲੇ ਗਏ ਹਨ, ਤਿਨ = ਉਸ ਗੁਰਮੁਖ ਜਨ ਕੇ = ਦੇ ਪੰਚ = ਪੰਜ ਚੋਰਾ =

ਚੋਰ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਹਰਿ = ਪਰਮੇਸ਼ਰ ਨੇ ਮਾਰ ਕੇ ਅੰਦਰੋਂ ਕੱਢ ਦਿੱਤੇ ਹਨ **ਵਾ:** ਹਰੀ ਨੇ (ਕਿਰਪਾ ਕਰਕੇ) ਸਮ ਦਮ ਸਾਧਨਾਂ ਦੀ ਮਾਰ ਪਾ ਕੇ ਪੰਜੇ ਵਿਸ਼ੇ ਰੂਪੀ ਚੋਰ ਅੰਦਰੋਂ ਕੱਢ ਦਿੱਤੇ ਹਨ॥੧॥

## ਹਰਿ ਰਾਮ ਬੋਲਹੁ ਹਰਿ ਸਾਧੂ, ਹਰਿ ਕੇ ਜਨ ਸਾਧੂ; ਜਗਦੀਸੁ ਜਪਹੁ, ਮਨਿ ਬਚਨਿ ਕਰਮਿ, ਹਰਿ ਹਰਿ ਆਰਾਧੂ; ਹਰਿ ਕੇ ਜਨ ਸਾਧੂ॥

ਹੇ ਭਾਈ ! ਹਰਿ = ਪਰਮੇਸ਼ਰ ਦੇ ਸਾਧੂ = ਸੰਤ ਜਨਾਂ ਦੇ ਨਾਲ ਮਿਲ ਕੇ ਰਾਮ = ਰਮੇ ਹੋਏ ਹਰਿ = ਪਰਮੇਸ਼ਰ ਦੇ ਨਾਮ ਨੂੰ ਬੋਲਹੁ = ਬੋਲਣਾ, ਉਚਾਰਨਾ ਕਰੋ। ਜੋ ਨਾਮ ਨੂੰ ਉਚਾਰਨਾ ਕਰਦੇ ਹਨ, ਉਹੋ ਹੀ ਹਰਿ = ਪਰਮੇਸ਼ਰ ਕੇ = ਦੇ ਸਾਧੂ = ਸ੍ਰੇਸ਼ਟ ਸੰਤ ਜਨ ਹਨ ਹੇ ਭਾਈ ! ਮਨ, ਬਚਨਿ = ਬਾਣੀ, ਕਰਮਿ = ਸਰੀਰ ਕਰਕੇ ਜਗਦੀਸੁ = ਜਗਤ ਦੇ ਈਸਰ ਪਰਮੇਸ਼ਰ ਦੇ ਨਾਮ ਨੂੰ ਜਪਹੁ = ਜਪਣਾ ਕਰੋ, ਹੇ ਭਾਈ ! ਜਿਸ ਆਰਾਧੂ = ਆਰਾਧਨੇ ਯੋਗ ਹਰਿ = ਹਰੀ ਹਰਿ = ਪਰਮੇਸ਼ਰ ਨੂੰ ਹਰਿ = ਪਰਮੇਸ਼ਰ ਕੇ = ਦੇ ਸੰਤ ਜਨ ਅਰਾਧਦੇ ਹਨ, ਉਸ ਪਰਮੇਸ਼ਰ ਨੂੰ ਆਰਧਨਾ ਕਰੋ। **ਅਥਵਾ**

**ਜਗਦੀਸੁ ਜਪਹੁ, ਮਨਿ ਬਚਨਿ ਕਰਮਿ, ਹਰਿ ਹਰਿ ਆਰਾਧੂ; ਹਰਿ ਕੇ ਜਨ ਸਾਧੂ॥**

ਜੋ ਸੰਤ ਜਨ ਮਨ, ਬਾਣੀ ਸਰੀਰ ਕਰਕੇ ਜਗਦੀਸੁ = ਪਰਮੇਸ਼ਰ ਨੂੰ ਜਪਹੁ = ਜਪਣ ਵਾਲੇ ਹਨ, ਉਨ੍ਹਾਂ ਹਰੀ ਦੇ ਸੰਤਾਂ ਨਾਲ ਮਿਲ ਕੇ ਹਰੀ ਪਰਮੇਸ਼ਰ ਨੂੰ ਆਰਾਧਨਾ ਕਰੋ।

## ਹਰਿ ਰਾਮ ਬੋਲਿ, ਹਰਿ ਰਾਮ ਬੋਲਿ; ਸਭਿ ਪਾਪ ਗਵਾਧੂ॥

ਹੇ ਭਾਈ ! ਰਾਮ = ਰਮੇ ਹੋਏ ਹਰਿ = ਪਰਮੇਸ਼ਰ ਦੇ ਨਾਮ ਨੂੰ ਬੋਲਿ = ਬੋਲਣਾ ਕਰੋ, ਰਾਮ = ਰਮੇ ਹੋਏ ਪਰਮੇਸ਼ਰ ਦਾ ਨਾਮ ਮਨ, ਬਾਣੀ, ਸਰੀਰ ਕਰਕੇ ਬੋਲਿ = ਬੋਲਣਾ, ਜਪਣਾ ਕਰੋ ਤਾਂ ਸਭਿ = ਸਾਰੇ ਜਨਮਾਂ-ਜਨਾਂਮਾਂਤਰਾਂ ਦੇ ਪਾਪ = ਗੁਨਾਹ ਗਵਾਧੂ = ਗਵਾ, ਦੂਰ ਕਰ ਲਵੋਗੇ।

**ਅਥਵਾ** ਹੇ ਭਾਈ ! ਹਰੀ ਦੇ ਨਾਮ ਨੂੰ ਬੋਲਿ = ਬੋਲਣਾ, ਉਚਾਰਨ ਕਰੋ।

***ਪ੍ਰਸ਼ਨ :*** *ਹੇ ਗੁਰੂ ਜੀ ! ਹਰਿ ਤਾਂ ਹਰ ਇਕ ਦਾ ਵਾਚਕ ਵੀ ਹੈ ?*

***ਗੁਰ-ਉੱਤਰ :***

**ਰਾਮ ਬੋਲਿ**

ਰਾਮ ਦੇ ਤਾਈਂ ਬੋਲਣਾ, ਉਚਾਰਨਾ ਕਰੋ।

***ਪ੍ਰਸ਼ਨ :*** *ਹੇ ਗੁਰੂ ਜੀ ! ਰਾਮ ਤਾਂ ਤਰੇਤੇ ਯੁੱਗ ਦੇ ਅਵਤਾਰ ਰਾਮ ਚੰਦਰ ਦਾ ਵੀ ਨਾਮ ਹੈ ?*

***ਗੁਰ-ਉੱਤਰ :***

**ਹਰਿ ਰਾਮ ਬੋਲਿ**

ਹੇ ਭਾਈ ! ਸਾਰਿਆਂ ਨੂੰ ਆਪਣੀ ਚੇਤਨ ਸੱਤਾ ਦੇ ਨਾਲ ਹਰਿ = ਹਰੇ-ਭਰੇ ਕਰਨ ਵਾਲੇ ਰਾਮ = ਪਰਮੇਸ਼ਰ ਦਾ ਨਾਮ ਬੋਲਣਾ, ਉਚਾਰਨ ਕਰੋ ਤਾਂ ਹਰੀ ਨਾਮ ਤੁਹਾਡੇ ਸਾਰੇ ਪਾਪ ਗਵਾ ਦੇਵੇਗਾ।

## ਨਿਤ ਨਿਤ ਜਾਗਰਣੁ ਕਰਹੁ; ਸਦਾ ਸਦਾ ਆਨੰਦੁ, ਜਪਿ ਜਗਦੀਸੋੁਰਾ॥

ਹੇ ਭਾਈ ਨਿਤ ਨਿਤ = ਹਮੇਸ਼ਾਂ ਹਮੇਸ਼ਾਂ, ਨਿਤਾਪ੍ਰਤੀ ਅਵਿੱਦਿਆ ਰੂਪੀ ਨੀਂਦ ਨੂੰ ਤਿਆਗ ਕੇ ਗਿਆਨ ਅਵਸਥਾ ਵਿਚ ਜਾਗਰਣੁ = ਜਾਗਣਾ ਕਰਹੁ = ਕਰੋ ਅਤੇ ਜਗਦੀਸੋੁਰਾ = ਜਗਤ ਦੇ ਈਸਰ ਨੂੰ ਜਾਪਿ = ਜਪਣਾ ਕਰੋ, ਫੇਰ ਤੁਹਾਨੂੰ ਸਦਾ ਰਹਿਣ ਵਾਲਾ ਸਦਾ = ਸਦੀਵ ਆਨੰਦੁ = ਸੁਖ ਪ੍ਰਾਪਤ ਹੋ ਜਾਵੇਗਾ।

## ਮਨ ਇਛੇ ਫਲ ਪਾਵਹੁ, ਸਭੈ ਫਲ ਪਾਵਹੁ, ਧਰਮੁ ਅਰਥੁ ਕਾਮ ਮੋਖੁ; ਜਨ ਨਾਨਕ ਹਰਿ ਸਿਉ ਮਿਲੇ, ਹਰਿ ਭਗਤ ਤੋਰਾ ॥੨॥੨॥੯॥

ਹੇ ਭਾਈ! ਪ੍ਰਭੂ ਦਾ ਨਾਮ ਸਿਮਰ ਕੇ ਮਨ ਇਛੇ = ਇੱਛਤ ਫਲ ਪਾਵਹੁ = ਪਾ ਲਵੋਗੇ।

***ਪ੍ਰਸ਼ਨ :*** *ਕਿਹੜੇ ਮਨ ਇੱਛਤ ਫਲ ਪਾ ਲਵਾਂਗੇ ?*

***ਗੁਰ-ਉੱਤਰ :***

**ਸਭੈ ਫਲ ਪਾਵਹੁ**

ਸਭੈ = ਸਾਰੇ ਫਲਾਂ ਨੂੰ ਪਾਵਹੁ = ਪਾ ਲਵੋਗੇ।

***ਪ੍ਰਸ਼ਨ :*** *ਸਾਰੇ ਫਲ ਕਿਹੜੇ ਹਨ ?*

***ਗੁਰ-ਉੱਤਰ :*** ਧਰਮ, ਅਰਥ, ਕਾਮ ਮੋਖ ਰੂਪ ਸਭ ਫਲਾਂ ਨੂੰ ਪਾ ਲਵੋਗੇ ਅਰਥਾਤ ਤੁਹਾਡਾ ਧਰਮ = ਦੀਨ ਵੀ ਪੂਰਾ ਨਿਭ ਜਾਵੇ, ਸਾਰੇ ਅਰਥੁ = ਪਦਾਰਥ ਪ੍ਰਾਪਤ ਹੋ ਜਾਣਗੇ, ਸਾਰੀ ਕਾਮ = ਕਾਮਨਾ ਪੂਰੀ ਹੋ ਜਾਵੇਗੀ, ਕਾਰਜ ਪੂਰੇ ਹੋ ਜਾਣਗੇ, ਮੋਖੁ = ਮੁਕਤੀ ਦੀ ਪ੍ਰਾਪਤੀ ਵੀ ਹੋ ਜਾਵੇਗੀ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪਰਮੇਸ਼ਰ! ਜਿਹੜੇ ਗੁਰਮੁਖ ਜਨ ਤੇਰੇ ਸਿਉ = ਨਾਲ ਮਿਲੇ ਹਨ ਹੇ ਹਰਿ = ਪਰਮੇਸ਼ਰ! ਉਹ ਤੋਰਾ = ਤੇਰੇ ਅਸਲੀ ਭਗਤ ਹਨ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਜਨ = ਪੁਰਖ ਹਰਿ = ਪਰਮੇਸ਼ਰ ਦੇ ਨਾਲ ਮਿਲੇ = ਮਿਲ ਗਏ ਹਨ, ਜਿਨ੍ਹਾਂ ਨੂੰ ਪਰਮੇਸ਼ਰ ਨੇ ਆਪਣੀ ਭਗਤ = ਭਗਤੀ ਕਰਨ ਦੇ ਤੋਰਾ = ਹੁਕਮ ਵਿਚ ਤੋਰਨਾ, ਚਲਾਉਣਾ ਕੀਤਾ ਹੈ **ਵਾ:** ਜਿਨ੍ਹਾਂ ਨੇ ਗੁਰਾਂ ਦੁਆਰਾ ਹਰੀ ਦੀ ਭਗਤੀ ਕਰਨ ਦਾ ਹੁਕਮ ਮੰਨਿਆ ਹੈ, ਉਨ੍ਹਾਂ ਭਗਤਾਂ ਦਾ ਸਾਰੇ ਸੰਸਾਰ 'ਤੇ ਤੋਰਾ = ਹੁਕਮ ਚੱਲ ਪਿਆ ਹੈ॥੨॥੨॥੯॥

## ਸਾਰਗ ਮਹਲਾ ੪ ॥

## ਜਪਿ ਮਨ ਮਾਧੋ, ਮਧੁਸੂਦਨੋ, ਹਰਿ ਸ੍ਰੀਰੰਗੋ, ਪਰਮੇਸਰੋ; ਸਤਿ ਪਰਮੇਸਰੋ, ਪ੍ਰਭੁ ਅੰਤਰਜਾਮੀ ॥

ਹੇ ਮੇਰੇ ਮਨਾਂ! ਮਾਧੋ = ਮਾਇਆ ਦੇ ਪਤੀ, ਮਧੁਸੂਦਨੋ = ਮਧੂ ਨਾਮੇ ਰਾਖਸ਼ ਨੂੰ ਮਾਰਨ ਵਾਲੇ, ਸ੍ਰੀ ਲਛਮੀ ਮਾਇਆ ਨੂੰ ਰੰਗੋ = ਅਨੰਦ ਦੇਣ ਵਾਲੇ ਪਤੀ, ਹਰਿ = ਪਰਮੇਸ਼ਰ ਦੇ ਨਾਮ ਨੂੰ ਜਪਿ = ਜਪਣਾ ਕਰ, ਜੋ ਸਤਿ = ਸੱਚਾ ਪਰਮੇਸ਼ਰ ਹੈ, ਅੰਤਰਜਾਮੀ = ਸਭ ਦੇ ਦਿਲਾਂ ਦੀ ਜਾਨਣ ਵਾਲਾ ਸਮਰੱਥ ਪ੍ਰਭੁ = ਪਰਮੇਸ਼ਰ ਹੈ।

**ਅਥਵਾ** ਹੇ ਮੇਰੇ ਪਿਆਰੇ! ਮਾਧੋ = ਮਾਇਆ ਦੇ ਪਤੀ ਨੂੰ ਮਨ ਵਿਚ ਜਪਿ = ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ! ਮਾਇਆ ਦੇ ਪਤੀ ਤਾਂ ਧਨੀ ਪੁਰਖ ਵੀ ਆਪਣੇ ਆਪ ਨੂੰ ਕਹਾਉਣ ਲੱਗ ਜਾਂਦੇ ਹਨ ?*

***ਗੁਰ-ਉੱਤਰ :***

**ਮਧੁਸੂਦਨੋ**

ਹੇ ਪਿਆਰੇ! ਜਿਸ ਨੇ ਬ੍ਰਹਮਾ ਦੀ ਰੱਖਿਆ ਕਰਨ ਵਾਸਤੇ ਮਧੁਸੂਦਨੋ = ਮਧੂ ਤੇ ਕੈਟਭ ਆਦਿ ਦੈਂਤਾਂ ਨੂੰ ਕੱਟਣਾ ਕੀਤਾ ਹੈ, ਉਸ ਨੂੰ ਮਨ ਵਿਚ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ! ਮਧੁਸੂਦਨ ਤਾਂ ਕਾਲ ਵੀ ਹੋ ਸਕਦਾ ਹੈ ਕਿਉਂਕਿ ਕਾਲ ਨੇ ਵੀ ਬੇਅੰਤ ਮਨੁੱਖ, ਰਾਕਸ਼ ਆਦਿ ਮਾਰੇ ਹਨ ?*

***ਗੁਰ-ਉੱਤਰ :***

**ਹਰਿ ਸ੍ਰੀਰੰਗੋ**

ਹੇ ਪਿਆਰੇ ! ਸਾਰਿਆਂ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਤੇ ਸ੍ਰੀਰੰਗੋ = ਲਛਮੀ ਨੂੰ ਆਨੰਦ ਦੇਣ ਵਾਲੇ ਨੂੰ ਆਪਣੇ ਮਨ ਵਿਚ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ ! ਲਛਮੀ ਨੂੰ ਅਨੰਦ ਦੇਣ ਵਾਲਾ ਤਾਂ ਵਿਸ਼ਨੂੰ ਵੀ ਹੈ ?*

***ਗੁਰ-ਉੱਤਰ :***

**ਪਰਮੇਸਰੋ**

ਹੇ ਪਿਆਰੇ ! ਉਸ (ਪਰਮ + ਈਸਰੋ) ਪਰਮ = ਵੱਡੇ ਈਸਰ ਨੂੰ ਆਪਣੇ ਮਨ ਵਿਚ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ ! ਵੱਡਾ ਈਸਰ ਜਾਂ ਪਰਮੇਸ਼ਰ ਤਾਂ ਕਈ ਪੁਰਖ ਆਪਣਾ ਨਾਮ ਰਖਾ ਲੈਂਦੇ ਹਨ ਜਾਂ ਆਪਣਾ ਨਾਮ ਪਰਮੇਸ਼ਰ ਰੱਖ ਲੈਂਦੇ ਹਨ ?*

***ਗੁਰ-ਉੱਤਰ :***

**ਸਤਿ ਪਰਮੇਸਰੋ, ਪ੍ਰਭੁ ਅੰਤਰਜਾਮੀ ॥**

ਹੇ ਪਿਆਰੇ ! ਜੋ ਸਤਿ = ਸਦਾ ਕਾਇਮ ਰਹਿਣ ਵਾਲਾ ਪਰਮੇਸ਼ਰ ਹੈ ਤੇ ਸਭ ਦੇ ਅੰਦਰ ਦੀ ਜਾਨਣ ਵਾਲਾ ਪ੍ਰਭ = ਪਰਮੇਸ਼ਰ ਹੈ, ਉਸ ਨੂੰ ਆਪਣੇ ਮਨ ਵਿਚ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ ! ਅੰਤਰਜਾਮੀ ਤਾਂ ਕਈ ਪੁਰਖ ਬਣ ਬੈਠਦੇ ਹਨ* **ਵਾ:** *ਕਈ ਜੋਤਸ਼ੀ ਲੋਕ ਅਤੇ ਕਈ ਤਰਾਟਿਕ ਸਾਧ ਕੇ ਦਿਲ ਦੀ ਗੱਲ ਦੱਸ ਦਿੰਦੇ ਹਨ ?*

***ਗੁਰ-ਉੱਤਰ :***

## ਸਭ ਦੂਖਨ ਕੋ ਹੰਤਾ, ਸਭ ਸੂਖਨ ਕੋ ਦਾਤਾ; ਹਰਿ ਪ੍ਰੀਤਮ ਗੁਨ ਗਾਉ ॥੧॥ਰਹਾਉ॥

ਹੇ ਭਾਈ ! ਜੋ ਸਭ = ਸਾਰੇ ਦੂਖਨ = ਦੁੱਖਾਂ ਕੋ = ਦਾ ਹੰਤਾ = ਨਾਸ਼ ਕਰਨ ਵਾਲਾ ਹੈ, ਜੋ ਸਭ = ਸਾਰੇ ਸੂਖਨ = ਸੁੱਖਾਂ ਕੋ = ਦਾ ਦਾਤਾ ਹੈ, ਉਸ ਪ੍ਰੀਤਮ = ਪਿਆਰੇ ਹਰਿ = ਪਰਮੇਸ਼ਰ ਦੇ ਗੁਨ = ਗੁਣਾਂ ਨੂੰ ਗਾਉ = ਗਾਉਣਾ ਕਰੋ ॥੧॥ਰਹਾਉ॥

## ਹਰਿ ਘਟਿ ਘਟੇ, ਘਟਿ ਬਸਤਾ, ਹਰਿ ਜਲਿ ਥਲੇ, ਹਰਿ ਬਸਤਾ; ਹਰਿ ਥਾਨ ਥਾਨੰਤਰਿ ਬਸਤਾ; ਮੈ ਹਰਿ ਦੇਖਨ ਕੋ, ਚਾਉ ॥

ਜੋ ਹਰਿ = ਪਰਮੇਸ਼ਰ ਚਾਰ ਖਾਣੀਆਂ ਦੇ ਘਟਿ ਘਟੇ = ਘਟਾਂ ਘਟਾਂ ਵਿਚ ਘਟਿ = ਇਕ ਰਸ ਬਸਤਾ = ਵੱਸ ਰਿਹਾ ਹੈ ਪੁਨਾ ਜੋ ਹਰਿ = ਪਰਮੇਸ਼ਰ ਜਲਿ = ਜਲਾਂ ਭਾਵ ਤਰਲ ਥਾਵਾਂ ਵਿਚ ਵੱਸ ਰਿਹਾ ਹੈ, ਜੋ ਹਰਿ = ਪਰਮੇਸ਼ਰ ਥਲੇ = ਮਾਰੂਥਲ, ਖ਼ੁਸ਼ਕ ਥਾਵਾਂ ਵਿਚ ਵੀ ਬਸਤਾ = ਵੱਸ ਰਿਹਾ ਹੈ ਪੁਨਾ ਜੋ ਹਰਿ = ਪਰਮੇਸ਼ਰ ਥਾਨ = ਸਥਾਨਾਂ ਤੇ ਥਾਨੰਤਰਿ = ਥਾਵਾਂ ਦੇ ਅੰਦਰ ਭਾਵ ਜੀਵਾਂ ਦੇ ਅੰਦਰ ਬਸਤਾ = ਵੱਸਦਾ ਹੈ, ਮੈ = ਮੈਨੂੰ ਉਸ ਹਰਿ = ਪਰਮੇਸ਼ਰ ਦੇ ਦਰਸਨ ਦੇਖਨ = ਵੇਖਣ ਕੋ = ਦਾ ਚਾਉ = ਉਤਸ਼ਾਹ ਹੈ।

## ਕੋਈ ਆਵੈ ਸੰਤੋ, ਹਰਿ ਕਾ ਜਨੁ ਸੰਤੋ; ਮੇਰਾ ਪ੍ਰੀਤਮ ਜਨੁ ਸੰਤੋ, ਮੋਹਿ ਮਾਰਗੁ ਦਿਖਲਾਵੈ ॥

ਹੇ ਭਾਈ ! ਕੋਈ ਸੰਤੋ = ਸ਼ਾਂਤ ਆਤਮਾ ਵਾਲਾ ਪੁਰਖ ਆਵੈ = ਆਉਣਾ ਕਰੇ, ਭਾਵ ਕਿਸੇ ਸੰਤ ਜਨ

ਦਾ ਸੰਗ ਪ੍ਰਾਪਤ ਹੋਵੇ, ਜੋ ਹਰਿ = ਪਰਮੇਸ਼ਰ ਕਾ = ਦਾ ਨਾਮ ਜਪਣ ਵਾਲਾ ਸੰਤ ਜਨ ਹੋਵੇ, ਮੇਰਾ ਪ੍ਰੀਤਮ = ਪਿਆਰਾ ਸੰਤ ਜਨ ਹੋਵੇ, ਉਹ ਮੋਹਿ = ਮੈਨੂੰ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਪ੍ਰਭੂ ਪ੍ਰਾਪਤੀ ਵਾਲਾ ਭਗਤੀ ਸਹਿਤ ਗਿਆਨ ਦਾ ਮਾਰਗੁ = ਰਸਤਾ ਦਿਖਲਾਵੈ = ਦਿਖਲਾਉਣਾ ਕਰੇ।

## ਤਿਸੁ ਜਨ ਕੇ; ਹਉ ਮਲਿ ਮਲਿ ਧੋਵਾ ਪਾਉ ॥੧॥

ਤਿਸੁ = ਉਸ ਪਿਆਰੇ ਸੰਤ ਜਨ ਕੇ = ਦੇ ਹਉ = ਮੈਂ ਖੱਬੇ ਪਾਉ = ਚਰਨ ਨੂੰ ਮਲ ਕੇ ਤੇ ਸੱਜੇ ਚਰਨ ਨੂੰ ਮਲ ਕੇ ਪਿਆਰ ਦੇ ਨਾਲ ਧੋਵਾ = ਧੋਣਾ ਕਰਾਂ ॥੧॥

## ਹਰਿਜਨ ਕਉ, ਹਰਿ ਮਿਲਿਆ, ਹਰਿ ਸਰਧਾ ਤੇ ਮਿਲਿਆ; ਗੁਰਮੁਖਿ ਹਰਿ ਮਿਲਿਆ ॥

ਹਰਿ = ਪਰਮੇਸ਼ਰ ਕਉ = ਦੇ ਜਨ = ਦਾਸਾਂ ਨੂੰ ਹਰਿ = ਪਰਮੇਸ਼ਰ ਆਪ ਮਿਲਿਆ = ਪ੍ਰਾਪਤ ਹੋਇਆ ਹੈ।

***ਪ੍ਰਸ਼ਨ :*** *ਕਿਸ ਪ੍ਰਕਾਰ ਪ੍ਰਾਪਤ ਹੋਇਆ ਹੈ ?*

***ਗੁਰ-ਉੱਤਰ :***

**ਹਰਿ ਸਰਧਾ ਤੇ ਮਿਲਿਆ**

ਹਰਿ = ਪਰਮੇਸ਼ਰ ਸ਼ਰਧਾ ਕਰਨ ਤੇ = ਤੋਂ ਮਿਲਿਆ = ਪ੍ਰਾਪਤ ਹੁੰਦਾ ਹੈ।

***ਪ੍ਰਸ਼ਨ :*** *ਸ਼ਰਧਾ ਕਿਸ ਉੱਤੇ ਕੀਤੀ ?*

***ਗੁਰ-ਉੱਤਰ :***

**ਗੁਰਮੁਖਿ ਹਰਿ ਮਿਲਿਆ ॥**

ਗੁਰਮੁਖ ਦੀ ਸੰਗਤ ਵਿਚ **ਵਾ:** ਮੁਖੀ ਗੁਰਾਂ ਦੇ ਉਪਦੇਸ਼ ਉੱਤੇ ਸ਼ਰਧਾ ਕਰਨ ਨਾਲ ਹਰਿ = ਪਰਮੇਸ਼ਰ ਮਿਲਿਆ = ਪ੍ਰਾਪਤ ਹੋਇਆ ਹੈ।

## ਮੇਰੈ ਮਨਿ ਤਨਿ ਆਨੰਦ ਭਏ; ਮੈ ਦੇਖਿਆ ਹਰਿ ਰਾਉ ॥

ਉਸ ਵੇਲੇ ਮੇਰੇ ਮਨ ਤੇ ਤਨ ਸਰੂਪ ਦੀ ਪ੍ਰਾਪਤੀ ਵਾਲੇ ਅਨੰਦ ਦੇ ਸਹਿਤ ਭਏ = ਹੋਏ, ਜਦ ਮੈਂ ਹਰਿ ਰਾਉ = ਰਾਜਾ ਰੂਪ ਪਰਮੇਸ਼ਰ ਦੇ ਦਰਸ਼ਨਾਂ ਨੂੰ ਦੇਖਿਆ = ਵੇਖਣਾ ਕੀਤਾ **ਵਾ:** ਹਰੀ ਰਾਜੇ ਨੂੰ ਆਪਣਾ ਸ੍ਵੈ ਅਨੁਭਵ ਸਰੂਪ ਕਰਕੇ ਵੇਖਣਾ ਕੀਤਾ।

## ਜਨ ਨਾਨਕ ਕਉ ਕਿਰਪਾ ਭਈ, ਹਰਿ ਕੀ ਕਿਰਪਾ ਭਈ; ਜਗਦੀਸੁਰ ਕਿਰਪਾ ਭਈ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰੇ ਜਨ = ਦਾਸ ਕਉ = ਦੇ ਉੱਤੇ ਕਿਰਪਾ = ਮੇਹਰ ਭਈ = ਹੋਈ ਹੈ।

***ਪ੍ਰਸ਼ਨ :*** *ਕਿਸ ਦੀ ਮੇਹਰ ਹੋਈ ਹੈ ?*

***ਉੱਤਰ :*** ਹਰਿ = ਪਰਮੇਸ਼ਰ ਕੀ = ਦੀ ਕਿਰਪਾ = ਮੇਹਰ ਭਰੀ ਦ੍ਰਿਸ਼ਟੀ ਭਈ = ਹੋਈ ਹੈ।

***ਪ੍ਰਸ਼ਨ :*** *ਹਰਿ ਦੇ ਅਰਥ ਤਾਂ ਬੇਅੰਤ ਹਨ **ਵਾ:** ਹਰੀ ਤਾਂ ਵਿਸ਼ਨੂੰ ਦਾ ਨਾਮ ਵੀ ਹੈ, ਕੀ ਵਿਸ਼ਨੂੰ ਦੀ ਮੇਹਰ ਹੋਈ ਹੈ ?*

*ਗੁਰ-ਉੱਤਰ :*

**ਜਗਦੀਸੁਰ ਕਿਰਪਾ ਭਈ ॥**

ਵਿਸ਼ਨੂੰ ਆਦਿਕਾਂ ਨੂੰ ਪੈਦਾ ਕਰਨ ਵਾਲੇ ਜਗਦੀਸੁਰ = ਜਗਤ ਦੇ ਈਸਰ ਪਰਮੇਸ਼ਰ ਦੀ ਕਿਰਪਾ = ਮੇਹਰ ਭਰੀ ਦ੍ਰਿਸ਼ਟੀ ਭਈ = ਹੋਈ ਹੈ।

## ਮੈ ਅਨਦਿਨੋ ਸਦ ਸਦ ਸਦਾ; ਹਰਿ ਜਪਿਆ ਹਰਿ ਨਾਉ ॥੨॥੩॥੧੦॥

ਮੈਂ ਅਨਦਿਨੋ = ਰਾਤ ਦਿਨੇ ਤਿੰਨੇ ਕਾਲਾਂ ਵਿਚ ਸਦਾ ਸਦਾ ਸਦਾ ਰਹਿਣ ਵਾਲੇ **ਵਾ:** ਮਨ ਦੁਆਰਾ ਵੀ ਸਦਾ ਰਹਿਣ ਵਾਲੇ, ਬਾਣੀ ਦੁਆਰਾ ਵੀ ਸਦਾ ਰਹਿਣ ਵਾਲੇ ਤੇ ਸਰੀਰ ਦੁਆਰਾ ਵੀ ਸਦਾ = ਹਮੇਸ਼ਾਂ ਰਹਿਣ ਵਾਲੇ ਹਰਿ = ਹਰੀ ਹਰਿ = ਪਰਮੇਸ਼ਰ ਦੇ ਨਾਉ = ਨਾਮ ਅੰਮ੍ਰਿਤ ਨੂੰ ਗੁਰਾਂ ਦੁਆਰਾ ਜਪਿਆ = ਜਪਣਾ ਕੀਤਾ ਹੈ ॥੨॥੩॥੧੦॥

## ਸਾਰਗ ਮਹਲਾ ੪ ॥

## ਜਪਿ ਮਨ; ਨਿਰਭਉ ॥ ਸਤਿ ਸਤਿ; ਸਦਾ ਸਤਿ ॥

ਹੇ ਮੇਰੇ ਪਿਆਰੇ ਮਨਾਂ ! ਉਸ ਦਾ ਨਾਮ ਜਪਿ = ਜਪਣਾ ਕਰ, ਜੋ ਸਦਾ ਨਿਰਭਉ = ਡਰ ਤੋਂ ਰਹਿਤ ਹੈ ਅਤੇ ਜੋ ਪਿੱਛੇ ਭੂਤਕਾਲ ਵਿਚ ਵੀ ਸਤਿ = ਸੱਚ ਸਰੂਪ ਸੀ, ਹੁਣ ਵਰਤਮਾਨ ਕਾਲ ਵਿਚ ਵੀ ਸਤਿ = ਸੱਚ ਸਰੂਪ ਹੈ ਅਤੇ ਅੱਗੇ ਭਵਿੱਖਤ ਕਾਲ ਵਿਚ ਵੀ ਸਦਾ = ਹਮੇਸ਼ਾਂ ਸਤਿ = ਸੱਚ ਸਰੂਪ ਹੋਵੇਗਾ।

## ਨਿਰਵੈਰੁ; ਅਕਾਲ ਮੂਰਤਿ ॥ ਆਜੂਨੀ; ਸੰਭਉ ॥

ਜੋ ਨਿਰਵੈਰੁ = ਵੈਰ ਤੋਂ ਰਹਿਤ ਤੇ ਅਕਾਲ = ਕਾਲ ਤੋਂ ਰਹਿਤ ਮੂਰਤਿ = ਸਰੂਪ ਹੈ।

ਅਜੂਨੀ = ਅਜਨਮਾ ਹੈ, ਜੂਨਾਂ ਤੋਂ ਰਹਿਤ ਹੈ, ਸੰਭਉ = ਸੁਤੇ ਪ੍ਰਕਾਸ਼ ਸਰੂਪ ਹੈ।

## ਮੇਰੇ ਮਨ, ਅਨਦਿਨੁੋ ਧਿਆਇ; ਨਿਰੰਕਾਰੁ ਨਿਰਾਹਾਰੀ ॥੧॥ਰਹਾਉ॥

ਹੇ ਮੇਰੇ ਮਨਾਂ ! ਅਨਦਿਨੁੋ = ਰਾਤ ਦਿਨੇ ਉਸ ਨੂੰ ਧਿਆਇ = ਧਿਆਉਣਾ ਕਰ, ਜੋ ਨਿਰੰਕਾਰੁ = ਮਾਇਕੀ ਆਕਾਰਾਂ ਤੋਂ ਰਹਿਤ ਅਤੇ ਨਿਰਾਹਾਰੀ = ਆਹਾਰ ਤੋਂ ਰਹਿਤ ਪਰਮੇਸ਼ਰ ਹੈ ॥੧॥ਰਹਾਉ॥

## ਹਰਿ ਦਰਸਨ ਕਉ, ਹਰਿ ਦਰਸਨ ਕਉ;
## ਕੋਟਿ ਕੋਟਿ ਤੇਤੀਸ, ਸਿਧ ਜਤੀ ਜੋਗੀ;
## ਤਟ ਤੀਰਥ ਪਰਭਵਨ ਕਰਤ, ਰਹਤ ਨਿਰਾਹਾਰੀ ॥

ਜੋ ਹਰਿ = ਪਰਮੇਸ਼ਰ ਹਰੇਕ ਦੇ ਅੰਦਰ ਦਰਸਨ = ਦੀਦਾਰ ਕਉ = ਦੇ ਰਿਹਾ ਹੈ, ਉਸ ਹਰਿ = ਪਰਮੇਸ਼ਰ ਕਉ = ਦੇ ਦਰਸਨ = ਦੀਦਾਰ ਕਰਨ ਵਾਸਤੇ ਤੇਤੀਸ = ਤੇਤੀ ਕੋਟਿ = ਕਰੋੜ ਦੇਵਤੇ ਕੋਟਿ = ਕਰੋੜਾਂ ਪ੍ਰਕਾਰ ਦੇ ਉੱਦਮ ਕਰਦੇ ਹਨ **ਵਾ:** ਤੇਤੀ ਕਰੋੜ ਦੇਵਤੇ ਅਤੇ ਕੋਟਿ = ਕਰੋੜਾਂ ਸਿਧ, ਜਤੀ, ਜੋਗੀ ਆਦਿ ਤੀਰਥਾਂ ਦੇ ਤਟ = ਕਿਨਾਰਿਆਂ ਉੱਤੇ ਪਰਭਵਨ = ਵਿਸ਼ੇਸ਼ ਕਰਕੇ ਵਿਚਰਨਾ ਕਰਤ = ਕਰਦੇ ਹਨ ਅਤੇ ਕਈ ਨਿਰਾਹਾਰੀ = ਆਹਾਰ ਤੋਂ ਰਹਿਤ ਰਹਤ = ਰਹਿੰਦੇ ਹਨ।

## ਤਿਨ ਜਨ ਕੀ ਸੇਵਾ ਥਾਇ ਪਈ; ਜਿਨ ਕਉ ਕਿਰਪਾਲ ਹੋਵਤੁ ਬਨਵਾਰੀ ॥੧॥

ਤਿਨ = ਉਸ ਭਗਤ ਜਨ ਕੀ = ਦੀ ਸੇਵਾ = ਟਹਿਲ ਥਾਇ = ਕਬੂਲ ਪਈ = ਪੈਂਦੀ ਹੈ, ਜਿਨ = ਜਿਸ ਕਉ = ਦੇ ਉੱਤੇ ਬਨਵਾਰੀ = ਸੰਸਾਰ ਬਾਗ਼ ਦਾ ਵਾਲੀ ਪਰਮੇਸ਼ਰ ਕਿਰਪਾਲ = ਦਿਆਲੂ ਹੋਵਤ = ਹੁੰਦਾ ਹੈ ॥੧॥

## ਹਰਿ ਕੇ ਹੋ ਸੰਤ ਭਲੇ, ਤੇ ਊਤਮ ਭਗਤ ਭਲੇ; ਜੋ ਭਾਵਤ ਹਰਿ ਰਾਮ ਮੁਰਾਰੀ ॥

ਹੋ = ਹੇ ਭਾਈ! ਉਹ ਹਰਿ = ਪਰਮੇਸ਼ਰ ਕੇ = ਦੇ ਸੰਤ = ਮਹਾਤਮਾ ਜਨ ਸਭ ਲੋਕਾਂ ਤੋਂ ਭਲੇ = ਚੰਗੇ ਹਨ, ਤੇ = ਉਹ ਊਤਮ = ਸ੍ਰੇਸ਼ਟ ਦੇਵਤਿਆਂ ਤੋਂ ਭਗਤ ਜਨ ਭਲੇ = ਚੰਗੇ ਹਨ, ਜੋ = ਜਿਹੜੇ ਮੁਰਾਰੀ = ਮੁਰ ਦੈਂਤ ਨੂੰ ਨਾਸ਼ ਕਰਨ ਤੇ ਰਾਮ = ਰਮੇ ਹੋਏ ਹਰਿ = ਪਰਮੇਸ਼ਰ ਨੂੰ ਭਾਵਤ = ਭਾਉਂਦੇ ਹਨ।

## ਜਿਨ ਕਾ ਅੰਗੁ ਕਰੈ ਮੇਰਾ ਸੁਆਮੀ; ਤਿਨ ਕੀ ਨਾਨਕ ਹਰਿ ਪੈਜ ਸਵਾਰੀ ॥੨॥੪॥੧੧॥

ਮੇਰਾ ਸੁਆਮੀ = ਮਾਲਕ ਪਰਮੇਸ਼ਰ ਜਿਨ = ਜਿਨ੍ਹਾਂ ਪੁਰਖਾਂ ਕਾ = ਦਾ ਅੰਗੁ = ਪੱਖ ਕਰੇ ਕਰਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਨ = ਉਨ੍ਹਾਂ ਪੁਰਖਾਂ ਕੀ = ਦੀ ਹਰਿ = ਪਰਮੇਸ਼ਰ ਨੇ ਆਪ ਲੋਕ-ਪ੍ਰਲੋਕ ਵਿਚ ਪੈਜ = ਇੱਜ਼ਤ ਸਵਾਰੀ = ਸੰਵਾਰਨਾ ਕੀਤੀ ਹੈ ॥੨॥੪॥੧੧॥

**[ਅੰਗ ੧੨੦੨]**

## ਸਾਰਗ ਮਹਲਾ ੪ ਪੜਤਾਲ ॥

## ਜਪਿ ਮਨ ਗੋਵਿੰਦੁ, ਹਰਿ ਗੋਵਿੰਦੁ ਗੁਣੀ ਨਿਧਾਨੁ, ਸਭ ਸ੍ਰਿਸਟਿ ਕਾ ਪ੍ਰਭੋ; ਮੇਰੇ ਮਨ ਹਰਿ ਬੋਲਿ, ਹਰਿ ਪੁਰਖੁ ਅਬਿਨਾਸੀ ॥੧॥ਰਹਾਉ॥

ਹੇ ਮੇਰੇ ਮਨਾਂ! ਉਸ ਗੋਵਿੰਦ = ਪ੍ਰਿਥਵੀ ਦੀ ਰੱਖਿਆ ਕਰਨ ਵਾਲੇ ਪਰਮੇਸ਼ਰ ਦਾ ਨਾਮ ਜਪਿ = ਜਪਣਾ ਕਰ, ਜੋ ਸਾਰਿਆਂ ਨੂੰ ਹਰਿ = ਹਰੇ-ਭਰੇ ਕਰਨ ਵਾਲਾ, (ਗੋ + ਵਿੰਦ) ਗੋ = ਬੇਦਾਂ ਕਰਕੇ ਵਿੰਦ = ਜਾਨਣੇ ਯੋਗ ਤੇ ਗੁਣੀ = ਗੁਣਾਂ ਦਾ ਨਿਧਾਨੁ = ਖ਼ਜ਼ਾਨਾ ਹੈ ਅਤੇ ਜੋ ਸਭ = ਸਾਰੀ ਸ੍ਰਿਸਟਿ = ਸ੍ਰਿਸ਼ਟੀ ਕਾ = ਦਾ ਪ੍ਰਭੋ = ਸੁਆਮੀ, ਮਾਲਕ ਹੈ **ਅਥਵਾ** ਹੇ ਮੇਰੇ ਪਿਆਰੇ ਮਨਾਂ ਗੋਵਿੰਦ = ਪ੍ਰਿਥਵੀ ਦੀ ਰੱਖਿਆ ਕਰਨ ਵਾਲੇ ਦਾ ਜਪਿ = ਜਾਪ ਕਰ।

***ਪ੍ਰਸ਼ਨ :*** *ਹੇ ਗੁਰੂ ਜੀ! ਪ੍ਰਿਥਵੀ ਦੀ ਰੱਖਿਆ ਕਰਨ ਵਾਲੇ ਤਾਂ ਰਾਜੇ ਵੀ ਹੁੰਦੇ ਹਨ?*

***ਗੁਰ-ਉੱਤਰ :***

**ਹਰਿ ਗੋਵਿੰਦ**

ਜੋ ਸਭ ਨੂੰ ਹਰਿ = ਹਰੇ-ਭਰੇ ਕਰਨ ਵਾਲਾ ਤੇ (ਗੋ + ਵਿੰਦੁ) ਗੋ = ਇੰਦਰੀਆਂ ਦਾ ਵਿੰਦੁ = ਪ੍ਰਕਾਸ਼ਕ ਹੈ, ਉਸ ਨੂੰ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ! ਇੰਦਰੀਆਂ ਦੇ ਪ੍ਰਕਾਸ਼ਕ ਤਾਂ ਦੇਵਤੇ ਵੀ ਮੰਨੇ ਹਨ?*

***ਗੁਰ-ਉੱਤਰ :***

**ਗੁਣੀ ਨਿਧਾਨ**

ਜੋ ਗੁਣਾਂ ਦਾ ਖ਼ਜ਼ਾਨਾ ਪਰਮੇਸ਼ਰ ਹੈ, ਉਸ ਨੂੰ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ ! ਗੁਣਾਂ ਦਾ ਖ਼ਜ਼ਾਨਾ ਤਾਂ ਕੁਮੇਰ ਆਦਿ ਨੂੰ ਮੰਨਿਆ ਹੈ ?*

***ਗੁਰ-ਉੱਤਰ :***

**ਸਭ ਸ੍ਰਿਸਟਿ ਕਾ ਪ੍ਰਭੋ**

ਜੋ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ, ਉਸ ਨੂੰ ਜਪਣਾ ਕਰ।

ਹੇ ਮੇਰੇ ਮਨਾਂ ! ਤੂੰ ਉਸ ਹਰਿ = ਪਰਮੇਸ਼ਰ ਦੇ ਜੱਸ ਨੂੰ ਬੋਲਿ = ਬੋਲਣਾ ਕਰ, ਜੋ ਸਭ ਥਾਵਾਂ ਵਿਚ ਪੁਰਖੁ = ਪੂਰਨ ਅਬਿਨਾਸੀ = ਨਾਸ਼ ਤੋਂ ਰਹਿਤ ਹਰਿ = ਪਰਮੇਸ਼ਰ ਹੈ ॥੧॥ਰਹਾਉ॥

## ਹਰਿ ਕਾ ਨਾਮੁ ਅੰਮ੍ਰਿਤੁ, ਹਰਿ ਹਰਿ ਹਰੇ; ਸੋ ਪੀਐ, ਜਿਸੁ ਰਾਮੁ ਪਿਆਸੀ ॥

ਹਰਿ = ਪਰਮੇਸ਼ਰ ਕਾ = ਦਾ ਨਾਮ ਹੀ ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਹੈ **ਵਾ:** ਅੰਮ੍ਰਿਤ ਰੂਪ ਹੈ ਜੋ ਮਨ ਕਰਕੇ ਹਰਿ = ਪਰਮੇਸ਼ਰ ਨੂੰ ਉਚਾਰਦਾ ਹੈ ਤੇ ਬਾਣੀ ਕਰਕੇ ਹਰਿ = ਪਰਮੇਸ਼ਰ ਨੂੰ ਉਚਾਰਦਾ ਹੈ, ਉਹ ਸ਼ੁਭ ਗੁਣਾਂ ਦੀ ਹਰੇ = ਹਰਿਆਵਲਤਾ ਦੇ ਸਹਿਤ ਹਰਾ ਭਰਾ ਹੋ ਗਿਆ ਹੈ **ਵਾ:** ਪਰਮੇਸ਼ਰ ਦਾ ਨਾਮ ਅੰਮ੍ਰਿਤ ਪਾਪਾਂ ਦਾ ਹਰਿ = ਹਾਰਕ ਸੰਸਿਆਂ ਦਾ ਹਰਿ = ਹਾਰਕ ਤੇ ਜੀਵਾਂ ਨੂੰ ਹਰੇ-ਭਰੇ ਕਰਨ ਵਾਲਾ ਹੈ ਪਰ ਨਾਮ ਅੰਮ੍ਰਿਤ ਨੂੰ ਸੋ = ਉਹ ਪੀਐ = ਪੀਣਾ ਕਰਦਾ ਹੈ, ਜਿਸ ਨੂੰ ਰਾਮੁ = ਪਰਮੇਸ਼ਰ ਆਪ ਗੁਰਾਂ ਦੁਆਰਾ ਪਿਆਸੀ = ਪਿਲਾਉਂਦਾ ਹੈ **ਵਾ:** ਜਿਸ ਨੂੰ ਪਰਮੇਸ਼ਰ ਦੇ ਨਾਮ ਅੰਮ੍ਰਿਤ ਜਲ ਦੀ ਪਿਆਸ ਅੱਗੇ ਨੂੰ ਲੱਗੇਗੀ, ਉਹ ਨਾਮ ਅੰਮ੍ਰਿਤ ਜਲ ਨੂੰ ਗੁਰਾਂ ਦੁਆਰਾ ਪੀਣਗੇ।

## ਹਰਿ ਆਪਿ ਦਇਆਲੁ, ਦਇਆ ਕਰਿ ਮੇਲੈ, ਜਿਸੁ ਸਤਿਗੁਰੂ; ਸੋ ਜਨੁ ਹਰਿ ਹਰਿ, ਅੰਮ੍ਰਿਤ ਨਾਮੁ ਚਖਾਸੀ ॥੧॥

ਹਰਿ = ਪਰਮੇਸ਼ਰ ਆਪ ਹੀ ਦਇਆਲੁ = ਕ੍ਰਿਪਾਲੂ ਹੈ ਜਿਸ ਪੁਰਖ ਨੂੰ ਸਤਿਗੁਰੂ ਸਾਹਿਬ ਜੀ ਦੇ ਨਾਲ ਦਇਆ = ਮੇਹਰ ਦੀ ਦ੍ਰਿਸ਼ਟੀ ਕਰਿ = ਕਰਕੇ ਮੇਲੈ = ਮੇਲਦਾ ਹੈ, ਸੋ = ਉਹ ਗੁਰਮੁਖ ਜਨ = ਪੁਰਖ ਸਾਰਿਆਂ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਅੰਮ੍ਰਿਤ ਨੂੰ ਚਖਾਸੀ = ਚੱਖਦਾ ਹੈ ॥੧॥

## ਜੋ ਜਨ ਸੇਵਹਿ, ਸਦ ਸਦਾ ਮੇਰਾ ਹਰਿ ਹਰੇ; ਤਿਨ ਕਾ ਸਭੁ ਦੂਖੁ ਭਰਮੁ ਭਉ ਜਾਸੀ ॥

ਜੋ = ਜਿਹੜਾ ਜਨ = ਪੁਰਖ ਸਦ = ਸਦਾ ਭੂਤਕਾਲ ਵਿਚ ਤੇ ਸਦਾ = ਹਮੇਸ਼ਾਂ ਹੁਣ ਵਰਤਮਾਨ ਸਮੇਂ ਵਿਚ ਮੇਰੇ ਹਰਿ = ਹਰੀ ਹਰੇ = ਪਰਮੇਸ਼ਰ ਨੂੰ ਸੇਵਹਿ = ਸੇਵਨਾ ਕਰਦਾ ਹੈ **ਵਾ:** ਜੋ ਮੇਰਾ ਹਰਿ = ਹਰੀ ਹਰੇ = ਪਰਮੇਸ਼ਰ ਸਦ ਸਦਾ = ਸਦੀਵ ਕਾਲ ਰਹਿਣ ਵਾਲਾ ਹੈ, ਜਿਹੜਾ ਪੁਰਖ ਉਸ ਪਰਮੇਸ਼ਰ ਨੂੰ ਮਨ ਬਾਣੀ ਸਰੀਰ ਕਰਕੇ ਸੇਵਹਿ = ਸਿਮਰਦਾ ਹੈ, ਤਿਨ = ਉਸ ਦਾ ਜਨਮਾਂ-ਜਨਮਾਂਤਰਾਂ ਦਾ ਪਿਛਲਾ ਸਭੁ = ਸਾਰਾ ਦੂਖੁ = ਦੁੱਖ, ਪੰਜ ਪ੍ਰਕਾਰ ਭਰਮ ਤੇ ਭਉ = ਡਰ ਦੂਰ ਹੋ ਜਾਸੀ = ਜਾਵੇਗਾ।

## ਜਨੁ ਨਾਨਕੁ, ਨਾਮੁ ਲਏ ਤਾਂ ਜੀਵੈ; ਜਿਉ ਚਾਤ੍ਰਿਕੁ ਜਲਿ ਪੀਐ ਤ੍ਰਿਪਤਾਸੀ ॥੨॥੫॥੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦ ਗੁਰਮੁਖ ਜਨੁ = ਪੁਰਖ ਪਰਮੇਸ਼ਰ ਦਾ ਨਾਮ ਲਏ = ਲੈਣਾ, ਜਪਣਾ ਕਰਦਾ ਹੈ, ਤਾਂ = ਤਦ ਆਤਮਿਕ ਜੀਵਨ ਵੱਲ ਜੀਵੈ = ਜਿਉਂਦਾ ਹੈ।

***ਪ੍ਰਸ਼ਨ :*** *ਕਿਸ ਪ੍ਰਕਾਰ ਜਿਉਂਦਾ ਹੈਂ ?*

***ਗੁਰ-ਉੱਤਰ :*** ਜਿਉ = ਜਿਵੇਂ ਚਾਤ੍ਰਿਕ = ਬੰਬੀਹਾ ਸਵਾਂਤੀ ਬੂੰਦ ਦੇ ਜਲਿ = ਪਾਣੀ ਪੀਐ = ਪੀਣ ਨਾਲ ਤ੍ਰਿਪਤਾਸੀ = ਤ੍ਰਿਪਤ ਹੁੰਦਾ ਹੈ **ਵਾ:** ਇਸੇ ਪ੍ਰਕਾਰ ਪ੍ਰਭੂ ਦੇ ਪਿਆਰੇ ਨਾਮ ਅੰਮ੍ਰਿਤ ਦੀ ਸ੍ਵਾਂਤੀ ਬੂੰਦ ਪੀ ਕਰਕੇ ਲੋਕ-ਪ੍ਰਲੋਕ ਦੇ ਪਦਾਰਥਾਂ ਵੱਲੋਂ ਤ੍ਰਿਪਤ ਹੁੰਦੇ ਹਨ॥੨॥੫॥੧੨॥

## ਸਾਰਗ ਮਹਲਾ ੪ ॥

## ਜਪਿ ਮਨ; ਸਿਰੀ ਰਾਮੁ ॥ ਰਾਮ ਰਮਤ; ਰਾਮੁ ॥ ਸਤਿ ਸਤਿ; ਰਾਮੁ ॥

ਹੇ ਮੇਰੇ ਪਿਆਰੇ ਮਨਾਂ ! ਉਸ ਨੂੰ ਜਪਿ = ਜਪਣਾ ਕਰ, ਜੋ ਸਿਰੀ = ਸ਼ਿਰੋਮਣੀ ਰਾਮ ਹੈ।

***ਪ੍ਰਸ਼ਨ :*** *ਹੇ ਗੁਰੂ ਜੀ ! ਸ੍ਰੀ ਰਾਮ ਚੰਦਰ ਤਾਂ ਤਰੇਤੇ ਯੁੱਗ ਦੇ ਅਵਤਾਰ ਵੀ ਹੋਏ ਹਨ ?*

***ਗੁਰ-ਉੱਤਰ :***

**ਰਾਮ ਰਮਤ**

ਜੋ ਰਮਤ = ਰਮਿਆ ਹੋਇਆ ਰਾਮ ਹੈ, ਉਸ ਨੂੰ ਜਪਣਾ ਕਰ।

***ਪ੍ਰਸ਼ਨ :*** *ਹੇ ਗੁਰੂ ਜੀ ! ਸਾਰਿਆਂ ਦੇ ਅੰਦਰ ਸਾਖੀ ਰੂਪ ਹੋ ਕੇ ਰਮਿਆ ਹੋਇਆ ਰਾਮ ਤਾਂ ਜੀਵਾਤਮਾ ਵੀ ਹੈ ?*

***ਗੁਰ-ਉੱਤਰ :***

**ਰਾਮੁ**

ਜੋ ਰਾਮ ਬਾਗ਼ ਦੀ ਨਿਆਈਂ ਅਨੰਦ ਦੇਣ ਵਾਲਾ ਹੈ ਅਤੇ

**ਸਤਿ ਸਤਿ; ਰਾਮੁ ॥**

ਹੇ ਭਾਈ ! ਅਸੀਂ ਤਾਂ ਉਸ ਰਾਮ ਪਰਮੇਸ਼ਰ ਦੀ ਗੱਲ ਕਰਦੇ ਹਾਂ ਜੋ ਪਿੱਛੇ ਭੂਤਕਾਲ ਵਿਚ ਵੀ ਸਤਿ = ਸੱਚ ਸਰੂਪ ਸੀ, ਹੁਣ ਵਰਤਮਾਨ ਸਮੇਂ ਵਿਚ ਵੀ ਸਤਿ = ਸੱਚ ਸਰੂਪ ਹੈ ਅਤੇ ਜੋ ਰਾਮੁ = ਪਰਮੇਸ਼ਰ ਅੱਗੇ ਭਵਿੱਖਤ ਕਾਲ ਵਿਚ ਵੀ ਸੱਚ ਸਰੂਪ ਹੋਵੇਗਾ, ਇਸ ਲਈ ਤੂੰ ਉਸ ਨੂੰ ਜਪਣਾ ਕਰ, **ਅਥਵਾ** ਹੇ ਮੇਰੇ ਮਨਾਂ ! ਉਸ ਸਿਰੀ = ਸ਼ਿਰੋਮਣੀ ਰਾਮੁ = ਪਰਮੇਸ਼ਰ ਨੂੰ ਜਪਿ = ਜਪਣਾ ਕਰ।

ਜੋ ਰਾਮ = ਹਰੀ ਰਾਮ = ਪਰਮੇਸ਼ਰ ਸਭ ਥਾਂ ਰਮਤ = ਰਮਿਆ ਹੋਇਆ ਹੈ ਤੇ ਜੋ ਰਾਮੁ = ਪਰਮੇਸ਼ਰ ਸਤਿ = ਨਿਸਚੇ ਕਰਕੇ ਤਿੰਨਾਂ ਕਾਲਾਂ ਵਿਚ ਸਤਿ = ਸੱਚ ਸਰੂਪ ਹੈ।

## ਬੋਲਹੁ ਭਈਆ, ਸਦ ਰਾਮ ਰਾਮੁ; ਰਾਮੁ ਰਵਿ ਰਹਿਆ, ਸਰਬਗੇ ॥੧॥ਰਹਾਉ॥

('ਸਰਬੱਗੇ' ਦਾ ਉਚਾਰਣ ਅੱਧਕ ਸਹਿਤ ਹੈ)

ਹੇ ਭਈਆ = ਭਾਈ ! ਉਸ ਦੇ ਜੱਸ ਨੂੰ ਬੋਲਹੁ = ਬੋਲਣਾ ਕਰੋ, ਜੋ ਸਦ = ਸਦਾ ਰਹਿਣ ਵਾਲਾ ਰਾਮ = ਰਮਿਆ ਹੋਇਆ ਰਾਮੁ = ਪਰਮੇਸ਼ਰ ਹੈ ਅਤੇ ਜੋ ਪਰਮੇਸ਼ਰ ਸਾਰੇ ਥਾਵਾਂ ਵਿਚ ਰਵਿ = ਵਿਆਪਕ ਹੋ ਰਿਹਾ ਹੈ, ਜੋ ਸਰਬਗੇ = ਸਰਬ ਗਿਆਤਾ ਹੈ, ਭਾਵ ਜੋ ਸਭ ਦੀ ਗਿਆਤ ਰੱਖਣ ਵਾਲਾ ਹੈ॥੧॥ਰਹਾਉ॥

## ਰਾਮੁ ਆਪੇ ਆਪਿ, ਆਪੇ ਸਭੁ ਕਰਤਾ;
## ਰਾਮੁ ਆਪੇ ਆਪਿ, ਆਪਿ ਸਭਤੁ ਜਗੇ ॥

(**ਸੱਭਤੁ** ਅਤੇ **ਜੱਗੇ** ਉਚਾਰਨ ਹੈ)

ਹੇ ਭਾਈ! ਸਾਰਿਆਂ ਦਾ ਆਤਮਾ ਰੂਪ ਹੋ ਕੇ ਆਪੇ = ਆਪ ਹੀ ਰਾਮੁ = ਪਰਮੇਸ਼ਰ ਜੀਵ ਰੂਪ ਤੇ ਆਪ ਹੀ ਈਸਰ ਰੂਪ ਹੈ, ਆਪੇ = ਆਪ ਹੀ ਤੱਤਾਂ ਆਦਿ ਸਭੁ = ਸਾਰਿਆਂ ਨੂੰ ਪੈਦਾ ਕਰਤਾ = ਕਰਨ ਵਾਲਾ ਹੈ ਅਤੇ ਰਾਮੁ = ਪਰਮੇਸ਼ਰ ਆਪੇ ਆਪ ਹੀ ਚੌਹਾਂ ਯੁੱਗਾਂ ਵਿਚ ਵਿਆਪਕ ਹੈ, ਆਪ ਹੀ ਸਭਤੁ = ਸਾਰੇ ਜਗੇ = ਜਗਤ ਦੇ ਅੰਦਰ ਵਿਆਪਕ ਹੈ।

## ਜਿਸੁ ਆਪਿ ਕ੍ਰਿਪਾ ਕਰੇ, ਮੇਰਾ ਰਾਮ ਰਾਮ, ਰਾਮ ਰਾਇ;
## ਸੋ ਜਨੁ, ਰਾਮ ਨਾਮ ਲਿਵ ਲਾਗੇ ॥੧॥

ਮੇਰਾ ਰਾਮ = ਰਮਿਆ ਹੋਇਆ ਰਾਮ = ਰਮੰਤੀ ਰਾਇ = ਰਾਜਾ ਰੂਪ ਰਾਮ = ਪਰਮੇਸ਼ਰ ਜਿਸ ਪੁਰਖ ਉੱਤੇ ਆਪ ਕ੍ਰਿਪਾ = ਮੇਹਰ ਦੀ ਦ੍ਰਿਸ਼ਟੀ ਕਰੇ = ਕਰਦਾ ਹੈ, ਸੋ = ਉਸ ਜਨੁ = ਪੁਰਖ ਨੇ ਰਾਮ = ਪਰਮੇਸ਼ਰ ਦੇ ਨਾਮ ਜਪਣ ਵਿਚ ਲਿਵ = ਬਿਰਤੀ ਨੂੰ ਲਾਗੇ = ਲਗਾਉਣਾ ਕੀਤਾ ਹੈ ॥੧॥

## ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ;
## ਜੋ ਭਗਤ ਜਨਾਂ ਕੀ ਪਤਿ ਰਾਖੈ, ਵਿਚਿ ਕਲਿਜੁਗ ਅਗੇ ॥

ਹੇ ਹਰਿ = ਪਰਮੇਸ਼ਰ ਦੇ ਸੰਤਹੁ = ਸੰਤ ਜਨੋਂ! ਉਸ ਰਾਮ = ਪਰਮੇਸ਼ਰ ਦੇ ਨਾਮ ਕੀ = ਦੀ ਉਪਮਾ = ਮਹਿਮਾ ਦੇਖਹੁ = ਦੇਖਣਾ ਕਰੋ, ਜੋ = ਜਿਹੜਾ ਇਸ ਕਲਿਜੁਗ ਦੇ ਸਮੇਂ ਵਿਚਿ = ਅੰਦਰ ਅਤੇ ਅਗੇ = ਅੱਗੇ ਪ੍ਰਲੋਕ ਵਿਚ **ਵਾ**: ਕਲਿਜੁਗ ਤੋਂ ਅਗਲੇ ਸਤਿਜੁਗ, ਤਰੇਤਾ, ਦੁਆਪਰ ਆਦਿ ਜੁਗਾਂ ਵਿਚ **ਵਾ**: ਅਗੇ = ਅੱਗ ਰੂਪ ਕਲਿਜੁਗ ਵਿਚ ਭਗਤ ਜਨਾਂ ਕੀ = ਦੀ ਪਤਿ = ਇੱਜ਼ਤ ਰਾਖੈ = ਰੱਖਦਾ ਹੈ।

## ਜਨ ਨਾਨਕ ਕਾ ਅੰਗੁ ਕੀਆ, ਮੇਰੈ ਰਾਮ ਰਾਇ;
## ਦੁਸਮਨ ਦੂਖ ਗਏ ਸਭਿ ਭਗੇ ॥੨॥੬॥੧੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰੇ ਰਾਇ = ਰਾਜਾ ਰੂਪ ਰਾਮ = ਪਰਮੇਸ਼ਰ ਨੇ ਜਿਸ ਜਨ = ਪੁਰਖ ਕਾ = ਦਾ ਅੰਗੁ = ਪੱਖ ਕੀਆ = ਕੀਤਾ ਹੈ, ਉਸ ਦੇ ਕਾਮ ਕ੍ਰੋਧ ਰੂਪੀ ਦੁਸਮਨ = ਵੈਰੀ ਤੇ ਆਧੀ, ਬਿਆਧੀ, ਉਪਾਧੀ ਰੂਪ ਸਭਿ = ਸਾਰੇ ਦੂਖ = ਦੁੱਖ ਭਗੇ = ਭੱਜ, ਨਵਿਰਤ ਹੋ ਗਏ ਹਨ ॥੨॥੬॥੧੩॥

## ਸਾਰੰਗ ਮਹਲਾ ੫ ਚਉਪਦੇ ਘਰੁ ੧  ੧ਓ ਸਤਿਗੁਰ ਪ੍ਰਸਾਦਿ ॥

ਸਾਰੰਗ ਰਾਗ ਦੇ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਘਰੁ ੧ = ਪਹਿਲੇ ਸੁਰਤਾਲ ਵਿਚ ਮੰਗਲ ਕਰਦਿਆਂ ਗੁਰਮਤਿ ਦੀ ਪ੍ਰਾਪਤੀ ਵਾਸਤੇ ਚਉਪਦੇ = ਚਾਰ ਪਦਿਆਂ ਵਾਲਾ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

# ਸਤਿਗੁਰ ਮੂਰਤਿ ਕਉ; ਬਲਿ ਜਾਉ ॥

ਮੈਂ ਸਤਿਗੁਰਾਂ ਦੀ ਮੂਰਤਿ = ਹਸਤੀ **ਵਾ:** ਸਤਿਗੁਰਾਂ ਦੇ ਸਰੂਪ ਕਉ = ਦੇ ਉਪਰੋਂ ਬਲਿ = ਬਲਿਹਾਰ ਜਾਉ = ਜਾਂਦਾ ਹਾਂ।

**ਸਾਖੀ—ਭਾਈ ਗੁਰਦਾਸ ਜੀ ਦੀ :** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਿੱਤ ਦੇ ਸੁਭਾਅ ਅਨੁਸਾਰ ਸਵੇਰੇ ਕੀਰਤਨ ਤੇ ਸ਼ਾਮ ਨੂੰ ਢਾਢੀ ਵਾਰਾਂ ਸੁਣਿਆ ਕਰਦੇ ਸਨ, ਦੋਵੇਂ ਵੇਲੇ ਭਾਰੀ ਦੀਵਾਨ ਸੱਜਦਾ ਸੀ। ਇਕ ਦਿਨ ਦੀਵਾਨ ਤੋਂ ਬਾਅਦ ਗੁਰਸਿੱਖਾਂ ਵਿਚ ਸਿਦਕ ਉੱਪਰ ਵਿਚਾਰ ਚੱਲੀ ਤਾਂ ਭਾਈ ਗੁਰਦਾਸ ਜੀ ਨੇ ਸਿਦਕ ਸਾਬਤ ਰੱਖਣ 'ਤੇ ਉਚਾਰਣ ਕੀਤਾ, ਜੈਸਾ ਕਿ :

**ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ। ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ।**
**ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ। ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ।**
**ਜੇ ਮਦੁ ਪੀਤਾ ਬਾਮ੍ਹਣੀ ਲੋਇ ਲੁਝਣਿ ਸਾਰੇ। ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥੨੦॥**
*(ਵਾਰ ੩੫, ਪਉੜੀ ੨੦)*

ਇਹ ਸੁਣ ਕੇ ਬਾਬਾ ਬੁੱਢਾ ਸਾਹਿਬ ਜੀ ਨੇ ਬਹੁਤ ਨਿਮਰਤਾ ਤੇ ਪਿਆਰ ਨਾਲ ਕਿਹਾ ਕਿ ਭਾਈ ਸਾਹਿਬ ਜੀ, ਤੁਸੀਂ ਜੋ ਇਹ ਕਥਨ ਕਰਦੇ ਹੋ ਕਿ ਗੁਰੂ ਦੇ ਵਰਤਾਏ ਸਾਂਗ 'ਤੇ 'ਸਿਖੁ ਸਿਦਕੁ ਨਾ ਹਾਰੇ' ਇਹ ਠੀਕ ਨਹੀਂ ਹੈ। ਕਿਉਂਕਿ ਜਦੋਂ ਹਨੇਰੀ ਚੱਲਦੀ ਹੈ ਤਦੋਂ ਪੱਤੇ ਤਾਂ ਸਾਰੇ ਦਰਖਤਾਂ ਦੇ ਹੀ ਹਿੱਲ ਜਾਂਦੇ ਹਨ ਪਰ ਕੁਝ ਬ੍ਰਿਛ ਜੜ੍ਹਾਂ ਤੋਂ ਵੀ ਪੁੱਟੇ ਜਾਂਦੇ ਹਨ। ਇਹ ਸੁਣ ਕੇ ਭਾਈ ਸਾਹਿਬ ਜੀ ਨੇ ਕਿਹਾ ਕਿ ਹਨੇਰੀਆਂ ਜਿਤਨੀਆਂ ਮਰਜ਼ੀ ਹੋਣ, ਸਿਦਕੀ ਸਿੱਖਾਂ ਦੇ ਹਿਰਦੇ ਪਰਬਤ ਵਾਂਗ ਹਨ ਜੋ ਹਨੇਰੀਆਂ ਦੇ ਚੱਲਣ ਤੋਂ ਡੋਲਦੇ ਨਹੀਂ ਹਨ। ਸਿੱਖ ਨੂੰ ਆਪਣਾ ਸਿਦਕ ਨਹੀਂ ਹਾਰਨਾ ਚਾਹੀਦਾ। ਇਹ ਗੱਲ ਗੁਰੂ ਜੀ ਨੇ ਵੀ ਸੁਣ ਲਈ। ਥੋੜ੍ਹੇ ਸਮੇਂ ਬਾਅਦ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਕਾਬਲ ਕੰਧਾਰ ਘੋੜੇ ਖ਼ਰੀਦਣ ਲਈ ਭੇਜਣਾ ਕੀਤਾ ਅਤੇ ਨਾਲ ਮੋਹਰਾਂ ਦੀਆਂ ਪੇਟੀਆਂ ਵੀ ਘੋੜਿਆਂ ਦਾ ਮੁੱਲ ਤਾਰਨ ਲਈ ਦਿੱਤੀਆਂ। ਦੋ ਜ਼ਿੰਮੇਵਾਰ ਸਿੱਖ ਭਾਈ ਗੁਰਦਿੱਤਾ ਤੇ ਦੁਨੀਚੰਦ ਮੁਨਸ਼ੀ ਦਿੱਤੇ। ਭਾਈ ਗੁਰਦਾਸ ਜੀ ਨੂੰ ਇਹ ਨਾ ਪਤਾ ਚੱਲਿਆ ਕਿ ਘੋੜਿਆਂ ਦੇ ਬਹਾਨੇ ਗੁਰੂ ਜੀ ਸਿਦਕ ਪਰਖਣ ਲੱਗੇ ਹਨ। ਗੁਰੂ ਜੀ ਨੇ ਭਾਈ ਸਾਹਿਬ ਜੀ ਦਾ ਹੰਕਾਰ ਵਾਲਾ ਬਚਨ ਸੁਣ ਕੇ ਇਸਦਾ ਉੱਤਰ ਅਤੇ ਨਿਮਰਤਾ ਵਾਲੇ ਸਿਦਕੀ ਸਿੱਖਾਂ ਦੇ ਸਿਦਕ ਦਾ ਨਮੂਨਾ ਦਿਖਾਉਣ ਲਈ ਇਹ ਸਾਰੀ ਖੇਡ ਰਚੀ।

ਪਿਸ਼ੌਰ ਪਹੁੰਚਣ 'ਤੇ ਭਾਈ ਦੁਨੀਚੰਦ ਮੁਨਸ਼ੀ ਦੇ ਉਥੋਂ ਸੱਤ ਕੁ ਕੋਹ ਪਿੰਡ ਵਿੱਚੋਂ ਇਨ੍ਹਾਂ ਦੇ ਭਰਾ ਨੇ ਆ ਕੇ ਖ਼ਬਰ ਦਿੱਤੀ ਕਿ ਤੇਰੀ ਸਿੱਖਣੀ ਸਖ਼ਤ ਬਿਮਾਰ ਹੈ। ਹੁਣੇ ਹੀ ਨਾਲ ਚੱਲ ਤਾਂ ਭਾਈ ਸਾਹਿਬ ਜੀ ਨੇ ਉੱਤਰ ਦਿੱਤਾ ਕਿ ਜਿਸ ਕਾਰਜ ਲਈ ਮੈਨੂੰ ਗੁਰੂ ਜੀ ਨੇ ਭੇਜਿਆ ਹੈ, ਉਹ ਪੂਰਾ ਕਰੇ ਤੋਂ ਬਿਨਾਂ ਮੈਂ ਘਰ ਨਹੀਂ ਜਾ ਸਕਦਾ। ਦੁਖ ਸੁਖ ਕਰਮਾਂ ਦੇ ਅਨੁਸਾਰ ਹੋਇਆ ਕਰਦੇ ਹਨ। ਤਵਾਰੀਖ਼ ਦੇ ਹਵਾਲੇ ਅਨੁਸਾਰ ਦੂਸਰੇ ਦਿਨ ਹੋਰ ਸੰਬੰਧੀ ਨੇ ਆ ਕੇ ਕਿਹਾ ਕਿ ਤੇਰਾ ਇਕਲੌਤਾ ਜਵਾਨ ਪੁੱਤਰ ਪਠਾਣਾਂ ਨੇ ਮਾਰ ਸੁੱਟਿਆ ਹੈ, ਉਸ ਦਾ ਮਰਨਾ ਸੁਣ ਕੇ ਤੇਰੀ ਬਿਮਾਰ ਇਸਤ੍ਰੀ ਮਰ ਗਈ ਹੈ। ਭਾਈ ਗੁਰਦਾਸ ਜੀ ਨੇ ਵੀ ਜਾਣ ਨੂੰ ਕਿਹਾ, ਪਰ ਦੁਨੀਚੰਦ ਜੀ ਨੇ ਭਾਣਾ ਮੰਨਦਿਆਂ ਹੋਇਆਂ ਸਿਦਕ ਨਹੀਂ ਹਾਰਿਆ। ਉਨ੍ਹਾਂ ਨੇ ਕਿਹਾ ਕਿ ਜੋ ਕੁਝ ਹੋ ਰਿਹਾ ਹੈ ਉਹ ਭਾਣੇ ਵਿਚ ਹੀ ਹੋ ਰਿਹਾ ਹੈ। ਜੈਸਾ ਕਿ :

**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥** *(ਆਸਾ ਦੀ ਵਾਰ, ਮ: ੧, ਅੰਗ ੪੭੨)*

ਤੁਸੀਂ ਚੱਲ ਕੇ ਉਨ੍ਹਾਂ ਦਾ ਸਸਕਾਰ ਕਰ ਦੇਵੋ, ਪਰ ਮੈਂ ਗੁਰੂ ਦੇ ਕੰਮ ਨੂੰ ਅਧੂਰਾ ਛੱਡ ਕੇ ਨਹੀਂ ਜਾ ਸਕਦਾ। ਏਥੋਂ ਭਾਈ ਗੁਰਦਾਸ ਜੀ ਨਾਲ ਇਹ ਸਿੱਖ ਕਾਬਲ ਪਹੁੰਚੇ, ਜਿਥੇ ਇਨ੍ਹਾਂ ਨੇ ਕੀਮਤੀ ਘੋੜੇ ਪਸੰਦ ਕੀਤੇ ਅਤੇ ਵਪਾਰੀ ਨੂੰ ਕਿਹਾ ਕਿ ਘੋੜੇ ਸਾਨੂੰ ਪਸੰਦ ਹਨ, ਪਰ ਅਸੀਂ ਅੰਮ੍ਰਿਤਸਰ ਸਤਿਗੁਰੂ ਜੀ ਕੋਲ ਭੇਜਾਂਗੇ।

ਜੇਕਰ ਗੁਰੂ ਜੀ ਨੇ ਘੋੜੇ ਪਸੰਦ ਕਰ ਕੇ ਰੱਖ ਲਏ ਤਾਂ ਤੂੰ ਆਪਣੀ ਪੂਰੀ ਕੀਮਤ ਸਾਡੇ ਕੋਲੋਂ ਵਸੂਲ ਕਰ ਲਵੀਂ, ਅਸੀਂ ਤੇਰੇ ਕੋਲ ਏਥੇ ਹੀ ਹਾਂ। ਵਪਾਰੀ ਨੇ ਆਪਣੇ ਘੋੜਿਆਂ 'ਤੇ ਮਾਨ ਕਰਦਿਆਂ ਕਿਹਾ ਕਿ ਮੇਰੇ ਘੋੜੇ ਐਸੇ ਨਹੀਂ ਹਨ ਜੋ ਸਤਿਗੁਰੂ ਜੀ ਨੂੰ ਪਸੰਦ ਨਾ ਆਉਣ। ਘੋੜੇ ਅੰਮ੍ਰਿਤਸਰ ਭੇਜੇ ਗਏ, ਜਿਥੇ ਗੁਰੂ ਜੀ ਨੇ ਪਸੰਦ ਕਰ ਕੇ ਰੱਖ ਲਏ ਅਤੇ ਹੁਕਮ ਦਿੱਤਾ ਕਿ ਇਨ੍ਹਾਂ ਦਾ ਮੁੱਲ ਉਤਾਰ ਦਿੱਤਾ ਜਾਵੇ। ਤਾਂ ਜਦੋਂ ਭਾਈ ਗੁਰਦਾਸ ਜੀ ਨੇ ਤੰਬੂ ਵਿਚ ਜਾ ਕੇ ਮੋਹਰਾਂ ਦੀ ਪੇਟੀ ਖੋਲ੍ਹੀ ਤਾਂ ਗੁਰੂ ਜੀ ਦਾ ਐਸਾ ਸਾਂਗ ਵਰਤਿਆ ਕਿ ਭਾਈ ਸਾਹਿਬ ਨੂੰ ਉਹ ਮੋਹਰਾਂ ਠੀਕਰੀਆਂ ਦੇ ਰੂਪ ਵਿਚ ਦਿਸਣ ਲੱਗ ਪਈਆਂ। ਭਾਈ ਗੁਰਦਾਸ ਜੀ ਸੋਚਣ ਲੱਗੇ ਕਿ ਜਾਂ ਤਾਂ ਮੋਹਰਾਂ ਰਸਤੇ ਵਿਚ ਚੋਰੀ ਹੋ ਗਈਆਂ ਹਨ ਜਾਂ ਗੁਰੂ ਜੀ ਨੇ ਮੇਰੇ ਨਾਲ ਠੱਠਾ (ਮਖ਼ੌਲ) ਕੀਤਾ ਹੈ। ਫੇਰ ਸੋਚਦਾ ਹੈ ਕਿ ਗੁਰੂ ਜੀ ਨੇ ਤਾਂ ਕਦੇ ਵੀ ਕਿਸੇ ਨਾਲ ਮਖ਼ੌਲ ਨਹੀਂ ਕੀਤਾ, ਇਸ ਦਾ ਮਤਲਬ ਹੈ ਕਿ ਮੋਹਰਾਂ ਚੋਰੀ ਹੋ ਗਈਆਂ ਹਨ। ਹੁਣ ਮੈਂ ਵਪਾਰੀ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਰਿਹਾ। ਸਾਰੇ ਇਲਾਕੇ ਵਿਚ ਬਾਕੀ ਦੇ ਸਿੱਖਾਂ ਨਾਲੋਂ ਮੇਰਾ ਸਤਿਕਾਰ ਵਿਸ਼ੇਸ਼ ਕਰਕੇ ਵਧੇਰੇ ਹੋ ਰਿਹਾ ਹੈ। ਇਹ ਸਭ ਕੁਝ ਮਿੱਟੀ ਵਿਚ ਮਿਲ ਜਾਵੇਗਾ। ਹੁਣ ਏਥੋਂ ਛੁਪ ਜਾਣਾ ਹੀ ਵਾਜਿਬ ਹੋਏਗਾ, ਇਹ ਵਿਚਾਰ ਕਰਕੇ ਭਾਈ ਗੁਰਦਾਸ ਜੀ ਪਿੱਛੋਂ ਤੰਬੂ ਪਾੜ ਕੇ ਬਾਹਰ ਨਿਕਲ ਗਏ ਤੇ ਕਾਂਸ਼ੀ ਵਿਚ ਜਾ ਵੜੇ। ਉਥੇ ਜਾ ਕੇ ਗੁਰਮਤਿ ਦਾ ਪ੍ਰਚਾਰ ਕਰਨ ਲੱਗ ਪਏ। ਉਥੇ ਭਾਈ ਸਾਹਿਬ ਜੀ ਨੇ ਚੇਤਨ ਮੱਠ ਵਾਲੇ ਅਸਥਾਨ ਉੱਪਰ ਨਿਵਾਸ ਕੀਤਾ। ਆਪਣੇ ਜੀਵਨ ਤੇ ਗੁਰਮਤਿ ਦੇ ਪ੍ਰਭਾਵ ਕਰਕੇ ਦਿਨ-ਬਦਿਨ ਕਾਂਸ਼ੀ ਦੇ ਪੰਡਤਾਂ ਅਤੇ ਲੋਕਾਂ ਵਿਚ ਸਤਿਕਾਰ ਵੱਧ ਗਿਆ। ਕਾਂਸ਼ੀ ਦੇ ਰਾਜੇ ਨੇ ਪ੍ਰਭਾਵਿਤ ਹੋ ਕੇ ਆਪਣੇ ਦਰਬਾਰ ਵਿਚ ਸੱਦਿਆ ਅਤੇ ਨਿਤਾਪ੍ਰਤੀ ਸੰਗਤ ਹੋਣ ਲੱਗੀ। ਪਰ ਭਾਈ ਗੁਰਦਾਸ ਜੀ ਦੇ ਮਨ ਉੱਤੇ ਉਪਰੋਕਤ ਘਟਨਾ ਤੇ ਗੁਰੂ ਜੀ ਦੇ ਵਿਛੋੜੇ ਕਰਕੇ ਡੂੰਘਾ ਅਸਰ ਹੁੰਦਾ ਗਿਆ। ਰਾਜਾ ਸਤਿਗੁਰਾਂ ਦਾ ਸ਼ਰਧਾਲੂ ਬਣ ਗਿਆ। ਪਰ ਇਹ ਗੱਲ ਪੰਡਤਾਂ ਨੂੰ ਚੰਗੀ ਨਾ ਲੱਗੀ। ਤਦੋਂ ਉਹ ਭਾਈ ਸਾਹਿਬ ਨਾਲ ਚਰਚਾ ਕਰਨ ਲਈ ਰਾਜੇ ਦੇ ਦਰਬਾਰ ਵਿਚ ਆਏ, ਜਿਥੇ ਖ਼ਾਸ ਕਰਕੇ ਤਿੰਨ ਵਿਸ਼ਿਆਂ ਉੱਪਰ ਬਹੁਤ ਵੱਡੀ ਬਹਿਸ ਹੋਈ : ੧. ਸਾਰੇ ਤੀਰਥਾਂ ਨੂੰ ਛੱਡ ਕੇ ਤੁਹਾਡੇ ਗੁਰੂ ਨੇ ਅੰਮ੍ਰਿਤਸਰ ਨਵਾਂ ਤੀਰਥ ਕਿਉਂ ਰਚਿਆ ? ੨. ਸਾਰੇ ਬੇਦ ਸ਼ਾਸਤ੍ਰ ਛੱਡ ਕੇ ਤੁਹਾਡੇ ਗੁਰੂ ਜੀ ਨੇ (ਗੁਰੂ) ਗ੍ਰੰਥ ਸਾਹਿਬ ਜੀ ਦੀ ਨਵੀਂ ਰਚਨਾ ਕਿਉਂ ਕੀਤੀ, ਇਸ ਦੀ ਕੀ ਲੋੜ ਸੀ ? ੩. ਪਰਮਾਤਮਾ ਦੇ ਅਨੰਤ ਨਾਮ ਪਹਿਲਾਂ ਹੀ ਬਹੁਤ ਸਨ, ਤੁਸੀਂ ਇਹ ਸਾਰੇ ਛੱਡ ਕੇ 'ਵਾਹਿਗੁਰੂ ਮੰਤ੍ਰ' ਵੱਖਰਾ ਕਿਉਂ ਉਚਾਰਣ ਕੀਤਾ ? ਅੱਗੋਂ ਭਾਈ ਸਾਹਿਬ ਜੀ ਨੇ ਇਨ੍ਹਾਂ ਤਿੰਨਾਂ ਪ੍ਰਸ਼ਨਾਂ ਦਾ ਬਹੁਤ ਲਾਜਵਾਬ ਉੱਤਰ ਦਿੱਤਾ, ਜਿਸ ਨੂੰ ਸੁਣ ਕੇ ਉਹ ਬ੍ਰਾਹਮਣ ਸਾਰੇ ਭਾਈ ਗੁਰਦਾਸ ਜੀ ਦੇ ਚਰਨੀਂ ਪਏ ਅਤੇ ਸ਼ਰਧਾਲੂ ਬਣ ਗਏ। ਇਨ੍ਹਾਂ ਤਿੰਨਾਂ ਬਹਿਸਾਂ ਦੀ ਵਿਚਾਰ ਇਤਿਹਾਸ ਦੇ ਪੰਨਿਆਂ ਉੱਪਰ ਵਿਸਤਾਰ ਪੂਰਬਕ 'ਭਾਈ ਗੁਰਦਾਸ ਜੀ ਕੀ ਕਾਸ਼ੀ ਦੀ ਚਰਚਾ' ਵਿਚ ਪੜ੍ਹੀ ਜਾ ਸਕਦੀ ਹੈ। ਏਥੇ ਵਿਸਤਾਰ ਦੇ ਭੈ ਤੋਂ ਨਹੀਂ ਲਿਖੀ ਗਈ।

ਉੱਧਰ ਦੂਸਰੇ ਪਾਸੇ ਜਦੋਂ ਭਾਈ ਗੁਰਦਾਸ ਜੀ ਤੰਬੂ ਪਾੜ ਕੇ ਕਾਂਸ਼ੀ ਵੱਲ ਨੂੰ ਚਲੇ ਗਏ ਸਨ ਤਾਂ ਬਾਹਰੋਂ ਵਪਾਰੀ ਨੇ ਸਿੱਖਾਂ ਨੂੰ ਕਿਹਾ ਕਿ ਭਾਈ ਗੁਰਦਾਸ ਜੀ ਅਜੇ ਤੱਕ ਬਾਹਰ ਕਿਉਂ ਨਹੀਂ ਆਏ, ਤਦੋਂ ਉਨ੍ਹਾਂ ਨੇ ਅੰਦਰ ਜਾ ਕੇ ਦੇਖਿਆ ਕਿ ਉਥੇ ਭਾਈ ਗੁਰਦਾਸ ਜੀ ਨਹੀਂ ਸਨ, ਪਿੱਛੋਂ ਤੰਬੂ ਪਾਟਿਆ ਹੋਇਆ ਹੈ ਤੇ ਮੋਹਰਾਂ ਦੀਆਂ ਪੇਟੀਆਂ ਵੀ ਖਿੱਲਰੀਆਂ ਪਈਆਂ ਹਨ। ਇਹ ਹੈਰਾਨੀ ਵਾਲੀ ਗੱਲ ਸੀ। ਪਰ ਸਿੱਖਾਂ ਨੇ ਮੋਹਰਾਂ ਸੰਭਾਲੀਆਂ ਤੇ ਘੋੜਿਆਂ ਦਾ ਮੁੱਲ ਤਾਰਿਆ, ਵਪਾਰੀ ਪ੍ਰਸੰਨ ਚਿੱਤ ਹੋ ਕੇ ਚਲਾ ਗਿਆ ਤੇ ਸਿੱਖਾਂ ਨੇ ਬਚੀਆਂ ਮੋਹਰਾਂ ਤੋਂ ਪੰਜ ਘੋੜੇ ਹੋਰ ਵੀ ਖ਼ਰੀਦੇ, ਜਿਨ੍ਹਾਂ ਵਿੱਚੋਂ ਇਕ ਦਾ ਮੁੱਲ ਉਥੋਂ ਦੀਆਂ ਸੰਗਤਾਂ ਨੇ ਤਾਰਨਾ ਕੀਤਾ। ਜਦੋਂ ਭਾਈ ਗੁਰਦਿੱਤਾ ਜੀ ਤੇ ਮੁਨਸ਼ੀ ਦੁਨੀਚੰਦ ਉਥੋਂ ਇਕ ਮੰਜ਼ਲ ਵਾਪਸ ਆਏ, ਤਦੋਂ ਭਾਈ ਗੁਰਦਿੱਤੇ ਦੇ ਦੋ ਸੰਬੰਧੀ ਆ ਕੇ ਮਿਲੇ, ਉਨ੍ਹਾਂ ਕਿਹਾ ਕਿ ਰਾਤੀਂ ਤੇਰੇ ਘਰ ਵਿਚ ਚੋਰ ਆਏ ਸਨ, ਜਿਨ੍ਹਾਂ ਨੇ ਚੋਰੀ ਦੇ ਨਾਲ ਤੇਰੇ ਪੁੱਤਰ ਦਾ ਵੀ ਕਤਲ ਕਰ ਦਿੱਤਾ ਹੈ। ਰੌਲਾ ਪੈਣ ਤੋਂ ਬਾਕੀ ਦੇ ਚੋਰ ਤਾਂ ਭੱਜ ਗਏ ਹਨ, ਪਰ

ਇਕ ਚੋਰ ਨਗਰ ਵਾਲਿਆਂ ਨੇ ਫੜ ਕੇ ਰੱਖਿਆ ਹੋਇਆ ਹੈ। ਤੂੰ ਜਲਦੀ ਚੱਲ, ਕੀ ਪਤਾ ਤੇਰਾ ਲੁੱਟਿਆ ਹੋਇਆ ਸਾਮਾਨ ਕੁਝ ਵਾਪਸ ਹੋ ਸਕੇ। ਅੱਗੋਂ ਹਰਖ ਸੋਗ ਵਿਚ ਇਕ-ਸਮਾਨ ਰਹਿਣ ਵਾਲੇ ਭਾਈ ਗੁਰਦਿੱਤਾ ਜੀ ਨੇ ਕਿਹਾ ਕਿ ਜੋ ਕੁਝ ਹੋਣਾ ਸੀ ਉਹ ਹੋ ਚੁੱਕਾ ਹੈ। ਤੁਸੀਂ ਜਾਓ ਤੇ ਬੱਚੇ ਦਾ ਸਸਕਾਰ ਕਰ ਦੇਵੋ, ਉਸਦਾ ਸਾਰੇ ਪਰਿਵਾਰ ਨਾਲ ਇਤਨਾ ਹੀ ਸੰਜੋਗ ਸੀ। ਬਾਕੀ ਜੋ ਸਾਡੀ ਪਰਾਲਬਧ ਦਾ ਧਨ ਪਦਾਰਥ ਹੈ, ਉਤਨਾ ਕੁ ਹੀ ਕੋਲ ਰਿਹਾ ਹੈ। ਬਾਕੀ ਸਾਡਾ ਨਹੀਂ ਹੋਵੇਗਾ ਪਰ ਮੈਂ ਆਪਣੇ ਗੁਰੂ ਦੇ ਕਾਰਜ ਨੂੰ ਵਿਚਕਾਰ ਨਹੀਂ ਛੱਡਾਂਗਾ। ਇਹ ਕਾਰਜ ਸੰਪੂਰਨ ਹੋਣ ’ਤੇ ਗੁਰੂ ਜੀ ਦੀ ਆਗਿਆ ਪਾ ਕੇ ਹੀ ਘਰ ਨੂੰ ਜਾਵਾਂਗਾ। ਇਉਂ ਇਹ ਮੰਜ਼ਲਾਂ ਤੈਅ ਕਰਦੇ ਹੋਏ ਸਤਿਗੁਰੂ ਜੀ ਦੇ ਪਾਸ ਪਹੁੰਚੇ ਤੇ ਕਾਬਲ ਤੋਂ ਲੈ ਕੇ ਸਾਰੀ ਵਾਰਤਾ ਕਹਿ ਸੁਣਾਈ। ਗੁਰੂ ਜੀ ਦੀਆਂ ਬਹੁਤ ਖ਼ੁਸ਼ੀਆਂ ਹੋਈਆਂ ਕਿ ਤੁਸੀਂ ਨਿਰਹੰਕਾਰ ਹੋ ਕੇ ਸਿਦਕ ਪਾਲਿਆ ਹੈ। ਆਉਣ ਵਾਲੇ ਸਮੇਂ ਵਿਚ ਤੁਹਾਡੇ ਸਿਦਕ ਦੀਆਂ ਮਿਸਾਲਾਂ ਦਿੱਤੀਆਂ ਜਾਇਆ ਕਰਨਗੀਆਂ।

ਉੱਧਰ ਭਾਈ ਗੁਰਦਾਸ ਜੀ ਦੇ ਭਾਵੇਂ ਰਾਜਾ, ਪਰਜਾ ਤੇ ਕਾਂਸ਼ੀ ਦੇ ਪੰਡਤ ਸਾਰੇ ਭਾਈ ਜੀ ਦੇ ਸ਼ਰਧਾਲੂ ਬਣ ਗਏ। ਉਨ੍ਹਾਂ ਸ਼ਰਧਾਲੂਆਂ ਦੀ ਗਿਣਤੀ ਸੱਤ ਸੌ ਤੱਕ ਪਹੁੰਚ ਗਈ। ਪਰ ਗੁਰੂ ਦੇ ਵਿਛੋੜੇ ਵਿਚ ਅਤੇ ਆਪਣੇ ਕੀਤੇ ’ਤੇ ਇਤਨਾ ਪਸ਼ਚਾਤਾਪ ਕਰਦੇ ਰਹਿੰਦੇ ਕਿ ਕਈ ਵਾਰ ਵੈਰਾਗ ਦੇ ਹੰਝੂ ਵਹਾਉਂਦੇ ਹੋਏ ਬੇਨਤੀਆਂ ਕਰਦੇ ਸਨ ਕਿ ਹੇ ਸਤਿਗੁਰੂ ਜੀ! ਤੁਸੀਂ ਆਪਣੇ ਮਿਲਣ ਦਾ ਕੋਈ ਆਪ ਹੀ ਰਾਹ ਕੱਢੋ। ਹੁਣ ਮੇਰੇ ਕੋਲੋਂ ਇਹ ਵਿਛੋੜਾ ਸਹਿਆ ਨਹੀਂ ਜਾਂਦਾ। ਇਸੇ ਯਾਦ ਵਿਚ ਭਾਈ ਸਾਹਿਬ ਜੀ ਨੂੰ ਇਕ ਰਾਤ ਸੁਪਨੇ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਹੋਏ। ਸੁਪਨੇ ਵਿਚ ਸਤਿਗੁਰਾਂ ਨੇ ਐਸਾ ਚੋਜ ਕੀਤਾ ਕਿ ਭਾਈ ਗੁਰਦਾਸ ਜੀ ਮਹਿਸੂਸ ਕਰਨ ਲੱਗੇ ਕਿ ਜਿਵੇਂ ਅੱਜ ਲੋਕ-ਪ੍ਰਲੋਕ ਦੇ ਮਿਤ੍ਰ ਸਤਿਗੁਰੂ ਜੀ ਮੈਨੂੰ ਆ ਕੇ ਪ੍ਰਾਪਤ ਹੋਏ ਹਨ ਅਤੇ ਸੁਪਨੇ ਵਿਚ ਦਿਆਲੂ ਸਤਿਗੁਰੂ ਜੀ ਨੇ ਕਮਲ ਸਰੀਖੇ ਨੇਤ੍ਰਾਂ ਨਾਲ ਮੇਰੇ ਵੱਲ ਵੇਖਿਆ ਅਤੇ ਮੁਖੋਂ ਬਹੁਤ ਮਧੁਰ ਮਧੁਰ ਬਚਨ ਬੋਲੇ ਮਾਨੋ ਕੰਨਾਂ ਨਾਲ ਅੰਮ੍ਰਿਤ ਹੀ ਪਿਲਾ ਦਿੱਤਾ ਹੋਵੇ। ਮੇਰੇ ਅੰਤਸ਼ਕਰਣ ਦੀ ਸੇਜਾ ਉੱਪਰ ਐਸੇ ਸੁਭਾਇਮਾਨ ਹੋਏ ਕਿ ਉਨ੍ਹਾਂ ਦੇ ਦਰਸ਼ਨਾਂ ਵਿਚ ਮੇਰੀ ਸੁਰਤ ਸੁਤੇ-ਸਿੱਧ ਹੀ ਵਿਸਮਾਦ ਹੋ ਗਈ। ਉਧਰੋਂ ਕਿਤੇ ਪਪੀਹੇ ਨੇ ਐਸੀ ਆਵਾਜ਼ ਦਿੱਤੀ ਕਿ ਮੇਰੀਆਂ ਅੱਖਾਂ ਖੁੱਲ੍ਹ ਗਈਆਂ, ਜਿਸ ਨੂੰ ਮੈਂ ਸੱਚ ਸਮਝ ਕੇ ਦਰਸ਼ਨਾਂ ਦਾ ਅਨੰਦ ਪ੍ਰਾਪਤ ਕਰ ਰਿਹਾ ਸੀ। ਅੱਖਾਂ ਖੁੱਲ੍ਹੀਆਂ ਤੋਂ ਪਤਾ ਚੱਲਿਆ ਕਿ ਵਿਛੋੜਾ ਤਾਂ ਜਿਉਂ ਦਾ ਤਿਉਂ ਹੀ ਹੈ, ਅਜੇ ਮਿਲਾਪ ਨਹੀਂ ਹੋਇਆ। ਮੇਰੀ ਹਾਲਤ ਪਾਣੀ ਤੋਂ ਵਿੱਛੜੀ ਮੱਛੀ ਵਾਂਗ ਹੋਈ ਪਈ ਹੈ ਮਾਨੋ ਸੁਪਨੇ ਨੇ ਵਿਛੋੜੇ ਦੀ ਅਗਨੀ ਹੋਰ ਪ੍ਰਜਵੱਲਤ ਕਰ ਦਿੱਤੀ ਹੈ, ਇਸ ਅਵਸਥਾ ਨੂੰ ਬਿਆਨ ਕਰਦਿਆਂ ਉਨ੍ਹਾਂ ਨੇ ਆਪਣੀ ਰਚਨਾ ਕਬਿੱਤ ਸਵੱਈਆਂ ਵਿਚ ਇਸ ਪ੍ਰਕਾਰ ਬਿਆਨ ਕੀਤਾ ਹੈ, ਜੈਸਾ ਕਿ :

**ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈ ॥**
**ਪਰਮ ਦਇਆਲ ਲਾਲ ਲੋਚਨ ਬਿਸਾਲ ਮੁਖ ਬਚਨ ਰਸਾਲ ਮਧੁ ਮਧੁਰ ਪੀਆਏ ਹੈ ॥**
**ਸੋਭਿਤ ਸਿਹਜਾਸਨ ਬਿਲਾਸਨ ਦੈ ਅੰਕਮਾਲ ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈ ॥**
**ਚਾਤ੍ਰਿਕ ਸਬਦ ਸੁਨਿ ਅਖੀਆਂ ਉਘਰ ਗਈ ਭਈ ਜਲ ਮੀਨ ਗਤਿ ਬਿਰਹ ਜਗਾਏ ਹੈ ॥੨੦੫॥**

*(ਕਬਿੱਤ ਸਵੱਯੇ)*

ਉੱਧਰ ਅੰਤਰਜਾਮੀ ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਦੀ ਅੰਦਰਲੀ ਵਿਛੋੜੇ ਦੀ ਅਵਸਥਾ ਸਮਝਦੇ ਹੋਇਆਂ ਆਪਣੇ ਨਿਕਟਵਰਤੀ ਦੋ ਸਿੱਖ ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਨੂੰ ਕਾਂਸ਼ੀ ਵਿਚ ਭੇਜਿਆ ਕਾਂਸ਼ੀ ਦੇ ਰਾਜੇ ਦੇ ਨਾਂ ’ਤੇ ਹੁਕਮ ਵੀ ਲਿਖਿਆ ਕਿ ਤੇਰੀ ਨਗਰੀ ਵਿਚ ਗੁਰਦਾਸ ਨਾਮ ਦਾ ਸਾਡਾ ਇਕ ਚੋਰ ਰਹਿੰਦਾ ਹੈ। ਉਸ ਨੂੰ ਪਕੜ ਕੇ ਤੇ ਮੁਸ਼ਕਾਂ ਬੰਨ੍ਹ ਕੇ ਸਾਡੇ ਸਿੱਖਾਂ ਦੇ ਹਵਾਲੇ ਕਰ ਦਿੱਤਾ ਜਾਵੇ। ਇਹ ਸਿੱਖ ਜਦੋਂ ਕਾਂਸ਼ੀ ਪਹੁੰਚੇ ਤੇ ਕਾਂਸ਼ੀ ਦੇ ਰਾਜੇ ਨੂੰ ਮਿਲੇ ਤੇ ਰਾਜੇ ਨੇ ਗੁਰੂ ਜੀ ਦਾ ਹੁਕਮ ਮੰਨਦਿਆਂ ਸਾਰੇ ਸ਼ਹਿਰ ਵਿਚ ਢੰਡੋਰਾ ਫਿਰਵਾ ਦਿੱਤਾ ਤੇ ਸਿੱਖਾਂ ਨੂੰ ਮਹਿਮਾਨ ਖ਼ਾਨੇ ਵਿਚ ਸਤਿਕਾਰ ਨਾਲ ਨਿਵਾਸ ਕਰਾਇਆ

ਅਤੇ ਕਿਹਾ ਕਿ ਚੋਰ ਮਿਲਦਿਆਂ ਹੀ ਤੁਹਾਡੇ ਹਵਾਲੇ ਕਰ ਦੇਵਾਂਗਾ। ਇਹ ਢੰਡੋਰੇ ਦੀ ਅਵਾਜ਼ ਚੇਤਨ ਮੱਠ ਵਿਚ ਭਾਈ ਗੁਰਦਾਸ ਜੀ ਦੇ ਕੰਨਾਂ ਵਿਚ ਵੀ ਪਈ। ਇਹ ਆਵਾਜ਼ ਸੁਣ ਕੇ ਭਾਈ ਗੁਰਦਾਸ ਜੀ ਨੂੰ ਕੁਝ ਹੌਂਸਲਾ ਹੋਇਆ ਕਿ ਗੁਰੂ ਜੀ ਦੇ ਮਿਲਾਪ ਦਾ ਸਮਾਂ ਨੇੜੇ ਆ ਗਿਆ ਹੈ। ਉਹ ਕਾਹਲੀ ਨਾਲ ਕਾਂਸ਼ੀ ਦੇ ਰਾਜੇ ਨੂੰ ਆ ਕੇ ਮਿਲੇ ਅਤੇ ਪੁੱਛਿਆ ਕਿ ਇਹ ਢੰਡੋਰਾ ਕਿਸ ਲਈ ਹੈ। ਰਾਜੇ ਨੇ ਦੱਸਿਆ ਕਿ ਗੁਰੂ ਜੀ ਦਾ ਹੁਕਮ ਆਇਆ ਹੈ ਕਿ ਕੋਈ ਗੁਰਦਾਸ ਨਾਮ ਦਾ ਚੋਰ ਮੇਰੀ ਨਗਰੀ ਵਿਚ ਆਇਆ ਹੈ। ਤਾਂ ਭਾਈ ਗੁਰਦਾਸ ਜੀ ਹੱਸ ਕੇ ਕਹਿਣ ਲੱਗੇ ਕਿ ਜੇਕਰ ਮੈਂ ਚੋਰ ਪਕੜਾਉਣ ਵਿਚ ਤੁਹਾਡੀ ਮਦਦ ਕਰ ਦੇਵਾਂ। ਰਾਜੇ ਨੇ ਕਿਹਾ ਕਿ ਇਸ ਤੋਂ ਚੰਗੀ ਹੋਰ ਕਿਹੜੀ ਗੱਲ ਹੋਵੇਗੀ ਮੈਂ ਚੋਰ ਨੂੰ ਪਕੜਾ ਕੇ ਗੁਰੂ ਦੀ ਖ਼ੁਸ਼ੀ ਪ੍ਰਾਪਤ ਕਰਾਂਗਾ। ਭਾਈ ਗੁਰਦਾਸ ਜੀ ਨੇ ਕਿਹਾ ਕਿ ਗੁਰੂ ਦਾ ਚੋਰ ਮੈਂ ਹੀ ਹਾਂ। ਰਾਜਾ ਇਸ ਗੱਲ ’ਤੇ ਹੈਰਾਨ ਹੋ ਕੇ ਕਹਿਣ ਲੱਗਾ ਕਿ ਇਹ ਨਹੀਂ ਹੋ ਸਕਦਾ। ਭਾਈ ਗੁਰਦਾਸ ਜੀ ਨੇ ਕਿਹਾ ਕਿ ਜੋ ਸਿੱਖ ਸੁਨੇਹਾ ਲੈ ਕੇ ਆਏ ਹਨ, ਉਨ੍ਹਾਂ ਨੂੰ ਬੁਲਾਉ, ਤੁਹਾਨੂੰ ਪਤਾ ਚੱਲ ਜਾਵੇਗਾ। ਤਾਂ ਰਾਜੇ ਨੇ ਉਹ ਦੋਵੇਂ ਸਿੱਖ ਬੁਲਾਏ ਫੇਰ ਭਾਈ ਗੁਰਦਾਸ ਜੀ ਅਤੇ ਉਹ ਦੋਵੇਂ ਸਿੱਖ ਗਲਵਕੜੀ ਪਾ ਕੇ ਮਿਲੇ ਤੇ ਭਾਈ ਸਾਹਿਬ ਜੀ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਆ ਗਏ ਕਿ ਸ਼ੁਕਰ ਹੈ ਤੁਹਾਡੇ ਦਰਸ਼ਨਾਂ ਤੋਂ ਇਹ ਸਿੱਧ ਹੋ ਗਿਆ ਹੈ ਕਿ ਹੁਣ ਵਿਛੋੜੇ ਦੀਆਂ ਕਾਲੀਆਂ ਘਟਾਵਾਂ ਦੇ ਖ਼ਤਮ ਹੋਣ ਦਾ ਸਮਾਂ ਆ ਗਿਆ ਹੈ। ਮੈਂ ਤਾਂ ਗੁਰੂ ਅਤੇ ਗੁਰੂ ਦੇ ਦਰਸ਼ਨਾਂ ਨੂੰ ਤਰਸਿਆ ਪਿਆ ਸੀ। ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਵੀ ਭਾਈ ਗੁਰਦਾਸ ਜੀ ਦੇ ਨਿਮਰਤਾ ਅਤੇ ਗੁਰੂ ਪ੍ਰੇਮ ਨਾਲ ਭਿੱਜੇ ਹੋਏ ਬਚਨਾਂ ਨੂੰ ਸੁਣ ਕੇ ਅੱਖਾਂ ਵਿਚ ਹੰਝੂ ਭਰ ਆਏ ਅਤੇ ਦੱਸਿਆ ਕਿ ਗੁਰੂ ਦਾ ਹੁਕਮ ਤੁਹਾਨੂੰ ਮੁਸ਼ਕਾਂ ਬੰਨ੍ਹ ਕੇ ਲੈ ਜਾਣ ਦਾ ਹੈ। ਕਾਂਸ਼ੀ ਦੇ ਰਾਜੇ ਨੇ ਕਿਹਾ ਕਿ ਮੈਂ ਵੀ ਤੁਹਾਡੇ ਨਾਲ ਚੱਲਾਂਗਾ। ਸੱਤ ਸੌ ਸੰਗਤਾਂ ਦੇ ਸਮੇਤ ਜਦੋਂ ਕਾਂਸ਼ੀ ਤੋਂ ਤੁਰਨ ਲੱਗੇ ਤਾਂ ਭਾਈ ਗੁਰਦਾਸ ਜੀ ਨੇ ਕਿਹਾ ਕਿ ਗੁਰੂ ਜੀ ਦੇ ਹੁਕਮ ਅਨੁਸਾਰ ਮੇਰੀਆਂ ਮੁਸ਼ਕਾਂ ਬੰਨ੍ਹ ਦੇਵੋ ਤਾਂ ਬਿਧੀ ਚੰਦ ਤੇ ਭਾਈ ਜੇਠਾ ਜੀ ਨੇ ਕਿਹਾ ਕਿ ਸਫ਼ਰ ਬਹੁਤ ਲੰਮਾ ਹੈ ਮੁਸ਼ਕਾਂ ਬੰਨ੍ਹਿਆਂ ਰਸਤੇ ਵਿਚ ਬਹੁਤ ਦੇਰ ਲੱਗ ਜਾਵੇਗੀ। ਅਸੀਂ ਅੰਮ੍ਰਿਤਸਰ ਦੀ ਜੂਹ ਵਿਚ ਜਾ ਕੇ ਤੁਹਾਡੀਆਂ ਮੁਸ਼ਕਾਂ ਬੰਨ੍ਹ ਲਵਾਂਗੇ। ਜਿਸ ਨਾਲ ਗੁਰੂ ਦਾ ਬਚਨ ਵੀ ਮੰਨਿਆ ਜਾਵੇਗਾ ਤੇ ਸਫ਼ਰ ਵੀ ਸੌਖਾ ਹੋ ਜਾਵੇਗਾ ਤਾਂ ਭਾਈ ਗੁਰਦਾਸ ਜੀ ਨੇ ਕਿਹਾ ਕਿ ਤੁਹਾਡੇ ਦੁਆਰਾ ਮੈਨੂੰ ਗੁਰੂ ਦਾ ਹੁਕਮ ਮਿਲਿਆ ਹੈ। ਤੁਸੀਂ ਗੁਰੂ ਦੇ ਨਿਵਾਜੇ ਹੋਏ ਗੁਰੂ ਦੇ ਦਰ ਤੋਂ ਆਏ ਹੋ। ਜਿਵੇਂ ਤੁਸੀਂ ਠੀਕ ਸਮਝੋ ਉਵੇਂ ਤੁਸੀਂ ਲੈ ਚੱਲੋ।

ਫੇਰ ਤੁਰਦੇ ਹੋਏ ਜਦੋਂ ਭਾਈ ਗੁਰਦਾਸ ਜੀ ਸੱਤ ਸੌ ਸ਼ਰਧਾਲੂਆਂ ਸਮੇਤ ਸ੍ਰੀ ਅੰਮ੍ਰਿਤਸਰ ਦੀ ਜੂਹ ਵਿਚ ਪਹੁੰਚੇ, ਤਦੋਂ ਜੂਹ ਤੋਂ ਬਾਹਰ ਭਾਈ ਗੁਰਦਾਸ ਜੀ ਨੂੰ ਮੁਸ਼ਕਾਂ ਬੰਨ੍ਹ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਗੁਰੂ ਜੀ ਦੀ ਹਜ਼ੂਰੀ ਵਿਚ ਪੇਸ਼ ਕੀਤਾ ਗਿਆ। ਤਦ ਸਾਰੀ ਸੰਗਤ ਦੇ ਵਿਚ ਬੈਠੇ ਹੋਇਆਂ ਸਤਿਗੁਰਾਂ ਨੇ ਭਾਈ ਗੁਰਦਾਸ ਜੀ ਤੋਂ ਪ੍ਰਸ਼ਨ ਰੂਪ ਵਿਚ ਪੁੱਛਿਆ ਕਿ ‘ਜੇ ਗੁਰ ਸਾਂਗਿ ਵਰਤਦਾ ਸਿੱਖ ਸਿਦਕ ਨਾ ਹਾਰੇ।’ ਪਰ ਭਾਈ ਗੁਰਦਾਸ ਜੀ ਨੀਵੀਂ ਪਾ ਕੇ ਖੜ੍ਹੇ ਰਹੇ ਤੇ ਕੁਝ ਵੀ ਨਾ ਬੋਲੇ। ਗੁਰੂ ਜੀ ਨੇ ਦੂਸਰੀ ਵਾਰ ਫਿਰ ਉਹੀ ਬਚਨ ਦੁਹਰਾਏ ਪਰ ਭਾਈ ਸਾਹਿਬ ਜੀ ਫੇਰ ਵੀ ਨੀਵੀਂ ਪਾ ਕੇ ਖੜ੍ਹੇ ਰਹੇ, ਜਦੋਂ ਸਤਿਗੁਰਾਂ ਨੇ ਤੀਸਰੀ ਵਾਰ ਉਹੀ ਬਚਨ ਦੁਹਰਾਏ ਕਿ ਤੁਸੀਂ ਹੀ ਕਿਹਾ ਸੀ ਜੇ ਗੁਰੂ ਸਾਂਗ ਵਰਤਾ ਦੇਵੇ ਤਾਂ ਸਿੱਖ ਨੂੰ ਸਿਦਕ ਨਹੀਂ ਹਾਰਨਾ ਚਾਹੀਦਾ। ਫੇਰ ਉਸ ਵੇਲੇ ਤੁਹਾਡਾ ਸਿਦਕ ਕਿਥੇ ਗਿਆ ਸੀ। ਜੇਕਰ ਸਿਦਕ ਵੇਖਣਾ ਹੈ ਤਾਂ ਤੇਰੇ ਇਹ ਦੋ ਸਾਥੀ ਮੁਨਸ਼ੀ ਦੂਨੀ ਚੰਦ ਤੇ ਭਾਈ ਗੁਰਦਿੱਤੇ ਵੱਲ ਦੇਖ। ਇਹ ਹੈ ਅਸਲੀ ਸਿਦਕ। ਤਦੋਂ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਵੱਲ ਚਿਹਰਾ ਕਰਦਿਆਂ ਹੰਝੂਆਂ ਨਾਲ ਸੇਜਲ ਹੋਈਆਂ ਅੱਖਾਂ ਤੇ ਥਿੜ ਥਿੜਾਉਂਦੀ ਅਵਾਜ਼ ਵਿਚ ਪਹਿਲਾਂ ਕਹੇ ਹਉਮੈ ਵਾਲੇ ਬਚਨਾਂ ਦੀ ਦਰੁਸਤੀ ਕਰਦਿਆਂ ਇਹ ਬਚਨ ਉਚਾਰੇ। ਜੈਸਾ ਕਿ :

**ਜੇ ਮਾਉ ਪੁਤੈ ਵਿਸੁ ਦੇ ਤਿਸਤੇ ਕਿਸੁ ਪਿਆਰਾ। ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।**
**ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ। ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।**
**ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ। ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ॥੨੨॥**
*(ਵਾਰ ੩੫, ਪਉੜੀ ੨੨)*

ਫੇਰ ਗੁਰੂ ਜੀ ਨੇ ਆਪ ਉੱਠ ਕੇ ਭਾਈ ਸਾਹਿਬ ਜੀ ਦੀਆਂ ਮੁਸ਼ਕਾਂ ਖੋਲ੍ਹੀਆਂ ਤੇ ਆਪਣੇ ਗਲ ਨਾਲ ਲਾਇਆ। ਬਾਬਾ ਬੁੱਢਾ ਜੀ ਤੇ ਹੋਰ ਸਿਆਣੇ ਸਿੱਖਾਂ ਨੇ ਪੁੱਛਿਆ ਕਿ ਗੁਰੂ ਜੀ ! ਇਤਨੀ ਛੋਟੀ ਜਿਹੀ ਗ਼ਲਤੀ ਦੀ ਤੁਸੀਂ ਇਤਨੀ ਵੱਡੀ ਸਜ਼ਾ ਕਿਉਂ ਦਿੱਤੀ ? ਤਾਂ ਸਤਿਗੁਰੂ ਜੀ ਨੇ ਕਿਹਾ ਕਿ ਜਿਵੇਂ ਸੁਨਿਆਰਾ ਸੋਨੇ ਵਿਚ ਥੋੜ੍ਹੀ ਜਿਹੀ ਵੀ ਖੋਟ ਬਰਦਾਸ਼ਤ ਨਹੀਂ ਕਰਦਾ ਤੇ ਬਾਰਾਂ ਵੰਨੀ ਦਾ ਸ਼ੁੱਧ ਸੋਨਾ ਬਣਾਉਣ ਲਈ ਵਾਰ-ਵਾਰ ਉਸ ਨੂੰ ਅੱਗ ਉੱਪਰ ਤਾਅ ਦੇਂਦਾ ਹੈ। ਏਸੇ ਪ੍ਰਕਾਰ ਗੁਰੂ ਨੂੰ ਵੀ ਸਿੱਖੀ ਵਿਚ ਕੋਈ ਖੋਟ ਪ੍ਰਵਾਨ ਨਹੀਂ ਹੈ। ਖੋਟ ਤਾਂ ਖੋਟ ਹੈ ਭਾਵੇਂ ਥੋੜ੍ਹੀ ਜਾਂ ਬਹੁਤੀ। ਇਸ ਲਈ ਮੈਂ ਚਾਹੁੰਦਾ ਹਾਂ ਕਿ ਮੇਰੇ ਸਿੱਖ ਵਿਚ ਸਿੱਖੀ ਬਾਰਾਂ ਵੰਨੀ ਦੇ ਸੋਨੇ ਵਾਂਗ ਸ਼ੁੱਧ ਹੋਵੇ।

ਸੋ ਇਸ ਪ੍ਰਕਾਰ ਭਾਈ ਗੁਰਦਾਸ ਜੀ ਸੁਪਨੇ ਵਿਚ ਵੀ ਸਤਿਗੁਰਾਂ ਦੇ ਦਰਸਨ ਕਰਕੇ ਉਨ੍ਹਾਂ ਦੇ ਸਰੂਪ ਤੋਂ ਬਲਿਹਾਰ ਕੁਰਬਾਨ ਜਾਂਦੇ ਸਨ।

## ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ; ਸਫਲ ਦਰਸਨੁ ਕਦਿ ਪਾਂਉ ॥੧॥ਰਹਾਉ॥

ਜਿਉ = ਜਿਵੇਂ, ਚਾਤ੍ਰਿਕ = ਬੰਬੀਹੇ ਦੇ ਅੰਤਰਿ = ਅੰਦਰ ਸ੍ਵਾਂਤੀ ਬੂੰਦ ਰੂਪ ਜਲ = ਪਾਣੀ ਕੀ = ਦੀ ਪਿਆਸ = ਤ੍ਰੇਹ ਹੁੰਦੀ ਹੈ, ਤਿਵੇਂ ਮੇਰੇ ਹਿਰਦੇ ਅੰਦਰ ਗੁਰੂ **ਵਾ:** ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਹੈ ਕਿ ਮੈਂ ਸਫਲ = ਸਹਿਤ ਗਿਆਨ ਫਲ ਦੇ ਕਦਿ = ਕਦੋਂ ਗੁਰੂ **ਵਾ:** ਪਰਮੇਸ਼ਰ ਦੇ ਦਰਸਨੁ = ਦੀਦਾਰ ਪਾਂਉ = ਪਾਉਣਾ ਕਰਾਂ।

**ਅਥਵਾ** ਜਿਵੇਂ ਬੰਬੀਹੇ ਦੇ ਅੰਦਰ ਸਵਾਂਤ ਨਛੱਤਰ ਵਿਚ ਵਰਸੇ ਬੱਦਲ ਦੇ ਪਾਣੀ ਦੀ ਪਿਆਸ ਹੁੰਦੀ ਹੈ, ਉਂਝ ਭਾਵੇਂ ਨਦੀਆਂ, ਸਮੁੰਦਰ, ਤਲਾਅ ਆਦਿ ਪਾਣੀ ਦੇ ਭਰੇ ਹੋਏ ਹਨ ਪਰ ਉਸ ਦੀ ਇਨ੍ਹਾਂ ਵਿੱਚੋਂ ਪਾਣੀ ਪੀਣ ਨਾਲ ਤ੍ਰਿਪਤੀ ਨਹੀਂ ਹੁੰਦੀ ਕਿਉਂਕਿ ਜੇ ਬੰਬੀਹਾ ਉਥੋਂ ਪਾਣੀ ਪੀ ਵੀ ਲਵੇ ਤਾਂ ਉਸ ਦੇ ਕੰਠ ਵਿਚ ਛੇਕ ਹੋਣ ਕਾਰਨ ਉਹ ਪਾਣੀ ਬਾਹਰ ਨਿਕਲ ਜਾਂਦਾ ਹੈ, ਇਸੇ ਪ੍ਰਕਾਰ ਜਗਿਆਸੂ ਰੂਪ ਬੰਬੀਹੇ ਦੇ ਅੰਦਰ ਗੁਰ ਉਪਦੇਸ਼ ਰੂਪੀ ਸਵਾਂਤੀ ਬੂੰਦ ਰੂਪ ਪਾਣੀ ਦੀ ਤ੍ਰੇਹ ਲੱਗੀ ਹੁੰਦੀ ਹੈ, ਉਂਝ ਭਾਵੇਂ ਵੇਦ, ਸ਼ਾਸਤਰ, ਸਿੰਮ੍ਰਿਤੀਆਂ ਆਦਿ ਸਾਰੇ ਗਿਆਨ ਰੂਪੀ ਪਾਣੀ ਨਾਲ ਭਰੇ ਹੋਏ ਹਨ, ਪਰ ਉਸ ਦੀ ਗੁਰ ਉਪਦੇਸ਼ ਰੂਪੀ ਸਵਾਂਤੀ ਬੂੰਦ ਤੋਂ ਬਿਨਾਂ ਤ੍ਰਿਪਤੀ ਨਹੀਂ ਹੁੰਦੀ। ਜੇਕਰ ਜਗਿਆਸੂ ਰੂਪ ਬੰਬੀਹਾ ਉਥੋਂ ਗਿਆਨ ਰੂਪੀ ਪਾਣੀ ਪੀ ਵੀ ਲਵੇ ਤਾਂ ਵੀ ਉਸ ਦੀ ਤ੍ਰਿਪਤੀ ਨਹੀਂ ਹੁੰਦੀ, ਭਾਵ ਜਗਿਆਸੂ ਰੂਪ ਬੰਬੀਹਾ ਇਕ ਕੰਨ ਰਾਹੀਂ ਸੁਣ ਕੇ ਦੂਸਰੇ ਕੰਨ ਰਾਹੀਂ ਬਾਹਰ ਕੱਢ ਦਿੰਦਾ ਹੈ ਅਰਥਾਤ ਹਿਰਦੇ ਵਿਚ ਨਹੀਂ ਵਸਾਉਂਦਾ॥੧॥ਰਹਾਉ॥

## ਅਨਾਥਾ ਕੋ ਨਾਥੁ, ਸਰਬ ਪ੍ਰਤਿਪਾਲਕੁ; ਭਗਤਿ ਵਛਲੁ ਹਰਿ ਨਾਉ ॥

ਹੇ ਪਰਮੇਸ਼ਰ ! ਤੂੰ ਅਨਾਥਾ = ਗ਼ਰੀਬਾਂ (ਬੇਆਸਰਿਆਂ) ਕੋ = ਦਾ ਨਾਥੁ = ਸੁਆਮੀ ਹੈਂ, ਸਰਬ = ਸਾਰਿਆਂ ਦੀ ਪ੍ਰਤਿਪਾਲਕੁ = ਪਾਲਣਾ ਕਰਨ ਵਾਲਾ ਹੈਂ, ਹੇ ਹਰਿ = ਪਰਮੇਸ਼ਰ ! ਭਗਤਿ = ਭਗਤੀ ਕਰਨ ਵਾਲੇ ਪੁਰਖਾਂ ਨੂੰ ਵਛਲੁ = ਪਿਆਰ ਕਰਨ ਵਾਲਾ ਤੇਰਾ ਨਾਉ = ਨਾਮ ਹੈ **ਵਾ:** ਤੇਰਾ ਨਾਮ ਭਗਤਾਂ ਦਾ ਪਿਆਰਾ ਪਿਆ ਹੋਇਆ ਹੈ।

## ਜਾ ਕਉ ਕੋਇ ਨ ਰਾਖੈ ਪ੍ਰਾਣੀ; ਤਿਸੁ ਤੂ ਦੇਹਿ ਅਸਰਾਉ ॥੧॥

ਜਾ = ਜਿਸ ਪ੍ਰਾਣੀ = ਜੀਵ ਕਉ = ਦੇ ਤਾਈਂ ਕੋਇ = ਕੋਈ ਵੀ ਨ = ਨਹੀਂ ਰਾਖੈ = ਰੱਖ ਸਕਦਾ, ਤਿਸੁ = ਉਸ ਨੂੰ ਤੂੰ ਆਪਣਾ ਅਸਰਾਉ = ਆਸਰਾ ਦੇ ਕੇ ਨਿਹਾਲ ਕਰ ਦੇਹਿ = ਦਿੰਦਾ ਹੈਂ ॥੧॥

## ਨਿਧਰਿਆ ਧਰ ਨਿਗਤਿਆ ਗਤਿ; ਨਿਥਾਵਿਆ ਤੂ ਥਾਉ ॥

ਹੇ ਪਰਮੇਸ਼ਰ ! ਤੂੰ ਨਿਧਰਿਆ = ਨਿਆਸਰੇ ਪੁਰਖਾਂ ਦਾ ਧਰ = ਆਸਰਾ ਰੂਪ ਹੈਂ, ਨਿਗਤਿਆ = ਗਤਿ, ਪ੍ਰਾਪਤੀ ਤੋਂ ਹੀਣਿਆਂ ਨੂੰ ਗੁਰਾਂ ਦੁਆਰਾ ਗਿਆਨ ਦੇ ਕੇ ਆਪਣੇ ਸਰੂਪ ਦੀ ਗਤਿ = ਪ੍ਰਾਪਤੀ ਕਰਾਉਣ ਵਾਲਾ ਹੈਂ **ਵਾ**: ਨਿਗਤਿਆ ਨੂੰ ਗਤਿ = ਮੁਕਤੀ ਦੇਣ ਵਾਲਾ ਹੈਂ ਅਤੇ ਨਿਥਾਵਿਆ = ਸਰੂਪ ਰੂਪੀ ਥਾਂ ਤੋਂ ਹੀਣਿਆਂ ਨੂੰ ਤੂੰ ਸਰੂਪ ਦੀ ਪ੍ਰਾਪਤੀ ਰੂਪ ਥਾਉ = ਥਾਂ ਦੇਣ ਵਾਲਾ ਹੈਂ।

## ਦਹ ਦਿਸ ਜਾਂਉ, ਤਹਾਂ ਤੂ ਸੰਗੇ; ਤੇਰੀ ਕੀਰਤਿ ਕਰਮ ਕਮਾਉ ॥੨॥

ਹੇ ਪਰਮੇਸ਼ਰ ! ਮੈਂ ਦਹ ਦਿਸ = ਦਸੋਂ ਦਿਸ਼ਾਵਾਂ ਵਿਚ ਜਿਥੇ ਵੀ ਜਾਂਉ = ਜਾਂਦਾ ਹਾਂ, ਤਹਾਂ = ਉਥੇ ਹੀ ਤੂੰ ਮੇਰੇ ਸੰਗੇ = ਨਾਲ ਹੈਂ ਭਾਵ ਸਦਾ ਅੰਗ ਸੰਗ ਹੈਂ, ਇਸੇ ਕਰਕੇ ਮੈਂ ਹਰ ਵਕਤ ਨਿਸ਼ਕਾਮ ਕਰਮਾਂ ਦੇ ਸਹਿਤ ਹੋ ਕੇ ਤੇਰੀ ਕੀਰਤਿ = ਕੀਰਤਨ ਭਗਤੀ ਕਰਨ ਰੂਪ ਕਰਮ = ਕੰਮ ਨੂੰ ਕਮਾਉ = ਕਮਾਉਂਦਾ ਹਾਂ ॥੨॥

## ਏਕਸੁ ਤੇ ਲਾਖ, ਲਾਖ ਤੇ ਏਕਾ; ਤੇਰੀ ਗਤਿ ਮਿਤਿ, ਕਹਿ ਨ ਸਕਾਉ ॥

ਹੇ ਪਰਮੇਸ਼ਰ ! ਤੂੰ ਏਕਸੁ = ਇਕ ਤੇ = ਤੋਂ ਲਾਖ = ਲੱਖਾਂ ਰੂਪ ਧਾਰ ਲੈਂਦਾ ਹੈਂ ਅਤੇ ਫੇਰ ਲਾਖ = ਲੱਖਾਂ ਤੇ = ਤੋਂ ਏਕਾ = ਇਕ ਅਦਵੈਤ ਰੂਪ ਹੋ ਜਾਂਦਾ ਹੈਂ, ਇਸੇ ਕਰਕੇ ਮੈਂ ਤੇਰੀ ਗਤਿ = ਪ੍ਰਾਪਤੀ ਦੀ ਮਿਤਿ = ਮਰਯਾਦਾ ਸ਼ਕਤੀ ਬਿਰਤੀ ਕਰਕੇ ਕਹਿ = ਕਥਨ ਨ = ਨਹੀਂ ਕਰ ਸਕਾਉ = ਸਕਦਾ।

## ਤੂ ਬੇਅੰਤੁ, ਤੇਰੀ ਮਿਤਿ ਨਹੀ ਪਾਈਐ; ਸਭੁ ਤੇਰੋ ਖੇਲੁ ਦਿਖਾਉ ॥੩॥

ਹੇ ਪਰਮੇਸ਼ਰ ! ਤੂੰ ਬੇਅੰਤੁ = ਅੰਤ ਤੋਂ ਰਹਿਤ ਹੈਂ, ਇਸੇ ਕਰਕੇ ਤੇਰੀ ਪ੍ਰਾਪਤੀ ਰੂਪ ਮਿਤਿ = ਮਰਯਾਦਾ ਨਹੀ ਪਾਈਐ = ਪਾਈ ਜਾ ਸਕਦੀ, ਇਹ ਸਭੁ = ਸਾਰਾ ਤੇਰੋ = ਤੇਰਾ ਹੀ ਖੇਲੁ = ਕੌਤਕ ਹੈ, ਜੋ ਸੰਸਾਰ ਦਿਖਾਉ = ਵੇਖਣ ਵਿਚ ਆ ਰਿਹਾ ਹੈ।

ਅਰਥਾਤ ਜਿਵੇਂ ਇੱਕੋ ਪਾਣੀ, ਲਹਿਰ, ਬੁਦਬੁਦਾ ਤੇ ਝੱਗ ਰੂਪ ਹੋ ਜਾਂਦਾ ਹੈ ਇਵੇਂ ਹੇ ਬ੍ਰਹਮ ਤੂੰ ਜਲ ਦੀ ਨਿਆਈਂ ਹੈ, ਈਸਰਪੁਣਾ ਲਹਿਰ ਦੀ ਨਿਆਈਂ ਹੈ, ਜੀਵਾਤਮਾ ਬੁਦਬੁਦੇ ਦੀ ਨਿਆਈਂ ਹੈ ਤੇ ਸਰੀਰ ਝੱਗ ਦੀ ਨਿਆਈਂ ਹੈ, ਇਉਂ ਸਾਰਾ ਤੇਰਾ ਹੀ ਖੇਲ ਦੇਖਣ ਵਿਚ ਆ ਰਿਹਾ ਹੈ ॥੩॥

## ਸਾਧਨ ਕਾ ਸੰਗੁ, ਸਾਧ ਸਿਉ ਗੋਸਟਿ; ਹਰਿ ਸਾਧਨ ਸਿਉ ਲਿਵ ਲਾਉ ॥

ਹੇ ਪਰਮੇਸ਼ਰ ! ਤੇਰੀ ਪ੍ਰਾਪਤੀ ਵਾਲੇ ਸਾਧਨ = ਸ੍ਰੇਸ਼ਟ ਜਨਾਂ, ਸੰਤ ਜਨਾਂ ਕਾ = ਦਾ ਮੈਨੂੰ ਸਰੀਰ ਕਰਕੇ ਸੰਗੁ = ਸਾਥ ਪ੍ਰਾਪਤ ਹੋਵੇ, ਤੇਰੇ ਸਾਧ = ਸੰਤ ਜਨਾਂ ਦੇ ਸਿਉ = ਨਾਲ ਗੋਸਟਿ = ਬਚਨ ਬਿਲਾਸ ਹੋਣ ਅਤੇ ਹੇ ਹਰਿ = ਪਰਮੇਸ਼ਰ ! ਤੇਰੀ ਪ੍ਰਾਪਤੀ ਵਾਲੇ ਵੈਰਾਗ, ਬਿਬੇਕ, ਖਟ ਸੰਮਤੀ ਮੋਖ ਇੱਛਾ ਆਦਿ ਸਾਧਨ ਕਰਨ ਵਾਲੇ ਪੁਰਖਾਂ **ਵਾ**: ਤੇਰੇ ਸਾਧਨ = ਸੰਤ ਜਨਾਂ ਦੇ ਸਿਉ = ਨਾਲ ਮਿਲ ਕੇ ਤੇਰੇ ਨਾਮ ਵਿਚ ਚਿੱਤ ਦੀ ਲਿਵ = ਬਿਰਤੀ ਲਾਉ = ਲਾਉਣੀ ਕਰਾਂ **ਵਾ**: ਸੰਤ ਜਨਾਂ ਦੇ ਉਪਦੇਸ਼ ਦੁਆਰਾ ਬਿਰਤੀ ਨੂੰ ਬ੍ਰਹਮਾਕਾਰ ਕਰਕੇ ਤੇਰੇ ਵਿਚ ਲਾਉਣਾ, ਜੋੜਨਾ ਕਰਾਂ।

## ਜਨ ਨਾਨਕ, ਪਾਇਆ ਹੈ ਗੁਰਮਤਿ; ਹਰਿ ਦੇਹੁ ਦਰਸੁ ਮਨਿ ਚਾਉ ॥੪॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਜਿਨ੍ਹਾਂ ਸੰਤ ਜਨਾਂ ਨੇ ਗੁਰਮਤਿ = ਗੁਰ ਸਿੱਖਿਆ ਦੁਆਰਾ ਤੈਨੂੰ ਪਾਇਆ = ਪਾਉਣਾ ਕੀਤਾ ਹੈ, ਹੇ ਹਰਿ = ਪਰਮੇਸ਼ਰ! ਉਨ੍ਹਾਂ ਸੰਤ ਜਨਾਂ ਦੇ ਦਰਸੁ = ਦੀਦਾਰ ਬਖ਼ਸ਼ ਦੇਹੁ = ਦੇਣਾ ਕਰੋ, ਮੇਰੇ ਮਨਿ = ਹਿਰਦੇ ਵਿਚ ਇਹੋ ਹੀ ਚਾਉ = ਉਤਸ਼ਾਹ ਹੈ।

**ਅਥਵਾ** ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਜਨਾਂ ਨੇ ਗੁਰ ਸਿੱਖਿਆ ਦੁਆਰਾ ਪ੍ਰਾਪਤ ਪ੍ਰਭੂ ਨੂੰ ਪਾਇਆ = ਪਾਉਣਾ ਕੀਤਾ ਹੈ, ਇਸ ਲਈ ਜਗਿਆਸੂ ਜਨੋਂ ਤੁਸੀਂ ਵੀ ਉਸ ਪਰਮੇਸ਼ਰ ਦੇ ਅੱਗੇ ਬੇਨਤੀ ਕਰੋ ਕਿ ਹੇ ਹਰਿ = ਪਰਮੇਸ਼ਰ! ਸਾਨੂੰ ਗੁਰਾਂ ਦੁਆਰਾ ਆਪਣਾ ਦਰਸੁ = ਦੀਦਾਰ ਬਖ਼ਸ਼ ਦੇਣਾ ਕਰੋ, ਸਾਡੇ ਮਨ ਵਿਚ ਇਹੋ ਹੀ ਚਾਉ = ਉਤਸ਼ਾਹ ਹੈ॥੪॥੧॥

## ਸਾਰਗ ਮਹਲਾ ੫ ॥

## ਹਰਿ ਜੀਉ; ਅੰਤਰਜਾਮੀ ਜਾਨ ॥

ਹੇ ਭਾਈ! ਹਰਿ = ਪਰਮੇਸ਼ਰ ਜੀਉ = ਜੀ ਨੂੰ ਸਭ ਦੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਜਾਨ = ਜਾਨਣਾ ਕਰ।

## ਕਰਤ ਬੁਰਾਈ, ਮਾਨੁਖ ਤੇ ਛਪਾਈ; ਸਾਖੀ, ਭੂਤ ਪਵਾਨ ॥੧॥ਰਹਾਉ॥

ਹੇ ਜੀਵ! ਜੋ ਤੂੰ ਹੋਰਨਾਂ ਮਾਨੁਖ = ਪੁਰਖਾਂ ਤੇ = ਤੋਂ ਛਪਾਈ = ਛੁਪਾ ਕਰਕੇ ਪਰਾਏ ਘਰਾਂ ਨੂੰ ਤੱਕਣਾ ਚੋਰੀ ਯਾਰੀ ਕਰਨੀ ਆਦਿ ਬੁਰਾਈ = ਬੁਰੇਪਨ ਵਾਲੇ ਕੰਮ ਮੰਦ ਕਰਮ ਕਰਤ = ਕਰਦਾ ਹੈਂ, ਪਰ ਭੂਤ = ਹੇ ਪ੍ਰਾਣੀ! ਉਹ ਪਵਾਨ = ਪਵਿੱਤਰ ਸਰੂਪ ਬ੍ਰਹਮ ਤੇਰਾ ਸਾਖੀ ਰੂਪ ਹੋ ਕੇ ਸਭ ਕੁਝ ਦੇਖ ਰਿਹਾ ਹੈ **ਵਾ:** ਉਹ ਸਾਖੀ ਭੂਤ = ਸਰੂਪ ਪਵਾਨ = ਪਵਿੱਤਰ ਪਰਮੇਸ਼ਰ ਸਭ ਕੁਝ ਵੇਖ ਰਿਹਾ ਹੈ **ਵਾ:** ਹੇ ਭੂਤ = ਪ੍ਰਾਣੀ! ਉਹ ਪਵਾਨ = ਪਵਿੱਤਰ ਪ੍ਰਭੂ ਤੇਰੇ ਕੀਤੇ ਚੰਗੇ ਮੰਦੇ ਕਰਮਾਂ ਦਾ ਸਾਖੀ = ਗਵਾਹੀ ਦੇਣ ਵਾਲਾ ਹੈ **ਵਾ:** ਉਸ ਸਾਖੀ ਰੂਪ ਪਰਮੇਸ਼ਰ ਨੂੰ ਗੁਰਾਂ ਦੁਆਰਾ ਪਵਾਨ = ਪਛਾਣਨਾ ਕਰ **ਵਾ:** ਸਾਖੀ ਰੂਪ ਤੇ ਪਵਿੱਤਰ ਪ੍ਰਭੂ ਦੀ ਗੁਰਾਂ ਦੁਆਰਾ ਹਿਰਦੇ ਵਿਚ ਪ੍ਰਾਪਤੀ ਕਰ॥੧॥ਰਹਾਉ॥

## ਬੈਸਨੌ ਨਾਮੁ, ਕਰਤ ਖਟ ਕਰਮਾ; ਅੰਤਰਿ ਲੋਭ ਜੂਠਾਨ ॥

ਹੇ ਜੀਵ! ਤੂੰ ਆਪਣਾ ਬੈਸਨੌ = ਵੈਸ਼ਨਵ ਨਾਮ ਰਖਾ ਕੇ ਸ਼ਾਸਤ੍ਰਾਂ ਦੇ ਵਿਚ ਕਥਨ ਕੀਤੇ ਹੋਏ ਖਟ = ਛੇ ਕਰਮਾਂ ਨੂੰ ਵੀ ਕਰਤ = ਕਰਦਾ ਹੈਂ, ਪਰ ਤੇਰੇ ਹਿਰਦੇ ਦੇ ਅੰਤਰਿ = ਵਿਚ ਲੋਭ = ਲਾਲਚ ਰੂਪੀ ਜੂਠਾਨ = ਜੂਠ ਹੈ **ਵਾ:** ਤੇਰੇ ਅੰਦਰ ਲਾਲਚ ਹੋਣ ਕਾਰਨ ਤੇਰਾ ਅੰਤਹਕਰਣ ਰੂਪੀ ਚੌਂਕਾ ਜੂਠਾ ਹੋ ਗਿਆ ਹੈ **ਵਾ:** ਲੋਭ ਰੂਪੀ ਕੁੱਤੇ ਨੇ ਤੇਰੀ ਰਸੋਈ ਜੂਠੀ ਕਰ ਛੱਡੀ ਹੈ।

## ਸੰਤ ਸਭਾ ਕੀ ਨਿੰਦਾ ਕਰਤੇ; ਡੂਬੇ ਸਭ ਅਗਿਆਨ ॥੧॥

ਹੇ ਜੀਵ! ਜਿਹੜੇ ਸੰਤ ਸਭਾ ਕੀ = ਦੀ **ਵਾ:** ਸੰਤ = ਮਹਾਤਮਾ ਜਨ ਦੀ (ਸ + ਭਾ) ਭਾ = ਪ੍ਰੇਮ ਦੇ ਸ = ਸਹਿਤ ਭਗਤੀ ਕਰਨ ਵਾਲੀ ਇਕੱਤਰਤਾ ਕੀ = ਦੀ ਨਿੰਦਾ = ਅਪਕੀਰਤੀ ਕਰਤੇ = ਕਰਦੇ ਹਨ, ਉਹ ਸਭ = ਸਾਰੇ ਅਗਿਆਨ = ਗਿਆਨ ਤੋਂ ਹੀਣੇ ਹੋਣ ਕਰਕੇ ਸੰਸਾਰ-ਸਮੁੰਦ੍ਰ ਦੇ ਵਿਸ਼ੇ ਰੂਪੀ ਜਲ ਵਿਚ ਡੂਬੇ = ਡੁੱਬ ਰਹੇ ਹਨ॥੧॥

[ਅੰਗ ੧੨੦੩]

## ਕਰਹਿ ਸੋਮਪਾਕੁ, ਹਿਰਹਿ ਪਰ ਦਰਬਾ; ਅੰਤਰਿ ਝੂਠ ਗੁਮਾਨ ॥

ਜੋ ਆਪਣੇ ਆਪ ਨੂੰ ਵੈਸ਼ਨਵ ਕਹਾਉਣ ਵਾਲੇ ਸੋਮਪਾਕੁ = ਸ੍ਵਯੰ ਪਾਕਿਨ ਭਾਵ ਆਪਣੇ ਹੱਥਾਂ ਨਾਲ ਰਸੋਈ ਪਕਾ ਕੇ ਭੋਜਨ ਖਾਣਾ ਕਰਹਿ = ਕਰਦੇ ਹਨ **ਵਾ:** (ਸੋਮ + ਪਾਕੁ) ਸੋਮ = ਚੰਦਰਮਾਂ ਦੇ ਦਰਸ਼ਨ ਕਰਕੇ ਪਾਕੁ = ਭੋਜਨ ਖਾਣਾ ਕਰਦੇ ਹਨ **ਵਾ:** ਸੋਮ ਨਾਮੇ ਵਲੀ ਨੂੰ ਪਕਾ ਕੇ ਖਾਣਾ ਕਰਦੇ ਹਨ **ਵਾ:** ਸੋਮ = ਚੰਦਰਮਾ ਦੀ ਰੋਸ਼ਨੀ ਨਾਲ ਪੱਕੇ ਫਲਾਂ ਨੂੰ ਖਾਣਾ ਕਰਦੇ ਹਨ, ਉਂਝ ਪਰ = ਪਰਾਇਆ ਦਰਬਾ = ਧਨ ਹਿਰਹਿ = ਚੁਰਾ ਕੇ ਲਿਆਉਂਦੇ ਹਨ ਅਤੇ ਹਿਰਦੇ ਦੇ ਅੰਤਰਿ = ਵਿਚ ਝੂਠ ਫ਼ਰੇਬ ਤੇ ਗੁਮਾਨ = ਹੰਕਾਰ ਹੈ।

## ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ; ਬਿਆਪੇ ਮਨ ਕੈ ਮਾਨ ॥੨॥

ਛੇ ਸ਼ਾਸਤਰਾਂ ਤੇ ਚਾਰ ਬੇਦਾਂ ਕੀ = ਦੀ ਬਿਧਿ = ਵਿਧੀ ਨੂੰ ਜਾਣਹਿ = ਜਾਣਦੇ ਨਹੀਂ ਹਨ, ਭਾਵ ਜੋ ਸ਼ਾਸਤਰਾਂ ਦੇ ਅੰਦਰ ਨਖਿੱਧ ਚੀਜ਼ ਖਾਣ ਵਾਲੇ ਨੂੰ ਕੁੱਤਾ ਤੇ ਵੇਦ ਦੇ ਅੰਦਰ ਕ੍ਰੋਪੀ ਪੁਰਖ ਨੂੰ ਚੰਡਾਲ ਆਦਿ ਕਿਹਾ ਹੈ, ਉਸ ਵਿਧੀ ਨੂੰ ਜਾਣਦੇ ਨਹੀਂ ਹਨ, ਐਵੇਂ ਆਪਣੇ ਮਨ = ਰਿਦੇ ਕੈ = ਦੇ ਮਾਨ = ਹੰਕਾਰ ਵਿਚ ਬਿਆਪੇ = ਲੱਗੇ ਹੋਏ ਹਨ ॥੨॥

## ਸੰਧਿਆ ਕਾਲ, ਕਰਹਿ ਸਭਿ ਵਰਤਾ; ਜਿਉ ਸਫਰੀ ਦੰਫਾਨ ॥

ਸਵੇਰ ਵੇਲੇ ਸੂਰਜ ਨੂੰ ਪਾਣੀ ਦੇਣਾ, ਦੁਪਹਿਰੇ ਅਸਤੋਤਰ ਗਾਉਣੇ, ਸ਼ਾਮ ਨੂੰ ਆਰਤੀ ਕਰਨੀ ਆਦਿ ਤਿੰਨ ਪ੍ਰਕਾਰ ਦੀ ਸੰਧਿਆ ਕਾਲ ਤੇ ਸਭਿ = ਸਾਰੇ ਨੌਮੀ, ਇਕਾਦਸ਼ੀ ਆਦਿ ਦੇ ਵਰਤਾ = ਵਰਤ ਰੱਖਣਾ ਕਰਹਿ = ਕਰਦੇ ਹਨ ਪਰ ਉਨ੍ਹਾਂ ਦਾ ਇਹ ਸਭ ਕੁਝ ਇਉਂ ਬੇਅਰਥ ਹੈ, ਜਿਉ = ਜਿਵੇਂ ਸਫ਼ਰੀ = ਮੱਛੀ ਦੇ ਪਕੜਨ ਵਾਸਤੇ ਨਦੀ ਕਿਨਾਰੇ ਬਗਲਾ ਸਮਾਧੀ ਲਾ ਕੇ ਦੰਫਾਨ = ਦੰਭ ਕਰਦਾ ਹੈ **ਵਾ:** ਇਸੇ ਪ੍ਰਕਾਰ ਭੇਖਧਾਰੀ ਪੁਰਖ ਪਰਾਈ ਇਸਤਰੀ ਰੂਪ ਮੱਛੀ ਨੂੰ ਪਕੜਨ ਵਾਸਤੇ ਭਾਵ ਉਸ ਨਾਲ ਵਿਸ਼ੇ ਭੋਗਣ ਵਾਸਤੇ ਉਪਰੋਂ ਸਮਾਧੀ ਲਾ ਕੇ ਨਾਮ ਜਪਣ ਦਾ ਦੰਭ ਕਰਦਾ ਹੈ **ਵਾ:** ਜਿਵੇਂ ਕੋਈ ਸਫਰੀ = ਮੁਸਾਫ਼ਰ ਕਿਸੇ ਦੇ ਘਰ ਰੋਟੀ ਖਾਣ ਵਾਸਤੇ ਦੰਭ ਕਰਕੇ ਬੈਠ ਜਾਵੇ, ਇਸੇ ਪ੍ਰਕਾਰ ਆਪਣੇ ਆਪ ਨੂੰ ਵੈਸ਼ਨਵ ਕਹਾਉਣ ਵਾਲੇ ਪੁਰਖ ਦੁਨੀਆਂ ਰੂਪੀ ਮੁਸਾਫ਼ਰਖ਼ਾਨੇ ਵਿਚ ਮਾਇਆ ਦੀ ਇੱਛਾ ਵਾਸਤੇ ਦੰਭ ਕਰਦੇ ਹਨ **ਵਾ:** ਜਿਵੇਂ ਸਫਰੀ = ਮਦਾਰੀ ਦੰਫਾਨ = ਪਾਖੰਡ ਕਰਕੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਖੇਲ ਕਰਕੇ ਵਿਖਾਉਂਦਾ ਹੈ, ਭਾਵ ਕਦੇ ਕੁਝ ਵਿਖਾ ਦਿੰਦਾ ਹੈ, ਕਦੇ ਕੁਝ ਦਿਖਾ ਦਿੰਦਾ ਹੈ, ਇਸੇ ਪ੍ਰਕਾਰ ਭੇਖਧਾਰੀ ਪੁਰਖ ਮਦਾਰੀ ਵਾਂਗ ਤਰ੍ਹਾਂ ਤਰ੍ਹਾਂ ਪਾਖੰਡ ਕਰਨ ਰੂਪ ਖੇਲ ਕਰਦੇ ਰਹਿੰਦੇ ਹਨ।

## ਪ੍ਰਭੂ ਭੁਲਾਏ, ਊਝੜਿ ਪਾਏ; ਨਿਹਫਲ, ਸਭਿ ਕਰਮਾਨ ॥੩॥

ਐਸੇ ਪੁਰਖਾਂ ਦੇ ਮੰਦ ਕਰਮ ਵੇਖ ਕੇ ਪ੍ਰਭੂ = ਪਰਮੇਸ਼ਰ ਨੇ ਆਪ ਹੀ ਉਨ੍ਹਾਂ ਨੂੰ ਆਪਣੇ ਸਰੂਪ ਵਲੋਂ ਭੁਲਾਏ = ਭੁਲਾ ਦਿੱਤਾ ਹੈ ਅਤੇ ਉਨ੍ਹਾਂ ਨੂੰ ਸੰਸਾਰ ਰੂਪੀ ਊਝੜਿ = ਉਜਾੜ ਵਿਚ ਪਾਏ = ਪਾਉਣਾ ਕੀਤਾ ਹੈ, ਇਉਂ ਉਨ੍ਹਾਂ ਦੇ ਸਭਿ = ਸਾਰੇ ਕੀਤੇ ਹੋਏ ਸਕਾਮ ਕਰਮਾਨ = ਕਰਮ ਨਿਹਫਲ = ਨਿਸਫਲ ਹੀ ਜਾਂਦੇ ਹਨ **ਵਾ:** ਸਾਰੇ (ਕਰਮ + ਆਨ) ਕਰਮ ਆਨ = ਦਵੈਤ ਵਾਲੇ ਹੋਣ ਕਰਕੇ ਨਿਸਫਲ ਹੀ ਹਨ **ਵਾ:** ਸੰਸਾਰ ਵਿਚ ਆਨ = ਲਿਆਉਣ ਵਾਲੇ ਹਨ ॥੩॥

## ਸੋ ਗਿਆਨੀ, ਸੋ ਬੈਸਨੌ ਪੜ੍ਹਿਆ; ਜਿਸੁ ਕਰੀ ਕ੍ਰਿਪਾ ਭਗਵਾਨ ॥

ਹੇ ਭਾਈ ! ਸੋ = ਉਹੋ ਹੀ ਗਿਆਨੀ = ਗਿਆਨਵਾਨ ਹੈ ਤੇ ਸੋ = ਉਹੋ ਹੀ ਬੈਸਨੌ = ਵੈਸ਼ਨਵ ਵੇਦਾਂ ਸ਼ਸਤਰਾਂ ਨੂੰ ਪੜ੍ਹਿਆ ਹੈ **ਵਾ:** ਉਹੀ ਵੇਦਾਂ ਸ਼ਾਸਤਰਾਂ ਨੂੰ ਪੜ੍ਹਿਆ ਹੋਇਆ ਬੈਸਨੌ = ਵਿਸ਼ਨੂੰ ਦਾ ਉਪਾਸ਼ਕ ਹੈ) ਜਿਸ ਉੱਤੇ ਭਗਵਾਨ = ਪਰਮੇਸ਼ਰ ਨੇ ਕ੍ਰਿਪਾ = ਮੇਹਰ ਦੀ ਦ੍ਰਿਸ਼ਟੀ ਕਰੀ = ਕੀਤੀ ਹੈ।

## ਉਨਿ ਸਤਿਗੁਰੁ ਸੇਵਿ, ਪਰਮਪਦੁ ਪਾਇਆ; ਉਧਰਿਆ ਸਗਲ ਬਿਸ੍ਵਾਨ ॥੪॥

ਉਨਿ = ਉਨ੍ਹਾਂ ਨੇ ਪੂਰੇ ਸਤਿਗੁਰਾਂ ਦੀ ਸੇਵਿ = ਟਹਿਲ ਕਰਕੇ ਪਰਮਪਦੁ = ਵੱਡੀ ਪਦਵੀ ਭਾਵ ਕੈਵਲ ਮੋਖ ਨੂੰ ਪਾਇਆ = ਪਾ ਲਿਆ ਹੈ ਅਤੇ ਉਹ ਸਗਲ = ਸਾਰੇ ਬਿਸ੍ਵਾਨ = ਸੰਸਾਰ ਤੋਂ ਉਧਰਿਆ = ਉਧਰ, ਮੁਕਤ ਹੋ ਗਿਆ ਹੈ **ਵਾ:** ਜੋ ਪਰਮੇਸ਼ਰ ਸਾਰੇ (ਬਿਸ੍ਵ + ਆਨ) ਬਿਸ੍ਵ = ਸੰਸਾਰ ਨੂੰ ਆਨ = ਲਿਆਉਣ, ਪੈਦਾ ਕਰਨ ਵਾਲਾ ਹੈ, ਉਸ ਨੂੰ ਉਸ ਦੀ ਪ੍ਰਾਪਤੀ ਹੋ ਗਈ ਹੈ **ਵਾ:** ਬਹੁਤ ਸਾਰੀ ਆਨ = ਦਵੈਤ ਵਾਲੇ ਸੰਸਾਰ ਤੋਂ ਉਧਰ ਗਿਆ ਹੈ **ਵਾ:** ਉਸ ਪੁਰਖ ਦੀ ਸੰਗਤ ਕਰਕੇ ਬਹੁਤ ਸਗਲ = ਸਾਰੇ ਬਿਸ੍ਵਾਨ = ਸੰਸਾਰੀ ਲੋਕ ਤਰ ਗਏ ਹਨ ॥੪॥

## ਕਿਆ ਹਮ ਕਥਹ, ਕਿਛੁ ਕਥਿ ਨਹੀ ਜਾਣਹ; ਪ੍ਰਭ ਭਾਵੈ ਤਿਵੈ ਬੋੁਲਾਨ ॥

ਹੇ ਪਰਮੇਸ਼ਰ ! ਹਮ = ਅਸੀਂ ਕਿਆ = ਕੀ ਕਥਹ = ਕਥਨ ਕਰੀਏ, ਕਿਛੁ = ਕੁਝ ਵੀ ਕਥਿ = ਕਥਨ ਕਰਨਾ ਨਹੀਂ ਜਾਣਹ = ਜਾਣਦੇ, ਭਾਵ ਜੋ ਕਥਨ ਰਹਿਤ ਸ੍ਵੈ ਅਨੁਭਵ ਹੈ, ਉਸ ਪ੍ਰਕਾਸ਼ ਬਾਰੇ ਕੁਝ ਕਥਨ ਨਹੀਂ ਕਰ ਸਕਦੇ। ਇਸ ਲਈ ਹੇ ਪ੍ਰਭ = ਪਰਮੇਸ਼ਰ ! ਜਿਵੇਂ ਆਪ ਜੀ ਨੂੰ ਭਾਵੈ = ਭਾਉਂਦਾ ਹੈ, ਤਿਵੈ = ਉਸੇ ਪ੍ਰਕਾਰ ਸਾਡੇ ਤਾਈਂ ਬੋੁਲਾਨ = ਬੁਲਾਉਣਾ ਕਰੋ **ਵਾ:** ਉਸੇ ਪ੍ਰਕਾਰ ਸਾਡਾ ਬੋਲਣਾ ਹੁੰਦਾ ਹੈ।

## ਸਾਧਸੰਗਤਿ ਕੀ ਧੂਰਿ ਇਕ ਮਾਂਗਉ; ਜਨ ਨਾਨਕ ਪਇਓ ਸਰਾਨ ॥੫॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਅਸੀਂ ਜਨ = ਦਾਸ ਤਾਂ ਤੇਰੀ ਸਰਾਨ = ਸ਼ਰਨ ਵਿਚ ਪਇਓ = ਪਏ ਹਾਂ ਅਤੇ ਅਸੀਂ ਆਪ ਜੀ ਤੋਂ ਇਕ ਸਾਧਸੰਗਤ ਕੀ = ਦੀ **ਵਾ:** ਸਾਧ = ਸ੍ਰੇਸ਼ਟ ਪੁਰਖਾਂ ਦੀ ਸੰਗਤ ਦੀ ਚਰਨ ਧੂਰਿ = ਧੂੜ ਮਾਂਗਉ = ਮੰਗਦੇ ਹਾਂ ॥੫॥੨॥

## ਸਾਰਗ ਮਹਲਾ ੫ ॥

## ਅਬ; ਮੋਰੋ ਨਾਚਨੋ ਰਹੋ ॥

ਅਬ = ਹੁਣ ਮੋਰੋ = ਮੇਰੇ ਸ਼ਸਤਰਾਂ ਸਿੰਮ੍ਰਿਤੀਆਂ ਵਿਚ **ਵਾ:** ਚੁਰਾਸੀ ਲੱਖ ਜੂਨੀਆਂ ਵਿਚ ਨਾਚਨੋ = ਨਿਰਤਕਾਰੀ ਕਰਨਾ ਰਹੋ = ਰਹਿ ਗਿਆ ਹੈ। ਕਿਉਂਕਿ :

## ਲਾਲੁ ਰਗੀਲਾ ਸਹਜੇ ਪਾਇਓ; ਸਤਿਗੁਰ ਬਚਨਿ ਲਹੋ ॥੧॥ਰਹਾਉ॥

ਮੈਂ ਲਾਲੁ = ਪਿਆਰਾ ਰਗੀਲਾ = ਅਨੰਦ ਦਾ ਘਰ ਪਰਮੇਸ਼ਰ ਸਹਜੇ = ਗਿਆਨ ਦੀ ਪ੍ਰਾਪਤੀ ਕਰਕੇ ਪਾਇਓ = ਪਾ ਲਿਆ ਹੈ, ਪਰ ਪੂਰਨ ਸਤਿਗੁਰਾਂ ਦੇ ਬਚਨਿ = ਉਪਦੇਸ਼ ਦੁਆਰਾ ਹੀ ਪਰਮੇਸ਼ਰ ਨੂੰ ਲਹੋ = ਲਖਿਆ, ਜਾਣਿਆ ਹੈ ॥੧॥ਰਹਾਉ॥

## ਕੁਆਰ ਕੰਨਿਆ, ਜੈਸੇ ਸੰਗਿ ਸਹੇਰੀ; ਪ੍ਰਿਅ ਬਚਨ, ਉਪਹਾਸ ਕਹੋ ॥

ਜੈਸੇ = ਜਿਸ ਪ੍ਰਕਾਰ ਕੁਆਰ = ਅਣਵਿਆਹੀਆਂ ਕੰਨਿਆ = ਲੜਕੀਆਂ ਵਿੱਚੋਂ ਇਕ ਲੜਕੀ ਦਾ

ਵਿਆਹ ਹੋ ਜਾਂਦਾ ਹੈ, ਜਦ ਉਹ ਸਹੁਰੇ ਘਰ ਜਾ ਕੇ ਪੇਕੇ ਘਰ ਆਉਂਦੀ ਹੈ ਤਾਂ ਉਸ ਦੇ ਸੰਗਿ = ਨਾਲ ਦੀਆਂ ਸਹੇਰੀ = ਸਹੇਲੀਆਂ ਉਸ ਦੇ ਕੋਲ ਆ ਕੇ ਪਿਆਰ ਭਰੇ ਬਚਨਾਂ ਨਾਲ ਪੁੱਛਦੀਆਂ ਹਨ ਕਿ ਤੇਰੀ ਸੱਸ ਕੈਸੀ ਹੈ ? ਸਹੁਰਾ ਕੈਸਾ ਹੈ ? ਜੇਠ ਕੈਸਾ ਹੈ ? ਦਿਓਰ ਕੈਸਾ ਹੈ ? ਇਸ ਤਰ੍ਹਾਂ ਪੁੱਛਣ ਨਾਲ ਉਹ ਸਭ ਦੇ ਸੁਭਾਅ ਦੱਸਦੀ ਹੈ, ਜਦ ਉਹ ਸਖੀਆਂ ਇਹ ਪੁੱਛਦੀਆਂ ਹਨ ਕਿ ਜੋ ਤੂੰ ਆਪਣੇ ਪ੍ਰਿਆ = ਪਤੀ ਦੇ ਨਾਲ (ਉਪ + ਹਾਸ) ਉਪ = ਨੇੜੇ ਹੋ ਕੇ ਹਾਸ = ਹੱਸ ਕੇ, ਪ੍ਰਸੰਨਤਾ ਦੇ ਸਹਿਤ ਬਚਨ ਕੀਤੇ ਹਨ, ਉਹ ਸਾਨੂੰ ਕਹੋ = ਕਹਿਣਾ, ਦੱਸਣਾ ਕਰ **ਵਾ:** ਉਸ ਨੇ ਆਪਣੇ ਪਤੀ ਦੇ ਨਾਲ ਨੇੜੇ ਹੋ ਕੇ ਕੀਤੇ ਪ੍ਰਸੰਨਤਾ ਦੇ ਸਹਿਤ ਬਚਨ ਵੀ ਕਹਿ ਦਿੱਤੇ। ਫਿਰ ਸਹੇਲੀਆਂ ਪੁੱਛਣ ਲੱਗੀਆਂ ਕਿ :

## ਜਉ ਸੁਰਿਜਨੁ, ਗ੍ਰਿਹ ਭੀਤਰਿ ਆਇਓ; ਤਬ ਮੁਖੁ ਕਾਜਿ ਲਜੋ ॥੧॥

ਹੇ ਸਖੀ ! ਜਉ = ਜਦੋਂ ਸੁਰਿਜਨੁ = ਪਤੀ ਗ੍ਰਿਹ = ਘਰ ਭੀਤਰਿ = ਵਿਚ ਆਇਓ = ਆਇਆ ਸੀ, ਉਸ ਵੇਲੇ ਪਤੀ ਦੀ ਪ੍ਰਾਪਤੀ ਦਾ ਅਨੰਦ ਵੀ ਸਾਨੂੰ ਦੱਸਣਾ ਕਰ, ਤਬ = ਤਦੋਂ ਉਹ ਵਿਆਹੁਤਾ ਲੜਕੀ ਮੁਖੁ = ਮੂੰਹ ਨੂੰ ਕਾਜਿ = ਕੱਜ ਕਰਕੇ ਲਾਜ = ਲੱਜਿਆ ਨੂੰ ਪ੍ਰਾਪਤ ਹੋ ਗਈ, ਭਾਵ ਉਹ ਪਤੀ ਦੇ ਮਿਲਾਪ ਦਾ ਅਨੰਦ ਨਹੀਂ ਦੱਸ ਸਕੀ।

**ਅਥਵਾ** ਇਸੇ ਪ੍ਰਕਾਰ ਕੁਆਰ ਕੰਨਿਆ ਦੀ ਵਾਤ ਜਗਿਆਸੂ ਰੂਪ ਲੜਕੀਆਂ ਵਿੱਚੋਂ ਇਕ ਜਗਿਆਸੂ ਰੂਪ ਲੜਕੀ ਨੂੰ ਪਤੀ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ, ਤਾਂ ਬਾਕੀ ਦੀਆਂ ਜਗਿਆਸੂ ਰੂਪ ਲੜਕੀਆਂ ਉਸ ਦੇ ਪਾਸ ਆ ਕੇ ਪੁੱਛਦੀਆਂ ਹਨ ਕਿ ਮਾਇਆ ਰੂਪੀ ਸੱਸ ਕੈਸੀ ਹੈ ? ਅਗਿਆਨ ਰੂਪੀ ਸਹੁਰਾ ਕੈਸਾ ਹੈ ? ਹੰਕਾਰ ਰੂਪੀ ਜੇਠ ਕੈਸਾ ਹੈ ? ਤ੍ਰਿਸ਼ਨਾ ਰੂਪੀ ਜੇਠਾਣੀ ਕੈਸੀ ਹੈ ? ਆਸਾ ਰੂਪੀ ਦਰਾਣੀ ਕੈਸੀ ਹੈ ? ਲੋਭ ਰੂਪੀ ਦਿਓਰ ਕੈਸਾ ਹੈ ? ਇਸ ਤਰ੍ਹਾਂ ਪੁੱਛਣ ਨਾਲ ਉਹ ਸਭ ਦੇ ਸੁਭਾਅ ਦੱਸਦੀ ਹੈ ਅਤੇ ਪਿਆਰੇ ਪਤੀ ਦੇ ਨਾਲ ਨੇੜੇ ਹੋ ਕੇ ਕੀਤੇ ਅਨੰਦ ਦੇ ਬਚਨ ਵੀ ਸਾਰੇ ਕਹਿ, ਦੱਸ ਦਿੱਤੇ। ਫੇਰ ਜਗਿਆਸੂ ਰੂਪ ਇਸਤਰੀਆਂ ਪੁੱਛਣ ਲੱਗੀਆਂ ਕਿ ਹੇ ਸਖੀ ! ਜਦੋਂ ਸੁਰਿ = ਸ੍ਰੇਸ਼ਟਤਾਈ ਨੂੰ ਜਨੁ = ਪੈਦਾ ਕਰਨ ਵਾਲਾ ਪਤੀ ਪਰਮੇਸ਼ਰ ਤੇਰੇ ਰਿਦੇ ਰੂਪੀ ਘਰ ਦੇ ਵਿਚ ਆਇਆ ਭਾਵ ਅੰਦਰ ਸਾਖਿਆਤ ਹੋ ਗਿਆ, ਉਹ ਜੀਵ ਈਸ ਦੀ ਏਕਤਾ ਦਾ ਅਨੰਦ ਕੈਸਾ ਸੀ ?

ਤਬ = ਤਦ ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਮਹਾਤਮਾ, ਜਗਿਆਸੂ ਰੂਪ ਲੜਕੀ ਆਪਣੇ ਮੁਖ ਨੂੰ ਕੱਜ ਕਰਕੇ ਲੱਜਿਆ ਨੂੰ ਪ੍ਰਾਪਤ ਹੋ ਗਈ, ਭਾਵ ਉਹ ਕਹਿਣ ਲੱਗੀ ਕਿ ਮੇਰੇ ਪਾਸੋਂ ਪਤੀ ਪਰਮੇਸ਼ਰ ਦੀ ਪ੍ਰਾਪਤੀ ਦਾ ਅਨੰਦ ਨਹੀਂ ਕਥਨ ਕੀਤਾ ਜਾ ਸਕਦਾ **ਵਾ:** ਵਾਹਿਗੁਰੂ ਦੀ ਪ੍ਰਾਪਤੀ ਦਾ ਅਨੰਦ ਕਥਨ ਨਹੀਂ ਕੀਤਾ ਜਾ ਸਕਦਾ, ਇਸੇ ਪ੍ਰਕਾਰ ਉਹ ਜਗਿਆਸੂ ਰੂਪ ਲੜਕੀ ਆਪਣੇ ਅੰਤਹਕਰਣ ਰੂਪੀ ਮੁਖ ਨੂੰ ਪ੍ਰੇਮ ਰੂਪੀ ਬਸਤਰ ਦੇ ਨਾਲ ਕੱਜ ਕਰਕੇ ਲੱਜਿਆ ਨੂੰ ਪ੍ਰਾਪਤ ਹੋ ਗਈ ॥੧॥ ਜੈਸਾ ਕਿ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥** *(ਅੰਗ ੩੩੪)*

## ਜਿਉ ਕਨਿਕੋ ਕੋਠਾਰੀ ਚੜਿਓ; ਕਬਰੋ ਹੋਤ ਫਿਰੋ ॥

ਜਿਉ = ਜਿਵੇਂ ਮੈਲ ਦੇ ਸਹਿਤ ਹੋਣ ਕਰਕੇ ਕਨਿਕੋ = ਸੋਨਾ ਕੋਠਾਰੀ = ਕੁਠਾਲੀ ਵਿਚ ਚੜਿਓ = ਚੜ੍ਹਿਆ ਹੋਇਆ, ਅਗਨੀ ਦੇ ਸੇਕ ਨਾਲ ਕਬਰੋ = ਪੀਲੇ ਰੰਗ ਦਾ ਹੋਇਆ ਜਾਂ ਪਤਲਾ ਹੋ ਕੇ ਤੁਰਿਆ ਫਿਰੋ = ਫਿਰਦਾ ਹੈ **ਵਾ:** ਕਬਰੋ = ਕਮਲਾ ਹੋਇਆ ਫਿਰਦਾ ਹੈ। ਪਰ :

## ਜਬ ਤੇ ਸੁਧ ਭਏ ਹੈ ਬਾਰਹਿ; ਤਬ ਤੇ ਥਾਨ ਥਿਰੋ ॥੨॥

ਪਰ ਜਬ = ਜਦ ਤੇ = ਤੋਂ ਬਾਰਹਿ = ਬਾਰਾਂ ਵੰਨੀ ਦਾ ਸ਼ੁੱਧ ਭਏ = ਹੋ ਜਾਂਦਾ ਹੈ, ਤਬ = ਤਦ ਤੇ = ਤੋਂ ਇਕ ਥਾਨ = ਟਿਕਾਣੇ ਉਤੇ ਥਿਰੋ = ਟਿਕ ਜਾਂਦਾ ਹੈ **ਅਥਵਾ** ਇਸੇ ਪ੍ਰਕਾਰ ਰਾਗ ਦਵੈਸ਼ ਰੂਪੀ ਮੈਲ ਦੇ ਸਹਿਤ ਹੋਣ ਕਰਕੇ ਜਗਿਆਸੂ ਰੂਪ ਸੋਨਾ ਸਤਿਸੰਗਤ, ਪ੍ਰੇਮ ਰੂਪੀ ਕੁਠਾਲੀ ਉਤੋਂ ਚੜ੍ਹਿਆ ਹੋਇਆ, ਤਪ ਰੂਪ ਅਗਨੀ ਦੇ ਸੇਕ ਨਾਲ ਭਗਤੀ ਰੂਪੀ ਪੀਲੇ ਰੰਗ ਦੇ ਸਹਿਤ ਹੋਇਆ ਫਿਰਦਾ ਹੈ **ਵਾ:** ਦੁਨੀਆਂ ਵੱਲੋਂ ਕਬਰੋ = ਕਮਲਾ ਭਾਵ ਮਸਤ ਹੋ ਕੇ ਤੁਰਿਆ ਫਿਰਦਾ ਹੈ।

ਜਦ ਤੋਂ ਬਾਰਾਂ ਵੰਨੀ ਦੇ ਸੋਨੇ ਵਤ ਉੱਜਲ ਜੀਵਨ ਵਾਲਾ ਹੋ ਜਾਂਦਾ ਹੈ ਭਾਵ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਮਨ ਅਤੇ ਬੁੱਧ ਇਹ ਦਸੇ ਉੱਜਲ ਹੋ ਜਾਂਦੇ ਹਨ, ਤਦ ਤੋਂ ਸਤ ਚਿੱਤ ਅਨੰਦ ਦੇ ਸਰੂਪ ਰੂਪੀ ਥਾਂ ਵਿਚ ਟਿਕ ਜਾਂਦਾ ਹੈ ਭਾਵ ਜੰਮਣ ਮਰਣ ਤੋਂ ਰਹਿਤ ਹੋ ਜਾਂਦਾ ਹੈ॥੨॥

## ਜਉ ਦਿਨੁ ਰੈਨਿ ਤਊ ਲਉ ਬਜਿਓ; ਮੂਰਤ ਘਰੀ ਪਲੋ ॥

ਜਉ = ਜਦ ਤਕ ਰਾਤ ਦਿਨ ਪਹਿਰੇਦਾਰ ਘੜਿਆਲ ਕੋਲ ਬੈਠਾ ਰਹਿੰਦਾ ਹੈ, ਤਊ = ਤਦ ਸਉ = ਤੱਕ ਘੜਿਆਲ ਬਜਿਓ = ਵੱਜਦਾ ਰਹਿੰਦਾ ਹੈ ਭਾਵ ਰਾਤ ਦਿਨ ਦੇ ਘੰਟੇ ਸਮੇਂ ਅਨੁਸਾਰ ਵੱਜਦੇ ਰਹਿੰਦੇ ਹਨ ਅਤੇ ਮੂਰਤ = ਦੋ ਘੜੀਆਂ ਦਾ, ਇਕ ਘਰੀ = ਘੜੀ ਦਾ ਤੇ ਪਲੋ = ਪਲ ਦਾ ਪਹਿਰੇਦਾਰ ਘੜਿਆਲ ਵਜਾਉਂਦਾ ਰਹਿੰਦਾ ਹੈ।

## ਬਜਾਵਨਹਾਰੋ ਊਠਿ ਸਿਧਾਰਿਓ; ਤਬ ਫਿਰਿ, ਬਾਜੁ ਨ ਭਇਓ ॥੩॥

ਜਦ ਬਜਾਵਨਹਾਰੋ = ਵਜਾਉਣ ਵਾਲਾ ਪਹਿਰੇਦਾਰ ਘੜਿਆਲ ਕੋਲੋਂ ਊਠਿ = ਉੱਠ ਕੇ ਸਿਧਾਰਿਓ = ਚਲਿਆ ਜਾਵੇ, ਤਬ = ਤਦ ਫਿਰਿ = ਫੇਰ ਘੜਿਆਲ ਦਾ ਬਾਜੁ = ਵੱਜਣਾ ਨ = ਨਹੀਂ ਭਇਓ = ਹੁੰਦਾ **ਅਥਵਾ** ਇਸੇ ਪ੍ਰਕਾਰ ਜਦ ਤੱਕ ਮਨ ਰੂਪੀ ਪਹਿਰੇਦਾਰ ਪਾਪ ਪੁੰਨ ਰੂਪੀ ਦਿਨ ਰਾਤ ਕਰਕੇ ਤਿਨ ਗੁਣਾਂ ਦੇ ਸਹਿਤ ਹੈ, ਤਦ ਤਕ ਦੋ ਘੜੀਆਂ, ਇਕ ਘੜੀ ਤੇ ਪਲ ਪਲ ਕਾਲ ਵਿੱਚੋਂ ਸਰੀਰ ਰੂਪੀ ਘੜਿਆਲ ਵੱਜਦਾ ਰਹਿੰਦਾ ਹੈ, ਭਾਵ ਕਈ ਪ੍ਰਕਾਰ ਦੀ ਹਰਕਤ ਕਰਦਾ ਰਹਿੰਦਾ ਹੈ।

ਜਦ ਬਜਾਵਨਹਾਰੋ = ਵਜਾਉਣ ਵਾਲਾ ਜੀਵਾਤਮਾ ਰੂਪੀ ਪਹਿਰੇਦਾਰ ਊਠ = ਉੱਠ ਕੇ, ਕੂਚ ਕਰਕੇ ਪ੍ਰਲੋਕ ਵੱਲ ਨੂੰ ਚਲਿਆ ਗਿਆ, ਤਦ ਫੇਰ ਸਰੀਰ ਰੂਪੀ ਘੜਿਆਲ ਦਾ ਵੱਜਣਾ ਨਾ ਭਇਓ = ਹੋਇਆ ਭਾਵ ਸਰੀਰ ਦੀ ਸਾਰੀ ਹਰਕਤ ਖ਼ਤਮ ਹੋ ਜਾਂਦੀ ਹੈ॥੩॥

**ਅਥਵਾ** ਇਸੇ ਪ੍ਰਕਾਰ ਜਦ ਤੱਕ ਇਹ ਮਨ ਤਿੰਨਾਂ ਗੁਣਾਂ ਰੂਪੀ ਰਾਤ ਦਿਨ ਦੇ ਸਹਿਤ ਹੈ, ਤਦ ਤੱਕ ਜੁੜਨ ਰੂਪ ਵੱਜਦਾ, ਖੜਕਦਾ ਰਹਿੰਦਾ ਹੈ ਅਤੇ ਦੋ ਘੜੀਆਂ, ਇਕ ਘੜੀ ਤੇ ਪਲੋ = ਪਲ ਮਾਤਰ ਜੁੜਦਾ, ਟਿਕਦਾ ਰਹਿੰਦਾ ਹੈ ਭਾਵ ਇਹ ਮਨ ਇਉਂ ਨਿਰਨੇ ਕਰਦਾ ਰਹਿੰਦਾ ਹੈ ਕਿ ਹੁਣ ਅਵਿੱਦਿਆ ਰੂਪੀ ਰਾਤ ਚਲੀ ਗਈ ਹੈ, ਗਿਆਨ ਰੂਪੀ ਦਿਨ ਚੜ੍ਹ ਗਿਆ ਹੈ ਅਤੇ ਪਲ, ਇਕ ਘੜੀ, ਦੋ ਘੜੀਆਂ ਮਾਤਰ ਜੁੜ ਗਿਆ ਹੈ।

ਪਰ ਜਦੋਂ ਵਜਾਉਣ ਵਾਲਾ ਮਨ ਤਿੰਨਾਂ ਗੁਣਾਂ ਤੋਂ ਊਠਿ = ਉੱਠ, ਉਪਰਾਮ ਹੋ ਕੇ ਆਪਣੇ ਤੁਰੀਆ ਪਦ, ਸਰੂਪ ਵਿਚ ਚਲਿਆ ਗਿਆ, ਤਦੋਂ ਫੇਰ ਹੰਗਤਾ ਮਮਤਾ ਦੀ ਅਵਾਜ਼ ਨਾ ਹੋਈ॥੩॥

## ਜੈਸੇ ਕੁੰਭ ਉਦਕ ਪੂਰਿ ਆਨਿਓ; ਤਬ ਉਹੁ ਭਿੰਨ ਦ੍ਰਿਸਟੋ ॥

ਜੈਸੇ = ਜਿਸ ਪ੍ਰਕਾਰ ਉਦਕ = ਪਾਣੀ ਦਾ ਕੁੰਭ = ਘੜਾ ਨਦੀ, ਤਲਾਅ ਆਦਿ ਤੋਂ ਪੂਰਿ = ਭਰ ਕੇ

ਆਨਿਓ = ਲਿਆਂਦਾ ਜਾਵੇ, ਤਬ = ਤਦੋਂ ਉਹ ਪਾਣੀ ਦਾ ਭਰਿਆ ਹੋਇਆ ਘੜਾ ਨਦੀ ਤਲਾਅ ਆਦਿ ਦੇ ਪਾਣੀ ਤੋਂ ਭਿੰਨ = ਵੱਖਰਾ ਦ੍ਰਿਸਟੋ = ਦਿਸਦਾ ਹੈ।

## ਕਹੁ ਨਾਨਕ, ਕੁੰਭੁ ਜਲੈ ਮਹਿ ਡਾਰਿਓ; ਅੰਭੈ ਅੰਭ ਮਿਲੋ ॥੪॥੩॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਜਦ ਉਸ ਕੁੰਭੁ = ਘੜੇ ਦਾ ਜਲੈ = ਪਾਣੀ ਨਦੀ ਜਾਂ ਤਲਾਅ ਮਹਿ = ਵਿਚ ਡਾਰਿਓ = ਡਾਰ, ਪਾ ਦਿੱਤਾ ਜਾਵੇ, ਤਦੋਂ ਅੰਭੈ = ਪਾਣੀ ਦੇ ਨਾਲ ਅੰਭ = ਪਾਣੀ ਮਿਲੋ = ਮਿਲ ਜਾਂਦਾ ਹੈ।

**ਅਥਵਾ** ਇਸੇ ਪ੍ਰਕਾਰ ਜੋ ਪੰਜਾਂ ਤੱਤਾਂ ਦਾ ਸਰੀਰ ਰੂਪੀ ਘੜਾ ਚਿਦਾਭਾਸ ਰੂਪੀ ਨਦੀ ਜਾਂ ਤਲਾਅ ਵਿੱਚੋਂ ਚੇਤਨ ਸੱਤਾ ਰੂਪੀ ਜਲ ਦੇ ਨਾਲ ਭਰ ਕੇ ਲਿਆਂਦਾ ਜਾਵੇ, ਤਦੋਂ ਉਹ ਸਰੀਰ ਰੂਪੀ ਘੜਾ ਜੀਵ ਬਣਿਆ ਹੋਇਆ ਵੱਖਰਾ ਦਿਸਦਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਜਦ ਉਸ ਸਰੀਰ ਰੂਪੀ ਘੜੇ ਦਾ ਚੇਤਨ ਸੱਤਾ ਰੂਪੀ ਪਾਣੀ ਚਿਦਾਭਾਸ ਰੂਪੀ ਨਦੀ ਜਾਂ ਤਲਾਅ ਵਿਚ ਪਾ ਦਿੱਤਾ ਜਾਵੇ ਤਦੋਂ ਬ੍ਰਹਮ ਰੂਪੀ ਪਾਣੀ ਦੇ ਨਾਲ ਚੇਤਨ ਸੱਤਾ ਰੂਪੀ ਪਾਣੀ **ਵਾ:** ਈਸਰ ਰੂਪ ਪਾਣੀ ਵਿਚ ਜੀਵ ਰੂਪ ਪਾਣੀ ਮਿਲ ਜਾਂਦਾ ਹੈ ਭਾਵ ਜੀਵ ਈਸ ਦੀ ਏਕਤਾ ਹੋ ਜਾਂਦੀ ਹੈ **ਵਾ:** ਜਿਵੇਂ ਘੜੇ ਦਾ ਪਾਣੀ ਨਦੀ ਜਾਂ ਤਲਾਅ ਵਿਚ ਪਾਉਣ ਤੋਂ ਘੜੇ ਦਾ ਪਾਣੀ, ਨਦੀ ਦੇ ਪਾਣੀ ਨਾਲ ਮਿਲ ਜਾਂਦਾ ਹੈ, ਇਉਂ ਪਰਮੇਸ਼ਰ ਦੇ ਨਾਲ ਜੀਵ ਵਿਦੇਹ ਮੁਕਤ ਹੋ ਕੇ ਮਿਲ ਜਾਂਦਾ ਹੈ।

ਅਰਥਾਤ ਜੀਵਨ ਮੁਕਤ ਪੁਰਖ ਤੇ ਵਿਦੇਹ ਮੁਕਤ ਪੁਰਖ ਦੀ ਵੀਚਾਰ ਇਸ ਪ੍ਰਕਾਰ ਹੈ, ਜੋ ਜੀਵਨ ਮੁਕਤ ਪੁਰਖ ਹੁੰਦਾ ਹੈ, ਉਹ ਨੇਹ ਤਿਆਗ ਹੁੰਦਾ ਹੈ ਭਾਵ ਉਹ ਸਰੀਰ ਕਰਕੇ ਬੋਲਦਾ, ਚੱਲਦਾ, ਕਿਰਿਆ ਆਦਿ ਸਭ ਕੁਝ ਕਰਦਾ ਹੈ, ਪਰ ਦਿਲੋਂ ਕੁਝ ਵੀ ਨਹੀਂ ਕਰਦਾ, ਸਦਾ ਅਸੰਗ ਹੀ ਰਹਿੰਦਾ ਹੈ ਜੋ ਵਿਦੇਹ ਮੁਕਤ ਪੁਰਖ ਹੁੰਦਾ ਹੈ, ਉਹ ਸਰੀਰ ਕਰਕੇ ਵੀ ਕੁਝ ਨਹੀਂ ਕਰਦਾ ਭਾਵ ਵਿਦੇਹ ਮੁਕਤ ਪੁਰਖ ਆਪਣੇ ਸਰੀਰ ਦੀ ਸੰਭਾਲ ਲਈ ਖਾਣ-ਪੀਣ ਦਾ ਯਤਨ ਵੀ ਨਹੀਂ ਕਰ ਸਕਦਾ, ਜੇਕਰ ਕੋਈ ਭੋਜਨ ਖੁਆ ਦੇਵੇ ਤਾਂ ਖਾ ਲੈਂਦਾ ਹੈ ਇਤਨੀ ਮਸਤੀ ਉਸਦੇ ਅੰਦਰ ਹੋ ਜਾਂਦੀ ਹੈ॥੪॥੩॥

## ਸਾਰਗ ਮਹਲਾ ੫ ॥

## ਅਬ ਪੂਛੇ; ਕਿਆ ਕਹਾ ॥

ਹੇ ਜੀਵ ! ਜੇ ਅਬ = ਹੁਣੇ ਤੇਰੇ ਸੁਆਸ ਖ਼ਤਮ ਹੋ ਜਾਣ, ਭਾਵ ਜ਼ਿੰਦਗੀ ਮੁੱਕ ਜਾਵੇ ਤਾਂ ਧਰਮਰਾਜੇ ਦੇ ਪੂਛੇ = ਪੁੱਛਣ ਤੋਂ ਕਿਆ = ਕੀ ਕਹਾ = ਕਹਿਣਾ ਕਰੇਂਗਾ ਭਾਵ = ਤੂੰ ਹੁਣ ਤੱਕ ਕੋਈ ਚੰਗਾ ਕਰਮ ਨਹੀਂ ਕਰਿਆ। ਜਦ ਧਰਮਰਾਜਾ ਤੇਰੇ ਕੀਤੇ ਕਰਮਾਂ ਦਾ ਹਿਸਾਬ ਪੁੱਛਣਾ ਕਰੇਗਾ ਤਾਂ ਕੀ ਜਵਾਬ ਦੇਣਾ ਕਰੇਂਗਾ।

## ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ;

## ਬਾਵਰ ਬਿਖੁ ਸਿਉ ਗਹਿ ਰਹਾ ॥੧॥ਰਹਾਉ॥

ਤੈਨੂੰ ਨੀਕੋ = ਸੁੰਦਰ ਨਾਮ ਅੰਮ੍ਰਿਤ ਦਾ ਰਸ ਲੈਨੋ = ਲੈਣਾ ਚਾਹੀਦਾ ਸੀ ਪਰ ਹੇ ਬਾਵਰ = ਕਮਲੇ ਜੀਵ ! ਤੂੰ ਸ਼ਬਦ, ਸਪਰਸ਼ ਰੂਪ ਰਸ ਆਦਿ ਬਿਖੁ = ਵਿਸ਼ਿਆਂ ਸਿਉ = ਨੂੰ ਗਹਿ = ਗ੍ਰਹਿਣ ਕਰ ਰਿਹਾ ਹੈਂ **ਵਾ:** ਤੂੰ ਆਪਣੇ ਆਪ ਨੂੰ ਵਿਸ਼ਿਆਂ ਦੇ ਸਿਉ = ਨਾਲ ਗਹਿ = ਪਕੜ ਰਿਹਾ ਹੈਂ ਭਾਵ ਤੂੰ ਵਿਸ਼ਿਆਂ ਦਾ ਪਕੜ ਕੇ ਰੱਖਿਆ ਹੋਇਆ ਹੈਂ ॥੧॥ਰਹਾਉ॥

## ਦੁਲਭ ਜਨਮੁ ਚਿਰੰਕਾਲ ਪਾਇਓ; ਜਾਤਉ ਕਉਡੀ ਬਦਲਹਾ ॥

(**ਬਦਲ-ਹਾ** ਬੋਲਣ ਵਾਸਤੇ ਸੰਬੰਧਕ ਹੈ)

ਤੂੰ ਬੜੀ ਦੁਲਭ = ਕਠਨਤਾਈ ਨਾਲ ਮਿਲਣ ਵਾਲੇ ਮਨੁੱਖਾ ਜਨਮ ਨੂੰ ਚਿਰੰਕਾਲ = ਬਹੁਤ ਸਮੇਂ ਤੋਂ ਬਾਅਦ ਪਾਇਓ = ਪਾਉਣਾ ਕੀਤਾ ਹੈ, ਜੋ ਤੇਰਾ ਮਾਇਆ ਰੂਪ ਕਉਡੀ ਦੇ ਬਦਲਹਾ = ਬਦਲੇ ਨਿਸਫਲ ਜਾਨਉ = ਜਾ ਰਿਹਾ ਹੈ।

## ਕਾਥੂਰੀ ਕੋ ਗਾਹਕੁ ਆਇਓ; ਲਾਦਿਓ ਕਾਲਰ, ਬਿਰਖ ਜਿਵਹਾ ॥੧॥

(ਜਿ-ਵਹਾ ਬੋਲੋ)

ਜਿਵੇਂ ਕੋਈ ਪੁਰਖ ਕਾਥੂਰੀ = ਕਸਤੂਰੀ ਕੋ = ਦਾ ਗਾਹਕ ਬਣ ਕੇ ਆਇਓ = ਆਇਆ ਹੋਵੇ ਭਾਵ ਕਸਤੂਰੀ ਨੂੰ ਖ਼ਰੀਦਣ ਵਾਸਤੇ ਘਰੋਂ ਤੁਰ ਕੇ ਆਇਆ ਹੋਵੇ ਪਰ ਉਹ ਜਿਵਹਾ = ਜਿਵਾਂਹ ਦੇ ਬਿਰਖ = ਬ੍ਰਿਛ, ਬੂਟੇ ਤੇ ਕਾਲਰ = ਕੱਲਰ ਲਾਦਿਓ = ਲੱਦ ਕੇ ਲੈ ਜਾਵੇ ਤਾਂ ਉਸ ਨੂੰ ਮੂਰਖ ਆਖੀਦਾ ਹੈ॥੧॥

ਇਸੇ ਪ੍ਰਕਾਰ ਹੇ ਜੀਵ! ਤੂੰ ਭਗਤੀ ਰੂਪ ਕਸਤੂਰੀ ਦਾ ਗਾਹਕ ਬਣ ਕੇ ਸੰਸਾਰ ਵਿਚ ਆਇਆ ਸੀ ਪਰ ਤੂੰ ਵਿਸ਼ੇ ਰੂਪੀ, ਹੰਕਾਰ ਰੂਪੀ ਜਿਵਾਂਹ ਦੇ ਬੂਟੇ ਤੇ ਪਾਪਾਂ ਰੂਪੀ **ਵਾ:** ਨਿਸ਼ਰਧਕ ਪੁਣਾ, ਸਕਾਮ ਕਰਮਾਂ ਰੂਪੀ ਕਾਲਰ = ਕੱਲਰ ਨੂੰ ਆਪਣੇ ਅੰਤਹਕਰਣ ਰੂਪੀ ਗੱਡੇ ਉੱਤੇ ਲਾਦਿਓ = ਲੱਦ ਲਿਆ ਹੈ॥੧॥

## ਆਇਓ ਲਾਭੁ ਲਾਭਨ ਕੈ ਤਾਈ; ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥

ਹੇ ਜੀਵ! ਤੂੰ ਇਥੇ ਸੰਸਾਰ ਵਿਚ ਪ੍ਰਮਾਰਥਕ ਲਾਭੁ = ਨਫ਼ਾ ਲਾਭਨ = ਲੱਭਣ ਕੈ = ਦੇ ਤਾਈ = ਵਾਸਤੇ ਆਇਓ = ਆਇਆ ਸੀ, ਪਰ ਮਨ ਨੂੰ ਮੋਹਨਿ = ਮੋਹਿਤ ਕਰਨ ਵਾਲੀ ਮਾਇਆ ਰੂਪੀ ਠਾਗਉਰੀ = ਠੱਗ ਬੂਟੀ ਦੇ ਸਿਉ = ਨਾਲ ਹੀ ਉਲਝਿ ਪਹਾ = ਪਿਆ ਹੈਂ, ਫਸ ਪਿਆ ਹੈਂ।

## ਕਾਚ ਬਾਦਰੈ ਲਾਲੁ ਖੋਈ ਹੈ; ਫਿਰਿ ਇਹੁ ਅਉਸਰੁ ਕਦਿ ਲਹਾ ॥੨॥

ਜਿਵੇਂ ਕੋਈ ਪੁਰਖ ਕਾਚ = ਕੱਚ ਦੇ ਬਾਦਰੈ = ਬਦਲੇ ਆਪਣਾ ਕੀਮਤੀ ਲਾਲ ਗੁਆ ਦਿੰਦਾ ਹੈ **ਵਾ:** ਇਸੇ ਪ੍ਰਕਾਰ ਹੇ ਜੀਵ! ਤੂੰ ਵਿਸ਼ਿਆਂ ਰੂਪੀ ਕੱਚ ਦੇ ਬਦਲੇ ਪ੍ਰਭੂ ਰੂਪ ਲਾਲ ਨੂੰ ਗੁਆ ਦਿੱਤਾ ਹੈ **ਵਾ:** ਤੂੰ ਕਾਚ = ਕੱਚੇ ਵਿਸ਼ਿਆਂ ਦੇ ਬਾਦਰੈ = ਬਦਲੇ ਸਵਾਸਾਂ ਰੂਪੀ, ਮਨੁੱਖਾ ਦੇਹ ਰੂਪੀ **ਵਾ:** ਪਰਮੇਸ਼ਰ ਦਾ ਪ੍ਰੇਮ, ਨਾਮ ਰੂਪੀ ਲਾਲ ਖੋਈ = ਗੁਵਾ ਬੈਠਾ ਹੈਂ, ਫਿਰਿ ਇਹ ਮਨੁੱਖਾ ਜਨਮ ਦਾ ਅਉਸਰੁ = ਵੇਲਾ ਤੈਨੂੰ ਕਦਿ = ਕਦੋਂ ਲਹਾ = ਪ੍ਰਾਪਤ ਹੋਵੇਗਾ ਭਾਵ ਫੇਰ ਨਹੀਂ ਮਿਲਣਾ॥੨॥

## ਸਗਲ ਪਰਾਧ, ਏਕੁ ਗੁਣੁ ਨਾਹੀ; ਠਾਕੁਰੁ ਛੋਡਹ ਦਾਸਿ ਭਜਹਾ ॥

ਹੇ ਜੀਵ! ਤੂੰ ਬਹੁਤ ਸਗਲ = ਸਾਰੇ ਪਰਾਧ = ਗੁਨਾਹ ਕਰਨ ਵਾਲਾ ਹੈਂ, ਤੇਰੇ ਵਿਚ ਏਕ = ਇਕ ਵੀ ਸ਼ੁਭ ਗੁਣ ਨਾਹੀ = ਨਹੀਂ ਹੈ, ਤੂੰ ਠਾਕੁਰੁ = ਮਾਲਕ ਪਰਮੇਸ਼ਰ ਨੂੰ ਛੋਡਹ = ਛੱਡ ਕੇ ਹਰ ਵਕਤ ਦਾਸਿ = ਦਾਸੀ ਮਾਇਆ ਦਾ ਹੀ ਭਜਹਾ = ਭਜਨ ਕਰਦਾ ਰਹਿੰਦਾ ਹੈਂ **ਵਾ:** ਦਾਸਿ ਭਾਵ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਦਾ ਹੈਂ **ਵਾ:** ਕਾਮ ਆਦਿ ਵਿਕਾਰਾਂ ਦਾ ਸੇਵਨ ਕਰਦਾ ਰਹਿੰਦਾ ਹੈਂ।

## ਆਈ ਮਸਟਿ, ਜੜਵਤ ਕੀ ਨਿਆਈ; ਜਿਉ ਤਸਕਰੁ, ਦਰਿ ਸਾਂਨ੍ਹਿਹਾ ॥੩॥

ਹੇ ਜੀਵ! ਜਦ ਮੂਰਛਾ ਰੂਪ ਮਸਟਿ = ਚੁੱਪ ਆਈ = ਆ ਗਈ ਜਾਂ ਮੌਤ ਰੂਪੀ ਚੁੱਪ ਆ ਗਈ, ਫੇਰ ਤੂੰ ਜੜਵਤ = ਜੜ੍ਹਤਾ ਵਾਲੇ ਪਦਾਰਥਾਂ ਜਾਂ ਪਸ਼ੂਆਂ ਕੀ = ਦੀ ਨਿਆਈ = ਤਰ੍ਹਾਂ ਹੋ ਜਾਵੇਂਗਾ ਤੇ ਇਤਨੀ

ਮਾਰ ਪਵੇਗੀ ਜਿਉ = ਜਿਵੇਂ ਤਸਕਰੁ = ਚੋਰ ਸਾਂਨ੍ਹਿਾ = ਸੰਨ੍ਹ ਦੇ ਦਰਿ = ਦਰਵਾਜ਼ੇ 'ਤੇ ਫੜਿਆ ਹੋਇਆ ਮਾਰ ਖਾਂਦਾ ਹੈ **ਅਥਵਾ** ਜਿਵੇਂ ਚੋਰ ਸੰਨ੍ਹ ਦੇ ਦਰਵਾਜ਼ੇ ਵਿਚ ਫੜਿਆ ਜਾਵੇ ਤਾਂ ਉਸ ਦੇ ਮਾਰ ਪੈਂਦੀ ਹੈ, ਇਸੇ ਪ੍ਰਕਾਰ ਕਾਮ ਕ੍ਰੋਧ ਰੂਪੀ ਚੋਰਾਂ ਕਾਰਨ ਹਉਮੈ ਰੂਪੀ ਸੰਨ੍ਹ ਦੇ ਦਰਵਾਜ਼ੇ ਵਿਚ ਫੜੇ ਜਾਣ ਕਰਕੇ ਤੇਰੇ ਜਮਾਂ ਦੀ ਮਾਰ ਪਵੇਗੀ ॥੩॥

## ਆਨ ਉਪਾਉ, ਨ ਕੋਊ ਸੂਝੈ; ਹਰਿ ਦਾਸਾ ਸਰਣੀ ਪਰਿ ਰਹਾ ॥

ਹੇ ਜੀਵ ! ਤੇਰੇ ਉਧਰਣ, ਬਖ਼ਸ਼ਾਉਣ ਦਾ ਆਨ = ਹੋਰ ਉਪਾਉ = ਯਤਨ ਕੋਊ = ਕੋਈ ਵੀ ਨ = ਨਹੀਂ ਸੂਝੈ = ਸੁੱਝਦਾ, ਕੇਵਲ ਇਹੋ ਬਖ਼ਸ਼ਾਉਣ ਤੇ ਉਧਰਣ ਦਾ ਉਪਾਅ ਹੈ ਕਿ ਹਰਿ = ਪਰਮੇਸ਼ਰ ਦੇ ਦਾਸਾ = ਸੇਵਕਾਂ ਦੀ ਸਰਣੀ = ਓਟ ਵਿਚ ਹਰ ਵਕਤ ਪਰਿ = ਪਿਆ ਰਹਾ = ਰਹਿਣਾ ਕਰ।

## ਕਹੁ ਨਾਨਕ, ਤਬ ਹੀ ਮਨ ਛੁਟੀਐ;
## ਜਉ ਸਗਲੇ ਅਉਗਨ ਮੇਟਿ ਧਰਹਾ ॥੪॥੪॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਹੇ ਜੀਵ ! ਤਬ = ਤਦ ਹੀ ਤੇਰਾ ਮਨ ਜੰਮਣ ਮਰਣ ਵਲੋਂ ਛੁਟੀਐ = ਛੁੱਟਣਾ ਪਾਵੇਗਾ, ਜਉ = ਜਦ ਸਗਲੇ = ਸਾਰੇ ਅਉਗਨ = ਔਗੁਣਾਂ ਨੂੰ ਮੇਟਿ = ਦੂਰ ਕਰਕੇ ਧਰਹਾ = ਧਰ, ਰੱਖ ਦੇਵੇਂਗਾ **ਵਾ:** ਜਦ ਹਿਰਦੇ ਵਿਚ ਸਾਰੇ ਔਗੁਣ ਮੇਟਿ = ਮਿਟਾ ਕੇ ਸ਼ੁਭ ਗੁਣਾਂ ਨੂੰ ਧਰਹਾ = ਧਾਰਨਾ ਕਰ ਲਵੇਂਗਾ, ਤਦ ਹੀ ਤੇਰਾ ਮਨ ਮਾਇਆ ਦੇ ਮੋਹ **ਵਾ:** ਜਮਾਂ ਤੋਂ ਛੁਟੀਐ = ਛੁਟਕਾਰਾ ਪਾ ਸਕਦਾ ਹੈ ॥੪॥੪॥

## ਸਾਰਗ ਮਹਲਾ ੫ ॥

ਜਿਸ ਪ੍ਰਕਾਰ ਵੱਡੀ ਸਖੀ ਦੇ ਪਾਸ ਪਤੀ ਦੀ ਪ੍ਰਾਪਤੀ ਵਾਲੀ ਚਾਹਵਾਨ ਇਸਤਰੀ ਸਿੱਖਿਆ ਲੈਣ ਵਾਸਤੇ ਬੇਨਤੀ ਕਰਦੀ ਹੈ, ਇਸੇ ਪ੍ਰਕਾਰ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਲੀ ਮਹਾਤਮਾ ਰੂਪੀ ਸਖੀ ਦੇ ਕੋਲ ਪਤੀ ਪਰਮੇਸ਼ਰ ਦੀ ਪ੍ਰਾਪਤੀ ਦੀ ਚਾਹਵਾਨ ਜਗਿਆਸੂ ਰੂਪ ਸਖੀ ਬੇਨਤੀ ਕਰਦੀ ਹੈ, ਇਉਂ ਸਤਿਗੁਰੂ ਜੀ ਉਸ ਵਾਰਤਾ ਦਾ ਅਲੰਕਾਰ ਬਣਾ ਕੇ ਸ਼ਬਦ ਉਚਾਰਨ ਕਰਦੇ ਹਨ।

## ਮਾਈ, ਧੀਰਿ ਰਹੀ; ਪ੍ਰਿਅ ਬਹੁਤੁ ਬਿਰਾਗਿਓ ॥

ਹੇ ਮਾਈ = ਮਾਤਾ ਪਿਤਾ ਦੀ ਨਿਆਈਂ ਮਹਾਤਮਾ ਰੂਪ ਸਖੀ ! ਹੁਣ ਮੇਰੇ ਰਿਦੇ ਵਿਚ ਧੀਰਿ = ਧੀਰਜਤਾ ਰਹੀ = ਰਹਿ ਗਈ ਹੈ ਭਾਵ ਪਤੀ ਪਰਮੇਸ਼ਰ ਦੀ ਹੌਲੀ ਹੌਲੀ ਪ੍ਰਾਪਤੀ ਹੋ ਜਾਵੇਗੀ ਇਹ ਧੀਰਜਤਾ ਰਹਿ ਚੁੱਕੀ ਹੈ, ਕਿਉਂਕਿ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਦੀ ਪ੍ਰਾਪਤੀ ਦਾ ਮੈਨੂੰ ਬਹੁਤੁ = ਅਤਿਅੰਤ ਬਿਰਾਗਿਓ = ਵੈਰਾਗ ਲੱਗ ਰਿਹਾ ਹੈ।

## ਅਨਿਕ ਭਾਂਤਿ ਆਨੂਪ ਰੰਗ ਰੇ; ਤਿਨ੍ ਸਿਉ ਰੁਚੈ ਨ ਲਾਗਿਓ ॥੧॥ਰਹਾਉ॥

ਰੇ = ਹੇ ਮਹਾਤਮਾ ਰੂਪ ਸਖੀ ! ਜੋ ਅਨਿਕ = ਅਨੇਕਾਂ ਭਾਂਤਿ = ਤਰ੍ਹਾਂ ਦੇ ਖਾਣ ਵਾਲੇ ਪਦਾਰਥ ਤੇ ਆਨੂਪ = ਸੋਹਣੇ ਰੰਗ = ਰੂਪ ਵਾਲੀਆਂ ਵਸਤੂਆਂ ਹਨ **ਵਾ:** ਜੋ ਅਨੇਕ ਤਰ੍ਹਾਂ ਦੇ ਸੁੰਦਰ ਰੰਗ = ਤਮਾਸ਼ੇ ਦੇਖਣੇ ਹਨ **ਵਾ:** ਜੋ ਅਨੇਕ ਪ੍ਰਕਾਰ ਦੇ ਸਰੀਰ ਉੱਤੇ ਸੁੰਦਰ ਬਸਤਰ ਜਾਂ ਰੂਪ ਬਣਾਉਣੇ ਹਨ, ਤਿਨ = ਉਨ੍ਹਾਂ ਦੇ ਸਿਉ = ਨਾਲ ਮੇਰੇ ਚਿੱਤ ਦੀ ਰੁਚੈ = ਰੁਚੀ, ਪ੍ਰੀਤੀ ਨ = ਨਹੀਂ ਲਾਗਿਓ = ਲੱਗਦੀ।

**ਅਥਵਾ** ਜੋ ਅਨੇਕ ਤਰ੍ਹਾਂ ਦੇ ਪਦਾਰਥ ਪ੍ਰਾਪਤ ਕਰਨੇ ਹਨ, ਜੋ ਅਨੇਕ ਪ੍ਰਕਾਰ ਦੇ ਵਿਸ਼ਿਆਂ ਦੇ ਰੰਗ = ਅਨੰਦ ਨੂੰ ਸੁੰਦਰ ਜਾਣ ਕੇ ਭੋਗਣਾ ਹੈ **ਵਾ:** ਜੋ ਅਨੇਕ ਤਰ੍ਹਾਂ ਦੇ ਸ਼ਾਸਤਰਾਂ ਦੁਆਰਾ ਈਸਰ ਦਾ ਨਿਰਨਾ

ਕਰਨਾ ਹੈ ਜਾਂ ਅਨੇਕ ਤਰ੍ਹਾਂ ਦਾ ਸ਼ਾਸਤਰ ਗਿਆਨ ਹੈ ਤੇ ਆਨੂਪ = ਉਪਮਾ ਤੋਂ ਰਹਿਤ ਭਾਵ ਅਨੇਕ ਪ੍ਰਕਾਰ ਦੀ ਉਪਾਸ਼ਨਾ ਦੇ ਰੰਗ ਚਾੜ੍ਹਨੇ ਹਨ ਆਦਿ ਉਨ੍ਹਾਂ ਨਾਲ ਮੇਰੇ ਚਿੱਤ ਦੀ ਵਿਰਤੀ ਦੀ ਰੁਚੀ ਨਹੀਂ ਲੱਗਦੀ ਮੈਂ ਤਾਂ ਕੇਵਲ ਪਤੀ ਪਰਮੇਸ਼ਰ ਦੇ ਦਰਸ਼ਨਾਂ ਦੀ ਚਾਹਵਾਨ ਹਾਂ ॥੧॥ਰਹਾਉ॥

## ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ; ਨੀਂਦ ਪਲਕ ਨਹੀ ਜਾਗਿਓ ॥

ਜਿਵੇਂ ਨਿਸਿ = ਰਾਤ, ਬਾਸੁਰ = ਦਿਨੇ ਬੰਬੀਹਾ ਮੁਖਿ = ਮੂੰਹੋਂ ਪ੍ਰਿਅ ਪ੍ਰਿਅ = ਪ੍ਰਿਉ ਪ੍ਰਿਉ ਸ਼ਬਦ ਟੇਰਉ = ਉਚਾਰਦਾ ਰਹਿੰਦਾ ਹੈ, ਇਉਂ ਮੇਰਾ ਚਿੱਤ ਰੂਪੀ ਬੰਬੀਹਾ ਰਾਤ ਦਿਨੇ ਅੰਤਹਕਰਣ ਰੂਪੀ ਮੁਖ ਦੁਆਰਾ ਹੇ ਪ੍ਰਿਅ = ਪਿਆਰੇ ਪਤੀ ਪਰਮੇਸ਼ਰ, ਹੇ ਪ੍ਰਿਅ = ਪਿਆਰੇ ਪਤੀ ਪਰਮੇਸ਼ਰ, ਸ਼ਬਦ ਉਚਾਰਦਾ ਰਹਿੰਦਾ ਹੈ, ਮੇਰੇ ਪਲਕ = ਅੱਖਾਂ ਦੇ ਪੜਦਿਆਂ ਵਿਚ ਪ੍ਰਤੱਖ ਨੀਂਦ = ਨਿੰਦਰਾ ਨਹੀਂ ਆਉਂਦੀ **ਵਾ:** ਅੱਖਾਂ ਦੀ ਪਲਕ ਭਾਵ ਵਿਛਾਈ ਉੱਤੇ ਨੀਂਦ ਨਹੀਂ ਆਉਂਦੀ, ਮੈਂ ਸਦਾ ਜਾਗਿਓ = ਜਾਗ ਕੇ ਸਮਾਂ ਬਤੀਤ ਕਰਦੀ ਹਾਂ **ਵਾ:** ਮੈਨੂੰ ਪਲਕ = ਪਲ ਮਾਤਰ ਵੀ ਸ਼ਾਂਤੀ ਰੂਪ ਨੀਂਦ ਨਹੀਂ ਆਉਂਦੀ, ਸਦਾ ਵਿਛੋੜੇ ਵਿਚ ਜਾਗਦਿਆਂ ਹੀ ਸਮਾਂ ਗੁਜ਼ਰਦਾ ਹੈ **ਵਾ:** ਪਲ ਮਾਤਰ ਦੀ ਸਮਾਧੀ ਰੂਪ ਨੀਂਦ ਨਹੀਂ ਆਉਂਦੀ, ਸਦਾ ਪਤੀ ਪਰਮੇਸ਼ਰ ਦੇ ਦਰਸ਼ਨਾਂ ਦੀ ਪਿਆਸ ਵਿਚ ਜਾਗਦੀ ਰਹਿੰਦੀ ਹਾਂ **ਵਾ:** ਹੁਣ ਮੇਰਾ ਮਨ ਗਿਆਨ ਰੂਪੀ ਅਵਸਥਾ ਵਿਚ ਜਾਗ ਪਿਆ ਹੈ, ਇਸੇ ਕਰਕੇ ਅਵਿੱਦਿਆ ਰੂਪ ਨੀਂਦ ਪਲਕ ਮਾਤਰ ਵੀ ਨਹੀਂ ਆਉਂਦੀ।

## ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ; ਬਿਨੁ ਪਿਰ ਸਭੈ ਬਿਖੁ ਲਾਗਿਓ ॥੧॥

ਰੇ = ਹੇ ਮਹਾਤਮਾ ਰੂਪ ਸਖੀ ! ਹਰਿ ਹਰਿ ਕਰਨ ਰੂਪ ਹਾਰ, ਤਰਾਟਿਕ ਸਾਧਨ ਰੂਪ ਜਾਂ ਸ਼ਾਸਤਰ ਗਿਆਨ ਰੂਪੀ ਕਜਰ = ਸੁਰਮਾ ਪਾਉਣਾ, ਦਿਖਾਵੇ ਮਾਤਰ ਵੈਰਾਗ, ਬਿਬੇਕ ਰੂਪੀ ਬਸਤਰ ਪਹਿਨਣੇ ਜਾਂ ਇੰਦ੍ਰੀਆਂ ਦਾ ਦਮਨ ਕਰਨ ਰੂਪ ਬਸਤਰ ਪਹਿਨਣੇ, ਅਨਿਕ = ਅਨੇਕ ਪ੍ਰਕਾਰ ਦੇ ਪ੍ਰਾਣਾਯਾਮ ਆਦਿ ਸਾਧਨਾਂ ਰੂਪੀ ਸ਼ਿੰਗਾਰ ਕਰਨੇ, ਪਿਰ = ਪਤੀ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਇਹ ਸਭੈ = ਸਾਰੇ ਬਿਖੁ = ਜ਼ਹਿਰ ਵਾਂਗ ਦੁਖਦਾਇਕ ਲਾਗਿਓ = ਲੱਗਦੇ ਹਨ ॥੧॥

[ਅੰਗ ੧੨੦੪]

## ਪੂਛਉ ਪੂਛਉ, ਦੀਨ ਭਾਂਤਿ ਕਰਿ; ਕੋਊ ਕਹੈ ਪ੍ਰਿਅ ਦੇਸਾਂਗਿਓ ॥

ਮੈਂ ਦੀਨ = ਗ਼ਰੀਬਾਂ ਦੀ ਭਾਂਤਿ = ਤਰ੍ਹਾਂ ਆਪਣੇ ਆਪ ਨੂੰ ਬਣਾ ਕਰਿ = ਕਰਕੇ ਪਤੀ ਪਰਮੇਸ਼ਰ ਦੀ ਪ੍ਰਾਪਤੀ ਦੀ ਪੂਛਉ = ਪੁੱਛ ਨੂੰ ਪੂਛਉ = ਪੁੱਛਦੀ ਹਾਂ **ਵਾ:** ਕਦੇ ਕਿਸੇ ਨੂੰ ਪੁੱਛਦੀ ਹਾਂ, ਕਦੇ ਕਿਸੇ ਨੂੰ ਪੁੱਛਦੀ ਹਾਂ, ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਦਾ ਦੇਸਾਂਗਿਓ = ਸੁਨੇਹਾ ਜੇ ਕੋਊ = ਕੋਈ ਮੈਨੂੰ ਕਹੈ = ਕਹਿ ਦੇਵੇ **ਵਾ:** ਕੋਈ ਮੈਨੂੰ ਕਹੈ = ਕਹਿ, ਦੱਸ ਦੇਵੇ ਕਿ ਪ੍ਰਿਅ = ਪਿਆਰਾ ਪਤੀ ਪਰਮੇਸ਼ਰ ਕਿਹੜੇ ਦੇਸਾਂਗਿਓ = ਦੇਸ਼ ਗਇਆਂ ਪ੍ਰਾਪਤ ਹੁੰਦਾ ਹੈ **ਵਾ:** ਕਿਸ ਦੇਸ਼ ਵਿਚ ਆ ਰਿਹਾ ਹੈ **ਵਾ:** ਕਿਸ ਰਿਦੇ ਰੂਪੀ ਦੇਸ਼ ਵਿੱਚੋਂ ਪ੍ਰਾਪਤ ਹੋ ਰਿਹਾ ਹੈ।

***ਪ੍ਰਸ਼ਨ :*** *ਹੇ ਜਗਿਆਸੂ ਰੂਪ ਸਖੀ ! ਜੇ ਤੈਨੂੰ ਪਤੀ ਦੀ ਪ੍ਰਾਪਤੀ ਦਾ ਉਪਦੇਸ਼ ਦੇ ਦੇਈਏ ਤਾਂ ਤੂੰ ਕੀ ਦੇਵੇਂਗੀ ?*
***ਉੱਤਰ :***

## ਹੀਂਉ[1] ਦੇਂਉ, ਸਭੁ ਮਨੁ ਤਨੁ ਅਰਪਉ; ਸੀਸੁ ਚਰਣ ਪਰਿ ਰਾਖਿਓ ॥੨॥

ਹੇ ਮਹਾਤਮਾ ਰੂਪ ਸਖੀ ! ਮੈਂ ਪਿਆਰੇ ਦੀ ਪ੍ਰਾਪਤੀ ਦਾ ਦੇਸ ਦੱਸਣ ਵਾਲੇ ਦੇ ਅੱਗੇ ਆਪਣਾ

---

੧. ਕਈ ਸਰੂਪਾਂ ਵਿਚ 'ਹੀਂਓ' ਪਾਠ ਵੀ ਹੁੰਦਾ ਹੈ।

ਹੀਂਉ = ਹਿਰਦਾ ਭੇਟਾ ਕਰ ਦੇਂਉ = ਦੇਵਾਂਗੀ ਅਤੇ ਸਭੁ = ਸਾਰੇ ਮਨ ਦੇ ਸੰਸਕਾਰ ਵੀ ਭੇਟਾ ਕਰ ਦੇਵਾਂਗੀ ਜੋ ਮਨ ਦੀ ਮੱਤ ਛੱਡਣੀ ਹੈ ਇਹ ਮਨ ਭੇਟਾ ਕਰਨਾ ਹੈ ਅਤੇ ਤਨੁ = ਸਰੀਰ ਵੀ ਸੇਵਾ ਵਿਚ ਅਰਪਉ = ਅਰਪ ਦੇਵਾਂਗੀ ਅਤੇ ਆਪਨਾ ਸੀਸੁ = ਸਿਰ ਵੀ ਉਸ ਦੇ ਚਰਨਾਂ ਉੱਤੇ ਰਾਖਿਓ = ਰੱਖਣਾ ਕਰਾਂਗੀ ॥੨॥ ਅਤੇ

## ਚਰਣ ਬੰਦਨਾ, ਅਮੋਲ ਦਾਸਰੋ; ਦੇਂਉ ਸਾਧਸੰਗਤਿ, ਅਰਦਾਗਿਓ ॥

ਮੈ ਉਸ ਦੇ ਚਰਨਾਂ ਉੱਤੇ ਬੰਦਨਾ = ਨਮਸ਼ਕਾਰ ਕਰਾਂਗੀ ਅਤੇ ਅਮੋਲ = ਮੁੱਲ ਤੋਂ ਰਹਿਤ ਭਾਵ ਬੈਖ਼ਰੀਦ ਬਣੇ ਤੋਂ ਬਗ਼ੈਰ ਦਾਸਰੋ = ਸੇਵਕ ਬਣ ਕੇ ਰਹਾਂਗੀ ਅਤੇ ਉਸ ਦੇ ਅੱਗੇ ਇਹੋ ਅਰਦਾਗਿਓ = ਅਰਦਾਸ ਕਰਾਂਗੀ ਕਿ ਮੈਨੂੰ ਸਾਧਸੰਗਤ ਦੁਆਰਾ ਪਤੀ ਪਰਮੇਸ਼ਰ ਦੀ ਪ੍ਰਾਪਤੀ ਕਰਾ ਦੇਂਉ = ਦੇਣਾ ਕਰ **ਵਾ:** ਐਸੀ ਸਾਧਸੰਗਤ ਬਖ਼ਸ਼ ਦੇਣਾ ਕਰੋ, ਜਿਸ ਦੁਆਰਾ ਨਾਮ ਜਪ ਕੇ ਕਾਮ, ਕ੍ਰੋਧ ਰੂਪੀ (ਅਰ + ਦਾਗਿਓ) ਅਰ = ਦੁਸ਼ਮਣ ਦਾਗਿਓ = ਦਾਗੇ, ਸਾੜੇ ਜਾਣ।

## ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ; ਨਿਮਖ ਦਰਸੁ ਪੇਖਾਗਿਓ ॥੩॥

ਮੇਰੇ ਉੱਤੇ ਕ੍ਰਿਪਾ = ਮੇਹਰ ਦੀ ਦ੍ਰਿਸ਼ਟੀ ਕਰਹੁ = ਕਰੋ, ਮੋਹਿ = ਮੈਨੂੰ ਪਤੀ ਪ੍ਰਭੂ = ਪਰਮੇਸ਼ਰ ਦੇ ਨਾਲ ਮਿਲਾਵਹੁ = ਮਿਲਾਉਣਾ ਕਰੋ ਅਤੇ ਨਿਮਖ = ਅੱਖ ਦੇ ਝਮਕਣ ਜਿਤਨੇ ਸਮੇਂ ਜਿੰਨਾ ਇਕ ਵਾਰ ਦਰਸੁ = ਦਰਸ਼ਨ ਪੇਖਾਗਿਓ = ਵਿਖਾ ਦੇਣਾ ਕਰੋ, **ਵਾ:** ਜੋ (ਪੇਖਾ + ਗਿਓ) ਪਰਮੇਸ਼ਰ ਗਿਓ = ਗਿਆ ਹੋਇਆ ਹੈ ਭਾਵ ਆਸਿਖਿਆਤ ਹੈ, ਉਸ ਦੀ ਸਖਿਆਤਤਾ ਵਾਸਤੇ ਮੈਨੂੰ ਇਕ ਛਿਨ ਮਾਤਰ ਵੀ ਦਰਸ਼ਨ ਵਿਖਾ ਦੇਣਾ ਕਰੋ ॥੩॥

## ਦ੍ਰਿਸਟਿ ਭਈ ਤਬ ਭੀਤਰਿ ਆਇਓ; ਮੇਰਾ ਮਨੁ ਅਨਦਿਨੁ ਸੀਤਲਾਗਿਓ ॥

ਜਦ ਪੂਰੇ ਸਤਿਗੁਰੂ ਸਾਹਿਬ ਦੀ ਕ੍ਰਿਪਾ ਦ੍ਰਿਸਟਿ = ਦ੍ਰਿਸ਼ਟੀ ਭਈ = ਹੋਈ **ਵਾ:** ਜਦ ਗੁਰੂ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਲੀ ਦ੍ਰਿਸ਼ਟੀ ਹੋਈ, ਤਬ = ਤਦ ਮੇਰੇ ਅੰਤਹਕਰਣ ਦੇ ਭੀਤਰਿ = ਅੰਦਰ ਪਤੀ ਪਰਮੇਸ਼ਰ ਆਇਓ = ਆ ਗਿਆ **ਵਾ:** ਆ ਕੇ ਸਖਿਆਤ ਹੋ ਗਿਆ ਤੇ ਮੇਰਾ ਮਨੁ = ਚਿੱਤ ਕ੍ਰੋਧ, ਈਰਖਾ ਦੀ ਤਪਸ਼ ਤੋਂ ਰਹਿਤ ਹੋ ਕੇ ਅਨਦਿਨੁ = ਰਾਤ ਦਿਨੇ ਸੀਤਲਾਗਿਓ = ਸੀਤਲਤਾ 'ਚ ਆ ਗਿਆ ਭਾਵ ਜੋ ਮਨ ਵਿਛੋੜੇ ਕਰਕੇ ਤਪਦਾ ਸੀ, ਉਹ ਪਤੀ ਪਰਮੇਸ਼ਰ ਦੇ ਮਿਲਾਪ ਕਰਕੇ ਸੀਤਲਤਾ ਵਿਚ ਆ ਗਿਆ।

## ਕਹੁ ਨਾਨਕ, ਰਸਿ ਮੰਗਲ ਗਾਏ; ਸਬਦੁ ਅਨਾਹਦੁ ਬਾਜਿਓ ॥੪॥੫॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਜਦ ਰਸਿ = ਪ੍ਰੇਮ ਦੇ ਨਾਲ ਪਤੀ ਪਰਮੇਸ਼ਰ ਦੇ ਮੰਗਲ = ਜੱਸ ਨੂੰ ਗਾਏ = ਗਾਉਣਾ ਕੀਤਾ, ਤਦ ਗੁਰਾਂ ਦਾ ਸਬਦੁ = ਉਪਦੇਸ਼ ਅਨਾਹਦੁ = ਇਕ-ਰਸ ਅੰਦਰ ਬਾਜਿਓ = ਵੱਜ ਆਇਆ **ਵਾ:** ਅਨਾਹਦੁ = ਹੱਦ ਤੋਂ ਰਹਿਤ ਸਬਦੁ = ਬ੍ਰਹਮ ਗੁਰ ਉਪਦੇਸ਼ ਦੁਆਰਾ ਹਿਰਦੇ ਵਿਚ ਬਾਜਿਓ = ਪ੍ਰਗਟ ਹੋ ਆਇਆ ॥੪॥੫॥

## ਸਾਰਗ ਮਹਲਾ ੫ ॥

## ਮਾਈ ਸਤਿ ਸਤਿ, ਸਤਿ ਹਰਿ; ਸਤਿ ਸਤਿ ਸਤਿ ਸਾਧਾ ॥

ਹੇ ਮਾਈ = ਮਾਤਾ ਪਿਤਾ ਰੂਪ ਸੰਤ ਜਨੋਂ! ਪਰਮੇਸ਼ਰ ਪਿੱਛੇ ਭੂਤਕਾਲ ਵਿਚ ਵੀ ਸਤਿ = ਸੱਚ ਸਰੂਪ ਸੀ, ਹੁਣ ਵਰਤਮਾਨ ਸਮੇਂ ਵਿਚ ਵੀ ਸਤਿ = ਸੱਚ ਸਰੂਪ ਹੈ ਅਤੇ ਅੱਗੇ ਭਵਿੱਖਤ ਕਾਲ ਵਿਚ ਵੀ ਹਰਿ = ਪਰਮੇਸ਼ਰ ਸਤਿ = ਸੱਚ ਸਰੂਪ ਹੋਵੇਗਾ ਅਤੇ ਪਰਮੇਸ਼ਰ ਦਾ ਨਾਮ ਜਪਣ ਵਾਲੇ ਮਹਾਤਮਾ ਜਨ ਵੀ

ਪਿੱਛੇ ਸਤਿ ਸਨ, ਹੁਣ ਸਤ ਹਨ ਅਤੇ ਅੱਗੇ ਨੂੰ ਵੀ ਪਰਮੇਸ਼ਰ ਦਾ ਨਾਮ ਜਪਣ ਵਾਲੇ ਸਾਧਾ = ਮਹਾਤਮਾ ਜਨ ਸੱਚ ਸਰੂਪ ਹੋਣਗੇ।

**ਅਥਵਾ** ਹੇ ਮਾਈ = ਮਾਤਾ ਪਿਤਾ ਦੀ ਨਿਆਈਂ ਪਾਲਣਾ ਕਰਨ ਵਾਲੇ ਸਤਿ = ਸੱਚ ਸਰੂਪ ਹਰਿ = ਪਰਮੇਸ਼ਰ! ਤੂੰ ਸਾਰਿਆਂ ਵਿਚ ਸੱਤਾ ਮਾਤਰ ਹੋ ਕੇ ਵਰਤ ਰਿਹਾ ਹੈਂ, ਜਿਨ੍ਹਾਂ ਨੇ ਸੱਚੇ ਸਤਿਗੁਰਾਂ ਦੇ ਉਪਦੇਸ਼ ਤੇ ਸਤਿ = ਨਿਸਚਾ ਕਰਕੇ ਤੇਰੇ ਸਤਿ = ਸੱਚੇ ਨਾਮ ਨੂੰ ਜਪਿਆ ਹੈ, ਉਹ ਸਾਧਾ = ਮਹਾਤਮਾ ਜਨ ਸਤਿ = ਨਿਸਚੇ ਕਰਕੇ ਤੇਰੇ ਸਤਿ = ਸੱਚ ਸਰੂਪ ਦੀ ਸਖਿਆਤਤਾ ਕਰਕੇ ਸਤਿ = ਸੱਚ ਸਰੂਪ ਹੀ ਹੋ ਗਏ ਹਨ।

## ਬਚਨੁ ਗੁਰੂ ਜੋ ਪੂਰੈ ਕਹਿਓ; ਮੈ ਛੀਕਿ ਗਾਂਠਰੀ ਬਾਧਾ ॥੧॥ਰਹਾਉ॥

ਜੋ ਪੂਰੈ = ਪੂਰਨ ਗੁਰੂ ਸਾਹਿਬ ਨੇ ਬਚਨੁ = ਉਪਦੇਸ਼ ਮੈਨੂੰ ਕਹਿਓ = ਕਹਿਆ, ਦੱਸਿਆ ਹੈ, ਉਹ ਮੈਂ ਛੀਕਿ = ਖਿੱਚ (ਘੁੱਟ) ਕੇ ਬੁੱਧੀ ਰੂਪ ਗਾਂਠਰੀ = ਗੱਠੜੀ ਦੇ ਵਿਚ ਸ਼ਰਧਾ ਰੂਪੀ ਗੰਢ ਦੇ ਕੇ ਬਾਧਾ = ਬੰਨ੍ਹ ਲਿਆ ਹੈ ॥੧॥ਰਹਾਉ॥

## ਨਿਸਿ, ਬਾਸੁਰ, ਨਖਿਅਤ੍ਰ ਬਿਨਾਸੀ; ਰਵਿ ਸਸੀਅਰ ਬੇਨਾਧਾ ॥

ਨਿਸਿ = ਰਾਤ, ਬਾਸੁਰ = ਦਿਨ, ਨਖਿਅਤ੍ਰ = ਤਾਰੇ ਆਦਿ ਸਭ ਬਿਨਾਸੀ = ਨਾਸ਼ ਹੋ ਜਾਣਗੇ, ਤਿਰੋਧਾਨ ਹੋ ਜਾਣਗੇ, ਰਵਿ = ਸੂਰਜ, ਸਸੀਅਰ = ਚੰਦਰਮਾ ਆਦਿ ਵੀ ਅਧਿਕਤਾ ਕਰਕੇ ਬੇਨਾਧਾ = ਵਿਨਾਸ਼ ਹੋ ਜਾਣਗੇ।

## ਗਿਰਿ, ਬਸੁਧਾ, ਜਲ, ਪਵਨ ਜਾਇਗੋ; ਇਕਿ ਸਾਧ ਬਚਨ ਅਟਲਾਧਾ ॥੧॥

ਗਿਰਿ = ਪਹਾੜ, ਬਸੁਧਾ = ਧਰਤੀ, ਜਲ = ਪਾਣੀ, ਪਵਨ = ਹਵਾ ਆਦਿ ਸਭ ਆਪੋ-ਆਪਣੇ ਸਮੇਂ ਅਨੁਸਾਰ ਚਲੇ ਜਾਇਗੋ = ਜਾਣਗੇ, ਕੇਵਲ ਇਕ ਸਾਧ = ਸ੍ਰੇਸ਼ਟ ਸਤਿਗੁਰਾਂ ਦਾ ਬਚਨ = ਉਪਦੇਸ਼ **ਵਾ:** ਸਾਧ = ਸੰਤ ਜਨਾਂ ਦਾ ਬਚਨ ਅਟਲਾਧਾ = ਅਟੱਲ ਰਹੇਗਾ, ਭਾਵ ਗੁਰਾਂ **ਵਾ:** ਸੰਤ ਜਨਾਂ ਦਾ ਦੱਸਿਆ ਬਚਨ ਕਿ ਪਰਮੇਸ਼ਰ ਸੱਚ ਸਰੂਪ ਹੈ, ਇਹ ਅਟੱਲ ਰਹੇਗਾ ॥੧॥

## ਅੰਡ ਬਿਨਾਸੀ, ਜੇਰ ਬਿਨਾਸੀ; ਉਤਭੁਜ ਸੇਤ ਬਿਨਾਧਾ ॥

ਅੰਡ = ਅੰਡਜ ਖਾਣੀ ਦੀਆਂ ਜੂਨਾਂ ਬਿਨਾਸੀ = ਨਾਸ਼ ਹੋ ਜਾਣਗੀਆਂ, ਜੇਰ = ਜੇਰਜ ਖਾਣੀ ਦੀਆਂ ਜੂਨਾਂ ਵੀ ਬਿਨਾਸੀ = ਨਾਸ਼ ਹੋ ਜਾਣਗੀਆਂ, ਉਤਭੁਜ ਤੇ ਸੇਤ = ਸੇਤਜ ਖਾਣੀ ਦੀਆਂ ਜੂਨਾਂ ਵੀ ਬਿਨਾਧਾ = ਨਾਸ਼ ਹੋ ਜਾਣਗੀਆਂ।

## ਚਾਰਿ ਬਿਨਾਸੀ, ਖਟਹਿ ਬਿਨਾਸੀ; ਇਕਿ ਸਾਧ ਬਚਨ, ਨਿਹਚਲਾਧਾ ॥੨॥

ਚਾਰ ਬੇਦ **ਵਾ:** ਚਾਰ ਵਰਨ ਬਿਨਾਸੀ = ਨਾਸ਼ ਹੋ ਜਾਣਗੇ, ਖਟਹਿ = ਖਟ ਸ਼ਾਸਤਰ **ਵਾ:** ਛੇ ਦਰਸ਼ਨ (ਭੇਖ) ਵੀ ਬਿਨਾਸੀ = ਨਾਸ਼ ਹੋ ਜਾਣਗੇ, ਇਕ ਸਾਧ = ਸ੍ਰੇਸ਼ਟ ਗੁਰਾਂ ਦਾ **ਵਾ:** ਸਾਧ = ਸੰਤ ਜਨਾਂ ਦਾ ਕਥਨ ਕੀਤਾ ਬਚਨ ਕਿ ਪਰਮੇਸ਼ਰ ਸੱਚ ਸਰੂਪ ਹੈ, ਇਹ ਅਧਿਕਤਾ ਕਰਕੇ ਨਿਹਚਲਾਧਾ = ਅਚੱਲ ਰਹੇਗਾ ॥੨॥

## ਰਾਜ ਬਿਨਾਸੀ, ਤਾਮ ਬਿਨਾਸੀ; ਸਾਤਕੁ ਭੀ ਬੇਨਾਧਾ ॥

ਰਾਜ = ਰਜੋਗੁਣ **ਵਾ:** ਰਜੋਗੁਣੀ ਬ੍ਰਹਮਾ ਵੀ ਬਿਨਾਸੀ = ਨਾਸ ਹੋ ਜਾਵੇਗਾ, ਤਾਮ = ਤਮੋਗੁਣ **ਵਾ:** ਤਮੋਗੁਣੀ ਸ਼ਿਵ ਜੀ ਵੀ ਬਿਨਾਸੀ = ਨਾਸ਼ ਹੋ ਜਾਵੇਗਾ, ਸਾਤਕੁ = ਸਤੋਗੁਣ **ਵਾ:** ਸਤੋਗੁਣੀ ਵਿਸ਼ਨੂੰ ਵੀ ਬੇਨਾਧਾ = ਨਾਸ਼ ਹੋ ਜਾਵੇਗਾ।

## ਦ੍ਰਿਸਟਿਮਾਨ ਹੈ ਸਗਲ ਬਿਨਾਸੀ; ਇਕਿ ਸਾਧ ਬਚਨ ਆਗਾਧਾ ॥੩॥

ਦ੍ਰਿਸਟਿਮਾਨ = ਜੋ ਕੁਝ ਦਿਸਣ ਵਿਚ ਆ ਰਿਹਾ ਹੈ, ਇਹ ਸਗਲ = ਸਾਰਾ ਕੁਝ ਬਿਨਾਸੀ = ਨਾਸ਼ ਹੋ ਜਾਵੇਗਾ, ਇਕ ਸਾਧ = ਸ੍ਰੇਸ਼ਟ ਗੁਰਾਂ ਦਾ **ਵਾ:** ਸੰਤ ਜਨਾਂ ਦਾ ਦੱਸਿਆ ਬਚਨ ਕਿ ਪਰਮੇਸ਼ਰ ਸੱਚ ਸਰੂਪ ਹੈ, ਇਹ ਆਗਾਧਾ = ਅਥਾਹ ਰਹੇਗਾ **ਵਾ:** ਇਹ ਆਗਾਧਾ = ਡੂੰਘਾ ਭਾਵ ਸਦਾ ਕਾਇਮ ਰਹੇਗਾ ॥੩॥

## ਆਪੇ ਆਪਿ, ਆਪ ਹੀ ਆਪੇ; ਸਭੁ ਆਪਨ ਖੇਲੁ ਦਿਖਾਧਾ ॥

ਪਰਮੇਸ਼ਰ ਆਪ ਹੀ ਨਿਰਗੁਣ ਸਰੂਪ ਹੈ, ਆਪ ਹੀ ਸਰਗੁਣ ਸਰੂਪ ਹੈ, ਆਪ ਹੀ ਈਸਰ ਰੂਪ ਹੈ, ਆਪੇ = ਆਪ ਹੀ ਜੀਵ ਰੂਪ ਹੈ, ਉਸ ਨੇ ਸਭੁ = ਸਾਰਾ ਸੰਸਾਰ ਰਚ ਕੇ ਇਕ ਆਪਨ = ਆਪਣਾ ਖੇਲੁ = ਤਮਾਸ਼ਾ ਦਿਖਾਧਾ = ਦਿਖਾਉਣਾ ਕੀਤਾ ਹੈ **ਵਾ:** ਆਪਣਾ ਰਚਿਆ ਸਾਰਾ ਖੇਲ ਆਪ ਹੀ ਅਧਿਕਤਾ ਨਾਲ ਤਤਬੇਤਾ ਰੂਪ ਹੋ ਕੇ ਦੇਖਣ ਵਾਲਾ ਹੈ ਅਤੇ ਆਪ ਹੀ ਗੁਰੂ ਰੂਪ ਹੋ ਕੇ ਦਿਖਾਉਣ ਵਾਲਾ ਹੈ।

## ਪਾਇਓ ਨ ਜਾਈ, ਕਹੀ ਭਾਂਤਿ ਰੇ; ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥

ਰੇ = ਹੇ ਭਾਈ! ਹੋਰ ਕਹੀ = ਕਿਸੇ ਵੀ ਭਾਂਤਿ = ਤਰੀਕੇ ਦੇ ਨਾਲ ਪਰਮੇਸ਼ਰ ਪਾਇਓ = ਪਾਇਆ ਨ = ਨਹੀਂ ਜਾਈ = ਜਾਂਦਾ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਪ੍ਰਭੁ = ਪਰਮੇਸ਼ਰ ਗੁਰੂ ਸਾਹਿਬ ਜੀ ਦੇ ਨਾਲ ਮਿਲ ਕੇ ਹੀ ਲਾਧਾ = ਲੱਭਦਾ, ਪ੍ਰਾਪਤ ਹੁੰਦਾ ਹੈ, ਇਹ ਗੁਰਾਂ **ਵਾ:** ਮਹਾਤਮਾ ਜਨਾਂ ਦਾ ਬਚਨ ਅਚੱਲ ਰਹੇਗਾ ॥੪॥੬॥

## ਸਾਰਗ ਮਹਲਾ ੫ ॥

## ਮੇਰੈ ਮਨਿ; ਬਾਸਿਬੋ ਗੁਰ ਗੋਬਿੰਦ ॥

ਹੇ ਭਾਈ! ਮੇਰੇ ਮਨ ਵਿਚ ਗੁਰੂ ਗੋਬਿੰਦ = ਪਰਮੇਸ਼ਰ ਨੇ ਬਾਸਿਬੋ = ਵੱਸਣਾ ਕੀਤਾ ਹੈ **ਵਾ:** ਵਿਸ਼ੇਸ਼ ਕਰਕੇ ਵੱਸਣਾ ਕੀਤਾ ਹੈ।

## ਜਹਾਂ ਸਿਮਰਨੁ ਭਇਓ ਹੈ ਠਾਕੁਰ; ਤਹਾਂ ਨਗਰ ਸੁਖ ਆਨੰਦ ॥੧॥ਰਹਾਉ॥

ਜਹਾਂ = ਜਿਸ ਅਸਥਾਨ ਉੱਤੇ ਠਾਕੁਰ = ਮਾਲਕ ਪਰਮੇਸ਼ਰ ਦਾ ਸਿਮਰਨ = ਭਜਨ ਭਇਓ = ਹੋਇਆ ਹੈ, ਤਹਾਂ = ਉਸ ਪ੍ਰਤੱਖ ਨਗਰ ਵਿਚ ਸਦਾ ਸੁਖ ਤੇ ਆਨੰਦ ਬਣਿਆ ਰਹਿੰਦਾ ਹੈ **ਵਾ:** ਜਿਸ ਦੇ ਰਿਦੇ ਰੂਪੀ ਅਸਥਾਨ ਵਿਚ ਪਰਮੇਸ਼ਰ ਦਾ ਭਜਨ ਹੋ ਰਿਹਾ ਹੈ, ਉਸ ਦੇ ਰਿਦੇ ਰੂਪੀ ਨਗਰ ਵਿਚ ਸੁਖ ਸਰੂਪ ਦੀ ਪ੍ਰਾਪਤੀ ਦਾ ਅਨੰਦ ਬਣਿਆ ਰਹਿੰਦਾ ਹੈ **ਵਾ:** ਉਹ ਰਿਦੇ ਰੂਪੀ ਨਗਰ ਸੁੱਖ ਦੇ ਸਹਿਤ ਅਨੰਦ ਸਰੂਪ ਦੀ ਪ੍ਰਾਪਤੀ ਵਾਲਾ ਹੈ ॥੧॥ਰਹਾਉ॥

## ਜਹਾਂ ਬੀਸਰੈ ਠਾਕੁਰੁ ਪਿਆਰੋ; ਤਹਾਂ ਦੂਖ ਸਭ ਆਪਦ ॥

ਜਹਾਂ = ਜਿਸ ਥਾਂ **ਵਾ:** ਰਿਦੇ ਰੂਪੀ ਥਾਂ ਵਿਚ ਪਿਆਰਾ ਠਾਕੁਰੁ = ਸੁਆਮੀ ਪਰਮੇਸ਼ਰ ਬੀਸਰੈ = ਭੁੱਲ ਜਾਂਦਾ ਹੈ, ਤਹਾਂ = ਉਥੇ ਸਭ = ਸਾਰੇ ਦੂਖ = ਦੁੱਖ ਤੇ ਆਪਦ = ਬਿਪਤਾ ਆ ਚਿੰਬੜਦੀ ਹੈ।

## ਜਹ ਗੁਨ ਗਾਇ ਆਨੰਦ ਮੰਗਲ ਰੂਪ; ਤਹਾਂ ਸਦਾ ਸੁਖ ਸੰਪਦ ॥੧॥

ਜਹ = ਜਿਥੇ **ਵਾ:** ਜਿਸ ਰਿਦੇ, ਸਤਿਸੰਗਤ ਰੂਪੀ ਘਰ ਵਿਚ ਆਨੰਦ = ਸੁਖ ਦੇਣ ਵਾਲੇ, ਮੰਗਲ =

ਖ਼ੁਸ਼ੀਆਂ ਦੇਣ ਵਾਲੇ, ਸੁੰਦਰ ਰੂਪ = ਸਰੂਪ ਪਰਮੇਸ਼ਰ ਦੇ ਗੁਣ ਗਾਇ = ਗਾਇਨ ਕੀਤੇ ਜਾਂਦੇ ਹਨ, ਤਹਾਂ = ਉਥੇ ਸਦਾ = ਹਮੇਸ਼ਾਂ ਸੁਖ ਬਨਿਆ ਰਹਿੰਦਾ ਹੈ ਤੇ ਸੰਪਦ = ਵਿਭੂਤੀ ਆਦਿ ਦੀ ਪ੍ਰਾਪਤੀ ਹੋ ਜਾਂਦੀ ਹੈ॥੧॥

## ਜਹਾ ਸ੍ਰਵਨ, ਹਰਿ ਕਥਾ ਨ ਸੁਨੀਐ; ਤਹ ਮਹਾ ਭਇਆਨ, ਉਦਿਆਨਦ ॥

ਜਹਾ = ਜਿਥੇ ਸ਼ਰਧਾ ਤੇ ਵਿਸ਼ਵਾਸ ਰੂਪੀ ਸ੍ਰਵਨ = ਕੰਨਾਂ ਦੁਆਰਾ ਹਰਿ = ਪਰਮੇਸ਼ਰ ਦੀ ਸਰੂਪ ਲੱਖਣਾ, ਤਟੱਸਥੀ ਲੱਖਣਾ ਵਾਲੀ ਕਥਾ ਨ = ਨਹੀਂ ਸੁਨੀਐ = ਸੁਣੀਦੀ, ਤਹ = ਉਥੇ ਮਹਾ = ਬੜਾ ਭਇਆਨ = ਭਿਆਨਕ ਉਦਿਆਨਦ = ਉਜਾੜ ਪੁਣਾ ਉਦੈ ਹੋ ਰਿਹਾ ਹੈ **ਵਾ:** ਉਸ ਹਿਰਦੇ ਵਿਚ ਭਿਆਨਕ ਉਜਾੜ ਹੈ।

## ਜਹਾਂ ਕੀਰਤਨੁ, ਸਾਧ ਸੰਗਤਿ ਰਸੁ; ਤਹ ਸਘਨ ਬਾਸ ਫਲਾਂਨਦ ॥੨॥

ਜਹਾਂ = ਜਿਥੇ ਪ੍ਰਭੂ ਦਾ ਕੀਰਤਨੁ = ਜੱਸ ਹੁੰਦਾ ਹੈ ਤੇ ਸਾਧਸੰਗਤ ਰਸੁ = ਪ੍ਰੇਮ ਨਾਲ ਰਹਿੰਦੀ ਹੈ **ਵਾ:** ਜਿਥੇ ਪ੍ਰਭੂ ਦਾ ਜੱਸ ਤੇ ਸਾਧਸੰਗਤ ਦਾ ਰਸੁ = ਆਨੰਦ ਬਨਿਆ ਰਹਿੰਦਾ ਹੈ, ਤਹਾ = ਉਥੇ ਸ਼ੁਭ ਗੁਣਾਂ ਦਾ ਸਘਨ = ਸੰਘਣੀ ਬਾਸ = ਵਾਸ਼ਨਾ ਫਲਾਂਨਦ = ਫੈਲੀ ਹੋਈ ਹੈ **ਵਾ:** (ਫਲ + ਆਨਦ) ਗਿਆਨ ਰੂਪੀ ਫਲ ਲੱਗਦਾ ਹੈ ਤੇ ਅਨੰਦ ਸਰੂਪ ਦੀ ਸਖਿਆਤਤਾ ਹੁੰਦੀ ਹੈ॥੨॥

## ਬਿਨੁ ਸਿਮਰਨ, ਕੋਟਿ ਬਰਖ ਜੀਵੈ; ਸਗਲੀ ਅਉਧ ਬ੍ਰਿਥਾਨਦ ॥

ਪਰਮੇਸ਼ਰ ਦੇ ਸਿਮਰਨ = ਭਜਨ ਤੋਂ ਬਿਨੁ = ਬਗ਼ੈਰ ਭਾਵੇਂ ਕੋਈ ਪੁਰਖ ਕੋਟਿ = ਕਰੋੜਾਂ ਬਰਖ = ਵਰ੍ਹੇ ਵੀ ਜੀਵੈ = ਜਿਉਂਦਾ ਰਹਿਣਾ ਕਰੇ ਤਾਂ ਵੀ ਉਸ ਦੀ ਸਗਲੀ = ਸਾਰੀ ਅਉਧ = ਉਮਰ ਬ੍ਰਿਥਾਨਦ = ਵਿਅਰਥ ਹੀ ਜਾਂਦੀ ਹੈ।

## ਏਕ ਨਿਮਖ ਗੋਬਿੰਦ ਭਜਨੁ ਕਰਿ; ਤਉ ਸਦਾ ਸਦਾ ਜੀਵਾਨਦ ॥੩॥

ਜੇਕਰ ਪੁਰਖ ਦੀ ਏਕ = ਇਕ ਨਿਮਖ = ਛਿਨ ਮਾਤਰ ਜਿਤਨੀ ਉਮਰ ਵੀ ਗੋਬਿੰਦ = ਵਾਹਿਗੁਰੂ ਦੇ ਭਜਨੁ = ਸਿਮਰਨ ਵਿਚ ਗੁਜ਼ਰਨਾ ਕਰੇ, ਤਉ = ਤਦ ਉਹ ਪੁਰਖ ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਵਾਸਤੇ ਆਤਮਿਕ ਜੀਵਾਨਦ = ਜੀਵਨ ਦਾ ਅਨੰਦ ਪ੍ਰਾਪਤ ਕਰਦਾ ਹੈ॥੩॥

## ਸਰਨਿ ਸਰਨਿ ਸਰਨਿ ਪ੍ਰਭ ਪਾਵਉ; ਦੀਜੈ ਸਾਧਸੰਗਤਿ ਕਿਰਪਾਨਦ ॥

ਮਨ ਕਰਕੇ ਪਰਮੇਸ਼ਰ ਦੀ ਸਰਨਿ = ਓਟ ਵਿਚ, ਤਨ ਕਰਕੇ ਪਰਮੇਸ਼ਰ ਦੀ ਸਰਨਿ = ਓਟ ਵਿਚ ਤੇ ਬਾਨੀ ਦੁਆਰਾ ਵੀ ਪਰਮੇਸ਼ਰ ਦੀ ਸਰਨਿ = ਓਟ ਵਿਚ ਆਪਣੇ ਆਪ ਨੂੰ ਪਾਵਉ = ਪਾਉਣਾ ਕਰੋ ਅਤੇ ਕਿਰਪਾਨਦ = ਕਿਰਪਾ ਦੇ ਸਮੁੰਦਰ ਸਤਸੰਗ ਵਿਚ ਆਪਣਾ ਮਨ, ਤਨ, ਧਨ, ਅਰਪ ਦੀਜੈ = ਦੇਣਾ ਕਰੋ।

**ਅਥਵਾ** ਹੇ ਪ੍ਰਭ = ਪਰਮੇਸ਼ਰ! ਜਿਵੇਂ ਤੂੰ ਹੋਰਨਾਂ ਪਿਛਲੇ ਭਗਤਾਂ ਨੂੰ ਆਪਣੀ ਸਰਨਿ = ਓਟ ਦਿੱਤੀ ਹੈ, ਹੁਣ ਆਪਣੇ ਭਗਤਾਂ ਨੂੰ ਸਰਨਿ = ਓਟ ਦੇ ਰਿਹਾ ਹੈਂ, ਇਸੇ ਤਰ੍ਹਾਂ ਮੈਨੂੰ ਵੀ ਮਨ, ਬਾਣੀ, ਸਰੀਰ ਕਰਕੇ ਆਪਣੀ ਓਟ ਵਿਚ ਪਾਉਣਾ ਕਰੋ ਅਤੇ ਹੇ ਕਿਰਪਾਨਦ = ਕਿਰਪਾ ਦੇ ਸਮੁੰਦਰ ਪਰਮੇਸ਼ਰ! ਤੇਰੀ ਪ੍ਰਾਪਤੀ ਕਰਾਉਣ ਵਾਲੀ ਸਾਧਸੰਗਤ ਮੈਨੂੰ ਬਖ਼ਸ਼ ਦੇਣਾ ਕਰੋ **ਵਾ:** ਸਾਧਸੰਗਤ ਦੀ ਕਿਰਪਾ ਦੁਆਰਾ ਆਪਣੇ ਸਰੂਪ ਦਾ ਅਨੰਦ ਬਖ਼ਸ਼ ਦੇਣਾ ਕਰੋ।

## ਨਾਨਕ ਪੂਰਿ ਰਹਿਓ ਹੈ ਸਰਬ ਮੈ; ਸਗਲ ਗੁਣਾ ਬਿਧਿ ਜਾਂਨਦ ॥੪॥੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਸਰਬ = ਸਾਰਿਆਂ ਮੈ = ਵਿਚ ਪੂਰਿ = ਪੂਰਨ,

ਵਿਆਪਕ ਹੋ ਰਹਿਓ = ਰਿਹਾ ਹੈ, ਉਹ ਪਰਮੇਸ਼ਰ ਹੀ ਸਗਲ = ਸਾਰੇ ਗੁਣਾਂ ਦਾ ਦਾਤਾ ਤੇ ਬਿਧਿ = ਵਿਧੀਆਂ ਨੂੰ ਜਾਂਨਦ = ਜਾਣਦਾ ਹੈ ॥੪॥੭॥

## ਸਾਰਗ ਮਹਲਾ ੫ ॥

## ਅਬ ਮੋਹਿ; ਰਾਮ ਭਰੋਸਉ ਪਾਏ ॥

ਅਬ = ਹੁਣ ਮੋਹਿ = ਮੈਂ ਰਾਮ = ਪਰਮੇਸ਼ਰ ਦਾ ਭਰੋਸਉ = ਭਰੋਸਾ ਪਾਏ = ਪਾਉਣਾ ਕੀਤਾ ਹੈ। ਕਿ :

## ਜੋ ਜੋ ਸਰਣਿ ਪਰਿਓ ਕਰੁਣਾ ਨਿਧਿ; ਤੇ ਤੇ, ਭਵਹਿ ਤਰਾਏ ॥੧॥ਰਹਾਉ॥

ਜੋ ਜੋ = ਜਿਹੜਾ ਜਿਹੜਾ ਵੀ ਕਰੁਣਾਨਿਧਿ = ਕਿਰਪਾ ਦੇ ਸਮੁੰਦਰ ਅਕਾਲ ਪੁਰਖ ਦੀ ਸਰਣਿ = ਓਟ ਵਿਚ ਪਰਿਓ = ਪਿਆ ਹੈ, ਤੇ ਤੇ = ਉਹ ਉਹ ਪੁਰਖ, ਪਰਮੇਸ਼ਰ ਨੇ ਭਵਹਿ = ਸੰਸਾਰ-ਸਮੁੰਦ੍ਰ ਤੋਂ ਤਰਾਏ = ਤਾਰ ਲਿਆ ਹੈ ॥੧॥ਰਹਾਉ॥

## ਸੁਖਿ ਸੋਇਓ, ਅਰੁ ਸਹਜਿ ਸਮਾਇਓ; ਸਹਸਾ ਗੁਰਹਿ ਗਵਾਏ ॥

ਹੁਣ ਮੇਰਾ ਮਨ ਸੁਖਿ = ਅਨੰਦ ਦੇ ਸਹਿਤ ਨਿਰਵਿਕਲਪ ਸਮਾਧੀ ਵਿਚ ਸੋਇਓ = ਸੁੱਤਾ, ਬਿਰਾਜਿਆ ਹੈ ਅਰੁ = ਅਤੇ ਸਹਜਿ = ਗਿਆਨ ਸਰੂਪ ਵਿਚ ਸਮਾਇਓ = ਸਮਾਅ, ਲੀਨ ਹੋ ਗਿਆ ਹੈ ਕਿਉਂਕਿ ਪੂਰਿਆਂ ਗੁਰਹਿ = ਗੁਰਾਂ ਨੇ, ਕਿਰਪਾ ਦ੍ਰਿਸ਼ਟੀ ਕਰਕੇ ਅੰਦਰੋਂ ਪ੍ਰਮਾਣ ਗਤ ਪ੍ਰਮੇਯ ਗਤ ਆਦਿ ਸਹਸਾ = ਸੰਸਾ ਗਵਾਏ = ਗਵਾ ਦਿੱਤਾ ਹੈ।

## ਜੋ ਚਾਹਤ, ਸੋਈ ਹਰਿ ਕੀਓ; ਮਨ ਬਾਂਛਤ ਫਲ ਪਾਏ ॥੧॥

ਜੋ ਮੈਂ ਚਾਹਤ = ਚਾਹੁੰਦਾ ਸੀ, ਸੋਈ = ਉਹੋ ਹੀ ਹਰਿ = ਪਰਮੇਸ਼ਰ ਨੇ ਕੀਓ = ਕੀਤਾ ਹੈ ਅਤੇ ਮੈਂ ਮਨ ਬਾਂਛਤ = ਇੱਛਤ ਧਰਮ, ਅਰਥ, ਕਾਮ ਮੋਖ ਆਦਿ ਸਾਰੇ ਹੀ ਫਲ ਪਾਏ = ਪਾ ਲਏ ਹਨ ॥੧॥

## ਹਿਰਦੈ ਜਪਉ, ਨੇਤ੍ਰ ਧਿਆਨੁ ਲਾਵਉ; ਸ੍ਰਵਨੀ ਕਥਾ ਸੁਨਾਏ ॥

ਮੈਂ ਹਿਰਦੈ = ਰਿਦੇ ਵਿਚ ਹਰ ਵਕਤ ਪ੍ਰਭੂ ਨੂੰ ਜਪਉ = ਜਪਦਾ ਰਹਿੰਦਾ ਹਾਂ, ਪ੍ਰਤੱਖ ਨੇਤ੍ਰ = ਅੱਖਾਂ ਦੇ ਨਾਲ ਦਰਸ਼ਨ ਕਰਨ ਵਾਸਤੇ ਪ੍ਰਭੂ ਚਰਨਾਂ ਵਿਚ ਧਿਆਨ ਲਾਵਉ = ਲਾਉਂਦਾ ਹਾਂ **ਵਾ**: ਪ੍ਰਤੱਖ, ਮਨ ਬੁੱਧ **ਵਾ**: ਵੈਰਾਗ ਬਿਬੇਕ ਰੂਪੀ ਨੇਤਰਾਂ ਵਿਚ ਪ੍ਰਭੂ ਚਰਨਾਂ ਦਾ ਧਿਆਨ ਲਾਉਂਦਾ ਹਾਂ ਅਤੇ ਪ੍ਰਤੱਖ, ਸ਼ਰਧਾ ਤੇ ਵਿਸ਼ਵਾਸ ਰੂਪੀ ਸ੍ਰਵਨੀ = ਕੰਨਾਂ ਨਾਲ ਪ੍ਰਭੂ ਪ੍ਰਾਪਤੀ ਵਾਲੀ ਕਥਾ ਸੁਨਾਏ = ਸੁਣਦਾ ਹਾਂ **ਵਾ**: ਕੰਨਾਂ ਨੂੰ ਪ੍ਰਭੂ ਪ੍ਰਾਪਤੀ ਵਾਲੀ ਕਥਾ ਸੁਣਾਉਂਦਾ ਹਾਂ।

[ਅੰਗ ੧੨੦੫]

## ਚਰਣੀ ਚਲਉ, ਮਾਰਗਿ ਠਾਕੁਰ ਕੈ; ਰਸਨਾ ਹਰਿ ਗੁਣ ਗਾਏ ॥੨॥

ਠਾਕੁਰ = ਸੁਆਮੀ ਪਰਮੇਸ਼ਰ ਕੈ = ਦੇ ਪ੍ਰਾਪਤੀ ਵਾਲੇ ਸਤਿਸੰਗਤ ਰੂਪੀ ਮਾਰਗਿ = ਰਸਤੇ ਉੱਤੇ ਚਰਣੀ = ਪੈਰਾਂ ਨਾਲ ਚਲਉ = ਚੱਲਦਾ, ਤੁਰਦਾ ਹਾਂ।

**ਵਾ**: ਜੋ ਮੈਂ ਚਰਣੀ = ਪੈਰਾਂ ਨਾਲ ਚਲਉ = ਚੱਲ, ਤੁਰ ਕੇ ਸਤਿਸੰਗਤ ਵਿਚ ਜਾਂਦਾ ਹਾਂ, ਇਹੋ ਹੀ ਮਾਲਕ ਪਰਮੇਸ਼ਰ ਦੀ ਪ੍ਰਾਪਤੀ ਦਾ ਅਸਲੀ ਮਾਰਗਿ = ਰਸਤਾ ਹੈ **ਵਾ**: ਮੈਂ ਸੁਆਮੀ ਪਰਮੇਸ਼ਰ ਦੇ ਪ੍ਰਾਪਤੀ

ਵਾਲੇ ਸਤਿਸੰਗਤ ਰੂਪੀ ਰਸਤੇ ਦੇ ਉੱਤੋਂ ਭੈ ਰੂਪੀ ਚਰਣੀ = ਚਰਨਾਂ ਦੇ ਸਹਿਤ ਹੋ ਕੇ ਚੱਲਦਾ ਹਾਂ ਅਤੇ ਪ੍ਰਤੱਖ, ਪ੍ਰੀਤ ਰੂਪੀ ਰਸਨਾ = ਜਿਹਵਾ ਦੇ ਨਾਲ ਹਰ ਵਕਤ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਗਾਏ = ਗਾਉਂਦਾ ਹਾਂ ॥੨॥

## ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ; ਉਲਟੀ ਸੰਤ ਕਰਾਏ ॥

ਜਦ ਸੰਤ = ਸ਼ਾਂਤ ਆਤਮਾ ਵਾਲੇ ਗੁਰਾਂ **ਵਾ:** ਸੰਤ ਜਨਾਂ ਨੇ ਸੰਸਾਰਾਕਾਰ ਬਿਰਤੀ ਉਲਟੀ = ਉਲਟਾ ਕੇ ਬ੍ਰਹਮਾਕਾਰ ਕਰਾਏ = ਕਰ ਦਿੱਤੀ, ਤਦ ਸਰਬ = ਸਾਰਿਆਂ ਥਾਵਾਂ ਵਿਚ ਵਿਆਪਕ ਮੰਗਲ = ਅਨੰਦ ਰੂਪ = ਸਰੂਪ ਪਰਮੇਸ਼ਰ ਨੂੰ ਦਿਬ, ਬ੍ਰਹਮ ਦ੍ਰਿਸ਼ਟੀ ਦੁਆਰਾ ਵੇਖਿਓ = ਵੇਖ ਲਿਆ **ਵਾ:** ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਜੱਸ ਰੂਪ ਪਰਮੇਸ਼ਰ ਨੂੰ ਹਿਰਦੇ ਦੇ ਅੰਦਰ ਹੀ ਵੇਖ ਲਿਆ।

## ਪਾਇਓ ਲਾਲੁ, ਅਮੋਲੁ ਨਾਮੁ ਹਰਿ; ਛੋਡਿ, ਨ ਕਤਹੂ ਜਾਏ ॥੩॥

ਮੈਂ ਗੁਰ ਉਪਦੇਸ਼ ਦੁਆਰਾ ਹਰਿ = ਪਰਮੇਸ਼ਰ ਦਾ ਅਮੋਲੁ = ਮੁੱਲ ਤੋਂ ਰਹਿਤ ਨਾਮ ਰੂਪੀ ਲਾਲ ਪਾਇਓ = ਪਾਉਣਾ ਕੀਤਾ ਹੈ **ਵਾ:** ਪਰਮੇਸ਼ਰ ਦਾ ਨਾਮ ਜਪ ਕੇ ਬ੍ਰਹਮਾਨੰਦ ਰੂਪੀ ਅਮੋਲਕ ਲਾਲ ਪਾਉਣਾ ਕੀਤਾ ਹੈ, ਇਸ ਨੂੰ ਛੋਡਿ = ਛੱਡ ਕੇ ਹੁਣ ਮੇਰਾ ਮਨ ਹੋਰ ਕਤਹੂ = ਕਿਸੇ ਵੀ ਪਾਸੇ ਨ = ਨਹੀਂ ਜਾਏ = ਜਾਂਦਾ ॥੩॥

## ਕਵਨ ਉਪਮਾ, ਕਉਨ ਬਡਾਈ; ਕਿਆ ਗੁਨ ਕਹਉ ਰੀਝਾਏ ॥

ਕਵਨ = ਕਿਸ ਦੀ ਉਪਮਾ ਦੇਵਾਂ, ਕਉਨ = ਕਿਹੜੀ ਬਡਾਈ = ਵਡਿਆਈ ਕਰਾਂ ਅਤੇ ਕਿਆ = ਕਿਹੜੇ ਗੁਣ ਕਹਉ = ਕਹਿ, ਆਖ ਕੇ ਪਰਮੇਸ਼ਰ ਨੂੰ ਰੀਝਾਏ = ਪ੍ਰਸੰਨ ਕਰਾਂ।

## ਹੋਤ ਕ੍ਰਿਪਾਲ ਦੀਨ ਦਇਆ ਪ੍ਰਭ; ਜਨ ਨਾਨਕ, ਦਾਸ ਦਸਾਏ ॥੪॥੮॥

ਜਿਸ ਦੀਨ = ਗ਼ਰੀਬ ਉੱਤੇ ਦਇਆ = ਦਿਆਲਤਾ ਕਰਕੇ ਪ੍ਰਭ = ਪਰਮੇਸ਼ਰ ਕ੍ਰਿਪਾਲ = ਕ੍ਰਿਪਾਲੂ ਹੋਤ = ਹੁੰਦਾ ਹੈ **ਵਾ:** ਗ਼ਰੀਬਾਂ ਉੱਤੇ ਦਇਆ = ਮੇਹਰ ਦੀ ਦ੍ਰਿਸ਼ਟੀ ਕਰਨ ਵਾਲਾ ਪਰਮੇਸ਼ਰ ਜਿਸ ਉੱਤੇ ਆਪ ਕ੍ਰਿਪਾਲੂ ਹੁੰਦਾ ਹੈ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਜਨ = ਪੁਰਖ ਹਉਮੈ ਤੋਂ ਰਹਿਤ ਹੋ ਕੇ ਮਨ, ਬਾਣੀ ਸਰੀਰ ਕਰਕੇ, ਵਾਹਿਗੁਰੂ ਦੇ ਦਾਸ = ਸੇਵਕਾਂ ਦਾ ਦਸਾਏ = ਸੇਵਕ ਕਹਾਉਂਦਾ **ਵਾ:** ਦਸਾਏ = ਸਦਾਉਂਦਾ ਹੈ ॥੪॥੮॥

## ਸਾਰਗ ਮਹਲਾ ੫ ॥

## ਉਇ ਸੁਖ; ਕਾ ਸਿਉ ਬਰਨਿ ਸੁਨਾਵਤ ॥

ਉਇ = ਉਹ ਜਿਹੜਾ ਬ੍ਰਹਮਾਨੰਦ ਦਾ ਸੁਖ ਬ੍ਰਹਮ ਗਿਆਨੀ ਪੁਰਖਾਂ ਨੂੰ ਪ੍ਰਾਪਤ ਹੋਇਆ ਹੈ, ਉਹ ਸੁਖ ਕਾ = ਕਿਸ ਦੇ ਸਿਉ = ਕੋਲ ਬਰਨਿ = ਵਰਣਨ ਕਰਕੇ ਸੁਨਾਵਤ = ਸੁਣਾਉਣਾ ਕਰੀਏ, ਭਾਵ ਨਹੀਂ ਸੁਣਾ ਸਕਦੇ।

## ਅਨਦ ਬਿਨੋਦ ਪੇਖਿ ਪ੍ਰਭ ਦਰਸਨ; ਮਨਿ ਮੰਗਲ ਗੁਨ ਗਾਵਤ ॥੧॥ਰਹਾਉ॥

ਉਸ ਪ੍ਰਭ = ਪਰਮੇਸ਼ਰ ਦੇ ਅਨੰਦਦਾਇਕ ਬਿਨੋਦ = ਕੌਤਕ ਤੇ ਦਰਸਨ = ਦੀਦਾਰ ਪੇਖਿ = ਵੇਖ ਕਰਕੇ ਤੱਤਬੇਤੇ ਪੁਰਖਾਂ ਦਾ ਮਨਿ = ਚਿੱਤ ਮੰਗਲ = ਅਨੰਦ, ਪ੍ਰਸੰਨਤਾ ਦੇ ਸਹਿਤ ਹੋ ਕੇ ਪ੍ਰਭੂ ਦੇ ਗੁਣਾਂ ਨੂੰ ਗਾਵਤ = ਗਾਉਂਦਾ ਹੈ **ਵਾ:** ਮਨ ਪ੍ਰਭੂ ਦੇ ਗੁਣਾਂ ਨੂੰ ਮੰਗਲ = ਜੱਸ ਰੂਪ ਵਿਚ ਗਾਵਤ = ਗਾਉਂਦਾ ਹੈ ॥੧॥ਰਹਾਉ॥

## ਬਿਸਮ ਭਈ ਪੇਖਿ ਬਿਸਮਾਦੀ; ਪੂਰਿ ਰਹੇ ਕਿਰਪਾਵਤ ॥

ਬਿਸਮਾਦੀ = ਅਸਚਰਜ ਸਰੂਪ ਪਰਮੇਸ਼ਰ ਨੂੰ ਪੇਖਿ = ਵੇਖ ਕੇ ਤੱਤਬੇਤੇ ਪੁਰਖਾਂ ਦੀ ਬਿਰਤੀ ਬਿਸਮ = ਅਸਚਰਜ ਭਈ = ਹੋਈ ਹੈ ਅਤੇ ਕਿਰਪਾਵਤ = ਕਿਰਪਾਲੂ ਪਰਮੇਸ਼ਰ ਨੂੰ ਸਭ ਥਾਵਾਂ ਵਿਚ ਪੂਰਿ = ਪੂਰਨ ਹੋ ਰਿਹਾ ਜਾਣਦੀ ਹੈ। ਅਰਥਾਤ ਜਿਵੇਂ ਨਦੀਆਂ ਨਾਲੇ ਸਮੁੰਦਰ ਦਾ ਅੰਤ ਲੈਣ ਵਾਸਤੇ ਜਾਂਦੇ ਹਨ ਤਾਂ ਉਹ ਸਮੁੰਦਰ ਵਿਚ ਹੀ ਜਾ ਮਿਲਦੇ ਹਨ, ਸਮੁੰਦਰ ਦਾ ਅੰਤ ਨਹੀਂ ਪਾ ਸਕਦੇ, ਇਸੇ ਪ੍ਰਕਾਰ ਮਹਾਤਮਾ ਦੀ ਬਿਰਤੀ ਰੂਪ ਨਦੀ ਬ੍ਰਹਮਾਕਾਰ ਹੋ ਕੇ ਆਤਮਾ ਨੰਦ ਰੂਪੀ ਸਮੁੰਦਰ ਨੂੰ ਦੇਖਣ ਵਾਸਤੇ ਜਾਂਦੀ ਹੈ, ਪਰ ਉਲਟ ਕੇ ਉਸੇ ਦਾ ਰੂਪ ਹੀ ਹੋ ਜਾਂਦੀ ਹੈ।

## ਪੀਓ ਅੰਮ੍ਰਿਤ ਨਾਮੁ ਅਮੋਲਕ; ਜਿਉ ਚਾਖਿ ਗੂੰਗਾ ਮੁਸਕਾਵਤ ॥੧॥

ਤੱਤਬੇਤੇ ਪੁਰਖਾਂ ਨੇ ਜੋ ਅਮੋਲਕ = ਮੁੱਲ ਤੋਂ ਰਹਿਤ ਪ੍ਰਭੂ ਦਾ ਨਾਮ ਰੂਪੀ ਅੰਮ੍ਰਿਤ ਪੀਓ = ਪੀਤਾ ਹੈ, ਉਸ ਦਾ ਤੱਤਬੇਤੇ ਪੁਰਖਾਂ ਨੂੰ ਇਤਨਾ ਅਨੰਦ ਪ੍ਰਾਪਤ ਹੋਇਆ ਹੈ, ਜਿਉ = ਜਿਵੇਂ ਗੂੰਗਾ = ਜ਼ਬਾਨ ਨਾਲ ਨਾ ਬੋਲ ਸਕਣ ਵਾਲਾ ਪੁਰਖ ਮਠਿਆਈ ਆਦਿ ਮਿੱਠਾ ਪਦਾਰਥ ਚਾਖਿ = ਚੱਖ ਕੇ ਖ਼ੁਸ਼ੀ ਨਾਲ ਮੁਸਕਾਵਤ = ਮੁਸਕਰਾਉਂਦਾ ਹੈ ॥੧॥

## ਜੈਸੇ ਪਵਨੁ, ਬੰਧ ਕਰਿ ਰਾਖਿਓ; ਬੂਝ ਨ, ਆਵਤ ਜਾਵਤ ॥

ਜੈਸੇ = ਜਿਸ ਪ੍ਰਕਾਰ ਕਿਸੇ ਜੋਗੀ ਨੇ ਆਪਣੇ ਪਾਵਨੁ = ਸੁਆਸਾਂ ਨੂੰ ਬੰਧ = ਬੰਨ੍ਹ ਕਰਿ = ਕਰਕੇ ਦਸਮ ਦੁਆਰ ਵਿਚ ਰੋਕ ਰਾਖਿਓ = ਰੱਖਿਆ ਹੋਵੇ ਤਾਂ ਉਸ ਜੋਗੀ ਪੁਰਖ ਨੂੰ ਕਿਸੇ ਦੂਸਰੇ ਦੇ ਕੋਲ ਆਵਤ = ਆਉਣ ਜਾਵਤ = ਜਾਣ ਦੀ ਕੋਈ ਬੂਝ = ਸਮਝ ਨ = ਨਹੀਂ ਹੁੰਦੀ **ਵਾ:** ਉਸ ਜੋਗੀ ਪੁਰਖ ਦੇ ਕੋਲ ਬੈਠੇ ਹੋਰਨਾਂ ਪੁਰਖਾਂ ਨੂੰ ਸਮਝ ਨਹੀਂ ਪੈਂਦੀ ਕਿ ਇਸ ਜੋਗੀ ਪੁਰਖ ਨੂੰ ਸੁਆਸ ਆਉਂਦੇ ਹਨ ਕਿ ਜਾਂਦੇ ਹਨ।

ਇਸੇ ਪ੍ਰਕਾਰ ਜਿਸ ਪੁਰਖ ਨੇ ਆਪਣੀ ਪਵਨੁ = ਪਉਣ ਭਾਵ ਵਾਸ਼ਨਾ ਨੂੰ ਬੰਨ੍ਹ ਕੇ ਬ੍ਰਹਮ ਸਰੂਪ ਵਿਚ ਰੱਖ ਲਿਆ ਹੈ ਭਾਵ ਸੁਤ ਬਿਤ ਲੋਕ ਈਖਣਾ ਆਦਿ ਸਭ ਵਾਸ਼ਨਾਵਾਂ ਮਿਟ ਗਈਆਂ ਹਨ, ਉਸ ਨੂੰ ਇਹ ਸਮਝ ਨਹੀਂ ਹੈ ਕਿ ਕੌਣ ਜੰਮ ਕੇ ਆਉਂਦਾ ਹੈ ਕੌਣ ਮਰ ਕੇ ਜਾਂਦਾ ਹੈ ਉਹ ਐਸੇ ਅਨੰਦ ਵਿਚ ਰਹਿੰਦਾ ਹੈ **ਵਾ:** ਜਿਸ ਨੇ ਅਪਣੇ ਪਉਣ ਵਤ ਚੰਚਲ ਮਨ ਨੂੰ ਬ੍ਰਹਮ ਸਰੂਪ ਵਿਚ ਰੱਖ ਲਿਆ ਹੈ, ਉਸ ਦੇ ਕੋਲ ਆਉਣ ਵਾਲੇ ਨੂੰ ਸਮਝ ਨਹੀਂ ਆਉਂਦੀ ਕਿ ਇਹ ਆਉਂਦਾ ਜਾਂਦਾ, ਜੰਮਦਾ ਮਰਦਾ ਹੈ ਕਿ ਨਹੀਂ, ਇਹ ਪਤਾ ਨਹੀਂ ਲੱਗਦਾ ਕਿਉਂਕਿ ਉਸ ਨੂੰ ਆਤਮਾਨੰਦ ਰੂਪੀ ਅਸਚਰਜ ਵਸਤੂ ਪ੍ਰਾਪਤ ਹੋਈ ਹੈ।

## ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ; ਉਆ ਕੀ, ਕਹੀ ਨ ਜਾਇ ਕਹਾਵਤ ॥੨॥

ਜਾ ਕਉ = ਜਿਸ ਦੇ ਰਿਦੈ = ਹਿਰਦੇ ਵਿਚ ਹਰਿ = ਪਰਮੇਸ਼ਰ ਦੇ ਗਿਆਨ ਦਾ ਪ੍ਰਗਾਸੁ = ਚਾਨਣਾ ਭਇਓ = ਹੋਇਆ ਹੈ, ਉਆ = ਉਸ ਪੁਰਖ ਕੀ = ਦੀ ਜੋ ਸ੍ਵੈ ਅਨੁਭਵ ਪ੍ਰਮਾਣ ਅਵਸਥਾ ਹੈ, ਉਹ ਕਿਸੇ ਕਹਾਵਤ = ਕਹਾਣੀ ਜਾਂ ਪਹੇਲੀ **ਵਾ:** ਉਗਾਹੀ, ਸਾਖੀ, ਉਦਾਹਰਣ ਕਰਕੇ ਕਹੀ = ਕਥਨ ਨ = ਨਹੀਂ ਕੀਤੀ ਜਾਇ = ਜਾ ਸਕਦੀ ॥੨॥

## ਆਨ ਉਪਾਵ, ਜੇਤੇ ਕਿਛੁ ਕਹੀਅਹਿ; ਤੇਤੇ ਸੀਖੇ ਪਾਵਤ ॥

ਆਨ = ਹੋਰ ਉਪਾਵ = ਯਤਨ ਜੇਤੇ = ਜਿਤਨੇ ਕਿਛੁ = ਕੁਝ ਵੀ ਦੁਨੀਆਂ ਦੇ ਰਾਗ ਵਿੱਦਿਆ ਆਦਿ ਕਹੀਅਹਿ = ਕਹੀਦੇ ਹਨ, ਉਹ ਤੇਤੇ = ਉਤਨੇ ਹੀ ਸੀਖੇ = ਸਿੱਖਣ ਵਾਲੇ ਪੁਰਖ ਪਾਵਤ = ਪਾ ਲੈਂਦੇ ਹਨ।

ਪਰੰਤੂ ਰਾਗ ਵਿੱਦਿਆ ਜਾਂ ਜੀਵ ਈਸ ਦੀ ਏਕਤਾ ਦੀਆਂ ਗੱਲਾਂ ਕਰਨ ਵਾਲੇ ਵਿਦਾਂਤੀ ਲੋਕ ਆਦਿ ਸੱਚ ਸਰੂਪ ਬਾਰੇ ਕਥਨ ਨਹੀਂ ਕਰ ਸਕਦੇ।

## ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ; ਅਗਮ ਜੈਸੇ ਪਰਖਾਵਤ ॥੩॥

ਜਿਸ ਗੁਰਮੁਖ ਅਧਿਕਾਰੀ ਦੇ ਅੰਤਹਕਰਣ ਰੂਪੀ ਗ੍ਰਿਹ = ਘਰ ਦੇ ਭੀਤਰਿ = ਵਿਚ ਗੁਰ ਉਪਦੇਸ਼ ਦੁਆਰਾ ਅਚਿੰਤ = ਸਭ ਚਿੰਤਾ ਤੋਂ ਰਹਿਤ ਕਰਨ ਵਾਲਾ ਲਾਲੁ = ਪਿਆਰਾ ਪਰਮੇਸ਼ਰ ਪ੍ਰਗਟਿਓ = ਪ੍ਰਗਟ ਹੋ ਗਿਆ ਹੈ, ਜੈਸੇ = ਜਿਸ ਪ੍ਰਕਾਰ ਕੋਈ ਅਗਮ = ਅਗੰਮੀ ਚੀਜ਼ ਨੂੰ ਪਰਖਾਵਤ = ਪਰਖਣਾ ਚਾਹੇ, ਉਹ ਪਰਖੀ ਨਹੀਂ ਜਾਂਦੀ, ਇਉਂ ਉਹ ਪੁਰਖ **ਵਾ:** ਪਰਮੇਸ਼ਰ ਪਰਖਣ ਤੋਂ ਰਹਿਤ ਹੈ ॥੩॥

## ਨਿਰਗੁਣ ਨਿਰੰਕਾਰ ਅਬਿਨਾਸੀ; ਅਤੁਲੋ ਤੁਲਿਓ ਨ ਜਾਵਤ ॥

ਉਹ ਪਰਮੇਸ਼ਰ ਨਿਰਗੁਣ = ਤਿੰਨੇ ਗੁਣਾਂ ਤੋਂ ਰਹਿਤ ਹੈ, ਨਿਰੰਕਾਰ = ਮਾਇਕੀ ਆਕਾਰਾਂ ਤੋਂ ਰਹਿਤ ਹੈ, ਅਬਿਨਾਸੀ = ਨਾਸ਼ ਤੋਂ ਰਹਿਤ ਹੈ ਜੋ ਅਤੁਲੋ = ਤੋਲਣ ਤੋਂ ਰਹਿਤ ਪਰਮੇਸ਼ਰ ਬੁੱਧ ਰੂਪ ਤਰਾਜ਼ੂ ਵਿਚ ਸ਼ਾਸਤਰ ਪ੍ਰਮਾਣ ਰੂਪੀ ਵੱਟੇ ਪਾ ਕੇ ਤੋਲਿਆ ਨ = ਨਹੀਂ ਜਾਵਤ = ਜਾਂਦਾ।

## ਕਹੁ ਨਾਨਕ, ਅਜਰੁ ਜਿਨਿ ਜਰਿਆ; ਤਿਸੁ ਹੀ ਕਉ ਬਨਿ ਆਵਤ ॥੪॥੯॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਜਿਨਿ = ਜਿਸ ਨੇ ਅਜਰੁ = ਨਾ ਜਰੇ ਜਾਣ ਵਾਲੇ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਜਰਿਆ = ਜਰ ਲਿਆ ਹੈ **ਵਾ:** ਅਜਰੁ = ਨਾ ਜਰੀ ਜਾਣ ਵਾਲੀ ਆਤਮਿਕ ਅਨੰਦ ਰੂਪੀ ਵਸਤੂ ਨੂੰ **ਵਾ:** ਅਜਰ ਅਵਸਥਾ ਨੂੰ ਜਰ ਲਿਆ ਹੈ, ਇਹ ਅਨੰਦ ਤਿਸ = ਉਸੇ ਨੂੰ ਹੀ ਬਣ ਆਵਤ = ਆਉਂਦਾ ਹੈ ॥੪॥੯॥

ਆਪਣੇ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਮਨਮੁਖ ਪੁਰਖ ਦੀ ਜ਼ਿੰਦਗੀ ਬਾਬਤ ਕਥਨ ਕਰਦੇ ਹਨ।

## ਸਾਰਗ ਮਹਲਾ ੫ ॥

## ਬਿਖਈ; ਦਿਨੁ ਰੈਨਿ ਇਵ ਹੀ ਗੁਦਾਰੈ ॥

ਬਿਖਈ = ਵਿਸ਼ਈ, ਵਿਕਾਰੀ ਪੁਰਖ ਰਾਤ ਦਿਨੇ ਵਿਸ਼ਿਆਂ ਵਿਚ ਲੱਗਿਆ ਹੋਇਆ ਇਵ = ਐਵੇਂ ਹੀ ਆਪਣੀ ਅਵਸਥਾ ਨਿਸਫਲ ਗੁਦਾਰੈ = ਗੁਜ਼ਾਰਦਾ ਰਹਿੰਦਾ ਹੈ।

## ਗੋਬਿੰਦੁ ਨ ਭਜੈ, ਅਹੰਬੁਧਿ ਮਾਤਾ; ਜਨਮੁ ਜੂਐ ਜਿਉ ਹਾਰੈ ॥੧॥ਰਹਾਉ॥

ਵਿਕਾਰੀ ਪੁਰਖ ਗੋਬਿੰਦੁ = ਪਰਮੇਸ਼ਰ ਦਾ ਭਜੈ = ਭਜਨ ਨਾ = ਨਹੀਂ ਕਰਦਾ, ਅਹੰਬੁਧਿ = ਹੰਕਾਰ ਵਾਲੀ ਬੁੱਧੀ ਵਿੱਚੋਂ ਮਾਤਾ = ਮਸਤ ਹੋਇਆ ਆਪਣੇ ਮਨੁੱਖਾ ਜਨਮ ਨੂੰ ਇਉਂ ਵਿਸ਼ਿਆਂ ਰੂਪੀ ਜੂਐ = ਜੂਏ ਵਿਚ ਹਾਰ ਜਾਂਦਾ ਹੈ, ਜਿਉ = ਜਿਵੇਂ ਜੂਆਰੀ ਪੁਰਖ ਜੂਏ ਵਿਚ ਸਭ ਕੁਝ ਹਾਰ ਜਾਂਦਾ ਹੈ ॥੧॥ਰਹਾਉ॥

## ਨਾਮੁ ਅਮੋਲਾ, ਪ੍ਰੀਤਿ ਨ ਤਿਸ ਸਿਉ; ਪਰ ਨਿੰਦਾ ਹਿਤਕਾਰੈ ॥

ਜੋ ਪਰਮੇਸ਼ਰ ਦਾ ਅਮੋਲਾ = ਅਮੋਲਕ ਨਾਮ ਹੈ, ਤਿਸ = ਉਸ ਦੇ ਸਿਉ = ਨਾਲ ਪ੍ਰੀਤਿ = ਪ੍ਰੀਤੀ ਨ = ਨਹੀਂ ਕਰਦਾ, ਸਗੋਂ ਪਰ = ਪਰਾਏ ਪੁਰਖਾਂ ਦੀ ਨਿੰਦਾ = ਅਪਕੀਰਤੀ ਕਰਨ ਵਿਚ ਬੜਾ ਹਿਤਕਾਰੈ = ਪ੍ਰੇਮ ਕਰਦਾ ਹੈ।

## ਛਾਪਰੁ ਬਾਂਧਿ, ਸਵਾਰੈ ਤ੍ਰਿਣ ਕੋ; ਦੁਆਰੈ ਪਾਵਕੁ ਜਾਰੈ ॥੧॥

ਜਿਵੇਂ ਕੋਈ ਤ੍ਰਿਣ = ਕੱਖਾਂ ਕੋ = ਨੂੰ ਸਵਾਰੈ = ਸੰਵਾਰ ਕੇ ਛਾਪਰੁ = ਛੱਪਰ ਬਾਂਧਿ = ਬੰਨ੍ਹ ਲਵੇ **ਵਾ:** ਕੱਖਾਂ ਕੋ = ਦਾ ਛੱਪਰ ਬੰਨ੍ਹ ਕੇ ਸੰਵਾਰ ਲੈਣਾ ਕਰੇ ਤੇ ਫੇਰ ਉਸ ਦੇ ਦੁਆਰੈ = ਬੂਹੇ ਉਤੇ ਪਾਵਕੁ = ਅੱਗ ਜਾਰੈ = ਬਾਲ ਲਵੇ ਤਾਂ ਉਹ ਆਪਣੇ ਆਪ ਹੀ ਆਪਣੇ ਛੱਪਰ ਨੂੰ ਸਾੜ ਲਵੇਗਾ।

ਇਸ ਪ੍ਰਕਾਰ ਵਿਸ਼ਈ ਪੁਰਖ ਨੇ ਸਕਾਮ ਕਰਮਾਂ ਰੂਪੀ ਕੱਖਾਂ ਦਾ ਇਹ ਸਰੀਰ ਰੂਪ ਛੱਪਰ ਬੰਨ੍ਹ ਕੇ, ਬਣਾ ਕੇ ਸੰਵਾਰਿਆ ਹੈ **ਵਾ:** ਹੱਡ ਚੰਮ ਰੂਪੀ ਕੱਖਾਂ ਦਾ ਹੀ ਸਰੀਰ ਰੂਪ ਛੱਪਰ ਬੰਨ੍ਹ ਕੇ, ਬਣਾ ਕੇ ਉਪਰੋਂ ਸੰਵਾਰਿਆ ਹੈ ਪਰ ਇਸ ਨੇ ਆਪਣੇ ਦੁਆਰੇ ਦੇ ਅੱਗੇ ਆਪ ਹੀ ਪਰਾਈ ਨਿੰਦਿਆ ਰੂਪੀ ਅੱਗ ਬਾਲ ਲਈ ਹੈ ਭਾਵ ਨਿੰਦਿਆ ਰੂਪ ਅਗਨੀ ਵਿਚ ਆਪਣੇ ਆਪ ਨੂੰ ਜਾਂ ਗੁਣਾਂ ਨੂੰ ਦਗਧ, ਨਾਸ਼ ਕਰੀ ਜਾਂਦਾ ਹੈ।

**ਅਥਵਾ** ਸਾਧਨਾ ਰੂਪੀ ਕੱਖਾਂ ਦਾ ਸਕਾਮ ਕਰਮਾਂ ਰੂਪੀ ਛੱਪਰ ਬੰਨ੍ਹ ਕੇ ਸੰਵਾਰਿਆ ਹੋਇਆ ਹੈ ਅਤੇ ਰਸਾਂ ਕਸਾਂ ਦੀ ਤ੍ਰਿਸ਼ਨਾ ਰੂਪੀ ਅੱਗ ਨੂੰ ਇਸ ਦੇ ਦੁਆਰੇ ਅੱਗੇ ਬਾਲ ਰਿਹਾ ਹੈ **ਵਾ:** ਹੱਡ ਚੰਮ ਰੂਪ ਕੱਖਾਂ ਦਾ ਸਰੀਰ ਰੂਪੀ ਛੱਪਰ ਬੰਨ ਕੇ ਸੰਵਾਰਿਆ ਹੋਇਆ ਹੈ, ਪਰ ਇਸ ਦੇ ਬੂਹੇ ਅੱਗੇ ਕਾਲ ਰੂਪੀ ਅੱਗ ਬਲ ਰਹੀ ਹੈ॥੧॥

## ਕਾਲਰ ਪੋਟ ਉਠਾਵੈ ਮੂੰਡਹਿ; ਅੰਮ੍ਰਿਤੁ ਮਨ ਤੇ ਡਾਰੈ ॥

ਵਿਕਾਰੀ ਪੁਰਖ ਵਿਸ਼ਿਆਂ ਰੂਪੀ **ਵਾ:** ਸਕਾਮ ਕਰਮਾਂ ਰੂਪੀ **ਵਾ:** ਭੂਤਾਂ ਪ੍ਰੇਤਾਂ ਦੀ ਉਪਾਸ਼ਨਾ ਰੂਪੀ ਕਾਲਰ = ਕੱਲਰ ਦੀ ਪੋਟ = ਪੰਡ ਨੂੰ ਆਪਣੇ ਅੰਤਹਕਰਣ ਰੂਪੀ ਮੂੰਡਹਿ = ਸਿਰ ਉੱਤੇ ਉਠਾਵੈ = ਉਠਾ ਰਿਹਾ ਹੈ, ਭਾਵ ਚੁੱਕੀ ਫਿਰਦਾ ਹੈ ਤੇ ਅੰਮ੍ਰਿਤੁ = ਅਮਰ ਕਰਨ ਵਾਲੇ ਪਰਮੇਸ਼ਰ ਦੇ ਨਾਮ ਨੂੰ ਮਨ = ਚਿੱਤ ਤੇ = ਤੋਂ ਬਾਹਰ ਡਾਰੈ = ਸੁੱਟ ਰਿਹਾ ਹੈ ਭਾਵ ਮਨ ਵਿੱਚੋਂ ਤਿਆਗੀ ਬੈਠਾ ਹੈ।

## ਓਢੈ ਬਸਤ੍ਰ, ਕਾਜਰ ਮਹਿ ਪਰਿਆ; ਬਹੁਰਿ ਬਹੁਰਿ ਫਿਰਿ ਝਾਰੈ ॥੨॥

ਜਿਸ ਪ੍ਰਕਾਰ ਕੋਈ ਪੁਰਖ ਕਾਜਰ = ਕੱਜਲ, ਕਾਲਖ ਵਾਲੀ ਕੋਠੜੀ ਮਹਿ = ਵਿਚ ਪਰਿਆ = ਪੈ, ਪ੍ਰਵੇਸ਼ ਹੋ ਕੇ ਚਿੱਟੇ ਬਸਤ੍ਰ = ਕੱਪੜੇ ਓਢੈ = ਪਹਿਨਣਾ ਕਰੇ ਤਾਂ ਫੇਰ ਉਹ ਕੱਪੜਿਆਂ ਉੱਤੇ ਪਈ ਹੋਈ ਕਾਲਖ ਨੂੰ ਬਹੁਰਿ ਬਹੁਰਿ = ਮੁੜ ਮੁੜ ਝਾਰੈ = ਝਾੜਦਾ ਰਹਿੰਦਾ ਹੈ।

ਇਸੇ ਪ੍ਰਕਾਰ ਵਿਸ਼ਈ ਪੁਰਖ ਵਿਸ਼ਿਆਂ ਦੀ ਕੋਠੜੀ ਸੰਸਾਰ ਵਿਚ ਪੈ, ਪ੍ਰਵੇਸ਼ ਹੋ ਕੇ ਸਕਾਮ ਕਰਮਾਂ ਰੂਪੀ ਚਿੱਟੇ ਬਸਤਰ ਪਹਿਨਣਾ ਕਰਦਾ ਹੈ ਤੇ ਫੇਰ ਮੁੜ ਮੁੜ ਕੇ ਵਿਸ਼ਿਆਂ ਰੂਪੀ ਕਾਲਖ ਨੂੰ ਝਾੜਦਾ ਰਹਿੰਦਾ ਹੈ ਭਾਵ ਹੰਕਾਰ ਕਰਦਾ ਰਹਿੰਦਾ ਹੈ ਜਿਸ ਕਰਕੇ ਹੋਰ ਵਿਸ਼ਿਆਂ ਰੂਪੀ ਕਾਲਖ ਲੱਗਦੀ ਜਾਂਦੀ ਹੈ॥੨॥

## ਕਾਟੈ ਪੇਡੁ ਡਾਲ ਪਰਿ ਠਾਢੌ; ਖਾਇ ਖਾਇ ਮੁਸਕਾਰੈ ॥

ਜਿਸ ਪ੍ਰਕਾਰ ਕੋਈ ਪੁਰਖ ਡਾਲ = ਟਾਹਣੇ ਪਰਿ = ਉੱਤੇ ਠਾਢੌ = ਖੜੋਤਾ ਹੋਇਆ ਫਲਦਾਰ ਪੇਡੁ = ਬ੍ਰਿਛ ਨਾਲੋਂ ਉਸ ਟਾਹਣੇ ਨੂੰ ਕਾਟੈ = ਕੱਟ ਰਿਹਾ ਸੀ ਤੇ ਉਸ ਦੇ ਫਲ ਖਾਇ ਖਾਇ = ਖਾ ਖਾ ਕੇ ਮੁਸਕਾਰੈ = ਹੱਸ ਰਿਹਾ ਸੀ।

**ਸਾਖੀ—ਕਾਲੀਦਾਸ ਦੀ ਲੱਕੜਾਂ ਕੱਟਣ ਦੀ :** ਇਸ ਤੁਕ ਦਾ ਦ੍ਰਿਸ਼ਟਾਂਤ ਸਤਿਗੁਰੂ ਜੀ ਨੇ ਲੌਕਿਕ ਪ੍ਰਮਾਣਾਂ ਵਿੱਚੋਂ ਲਿਆ ਹੈ ਜੋ ਸਾਡੇ ਦੇਸ਼ ਵਿਚ ਕੁਝ ਮੂਰਖਾਂ ਦੀਆਂ ਕਹਾਣੀਆਂ ਵਿੱਚੋਂ ਇਕ ਪ੍ਰਚੱਲਤ ਕਹਾਣੀ ਹੈ ਕਿ ਕੋਈ ਇਕ ਬਹੁਤ ਮੂਰਖ ਮਨੁੱਖ ਸੀ, ਜਿਸਦਾ ਨਾਮ ਕਾਲੀਦਾਸ ਕਰਕੇ ਆਉਂਦਾ

ਹੈ। ਇਕ ਦਿਨ ਇਸਦੇ ਪਰਿਵਾਰ ਵਾਲਿਆਂ ਨੇ ਸੋਚਿਆ ਕਿ ਇਹ ਮੂਰਖ ਕੋਈ ਹੋਰ ਤਾਂ ਕੰਮ ਕਰ ਨਹੀਂ ਸਕਦਾ, ਇਸ ਕੋਲੋਂ ਲੱਕੜਾਂ ਕਟਵਾਉਣ ਦਾ ਕੰਮ ਕਰਵਾਉਂਦੇ ਹਾਂ। ਇਹ ਕੁਹਾੜੀ ਤੇ ਆਰੀ ਲੈ ਕੇ ਲੱਕੜਾਂ ਕੱਟਣ ਲਈ ਬ੍ਰਿਛ ਦੇ ਉੱਪਰ ਜਾ ਚੜ੍ਹਿਆ। ਜਿਸ ਟਾਹਣੇ ਨੂੰ ਕੱਟਣ ਲੱਗਾ, ਉਸਦੇ ਉਪਰ ਹੀ ਬੈਠ ਗਿਆ। ਹੇਠਾਂ ਤੋਂ ਲੰਘਦੇ ਹੋਏ ਇਕ ਰਾਹੀ ਨੇ ਰੁਕ ਕੇ ਇਸ ਨੂੰ ਇਸਦੀ ਮੂਰਖਤਾ ਦਾ ਗਿਆਨ ਕਰਵਾਇਆ ਕਿ ਐਸਾ ਕਰਨ ਨਾਲ ਤੂੰ ਹੇਠਾਂ ਡਿੱਗ ਜਾਵੇਂਗਾ ਅਤੇ ਸੱਟਾਂ ਖਾਵੇਂਗਾ। ਪਰ ਇਸ ਨੇ ਮੂਰਖ ਪੁਣੇ ਵਿਚ ਉਸਦੀ ਗੱਲ ਸੁਣ ਕੇ ਅਣਸੁਣੀ ਕਰ ਦਿੱਤੀ। ਪਰ ਅਕਲ ਉਦੋਂ ਆਈ, ਜਦੋਂ ਇਹ ਟਾਹਣਾ ਟੁੱਟਣ ਨਾਲ ਟਾਹਣੇ ਦੇ ਸਮੇਤ ਹੇਠਾਂ ਡਿੱਗ ਪਿਆ।

## ਗਿਰਿਓ ਜਾਇ, ਰਸਾਤਲਿ ਪਰਿਓ; ਛਿਟੀ ਛਿਟੀ, ਸਿਰ ਭਾਰੈ ॥੩॥

ਜਦ ਉਹ ਪੁਰਖ ਬ੍ਰਿਛ ਦੇ ਟਾਹਣਾ ਕੱਟਣ ਤੋਂ ਬਾਅਦ ਟਾਹਣੇ ਦੇ ਸਮੇਤ ਜਾਇ = ਜਾ ਕੇ ਰਸਾਤਲਿ = ਪਤਾਲ ਵਿਚ ਭਾਵ ਡੂੰਘੇ ਟੋਏ ਵਿਚ ਗਿਰਿਓ = ਡਿੱਗ ਪਰਿਓ = ਪੈਂਦਾ ਹੈ ਤੇ ਸਿਰ ਭਾਰ ਗਿਰਨੇ ਕਰਕੇ ਛਿਟੀ ਛਿਟੀ = ਹੱਡੀ ਹੱਡੀ, ਰੱਤੀ ਰੱਤੀ ਹੋ ਜਾਂਦਾ ਹੈ।

**ਅਥਵਾ** ਇਸੇ ਪ੍ਰਕਾਰ ਵਿਕਾਰੀ ਜੀਵ ਮਨੁੱਖਾ ਸਰੀਰ ਰੂਪੀ ਟਾਹਣੇ 'ਤੇ ਖੜੋਤਾ ਹੋਇਆ ਸੁਆਸਾਂ, ਪੁੰਨਾਂ ਰੂਪ ਬ੍ਰਿਛ ਦੇ ਟਾਹਣੇ ਨੂੰ ਕੱਟ ਰਿਹਾ ਹੈ ਤੇ ਵਿਸ਼ੇ ਰਸ ਰੂਪੀ ਫਲਾਂ ਨੂੰ ਖਾ ਖਾ ਕੇ ਮੁਸਕਰਾ ਰਿਹਾ ਹੈ **ਵਾ:** ਪੇਡ ਭਾਵ ਮੁੱਢ ਰੂਪ ਪਰਮੇਸ਼ਰ ਦੇ ਨਾਲੋਂ ਚਿੱਤ ਦੀ ਬਿਰਤੀ ਨੂੰ ਤੋੜਨ ਰੂਪ ਟਾਹਣੇ ਦੇ ਤਾਈਂ ਕੱਟ ਰਿਹਾ ਹੈ **ਵਾ:** ਮੁੱਢ ਰੂਪ ਪਰਮੇਸ਼ਰ ਨਾਲੋਂ ਚਿੱਤ ਦੀ ਬਿਰਤੀ, ਪ੍ਰੀਤੀ ਕੱਟ, ਤੋੜ ਕੇ ਖ਼ੁਸ਼ ਹੁੰਦਾ ਹੈ, ਟਾਹਣੇ ਦੀ ਵਤ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨ ਵਿਚ ਖੜ੍ਹਾ, ਇਸਥਿਤ ਹੋਇਆ ਦੇਵੀ ਦੇਵਤਿਆਂ ਦੇ ਪਾਸੋਂ ਵਰ ਲੈ ਲੈ ਕੇ ਭੋਗਾਂ ਨੂੰ ਭੋਗ ਕੇ ਖ਼ੁਸ਼ ਹੁੰਦਾ ਹੈ।

ਜਦ ਜੀਵ ਮਨੁੱਖਾ ਸਰੀਰ ਰੂਪੀ ਟਾਹਣੇ ਦੇ ਟੁੱਟਣ, ਨਾਸ਼ ਹੋ ਜਾਣ ਤੋਂ ਬਾਅਦ ਰਸਾਤਲਿ = ਨਰਕ, ਜੂਨਾਂ ਰੂਪੀ ਟੋਏ ਵਿਚ ਜਾ ਡਿੱਗ ਪੈਂਦਾ ਹੈ, ਤਦ ਛਿਟੀ ਛਿਟੀ = ਰੱਤੀ ਰੱਤੀ ਜਿਤਨੇ ਸਮੇਂ ਵਿਚ ਕੀਤੇ ਹੋਏ ਮੰਦ ਕਰਮਾਂ ਦਾ ਸਿਰ ਉੱਤੇ ਪਾਪਾਂ ਰੂਪੀ ਭਾਰ ਆ ਪੈਂਦਾ ਹੈ **ਵਾ:** ਮਾਤਾ ਦੇ ਗਰਭ ਵਿਚ ਸਿਰ ਭਾਰ ਹੋ ਕੇ ਡਿੱਗ ਪੈਂਦਾ ਹੈ ਅਤੇ ਰੱਤੀ ਰੱਤੀ ਭਾਵ ਹਰੇਕ ਜੂਨਾਂ ਵਿਚ ਭਟਕਦਾ ਫਿਰਦਾ ਰਹਿੰਦਾ ਹੈ।

**ਅਥਵਾ** ਜਿਵੇਂ ਜਦ ਦੁੱਧ ਦੀ ਚਾਟੀ ਭੰਨ ਦੇਈਏ ਤਾਂ ਉਸ ਦੇ ਵਿੱਚੋਂ ਦੁੱਧ ਦੇ ਛਿੱਟੇ ਛਿਟੀ ਛਿਟੀ = ਰੱਤੀ ਰੱਤੀ ਜਿਤਨੇ ਹੋ ਕੇ ਖਿੰਡ ਜਾਂਦੇ ਹਨ।

ਏਸੇ ਪ੍ਰਕਾਰ ਦੇਹ ਰੂਪੀ ਚਾਟੀ ਦੇ ਭੰਨਣ, ਟੁੱਟਣ ਤੋਂ ਬਾਅਦ ਜੀਵ ਦੇ ਸਿਰ ਉੱਪਰ ਨਰਕਾਂ, ਜੂਨਾਂ ਦਾ ਭਾਰ ਆ ਕੇ ਪੈ ਜਾਵੇਗਾ ॥੩॥

## ਨਿਰਵੈਰੈ ਸੰਗਿ ਵੈਰੁ ਰਚਾਏ; ਪਹੁਚਿ ਨ ਸਕੈ ਗਵਾਰੈ ॥

ਜੋ ਵਿਕਾਰੀ ਪੁਰਖ ਨਿਰਵੈਰੈ = ਵੈਰ ਤੋਂ ਰਹਿਤ ਸੰਤ ਮਹਾਤਮਾ ਦੇ ਸੰਗਿ = ਨਾਲ ਵੈਰ ਰਚਾਏ = ਰਚਾਉਂਦਾ ਹੈ, ਉਹ ਗਵਾਰੈ = ਬੇਸਮਝ ਪੁਰਖ ਸੰਤਾਂ ਦੇ ਜੱਸ ਬਰਾਬਰ ਨ = ਨਹੀਂ ਪਹੁੰਚ ਸਕੈ = ਸਕਦਾ, ਕਿਉਂਕਿ :

## ਕਹੁ ਨਾਨਕ, ਸੰਤਨ ਕਾ ਰਾਖਾ; ਪਾਰਬ੍ਰਹਮੁ ਨਿਰੰਕਾਰੈ ॥੪॥੧੦॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਸੰਤਨ = ਮਹਾਤਮਾ ਜਨਾਂ ਕਾ = ਦਾ ਰਾਖਾ = ਰੱਖਿਅਕ ਆਪ ਪਾਰਬ੍ਰਹਮੁ = ਪਾਪਾਂ ਤੋਂ ਪਰ੍ਹੇ ਵਿਆਪਕ ਨਿਰੰਕਾਰੈ = ਪਰਮੇਸ਼ਰ ਹੁੰਦਾ ਹੈ ॥੪॥੧੦॥

## ਸਾਰਗ ਮਹਲਾ ੫ ॥
## ਅਵਰਿ ਸਭਿ ਭੂਲੇ; ਭ੍ਰਮਤ ਨ ਜਾਨਿਆ ॥

ਅਵਰਿ = ਹੋਰ ਸਭਿ = ਸਾਰੇ ਜੀਵ ਅਗਿਆਨ ਕਾਰਨ ਸਰੂਪ ਵੱਲੋਂ ਭੂਲੇ = ਭੁੱਲੇ ਹੋਏ ਹਨ, ਕਿਉਂਕਿ ਜੂਨਾਂ, ਵਿਸ਼ੇ ਵਾਸ਼ਨਾਂ **ਵਾ:** ਮਨ ਦੇ ਸੰਕਲਪਾਂ ਵਿਚ ਭ੍ਰਮਤ = ਭਰਮਦਿਆਂ ਨੇ ਵਾਹਿਗੁਰੂ ਦੇ ਸਰੂਪ ਨੂੰ ਨ = ਨਹੀਂ ਜਾਨਿਆ = ਜਾਨਣਾ ਕੀਤਾ।

## ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ;
## ਤਿਨਿ ਬੇਦਹਿ ਤਤੁ ਪਛਾਨਿਆ ॥੧॥ਰਹਾਉ॥

ਜਾ = ਜਿਨ੍ਹਾਂ ਕੈ = ਦੇ ਹਿਰਦੇ ਵਿਚ ਏਕੁ = ਇਕ ਸੁਧਾਖਰੁ = ਸ਼ੁੱਧ ਅੱਖਰ, ਪ੍ਰਭੂ ਦਾ ਨਾਮ ਵਸਿਆ = ਵਸ ਗਿਆ, ਤਿਨਿ = ਉਨ੍ਹਾਂ ਨੇ ਚਾਰੇ ਬੇਦਹਿ = ਵੇਦਾਂ ਦਾ ਤਤੁ = ਸਿਧਾਂਤ ਪਛਾਨਿਆ = ਪਛਾਣ ਲਿਆ ਹੈ ॥੧॥ਰਹਾਉ॥

## ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ; ਤੇਤਾ ਲੋਗ ਪਚਾਰਾ ॥

ਪਰਵਿਰਤਿ = ਮਾਇਆ ਦੀ ਫਲਾਵਟ ਵਾਲੇ ਮਾਰਗੁ = ਰਸਤੇ ਵਿਚ ਜੇਤਾ = ਜਿਤਨਾ ਕਿਛੁ = ਕੁਝ ਵੀ ਪੁੰਨ ਦਾਨ ਹੋਈਐ = ਹੁੰਦਾ ਹੈ, ਤੇਤਾ = ਉਤਨਾ ਲੋਗ = ਲੋਕ ਪਚਾਰਾ = ਦਿਖਾਵਾ ਹੀ ਹੁੰਦਾ ਹੈ **ਵਾ:** ਲੋਕਾਂ ਨੂੰ ਪਚਾਰਾ = ਪਤਿਆਉਣਾ ਹੁੰਦਾ ਹੈ।

## ਜਉ ਲਉ ਰਿਦੈ ਨਹੀ ਪਰਗਾਸਾ; ਤਉ ਲਉ ਅੰਧ ਅੰਧਾਰਾ ॥੧॥

ਜਉ = ਜਦ ਲਉ = ਤੱਕ ਰਿਦੈ = ਹਿਰਦੇ ਵਿਚ ਬ੍ਰਹਮ ਗਿਆਨ ਦਾ ਪਰਗਾਸਾ = ਪ੍ਰਕਾਸ਼ ਨਹੀਂ ਹੁੰਦਾ, ਤਉ ਲਉ = ਤਦ ਤੱਕ ਜੀਵ ਅਗਿਆਨ ਰੂਪ ਅੰਧ ਅੰਧਾਰਾ = ਹਨੇਰੇ ਕਾਰਨ ਅੰਨ੍ਹਾ ਹੋਇਆ ਰਹਿੰਦਾ ਹੈ **ਵਾ:** ਮਨ ਬੁੱਧ ਰੂਪ ਨੇਤ੍ਰਾਂ ਵਿਚ ਵਿਚਾਰ ਰੂਪੀ ਨਿਗ੍ਹਾ ਤੋਂ ਬਗ਼ੈਰ ਹੋਣ ਕਾਰਨ ਅੰਧ = ਅਗਿਆਨੀ ਜੀਵ ਨੂੰ ਅਗਿਆਨ ਦਾ ਅੰਧਾਰਾ = ਹਨੇਰਾ ਬਣਿਆ ਹੀ ਰਹਿੰਦਾ ਹੈ।

ਅਰਥਾਤ ਜਿਵੇਂ ਅੰਨ੍ਹੇ ਪੁਰਖ ਦੇ ਕਮਰੇ ਅੰਦਰ ਅਣਗਿਣਤ ਦੀਵੇ ਵੀ ਬਾਲ ਦੇਈਏ ਤਾਂ ਵੀ ਉਸ ਦੇ ਨੇਤ੍ਰਾਂ ਅੱਗੇ ਹਨੇਰਾ ਹੀ ਰਹਿੰਦਾ ਹੈ, ਇਸੇ ਪ੍ਰਕਾਰ ਭਾਵੇਂ ਬੇਮੁਖ ਪੁਰਖ ਦੇ ਅੱਗੇ ਵੇਦਾਂ, ਸ਼ਾਸਤਰਾਂ, ਸਿੰਮ੍ਰਿਤੀਆਂ ਰੂਪੀ ਦੀਵੇ ਜਗਾ ਕੇ ਰੱਖ ਦੇਈਏ ਤਾਂ ਵੀ ਉਸ ਅਗਿਆਨੀ ਪੁਰਖ ਦੇ ਹਿਰਦੇ ਵਿਚ ਅਗਿਆਨ ਦਾ ਹਨੇਰਾ ਬਣਿਆ ਹੀ ਰਹਿੰਦਾ ਹੈ ॥੧॥

## ਜੈਸੇ ਧਰਤੀ ਸਾਧੈ ਬਹੁ ਬਿਧਿ; ਬਿਨੁ ਬੀਜੈ ਨਹੀ ਜਾਂਮੈ ॥

ਜੈਸੇ = ਜਿਸ ਪ੍ਰਕਾਰ ਕੋਈ ਜ਼ਿਮੀਂਦਾਰ ਪੁਰਖ ਹਲ ਆਦਿ ਬਹੁ = ਬਹੁਤ ਬਿਧਿ = ਵਿਧੀਆ ਨਾਲ ਧਰਤੀ = ਜ਼ਮੀਨ ਨੂੰ ਸਾਧੈ = ਸਾਧਨਾ, ਸੰਵਾਰਨਾ ਕਰਦਾ ਹੈ, ਪਰ ਜ਼ਮੀਨ ਵਿਚ ਬੀਜ ਬੀਜੇ ਤੋਂ ਬਿਨੁ = ਬਗ਼ੈਰ ਕੁਝ ਵੀ ਲਾਭ ਵਾਲਾ ਪਦਾਰਥ ਜਾਂਮੈ = ਜੰਮਦਾ, ਉੱਗਦਾ ਨਹੀਂ ਹੈ।

ਇਸੇ ਪ੍ਰਕਾਰ ਜੀਵ ਭਾਵੇਂ ਜਪ, ਤਪ ਆਦਿ ਬਹੁਤ ਤਰ੍ਹਾਂ ਦੇ ਸਾਧਨਾਂ ਨਾਲ ਬੁੱਧ ਰੂਪ ਧਰਤੀ ਨੂੰ ਸਾਧਨਾ, ਸੰਵਾਰਨਾ ਵੀ ਕਰੇ, ਪਰ ਗੁਰ ਉਪਦੇਸ਼ ਨੂੰ ਸ੍ਰਵਨ ਕਰਨ ਰੂਪ ਬੀਜ ਬੀਜੇ ਤੋਂ ਬਗ਼ੈਰ ਮੰਨਣ ਕਰਨਾ ਨਹੀਂ ਉੱਗਦਾ **ਵਾ:** ਸ਼ੁਭ ਗੁਣ ਨਹੀਂ ਜੰਮਦੇ, ਉੱਗਦੇ।

ਅਰਥਾਤ ਜਿਵੇਂ ਉਸ ਜ਼ਿਮੀਂਦਾਰ ਦੀ ਜ਼ਮੀਨ ਚੰਗੀ ਹੁੰਦੀ ਹੈ ਜੋ ਰੂੜੀ ਦੀ ਖਾਦ ਚੰਗੀ ਪਾਵੇ, ਪਾਣੀ ਵੀ ਲਾਵੇ, ਨਦੀਨ ਆਦਿ ਨੂੰ ਪੁੱਟ ਕੇ ਸਾਫ਼ ਰੱਖੇ, ਵਾਹੀ ਵੀ ਚੰਗੀ ਕਰਕੇ ਰੱਖੇ ਪਰ ਬੀਜ ਬੀਜੇ ਤੋਂ ਬਗ਼ੈਰ ਜ਼ਮੀਨ ਵਿਚ ਕੁਝ ਉੱਗਦਾ ਨਹੀਂ ਹੈ, ਇਸੇ ਪ੍ਰਕਾਰ ਜੇਕਰ ਕੋਈ ਜਗਿਆਸੂ ਬੁੱਧ ਰੂਪ ਧਰਤੀ ਵਿਚ ਵੈਰਾਗ ਰੂਪੀ ਖਾਦ ਪਾਉਣਾ ਕਰੇ, ਪ੍ਰੇਮ ਰੂਪੀ ਪਾਣੀ ਪਾਉਣਾ ਕਰੇ, ਵਿਚਾਰ ਰੂਪੀ ਹਲ ਨਾਲ ਵੀ ਵਾਹੁਣਾ ਕਰੇ, ਅੰਦਰੋਂ ਈਰਖਾ ਰੂਪੀ ਨਦੀਨ ਨੂੰ ਵੀ ਪੁੱਟਣਾ ਕਰੇ, ਇਉਂ ਗੁਣਾਂ ਵਾਲਾ ਹੋ ਕੇ ਬੁੱਧ ਰੂਪ ਧਰਤੀ ਨੂੰ ਸਾਧਣਾ ਕਰੇ, ਪਰ ਗੁਰ ਉਪਦੇਸ਼ ਰੂਪੀ ਬੀਜ ਬੀਜੇ ਤੋਂ ਬਗ਼ੈਰ ਪ੍ਰਭੂ ਦਾ ਗਿਆਨ ਪੈਦਾ ਨਹੀਂ ਹੁੰਦਾ।

## ਰਾਮ ਨਾਮ ਬਿਨੁ, ਮੁਕਤਿ ਨ ਹੋਈ ਹੈ; ਤੁਟੈ ਨਾਹੀ ਅਭਿਮਾਨੈ ॥੨॥

ਗੁਰ ਉਪਦੇਸ਼ ਦੁਆਰਾ ਰਾਮ = ਪਰਮੇਸ਼ਰ ਦਾ ਨਾਮ ਜਪੇ ਤੋਂ ਬਿਨੁ = ਬਗ਼ੈਰ ਮੁਕਤਿ = ਮੁਕਤੀ ਨ = ਨਹੀਂ ਹੋਈ = ਹੁੰਦੀ ਅਤੇ ਨਾਹੀ = ਨਾ ਹੀ ਕਾਰਨ, ਸੂਖਮ, ਸਥੂਲ ਦੇਹਾਂ ਦਾ ਅਭਿਮਾਨੈ = ਹੰਕਾਰ ਤੁਟੈ = ਟੁੱਟਦਾ ਹੈ ॥੨॥

## ਨੀਰੁ ਬਿਲੋਵੈ, ਅਤਿ ਸ੍ਰਮੁ ਪਾਵੈ; ਨੈਨੂ ਕੈਸੇ ਰੀਸੈ ॥

ਜਿਵੇਂ ਕੋਈ ਪੁਰਖ ਨੀਰੁ = ਪਾਣੀ ਨੂੰ ਬਿਲੋਵੈ = ਰਿੜਕਦਾ ਰਹਿੰਦਾ ਹੈ, ਉਹ ਅਤਿ = ਅਤਿਅੰਤ ਹੀ ਸ੍ਰਮੁ = ਥਕਾਵਟ ਨੂੰ ਪਾਵੈ = ਪਾਉਣਾ ਕਰਦਾ ਹੈ ਅਤੇ ਪਾਣੀ ਰਿੜਕਣ ਨਾਲ ਉਸ ਵਿੱਚੋਂ ਨੈਨੂ = ਮੱਖਣ ਕੈਸੇ = ਕਿਸ ਤਰ੍ਹਾਂ ਰੀਸੈ = ਰਿਸਕ, ਨਿਕਲ ਸਕਦਾ ਹੈ ਭਾਵ ਮੱਖਣ ਨਹੀਂ ਨਿਕਲ ਸਕਦਾ, ਕੇਵਲ ਝੱਗ ਹੀ ਨਿਕਲੇਗੀ।

ਇਸੇ ਪ੍ਰਕਾਰ ਜੇਕਰ ਕੋਈ ਜਗਿਆਸੂ ਜਨ ਸਕਾਮ ਕਰਮਾਂ ਰੂਪੀ ਪਾਣੀ ਨੂੰ ਰਿੜਕਣਾ ਕਰੇ ਤਾਂ ਉਹ ਅਤਿਅੰਤ ਹੀ ਸਰੀਰਕ ਥਕਾਵਟ ਤਾਂ ਪਾ ਲੈਂਦਾ ਹੈ ਪਰ ਸਕਾਮ ਕਰਮਾਂ ਰੂਪੀ ਪਾਣੀ ਵਿੱਚੋਂ ਬ੍ਰਹਮਾਨੰਦ ਰੂਪੀ ਮੱਖਣ ਕਿਸ ਤਰ੍ਹਾਂ ਰਿਸਕ, ਨਿਕਲ ਸਕਦਾ ਹੈ ਭਾਵ ਬ੍ਰਹਮਾਨੰਦ ਰੂਪੀ ਮੱਖਣ ਨਹੀਂ ਨਿਕਲ ਸਕਦਾ, ਸਗੋਂ ਵਿਸ਼ੇ ਸੁਖ ਰੂਪੀ ਝੱਗ ਹੀ ਨਿਕਲੇਗੀ।

## ਬਿਨੁ ਗੁਰ ਭੇਟੇ ਮੁਕਤਿ ਨ ਕਾਹੂ; ਮਿਲਤ ਨਹੀ ਜਗਦੀਸੈ ॥੩॥

ਪੂਰੇ ਗੁਰੂ ਸਾਹਿਬ ਜੀ ਦੇ ਨਾਲ ਭੇਟੇ = ਮਿਲੇ ਤੋਂ ਬਿਨੁ = ਬਗ਼ੈਰ ਕਾਹੂ = ਕਿਸੇ ਪੁਰਖ ਦੀ ਵੀ ਮੁਕਤਿ = ਮੁਕਤੀ ਨ = ਨਹੀਂ ਹੋ ਸਕਦੀ ਅਤੇ ਨਹੀ = ਨਾ ਹੀ ਜਗਦੀਸੈ = ਜਗਤ ਦਾ ਈਸ਼ਰ ਪਰਮੇਸ਼ਰ ਮਿਲਤ = ਮਿਲਦਾ ਹੈ ॥੩॥

[ਅੰਗ ੧੨੦੬]

## ਖੋਜਤ ਖੋਜਤ ਇਹੈ ਬੀਚਾਰਿਓ; ਸਰਬ ਸੁਖਾ ਹਰਿ ਨਾਮਾ ॥

ਵੇਦਾਂ ਨੂੰ ਖੋਜਤ = ਖੋਜਦਿਆਂ, ਸ਼ਾਸਤਰਾਂ ਨੂੰ ਖੋਜਤ = ਖੋਜਦਿਆਂ ਤੇ ਸਾਧਸੰਗਤ ਦੁਆਰਾ ਇਹੈ = ਇਹੋ ਹੀ ਸਿਧਾਂਤ ਨੂੰ ਬੀਚਾਰਿਓ = ਵਿਚਾਰਨਾ ਕੀਤਾ ਹੈ ਕਿ ਸਰਬ = ਸਾਰਿਆਂ ਸੁੱਖਾਂ ਨੂੰ ਦੇਣ ਵਾਲਾ ਹਰਿ = ਪਰਮੇਸ਼ਰ ਦਾ ਨਾਮ ਹੀ ਹੈ।

## ਕਹੁ ਨਾਨਕ, ਤਿਸੁ ਭਇਓ ਪਰਾਪਤਿ; ਜਾ ਕੈ ਲੇਖੁ ਮਥਾਮਾ ॥੪॥੧੧॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਤਿਸੁ = ਉਸ ਪੁਰਖ ਨੂੰ ਗੁਰਾਂ ਦੀ ਸ਼ਰਨ ਵਿਚ ਪੈ ਕੇ ਪਰਮੇਸ਼ਰ ਦਾ ਨਾਮ ਅੰਮ੍ਰਿਤ ਪ੍ਰਾਪਤ ਭਇਓ = ਹੋਇਆ ਹੈ, ਜਾ = ਜਿਸ ਕੈ = ਦੇ ਮਥਾਮਾ = ਮੱਥੇ ਉੱਤੇ

ਪੂਰਬਲੇ ਨਿਸ਼ਕਾਮ ਕਰਮਾਂ ਦੇ ਪ੍ਰੇਰੇ ਹੋਏ ਈਸਰ ਨੇ ਚੰਗੇ ਲੇਖ ਲਿਖਣਾ ਕੀਤੇ ਹਨ **ਵਾ:** ਜਿਸ ਨੇ ਗੁਰੂ ਸਾਹਿਬ ਜੀ ਦੇ ਉਪਦੇਸ਼ ਰੂਪੀ ਲੇਖ ਨੂੰ ਆਪਣੇ ਅੰਤਹਕਰਣ ਰੂਪੀ ਮੱਥੇ ਉੱਤੇ ਲਿਖ ਲਿਆ ਹੈ॥੪॥੧੧॥

## ਸਾਰਗ ਮਹਲਾ ੫ ॥

## ਅਨਦਿਨੁ; ਰਾਮ ਕੇ ਗੁਣ ਕਹੀਐ ॥

ਹੇ ਭਾਈ ! ਅਨਦਿਨੁ = ਰਾਤ ਦਿਨ ਰਾਮ = ਪਰਮੇਸ਼ਰ ਕੇ = ਦੇ ਗੁਣਾਂ ਨੂੰ ਕਹੀਐ = ਕਥਨ ਕਰਦੇ ਰਹੀਏ **ਵਾ:** ਰਾਤ ਦੀ ਨਿਆਈਂ ਜਗਿਆਸਾ ਅਵਸਥਾ ਵਿਚ ਵੀ ਤੇ ਦਿਨ ਦੀ ਨਿਆਈਂ ਗਿਆਨ ਅਵਸਥਾ ਵਿਚ ਵੀ ਭਾਵ ਗਿਆਨ ਨੂੰ ਇਸਥਿਤ ਰੱਖਣ ਵਾਸਤੇ ਪਰਮੇਸ਼ਰ ਦੇ ਗੁਣਾਂ ਨੂੰ ਕਥਨ ਕਰਦੇ ਰਹੀਏ।

## ਸਗਲ ਪਦਾਰਥ ਸਰਬ ਸੂਖ ਸਿਧਿ; ਮਨ ਬਾਂਛਤ ਫਲ ਲਹੀਐ ॥੧॥ਰਹਾਉ॥

ਸਗਲ = ਸਾਰੇ ਧਰਮ, ਅਰਥ ਕਾਮ ਮੋਖ ਆਦਿ ਪਦਾਰਥ, ਸਰਬ = ਸਾਰੇ ਪਦਾਰਥਾਂ ਦੇ ਸੂਖ = ਸੁਖ **ਵਾ:** ਇਸ ਲੋਕ ਤੋਂ ਲੈ ਕੇ ਬ੍ਰਹਮਾ ਦੇ ਦਰਜੇ ਤੱਕ ਸਾਰੇ ਸੁੱਖ, ਸਾਰੀਆਂ ਅਣਮਾ, ਮਹਿਮਾ ਸਿਧਿ = ਸਿਧੀਆਂ ਅਤੇ ਮਨ ਬਾਂਛਤ = ਇੱਛਤ ਫਲ ਲਹੀਐ = ਪ੍ਰਾਪਤ ਕਰ ਲਈਦੇ ਹਨ **ਵਾ:** ਸਾਰੇ ਨਾਮ, ਮੁਕਤ, ਗਿਆਨ, ਪ੍ਰੇਮ ਪਦਾਰਥ ਆਦਿ ਸਰਬ = ਸਾਰਿਆਂ ਸੁੱਖਾਂ ਵਿੱਚੋਂ ਆਤਮ ਸੁਖ ਤੇ ਸਿਧਿ ਮੋਖ ਆਦਿ ਵਿੱਚੋਂ ਕੇਵਲ ਮੋਖ ਅਤੇ ਧਰਮ ਅਰਥ ਕਾਮ ਮੋਖ ਆਦਿ ਮਨ ਇੱਛਤ ਸਾਰੇ ਫਲਾਂ ਨੂੰ ਪ੍ਰਾਪਤ ਕਰ ਲਈਦਾ ਹੈ॥੧॥ਰਹਾਉ॥

## ਆਵਹੁ ਸੰਤ ਪ੍ਰਾਨ ਸੁਖਦਾਤੇ; ਸਿਮਰਹ ਪ੍ਰਭੁ ਅਬਿਨਾਸੀ ॥

ਹੇ ਸੰਤ = ਮਹਾਤਮਾ ਜਨੋਂ ! ਆਵਹੁ = ਆਉ ਇਕੱਤਰ ਹੋ ਕੇ ਪ੍ਰਾਣਾਂ ਨੂੰ ਸੁਖਦਾਤੇ = ਸੁਖ ਦੇਣ ਵਾਲੇ ਅਬਿਨਾਸੀ = ਨਾਸ਼ ਤੋਂ ਰਹਿਤ ਪ੍ਰਭੁ = ਪਰਮੇਸ਼ਰ ਨੂੰ ਸਿਮਰਹ = ਯਾਦ ਕਰੀਏ।

## ਅਨਾਥਹ ਨਾਥੁ ਦੀਨ ਦੁਖ ਭੰਜਨ; ਪੂਰਿ ਰਹਿਓ ਘਟ ਵਾਸੀ ॥੧॥

ਜੋ ਅਨਾਥਹ = ਯਤੀਮਾਂ ਦਾ ਨਾਥੁ = ਸੁਆਮੀ ਹੈ, ਦੀਨ = ਗ਼ਰੀਬਾਂ ਦੇ ਦੁੱਖਾਂ ਨੂੰ ਭੰਜਨ = ਭੰਨਣ, ਨਾਸ਼ ਕਰਨ ਵਾਲਾ ਹੈ, ਜੋ ਸਾਰਿਆਂ ਥਾਵਾਂ ਵਿਚ ਪੂਰਿ = ਪਰੀਪੂਰਨ ਹੋ ਰਹਿਓ = ਰਿਹਾ ਹੈ, ਘਟਾਂ ਘਟਾਂ ਵਿਚ ਵਾਸੀ = ਨਿਵਾਸ ਕਰਨ ਵਾਲਾ ਹੈ **ਵਾ:** ਹਿਰਦੇ ਦਾ ਸਾਥੀ ਰੂਪ ਹੋਣ ਕਰਕੇ ਘਟ ਵਾਸੀ ਹੈ **ਵਾ:** ਚੇਤਨ ਹੋ ਕੇ ਘਟ = ਅੰਤਹਕਰਣ ਵਿਚ ਵਾਸੀ = ਵੱਸਣ ਵਾਲਾ ਹੈ॥੧॥

## ਗਾਵਤ ਸੁਨਤ ਸੁਨਾਵਤ ਸਰਧਾ; ਹਰਿ ਰਸੁ ਪੀ ਵਡਭਾਗੇ ॥

ਜੋ ਪਰਮੇਸ਼ਰ ਦੇ ਜੱਸ ਨੂੰ ਸ਼ਰਧਾ ਦੇ ਨਾਲ ਗਾਵਤ = ਗਾਉਂਦੇ, ਸੁਨਤ = ਸੁਣਦੇ ਤੇ ਹੋਰਨਾਂ ਨੂੰ ਸੁਨਾਵਤ = ਸੁਣਾਉਂਦੇ ਹਨ, ਉਹ ਹਰਿ = ਪਰਮੇਸ਼ਰ ਦੇ ਪ੍ਰੇਮ ਰਸ ਨੂੰ ਪੀ ਕੇ ਵਡਭਾਗੇ = ਵੱਡਿਆਂ ਭਾਗਾਂ ਵਾਲੇ ਹੋ ਜਾਂਦੇ ਹਨ।

## ਕਲਿ ਕਲੇਸ ਮਿਟੇ ਸਭਿ ਤਨ ਤੇ; ਰਾਮ ਨਾਮ ਲਿਵ ਜਾਗੇ ॥੨॥

ਜੋ ਰਾਮ = ਪਰਮੇਸ਼ਰ ਦੇ ਨਾਮ ਵਿਚ ਚਿੱਤ ਦੀ ਲਿਵ = ਬਿਰਤੀ ਲਗਾ ਕੇ ਗਿਆਨ ਅਵਸਥਾ ਵਿਚ ਜਾਗੇ = ਜਾਗ ਪਏ ਹਨ, ਉਨ੍ਹਾਂ ਦੇ ਤਨ = ਸਰੀਰ ਤੇ = ਤੋਂ ਕਲਿ = ਕਲਪਨਾ ਤੇ ਰਾਗ, ਦਵੈਸ਼, ਅਵਿੱਦਿਆ ਆਦਿ ਕਲੇਸ਼ ਵੀ ਸਭਿ = ਸਾਰੇ ਮਿਟੇ = ਨਵਿਰਤ ਹੋ ਗਏ ਹਨ॥੨॥

## ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ; ਹਰਿ ਸਿਮਰਨਿ ਬੰਧਨ ਤੂਟੇ ॥

ਜੋ ਪੁਰਖ ਕਾਮੁ = ਮੰਦ ਦ੍ਰਿਸ਼ਟੀ ਭਾਵ ਵਿਕਾਰ ਭੋਗਣ ਦਾ ਫੁਰਨਾ, ਕ੍ਰੋਧ = ਗੁੱਸਾ ਕਰਨਾ, ਝੂਠ ਬੋਲਣਾ ਤੇ ਨਾਮ ਜਪਣ ਵਾਲੇ ਸੰਤ ਜਨਾਂ ਦੀ ਨਿੰਦਾ = ਅਪਕੀਰਤੀ ਕਰਨੀ ਆਦਿ ਤਜਿ = ਤਿਆਗ ਦਿੰਦੇ ਹਨ, ਉਨ੍ਹਾਂ ਦੇ ਗੁਰ ਉਪਦੇਸ਼ ਦੁਆਰਾ ਹਰਿ = ਪਰਮੇਸ਼ਰ ਦਾ ਸਿਮਰਨਿ = ਭਜਨ ਕਰਕੇ ਕਰਤਾ ਭੋਗਤਾ, ਹੰਗਤਾ ਮਮਤਾ ਦੇ ਬੰਧਨ = ਜੰਜਾਲ ਤੂਟੇ = ਟੁੱਟ ਗਏ ਹਨ।

## ਮੋਹ ਮਗਨ, ਅਹੰ ਅੰਧ ਮਮਤਾ; ਗੁਰ ਕਿਰਪਾ ਤੇ ਛੂਟੇ ॥੩॥

ਜੋ ਸਰੀਰਾਂ ਦੇ ਮੋਹ ਦੀ ਮਗਨ = ਮਸਤੀ, ਅੰਧਾ = ਅੰਨ੍ਹਾ ਕਰਨ ਵਾਲੀ ਅਹੰ = ਹੰਗਤਾ ਤੇ ਪਦਾਰਥਾਂ ਦੀ ਮਮਤਾ = ਮੇਰ ਹੈ, ਗੁਰਾਂ ਦੀ ਕਿਰਪਾ = ਮੇਹਰ ਕਰਨ ਤੇ = ਤੋਂ ਇਹ ਸਭ ਬੰਧਨ ਛੂਟੇ = ਛੁੱਟ ਜਾਂਦੇ ਹਨ ॥੩॥

## ਤੂ ਸਮਰਥੁ ਪਾਰਬ੍ਰਹਮ ਸੁਆਮੀ; ਕਰਿ ਕਿਰਪਾ, ਜਨੁ ਤੇਰਾ ॥

ਹੇ ਪਰਮੇਸ਼ਰ ! ਤੂੰ ਸਮਰਥੁ = ਸਰਬ ਕਲਾ ਸੰਪੰਨ ਹੈਂ, ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਰ੍ਹੇ ਹੋਣ ਕਰਕੇ ਸਭ ਥਾਂ ਬ੍ਰਹਮ = ਵਿਆਪਕ ਹੈਂ, ਸਾਰਿਆਂ ਦਾ ਸੁਆਮੀ = ਮਾਲਕ ਹੈਂ, ਹੇ ਪਰਮੇਸ਼ਰ ! ਮੈਂ ਤੇਰਾ ਜਨੁ = ਦਾਸ ਹਾਂ, ਮੇਰੇ ਉੱਤੇ ਆਪਣੀ ਕਿਰਪਾ = ਮੇਹਰ ਭਰੀ ਦ੍ਰਿਸ਼ਟੀ ਕਰ।

## ਪੂਰਿ ਰਹਿਓ ਸਰਬ ਮਹਿ ਠਾਕੁਰੁ; ਨਾਨਕ, ਸੋ ਪ੍ਰਭੁ ਨੇਰਾ ॥੪॥੧੨॥

ਹੇ ਠਾਕੁਰੁ = ਸੁਆਮੀ ਪਰਮੇਸ਼ਰ ! ਤੂੰ ਸਰਬ = ਸਾਰਿਆਂ ਥਾਵਾਂ ਮਹਿ = ਵਿਚ ਪੂਰਿ = ਪੂਰਨ ਹੋ ਰਹਿਓ = ਰਿਹਾ ਹੈਂ **ਵਾ:** ਸਾਰਿਆਂ ਵਿਚ ਚੇਤਨ ਸੱਤਾ ਪਾਉਣ ਕਰਕੇ ਪੂਰਨ ਹੋ ਰਿਹਾ ਹੈਂ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਹੇ ਪ੍ਰਭੁ = ਪਰਮੇਸ਼ਰ ! ਸੋ = ਤੱਤਪਦ ਦੇ ਲਖ ਅਰਥ ਦਾ ਨਿਰਨਾ ਕਰਨੇ ਕਰਕੇ **ਵਾ:** ਗਿਆਨ ਦ੍ਰਿਸ਼ਟੀ ਦੁਆਰਾ ਦੇਖਣ ਕਰਕੇ ਤੂੰ ਨੇਰਾ = ਨੇੜੇ ਹੀ ਹੈਂ।

**ਅਥਵਾ** ਮਾਲਕ ਪਰਮੇਸ਼ਰ ਸਾਰਿਆਂ ਵਿਚ ਚੇਤਨ ਸੱਤਾ ਪਾਉਣੇ ਕਰਕੇ ਵਿਆਪਕ ਹੋ ਰਿਹਾ ਹੈ ਅਤੇ ਸੋ = ਉਹ ਪਰਮੇਸ਼ਰ ਨੇੜੇ ਹੈ ॥੪॥੧੨॥

## ਸਾਰਗ ਮਹਲਾ ੫ ॥
## ਬਲਿਹਾਰੀ; ਗੁਰਦੇਵ ਚਰਨ ॥

ਮੈਂ ਉਸ ਗੁਰਦੇਵ = ਸਤਿਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨਾਂ ਕਮਲਾਂ ਤੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ।

## ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ;
## ਉਪਦੇਸੁ ਹਮਾਰੀ ਗਤਿ ਕਰਨ ॥੧॥ਰਹਾਉ॥

ਜਾ = ਜਿਸ ਸਤਿਗੁਰਾਂ ਕੈ = ਦੇ ਸੰਗਿ = ਨਾਲ ਮਿਲ ਕੇ ਪਾਰਬ੍ਰਹਮੁ = ਪਰਮੇਸ਼ਰ ਨੂੰ ਧਿਆਈਐ = ਧਿਆਉਣਾ ਕਰੀਦਾ ਹੈ ਅਤੇ ਜਿਸ ਗੁਰਾਂ ਦਾ ਉਪਦੇਸ਼ ਹਮਾਰੀ = ਤਮਾਮ ਦੀ, ਮੇਰੀ ਗਤਿ = ਮੁਕਤੀ ਕਰਨ ਵਾਲਾ ਹੈ ॥੧॥ਰਹਾਉ॥

## ਦੂਖ ਰੋਗ ਭੈ ਸਗਲ ਬਿਨਾਸੇ; ਜੋ ਆਵੈ, ਹਰਿ ਸੰਤ ਸਰਨ ॥

ਹਰਿ = ਪਰਮੇਸ਼ਰ ਦਾ ਰੂਪ ਸੰਤ = ਸ਼ਾਂਤ ਆਤਮਾ ਵਾਲੇ ਗੁਰਾਂ ਦੀ **ਵਾ:** ਪਰਮੇਸ਼ਰ ਦੇ ਸੰਤਾਂ ਭਗਤਾਂ ਦੀ ਸਰਨ = ਓਟ ਵਿਚ ਜੋ = ਜਿਹੜਾ ਪੁਰਖ ਆਵੈ = ਆਉਂਦਾ ਹੈ, ਉਸ ਦੇ ਜੰਮਣ ਮਰਣ ਦਾ ਦੂਖ = ਕਸ਼ਟ, ਅਗਿਆਨ ਰੂਪੀ ਰੋਗ ਤੇ ਕਾਲ ਦਾ ਭੈ ਆਦਿ ਸਗਲ = ਸਾਰੇ ਬਿਨਾਸੇ = ਨਾਸ਼ ਹੋ ਗਏ ਹਨ।

## ਆਪਿ ਜਪੈ ਅਵਰਹ ਨਾਮੁ ਜਪਾਵੈ; ਵਡ ਸਮਰਥ ਤਾਰਨ ਤਰਨ ॥੧॥

ਜੋ ਗੁਰੂ **ਵਾ:** ਗੁਰਸਿੱਖ ਆਪ ਨਾਮ ਜਪੈ = ਜਪਦਾ ਹੈ, ਅਵਰਹ = ਹੋਰਨਾਂ ਤੋਂ ਪ੍ਰਭੂ ਦਾ ਨਾਮ ਜਪਾਵੈ = ਜਪਾਉਂਦਾ ਹੈ, ਉਹ ਵਡ = ਬੜਾ ਸਮਰੱਥ ਤੇ ਹੋਰਨਾਂ ਸੰਸਾਰ-ਸਮੁੰਦ੍ਰ ਤੋਂ ਤਰਨ ਵਾਲੇ ਜਗਿਆਸੂਆਂ ਨੂੰ ਤਾਰਨ ਲਈ ਤਰਨ = ਜਹਾਜ਼ ਦੀ ਨਿਆਈਂ ਹੈ॥੧॥

## ਜਾ ਕੋ ਮੰਤ੍ਰੁ ਉਤਾਰੈ ਸਹਸਾ; ਊਣੇ ਕਉ ਸੁਭਰ ਭਰਨ ॥

ਜਾ = ਜਿਸ ਸਤਿਗੁਰੂ ਕੋ = ਦਾ ਮੰਤ੍ਰ = ਉਪਦੇਸ਼ ਪ੍ਰਮਾਣਗਤ, ਪ੍ਰਮੇਯਗਤ ਤੇ ਵਿਪਰਜੇ ਬੁੱਧੀ ਆਦਿ ਸਹਸਾ = ਸੰਸਿਆਂ ਨੂੰ **ਵਾ:** ਜੰਮਣ ਮਰਨ ਦੇ ਸੰਸੇ ਨੂੰ ਅੰਦਰੋਂ ਉਤਾਰੈ = ਲਾਹ, ਦੂਰ ਕਰ ਦਿੰਦਾ ਹੈ ਅਤੇ ਜੋ ਗੁਰੂ ਸ਼ੁਭ ਗੁਣਾਂ ਤੋਂ ਊਣੇ = ਖ਼ਾਲੀ ਪੁਰਖਾਂ ਕਉ = ਨੂੰ ਸ਼ੁਭ ਗੁਣਾਂ ਦੇ ਨਾਲ ਸੁਭਰ = ਲਬਾ ਲਬ ਭਰਨ = ਭਰ ਦਿੰਦਾ ਹੈ।

## ਹਰਿ ਦਾਸਨ ਕੀ ਆਗਿਆ ਮਾਨਤ; ਤੇ ਨਾਹੀ ਫੁਨਿ ਗਰਭ ਪਰਨ ॥੨॥

ਜੋ ਹਰਿ = ਪਰਮੇਸ਼ਰ ਦੇ ਪਿਆਰੇ ਦਾਸਨ = ਦਾਸਾਂ ਕੀ = ਦੀ ਸੇਵਾ ਸਿਮਰਨ ਕਰਨ ਰੂਪ ਆਗਿਆ = ਰਜ਼ਾ ਨੂੰ ਮਾਨਤ = ਮੰਨਦੇ ਹਨ, ਤੇ = ਉਹ ਫੁਨਿ = ਮੁੜ ਕੇ ਮਾਤਾ ਦੇ ਗਰਭ = ਪੇਟ ਵਿਚ ਨਾਹੀ = ਨਹੀਂ ਪਰਨ = ਪੈਂਦੇ ਭਾਵ ਮਾਤਾ ਦੇ ਗਰਭ ਵਿਚ ਪੈਣ ਤੋਂ ਮੁਕਤ ਹੋ ਜਾਂਦੇ ਹਨ॥੨॥

## ਭਗਤਨ ਕੀ ਟਹਲ ਕਮਾਵਤ, ਗਾਵਤ; ਦੁਖ ਕਾਟੇ ਤਾ ਕੇ, ਜਨਮ ਮਰਨ ॥

ਜਿਹੜੇ ਪੁਰਖ ਪਰਮੇਸ਼ਰ ਦਾ ਨਾਮ ਜਪਣ ਵਾਲੇ ਭਗਤਨ = ਭਗਤਾਂ ਕੀ = ਦੀ ਸਰੀਰ ਕਰਕੇ ਟਹਲ = ਸੇਵਾ ਕਮਾਵਤ = ਕਮਾਉਂਦੇ ਹਨ ਤੇ ਭਗਤ ਜਨਾਂ ਨਾਲ ਮਿਲ ਕੇ ਹਰੀ ਦੇ ਗੁਣ ਗਾਵਤ = ਗਾਉਂਦੇ ਹਨ, ਤਾ ਕੇ = ਉਨ੍ਹਾਂ ਦੇ ਪਰਮੇਸ਼ਰ ਨੇ ਜੰਮਣ ਮਰਣ ਦੇ ਦੁਖ = ਕਸ਼ਟ ਕਾਟੇ = ਕੱਟ ਦਿੱਤੇ ਹਨ।

## ਜਾ ਕਉ ਭਇਓ ਕ੍ਰਿਪਾਲੁ ਬੀਠੁਲਾ; ਤਿਨਿ ਹਰਿ ਹਰਿ ਅਜਰ ਜਰਨ ॥੩॥

ਜਾ = ਜਿਨ੍ਹਾਂ ਕਉ = ਉੱਤੇ ਬੀਠੁਲਾ = ਪਰਮੇਸ਼ਰ **ਵਾ:** (ਬੀ + ਠੁ + ਲਾ) ਬੀ = ਉਤਪਤੀ ਠੁ = ਪਾਲਣਾ, ਲਾ = ਲੈਤਾ ਕਰਨ ਵਾਲਾ ਪਰਮੇਸ਼ਰ ਕ੍ਰਿਪਾਲੂ = ਦਿਆਲੂ ਭਇਓ = ਹੋਇਆ ਹੈ, ਤਿਨਿ = ਉਨ੍ਹਾਂ ਨੇ ਹਰਿ = ਹਰੀ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪ ਕੇ ਅਜਰ ਅਵਸਥਾ ਭਾਵ ਅਕਹਿ ਅਨੰਦ ਨੂੰ ਜਰਨ = ਜਰ ਕੇ ਰੱਖਣਾ ਕੀਤਾ ਹੈ **ਵਾ:** ਅਜਰ = ਨਾ ਜਰੇ ਜਾਣ ਵਾਲੇ ਕਾਮ, ਕ੍ਰੋਧ, ਲੋਭ ਮੋਹ ਆਦਿਕਾਂ ਨੂੰ ਜਰ, ਰੋਕ ਕੇ ਰੱਖਣਾ ਕੀਤਾ ਹੈ॥੩॥

## ਹਰਿ ਰਸਹਿ ਅਘਾਨੇ, ਸਹਜਿ ਸਮਾਨੇ; ਮੁਖ ਤੇ ਨਾਹੀ ਜਾਤ ਬਰਨ ॥

ਜੋ ਗੁਰਮੁਖ ਜਨ ਹਰਿ = ਪਰਮੇਸ਼ਰ ਦੇ ਨਾਮ, ਪ੍ਰੇਮ ਰਸਹਿ = ਰਸ ਕਰਕੇ ਅਘਾਨੇ = ਰੱਜੇ ਹਨ, ਉਨ੍ਹਾਂ

ਦੇ ਮਨ ਸਹਜਿ = ਸ਼ਾਂਤੀ ਸਰੂਪ ਵਿਚ ਸਮਾਨੇ = ਸਮਾਅ ਗਏ ਹਨ **ਵਾ:** ਉਨ੍ਹਾਂ ਦੇ ਮਨ ਸ਼ਾਂਤੀ ਦੇ ਨਾਲ ਸਹਜਿ = ਗਿਆਨ ਸਰੂਪ ਵਿਚ ਸਮਾਅ ਗਏ ਹਨ, ਉਨ੍ਹਾਂ ਦਾ ਜੱਸ **ਵਾ:** ਉਹ ਅਨੰਦ ਮੁਖ = ਮੂੰਹ ਤੇ = ਤੋਂ ਬਰਨ = ਵਰਣਨ ਨਾਹੀ = ਨਹੀਂ ਕੀਤਾ ਜਾਤ = ਜਾ ਸਕਦਾ, ਕੇਵਲ ਉਨ੍ਹਾਂ ਗੁਰਮੁਖ ਜਨਾਂ ਦਾ ਰਿਦਾ ਹੀ ਜਾਣਦਾ ਹੈ।

## ਗੁਰਪ੍ਰਸਾਦਿ ਨਾਨਕ, ਸੰਤੋਖੇ; ਨਾਮੁ ਪ੍ਰਭੂ ਜਪਿ ਜਪਿ ਉਧਰਨ ॥੪॥੧੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਪ੍ਰਸਾਦਿ = ਗੁਰਾਂ ਦੀ ਕਿਰਪਾ ਕਰਕੇ ਉਨ੍ਹਾਂ ਦੇ ਮਨ ਸੰਤੋਖੇ = ਸੰਤੁਸ਼ਟ ਹੋ ਗਏ ਹਨ ਅਤੇ ਉਹ ਆਪ ਪ੍ਰਭੂ = ਪਰਮੇਸ਼ਰ ਦੇ ਨਾਮ ਦਾ ਜਪਿ = ਜਾਪ ਕਰਕੇ ਸੰਸਾਰ-ਸਮੁੰਦ੍ਰ ਤੋਂ ਉਧਰਨ = ਤਰਦੇ ਹਨ ਅਤੇ ਹੋਰਨਾਂ ਨੂੰ ਵੀ ਪ੍ਰਭੂ ਦਾ ਨਾਮ ਜਪਾ ਕੇ ਤਾਰ ਦਿੰਦੇ ਹਨ ॥੪॥੧੩॥

ਅਗਲਾ ਸ਼ਬਦ ਸਤਿਗੁਰੂ ਸਾਹਿਬ ਜੀ ਜਗਿਆਸੂ ਰੂਪ ਸਖੀ ਤੇ ਮਹਾਤਮਾ ਰੂਪ ਸਖੀ ਦੇ ਸੰਵਾਦ ਦੁਆਰਾ ਉਪਦੇਸ਼ ਦਿੰਦਿਆਂ ਉਚਾਰਨ ਕਰਦੇ ਹਨ।

## ਸਾਰਗ ਮਹਲਾ ੫ ॥
## ਗਾਇਓ ਰੀ; ਮੈ ਗੁਣ ਨਿਧਿ ਮੰਗਲ ਗਾਇਓ ॥

ਰੀ = ਹੇ ਸਖੀ! ਗਾਇਓ = ਗਾਉਣਾ ਕੀਤਾ ਹੈ, ਮੈਂ ਗੁਣਾਂ ਦੇ ਨਿਧਿ = ਸਮੁੰਦਰ ਪਰਮੇਸ਼ਰ ਦਾ ਮੰਗਲ = ਜੱਸ ਗਾਇਓ = ਗਾਉਣਾ ਕੀਤਾ ਹੈ **ਵਾ:** ਜੋ ਗਾਉਣੇ ਯੋਗ ਪਰਮੇਸ਼ਰ ਦੇ ਜੱਸ ਨੂੰ ਤੱਤਬੇਤੇ ਸਤਿਗੁਰਾਂ ਨੇ ਉਪਦੇਸ਼ ਰੂਪ ਵਿਚ ਗਾ ਕੇ ਸੁਣਾਇਆ ਸੀ, ਉਸੇ ਪ੍ਰਕਾਰ ਮੈਂ ਅਭਿਆਸ ਕਰਕੇ ਗੁਣਾਂ ਦੇ ਸਮੁੰਦਰ ਪਰਮੇਸ਼ਰ ਦੇ ਜੱਸ ਨੂੰ ਗਾਉਣਾ ਕੀਤਾ ਹੈ **ਵਾ:** ਮੈਂ ਗੁਣਾਂ ਦੇ ਸਮੁੰਦਰ ਪਰਮੇਸ਼ਰ ਦੇ ਜੱਸ ਨੂੰ ਬਾਣੀ ਕਰਕੇ ਵੀ ਗਾਉਣਾ ਕੀਤਾ ਹੈ ਤੇ ਰਿਦੇ ਦੀ ਭਾਵਨਾ ਨਾਲ, ਮਨ ਦੇ ਸੰਕਲਪ ਦੁਆਰਾ ਵੀ ਗਾਉਣਾ ਕੀਤਾ ਹੈ **ਵਾ:** ਬੈਖਰੀ ਤੇ ਮੱਧਮਾ ਬਾਣੀ ਦੁਆਰਾ ਵੀ ਗਾਉਣਾ ਕੀਤਾ ਹੈ ਅਤੇ ਪਸੰਤੀ ਤੇ ਪਰਾ ਬਾਣੀ ਦੁਆਰਾ ਵੀ ਗਾਉਣਾ ਕੀਤਾ ਹੈ।

## ਭਲੇ ਸੰਜੋਗ, ਭਲੇ ਦਿਨ ਅਉਸਰ; ਜਉ ਗੋਪਾਲੁ ਰੀਝਾਇਓ ॥੧॥ਰਹਾਉ॥

ਸਤਿਗੁਰਾਂ ਦੀ ਪ੍ਰਾਪਤੀ ਦੇ ਭਲੇ = ਚੰਗੇ ਸੰਜੋਗ ਹੋਏ ਅਤੇ ਜਦੋਂ ਗੁਰਾਂ ਨੇ ਸਤਿਨਾਮ ਦਾ ਉਪਦੇਸ਼ ਦੇਣਾ ਕੀਤਾ, ਉਹ ਦਿਨ ਭਲੇ = ਚੰਗੇ ਸਨ, ਜਦੋਂ ਮੇਰਾ ਚਿੱਤ ਪ੍ਰਭੂ ਸਿਮਰਨ ਵਿਚ ਲੱਗ ਗਿਆ, ਉਹ ਭਲੇ ਅਉਸਰ = ਸਮੇਂ ਸਨ **ਵਾ:** ਉਹ ਗੁਰਾਂ ਦੇ ਸੰਗ ਦਾ ਸੰਜੋਗ ਭਲਾ ਹੈ, ਗੁਰ ਉਪਦੇਸ਼ ਨੂੰ ਰਿਦੇ ਵਿਚ ਧਾਰਨ ਵਾਲਾ ਦਿਨ ਵੀ ਚੰਗਾ ਹੈ ਤੇ ਗੁਰ ਉਪਦੇਸ਼ ਨੂੰ ਕਮਾਉਣ ਵਾਲਾ ਸਮਾਂ ਵੀ ਚੰਗਾ ਹੈ **ਵਾ:** ਉਹ ਸੰਜੋਗ ਚੰਗਾ ਹੈ, ਦਿਨ ਤੇ ਸਮਾਂ ਵੀ ਚੰਗਾ ਹੈ, ਜਉ = ਜਦ ਮੈਂ ਗੁਰ ਉਪਦੇਸ਼ ਦੁਆਰਾ ਗੋਪਾਲੁ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਨੂੰ ਰੀਝਾਇਓ = ਪ੍ਰਸੰਨ ਕਰ ਲਿਆ ॥੧॥ਰਹਾਉ॥

## ਸੰਤਹ ਚਰਨ; ਮੋਰਲੋ ਮਾਥਾ ॥ ਹਮਰੇ ਮਸਤਕਿ; ਸੰਤ ਧਰੇ ਹਾਥਾ ॥੧॥

ਹੇ ਸਖੀ! ਮੋਰਲੋ = ਮੇਰਾ ਮਾਥਾ = ਮੱਥਾ ਗੁਰੂ ਸੰਤਹ = ਸੰਤਾਂ ਦੇ ਪਵਿੱਤਰ ਚਰਨਾਂ ਉੱਤੇ ਰੱਖਿਆ ਹੋਇਆ ਹੈ **ਵਾ:** ਜੋ ਮੇਰਾ ਅੰਤਹਕਰਣ ਰੂਪੀ ਮੱਥਾ ਹੰਕਾਰ ਦੇ ਸਹਿਤ ਸੀ, ਉਹ ਹੁਣ ਨਿਮਰਤਾ ਦੇ ਸਹਿਤ ਹੋ ਕੇ ਗੁਰਾਂ, ਸੰਤ ਜਨਾਂ ਦੇ ਚਰਨਾਂ ਉੱਤੇ ਰੱਖਿਆ ਹੈ।

ਹਮਰੇ = ਸਾਡਾ, ਮੇਰੇ ਅੰਤਹਕਰਣ ਰੂਪੀ ਮਸਤਕਿ = ਮੱਥੇ ਉੱਤੇ ਸੰਤ = ਸ਼ਾਂਤ ਆਤਮਾ ਵਾਲੇ ਗੁਰਾਂ,

ਸੰਤਾਂ ਨੇ ਕਿਰਪਾ ਰੂਪੀ ਹਾਥਾ = ਹੱਥ ਧਰਿਆ ਹੈ **ਵਾ:** ਜਿਵੇਂ ਪਹਿਲੇ ਗੁਰਾਂ ਨੇ ਪੱਥਰ ਉੱਤੇ ਪੰਜਾ ਲਾ ਦਿੱਤਾ ਸੀ, ਇਉਂ ਗੁਰਾਂ ਨੇ ਮੇਰੇ ਅੰਤਹਕਰਣ ਰੂਪੀ ਮੱਥੇ ਉੱਤੇ ਨਾਮ ਰੂਪੀ ਪੰਜਾ ਧਰਿਆ, ਲਾ ਦਿੱਤਾ ਹੈ॥੧॥

## ਸਾਧਹ ਮੰਤ੍ਰ; ਮੋਰਲੋ ਮਨੂਆ ॥ ਤਾ ਤੇ ਗਤੁ ਹੋਏ; ਤ੍ਰੈਗੁਨੀਆ ॥੨॥

ਸਾਧਹ = ਸ੍ਰੇਸ਼ਟ ਗੁਰਾਂ ਦਾ ਮੰਤ੍ਰ = ਉਪਦੇਸ਼ **ਵਾ:** ਸਾਧਹ = ਮਹਾਤਮਾ ਜਨਾਂ ਦਾ ਮੰਤ੍ਰ = ਉਪਦੇਸ਼ ਮੋਰਲੋ = ਮੇਰੇ ਮਨੂਆ = ਮਨ ਵਿਚ ਵੱਸ ਗਿਆ ਹੈ।

ਤਾ ਤੇ = ਤਿਸ ਉਪਦੇਸ਼ ਨੂੰ ਕਮਾਉਣ ਤੇ = ਤੋਂ ਮੇਰੇ ਤ੍ਰੈਗੁਨੀਆ = ਤਿੰਨੇ ਗੁਣ (ਰਾਜਸੀ, ਤਾਮਸੀ, ਸਾਂਤਕੀ) ਗਤੁ = ਨਵਿਰਤ ਹੋਏ = ਹੋ ਗਏ **ਵਾ:** ਤਿੰਨੇ ਗੁਣਾਂ ਦੀ ਉਪਾਸ਼ਨਾ ਗਤੁ = ਨਾਸ਼ ਹੋ ਗਈ **ਵਾ:** ਰਜੋਗੁਣ ਵਿਚ ਸੁਪਨ ਅਵਸਥਾ ਦਾ, ਤਮੋਗੁਣ ਵਿਚ ਸੁਖੋਪਤ ਅਵਸਥਾ ਦਾ ਤੇ ਸਤੋਗੁਣ ਵਿਚ ਜਾਗਰਤ ਅਵਸਥਾ **ਵਾ:** ਜੋ ਤਮੋ ਗੁਣ ਕਰਕੇ ਭੁੱਖੇ ਪਿਆਸੇ ਰਹਿਣਾ, ਰਜੋਗੁਣ ਕਰਕੇ ਪਦਾਰਥਾਂ ਦੀ ਇੱਛਾ ਕਰਨੀ, ਤੇ ਸਤੋਗੁਣ ਕਰਕੇ ਨਰਮ ਸੁਭਾਅ ਤੇ ਵਡਿਆਈ ਦੀ ਇੱਛਾ ਰੱਖਣੀ ਆਦਿ ਸੁਭਾਅ ਸੀ, ਉਹ ਸੰਤਾਂ, ਗੁਰਾਂ ਦੀ ਕਿਰਪਾ ਕਰਕੇ ਨਵਿਰਤ ਹੋ ਗਿਆ ਹੈ॥੨॥

## ਭਗਤਹ ਦਰਸੁ ਦੇਖਿ; ਨੈਨ ਰੰਗਾ ॥ ਲੋਭ ਮੋਹ ਤੂਟੇ; ਭ੍ਰਮ ਸੰਗਾ ॥੩॥

ਪ੍ਰਭੂ ਭਗਤੀ ਵਾਲੇ ਭਗਤਹ = ਭਗਤਾਂ ਦੇ ਦਰਸੁ = ਦੀਦਾਰ ਦੇਖਿ = ਵੇਖ ਕੇ ਮੇਰੇ ਪ੍ਰਤੱਖ, ਮਨ, ਬੁੱਧ ਰੂਪ ਨੈਨ = ਨੇਤਰਾਂ ਵਿਚ ਰੰਗਾ = ਪ੍ਰੇਮ ਰੂਪੀ ਰੰਗ ਚੜ੍ਹ ਗਿਆ ਹੈ। ਭ੍ਰਮ = ਭਰਮ ਦੇ ਸੰਗ = ਸਹਿਤ **ਵਾ:** ਭੇਦ ਭਰਮ, ਸੰਗ ਭਰਮ ਆਦਿ ਤੇ ਪਦਾਰਥਾਂ ਦਾ ਲੋਭ = ਲਾਲਚ, ਸਰੀਰਾਂ ਦਾ ਮੋਹ ਵੀ ਅੰਦਰੋਂ ਤੂਟੇ = ਟੁੱਟ, ਮਿਟ ਗਿਆ ਹੈ॥੩॥

## ਕਹੁ ਨਾਨਕ; ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ; ਮਿਲੇ ਪਰਮਾਨੰਦਾ ॥੪॥੧੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਹਜ = ਸ੍ਵੈ ਸਰੂਪ ਦਾ ਸੁਖ ਪਾ ਕੇ ਮੇਰਾ ਮਨ ਅਨੰਦਾ = ਅਨੰਦਿਤ ਹੋ ਗਿਆ ਹੈ **ਵਾ:** ਸੁਖ ਸਹਜ = ਅਚੁੱਤ ਸੁਖ ਬ੍ਰਹਮ ਦੀ ਪ੍ਰਾਪਤੀ ਦਾ ਅਨੰਦ ਪਾ ਕੇ ਮਨ (ਅਨੰ + ਦਾ) ਦਾ = ਦਵੈਤ ਤੋਂ ਅਨੰ = ਰਹਿਤ ਹੋ ਗਿਆ ਹੈ ਅਤੇ :

ਹਉਮੈ ਦੀ ਭੀਤਿ = ਕੰਧ ਨੂੰ **ਵਾ:** ਪੰਜਾਂ ਕੋਸ਼ਾਂ ਦੀ ਕੰਧ ਨੂੰ ਖੋਲ੍ਹ, ਤੋੜ ਕੇ ਪਰਮਾਨੰਦਾ = ਵੱਡੇ ਅਨੰਦ ਸਰੂਪ ਵਿਚ ਮਿਲ ਗਿਆ ਹੈ॥੪॥੧੪॥

## ਸਾਰਗ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਸਾਰਗ ਰਾਗ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਘਰੁ ੨ = ਦੂਸਰੇ ਸੁਰਤਾਲ ਵਿਚ ਪਹਿਲਾਂ ਮੰਗਲ ਕਰਦਿਆਂ ਜਗਿਆਸੂ ਦੀ ਪ੍ਰੇਮ ਭਰੀ ਅਵਸਥਾ ਕਥਨ ਕਰਦੇ ਹੋਏ ਪਵਿੱਤਰ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਕੈਸੇ ਕਹਉ ਮੋਹਿ; ਜੀਅ ਬੇਦਨਾਈ ॥

ਹੇ ਸਖੀ! ਆਪਣੇ ਜੀਅ = ਹਿਰਦੇ ਵਿਚ ਲੱਗੀ ਹੋਈ ਪਰਮੇਸ਼ਰ ਦੇ ਵਿਛੋੜੇ ਦੀ ਬੇਦਨਾਈ = ਪੀੜਾ, ਹਾਲਤ ਨੂੰ ਮੋਹਿ = ਮੈ ਕੈਸੇ = ਕਿਸ ਪ੍ਰਕਾਰ ਕਹਉ = ਕਥਨ ਕਰਾਂ।

## ਦਰਸਨ ਪਿਆਸ, ਪ੍ਰਿਅ ਪ੍ਰੀਤਿ ਮਨੋਹਰ; ਮਨੁ ਨ ਰਹੈ ਬਹੁ ਬਿਧਿ ਉਮਕਾਈ ॥੧॥ਰਹਾਉ॥

ਜੋ ਪ੍ਰਿਅ = ਪਿਆਰਾ ਪਰਮੇਸ਼ਰ ਪ੍ਰੀਤਿ = ਪ੍ਰੀਤੀ ਕਰਨ ਵਾਲੇ ਪੁਰਖਾਂ ਦੇ ਮਨੋਹਰ = ਮਨ ਨੂੰ ਹਰਨ ਵਾਲਾ ਹੈ **ਵਾ:** ਮਨੋਹਰ = ਸੁੰਦਰ ਸਰੂਪ ਹੈ, ਉਸ ਦੇ ਦਰਸਨ = ਦੀਦਾਰਾਂ ਦੀ ਪਿਆਸ = ਇੱਛਾ ਲੱਗੀ ਹੋਈ ਹੈ, **ਵਾ:** ਜੋ ਮਨ ਕਰਕੇ ਪਿਆਰਾ ਹੈ, ਜਿਸ ਨਾਲ ਬਾਣੀ ਕਰਕੇ ਪ੍ਰੀਤੀ ਕਰੀਦੀ ਹੈ ਤੇ ਸਰੀਰ ਨੂੰ ਵੀ ਮਨੋਹਰ = ਪਿਆਰਾ ਲੱਗਦਾ ਹੈ **ਵਾ:** ਉਸ ਪਿਆਰੇ ਦੀ ਪ੍ਰੀਤੀ ਜਾਗਰਤ, ਸੁਪਨ, ਸੁਖੋਪਤ ਅਵਸਥਾ ਵਿਚ ਚਿੱਤ ਦੀ ਬਿਰਤੀ ਨੂੰ ਹਰ ਲੈਂਦੀ ਹੈ **ਵਾ:** ਜੋ ਬਾਲਕ ਅਵਸਥਾ ਵਿਚ ਪਿਆਰਾ ਲੱਗਦਾ ਸੀ, ਜਿਸ ਦੀ ਜੁਵਾ ਅਵਸਥਾ ਵਿਚ ਵੀ ਪ੍ਰੀਤੀ ਸੀ, ਬਿਰਧ ਅਵਸਥਾ, ਢਲਦੀ ਜੁਆਨੀ ਵਿਚ ਵੀ ਸੁੰਦਰ ਲੱਗਦਾ ਹੈ **ਵਾ:** ਸ੍ਰਵਨ ਵੀ ਉਸ ਪਿਆਰੇ ਦਾ ਹੀ ਕਰਦੇ ਹਾਂ, ਮੰਨਣ ਵੀ ਉਸ ਦੀ ਪ੍ਰੀਤੀ ਦਾ ਹੀ ਕਰਦੇ ਹਾਂ, ਨਿਧਿਆਸਣ ਵੀ ਉਸ ਮਨੋਹਰ = ਸੁੰਦਰ ਸਰੂਪ ਦੀ ਪ੍ਰਾਪਤੀ ਵਾਸਤੇ ਕਰਦੇ ਹਾਂ ਕਿਉਂਕਿ ਉਸ ਦੇ ਦਰਸ਼ਨਾਂ ਦੀ ਇੱਛਾ ਲੱਗੀ ਹੋਈ ਹੈ, ਮੇਰਾ ਮਨੁ = ਚਿੱਤ ਉਸ ਦੀ ਪ੍ਰਾਪਤੀ ਤੋਂ ਬਗ਼ੈਰ ਰਹੈ = ਰਹਿ ਨ = ਨਹੀਂ ਸਕਦਾ, ਬਹੁ = ਬਹੁਤ ਬਿਧਿ = ਵਿਧੀਆਂ ਪੂਰਬਕ, ਪ੍ਰਾਪਤੀ ਲਈ ਪ੍ਰੇਮ ਦੇ ਉਛਾਲੇ ਵਿਚ ਉਮਕਾਈ = ਉੱਛਲਦਾ ਰਹਿੰਦਾ ਹੈ **ਵਾ:** ਪ੍ਰਭੂ ਦੇ ਮਿਲਣ ਦੀ ਇੱਛਾ ਉਮਕਾਈ = ਉੱਠ ਰਹੀ ਹੈ ॥੧॥ਰਹਾਉ॥

[ਅੰਗ ੧੨੦੭]

## ਚਿਤਵਨਿ ਚਿਤਵਉ, ਪ੍ਰਿਅ ਪ੍ਰੀਤਿ ਬੈਰਾਗੀ; ਕਦਿ ਪਾਵਉ ਹਰਿ ਦਰਸਾਈ ॥

ਜਿਵੇਂ ਬੈਰਾਗੀ = ਵੈਰਾਗ ਵਾਲੀ, ਪਤੀ ਦੇ ਵਿਯੋਗ ਵਾਲੀ ਇਸਤਰੀ ਆਪਣੇ ਪ੍ਰਿਅ = ਪਤੀ ਦੀ ਪ੍ਰੀਤਿ = ਪ੍ਰੀਤੀ ਦੀ ਚਿਤਵਨੀ ਨੂੰ ਚਿਤਵਉ = ਚਿਤਵਦੀ ਰਹਿੰਦੀ ਹੈ, ਇਸੇ ਪ੍ਰਕਾਰ ਮੈਂ ਜਗਿਆਸੂ ਰੂਪ ਇਸਤਰੀ ਪ੍ਰਿਅ = ਪਿਆਰੇ ਪਰਮੇਸ਼ਰ ਦੀ ਪ੍ਰੀਤੀ **ਵਾ:** ਪ੍ਰੀਤਿ = ਪਿਆਰ ਵਿਚ ਬੈਰਾਗੀ = ਵੈਰਾਗਵਾਨ ਹੋਈ ਚਿੱਤ ਦੀ ਚਿਤਵਨੀ ਨਾਲ ਚਿਤਵਉ = ਯਾਦ ਕਰਦੀ ਰਹਿੰਦੀ ਹਾਂ **ਵਾ:** ਚਿਤਵਨਿ = ਚਿੰਤਨ ਸ਼ਕਤੀ ਦੁਆਰਾ ਸਾਖਿਆਤ ਚਿਤਵਉ = ਦੇਖਣਾ ਚਾਹੁੰਦੀ ਹਾਂ **ਵਾ:** ਚਿਤਵਨਿ ਚਿਤਵਉ = ਸੋਚਾਂ ਸੋਚਦੀ ਰਹਿੰਦੀ ਹਾਂ ਕਿ ਕਦਿ = ਕਦੋਂ ਹਰਿ = ਪਰਮੇਸ਼ਰ ਦੇ ਦਰਸਾਈ = ਦਰਸ਼ਨਾਂ ਨੂੰ ਪਾਵਉ = ਪਾਉਣਾ ਕਰਾਂ।

***ਪ੍ਰਸ਼ਨ :*** *ਹੇ ਜਗਿਆਸੂ ਰੂਪ ਸਖੀ! ਤੂੰ ਥੋੜ੍ਹੀ ਜਿਹੜੀ ਧੀਰਜ ਕਿਉਂ ਨਹੀਂ ਕਰਦੀ, ਤੈਨੂੰ ਪਰਮੇਸ਼ਰ ਜ਼ਰੂਰ ਪ੍ਰਾਪਤ ਹੋ ਜਾਵੇਗਾ?*

***ਗੁਰ-ਉੱਤਰ :***

## ਜਤਨ ਕਰਉ, ਇਹੁ ਮਨੁ ਨਹੀ ਧੀਰੈ; ਕੋਊ ਹੈ ਰੇ, ਸੰਤੁ ਮਿਲਾਈ ॥੧॥

ਬਥੇਰੇ ਟਿਕਾਉਣ ਲਈ ਜਤਨ = ਉਪਾਅ ਕਰਉ = ਕਰਦੀ ਹਾਂ, ਪਰ ਇਹ ਮਨ = ਚਿੱਤ ਦਰਸ਼ਨਾਂ ਤੋਂ ਬਗ਼ੈਰ ਧੀਰੈ = ਧੀਰਜ ਨਹੀਂ ਪਕੜਦਾ, ਰੇ = ਹੇ ਸਖੀ! ਕੋਊ = ਕੋਈ ਐਸਾ ਵਾਹਿਗੁਰੂ ਵਿਚ ਮਿਲਿਆ ਹੋਇਆ ਸੰਤ **ਵਾ:** ਸ਼ਾਂਤ ਆਤਮਾ ਵਾਲਾ ਗੁਰੂ ਹੈ ਜੋ ਗੁਰੂ ਸੰਤ **ਵਾ:** ਮਹਾਤਮਾ ਜਨ ਮੇਰੇ ਉੱਤੇ ਕਿਰਪਾ ਦ੍ਰਿਸ਼ਟੀ ਕਰਕੇ ਮੈਨੂੰ ਵੀ ਪਰਮੇਸ਼ਰ ਦੇ ਨਾਲ ਮਿਲਾਈ = ਮਿਲਾ ਦੇਣਾ ਕਰੇ ॥੧॥

***ਪ੍ਰਸ਼ਨ :*** *ਹੇ ਜਗਿਆਸੂ ਰੂਪ ਸਖੀ! ਮਿਲਾਉਣ ਵਾਲੇ ਨੂੰ ਕੀ ਭੇਟਾ ਦੇਵੇਂਗੀ?*

***ਗੁਰ-ਉੱਤਰ :***

## ਜਪ, ਤਪ, ਸੰਜਮ, ਪੁੰਨ ਸਭਿ ਹੋਮਉ; ਤਿਸੁ ਅਰਪਉ, ਸਭਿ ਸੁਖ ਜਾਂਈ ॥

ਹੇ ਸਖੀ ! ਮੈਂ ਉਸਦੇ ਚਰਨਾਂ ਵਿਚ ਬਾਣੀ ਕਰਕੇ ਕੀਤਾ ਹੋਇਆ ਜਪ = ਜਾਪ, ਸਰੀਰ ਕਰਕੇ ਕੀਤੀ ਹੋਈ ਤਪੱਸਿਆ ਰੂਪ ਟਹਿਲ, ਸੰਜਮ = ਇੰਦਰੀਆਂ ਦਾ ਦਮਨ, ਸਭਿ = ਸਾਰੇ ਪੁੰਨ ਦਾਨ ਹੋਮਉ = ਹਵਨ ਭਾਵ ਭੇਟਾ ਕਰ ਦਿਆਂਗੀ ਅਤੇ ਸਭਿ = ਸਾਰੀਆਂ ਸੁੱਖਾਂ ਵਾਲੀਆਂ ਜਾਂਈ = ਥਾਵਾਂ ਵੀ ਤਿਸੁ = ਉਸ ਦੇ ਚਰਨਾਂ ਵਿਚ ਅਰਪਉ = ਅਰਪ ਦੇਵਾਂਗੀ।

## ਏਕ ਨਿਮਖ, ਪ੍ਰਿਅ ਦਰਸੁ ਦਿਖਾਵੈ; ਤਿਸੁ ਸੰਤਨ ਕੈ ਬਲਿ ਜਾਂਈ ॥੨॥

ਜੋ ਏਕ = ਇਕ ਨਿਮਖ = ਛਿਨ ਮਾਤਰ, ਅੱਖ ਦੇ ਝਮਕਣ ਜਿਤਨਾ ਸਮਾਂ ਵੀ ਪ੍ਰਿਅ = ਪਿਆਰੇ ਪਰਮੇਸ਼ਰ ਦੇ ਦਰਸੁ = ਦਰਸ਼ਨਾਂ ਨੂੰ ਦਿਖਾਵੈ = ਦਿਖਾ ਦੇਵੇ, ਤਿਸੁ = ਉਸ ਸੰਤਨ = ਮਹਾਤਮਾ **ਵਾ:** ਸਤਿਗੁਰੂ ਸੰਤ ਕੈ = ਦੇ ਉਪਰੋਂ ਮੈਂ ਮਨ, ਬਾਣੀ, ਸਰੀਰ ਕਰਕੇ ਬਲਿ = ਬਲਿਹਾਰ ਜਾਂਈ = ਜਾਂਦੀ ਹਾਂ ॥੨॥

## ਕਰਉ ਨਿਹੋਰਾ, ਬਹੁਤੁ ਬੇਨਤੀ; ਸੇਵਉ ਦਿਨੁ ਰੈਨਾਈ ॥

ਮੈਂ ਬਹੁਤੁ = ਅਤਿਅੰਤ ਨਿਮਰਤਾ ਦੇ ਸਹਿਤ ਬੇਨਤੀ = ਅਰਜ਼ੋਈ ਕਰਨ ਵਾਲੀ ਹੋ ਕੇ ਉਸ ਦੇ ਮਨ ਨੂੰ ਨਰਮ ਕਰ ਲੈਣ ਵਾਲੀ ਪ੍ਰਾਰਥਨਾ ਕਰਉ = ਕਰਾਂਗੀ **ਵਾ:** ਮੈਂ ਉਸ ਦੀ ਨਿਹੋਰਾ = ਅਹਿਸਾਨਮੰਦ ਹੋਣਾ ਕਰਾਂਗੀ **ਵਾ:** ਉਸ ਨੂੰ ਨਿਹੋਰਾ = ਮਨਾਉਣਾ ਕਰਾਂਗੀ, ਉਸ ਦੇ ਚਰਨਾਂ ਵਿਚ ਬਹੁਤੀਆਂ ਬੇਨਤੀਆਂ ਕਰਾਂਗੀ ਅਤੇ ਉਸ ਪਿਆਰੇ ਦੀ ਦਿਨ ਰੈਨਾਈ = ਰਾਤ ਸੇਵਉ = ਟਹਿਲ ਕਰਾਂਗੀ।

## ਮਾਨੁ ਅਭਿਮਾਨੁ, ਹਉ ਸਗਲ ਤਿਆਗਉ; ਜੋ ਪ੍ਰਿਅ ਬਾਤ ਸੁਨਾਈ ॥੩॥

ਉਸ ਦੇ ਕੋਲ ਜਾ ਕੇ ਮਾਨੁ = ਵਡਿਆਈ ਦੀ ਇੱਛਾ, ਸਾਧਨਾਂ ਦਾ ਅਭਿਮਾਨੁ = ਹੰਕਾਰ ਆਦਿ ਹਉ = ਮੈਂ ਸਗਲ = ਸਭ ਕੁਝ ਤਿਆਗਉ = ਤਿਆਗ ਦੇਵਾਂਗੀ **ਵਾ:** ਮਾਨ, ਹੰਕਾਰ ਆਦਿ ਸਭ ਕੁਝ ਤਿਆਗ ਕੇ ਉਸਦੀ ਟਹਿਲ ਕਰਾਂਗੀ, ਜੋ = ਜਿਹੜਾ ਕੋਈ ਮੈਨੂੰ ਪ੍ਰਿਅ = ਪਿਆਰੇ ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਬਾਤ = ਗੱਲ ਸੁਨਾਈ = ਸੁਣਾਉਣਾ ਕਰੇਗਾ ॥੩॥

## ਦੇਖਿ ਚਰਿਤ੍ਰ, ਭਈ ਹਉ ਬਿਸਮਨਿ; ਗੁਰਿ ਸਤਿਗੁਰਿ ਪੁਰਖਿ ਮਿਲਾਈ ॥

ਪਰਮੇਸ਼ਰ ਦੇ ਅਸਚਰਜ ਚਰਿਤ੍ਰ = ਕੌਤਕ ਦੇਖਿ = ਵੇਖ ਕੇ ਹਉ = ਮੇਰੀ ਬਿਰਤੀ ਬਿਸਮਨਿ = ਅਸਚਰਜ, ਹੈਰਾਨ ਭਈ = ਹੋ ਗਈ ਹੈ, ਕਿਉਂਕਿ ਗੁਰਿ = ਪੂਜਨੀਕ ਸਤਿਗੁਰਾਂ ਨੇ ਮੇਰੀ ਬਿਰਤੀ ਪੁਰਖਿ = ਪੂਰਨ ਪਰਮੇਸ਼ਰ ਦੇ ਨਾਲ ਮਿਲਾਈ = ਮਿਲਾ ਦਿੱਤੀ ਹੈ।

## ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ;
## ਜਨ ਨਾਨਕ, ਤਪਤਿ ਬੁਝਾਈ ॥੪॥੧॥੧੫॥

ਮੋਹਿ = ਮੈਂ ਦਇਆਲ = ਦਇਆ ਦੇ ਘਰ, ਰੰਗ = ਅਨੰਦ ਸਰੂਪ ਪ੍ਰਭ = ਪਰਮੇਸ਼ਰ ਨੂੰ ਸਤਿਸੰਗਤ ਰੂਪੀ **ਵਾ:** ਰਿਦੇ ਰੂਪੀ ਗ੍ਰਿਹ = ਘਰ ਦੇ ਮਹਿ = ਵਿੱਚੋਂ ਹੀ ਪਾਇਆ = ਪਾ ਲਿਆ ਹੈ, ਸਤਿਗੁਰੂ ਸਾਹਿਬ ਜੀ ਜਨ = ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਇਉਂ ਗੁਰਾਂ ਦੇ ਉਪਦੇਸ਼ ਨੇ ਮੇਰੀ ਵਿਛੋੜੇ ਦੀ ਤਪਤਿ = ਤਪਸ਼ ਬੁਝਾਈ = ਬੁਝਾ ਦਿੱਤੀ ਹੈ ਭਾਵ ਚਿੱਤ ਸ਼ਾਂਤ ਕਰ ਦਿੱਤਾ ਹੈ ॥੪॥੧॥੧੫॥

## ਸਾਰਗ ਮਹਲਾ ੫ ॥

## ਰੇ ਮੂੜੇ; ਤੂ ਕਿਉ ਸਿਮਰਤ ਅਬ ਨਾਹੀ ॥

ਰੇ = ਹੇ ਮੂੜੇ = ਬੇਸਮਝ ਪੁਰਖ ! ਤੂੰ ਅਬ = ਹੁਣ ਇਸ ਮਨੁੱਖਾ ਦੇਹੀ **ਵਾ:** ਕਲਿਜੁਗ ਦੇ ਸਮੇਂ ਵਿਚ ਕਿਉਂ ਨਾਹੀ = ਨਹੀਂ ਪਰਮੇਸ਼ਰ ਨੂੰ ਸਿਮਰਤ = ਸਿਮਰਦਾ **ਵਾ:** ਸਾਰੇ ਸੁਖ ਹੋਣ ਦੇ ਬਾਵਜੂਦ ਵੀ ਪਰਮੇਸ਼ਰ ਦਾ ਭਜਨ ਕਿਉਂ ਨਹੀਂ ਕਰਦਾ ?

## ਨਰਕ ਘੋਰ ਮਹਿ ਉਰਧ ਤਪੁ ਕਰਤਾ; ਨਿਮਖ ਨਿਮਖ ਗੁਣ ਗਾਂਹੀ ॥੧॥ਰਹਾਉ॥

ਜਦ ਤੂੰ ਘੋਰ = ਭਿਆਨਕ ਨਰਕ ਵਾਂਗ ਦੁਖਦਾਇਕ ਮਾਤਾ ਦੇ ਗਰਭ ਮਹਿ = ਵਿਚ ਉਰਧ = ਉਲਟਾ, ਪੁੱਠਾ ਲਟਕ ਕੇ ਤਪੁ = ਤਪੱਸਿਆ ਕਰਤਾ = ਕਰਦਾ ਸੀ, ਉਥੇ ਤੂੰ ਨਿਮਖ ਨਿਮਖ = ਛਿਨ ਛਿਨ ਕਾਲ ਪਰਮੇਸ਼ਰ ਦੇ ਗੁਣ ਗਾਂਹੀ = ਗਾਉਂਦਾ ਸੀ, ਹੁਣ ਭੁੱਲ ਬੈਠਾ ਹੈਂ ॥੧॥ਰਹਾਉ॥

## ਅਨਿਕ ਜਨਮ, ਭ੍ਰਮਤੌ ਹੀ ਆਇਓ; ਮਾਨਸ ਜਨਮੁ ਦੁਲਭਾਹੀ ॥

ਹੇ ਬੇਸਮਝ ਜੀਵ ! ਤੂੰ ਅਨਿਕ = ਅਣਗਿਣਤ ਜਨਮਾਂ ਵਿਚ ਭ੍ਰਮਤੌ = ਭਰਮਦਾ ਹੀ ਆਇਓ = ਅਇਆ ਹੈਂ, ਹੁਣ ਤੈਨੂੰ ਇਹ ਦੁਲਭਾਹੀ = ਕਠਨਤਾਈ ਨਾਲ ਮਿਲਣ ਵਾਲਾ ਮਾਨਸ = ਮਨੁੱਖਾ ਜਨਮ ਮਿਲਿਆ ਹੈ।

## ਗਰਭ ਜੋਨਿ ਛੋਡਿ, ਜਉ ਨਿਕਸਿਓ; ਤਉ ਲਾਗੋ ਅਨ ਠਾਂਹੀ ॥੧॥

ਮਾਤਾ ਦੀ ਗਰਭ ਜੋਨਿ = ਜੂਨੀ ਨੂੰ ਛੋਡਿ = ਛੱਡ ਕਰਕੇ ਜਉ = ਜਦ ਤੂੰ ਬਾਹਰ ਨਿਕਸਿਓ = ਨਿਕਲਿਆ, ਤਉ = ਤਦ ਤੋਂ ਤੂੰ ਅਨ = ਦਵੈਤ ਵਾਲੇ **ਵਾ:** ਹੋਰਨਾਂ ਵਿਸ਼ਿਆਂ ਵਾਲੇ ਠਾਂਹੀ = ਥਾਵਾਂ ਵਿਚ ਲਾਗੋ = ਲੱਗ ਗਿਆ ਹੈਂ ॥੧॥

## ਕਰਹਿ ਬੁਰਾਈ ਠਗਾਈ ਦਿਨੁ ਰੈਨਿ; ਨਿਹਫਲ ਕਰਮ ਕਮਾਹੀ ॥

ਤੂੰ ਰੈਨਿ = ਰਾਤ ਦਿਨ ਠਗਾਈ = ਠੱਗੀਆਂ ਤੇ ਬੁਰਾਈ = ਭੈੜਤਾਈ ਕਰਹਿ = ਕਰਦਾ ਹੈਂ, ਭਾਵ ਠੱਗੀਆਂ ਮਾਰਨ ਤੇ ਭੈੜੇ ਕੰਮ ਕਰਨ ਵਾਲਾ ਸੁਭਾਅ ਬਣਾਈ ਬੈਠਾ ਹੈਂ ਅਤੇ ਨਿਹਫਲ = ਨਿਸਫਲ ਕਰਮਾਂ ਨੂੰ ਕਮਾਹੀ = ਕਮਾਉਂਦਾ ਹੈਂ।

## ਕਣੁ ਨਾਹੀ ਤੁਹ ਗਾਹਣ ਲਾਗੇ; ਧਾਇ ਧਾਇ ਦੁਖ ਪਾਂਹੀ ॥੨॥

ਜਿਵੇਂ ਕੋਈ ਪੁਰਖ ਜਿਸ ਵਿਚ ਕਣੁ = ਦਾਣੇ ਅਨਾਜ ਨਾਹੀ = ਨਾ ਹੋਣ, ਉਸ ਤੁਹ = ਫੂਸ ਨੂੰ ਗਾਹਣ = ਕੁਚਲਣ ਲਾਗੇ = ਲੱਗ ਜਾਵੇ ਤਾਂ ਉਹ ਪੁਰਖ ਫਲ੍ਹਿਆਂ[੧] ਦੇ ਨਾਲ ਧਾਇ ਧਾਇ = ਦੌੜ ਦੌੜ ਕੇ ਦੁੱਖ ਹੀ ਪਾਂਹੀ = ਪਾਉਂਦਾ ਹੈ ਕਿਉਂਕਿ ਉਸ ਵਿੱਚੋਂ ਅਨਾਜ ਤਾਂ ਨਿਕਲਦਾ ਨਹੀਂ ਹੈ।

ਇਸੇ ਪ੍ਰਕਾਰ ਦੇ ਜੀਵ ! ਜਿਨ੍ਹਾਂ ਕਰਮਾਂ ਵਿਚ ਮੁਕਤ ਰੂਪੀ ਦਾਣੇ, ਅਨਾਜ ਨਾਹੀ = ਨਹੀਂ ਹਨ, ਉਨ੍ਹਾਂ ਸਕਾਮ ਕਰਮਾਂ ਰੂਪੀ ਫੂਸ ਨੂੰ ਤੂੰ ਗਾਹਣ ਲੱਗਿਆ ਹੋਇਆ ਹੈਂ, ਅਤੇ ਇੰਦਰਿਆਂ ਰੂਪੀ ਫਲ੍ਹਿਆਂ ਦੇ ਨਾਲ ਦੌੜ ਦੌੜ ਕੇ ਤੂੰ ਜੰਮਣ ਮਰਣ ਰੂਪ ਦੁਖ ਹੀ ਪਾਉਣਾ ਕਰਦਾ ਹੈਂ ਕਿਉਂਕਿ ਉਨ੍ਹਾਂ ਕਰਮਾਂ ਵਿੱਚੋਂ ਮੁਕਤ ਰੂਪੀ ਅਨਾਜ ਤਾਂ ਨਿਕਲਦਾ ਨਹੀਂ ਹੈ ॥੨॥

---

੧. ਅਨਾਜ ਗਾਹੁਣ ਵੇਲੇ ਬਲਦਾਂ ਦੇ ਪਿੱਛੇ ਬੱਧਾ ਭਾਰੀ ਝਾਫਾ ਜੋ ਕਣਕ ਜੌਂ ਆਦਿ ਦੀ ਨਾਲ ਨੂੰ ਤੋੜ ਮਰੋੜ ਸੁੱਟਦਾ ਹੈ।

## ਮਿਥਿਆ ਸੰਗਿ, ਕੂੜਿ ਲਪਟਾਇਓ; ਉਰਝਿ ਪਰਿਓ, ਕੁਸਮਾਂਹੀ ॥

ਹੇ ਜੀਵ ! ਤੂੰ ਮਿਥਿਆ = ਝੂਠੇ ਸੰਬੰਧੀਆਂ ਦੇ ਸੰਗਿ = ਨਾਲ ਤੇ ਕੂੜਿ = ਝੂਠੇ ਪਦਾਰਥਾਂ **ਵਾ:** ਵਿਸ਼ਿਆਂ ਦੇ ਵਿਚ ਲਪਟਾਇਓ = ਲੰਪਟ ਹੋ ਰਿਹਾ ਹੈਂ, ਜਿਨ੍ਹਾਂ ਵਿਚ ਤੂੰ ਉਰਝਿ = ਉਲਝਿਆ ਪਰਿਓ = ਪਿਆ ਹੈਂ, ਇਹ ਤਾਂ ਕੁਸਮਾਂਹੀ = ਕਸੁੰਭੇ ਦੇ ਫੁੱਲ ਦੇ ਰੰਗ ਵਾਂਗ ਕੱਚੇ ਹਨ **ਵਾ:** ਜਿਵੇਂ ਕੁਸੁੰਭੇ ਦੇ ਫੁੱਲ ਦਾ ਰੰਗ ਕੱਚਾ ਹੋਣ ਕਰਕੇ ਪਾਣੀ ਪੈਣ ਤੋਂ ਝੱਟ ਹੀ ਲਹਿ ਜਾਂਦਾ ਹੈ, ਇਸੇ ਪ੍ਰਕਾਰ ਕਸੁੰਭੇ ਦੇ ਫੁੱਲ ਵਤ ਝੂਠੇ ਪਦਾਰਥਾਂ ਦਾ ਕੱਚਾ ਰੰਗ ਰੋਗ ਰੂਪੀ ਪਾਣੀ ਪੈਣ ਨਾਲ ਝੱਟ ਹੀ ਲਹਿ ਜਾਂਦਾ ਹੈ, ਭਾਵ ਮਾਇਕੀ ਰੰਗਾਂ ਦਾ ਅਨੰਦ ਝੂਠਾ, ਨਾਸ਼ਵੰਤ ਹੈ।

## ਧਰਮਰਾਇ ਜਬ ਪਕਰਸਿ ਬਵਰੇ; ਤਉ ਕਾਲ ਮੁਖਾ ਉਠਿ ਜਾਹੀ ॥੩॥

ਹੇ ਬਵਰੇ = ਝੱਲੇ ਪੁਰਖ ! ਜਬ = ਜਦੋਂ ਔਗੁਣ ਕਰਕੇ ਧਰਮ ਰਾਇ = ਧਰਮਰਾਜਾ ਤੈਨੂੰ ਪਕਰਸਿ = ਪਕੜ ਲਵੇਗਾ, ਤਉ = ਤਦੋਂ ਕਾਲ = ਕਾਲਾ ਮੁਖਾ = ਮੂੰਹ ਕਰਾ ਕੇ ਇਥੋਂ ਦੁਨੀਆਂ 'ਚੋਂ ਉੱਠ, ਕੂਚ ਕਰਕੇ ਚਲਿਆ ਜਾਹੀ = ਜਾਵੇਂਗਾ **ਵਾ:** ਕਾਲੇ ਮੂੰਹ ਵਾਲੇ ਜਮਦੂਤਾਂ ਨਾਲ ਉੱਠ ਕੇ ਪ੍ਰਲੋਕ ਵੱਲ ਨੂੰ ਜਾਵੇਂਗਾ **ਵਾ:** ਕਾਲ = ਮੌਤ ਦੇ ਮੂੰਹ ਵਿਚ ਉੱਠ ਕੇ ਚਲਿਆ ਜਾਵੇਂਗਾ **ਵਾ:** ਜਿਵੇਂ ਜਦ ਦੀਵੇ ਵਿੱਚੋਂ ਤੇਲ ਮੁੱਕ ਜਾਂਦਾ ਹੈ ਤਾਂ ਬੱਤੀ ਵੀ ਸੜ ਜਾਂਦੀ ਹੈ ਤੇ ਦੀਵਾ ਵੀ ਬੁਝ ਜਾਂਦਾ ਹੈ ਅਤੇ ਦੀਵੇ ਦਾ ਮੂੰਹ ਕਾਲਾ ਰਹਿ ਜਾਂਦਾ ਹੈ। ਇਸੇ ਪ੍ਰਕਾਰ ਜਦ ਪ੍ਰਾਲਬਧ ਰੂਪੀ ਤੇਲ ਮੁੱਕ ਜਾਂਦਾ ਹੈ ਤਾਂ ਬਿਰਤੀ ਰੂਪ ਬੱਤੀ ਵੀ ਸੜ ਜਾਂਦੀ ਹੈ ਤੇ ਸਰੀਰ ਰੂਪੀ ਦੀਵਾ ਵੀ ਬੁੱਝ, ਨਾਸ਼ ਹੋ ਜਾਂਦਾ ਹੈ ਭਾਵ ਤਦ ਕਾਲਾ ਮੂੰਹ ਕਰਵਾ ਕੇ ਪ੍ਰਲੋਕ ਵਿਚ ਚਲਿਆ ਜਾਂਦਾ ਹੈ ॥੩॥

## ਸੋ ਮਿਲਿਆ, ਜੋ ਪ੍ਰਭੂ ਮਿਲਾਇਆ; ਜਿਸੁ ਮਸਤਕਿ ਲੇਖੁ ਲਿਖਾਂਹੀ ॥

ਸੋ = ਉਹ ਪਰਮੇਸ਼ਰ ਨਾਲ ਮਿਲਿਆ ਹੋਇਆ ਹੈ, ਜੋ = ਜਿਹੜਾ ਪ੍ਰਭੂ = ਪਰਮੇਸ਼ਰ ਨੇ ਆਪ ਗੁਰਾਂ, ਸਤਿਸੰਗਤ ਦੁਆਰਾ ਆਪਣੇ ਨਾਮ, ਸਰੂਪ ਨਾਲ ਮਿਲਾਇਆ = ਮਿਲਾਉਣਾ ਕੀਤਾ ਹੈ, ਪਰ ਜਿਸ ਪੁਰਖ ਦੇ ਮਸਤਕਿ = ਮੱਥੇ ਉੱਤੇ ਪਰਮੇਸ਼ਰ ਨੇ ਗੁਰਾਂ, ਸਤਿਸੰਗਤ ਦੀ ਪ੍ਰਾਪਤੀ ਦਾ ਲੇਖ ਲਿਖਾਂਹੀ = ਲਿਖਿਆ ਹੈ **ਵਾ:** ਜਿਸ ਦੇ ਅੰਤਹਕਰਣ ਰੂਪੀ ਮੱਥੇ ਉੱਤੇ ਗੁਰਾਂ ਦੁਆਰਾ ਨਾਮ ਅੰਮ੍ਰਿਤ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੈ, ਉਸੇ ਨੂੰ ਮਿਲਾਉਣਾ ਕੀਤਾ ਹੈ।

## ਕਹੁ ਨਾਨਕ, ਤਿਨ ਜਨ ਬਲਿਹਾਰੀ; ਜੋ ਅਲਿਪ ਰਹੇ ਮਨ ਮਾਂਹੀ ॥੪॥੨॥੧੯॥

(ਅਲਿਪ ਪਦ ਦਾ ਉਚਾਰਨ ਸਿਹਾਰੀ ਦੇ ਸਹਿਤ ਹੀ ਸ਼ੁੱਧ ਹੈ)

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਮੈਂ ਤਿਨ = ਉਨ੍ਹਾਂ ਗੁਰਮੁਖ ਜਨਾਂ ਦੇ ਉਪਰੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ, ਜੋ = ਜਿਹੜੇ ਮਨ = ਚਿੱਤ ਮਾਂਹੀ = ਵਿੱਚੋਂ ਮਾਇਆ, ਵਿਸ਼ਿਆਂ ਤੋਂ ਅਲਿਪ = ਅਲੇਪ, ਨਿਰਲੇਪ ਰਹੇ = ਰਹਿੰਦੇ ਹਨ ॥੪॥੨॥੧੯॥

## ਸਾਰਗ ਮਹਲਾ ੫ ॥
## ਕਿਉ ਜੀਵਨੁ; ਪ੍ਰੀਤਮ ਬਿਨੁ ਮਾਈ ॥

ਹੇ ਮਾਤਾ ਪਿਤਾ ਰੂਪ ਮਾਈ = ਸੰਤ ਜਨੋਂ ! ਪ੍ਰੀਤਮ = ਪਿਆਰੇ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਮੇਰਾ ਕਿਉ = ਕਿਸ ਪ੍ਰਕਾਰ ਜੀਵਨ = ਜਿਉਣਾ ਹੋਵੇ ? ਭਾਵ ਨਹੀਂ ਹੋ ਸਕਦਾ।

## ਜਾ ਕੇ ਬਿਛੁਰਤ ਹੋਤ ਮਿਰਤਕਾ; ਗ੍ਰਿਹ ਮਹਿ ਰਹਨੁ ਨ ਪਾਈ ॥੧॥ਰਹਾਉ॥

ਜਾ = ਜਿਸ ਪਰਮੇਸ਼ਰ ਦੀ ਚੇਤਨ ਸੱਤਾ ਕੇ = ਦੇ ਬਿਛੁਰਤ = ਵਿਛੁੜਨ ਨਾਲ ਸਰੀਰ ਝੱਟ ਹੀ ਮਿਰਤਕਾ = ਮੁਰਦਾ ਹੋਤ = ਹੋ ਜਾਂਦਾ ਹੈ ਅਤੇ ਗ੍ਰਿਹ = ਘਰ ਮਹਿ = ਵਿਚ ਰਹਨੁ = ਰਹਿਣਾ ਨ = ਨਹੀਂ ਪਾਈ = ਪਾਉਂਦਾ ਭਾਵ ਮ੍ਰਿਤੂ ਹੋਣ ਤੋਂ ਬਾਅਦ ਸੰਬੰਧੀ ਝੱਟ ਹੀ ਮਸਾਣ ਭੂਮੀ ਵੱਲ ਲੈ ਜਾਂਦੇ ਹਨ ॥੧॥ਰਹਾਉ॥

## ਜੀਅ ਹੀਅ ਪ੍ਰਾਨ ਕੋ ਦਾਤਾ; ਜਾ ਕੈ ਸੰਗਿ ਸੁਹਾਈ ॥

ਸਾਰਿਆਂ ਜੀਅ = ਜੀਵਾਂ ਦੇ ਹੀਅ = ਹਿਰਦੇ ਵਿਚ ਪ੍ਰਾਨ = ਪ੍ਰਾਣਾਂ ਕੋ = ਦਾ ਦਾਤਾ ਪਰਮੇਸ਼ਰ ਹੈ, ਜਾ = ਜਿਸ ਪਰਮੇਸ਼ਰ ਕੈ = ਦੇ ਸੱਤਾ ਦੇਣ ਸੰਗਿ = ਨਾਲ ਹੀ ਸਭ ਜੀਵਾਂ ਦੇ ਇਹ ਸਰੀਰ ਸੁਹਾਈ = ਸ਼ੋਭਦੇ ਹਨ।

## ਕਰਹੁ ਕ੍ਰਿਪਾ, ਸੰਤਹੁ ਮੋਹਿ ਅਪੁਨੀ; ਪ੍ਰਭ ਮੰਗਲ ਗੁਣ ਗਾਈ ॥੧॥

ਹੇ ਸੰਤਹੁ = ਸੰਤ ਜਨੋਂ ! ਮੋਹਿ = ਮੇਰੇ ਉੱਤੇ ਆਪਣੀ ਕ੍ਰਿਪਾ = ਮੇਹਰ ਭਰੀ ਦ੍ਰਿਸ਼ਟੀ ਕਰਹੁ = ਕਰੋ, ਜੋ ਤਿਸ ਪ੍ਰਭ = ਪਰਮੇਸ਼ਰ ਦੇ ਮੰਗਲ = ਜੱਸ ਰੂਪ ਗੁਣਾਂ ਨੂੰ ਗਾਈ = ਗਾਉਣਾ ਕਰਾਂ **ਵਾ:** ਗੁਣਾਂ ਨੂੰ ਮੰਗਲਾਂ ਦੇ ਵਿਚ ਪਾ ਕੇ ਗਾਉਣਾ ਕਰਾਂ **ਵਾ:** ਮੰਗਲ = ਅਨੰਦ ਸਰੂਪ ਪਰਮੇਸ਼ਰ ਦੇ ਗੁਣਾਂ ਨੂੰ ਗਾ ਕੇ ਬ੍ਰਹਮਾ ਅਨੰਦ ਨੂੰ ਪਾਉਣਾ ਕਰਾਂ ॥੧॥

## ਚਰਨ ਸੰਤਨ ਕੇ ਮਾਥੇ ਮੇਰੇ ਊਪਰਿ; ਨੈਨਹੁ ਧੂਰਿ ਬਾਂਛਾਈ ॥

ਮੇਰੇ ਮਾਥੇ = ਮੱਥੇ ਊਪਰਿ = ਉੱਤੇ ਸੰਤਨ = ਮਹਾਤਮਾ ਕੇ = ਦੇ ਪਵਿੱਤਰ ਚਰਨ ਟਿਕਣ ਤਾਂ ਮੈਂ ਆਪਣੇ ਮੱਥੇ ਨੂੰ ਭਾਗਾਂ ਵਾਲਾ ਸਮਝਣਾ ਕਰਾਂ ਅਤੇ ਮੇਰੇ ਨੈਨਹੁ = ਨੇਤਰਾਂ ਵਿਚ ਸੰਤ ਜਨਾਂ ਦੇ ਚਰਨਾਂ ਦੀ ਧੂਰਿ = ਧੂੜ ਪਵੇ, ਮੈਂ ਇਹੋ ਹੀ ਬਾਂਛਾਈ = ਚਾਹੁੰਦਾ ਹਾਂ।

**ਅਥਵਾ** ਸੰਤ ਜਨਾਂ ਦੇ ਪਵਿੱਤਰ ਚਰਨ ਵਿਸ਼ਿਆਂ ਵੱਲੋਂ ਚਿੱਤ ਨੂੰ ਉਪਰਾਮ ਕਰਨ ਲਈ ਹਰ ਵਕਤ ਮੇਰੇ ਅੰਤਹਕਰਣ ਰੂਪੀ ਮੱਥੇ ਉੱਤੇ ਟਿਕੇ ਰਹਿਣ ਅਤੇ ਸੰਤਾਂ ਦੇ ਚਰਨਾਂ ਦੀ ਧੂੜੀ ਉੱਡ ਕੇ ਨੇਤਰਾਂ ਦੇ ਵਿਚ ਪਵੇ ਇਹ ਚਾਹੁੰਦਾ ਹਾਂ, ਭਾਵ ਜੋ ਨੇਤਰ ਪਰਾਏ ਰੂਪਾਂ ਨੂੰ ਵੇਖਣ ਕਰਕੇ ਵਿਗੜੇ ਹੋਏ ਹਨ, ਇਹ ਸੰਤਾਂ ਦੇ ਚਰਨਾਂ ਦੀ ਧੂੜੀ ਪੈਣ ਕਰਕੇ ਸ਼ੁੱਧ ਹੋ ਜਾਣ।

## ਜਿਹ ਪ੍ਰਸਾਦਿ, ਮਿਲੀਐ ਪ੍ਰਭ ਨਾਨਕ;<br>ਬਲਿ ਬਲਿ ਤਾਕੈ ਹਉ ਜਾਈ ॥੨॥੩॥੧੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹ = ਜਿਨ੍ਹਾਂ ਸੰਤ ਜਨਾਂ ਦੇ ਪ੍ਰਸਾਦਿ = ਕਿਰਪਾ ਕਰਕੇ ਪ੍ਰਭ = ਪਰਮੇਸ਼ਰ ਨੂੰ ਮਿਲੀਐ = ਮਿਲੀਦਾ ਹੈ, ਤਾਕੈ = ਉਨ੍ਹਾਂ ਸੰਤ ਜਨਾਂ ਦੇ ਉਪਰੋਂ ਹਉ = ਮੈਂ ਮਨ, ਬਾਣੀ, ਸਰੀਰ, ਕਰਕੇ ਬਲਿ ਬਲਿ = ਬਲਿਹਾਰ ਕੁਰਬਾਣ ਜਾਈ = ਜਾਂਦਾ ਹਾਂ ॥੨॥੩॥੧੭॥

## ਸਾਰਗ ਮਹਲਾ ੫ ॥

## ਉਆ ਅਉਸਰ ਕੈ; ਹਉ ਬਲਿ ਜਾਈ ॥

ਉਆ = ਉਸ ਅਉਸਰ = ਸਮੇਂ ਕੈ = ਦੇ ਉਪਰੋਂ ਹਉ = ਮੈਂ ਬਲਿ = ਬਲਿਹਾਰ ਜਾਈ = ਜਾਂਦਾ ਹਾਂ।

## ਆਠ ਪਹਰ ਅਪਨਾ ਪ੍ਰਭੁ ਸਿਮਰਨੁ; ਵਡਭਾਗੀ ਹਰਿ ਪਾਂਈ ॥੧॥ਰਹਾਉ॥

ਜਦ ਆਠ = ਅੱਠੇ ਪਹਰ ਅਪਨਾ = ਆਪ ਦਾ ਜਾਣ ਕੇ ਗੁਰਾਂ ਦੁਆਰਾ ਪ੍ਰਭੁ = ਵਾਹਿਗੁਰੂ ਦਾ ਸਿਮਰਨੁ = ਭਜਨ ਕੀਤਾ, ਤਦੋਂ ਵਡਭਾਗੀ = ਵੱਡਿਆਂ ਕਰਮਾਂ ਕਰਕੇ ਹਰਿ = ਪਰਮੇਸ਼ਰ ਨੂੰ ਪਾਂਈ = ਪਾ ਲਿਆ ॥੧॥ਰਹਾਉ॥

ਅੱਗੇ ਸਤਿਗੁਰੂ ਜੀ ਅੱਠੇ ਪਹਰ ਸਿਮਰਨ ਕਰਨ ਵਾਲੇ ਭਗਤਾਂ ਦੀ ਬਾਬਤ ਕਥਨ ਕਰਦੇ ਹਨ।

## ਭਲੋ ਕਬੀਰੁ ਦਾਸੁ ਦਾਸਨ ਕੋ; ਊਤਮੁ, ਸੈਨੁ ਜਨੁ, ਨਾਈ ॥

ਭਗਤ ਕਬੀਰ ਪਰਮੇਸ਼ਰ ਦੇ ਦਾਸ = ਸੇਵਕਾਂ ਕੋ = ਦਾ ਮਨ, ਬਾਣੀ, ਸਰੀਰ ਕਰਕੇ ਦਾਸਨ = ਸੇਵਕ ਬਣ ਕੇ ਭਲੋ = ਚੰਗਾ ਬਣ ਗਿਆ ਸੀ, ਭਾਵ ਸ੍ਰੇਸ਼ਟ ਪਦਵੀ ਦੀ ਪ੍ਰਾਪਤੀ ਵਾਲਾ ਹੋ ਗਿਆ ਸੀ ਅਤੇ ਨਾਈ ਜਾਤੀ ਵਾਲਿਆਂ ਵਿੱਚੋਂ ਸੈਨੁ ਜਨੁ = ਭਗਤ ਸੈਣ ਜੀ ਸੰਤ ਰਾਮਾਨੰਦ ਤੋਂ ਉਪਦੇਸ਼ ਲੈ ਕੇ ਊਤਮੁ = ਸ੍ਰੇਸ਼ਟ ਹੋਇਆ।

**ਸਾਖੀ—ਭਗਤ ਸੈਣ ਜੀ ਦੀ :** ਭਗਤ ਸੈਣ ਜੀ ਯੂ.ਪੀ. ਦੇ ਵਿਚ ਹੋਏ ਹਨ, ਸੈਣ ਭਗਤ ਜੀ ਬਾਧਵਗੜ੍ਹ ਵਿਚ ਜੋ ਰੀਵਾ ਰਿਆਸਤ ਹੈ, ਉਥੋਂ ਦੇ ਰਾਜੇ 'ਰਾਜਾ ਰਾਮ' ਦੀ ਮੁੱਠੀ ਚਾਪੀ ਤੇ ਹੋਰ ਟਹਿਲ ਕਰਿਆ ਕਰਦੇ ਸਨ ਕਿਉਂਕਿ ਭਗਤ ਸੈਣ ਜੀ ਦੇ ਹੱਥਾਂ ਨਾਲ ਟਹਿਲ ਕਰਨੇ ਕਰਕੇ ਰਾਜੇ ਨੂੰ ਸ਼ਾਂਤੀ ਆਉਂਦੀ ਸੀ ਜੋ ਕਿਸੇ ਹੋਰ ਦੀ ਮੁੱਠੀ ਚਾਪੀ ਕਰਨ ਤੋਂ ਸ਼ਾਂਤੀ ਨਹੀਂ ਆਉਂਦੀ ਸੀ, ਭਗਤ ਸੈਣ ਜੀ ਕਬੀਰ ਜੀ ਦਾ ਪ੍ਰਤਾਪ ਸੁਣ ਕੇ, ਰਾਮਾਨੰਦ ਕੋਲ ਉਪਦੇਸ਼ ਲੈਣ ਗਏ ਜੋ ਰਾਮਾਨੰਦ ਜੀ ਦੇ ਦੂਸਰੇ ਸਿੱਖ ਹੋਏ, ਜੈਸਾ ਕਿ ਭਾਈ ਗੁਰਦਾਸ ਜੀ ਕਥਨ ਕਰਦੇ ਹਨ।

**ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖ ਹੋਆ ਸੈਣੁ ਨਾਈ।**

ਗੁਰਦੇਵ ਰਾਮਾਨੰਦ ਜੀ ਤੋਂ ਉਪਦੇਸ਼ ਲੈ ਕੇ ਪਰਮੇਸ਼ਰ ਦੇ ਸਿਮਰਨ ਵਿਚ ਲੱਗ ਪਏ, ਰਾਤੀਂ ਪਰਮੇਸ਼ਰ ਦੀ ਪ੍ਰੇਮਾ-ਭਗਤੀ ਕਰਦੇ ਤੇ ਸਵੇਰੇ ਰਾਜ ਦੁਆਰੇ ਰਾਜੇ ਦੀ ਟਹਿਲ ਕਰਨ ਲਈ ਜਾਂਦੇ, ਭਜਨ ਕਰਦਿਆਂ ਕਰਦਿਆਂ ਥੋੜ੍ਹੇ ਸਮੇਂ ਵਿਚ ਹੀ ਚੰਗੀ ਆਤਮਿਕ ਉੱਨਤੀ ਕਰ ਗਏ, ਜਿਥੇ ਭਗਤ ਜੀ ਭਜਨ ਸਿਮਰਨ ਅਤੇ ਕੀਰਤਨ ਰੂਪ ਵਿਚ ਪਰਮੇਸ਼ਰ ਦਾ ਜੱਸ ਗਾਇਨ ਕਰਨ ਦੇ ਪ੍ਰੇਮੀ ਸਨ, ਉਥੇ ਮਹਾਤਮਾ ਜਨਾਂ ਦੀ ਟਹਿਲ ਵੀ ਕਰਿਆ ਕਰਦੇ ਸਨ, ਭਗਤ ਜੀ ਦੇ ਹਿਰਦੇ ਵਿਚ ਪਰਮੇਸ਼ਰ ਦੇ ਦਰਸ਼ਨਾਂ ਦੀ ਬੜੀ ਪਿਆਸ ਸੀ।

ਇਕ ਦਿਨ ਸੈਣ ਭਗਤ ਰਾਜੇ ਦੀ ਟਹਿਲ ਕਰਨ ਲਈ ਰਾਜ ਦੁਆਰੇ ਵੱਲ ਜਾ ਰਹੇ ਸਨ, ਤਾਂ ਅੱਗੋਂ ਕੁਝ ਸਾਧੂ ਮਿਲ ਪਏ, ਸਾਧੂਆਂ ਦੀ ਟਹਿਲ ਕਰਨ ਲਈ ਮੁੜ ਘਰ ਨੂੰ ਪਰਤ ਆਏ, ਸਾਧੂਆਂ ਨੂੰ ਲੰਗਰ ਪਾਣੀ ਛਕਾ ਕੇ ਜਦੋਂ ਵਿਹਲੇ ਹੋਏ ਤਾਂ ਆਪਸ ਵਿਚ ਆਤਮਿਕ ਵਿਚਾਰ ਹੁੰਦੀ ਰਹੀ, ਸਾਰੀ ਰਾਤ ਕੀਰਤਨ ਵਿਚ ਸਾਧੂਆਂ ਨਾਲ ਐਸੇ ਮਗਨ ਹੋਏ ਕਿ ਰਾਜੇ ਦੀ ਟਹਿਲ ਵਿਚ ਜਾਣਾ ਹੀ ਭੁੱਲ ਗਏ, ਜਿਵੇਂ ਭੌਰਾ ਮਕਰੰਦ ਰਸ ਵਿਚ ਮਸਤ ਹੋਇਆ ਸਭ ਕੁਝ ਭੁੱਲ ਜਾਂਦਾ ਹੈ, ਇਸੇ ਤਰ੍ਹਾਂ ਭਗਤ ਸੈਣ ਜੀ ਸਾਧੂਆਂ ਦੀ ਸੰਗਤ ਵਿਚ ਕੀਰਤਨ ਦੇ ਆਨੰਦ ਵਿਚ ਸਭ ਕੁਝ ਭੁੱਲ ਗਏ ਅਤੇ ਸੰਤ ਜਨਾਂ ਦੇ ਕੀਰਤਨ ਰਸ ਨੂੰ ਛੱਡ ਨਾ ਸਕੇ, ਜਿਸ ਕਰਕੇ ਰਾਜ ਦੁਆਰ ਟਹਿਲ ਕਰਨ ਨਾ ਜਾ ਸਕੇ। ਜੈਸਾ ਕਿ :

**ਪ੍ਰੇਮਿ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।**
**ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।**
**ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।**

ਤਦ ਉਧਰ ਪਰਮੇਸ਼ਰ ਨੇ ਸੋਚਿਆ ਕਿ ਕਿਤੇ ਰਾਜਾ ਮੇਰੇ ਭਗਤ ਦਾ ਨਿਰਾਦਰ ਨਾ ਕਰ ਦੇਵੇ ਤਾਂ ਆਪ

ਪਰਮੇਸ਼ਰ ਸੈਣ ਭਗਤ ਦਾ ਰੂਪ ਧਾਰ ਕੇ ਰਾਜੇ ਦੀ ਸੇਵਾ ਕਰਨ ਲਈ ਆਇਆ, ਜਦੋਂ ਮੁੱਠੀ ਚਾਪੀ ਕਰਨ ਲਈ ਭਗਤ ਸੈਣ ਦੇ ਰੂਪ ਵਿਚ ਪਰਮੇਸ਼ਰ ਨੇ ਰਾਜੇ ਦੇ ਸਰੀਰ ਉੱਤੇ ਹੱਥ ਲਾਇਆ ਤਾਂ ਰਾਜੇ ਦੇ ਸਾਰੇ ਰੋਗ ਚੁੱਕ ਦਿੱਤੇ ਤੇ ਰਾਜੇ ਦਾ ਸਰੀਰ ਅਰੋਗ ਹੋ ਗਿਆ, ਜਦੋਂ ਰਾਜੇ ਦਾ ਸਰੀਰ ਅਰੋਗ ਹੋ ਗਿਆ ਤਾਂ ਭਗਤ ਸੈਣ ਜੀ 'ਤੇ ਬੜਾ ਪ੍ਰਸੰਨ ਹੋਇਆ। ਜੈਸਾ ਕਿ :

**ਸੈਣ ਰੂਪਿ ਹਰਿ ਜਾਇਕੈ ਆਇਆ ਰਾਣੈ ਨੋ ਰੀਝਾਈ।**

ਜਦੋਂ ਰਾਜਾ ਇਸ਼ਨਾਨ ਪਾਨ ਕਰਕੇ ਆ ਕੇ ਤਖ਼ਤ ਦੇ ਉੱਤੇ ਬੈਠਾ ਤਾਂ ਇਸ ਖ਼ਿਆਲ ਨਾਲ ਭਗਤ ਸੈਣ ਜੀ ਨੂੰ ਚੇਤੇ ਕਰਨ ਲੱਗਾ ਕਿ ਸੈਣ ਨਾਈ ਕਿਧਰ ਚਲਾ ਗਿਆ, ਮੈਂ ਤਾਂ ਉਸ ਨੂੰ ਰਾਜ ਤਿਲਕ ਦੇਣਾ ਹੈ ਕਿਉਂਕਿ ਉਸ ਨੇ ਅੱਜ ਮੇਰੀ ਮਾਲਸ਼ ਕਰਕੇ ਸਾਰੇ ਰੋਗ ਦੂਰ ਕਰ ਦਿੱਤੇ ਹਨ, ਉਧਰ ਸੈਣ ਭਗਤ ਜੀ ਸੰਤ ਜਨਾਂ ਨੂੰ ਵਿਦਾ ਕਰਕੇ ਜਦੋਂ ਰਾਜੇ ਤੋਂ ਆਪਣੀ ਭੁੱਲ ਬਖ਼ਸ਼ਾਉਣ ਵਾਸਤੇ ਰਾਜ ਦੁਆਰ ਨੂੰ ਚੱਲ ਪਏ ਅਤੇ ਰਾਜ ਦੁਆਰ ਵਿਚ ਭਗਤ ਜੀ ਪਹੁੰਚੇ ਤਾਂ ਅੱਗੋਂ ਰਾਜੇ ਨੇ ਕੋਲ ਬੁਲਾ ਕੇ ਆਪਣੇ ਗਲੋਂ ਕੀਮਤੀ ਪੁਸ਼ਾਕ ਖੋਲ੍ਹ ਕੇ ਭਗਤ ਜੀ ਨੂੰ ਪਹਿਨਾ ਦਿੱਤੀ, ਜੈਸਾ ਕਿ :

**ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।**
**ਰਾਣੈ ਦੂਰਹੁੰ ਸਦਿਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।**

ਤੇ ਰਾਜਾ ਕਹਿਣ ਲੱਗਾ ਕਿ ਅੱਜ ਤੂੰ ਮੈਨੂੰ ਆਪਣੇ ਅਧੀਨ ਕਰ ਲਿਆ ਹੈ, ਜੈਸਾ ਕਿ :

**ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।**
**ਪਰਗਟੁ ਕਰੈ ਭਗਤਿ ਵਡਿਆਈ ॥੧੬॥** *(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧੬)*

ਇਹੋ ਜਿਹੇ ਮੇਰੇ ਸਰੀਰ 'ਤੇ ਹੱਥ ਲਾਏ ਕਿ ਸਾਰੇ ਰੋਗ ਹੀ ਚੁੱਕ ਦਿੱਤੇ, ਜੋ ਵੈਦਾਂ, ਹਕੀਮਾਂ ਤੋਂ ਠੀਕ ਨਹੀਂ ਹੋਏ, ਉਹ ਤੂੰ ਮੇਰੀ ਸਰੀਰ ਦੀ ਜਲਨਤਾ ਵਾਲਾ ਰੋਗ ਦੂਰ ਕਰ ਦਿੱਤਾ ਹੈ। ਇਹ ਸੁਣ ਕੇ ਭਗਤ ਸੈਣ ਜੀ ਕਹਿਣ ਲੱਗੇ, ਮੈਂ ਤੁਹਾਡੇ ਤੋਂ ਖਿਮਾ ਮੰਗਦਾ ਹਾਂ ਕਿ ਆਪ ਜੀ ਦੀ ਸੇਵਾ ਕਰਨ ਤੋਂ ਮੈਂ ਗ਼ੈਰ-ਹਾਜ਼ਰ ਸੀ ਤਾਂ ਰਾਜਾ ਕਹਿਣ ਲੱਗਾ ਕਿ ਤੂੰ ਤਾਂ ਹੁਣੇ ਹੀ ਤਾਂ ਮੇਰੇ ਰੋਗ ਨਵਿਰਤ ਕਰਕੇ ਗਿਆ ਹੈਂ, ਮੈਂ ਤਾਂ ਤੈਨੂੰ ਰਾਜ ਤਿਲਕ ਦੇਣ ਵਾਸਤੇ ਖ਼ਿਆਲ ਕਰ ਲਿਆ ਹੈ, ਉਸ ਵਕਤ ਭਗਤ ਜੀ ਇਤਨੇ ਵੈਰਾਗ ਵਿਚ ਹੋ ਗਏ ਕਿ ਪਰਮੇਸ਼ਰ ਨੇ ਆਪ ਮੇਰਾ ਰੂਪ ਧਾਰਨ ਕਰ ਕੇ ਰਾਜੇ ਦੀ ਟਹਿਲ ਕਰਕੇ ਮੇਰੀ ਪਤ ਰੱਖੀ ਹੈ, ਇਸ ਕਰਕੇ ਹੁਣ ਮੈਂ ਤਾਂ ਕੇਵਲ ਉਸ ਪਰਮੇਸ਼ਰ ਦੇ ਦਰਸ਼ਨ ਹੀ ਕਰਨੇ ਹਨ, ਜਦੋਂ ਰਾਜੇ ਦੇ ਵਜ਼ੀਰ ਨੇ ਰਾਜੇ ਦੇ ਕਹੇ ਅਨੁਸਾਰ ਭਗਤ ਜੀ ਨੂੰ ਸਿੰਘਾਸਨ 'ਤੇ ਬਿਠਾਇਆ ਤਾਂ ਸੈਣ ਭਗਤ ਜੀ ਸਿੰਘਾਸਨ ਤੋਂ ਲੁਟਕ ਕੇ ਥੱਲੇ ਡਿੱਗਣ ਹੀ ਲੱਗੇ ਸਨ ਕਿ ਅੰਤਰਜਾਮੀ ਨੇ ਆਪਣਾ ਸਰਗੁਣ ਸਰੂਪ ਧਾਰ ਕੇ ਭਗਤ ਜੀ ਨੂੰ ਗਲਵੱਕੜੀ ਵਿਚ ਲੈ ਕੇ ਕਿਹਾ ਕਿ ਹੇ ਸੈਣ ! ਤੂੰ ਮੇਰੇ ਨਾਲ ਇਤਨਾ ਪ੍ਰੇਮ ਕਰਦਾ ਹੈਂ ਕਿ ਰਾਜ ਭਾਗ ਦੀ ਵੀ ਪ੍ਰਵਾਹ ਨਹੀਂ ਕਰਦਾ। ਜਦੋਂ ਭਗਤ ਜੀ ਨੇ ਪਰਮੇਸ਼ਰ ਦੇ ਸਰਗੁਣ ਸਰੂਪ ਵਿਚ ਦਰਸ਼ਨ ਕੀਤੇ ਤਾਂ ਬੜੇ ਪ੍ਰਸੰਨ ਹੋਏ, ਇਉਂ ਭਗਤ ਸੈਣ ਜੀ ਉੱਤਮ ਪੁਰਖ ਬਣੇ।

## ਊਚ ਤੇ ਊਚ ਨਾਮਦੇਉ ਸਮਦਰਸੀ; ਰਵਿਦਾਸ ਠਾਕੁਰ ਬਣਿ ਆਈ ॥੧॥

ਸਮਦਰਸੀ = ਸਾਰਿਆਂ ਵਿਚ ਇੱਕੋ ਪਰਮੇਸ਼ਰ ਦੀ ਜੋਤ ਵੇਖਣ ਵਾਲੇ **ਵਾ:** ਸਮਦ੍ਰਿਸ਼ਟੀ ਵਾਲੇ ਭਗਤ ਨਾਮਦੇਉ = ਨਾਮਦੇਵ ਜੀ ਊਚ = ਉੱਚੇ ਤੇ = ਤੋਂ ਊਚ = ਉੱਚੇ ਜੀਵਨ ਵਾਲੇ ਬਣ ਗਏ **ਵਾ:** ਭਗਤ ਨਾਮਦੇਵ ਜੀ ਸਭ ਵਿਚ ਇੱਕੋ ਪਰਮੇਸ਼ਰ ਦੀ ਜੋਤ ਸਮਝਦੇ ਸਨ, ਇਸੇ ਕਰਕੇ ਭਗਤ ਜੀ ਊਚ = ਸ੍ਰੇਸ਼ਟ ਤੇ = ਤੋਂ ਊਚ = ਸ੍ਰੇਸ਼ਟ ਕੈਵਲ ਮੋਖ ਦੀ ਪ੍ਰਾਪਤੀ ਵਾਲੇ ਹੋ ਗਏ ਅਤੇ ਭਗਤ ਰਵਿਦਾਸ ਜੀ ਦੀ ਠਾਕੁਰ = ਸੁਆਮੀ

ਪਰਮੇਸ਼ਰ ਦੇ ਨਾਲ ਐਸੀ ਪ੍ਰੀਤੀ ਬਣ ਆਈ ਸੀ ਕਿ ਪਰਮੇਸ਼ਰ ਨੇ ਸਰਗੁਣ ਸਰੂਪ ਵਿਚ ਭਗਤ ਜੀ ਨੂੰ ਦਰਸ਼ਨ ਦਿੱਤੇ ਸਨ। ਅਰਥਾਤ ਭਗਤ ਰਵਿਦਾਸ ਜੀ ਦੀ ਪਰਮੇਸ਼ਰ ਦੇ ਨਾਲ ਐਸੀ ਬਣ ਆਈ ਸੀ ਕਿ ਜਦ ਬ੍ਰਾਹਮਣਾਂ ਨੇ ਭਗਤ ਰਵਿਦਾਸ ਜੀ ਨੂੰ ਪੰਗਤ ਵਿਚ ਬੈਠਾ ਵੇਖਿਆ ਸੀ ਤੇ ਛੂਤ ਛੂਤ ਕਰਕੇ ਉੱਠ ਖੜੋਤੇ ਸਨ, ਉਸ ਵੇਲੇ ਪਰਮੇਸ਼ਰ ਜੀ ਰਵਿਦਾਸ ਦੇ ਅਨੇਕਾਂ ਰੂਪ ਧਾਰ ਕੇ ਹਰੇਕ ਬ੍ਰਾਹਮਣ ਦੇ ਖੱਬੇ ਸੱਜੇ ਬੈਠ ਗਏ ਸਨ, ਜਦ ਪਰਮੇਸ਼ਰ ਜੀ ਰਵਿਦਾਸ ਦੇ ਰੂਪ ਵਿਚ ਬੈਠ ਗਏ ਸਨ ਤਦ ਸਾਰੇ ਕਰਮਕਾਂਡੀ ਬ੍ਰਾਹਮਣ ਰਵਿਦਾਸ ਜੀ ਦੇ ਪੈਰੀਂ ਪੈ ਗਏ ਸਨ ਤੇ ਖਿਮਾ ਮੰਗਣੀ ਕੀਤੀ ਸੀ॥੧॥

## ਜੀਉ ਪਿੰਡੁ, ਤਨੁ ਧਨੁ ਸਾਧਨ ਕਾ; ਇਹੁ ਮਨੁ, ਸੰਤ ਰੇਨਾਈ ॥

ਜੀਉ = ਜ਼ਿੰਦਗੀ, ਪਿੰਡੁ = ਸਰੀਰ ਤੇ ਤਨੁ = ਸੂਖਮ ਸਰੀਰ **ਵਾ:** ਤਨੁ = ਪੁੱਤਰ ਆਦਿ ਪਰਿਵਾਰ ਤੇ ਧਨ ਸਭ ਕੁਝ ਸਾਧਨ = ਸਾਧ ਜਨਾਂ ਕਾ = ਦਾ ਹੀ ਸਮਝਦੇ ਹਾਂ ਅਤੇ ਮੇਰਾ ਇਹ ਮਨ ਵੀ ਸੰਤ = ਮਹਾਤਮਾ ਜਨਾਂ ਦੀ ਚਰਨ ਧੂੜ ਗ੍ਰਹਿਣ ਕਰਦਾ ਰਹਿੰਦਾ ਹੈ।

## ਸੰਤ ਪ੍ਰਤਾਪਿ ਭਰਮ ਸਭਿ ਨਾਸੇ; ਨਾਨਕ ਮਿਲੇ ਗੁਸਾਈ ॥੨॥੪॥੧੮॥

ਸੰਤ = ਮਹਾਤਮਾ ਜਨਾਂ ਦੇ ਪ੍ਰਤਾਪਿ = ਤੇਜ ਪ੍ਰਭਾਵ ਕਰਕੇ ਸਭਿ = ਸਾਰੇ ਭਰਮ ਨਾਸੇ = ਨੱਸ, ਨਾਸ਼ ਹੋ ਗਏ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਸਾਈ = ਮਾਲਕ ਪਰਮੇਸ਼ਰ ਦੇ ਨਾਲ ਮਿਲੇ = ਮਿਲ, ਅਭੇਦ ਹੋ ਗਏ ਹਾਂ, ਕਿਉਂਕਿ ਮੈਂ ਸੰਤ ਜਨਾਂ, ਗੁਰਾਂ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ॥੨॥੪॥੧੮॥

## ਸਾਰਗ ਮਹਲਾ ੫ ॥

## ਮਨੋਰਥ ਪੂਰੇ; ਸਤਿਗੁਰ ਆਪਿ ॥

ਪੂਰੇ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਹੀ ਸਾਡੇ ਮਨ ਦੇ ਸਾਰੇ ਮਨੋਰਥ = ਸੰਕਲਪ ਪੂਰੇ = ਪੂਰਨ ਕਰ ਦਿੱਤੇ ਹਨ।

[ਅੰਗ ੧੨੦੮]

## ਸਗਲ ਪਦਾਰਥ ਸਿਮਰਨਿ ਜਾ ਕੈ; ਆਠ ਪਹਰ ਮੇਰੇ ਮਨ ਜਾਪਿ ॥੧॥ਰਹਾਉ॥

ਜਾ ਕੈ = ਜਿਸ ਪਰਮੇਸ਼ਰ ਦੇ ਸਿਮਰਨਿ = ਭਜਨ ਕਰਕੇ ਸਗਲ = ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਪਦਾਰਥ ਪ੍ਰਾਪਤ ਹੁੰਦੇ ਹਨ, ਹੇ ਮੇਰੇ ਮਨਾਂ! ਉਸ ਪਰਮੇਸ਼ਰ ਦਾ ਆਠ = ਅੱਠੇ ਪਹਰ ਜਾਪ ਕਰ॥੧॥ਰਹਾਉ॥

## ਅੰਮ੍ਰਿਤ ਨਾਮੁ ਸੁਆਮੀ, ਤੇਰਾ; ਜੋ ਪੀਵੈ, ਤਿਸ ਹੀ ਤ੍ਰਿਪਤਾਸ ॥

ਹੇ ਸੁਆਮੀ = ਮਾਲਕ ਪਰਮੇਸ਼ਰ! ਤੇਰਾ = ਤੁਹਾਡਾ ਨਾਮ ਅੰਮ੍ਰਿਤ = ਅਮਰ ਕਰਨ ਵਾਲਾ ਹੈ **ਵਾ:** ਅੰਮ੍ਰਿਤ ਰੂਪ ਹੈ, ਜੋ = ਜਿਹੜਾ ਪੁਰਖ ਇਸ ਨਾਮ ਅੰਮ੍ਰਿਤ ਨੂੰ ਪੀਵੈ = ਪੀਂਦਾ ਹੈ, ਤਿਸ = ਉਸ ਦਾ ਹੀ ਮਨ ਰਸਾਂ ਕਸਾਂ ਵੱਲੋਂ ਤ੍ਰਿਪਤਾਸ = ਤ੍ਰਿਪਤ ਹੁੰਦਾ ਹੈ।

## ਜਨਮ ਜਨਮ ਕੇ ਕਿਲਬਿਖ ਨਾਸਹਿ; ਆਗੈ ਦਰਗਹ ਹੋਇ ਖਲਾਸ ॥੧॥

ਉਸ ਦੇ ਜਨਮ ਜਨਮ = ਜਨਮਾਂ-ਜਨਮਾਂਤਰਾਂ ਕੇ = ਦੇ ਸਾਰੇ ਕਿਲਬਿਖ = ਪਾਪ ਨਾਸਹਿ = ਨਾਸ਼ ਹੋ ਜਾਂਦੇ ਹਨ ਅਤੇ ਉਸ ਦਾ ਆਗੈ = ਅੱਗੇ ਪਰਮੇਸ਼ਰ ਦੀ ਦਰਗਹ = ਨਿਆਏ ਸਭਾ ਵਿਚ ਵੀ ਖਲਾਸ = ਛੁਟਕਾਰਾ ਹੋਇ = ਹੁੰਦਾ ਹੈ **ਵਾ:** ਮੁਕਤ ਹੁੰਦਾ ਹੈ॥੧॥

## ਸਰਨਿ ਤੁਮਾਰੀ ਆਇਓ ਕਰਤੇ; ਪਾਰਬ੍ਰਹਮ ਪੂਰਨ ਅਬਿਨਾਸ ॥

ਹੇ ਅਬਿਨਾਸ = ਨਾਸ਼ ਤੋਂ ਰਹਿਤ ਪੂਰਨ = ਪਰੀਪੂਰਨ, ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਰ੍ਹੇ ਵਿਆਪਕ ਤੇ ਕਰਤੇ = ਰਚਨਹਾਰ ਪਰਮੇਸ਼ਰ ! ਮੈਂ ਤੁਮਾਰੀ = ਤੁਹਾਡੀ ਸਰਨਿ = ਓਟ ਵਿਚ ਆਇਓ = ਆਇਆ ਹਾਂ।

## ਕਰਿ ਕਿਰਪਾ, ਤੇਰੇ ਚਰਨ ਧਿਆਵਉ;
## ਨਾਨਕ ਮਨਿ ਤਨਿ ਦਰਸ ਪਿਆਸ ॥੨॥੫॥੧੯॥

ਹੇ ਪਰਮੇਸ਼ਰ ! ਮੇਰੇ ਉੱਤੇ ਆਪਣੀ ਕਿਰਪਾ = ਮੇਹਰ ਭਰੀ ਦ੍ਰਿਸ਼ਟੀ ਕਰ ਤਾਂ ਜੋ ਮੈਂ ਤੇਰੇ ਪਵਿੱਤਰ ਚਰਨਾਂ ਕਮਲਾਂ ਨੂੰ ਧਿਆਵਉ = ਧਿਆਉਣਾ ਕਰਾਂ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰੇ ਮਨਿ = ਚਿੱਤ ਤੇ ਤਨਿ = ਸਰੀਰ ਵਿਚ ਤੇਰੇ ਦਰਸ = ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ **ਵਾ:** ਪਿਆਸ = ਇੱਛਾ ਲੱਗੀ ਹੋਈ ਹੈ ॥੨॥੫॥੧੯॥

## ਸਾਰਗ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥

ਸਾਰਗ ਰਾਗ ਦੇ ਅੰਦਰ ਉੱਤਮ ਬਕਤੇ ਦੀ ਨਿਆਈਂ ਮਹਲਾ ੫ = ਪੰਜਵੇਂ ਸਰੂਪ ਘਰੁ ੩ = ਤੀਸਰੇ ਸੁਰਤਾਲ ਵਿਚ ਪਹਿਲਾਂ ਮੰਗਲ ਕਰਦਿਆਂ ਮਨ ਨੂੰ ਸੰਬੋਧਨ ਕਰਕੇ ਸਰਬ ਸਾਂਝਾ ਉਪਦੇਸ਼ ਬਖ਼ਸ਼ਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮਨ; ਕਹਾ ਲੁਭਾਈਐ ਆਨ ਕਉ ॥

ਹੇ ਮੇਰੇ ਪਿਆਰੇ ਮਨਾਂ ! ਤੂੰ ਪਰਮੇਸ਼ਰ ਨੂੰ ਛੱਡ ਕੇ ਕਹਾ = ਕਿਸ ਵਾਸਤੇ ਆਨ = ਹੋਰਨਾਂ ਪਦਾਰਥਾਂ **ਵਾ:** ਆਨ = ਦਵੈਤ ਵਾਲੇ ਪਦਾਰਥਾਂ ਕਉ = ਦੇ ਵਿਚ ਲੁਭਾਈਐ = ਲੁਭਾਇਮਾਨ ਹੋ ਰਿਹਾ ਹੈਂ।

## ਈਤ ਊਤ ਪ੍ਰਭੁ ਸਦਾ ਸਹਾਈ; ਜੀਅ ਸੰਗਿ ਤੇਰੇ ਕਾਮ ਕਉ ॥੧॥ਰਹਾਉ॥

ਹੇ ਮਨਾਂ ਈਤ = ਇਸ ਲੋਕ ਤੇ ਊਤ = ਪ੍ਰਲੋਕ ਵਿਚ ਪ੍ਰਭੁ = ਪਰਮੇਸ਼ਰ ਸਦਾ = ਹਮੇਸ਼ਾਂ ਸਹਾਈ = ਸਹਾਇਤਾ ਕਰਨ ਵਾਲਾ ਹੈ ਅਤੇ ਜੀਅ = ਹਿਰਦੇ ਦੇ ਸੰਗਿ = ਨਾਲ ਰਹਿਣ ਵਾਲਾ ਹੈ ਅਤੇ ਤੇਰੇ ਸਾਰੇ ਵਿਵਹਾਰਕ ਤੇ ਪ੍ਰਮਾਰਥ ਕਾਮ = ਕਾਰਜਾਂ ਕਉ = ਦੇ ਤਾਈਂ ਪੂਰੇ ਕਰਨ ਵਾਲਾ ਹੈ ॥੧॥ਰਹਾਉ॥

## ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ; ਇਹੈ ਅਘਾਵਨ ਪਾਨ ਕਉ ॥

ਹੇ ਮੇਰੇ ਮਨਾਂ ! ਪ੍ਰਿਅ = ਪਿਆਰੇ ਪਰਮੇਸ਼ਰ ਦੇ ਮਨੋਹਰ = ਸੁੰਦਰ ਨਾਮ ਅੰਮ੍ਰਿਤ ਵਿਚ ਪ੍ਰੀਤਿ = ਪ੍ਰੀਤੀ ਕਰ ਅਤੇ ਇਸ ਨਾਮ ਅੰਮ੍ਰਿਤ ਰੂਪ ਜਲ ਦੇ ਤਾਈਂ ਪਾਨ = ਪੀਣਾ ਕਰ, ਇਹੋ ਤੇਰੀ ਆਸਾ ਰੂਪੀ ਭੁੱਖ ਤੇ ਤ੍ਰਿਸ਼ਨਾ ਰੂਪੀ ਤ੍ਰੇਹ ਨੂੰ ਮੇਟ ਕੇ ਅਘਾਵਨ = ਤ੍ਰਿਪਤੀ ਕਰਨ ਵਾਲਾ ਹੈ **ਵਾ:** ਇਹੈ = ਇਸ ਨਾਮ ਅੰਮ੍ਰਿਤ ਰੂਪੀ ਜਲ ਨੂੰ ਪਾਨ = ਪੀਣ ਕਉ = ਦੇ ਨਾਲ ਲੋਕ-ਪ੍ਰਲੋਕ ਦੇ ਪਦਾਰਥਾਂ ਵੱਲੋਂ ਅਘਾਵਨ = ਤ੍ਰਿਪਤ ਹੋ ਜਾਈਦਾ ਹੈ।

## ਅਕਾਲ ਮੂਰਤਿ ਹੈ ਸਾਧ ਸੰਤਨ ਕੀ; ਠਾਹਰ ਨੀਕੀ ਧਿਆਨ ਕਉ ॥੧॥

ਜੋ ਅਕਾਲ = ਕਾਲ ਤੋਂ ਰਹਿਤ ਮੂਰਤਿ = ਹਸਤੀ ਵਾਲਾ ਪਰਮੇਸ਼ਰ ਹੈ, ਸਾਧ = ਸ੍ਰੇਸ਼ਟ ਸੰਤਨ = ਮਹਾਤਮਾ ਜਨਾਂ ਕੀ = ਦੀ ਸੰਗਤ ਹੀ ਉਸ ਦਾ ਧਿਆਨ ਕਰਨ ਕਉ = ਵਾਸਤੇ ਨੀਕੀ = ਅੱਛੀ ਠਾਹਰ = ਜਗ੍ਹਾ ਹੈ ॥੧॥

## ਬਾਣੀ ਮੰਤ੍ਰ ਮਹਾ ਪੁਰਖਨ ਕੀ; ਮਨਹਿ ਉਤਾਰਨ ਮਾਨ ਕਉ ॥

ਮਹਾ = ਵੱਡੇ ਪੁਰਖਨ = ਪੁਰਖਾਂ ਭਾਵ ਵੱਡੇ ਸਤਿਗੁਰਾਂ ਕੀ = ਦੀ ਮੰਤ੍ਰ = ਉਪਦੇਸ਼ ਰੂਪ ਨਾਮ ਅੰਮ੍ਰਿਤ ਬਾਣੀ ਮਨਹਿ = ਮਨ ਵਿੱਚੋਂ ਮਾਨ ਰੂਪ ਜ਼ਹਿਰ ਕਉ = ਦੇ ਉਤਾਰਨ ਵਾਲੀ ਹੈ **ਅਥਵਾ** ਮਨ ਰੂਪੀ ਸੱਪ ਨੂੰ ਕੀਲਣ ਵਾਸਤੇ ਜਾਂ ਮਨ ਵਿੱਚੋਂ ਕਾਮ, ਕ੍ਰੋਧ ਤੇ ਮਾਨ = ਹੰਕਾਰ ਰੂਪੀ ਸੱਪਾਂ ਦੀ ਜ਼ਹਿਰ ਉਤਾਰਨ = ਲਾਹੁਣ ਵਾਸਤੇ ਮੰਤਰ ਦੀ ਨਿਆਈਂ ਹੈ।

**ਅਥਵਾ** ਵੱਡੇ ਸਤਿਗੁਰਾਂ ਦੀ ਉਚਾਰਨ ਕੀਤੀ ਹੋਈ ਨਾਮ ਅੰਮ੍ਰਿਤ ਰੂਪ ਬਾਣੀ ਮੰਤਰ ਦੀ ਨਿਆਈਂ ਹੈ ਜੋ ਮਨਹਿ = ਮਨ ਦੇ ਵਿੱਚੋਂ ਮਾਨ ਰੂਪੀ ਜ਼ਹਿਰ ਨੂੰ ਉਤਾਰਨ = ਲਾਹੁਣ ਵਾਸਤੇ ਹੈ।

## ਖੋਜਿ ਲਹਿਓ ਨਾਨਕ ਸੁਖ ਥਾਨਾਂ; ਹਰਿ ਨਾਮਾ ਬਿਸ੍ਰਾਮ ਕਉ ॥੨॥੧॥੨੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਰੇ ਸੁੱਖਾਂ ਵਾਲੇ ਥਾਨਾਂ = ਅਸਥਾਨਾਂ ਨੂੰ ਖੋਜਿ = ਢੂੰਢ ਕਰਕੇ ਇਹੋ ਲਹਿਓ = ਜਾਣਿਆ ਹੈ ਕਿ ਹਰਿ = ਪਰਮੇਸ਼ਰ ਦਾ ਨਾਮਾ = ਨਾਮ ਹੀ ਸਰੂਪ ਰੂਪੀ ਥਾਂ ਵਿਚ ਬਿਸ੍ਰਾਮ = ਇਸਥਿਤ ਹੋਣ ਕਉ = ਵਾਸਤੇ ਸੁਖਦਾਇਕ ਹੈ **ਵਾ:** ਤੁਰੀਆ ਪਦ ਰੂਪੀ ਜਗ੍ਹਾ ਵਿਚ ਬਿਸਰਾਮ ਪਾਉਣ ਵਾਸਤੇ ਸੁਖਦਾਇਕ ਹੈ॥੨॥੧॥੨੦॥

## ਸਾਰਗ ਮਹਲਾ ੫ ॥
## ਮਨ ਸਦਾ ਮੰਗਲ; ਗੋਬਿੰਦ ਗਾਇ ॥

ਹੇ ਮੇਰੇ ਮਨਾਂ ! ਜੇ ਤੂੰ ਸਦਾ = ਹਮੇਸ਼ਾਂ ਮੰਗਲ = ਖ਼ੁਸ਼ੀਆਂ, ਅਨੰਦ ਚਾਹੁੰਦਾ ਹੈਂ ਤਾਂ ਗੋਬਿੰਦ = ਪਰਮੇਸ਼ਰ ਦੇ ਜੱਸ ਨੂੰ ਗਾਇ = ਗਾਉਣਾ ਕਰ **ਵਾ:** ਸਦਾ ਪਰਮੇਸ਼ਰ ਦੇ ਜੱਸ ਤਾਈਂ ਮੰਗਲਾਂ ਵਿਚ ਪਾ ਪਾ ਕੇ ਉਤਸ਼ਾਹ ਦੇ ਨਾਲ ਗਾਉਣਾ ਕਰ।

## ਰੋਗ ਸੋਗ, ਤੇਰੇ ਮਿਟਹਿ ਸਗਲ ਅਘ;
## ਨਿਮਖ ਹੀਐ, ਹਰਿ ਨਾਮੁ ਧਿਆਇ ॥੧॥ਰਹਾਉ॥

ਜੇਕਰ ਤੂੰ ਨਿਮਖ = ਛਿਨ ਭਰ ਵੀ ਹੀਐ = ਹਿਰਦੇ ਵਿਚ ਹਰਿ = ਪਰਮੇਸ਼ਰ ਦਾ ਨਾਮ ਧਿਆਇ = ਧਿਆਉਣਾ ਕਰੇਂ ਤਾਂ ਤੇਰੇ ਸਰੀਰਕ ਰੋਗ **ਵਾ:** ਹੰਕਾਰ ਆਦਿ ਮਾਨਸਿਕ ਰੋਗ, ਸੋਗ = ਗ਼ਮ, ਚਿੰਤਾ ਫ਼ਿਕਰ ਤੇ ਸਗਲ = ਸਾਰੇ ਅਘ = ਪਾਪ ਮਿਟਹਿ = ਮਿਟ, ਨਾਸ਼ ਹੋ ਜਾਣਗੇ॥੧॥ਰਹਾਉ॥

## ਛੋਡਿ ਸਿਆਨਪ, ਬਹੁ ਚਤੁਰਾਈ; ਸਾਧੂ ਸਰਣੀ ਜਾਇ ਪਾਇ ॥

ਬੁੱਧੀ ਦੀਆਂ ਸਿਆਨਪ = ਚਤੁਰਾਈਆਂ ਛੋਡਿ = ਛੱਡ ਕੇ ਅਤੇ ਵਾਕਾਂ ਕਰਕੇ ਬਹੁ = ਬਹੁਤੀਆਂ ਚਤੁਰਾਈ = ਚਲਾਕੀਆਂ ਕਰਨੀਆਂ ਛੱਡ ਕੇ ਆਪਣੇ ਆਪ ਨੂੰ ਸਾਧੂ = ਸ੍ਰੇਸ਼ਟ ਪੁਰਖਾਂ **ਵਾ:** ਸ੍ਰੇਸ਼ਟ ਗੁਰਾਂ ਦੀ ਸਰਣੀ = ਓਟ ਵਿਚ ਜਾਇ = ਜਾ ਕੇ ਪਾਇ = ਪਾਉਣਾ ਕਰ।

## ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ; ਜਮ ਤੇ ਹੋਵੈ ਧਰਮਰਾਇ ॥੧॥

ਜਉ = ਜਦ ਦੀਨ = ਗ਼ਰੀਬਾਂ ਦੇ ਦੁੱਖਾਂ ਨੂੰ ਭੰਜਨ = ਨਾਸ਼ ਕਰਨ ਵਾਲਾ ਪਰਮੇਸ਼ਰ ਕ੍ਰਿਪਾਲੁ = ਦਿਆਲੂ ਹੋਇ = ਹੁੰਦਾ ਹੈ **ਵਾ:** ਗ਼ਰੀਬ ਜਾਣ ਕੇ ਗ਼ਰੀਬਾਂ ਦੇ ਜੰਮਣ ਮਰਣ ਦੇ ਦੁੱਖਾਂ ਨੂੰ ਭੰਨਣ ਵਾਲਾ ਪਰਮੇਸ਼ਰ ਕ੍ਰਿਪਾਲੂ

ਹੁੰਦਾ ਹੈ, ਤਦ ਦੁਖ ਦੇਣ ਵਾਲੇ ਜਮ = ਜਮਰਾਜ ਤੇ = ਤੋਂ ਉਲਟ ਕੇ ਧਰਮ ਅਨੁਸਾਰ ਨਿਆਂ ਕਰਨ ਵਾਲਾ ਤੇ ਮਿੱਠਾ ਬੋਲਣ ਵਾਲਾ ਧਰਮਰਾਇ = ਧਰਮਰਾਜਾ ਹੋਵੈ = ਹੋ ਜਾਂਦਾ ਹੈ॥੧॥ ਜੈਸਾ ਕਿ :

**ਪਾਪੀ ਡਿਠਾ ਯਮਰਾਜ ਧਰਮੀ ਧਰਮ ਰਾਜ ਕਰ ਡਿੱਠਾ।**
**ਪਾਪੀ ਨੂੰ ਪਛਾੜਦਾ ਧਰਮੀ ਨਾਲ ਬੁਲੇਂਦਾ ਮਿੱਠਾ।**

## ਏਕਸ ਬਿਨੁ, ਨਾਹੀ ਕੋ ਦੂਜਾ; ਆਨ ਨ ਬੀਓ ਲਵੈ ਲਾਇ ॥

ਏਕਸ = ਇਕ ਪਰਮੇਸ਼ਰ ਤੋਂ ਬਿਨੁ = ਬਗ਼ੈਰ ਦੂਜਾ = ਦੂਸਰਾ ਕੋ = ਕੋਈ ਵੀ ਤੱਤਬੇਤੇ ਪੁਰਖਾਂ ਦੀ ਦ੍ਰਿਸ਼ਟੀ ਵਿਚ ਨਾਹੀ = ਨਹੀਂ ਆਉਂਦਾ ਅਤੇ ਪਰਮੇਸ਼ਰ ਦੇ ਨਾਮ ਦੇ ਲਵੈ = ਸਦਰਸ਼ ਆਨ = ਹੋਰ ਕੋਈ ਬੀਓ = ਦੂਸਰਾ ਲਾਇ = ਲਾਇਆ ਨ = ਨਹੀਂ ਜਾ ਸਕਦਾ, ਭਾਵ ਹੋਰ ਕੋਈ ਦੂਸਰਾ ਸਾਧਨ ਪਰਮਾਤਮਾ ਦੇ ਨਾਮ ਦੇ ਬਰਾਬਰ ਨਹੀਂ ਪਹੁੰਚ ਸਕਦਾ।

## ਮਾਤ, ਪਿਤਾ, ਭਾਈ ਨਾਨਕ ਕੋ; ਸੁਖ ਦਾਤਾ, ਹਰਿ ਪ੍ਰਾਨ ਸਾਇ ॥੨॥੨॥੨੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਜਨਾਂ ਕੋ = ਦਾ ਮਾਤ = ਮਾਂ, ਪਿਤਾ = ਪਿਓ ਤੇ ਭਾਈ = ਭਰਾ ਆਦਿ ਸਭ ਕੁਝ ਸੁਖਦਾਤਾ = ਸੁੱਖਾਂ ਨੂੰ ਦੇਣ ਵਾਲਾ ਪ੍ਰਾਨ = ਪ੍ਰਾਣਾਂ ਦਾ ਸਾਇ = ਸਾਈਂ ਹਰਿ = ਪਰਮੇਸ਼ਰ ਹੀ ਹੈ **ਅਥਵਾ** ਅਸੀਂ ਜਨਾਂ ਨੇ ਖਿਮਾ ਰੂਪੀ ਮਾਤਾ, ਸੰਤੋਖ ਰੂਪੀ ਪਿਤਾ, ਸ੍ਰਵਣ, ਮੰਨਣ ਨਿਧਿਆਸਣ ਰੂਪੀ ਭਰਾ ਆਦਿ ਸਭ ਕੁਝ ਉਹੀ ਸੁਖਦਾਇਕ ਤੇ ਪ੍ਰਾਣਾਂ ਦਾ ਸਾਈਂ ਪਰਮੇਸ਼ਰ ਹੀ ਮੰਨਿਆ ਹੋਇਆ ਹੈ॥੨॥੨॥੨੧॥

## ਸਾਰਗ ਮਹਲਾ ੫ ॥

## ਹਰਿ ਜਨ; ਸਗਲ ਉਧਾਰੇ ਸੰਗ ਕੇ ॥

ਹਰਿ = ਪਰਮੇਸ਼ਰ ਦੇ ਪਿਆਰੇ ਜਨ = ਸੇਵਕਾਂ ਨੇ ਆਪਣੇ ਸੰਗ = ਨਾਲ ਕੇ = ਦੇ ਸੰਗੀ ਸਗਲ = ਸਾਰੇ ਜੀਵ ਸੰਸਾਰ-ਸਮੁੰਦ੍ਰ ਤੋਂ ਪਾਰ ਉਧਾਰੇ = ਤਾਰ ਦਿੰਦੇ ਹਨ।

## ਭਏ ਪੁਨੀਤ, ਪਵਿਤ੍ਰ ਮਨ; ਜਨਮ ਜਨਮ ਕੇ ਦੁਖ ਹਰੇ ॥੧॥ਰਹਾਉ॥

ਸੰਤਾਂ ਦਾ ਸੰਗ ਕਰਨ ਵਾਲੇ ਪੁਰਖਾਂ ਦੇ ਔਗੁਣਾਂ ਵੱਲੋਂ ਹਟ ਕਰਕੇ ਸਰੀਰ ਵੀ ਪੁਨੀਤ = ਪਵਿੱਤਰ ਭਏ = ਹੋ ਗਏ ਹਨ, ਮਨ ਕਰਕੇ ਵੀ ਵਾਸ਼ਨਾ ਤੋਂ ਰਹਿਤ ਹੋਣ ਕਾਰਨ ਪਵਿਤ੍ਰ = ਉੱਜਲ ਹੋ ਗਏ ਹਨ ਅਤੇ ਉਨ੍ਹਾਂ ਦੇ ਜਨਮ ਜਨਮ = ਜਨਮਾਂ-ਜਨਮਾਂਤਰਾਂ ਕੇ = ਦੇ ਸਾਰੇ ਦੁਖ ਵੀ ਹਰੇ = ਮਿੱਟ, ਨਾਸ਼ ਹੋ ਗਏ ਹਨ॥੧॥ਰਹਾਉ॥

## ਮਾਰਗਿ ਚਲੇ, ਤਿਨੀ ਸੁਖੁ ਪਾਇਆ; ਜਿਨ੍ ਸਿਉ ਗੋਸਟਿ, ਸੇ ਤਰੇ ॥

ਜਿਹੜੇ ਸੰਤਾਂ ਮਹਾਂਪੁਰਖਾਂ ਦੇ ਭਾਉ-ਭਗਤੀ ਦੇ ਮਾਰਗਿ = ਰਸਤੇ ਉੱਤੇ ਚੱਲੇ ਹਨ, ਤਿਨੀ = ਉਨ੍ਹਾਂ ਨੇ ਸੁਖੁ = ਅਨੰਦ ਸਰੂਪ ਨੂੰ ਪਾਇਆ = ਪਾ ਲਿਆ ਹੈ ਅਤੇ ਜਿਨ੍ = ਜਿਨ੍ਹਾਂ ਨੇ ਸੰਤ ਜਨਾਂ ਦੇ ਸਿਉ = ਨਾਲ ਮਨ ਦੇ ਟਿਕਾ ਵਾਸਤੇ **ਵਾ:** ਆਤਮਾ ਦੇ ਸਰੂਪ ਦੀ ਪਛਾਣ ਵਾਸਤੇ ਗੋਸਟਿ = ਚਰਚਾ ਕੀਤੀ ਹੈ **ਵਾ:** (ਗੋ + ਸਟਿ) ਸਟਿ = ਪਿਆਰੀ ਗੋ = ਬਾਣੀ ਬੋਲ ਕੇ ਜੀਵ ਦੇ ਸਰੂਪ ਦੀ ਪਛਾਣ ਵਾਸਤੇ **ਵਾ:** ਮਾਇਆ, ਜਗਤ ਦੇ ਸਰੂਪ ਬਾਰੇ ਬਚਨ ਬਿਲਾਸ ਕੀਤੇ ਹਨ, ਸੇ = ਉਹ ਪੁਰਖ ਵੀ ਸੰਸਾਰ-ਸਮੁੰਦ੍ਰ ਤੋਂ ਤਰੇ = ਤਰ ਗਏ ਹਨ।

## ਬੂਡਤ ਘੋਰ ਅੰਧ ਕੂਪ ਮਹਿ; ਤੇ ਸਾਧੂ ਸੰਗਿ ਪਾਰਿ ਪਰੇ ॥੧॥

ਜੋ ਘੋਰ = ਭਿਆਨਕ ਸੰਸਾਰ ਰੂਪੀ ਅੰਧ = ਅੰਨ੍ਹੇ ਕੂਪ = ਖੂਹ ਮਹਿ = ਵਿਚ ਡੂਬਤ = ਡੁੱਬ ਰਹੇ ਸਨ, ਤੇ = ਉਹ ਵੀ ਸਾਧੂ = ਸ੍ਰੇਸ਼ਟ ਪੁਰਖਾਂ, ਗੁਰਾਂ **ਵਾ:** ਸਾਧੂ ਜਨਾਂ ਦੀ ਸੰਗਿ = ਸੰਗਤ ਕਰਕੇ ਸੰਸਾਰ ਰੂਪੀ ਅੰਨ੍ਹੇ ਖੂਹ ਤੋਂ ਪਾਰ ਪਰੇ = ਪੈ ਗਏ ਹਨ ॥੧॥

## ਜਿਨ ਕੇ ਭਾਗ ਬਡੇ ਹੈ ਭਾਈ; ਤਿਨ੍ ਸਾਧੂ ਸੰਗਿ ਮੁਖ ਜੁਰੇ ॥

ਹੇ ਭਾਈ = ਭਰਾਵੋ ! ਜਿਨ = ਜਿਨ੍ਹਾਂ ਕੇ = ਦੇ ਬਡੇ = ਵੱਡੇ ਭਾਵ ਨਿਸ਼ਕਾਮ ਕਰਮ ਕੀਤੇ ਹੋਏ ਹੈ = ਹਨ, ਤਿਨ = ਉਨ੍ਹਾਂ ਦੇ ਸਾਧੂ = ਸ੍ਰੇਸ਼ਟ ਜਨਾਂ, ਸੰਤ ਜਨਾਂ ਦੇ ਸੰਗਿ = ਨਾਲ ਮੁਖ = ਮੂੰਹ **ਵਾ:** ਰਿਦੇ ਰੂਪੀ ਮੁਖ ਜੁਰੇ = ਜੁੜੇ ਹੋਏ ਹਨ **ਵਾ:** ਉਹ ਦਿਲ ਦੀ ਸਫ਼ਾਈ ਰੂਪ ਚਟਾਈ ਵਿਛਾ ਕੇ ਰਿਦੇ ਰੂਪੀ ਮੁਖ ਦੇ ਸਹਿਤ ਜੁੜੇ ਹੋਏ ਹਨ, ਭਾਵ ਦਿਲ ਦਾ ਮਿਲਾਪੀ ਹੋ ਕੇ ਮਿਲਣਾ ਹੀ ਮੂੰਹ ਜੋੜਨਾ ਹੈ।

## ਤਿਨ ਕੀ ਧੂਰਿ ਬਾਂਛੈ ਨਿਤ ਨਾਨਕੁ;
## ਪ੍ਰਭੁ ਮੇਰਾ ਕਿਰਪਾ ਕਰੇ ॥੨॥੩॥੨੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਤਿਨ = ਉਨ੍ਹਾਂ ਪਿਆਰਿਆਂ ਕੀ = ਦੀ ਚਰਨ ਧੂਰਿ = ਧੂੜੀ ਨਿਤ = ਨਿਤਾਪ੍ਰਤੀ ਬਾਂਛੈ = ਚਾਹੁੰਦਾ ਹਾਂ, ਜੇਕਰ ਮੇਰਾ ਪਿਆਰਾ ਪ੍ਰਭੁ = ਪਰਮੇਸ਼ਰ ਕਿਰਪਾ = ਮੇਹਰ ਭਰੀ ਦ੍ਰਿਸ਼ਟੀ ਕਰੇ ਤਾਂ ਹੀ ਉਨ੍ਹਾਂ ਦੀ ਧੂੜ ਪ੍ਰਾਪਤ ਹੋ ਸਕਦੀ ਹੈ ॥੨॥੩॥੨੨॥

## ਸਾਰਗ ਮਹਲਾ ੫ ॥
## ਹਰਿ ਜਨ; ਰਾਮ ਰਾਮ ਰਾਮ ਧਿਆਂਏ ॥

ਹਰਿ = ਪਰਮੇਸ਼ਰ ਦੇ ਭਗਤ ਜਨ ਸਦਾ ਹੀ ਰਾਮ = ਰਮੇ ਹੋਏ ਰਾਮ = ਰਮੰਤੀ ਰਾਮ = ਪਰਮੇਸ਼ਰ ਨੂੰ ਧਿਆਂਏ = ਧਿਆਉਂਦੇ ਰਹਿੰਦੇ ਹਨ **ਵਾ:** ਮਨ ਕਰਕੇ ਵੀ ਰਾਮ = ਪਰਮੇਸ਼ਰ ਨੂੰ, ਤਨ ਕਰਕੇ ਰਾਮ = ਪਰਮੇਸ਼ਰ ਨੂੰ ਤੇ ਬਾਣੀ ਕਰਕੇ ਪਰਮੇਸ਼ਰ ਨੂੰ ਧਿਆਉਂਦੇ ਰਹਿੰਦੇ ਹਨ **ਵਾ:** ਰਮੰਤੀ ਰਾਮ ਦੇ ਨਾਮ ਨੂੰ ਧਿਆ ਕੇ ਰਾਮ ਬਾਗ਼ ਦੀ ਨਿਆਈਂ ਸੁਖ ਦੇ ਸਹਿਤ ਹੋਏ ਹਨ।

## ਏਕ ਪਲਕ ਸੁਖ ਸਾਧ ਸਮਾਗਮ; ਕੋਟਿ ਬੈਕੁੰਠਹ ਪਾਂਏ ॥੧॥ਰਹਾਉ॥

ਜਿਨ੍ਹਾਂ ਨੇ ਏਕ = ਇਕ ਪਲਕ = ਛਿਨ ਮਾਤਰ ਵੀ, ਸਾਧ = ਸ੍ਰੇਸ਼ਟ ਜਨਾਂ ਦੇ ਸਮਾਗਮ = ਇਕੱਠ, ਸਤਿਸੰਗ ਦਾ ਸੁਖ = ਅਨੰਦ ਪ੍ਰਾਪਤ ਕੀਤਾ ਹੈ, **ਵਾ:** ਜਿਨ੍ਹਾਂ ਨੇ ਇਕ ਪਲ ਭਰ ਵੀ ਸਾਧੂਆਂ ਦੀ ਸੰਗਤ ਵਿਚ ਵਾਸ਼ਨਾ ਤੋਂ ਰਹਿਤ ਹੋ ਕੇ **ਵਾ:** ਆਪਣੇ ਮਨ ਦੇ ਸੰਕਲਪਾਂ ਨੂੰ ਜਿੱਤ ਕੇ ਬ੍ਰਹਮਾਨੰਦ ਦੀ ਪ੍ਰਾਪਤੀ ਦਾ ਨਿਰਨਾ ਕੀਤਾ ਹੈ। ਉਹ ਕੋਟਿ = ਕਰੋੜਾਂ ਬੈਕੁੰਠਹ = ਬੈਕੁੰਠਾਂ ਦੇ ਸੁਖ ਨੂੰ ਪਾਂਏ = ਪਾ ਲੈਂਦੇ ਹਨ **ਵਾ:** ਉਨ੍ਹਾਂ ਦੇ ਕਰੋੜਾਂ ਬੈਕੁੰਠਾਂ ਦੇ ਸੁਖ ਪਾਂਏ = ਚਰਨਾਂ ਵਿਚ ਹੀ ਹਨ ॥੧॥ਰਹਾਉ॥

## ਦੁਲਭ ਦੇਹ ਜਪਿ ਹੋਤ ਪੁਨੀਤਾ; ਜਮ ਕੀ ਤ੍ਰਾਸ ਨਿਵਾਰੈ ॥

ਦੁਲਭ = ਕਠਨਤਾਈ ਨਾਲ ਮਿਲੀ ਮਨੁੱਖਾ ਦੇਹ = ਦੇਹੀ ਸਾਧੂਆਂ ਦੀ ਸੰਗਤ ਦੁਆਰਾ, ਗੁਰਾਂ ਦੁਆਰਾ ਪਰਮੇਸ਼ਰ ਦਾ ਨਾਮ ਜਪਿ = ਜਪਣ ਕਰਕੇ ਪੁਨੀਤਾ = ਪਵਿੱਤਰ ਹੋਤ = ਹੋ ਜਾਂਦੀ ਹੈ ਅਤੇ ਜਮ = ਜਮਾਂ ਕੀ = ਦੀ ਤ੍ਰਾਸ = ਖ਼ੌਫ਼ਤਾਈ ਵੀ ਨਿਵਾਰੈ = ਨਵਿਰਤ ਹੋ ਜਾਂਦੀ ਹੈ।

## ਮਹਾ ਪਤਿਤ ਕੇ ਪਾਤਿਕ ਉਤਰਹਿ; ਹਰਿ ਨਾਮਾ ਉਰਿ ਧਾਰੈ ॥੧॥

ਸੰਤ ਜਨਾਂ ਨੇ ਹਰਿ = ਪਰਮੇਸ਼ਰ ਦਾ ਨਾਮਾ = ਨਾਮ ਉਰਿ = ਹਿਰਦੇ ਵਿਚ ਧਾਰੈ = ਧਾਰਨ, ਵਸਾ ਕਰਕੇ ਮਹਾ = ਵੱਡੇ ਵੱਡੇ ਅਜਾਮਲ ਵਰਗੇ ਪਤਿਤ = ਪਾਪੀਆਂ ਕੇ = ਦੇ ਪਾਤਿਕ = ਪਾਪ ਉਤਰਹਿ = ਉਤਾਰ ਦਿੱਤੇ ਹਨ **ਵਾ**: ਜੋ ਪਰਮੇਸ਼ਰ ਦੇ ਨਾਮ ਨੂੰ ਹਿਰਦੇ ਵਿਚ ਧਾਰਨ, ਵਸਾ ਲੈਂਦੇ ਹਨ ਉਨ੍ਹਾਂ ਵੱਡੇ ਪਾਪੀ ਪੁਰਖਾਂ ਦੇ ਸਾਰੇ ਪਾਪ ਉਤਰ ਜਾਂਦੇ ਹਨ॥੧॥

## ਜੋ ਜੋ ਸੁਨੈ ਰਾਮ ਜਸੁ ਨਿਰਮਲ; ਤਾ ਕਾ ਜਨਮ ਮਰਣ ਦੁਖੁ ਨਾਸਾ ॥

ਜੋ ਜੋ = ਜਿਹੜੇ ਜਿਹੜੇ ਪੁਰਖ ਵੀ ਸੰਤ ਜਨਾਂ ਦੀ ਸੰਗਤ ਵਿਚ ਮਿਲ ਕੇ ਨਿਰਮਲ = ਪਾਪਾਂ ਦੀ ਮੈਲ ਤੋਂ ਰਹਿਤ ਕਰਨ ਵਾਲੇ ਰਾਮੁ = ਪਰਮੇਸ਼ਰ ਦਾ ਜਸੁ = ਕੀਰਤਨ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਨੈ = ਸੁਣਦੇ ਹਨ ਤਾ = ਉਨ੍ਹਾਂ ਕਾ = ਦਾ ਜੰਮਣ ਮਰਣ ਰੂਪੀ ਦੁਖੁ = ਕਸ਼ਟ ਨਾਸਾ = ਨਾਸ਼ ਹੋ ਜਾਂਦਾ ਹੈ।

## ਕਹੁ ਨਾਨਕ, ਪਾਈਐ ਵਡਭਾਗੰੀ; ਮਨ ਤਨ ਹੋਇ ਬਿਗਾਸਾ ॥੨॥੪॥੨੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਵਡਭਾਗੀ = ਵੱਡਿਆਂ ਭਾਗਾਂ ਕਰਕੇ ਸੰਤ ਜਨਾਂ ਦੀ ਸੰਗਤ, ਗੁਰਾਂ ਦੀ ਸੰਗਤ ਦੁਆਰਾ ਪਰਮੇਸ਼ਰ ਦੀ ਭਗਤ ਕਰਨੀ ਪਾਈਐ = ਪਾਉਣਾ ਕਰੀਦੀ ਹੈ ਅਤੇ ਤਦ ਹੀ ਮਨ ਤਨ ਦੇ ਅੰਦਰ ਬ੍ਰਹਮਾਨੰਦ ਦੀ ਪ੍ਰਾਪਤੀ ਦਾ ਬਿਗਾਸਾ = ਖਿੜਾਅ ਹੋਇ = ਹੁੰਦਾ ਹੈ॥੨॥੪॥੨੩॥

**[ਅੰਗ ੧੨੦੯]**

## ਸਾਰਗ ਮਹਲਾ ੫ ਦੁਪਦੇ ਘਰੁ ੪ ੧ੴ ਸਤਿਗੁਰ ਪ੍ਰਸਾਦਿ ॥

ਸਾਰਗ ਰਾਗ ਦੇ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਜੀਵ ਰੂਪੀ ਇਸਤ੍ਰੀ ਦੇ ਅਲੰਕਾਰ ਦੁਆਰਾ ਘਰੁ ੪ = ਚੌਥੇ ਸੁਰਤਾਲ ਵਿਚ ਦੁਪਦੇ = ਦੋ ਦੋ ਪਦਿਆਂ ਵਾਲੇ ਪਹਿਲਾਂ ਮੰਗਲ ਕਰਦਿਆਂ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮੋਹਨ, ਘਰਿ ਆਵਹੁ; ਕਰਉ ਜੋਦਰੀਆ ॥

('ਜੋਦੱਰੀਆ' ਦਾ ਉਚਾਰਣ ਅੱਧਕ ਸਹਿਤ ਹੈ)

ਹੇ ਮੋਹਨ = ਭਗਤਾਂ ਦੇ ਮੋਹ ਨੂੰ ਮੇਟਣ ਵਾਲੇ **ਵਾ**: ਸਾਰੀ ਸ੍ਰਿਸ਼ਟੀ ਨੂੰ ਆਪਦੇ ਸਰੂਪ ਵਿਚ ਮੋਹਿਤ ਕਰਨ ਵਾਲੇ ਪਰਮੇਸ਼ਰ! ਮੇਰੇ ਰਿਦੇ ਰੂਪ ਘਰ ਵਿਚ ਪ੍ਰਗਟ ਹੋਣ ਰੂਪ ਆਵਹੁ = ਆਉਣਾ ਕਰੋ **ਵਾ**: ਆ ਕੇ ਪ੍ਰਾਪਤ ਹੋਵੋ, ਮੈਂ ਆਪ ਜੀ ਦੇ ਅੱਗੇ ਜੋਦਰੀਆ = ਬੇਨਤੀ ਕਰਉ = ਕਰਦੀ ਹਾਂ **ਵਾ**: ਅਨੇਕ ਪ੍ਰਕਾਰ ਦੇ ਸਾਧਨ ਕਰਨ ਰੂਪ ਬੇਨਤੀ ਕਰਦੀ ਹਾਂ।

ਹੇ ਪਰਮਾਤਮਾ! ਭਾਵੇਂ ਮੈਨੂੰ ਚਾਹੀਦਾ ਸੀ ਕਿ ਮੈਂ ਆਪ ਚੱਲ ਕੇ ਤੇਰੇ ਕੋਲ ਆਉਂਦੀ ਅਤੇ ਜਿਹੜਾ ਮੈਂ ਕਹਿ ਰਹੀ ਹਾਂ ਕਿ ਮੇਰੇ ਰਿਦੇ ਰੂਪੀ ਘਰ ਵਿਚ ਆ ਕੇ ਪ੍ਰਾਪਤ ਹੋਵੋ, ਇਹ:

## ਮਾਨੁ ਕਰਉ, ਅਭਿਮਾਨੈ ਬੋਲਉ; ਭੂਲ ਚੂਕ, ਤੇਰੀ ਪ੍ਰਿਅ ਚਿਰੀਆ ॥੧॥ਰਹਾਉ॥

ਮੈਂ ਮਾਨ ਕਰਉ = ਕਰਦੀ ਹਾਂ ਅਤੇ ਜੋ ਜੋਦੜੀ ਕਰਦੀ ਹਾਂ ਇਹ ਮੈਂ ਅਭਿਮਾਨੈ = ਹੰਕਾਰ ਦੇ ਬਚਨ

ਬੋਲਉ = ਬੋਲਦੀ ਹਾਂ ਅਤੇ ਮੈਂ ਥੋੜ੍ਹੀ ਬਹੁਤੀ ਭੂਲ = ਭੁੱਲ ਚੂਕ = ਚੁੱਕ ਕਰਦੀ ਰਹਿੰਦੀ ਹਾਂ **ਵਾ:** ਜੋ ਕਹਿੰਦੀ ਹਾਂ ਕਿ ਰਿਦੇ ਘਰ ਵਿਚ ਆਵੋ ਇਹ ਭੁੱਲ ਕਰਦੀ ਹਾਂ, ਜੋ ਜੋਦੜੀ ਕਰਦੀ ਹਾਂ ਇਹ ਚੂਕ = ਉੱਕ ਜਾਂਦੀ ਹਾਂ **ਵਾ:** ਭਰਮ 'ਚ ਭੁੱਲਣ ਕਰਕੇ ਤੇਰੀ ਪ੍ਰਾਪਤੀ ਵਲੋਂ ਚੂਕ = ਉੱਕ ਜਾਂਦੀ ਹਾਂ, ਇਸ ਲਈ ਹੇ ਪ੍ਰਿਅ = ਪਿਆਰੇ ਮੈਂ ਤੇਰੀ ਚਿਰੀਆ = ਦਾਸੀ ਹਾਂ ਮੇਰੇ ਉੱਤੇ ਮੇਹਰ ਕਰੋ ॥੧॥ਰਹਾਉ॥

## ਨਿਕਟਿ ਸੁਨਉ, ਅਰੁ ਪੇਖਉ ਨਾਹੀ; ਭਰਮਿ ਭਰਮਿ ਦੁਖ ਭਰੀਆ ॥

ਹੇ ਪਰਮੇਸ਼ਰ ! ਵੇਦਾਂ ਸ਼ਾਸਤਰਾਂ ਦੁਆਰਾ **ਵਾ:** ਮਹਾਤਮਾ ਜਨਾਂ ਦੇ ਕੋਲੋਂ ਤੈਨੂੰ ਨਿਕਟਿ = ਨਜ਼ਦੀਕ ਵੱਸਦਾ ਸੁਨਉ = ਸੁਣੀਂਦਾ ਹੈ, ਅਰੁ = ਪੁਨਾ ਫੇਰ ਵੀ ਮੈਂ ਅਸਖਿਆਤਤਾ ਹੋਣ ਕਰਕੇ ਤੇਰੇ ਸਰੂਪ ਨੂੰ ਨੇੜੇ ਤੋਂ ਨਾਹੀ = ਨਹੀਂ ਪੇਖਉ = ਵੇਖ ਸਕਦੀ ਹਾਂ, ਮੈਂ ਨੇਤਰਾਂ ਨਾਲ ਪਰਾਇਆ ਰੂਪ ਵੇਖਣਾ ਚਾਹੁੰਦੀ ਹਾਂ, ਕੰਨਾਂ ਨਾਲ ਕਿਸੇ ਦੀ ਅਪਕੀਰਤੀ ਸੁਣਨਾ ਚਾਹੁੰਦੀ ਹਾਂ ਤੇ ਤੁਚਾ ਨਾਲ ਸਪਰਸ਼ ਹੋਣਾ ਚਾਹੁੰਦੀ ਹਾਂ ਇਉਂ ਇੰਦਰੀਆਂ ਦੇ ਵਿਸ਼ਿਆਂ ਵਿਚ ਭਰਮ ਭਰਮ ਕੇ ਦੁਖ ਭਰੀਆ = ਭਰਦੀ ਰਹਿੰਦੀ ਹਾਂ **ਵਾ:** ਤੇਰੇ ਵਿਜੋਗ ਕਰਨੇ **ਵਾ:** ਪ੍ਰਮਾਣ, ਨਿੰਦਰਾ, ਸਿਮਰਤੀ, ਵਿਕਲਪ, ਵਿਪਰਜੇ ਆਦਿ ਬਿਰਤੀਆਂ ਦੇ ਸੁਭਾਅ ਕਰਕੇ ਭਰਮ ਦੀ ਭਰਮਿ = ਭਰਮਾਈ ਹੋਈ ਦੁੱਖਾਂ ਨੂੰ ਭਰਦੀ, ਭੋਗਦੀ ਰਹਿੰਦੀ ਹਾਂ।

ਜਿਸ ਪ੍ਰਕਾਰ ਤੋਤਾ ਪਿੰਜਰੇ ਵਿਚ ਕੈਦੀ ਹੋਇਆ ਕਦੇ ਪਿੰਜਰੇ ਦੇ ਛੇਕਾਂ ਵਿਚ ਆਪਣੀ ਚੁੰਝ ਫਸਾਉਂਦਾ ਹੈ, ਕਦੇ ਆਪਣਾ ਪੌਂਚਾ ਫਸਾਉਂਦਾ ਹੈ ਕਿ ਮੈਂ ਪਿੰਜਰੇ ਦੀ ਕੈਦ ਵਿੱਚੋਂ ਬਾਹਰ ਹੋ ਜਾਵਾਂ ਪਰ ਪਿੰਜਰਾ ਖੋਲ੍ਹੇ ਤੋਂ ਬਗੈਰ ਉਹ ਆਪਣੇ ਆਪ ਕੈਦ ਤੋਂ ਮੁਕਤ ਨਹੀਂ ਹੋ ਸਕਦਾ, ਇਸੇ ਪ੍ਰਕਾਰ ਮੈਂ ਤੋਤੇ ਵੱਤ ਦੇਹ ਅਭਿਮਾਨ ਰੂਪੀ ਪਿੰਜਰੇ ਵਿਚ ਕੈਦ ਹੋਈ ਹਾਂ ਮੈਂ ਕਦੇ ਵਿਰਤੀ ਰੂਪ ਚੁੰਝ ਪਰਾਏ ਰੂਪ ਦੇਖਣ, ਸੁੰਘਣ ਰੂਪ ਛੇਕਾਂ ਵਿਚ ਫਸਾਉਂਦੀ ਹਾਂ **ਵਾ:** ਵਿਸ਼ਿਆਂ ਰੂਪ ਛੇਕਾਂ ਵਿਚ ਫਸਾਉਂਦੀ ਹਾਂ, ਕਦੇ ਮਨ ਬੁੱਧ ਰੂਪ ਪੌਂਚੇ ਪਦਾਰਥਾਂ ਰੂਪੀ ਛੇਕਾਂ ਵਿਚ ਫਸਾਉਂਦੀ ਹਾਂ, ਇਸ ਲਈ ਭਰਮ ਵਿਚ ਭਰਮਦੀ ਹੋਈ ਦੁੱਖ ਹੀ ਭਰਦੀ, ਭੋਗਦੀ ਰਹਿੰਦੀ ਹਾਂ।

## ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ; ਮਿਲਉ ਲਾਲ, ਮਨੁ ਹਰੀਆ ॥੧॥

ਜਦ ਪੂਰਨ ਸਤਿਗੁਰੂ ਸਾਹਿਬ ਜੀ ਕ੍ਰਿਪਾਲ = ਦਿਆਲੂ ਹੋਇ = ਹੋ ਕੇ ਤੇਰੇ ਨਾਲੋਂ ਵਿਜੋਗ ਪਾਉਣ ਵਾਲਾ ਹਉਮੈ, ਕਰਤਾ ਭੋਗਤਾ ਪੁਣੇ ਦਾ, ਅਵਰਨ ਦਾ ਪਾਰਦੋ = ਪਰਦਾ ਕਿਰਪਾ ਕਰਕੇ ਲਾਹਿ = ਲਾਹ ਦੇਣ, ਤਦ ਹੇ ਮਨ ਨੂੰ ਹਰੀਆ = ਹਰਨ ਵਾਲੇ, ਚੁਰਾ ਲੈਣ ਵਾਲੇ **ਵਾ:** ਹਰੇ-ਭਰੇ ਕਰਨ ਵਾਲੇ ਲਾਲ = ਪਿਆਰੇ ਪਰਮੇਸ਼ਰ ! ਮੈਂ ਤੇਰੇ ਸੱਚ ਸਰੂਪ ਨਾਲ ਮਿਲਉ = ਮਿਲ ਸਕਾਂਗੀ ॥੧॥

## ਏਕ ਨਿਮਖ ਜੇ ਬਿਸਰੈ ਸੁਆਮੀ; ਜਾਨਉ ਕੋਟਿ ਦਿਨਸ ਲਖ ਬਰੀਆ ॥

ਹੇ ਸੁਆਮੀ = ਮਾਲਕ ਪਰਮੇਸ਼ਰ ! ਜੇ = ਜੇਕਰ ਤੂੰ ਏਕ = ਇਕ ਨਿਮਖ = ਛਿਨ ਭਰ ਵੀ ਬਿਸਰੈ = ਭੁੱਲ ਜਾਵੇਂ ਤਾਂ ਮੈਂ ਇਉਂ ਜਾਨਉ = ਜਾਣਦੀ ਹਾਂ ਕਿ ਤੇਰੇ ਵਿਯੋਗ ਵਿਚ ਕੋਟਿ = ਕਰੋੜਾਂ ਦਿਨਸ = ਦਿਨ ਤੇ ਲੱਖਾਂ ਬਰੀਆ = ਵਰ੍ਹੇ ਗੁਜ਼ਰ ਗਏ ਹਨ।

## ਸਾਧਸੰਗਤਿ ਕੀ ਭੀਰ ਜਉ ਪਾਈ;
## ਤਉ ਨਾਨਕ ਹਰਿ ਸੰਗਿ ਮਿਰੀਆ ॥੨॥੧॥੨੪॥

ਹੇ ਪਰਮੇਸ਼ਰ ! ਜਉ = ਜਦ ਮੈਨੂੰ ਸਾਧਸੰਗਤਿ = ਸਤਿਸੰਗਤ ਕੀ = ਦੀ ਭੀਰ = ਭੀੜ, ਇਕੱਤਰਤਾ ਪਾਈ = ਪ੍ਰਾਪਤ ਹੋਈ **ਵਾ:** ਸਤਿਸੰਗਤ ਦੀ ਕਿਰਪਾ ਸਦਕਾ ਸ੍ਰਵਣ, ਮੰਨਣ, ਨਿਧਿਆਸਣ ਆਦਿ ਸ਼ੁਭ ਗੁਣਾਂ

ਦੀ ਭੀੜ ਰਿਦੇ ਵਿਚ ਪ੍ਰਾਪਤ ਹੋਈ **ਵਾ:** ਭੀਰ = ਡਰਾਕਲ ਮਨ ਨੂੰ ਸ਼ੁਭ ਗੁਣਾਂ ਦੀ ਪ੍ਰਾਪਤੀ ਹੋਈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪਰਮੇਸ਼ਰ ! ਤਉ = ਤਦ ਮੈਂ ਤੇਰੇ ਸੰਗਿ = ਨਾਲ ਮਿਰੀਆ = ਮਿਲ ਗਈ ॥੨॥੧॥੨੪॥

## ਸਾਰਗ ਮਹਲਾ ੫ ॥

## ਅਬ, ਕਿਆ ਸੋਚਉ; ਸੋਚ ਬਿਸਾਰੀ ॥

ਹੇ ਪਰਮੇਸ਼ਰ ! ਜਦ ਤੇਰੇ ਅਨੰਦ ਸਰੂਪ ਦੀ ਮੈਨੂੰ ਪ੍ਰਾਪਤੀ ਹੀ ਹੋ ਗਈ ਹੈ, ਇਸ ਲਈ ਅਬ = ਹੁਣ ਮੈਂ ਹੋਰ ਕਿਆ = ਕੀ ਸੋਚਉ = ਸੋਚਾਂ, ਵਿਚਾਰਨਾ ਕਰਾਂ ਕਿਉਂਕਿ ਤੂੰ ਮੇਰੀ ਸਾਰੀ ਸੋਚ = ਚਿੰਤਾ ਬਿਸਾਰੀ = ਵਿਸਾਰ ਦਿੱਤੀ ਹੈ **ਵਾ:** ਵਿਸ਼ਿਆਂ ਨੂੰ ਪੈਦਾ ਕਰਨ ਵਾਲੀ ਸੋਚ ਵਿਸਾਰ ਦਿੱਤੀ ਹੈ।

## ਕਰਣਾ ਸਾ, ਸੋਈ ਕਰਿ ਰਹਿਆ; ਦੇਹਿ ਨਾਉ ਬਲਿਹਾਰੀ ॥੧॥ਰਹਾਉ॥

ਹੇ ਪਰਮੇਸ਼ਰ ! ਜੋ ਤੂੰ ਪਿੱਛੇ ਕਰਨਾ ਸਾ = ਸੀ, ਉਹ ਕਰ ਦਿੱਤਾ ਹੈ, ਜੋ ਹੁਣ ਕਰਨਾ ਹੈ ਸੋਈ = ਉਹ ਕਰ ਰਹਿਆ = ਰਿਹਾ ਹੈਂ ਅਤੇ ਜੋ ਅੱਗੇ ਨੂੰ ਕਰੇਂਗਾ ਉਹੋ ਹੀ ਹੋਵੇਗਾ, ਤੂੰ ਮੈਨੂੰ ਆਪਣਾ ਨਾਉ = ਨਾਮ ਅੰਮ੍ਰਿਤ ਦੇਹਿ = ਦੇਣਾ ਕਰ, ਮੈਂ ਤੇਰੇ ਉਪਰੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ ॥੧॥ਰਹਾਉ॥

## ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ; ਗੁਰ ਮੰਤ੍ਰੁ ਮੂਖਿ ਗਰੁੜਾਰੀ ॥

ਚਹੁ ਦਿਸ = ਚਾਰ ਚੁਫੇਰੇ ਕੁਸੰਗਤ ਰੂਪ ਫੁਲਵਾੜੀ ਵਿਚ ਬਿਖਿਆ = ਵਿਸ਼ਿਆਂ, ਮਾਇਆ ਰੂਪੀ ਬਿਖੁ = ਜ਼ਹਿਰ ਫੂਲਿ = ਫੁੱਲ, ਖਿੜ ਰਹੀ ਹੈ, ਇਸ ਤੋਂ ਉਸ ਦਾ ਬਚਾਅ ਹੋ ਸਕਦਾ ਹੈ ਜਿਸ ਦੇ ਮੂਖਿ = ਮੂੰਹ ਵਿਚ ਗੁਰ ਮੰਤ੍ਰੁ = ਗੁਰ ਉਪਦੇਸ਼ ਰੂਪੀ ਗਰੁੜਾਰੀ = ਗਰੁੜ-ਮੰਤ੍ਰ ਹੈ **ਵਾ:** ਜਿਸ ਦੇ ਅੰਤਹਕਰਣ ਰੂਪੀ ਮੁਖ ਵਿਚ ਕਾਮ, ਕ੍ਰੋਧ ਰੂਪੀ ਸੱਪਾਂ ਨੂੰ ਵੱਸ ਕਰਨ ਵਾਲਾ ਗੁਰ ਉਪਦੇਸ਼ ਰੂਪ ਗਾਰੜੂ ਮੰਤ੍ਰ ਹੈ **ਵਾ:** ਜੋ ਗੁਰ ਉਪਦੇਸ਼ ਮੁੱਖ ਵਿਚ ਕਾਮ ਕ੍ਰੋਧ ਰੂਪੀ ਸੱਪਾਂ ਦੀ ਜ਼ਹਿਰ ਦੂਰ ਕਰਨ ਦੀ ਨਾਮ ਰੂਪ ਦਵਾਈ ਹੈ, ਉਸ ਨੂੰ ਗੁਰਾਂ ਦੁਆਰਾ ਆਪਣੇ ਅੰਤਹਕਰਣ ਰੂਪੀ ਮੁੱਖ ਵਿਚ ਪਾਉਣਾ ਕਰਦਾ ਹੈ।

## ਹਾਥ ਦੇਇ ਰਾਖਿਓ, ਕਰਿ ਅਪੁਨਾ;
## ਜਿਉ ਜਲ, ਕਮਲਾ ਅਲਿਪਾਰੀ ॥੧॥

ਅਪੁਨਾ = ਆਪਣਾ ਸੇਵਕ ਬਣਾ ਕਰਿ = ਕਰਕੇ ਗੁਰਾਂ, ਸੱਚੇ ਪਰਮੇਸ਼ਰ ਨੇ ਕਿਰਪਾ ਰੂਪੀ ਹਾਥ = ਹੱਥ ਦੇਇ = ਦੇ ਕੇ ਇਉਂ ਅਸੰਗ ਰਾਖਿਓ = ਰੱਖਣਾ ਕੀਤਾ ਹੈ, ਜਿਉ = ਜਿਵੇਂ ਜਲ = ਪਾਣੀ ਵਿਚ ਕਮਲਾ = ਕੌਲ ਫੁੱਲ ਅਲਿਪਾਰੀ = ਨਿਰਲੇਪ ਰਹਿੰਦਾ ਹੈ **ਵਾ:** ਇਸੇ ਪ੍ਰਕਾਰ ਪਦਾਰਥਾਂ ਰੂਪੀ ਪਾਣੀ ਵਿਚ ਰਹਿੰਦਿਆਂ ਕਮਲ ਦੀ ਨਿਆਈਂ ਨਿਰਲੇਪ ਰੱਖਿਆ ਹੈ ॥੧॥

## ਹਉ ਨਾਹੀ ਕਿਛੁ, ਮੈ ਕਿਆ ਹੋਸਾ; ਸਭ ਤੁਮ ਹੀ ਕਲ ਧਾਰੀ ॥

ਹੇ ਪਰਮੇਸ਼ਰ ! ਹਉ = ਮੈਂ ਪਿੱਛੇ ਵੀ ਕੁਝ ਨਾਹੀ = ਨਹੀਂ ਸੀ, ਹੁਣ ਵੀ ਕੁਝ ਨਹੀਂ ਹਾਂ ਅਤੇ ਮੈਂ ਅੱਗੇ ਨੂੰ ਵੀ ਕਿਆ = ਕੀ ਹੋਸਾ = ਹੋਵਾਂਗਾ **ਵਾ:** ਨਾ ਮੈਂ ਸਥੂਲ ਦੇਹ ਹਾਂ, ਨਾ ਸੂਖਮ ਦੇਹ ਹਾਂ ਅਤੇ ਮੈਂ ਕਾਰਨ ਦੇਹ ਵੀ ਕੀ ਹੋਣਾ ਸੀ, ਕਿਉਂਕਿ ਸਭ = ਸਾਰੇ ਸਰੀਰਾਂ ਵਿਚ ਤੁਮ = ਤੂੰ ਆਪ ਹੀ ਆਪਣੀ ਚੇਤਨ ਕਲ = ਸੱਤਾ ਧਾਰੀ = ਧਾਰਨ ਕੀਤੀ ਹੋਈ ਹੈ।

## ਨਾਨਕ, ਭਾਗਿ ਪਰਿਓ, ਹਰਿ ਪਾਛੈ; ਰਾਖੁ ਸੰਤ ਸਦਕਾਰੀ ॥੨॥੨॥੨੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪਰਮੇਸ਼ਰ ! ਮੈਂ ਕਾਮ ਕ੍ਰੋਧ ਰੂਪੀ ਸੱਪਾਂ ਦੀ ਜ਼ਹਿਰ ਤੋਂ ਬਚਣ ਵਾਸਤੇ **ਵਾ:** ਮਾਇਆ, ਵਿਸ਼ਿਆਂ ਤੋਂ ਬਚਣ ਵਾਸਤੇ ਭਾਗਿ = ਦੌੜ ਕਰਕੇ ਤੇਰੀ ਪ੍ਰਾਪਤੀ ਵਾਲੀ ਸਤਿਸੰਗਤ ਦੇ ਪਾਛੈ = ਪਿੱਛੇ ਪਰਿਓ = ਪਿਆ ਹਾਂ, ਉਨ੍ਹਾਂ ਸੰਤ ਜਨਾਂ ਦੇ ਉਪਰੋਂ ਮੈਂ ਸਦਕਾਰੀ = ਸਦਕੇ ਜਾਂਦਾ ਹਾਂ ਜਿਨ੍ਹਾਂ ਦੀ ਤੂੰ ਰਾਖੁ = ਰੱਖਿਆ ਕਰਦਾ ਹੈਂ **ਵਾ:** ਸੰਤ ਜਨਾਂ ਦਾ ਸਦਕਾਰੀ = ਸਦਕਾ ਮੇਰੀ ਵੀ ਰਾਖੁ = ਰੱਖਿਆ ਕਰੋ **ਵਾ:** ਮੇਰੀ ਰੱਖਿਆ ਕਰਨ ਵਾਲੇ ਸੰਤ ਜਨਾਂ ਦੇ ਉਪਰੋਂ ਮੈਂ ਸਦਕਾਰੀ = ਵਾਰਨੇ ਜਾਂਦਾ ਹਾਂ ॥੨॥੨॥੨੫॥

## ਸਾਰਗ ਮਹਲਾ ੫ ॥
## ਅਬ ਮੋਹਿ; ਸਰਬ ਉਪਾਵ ਬਿਰਕਾਤੇ ॥

ਅਬ = ਹੁਣ ਮੋਹਿ = ਮੈਂ ਸਰਬ = ਸਾਰੇ ਉਪਾਵ = ਯਤਨਾਂ ਤੋਂ ਬਿਰਕਾਤੇ = ਉਪਰਾਮ, ਦੂਰ ਹੋ ਗਿਆ ਹਾਂ।

## ਕਰਣ ਕਾਰਣ ਸਮਰਥ ਸੁਆਮੀ;
## ਹਰਿ ਏਕਸੁ ਤੇ ਮੇਰੀ ਗਾਤੇ ॥੧॥ਰਹਾਉ॥

ਮੈਂ ਇਹ ਨਿਸਚਾ ਕਰ ਲਿਆ ਹੈ ਕਿ ਸਾਰੇ ਕਰਣ ਕਾਰਣ = ਕਾਰਜਾਂ ਨੂੰ ਕਰਨ ਵਾਲਾ ਤੇ ਕਰਾਉਣ ਵਾਲਾ ਸਰਬ ਕਲਾ ਸਮਰਥ ਸੁਆਮੀ = ਮਾਲਕ ਪਰਮੇਸ਼ਰ ਆਪ ਹੀ ਹੈ ਅਤੇ ਏਕਸੁ = ਇਕ ਹਰਿ = ਪਰਮੇਸ਼ਰ ਦੇ ਨਾਮ ਜਪਣ ਤੇ = ਤੋਂ ਹੀ ਮੇਰੀ ਗਾਤੇ = ਕਲਿਆਣ ਹੋਣੀ ਹੈ **ਵਾ:** ਇਕ ਪਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਤੋਂ ਹੀ ਮੇਰੀ ਬਿਰਤੀ ਨੂੰ ਗੁਰ ਉਪਦੇਸ਼ ਦੁਆਰਾ ਨਾਮ ਜਪਣ ਦੀ ਦਾਤ ਗਾਤੇ = ਪ੍ਰਾਪਤ ਹੋਣੀ ਹੈ ॥੧॥ਰਹਾਉ॥

## ਦੇਖੇ ਨਾਨਾ ਰੂਪ ਬਹੁ ਰੰਗਾ; ਅਨ ਨਾਹੀ ਤੁਮ ਭਾਂਤੇ ॥

ਮੈਂ ਨਾਨਾ = ਅਨੇਕ ਤਰ੍ਹਾਂ ਦੇ ਰੂਪ = ਅਕਾਰ ਤੇ ਬਹੁ = ਬਹੁਤ ਤਰ੍ਹਾਂ ਦੇ ਰੰਗਾ = ਰੰਗ ਦੇਖੇ = ਵੇਖੇ ਹਨ ਭਾਵ ਸਾਰੇ ਪਰਖ ਪਰਖ ਕੇ ਵੇਖੇ ਹਨ, ਪਰ ਹੇ ਪਰਮੇਸ਼ਰ ! ਤੁਮ = ਤੇਰੇ ਭਾਂਤੇ = ਵਰਗਾ ਅਨ = ਹੋਰ ਕੋਈ ਵੀ ਨਹੀਂ ਹੈ ਭਾਵ ਇਕ ਤੂੰ ਹੀ ਸੱਤ ਚਿੱਤ ਅਨੰਦ ਸਰੂਪ ਹੈਂ।

## ਦੇਂਹਿ ਅਧਾਰੁ ਸਰਬ ਕਉ ਠਾਕੁਰ; ਜੀਅ ਪ੍ਰਾਨ ਸੁਖਦਾਤੇ ॥੧॥

ਹੇ ਪਰਮੇਸ਼ਰ ! ਤੂੰ ਸਰਬ = ਸਾਰਿਆਂ ਕਉ = ਦਾ ਠਾਕੁਰ = ਸੁਆਮੀ ਹੈਂ, ਤੂੰ ਆਪ ਹੀ ਸਭ ਨੂੰ ਆਪਣੀ ਚੇਤਨ ਸੱਤਾ ਦਾ ਅਧਾਰੁ = ਆਸਰਾ ਦੇਂਹਿ = ਦੇਣ ਵਾਲਾ ਹੈਂ, ਸਾਰਿਆਂ ਦੇ ਜੀਅ = ਹਿਰਦੇ ਵਿਚ ਪ੍ਰਾਨ = ਪ੍ਰਾਣਾਂ ਨੂੰ ਦੇਣ ਵਾਲਾ ਹੈਂ ਤੇ ਸਾਰੇ ਸੁਖਦਾਤੇ = ਸੁੱਖਾਂ ਨੂੰ ਦੇਣ ਵਾਲਾ ਹੈਂ ॥੧॥

## ਭ੍ਰਮਤੌ ਭ੍ਰਮਤੌ ਹਾਰਿ ਜਉ ਪਰਿਓ; ਤਉ ਗੁਰ ਮਿਲਿ ਚਰਨ ਪਰਾਤੇ ॥

ਹੇ ਪਰਮੇਸ਼ਰ ! ਜਉ = ਜਦ ਮੈਂ ਭ੍ਰਮਤੌ ਭ੍ਰਮਤੌ = ਭਰਮਦਾ ਭਰਮਦਾ ਹਾਰਿ = ਥੱਕ ਕੇ ਤੇਰੀ ਕਿਰਪਾ ਦੁਆਰਾ ਗੁਰਾਂ ਦੀ ਸ਼ਰਨ ਵਿਚ ਪਰਿਓ = ਪਿਆ, ਤਉ = ਤਦ ਪੂਰਨ ਗੁਰਾਂ ਨਾਲ ਮਿਲ ਕੇ ਮੈਂ ਤੇਰੇ ਪਵਿੱਤਰ ਚਰਨਾਂ ਕਮਲਾਂ ਦਾ ਧਿਆਨ ਕਰਨਾ ਪਰਾਤੇ = ਪਛਾਣਿਆ ਹੈ **ਵਾ:** ਗੁਰਾਂ ਨਾਲ ਮਿਲ ਕੇ ਤੇਰੇ ਚਰਨਾਂ ਉੱਤੇ ਪਰਾਤੇ = ਪਿਆ ਹਾਂ, ਭਾਵ ਤੇਰੇ ਚਰਨਾਂ ਦੀ ਪ੍ਰਾਪਤੀ ਕੀਤੀ ਹੈ।

## ਕਹੁ ਨਾਨਕ, ਮੈ ਸਰਬ ਸੁਖੁ ਪਾਇਆ; ਇਹ ਸੂਖਿ ਬਿਹਾਨੀ ਰਾਤੇ ॥੨॥੩॥੨੯॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਹੁਣ ਮੈਂ ਸਰਬ = ਸਾਰੇ ਸੁਖੁ = ਅਨੰਦਾਂ ਨੂੰ ਪਾਇਆ = ਪਾ ਲਿਆ ਹੈ, ਇਸ ਲਈ ਇਹ ਅਵਸਥਾ ਰੂਪੀ ਰਾਤੇ = ਰਾਤ ਸੂਖਿ = ਸੁੱਖਾਂ ਵਿਚ ਬਿਹਾਨੀ = ਬਤੀਤ ਹੋ ਰਹੀ, ਗੁਜ਼ਰ ਰਹੀ ਹੈ **ਵਾ:** ਅਵਿਦਿਆ ਰੂਪੀ ਰਾਤ, ਆਤਮਿਕ ਸੁਖ ਰੂਪੀ ਦਿਨ ਦੇ ਆਉਣ ਨਾਲ ਬਿਹਾਨੀ = ਗੁਜ਼ਰ ਗਈ ਹੈ ॥੨॥੩॥੨੯॥

## ਸਾਰਗ ਮਹਲਾ ੫ ॥

## ਅਬ ਮੋਹਿ; ਲਬਧਿਓ ਹੈ, ਹਰਿ ਟੇਕਾ ॥

ਅਬ = ਹੁਣ ਮੋਹਿ = ਮੈਂ ਇਸ ਕਾਲ ਵਿਚ ਪੂਰਾ ਗੁਰੂ ਲਬਧਿਓ = ਲੱਭਿਆ ਹੈ ਅਤੇ ਗੁਰਾਂ ਦੁਆਰਾ ਟੇਕਾ = ਆਸਰਾ ਰੂਪ ਹਰਿ = ਪਰਮੇਸ਼ਰ ਲੱਭ ਲਿਆ ਹੈ **ਵਾ:** ਪਰਮੇਸ਼ਰ ਦੀ ਟੇਕਾ = ਓਟ ਲੈਣਾ ਕੀਤੀ ਹੈ।

## ਗੁਰ ਦਇਆਲ ਭਏ ਸੁਖਦਾਈ; ਅੰਧੁਲੈ ਮਾਨਿਕੁ ਦੇਖਾ ॥੧॥ਰਹਾਉ॥

ਜਦ ਸੁਖਦਾਈ = ਸਰਬ ਸੁੱਖਾਂ ਦੇ ਦਾਤੇ ਗੁਰੂ ਸਾਹਿਬ ਜੀ ਦਇਆਲ = ਦਿਆਲੂ ਭਏ = ਹੋਏ, ਤਦ ਮੈਂ ਸ੍ਵੈ ਸੱਤਾ ਤੋਂ ਹੀਣੇ ਅੰਧੁਲੈ = ਅੰਨ੍ਹੇ ਨੇ ਸਰੀਰ ਦੇ ਅੰਦਰ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਮਾਣਕ ਦੁਆਰਾ ਸੱਚ ਸਰੂਪ ਪਰਮੇਸ਼ਰ ਨੂੰ ਦੇਖਾ = ਵੇਖ ਲਿਆ ਹੈ **ਵਾ:** ਮਾਣਕ ਦੀ ਵਾਤ ਅਮੋਲਕ ਸਤ ਚਿੱਤ ਅਨੰਦ ਸਰੂਪ ਬ੍ਰਹਮ ਨੂੰ ਵੇਖ ਲਿਆ ਹੈ ॥੧॥ਰਹਾਉ॥

## ਕਾਟੇ ਅਗਿਆਨ ਤਿਮਰ, ਨਿਰਮਲੀਆ; ਬੁਧਿ ਬਿਗਾਸ ਬਿਬੇਕਾ ॥

ਜਦ ਬੁਧਿ = ਬੁੱਧੀ ਦੇ ਅੰਦਰ ਬਿਬੇਕਾ = ਵਿਵੇਕ ਦਾ **ਵਾ:** (ਬਿਬ + ਏਕਾ) ਬਿਬ = ਦੋ, ਜੀਵ ਈਸ ਦੀ ਏਕਾ = ਏਕਤਾ ਦੇ ਗਿਆਨ ਦਾ ਬਿਗਾਸ = ਪ੍ਰਕਾਸ਼ ਕਰ ਦਿੱਤਾ, ਤਦ ਚਿੱਤ ਨਿਰਮਲੀਆ = ਉੱਜਲ ਹੋ ਗਿਆ ਤੇ ਅਗਿਆਨ ਰੂਪੀ ਤਿਮਰ = ਹਨੇਰੇ ਦੇ ਅਵਰਨ ਤੇ ਵਿਖੇਪ ਆਦਿ ਦੋਵੇਂ ਭਾਗ ਕਾਟੇ = ਕੱਟੇ ਗਏ ਹਨ।

## ਜਿਉ ਜਲ ਤਰੰਗ ਫੇਨੁ ਜਲ ਹੋਈ ਹੈ; ਸੇਵਕ ਠਾਕੁਰ ਭਏ ਏਕਾ ॥੧॥

ਜਿਉ = ਜਿਵੇਂ ਜਲ = ਪਾਣੀ ਦੀ ਤਰੰਗ = ਲਹਿਰ ਤੇ ਫੇਨੁ = ਝੱਗ ਜਲ = ਪਾਣੀ ਦਾ ਰੂਪ ਹੀ ਹੋਈ = ਹੁੰਦੀ ਹੈ, ਇਸੇ ਪ੍ਰਕਾਰ ਠਾਕੁਰ = ਮਾਲਕ ਪਰਮੇਸ਼ਰ ਤੇ ਉਸਦੇ ਸੇਵਕ = ਦਾਸ ਵਾਸ਼ਨਾ ਦੀ ਨਵਿਰਤੀ ਹੋਣ ਕਰਕੇ ਏਕਾ = ਇੱਕੋ ਹੀ ਰੂਪ ਭਏ = ਹੋ ਜਾਂਦੇ ਹਨ **ਵਾ:** ਇਸੇ ਪ੍ਰਕਾਰ ਬ੍ਰਹਮ ਜਲ ਦੀ ਨਿਆਈਂ ਹੈ, ਤਰੰਗ ਦੀ ਨਿਆਈਂ ਈਸਰ ਹੈ ਤੇ ਝੱਗ ਦੀ ਨਿਆਈਂ ਜੀਵ ਹੈ ਅੰਤ ਨੂੰ ਸਭ ਕੁਝ, ਬ੍ਰਹਮ ਰੂਪ ਜਲ ਵਿਚ ਹੀ ਮਿਲ ਜਾਣਾ ਹੈ ॥੧॥

## ਜਹ ਤੇ ਉਠਿਓ, ਤਹ ਹੀ ਆਇਓ; ਸਭ ਹੀ ਏਕੈ ਏਕਾ ॥

ਜਹ = ਜਿਸ ਸਰੂਪ ਦੇ ਅਗਿਆਨ ਤੇ = ਤੋਂ ਜੀਵ-ਭਾਵ ਉਠਿਓ = ਉੱਠਿਆ ਸੀ ਕਿ ਮੈਂ ਜੀਵ ਹਾਂ, ਤਹ = ਉਥੇ ਹੀ ਆਪਣੇ ਸਰੂਪ ਦੇ ਗਿਆਨ ਕਰਕੇ ਤੁਰੀਆ ਪਦ ਰੂਪੀ ਸਰੂਪ ਦੇ ਵਿਚ ਆਇਓ = ਆ ਕੇ ਇਸਥਿਤ ਹੋ ਗਿਆ ਹੈ, ਇਸ ਲਈ ਸਭ = ਸਾਰੇ ਪਾਸੇ ਹੀ ਏਕੈ = ਇੱਕੋ ਇਕ ਨਿਰਗੁਣ ਸਰੂਪ ਪਰਮੇਸ਼ਰ ਹੀ ਦਿੱਸਦਾ ਹੈ।

## ਨਾਨਕ, ਦ੍ਰਿਸਟਿ ਆਇਓ ਸ੍ਰਬ ਠਾਈ; ਪ੍ਰਾਣਪਤੀ ਹਰਿ ਸਮਕਾ ॥੨॥੪॥੨੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸ੍ਰਬ = ਸਾਰਿਆਂ ਠਾਈ = ਥਾਵਾਂ ਵਿੱਚੋਂ ਇਹੋ ਦ੍ਰਿਸਟਿ = ਦ੍ਰਿਸ਼ਟੀ ਆਇਓ = ਆਇਆ ਹੈ ਕਿ ਪ੍ਰਾਣਪਤੀ = ਪ੍ਰਾਣਾਂ ਦਾ ਪਤੀ ਹਰਿ = ਪਰਮੇਸ਼ਰ ਹੀ ਸਮਕਾ = ਸਮਾਇਆ ਹੋਇਆ ਹੈ **ਵਾ:** ਸਮਕਾ = ਸਮਾਨ ਰੂਪ ਹੋ ਕਰਕੇ ਸਮਾਇਆ ਹੋਇਆ ਹੈ **ਵਾ:** ਸਾਰਿਆਂ ਵਿਚ ਪ੍ਰਾਣਾਂ ਦਾ ਪਤੀ ਪਰਮੇਸ਼ਰ ਸਮਰੂਪ ਹੋ ਰਿਹਾ ਹੈ॥੨॥੪॥੨੭॥

## ਸਾਰਗ ਮਹਲਾ ੫ ॥
## ਮੇਰਾ ਮਨੁ; ਏਕੈ ਹੀ ਪ੍ਰਿਅ ਮਾਂਗੈ ॥

ਮੇਰਾ ਮਨੁ = ਚਿੱਤ ਏਕੈ = ਇਕ ਪ੍ਰਿਅ = ਪਿਆਰੇ ਅਕਾਲ ਪੁਰਖ ਦਾ ਦੀਦਾਰ ਹੀ ਮਾਂਗੈ = ਮੰਗਦਾ ਹੈ।

## ਪੇਖਿ ਆਇਓ, ਸਰਬ ਥਾਨ ਦੇਸ; ਪ੍ਰਿਅ ਰੋਮ ਨ ਸਮਸਰਿ ਲਾਗੈ ॥੧॥ਰਹਾਉ॥

ਸਰਬ = ਸਾਰੇ ਥਾਨ = ਥਾਵਾਂ ਵਿਚ ਤੇ ਦੇਸਾਂ ਵਿਚ ਪੇਖਿ = ਦੇਖ ਆਇਓ = ਆਇਆ ਹਾਂ **ਵਾ:** ਸਾਰੇ ਅੰਤਹਕਰਣ ਰੂਪੀ ਥਾਵਾਂ ਵਿਚ ਤੇ ਦੇਸ = ਦੇਸਾਂ ਦਸੰਤਰਾਂ **ਵਾ:** ਦੇਸ = ਅੰਗ ਭਾਵ ਯਮ, ਨੇਮ ਆਦਿ ਸਾਧਨ ਕਰਕੇ ਵੇਖ ਆਇਆ ਹਾਂ **ਵਾ:** ਸਾਰੇ ਸਵਰਗ ਆਦਿਕਾਂ ਦੇ ਸੁਖ, ਸਾਰੇ ਸ਼ਿਵਪੁਰੀ, ਬ੍ਰਹਮ ਪੁਰੀ ਆਦਿ ਦੇਸ਼ਾਂ ਦੇ ਸੁਖ ਵੇਖ ਆਇਆ ਹਾਂ **ਵਾ:** ਜਾਗਰਤ, ਸੁਪਨ, ਸੁਖੋਪਤ ਅਵਸਥਾ ਰੂਪੀ **ਵਾ:** ਵਿਸ੍ਵ ਨਾਮੇ ਜੀਵ ਦੇ ਜਾਗ੍ਰਤ ਅਵਸਥਾ ਰੂਪੀ ਦੇਸ਼ ਵਿਚ **ਵਾ:** ਤੈਜਸ੍ਵ ਨਾਮੇ ਜੀਵ ਦੇ ਸੁਪਨ ਅਵਸਥਾ ਰੂਪੀ ਦੇਸ਼ ਵਿਚ **ਵਾ:** ਪ੍ਰਾਗਯ ਨਾਮੇ ਜੀਵ ਦੇ ਸੁਖੋਪਤ ਅਵਸਥਾ ਰੂਪੀ ਦੇਸ਼ਾਂ ਵਿਚ **ਵਾ:** ਭੂਤ, ਭਵਿੱਖ, ਵਰਤਮਾਨ, ਰੂਪੀ **ਵਾ:** ਵੈਰਾਟ, ਹਿਰਨ ਗਰਭ ਅੱਭਿਆਕ੍ਰਿਤ ਆਦਿ ਦੇਸਾਂ ਵਿਚ ਵੇਖ ਆਇਆ ਹਾਂ, ਪਰ ਪ੍ਰਿਅ = ਪਿਆਰੇ ਅਕਾਲ ਪੁਰਖ ਦੇ ਰੋਮ ਭਾਵ ਅਨੰਦ ਦੇ ਸਮਸਰਿ = ਬਰਾਬਰ ਨ = ਨਹੀਂ ਲਾਗੈ = ਲੱਗਦੇ॥੧॥ਰਹਾਉ॥

## ਮੈ ਨੀਰੇ, ਅਨਿਕ ਭੋਜਨ ਬਹੁ ਬਿੰਜਨ; ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥

ਮੈਂ ਮਨ ਦੇ ਅੱਗੇ ਨੀਰੇ = ਪਰੋਸ ਪਰੋਸ ਕੇ ਅਨਿਕ = ਅਨੇਕਾਂ ਮਿੱਠੇ ਭੋਜਨ ਤੇ ਬਹੁ = ਬਹੁਤ ਤਰ੍ਹਾਂ ਦੇ ਬਿੰਜਨ = ਸਲੂਣੇ ਪਦਾਰਥ ਰੱਖੇ, ਪਰ ਮੇਰਾ ਮਨ ਤਿਨ = ਉਨ੍ਹਾਂ ਸਿਉ = ਨਾਲ, ਵੱਲ ਰੁਚਾਂਗੈ = ਰੁਚੀ ਦੇ ਸਹਿਤ ਦ੍ਰਿਸਟਿ = ਦ੍ਰਿਸ਼ਟੀ ਨ = ਨਹੀਂ ਕਰੈ = ਕਰਦਾ **ਵਾ:** ਉਨ੍ਹਾਂ ਪਦਾਰਥਾਂ ਵੱਲ (ਰੁਚ + ਆਂਗੈ) ਆਂਗੈ = ਹਿਰਦੇ ਦੀ ਰੁਚ = ਰੁਚੀ ਕਰਕੇ ਦ੍ਰਿਸ਼ਟੀ ਨਹੀਂ ਕਰਦਾ।

**ਅਥਵਾ** ਮੈਂ ਪਰੋਸ ਪਰੋਸ ਕੇ ਅਨੇਕਾਂ ਵੇਦਾਂਤ ਦੇ ਵਾਕਾਂ ਦਾ ਸ੍ਰਵਨ ਗਿਆਨ ਰੂਪੀ ਸਲੂਣਾ ਭੋਜਨ ਤੇ ਮੰਨਣ ਗਿਆਨ ਰੂਪੀ ਮਿੱਠਾ ਭੋਜਨ ਰੱਖਣਾ ਕੀਤਾ ਹੈ ਪਰ ਮੇਰਾ ਗਿਆਨ, ਪ੍ਰੇਮ, ਭਗਤੀ ਰੂਪ ਭੋਜਨ ਤੋਂ ਬਗ਼ੈਰ ਹੋਣ ਕਾਰਨ ਉਨ੍ਹਾਂ ਦੇ ਨਾਲ ਰਿਦੇ ਦੀ ਰੁਚੀ ਸਹਿਤ ਦ੍ਰਿਸ਼ਟੀ ਨਹੀਂ ਕਰਦਾ।

## ਹਰਿ ਰਸੁ ਚਾਹੈ, ਪ੍ਰਿਅ ਪ੍ਰਿਅ ਮੁਖਿ ਟੇਰੈ; ਜਿਉ ਅਲਿ ਕਮਲਾ, ਲੋਭਾਂਗੈ ॥੧॥

ਹਰਿ = ਪਰਮੇਸ਼ਰ ਦੇ ਮਿਲਾਪ ਦੇ ਰਸੁ = ਅਨੰਦ ਨੂੰ ਮੇਰਾ ਮਨ ਇਉਂ ਚਾਹੈ = ਚਾਹੁੰਦਾ ਹੈ, ਜਿਵੇਂ ਬੰਬੀਹਾ ਪ੍ਰਿਅ ਪ੍ਰਿਅ = ਪ੍ਰਿਉ ਪ੍ਰਿਉ ਸ਼ਬਦ ਮੁਖਿ = ਮੂੰਹੋਂ ਟੇਰੈ = ਬੋਲਦਾ ਹੈ, ਇਉਂ ਮੇਰਾ ਮਨ ਹੇ ਪਿਆਰੇ ਹੇ ਪਿਆਰੇ ਉਚਾਰਦਾ ਰਹਿੰਦਾ ਹੈ ਤੇ ਜਿਉ = ਜਿਵੇਂ ਅਲਿ = ਭੌਰਾ ਕਮਲਾਂ ਦੇ ਉੱਤੇ ਲੋਭਾਂਗੈ = ਲੁਭਾਇਮਾਨ ਹੁੰਦਾ ਹੈ **ਵਾ:** ਇਸੇ ਤਰ੍ਹਾਂ ਮੇਰਾ ਹਿਰਦਾ ਤੇਰੇ ਸਰੂਪ ਦੇ ਦਰਸ਼ਨਾਂ ਵਿਚ ਲੁਭਾਇਮਾਨ ਹੋ ਰਿਹਾ ਹੈ॥੧॥

[ਅੰਗ ੧੨੧੦]

## ਗੁਣ ਨਿਧਾਨ ਮਨਮੋਹਨ ਲਾਲਨ; ਸੁਖਦਾਈ ਸਰਬਾਂਗੈ ॥

ਹੇ ਸ਼ੁਭ ਗੁਣਾਂ ਦੇ ਨਿਧਾਨ = ਖ਼ਜ਼ਾਨੇ, ਸਭ ਦੇ ਮਨ ਨੂੰ ਮੋਹਨ = ਮੋਹਿਤ ਕਰਨ ਵਾਲੇ ਲਾਲਨ = ਪਿਆਰੇ ਪਰਮੇਸ਼ਰ ! ਤੂੰ ਆਪ ਹੀ ਸਰਬਾਂਗੈ = ਸਾਰਿਆਂ ਦੇ ਅੰਗਾਂ ਵਿਚ ਵਿਆਪਕ ਹੈਂ ਤੇ ਸਭ ਸੁਖਦਾਈ = ਸੁੱਖਾਂ ਦੇ ਦੇਣ ਵਾਲਾ ਹੈਂ।

## ਗੁਰਿ ਨਾਨਕ, ਪ੍ਰਭ ਪਾਹਿ ਪਠਾਇਓ; ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮੇਸ਼ਰ ! ਗੁਰਿ = ਸਤਿਗੁਰਾਂ ਨੇ ਮੈਨੂੰ ਤੇਰੇ ਪਾਹਿ = ਕੋਲ ਪਠਾਇਓ = ਭੇਜਿਆ ਹੈ **ਵਾ:** ਨਾਮ ਬਾਣੀ ਦੀ ਉਪਦੇਸ਼ ਰੂਪੀ ਚਿੱਠੀ ਦੇ ਕੇ ਭੇਜਿਆ ਹੈ, ਹੇ ਮੇਰੇ ਪਿਆਰੇ ਸਖਾ = ਮਿੱਤਰ ਰੂਪ ਪਰਮੇਸ਼ਰ ! ਹੁਣ ਤਾਂ ਅਭੇਦ ਨਿਸਚੇ ਰੂਪੀ ਗਲਿ = ਕੰਠ ਨਾਲ ਲਾਗੈ = ਲੱਗ ਕਰਕੇ ਮਿਲਹੁ = ਮਿਲਣਾ ਕਰੋ ॥੨॥੫॥੨੮॥

## ਸਾਰਗ ਮਹਲਾ ੫ ॥

## ਅਬ ਮੋਰੋ; ਠਾਕੁਰ ਸਿਉ ਮਨੁ ਮਾਨਾਂ ॥

ਅਬ = ਹੁਣ ਮੋਰੋ = ਮੇਰਾ ਠਾਕੁਰ = ਮਾਲਕ ਪਰਮੇਸ਼ਰ ਦੇ ਸਿਉ = ਨਾਲ ਮਨੁ = ਚਿੱਤ ਮਾਨਾਂ = ਮੰਨ ਗਿਆ ਹੈ।

## ਸਾਧ ਕ੍ਰਿਪਾਲ ਦਇਆਲ ਭਏ ਹੈ; ਇਹੁ ਛੇਦਿਓ ਦੁਸਟੁ ਬਿਗਾਨਾ ॥੧॥ਰਹਾਉ॥

ਜਦ ਤੋਂ ਕ੍ਰਿਪਾਲ = ਕ੍ਰਿਪਾਲੂ ਸਾਧ = ਸ੍ਰੇਸ਼ਟ ਪੁਰਖ, ਸੰਤ ਜਨ ਮੇਰੇ ਉੱਤੇ ਦਇਆਲ = ਦਿਆਲੂ ਭਏ = ਹੋਏ ਹੈ = ਹਨ, ਤਦ ਜੋ ਮੇਰਾ ਹੰਗਤਾ ਮਮਤਾ ਵਾਲਾ ਦੁਸਟੁ = ਭੈੜਾ ਸੁਭਾਵ ਬਿਗਾਨਾ = ਬੇਗਿਆਤ ਕਰਨ ਵਾਲਾ **ਵਾ:** ਸਰੂਪ ਦੇ ਗਿਆਨ ਤੋਂ ਹੀਨਾ ਕਰਨ ਵਾਲਾ ਸੀ **ਵਾ:** ਬਿਗਾਨੇ ਦੂਤਾਂ ਦੇ ਹਵਾਲੇ ਕਰਨ ਵਾਲਾ ਸੀ **ਵਾ:** ਜੋ ਕਾਮ, ਕ੍ਰੋਧ, ਆਦਿ ਵਿਕਾਰਾਂ ਵਾਲਾ ਦੁਸ਼ਟ ਸੁਭਾਅ ਪਰਮੇਸ਼ਰ ਦੇ ਜੱਸ (ਬਿ + ਗਾਨਾ) ਗਾਨਾ = ਗਾਉਣ ਤੋਂ ਬਿ = ਬਿਨਾਂ ਰਹਿੰਦਾ ਸੀ, ਇਹ ਸੰਤ ਜਨਾਂ ਨੇ ਨਿਮਰਤਾ ਰੂਪੀ ਤਲਵਾਰ ਦੇ ਨਾਲ ਛੇਦਿਓ = ਕੱਟ ਦਿੱਤਾ ਹੈ ॥੧॥ਰਹਾਉ॥

## ਤੁਮ ਹੀ ਸੁੰਦਰ, ਤੁਮਹਿ ਸਿਆਨੇ; ਤੁਮ ਹੀ ਸੁਘਰ ਸੁਜਾਨਾ ॥

ਹੇ ਪਰਮੇਸ਼ਰ ! ਤੁਮ = ਤੂੰ ਹੀ ਸਤ ਚਿੱਤ ਅਨੰਦ ਸਰੂਪ ਹੋਣ ਕਰਕੇ ਸੁੰਦਰ ਸਰੂਪ ਹੈਂ, ਤੁਮਹਿ = ਤੂੰ ਹੀ ਘਟਿ ਘਟਿ ਦੀ ਜਾਨਣ ਕਰਕੇ ਸਿਆਨੇ = ਸਿਆਣਪ ਵਾਲਾ ਹੈਂ ਅਤੇ ਤੁਮ = ਤੂੰ ਹੀ ਜੀਵਾਂ ਦੀਆਂ ਸੁਘਰ = ਸ੍ਰੇਸ਼ਟ ਘਾੜਤਾਂ ਘੜਨ ਵਾਲਾ ਹੈਂ ਅਤੇ ਸ਼ਾਸਤਰ ਗਿਆਨ ਦੀ ਸੁਜਾਨਾ = ਸੁਜਾਣਤਾ ਦੇਣ ਵਾਲਾ ਹੈਂ **ਵਾ:** ਸ਼ੁਭ ਗੁਣਾਂ ਦੀਆਂ ਸ੍ਰੇਸ਼ਟ ਘਾੜਤਾਂ ਘੜ ਕਰਕੇ, ਸੁਜਾਨਾ = ਉੱਤਮ ਗਿਆਨ ਦੁਆਰਾ ਆਪਣੇ ਸਰੂਪ ਦੀ ਗਿਆਤ ਦੇਣ ਵਾਲਾ ਹੈਂ।

## ਸਗਲ ਜੋਗ ਅਰੁ ਗਿਆਨ ਧਿਆਨ; ਇਕ ਨਿਮਖ ਨ ਕੀਮਤਿ ਜਾਨਾਂ ॥੧॥

ਸਗਲ = ਸਾਰੇ ਜੋਗਾ ਅਭਿਆਸ ਕਰਨ ਵਾਲੇ ਪੁਰਖਾਂ ਅਰੁ = ਅਤੇ ਤੱਤਾਂ ਦੇ ਨਿਰਣੇ ਦਾ ਗਿਆਨ

ਕਰਨ ਵਾਲੇ, ਪੁਰਖ, ਧਿਆਨ ਦੁਆਰਾ ਵਿਰਤੀਆਂ ਦਾ ਨਿਰੋਧ ਕਰਨ ਵਾਲੇ ਪੁਰਖ ਆਦਿ ਇਨ੍ਹਾਂ ਸਾਰਿਆਂ ਨੇ ਇਕ ਨਿਮਖ = ਛਿਨ ਮਾਤਰ ਵੀ ਤੇਰੇ ਸਰੂਪ ਦੇ ਅਨੰਦ ਦੀ ਕੀਮਤ ਨੂੰ ਜਾਨਾਂ = ਜਾਨਣਾ ਨ = ਨਹੀਂ ਕੀਤਾ ॥੧॥

## ਤੁਮ ਹੀ ਨਾਇਕ, ਤੁਮਹਿ ਛਤ੍ਰਪਤਿ; ਤੁਮ ਪੂਰਿ ਰਹੇ ਭਗਵਾਨਾ ॥

ਹੇ ਪਰਮੇਸ਼ਰ ! ਤੁਮ = ਤੂੰ ਹੀ ਸਭ ਦਾ ਨਾਇਕ = ਪ੍ਰੇਰਕ ਹੈਂ **ਵਾ:** ਨਾਇਕ = ਮਾਲਕ ਹੈਂ, ਤੁਮ੍ਹਿ = ਤੂੰ ਹੀ ਛਤ੍ਰਪਤਿ = ਛਤਰ ਦਾ ਸ੍ਵਾਮੀ ਰਾਜਾ ਹੈਂ **ਵਾ:** ਛਤਰਾਂ ਵਾਲੇ ਬ੍ਰਹਮਾ ਆਦਿਕਾਂ ਦਾ ਪਤੀ, ਮਾਲਕ ਹੈਂ, ਹੇ ਭਗਵਾਨਾ = ਪਰਮੇਸ਼ਰ ! ਤੁਮ = ਤੂੰ ਹੀ ਸਾਰੇ ਥਾਵਾਂ ਵਿਚ ਪੂਰਿ = ਪੂਰਨ ਹੋ ਰਹੇ = ਰਿਹਾ ਹੈਂ।

## ਪਾਵਉ ਦਾਨੁ ਸੰਤ ਸੇਵਾ ਹਰਿ; ਨਾਨਕ ਸਦ ਕੁਰਬਾਨਾਂ ॥੨॥੬॥੨੯॥

ਹੇ ਹਰਿ = ਪਰਮੇਸ਼ਰ ! ਤੇਰਾ ਨਾਮ ਜਪਣ ਵਾਲੇ ਸੰਤ = ਸ਼ਾਂਤ ਆਤਮਾ ਵਾਲੇ ਪੁਰਖਾਂ ਦੀ ਸੇਵਾ = ਟਹਿਲ ਕਰਨ ਰੂਪ ਦਾਨ ਮੈਨੂੰ ਪਾਵਉ = ਪਾਉਣਾ ਕਰੋ **ਵਾ:** ਮੇਰੀ ਬੁੱਧ ਰੂਪੀ ਝੋਲੀ ਵਿਚ ਪਾਉਣਾ ਕਰੋ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਮੈਂ ਤੇਰੇ ਉਪਰੋਂ ਸਦ = ਸੈਂਕੜੇ ਵਾਰੀ ਕੁਰਬਾਨਾਂ = ਬਲਿਹਾਰ ਜਾਂਦਾ ਹਾਂ ॥੨॥੬॥੨੯॥

## ਸਾਰਗ ਮਹਲਾ ੫ ॥
## ਮੇਰੈ ਮਨਿ; ਚੀਤਿ ਆਏ ਪ੍ਰਿਅ ਰੰਗਾ ॥

ਮੇਰੈ = ਮੇਰੇ ਮਨਿ = ਹਿਰਦੇ ਵਿਚ ਗੁਰ ਉਪਦੇਸ਼ ਦੁਆਰਾ ਪ੍ਰਿਅ = ਪਿਆਰੇ ਅਕਾਲ ਪੁਰਖ ਦਾ ਰੰਗਾ = ਅਨੰਦ, ਪ੍ਰੇਮ ਚੀਤਿ = ਚਿੱਤ ਵਿਚ ਆਏ = ਆ ਕੇ ਵੱਸ ਗਿਆ ਹੈ **ਵਾ:** ਪਿਆਰੇ ਦੇ ਮਿਲਣ ਦਾ ਅਨੰਦ ਚੀਤਿ = ਚੇਤੇ ਆ ਗਿਆ ਹੈ।

## ਬਿਸਰਿਓ, ਧੰਧੁ ਬੰਧੁ ਮਾਇਆ ਕੋ; ਰਜਨਿ ਸਬਾਈ ਜੰਗਾ ॥੧॥ਰਹਾਉ॥

ਜੋ ਮਾਇਆ ਦੇ ਧੰਧੁ = ਧੰਦਿਆਂ ਕੋ = ਦਾ ਬੰਧੁ = ਬੰਧਨ ਸੀ, ਉਹ ਪਰਮੇਸ਼ਰ ਦੀ ਕਿਰਪਾ ਕਰਕੇ ਬਿਸਰਿਓ = ਵਿਸਰ ਗਿਆ ਹੈ ਅਤੇ ਸਬਾਈ = ਸਾਰੀ ਰਜਨਿ = ਰਾਤ ਆਲਸ ਦੇ ਨਾਲ ਜੰਗਾ = ਯੁੱਧ ਕਰਦਿਆਂ ਗੁਜ਼ਰਦੀ ਹੈ **ਵਾ:** ਸਾਰੀ ਅਵਸਥਾ ਰੂਪ ਰਾਤ ਕਾਮ ਆਦਿਕ ਵਿਕਾਰਾਂ ਨਾਲ ਜੰਗ ਕਰਦਿਆਂ ਦੀ ਗੁਜ਼ਰਦੀ ਜਾ ਰਹੀ ਹੈ **ਵਾ:** ਹੁਣ ਸਾਰੀ ਅਵਸਥਾ ਰੂਪੀ ਰਾਤ ਪ੍ਰਭੂ ਸਿਮਰਨ ਦੇ ਵਿਚ ਜੰਗਾ = ਜਾਗਣਾ ਕੀਤਾ ਹੈ ॥੧॥ਰਹਾਉ॥

## ਹਰਿ ਸੇਵਉ, ਹਰਿ ਰਿਦੈ ਬਸਾਵਉ; ਹਰਿ ਪਾਇਆ ਸਤਸੰਗਾ ॥

ਹਰਿ = ਪਰਮੇਸ਼ਰ ਦੀ ਸਰੀਰ ਕਰਕੇ ਸੇਵਉ = ਟਹਿਲ ਕਰਦਾ ਹਾਂ, ਹਰਿ = ਪਰਮੇਸ਼ਰ ਨੂੰ ਰਿਦੈ = ਹਿਰਦੇ ਵਿਚ ਬਸਾਵਉ = ਵਸਾਉਣਾ ਕੀਤਾ ਹੈ, ਹਰਿ = ਪਰਮੇਸ਼ਰ ਨੂੰ ਸਤਸੰਗਾ = ਸਤਿਸੰਗਤ ਦੁਆਰਾ ਪਾਇਆ = ਪਾਉਣਾ ਕੀਤਾ ਹੈ।

## ਐਸੋ ਮਿਲਿਓ ਮਨੋਹਰੁ ਪ੍ਰੀਤਮੁ; ਸੁਖ ਪਾਏ ਮੁਖ ਮੰਗਾ ॥੧॥

ਮੈਨੂੰ ਐਸੋ = ਅਜਿਹਾ ਮਨੋਹਰੁ = ਮਨ ਨੂੰ ਹਰਨ ਵਾਲਾ ਸੁੰਦਰ, ਪ੍ਰੀਤਮੁ = ਪਰਮ ਪ੍ਰੇਮ ਦਾ ਅਸਪਦ

ਪਿਆਰਾ ਪਰਮੇਸ਼ਰ ਮਿਲਿਓ = ਮਿਲਿਆ ਹੈ, ਜਿਸ ਕੋਲੋਂ ਮੁਖ = ਮੂੰਹੋਂ ਮੰਗਾ = ਮੰਗੇ ਸੁਖ ਪਾਏ = ਪਾ ਲਏ ਹਨ ॥੧॥

## ਪ੍ਰਿਉ ਅਪਨਾ, ਗੁਰਿ ਬਸਿ ਕਰਿ ਦੀਨਾ; ਭੋਗਉ ਭੋਗ ਨਿਸੰਗਾ ॥

ਜੋ ਅਪਨਾ = ਆਪਣਾ ਸਾਰਿਆਂ ਦਾ ਆਤਮਾ ਰੂਪ ਮੇਰਾ ਪਿਆਰਾ ਪ੍ਰਿਉ = ਪਤੀ ਪਰਮੇਸ਼ਰ ਹੈ, ਉਹ ਗੁਰਿ = ਗੁਰਾਂ ਨੇ ਨਾਮ ਬਾਨੀ ਦਾ ਉਪਦੇਸ਼ ਦੇ ਕੇ ਬਸਿ = ਅਧੀਨ (ਵੱਸ) ਕਰ ਦੀਨਾ = ਦਿੱਤਾ ਹੈ, ਇਸ ਲਈ ਹੁਣ ਮੈਂ ਬ੍ਰਹਮਾਨੰਦ ਰੂਪੀ ਭੋਗਾਂ ਨੂੰ ਭੋਗ ਕੇ ਨਿਸੰਗਾ = ਸ਼ੰਕੇ ਤੋਂ ਰਹਿਤ ਹੋ ਕੇ ਆਤਮਾਨੰਦ ਦੇ ਰਸ ਨੂੰ ਭੋਗਉ = ਭੋਗਦਾ, ਮਾਣਦਾ ਹਾਂ।

## ਨਿਰਭਉ ਭਏ ਨਾਨਕ, ਭਉ ਮਿਟਿਆ; ਹਰਿ ਪਾਇਓ ਪਾਠੰਗਾ ॥੨॥੭॥੩੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਨਿਰਭਉ = ਡਰ ਤੋਂ ਰਹਿਤ ਸਰੂਪ ਨੂੰ ਪ੍ਰਾਪਤ ਭਏ = ਹੋ ਗਿਆ ਹਾਂ ਤੇ ਮੇਰਾ ਜੰਮਣ ਮਰਣ ਦਾ ਭਉ = ਡਰ ਵੀ ਸਾਰਾ ਮਿਟਿਆ = ਮਿਟ ਗਿਆ ਹੈ ਕਿਉਂਕਿ ਮੈਂ ਨਾਮ ਸਿਮਰਨ ਰੂਪ ਪਾਠੰਗਾ = ਪਾਠ ਦੇ ਅੰਗ = ਪੱਖ ਕਰਕੇ ਹਰਿ = ਪਰਮੇਸ਼ਰ ਨੂੰ ਪਾਇਓ = ਪਾ ਲਿਆ ਹੈ **ਵਾ:** ਗੁਰਾਂ ਦੀ ਪਾਠੰਗਾ = ਮੇਹਰ ਕਰਕੇ **ਵਾ:** ਸੰਤ ਜਨਾਂ ਦੀ ਸੰਗਤ ਦੇ ਪਾਠੰਗਾ = ਸਬੱਬ ਕਰਕੇ ਹਰਿ = ਪਰਮੇਸ਼ਰ ਨੂੰ ਪਾ ਲਿਆ ਹੈ **ਵਾ:** ਜਦ ਪਰਮੇਸ਼ਰ ਨੇ ਕਿਰਪਾ ਕਰਕੇ ਸਤਿਸੰਗਤ ਵਿਚ ਪਾਠੰਗਾ = ਪਠਾਉਣਾ, ਭੇਜਣਾ ਕੀਤਾ, ਤਦ ਪਰਮੇਸ਼ਰ ਨੂੰ ਪਾਉਣਾ ਕੀਤਾ ॥੨॥੭॥੩੦॥

## ਸਾਰਗ ਮਹਲਾ ੫ ॥

## ਹਰਿ ਜੀਉ ਕੇ; ਦਰਸਨ ਕਉ ਕੁਰਬਾਨੀ ॥

ਹਰਿ = ਪਰਮੇਸ਼ਰ ਜੀਉ = ਜੀ ਕੇ = ਦੇ ਦਰਸਨ = ਦੀਦਾਰਾਂ ਕਉ = ਤੋਂ ਮੈਂ ਕੁਰਬਾਨੀ = ਬਲਿਹਾਰ ਜਾਂਦਾ ਹਾਂ।

## ਬਚਨ ਨਾਦ ਮੇਰੇ ਸ੍ਰਵਨਹੁ ਪੂਰੇ; ਦੇਹਾ ਪ੍ਰਿਅ ਅੰਕਿ ਸਮਾਨੀ ॥੧॥ਰਹਾਉ॥

ਸਤਿਗੁਰਾਂ ਦੇ ਨਾਦ = ਬ੍ਰਹਮ ਦੀ ਸਖਿਆਤਤਾ **ਵਾ:** ਜੀਵ ਈਸ ਦੀ ਏਕਤਾ ਵਾਲੇ ਬਚਨ = ਵਾਕ ਮੇਰੇ ਸ਼ਰਧਾ ਤੇ ਵਿਸ਼ਵਾਸ ਰੂਪੀ ਸ੍ਰਵਨਹੁ = ਕੰਨਾਂ ਵਿਚ ਹਰ ਵਕਤ ਪੂਰੇ = ਭਰੇ ਰਹਿੰਦੇ ਹਨ **ਵਾ:** ਜੋ ਗੁਰਾਂ ਦੇ ਪਵਿੱਤਰ ਬਚਨ ਸ਼ਬਦ ਰੂਪ ਵਿਚ ਸ੍ਰਵਨ ਕਰਵਾਏ ਹੋਏ ਹਨ, ਉਹ ਨਾਦ = ਵਾਜਿਆਂ ਦੀ ਨਿਆਈਂ ਮੇਰੇ ਕੰਨਾਂ ਵਿਚ ਪੂਰਨ ਹਨ ਅਤੇ ਮੇਰੀ ਦੇਹਾ = ਸੂਖਮ ਦੇਹੀ **ਵਾ:** ਬੁੱਧੀ ਵੀ ਪ੍ਰਿਅ = ਪਿਆਰੇ ਦੇ ਅੰਕਿ = ਪ੍ਰੇਮ ਵਿਚ ਸਮਾਨੀ = ਸਮਾਅ, ਲੀਨ ਹੋ ਗਈ ਹੈ ॥੧॥ਰਹਾਉ॥

## ਛੂਟਰਿ ਤੇ, ਗੁਰਿ ਕੀਈ ਸੋੁਹਾਗਨਿ; ਹਰਿ ਪਾਇਓ ਸੁਘੜ ਸੁਜਾਨੀ ॥

ਵਾਹਿਗੁਰੂ ਦੇ ਭਜਨ ਤੇ = ਤੋਂ ਛੂਟਰਿ = ਛੁੱਟੜ ਹੋਈ ਸੁਰਤ ਗੁਰਾਂ ਨੇ ਵਾਹਿਗੁਰੂ ਦੀ ਪ੍ਰਾਪਤੀ ਦੇ ਸੋੁਹਾਗਨਿ = ਸੁਹਾਗ, ਅਨੰਦ ਵਾਲੀ ਬਣਾਉਣਾ ਕੀਈ = ਕੀਤੀ ਹੈ, ਬਣਾ ਦਿੱਤੀ ਹੈ, ਜਿਸ ਕਰਕੇ ਸੁਘੜ = ਸ੍ਰੇਸ਼ਟ ਘਾੜਤਾਂ ਨੂੰ ਘੜਨ ਵਾਲੇ ਸੁਜਾਨੀ = ਅੰਤਰਜਾਮੀ ਹਰਿ = ਪਰਮੇਸ਼ਰ ਨੂੰ ਪਾਇਓ = ਪਾ ਲਿਆ ਹੈ।

## ਜਿਹ ਘਰ ਮਹਿ, ਬੈਸਨੁ ਨਹੀ ਪਾਵਤ; ਸੋ ਥਾਨੁ ਮਿਲਿਓ ਬਾਸਾਨੀ ॥੧॥

ਜਿਹ = ਜਿਸ ਸਰੂਪ ਰੂਪੀ ਘਰ ਮਹਿ = ਵਿਚ ਮੈਂ ਪਹਿਲਾਂ ਪ੍ਰਮਾਣਗਤ, ਪ੍ਰਮੇਯਗਤ ਆਦਿ ਸੰਸਿਆਂ ਕਰਕੇ ਬੈਸਨੁ = ਬੈਠਣਾ, ਇਸਥਿਤ ਹੋਣਾ ਨਹੀਂ ਪਾਵਤ = ਪਾਉਂਦਾ ਸੀ, ਹੁਣ ਸੋ = ਉਹ ਸਰੂਪ, ਤੁਰੀਆ ਪਦ ਰੂਪੀ ਥਾਨੁ = ਥਾਂ ਬਾਸਾਨੀ = ਵੱਸਣ ਵਾਸਤੇ ਮੈਨੂੰ ਮਿਲਿਓ = ਮਿਲ ਗਿਆ ਹੈ ॥੧॥

## ਉਨ ਕੈ ਬਸਿ ਆਇਓ ਭਗਤਿ ਬਛਲੁ; ਜਿਨਿ ਰਾਖੀ ਆਨ ਸੰਤਾਨੀ ॥

ਭਗਤਿ = ਭਗਤੀ ਕਰਨ ਵਾਲੇ ਭਗਤਾਂ ਦਾ ਬਛਲੁ = ਪਿਆਰਾ ਪਰਮੇਸ਼ਰ ਉਨ = ਉਨ੍ਹਾਂ ਕੈ = ਦੇ ਬਸਿ = ਅਧੀਨ (ਵੱਸ) ਆਇਓ = ਆਇਆ ਹੈ, ਜਿਨਿ = ਜਿਨ੍ਹਾਂ ਨੇ ਸੰਤਾਨੀ = ਸੰਤਾਂ ਦੀ ਆਨ = ਇੱਜ਼ਤ, ਵਡਿਆਈ ਰਾਖੀ = ਰੱਖੀ ਹੈ **ਵਾ**: ਸੰਤ ਪੁਣੇ ਦੀ ਆਨ = ਟੇਕ ਰੱਖੀ ਹੈ।

## ਕਹੁ ਨਾਨਕ, ਹਰਿ ਸੰਗਿ ਮਨੁ ਮਾਨਿਆ;
## ਸਭ ਚੂਕੀ ਕਾਣਿ ਲੋੁਕਾਨੀ ॥੨॥੮॥੩੧॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਹੁਣ ਹਰਿ = ਪਰਮੇਸ਼ਰ ਦੇ ਸੰਗਿ = ਨਾਲ ਮਨੁ = ਚਿੱਤ ਮਾਨਿਆ = ਮੰਨ ਗਿਆ ਹੈ ਅਤੇ ਲੋੁਕਾਨੀ = ਲੁਕਾਈ ਦੀ ਕਾਣਿ = ਕਨੌਂਡ ਵੀ ਸਭ = ਸਾਰੀ ਚੂਕੀ = ਚੁੱਕੀ ਗਈ ਹੈ ॥੨॥੮॥੩੧॥

## ਸਾਰਗ ਮਹਲਾ ੫ ॥
## ਅਬ ਮੇਰੋ; ਪੰਚਾ ਤੇ ਸੰਗੁ ਤੂਟਾ ॥

ਅਬ = ਹੁਣ ਮੇਰੋ = ਮੇਰਾ ਪੰਚਾ = ਪੰਜਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਆਦਿ ਤੇ = ਤੋਂ ਸੰਗੁ = ਸਾਥ ਤੂਟਾ = ਟੁੱਟ ਗਿਆ ਹੈ।

## ਦਰਸਨੁ ਦੇਖਿ ਭਏ ਮਨਿ ਆਨਦ; ਗੁਰ ਕਿਰਪਾ ਤੇ ਛੂਟਾ ॥੧॥ਰਹਾਉ॥

ਗੁਰਾਂ ਦਾ ਦਰਸਨੁ = ਦੀਦਾਰ ਦੇਖਿ = ਵੇਖ ਕੇ ਮਨਿ = ਚਿੱਤ ਵਿਚ ਆਨਦ = ਅਨੰਦ ਭਏ = ਹੋ ਗਿਆ ਹੈ, ਅਤੇ ਗੁਰਾਂ ਦੀ ਕਿਰਪਾ = ਮੇਹਰ ਤੇ = ਤੋਂ ਵਿਸ਼ਿਆਂ ਦਾ ਸਾਥ ਛੂਟਾ = ਛੁੱਟ ਗਿਆ ਹੈ ॥੧॥ਰਹਾਉ॥

## ਬਿਖਮ ਥਾਨ, ਬਹੁਤ ਬਹੁ ਧਰੀਆ; ਅਨਿਕ ਰਾਖ, ਸੂਰੂਟਾ ॥

ਜੋ ਬਿਖਮ = ਬੜੇ ਕਠਨ ਥਾਨ = ਅਸਥਾਨ ਪੰਜਾਂ ਕੋਸ਼ਾਂ ਰੂਪੀ ਹਨ **ਵਾ**: ਅਗਿਆਨ ਆਦਿ ਦੇ ਹਨ, ਬਹੁਤ ਤੋਂ ਬਹੁ = ਬਹੁਤ ਵਾਸ਼ਨਾ ਰੂਪੀ ਧਰੀਆ = ਪੱਖ ਸਨ **ਵਾ**: ਪੱਖਾਂ ਵਿਚ ਪਾਉਣ ਵਾਲੀਆਂ ਵਾਸ਼ਨਾਵਾਂ ਸਨ ਅਤੇ ਅਨਿਕ = ਅਨੇਕਾਂ ਕਾਮ, ਕ੍ਰੋਧ ਰੂਪੀ ਸੂਰੂਟਾ = ਸੂਰਮੇ ਰਾਖ = ਰਾਖੇ ਬਣੇ ਖੜ੍ਹੇ ਸਨ।

## ਬਿਖਮ ਗਾਰ੍ਹ, ਕਰੁ ਪਹੁਚੈ ਨਾਹੀ; ਸੰਤ ਸਾਨਥ ਭਏ, ਲੂਟਾ ॥੧॥

ਜੋ ਦੇਹ ਅਧਿਆਸ ਰੂਪੀ ਬਿਖਮ = ਕਠਨ ਗਾਰ੍ਹ = ਗੜ੍ਹੀ ਸੀ, ਇਸ ਕਰੁ = ਕਰਕੇ ਅੱਗੇ ਪਰਮੇਸ਼ਰ ਵੱਲ ਪਹੁਚੈ = ਪਹੁੰਚਿਆ ਨਾਹੀ = ਨਹੀਂ ਜਾਂਦਾ ਸੀ, ਪਰ ਜਦ ਸਿਮਰਨ ਭਜਨ ਕਰਨ ਵਾਲੇ ਸੰਤ = ਮਹਾਤਮਾ ਜਨਾਂ ਦਾ ਸਾਨਥ = ਸੰਗ ਪ੍ਰਾਪਤ ਭਏ = ਹੋ ਗਿਆ, ਤਦ ਇਨ੍ਹਾਂ ਸਭ ਵਿਕਾਰਾਂ ਨੂੰ ਲੂਟਾ = ਲੁੱਟ ਲਿਆ ਹੈ ਭਾਵ ਆਸੁਰੀ ਸੰਪਦਾ ਦੀ ਨਵਿਰਤੀ ਕਰਕੇ ਦੈਵੀ ਸੰਪਦਾ ਨੂੰ ਧਾਰਨ ਕਰ ਲਿਆ ਹੈ ॥੧॥

## ਬਹੁਤੁ ਖਜਾਨੇ, ਮੇਰੈ ਪਾਲੈ ਪਰਿਆ; ਅਮੋਲ ਲਾਲ ਆਖੂਟਾ ॥

ਬਹੁਤੁ = ਅਤਿਅੰਤ ਸ਼ੁਭ ਗੁਣਾਂ ਰੂਪੀ ਖਜਾਨੇ = ਭੰਡਾਰੇ ਮੇਰੇ ਰਿਦੇ ਰੂਪੀ ਪਾਲੈ = ਪੱਲੇ ਵਿਚ ਪਰਿਆ = ਪਏ ਹਨ ਅਤੇ ਆਖੂਟਾ = ਮੁੱਕਣ ਤੋਂ ਰਹਿਤ ਅਮੋਲ = ਅਮੋਲਕ, ਲਾਲ = ਪਿਆਰੇ ਪਰਮੇਸ਼ਰ ਦਾ ਪਿਆਰ ਮਿਲਿਆ ਹੈ।

## ਜਨ ਨਾਨਕ, ਪ੍ਰਭਿ ਕਿਰਪਾ ਧਾਰੀ;
## ਤਉ ਮਨ ਮਹਿ ਹਰਿ ਰਸੁ ਘੂਟਾ ॥੨॥੯॥੩੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦ ਮੇਰੇ ਜਨ = ਦਾਸ ਉੱਤੇ ਪ੍ਰਭਿ = ਪਰਮੇਸ਼ਰ ਨੇ ਕਿਰਪਾ = ਮੇਹਰ ਦੀ ਦ੍ਰਿਸ਼ਟੀ ਧਾਰੀ = ਧਾਰਨਾ ਕੀਤੀ, ਤਉ = ਤਦ ਮੈਂ ਮਨ = ਚਿੱਤ ਦੇ ਮਹਿ = ਵਿਚ ਹਰਿ = ਪਰਮੇਸ਼ਰ ਦੇ ਨਾਮ, ਪ੍ਰੇਮ ਰੂਪੀ ਰਸ ਦੇ ਘੂਟਾ = ਘੁੱਟ ਨੂੰ ਭਰਨਾ ਕੀਤਾ, ਭਾਵ ਘੁੱਟਾਂ ਭਰ ਭਰ ਕੇ ਪੀਣਾ ਕੀਤਾ ਹੈ॥੨॥੯॥੩੨॥

## ਸਾਰਗ ਮਹਲਾ ੫ ॥
## ਅਬ ਮੇਰੋ; ਠਾਕੁਰ ਸਿਉ ਮਨੁ ਲੀਨਾ ॥

ਅਬ = ਹੁਣ ਇਸ ਕਾਲ ਵਿਚ ਮੇਰੋ = ਮੇਰਾ ਠਾਕੁਰ = ਮਾਲਕ ਪਰਮੇਸ਼ਰ ਦੇ ਸਿਉ = ਨਾਲ ਮਨੁ = ਚਿੱਤ ਲੀਨਾ = ਲੀਨ ਹੋ ਗਿਆ ਹੈ।

## ਪ੍ਰਾਨ ਦਾਨੁ, ਗੁਰਿ ਪੂਰੈ ਦੀਆ;
## ਉਰਝਾਇਓ ਜਿਉ ਜਲ ਮੀਨਾ ॥੧॥ਰਹਾਉ॥

ਜਦ ਪ੍ਰਾਨ = ਪ੍ਰਾਣਾਂ ਦੇ ਆਸਰਾ ਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਨਾਮ, ਗਿਆਨ ਦਾ ਦਾਨ ਪੂਰੇ = ਪੂਰਨ ਗੁਰਿ = ਸਤਿਗੁਰਾਂ ਨੇ ਦੇ ਦੀਆ = ਦਿੱਤਾ, ਤਦ ਮੇਰਾ ਮਨ ਇਉਂ ਪਰਮੇਸ਼ਰ ਨਾਲ ਉਰਝਾਇਓ = ਮਿਲ ਗਿਆ ਹੈ ਜਿਉ = ਜਿਵੇਂ ਜਲ = ਪਾਣੀ ਵਿਚ ਮੀਨਾ = ਮੱਛੀ ਦਾ ਚਿੱਤ ਮਿਲਿਆ ਹੁੰਦਾ ਹੈ ॥੧॥ਰਹਾਉ॥

## ਕਾਮ, ਕ੍ਰੋਧ, ਲੋਭ, ਮਦ ਮਤਸਰ; ਇਹ ਅਰਪਿ ਸਗਲ ਦਾਨੁ ਕੀਨਾ ॥

ਕਾਮ = ਮੰਦ ਵਾਸ਼ਨਾ (ਵਿਸ਼ੇ ਵਿਚ ਲਾ ਕੇ ਜੀਵਾਂ ਦੇ ਸੁਭਾਅ ਨੂੰ ਖ਼ਰਾਬ ਕਰਨ ਵਾਲਾ) ਚਿੱਤ ਦੀ ਬਿਰਤੀ ਨੂੰ ਤੀਖਣ ਕਰਨ ਵਾਲਾ ਕ੍ਰੋਧ = ਗੁੱਸਾ, ਪਦਾਰਥਾਂ ਦਾ ਲੋਭ = ਲਾਲਚ, ਗੁਣਾਂ ਦਾ ਮਦ = ਹੰਕਾਰ ਅਤੇ ਮਤਸਰ = ਈਰਖਾ ਇਹ ਸਗਲ = ਸਾਰਾ ਕੁਝ ਗੁਰਾਂ ਦੇ ਚਰਨਾਂ ਉੱਤੇ ਅਰਪਿ = ਭੇਟਾ ਕਰਕੇ ਦਾਨ ਦੇਣਾ ਕੀਨਾ = ਕੀਤਾ ਹੈ ਭਾਵ ਇਨ੍ਹਾਂ ਵਿਕਾਰਾਂ ਨੂੰ ਸਦਾ ਲਈ ਤਿਆਗ ਦੇਣਾ ਕੀਤਾ ਹੈ **ਵਾ:** ਇਨ੍ਹਾਂ ਸਭਨਾਂ ਦੀ ਨਵਿਰਤੀ ਕਰਨ ਵਾਲਾ ਗੁਰਾਂ ਨੇ ਮੈਨੂੰ ਨਾਮ, ਬ੍ਰਹਮ ਗਿਆਨ ਦਾ ਦਾਨ ਅਰਪ ਦੇਣਾ ਕੀਤਾ ਹੈ ਭਾਵ ਕਾਮ ਦੀ ਨਵਿਰਤੀ ਵਾਸਤੇ ਵਸਤੂ ਵੀਚਾਰ, ਕ੍ਰੋਧ ਦੀ ਨਵਿਰਤੀ ਵਾਸਤੇ ਸ਼ਾਂਤੀ, ਲੋਭ ਦੀ ਨਵਿਰਤੀ ਵਾਸਤੇ ਸੰਤੋਖ, ਹੰਕਾਰ ਦੀ ਨਵਿਰਤੀ ਵਾਸਤੇ ਨਿਮਰਤਾ, ਈਰਖਾ ਦੀ ਨਵਿਰਤੀ ਵਾਸਤੇ ਸਮਤਾ ਆਦਿ ਦਾ ਦਾਨ ਦੇਣਾ ਕੀਤਾ ਹੈ।

## ਮੰਤ੍ਰੁ ਦ੍ਰਿੜਾਇ ਹਰਿ, ਅਉਖਧੁ ਗੁਰਿ ਦੀਓ; ਤਉ ਮਿਲਿਓ ਸਗਲ ਪ੍ਰਬੀਨਾ ॥੧॥

ਜੋ ਸਤਿਗੁਰਾਂ ਨੇ ਅਗਿਆਨ ਆਦਿ ਰੋਗਾਂ ਦੀ ਨਵਿਰਤੀ ਵਾਸਤੇ ਹਰਿ = ਪਰਮੇਸ਼ਰ ਦਾ ਨਾਮ ਰੂਪ ਮੰਤਰ ਦ੍ਰਿੜਾਇ = ਦ੍ਰਿੜ੍ਹ, ਪ੍ਰਪੱਕ ਕਰਵਾਇਆ ਹੈ, ਇਹੋ ਗੁਰਿ = ਸਤਿਗੁਰਾਂ ਨੇ ਅਉਖਧੁ = ਦਵਾਈ ਦੀਓ = ਦੇਣਾ ਕੀਤੀ ਹੈ, ਜਦੋਂ ਮੈਂ ਰੋਗਾਂ ਤੋਂ ਰਹਿਤ ਹੋ ਗਿਆ ਤਉ = ਤਦੋਂ ਸਗਲ = ਸਾਰਿਆਂ ਤੋਂ ਪ੍ਰਬੀਨਾ = ਚਤੁਰ **ਵਾ:** ਸਾਰਿਆਂ ਦੇ ਘਟਾਂ ਘਟਾਂ ਦੀ ਪ੍ਰਬੀਨਾ = ਪੂਰੀ ਤਰ੍ਹਾਂ ਜਾਨਣ ਵਾਲਾ ਅੰਤਰਜਾਮੀ ਪਰਮੇਸ਼ਰ ਮਿਲਿਓ = ਮਿਲ ਗਿਆ ॥੧॥

## ਗ੍ਰਿਹੁ ਤੇਰਾ, ਤੂ ਠਾਕੁਰੁ ਮੇਰਾ; ਗੁਰਿ ਹਉ ਖੋਈ ਪ੍ਰਭੁ ਦੀਨਾ ॥

ਹੇ ਪਰਮੇਸ਼ਰ! ਇਹ ਸਰੀਰ ਰੂਪੀ **ਵਾ:** ਅੰਤਹਕਰਣ ਰੂਪੀ ਗ੍ਰਿਹੁ = ਘਰ ਤੇਰਾ ਹੈ ਤੇ ਤੂੰ ਹੀ ਮੇਰਾ ਠਾਕੁਰੁ = ਸੁਆਮੀ ਹੈਂ, ਹੇ ਪ੍ਰਭੁ = ਪਰਮੇਸ਼ਰ! ਗੁਰਿ = ਸਤਿਗੁਰਾਂ ਨੇ ਮੇਰੀ ਹਉ = ਹਉਮੈ ਖੋਈ = ਗਵਾ, ਦੂਰ ਕਰ ਦਿੱਤੀ ਹੈ ਅਤੇ ਤੇਰੇ ਨਾਲ ਮਿਲਾ ਦੀਨਾ = ਦਿੱਤਾ ਹੈ।

[ਅੰਗ ੧੨੧੧]

## ਕਹੁ ਨਾਨਕ, ਮੈ ਸਹਜ ਘਰੁ ਪਾਇਆ; ਹਰਿ ਭਗਤਿ ਭੰਡਾਰ ਖਜੀਨਾ ॥੨॥੧੦॥੩੩॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਮੈਂ ਗੁਰ ਕਿਰਪਾ ਦੁਆਰਾ ਸਹਜ = ਸੁਤੇ-ਸਿੱਧ ਹੀ ਸਰੂਪ ਰੂਪੀ **ਵਾ:** ਅਚੁੱਤ ਸੁੱਖ ਰੂਪ ਘਰ ਨੂੰ ਪਾਇਆ = ਪਾ ਲਿਆ ਹੈ, ਕਿਉਂਕਿ ਹੇ ਹਰਿ = ਪਰਮੇਸ਼ਰ! ਜੋ ਤੇਰੀ ਭਗਤਿ = ਭਗਤੀ ਦਾ ਭੰਡਾਰ = ਖ਼ਜ਼ਾਨਾ ਹੈ, ਇਸ ਦਾ ਮੈਨੂੰ ਗੁਰਾਂ ਨੇ ਖਜੀਨਾ = ਖ਼ਜ਼ਾਨਚੀ ਬਣਾ ਦਿੱਤਾ ਹੈ **ਵਾ:** ਤੇਰੇ ਭਗਤੀ ਰੂਪੀ ਖ਼ਜ਼ਾਨੇ ਦੀ ਪ੍ਰਾਪਤੀ ਕਰਕੇ ਮੇਰਾ ਰਿਦਾ ਵੀ ਸ਼ੁਭ ਗੁਣਾਂ ਦਾ ਖ਼ਜ਼ਾਨਾ ਬਣ ਗਿਆ ਹੈ॥੨॥੧੦॥੩੩॥

## ਸਾਰਗ ਮਹਲਾ ੫ ॥

## ਮੋਹਨ; ਸਭਿ ਜੀਅ ਤੇਰੇ, ਤੂ ਤਾਰਹਿ ॥

ਹੇ ਭਗਤਾਂ ਦੇ ਚਿੱਤ ਨੂੰ ਮੋਹਨ = ਮੋਹਿਤ ਕਰਨ ਵਾਲੇ **ਵਾ:** ਮਾਇਆ ਦੇ ਮੋਹ ਨੂੰ ਹਰਨ ਵਾਲੇ ਪਰਮੇਸ਼ਰ! ਸਭਿ = ਸਾਰੇ ਜੀਅ = ਜੀਵ ਤੇਰੇ ਪੈਦਾ ਕੀਤੇ ਹੋਏ ਹਨ ਅਤੇ ਤੂੰ ਹੀ ਇਨ੍ਹਾਂ ਜੀਵਾਂ ਨੂੰ ਗੁਰ ਉਪਦੇਸ਼ ਦੁਆਰਾ ਸੰਸਾਰ-ਸਮੁੰਦ੍ਰ ਤੋਂ ਤਾਰਹਿ = ਤਾਰਨ ਵਾਲਾ ਹੈਂ।

## ਛੂਟਹਿ ਸੰਘਾਰ ਨਿਮਖ ਕਿਰਪਾ ਤੇ; ਕੋਟਿ ਬ੍ਰਹਮੰਡ ਉਧਾਰਹਿ ॥੧॥ਰਹਾਉ॥

ਹੇ ਪਰਮੇਸ਼ਰ! ਤੇਰੀ ਨਿਮਖ = ਛਿਨ ਮਾਤਰ ਕੀਤੀ ਕਿਰਪਾ = ਦਇਆ ਦ੍ਰਿਸ਼ਟੀ ਤੇ = ਤੋਂ ਜੰਮਣਾ ਤੇ ਸੰਘਾਰ = ਮਰਨਾ ਛੂਟਹਿ = ਛੁੱਟ ਜਾਂਦਾ ਹੈ **ਵਾ:** ਸੰਘਾਰ = ਸੰਘਾਰਣ ਵਾਲੇ ਅਗਿਆਨ ਕਾਲ ਤੋਂ ਤੇਰੀ ਕਿਰਪਾ ਦ੍ਰਿਸ਼ਟੀ ਕਰਕੇ ਛੂਟਹਿ = ਛੁੱਟ ਜਾਈਦਾ ਹੈ **ਵਾ:** ਸੰਘਾਰ = ਸਮੂਹ ਆਸੁਰੀ ਸੰਪਦਾ ਤੋਂ ਛੁੱਟ ਜਾਈਦਾ ਹੈ ਅਤੇ ਤੂੰ ਹੀ ਕੋਟਿ = ਕਰੋੜਾਂ ਬ੍ਰਹਿਮੰਡਾਂ ਨੂੰ ਉਧਾਰਹਿ = ਉਧਾਰਣ, ਤਾਰਨ ਵਾਲਾ ਹੈਂ॥੧॥ਰਹਾਉ॥

## ਕਰਹਿ ਅਰਦਾਸਿ, ਬਹੁਤੁ ਬੇਨੰਤੀ; ਨਿਮਖ ਨਿਮਖ ਸਾਮ੍ਾਰਹਿ ॥

ਹੇ ਪਰਮੇਸ਼ਰ! ਮੈਂ ਤੇਰੇ ਅੱਗੇ ਬਹੁਤੁ = ਅਤਿਅੰਤ ਬੇਨੰਤੀ = ਅਰਜ਼ੋਈ ਰੂਪ ਵਿਚ ਅਰਦਾਸ ਕਰਹਿ = ਕਰਦਾ ਹਾਂ **ਵਾ:** ਮਨ ਕਰਕੇ ਬੇਨਤੀ ਕਰਦਾ ਹਾਂ ਤੇ ਬਾਣੀ ਕਰਕੇ ਵੀ ਬਹੁਤ ਬੇਨਤੀਆਂ ਕਰਦਾ ਹਾਂ ਕਿ ਐਸੀ ਕਿਰਪਾ ਕਰੋ, ਨਿਮਖ ਨਿਮਖ = ਛਿਨ ਛਿਨ ਕਾਲ ਵਿਚ ਤੇਰੇ ਨਾਮ ਨੂੰ ਸਾਮ੍ਾਰਹਿ = ਸੰਭਾਲਣਾ ਕਰਾਂ।

## ਹੋਹੁ ਕ੍ਰਿਪਾਲ, ਦੀਨ ਦੁਖ ਭੰਜਨ; ਹਾਥ ਦੇਇ ਨਿਸਤਾਰਹਿ ॥੧॥

ਹੇ ਦੀਨ = ਗ਼ਰੀਬਾਂ ਦੇ ਦੁੱਖਾਂ ਨੂੰ ਭੰਜਨ = ਨਾਸ਼ ਕਰਨ ਵਾਲੇ ਪਰਮੇਸ਼ਰ ! ਮੇਰੇ ਉੱਤੇ ਕ੍ਰਿਪਾਲ = ਕ੍ਰਿਪਾਲੂ ਹੋਹੁ = ਹੋਣਾ ਕਰੋ ਅਤੇ ਆਪਣਾ ਕਿਰਪਾ ਰੂਪੀ ਹਾਥ = ਹੱਥ ਦੇਇ = ਦੇ ਕੇ ਪ੍ਰਪੰਚ ਤੋਂ ਨਿਸਤਾਰਹਿ = ਤਾਰਨਾ ਕਰੋ **ਵਾ:** ਅਵਿੱਦਿਆ ਤੋਂ (ਨਿ + ਸ + ਤਾਰਹਿ) ਨਿ = ਵਿਸ਼ੇਸ਼ ਕਰਕੇ ਸ = ਭਲੀ ਪ੍ਰਕਾਰ ਤਾਰਹਿ = ਤਾਰਨਾ ਕਰੋ ॥੧॥

## ਕਿਆ ਏ ਭੂਪਤਿ ਬਪੁਰੇ ਕਹੀਅਹਿ; ਕਹੁ ਏ ਕਿਸ ਨੋ ਮਾਰਹਿ ॥

ਹੇ ਪਰਮੇਸ਼ਰ ! ਏ = ਇਹ ਜੋ ਬਪੁਰੇ = ਵਿਚਾਰੇ ਰਾਜੇ ਭੂਪਤਿ = ਪ੍ਰਿਥਵੀ ਦੇ ਪਤੀ (ਮਾਲਕ) ਕਹੀਅਹਿ = ਕਹੀਦੇ ਹਨ, ਕਹੁ = ਦੱਸੋ ਖ਼ਾਂ ! ਏ = ਇਹ ਤੇਰੇ ਹੁਕਮ ਤੋਂ ਬਗ਼ੈਰ ਕਿਸ ਨੋ = ਕਿਸਨੂੰ ਮਾਰਹਿ = ਮਾਰ ਸਕਦੇ ਹਨ ਭਾਵ ਕਿਸੇ ਨੂੰ ਵੀ ਨਹੀਂ ਮਾਰ ਸਕਦੇ।

## ਰਾਖੁ ਰਾਖੁ ਰਾਖੁ ਸੁਖਦਾਤੇ; ਸਭੁ ਨਾਨਕ ਜਗਤੁ ਤੁਮਾਰਹਿ ॥੨॥੧੧॥੩੪॥

ਹੇ ਸੁਖਦਾਤੇ = ਸੁੱਖਾਂ ਨੂੰ ਦੇਣ ਵਾਲੇ ਪਰਮੇਸ਼ਰ ! ਮੇਰੀ ਰਾਖੁ = ਰੱਖਿਆ ਕਰ ਲਉ, ਰਾਖੁ = ਰੱਖਿਆ ਕਰ ਲਉ, ਮੇਰੀ ਰਾਖੁ = ਰੱਖਿਆ ਕਰ ਲਉ, ਇਹ ਮੈਂ ਤਿੰਨ ਵਾਰੀ ਪ੍ਰਤੱਗਿਆ ਨਾਲ ਕਿਹਾ ਹੈ।

**ਅਥਵਾ** ਹੇ ਸੁਖਦਾਤੇ ਪਰਮੇਸ਼ਰ ! ਤੂੰ ਹੀ ਮਾਤਾ ਦੇ ਗਰਭ ਵਿਚ ਰਾਖੁ = ਰੱਖਣ ਵਾਲਾ ਹੈਂ, ਤੂੰ ਹੀ ਵਿਕਾਰਾਂ ਤੋਂ ਬਚਾ ਕੇ ਰਾਖੁ = ਰੱਖਣ ਵਾਲਾ ਹੈਂ, ਤੂੰ ਹੀ ਕਾਲ ਆਦਿ ਤੋਂ ਬਚਾ ਕੇ ਰਾਖੁ = ਰੱਖਣ ਵਾਲਾ ਹੈਂ **ਵਾ:** ਜੋ ਰਾਖ (ਸੁਆਹ) ਆਦਿ ਪੰਜਾਂ ਤੱਤਾਂ ਦਾ ਬਣਿਆ ਹੋਇਆ ਸਰੀਰ ਹੈ ਇਸ ਵਿਚ ਜੋ ਕਾਮ ਕ੍ਰੋਧ ਆਦਿ ਵਿਕਾਰ ਲਾਹਨਤਾਂ ਰੂਪੀ ਰਾਖੁ = ਸੁਆਹ (ਖੇਹ) ਉਡਾਉਣ ਵਾਲੇ ਹਨ, ਇਨ੍ਹਾਂ ਤੋਂ ਬਚਾ ਕੇ ਰੱਖਿਆ ਕਰ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹ ਸਭੁ = ਸਾਰਾ ਜਗਤ = ਸੰਸਾਰ ਤੁਮਾਰਹਿ = ਤੇਰਾ ਹੀ ਪੈਦਾ ਕੀਤਾ ਹੋਇਆ ਹੈ ਅਤੇ ਤੂੰ ਹੀ ਇਸ ਦੀ ਰੱਖਿਆ ਕਰਨ ਵਾਲਾ ਹੈਂ ॥੨॥੧੧॥੩੪॥

## ਸਾਰਗ ਮਹਲਾ ੫ ॥ ਅਬ ਮੋਹਿ; ਧਨੁ ਪਾਇਓ, ਹਰਿ ਨਾਮਾ ॥

ਅਬ = ਹੁਣ ਮੋਹਿ = ਮੈਂ ਗੁਰਾਂ ਦੀ ਕਿਰਪਾ ਕਰਕੇ ਹਰਿ = ਪਰਮੇਸ਼ਰ ਦੇ ਨਾਮਾ = ਨਾਮ ਰੂਪੀ ਧਨ ਨੂੰ ਪਾਇਓ = ਪ੍ਰਾਪਤ ਕੀਤਾ ਹੈ।

## ਭਏ ਅਚਿੰਤ, ਤ੍ਰਿਸਨ ਸਭ ਬੁਝੀ ਹੈ;
## ਇਹੁ ਲਿਖਿਓ ਲੇਖੁ ਮਥਾਮਾ ॥੧॥ਰਹਾਉ॥

ਸਭ ਅਚਿੰਤ = ਚਿੰਤਾ ਤੋਂ ਰਹਿਤ ਭਏ = ਹੋ ਗਿਆ ਹਾਂ, ਰਸਾਂ ਕਸਾਂ ਦੇ ਭੋਗਾਂ ਦੀ ਸਭ = ਸਾਰੀ ਤ੍ਰਿਸ਼ਨਾ ਰੂਪੀ ਅਗਨੀ ਨਾਮ ਰੂਪ ਜਲ ਦੇ ਨਾਲ ਬੁਝੀ = ਬੁਝ, ਨਵਿਰਤ ਹੋ ਗਈ ਹੈ, ਇਹ ਪਰਮੇਸ਼ਰ ਨੇ ਸਾਡੇ

ਮਥਾਮਾ = ਮੱਥੇ ਉੱਤੇ ਲੇਖ ਲਿਖਿਓ = ਲਿਖਿਆ ਹੋਇਆ ਸੀ **ਵਾ:** ਇਹ ਗੁਰਾਂ ਨੇ ਪੂਰਬਲੇ ਨਿਸ਼ਕਾਮ ਕਰਮਾਂ ਦਾ ਸਦਕਾ ਸਾਡੇ ਅੰਤਹਕਰਣ ਰੂਪੀ ਮੱਥੇ ਉੱਤੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਦਾ ਲੇਖ ਲਿਖਿਆ ਸੀ ॥੧॥ਰਹਾਉ॥

## ਖੋਜਤ ਖੋਜਤ ਭਇਓ ਬੈਰਾਗੀ; ਫਿਰਿ ਆਇਓ ਦੇਹ ਗਿਰਾਮਾ ॥

ਵੇਦਾਂ ਨੂੰ ਖੋਜਤ = ਖੋਜਦਿਆਂ, ਸ਼ਾਸਤਰਾਂ ਨੂੰ ਖੋਜਤ = ਖੋਜਦਿਆਂ **ਵਾ:** ਸਿੰਮ੍ਰਿਤੀਆਂ ਨੂੰ ਖੋਜਦਿਆਂ ਪੁਰਾਣਾਂ ਨੂੰ ਖੋਜਦਿਆਂ **ਵਾ:** ਸਾਧਸੰਗਤ ਦੁਆਰਾ ਤਨ ਨੂੰ ਖੋਜਦਿਆਂ, ਮਨ ਨੂੰ ਖੋਜਦਿਆਂ **ਵਾ:** ਮਿਥਿਆ ਪਦਾਰਥਾਂ ਨੂੰ ਨਿਸਚੇ ਕਰਨ ਵਾਲੀ ਬੁੱਧੀ ਦੇ ਅੰਦਰ **ਵਾ:** ਦੇਸ਼ਾਂ ਦੇਸਾਂਤਰਾਂ ਵਿਚ ਖੋਜਦਿਆਂ ਖੋਜਦਿਆਂ ਮੇਰਾ ਮਨ ਬੈਰਾਗੀ = ਵੈਰਾਗ ਦੇ ਸਹਿਤ ਭਇਓ = ਹੋ ਗਿਆ ਹੈ, ਇਉਂ ਦੇਸ਼ਾਂ ਦੇਸਾਂਤਰਾਂ ਵਿਚ ਫਿਰ = ਫਿਰ ਫਿਰ ਕੇ ਜਦ ਮੈਂ ਦੇਹ ਰੂਪੀ ਗਿਰਾਮਾ = ਨਗਰ ਵਿਚ ਆਇਓ = ਆਉਣਾ ਕੀਤਾ ਭਾਵ ਅੰਤਰਮੁਖ ਬਿਰਤੀ ਵਿਚ ਇਸਥਿਤ ਹੋਇਆ।

## ਗੁਰਿ ਕ੍ਰਿਪਾਲਿ ਸਉਦਾ ਇਹੁ ਜੋਰਿਓ; ਹਥਿ ਚਰਿਓ ਲਾਲੁ ਅਗਾਮਾ ॥੧॥

ਜਿਸ ਵਕਤ ਗੁਰਿ = ਸਤਿਗੁਰਾਂ ਨੇ ਕ੍ਰਿਪਾਲਿ = ਦਿਆਲੂ ਹੋ ਕੇ ਪਰਮੇਸ਼ਰ ਨਾਲ ਲਿਵ ਲਾਉਣ ਰੂਪ ਇਹ ਸੌਦਾ ਜੋਰਿਓ = ਜੋੜ ਦਿੱਤਾ, ਤਦ ਮੇਰੇ ਮਨ ਰੂਪੀ ਹੱਥ ਵਿਚ ਅਗਾਮਾ = ਅਗੰਮੀ ਲਾਲ ਰੂਪ ਪਰਮੇਸ਼ਰ ਚਰਿਓ = ਪ੍ਰਾਪਤ ਹੋ ਗਿਆ **ਵਾ:** ਅਗਾਮਾ = ਗੰਮਤਾ ਤੋਂ ਰਹਿਤ ਲਾਲੁ = ਪਿਆਰਾ ਪਰਮੇਸ਼ਰ ਮਨ ਰੂਪ ਹੱਥ ਉੱਤੇ ਚਰਿਓ = ਚੜ੍ਹ ਗਿਆ ਹੈ ਭਾਵ ਅੰਤਹਕਰਣ ਦੇ ਅੰਦਰ ਸਖਿਆਤ ਹੋ ਗਿਆ ਹੈ ॥੧॥

## ਆਨ ਬਾਪਾਰ ਬਨਜ ਜੋ ਕਰੀਅਹਿ; ਤੇਤੇ ਦੂਖ ਸਹਾਮਾ ॥

ਪ੍ਰਭੂ ਨਾਮ ਤੋਂ ਬਗ਼ੈਰ ਆਨ = ਹੋਰ ਜੋ = ਜਿਹੜੇ ਵੀ ਵਣਜ ਵਪਾਰ ਕਰੀਅਹਿ = ਕਰੀਦੇ ਹਨ **ਵਾ:** ਆਪ ਸੌਦਾ ਬਨਜ = ਖ਼ਰੀਦਣਾ ਤੇ ਅੱਗੇ ਦੂਸਰੇ ਨੂੰ ਵੇਚਣਾ ਆਦਿ ਵਪਾਰ ਵਾਲੇ ਕਾਰਜ ਕਰੀਦੇ ਹਨ, ਉਨ੍ਹਾਂ ਵਿਚ ਤੇਤੇ = ਉਤਨੇ ਹੀ ਦੁਖ ਸਹਾਮਾ = ਸਹਾਰਨੇ ਪੈਂਦੇ ਹਨ **ਵਾ:** ਉਹ ਸਭ ਦੁੱਖ ਹੀ ਸਹਾਮਾ = ਦੁੱਖ ਹੈ।

## ਗੋਬਿਦ ਭਜਨ ਕੇ ਨਿਰਭੈ ਵਾਪਾਰੀ;
## ਹਰਿ ਰਾਸਿ ਨਾਨਕ ਰਾਮ ਨਾਮਾ ॥੨॥੧੨॥੩੫॥

ਗੋਬਿਦ = ਪਰਮੇਸ਼ਰ ਦੇ ਭਜਨ = ਸਿਮਰਨ ਕੇ = ਦੇ ਵਾਪਾਰੀ = ਵਣਜ ਕਰਨ ਵਾਲੇ ਪੁਰਖ ਨਿਰਭੈ = ਡਰ ਤੋਂ ਰਹਿਤ ਹੁੰਦੇ ਹਨ, ਕਿਉਂਕਿ ਉਨ੍ਹਾਂ ਦੇ ਕੋਲ ਰਾਮ = ਰਮੇ ਹੋਏ ਹਰਿ = ਪਰਮੇਸ਼ਰ ਦੀ ਪ੍ਰਾਪਤੀ ਵਾਲੀ ਨਾਮ ਰੂਪੀ ਰਾਸਿ = ਪੂੰਜੀ ਹੈ **ਵਾ:** ਸ਼ਰਧਾ ਰੂਪੀ ਪੂੰਜੀ ਹੈ ॥੨॥੧੨॥੩੫॥

## ਸਾਰਗ ਮਹਲਾ ੫ ॥
## ਮੇਰੈ ਮਨਿ ਮਿਸਟ ਲਗੇ; ਪ੍ਰਿਅ ਬੋਲਾ ॥

ਪ੍ਰਿਅ = ਪਿਆਰੇ ਅਕਾਲ ਪੁਰਖ ਦੇ ਸਤਿਨਾਮ ਰੂਪੀ ਬੋਲਾ = ਬਚਨ **ਵਾ:** ਪ੍ਰਾਪਤੀ ਵਾਲੇ ਬਚਨ ਮੇਰੇ ਮਨਿ = ਚਿੱਤ ਵਿਚ ਮਿਸਟ = ਮਿੱਠੇ (ਪਿਆਰੇ) ਲੱਗ ਆਏ ਹਨ।

## ਗੁਰਿ ਬਾਹ ਪਕਰਿ, ਪ੍ਰਭ ਸੇਵਾ ਲਾਏ; ਸਦ ਦਇਆਲੁ ਹਰਿ ਢੋਲਾ ॥੧॥ਰਹਾਉ॥

ਗੁਰਿ = ਸਤਿਗੁਰਾਂ ਨੇ ਮੇਰੀ ਬਿਰਤੀ ਰੂਪ ਬਾਹ = ਭੁਜਾ ਪਕਰਿ = ਪਕੜ ਕੇ ਪ੍ਰਭ = ਵਾਹਿਗੁਰੂ ਦੀ

ਸਿਮਰਨ ਰੂਪ ਸੇਵਾ = ਟਹਿਲ ਵਿਚ ਲਾਏ = ਲਗਾ ਦੇਣਾ ਕੀਤੀ ਹੈ, ਇਸੇ ਕਰਕੇ ਢੋਲਾ = ਪਿਆਰਾ ਹਰਿ = ਪਰਮੇਸ਼ਰ ਸਦ = ਹਮੇਸ਼ਾਂ ਹੀ ਮੇਰੇ ਉੱਤੇ ਦਇਆਲੁ = ਦਿਆਲੂ ਹੈ ॥੧॥ਰਹਾਉ॥

## ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ; ਮੋਹਿ ਕਲਤ੍ਰ ਸਹਿਤ ਸਭਿ ਗੋਲਾ ॥

ਹੇ ਪ੍ਰਭੂ = ਪਰਮੇਸ਼ਰ ! ਤੂੰ ਸਾਰਿਆਂ ਦਾ ਠਾਕੁਰੁ = ਮਾਲਕ ਤੇ ਸਰਬ = ਸਾਰਿਆਂ ਦੀ ਪ੍ਰਤਿਪਾਲਕ = ਪਾਲਣਾ ਕਰਨ ਵਾਲਾ ਹੈਂ, ਇਸ ਕਰਕੇ ਮੋਹਿ = ਅਸੀਂ ਕਲਤ੍ਰ = ਇਸਤਰੀ, ਪੁੱਤਰਾਂ ਆਦਿ ਪਰਿਵਾਰ ਦੇ ਸਹਿਤ = ਸਮੇਤ ਸਭਿ = ਸਾਰੇ ਹੀ ਤੇਰੇ ਗੋਲਾ = ਦਾਸ ਹਾਂ **ਵਾ:** ਅਸੀਂ ਬੁੱਧ ਰੂਪ ਇਸਤਰੀ ਤੇ ਇੰਦਰੀਆਂ ਰੂਪੀ ਪਰਿਵਾਰ ਦੇ ਸਮੇਤ ਸਾਰੇ ਹੀ ਤੇਰੇ ਦਾਸ ਹਾਂ।

## ਮਾਣੁ ਤਾਣੁ ਸਭੁ ਤੂਹੈ ਤੂਹੈ; ਇਕੁ ਨਾਮੁ ਤੇਰਾ ਮੈ ਓਲ੍ਹਾ ॥੧॥

ਹੇ ਪਰਮੇਸ਼ਰ ! ਗਿਆਨ ਰੂਪੀ ਮਾਣ ਦੇਣ ਵਾਲਾ ਤੇ ਬਿਬੇਕ ਰੂਪੀ ਤਾਣੁ = ਬਲ ਦੇਣ ਵਾਲਾ **ਵਾ:** ਮੇਰੇ ਮਨ ਦਾ ਮਾਣ ਤੇ ਤਨ ਦਾ ਤਾਣ ਆਦਿ ਸਭੁ = ਸਾਰਾ ਕੁਝ ਤੂਹੈ = ਤੂੰ ਹੀ ਤੂਹੈ = ਤੂੰ ਹੀ ਹੈਂ **ਵਾ:** ਤੂੰ ਹੀ ਮਾਣੁ = ਮਨ ਵਿਚ ਹੈਂ ਤੇ ਤੂੰ ਹੀ ਸਾਰਾ ਬਿਬੇਕ ਰੂਪੀ ਤਾਣ ਹੈਂ, ਮੈ = ਮੈਨੂੰ ਇਕ ਤੇਰਾ ਨਾਮ ਹੀ ਓਲ੍ਹਾ = ਆਸਰਾ ਰੂਪ ਹੈ **ਵਾ:** ਮੈਨੂੰ ਇਕ ਤੇਰਾ ਓਲ੍ਹਾ = ਸੁੰਦਰ ਨਾਮ ਹੀ ਗੁਰਾਂ ਦੁਆਰਾ ਪ੍ਰਾਪਤ ਹੋਇਆ ਹੈ ॥੧॥

## ਜੇ ਤਖਤਿ ਬੈਸਾਲਹਿ, ਤਉ ਦਾਸ ਤੁਮ੍ਹਾਰੇ; ਘਾਸੁ ਬਢਾਵਹਿ ਕੇਤਕ ਬੋਲਾ ॥

ਹੇ ਪਰਮੇਸ਼ਰ ! ਜੇ = ਜੇਕਰ ਤੂੰ ਮੈਨੂੰ ਪ੍ਰਤੱਖ ਰਾਜ ਤਖਤਿ = ਸਿੰਘਾਸਨ ਉੱਤੇ ਬੈਸਾਲਹਿ = ਬਿਠਾ ਦੇਵੇਂ, ਤਉ = ਤਦ ਵੀ ਮੈਂ ਤੁਮ੍ਹਾਰੇ = ਤੇਰਾ ਦਾਸ = ਸੇਵਕ ਹੀ ਹਾਂ, ਜੇਕਰ ਤੂੰ ਮੈਨੂੰ ਘਾਹੀ ਬਣਾ ਕੇ ਮੈਥੋਂ ਘਾਸੁ = ਘਾਹ ਹੀ ਬਢਾਵਹਿ = ਵਢਾਉਣਾ, ਖੁਦਵਾਉਣਾ ਚਾਹੇਂ ਤਾਂ ਮੈਂ ਕੇਤਕ = ਕਿਤਨਾ ਕੁ ਬੋਲਾ = ਬੋਲਣਾ ਹੈ ਭਾਵ ਮੈਂ ਵੀ ਤੇਰਾ ਹੀ ਦਾਸ ਬਣ ਕੇ ਰਹਾਂਗਾ।

**ਅਥਵਾ** ਹੇ ਪਰਮੇਸ਼ਰ ਜੇਕਰ ਤੂੰ ਮੈਨੂੰ ਸਰੂਪ ਰੂਪੀ ਤਖ਼ਤ ਉੱਤੇ ਬਿਠਾ ਦੇਵੇਂ, ਤਦ ਵੀ ਮੈਂ ਤੇਰਾ ਸੇਵਕ ਹੀ ਹਾਂ, ਜੇਕਰ ਤੂੰ ਮੈਥੋਂ ਵਿਸ਼ੇ ਰੂਪੀ ਘਾਹ ਵਢਾਉਂਦਾ ਰਹੇਂ ਭਾਵ ਮੇਰਾ ਸੰਸਾਰੀ ਜੀਵਨ ਬਣਾ ਦੇਣਾ ਕਰੇਂ ਤਾਂ ਮੈਂ ਕਿਤਨਾ ਕੁ ਬੋਲਣਾ ਹੈ ਭਾਵ ਬੋਲ ਨਹੀਂ ਸਕਦਾ।

**ਸਾਖੀ—ਭਾਈ ਧੰਨਾ ਸਿੰਘ ਜੀ ਦੀ** : ਏਸੇ ਤੁਕ ਅਨੁਸਾਰ ਇਕ ਸਾਖੀ ਏਸੇ ਸਿਧਾਂਤ ਨੂੰ ਸੌਖਾ ਸਪਸ਼ਟ ਕਰਨ ਵਾਲੀ ਇਤਿਹਾਸ ਵਿਚ ਮਿਲਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ੫੨ ਕਵੀ ਸੁਸ਼ੋਭਿਤ ਸਨ। ਇਕ ਵਾਰ ਇਕ ਚੰਦਨ ਨਾਮ ਦਾ ਕਵੀ ਆਇਆ, ਜਿਸਨੂੰ ਆਪਣੀ ਵਿੱਦਿਆ ਦਾ ਬਹੁਤ ਮਾਣ ਸੀ। ਇਹ ਸਤਿਗੁਰਾਂ ਦੇ ਪਾਸ ਆਇਆ ਅਤੇ ਅਭਿਮਾਨ ਵਿਚ ਬੋਲਿਆ ਕਿ ਤੁਹਾਡੇ ਕੋਲ ਇਤਨੇ ਕਵੀ ਰੱਖੇ ਹੋਏ ਹਨ, ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਵਿਦਿਆ ਵਿਚ ਨਿਪੁੰਨ ਵੀ ਹਨ ਜਾਂ ਇਨ੍ਹਾਂ ਕਵੀਆਂ ਦਾ ਟੋਲਾ ਐਵੇਂ ਹੀ ਇਕੱਠਾ ਕੀਤਾ ਹੋਇਆ ਹੈ। ਇਹ ਕਹਿਣ ਲੱਗਾ ਕਿ ਮਹਾਰਾਜ ਜੀ ! ਤੁਹਾਡੇ ਕਵੀਆਂ ਵਿੱਚੋਂ ਕੋਈ ਕਵੀ ਮੇਰੇ ਨਾਲ ਕਵਿਤਾ ਦਾ ਮੁਕਾਬਲਾ ਕਰੇ ਅਤੇ ਮੇਰੀ ਰਚੀ ਹੋਈ ਕਵਿਤਾ ਦੇ ਅਰਥ ਸੁਣਾਏ ਤਾਂ ਮੈਂ ਸਮਝਾਂਗਾ ਕਿ ਤੁਹਾਡੇ ਕੋਲ ਸਿਆਣੇ ਕਵੀ ਹਨ। ਫੇਰ ਸਤਿਗੁਰਾਂ ਨੇ ਕਿਹਾ ਕਿ ਤੂੰ ਆਪਣੀ ਕਵਿਤਾ ਸੁਣਾ। ਤਦੋਂ ਇਸਨੇ ਆਪਣੀ ਕਵਿਤਾ ਸੁਣਾਈ। ਜੈਸਾ ਕਿ :

**ਨਵਸਾਤ ਤਿਯੇ ਨਵਸਾਤ ਕਿਯੇ ਨਵਸਾਤ ਪਿਯੇ ਨਵਸਾਤ ਪਿਯਾਏ।**
**ਨਵਸਾਤ ਰਚੇ ਨਵਸਾਤ ਬਚੇ ਨਵਸਾਤ ਪਿਯਾਪਹਿ ਦਾਯਕ ਪਾਏ।**
**ਜੀਤ ਕਲਾ ਨਵਸਾਤਨ ਕੀ ਨਵਸਾਤਨ ਕੇ ਮੁਖ ਅੰਦਰ ਛਾਏ।**
**ਮਾਨਹੁ ਮੇਘ ਕਿ ਮੰਡਲ ਮੇ ਕਵਿ ਚੰਦਨ ਚੰਦ ਕਲੇਵਰ ਛਾਏ।**

ਇਹ ਸੁਣ ਕੇ ਸਤਿਗੁਰੂ ਥੋੜ੍ਹਾ ਜਿਹਾ ਮੁਸਕਰਾਏ ਅਤੇ ਕਿਹਾ ਕਿ ਕਵੀ ਜੀ ! ਸਿਆਣੇ ਬੰਦੇ ਤਾਂ ਵਿੱਦਿਆ ਪ੍ਰਾਪਤ ਕਰਕੇ ਨਿਮਰਤਾ ਧਾਰਨ ਕਰਦੇ ਹਨ। ਹੰਕਾਰ ਸ਼ੋਭਾ ਨਹੀਂ ਦਿੰਦਾ। ਤੇਰੀ ਕਵਿਤਾ ਦੇ ਅਰਥ ਤਾਂ ਮੇਰੇ ਕਵੀ ਤਾਂ ਇਕ ਪਾਸੇ ਰਹੇ ਬਲਕਿ ਘੋੜਿਆਂ ਦੀ ਸੰਭਾਲ ਕਰਨ ਵਾਲਾ ਘੋੜਿਆਂ ਦੀ ਲਿੱਦ ਚੁੱਕਣ ਵਾਲਾ ਤੇ ਘਾਹ ਖੋਤ ਕੇ ਘੋੜਿਆਂ ਨੂੰ ਘਾਹ ਪਾਉਣ ਵਾਲਾ ਘਾਹੀ ਵੀ ਕਰ ਸਕਦਾ ਹੈ। ਗੁਰੂ ਜੀ ਦੇ ਬਚਨਾਂ ਉੱਪਰ ਪ੍ਰਤੀਤੀ ਨਾ ਕਰਦਾ ਹੋਇਆ ਚੰਦਨ ਕਵੀ ਕਹਿਣ ਲੱਗਾ ਕਿ ਤੁਸੀਂ ਆਪਣੇ ਘਾਹੀ ਨੂੰ ਬੁਲਾਉ। ਉਹ ਮੇਰੀ ਕਵਿਤਾ ਦੇ ਅਰਥ ਕਰ ਦੇਵੇ। ਤਾਂ ਸਤਿਗੁਰੂ ਨੇ ਸੇਵਾਦਾਰ ਭੇਜ ਕੇ ਭਾਈ ਧੰਨਾ ਸਿੰਘ ਜੀ ਨੂੰ ਬੁਲਾਇਆ, ਜਿਸ ਦੇ ਉੱਪਰ ਸਤਿਗੁਰੂ ਜੀ ਨੇ ਕਿਰਪਾ ਕਰਕੇ ਨਾਮ ਦੀ ਰੋਮ ਰੋਮ ਵਿਚ ਜਾਪ ਵਾਲੀ ਅਵਸਥਾ ਬਖ਼ਸ਼ੀ ਹੋਈ ਸੀ। ਧੰਨਾ ਸਿੰਘ ਜੀ ਨੇ ਆ ਕੇ ਸਤਿਗੁਰਾਂ ਦੇ ਚਰਨਾਂ ਉੱਪਰ ਨਮਸ਼ਕਾਰ ਕੀਤੀ ਅਤੇ ਹੱਥ ਜੋੜ ਕੇ ਸਤਿਗੁਰਾਂ ਤੋਂ ਆਗਿਆ ਮੰਗੀ ਕਿ ਕੀ ਹੁਕਮ ਹੈ। ਤਾਂ ਸਤਿਗੁਰੂ ਨੇ ਕਿਹਾ ਕਿ ਹੇ ਧੰਨਾ ਸਿੰਘ ! ਤੇਰਾ ਅੱਜ ਇਸ ਚੰਦਨ ਕਵੀ ਨਾਲ ਕਵਿਤਾ ਦਾ ਮੁਕਾਬਲਾ ਹੈ।

ਸਤਿਗੁਰੂ ਦਾ ਬਚਨ ਸੁਣ ਕੇ ਅਤੇ ਧੰਨਾ ਸਿੰਘ ਵੱਲ ਵੇਖ ਕੇ ਚੰਦਨ ਕਵੀ ਹੱਸਿਆ ਕਿ ਇਹ ਘਾਹੀ ਅਨਪੜ੍ਹ, ਮੈਲੇ ਬਸਤਰ, ਵਿੱਦਿਆ ਹੀਨ ਮੇਰਾ ਕੀ ਮੁਕਾਬਲਾ ਕਰ ਸਕਦਾ ਹੈ। ਉੱਧਰ ਭਾਈ ਧੰਨਾ ਜੀ ਵੀ ਹੱਸ ਪਿਆ। ਸਤਿਗੁਰਾਂ ਨੇ ਦੋਨਾਂ ਤੋਂ ਹੱਸਣ ਦਾ ਕਾਰਨ ਪੁੱਛਿਆ ਤਾਂ ਚੰਦਨ ਕਵੀ ਨੇ ਮਨ ਦੀ ਵਾਰਤਾ ਕਹਿ ਸੁਣਾਈ ਕਿ ਇਹ ਘਾਹੀ ਮੇਰੀ ਕਵਿਤਾ ਦਾ ਕੀ ਮੁਕਾਬਲਾ ਕਰ ਸਕਦਾ ਹੈ। ਫੇਰ ਸਤਿਗੁਰਾਂ ਨੇ ਧੰਨਾ ਸਿੰਘ ਨੂੰ ਪੁੱਛਿਆ ਕਿ ਤੂੰ ਕਿਉਂ ਹੱਸਿਆ ਹੈਂ ਤਾਂ ਉਸਨੇ ਕਿਹਾ ਕਿ ਮਹਾਰਾਜ ਜੀ ! ਮੈਂ ਇਸ ਕਰਕੇ ਹੱਸਿਆ ਹਾਂ ਕਿ ਤੁਸੀਂ ਮੈਨੂੰ ਇਹ ਕਿਹਾ ਕਿ ਤੇਰਾ ਮੁਕਾਬਲਾ ਇਸ ਕਵੀ ਨਾਲ ਹੈ। ਮਹਾਰਾਜ ਜੀ ਸੱਚ ਤਾਂ ਇਹ ਹੈ ਕਿ ਮੁਕਾਬਲਾ ਤਾਂ ਇਸ ਹੰਕਾਰੀ ਕਵੀ ਨਾਲ ਤੁਹਾਡਾ ਹੈ ਅਤੇ ਜਿੱਤ ਵੀ ਤੁਹਾਡੀ ਹੈ, ਧੰਨਾ ਸਿੰਘ ਦੇ ਸਰੀਰ ਦਾ ਕੇਵਲ ਬਹਾਨਾ ਹੈ। ਮੈਂ ਇਸ ਕਰਕੇ ਹੱਸਿਆ ਹਾਂ ਕਿ ਆਪ ਜੀ ਕੈਸੇ ਕੈਸੇ ਚੋਜ ਕਰਦੇ ਹੋ। ਸਤਿਗੁਰੂ ਜੀ ਬਹੁਤ ਖ਼ੁਸ਼ ਹੋਏ। ਸਤਿਗੁਰੂ ਦੀ ਖ਼ੁਸ਼ੀ ਮਾਨੋ ਸਿੱਖ ਦੇ ਜਿੱਤਣ ਦਾ ਪ੍ਰਤੀਕ ਸੀ। ਸਤਿਗੁਰਾਂ ਨੇ ਕਿਹਾ ਕਿ ਕਵੀ ਜੀ ! ਤੁਸੀਂ ਆਪਣੀ ਰਚਨਾ ਸੁਣਾਉ, ਮੇਰਾ ਸਿੱਖ ਉਸਦੇ ਅਰਥ ਕਰੇਗਾ। ਤਦੋਂ ਚੰਦਨ ਕਵੀ ਨੇ ਆਪਣੀ ਉਪਰੋਕਤ ਕਵਿਤਾ ਦੁਹਰਾਈ। ਉਸਦੀ ਕਵਿਤਾ ਸੁਣ ਕੇ ਧੰਨਾ ਸਿੰਘ ਜੀ ਅਰਥ ਕਰਨ ਤੋਂ ਪਹਿਲਾਂ ਹੀ ਕਵੀ ਨੂੰ ਕਹਿਣ ਲੱਗੇ ਕਿ ਸਤਿਗੁਰਾਂ ਦੇ ਦਰਬਾਰ ਵਿਚ ਸੁਣਾਉਣ ਲਈ ਤੇਰੇ ਕੋਲ ਇਹੋ ਜਿਹੀ ਹੀ ਕਵਿਤਾ ਰਹਿ ਗਈ ਸੀ। ਗੁਰੂ ਪੀਰਾਂ ਦੇ ਅੱਗੇ ਕਦੇ ਵੀ ਐਨੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਚੰਦਨ ਕਵੀ ਨੇ ਕਿਹਾ ਕਿ ਤੂੰ ਅਰਥ ਕਰ, ਗੱਲਾਂ ਨਾ ਕਰ। ਤਦੋਂ ਭਾਈ ਧੰਨਾ ਸਿੰਘ ਜੀ ਨੇ ਉਸ ਦੀ ਕਵਿਤਾ ਦੇ ਇਸ ਪ੍ਰਕਾਰ ਅਰਥ ਕੀਤੇ ਕਿ :

ਸੋਲ੍ਹਾਂ ਵਰ੍ਹੇ ਦੀ ਉਮਰ ਦੀ ਇਸਤ੍ਰੀ ਨੇ ਸੋਲ੍ਹਾਂ ਸ਼ਿੰਗਾਰ ਕੀਤੇ, ਉਸ ਦਾ ਪਤੀ ਸੋਲ੍ਹਾਂ ਮਹੀਨਿਆਂ ਪਿੱਛੋਂ ਪਰਦੇਸੋਂ ਆਇਆ ਸੀ, ਇਸਤ੍ਰੀ ਨੇ ਸੋਲ੍ਹਾਂ ਪ੍ਰਕਾਰ ਦੇ ਭੋਜਨ ਖਵਾਏ, ਸੋਲ੍ਹਾਂ ਘਰਾਂ ਦੇ ਚੌਪੜ ਦੀ ਬਾਜ਼ੀ ਪਤੀ ਨਾਲ ਰਚੀ, ਦੋਹਾਂ ਨੇ ਸੋਲ੍ਹਾਂ ਸੋਲ੍ਹਾਂ ਚਾਲਾਂ ਚੱਲੀਆਂ, ਸੋਲ੍ਹਾਂ ਨਰਦਾਂ ਵਾਲੀ ਬਾਜ਼ੀ ਜਿੱਤ ਕੇ ਇਸਤ੍ਰੀ ਨੇ ਸੋਲ੍ਹਾਂ ਆਨੇ ਵਾਲੇ ਰੁਪਈਏ ਪ੍ਰਾਪਤ ਕੀਤੇ। ਜਦੋਂ ਪਤੀ ਨੇ ਇਸਤ੍ਰੀ ਨੂੰ ਜਿੱਤਿਆ, ਤਦੋਂ ਸੋਲ੍ਹਾਂ ਕਲਾਂ ਚੰਦ੍ਰਵਤ ਮੁਖ ਨੂੰ ਸ਼ਰਮ ਦੇ ਮਾਰੇ ਵਸਤ੍ਰ ਨਾਲ ਛੁਪਾ ਲਿਆ ਮਾਨੋ ਚੰਦ੍ਰਮਾ ਮੇਘ ਵਿਚ ਢਕਿਆ ਗਿਆ ਹੈ।

ਇਹ ਸੁਣ ਕੇ ਚੰਦਨ ਕਵੀ ਹੈਰਾਨ ਹੋ ਗਿਆ ਕਿ ਗੁਰੂ ਦੇ ਘਾਹੀ ਸਿੱਖ ਵੀ ਇਤਨੇ ਵਿਦਵਾਨ ਹਨ। ਫੇਰ ਸਤਿਗੁਰੂ ਜੀ ਨੇ ਭਾਈ ਧੰਨਾ ਸਿੰਘ ਜੀ ਨੂੰ ਕਵਿਤਾ ਰਚਣ ਦਾ ਹੁਕਮ ਕੀਤਾ। ਤਦੋਂ ਧੰਨਾ ਸਿੰਘ ਜੀ ਨੇ ਗੁਰੂ ਜੀ ਦੇ ਹੁਕਮ ਵਿਚ ਇਹ ਕਵਿਤਾ ਰਚੀ :

**ਮੀਨ ਮਰੇ ਜਲ ਕੇ ਪਰਸੇ ਕਬਹੁ ਨ ਮਰੇ ਪਰ ਪਾਵਕ ਪਾਏ।**
**ਹਾਥਿ ਮਰੈ ਮਦ ਕੇ ਪਰ ਸੇ, ਕਬਹੂ ਨ ਮਰੇ ਤਨ ਤਾਪ ਕੇ ਆਏ।**

**ਤੀਯ ਮਰੈ ਪਤਿ ਕੇ ਪਰ ਸੇ, ਕਬਹੂ ਨਾ ਮਰੈ ਪਰਦੇਸ ਸਿਧਾਏ।**
**ਗੂੜ੍ਹ ਮੈ ਬਾਤ ਕਹੀ ਦਿਜ ਰਾਜ, ਬਿਚਾਰ ਸਕੈ ਨ ਬਿਨਾ ਚਿਤ ਲਾਏ।**
**ਕੌਂਲ ਮਰੈ ਰਵਿ ਕੇ ਪਰ ਸੇ ਕਬਹੂ ਨ ਮਰੈ ਸਸਿ ਕੀ ਛਬਿ ਪਾਏ।**
**ਮਿਤ੍ਰ ਮਰੈ ਮਿਤ ਕੋ ਮਿਲ ਕੈ ਕਬਹੂ ਨ ਮਰੈ ਜਬ ਦੂਰ ਸਿਧਾਏ।**
**ਸਿੰਘ ਮਰੈ ਜਬ ਮਾਸ ਮਿਲੈ ਕਬਹੂ ਨ ਮਰੈ ਜਬ ਹਾਥ ਨ ਆਏ।**
**ਗੂੜ੍ਹ ਮੈ ਬਾਤ ਕਹੀ ਦਿਜਰਾਜ ਬਿਚਾਰ ਸਕੈ ਨ ਬਿਨਾ ਚਿਤ ਲਾਏ।** *(ਮਹਾਨ ਕੋਸ਼)*

ਚੰਦਨ ਕਵੀ ਇਸਦੀ ਇਕ ਵੀ ਤੁਕ ਦਾ ਅਰਥ ਨਾ ਕਰ ਸਕਿਆ, ਉਹ ਧੰਨਾ ਸਿੰਘ ਤੇ ਗੁਰੂ ਜੀ ਦੇ ਚਰਨੀਂ ਪੈ ਗਿਆ ਅਤੇ ਮੁਆਫ਼ੀ ਮੰਗੀ। ਇਸ ਪ੍ਰਕਾਰ ਚੰਦਨ ਕਵੀ ਦਾ ਹੰਕਾਰ ਮੇਟ ਕੇ ਅੱਗੋਂ ਵਾਸਤੇ ਸ਼ੁਭ ਸਿੱਖਿਆ ਦਿੱਤੀ ਤੇ ਚੰਦਨ ਕਵੀ ਭਾਈ ਧੰਨਾ ਸਿੰਘ ਜੀ ਦਾ ਜੱਸ ਕਰਨ ਲੱਗਾ ਕਿ ਤੁਸੀਂ ਇਤਨੇ ਵੱਡੇ ਮਹਾਨ ਹੋ ਕੇ ਮਲੀਨ ਜਿਹੀ ਕਿਰਿਆ ਕਿਉਂ ਰੱਖਦੇ ਹੋ, ਤਦ ਅੱਗੋਂ ਧੰਨਾ ਸਿੰਘ ਜੀ ਨੇ ਕਿਹਾ ਕਿ ਸਾਡੇ ਵੱਡੇ ਗੁਰੂਆਂ ਦਾ ਜੋ ਬਚਨ ਹੈ ਉਸਦੇ ਅਨੁਸਾਰ ਗੁਰੂ ਭਾਵੇਂ ਰਾਜ 'ਤੇ ਬਹਾਲੇ ਭਾਵੇਂ ਰੰਬਾ ਪਕੜਾ ਕੇ ਘਾਹ ਖੁਦਾਵੇ, ਸਿੱਖ ਗੁਰੂ ਦੇ ਭਾਣੇ ਵਿਚ ਹੀ ਰਹਿੰਦਾ ਹੈ।

## ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ; ਮੇਰੇ ਠਾਕੁਰ ਅਗਹ ਅਤੋਲਾ ॥੨॥੧੩॥੩੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮੇਰੇ ਜਨ = ਸੇਵਕ ਕੇ = ਦੇ ਬਿਧਾਤੇ = ਕਰਮਾਂ ਅਨੁਸਾਰ ਫਲ ਪ੍ਰਦਾਤੇ ਪੁਰਖ = ਪੂਰਨ ਪ੍ਰਭ = ਪਰਮੇਸ਼ਰ ! ਹੇ ਮੇਰੇ ਠਾਕੁਰ = ਸੁਆਮੀ ਜੀ ! ਤੂੰ ਅਗਹ = ਗ੍ਰਹਿਣ ਤੋਂ ਰਹਿਤ ਹੈਂ **ਵਾ:** ਪਕੜਨ ਤੋਂ ਰਹਿਤ ਹੈਂ ਅਤੇ ਬੁੱਧੀ ਰੂਪੀ ਤਰਾਜ਼ੂ ਵਿਚ ਸ਼ਾਸਤਰ ਪ੍ਰਮਾਣ ਰੂਪੀ ਵੱਟੇ ਪਾ ਕੇ ਅਤੋਲਾ = ਤੋਲਣ ਤੋਂ ਰਹਿਤ ਹੈਂ ਭਾਵ ਤੋਲਿਆ ਨਹੀਂ ਜਾਂਦਾ ॥੨॥੧੩॥੩੬॥

## ਸਾਰਗ ਮਹਲਾ ੫ ॥
## ਰਸਨਾ; ਰਾਮ ਕਹਤ ਗੁਣ, ਸੋਹੰ ॥

ਜੇ ਰਸਨਾ = ਜੀਭਾ ਰਾਮ = ਪਰਮੇਸ਼ਰ ਦੇ ਗੁਣ ਕਹਤ = ਕਥਨ ਕਰੇ ਤਾਂ ਹੀ ਸੋਹੰ = ਸ਼ੋਭਦੀ ਹੈ **ਵਾ:** ਜੇ ਰਸਨਾ ਰਾਮ = ਰਮੇ ਹੋਏ (ਸੋ + ਹੰ) ਸੋ = ਤੱਤ ਪਦ ਦੇ ਲੱਖ ਅਰਥ ਤੇ ਹੰ = ਤੂੰ ਪਦ ਦੇ ਲਖ ਅਰਥ ਵਿਚ ਏਕਤਾ ਕਰਨ ਵਾਲੇ ਗੁਣਾਂ ਨੂੰ ਕਥਨ ਕਰਦੀ ਹੈ ਤਾਂ ਹੀ ਸੋਭਦੀ ਹੈ।

## ਏਕ ਨਿਮਖ ਓਪਾਇ ਸਮਾਵੈ; ਦੇਖਿ ਚਰਿਤ ਮਨ ਮੋਹੰ ॥੧॥ਰਹਾਉ॥

ਪਰਮੇਸ਼ਰ ਏਕ = ਇਕ ਨਿਮਖ = ਛਿਨ ਜਿਤਨੇ ਸਮੇਂ ਵਿਚ ਸੰਸਾਰ ਨੂੰ ਓਪਾਇ = ਪੈਦਾ ਕਰਕੇ ਫੇਰ ਝੱਟ ਆਪਣੇ ਵਿਚ ਸਮਾਵੈ = ਸਮਾਅ, ਲੀਨ ਕਰ ਲੈਂਦਾ ਹੈ, ਪਰਮੇਸ਼ਰ ਦੇ ਐਸੇ ਚਰਿਤ = ਕੌਤਕ ਦੇਖਿ = ਵੇਖ ਕੇ ਮੇਰਾ ਮਨ = ਚਿੱਤ ਮੋਹੰ = ਮੋਹਿਆ ਗਿਆ ਹੈ ॥੧॥ਰਹਾਉ॥

## ਜਿਸੁ ਸੁਣਿਐ ਮਨਿ ਹੋਇ ਰਹਸੁ ਅਤਿ; ਰਿਦੈ ਮਾਨ ਦੁਖ ਜੋਹੰ ॥

(**ਰਹੱਸ** ਦਾ ਉਚਾਰਣ ਅੱਧਕ ਸਹਿਤ ਹੈ)

ਹੇ ਪਰਮੇਸ਼ਰ ! ਆਪ ਜੀ ਦਾ ਜੱਸ ਸੁਣਿਐ = ਸੁਣਨ ਕਰਕੇ ਮਨਿ = ਚਿੱਤ ਵਿਚ ਅਤਿ = ਅਤਿਅੰਤ ਰਹਸੁ = ਅਨੰਦ ਪ੍ਰਾਪਤ ਹੋਇ = ਹੁੰਦਾ ਹੈ ਤੇ ਜੋ ਰਿਦੈ = ਹਿਰਦੇ ਵਿਚ ਗੁਣਾਂ ਦਾ ਮਾਨ = ਹੰਕਾਰ ਤੇ ਜੰਮਣ

ਮਰਨ ਦਾ ਦੁਖ ਸੀ, ਇਹ ਵੀ ਤੂੰ ਗੁਰਾਂ ਦੇ ਉਪਦੇਸ਼ ਦੁਆਰਾ ਅੰਦਰੋਂ ਜੋਹੰ = ਤਾੜ ਕੇ ਬਾਹਰ ਕੱਢ ਦਿੱਤਾ ਹੈ **ਵਾ:** ਗੁਰਾਂ ਨੇ ਕਿਰਪਾ ਦ੍ਰਿਸ਼ਟੀ ਨਾਲ ਵੇਖ ਕਰਕੇ ਜੰਮਣ ਮਰਣ ਆਦਿ ਦੇ ਦੁੱਖ ਬਾਹਰ ਕੱਢ ਦਿੱਤੇ ਹਨ।

## ਸੁਖੁ ਪਾਇਓ, ਦੁਖੁ ਦੂਰਿ ਪਰਾਇਓ; ਬਨਿ ਆਈ ਪ੍ਰਭ ਤੋਹੰ ॥੧॥

ਹੇ ਪ੍ਰਭ = ਪਰਮੇਸ਼ਰ ! ਤੋਹੰ = ਤੇਰੇ ਨਾਲ ਮੇਰੇ ਮਨ ਦੀ ਪ੍ਰੀਤੀ ਬਣ ਆਈ ਹੈ, ਇਸ ਲਈ ਮੈਂ ਤੇਰੀ ਕਿਰਪਾ ਦੁਆਰਾ ਤੇਰੇ ਸੁਖੁ = ਅਨੰਦ ਸਰੂਪ ਨੂੰ **ਵਾ:** ਆਤਮਿਕ ਅਨੰਦ ਨੂੰ ਪਾਇਓ = ਪਾਉਣਾ ਕੀਤਾ ਹੈ ਤੇ ਜੰਮਣ ਮਰਣ ਦਾ ਦੁਖ ਵੀ ਦੂਰ ਪਰਾਇਓ = ਪਰ੍ਹੇ ਹੋ ਗਿਆ ਹੈ, ਨੱਠ ਗਿਆ ਹੈ॥੧॥

## ਕਿਲਵਿਖ ਗਏ ਮਨ ਨਿਰਮਲ ਹੋਈ ਹੈ; ਗੁਰਿ ਕਾਢੇ ਮਾਇਆ ਦ੍ਰੋਹੰ ॥

ਚਾਰ ਪ੍ਰਕਾਰ ਦੇ ਕਿਲਵਿਖ = ਪਾਪ ਵੀ ਨਵਿਰਤ ਹੋ ਗਏ ਹਨ, ਮਨ ਦੀ ਬਿਰਤੀ ਵੀ ਨਿਰਮਲ = ਉੱਜਲ ਹੋਈ = ਹੋ ਗਈ ਹੈ **ਵਾ:** ਮਲ, ਵਿਖੇਪ ਅਵਰਨ ਦੀ (ਨਿਰ + ਮਲ) ਮਲ = ਮੈਲ ਤੋਂ ਨਿਰ = ਰਹਿਤ ਹੋ ਗਈ ਹੈ ਅਤੇ ਗੁਰਿ = ਸਤਿਗੁਰਾਂ ਨੇ ਮਾਇਆ ਦੇ ਮੋਹ ਦਾ ਦ੍ਰੋਹੰ = ਛਲ ਆਦਿ ਸਭ ਕੁਝ ਅੰਦਰੋਂ ਬਾਹਰ ਕਾਢੇ = ਕੱਢ ਦਿੱਤਾ ਹੈ **ਵਾ:** ਛਲ ਕਰਨ ਵਾਲਾ ਮਾਇਆ ਦਾ ਮੋਹ ਵੀ ਕੱਢ ਦਿੱਤਾ ਹੈ।

## ਕਹੁ ਨਾਨਕ, ਮੈ ਸੋ ਪ੍ਰਭੁ ਪਾਇਆ; ਕਰਣ ਕਾਰਣ ਸਮਰਥੋਹੰ ॥੨॥੧੪॥੩੭॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਮੈਂ ਸੋ = ਉਹ ਪ੍ਰਭੁ = ਪਰਮੇਸ਼ਰ ਨੂੰ ਪਾਇਆ = ਪਾ ਲਿਆ ਹੈ **ਵਾ:** ਮੈਂ ਭਾਵ ਜੀਵ ਦੇ ਤ੍ਵੰ ਪਦ ਲਖ ਅਰਥ ਅਤੇ ਸੋ ਭਾਵ ਈਸ਼ਰ ਦੇ ਤਤ ਪਦ ਦੇ ਲਖ ਅਰਥ ਰੂਪ ਬ੍ਰਹਮ ਨੂੰ ਪਾ ਲਿਆ ਹੈ। ਜੋ ਸਾਰਿਆਂ ਕਰਣ = ਕਾਰਜਾਂ ਨੂੰ ਕਾਰਣ = ਕਰਨ ਵਾਲਾ ਤੇ ਸਮਰਥੋਹੰ = ਸਰਬ ਸ਼ਕਤੀਵਾਨ ਹੈ॥੨॥੧੪॥੩੭॥

## ਸਾਰਗ ਮਹਲਾ ੫ ॥

## ਨੈਨਹੁ ਦੇਖਿਓ; ਚਲਤੁ ਤਮਾਸਾ ॥

ਮੈਂ ਨੈਨਹੁ = ਨੇਤਰਾਂ ਦੇ ਨਾਲ ਦੇਖਿਓ = ਦੇਖਿਆ ਹੈ ਕਿ ਇਸ ਜਗਤ ਦੀ ਰਚਨਾ ਦਾ ਚਲਤੁ = ਕੌਤਕ ਤਮਾਸ਼ਾ ਰੂਪ ਹੈ **ਵਾ:** ਮੈਂ ਨੇਤਰਾਂ ਦੇ ਨਾਲ ਇਹ ਸੰਸਾਰ ਦਾ ਤਮਾਸ਼ਾ ਚਲਤੁ = ਗਮਨ,ਚਲੇ ਜਾਣ ਵਾਲਾ ਵੇਖਿਆ ਹੈ **ਵਾ:** ਨੇਤਰਾਂ ਦੇ ਨਾਲ ਇਕ ਐਸਾ ਚਲਤੁ = ਅਸਚਰਜ ਤਮਾਸ਼ਾ, ਕੌਤਕ ਦੇਖਿਆ ਹੈ ਕਿ :

## ਸਭ ਹੂ ਦੂਰਿ, ਸਭ ਹੂ ਤੇ ਨੇਰੈ; ਅਗਮ ਅਗਮ ਘਟ ਵਾਸਾ ॥੧॥ਰਹਾਉ॥

ਪਰਮੇਸ਼ਰ ਸਭ = ਸਾਰਿਆਂ ਹੂ = ਤੋਂ ਦੂਰ ਵੀ ਹੈ ਤੇ ਹੂ = ਨਿਸਚੇ ਕਰਕੇ ਸਾਰਿਆਂ ਤੇ = ਤੋਂ ਨੇਰੈ = ਨੇੜੇ ਵੀ ਹੈ **ਵਾ:** ਸਾਰਿਆਂ ਮਨਮੁਖਾਂ ਤੋਂ ਦੂਰ ਹੈ ਤੇ ਸਭਨਾਂ ਗੁਰਮੁਖਾਂ ਤੋਂ ਨੇੜੇ ਹੈ **ਵਾ:** ਪਰਮੇਸ਼ਰ ਅਸੰਗ ਹੋਣ ਕਰਕੇ ਸਾਰਿਆਂ ਤੋਂ ਦੂਰ ਹੈ ਤੇ ਸਭਨਾਂ ਦਾ ਆਤਮਾ ਰੂਪ ਹੋਣ ਕਰਕੇ ਨੇੜੇ ਹੈ, ਪਰਮੇਸ਼ਰ ਵੇਦਾਂ ਸ਼ਾਸਤਰਾਂ ਕਰਕੇ ਵੀ ਅਗਮ = ਪਹੁੰਚ ਤੋਂ ਰਹਿਤ ਹੈ, ਮਨ ਦੇ ਸੰਕਲਪਾਂ ਵਿਕਲਪਾਂ ਤੋਂ ਵੀ ਅਗਮ = ਪਹੁੰਚ ਤੋਂ ਰਹਿਤ ਹੈ ਪਰ ਉਂਞ ਆਪ ਹੀ ਸਾਰਿਆਂ ਦੇ ਘਟ = ਹਿਰਦੇ ਵਿਚ ਵਾਸਾ = ਵੱਸਦਾ ਹੈ॥੧॥ਰਹਾਉ॥

## ਅਭੂਲੁ ਨ ਭੂਲੈ, ਲਿਖਿਓ ਨ ਚਲਾਵੈ; ਮਤਾ ਨ ਕਰੈ ਪਚਾਸਾ ॥

ਅਭੂਲੁ = ਭੁੱਲਣ ਤੋਂ ਰਹਿਤ ਹੋਣ ਕਰਕੇ ਪਰਮੇਸ਼ਰ ਕਦੇ ਵੀ ਭੂਲੈ = ਭੁੱਲਦਾ ਨਹੀਂ ਹੈ, ਉਹ

ਲਿਖਿਓ = ਲਿਖਿਆ ਹੋਇਆ ਲੇਖ ਚਲਾਵੈ = ਚਲਾਉਂਦਾ, ਹਟਾਉਂਦਾ ਨ = ਨਹੀਂ ਹੈ ਭਾਵ ਚਾਹੇ ਕੋਈ ਕਿਤਨਾ ਵੈਰ ਕਰੇ, ਅਕਿਰਤਘਣ ਹੋ ਜਾਵੇ, ਫੇਰ ਵੀ ਸਭਨਾਂ ਦੀ ਪਾਲਨਾ ਕਰਦਾ ਹੈ ਅਤੇ ਉਹ ਸੁਤੰਤਰ ਹੋਣ ਕਾਰਨ ਪਚਾਸਾ = ਪੰਜਾਹ ਸੱਠ ਆਦਮੀਆਂ ਨਾਲ ਮਿਲ ਕੇ ਜਗਤ ਦੀ ਉਤਪਤੀ, ਪਾਲਣਾ, ਲੈਅਤਾ ਬਾਰੇ ਮਤਾ = ਸਲਾਹ ਵੀ ਨ = ਨਹੀਂ ਕਰੈ = ਕਰਦਾ **ਵਾ**: ਜਦੋਂ ਸੰਸਾਰ ਨੂੰ ਪਚਾਸਾ = ਪਹੁੰਚਾਉਣਾ, ਨਾਸ਼ ਕਰਨਾ ਹੋਵੇ ਤਦੋਂ ਵੀ ਕਿਸੇ ਨਾਲ ਸਲਾਹ ਨਹੀਂ ਕਰਦਾ।

## ਖਿਨ ਮਹਿ ਸਾਜਿ ਸਵਾਰਿ ਬਿਨਾਹੈ; ਭਗਤਿ ਵਛਲ ਗੁਣਤਾਸਾ ॥੧॥

ਪਰਮੇਸ਼ਰ ਇਕ ਖਿਨ = ਛਿਨ ਦੇ ਮਹਿ = ਵਿਚ ਜਗਤ ਨੂੰ ਸਾਜਿ = ਰਚ ਲੈਂਦਾ ਹੈ, ਪਾਲਣ ਪੋਸ਼ਣ ਰੂਪ ਸਵਾਰਿ = ਸੰਵਾਰਨਾ ਕਰਦਾ ਹੈ **ਵਾ**: ਜੀਵਾਂ ਦੇ ਅੰਗ ਪ੍ਰਤੰਗ ਬਣਾ ਕੇ ਸੰਵਾਰ ਦਿੰਦਾ ਹੈ ਅਤੇ ਆਪ ਰਚੇ ਹੋਏ ਜਗਤ ਨੂੰ ਬਿਨਾਹੈ = ਨਾਸ਼ ਕਰ ਦਿੰਦਾ ਹੈ, ਉਹ ਪਰਮੇਸ਼ਰ ਭਗਤਿ = ਭਗਤੀ ਕਰਨ ਵਾਲੇ ਭਗਤਾਂ ਦਾ ਵਛਲੁ = ਪਿਆਰਾ ਤੇ ਗੁਣਤਾਸਾ = ਗੁਣਾਂ ਦਾ ਖ਼ਜ਼ਾਨਾ ਹੈ ॥੧॥

## ਅੰਧ ਕੂਪ ਮਹਿ ਦੀਪਕੁ ਬਲਿਓ; ਗੁਰਿ ਰਿਦੈ ਕੀਓ ਪਰਗਾਸਾ ॥

ਜੋ ਸੰਸਾਰ ਰੂਪੀ ਅੰਧ = ਅੰਨ੍ਹੇ ਕੂਪ = ਖੂਹ ਮਹਿ = ਵਿਚ ਬ੍ਰਹਮ ਗਿਆਨ ਰੂਪੀ ਦੀਪਕੁ = ਦੀਵਾ ਬਲਿਓ = ਬਲਿਆ ਹੈ, ਇਹ ਗੁਰਿ = ਸਤਿਗੁਰਾਂ ਨੇ ਰਿਦੈ = ਹਿਰਦੇ ਵਿਚ (ਗਿਆਨ ਦਾ) ਪਰਗਾਸਾ = ਚਾਨਣਾ ਕੀਤਾ ਹੈ **ਵਾ**: ਜੋ ਅੰਤਹਕਰਣ ਦੇ ਅੰਦਰ ਅਗਿਆਨ ਰੂਪੀ ਹਨੇਰੇ ਦੇ ਖੂਹ ਵਿਚ ਗਿਆਨ ਰੂਪੀ ਦੀਪਕ ਬਲਿਆ ਹੈ, ਇਹ ਗੁਰਾਂ ਨੇ ਰਿਦੈ ਵਿਚ ਚਾਨਣਾ ਕੀਤਾ ਹੈ।

**ਅਥਵਾ** ਸੰਸਾਰ ਰੂਪੀ ਅੰਨ੍ਹੇ ਖੂਹ ਵਿਚ ਗੁਰਾਂ ਨੇ ਨਾਮ ਬਾਣੀ ਦੇ ਉਪਦੇਸ਼ ਦੁਆਰਾ ਬ੍ਰਹਮ ਗਿਆਨ ਰੂਪੀ ਦੀਵਾ ਬਾਲ ਦਿੱਤਾ ਹੈ, ਜਿਸ ਨੇ ਗੁਰਾਂ ਦੇ ਉਪਦੇਸ਼ ਨੂੰ ਰਿਦੇ ਵਿਚ ਧਾਰਨ ਕੀਤਾ ਹੈ, ਉਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ।

**ਅਥਵਾ** ਸੰਸਾਰ ਰੂਪੀ ਅੰਨ੍ਹੇ ਖੂਹ ਵਿਚ ਪ੍ਰਭੂ ਦਾ ਚੇਤਨ ਸੱਤਾ ਰੂਪੀ ਦੀਵਾ ਬਲ ਰਿਹਾ ਹੈ, ਭਾਵ ਪਰਮੇਸ਼ਰ ਗਿਆਨੀ ਤੇ ਅਗਿਆਨੀ ਪੁਰਖਾਂ ਆਦਿ ਸਭ ਦੇ ਅੰਦਰ ਆਪਣੇ ਚੇਤਨ ਸੱਤਾ ਰੂਪੀ ਦੀਵੇ ਨਾਲ ਪ੍ਰਕਾਸ਼ ਕਰ ਰਿਹਾ ਹੈ , ਜਿਨ੍ਹਾਂ ਦੇ ਹਿਰਦੇ ਵਿਚ ਗੁਰਾਂ ਨੇ ਉਪਦੇਸ਼ ਦੇ ਗਿਆਨ ਦਾ ਪ੍ਰਕਾਸ਼ ਕੀਤਾ ਹੈ, ਉਨ੍ਹਾਂ ਦੇ ਅੰਦਰ ਹੀ ਗਿਆਨ ਰੂਪੀ ਦੀਵਾ ਬਲਿਆ ਹੈ।

[ਅੰਗ ੧੨੧੨]

## ਕਹੁ ਨਾਨਕ, ਦਰਸੁ ਪੇਖਿ ਸੁਖੁ ਪਾਇਆ; ਸਭ ਪੂਰਨ ਹੋਈ ਆਸਾ ॥੨॥੧੫॥੩੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਦਾ ਦਰਸੁ = ਦੀਦਾਰ ਪੇਖਿ = ਵੇਖ ਕੇ ਮੈਂ ਆਤਮਿਕ ਸੁਖੁ = ਅਨੰਦ ਪਾਇਆ = ਪਾ ਲਿਆ ਹੈ ਅਤੇ ਮੇਰੇ ਮਨ ਦੀ ਸਭ = ਸਾਰੀ ਆਸਾ = ਆਸ (ਉਮੀਦ) ਵੀ ਪੂਰਨ = ਪੂਰੀ ਹੋਈ = ਹੋ ਗਈ ਹੈ ॥੨॥੧੫॥੩੮॥

## ਸਾਰਗ ਮਹਲਾ ੫ ॥

## ਚਰਨਹ; ਗੋਬਿੰਦ ਮਾਰਗੁ ਸੁਹਾਵਾ ॥

ਚਰਨਹ = ਪੈਰਾਂ ਦੇ ਨਾਲ ਗੋਬਿੰਦ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸਤਿਸੰਗਤ ਰੂਪੀ ਮਾਰਗੁ = ਰਸਤੇ

ਉੱਤੇ ਚੱਲਣਾ ਸੁਹਾਵਾ = ਸ਼ੋਭਨੀਕ ਹੈ **ਵਾ:** ਉਹ ਚਰਨ ਤੇ ਰਸਤਾ ਵੀ ਸ਼ੋਭਨੀਕ ਹੈ **ਵਾ:** ਭੈ ਰੂਪੀ ਚਰਨਾਂ ਦੇ ਸੰਯੁਕਤ ਹੋ ਕੇ ਪਰਮੇਸ਼ਰ ਦੇ ਭਾਉ-ਭਗਤੀ ਰੂਪ ਰਸਤੇ ਉੱਤੇ ਚੱਲਣਾ ਵੀ ਸ਼ੋਭਨੀਕ ਹੈ।

## ਆਨ ਮਾਰਗ ਜੇਤਾ ਕਿਛੁ ਧਾਈਐ; ਤੇਤੋ ਹੀ ਦੁਖੁ ਹਾਵਾ ॥੧॥ਰਹਾਉ॥

ਪ੍ਰਭੂ ਪ੍ਰਾਪਤੀ ਵਾਲੇ ਮਾਰਗ ਨੂੰ ਛੱਡ ਕੇ ਆਨ = ਹੋਰ ਭੇਖਾਂ, ਦੇਵੀ ਦੇਵਤਿਆਂ ਦੀ ਉਪਾਸ਼ਨਾ ਰੂਪ ਮਾਰਗ = ਰਸਤਿਆਂ ਉੱਤੇ ਜੇਤਾ = ਜਿਤਨਾ ਵੀ ਕਿਛੁ = ਕੁਝ ਯਤਨ ਕਰਕੇ ਧਾਈਐ = ਦੌੜਨਾ ਹੈ, ਤੇਤੋ = ਉਤਨਾ ਹੀ ਪ੍ਰਤੱਖ ਜੰਮਣ-ਮਰਣ ਰੂਪੀ ਦੁਖ ਤੇ ਪਦਾਰਥਾਂ ਦੀ ਅਪ੍ਰਾਪਤੀ ਦਾ ਹਾਵਾ = ਹਉਕਾ, ਝੋਰਾ ਲੱਗਦਾ ਹੈ ॥੧॥ਰਹਾਉ॥

## ਨੇਤ੍ਰ ਪੁਨੀਤ ਭਏ, ਦਰਸੁ ਪੇਖੇ; ਹਸਤ ਪੁਨੀਤ, ਟਹਲਾਵਾ ॥

ਸਤਿਗੁਰਾਂ ਦੇ ਦਰਸੁ = ਦੀਦਾਰ ਪੇਖੇ = ਵੇਖ ਕੇ ਪ੍ਰਤੱਖ, ਮਨ ਬੁੱਧ ਰੂਪ ਨੇਤਰ ਪੁਨੀਤ = ਪਵਿੱਤਰ ਭਏ = ਹੋ ਗਏ ਹਨ ਅਤੇ ਟਹਲਾਵਾ = ਸੇਵਾ ਕਰਨ ਨਾਲ ਹਸਤ = ਹੱਥ ਆਦਿ ਇੰਦਰੇ ਵੀ ਪੁਨੀਤ = ਪਵਿੱਤਰ ਹੋ ਗਏ ਹਨ।

**ਸਾਖੀ—ਸੰਤ ਬਿਸ਼ਨ ਸਿੰਘ ਜੀ ਦੀ :** ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦਾ ਸੁਭਾਅ ਸੀ ਕਿ ੨੪ ਘੰਟੇ ਸਿਮਰਨ ਕਰਦੇ ਰਹਿੰਦੇ ਸਨ, ਇਕ ਘੰਟਾ ਪਰਮੇਸ਼ਰ ਦੀ ਮਰਯਾਦਾ ਵਿਚ ਆਉਣ ਤੇ ਦਿਨੇ ਬਾਰ੍ਹਾਂ ਵਜੇ ਤੋਂ ਇਕ ਵਜੇ ਤੱਕ ਬਿਰਾਜਿਆ ਕਰਦੇ ਸਨ। ਨੀਂਦ ਆਉਣ ਤੋਂ ਇਕ ਦਿਨ ਉਨ੍ਹਾਂ ਨੇ ਸੰਗਤ ਵਿਚ ਗੱਲ ਤੋਰੀ ਕਿ ਨੀਂਦ ਆਉਣ ਤੋਂ ਰਾਤ ਨੂੰ ਬਚਾਅ ਵਾਸਤੇ ਕੀ ਕਰਨਾ ਚਾਹੀਦਾ ਹੈ ? ਸੰਤ ਬਾਬਾ ਖ਼ਜ਼ਾਨ ਸਿੰਘ (ਬਾਬਾ ਸੁੰਦਰ ਸਿੰਘ ਜੀ ਦੇ ਪਿਤਾ) ਜੀ ਨੇ ਕਿਹਾ ਕਿ ਚੱਕੀ ਪੀਹਣਾ ਕਰੀਏ ਤਾਂ ਠੀਕ ਹੈ, ਬਾਬਾ ਬਿਸ਼ਨ ਸਿੰਘ ਜੀ ਚੱਕੀ ਪੀਹਣ ਉਦੋਂ ਤੋਂ ਹੀ ਲੱਗ ਗਏ, ਬਹੁਤ ਵਡੇਰਾ ਸਰੀਰ ਸੀ, ਬੜਾ ਸਰੀਰ ਸੁਕਾਇਆ ਹੋਇਆ ਸੀ। ਨਾ ਕਦੇ ਮਿੱਠਾ ਖਾਣਾ, ਨਾ ਦੁੱਧ ਪੀਣਾ ਸਿਰਫ਼ ਸ਼ਰਦਾਈ ਪੀਆ ਕਰਦੇ ਤੇ ਅੱਠਾਂ ਪਹਿਰਾਂ ਮਗਰੋਂ ਦੋ ਕੜਛੀਆਂ ਮੂੰਗੀ ਦੀ ਦਾਲ ਖਾਇਆ ਕਰਦੇ। ਇੰਨੇ ਕੁ ਆਹਾਰ ਦਾ ਸਰੀਰ ਸੀ। ਬਹੁਤੇ ਬਿਰਧ ਜਾਣ ਕੇ ਸੰਗਤਾਂ ਨੇ ਸੰਤ ਸੁੰਦਰ ਸਿੰਘ ਜੀ ਨੂੰ ਕਿਹਾ ਕਿ ਤੁਸਾਂ ਦੇ ਪਿਤਾ ਨੇ ਚੱਕੀ ਪੀਹਣ ਦੀ ਸੇਵਾ ਕਿਉਂ ਲਾਈ ਹੈ। ਸੰਗਤਾਂ ਤੋਂ ਇਹ ਬਚਨ ਸੁਣ ਕੇ ਫੇਰ ਸੰਤਾਂ ਨੇ ਇਹ ਸੇਵਾ ਲਈ ਕਿਹਾ ਕਿ ਸਾਨੂੰ ਆਟਾ ਪੀਹਣ ਦੀ ਸੇਵਾ ਦਿਓ, ਅਸੀਂ ਆਟਾ ਪੀਹਿਆ ਕਰਾਂਗੇ ਤਾਂ ਸੰਤ ਬਿਸ਼ਨ ਸਿੰਘ ਜੀ ਕਹਿਣ ਲੱਗੇ ਕਿ ਚੱਕੀ ਪੀਹਣ ਨਾਲ ਸਰੀਰ ਤੇ ਹੱਥ ਆਦਿ ਅੰਗ ਪਵਿੱਤਰ ਹੋ ਜਾਂਦੇ ਹਨ ਤੇ ਜੋ ਪੀਹਣਾ ਕਰਦੇ ਹਾਂ, ਇਹ ਅਸੀਂ ਮਾਣ ਗੁਆਉਣ ਵਾਸਤੇ ਹੀ ਪੀਹਣਾ ਕਰਦੇ ਹਾਂ।

## ਰਿਦਾ ਪੁਨੀਤ, ਰਿਦੈ ਹਰਿ ਬਸਿਓ; ਮਸਤ ਪੁਨੀਤ, ਸੰਤ ਧੂਰਾਵਾ ॥੧॥

ਉਹ ਰਿਦਾ = ਹਿਰਦਾ ਪੁਨੀਤ = ਪਵਿੱਤਰ ਹੋ ਗਿਆ ਹੈ, ਜਿਸ ਦੇ ਰਿਦੈ = ਹਿਰਦੇ ਵਿਚ ਹਰਿ = ਪਰਮੇਸ਼ਰ ਬਸਿਓ = ਵੱਸ ਗਿਆ ਹੈ ਅਤੇ ਉਸ ਦਾ ਸੰਤ = ਮਹਾਤਮਾ ਜਨਾਂ ਦੇ ਚਰਨਾਂ ਦੀ ਧੂਰਾਵਾ = ਧੂੜ ਲਾਉਣ ਕਰਕੇ ਮਸਤ = ਮਸਤਕ ਵੀ ਪੁਨੀਤ = ਪਵਿੱਤਰ ਹੋ ਗਿਆ ਹੈ ॥੧॥

## ਸਰਬ ਨਿਧਾਨ, ਨਾਮਿ ਹਰਿ ਹਰਿ ਕੈ; ਜਿਸੁ ਕਰਮਿ ਲਿਖਿਆ, ਤਿਨਿ ਪਾਵਾ ॥

ਸਾਰਿਆਂ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਕੈ = ਦੇ ਨਾਮ ਅੰਮ੍ਰਿਤ ਵਿਚ ਹੀ ਸਰਬ = ਸਾਰੇ ਸ਼ੁਭ ਗੁਣਾਂ ਰੂਪੀ ਨਿਧਾਨ = ਖ਼ਜ਼ਾਨੇ ਹਨ **ਵਾ:** ਸਾਰੇ ਰਿਧੀਆਂ ਸਿਧੀਆਂ ਦੇ ਖ਼ਜ਼ਾਨੇ ਹਨ, ਪਰ

ਜਿਨ੍ਹਾਂ ਦੇ ਮਸਤਕ ਉੱਤੇ ਪੂਰਬਲੇ ਪੁੰਨਾਂ ਦੇ ਪ੍ਰੇਰੇ ਹੋਏ ਪਰਮੇਸ਼ਰ ਨੇ ਨਾਮ ਦੀ ਪ੍ਰਾਪਤੀ ਦਾ ਸ੍ਰੇਸ਼ਟ ਕਰਮ ਲਿਖਿਆ = ਲਿਖ ਦਿੱਤਾ ਹੈ, ਤਿਨਿ = ਉਨ੍ਹਾਂ ਨੇ ਮਨੁੱਖਾ ਜਨਮ ਵਿਚ ਆ ਕੇ ਗੁਰਾਂ ਦੀ ਸੰਗਤ ਦੁਆਰਾ ਨਾਮ ਅੰਮ੍ਰਿਤ ਪਾਵਾ = ਪਾਉਣਾ ਕੀਤਾ ਹੈ।

## ਜਨ ਨਾਨਕ ਕਉ, ਗੁਰੁ ਪੂਰਾ ਭੇਟਿਓ; ਸੁਖਿ ਸਹਜੇ ਅਨਦ ਬਿਹਾਵਾ ॥੨॥੧੬॥੩੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਨੂੰ ਜਨ = ਦਾਸ ਕਉ = ਨੂੰ ਪੂਰਾ = ਪੂਰਨ ਗੁਰੂ ਭੇਟਿਓ = ਮਿਲਿਆ ਹੈ, ਇਸ ਲਈ ਸੁਖਿ ਸਹਜੇ = ਅਚੁਤ ਸੁੱਖ ਕਰਕੇ ਅਨਦ = ਅਨੰਦ ਸਰੂਪ ਵਿਚ ਹੀ ਸਮਾਂ ਬਿਹਾਵਾ = ਬਤੀਤ ਹੁੰਦਾ ਹੈ॥੨॥੧੬॥੩੯॥

## ਸਾਰਗ ਮਹਲਾ ੫ ॥

## ਧਿਆਇਓ; ਅੰਤਿ ਬਾਰ, ਨਾਮੁ ਸਖਾ ॥

ਹੇ ਪਰਮੇਸ਼ਰ ! ਅੰਤਿ = ਅਖ਼ੀਰਲੇ ਬਾਰ = ਸਮੇਂ ਸਹਾਇਤਾ ਕਰਨ ਵਾਲਾ ਤੇਰਾ ਨਾਮ ਹੀ ਸਖਾ = ਮਿੱਤਰ ਦੀ ਨਿਆਈਂ ਹੈ, ਇਸ ਲਈ ਮੈਂ ਤੇਰੇ ਨਾਮ ਨੂੰ ਹੀ ਪ੍ਰੇਮ ਦੇ ਨਾਲ ਧਿਆਇਓ = ਧਿਆਉਣਾ ਕੀਤਾ ਹੈ।

## ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ; ਤਹਾ ਤਹਾ ਤੂ ਰਖਾ ॥੧॥ਰਹਾਉ॥

ਜਹ = ਜਿਥੇ ਮਾਤ = ਮਾਂ, ਪਿਤਾ = ਪਿਓ, ਸੁਤ = ਪੁੱਤਰ ਤੇ ਭਾਈ = ਭਰਾ ਨ = ਨਹੀਂ ਪਹੁਚੈ = ਪਹੁੰਚ ਸਕਦੇ, ਤਹਾ ਤਹਾ = ਉਥੇ ਉਥੇ ਤੂੰ ਹੀ ਰਖਾ = ਰੱਖਿਆ ਕਰਦਾ ਹੈਂ॥੧॥ਰਹਾਉ॥

## ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ; ਜਿਸੁ ਮਸਤਕਿ ਲੇਖੁ ਲਿਖਾ ॥

ਹੇ ਪਰਮੇਸ਼ਰ ! ਗ੍ਰਿਹ = ਗ੍ਰਹਿਸਥ ਰੂਪ ਅੰਧ = ਅੰਨ੍ਹੇ ਕੂਪ = ਖੂਹ ਮਹਿ = ਵਿਚ ਰਹਿੰਦਿਆਂ ਤਿਨਿ = ਉਸ ਪੁਰਖ ਨੇ ਤੈਨੂੰ ਸਿਮਰਿਓ = ਸਿਮਰਿਆ ਹੈ ਜਿਸ ਦੇ ਮਸਤਕਿ = ਮੱਥੇ ਉੱਤੇ ਤੂੰ ਸ੍ਰੇਸ਼ਟ ਕਰਮਾਂ ਦਾ ਲੇਖ ਲਿਖਾ = ਲਿਖ ਦਿੱਤਾ ਹੈ **ਵਾ:** ਜਿਸ ਨੇ ਆਪਣੇ ਅੰਤਹਕਰਣ ਰੂਪੀ ਮੱਥੇ ਉੱਤੇ ਗੁਰਾਂ ਦੇ ਉਪਦੇਸ਼ ਰੂਪੀ ਲੇਖ ਨੂੰ ਪ੍ਰੇਮ ਰੂਪੀ ਕਲਮ ਦੇ ਨਾਲ ਲਿਖ ਲਿਆ ਹੈ।

## ਖੂਲੇ੍ ਬੰਧਨ ਮੁਕਤਿ ਗੁਰਿ ਕੀਨੀ; ਸਭ ਤੂਹੈ ਤੁਹੀ ਦਿਖਾ ॥੧॥

ਉਸ ਦੇ ਹੰਗਤਾ ਮੰਮਤਾ, ਜੰਮਣ ਮਰਣ ਦੇ ਬੰਧਨ = ਜੰਜਾਲ ਖੂਲੇ੍ = ਖੁੱਲ੍ਹ ਗਏ ਹਨ ਅਤੇ ਉਸਦੀ ਗੁਰਿ = ਸਤਿਗੁਰਾਂ ਨੇ ਮੁਕਤਿ = ਮੁਕਤੀ ਵੀ ਕੀਨੀ = ਕੀਤੀ ਹੈ ਅਤੇ ਉਸ ਪੁਰਖ ਨੂੰ ਸਭ = ਸਾਰਿਆਂ ਥਾਵਾਂ ਵਿਚ ਕੇਵਲ ਤੂੰਹੀ ਤੂੰਹੀ ਵਿਆਪਕ ਦਿਖਾ = ਦਿਸਿਆ ਹੈਂ **ਵਾ:** ਤੂੰ ਹੀ ਸਰਗੁਣ ਸਰੂਪ ਧਾਰਨ ਵਾਲਾ ਹੈਂ, ਤੂੰ ਹੀ ਨਿਰਗੁਣ ਸਰੂਪ ਧਾਰਨ ਵਾਲਾ ਹੈਂ **ਵਾ:** ਹੇ ਪਰਮੇਸ਼ਰ ! ਮੈਂ ਇਕ ਤੈਨੂੰ ਹੀ ਜੀਵ ਰੂਪ ਤੇ ਤੈਨੂੰ ਹੀ ਈਸਰ ਰੂਪ **ਵਾ:** ਤੈਨੂੰ ਹੀ ਇਸ ਲੋਕ ਵਿਚ ਤੇ ਤੈਨੂੰ ਹੀ ਪ੍ਰਲੋਕ ਵਿਚ ਵਿਆਪਕ ਵੇਖਣਾ ਕੀਤਾ ਹੈ॥੧॥

## ਅੰਮ੍ਰਿਤ ਨਾਮੁ ਪੀਆ, ਮਨੁ ਤ੍ਰਿਪਤਿਆ; ਆਘਾਏ, ਰਸਨ ਚਖਾ ॥

ਹੇ ਪਰਮੇਸ਼ਰ ! ਜਦ ਤੋਂ ਮੈਂ ਤੇਰਾ ਨਾਮ ਅੰਮ੍ਰਿਤ ਰੂਪ ਜਲ ਪੀਆ = ਪੀਣਾ ਕੀਤਾ ਹੈ, ਤਦ ਤੋਂ ਮੇਰਾ ਮਨੁ = ਚਿੱਤ ਵੀ ਆਤਮਾਨੰਦ ਦੀ ਪ੍ਰਾਪਤੀ ਕਰਕੇ ਤ੍ਰਿਪਤਿਆ = ਤ੍ਰਿਪਤ ਹੋ ਗਿਆ ਹੈ ਤੇ ਰਸਨ = ਜੀਭਾ

ਵੀ ਨਾਮ ਅੰਮ੍ਰਿਤ ਨੂੰ ਚਖਾ = ਚੱਖ ਕੇ ਸੁਆਦਲੇ ਪਦਾਰਥਾਂ ਵੱਲੋਂ ਆਘਾਏ = ਰੱਜ ਗਈ ਹੈ **ਵਾ:** ਮੈਂ ਪ੍ਰਤੱਖ, ਪ੍ਰੀਤ ਰੂਪੀ ਰਸਨ = ਜੀਭਾ ਦੇ ਨਾਲ ਨਾਮ ਅੰਮ੍ਰਿਤ ਨੂੰ ਚਖਾ = ਚੱਖ, ਉਚਾਰਨ ਕਰਕੇ ਲੋਕ-ਪ੍ਰਲੋਕ ਦੇ ਪਦਾਰਥਾਂ ਵੱਲੋਂ ਵੀ ਆਘਾਏ = ਰੱਜ ਗਿਆ ਹਾਂ **ਵਾ:** ਸੰਸਾਰੀ ਰਸਨ = ਰਸਾਂ ਦੇ ਚੱਖਣ ਵਲੋਂ ਰੱਜ ਗਿਆ ਹਾਂ।

## ਕਹੁ ਨਾਨਕ, ਸੁਖ ਸਹਜੁ ਮੈ ਪਾਇਆ; ਗੁਰਿ ਲਾਹੀ ਸਗਲ ਤਿਖਾ ॥੨॥੧੭॥੪੦॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਮੈਂ ਸੁਖ ਸਹਜੁ = ਅਚੁੱਤ ਸੁਖ **ਵਾ:** ਸਹਜੁ = ਗਿਆਨ ਸਰੂਪ **ਵਾ:** ਸੁਤੇ-ਸਿੱਧ ਹੀ ਆਤਮਿਕ ਸੁਖ = ਅਨੰਦ ਨੂੰ ਪਾਇਆ = ਪਾਉਣਾ ਕੀਤਾ ਹੈ ਅਤੇ ਗੁਰਿ = ਸਤਿਗੁਰਾਂ ਨੇ ਮੇਰੀ ਰਸਾਂ ਕਸਾਂ ਦੀ ਸਗਲ = ਸਾਰੀ ਤਿਖਾ = ਤ੍ਰੇਹ ਵੀ ਲਾਹੀ = ਲਾਹ, ਮੇਟ ਦਿੱਤੀ ਹੈ॥੨॥੧੭॥੪੦॥

## ਸਾਰਗ ਮਹਲਾ ੫ ॥

## ਗੁਰ ਮਿਲਿ; ਐਸੇ ਪ੍ਰਭੂ ਧਿਆਇਆ ॥

ਪੂਰੇ ਗੁਰ = ਸਤਿਗੁਰਾਂ ਦੇ ਨਾਲ ਮਿਲਿ = ਮਿਲਾਪ ਕਰਕੇ ਮੈਂ ਐਸੇ = ਅਜਿਹੇ ਪ੍ਰਭੂ = ਪਰਮੇਸ਼ਰ ਨੂੰ ਧਿਆਇਆ = ਧਿਆਉਣਾ ਕੀਤਾ ਹੈ।

## ਭਇਓ ਕ੍ਰਿਪਾਲੁ ਦਇਆਲੁ ਦੁਖ ਭੰਜਨੁ; ਲਗੈ ਨ ਤਾਤੀ ਬਾਇਆ ॥੧॥ਰਹਾਉ॥

ਜੋ ਪਿੱਛੇ ਆਪਣੇ ਭਗਤਾਂ ਉੱਤੇ ਕ੍ਰਿਪਾਲੁ = ਕ੍ਰਿਪਾਲਤਾ ਕਰਨ ਵਾਲਾ ਸੀ, ਹੁਣ ਦਇਆਲੁ = ਦਿਆਲੂ ਹੈ, ਅੱਗੇ ਨੂੰ ਵੀ ਦੁੱਖਾਂ ਨੂੰ ਭੰਜਨੁ = ਭੰਨਣ ਵਾਲਾ ਹੋਵੇਗਾ **ਵਾ:** ਜੋ ਜੰਮਣ ਮਰਣ ਦੇ ਦੁੱਖਾਂ ਨੂੰ ਭੰਨਣ ਵਾਲਾ ਤੇ ਸਦਾ ਹੀ ਆਪਣੇ ਭਗਤਾਂ ਉੱਤੇ ਦਇਆਲਤਾ ਤੇ ਕਿਰਪਾਲਤਾ ਕਰਨ ਵਾਲਾ ਹੋਇਆ ਹੈ ਅਤੇ ਜੋ ਮਾਤਾ ਦੇ ਗਰਭ ਦੀ, ਦੁੱਖ ਕਲੇਸ਼, ਨਰਕਾਂ ਰੂਪੀ ਤਾਤੀ = ਤੱਤੀ ਬਾਇਆ = ਹਵਾ ਵੀ ਨਾ = ਨਹੀਂ ਲਗੈ = ਲੱਗਣ ਦਿੰਦਾ॥੧॥ਰਹਾਉ॥

## ਜੇਤੇ ਸਾਸ ਸਾਸ ਹਮ ਲੇਤੇ; ਤੇਤੇ ਹੀ ਗੁਣ ਗਾਇਆ ॥

ਜੇਤੇ = ਜਿਤਨੇ ਵੀ ਜਾਗਰਤ ਅਵਸਥਾ ਵਿਚ ਸਾਸ = ਸੁਆਸ ਹਮ = ਅਸੀਂ ਲੇਤੇ = ਲੈਂਦੇ ਹਾਂ, ਜਿਤਨੇ ਸੁਪਨ ਅਵਸਥਾ ਵਿਚ ਸਾਸ = ਸੁਆਸ ਲੈਂਦੇ ਹਾਂ ਅਤੇ ਜਿਤਨੇ ਸੁਖੋਪਤ ਅਵਸਥਾ ਵਿਚ ਸੁਆਸ ਲੈਂਦੇ ਹਾਂ **ਵਾ:** ਬਾਲਕ, ਜਵਾਨੀ ਤੇ ਬਿਰਧ ਅਵਸਥਾ ਵਿਚ ਜਿਤਨੇ ਸ੍ਵਾਸ ਲੈਂਦੇ ਹਾਂ, ਤੇਤੇ = ਉਤਨੇ ਹੀ ਸੁਆਸਾਂ ਨਾਲ ਰਲਾ ਕੇ ਪਰਮੇਸ਼ਰ ਦੇ ਗੁਣਾਂ ਨੂੰ ਗਾਇਆ = ਗਾਉਂਦੇ ਹਾਂ।

## ਨਿਮਖ ਨ ਬਿਛੁਰੈ, ਘਰੀ ਨ ਬਿਸਰੈ; ਸਦ ਸੰਗੇ ਜਤ ਜਾਇਆ ॥੧॥

ਹੁਣ ਨਿਮਖ = ਅੱਖ ਦੇ ਝਮਕਣ ਜਿਤਨੇ ਸਮੇਂ ਵਿਚ ਵੀ ਪਰਮੇਸ਼ਰ ਬਿਛੁਰੈ = ਵਿਛੁੜਦਾ ਨ = ਨਹੀਂ ਹੈ ਅਤੇ ਇਕ ਘਰੀ = ਘੜੀ ਵੀ ਬਿਸਰੈ = ਭੁੱਲਦਾ ਨ = ਨਹੀਂ ਹੈ, ਜਤ = ਜਿਥੇ ਵੀ ਜਾਇਆ = ਜਾਈਦਾ ਹੈ, ਉਥੇ ਸਦਾ ਹੀ ਪਰਮੇਸ਼ਰ ਸੰਗੇ = ਨਾਲ ਹੀ ਹੈ॥੧॥

## ਹਉ ਬਲਿ ਬਲਿ ਬਲਿ ਬਲਿ ਚਰਨ ਕਮਲ ਕਉ; ਬਲਿ ਬਲਿ ਗੁਰ ਦਰਸਾਇਆ ॥

ਹਉ = ਮੈਂ ਮਹਾਰਾਜ ਦੇ ਬਲਿ = ਜ਼ੋਰ ਵਾਲੇ ਚਰਨਾਂ ਕਮਲਾਂ ਕਉ = ਦੇ ਉਪਰੋਂ ਮਨ ਕਰਕੇ ਵੀ ਬਲਿ = ਕੁਰਬਾਨ ਜਾਂਦਾ ਹਾਂ, ਬਾਣੀ ਕਰਕੇ ਵੀ ਬਲਿ = ਕੁਰਬਾਨ ਜਾਂਦਾ ਹਾਂ, ਸਰੀਰ ਕਰਕੇ ਵੀ ਬਲਿ = ਬਲਿਹਾਰ ਜਾਂਦਾ ਹਾਂ ਅਤੇ ਮੈਂ ਗੁਰਾਂ ਦੇ ਦਰਸਾਇਆ = ਦਰਸ਼ਨਾਂ ਤੋਂ ਵੀ ਬਲਿ ਬਲਿ = ਬਲਿਹਾਰ ਕੁਰਬਾਨ ਜਾਂਦਾ ਹਾਂ।

**ਅਥਵਾ** ਮੈਂ ਗੁਰਾਂ ਦੇ ਕਮਲ ਵਤ ਬਲਿ ਬਲਿ = ਪ੍ਰਕਾਸ਼ ਮਯ ਚਰਨਾਂ ਦੇ ਉਪਰੋਂ ਬਲਿ ਬਲਿ = ਬਲਿਹਾਰ ਕੁਰਬਾਨ ਜਾਂਦਾ ਹਾਂ ਅਤੇ ਬਲਿ = ਪ੍ਰਕਾਸ਼ ਸਰੂਪ ਗੁਰਾਂ ਦੇ ਦਰਸ਼ਨਾਂ ਤੋਂ ਵੀ ਬਲਿ = ਬਲਿਹਾਰ ਜਾਂਦਾ ਹਾਂ।

## ਕਹੁ ਨਾਨਕ, ਕਾਹੂ ਪਰਵਾਹਾ; ਜਉ ਸੁਖ ਸਾਗਰੁ ਮੈ ਪਾਇਆ ॥੨॥੧੮॥੪੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਦ ਫੇਰ ਕਾਹੂ = ਕਿਸੇ ਦੀ ਕੀ ਪਰਵਾਹਾ = ਮੁਥਾਜੀ ਰਹਿ ਗਈ ਹੈ, ਜਉ = ਜਦ ਮੈਂ ਸੁੱਖਾਂ ਦੇ ਸਾਗਰ = ਸਮੁੰਦਰ ਪਰਮੇਸ਼ਰ ਨੂੰ ਹੀ ਪਾਇਆ = ਪਾ ਲਿਆ ਹੈ ॥੨॥੧੮॥੪੧॥

## ਸਾਰਗ ਮਹਲਾ ੫ ॥

## ਮੇਰੈ ਮਨਿ; ਸਬਦੁ ਲਗੋ ਗੁਰ ਮੀਠਾ ॥

ਮੇਰੈ = ਸਾਡੇ ਮਨਿ = ਚਿੱਤ ਵਿਚ ਗੁਰ = ਸਤਿਗੁਰੂ ਸਾਹਿਬ ਜੀ ਦਾ ਅੰਮ੍ਰਿਤ ਸਬਦੁ = ਉਪਦੇਸ਼ ਮੀਠਾ = ਮਿੱਠਾ, ਪਿਆਰਾ ਲਗੋ = ਲੱਗ ਆਇਆ ਹੈ।

## ਖੁਲਿਓ ਕਰਮੁ ਭਇਓ ਪਰਗਾਸਾ; ਘਟਿ ਘਟਿ ਹਰਿ ਹਰਿ ਡੀਠਾ ॥੧॥ਰਹਾਉ॥

ਜਦ ਸਾਡੇ ਪੂਰਬਲੇ ਨਿਸ਼ਕਾਮ ਕਰਮ ਖੁਲਿਓ = ਖੁੱਲ੍ਹ, ਜਾਗ ਪਏ, ਤਦ ਮੇਰੇ ਮਨ ਵਿਚ ਗਿਆਨ ਦਾ ਪਰਗਾਸਾ = ਪ੍ਰਕਾਸ਼ ਭਇਓ = ਹੋ ਗਿਆ ਤੇ ਹੁਣ ਮੈਂ ਚਾਰ ਖਾਣੀਆਂ ਦੇ ਘਟਿ ਘਟਿ = ਘਟਾਂ ਘਟਾਂ ਵਿਚ ਪਾਪਾਂ ਦੇ ਹਰਿ = ਹਾਰਕ ਹਰਿ = ਪਰਮੇਸ਼ਰ ਨੂੰ ਵਿਆਪਕ ਡੀਠਾ = ਵੇਖ ਲਿਆ ਹੈ ॥੧॥ਰਹਾਉ॥

## ਪਾਰਬ੍ਰਹਮ ਆਜੋਨੀ ਸੰਭਉ; ਸਰਬ ਥਾਨ ਘਟ ਬੀਠਾ ॥

ਉਹ ਪਰਮੇਸ਼ਰ (ਪਾਰ + ਬ੍ਰਹਮ) ਪਾਪਾਂ ਪੁੰਨਾਂ ਤੋਂ ਪਾਰ = ਪਰ੍ਹੇ ਸਾਰੇ ਬ੍ਰਹਮ = ਵਿਆਪਕ ਹੈ, ਆਜੋਨੀ = ਜੂਨਾਂ ਤੋਂ ਰਹਿਤ ਹੈ, ਸੰਭਉ = ਸੁਤੇ ਪ੍ਰਕਾਸ਼ ਸਰੂਪ ਹੈ ਅਤੇ ਸਰਬ = ਸਾਰਿਆਂ ਥਾਨ = ਥਾਵਾਂ ਤੇ ਘਟਾਂ ਘਟਾਂ ਵਿਚ ਬੀਠਾ = ਇਸਥਿਤ ਹੈ।

## ਭਇਓ ਪਰਾਪਤਿ ਅੰਮ੍ਰਿਤ ਨਾਮਾ; ਬਲਿ ਬਲਿ ਪ੍ਰਭ ਚਰਣੀਠਾ ॥੧॥

ਸਾਨੂੰ ਨਾਮਾ = ਨਾਮ ਅੰਮ੍ਰਿਤ ਪੂਰੇ ਸਤਿਗੁਰਾਂ ਤੋਂ ਪਰਾਪਤਿ = ਮਿਲਿਆ ਭਇਓ = ਹੋਇਆ ਹੈ, ਅਸੀਂ ਪ੍ਰਭ = ਪਰਮੇਸ਼ਰ ਦੇ (ਚਰਣ + ਈਠਾ) ਈਠਾ = ਪਿਆਰੇ ਚਰਨਾਂ ਤੋਂ ਬਲਿ ਬਲਿ = ਬਲਿਹਾਰ ਕੁਰਬਾਨ ਜਾਂਦੇ ਹਾਂ ॥੧॥

## ਸਤਸੰਗਤਿ ਕੀ ਰੇਣੁ ਮੁਖਿ ਲਾਗੀ; ਕੀਏ ਸਗਲ ਤੀਰਥ ਮਜਨੀਠਾ ॥

ਸਾਡੇ ਪ੍ਰਤੱਖ ਮੁਖਿ = ਮੱਥੇ, ਅੰਤਹਕਰਣ ਰੂਪੀ ਮੱਥੇ ਉੱਤੇ ਸਤਿਸੰਗਤ ਕੀ = ਦੀ ਚਰਨ ਰੇਣੁ = ਧੂੜ ਲਾਗੀ = ਲੱਗੀ ਹੈ, ਇਸ ਕਰਕੇ ਅਸੀਂ ਸਗਲ = ਸਾਰੇ ਤੀਰਥਾਂ ਤੇ ਮਜਨੀਠਾ = ਇਸ਼ਨਾਨ ਕਰ ਲਏ ਹਨ **ਵਾ**: (ਮਜਨ + ਈਠਾ) ਈਠਾ = ਪਿਆਰ ਨਾਲ ਪੁਰਬਾਂ ਦੇ ਮਜਨ = ਇਸ਼ਨਾਨ ਕੀਏ = ਕੀਤੇ, ਕਰ ਲਏ ਹਨ।

## ਕਹੁ ਨਾਨਕ, ਰੰਗਿ ਚਲੂਲ ਭਏ ਹੈ; ਹਰਿ ਰੰਗੁ ਨ ਲਹੈ ਮਜੀਠਾ ॥੨॥੧੯॥੪੨॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਸਾਡੇ ਮਨ ਪ੍ਰੇਮ ਰੂਪੀ ਚਲੂਲ = ਗਾੜ੍ਹੇ ਰੰਗ ਵਿਚ ਰੱਤੇ ਹੋਣ ਕਰਕੇ ਮਸਤ ਭਏ = ਹੋ ਗਏ ਹੈ = ਹਨ, ਹੁਣ ਹਰਿ = ਪਰਮੇਸ਼ਰ ਦਾ ਭਗਤੀ ਰੂਪੀ ਮਜੀਠਾ = ਮਜੀਠ ਰੰਗ ਵਿਕਾਰਾਂ ਰੂਪੀ ਧੁੱਪ ਕਾਰਨ ਲਹੈ = ਲਹਿੰਦਾ ਨ = ਨਹੀਂ ਹੈ **ਵਾ**: ਮਜੀਠ ਰੰਗ ਵਤ ਪ੍ਰਭੂ ਦੀ ਭਗਤੀ ਦਾ ਰੰਗ ਲਹਿੰਦਾ ਨਹੀਂ ਹੈ॥੨॥੧੯॥੪੨॥

## ਸਾਰਗ ਮਹਲਾ ੫ ॥

## ਹਰਿ ਹਰਿ ਨਾਮੁ; ਦੀਓ ਗੁਰਿ, ਸਾਥੇ ॥

ਸਤਿਗੁਰੂ ਸਾਹਿਬ ਜੀ ਨੇ ਮੈਨੂੰ ਲੋਕ-ਪ੍ਰਲੋਕ ਵਿਚ ਸਾਥੇ = ਨਾਲ ਰਹਿਣ ਵਾਲਾ ਹਰਿ = ਹਰੀ ਹਰਿ = ਪਰਮੇਸ਼ਰ ਦਾ ਨਾਮ ਦੀਓ = ਦੇਣਾ, ਬਖ਼ਸ਼ ਦਿੱਤਾ ਹੈ **ਵਾ**: ਸਾਰਿਆਂ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਲੋਕ-ਪ੍ਰਲੋਕ ਵਿਚ ਅੰਗ-ਸੰਗ ਰਹਿਣ ਵਾਲਾ ਗੁਰਾਂ ਨੇ ਬਖ਼ਸ਼ ਦਿੱਤਾ ਹੈ।

## ਨਿਮਖ ਬਚਨੁ ਪ੍ਰਭ ਹੀਅਰੈ ਬਸਿਓ; ਸਗਲ ਭੂਖ ਮੇਰੀ ਲਾਥੇ ॥੧॥ਰਹਾਉ॥

ਜਦ ਇਕ ਨਿਮਖ = ਛਿਨ ਮਾਤਰ ਗੁਰਾਂ ਦੇ ਬਚਨੁ = ਉਪਦੇਸ਼ ਦੁਆਰਾ ਸਾਡੇ ਹੀਅਰੈ = ਹਿਰਦੇ ਵਿਚ ਪ੍ਰਭ = ਪਰਮੇਸ਼ਰ ਦਾ ਨਾਮ ਬਸਿਓ = ਵੱਸ ਗਿਆ, ਤਦ ਮੇਰੀ = ਸਾਡੀ ਆਸਾ ਆਦਿ ਦੀ ਸਗਲ = ਸਾਰੀ ਭੂਖ = ਭੁੱਖ ਲਾਥੇ = ਲੱਥ ਗਈ॥੧॥ਰਹਾਉ॥

## ਕ੍ਰਿਪਾ ਨਿਧਾਨ, ਗੁਣ ਨਾਇਕ ਠਾਕੁਰ; ਸੁਖ ਸਮੂਹ, ਸਭ ਨਾਥੇ ॥

ਹੇ ਪਰਮੇਸ਼ਰ! ਤੁਸੀਂ ਕ੍ਰਿਪਾ = ਮੇਹਰ ਦੇ ਨਿਧਾਨ = ਖ਼ਜ਼ਾਨੇ ਹੋ, ਸਭ ਗੁਣਾਂ ਦੇ ਨਾਇਕ = ਪ੍ਰੇਰਕ, ਸ਼ਿਰੋਮਣੀ ਹੋ, ਸਾਰਿਆਂ ਦੇ ਠਾਕੁਰ = ਸੁਆਮੀ ਹੋ, ਜਿਤਨੇ ਸਮੂਹ = ਸਾਰੇ ਸਵਰਗ, ਬ੍ਰਹਮ ਲੋਕ ਆਦਿ ਦੇ ਸੁਖ ਹਨ, ਤੁਸੀਂ ਸਭ = ਸਾਰਿਆਂ ਦੇ ਨਾਥੇ = ਮਾਲਕ ਹੋ **ਵਾ**: ਸਮੂਹ = ਸਾਰੇ ਸੁੱਖਾਂ ਨੂੰ ਆਪਣੇ ਅਧੀਨ ਰੱਖਣ ਵਾਲੇ ਹੋ ਤੇ ਸਭ ਦੇ ਸੁਆਮੀ ਹੋ।

## ਏਕ ਆਸ ਮੋਹਿ ਤੇਰੀ ਸੁਆਮੀ; ਅਉਰ ਦੁਤੀਆ ਆਸ ਬਿਰਾਥੇ ॥੧॥

ਹੇ ਸੁਆਮੀ = ਮਾਲਕ ਪਰਮੇਸ਼ਰ! ਮੋਹਿ = ਸਾਨੂੰ, ਏਕ = ਇਕ ਤੇਰੀ ਹੀ ਆਸ = ਉਮੀਦ ਹੈ, ਅਉਰ = ਹੋਰ ਦੁਤੀਆ = ਦੂਜੀ ਆਸ = ਆਸਾ ਬਿਰਾਥੇ = ਬੇਅਰਥ ਸਮਝ ਕੇ ਛੱਡ ਦਿੱਤੀ ਹੈ॥੧॥

## ਨੈਣ ਤ੍ਰਿਪਤਾਸੇ ਦੇਖਿ ਦਰਸਾਵਾ; ਗੁਰਿ ਕਰ ਧਾਰੇ ਮੇਰੈ ਮਾਥੇ ॥

ਹੇ ਪਰਮੇਸ਼ਰ! ਜਦ ਮੇਰੈ = ਸਾਡੇ ਪ੍ਰਤੱਖ ਹਿਰਦੇ ਰੂਪੀ ਮਾਥੇ = ਮਸਤਕ ਉੱਤੇ ਗੁਰਿ = ਸਤਿਗੁਰਾਂ ਨੇ

ਆਪਣੇ ਕਿਰਪਾ ਭਰੇ ਕਰ = ਹੱਥ ਧਾਰੇ = ਧਰੇ, ਰੱਖਣਾ ਕੀਤੇ, ਤਦ ਤੇਰੇ ਦਰਸਾਵਾ = ਦਰਸਨ ਦੇਖਿ = ਵੇਖ ਕਰਕੇ ਸਾਡੇ ਨੈਣ = ਨੇਤਰ ਤ੍ਰਿਪਤਾਸੇ = ਤ੍ਰਿਪਤ ਹੋ ਗਏ ਹਨ।

[ਅੰਗ ੧੨੧੩]

## ਕਹੁ ਨਾਨਕ, ਮੈ ਅਤੁਲ ਸੁਖੁ ਪਾਇਆ; ਜਨਮ ਮਰਣ ਭੈ ਲਾਥੇ ॥੨॥੨੦॥੪੩॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ਮੈ = ਅਸੀਂ ਅਤੁਲੁ = ਤੋਲਣ ਤੋਂ ਰਹਿਤ ਆਤਮਿਕ ਸੁਖੁ = ਅਨੰਦ ਤੇਰੀ ਕਿਰਪਾ ਨਾਲ ਪਾਇਆ = ਪਾਉਣਾ ਕੀਤਾ ਹੈ, ਜਿਸ ਕਰਕੇ ਜੰਮਣ ਮਰਣ ਦੇ ਭੈ = ਡਰ ਲਾਥੇ = ਲਹਿ ਗਏ ਹਨ॥੨॥੨੦॥੪੩॥

## ਸਾਰਗ ਮਹਲਾ ੫ ॥

## ਰੇ ਮੂੜੇ; ਆਨ ਕਾਹੇ ਕਤ ਜਾਈ ॥

ਰੇ = ਹੇ ਮੂੜੇ = ਬੇਸਮਝ ਜੀਵ! ਤੂੰ ਕਾਹੇ = ਜਿਸ ਵਾਸਤੇ ਆਨ = ਹੋਰਨਾਂ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨ ਲਈ ਥਾਂ ਥਾਂ 'ਤੇ ਕਤ = ਕਿਉਂ ਜਾਈ = ਜਾਂਦਾ ਹੈਂ।

## ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ; ਭੂਲਿ ਭੂਲਿ ਬਿਖੁ ਖਾਈ ॥੧॥ਰਹਾਉ॥

ਰੇ = ਹੇ ਬੇਸਮਝ ਜੀਵ! ਤੇਰੇ ਮਨੋਹਰੁ = ਮਨ ਨੂੰ ਹਰਣ ਵਾਲਾ **ਵਾ:** ਪਰੇਮਸ਼ਰ ਦਾ ਮਨੋਹਰੁ = ਸੁੰਦਰ ਨਾਮ ਅੰਮ੍ਰਿਤ ਤੇਰੇ ਸੰਗਿ = ਨਾਲ ਹੀ ਹੈ, ਤੂੰ ਉਸ ਵਾਹਿਗੁਰੂ ਨੂੰ ਭੂਲਿ ਭੂਲਿ = ਭੁਲਾ ਭੁਲਾ ਕੇ ਕੁਸੰਗਤ ਵਿਚ ਮਿਲ ਕੇ ਵਿਸ਼ਿਆਂ ਰੂਪੀ ਬਿਖੁ = ਜ਼ਹਿਰ ਨੂੰ ਖਾਈ = ਖਾਣਾ ਕਰਦਾ ਹੈਂ॥੧॥ਰਹਾਉ॥

## ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ; ਤਿਸ ਸਿਉ ਰੁਚ ਨਹੀ ਰਾਈ ॥

ਜੋ ਪ੍ਰਭ = ਪਰਮੇਸ਼ਰ ਸਤਿ ਚਿੱਤ ਆਨੰਦ ਸਰੂਪ ਹੋਣ ਕਰਕੇ ਸੁੰਦਰ = ਸੋਹਣਾ ਹੈ, ਸਾਰਿਆਂ ਵਿਹਾਰਾਂ ਨੂੰ ਚਲਾਉਣ ਵਿਚ ਚਤੁਰ = ਸਿਆਣਾ ਹੈ, ਅਨੂਪ = ਉਪਮਾ ਤੋਂ ਰਹਿਤ ਹੈ, ਬਿਧਾਤੇ = ਕਰਮਾਂ ਅਨੁਸਾਰ ਫਲ ਪ੍ਰਦਾਤਾ ਹੈ ਤਿਸੁ = ਉਸ ਦੇ ਸਿਉ = ਨਾਲ ਤੇਰੀ ਰਾਈ = ਰੰਚਕ ਮਾਤਰ, ਰਾਈ ਦੇ ਦਾਣੇ ਜਿਤਨੀ ਵੀ ਰੁਚ = ਪ੍ਰੀਤੀ ਨਹੀਂ ਹੈ।

## ਮੋਹਨਿ ਸਿਉ ਬਾਵਰ ਮਨੁ ਮੋਹਿਓ; ਝੂਠਿ ਠਗਉਰੀ ਪਾਈ ॥੧॥

ਹੇ ਬਾਵਰ = ਝੱਲੇ ਜੀਵ! ਮੋਹਨਿ = ਮੋਹਤ ਕਰਨ ਵਾਲੀ, ਮੋਹਣੀ ਮਾਇਆ ਦੇ ਸਿਉ = ਨਾਲ ਤੇਰਾ ਮਨੁ = ਚਿੱਤ ਮੋਹਿਓ = ਮੋਹਿਆ ਗਿਆ ਹੈ ਕਿਉਂਕਿ ਤੂੰ ਇਸ ਉਤੇ ਝੂਠੀ ਮੋਹ ਰੂਪੀ ਠਗਉਰੀ = ਠੱਗ ਬੂਟੀ ਪਾਈ ਹੋਈ ਹੈ **ਵਾ:** ਤੇਰੇ ਸ਼ੁਭ ਗੁਣ ਲੱਗਣ ਵਾਸਤੇ ਮਾਇਆ ਦੇ ਝੂਠਿ = ਮਿਥਿਆ ਪਦਾਰਥਾਂ, ਝੂਠੀ ਵਿਸ਼ਿਆਂ ਰੂਪੀ ਠੱਗ ਬੂਟੀ ਪਾਈ ਹੋਈ ਹੈ॥੧॥

## ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ; ਸੰਤਨ ਸਿਉ ਬਨਿ ਆਈ ॥

ਜਿਸ ਪੁਰਖ ਉੱਤੇ ਦੁੱਖਾਂ ਨੂੰ ਹਰਤਾ = ਮੇਟਣ ਵਾਲਾ ਦਇਆਲੁ = ਦਇਆਵਾਨੁ ਪਰਮੇਸ਼ਰ ਕ੍ਰਿਪਾਲੁ = ਦਿਆਲੂ ਭਇਓ = ਹੋਇਆ ਹੈ, ਉਸ ਦੀ ਸੰਤਨ = ਸੰਤ ਜਨਾਂ ਦੇ ਸਿਉ = ਨਾਲ ਪ੍ਰੀਤੀ ਬਨਿ = ਫੱਬ ਆਈ ਹੈ। ਅਤੇ

## ਸਗਲ ਨਿਧਾਨ, ਘਰੈ ਮਹਿ ਪਾਏ; ਕਹੁ ਨਾਨਕ ਜੋਤਿ ਸਮਾਈ ॥੨॥੨੧॥੪੪॥

ਉਸ ਨੇ ਸਗਲ = ਸਾਰੇ ਸ਼ੁਭ ਗੁਣਾਂ ਰੂਪੀ ਨਿਧਾਨ = ਖ਼ਜ਼ਾਨੇ ਆਪਣੇ ਰਿਦੇ ਰੂਪੀ ਘਰੈ = ਘਰ ਦੇ ਮਹਿ = ਵਿੱਚੋਂ ਹੀ ਪਾਏ = ਪਾ ਲਏ ਹਨ, ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਉਸਦੀ ਪਰਤਕ ਜੋਤ ਪਰਮੇਸ਼ਰ ਦੇ ਵਿਚ ਸਮਾਈ = ਸਮਾਅ, ਲੀਨ ਹੋ ਗਈ ਹੈ॥੨॥੨੧॥੪੪॥

## ਸਾਰਗ ਮਹਲਾ ੫ ॥

## ਓਅੰ ਪ੍ਰਿਅ ਪ੍ਰੀਤਿ ਚੀਤਿ; ਪਹਿਲਰੀਆ ॥

(**ਪਹਿਲਰੀ-ਆ** ਦਾ ਉਚਾਰਣ ਡੈਸ਼ ਲਗਾ ਕੇ ਹੈ)

ਹੇ ਮੇਰੇ ਚੀਤਿ = ਚਿੱਤ ਵਿਚ ਓਅੰ = ਮੰਗਲ ਰੂਪ ਪ੍ਰਿਅ = ਪਿਆਰੇ ਪਰਮੇਸ਼ਰ ਦੀ ਪ੍ਰੀਤਿ = ਪ੍ਰੀਤੀ ਪਹਿਲਰੀਆ = ਪਹਿਲਾਂ (ਆਦੋਂ) ਭਾਵ ਮਾਤਾ ਦਾ ਗਰਭ ਵਾਲੀ ਹੀ ਵੱਸੀ ਹੋਈ ਹੈ।

## ਜੋ ਤਉ ਬਚਨੁ ਦੀਓ ਮੇਰੇ ਸਤਿਗੁਰ; ਤਉ ਮੈ ਸਾਜ ਸੀਗਰੀਆ ॥੧॥ਰਹਾਉ॥

ਹੇ ਪਰਮੇਸ਼ਰ ! ਜੋ = ਜਿਹੜਾ ਤਉ = ਤੇਰੀ ਪ੍ਰਾਪਤੀ ਵਾਲਾ ਮੇਰੇ ਸਤਿਗੁਰਾਂ ਨੇ ਮੈਨੂੰ ਬਚਨੁ = ਉਪਦੇਸ਼ ਦੀਓ = ਦਿੱਤਾ ਹੈ, ਜਦ ਇਹ ਮੈਂ ਰਿਦੇ ਵਿਚ ਵਸਾ ਲਿਆ, ਤਉ = ਤਦੋਂ ਮੈਂ ਭਾਣਾ ਮੰਨਣਾ, ਸਿਮਰਨ ਕਰਨਾ, ਧਰਮ ਦੀ ਕਿਰਤ ਕਰਨੀ ਆਦਿ ਸਾਧਨਾਂ ਰੂਪ ਸਾਜ਼ਾਂ ਨੂੰ ਸੀਗਰੀਆ = ਸ਼ਿੰਗਾਰਨਾ ਕੀਤਾ **ਵਾ:** ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ **ਵਾ:** ਸ੍ਰਵਣ, ਮੰਨਣ, ਨਿਧਿਆਸਣ ਤੱਤ ਤ੍ਵੰ ਦਾ ਸੰਸ਼ੋਧਨ ਆਦਿ ਸਾਜ਼ਾਂ ਨੂੰ ਸ਼ਿੰਗਾਰਿਆ ਹੈ॥੧॥ਰਹਾਉ॥

## ਹਮ ਭੂਲਹ, ਤੁਮ ਸਦਾ ਅਭੂਲਾ; ਹਮ ਪਤਿਤ, ਤੁਮ ਪਤਿਤ ਉਧਰੀਆ ॥

(**ਉਧੱਰੀਆ** ਉਚਾਰਨ ਹੈ)

ਹੇ ਪਰਮੇਸ਼ਰ ! ਹਮ = ਅਸੀਂ ਜੀਵ ਹੰਗਤਾ ਮਮਤਾ ਦੇ ਬਲ ਕਰਕੇ ਤੇਰੇ ਸਰੂਪ ਨੂੰ ਭੂਲਹ = ਭੁੱਲ ਜਾਂਦੇ ਹਾਂ, ਤੇ ਤੁਮ = ਤੁਸੀਂ ਸਦਾ = ਹਮੇਸ਼ਾਂ ਅਭੂਲਾ = ਭੁੱਲਣ ਤੋਂ ਰਹਿਤ ਹੋ, ਹਮ = ਅਸੀਂ ਜੀਵ ਪਾਪ ਕਰਮਾਂ ਕਰਕੇ ਪਤਿਤ = ਪਾਪੀ **ਵਾ:** ਧਰਮ ਕਰਮ ਤੋਂ ਡਿੱਗ ਜਾਂਦੇ ਹਾਂ ਅਤੇ ਤੁਮ = ਤੁਸੀਂ ਪਤਿਤ = ਪਾਪੀ ਪੁਰਖਾਂ ਦਾ ਉਧਰੀਆ = ਉੱਧਾਰ ਕਰਨ ਵਾਲੇ ਹੋ।

## ਹਮ ਨੀਚ ਬਿਰਖ, ਤੁਮ ਮੈਲਾਗਰ; ਲਾਜ ਸੰਗਿ, ਸੰਗਿ ਬਸਰੀਆ ॥੧॥

(**ਬ-ਸਰੀਆ** ਦਾ ਉਚਾਰਣ ਡੈਸ਼ ਲਗਾ ਕੇ ਹੈ)

ਹਮ = ਅਸੀਂ ਜੀਵ ਨੀਚ = ਨੀਵੇਂ ਅਰਿੰਡ ਬਿਰਖ = ਬ੍ਰਿਛ ਦੀ ਨਿਆਈਂ ਹਾਂ ਤੇ ਤੁਮ = ਤੁਸੀਂ ਮੈਲਾਗਰ = ਬਾਵਨ ਚੰਦਨ ਦੀ ਨਿਆਈਂ ਹੋ, ਜਿਵੇਂ ਬਾਵਨ ਚੰਦਨ ਨੂੰ ਆਪਣੇ ਸੰਗਿ = ਸਾਥ ਦੀ ਲਾਜ = ਲੱਜਿਆ ਹੁੰਦੀ ਹੈ, ਤਿਵੇਂ ਹੇ ਪਰਮੇਸ਼ਰ ! ਜੀਵਾਂ ਦੀ ਤੇਰੇ ਨਾਲ ਬਸਰੀਆ = ਵੱਸਣ ਦੀ ਤੈਨੂੰ ਆਪ ਹੀ ਲੱਜਿਆ ਹੈ।

**ਅਥਵਾ** ਜਿਵੇਂ ਨੀਵੇਂ ਅਰਿੰਡ ਵਿਚ ਕੁਤ੍ਰੱਤਣਤਾ ਹੁੰਦੀ ਹੈ, ਤਿਵੇਂ ਅਸੀਂ ਜੀਵ ਅਰਿੰਡ ਦੀ ਤਰ੍ਹਾਂ ਕੌੜੇ ਸੁਭਾਅ ਵਾਲੇ ਹਾਂ **ਵਾ:** ਅਰਿੰਡ ਦੀ ਨਿਆਈਂ ਕੌੜੇ ਸੁਭਾਅ ਵਾਲੇ, ਵਿਸ਼ਿਆਂ ਦੀ ਕੁਤ੍ਰੱਤਣਤਾ ਵਾਲੇ ਤੇ ਸਿੰਮਲ ਰੁੱਖ ਵਾਂਗ ਵਡਪੁਣੇ ਵਾਲੇ ਹੰਕਾਰੀ ਹਾਂ ਤੇ ਗਿਆਨ ਰੂਪੀ ਫਲ ਤੋਂ ਰਹਿਤ ਹਾਂ ਤੇ ਤੁਸੀਂ ਚੰਦਨ ਦੀ ਨਿਆਈਂ ਹੋ, ਜਿਵੇਂ ਚੰਦਨ ਆਪਣੇ ਨਾਲ ਖੜੇ ਅਰਿੰਡ ਦੀ ਲਾਜ = ਲੱਜਾ ਰੱਖਦਾ ਹੋਇਆ ਉਸ ਵਿਚ ਵੀ ਮਹਿਕ ਪਾ ਦਿੰਦਾ ਹੈ, ਇਉਂ ਹੇ ਪਰਮੇਸ਼ਰ ! ਤੁਹਾਨੂੰ ਹੀ ਲੱਜਿਆ ਹੈ, ਸਾਨੂੰ ਵੀ ਤੇਰੀ ਪ੍ਰਾਪਤੀ ਵਾਲੀ ਸੰਗਤ

ਦੇ ਨਾਲ ਵੱਸਣ ਵਾਲਾ ਜਾਣ ਕੇ ਮੁਕਤ ਕਰ ਦੇਣਾ ਕਰੋ **ਵਾ:** ਭਗਤੀ ਰੂਪੀ ਮਹਿਕ ਪਾ ਕੇ ਆਪਣਾ ਸਰੂਪ ਹੀ ਬਣਾ ਲੈਣਾ ਕਰੋ॥੧॥

## ਤੁਮ ਗੰਭੀਰ, ਧੀਰ, ਉਪਕਾਰੀ; ਹਮ ਕਿਆ ਬਪੁਰੇ ਜੰਤਰੀਆ॥

ਹੇ ਪਰਮੇਸ਼ਰ! ਤੁਮ = ਤੁਸੀਂ ਗੰਭੀਰ = ਡੂੰਘੇ, ਧੀਰ = ਧੀਰਜਤਾ ਵਾਲੇ ਅਤੇ ਉਪਕਾਰੀ = ਉਪਕਾਰ ਕਰਨ ਵਾਲੇ ਹੋ ਅਤੇ ਹਮ = ਅਸੀਂ ਬਪੁਰੇ = ਵਿਚਾਰੇ ਤੁੱਛ ਜੰਤਰੀਆ = ਜੀਵ ਤੇਰੇ ਬਰਾਬਰ ਕਿਆ = ਕੀ ਹਾਂ ਭਾਵ ਕੁਝ ਵੀ ਨਹੀਂ ਹਾਂ।

## ਗੁਰ ਕ੍ਰਿਪਾਲ ਨਾਨਕ, ਹਰਿ ਮੇਲਿਓ;
## ਤਉ ਮੇਰੀ ਸੂਖਿ ਸੇਜਰੀਆ॥੨॥੨੨॥੪੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪਰਮੇਸ਼ਰ! ਜਦ ਅਸਾਂ ਜੀਵਾਂ ਦੇ ਉੱਤੇ ਗੁਰ = ਸਤਿਗੁਰੂ ਸਾਹਿਬ ਜੀ ਕ੍ਰਿਪਾਲ = ਮੇਹਰਬਾਨ ਹੋਏ ਤਾਂ ਤੇਰੇ ਨਾਲ ਮਿਲਿਓ = ਮਿਲਣਾ ਕੀਤਾ ਅਤੇ ਤਉ = ਤਦ ਹੀ ਮੇਰੀ = ਸਾਡੀ ਅੰਤਹਕਰਣ **ਵਾ:** ਸ਼ਰਧਾ ਰੂਪੀ ਸੇਜਰੀਆ = ਸਿਹਜਾ ਸੂਖਿ = ਸੁੱਖ ਦੇ ਸਹਿਤ ਹੋਈ ਹੈ॥੨॥੨੨॥੪੫॥

ਅਗਲੇ ਸ਼ਬਦ ਵਿਚ ਸਤਿਗੁਰੂ ਜੀ ਵਾਹਿਗੁਰੂ ਦੇ ਸਰੂਪ ਵਿਚ ਅਭੇਦ ਹੋਣ ਵਾਲੇ ਦਿਨ ਨੂੰ ਸਫਲਾ ਸਮਝਦੇ ਹੋਏ ਮਨ ਨੂੰ ਸੰਬੋਧਨ ਕਰਦਿਆਂ ਸਰਬ ਸਾਂਝਾ ਉਪਦੇਸ਼ ਦਿੰਦੇ ਹੋਏ ਸ਼ਬਦ ਉਚਾਰਨ ਕਰਦੇ ਹਨ।

## ਸਾਰਗ ਮਹਲਾ ੫॥
## ਮਨ, ਓਇ ਦਿਨਸ ਧੰਨਿ; ਪਰਵਾਨਾਂ॥

ਹੇ ਮਨ = ਮਨਾਂ! ਓਇ = ਉਹ ਦਿਨਸ = ਦਿਨ ਧੰਨਿ = ਧੰਨਤਾ ਦੇ ਯੋਗ ਤੇ ਪਰਵਾਨਾਂ = ਪ੍ਰਮਾਣਿਕ ਹੈ।

## ਸਫਲ ਤੇ ਘਰੀ, ਸੰਜੋਗ ਸੁਹਾਵੇ; ਸਤਿਗੁਰ ਸੰਗਿ ਗਿਆਨਾਂ॥੧॥ਰਹਾਉ॥

ਤੇ = ਉਹ ਘਰੀ = ਘੜੀ ਵੀ ਸਫਲੀ ਹੈ ਜਦ ਗੁਰਾਂ ਦੇ ਦਰਸ਼ਨ ਕੀਤੇ, ਉਹ ਸੰਜੋਗ = ਮਿਲਾਪ ਦਾ ਸਮਾਂ ਵੀ ਸੁਹਾਵੇ = ਸ਼ੋਭਨੀਕ ਹੈ ਜਦ ਗੁਰਾਂ ਦਾ ਉਪਦੇਸ਼ ਪ੍ਰਾਪਤ ਹੁੰਦਾ ਹੈ, ਜਦ ਸਤਿਗੁਰਾਂ ਦੀ ਸੰਗਿ = ਸੰਗਤ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ, ਉਹ ਸਮਾਂ ਵੀ ਸਫਲਾ ਹੈ॥੧॥ਰਹਾਉ॥

## ਧੰਨਿ ਸੁਭਾਗ ਧੰਨਿ ਸੋਹਾਗਾ; ਧੰਨਿ, ਦੇਤ ਜਿਨਿ ਮਾਨਾਂ॥

ਹੇ ਪਰਮੇਸ਼ਰ! ਉਨ੍ਹਾਂ ਗੁਰਮੁਖ ਜਨਾਂ ਦਾ ਸੁਭਾਗ = ਸ੍ਰੇਸ਼ਟ ਕਰਮ, ਨਿਸ਼ਕਾਮ ਕਰਮ ਧੰਨਿ = ਧੰਨਤਾ ਦੇ ਯੋਗ ਹੈ, ਤੇਰੀ ਪ੍ਰਾਪਤੀ ਦਾ ਸੋਹਾਗਾ = ਅਨੰਦ ਵੀ ਧੰਨਿ = ਧੰਨਤਾ ਦੇ ਯੋਗ ਹੈ, ਧੰਨਿ = ਧੰਨਤਾ ਦੇ ਯੋਗ ਗੁਰਾਂ ਦਾ ਜਿਨਿ = ਜਿਨ੍ਹਾਂ ਨੇ ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਉਪਦੇਸ਼ ਮਾਨਾਂ = ਮੰਨਿਆ ਹੈ **ਵਾ:** ਧੰਨਤਾ ਯੋਗ ਗੁਰਾਂ ਨੇ ਜਿਨ੍ਹਾਂ ਨੂੰ ਤੇਰੇ ਸਰੂਪ ਦੀ ਸਖਿਆਤਤਾ ਦਾ ਮਾਨਾਂ = ਸਤਿਕਾਰ ਦੇਤ = ਦੇਣਾ ਕੀਤਾ ਹੈ। ਅਤੇ :

## ਇਹੁ ਤਨੁ ਤੁਮ੍ਰਰਾ, ਸਭੁ ਗ੍ਰਿਹੁ ਧਨੁ ਤੁਮਰਾ; ਹੀਂਉ ਕੀਓ ਕੁਰਬਾਨਾਂ॥੧॥

ਉਨ੍ਹਾਂ ਦਾ ਐਸਾ ਨਿਸਚਾ ਹੈ ਕਿ ਹੇ ਪਰਮੇਸ਼ਰ! ਇਹ ਸੂਖਮ, ਸਥੂਲ ਕਾਰਨ ਤਨ = ਸਰੀਰ ਵੀ

ਤੁਮ੍ਰਾ = ਤੇਰਾ ਹੈ, ਸਭੁ = ਸਾਰਾ ਗ੍ਰਿਹੁ = ਘਰ ਤੇ ਧਨ ਪਦਾਰਥ ਵੀ ਤੁਮਰਾ = ਤੇਰਾ ਹੀ ਹੈ ਅਤੇ ਅਸੀਂ ਆਪਣਾ ਹੀਂਉ = ਹਿਰਦਾ ਵੀ ਤੇਰੇ ਉਪਰੋਂ ਕੁਰਬਾਨਾਂ = ਬਲਿਹਾਰ ਕਰਦੇ ਹਾਂ ॥੧॥

## ਕੋਟਿ ਲਾਖ ਰਾਜ ਸੁਖ ਪਾਏ; ਇਕ ਨਿਮਖ ਪੇਖਿ ਦ੍ਰਿਸਟਾਨਾ ॥

ਹੇ ਪਰਮੇਸ਼ਰ ! ਜਿਨ੍ਹਾਂ ਵੱਲ ਤੂੰ ਇਕ ਨਿਮਖ = ਛਿਨ ਮਾਤਰ ਵੀ ਮੇਹਰ ਦੀ ਦ੍ਰਿਸਟਾਨਾਂ = ਦ੍ਰਿਸ਼ਟੀ ਨਾਲ ਪੇਖਿ = ਵੇਖਣਾ ਕੀਤਾ ਹੈ, ਉਨ੍ਹਾਂ ਨੇ ਲਾਖ = ਲੱਖਾਂ, ਕੋਟਿ = ਕਰੋੜਾਂ ਰਾਜ ਪਦਾਰਥਾਂ ਦੇ ਸੁਖ ਨੂੰ ਪਾਏ = ਪਾਉਣਾ ਕੀਤਾ ਹੈ।

**ਅਥਵਾ** ਜਿਨ੍ਹਾਂ ਦੇ ਵੱਲ ਤੂੰ ਇਕ ਅੱਖ ਦੇ ਖੋਲ੍ਹਣ ਤੇ ਬੰਦ ਕਰਨ ਜਿਤਨੇ ਸਮੇਂ ਵਿਚ ਮੇਹਰ ਭਰੀ ਦ੍ਰਿਸ਼ਟੀ ਨਾਲ ਤੱਕਣਾ ਕੀਤਾ ਹੈ, ਉਹੋ ਹੀ ਕਰੋੜਾਂ ਖ਼ਜ਼ਾਨਿਆਂ ਦਾ ਮਾਲਕ ਹੈ, ਉਹੋ ਹੀ ਲੱਖਾਂ ਫ਼ੌਜਾਂ ਦਾ ਮਾਲਕ ਹੈ ਤੇ ਉਸ ਨੇ ਹੀ ਲੱਖਾਂ ਦੇਸ਼ਾਂ ਦੇ ਰਾਜ ਦੇ ਸੁਖ ਨੂੰ ਪਾਏ = ਪਾਉਣਾ ਕੀਤਾ ਹੈ।

## ਜਉ ਕਹਹੁ ਮੁਖਹੁ, ਸੇਵਕ ਇਹ ਬੈਸੀਐ;
## ਸੁਖ ਨਾਨਕ ਅੰਤੁ ਨ ਜਾਨਾਂ ॥੨॥੨੩॥੪੬॥

ਹੇ ਪਰਮੇਸ਼ਰ ! ਜਉ = ਜਦੋਂ ਤੂੰ ਮੁਖਹੁ = ਮੁਖ ਨਾਲ ਇਹ ਕਹਹੁ = ਕਹਿਣਾ ਕਰੇਂ ਕਿ ਹੇ ਸੇਵਕ ! ਤੂੰ ਇਹ = ਇਥੇ ਆ ਕੇ ਬੈਸੀਐ = ਬੈਠਣਾ ਕਰ ਭਾਵ ਤੂੰ ਆਦਰ ਦੇਣਾ ਕਰੇਂ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਸੁਖ ਦਾ ਅੰਤੁ = ਅਖ਼ੀਰ ਨ = ਨਹੀਂ ਜਾਨਾਂ = ਜਾਨਿਆ ਜਾ ਸਕਦਾ **ਵਾ:** ਜਦੋਂ ਤੂੰ ਮੁਖੋਂ ਕਹਿਣਾ ਕਰੇਂ ਕਿ ਹੇ ਸੇਵਕ ! ਤੂੰ ਸਾਡੇ ਇਸ ਅਧਿਸ਼ਠਾਨ ਸਰੂਪ ਰੂਪ ਸਿੰਘਾਸਣ ਉੱਤੇ ਆ ਕੇ ਬੈਠਣਾ ਕਰ ਭਾਵ ਸਾਡੇ ਵਿਚ ਏਕਤਾ ਪਾਉਣਾ ਕਰ ਤਾਂ ਉਸ ਜੀਵ ਈਸ ਦੀ ਏਕਤਾ ਦੇ ਸੁਖ = ਅਨੰਦ ਦਾ ਅੰਤ ਨਹੀਂ ਜਾਨਿਆ ਜਾ ਸਕਦਾ ਕਿ ਇਤਨਾ ਆਨੰਦ ਹੈ ॥੨॥੨੩॥੪੬॥

## ਸਾਰਗ ਮਹਲਾ ੫ ॥
## ਅਬ ਮੋਰੋ; ਸਹਸਾ ਦੂਖੁ ਗਇਆ ॥

ਹੇ ਸੰਤ ਜਨੋਂ ! ਅਬ = ਹੁਣ ਮੋਰੋ = ਮੇਰਾ ਜੰਮਣ ਮਰਣ ਦੇ ਦੇਣ ਵਾਲਾ ਸਹਸਾ = ਸੰਸਾ ਤੇ ਅਗਿਆਨ ਦਾ ਦੂਖੁ = ਦੁੱਖ ਚਲਿਆ ਗਿਆ ਹੈ।

## ਅਉਰ ਉਪਾਵ ਸਗਲ ਤਿਆਗਿ ਛੋਡੇ;
## ਸਤਿਗੁਰ ਸਰਣਿ ਪਇਆ ॥੧॥ਰਹਾਉ॥

ਅਉਰ = ਹੋਰ ਜੋਗਾ ਅਭਿਆਸ ਕਰਨਾ, ਕਰਮ ਕਾਂਡ ਕਰਨਾ ਆਦਿ, ਸਗਲ = ਸਾਰੇ ਉਪਾਉ = ਯਤਨ ਤਿਆਗਿ = ਤਿਆਗਣੇ ਯੋਗ ਜਾਣ ਕੇ ਛੋਡੇ = ਛੱਡ ਦਿੱਤੇ ਹਨ ਅਤੇ ਮੈਂ ਇਕ ਸਤਿਗੁਰ = ਸੱਚੇ ਗੁਰੂ ਦੀ ਸਰਣਿ = ਓਟ ਵਿਚ ਪਿਆ ਹਾਂ ॥੧॥ਰਹਾਉ॥

## ਸਰਬ ਸਿਧਿ ਕਾਰਜ ਸਭਿ ਸਵਰੇ; ਅਹੰ ਰੋਗ ਸਗਲ ਹੀ ਖਇਆ ॥

ਸਰਬ = ਸਾਰੀਆਂ ਸਿਧਿ = ਸਿੱਧੀਆਂ ਪ੍ਰਾਪਤ ਹੋ ਗਈਆਂ ਹਨ **ਵਾ:** ਸਾਰੀਆਂ ਮੁਕਤੀਆਂ ਸਿਧਿ = ਪ੍ਰਾਪਤ ਹੋ ਗਈਆਂ ਹਨ ਅਤੇ ਸਭਿ = ਸਾਰੇ ਪ੍ਰਮਾਰਥ ਤੇ ਵਿਵਹਾਰਕ ਕਾਰਜ = ਕੰਮ ਸਵਰੇ = ਸੰਵਰ ਗਏ ਹਨ ਅਤੇ ਅਹੰ = ਹਉਮੈ ਰੂਪੀ ਰੋਗ ਵੀ ਸਗਲ = ਸਾਰਾ ਹੀ ਖਇਆ = ਨਾਸ਼ ਹੋ ਗਿਆ ਹੈ।

## ਕੋਟਿ ਪਰਾਧ ਖਿਨ ਮਹਿ ਖਉ ਭਈ ਹੈ; ਗੁਰ ਮਿਲਿ ਹਰਿ ਹਰਿ ਕਹਿਆ ॥੧॥

ਤਦੋਂ ਕੋਟਿ = ਕਰੋੜਾਂ ਜਨਮਾਂ ਦੇ ਪਰਾਧ = ਗੁਨਾਹਾਂ ਦੀ ਗੁਰਾਂ ਦੇ ਦਰਸ਼ਨ ਕਰਕੇ ਇਕ ਖਿਨ = ਛਿਨ ਦੇ ਮਹਿ = ਵਿਚ ਖਉ = ਨਾਸ਼ਵਾਨਤਾ, ਨਵਿਰਤੀ ਭਈ = ਹੋਈ ਹੈ, ਜਦੋਂ ਗੁਰਾਂ ਦੇ ਨਾਲ ਮਿਲਿ = ਮਿਲਾਪ ਕਰਕੇ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਅੰਮ੍ਰਿਤ ਨੂੰ ਵਾਰ ਵਾਰ ਕਹਿਆ = ਕਹਿਣਾ, ਉਚਾਰਨਾ ਕੀਤਾ ॥੧॥

## ਪੰਚ ਦਾਸ ਗੁਰਿ ਵਸਗਤਿ ਕੀਨੇ; ਮਨ ਨਿਹਚਲ ਨਿਰਭਇਆ ॥

ਜਿਨ੍ਹਾਂ ਪੰਚ = ਪੰਜੇ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੇ ਦਾਸ = ਸੇਵਕ ਬਣਾਇਆ ਹੋਇਆ ਸੀ, ਉਹ ਗੁਰਿ = ਸਤਿਗੁਰਾਂ ਨੇ ਵਸਗਤਿ = ਅਧੀਨ ਕੀਨੇ = ਕੀਤੇ, ਕਰ ਦਿੱਤੇ ਹਨ **ਵਾ:** ਪੰਚ = ਪੰਜੇ ਕਾਮ ਕ੍ਰੋਧ ਆਦਿ ਦੇ ਦਾਸ = ਦਸੇ ਇੰਦਰੀਆਂ (ਪੰਜ ਕਰਮ ਤੇ ਪੰਜ ਗਿਆਨ ਇੰਦਰੇ) ਦੀ ਗੁਰਾਂ ਨੇ (ਵਸ + ਗਤਿ) ਗਤਿ = ਚਾਲ ਵੱਸ ਕਰ ਦਿੱਤੀ ਹੈ। ਹੁਣ ਮਨ = ਚਿੱਤ ਨਿਹਚਲ = ਅਚੱਲ ਸਰੂਪ ਵਿਚ ਇਸਥਿਤ ਹੋ ਕੇ ਨਿਰਭਇਆ = ਨਿਰਭਉ ਹੋ ਗਿਆ ਹੈ।

## ਆਇ ਨ ਜਾਵੈ, ਨ ਕਤਹੀ ਡੋਲੈ; ਥਿਰੁ ਨਾਨਕ, ਰਾਜਇਆ ॥੨॥੨੪॥੪੭॥

ਮੇਰਾ ਅਧਿਕਾਰੀ ਦਾ ਚਿੱਤ ਸਰੂਪ ਵਿਚ ਲੀਨ ਹੋਣ ਕਰਕੇ ਆਇ = ਆਉਂਦਾ ਜਾਇ = ਜਾਂਦਾ ਨ ਨਹੀਂ ਹੈ ਅਤੇ ਨ = ਨਾ ਹੀ ਕਤ = ਕਿਤੇ ਬ੍ਰਹਮ ਲੋਕ, ਸਵਰਗ ਲੋਕ ਆਦਿ ਦੇ ਪਦਾਰਥਾਂ ਵਿਚ ਡੋਲੈ = ਡੋਲਦਾ ਹੈ ਭਾਵ ਦੁਨੀਆਂ ਦੇ ਸੁੱਖ ਦੇਖ ਕੇ ਮਨ ਭਟਕਦਾ ਨਹੀਂ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮਨ ਐਸੇ ਸਰੂਪਨੰਦ ਰੂਪੀ ਰਾਜਇਆ = ਰਾਜ ਵਿਚ ਥਿਰੁ = ਇਸਥਿਤ ਹੋ ਗਿਆ ਹੈ **ਵਾ:** ਗੁਰਾਂ ਨੇ ਸਰੂਪਾਨੰਦ ਰੂਪੀ ਰਾਜ ਰਿਦੇ ਵਿਚ ਇਸਥਿਤ, ਟਿਕਾ ਦਿੱਤਾ ਹੈ **ਵਾ:** ਰਾਜਇਆ = ਪ੍ਰਕਾਸ਼ ਸਰੂਪ ਪਰਮੇਸ਼ਰ ਵਿਚ ਚਿੱਤ ਇਸਥਿਤ ਹੋ ਗਿਆ ਹੈ ॥੨॥੨੪॥੪੭॥

## ਸਾਰਗ ਮਹਲਾ ੫ ॥
## ਪ੍ਰਭੁ ਮੇਰੋ; ਇਤ ਉਤ ਸਦਾ ਸਹਾਈ ॥

ਮੇਰੋ = ਮੇਰਾ ਪ੍ਰਭੁ = ਪਰਮੇਸ਼ਰ ਇਤ = ਇਸ ਲੋਕ ਵਿਚ ਵੀ ਤੇ ਉਤ = ਪ੍ਰਲੋਕ ਵਿਚ ਸਦਾ = ਹਮੇਸ਼ਾਂ ਸਹਾਈ = ਸਹਾਇਕ ਹੈ।

## ਮਨਮੋਹਨੁ ਮੇਰੇ ਜੀਅ ਕੋ ਪਿਆਰੋ; ਕਵਨ, ਕਹਾ ਗੁਨ ਗਾਈ ॥੧॥ਰਹਾਉ॥

ਭਗਤਾਂ ਦੇ **ਵਾ:** ਮੇਰੇ ਮਨਮੋਹਨੁ = ਮਨ ਨੂੰ ਮੋਹਿਤ ਕਰਨ ਵਾਲਾ ਪਰਮੇਸ਼ਰ ਮੇਰੇ ਜੀਅ = ਹਿਰਦੇ ਕੋ = ਦਾ ਪਿਆਰੋ = ਪਿਆਰਾ ਹੈ, ਮੈਂ ਪਰਮੇਸ਼ਰ ਦੇ ਕਵਨ = ਕਿਹੜੇ ਕਿਹੜੇ ਗੁਣਾਂ ਨੂੰ ਗਾਈ = ਗਾ ਕੇ ਕਹਾ = ਕਹਿਣਾ ਕਰਾਂ ਕਿਉਂਕਿ ਪਰਮੇਸ਼ਰ ਦੇ ਬੇਅੰਤ ਗੁਣ ਹਨ, ਕਹੇ ਨਹੀਂ ਜਾ ਸਕਦੇ ॥੧॥ਰਹਾਉ॥

## ਖੇਲਿ ਖਿਲਾਇ, ਲਾਡ ਲਾਡਾਵੈ; ਸਦਾ ਸਦਾ ਅਨਦਾਈ ॥

ਪ੍ਰੇਮ ਦੀ ਖੇਲਿ = ਖੇਡ ਖਿਲਾਇ = ਖਿਡਾਉਂਦਾ ਹੈ, ਬ੍ਰਹਮਾਨੰਦ ਰੂਪੀ ਲਾਡ ਲਾਡਾਵੈ = ਲਡਾਉਂਦਾ ਹੈ ਅਤੇ ਸਦਾ ਸਦਾ ਸੁਖ ਸਰੂਪ **ਵਾ:** ਜੀਵ ਈਸ ਦੀ ਏਕਤਾ ਦਾ ਅਨਦਾਈ = ਅਨੰਦ ਦੇਣ ਵਾਲਾ ਹੈ **ਵਾ:**

(ਅਨ + ਦਾਈ) ਦਾਈ = ਦਵੈਤ ਤੋਂ ਅਨ = ਰਹਿਤ ਕਰਕੇ ਅਦਵੈਤ ਪਦ ਵਿਚ ਲੀਨਤਾ ਕਰਾ ਕੇ ਸਦਾ ਸਦਾ ਸ੍ਵੈ ਪ੍ਰਕਾਸ਼ ਸਰੂਪ ਦਾ ਅਨੰਦ ਆਦਿ ਬਖ਼ਸ਼ ਦੇਂਦਾ ਹੈ।

## ਪ੍ਰਤਿਪਾਲੈ, ਬਾਰਿਕ ਕੀ ਨਿਆਈ; ਜੈਸੇ ਮਾਤ ਪਿਤਾਈ ॥੧॥

ਜੈਸੇ = ਜਿਸ ਪ੍ਰਕਾਰ ਮਾਤ = ਮਾਤਾ ਪਿਤਾਈ = ਪਿਤਾ ਆਪਣੇ ਬੱਚੇ ਦੀ ਪਾਲਣਾ ਕਰਦੇ ਹਨ, ਇਉਂ ਬਾਰਿਕ = ਬੱਚੇ ਕੀ = ਦੀ ਨਿਆਈਂ = ਤਰ੍ਹਾਂ ਪਰਮੇਸ਼ਰ ਮੇਰੀ ਪ੍ਰਤਿਪਾਲੈ = ਪ੍ਰਤਿਪਾਲਨਾ ਕਰਨ ਵਾਲਾ ਹੈ ॥੧॥

## ਤਿਸੁ ਬਿਨੁ, ਨਿਮਖ ਨਹੀ ਰਹਿ ਸਕੀਐ; ਬਿਸਰਿ ਨ ਕਬਹੂ ਜਾਈ ॥

ਤਿਸੇ = ਉਸ ਪਿਆਰੇ ਪ੍ਰਭੂ ਤੋਂ ਬਿਨੁ = ਬਗ਼ੈਰ ਨਿਮਖ = ਅੱਖ ਦੇ ਝਮਕਣ ਜਿਤਨੇ ਸਮੇਂ ਲਈ ਵੀ ਰਹਿ ਨਹੀਂ ਸਕੀਐ = ਸਕੀਦਾ ਅਤੇ ਨ = ਨਾ ਹੀ ਉਹ ਕਬਹੂ = ਕਦੇ ਬਿਸਰਿ = ਭੁੱਲ ਜਾਈ = ਜਾਂਦਾ ਹੈ।

[ਅੰਗ ੧੨੧੪]

## ਕਹੁ ਨਾਨਕ, ਮਿਲਿ ਸੰਤ ਸੰਗਤਿ ਤੇ; ਮਗਨ ਭਏ ਲਿਵ ਲਾਈ ॥੨॥੨੫॥੪੮॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਸੰਤ = ਸ਼ਾਂਤ ਆਤਮਾ ਵਾਲੇ ਪੁਰਖਾਂ ਦੀ ਸੰਗਤ ਨਾਲ ਮਿਲਿ = ਮਿਲਣੇ ਕਰਕੇ ਉਸ ਪਰਮੇਸ਼ਰ ਵਿਚ ਚਿੱਤ ਦੀ ਲਿਵ = ਬਿਰਤੀ ਲਾਈ = ਲਾ ਕੇ ਮਗਨ = ਮਸਤ ਭਏ = ਹੋ ਗਏ ਹਾਂ ॥੨॥੨੫॥੪੮॥

## ਸਾਰਗ ਮਹਲਾ ੫ ॥

## ਅਪਨਾ ਮੀਤੁ ਸੁਆਮੀ; ਗਾਈਐ ॥

ਜੋ ਪਰਮੇਸ਼ਰ ਅਪਨਾ = ਆਪ ਦਾ ਮਾਤਾ ਦੇ ਗਰਭ ਦਾ ਮੀਤੁ = ਮਿੱਤਰ ਹੈ, ਇਸ ਲੋਕ ਦਾ ਸੁਆਮੀ = ਮਾਲਕ ਤੇ ਪ੍ਰਲੋਕ ਦਾ ਰਾਖਾ ਹੈ, ਉਸ ਦੇ ਜੱਸ ਨੂੰ ਮਨ, ਬਾਣੀ, ਸਰੀਰ ਕਰਕੇ ਹਮੇਸ਼ਾਂ ਲਈ ਗਾਈਐ = ਗਾਉਣਾ ਕਰੀਏ।

## ਆਸ ਨ ਅਵਰ ਕਾਹੂ ਕੀ ਕੀਜੈ; ਸੁਖਦਾਤਾ ਪ੍ਰਭੁ ਧਿਆਈਐ ॥੧॥ਰਹਾਉ॥

ਅਵਰ = ਹੋਰ ਕਾਹੂ = ਕਿਸੇ ਵੀ ਪੁਰਖ ਕੀ = ਦੀ ਆਸ = ਆਸਾ, ਉਮੀਦ ਨਾ ਕੀਜੈ = ਕਰੀਏ, ਕੇਵਲ ਸੁਖਦਾਤਾ = ਸੁੱਖਾਂ ਨੂੰ ਦੇਣ ਵਾਲੇ ਪ੍ਰਭੁ = ਪਰਮੇਸ਼ਰ ਨੂੰ ਇਕ ਚਿੱਤ ਹੋ ਕੇ ਧਿਆਈਐ = ਆਰਾਧਨਾ ਕਰੀਏ ॥੧॥ਰਹਾਉ॥

## ਸੂਖ ਮੰਗਲ ਕਲਿਆਣ ਜਿਸਹਿ ਘਰਿ; ਤਿਸ ਹੀ ਸਰਣੀ ਪਾਈਐ ॥

ਜਿਸਹਿ = ਜਿਸ ਦੇ ਸਤਿਸੰਗਤ ਰੂਪੀ ਘਰ ਵਿਚ ਸੂਖ = ਅਚੁੱਤ ਸੁੱਖ, ਆਤਮਿਕ ਮੰਗਲ = ਅਨੰਦ ਤੇ ਕਲਿਆਣ = ਮੁਕਤੀ ਆਦਿ ਸਭ ਕੁਝ ਪ੍ਰਾਪਤ ਹੁੰਦਾ ਹੈ, ਤਿਸ = ਉਸ ਪਰਮੇਸ਼ਰ ਦੀ ਹੀ = ਨਿਸਚੇ ਕਰਕੇ, ਸਰਣੀ = ਓਟ ਵਿਚ ਆਪਣੇ ਆਪ ਨੂੰ ਪਾਈਐ = ਪਾਉਣਾ ਕਰੀਏ।

## ਤਿਸਹਿ ਤਿਆਗਿ, ਮਾਨੁਖੁ ਜੇ ਸੇਵਹੁ; ਤਉ ਲਾਜ ਲੋਨੁ ਹੋਇ ਜਾਈਐ ॥੧॥

ਤਿਸਹਿ = ਉਸ ਪਰਮੇਸ਼ਰ ਨੂੰ ਤਿਆਗਿ = ਛੱਡ ਕੇ ਜੇ ਕਿਸੇ ਮਾਨੁਖੁ = ਪੁਰਖ ਦੀ ਸੇਵਹੁ = ਟਹਿਲ ਕਰੋਗੇ,

ਤਉ = ਤਦ ਦੁਨਿਆਵੀ ਸਹਸ, ਲਾਜ = ਲੱਜਿਆ ਨਾਲ ਲੋਨੁ = ਲੂਣ ਵਾਂਗ ਖਰ (ਘੁਲ) ਜਾਈਦਾ ਹੈ, ਭਾਵ ਜੀਵਨ ਵਿਚ ਕੋਈ ਵੀ ਪ੍ਰਮਾਰਥ ਦਾ ਲਾਭ ਪ੍ਰਾਪਤ ਨਹੀਂ ਹੁੰਦਾ **ਵਾ:** ਜਿਵੇਂ ਪਾਣੀ ਵਿਚ ਲੂਣ ਗਲ ਜਾਂਦਾ ਹੈ ਤਿਵੇਂ ਜੀਵ ਦਾ ਲੱਜਿਆ ਰੂਪੀ ਪਾਣੀ ਵਿਚ ਗਲਨਾ ਹੁੰਦਾ ਹੈ **ਵਾ:** ਤਿਵੇਂ ਸ਼ਰਮਿੰਦਗੀ ਰੂਪ ਪਾਣੀ ਵਿਚ ਲੂਣ ਵਤ ਖਰ (ਘੁਲ) ਕੇ ਆਪਣੇ ਆਪ ਦਾ ਅਭਾਵ ਕਰ ਲੈਣਾ ਚਾਹੀਦਾ ਹੈ ॥੧॥

## ਏਕ ਓਟ ਪਕਰੀ ਠਾਕੁਰ ਕੀ; ਗੁਰ ਮਿਲਿ ਮਤਿ ਬੁਧਿ ਪਾਈਐ ॥

ਮੈਂ ਏਕ = ਇਕ ਠਾਕੁਰ = ਸੁਆਮੀ ਪਰਮੇਸ਼ਰ ਕੀ = ਦੀ ਓਟ = ਟੇਕ ਪਕਰੀ = ਪਕੜੀ ਹੈ ਅਤੇ ਗੁਰਾਂ ਨਾਲ ਮਿਲ ਕਰਕੇ ਮਤਿ = ਮੱਤੀ ਦੇ ਅੰਦਰ ਬੋਧ ਵਾਲੀ ਬੁਧਿ = ਬੁੱਧੀ ਪਾਈਐ = ਪਾਉਣਾ ਕੀਤੀ ਹੈ।

## ਗੁਣ ਨਿਧਾਨ, ਨਾਨਕ ਪ੍ਰਭੁ ਮਿਲਿਆ;
## ਸਗਲ ਚੁਕੀ ਮੁਹਤਾਈਐ ॥੨॥੨੬॥੪੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਨੂੰ ਸ਼ੁਭ ਗੁਣਾਂ ਦਾ ਨਿਧਾਨ = ਖ਼ਜ਼ਾਨਾ ਪ੍ਰਭੁ = ਪਰਮੇਸ਼ਰ ਮਿਲਿਆ = ਮਿਲ ਗਿਆ ਹੈ, ਜਿਸ ਕਰਕੇ ਹੋਰਨਾਂ ਦੀ ਸਗਲ = ਸਾਰੀ ਮੁਹਤਾਈਐ = ਮੁਥਾਜੀ ਚੁਕੀ = ਨਵਿਰਤ ਹੋ ਗਈ ਹੈ ॥੨॥੨੬॥੪੯॥

## ਸਾਰਗ ਮਹਲਾ ੫ ॥
## ਓਟ ਸਤਾਣੀ, ਪ੍ਰਭ ਜੀਉ ਮੇਰੈ ॥

ਹੇ ਮੇਰੇ ਪ੍ਰਭ = ਪਰਮੇਸ਼ਰ ਜੀਉ = ਜੀ ! ਮੇਰੇ ਹਿਰਦੇ ਵਿਚ ਤੇਰੀ ਓਟ = ਟੇਕ ਸਤਾਣੀ = ਸਹਿਤ ਬਿਬੇਕ ਰੂਪੀ ਬਲ ਦੇ ਹੈ **ਵਾ:** ਲੋਕ-ਪ੍ਰਲੋਕ ਵਿਚ ਤੇਰੀ ਓਟ = ਟੇਕ ਬੜੀ ਸਤਾਣੀ = ਬਲ ਵਾਲੀ ਹੈ।

## ਦ੍ਰਿਸਟਿ ਨ ਲਿਆਵਉ, ਅਵਰ ਕਾਹੂ ਕਉ;
## ਮਾਣਿ ਮਹਤਿ ਪ੍ਰਭ ਤੇਰੈ ॥੧॥ਰਹਾਉ॥

ਹੇ ਪਰਮੇਸ਼ਰ ! ਹੁਣ ਮੈਂ ਅਵਰ = ਹੋਰ ਕਾਹੂ = ਕਿਸੇ ਕਉ = ਨੂੰ ਵੀ ਆਪਣੀ ਦ੍ਰਿਸਟਿ = ਦ੍ਰਿਸ਼ਟੀ ਵਿਚ ਨ = ਨਹੀਂ ਲਿਆਵਉ = ਲਿਆਉਂਦਾ ਕਿਉਂਕਿ ਹੇ ਪ੍ਰਭ = ਪਰਮੇਸ਼ਰ ! ਮੈਨੂੰ ਤੇਰਾ ਹੀ ਲੋਕ-ਪ੍ਰਲੋਕ ਵਿਚ ਮਾਣਿ = ਸਤਿਕਾਰ ਤੇ ਸਰੂਪਾਨੰਦ ਦਾ ਮਹਤਿ = ਮਰਾਤਬਾ ਬਖ਼ਸ਼ਿਆ ਹੋਇਆ ਹੈ ॥੧॥ਰਹਾਉ॥

## ਅੰਗੀਕਾਰੁ ਕੀਓ ਪ੍ਰਭਿ ਅਪੁਨੈ; ਕਾਢਿ ਲੀਆ ਬਿਖੁ ਘੇਰੈ ॥

ਪ੍ਰਭਿ = ਪਰਮੇਸ਼ਰ ਨੇ ਅਪੁਨੈ = ਆਪਣੇ ਸੇਵਕ ਜਾਣ ਕੇ ਅੰਗੀਕਾਰੁ = ਪੱਖ ਕੀਓ = ਕੀਤਾ ਹੈ, ਭਾਵ ਮੈਨੂੰ ਆਪਣੀ ਸ਼ਰਨ ਵਿਚ ਗ੍ਰਹਿਣ ਕਰ ਲਿਆ ਹੈ ਅਤੇ ਵਿਸ਼ਿਆਂ ਰੂਪੀ ਬਿਖੁ = ਜ਼ਹਿਰ ਦੇ ਘੇਰੈ = ਘੇਰੇ ਵਿੱਚੋਂ ਮਹਾਰਾਜ ਨੇ ਮੈਨੂੰ ਕਾਢਿ = ਕੱਢ ਲੀਆ = ਲਿਆ ਹੈ।

## ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ; ਜਾਇ ਪਇਆ ਗੁਰ ਪੈਰੈ ॥੧॥

ਜਦੋਂ ਮੈਂ ਪੂਰੇ ਗੁਰਾਂ ਦੇ ਪੈਰੈ = ਚਰਨਾਂ ਵਿਚ ਜਾਇ = ਜਾ ਪਿਆ, ਤਦੋਂ ਗੁਰਾਂ ਨੇ ਮੇਰੇ ਅੰਤਹਕਰਣ ਰੂਪੀ ਮੁਖਿ = ਮੂੰਹ ਵਿਚ ਵਿਸ਼ਿਆਂ ਦੀ ਨਵਿਰਤੀ ਵਾਲਾ ਨਾਮ ਅੰਮ੍ਰਿਤ ਰੂਪ ਅਉਖਧੁ = ਦਾਰੂ ਪਾ ਦੀਨੋ = ਦਿੱਤਾ ॥੧॥

## ਕਵਨ ਉਪਮਾ ਕਹਉ, ਏਕ ਮੁਖ; ਨਿਰਗੁਣ ਕੇ ਦਾਤੇਰੈ ॥

ਹੇ ਪਰਮੇਸ਼ਰ ! ਤੁਸੀਂ ਨਿਰਗੁਣ = ਗੁਣਾਂ ਤੋਂ ਹੀਣੇ ਪੁਰਖਾਂ ਕੇ = ਦੇ ਦਾਤੇਰੈ = ਦਾਤੇ ਹੋ **ਵਾ:** ਹੇ ਮੇਰੇ ਗੁਣਾਂ ਤੋਂ ਹੀਣੇ ਦੇ ਦਾਤੇ ਪਰਮੇਸ਼ਰ ਜੀ ! ਮੈਂ ਏਕ = ਇਕ ਮੁਖ = ਮੂੰਹ ਦੇ ਨਾਲ ਤੇਰੀ ਕਵਨ = ਕਿਹੜੀ ਕਿਹੜੀ ਉਪਮਾ = ਮਹਿਮਾ ਕਹਉ = ਕਥਨ ਕਰਾਂ ਕਿਉਂਕਿ ਤੇਰੀ ਮਹਿਮਾ ਬੇਅੰਤ ਹੈ।

## ਕਾਟਿ ਸਿਲਕ ਜਉ ਅਪੁਨਾ ਕੀਨੋ; ਨਾਨਕ ਸੂਖ ਘਨੇਰੈ ॥੨॥੨੭॥੫੦॥

ਹੇ ਪਰਮੇਸ਼ਰ ! ਜਉ = ਜਦੋਂ ਦਾ ਤੂੰ ਮੋਹ, ਵਾਸ਼ਨਾ, ਜਮਾਂ ਦੀ ਸਿਲਕ = ਫਾਹੀ ਕਾਟਿ = ਕੱਟ ਕੇ ਆਪਣਾ ਸੇਵਕ ਬਣਾ ਲੈਣਾ ਕੀਨੋ = ਕੀਤਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਦੋਂ ਦੀ ਘਨੇਰੈ = ਘਣੇ ਆਤਮਾਨੰਦ ਰੂਪੀ ਸੂਖ = ਸੁੱਖ ਦੀ ਪ੍ਰਾਪਤੀ ਹੋ ਗਈ ਹੈ॥੨॥੨੭॥੫੦॥

## ਸਾਰਗ ਮਹਲਾ ੫ ॥

## ਪ੍ਰਭ ਸਿਮਰਤ; ਦੂਖ ਬਿਨਾਸੀ ॥

ਪ੍ਰਭ = ਪਰਮੇਸ਼ਰ ਦਾ ਸਿਮਰਤ = ਸਿਮਰਨ ਕਰਕੇ ਸਾਰੇ ਜੰਮਣ ਮਰਣ ਆਦਿ ਦੇ ਦੂਖ = ਕਸ਼ਟ ਬਿਨਾਸੀ = ਨਾਸ਼ ਹੋ ਗਏ ਹਨ **ਵਾ:** ਦੁੱਖਾਂ ਦੀ ਨਵਿਰਤੀ ਹੋ ਗਈ ਹੈ।

## ਭਇਓ ਕ੍ਰਿਪਾਲੁ, ਜੀਅ ਸੁਖਦਾਤਾ; ਹੋਈ ਸਗਲ ਖਲਾਸੀ ॥੧॥ਰਹਾਉ॥

ਜਦ ਜੀਅ = ਜੀਵਾਂ ਦੇ ਤਾਈਂ ਸੁਖਦਾਤਾ = ਸੁੱਖ ਦੇਣ ਵਾਲਾ ਪਰਮੇਸ਼ਰ ਕ੍ਰਿਪਾਲੁ = ਦਿਆਲੂ ਭਇਓ = ਹੋਇਆ, ਤਦ ਮਾਤਾ ਦੇ ਗਰਭ, ਮਾਇਆ ਦੇ ਮੋਹ **ਵਾ:** ਜਮ ਆਦਿ ਇਨ੍ਹਾਂ ਸਗਲ = ਸਭ ਬੰਧਨਾਂ ਤੋਂ ਖਲਾਸੀ = ਮੁਕਤੀ ਹੋਈ = ਹੋ ਗਈ ਹੈ **ਵਾ:** ਵਿਸ਼ਿਆਂ ਵੱਲੋਂ ਖਲਾਸੀ = ਛੁਟਕਾਰਾ ਹੋ ਗਿਆ ਹੈ॥੧॥ਰਹਾਉ॥

## ਅਵਰੁ ਨ ਕੋਊ ਸੂਝੈ, ਪ੍ਰਭ ਬਿਨੁ; ਕਹੁ ਕੋ ਕਿਸੁ ਪਹਿ ਜਾਸੀ ॥

ਹੁਣ ਪ੍ਰਭ = ਪਰਮੇਸ਼ਰ ਤੋਂ ਬਿਨੁ = ਬਗ਼ੈਰ ਮੈਨੂੰ ਅਵਰੁ = ਹੋਰ ਕੋਊ = ਕੋਈ ਵੀ ਕੈਵਲ ਮੁਕਤੀ ਦੇਣ ਵਾਲਾ ਦਾਤਾ ਨ = ਨਹੀਂ ਸੂਝੈ = ਸੁੱਝਦਾ, ਦਿਸਦਾ, ਇਸ ਲਈ ਕਹੁ = ਦੱਸੋ ਕੋ = ਕੌਣ ਹੈ ? ਤੇ ਪਰਮੇਸ਼ਰ ਦੀ ਸ਼ਰਨ ਤੋਂ ਬਗ਼ੈਰ ਮੈਂ ਕਿਸ ਦੇ ਪਹਿ = ਕੋਲ ਜਾਸੀ = ਜਾਣਾ ਹੈ ਭਾਵ ਕੋਈ ਨਹੀਂ ਹੈ। ਇਸ ਲਈ ਮੈਂ ਤਾਂ ਪਰਮੇਸ਼ਰ ਦੇ ਸਨਮੁਖ ਇਉਂ ਬੇਨਤੀ ਕਰਦਾ ਹਾਂ ਕਿ :

## ਜਿਉ ਜਾਣਹੁ, ਤਿਉ ਰਾਖਹੁ ਠਾਕੁਰ; ਸਭੁ ਕਿਛੁ, ਤੁਮ ਹੀ ਪਾਸੀ ॥੧॥

ਹੇ ਠਾਕੁਰ = ਸੁਆਮੀ ਪਰਮੇਸ਼ਰ ! ਜਿਉ = ਜਿਵੇਂ ਤੁਸੀਂ ਜਾਣਹੁ = ਜਾਣਦੇ ਹੋ (ਭਾਵ ਗੁਣਾਂ ਤੋਂ ਹੀਣੇ, ਸ਼ਰਧਾ ਤੋਂ ਹੀਣੇ ਹਾਂ) ਤਿਉ = ਤਿਵੇਂ ਤੁਸੀਂ ਮੈਨੂੰ ਆਪਣੀ ਓਟ ਵਿਚ ਆਇਆ ਜਾਣ ਕੇ ਰਾਖਹੁ = ਰੱਖ ਲੈਣਾ ਕਰੋ, ਸਭੁ = ਸਾਰਾ ਕਿਛੁ = ਕੁਝ ਤੁਮ = ਤੇਰੇ ਹੀ ਪਾਸੀ = ਕੋਲ ਹੈ ਭਾਵ ਔਗੁਣ ਦੀ ਨਵਿਰਤੀ ਕਰਨ ਵਾਲੇ ਗਿਆਨ ਆਦਿ ਗੁਣ ਸਾਰੇ ਤੇਰੇ ਕੋਲ ਹੀ ਹਨ॥੧॥

## ਹਾਥ ਦੇਇ, ਰਾਖੇ ਪ੍ਰਭਿ ਅਪੁਨੇ; ਸਦ ਜੀਵਨ ਅਬਿਨਾਸੀ ॥

ਜਦ ਇਸ ਪ੍ਰਕਾਰ ਬੇਨਤੀ ਕੀਤੀ, ਤਦ ਆਪਣਾ ਕਿਰਪਾ ਰੂਪੀ ਹਾਥਿ = ਹੱਥ ਦੇਇ = ਦੇ ਕੇ ਤੇ ਆਪਣੇ ਸੇਵਕ ਬਣਾ ਕੇ ਪ੍ਰਭਿ = ਪਰਮੇਸ਼ਰ ਨੇ ਰਾਖੇ = ਰੱਖ ਲਿਆ ਹੈ, ਇਸ ਲਈ ਹੁਣ ਮੈਂ ਅਬਿਨਾਸੀ = ਨਾਸ ਤੋਂ

ਰਹਿਤ ਤੇ ਸਦ = ਸਦਾ ਰਹਿਣ ਵਾਲਾ ਜੀਵਨ ਪਾ ਲਿਆ ਹੈ **ਵਾ:** ਸਦਾ ਰਹਿਣ ਵਾਲਾ ਜੀਵਨ ਪਾ ਕੇ ਅਬਿਨਾਸੀ ਪਦ ਨੂੰ ਪਾ ਲਿਆ ਹੈ।

## ਕਹੁ ਨਾਨਕ, ਮਨਿ ਅਨਦੁ ਭਇਆ ਹੈ; ਕਾਟੀ ਜਮ ਕੀ ਫਾਸੀ ॥੨॥੨੮॥੫੧॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਮੇਰੇ ਮਨਿ = ਚਿੱਤ ਵਿਚ ਗੁਰ ਉਪਦੇਸ਼ ਦੁਆਰਾ ਸ੍ਵੈ ਸਰੂਪ ਦਾ ਅਨਦੁ = ਅਨੰਦ ਪ੍ਰਗਟ ਭਇਆ = ਹੋਇਆ ਹੈ ਅਤੇ ਗੁਰਾਂ ਨੇ ਜਮਾਂ ਕੀ = ਦੀ ਫਾਸੀ = ਫਾਹੀ ਕਾਟੀ = ਕੱਟ ਦਿੱਤੀ ਹੈ॥੨॥੨੮॥੫੧॥

## ਸਾਰਗ ਮਹਲਾ ੫ ॥
## ਮੇਰੋ ਮਨੁ; ਜਤ ਕਤ ਤੁਝਹਿ ਸਮਾਰੈ ॥

ਹੇ ਪਰਮੇਸ਼ਰ! ਮੇਰੋ = ਮੇਰਾ ਮਨੁ = ਚਿੱਤ ਤਾਂ ਜਤ = ਜਿਥੇ ਕਤ = ਕਿਥੇ ਵੀ ਭਾਵ ਹਰੇਕ ਜਗ੍ਹਾ ਤੁਝਹਿ = ਤੈਨੂੰ ਹੀ ਸਮਾਰੈ = = ਯਾਦ ਕਰਦਾ ਰਹਿੰਦਾ ਹੈ।

## ਹਮ ਬਾਰਿਕ ਦੀਨ, ਪਿਤਾ ਪ੍ਰਭ ਮੇਰੇ; ਜਿਉ ਜਾਨਹਿ, ਤਿਉ ਪਾਰੈ ॥੧॥ਰਹਾਉ॥

ਹੇ ਪਰਮੇਸ਼ਰ! ਹਮ = ਅਸੀਂ ਤੇਰੇ ਦੀਨ = ਗ਼ਰੀਬ ਬਾਰਿਕ = ਬਾਲਕ ਹਾਂ ਤੇ ਤੁਸੀਂ ਮੇਰੇ ਪ੍ਰਭ = ਸਮਰੱਥ ਪਿਤਾ ਹੋ, ਜਿਉ = ਜਿਵੇਂ ਜਾਨਹਿ = ਜਾਣੋ ਤਿਉ = ਤਿਵੇਂ ਸਾਡੇ ਤਾਈਂ ਪਾਰੈ = ਪਾਲਣਾ ਕਰੋ॥੧॥ਰਹਾਉ॥

## ਜਬ ਭੂਖੌ, ਤਬ ਭੋਜਨੁ ਮਾਂਗੈ; ਅਘਾਏ ਸੂਖ ਸਘਾਰੈ ॥

ਜਬ = ਜਦੋਂ ਬੱਚਾ ਭੂਖੌ = ਭੁੱਖਾ ਹੁੰਦਾ ਹੈ, ਤਬ = ਤਦੋਂ ਆਪਣੇ ਮਾਤਾ ਪਿਤਾ ਦੇ ਪਾਸੋਂ ਭੋਜਨ ਮਾਂਗੈ = ਮੰਗਦਾ ਹੈ ਅਤੇ ਜਦ ਬੱਚਾ ਰੱਜ ਜਾਂਦਾ ਹੈ, ਤਦ ਬਹੁਤ ਸਘਾਰੈ = ਸਾਰਾ ਸੁਖ ਮਹਿਸੂਸ ਕਰਦਾ ਹੈ, ਇਸੇ ਤਰ੍ਹਾਂ ਜਦੋਂ ਸਾਨੂੰ ਅਧਿਕਾਰੀ ਜਨਾਂ ਨੂੰ ਤੇਰੇ ਦਰਸ਼ਨਾਂ ਦੀ ਭੁਖ ਲੱਗਦੀ ਹੈ ਤਦੋਂ ਅਸੀਂ ਮਾਤਾ ਪਿਤਾ ਵਤ ਤੇਰੇ ਪਾਸੋਂ ਨਾਮ ਅੰਮ੍ਰਿਤ ਰੂਪੀ ਭੋਜਨ ਮੰਗਦੇ ਹਾਂ, ਜਦ ਸਿਮਰਨ ਭਜਨ ਕਰਕੇ, ਆਤਮਾਨੰਦ ਦੇ ਸਹਿਤ ਹੋ ਕੇ ਅਘਾਏ = ਰੱਜ ਜਾਈਦਾ ਹੈ ਤਦ ਸਘਾਰੈ = ਸਮੂਹ ਸੂਖ = ਸੁੱਖਾਂ ਦੇ ਸਹਿਤ ਹੋ ਜਾਈਦਾ ਹੈ **ਵਾ:** ਆਤਮਾਨੰਦ ਨਾਲ ਤ੍ਰਿਪਤੀ ਕਰਾ ਕੇ ਸੁਖ ਦੇ ਸਹਿਤ ਕਰਦੇ ਹੋ ਤੇ ਜੰਮਣ ਮਰਣ ਦੇ ਦੁੱਖਾਂ ਨੂੰ ਸਘਾਰੈ = ਸੰਘਾਰਦੇ, ਨਾਸ਼ ਕਰਦੇ ਹੋ।

## ਤਬ ਅਰੋਗ, ਜਬ ਤੁਮ ਸੰਗਿ ਬਸਤੌ; ਛੁਟਕਤ ਹੋਇ ਰਵਾਰੈ ॥੧॥

ਹੇ ਪਰਮੇਸ਼ਰ! ਜਬ = ਜਦੋਂ ਤੱਕ ਤੁਮ = ਤੁਹਾਡੇ ਸੰਗਿ = ਨਾਲ ਮਨ ਬਸਤੌ = ਵੱਸਦਾ, ਜੁੜਿਆ ਰਹਿੰਦਾ ਹੈ, ਤਬ = ਤਦੋਂ ਤੱਕ ਹਉਮੈ, ਅਗਿਆਨ ਆਦਿ ਅਰੋਗ = ਰੋਗਾਂ ਤੋਂ ਰਹਿਤ ਰਹਿੰਦਾ ਹੈ, ਜਦੋਂ ਤੇਰੇ ਨਾਮ ਵੱਲੋਂ ਛੁਟਕਤ = ਛੁੱਟੜ ਹੋਇ = ਹੋ ਜਾਈਦਾ ਹੈ ਭਾਵ ਤੇਰਾ ਸਿਮਰਨ ਛੱਡ ਬੈਠੀਦਾ ਹੈ, ਤਦੋਂ ਰਵਾਰੈ = ਧੂੜ ਦੇ ਕਿਣਕਿਆਂ ਵਾਂਗੂੰ ਸੰਕਲਪਾਂ ਵਿਕਲਪਾਂ ਵਿਚ **ਵਾ:** ਜੂਨਾਂ ਵਿਚ ਭਰਮਦੇ ਫਿਰਦੇ ਰਹਿੰਦਾ ਹੈ **ਵਾ:** ਜਿਵੇਂ ਧੂੜ ਦੇ ਕਿਣਕੇ ਹੁੰਦੇ ਹਨ ਇਵੇਂ ਬਹੁਤ ਤੁੱਛ ਜੂਨਾਂ ਵਿਚ ਭਰਮਦੇ ਰਹੀਦਾ ਹੈ॥੧॥

## ਕਵਨ ਬਸੇਰੋ ਦਾਸ ਦਾਸਨ ਕੋ; ਥਾਪਿ ਉਥਾਪਨਹਾਰੈ ॥

ਹੇ ਪਰਮੇਸ਼ਰ! ਮੈਂ ਤੇਰੇ ਦਾਸ = ਸੇਵਕਾਂ ਕੋ = ਦਾ ਦਾਸਨ = ਸੇਵਕ ਹਾਂ ਤੇਰੇ ਤੋਂ ਬਗ਼ੈਰ ਹੋਰ ਕਵਨ = ਕੌਣ

ਬਸੇਰੋ = ਵਸਾਉਣ ਵਾਲਾ ਹੈ ਕਿਉਂਕਿ ਤੂੰ ਹੀ ਜਗਤ ਨੂੰ ਥਾਪਿ = ਪੈਦਾ ਕਰਕੇ, ਪਾਲਣਾ ਕਰਕੇ ਫੇਰ ਆਪ ਹੀ ਉਥਾਪਨਹਾਰੈ = ਉਖੇੜਨ, ਨਾਸ਼ ਕਰਨ ਵਾਲਾ ਹੈਂ **ਵਾ:** ਬ੍ਰਹਮ ਗਿਆਨ ਵਿਚ ਇਸਥਿਤ ਕਰਨ ਵਾਲਾ ਹੈਂ ਤੇ ਆਪ ਹੀ ਅਗਿਆਨ ਦੀ ਪਰਲੋ ਕਰਨ ਵਾਲਾ ਹੈਂ।

## ਨਾਮੁ ਨ ਬਿਸਰੈ ਤਬ ਜੀਵਨੁ ਪਾਈਐ; ਬਿਨਤੀ ਨਾਨਕ ਇਹ ਸਾਰੈ ॥੨॥੨੯॥੫੨॥

ਹੇ ਪਰਮੇਸ਼ਰ ! ਜਦ ਤੇਰਾ ਨਾਮ ਅੰਮ੍ਰਿਤ ਨ = ਨਹੀਂ ਬਿਸਰੈ = ਵਿਸਰਦਾ, ਤਬ = ਤਦ ਅਸਲ ਜੀਵਨ ਮੁਕਤੀ ਦੇ ਅਨੰਦ ਨੂੰ ਪਾਈਐ = ਪਾ ਲਈਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਹੇ ਪਰਮੇਸ਼ਰ ! ਮੈਂ ਤੇਰੇ ਚਰਨਾਂ ਵਿਚ ਇਹੋ ਬਿਨਤੀ = ਅਰਜ਼ੋਈ ਸਾਰੈ = ਕਰਦਾ ਹਾਂ **ਵਾ:** ਮੇਰੀ ਇਹ = ਇਸ ਬੇਨਤੀ ਨੂੰ ਸਾਰੈ = ਸਾਰ, ਪ੍ਰਵਾਨ ਕਰੋ ਕਿ ਤੇਰਾ ਨਾਮ ਅੰਮ੍ਰਿਤ ਨਾ ਭੁੱਲੇ ॥੨॥੨੯॥੫੨॥

## ਸਾਰਗ ਮਹਲਾ ੫ ॥

## ਮਨ ਤੇ; ਭੈ ਭਉ ਦੂਰਿ ਪਰਾਇਓ ॥

ਮੇਰੇ ਮਨ = ਚਿੱਤ ਤੇ = ਤੋਂ ਉਸ ਦਿਨ ਦਾ ਇਸ ਲੋਕ ਵਿਚ ਕਾਲ ਦਾ ਭੈ = ਡਰ ਤੇ ਪ੍ਰਲੋਕ ਵਿਚ ਜਮਾਂ ਆਦਿ ਦਾ ਭਉ = ਡਰ ਦੂਰ ਪਰਾਇਓ = ਚਲਾ ਗਿਆ ਹੈ, ਪਰ੍ਹੇ ਹੋ ਗਿਆ ਹੈ।

## ਲਾਲ, ਦਇਆਲ, ਗੁਲਾਲ ਲਾਡਿਲੇ; ਸਹਜਿ ਸਹਜਿ ਗੁਨ ਗਾਇਓ ॥੧॥ਰਹਾਉ॥

ਜਿਸ ਦਿਨ ਦਾ ਲਾਲ = ਪਿਆਰੇ, ਦਇਆਲ = ਦਇਆ ਦੇ ਘਰ, ਭਗਤੀ ਦਾ ਗੁਲਾਲ = ਗੂੜ੍ਹਾ ਰੰਗ ਚਾੜ੍ਹਨ ਵਾਲੇ ਲਾਡਿਲੇ = ਅਨੰਦੀ ਪਰਮੇਸ਼ਰ ਦੇ ਸਹਜਿ = ਸ਼ਾਂਤੀ ਪੂਰਬਕ ਸਹਜਿ = ਸੁਤੇ-ਸਿੱਧ ਗੁਣਾਂ ਨੂੰ ਗਾਇਓ = ਗਾਉਣਾ ਕੀਤਾ ਹੈ, ਸੁਤੇ-ਸਿੱਧ ਸਹਿਜ ਸਰੂਪ ਦੇ ਗੁਣਾਂ ਨੂੰ ਗਾਉਣਾ ਕੀਤਾ ਹੈ ॥੧॥ਰਹਾਉ॥

## ਗੁਰ ਬਚਨਾਤਿ ਕਮਾਤ ਕ੍ਰਿਪਾ ਤੇ; ਬਹੁਰਿ ਨ ਕਤਹੂ ਧਾਇਓ ॥

ਗੁਰ = ਸਤਿਗੁਰੂ ਸਾਹਿਬ ਜੀ ਦੇ ਬਚਨਾਤਿ = ਬਚਨ ਕਮਾਤ = ਕਮਾਉਣ ਤੇ ਪਰਮੇਸ਼ਰ ਦੇ ਕ੍ਰਿਪਾ = ਦਇਆ ਦ੍ਰਿਸ਼ਟੀ ਕਰਨ ਤੇ = ਤੋਂ ਬਹੁਰਿ = ਮੁੜ ਕਤਹੂ = ਕਿਤੇ ਵੀ ਜੂਨਾਂ ਵਿਚ ਨ = ਨਹੀਂ ਧਾਇਓ = ਧਾਉਣਾ, ਦੌੜਨਾ ਹੁੰਦਾ ਭਾਵ ਜੰਮਣ ਮਰਣ ਦੇ ਚੱਕਰ ਵਿਚ ਨਹੀਂ ਪੈਣਾ ਪੈਂਦਾ।

## ਰਹਤ ਉਪਾਧਿ, ਸਮਾਧਿ ਸੁਖ ਆਸਨ; ਭਗਤਿ ਵਛਲੁ, ਗ੍ਰਿਹਿ ਪਾਇਓ ॥੧॥

ਜਦ ਸੁੱਖਾਂ ਦੇ ਆਸਣ ਬ੍ਰਹਮ ਵਿਚ ਸਮਾਧਿ = ਸਮਾਧੀ ਲਾਉਣਾ ਕੀਤੀ, ਤਦੋਂ ਮੇਰਾ ਮਨ ਸਾਰੀਆਂ ਉਪਾਧਿ = ਉਪਾਧੀਆਂ ਤੋਂ ਰਹਿਤ ਹੋ ਗਿਆ **ਵਾ:** ਜਦ ਮੇਰਾ ਚਿੱਤ ਆਧੀ, ਬਿਆਧੀ, ਉਪਾਧੀ ਆਦਿ ਤਾਪ ਤੋਂ ਰਹਿਤ ਹੋ ਗਿਆ, ਤਦ ਸੁਖ ਰੂਪੀ ਆਸਨ = ਸਿੰਘਾਸਣ ਦੇ ਮਾਲਕ ਪਰਮੇਸ਼ਰ ਵਿਚ ਸਮਾਧੀ ਲੱਗ ਗਈ ਭਾਵ ਬਿਰਤੀ ਜੁੜ ਗਈ ਤੇ ਭਗਤਿ = ਭਗਤੀ ਕਰਨ ਵਾਲੇ ਪੁਰਖਾਂ ਦਾ ਵਛਲੁ = ਪਿਆਰਾ ਰਿਦੇ ਰੂਪੀ ਗ੍ਰਿਹਿ = ਘਰ ਦੇ ਵਿੱਚੋਂ ਹੀ ਪਾਇਓ = ਪ੍ਰਾਪਤ ਕਰ ਲਿਆ ॥੧॥

## ਨਾਦ ਬਿਨੋਦ ਕੋਡ ਆਨੰਦਾ; ਸਹਜੇ ਸਹਜਿ ਸਮਾਇਓ ॥

ਨਾਦ = ਸ੍ਰਵਣਾਨੰਦ, ਬਿਨੋਦ = ਦਰਸ਼ਨਾਨੰਦ ਤੇ ਕੋਡ ਆਨੰਦਾ = ਕਰੋੜਾਂ ਅਨੰਦ ਭਾਵ ਭੋਗਾਨੰਦ **ਵਾ:** ਨਾਦ = ਰਾਗਾਂ, ਬਿਨੋਦ = ਖੇਲ ਤੇ ਕਰੋੜਾਂ ਅਨੰਦ ਪ੍ਰਾਪਤ ਹੋ ਗਏ ਹਨ **ਵਾ:** ਨਾਮ ਦਾ ਨਾਦ = ਸ੍ਰਵਨ, ਬਿਨੋਦ = ਮੰਨਣ ਤੇ ਨਿਧਿਆਸਣ ਕਰਕੇ ਕਰੋੜਾਂ ਅਨੰਦ ਪ੍ਰਾਪਤ ਹੋ ਗਏ ਹਨ ਅਤੇ ਗੁਰ ਉਪਦੇਸ਼ ਦੁਆਰਾ ਸਹਜੇ = ਗਿਆਨ ਦੀ ਪ੍ਰਾਪਤੀ ਕਰਕੇ ਸਹਜਿ = ਸ਼ਾਂਤੀ ਸਰੂਪ, ਪਰਮੇਸ਼ਰ ਵਿਚ ਸਮਾਇਓ = ਸਮਾ ਗਏ ਹਾਂ।

## ਕਰਨਾ ਆਪਿ ਕਰਾਵਨ ਆਪੇ;
## ਕਹੁ ਨਾਨਕ, ਆਪਿ ਆਪਾਇਓ ॥੨॥੩੦॥੫੩॥

ਹੁਣ ਐਸੀ ਦਿਬ ਦ੍ਰਿਸ਼ਟੀ ਜਾਗੀ ਹੈ ਕਿ ਸਭ ਕਾਰਜਾਂ ਨੂੰ ਕਰਨਾ = ਕਰਨ ਵਾਲਾ ਵੀ ਪਰਮੇਸ਼ਰ ਆਪ ਹੀ ਹੈ ਤੇ ਆਪ ਹੀ ਹੋਰਨਾਂ ਤੋਂ ਪ੍ਰੇਰ ਕੇ ਕਰਾਵਨ = ਕਰਾਉਣ ਵਾਲਾ ਹੈ, ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਪਰਮੇਸ਼ਰ ਆਪਿ ਆਪਾਇਓ = ਆਪਣਾ ਆਪ ਰੂਪ ਹੀ ਹੈ **ਵਾ:** ਆਪ ਹੀ ਜੀਵ ਰੂਪ ਹੈ ਤੇ ਆਪ ਈਸਰ ਰੂਪ ਹੈ **ਵਾ:** ਆਪ ਹੀ ਸਾਰਿਆਂ ਤੋਂ ਆਪਾਇਓ = ਨਿਰਲੇਪ ਹੈ॥੨॥੩੦॥੫੩॥

[ਅੰਗ ੧੨੧੫]

## ਸਾਰਗ ਮਹਲਾ ੫ ॥
## ਅੰਮ੍ਰਿਤ ਨਾਮੁ; ਮਨਹਿ ਆਧਾਰੋ ॥

ਹੇ ਭਾਈ ! ਪਰਮੇਸ਼ਰ ਦਾ ਨਾਮ ਅੰਮ੍ਰਿਤ **ਵਾ:** ਅੰਮ੍ਰਿਤ = ਅਮਰ ਕਰਨ ਵਾਲਾ ਨਾਮ ਮੇਰੇ ਮਨਹਿ = ਮਨ ਦਾ ਆਧਾਰੋ = ਆਸਰਾ ਹੈ।

## ਜਿਨਿ ਦੀਆ ਤਿਸ ਕੈ ਕੁਰਬਾਨੈ; ਗੁਰ ਪੂਰੇ ਨਮਸਕਾਰੋ ॥੧॥ਰਹਾਉ॥

ਜਿਨਿ = ਜਿਸ ਗੁਰਾਂ ਨੇ ਤੈਨੂੰ ਨਾਮ ਅੰਮ੍ਰਿਤ ਦੀਆ = ਦਿੱਤਾ ਹੈ, ਮੈਂ ਤਿਸ = ਉਸ ਗੁਰਾਂ ਕੈ = ਦੇ ਉਪਰੋਂ ਕੁਰਬਾਨੈ = ਬਲਿਹਾਰ ਜਾਂਦਾ ਹਾਂ ਅਤੇ ਉਸ ਪੂਰੇ = ਪੂਰਨ ਗੁਰੂ ਨੂੰ ਨਮਸਕਾਰੋ = ਬੰਦਨਾ ਕਰਦਾ ਹਾਂ॥੧॥ਰਹਾਉ॥

## ਬੂਝੀ ਤ੍ਰਿਸਨਾ, ਸਹਜਿ ਸੁਹੇਲਾ; ਕਾਮੁ ਕ੍ਰੋਧੁ ਬਿਖੁ ਜਾਰੋ ॥

ਰਸਾਂ ਕਸਾਂ ਦੇ ਭੋਗਾਂ ਦੀ ਤ੍ਰਿਸ਼ਨਾ ਬੂਝੀ = ਬੁਝ, ਨਵਿਰਤ ਹੋ ਗਈ ਹੈ, ਮਨ ਸਹਿਜ = ਸ਼ਾਂਤੀ ਪੂਰਬਕ ਸੁਹੇਲਾ = ਸੁਖੀ ਹੋ ਗਿਆ ਹੈ ਅਤੇ ਕਾਮ ਕ੍ਰੋਧ ਰੂਪੀ ਵਿਕਾਰਾਂ ਦੀ ਬਿਖੁ = ਜ਼ਹਿਰ ਵੀ ਗੁਰਾਂ ਦੇ ਉਪਦੇਸ਼ ਦੁਆਰਾ ਬ੍ਰਹਮ ਅਭਿਆਸ ਰੂਪੀ ਅਗਨੀ ਦੇ ਨਾਲ ਜਾਰੋ = ਸਾੜ ਦਿੱਤੀ ਹੈ।

## ਆਇ ਨ ਜਾਇ, ਬਸੈ ਇਹ ਠਾਹਰ; ਜਹ ਆਸਨੁ ਨਿਰੰਕਾਰੋ ॥੧॥

ਹੁਣ ਮੇਰਾ ਮਨ ਕਿਤੇ ਆਇ = ਆਉਂਦਾ ਜਾਇ = ਜਾਂਦਾ ਨ = ਨਹੀਂ ਹੈ ਭਾਵ ਸੰਕਲਪਾਂ ਵਿਚ ਆਉਂਦਾ ਜਾਂਦਾ ਨਹੀਂ ਹੈ **ਵਾ:** ਜਨਮ ਧਾਰ ਕੇ ਆਇ = ਆਉਣਾ ਤੇ ਮਰ ਕੇ ਜਾਇ = ਜਾਣਾ ਨਹੀਂ ਪਵੇਗਾ ਕਿਉਂਕਿ ਇਹ ਉਸ ਸਤਿਸੰਗਤ ਰੂਪੀ ਠਾਹਰ = ਜਗ੍ਹਾ ਵਿਚ ਬਸੈ = ਵੱਸਦਾ ਹੈ, ਜਹ = ਜਿਥੇ ਨਿਰੰਕਾਰੋ = ਨਿਰਾਕਾਰ ਸਰੂਪ ਪਰਮੇਸ਼ਰ ਦਾ ਆਸਨੁ = ਸਿੰਘਾਸਣ ਹੈ **ਵਾ:** ਪਰਮੇਸ਼ਰ ਆਸਨੁ = ਇਸਥਿਤ ਹੈ **ਵਾ:** ਮਨ ਆਉਂਦਾ ਜਾਂਦਾ

ਨਹੀਂ ਹੈ ਕਿਉਂਕਿ ਇਹ ਹੁਣ ਸਤਿਸੰਗਤ ਦੇ ਨਾਲ ਮਿਲ ਕੇ ਉਸ ਤੁਰੀਆ ਪਦ ਰੂਪੀ ਜਗ੍ਹਾ ਵਿਚ ਵੱਸਦਾ ਹੈ, ਜਿਥੇ ਨਿਰੰਕਾਰ ਨੇ ਆਪਣਾ ਆਸਣ ਲਾਇਆ ਹੋਇਆ ਹੈ॥੧॥

## ਏਕੈ ਪਰਗਟੁ, ਏਕੈ ਗੁਪਤਾ; ਏਕੈ ਧੁੰਧੂਕਾਰੋ ॥

***ਪਹਿਲਾ ਅਰਥ :*** ਏਕੈ = ਇਕ ਪਰਮੇਸ਼ਰ ਆਪ ਹੀ ਪਰਗਟ, ਸਰਗੁਣ ਸਰੂਪ ਹੈ, ਏਕੈ = ਇਕ ਆਪ ਹੀ ਗੁਪਤਾ = ਗੁਪਤ, ਨਿਰਗੁਣ ਸਰੂਪ ਹੈ ਅਤੇ ਏਕੈ = ਇਕ ਪ੍ਰਭੂ ਨੇ ਆਪ ਹੀ ਮਾਇਆ ਤੇ ਅਵਿੱਦਿਆ ਰੂਪੀ ਧੁੰਧੂਕਾਰੋ = ਘੁੱਪ ਹਨੇਰਾ ਪਾ ਛੱਡਿਆ ਹੈ।

***ਦੂਸਰਾ ਅਰਥ :*** ਇਕ ਪਰਮੇਸ਼ਰ ਹੀ ਜਾਗਰਤ ਅਵਸਥਾ ਵਿਚ ਆਪ ਪਰਗਟ ਰੂਪ ਹੈ, ਇਕ ਪਰਮੇਸ਼ਰ ਹੀ ਸੁਪਨ ਅਵਸਥਾ ਵਿਚ ਆਪ ਗੁਪਤ ਰੂਪ ਹੈ, ਇਕ ਪਰਮੇਸ਼ਰ ਹੀ ਸੁਖੋਪਤ ਅਵਸਥਾ ਵਿਚ ਮਾਇਆ ਤੇ ਅਵਿੱਦਿਆ ਦਾ ਸਾਖੀ ਰੂਪ ਹੋ ਕੇ ਆਪ ਧੁੰਧੂਕਾਰ ਪਾਉਣ ਵਾਲਾ ਹੈ।

***ਤੀਸਰਾ ਅਰਥ :*** ਇਕ ਗੁਰਮੁਖ ਜਨਾਂ ਦੇ ਹਿਰਦੇ ਵਿਚ ਪਰਗਟ ਰੂਪ ਹੈ, ਇਕ ਮਨਮੁਖ ਪੁਰਖਾਂ ਦੇ ਅੰਦਰ ਗੁਪਤ ਰੂਪ ਹੈ ਤੇ ਇਕ ਅਗਿਆਨੀਆਂ ਦੇ ਅੰਦਰ ਆਪ ਹੀ ਹਨੇਰਾ ਪਾ ਛੱਡਿਆ ਹੈ ਭਾਵ ਅਗਿਆਨੀਆਂ ਨੂੰ ਪ੍ਰਮਾਰਥ ਤੇ ਵਿਵਹਾਰਕ ਦੇ ਰਸਤੇ ਦੀ ਸਮਝ ਵੱਲੋਂ ਹਨੇਰਾ ਹੀ ਪਾ ਛੱਡਿਆ ਹੈ।

***ਚੌਥਾ ਅਰਥ :*** ਇਕ ਪਰਮੇਸ਼ਰ ਹੀ ਸ੍ਰਿਸ਼ਟੀ ਨੂੰ ਆਪ ਪਰਗਟ, ਉਤਪੰਨ ਕਰਦਾ ਹੈ, ਇਕ ਪਰਮੇਸ਼ਰ ਹੀ ਆਪ ਗੁਪਤ ਰੂਪ ਹੋ ਕੇ ਪਾਲਣਾ ਪੋਸ਼ਣਾ ਕਰਦਾ ਹੈ ਅਤੇ ਏਕੈ = ਇਕ ਪਰਮੇਸ਼ਰ ਆਪ ਹੀ ਧੁੰਧੂਕਾਰੋ = ਨਿਰਵਿਕਲਪ ਸਰੂਪ ਹੈ ਭਾਵ ਜਗਤ ਰਚਨਾਂ ਤੋਂ ਪਹਿਲਾਂ ਦਾ ਉਹ ਸਮਾਂ, ਜਦ ਚੰਦ ਸੂਰਜ ਆਦਿ ਦੀ ਰੋਸ਼ਨੀ ਨਹੀਂ ਸੀ **ਵਾ:** ਜਦੋਂ ਪੰਜ ਤੱਤ ਨਹੀਂ ਰਚੇ ਸਨ, ਭਾਵ ਉਨ੍ਹਾਂ ਵਿਚ ਆਪਣੀ ਚੇਤਨ ਸੱਤਾ ਨਹੀਂ ਪਾਈ ਸੀ, ਉਹ ਧੁੰਧੂਕਾਰ ਦਾ ਸਮਾਂ ਸੀ।

***ਪੰਜਵਾਂ ਅਰਥ :*** ਇਕਨਾਂ ਬ੍ਰਹਮ ਗਿਆਨੀਆਂ ਦੇ ਅੰਦਰ ਪਰਮੇਸ਼ਰ ਪ੍ਰਗਟ ਰੂਪ ਹੈ, ਇਕਨਾਂ ਜਗਿਆਸੂਆਂ ਦੇ ਅੰਦਰ ਗੁਪਤ ਰੂਪ ਹੈ (ਭਾਵ ਉਨ੍ਹਾਂ ਨੂੰ ਪ੍ਰੋਖ ਗਿਆਨ ਹੁੰਦਾ ਹੈ) ਇਕਨਾਂ ਪਾਂਬਰ ਪੁਰਖਾਂ ਦੇ ਹਿਰਦੇ ਅੰਦਰ ਅਗਿਆਨ ਦਾ ਘੁੱਪ ਹਨੇਰਾ ਪਾ ਛੱਡਿਆ ਹੈ।

## ਆਦਿ, ਮਧਿ ਅੰਤਿ ਪ੍ਰਭੁ ਸੋਈ;
## ਕਹੁ ਨਾਨਕ ਸਾਚੁ ਬੀਚਾਰੋ ॥੨॥੩੧॥੫੪॥

ਆਦਿ = ਮੁੱਢ ਵਿਚ, ਮਧਿ = ਵਿਚਕਾਰਲੇ ਸਮੇਂ ਵਿਚ ਤੇ ਅੰਤਿ = ਅਖ਼ੀਰਲੇ ਸਮੇਂ ਵਿਚ **ਵਾ:** ਤਿੰਨਾਂ ਕਾਲਾਂ ਵਿਚ ਸੋਈ = ਉਹ ਪ੍ਰਭੁ = ਪਰਮੇਸ਼ਰ ਆਪ ਹੀ ਵਿਆਪਕ ਹੈ, ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਇਹ ਅਸੀਂ ਸਾਚੁ = ਸੱਚਾ ਬੀਚਾਰੋ = ਵੀਚਾਰ ਕਥਨ ਕੀਤਾ ਹੈ॥੨॥੩੧॥੫੪॥

## ਸਾਰਗ ਮਹਲਾ ੫ ॥
## ਬਿਨੁ ਪ੍ਰਭ; ਰਹਨੁ ਨ ਜਾਇ ਘਰੀ ॥

ਪ੍ਰਭ = ਪਰਮੇਸ਼ਰ ਦੇ ਭਜਨ ਸਿਮਰਨ ਤੋਂ ਬਿਨੁ = ਬਗ਼ੈਰ ਇਕ ਘਰੀ = ਘੜੀ ਵੀ ਗੁਰਮੁਖ ਪੁਰਖ ਤੋਂ ਰਹਨੁ = ਰਿਹਾ ਨ = ਨਹੀਂ ਜਾਇ = ਜਾਂਦਾ।

## ਸਰਬ ਸੂਖ ਤਾਹੂ ਕੈ ਪੂਰਨ; ਜਾ ਕੈ ਸੁਖੁ ਹੈ ਹਰੀ ॥੧॥ਰਹਾਉ॥

ਤਾਹੂ = ਉਸ ਗੁਰਮੁਖ ਕੈ = ਦੇ ਅੰਦਰ ਸਰਬ = ਸਾਰੇ ਸੂਖ = ਸੁੱਖ ਪੂਰਨ = ਲਬਾਲਬ ਭਰੇ ਹੋਏ ਹਨ, ਜਾ

ਕੈ = ਜਿਸ ਦੇ ਰਿਦੇ ਵਿਚ ਹਰੀ ਦੇ ਨਾਮ ਦਾ ਸੁਖ ਹੈ **ਵਾ**: ਹਰੀ = ਪਰਮੇਸ਼ਰ ਦੀ ਪ੍ਰਾਪਤੀ (ਸਖਿਆਤਤਾ) ਦਾ ਸੁਖੁ = ਅਨੰਦ ਹੈ॥੧॥ਰਹਾਉ॥

## ਮੰਗਲ ਰੂਪ ਪ੍ਰਾਨ ਜੀਵਨ ਧਨ; ਸਿਮਰਤ ਅਨਦ ਘਨਾ॥

ਜੋ ਪਰਮੇਸ਼ਰ ਮੰਗਲ = ਅਨੰਦ ਰੂਪ = ਸਰੂਪ, ਪ੍ਰਾਨ = ਪ੍ਰਾਣਾਂ ਨੂੰ ਦੇਣ ਵਾਲਾ, ਸਭ ਦਾ ਜੀਵਨ ਰੂਪ, ਤੇ ਸਭ ਨੂੰ ਧਨ ਪਦਾਰਥ ਦੇਣ ਵਾਲਾ ਹੈ, ਉਸ ਦਾ ਸਿਮਰਤ = ਸਿਮਰਨ ਕਰਕੇ ਘਨਾ = ਬਹੁਤ ਅਨਦ = ਸੁੱਖ, ਅਨੰਦ ਪ੍ਰਾਪਤ ਹੁੰਦਾ ਹੈ **ਵਾ**: ਜੀਵਨ ਮੁਕਤੀ ਦੀ ਪ੍ਰਾਪਤੀ ਵਾਲਾ ਘਣਾ ਬ੍ਰਹਮਾਨੰਦ ਪ੍ਰਾਪਤ ਹੁੰਦਾ ਹੈ। ਪੁਨਾ :

## ਵਡ ਸਮਰਥੁ, ਸਦਾ ਸਦ ਸੰਗੇ; ਗੁਨ ਰਸਨਾ ਕਵਨ ਭਨਾ॥੧॥

ਉਹ ਪਰਮੇਸ਼ਰ ਵਡ = ਵੱਡਾ, ਸਮਰਥੁ = ਸਰਬ ਸ਼ਕਤੀਵਾਨ ਤੇ ਸਦਾ ਸਦ = ਹਮੇਸ਼ਾਂ ਹਮੇਸ਼ਾਂ ਸੰਗੇ = ਨਾਲ ਰਹਿਣ ਵਾਲਾ ਹੈ, ਮੈਂ ਉਸ ਦੇ ਕਵਨ = ਕਿਹੜੇ-ਕਿਹੜੇ ਗੁਣ ਰਸਨਾ = ਜੀਭਾ ਨਾਲ ਭਨਾ = ਉਚਾਰਨ ਕਰਾਂ, ਕਿਉਂਕਿ ਉਸ ਦੇ ਵਿਚ ਬੇਅੰਤ ਗੁਣ ਹਨ॥੧॥

## ਥਾਨ ਪਵਿਤ੍ਰਾ, ਮਾਨ ਪਵਿਤ੍ਰਾ; ਪਵਿਤ੍ਰ ਸੁਨਨ ਕਹਨਹਾਰੇ॥

ਹੇ ਪਰਮੇਸ਼ਰ! ਜਿਸ ਥਾਂ ਤੇਰੇ ਨਾਮ ਜਪਣ ਵਾਲੀ ਸਤਿਸੰਗਤ ਜੁੜਦੀ ਹੈ, ਉਹ ਥਾਨ = ਅਸਥਾਨ ਪਵਿਤ੍ਰਾ = ਉੱਜਲ ਹੈ, ਜਿਥੇ ਸਤਿਸੰਗਤ ਦਾ ਸਤਿਕਾਰ ਹੁੰਦਾ ਹੈ ਉਹ ਮਾਨ = ਸਤਿਕਾਰ ਵਾਲਾ ਅਸਥਾਨ ਵੀ ਪਵਿਤ੍ਰਾ = ਉੱਜਲਾ ਹੈ, ਸਤਿਸੰਗਤ ਰੂਪੀ ਥਾਂ ਵਿਚ ਤੇਰਾ ਜੱਸ ਸੁਣਨ = ਸ੍ਰਵਨ ਕਰਨ ਵਾਲੇ 'ਤੇ ਕਹਨਹਾਰੇ = ਕਹਿਣ ਵਾਲੇ ਵੀ ਪਵਿਤ੍ਰ = ਉੱਜਲ ਹਨ **ਵਾ**: ਉਹ ਰਿਦਾ ਰੂਪੀ ਥਾਂ ਵੀ ਪਵਿੱਤਰ ਹੈ ਤੇ ਸ਼ਰਧਾ ਵਾਲਾ ਮਾਨ = ਮਨ ਵੀ ਪਵਿੱਤਰ ਹੈ, ਤੇ ਤੇਰੇ ਜੱਸ ਨੂੰ ਸੁਨਨ = ਸ੍ਰਵਨ ਕਰਨ ਵਾਲੇ, ਕਹਨਹਾਰੇ = ਕਥਨ ਭਾਵ ਨਿਧਿਆਸਣ ਕਰਨ ਵਾਲੇ ਵੀ ਪਵਿਤ੍ਰ = ਉੱਜਲ ਹਨ।

**ਅਥਵਾ** ਤੇਰਾ ਸਰੂਪ ਰੂਪੀ ਥਾਂ ਵੀ ਪਵਿੱਤਰ ਹੈ, ਮਾਨ = ਮੰਨਣ ਗਿਆਨ ਵੀ ਪਵਿੱਤਰ ਹੈ **ਵਾ**: ਜਿਸ ਦੇ ਅੰਦਰ ਖਟ ਪ੍ਰਮਾਣਾਂ ਕਰਕੇ ਵਿਧੀ ਪੱਖ ਦੁਆਰਾ ਬ੍ਰਹਮ ਗਿਆਨ ਬਖ਼ਸ਼ਿਆ ਹੈ, ਉਹ ਰਿਦਾ ਵੀ ਪਵਿੱਤਰ ਹੈ ਕਿਉਂਕਿ ਉਸ ਨੇ ਵਿਧੀ ਪੱਖ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਸਾਰਿਆਂ ਦੇ ਅੰਦਰ ਤੇਰੇ ਸਰੂਪ ਨੂੰ ਵੇਖਣਾ ਕੀਤਾ ਹੈ। ਤੇਰੇ ਜੱਸ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਨ ਵਾਲੇ, ਪ੍ਰੀਤ ਰੂਪ ਰਸਨਾ ਨਾਲ ਕਥਨ ਕਰਨ ਵਾਲੇ ਵੀ ਪਵਿੱਤਰ ਹਨ।

## ਕਹੁ ਨਾਨਕ, ਤੇ ਭਵਨ ਪਵਿਤ੍ਰਾ; ਜਾ ਮਹਿ ਸੰਤ ਤੁਮ੍ਾਰੇ॥੨॥੩੨॥੫੫॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਤੇ = ਉਹ ਭਵਨ = ਘਰ **ਵਾ**: ਸਰੀਰ ਰੂਪੀ ਘਰ, ਤੁਰੀਆ ਪਦ ਰੂਪੀ ਘਰ ਪਵਿਤ੍ਰਾ = ਉੱਜਲਾ ਹੈ ਜਾ = ਜਿਸ ਮਹਿ = ਵਿਚ ਤੁਮ੍ਾਰੇ = ਤੇਰੇ ਸੰਤ = ਮਹਾਤਮਾ ਜਨ ਵੱਸਦੇ ਹਨ॥੨॥੩੨॥੫੫॥

## ਸਾਰਗ ਮਹਲਾ ੫॥ ਰਸਨਾ ਜਪਤੀ; ਤੂਹੀ ਤੂਹੀ॥

ਹੇ ਪਰਮੇਸ਼ਰ! ਤੂਹੀ = ਤੂੰ ਹੀ ਸਰਗੁਣ ਸਰੂਪ ਹੈਂ, ਤੂਹੀ = ਤੂੰ ਹੀ ਨਿਰਗੁਣ ਸਰੂਪ ਹੈਂ **ਵਾ**: ਤੂੰ ਹੀ ਇਸ ਲੋਕ ਵਿਚ ਹੈਂ, ਤੂੰ ਹੀ ਪ੍ਰਲੋਕ ਵਿਚ ਹੈਂ **ਵਾ**: ਤੂੰ ਹੀ ਜੀਵ ਰੂਪ ਹੈਂ, ਤੂੰ ਹੀ ਈਸਰ ਰੂਪ ਹੈਂ, ਇਉਂ ਮੇਰੀ ਰਸਨਾ = ਜੀਭਾ ਹਰ ਵਕਤ ਤੈਨੂੰ ਹੀ ਜਪਤੀ = ਜਪਦੀ ਰਹਿੰਦੀ ਹੈ।

## ਮਾਤ ਗਰਭ ਤੁਮ ਹੀ ਪ੍ਰਤਿਪਾਲਕ; ਮ੍ਰਿਤ ਮੰਡਲ ਇਕ ਤੁਹੀ ॥੧॥ਰਹਾਉ॥

ਹੇ ਪਰਮੇਸ਼ਰ ! ਮਾਤ = ਮਾਤਾ ਦੇ ਗਰਭ = ਉਦਰ ਵਿਚ ਵੀ ਤੁਮ = ਤੂੰ ਹੀ ਪ੍ਰਤਿਪਾਲਕ = ਪਾਲਣਾ ਕਰਨ ਵਾਲਾ ਹੈਂ, ਮੰਡਲ = ਗੋਲਾਕਾਰ ਇਸ ਮ੍ਰਿਤ = ਮਾਤ ਲੋਕ ਵਿਚ ਵੀ ਤੁਹੀ = ਤੂੰ ਹੀ ਵਿਆਪਕ ਹੈਂ ॥੧॥ਰਹਾਉ॥

## ਤੁਮਹਿ ਪਿਤਾ, ਤੁਮ ਹੀ ਫੁਨਿ ਮਾਤਾ; ਤੁਮਹਿ ਮੀਤ ਹਿਤ ਭ੍ਰਾਤਾ ॥

ਹੇ ਪਰਮੇਸ਼ਰ ! ਤੁਮਹਿ = ਤੂੰ ਹੀ ਨਮਿੱਤ ਕਾਰਣ ਹੋਣ ਕਰਕੇ ਪਿਤਾ ਰੂਪ ਹੈਂ, ਤੁਮ = ਤੂੰ ਹੀ ਅਭਿੰਨ ਨਮਿਤ ਉਪਾਦਾਨ ਕਾਰਨ ਹੋਣ ਕਰਕੇ ਫੁਨਿ = ਪੁਨਾ ਮਾਤਾ ਰੂਪ ਹੈਂ, ਤੁਮਹਿ = ਤੂੰ ਹੀ ਮੀਤ = ਮਿੱਤਰ ਹਿਤ = ਹਿਤੂ ਤੇ ਭ੍ਰਾਤਾ = ਭਰਾ ਰੂਪ ਹੈਂ **ਵਾ:** ਮਿੱਤਰ ਭਾਈ ਗੁਰਦਾਸ ਜੀ ਆਦਿ, ਹਿਤੂ-ਬਾਬਾ ਬੁੱਢਾ ਸਾਹਿਬ ਜੀ ਆਦਿ ਤੇ ਭ੍ਰਾਤਾ = ਭਰਾ ਮਹਾਂਦੇਵ ਆਦਿਕ ਵੀ ਤੂੰ ਹੀ ਹੈਂ।

**ਅਥਵਾ** ਤੂੰ ਹੀ ਸੰਤੋਖ ਰੂਪੀ ਪਿਤਾ ਹੈਂ, ਤੂੰ ਹੀ ਪੁਨਾ ਖਿਮਾ ਰੂਪ ਮਾਤਾ ਹੈਂ, ਤੂੰ ਹੀ ਵੈਰਾਗ, ਬਿਬੇਕ, ਖਟ ਸੰਪਤੀ ਮੋਖ ਇੱਛਾ ਰੂਪੀ ਮਿੱਤਰ, ਸਤ, ਸੰਤੋਖ, ਦਇਆ ਆਦਿ ਸ਼ੁਭ ਗੁਣਾਂ ਰੂਪੀ ਹਿਤੂ, ਤੇ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਭ੍ਰਾਤਾ = ਭਰਾ ਰੂਪ ਹੈਂ।

## ਤੁਮ ਪਰਵਾਰ, ਤੁਮਹਿ ਆਧਾਰਾ; ਤੁਮਹਿ ਜੀਅ ਪ੍ਰਾਨਦਾਤਾ ॥੧॥

ਤੁਮ = ਤੂੰ ਹੀ ਮੇਰਾ ਪ੍ਰਤੱਖ ਪਰਿਵਾਰ ਰੂਪ ਹੈਂ **ਵਾ:** ਤੂੰ ਹੀ ਮੇਰਾ ਭਗਤੀ, ਦੈਵੀ ਸੰਪਦਾ ਰੂਪੀ ਪਰਿਵਾਰ ਹੈਂ, ਤੁਮਹਿ = ਤੂੰ ਹੀ ਮਨ ਦਾ ਆਧਾਰਾ = ਆਸਰਾ ਰੂਪ ਹੈਂ, ਤੁਮਹਿ = ਤੂੰ ਹੀ ਸਾਰੇ ਜੀਅ = ਜੀਵਾਂ ਨੂੰ ਪ੍ਰਾਨਦਾਤਾ = ਪ੍ਰਾਣ ਦੇਣ ਵਾਲਾ ਹੈਂ **ਵਾ:** ਪ੍ਰਾਨ = ਪਛਾਣਿਆ ਹੈ ਕਿ ਤੂੰ ਹੀ ਦਾਤਾ ਰੂਪ ਹੈਂ ॥੧॥

## ਤੁਮਹਿ ਖਜੀਨਾ, ਤੁਮਹਿ ਜਰੀਨਾ; ਤੁਮ ਹੀ ਮਾਣਿਕ ਲਾਲਾ ॥

ਤੁਮਹਿ = ਤੂੰ ਹੀ ਖਜੀਨਾ = ਖ਼ਜ਼ਾਨਾ ਰੂਪ ਹੈਂ, ਤੁਮਹਿ = ਤੂੰ ਹੀ ਜਰੀਨਾ[੧] = ਜ਼ਰੀ ਬਾਫ਼ਤੇ ਦਾ ਬਸਤਰ ਹੈਂ **ਵਾ:** ਤੂੰ ਹੀ ਸਾਧਸੰਗਤ ਦਾ ਰਿਦਾ ਰੂਪੀ ਖ਼ਜ਼ਾਨਾ ਹੈਂ ਤੂੰ ਹੀ ਪ੍ਰੇਮ ਰੂਪੀ ਜ਼ਰੀ ਬਾਫ਼ਤੇ ਦਾ ਬਸਤਰ ਹੈਂ **ਵਾ:** ਤੂੰ ਹੀ ਸੰਤ ਜਨਾਂ ਦੇ ਰਿਦੇ ਵਿਚ ਸ਼ੁਭ ਗੁਣ ਦਾ ਖ਼ਜ਼ਾਨਾ ਬਣਿਆ ਹੋਇਆ ਹੈਂ ਤੂੰ ਹੀ ਨਾਮ ਰੂਪੀ ਜਰੀਨਾ = ਦੌਲਤ ਹੈਂ ਤੁਮ = ਤੂੰ ਹੀ ਲਾਲਾ = ਲਾਲ ਤੇ ਮਾਣਿਕ ਵਤ ਅਮੋਲਕ ਹੈਂ **ਵਾ:** ਤੂੰ ਹੀ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਮਾਣਕ ਤੇ ਪ੍ਰੇਮ ਰੂਪੀ ਲਾਲ ਹੈਂ।

## ਤੁਮਹਿ ਪਾਰਜਾਤ, ਗੁਰ ਤੇ ਪਾਏ; ਤਉ ਨਾਨਕ ਭਏ ਨਿਹਾਲਾ ॥੨॥੩੩॥੫੬॥

ਹੇ ਪਰਮੇਸ਼ਰ ! ਤੁਮਹਿ = ਤੂੰ ਹੀ ਪਾਰਜਾਤ = ਕਲਪਤਰ ਬ੍ਰਿਛ ਦੀ ਨਿਆਈਂ ਸਭ ਪਦਾਰਥਾਂ ਨੂੰ ਦੇਣ ਵਾਲਾ ਹੈਂ **ਵਾ:** ਅਭਿਆਸ ਰੂਪੀ ਕਲਪਤਰ ਬ੍ਰਿਛ ਹੈਂ, ਜਦ ਗੁਰ = ਸਤਿਗੁਰਾਂ ਤੇ = ਤੋਂ ਉਪਦੇਸ਼ ਲੈ ਕੇ ਤੈਨੂੰ ਪਾਏ = ਪਾਉਣਾ ਕੀਤਾ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਉ = ਤਦ ਅਸੀਂ ਨਿਹਾਲਾ = ਨਿਹਾਲ **ਵਾ:** ਨਿਹਾਲਾ = ਦੁੱਖਾਂ ਤੋਂ ਰਹਿਤ ਭਏ = ਹੋ ਗਏ ਹਾਂ ॥੨॥੩੩॥੫੬॥

---

੧. ਜਰੀਨਾ = ਸੋਨੇ ਦਾ ਲਟਾ ਪਟਾ, ਅਮੋਲਕ ਪਦਾਰਥ **ਵਾ:** ਸੋਨੇ ਦੀਆਂ ਤਾਰਾਂ ਦੁਆਰਾ ਤਿਆਰ ਬਸਤਰ।

## ਸਾਰਗ ਮਹਲਾ ੫ ॥

## ਜਾਹੂ ਕਾਹੂ; ਅਪੁਨੋ ਹੀ ਚਿਤਿ ਆਵੈ ॥

ਜਾਹੂ ਕਾਹੂ = ਜਿਸ ਕਿਸੇ ਨੂੰ ਵੀ ਬਿਪਤਾ ਵੇਲੇ ਅਪੁਨੋ = ਆਪਣਾ ਪਿਆਰਾ ਸੰਬੰਧੀ ਹੀ ਚਿਤਿ = ਚੇਤੇ ਆਵੈ = ਆਉਂਦਾ ਹੈ, ਇਸੇ ਪ੍ਰਕਾਰ ਜਿਥੇ ਕਿਥੇ ਵੀ ਲੋੜ ਪਵੇ ਮੈਨੂੰ ਆਪਣਾ ਪਿਆਰਾ ਪਰਮੇਸ਼ਰ ਹੀ ਚੇਤੇ ਆਉਂਦਾ ਹੈ।

## ਜੋ ਕਾਹੂ ਕੋ ਚੇਰੋ ਹੋਵਤ; ਠਾਕੁਰ ਹੀ ਪਹਿ ਜਾਵੈ ॥੧॥ਰਹਾਉ॥

ਜੋ = ਜਿਹੜਾ ਕੋਈ ਕਾਹੂ = ਕਿਸੇ ਕੋ = ਦਾ ਚੇਰੋ = ਸੇਵਕ ਹੋਵਤ = ਹੁੰਦਾ ਹੈ, ਉਹ ਆਪਣੇ ਠਾਕੁਰ = ਸੁਆਮੀ ਦੇ ਪਹਿ = ਕੋਲ ਹੀ ਜਾਵੈ = ਜਾਂਦਾ ਹੈ ॥੧॥ਰਹਾਉ॥

## ਅਪਨੇ ਪਹਿ ਦੂਖ, ਅਪਨੇ ਪਹਿ ਸੂਖਾ; ਅਪਨੇ ਹੀ ਪਹਿ ਬਿਰਥਾ ॥

ਆਪਣੇ ਪਿਆਰੇ ਮਾਲਕ ਪਹਿ = ਕੋਲ ਹੀ ਦੂਖ = ਦੁੱਖ ਦੀ ਨਵਿਰਤੀ ਵਾਸਤੇ ਕਹੀਦਾ ਹੈ, ਆਪਣੇ ਪਿਆਰੇ ਮਾਲਕ ਪਹਿ = ਕੋਲ ਹੀ ਸੂਖਾ = ਸੁਖ ਦੀ ਪ੍ਰਾਪਤੀ ਵਾਸਤੇ ਬੇਨਤੀ ਕਰੀਦੀ ਹੈ ਅਤੇ ਆਪਣੇ ਪਿਆਰੇ ਮਾਲਕ ਦੇ ਪਹਿ = ਕੋਲ ਹੀ ਬਿਰਥਾ = ਪੀੜਾ, ਹਾਲਤ ਕਹੀਦੀ ਹੈ।

## ਅਪੁਨੇ ਪਹਿ ਮਾਨੁ, ਅਪੁਨੇ ਪਹਿ ਤਾਨਾ; ਅਪਨੇ ਹੀ ਪਹਿ ਅਰਥਾ ॥੧॥

ਅਪੁਨੇ = ਆਪਣੇ ਪਿਆਰੇ ਮਾਲਕ ਦੇ ਪਹਿ = ਕੋਲ ਜਾ ਕੇ ਉਸ ਦਾ ਹੀ ਮਾਨੁ = ਸਤਿਕਾਰ ਕਰੀਦਾ ਹੈ **ਵਾ:** ਆਪਣੇ ਮਾਲਕ ਦੇ ਉੱਤੇ ਹੀ ਮਾਣ ਕਰੀਦਾ ਹੈ, ਆਪਣੇ ਪਿਆਰੇ ਮਾਲਕ ਦੇ ਪਹਿ = ਕੋਲ ਭਾਵ ਉੱਤੇ ਹੀ ਤਾਨਾ = ਬਲ ਹੁੰਦਾ ਹੈ, ਆਪਣੇ ਪਿਆਰੇ ਮਾਲਕ ਦੇ ਕੋਲ ਹੀ ਅਰਥਾ = ਪਦਾਰਥਾਂ ਦੀ ਪ੍ਰਾਪਤੀ ਬਾਬਤ ਕਹੀਦਾ ਹੈ।

**ਅਥਵਾ** ਆਪਣੇ ਪਿਆਰੇ ਗੁਰਾਂ ਕੇ ਕੋਲ ਹੀ ਸੰਸਾਰੀ ਦੁੱਖਾਂ **ਵਾ:** ਜੰਮਣ ਮਰਣ ਦੇ ਦੁੱਖਾਂ ਦੀ ਨਵਿਰਤੀ ਵਾਸਤੇ ਕਹੀਦਾ ਹੈ, ਆਪਣੇ ਪਿਆਰੇ ਗੁਰਾਂ ਦੇ ਕੋਲ ਹੀ ਆਤਮਾਨੰਦ ਰੂਪੀ ਸੁਖ ਦੀ ਪ੍ਰਾਪਤੀ ਵਾਸਤੇ ਬੇਨਤੀ ਕਰੀਦੀ ਹੈ, ਆਪਣੇ ਪਿਆਰੇ ਗੁਰਾਂ ਦੇ ਕੋਲ ਹੀ ਅਵਿੱਦਿਆ ਦੀ ਬਿਰਥਾ = ਪੀੜਾ ਮੇਟਣ ਵਾਸਤੇ ਬੇਨਤੀ ਕਰੀਦੀ ਹੈ।

ਆਪਣੇ ਪਿਆਰੇ ਗੁਰਾਂ ਦੇ ਕੋਲ ਭਾਵ ਉੱਤੇ ਮਾਣ ਕਰੀਦਾ ਹੈ, ਆਸਰਾ ਲੈਣਾ ਕਰੀਦਾ ਹੈ, ਆਪਣੇ ਗੁਰਾਂ ਦੇ ਕੋਲੋਂ ਹੀ ਬਿਬੇਕ ਰੂਪੀ ਬਲ ਲੈਣਾ ਕਰੀਦਾ ਹੈ, ਆਪਣੇ ਗੁਰਾਂ ਕੋਲੋਂ ਹੀ ਲੋਕ-ਪ੍ਰਲੋਕ ਦੇ ਪਦਾਰਥਾਂ ਦੀ ਪ੍ਰਾਪਤੀ ਬਾਬਤ ਬੇਨਤੀ ਕਰੀਦੀ ਹੈ ॥੧॥

## ਕਿਨ ਹੀ ਰਾਜ ਜੋਬਨੁ ਧਨ ਮਿਲਖਾ; ਕਿਨ ਹੀ ਬਾਪ ਮਹਤਾਰੀ ॥

ਕਿਨ ਹੀ = ਕਿਸੇ ਨੇ ਰਾਜ ਭਾਗ ਪਾ ਲਿਆ ਹੈ, ਕਿਸੇ ਨੇ ਜੋਬਨੁ = ਜਵਾਨੀ ਵਿਚ ਖ਼ੁਸ਼ੀ ਮਾਣ ਲਈ ਹੈ, ਕਿਸੇ ਨੇ ਧਨ ਦੌਲਤ ਇਕੱਠੀ ਕਰ ਲਈ ਹੈ, ਕਿਸੇ ਨੇ ਮਿਲਖਾ = ਜਗੀਰਾਂ ਬਣਾ ਲਈਆਂ ਹਨ, ਕਿਨ ਹੀ = ਕਿਸੇ ਨੇ ਬਾਪ = ਪਿਤਾ ਦੇ ਨਾਲ ਤੇ ਕਿਸੇ ਨੇ ਮਹਤਾਰੀ = ਮਾਂ ਦੇ ਨਾਲ ਮੋਹ ਲਾਇਆ ਹੋਇਆ ਹੈ **ਵਾ:** ਆਸਰਾ ਲਿਆ ਹੈ।

**ਅਥਵਾ** ਕਿਸੇ ਨੇ ਗਿਆਨ ਰੂਪੀ ਰਾਜ ਦੀ ਇੱਛਾ ਕੀਤੀ ਹੈ, ਕਿਸੇ ਨੇ ਸ਼ੌਕ ਅਵਸਥਾ ਰੂਪੀ ਜੋਬਨ ਦੀ ਇੱਛਾ ਕੀਤੀ ਹੈ, ਕਿਸੇ ਨੇ ਸ਼ੁਭ ਗੁਣਾਂ ਰੂਪੀ ਧਨ ਦੀ ਇੱਛਾ ਕੀਤੀ ਹੈ, ਕਿਸੇ ਨੇ ਕਰੁਣਾ, ਮੈਤਰੀ,

ਮੁੱਦਤਾ ਰੂਪੀ ਜਗੀਰਾਂ ਦੀ ਇੱਛਾ ਕੀਤੀ ਹੈ, ਕਿਸੇ ਨੇ ਸੰਤੋਖ ਰੂਪੀ ਪਿਤਾ ਤੇ ਖਿਮਾ ਰੂਪੀ ਮਾਤਾ ਦੀ ਓਟ ਲਈ ਹੈ।

## ਸਰਬ ਥੋਕ ਨਾਨਕ ਗੁਰ ਪਾਏ; ਪੂਰਨ ਆਸ ਹਮਾਰੀ ॥੨॥੩੪॥੫੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਤਾਂ ਸਤਿਗੁਰਾਂ ਨੂੰ ਪਾਏ = ਪਾ ਕੇ ਸਰਬ = ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਥੋਕ = ਪਦਾਰਥ ਪਾ ਲਏ ਹਨ **ਵਾ:** ਹੇ ਗੁਰੂ ਜੀ! ਤੇਰੀ ਪ੍ਰਾਪਤੀ ਕਰਕੇ ਸਾਰੇ ਨਾਮ, ਪ੍ਰੇਮ, ਗਿਆਨ ਆਦਿ ਪਦਾਰਥ ਪਾ ਲਏ ਹਨ, ਇਸ ਲਈ ਤੇਰੀ (ਗੁਰੂ) ਦੀ ਪ੍ਰਾਪਤੀ ਕਰਕੇ ਹਮਾਰੀ = ਸਾਡੀ ਸਾਰੀ ਆਸ = ਉਮੀਦ ਆਸਾ ਪੂਰਨ = ਪੂਰੀ ਹੋ ਗਈ ਹੈ ॥੨॥੩੪॥੫੭॥

## ਸਾਰਗ ਮਹਲਾ ੫ ॥

## ਝੂਠੋ; ਮਾਇਆ ਕੋ ਮਦ ਮਾਨੁ ॥

ਹੇ ਜੀਵ! ਮਾਇਆ ਕੋ = ਦਾ ਮਾਨੁ = ਹੰਕਾਰ ਰੂਪੀ ਮਦ = ਨਸ਼ਾ ਝੂਠੋ = ਝੂਠਾ ਹੈ **ਵਾ:** ਜੋ ਮਾਇਆ ਰੂਪੀ ਮਦ = ਸ਼ਰਾਬ ਦਾ ਹੰਕਾਰ ਝੂਠਾ ਹੈ, ਇਸ ਨੂੰ ਪੀ ਕੇ ਤੂੰ ਹਰ ਵਕਤ ਘੁੰਮਣ ਘੇਰੀ ਵਿਚ ਪਿਆ ਰਹਿੰਦਾ ਹੈਂ।

## ਧ੍ਰੋਹ ਮੋਹ ਦੂਰਿ ਕਰਿ ਬਪੁਰੇ; ਸੰਗਿ ਗੋਪਾਲਹਿ ਜਾਨੁ ॥੧॥ਰਹਾਉ॥

ਹੇ ਬਪੁਰੇ = ਵਿਚਾਰੇ, ਤੁਛ ਜੀਵ! ਕਿਸੇ ਨਾਲ ਧ੍ਰੋਹ = ਧੋਖੇਬਾਜ਼ੀ, ਛਲ ਕਰਨਾ, ਕਿਸੇ ਨੂੰ ਮੋਹ ਕਰਕੇ ਵੱਸ ਕਰ ਲੈਣਾ ਤੇ ਆਦਿ ਸਭ ਕੁਝ ਦੂਰਿ = ਪਰ੍ਹੇ (ਨਵਿਰਤ) ਕਰਿ = ਕਰਨਾ ਕਰ ਅਤੇ ਗੋਪਾਲਹਿ = ਪ੍ਰਿਥਵੀ ਦੇ ਮਾਲਕ ਪਰਮੇਸ਼ਰ ਨੂੰ ਹਰ ਵਕਤ ਅੰਗ ਸੰਗ ਜਾਨੁ = ਜਾਣ ਕੇ ਕੇਵਲ ਉਸੇ ਨਾਲ ਪਿਆਰ ਕਰ ॥੧॥ਰਹਾਉ॥

## ਮਿਥਿਆ ਰਾਜ ਜੋਬਨ ਅਰੁ ਉਮਰੇ; ਮੀਰ ਮਲਕ ਅਰੁ ਖਾਨ ॥

ਜੋ ਤੂੰ ਰਾਜ ਭਾਗ, ਜੋਬਨ = ਜੁਆਨੀ ਵਿਚ ਵਿਸ਼ੇ ਭੋਗਣ ਅਰੁ = ਅਤੇ ਉਮਰੇ = ਉਮਰਾਵ (ਸੂਬੇਦਾਰ) ਆਦਿ ਬਣਨ ਦੀ ਇੱਛਾ ਰੱਖਦਾ ਹੈਂ, ਇਹ ਸਭ ਮਿਥਿਆ = ਝੂਠੇ, ਅਣਹੋਏ ਹਨ, ਮੀਰ = ਪਾਤਸ਼ਾਹ, ਮਲਕ = ਬਲੋਚਾ ਵਿੱਚੋਂ ਵੱਡੇ, ਸੁਲਤਾਨ ਅਰੁ = ਅਤੇ ਖਾਨ = ਪਠਾਣਾਂ ਦੀ ਪਦਵੀ **ਵਾ:** ਸਰਦਾਰਾਂ ਦੇ ਪਠਾਣ ਦੀ ਪਦਵੀ ਆਦਿ ਅਹੁਦੇ ਦੀ ਇੱਛਾ ਰੱਖਦਾ ਹੈਂ, ਇਹ ਸਭ ਨਾਸ਼ਵਾਨ ਹਨ।

## ਮਿਥਿਆ ਕਾਪਰ ਸੁਗੰਧ ਚਤੁਰਾਈ; ਮਿਥਿਆ ਭੋਜਨ ਪਾਨ ॥੧॥

ਸੁੰਦਰ ਕਾਪਰ = ਬਸਤਰ, ਅਤਰ ਫੁਲੇਲ ਆਦਿ ਸੁਗੰਧ = ਸੁਗੰਧਿਤ ਪਦਾਰਥ, ਵਾਕਾਂ ਨਾਲ ਚਤੁਰਾਈ = ਸਿਆਣਪ ਦੀਆਂ ਗੱਲਾਂ ਕਰਨੀਆਂ ਇਹ ਸਭ ਮਿਥਿਆ = ਨਾਸ਼ਵਾਨ ਹਨ, ਕਈ ਪ੍ਰਕਾਰ ਦੇ ਭੋਜਨ ਖਾਣੇ, ਪਾਨ = ਪੀਣ ਵਾਲੇ ਪਦਾਰਥ **ਵਾ:** ਪਾਨ = ਪਾਨਾਂ ਆਦਿ ਨੂੰ ਚੱਬਣਾ ਇਹ ਸਭ ਮਿਥਿਆ = ਨਾਸ਼ਵਾਨ ਹਨ ॥੧॥

## ਦੀਨ ਬੰਧਰੋ, ਦਾਸ ਦਾਸਰੋ; ਸੰਤਹ ਕੀ ਸਾਰਾਨ ॥

ਜੋ ਪਰਮੇਸ਼ਰ ਦੀਨ = ਗ਼ਰੀਬਾਂ ਦਾ ਬੰਧਰੋ = ਸੰਬੰਧੀ ਹੈ, ਉਸ ਦੇ ਦਾਸ ਦਾਸਰੋ = ਸੇਵਕਾਂ ਦਾ ਦਾਸ ਬਨਣਾ ਕਰ ਅਤੇ ਸੰਤਹ = ਸੰਤ ਜਨਾਂ ਕੀ = ਦੀ ਸਾਰਾਨ = ਸ਼ਰਨ ਵਿਚ ਪੈ ਕੇ ਨਿਹਾਲ ਹੋਣਾ ਕਰ।

## ਮਾਂਗਨਿ ਮਾਂਗਉ ਹੋਇ ਅਚਿੰਤਾ; ਮਿਲੁ ਨਾਨਕ ਕੇ ਹਰਿ ਪ੍ਰਾਨ ॥੨॥੩੫॥੫੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮੇਰੇ ਪ੍ਰਾਣਾਂ ਦੇ ਆਸਰਾ ਰੂਪ ਹਰਿ = ਪਰਮੇਸ਼ਰ ! ਤੂੰ ਮੈਨੂੰ ਆ ਕੇ ਮਿਲੁ = ਮਿਲਣਾ ਕਰ, ਅਤੇ ਮੈਂ ਤੇਰੇ ਪਾਸੋਂ ਮਾਂਗਨਿ = ਮੰਗਣ ਵਾਲਾ ਹੋ ਕੇ ਇਹੋ ਦਾਤ ਮਾਂਗਉ = ਮੰਗਦਾ ਹਾਂ ਕਿ ਮੇਰਾ ਮਨ ਅਚਿੰਤਾ = ਚਿੰਤਾ ਤੋਂ ਰਹਿਤ ਹੋਇ = ਹੋ ਜਾਵੇ **ਵਾ:** ਤੇਰੇ ਅਚਿੰਤ ਸਰੂਪ ਦੀ ਪ੍ਰਾਪਤੀ ਵਾਲਾ ਹੋ ਜਾਵੇ ॥੨॥੩੫॥੫੮॥

## ਸਾਰਗ ਮਹਲਾ ੫ ॥

## ਅਪੁਨੀ; ਇਤਨੀ ਕਛੂ ਨ ਸਾਰੀ ॥

ਹੇ ਜੀਵ ! ਤੇਰੀ ਆਪਣੀ ਇਤਨੀ = ਐਨੀ ਉਮਰ ਗੁਜ਼ਰ ਗਈ ਹੈ, ਪਰ ਤੂੰ ਮੁਕਤੀ ਦੇ ਵਾਸਤੇ ਕਛੂ = ਕੁਝ ਵੀ ਸਾਰੀ = ਖ਼ਬਰ ਨ = ਨਹੀਂ ਜਾਣੀ, ਭਾਵ ਤੂੰ ਆਪਣੀ ਕਲਿਆਣ ਵਾਸਤੇ ਕੁਝ ਵੀ ਸ੍ਰੇਸ਼ਟ ਕਾਰਜ ਨਾ ਕਰ ਸਕਿਆ।

## ਅਨਿਕ ਕਾਜ ਅਨਿਕ ਧਾਵਰਤਾ; ਉਰਝਿਓ, ਆਨ ਜੰਜਾਰੀ ॥੧॥ਰਹਾਉ॥

ਤੂੰ ਅਨਿਕ = ਅਨੇਕਾਂ ਕਾਜ = ਕਾਰਜਾਂ ਨੂੰ ਕਰਦਾ ਫਿਰਦਾ ਹੈਂ, ਅਨਿਕ = ਅਨੇਕਾਂ ਧਾਵਰਤਾ = ਧਾਉਣੀਆਂ ਦੇ ਵਿਚ ਵਰਤਦਾ ਰਹਿੰਦਾ ਹੈਂ **ਵਾ:** ਅਨੇਕਾਂ ਕਾਰਜਾਂ ਦੇ ਵਿਚ ਬਹੁਤ ਦੌੜਦਾ ਰਹਿੰਦਾ ਹੈਂ, ਆਨ = ਹੋਰਨਾਂ **ਵਾ:** ਆਨ = ਦਵੈਤ ਵਾਲੇ ਜੰਜਾਰੀ = ਜੰਜਾਲਾਂ (ਬੰਧਨਾਂ) ਵਿਚ ਹੀ ਉਰਝਿਓ = ਫਸਿਆ ਰਹਿੰਦਾ ਹੈਂ ॥੧॥ਰਹਾਉ॥

## ਦਿਉਸ ਚਾਰਿ ਕੇ ਦੀਸਹਿ ਸੰਗੀ; ਊਹਾਂ ਨਾਹੀ ਜਹ ਭਾਰੀ ॥

ਦੁਨਿਆਵੀ ਸੰਬੰਧੀ ਚਾਰ ਦਿਉਸ = ਦਿਨ ਕੇ = ਦੇ ਹੀ ਸੰਗੀ = ਸਾਥੀ ਦੀਸਹਿ = ਦਿਸਦੇ ਹਨ **ਵਾ:** ਜੋ ਸੰਗੀ = ਸਬੰਧੀ ਦਿਸਦੇ ਹਨ, ਇਹ ਚਾਰ ਕੁ ਦਿਨ ਦੇ ਹੀ ਹਨ, ਜਹ = ਜਿਥੇ ਪ੍ਰਲੋਕ ਵਿਚ ਭਾਰੀ ਬਿਪਤਾ ਪਵੇਗੀ, ਊਹਾਂ = ਉਥੇ ਕਿਸੇ ਵੀ ਸੰਬੰਧੀ ਨੇ ਤੇਰੀ ਸਹਾਇਤਾ ਨਹੀਂ ਕਰਨੀ।

[ਅੰਗ ੧੨੧੬]

## ਤਿਨ ਸਿਉ ਰਾਚਿ ਮਾਚਿ, ਹਿਤੁ ਲਾਇਓ; ਜੋ ਕਾਮਿ ਨਹੀ ਗਾਵਾਰੀ ॥੧॥

ਤੂੰ ਤਿਨ = ਉਨ੍ਹਾਂ ਸੰਬੰਧੀਆਂ ਦੇ ਸਿਉ = ਨਾਲ ਰਾਚਿ = ਰਚ ਮਾਚਿ = ਮਿੱਚ ਕੇ ਹਿਤੁ = ਪ੍ਰੇਮ ਲਾਇਓ = ਲਗਾਇਆ ਹੋਇਆ ਹੈ, ਹੇ ਗਾਵਾਰੀ = ਬੇਸਮਝ, ਮੂਰਖ ਜੀਵ ! ਜੋ = ਜਿਹੜੇ ਤੇਰੇ ਕਾਮਿ = ਕੰਮ ਨਹੀਂ ਆਉਣਗੇ ॥੧॥

ਪਰਮੇਸ਼ਰ ਦੇ ਅੱਗੇ ਇਉਂ ਬੇਨਤੀ ਕਰ ਕਿ :

## ਹਉ ਨਾਹੀ, ਨਾਹੀ ਕਿਛੁ ਮੇਰਾ; ਨਾ ਹਮਰੋ ਬਸੁ ਚਾਰੀ ॥

ਹੇ ਪਰਮੇਸ਼ਰ ! ਹਉ = ਮੈਂ ਕੁਝ ਵੀ ਨਾਹੀ = ਨਹੀਂ ਹਾਂ, ਮੇਰਾ ਕਿਛੁ = ਕੋਈ ਪਦਾਰਥ ਵੀ ਨਾਹੀ = ਨਹੀਂ ਹੈ, ਨਾ ਹੀ ਹਮਰੋ = ਮੇਰਾ ਕਿਸੇ ਪ੍ਰਕਾਰ ਦਾ ਬਸੁ = ਜ਼ੋਰ ਚਾਰੀ = ਚੱਲਦਾ ਹੈ **ਵਾ:** ਨਾ ਹੀ ਮੇਰਾ ਇਸ ਲੋਕ ਵਿਚ ਬਸੁ = ਜ਼ੋਰ ਚੱਲਦਾ ਹੈ ਅਤੇ ਨਾ ਹੀ ਪ੍ਰਲੋਕ ਵਿਚ ਕੋਈ ਚਾਰੀ = ਚਾਰਾ (ਜ਼ੋਰ) ਚੱਲਦਾ ਹੈ।

## ਕਰਨ ਕਰਾਵਨ ਨਾਨਕ ਕੇ ਪ੍ਰਭ; ਸੰਤਨ ਸੰਗਿ ਉਧਾਰੀ ॥੨॥੩੬॥੫੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮੇਸ਼ਰ ! ਸਾਰਿਆਂ ਕਾਰਜਾਂ ਕੇ = ਦੇ ਕਰਨ ਤੇ ਕਰਾਉਣ ਵਾਲਾ ਤੂੰ ਆਪ ਹੀ ਹੈਂ, ਇਸ ਲਈ ਕਿਰਪਾ ਕਰਕੇ ਮੈਨੂੰ ਆਪਣੇ ਪਿਆਰੇ ਸੰਤਨ = ਸੰਤਾਂ ਦੀ ਸੰਗਿ = ਸੰਗਤ ਵਿਚ ਮੇਲ ਕੇ ਸੰਸਾਰ-ਸਮੁੰਦ੍ਰ ਤੋਂ ਉਧਾਰੀ = ਉੱਧਾਰ ਲੈਣਾ ਕਰ ॥੨॥੩੬॥੫੯॥

## ਸਾਰਗ ਮਹਲਾ ੫ ॥
## ਮੋਹਨੀ ਮੋਹਤ ਰਹੈ; ਨ ਹੋਰੀ ॥

ਮਨ ਨੂੰ ਮੋਹਨੀ = ਮੋਹ ਲੈਣ ਵਾਲੀ ਮਾਇਆ ਜੀਵਾਂ ਨੂੰ ਮੋਹਤ = ਮੋਂਹਦੀ ਰਹੈ = ਰਹਿੰਦੀ ਹੈ, ਕਿਸੇ ਦੀ ਹਟਾਈ ਹੋਈ ਪਿੱਛੇ ਨ = ਨਹੀਂ ਹੋਰੀ = ਹਟਦੀ।

## ਸਾਧਿਕ ਸਿਧ ਸਗਲ ਕੀ ਪਿਆਰੀ; ਤੁਟੈ ਨ ਕਾਹੂ ਤੋਰੀ ॥੧॥ਰਹਾਉ॥

ਸਾਧਿਕ = ਸਾਧਨਾ ਕਰਨ ਵਾਲੇ ਪੁਰਖ, ਆਪਣੀ ਪੂਜਾ ਕਰਾਉਣ ਵਾਸਤੇ ਸਮਾਧੀਆਂ ਲਾਉਣ ਵਾਸਤੇ ਸਿੱਧ ਪੁਰਖ ਆਦਿ ਸਗਲ = ਸਭ ਕੀ = ਦੀ ਮਾਇਆ ਪਿਆਰੀ ਬਣ ਰਹੀ ਹੈ, ਕਾਹੂ = ਕਿਸੇ ਦੀ ਤੋਰੀ = ਤੋੜੀ ਹੋਈ ਤੁਟੈ = ਟੁੱਟਦੀ ਨ = ਨਹੀਂ ਹੈ ਭਾਵ ਰਿਦੇ ਵਿਚ ਮਾਇਆ ਦੀ ਪ੍ਰਾਪਤੀ ਦੀ ਇੱਛਾ ਬਣੀ ਹੀ ਰਹਿੰਦੀ ਹੈ ॥੧॥ਰਹਾਉ॥

## ਖਟੁ ਸਾਸਤ੍ਰ, ਉਚਰਤ ਰਸਨਾਗਰ; ਤੀਰਥ ਗਵਨ, ਨ ਥੋਰੀ ॥

ਜੋ ਖਟੁ = ਛੇ ਸ਼ਾਸਤਰਾਂ ਨੂੰ ਰਸਨਾਗਰ = ਰਸਨਾ ਦੇ ਅਗਰ ਭਾਗ ਭਾਵ ਮੂੰਹ ਜ਼ਬਾਨੀ, ਕੰਠੋਂ ਹੀ ਉਚਰਤ = ਉਚਾਰਦਾ ਹੈ ਅਤੇ ਜੋ ਬਹੁਤੇ ਤੀਰਥਾਂ ਤੇ ਗਵਨ = ਜਾਣਾ ਕਰਦਾ ਹੈ ਭਾਵ ਤੀਰਥ ਯਾਤਰਾ ਕਰਦਾ ਹੈ, ਉਹ ਵੀ ਥੋਰੀ = ਥੋੜ੍ਹੀ ਨ = ਨਹੀਂ ਬਹੁਤੀ ਮਾਇਆ ਚਾਹੁੰਦਾ ਹੈ **ਵਾ**: ਉਸ ਦੇ ਮਨ ਵਿਚ ਵੀ ਮਾਇਆ ਦੀ ਪ੍ਰਾਪਤੀ ਦੀ ਇੱਛਾ ਥੋੜ੍ਹੀ ਨਹੀਂ ਹੁੰਦੀ, ਸਗੋਂ ਅਧਿਕ ਤੋਂ ਅਧਿਕ ਹੁੰਦੀ ਹੈ।

## ਪੂਜਾ, ਚਕ੍ਰ, ਬਰਤ, ਨੇਮ, ਤਪੀਆ; ਊਹਾ ਗੈਲਿ ਨ ਛੋਰੀ ॥੧॥

ਠਾਕੁਰਾਂ ਦੀ ਪੂਜਾ ਕਰਨ ਵਾਲੇ, ਤਨ ਉਤੇ ਚਕ੍ਰ = ਵਿਸ਼ਨੂੰ ਆਦਿ ਦੇ ਚਿੰਨ੍ਹ ਲਗਾਉਣ ਵਾਲੇ, ਵਰਤ ਰੱਖਣ ਵਾਲੇ, ਜਮ ਨੇਮ ਕਰਨ ਵਾਲੇ ਤੇ ਧੂਣੀਆਂ ਲਾ ਕੇ ਤਪ ਕਰਨ ਵਾਲੇ ਪੁਰਖ ਹਨ, ਪਰ ਮਾਇਆ ਊਹਾ = ਉਥੇ ਵੀ (ਉਨ੍ਹਾਂ ਦਾ) ਗੈਲਿ = ਪਿੱਛਾ ਨ = ਨਹੀਂ ਛੋਰੀ = ਛੱਡਦੀ ॥੧॥

## ਅੰਧ ਕੂਪ ਮਹਿ, ਪਤਿਤ ਹੋਤ ਜਗੁ; ਸੰਤਹੁ, ਕਰਹੁ ਪਰਮਗਤਿ ਮੋਰੀ ॥

ਸੰਸਾਰ ਰੂਪੀ ਅੰਧ = ਅੰਨ੍ਹੇ ਕੂਪ = ਖੂਹ ਮਹਿ = ਵਿਚ ਸਾਰੇ ਜਗੁ = ਜੀਵ ਪਤਿਤ = ਗਿਰਾਵਟ ਨੂੰ ਪ੍ਰਾਪਤ ਹੋਤ = ਹੋ ਰਹੇ ਹਨ, ਇਸ ਲਈ ਹੇ ਸੰਤਹੁ = ਸੰਤ ਜਨੋਂ ! ਤੁਸੀਂ ਮੋਰੀ = ਮੇਰੀ ਪਰਮਗਤਿ = ਕਲਿਆਣ ਕਰਹੁ = ਕਰੋ।

## ਸਾਧਸੰਗਤਿ, ਨਾਨਕੁ ਭਇਓ ਮੁਕਤਾ; ਦਰਸਨੁ ਪੇਖਤ ਭੋਰੀ ॥੨॥੩੭॥੬੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪੁਰਖ ਸਾਧਸੰਗਤਿ = ਸ੍ਰੇਸ਼ਟ ਜਨਾਂ ਦੀ ਸੰਗਤ ਦੁਆਰਾ ਮੁਕਤਾ = ਮੁਕਤ ਭਇਓ = ਹੋਇਆ ਹੈ, ਜਿਸ ਨੇ ਭੋਰੀ = ਭੋਲੀ, ਸਿੱਧੀ ਸਾਧੀ ਭਾਵ ਨਿਸ਼ਕਪਟ ਬਿਰਤੀ ਦੇ

ਨਾਲ ਗੁਰਾਂ, ਪਰਮੇਸ਼ਰ ਦੇ ਦਰਸਨੁ = ਦੀਦਾਰਾਂ ਨੂੰ ਪੇਖਤ = ਵੇਖਣਾ ਕੀਤਾ ਹੈ **ਵਾ:** ਜਿਸਦੇ ਹਿਰਦੇ ਵਿਚ ਗੁਰਾਂ, ਪ੍ਰਭੂ ਦਾ ਦੀਦਾਰ ਵੇਖ ਕੇ ਬ੍ਰਹਮ ਗਿਆਨ ਰੂਪੀ ਭੋਰੀ = ਦਿਨ ਚੜ੍ਹ ਗਿਆ ਹੈ॥੨॥੩੭॥੬੦॥

## ਸਾਰਗ ਮਹਲਾ ੫ ॥

## ਕਹਾ ਕਰਹਿ ਰੇ; ਖਾਟਿ ਖਾਟੁਲੀ ॥

ਰੇ = ਹੇ ਜੀਵ! ਤੂੰ ਖਾਟਿ ਖਾਟੁਲੀ = ਖੱਟੀ ਖੱਟ ਕੇ ਕਹਾ = ਕੀ ਕਰਹਿ = ਕਰੇਂਗਾ **ਵਾ:** ਖਾਟਿ = ਮੰਜੇ ਤੇ ਖਾਟੁਲੀ = ਮੰਜੀਆਂ ਨੂੰ ਕੀ ਇਕੱਤਰ ਕਰਦਾ ਰਹਿੰਦਾ ਹੈਂ।

## ਪਵਨਿ ਅਫਾਰ, ਤੋਰ ਚਾਮਰੋ; ਅਤਿ ਜਜਰੀ ਤੇਰੀ ਰੇ, ਮਾਟੁਲੀ ॥੧॥ਰਹਾਉ॥

ਹੇ ਜੀਵ! ਤੋਰ = ਤੇਰਾ ਚਾਮਰੋ = ਚਮੜਾ, ਸਰੀਰ ਪਵਨਿ = ਪਉਣ, ਸੁਆਸਾਂ ਦੇ ਕਰਕੇ ਅਫਾਰ = ਆਫਰਿਆ, ਫੁੱਲਿਆ ਹੋਇਆ ਹੈ, ਰੇ = ਹੇ ਜੀਵ! ਦੇਹ ਰੂਪ ਮਾਟੁਲੀ = ਮਟਕੀ (ਚਾਟੀ) ਤੇਰੀ ਅਤਿ = ਅਤਿਸ਼ੇ ਕਰਕੇ ਜਜਰੀ = ਜਰਜਰੀ, ਪੁਰਾਣੀ ਹੈ **ਵਾ:** ਜਜਰੀ = ਨਾਸ਼ ਹੋ ਜਾਣੀ ਹੈ॥੧॥ਰਹਾਉ॥

## ਊਹੀ ਤੇ ਹਰਿਓ, ਊਹਾ ਲੇ ਧਰਿਓ; ਜੈਸੇ ਬਾਸਾ, ਮਾਸ ਦੇਤ ਝਾਟੁਲੀ ॥

ਹੇ ਜੀਵ! ਊਹੀ = ਉਸ ਪਾਸੇ ਤੇ = ਤੋਂ ਭਾਵ ਕਿਸੇ ਗ਼ਰੀਬ ਦੇ ਪਾਸੋਂ ਖੋਹ, ਚੋਰੀ ਕਰਕੇ ਧਨ ਨੂੰ ਹਰਿਓ = ਚੁਰਾ ਲਿਆਇਆ ਤੇ ਊਹਾ = ਉਥੇ ਸੰਬੰਧੀਆਂ ਦੇ ਕੋਲ ਲੇ = ਲੈ, ਲਿਜਾ ਕੇ ਧਰਿਓ = ਧਰ, ਰੱਖ ਦਿੰਦਾ ਹੈਂ ਅਤੇ ਧਨ ਨੂੰ ਚੁਰਾਉਣ ਵਾਸਤੇ ਇਉਂ ਜਲਦੀ ਕਰਦਾ ਹੈਂ ਜੈਸੇ = ਜਿਸ ਪ੍ਰਕਾਰ ਬਾਸਾ = ਛੋਟਾ ਬਾਜ ਮਾਸ ਦੀ ਝਾਟੁਲੀ = ਝਪਟ ਮਾਰ ਕੇ ਆਪਣੇ ਸ਼ਿਕਾਰੀ ਕੋਲ ਲਿਆ ਕੇ ਰੱਖ ਦੇਤ = ਦਿੰਦਾ ਹੈ **ਵਾ:** ਉਥੇ ਤੋਂ ਹੀ ਮਾਸ ਚੁਰਾ ਕੇ ਲਿਆਉਂਦਾ ਹੈ ਭਾਵ ਜਿਸ ਗੁਥਲੀ ਵਿੱਚੋਂ ਸ਼ਿਕਾਰੀ ਨੇ ਮਾਸ ਕੱਢਿਆ ਸੀ, ਉਥੇ ਹੀ ਫੇਰ ਲੈ ਕੇ ਭਾਵ ਲਿਜਾ ਕੇ ਰੱਖ ਦਿੰਦਾ ਹੈ ਕਿਉਂਕਿ ਸ਼ਿਕਾਰੀ ਬਾਸਾ = ਛੋਟੇ ਬਾਜ਼ ਨੂੰ ਕੇਵਲ ਸ਼ਿਕਾਰ ਦਾ ਲਾਲਚ ਵਧਾਉਣ ਲਈ ਝਾਟੁਲੀ[੧] = ਝਠੂਲੀ ਦਿੰਦਾ ਹੈ **ਵਾ:** ਜਿਵੇਂ ਛੋਟਾ ਬਾਜ਼ ਲਾਲਚ ਕਾਰਨ ਮਾਸ ਝਾਟੁਲੀ = ਝਪਟ ਮਾਰ ਕੇ ਆਪਣੇ ਸ਼ਿਕਾਰੀ ਕੋਲ ਲੈ ਕੇ, ਲਿਜਾ ਕੇ ਰੱਖ ਦਿੰਦਾ ਹੈ, ਤਦ ਉਹ ਛੋਟੇ ਬਾਜ਼ ਨੂੰ ਤਾਮਾ[੨] ਖੁਆ ਕੇ ਬਾਕੀ ਦਾ ਮਾਸ ਆਪ ਖਾ ਜਾਂਦਾ ਹੈ, ਇਸੇ ਪ੍ਰਕਾਰ ਹੇ ਜੀਵ! ਤੂੰ ਬਾਸ਼ੇ ਸ਼ਿਕਾਰੀ ਪੰਛੀ ਦੇ ਵਾਂਗ ਹੈਂ ਤੇ ਤੇਰੀ ਇਸਤਰੀ, ਪੁੱਤਰ ਆਦਿ ਸ਼ਿਕਾਰੀ ਦੀ ਨਿਆਈਂ ਹਨ ਤੂੰ ਉਸ ਪਾਸੇ ਤੋਂ ਕਿਸੇ ਦਾ ਧਨ ਚੁਰਾ ਕੇ ਲਿਆਉਂਦਾ ਹੈਂ ਤੇ ਉਥੇ ਦੂਸਰੇ ਪਾਸੇ ਭਾਵ ਘਰ ਵਿਚ ਲਿਆ ਕੇ ਧਨ ਰੱਖ ਦਿੰਦਾ ਹੈਂ, ਉਹ ਤੈਨੂੰ ਥੋੜ੍ਹਾ ਬਹੁਤਾ ਖਾਣ ਰੂਪ ਤਾਮਾ ਦੇ ਦਿੰਦੇ ਹਨ ਤੇ ਬਾਕੀ ਦਾ ਆਪ ਹੀ ਖਾ ਜਾਂਦੇ ਹਨ, ਇਉਂ ਤੂੰ ਚੋਰੀ, ਯਾਰੀ, ਠੱਗੀ ਮਾਰਨ ਰੂਪ ਝਪਟਾ ਮਾਰਦਾ ਹੀ ਰਹਿੰਦਾ ਹੈਂ।

## ਦੇਵਨਹਾਰੁ ਬਿਸਾਰਿਓ ਅੰਧੁਲੇ; ਜਿਉ ਸਫਰੀ ਉਦਰੁ ਭਰੈ, ਬਹਿ ਹਾਟੁਲੀ ॥੧॥

ਹੇ ਅੰਧੁਲੇ = ਅਗਿਆਨੀ ਜੀਵ! ਤੂੰ ਦਾਤਾਂ ਦੇਵਨਹਾਰੁ = ਦੇਣ ਵਾਲੇ ਪਰਮੇਸ਼ਰ ਨੂੰ ਇਉਂ ਬਿਸਾਰਿਓ = ਵਿਸਾਰ ਛੱਡਿਆ ਹੈ, ਜਿਉ = ਜਿਵੇਂ ਸਫਰੀ = ਸਫ਼ਰ ਕਰਨ ਵਾਲਾ, ਯਾਤਰੀ ਪੁਰਖ ਤੁਰਿਆ

---

੧. ਜਦੋਂ ਛੋਟੇ ਬਾਜ਼ ਨੂੰ ਸ਼ਿਕਾਰੀ ਸ਼ਿਕਾਰ ਕਰਨਾ ਸਿਖਾਉਂਦੇ ਹਨ, ਤਦ ਮਾਸ ਦੀ ਬੋਟੀ ਦੱਸ ਕੇ, ਦਿਖਾਉਂਦੇ ਹਨ, ਜਦ ਉਹ ਝਪਟ ਮਾਰਦਾ ਹੈ ਤਦ ਲੁਕਾ ਲੈਂਦੇ ਹਨ, ਇਸ ਨੂੰ ਝਾਟੁਲੀ ਕਹਿੰਦੇ ਹਨ।

੨. ਸ਼ਿਕਾਰੀਆਂ ਦੇ ਸੰਕੇਤ ਵਿਚ ਬਾਜ਼ ਆਦਿ ਸ਼ਿਕਾਰੀ ਪੰਛੀਆਂ ਨੂੰ ਦਿੱਤੀ ਹੋਈ ਸੰਝ ਦੀ ਖ਼ੁਰਾਕ, ਜੋ ਪੰਛੀ ਦੇ ਕੱਚੇ ਮਾਸ ਦੀ ਹੁੰਦੀ ਹੈ **ਵਾ:** ਕਦੇ ਕਦੇ ਹੋਰ ਮਾਸ ਵੀ ਦਿੱਤਾ ਜਾਂਦਾ ਹੈ, ਤਾਮਾ ਪੇਟ ਭਰ ਕੇ ਖਵਾਈਦਾ ਹੈ।

ਜਾਂਦਾ ਹਾਟੁਲੀ = ਹੱਟੀ 'ਤੇ ਬਹਿ = ਬੈਠ ਕੇ ਉਦਰੁ = ਪੇਟ ਭਰੈ = ਭਰ ਲੈਂਦਾ ਹੈ ਤੇ ਫੇਰ ਤੁਰ ਜਾਂਦਾ ਹੈ, ਇਸੇ ਪ੍ਰਕਾਰ ਤੂੰ ਰਾਹੀ ਵਾਂਗ ਦੁਨੀਆਂ ਰੂਪੀ ਹੱਟੀ ਉੱਤੇ ਬੈਠ ਕੇ ਆਪਣਾ ਪੇਟ ਹੀ ਭਰਨਾ ਕਰਦਾ ਹੈਂ, ਨਾਮ ਨਹੀਂ ਜਪਦਾ, ਤੇਰੇ ਨਾਲ ਕੁਝ ਵੀ ਨਹੀਂ ਜਾਣਾ **ਵਾ:** ਜਿਵੇਂ ਸਫਰੀ = ਮਦਾਰੀ ਤਮਾਸ਼ਾ ਵਿਖਾ ਕੇ ਲੋਕਾਂ ਤੋਂ ਦੋ ਪੈਸੇ, ਚਾਰ ਪੈਸੇ ਜਾਂ ਦਾਣੇ ਆਦਿ ਲੈ ਕੇ ਤੇ ਫੇਰ ਹੱਟੀ, ਉੱਤੇ ਬੈਠ ਕੇ ਕੁਝ ਖਾ ਪੀ ਕੇ ਆਪਣਾ ਪੇਟ ਭਰ ਲੈਂਦਾ ਹੈ, ਇਸੇ ਪ੍ਰਕਾਰ ਤੂੰ ਮਦਾਰੀ ਵਾਂਗ ਸੰਸਾਰ ਰੂਪੀ ਹੱਟੀ ਉੱਤੇ ਬੈਠ ਕੇ ਮਾਇਆ ਨਾਲ ਪਦਾਰਥ ਖ਼ਰੀਦ ਖ਼ਰੀਦ ਕੇ, ਆਪਣਾ ਪੇਟ ਭਰ ਲੈਂਦਾ ਹੈਂ **ਵਾ:** ਜਿਵੇਂ ਬਗਲਾ ਸਫਰੀ = ਮੱਛੀ ਨੂੰ ਫੜ ਕੇ ਝੱਟ ਹੀ ਪਿੱਛੇ ਹਾਟੁਲੀ = ਹੱਟ ਕੇ ਖਾ ਲੈਂਦਾ ਹੈ, ਇਸੇ ਪ੍ਰਕਾਰ ਹੇ ਜੀਵ! ਤੂੰ ਬਗਲੇ ਵਾਂਗ ਉਪਰੋਂ ਸਮਾਧੀ ਲਾ ਕੇ ਪਰਾਏ ਘਰਾਂ ਨੂੰ ਤੱਕਣਾ ਕਰਦਾ ਹੈਂ ਭਾਵ ਪਰਾਈ ਇਸਤਰੀ ਰੂਪੀ ਮੱਛੀ ਨਾਲ ਝੱਟ ਹੀ ਵਿਸ਼ੇ ਭੋਗਣ ਲੱਗ ਜਾਂਦਾ ਹੈਂ ॥੧॥

## ਸਾਦ ਬਿਕਾਰ, ਬਿਕਾਰ ਝੂਠ ਰਸ; ਜਹ ਜਾਨੋ ਤਹ ਭੀਰ ਬਾਟੁਲੀ ॥

ਹੇ ਜੀਵ! ਸਾਦ = ਸੁਆਦਲੇ ਭੋਜਨ ਬਿਕਾਰ ਹੀ ਪੈਦਾ ਕਰਨ ਵਾਲੇ ਹਨ, ਕਿਉਂਕਿ ਰਸਾਂ ਕਸਾਂ ਵਾਲੇ ਸੁਆਦਲੇ ਭੋਜਣ ਖਾਣ ਨਾਲ ਬਿਕਾਰ = ਵਿਸ਼ੇ ਵਾਸ਼ਨਾ ਤੇ ਝੂਠ ਬੋਲਣਾ ਹੀ ਫੁਰਦਾ ਹੈ **ਵਾ:** ਸੁਆਦਲੇ ਭੋਜਨ ਵਿਕਾਰਾਂ ਨੂੰ ਪੈਦਾ ਕਰਨ ਵਾਲੇ ਹਨ ਤੇ ਤੂੰ ਵਿਕਾਰਾਂ ਵਿਚ ਲੱਗ ਕੇ ਰਸਾਂ ਕਸਾਂ ਵਿਚ ਫਸਿਆ ਹੋਇਆ ਝੂਠ ਬੋਲਣਾ ਕਰਦਾ ਹੈਂ **ਵਾ:** ਝੂਠ ਬੋਲਣ ਵਿਚ ਰਸ ਸਮਝਿਆ ਹੋਇਆ ਹੈ **ਵਾ:** ਕਾਮ ਆਦਿਕ ਵਿਕਾਰਾਂ ਦੇ ਸੁਆਦ ਸਰੀਰ ਨੂੰ ਬਿਕਾਰ = ਵਿਗਾੜਨ ਵਾਲੇ ਹਨ ਤੇ ਝੂਠੇ ਰਸਾਂ ਕਸਾਂ ਵਿਚ ਲਾਉਣ ਵਾਲੇ ਹਨ **ਵਾ:** ਤੂੰ ਜ਼ੁਬਾਨ ਦੇ ਸੁਆਦ ਦਾ ਮਾਰਿਆ ਹੋਇਆ ਹੀ ਵਿਕਾਰੀ ਹੁੰਦਾ ਹੈਂ ਤੇ ਵਿਸ਼ੇ ਭੋਗਦਾ ਤੇ ਝੂਠੇ ਰਸਾਂ ਕਸਾਂ ਨੂੰ ਖਾਣਾ ਕਰਦਾ ਹੈਂ ਪਰ ਯਾਦ ਰੱਖ ਜਹ = ਜਿਥੇ ਤੂੰ ਪ੍ਰਲੋਕ ਵਿਚ ਜਾਨੋ = ਜਾਣਾ ਹੈ ਤਹ = ਉਥੇ ਭੀਰ = ਭੀੜੀ ਬਾਟੁਲੀ = ਗਲੀ ਹੈ **ਵਾ:** ਤੰਗ ਰਸਤਾ ਤੇ ਬੜੀ ਭੀਰ = ਬਿਪਤਾ ਪਵੇਗੀ **ਵਾ:** ਜੂਨਾਂ ਰੂਪੀ ਤੰਗ ਗਲੀਆਂ ਵਿਚ ਜਾਣਾ ਪਵੇਗਾ।

## ਕਹੁ ਨਾਨਕ, ਸਮਝੁ ਰੇ ਇਆਨੇ;
## ਆਜੁ ਕਾਲਿ ਖੁਲੈ੍ ਤੇਰੀ ਗਾਂਠੁਲੀ ॥੨॥੩੮॥੬੧॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਰੇ = ਹੇ ਇਆਨੇ = ਅਗਿਆਤ ਪੁਰਖਾ! ਤੂੰ ਸਾਡੀ (ਗੁਰਾਂ ਦੀ) ਵਿਚਾਰ ਸਮਝੁ = ਸਮਝਣਾ ਕਰ, ਆਜੁ = ਅੱਜ ਜਾਂ ਕਾਲਿ = ਕੱਲ੍ਹ ਸੂਖਮ ਸਰੀਰ ਵਿੱਚੋਂ ਤੇਰੀ ਪਾਨ ਅਪਾਨ ਰੂਪੀ ਵਾਯੂ ਦੀ ਗਾਂਠੁਲੀ = ਗੰਢ ਖੁਲੈ੍ = ਖੁੱਲ੍ਹ ਜਾਵੇਗੀ ॥੨॥੩੮॥੬੧॥

## ਸਾਰਗ ਮਹਲਾ ੫ ॥
## ਗੁਰ ਜੀਉ; ਸੰਗਿ ਤੁਹਾਰੈ, ਜਾਨਿਓ ॥

ਹੇ ਗੁਰ = ਸਤਿਗੁਰੂ ਜੀਉ = ਜੀ! ਤੁਹਾਰੈ = ਤੁਹਾਡੇ ਸੰਗਿ = ਨਾਲ ਮਿਲ ਕੇ ਹੀ ਮੈਂ ਵਾਹਿਗੁਰੂ ਦੇ ਤਾਈਂ ਜਾਨਿਓ = ਜਾਣਿਆ ਹੈ।

## ਕੋਟਿ ਜੋਧ, ਉਆ ਕੀ ਬਾਤ ਨ ਪੁਛੀਐ; ਤਾਂ ਦਰਗਹ ਭੀ, ਮਾਨਿਓ ॥੧॥ਰਹਾਉ॥

ਹੇ ਗੁਰੂ ਜੀ! ਜਿਹੜੇ ਆਪਣੇ ਆਪ ਨੂੰ ਕੋਟਿ = ਕਰੋੜਾਂ ਜੋਧ = ਜੋਧੇ (ਸੂਰਮੇ) ਕਹਾਉਣ ਵਾਲੇ ਹਨ, ਉਆ = ਉਨ੍ਹਾਂ ਕੀ = ਦੀ ਉਥੇ ਪ੍ਰਲੋਕ ਵਿਚ ਬਾਤ = ਗੱਲ ਵੀ ਨ = ਨਹੀਂ ਪੁਛੀਐ = ਪੁੱਛੀ ਜਾਂਦੀ, ਐਵੇਂ

ਇਥੇ ਦੁਨੀਆਂ ਵਿਚ ਹੰਕਾਰ ਕਰਦੇ ਰਹਿੰਦੇ ਹਨ, ਜੇ ਤੁਹਾਡੀ ਕਿਰਪਾ ਹੋ ਜਾਵੇ ਤਾਂ = ਤਦ ਉਸ ਪਰਮੇਸ਼ਰ ਦੀ ਦਰਗਾਹ = ਨਿਆਏ ਸਭਾ ਵਿਚ ਭੀ = ਵੀ ਜੀਵ ਮਾਨਿਓ = ਮੰਨਿਆ ਜਾਂਦਾ ਹੈ, ਭਾਵ ਉਹ ਤੁਹਾਡੇ ਉਪਦੇਸ਼ ਦੁਆਰਾ ਸੱਚ ਸਰੂਪ ਵਿਚ ਲੀਨ, ਅਭੇਦ ਹੋਣ ਰੂਪ ਮੰਨਿਆ ਜਾਂਦਾ ਹੈ **ਵਾ:** ਅਭੇਦਤਾ ਰੂਪੀ ਆਦਰ ਦੇ ਸਹਿਤ ਹੋ ਜਾਂਦਾ ਹੈ॥੧॥ਰਹਾਉ॥

## ਕਵਨ ਮੂਲੁ ਪ੍ਰਾਨੀ ਕਾ ਕਹੀਐ; ਕਵਨ ਰੂਪੁ ਦ੍ਰਿਸਟਾਨਿਓ ॥

ਇਸ ਪ੍ਰਾਨੀ = ਪ੍ਰਾਣਾਧਾਰੀ ਜੀਵ ਕਾ = ਦਾ ਮੂਲ = ਮੁੱਢ ਕਵਨ = ਕਿਹੜਾ ਕਹੀਐ = ਆਖੀਦਾ ਹੈ ਭਾਵ ਜੀਵ ਦਾ ਸਰੀਰ ਰਕਤ ਬਿੰਦ ਤੋਂ ਪੈਦਾ ਹੋਇਆ ਹੈ ਤੇ ਕਵਨ = ਕੈਸਾ ਸੋਹਣਾ ਰੂਪੁ = ਸਰੂਪ ਦ੍ਰਿਸਟਾਨਿਓ = ਦੇਖਣ ਵਿਚ ਬਣਾਇਆ ਹੈ।

## ਜੋਤਿ ਪ੍ਰਗਾਸ ਭਈ, ਮਾਟੀ ਸੰਗਿ; ਦੁਲਭ ਦੇਹ ਬਖਾਨਿਓ ॥੧॥

ਮਾਟੀ = ਮਿੱਟੀ ਆਦਿ ਪੰਜ ਤੱਤਾਂ ਦੇ ਸੰਗ ਕਰਕੇ ਬਣੀ ਦੇਹ ਜੋਤਿ = ਪ੍ਰਕਾਸ਼ ਸਰੂਪ ਪਰਮੇਸ਼ਰ ਦੀ ਚੇਤਨਾ ਸੱਤਾ ਦੇ ਪ੍ਰਗਾਸ = ਪ੍ਰਕਾਸ਼ ਕਰਕੇ ਹਰਕਤ ਕਰਨ ਵਾਲੀ ਭਈ = ਹੋਈ ਹੈ **ਵਾ:** ਜਦ ਪਰਮੇਸ਼ਰ ਦੀ ਚੇਤਨ ਸੱਤਾ ਰੂਪੀ ਜੋਤ ਦੇ ਸੰਗ ਕਰਕੇ ਦੇਹ ਰੂਪੀ ਮਾਟੀ = ਮਿੱਟੀ ਪ੍ਰਗਾਸ = ਪ੍ਰਕਾਸ਼ ਵਾਲੀ ਭਈ = ਹੋਈ, ਤਦ ਇਸ ਨੂੰ ਦੁਲਭ = ਕਠਨਤਾਈ ਨਾਲ ਮਿਲਣ ਵਾਲੀ ਦੇਹ = ਕਾਂਇਆ ਬਖਾਨਿਓ = ਕਥਨ ਕਰਨ ਲੱਗ ਪਏ॥੧॥

## ਤੁਮ ਤੇ ਸੇਵ, ਤੁਮ ਤੇ ਜਪ ਤਾਪਾ; ਤੁਮ ਤੇ ਤਤੁ ਪਛਾਨਿਓ ॥

ਹੇ ਸਤਿਗੁਰੂ ਜੀ ! ਤੁਮ = ਤੇਰੀ ਕਿਰਪਾ ਤੇ = ਤੋਂ ਹੀ ਪ੍ਰਤੱਖ ਸੇਵ = ਟਹਿਲ, ਭਉ = ਭਗਤੀ ਦੀ ਟਹਿਲ ਕਰਨ ਯੋਗ ਹੋਇਆ ਹਾਂ, ਤੁਮ = ਤੇਰੀ ਕਿਰਪਾ ਤੇ = ਤੋਂ ਹੀ ਬਾਣੀ ਕਰਕੇ ਜਪ = ਜਾਪ ਤੇ ਚਿੱਤ ਦੀ ਇਕਾਗਰਤਾ ਰੂਪੀ ਤਪ ਕਰਨ ਦੇ ਯੋਗ ਹੋਇਆ ਹਾਂ ਅਤੇ ਤੁਮ = ਤੇਰੀ ਕਿਰਪਾ ਤੇ = ਤੋਂ ਹੀ ਬੁੱਧੀ ਅੰਦਰ ਤਤੁ = ਸਿਧਾਂਤ ਸਰੂਪ ਦੇ ਗਿਆਨ ਨੂੰ ਪਛਾਨਿਓ = ਪਛਾਣਿਆ ਹੈ।

**ਅਥਵਾ** ਹੇ ਪਰਮੇਸ਼ਰ ! ਤੇਰੀ ਚੇਤਨ ਸੱਤਾ ਰੂਪੀ ਜੋਤ ਦੇ ਆਸਰੇ ਤੋਂ ਹੀ ਸੇਵਾ ਹੋ ਸਕਦੀ ਹੈ, ਤੇਰੀ ਜੋਤ ਦੇ ਆਸਰੇ ਤੋਂ ਹੀ ਬਾਣੀ ਕਰਕੇ ਜਪ ਤੇ ਚਿੱਤ ਦੀ ਇਕਾਗਰਤਾ ਰੂਪੀ ਤਪ ਹੋ ਸਕਦਾ ਹੈ, ਤੇਰੀ ਚੇਤਨ ਸੱਤਾ ਰੂਪੀ ਜੋਤ ਦੇ ਆਸਰੇ ਤੋਂ ਹੀ ਤੇਰੇ ਸਰੂਪ ਦੇ ਗਿਆਨ ਨੂੰ ਪਛਾਣਿਆ ਜਾ ਸਕਦਾ ਹੈ।

## ਕਰੁ ਮਸਤਕਿ ਧਰਿ, ਕਟੀ ਜੇਵਰੀ; ਨਾਨਕ ਦਾਸ ਦਸਾਨਿਓ ॥੨॥੩੯॥੬੨॥

ਹੇ ਸਤਿਗੁਰੂ ਜੀ ! ਤੁਸੀਂ ਮੇਰੇ ਮਸਤਕਿ = ਮੱਥੇ ਉੱਤੇ ਕਿਰਪਾ ਰੂਪੀ ਕਰੁ = ਹੱਥ ਧਰੇ, ਰੱਖ ਕੇ ਮੇਰੀ ਵਾਸ਼ਨਾ, ਮਾਇਆ ਦੇ ਮੋਹ ਦੀ ਜੇਵਰੀ = ਰੱਸੀ, ਫਾਹੀ ਕਟੀ = ਕੱਟ ਦਿੱਤੀ ਹੈ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਕਰਕੇ ਮੈਂ ਹੁਣ ਦਾਸ = ਸੇਵਕਾਂ ਦਾ ਦਸਾਨਿਓ = ਸੇਵਕ ਸਦਾਉਂਦਾ ਹਾਂ॥੨॥੩੯॥੬੨॥

## ਸਾਰਗ ਮਹਲਾ ੫ ॥

## ਹਰਿ ਹਰਿ ਦੀਓ; ਸੇਵਕ ਕਉ ਨਾਮ ॥

ਸਾਰਿਆਂ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਨੇ ਆਪਣੇ ਸੇਵਕ = ਦਾਸ ਕਉ = ਨੂੰ ਆਪ ਆਪਣੇ ਨਾਮ ਅੰਮ੍ਰਿਤ ਦੀ ਦਾਤ ਦੀਓ = ਦੇਣਾ ਕੀਤੀ ਹੈ **ਵਾ:** ਸਭ ਨੂੰ ਹਰਿ = ਹਰਾ-ਭਰਾ ਕਰਨ ਵਾਲਾ ਤੇ ਔਗੁਣਾਂ ਨੂੰ ਹਰਿ = ਹਾਰਨ, ਮੇਟਣ ਵਾਲਾ ਆਪਣਾ ਨਾਮ ਦੇਣਾ ਕੀਤਾ ਹੈ।

## ਮਾਨਸੁ, ਕਾ ਕੋ ਬਪੁਰੋ, ਭਾਈ; ਜਾ ਕੋ ਰਾਖਾ ਰਾਮ ॥੧॥ਰਹਾਉ॥

ਹੇ ਭਾਈ = ਭਰਾਵੋ ! ਇਹ ਮਾਨਸੁ = ਮਨੁੱਖ ਬਪੁਰੋ = ਵਿਚਾਰਾ ਕਾ = ਕਿਸੇ ਕੋ = ਦਾ ਕੀ ਵਿਗਾੜ ਕਰ ਸਕਦਾ ਹੈ, ਜਾ ਕੋ = ਜਿਸ ਦਾ ਰਾਮ = ਪਰਮੇਸ਼ਰ ਆਪ ਰਾਖਾ = ਰੱਖਿਅਕ ਹੁੰਦਾ ਹੈ, ਜਿਵੇਂ ਹਰਨਾਖਸ਼ ਨੇ ਜ਼ੋਰ ਲਾ ਲਿਆ ਸੀ ਪਰ ਪ੍ਰਹਲਾਦ ਦਾ ਰੋਮ ਵੀ ਵਿੰਗਾ ਨਹੀਂ ਕਰ ਸਕਿਆ ॥੧॥ਰਹਾਉ॥

## ਆਪਿ ਮਹਾ ਜਨੁ, ਆਪੇ ਪੰਚਾ; ਆਪਿ ਸੇਵਕ ਕੈ ਕਾਮ ॥

ਉਹ ਪਰਮੇਸ਼ਰ ਆਪਿ ਹੀ ਮਹਾ = ਵੱਡਾ, ਸ੍ਰੇਸ਼ਟ ਜਨੁ = ਪੁਰਖ **ਵਾ**: ਮੁਖੀ ਹੈ **ਵਾ**: ਆਪ ਹੀ ਮਹਾਜਨੁ = ਸ਼ਾਹੂਕਾਰ ਹੈ, ਆਪੇ = ਆਪ ਹੀ ਚੌਧਰੀਆਂ ਵਿਚ ਪੰਚਾ = ਪੰਚਾਇਤ ਰੂਪ ਬਣ ਕੇ ਰਹਿੰਦਾ ਹੈ ਅਤੇ ਆਪ ਹੀ ਆਪਣੇ ਸੇਵਕ = ਦਾਸਾਂ ਕੈ = ਦੇ ਕਾਮ = ਕਾਰਜ ਪੂਰੇ ਕਰਨ ਵਾਲਾ ਹੈ।

**ਅਥਵਾ** ਆਪ ਹੀ ਸ੍ਰੇਸ਼ਟ ਮਹਾਤਮਾ ਰੂਪ ਹੈ, ਆਪ ਹੀ ਪੰਚਾ = ਚੇਤਨ ਬ੍ਰਹਮ ਗੁਰੂ ਰੂਪ ਹੈ ਅਤੇ ਆਪ ਹੀ ਮਾਇਆ ਸਬਲ, ਈਸਰ ਰੂਪ ਹੋ ਕੇ ਆਪਣੇ ਸੇਵਕਾਂ ਦੇ ਕਾਰਜ ਪੂਰੇ ਕਰਨ ਵਾਲਾ ਹੈ।

## ਆਪੇ ਸਗਲੇ ਦੂਤ ਬਿਦਾਰੇ; ਠਾਕੁਰ ਅੰਤਰਜਾਮ ॥੧॥

ਅੰਤਰਜਾਮ = ਅੰਦਰ ਦੀ ਜਾਨਣ ਵਾਲੇ ਠਾਕੁਰ = ਸੁਆਮੀ ਪਰਮੇਸ਼ਰ ਨੇ ਆਪ ਹੀ ਆਪਣੇ ਸੇਵਕਾਂ ਦੇ ਸਗਲੇ = ਸਾਰੇ ਕਾਮ, ਕ੍ਰੋਧ, ਲੋਭ, ਮੋਹ ਰੂਪੀ ਦੂਤ **ਵਾ**: ਸਾਰੇ ਜਮਦੂਤ ਬਿਦਾਰੇ = ਖਿੰਡਾਅ, ਨਾਸ਼ ਕਰ ਦਿੱਤੇ ਹਨ ॥੧॥

## ਆਪੇ ਪਤਿ ਰਾਖੀ ਸੇਵਕ ਕੀ; ਆਪਿ ਕੀਓ ਬੰਧਾਨ ॥

ਆਪੇ = ਆਪ ਹੀ ਆਪਣੇ ਸੇਵਕ = ਦਾਸਾਂ ਕੀ = ਦੀ ਲੋਕ-ਪ੍ਰਲੋਕ ਵਿਚ ਪਤਿ = ਇੱਜ਼ਤ ਰਾਖੀ = ਰੱਖਣਾ ਕੀਤੀ ਹੈ, ਆਪ ਹੀ ਸਾਰਾ ਬੰਧਾਨ = ਨਿਯਮ ਬੰਨ੍ਹਣਾ ਕੀਓ = ਕੀਤਾ ਹੈ **ਵਾ**: ਆਪ ਹੀ ਗੁਰਮੁਖ ਵਾਸਤੇ ਭਾਉ-ਭਗਤੀ ਕਰਨ ਦਾ ਨਿਯਮ ਬਣਾਉਣਾ ਕੀਤਾ ਹੈ **ਵਾ**: ਆਪ ਹੀ ਗੁਰਮੁਖਾਂ ਨੂੰ ਕਾਮ, ਕ੍ਰੋਧ ਨੂੰ ਬੰਧਾਨ = ਬੰਨ੍ਹ ਪਾਉਣ ਵਾਲਾ ਗੁਰਾਂ ਦੁਆਰਾ ਨਾਮ ਬਾਣੀ ਦਾ ਉਪਦੇਸ਼ ਦੇਣਾ ਕੀਤਾ ਹੈ **ਵਾ**: ਸੰਤੋਖ ਰੂਪੀ ਬੰਨ੍ਹ ਪਾ ਕੇ ਕਾਮ ਕ੍ਰੋਧ ਨੂੰ ਰੋਕਣ ਦਾ ਉਪਦੇਸ਼ ਦੇਣਾ ਕੀਤਾ ਹੈ।

## ਆਦਿ ਜੁਗਾਦਿ ਸੇਵਕ ਕੀ ਰਾਖੈ; ਨਾਨਕ ਕੋ ਪ੍ਰਭੁ ਜਾਨ ॥੨॥੪੦॥੬੩॥

ਪਰਮੇਸ਼ਰ ਆਦਿ ਜੁਗਾਦਿ = ਸਦਾ ਸਦਾ ਆਪਣੇ ਸੇਵਕ = ਦਾਸਾਂ ਕੀ = ਦੀ ਪੈਜ ਪ੍ਰਤੱਗਿਆ ਰਾਖੈ = ਰੱਖਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪ੍ਰਭੂ = ਪਰਮੇਸ਼ਰ ਆਪ ਹੀ ਸਭ ਦੀਆਂ ਗੁਪਤ ਗੱਲਾਂ ਕੋ = ਦਾ ਜਾਨ = ਜਾਣੂ ਹੈ **ਵਾ**: ਉਹ ਪਰਮੇਸ਼ਰ ਸਭ ਕੋ = ਕੁਝ ਜਾਨ = ਜਾਣਦਾ ਹੈ **ਵਾ**: ਉਸ ਪ੍ਰਭੂ ਨੂੰ ਜਾਨਣਾ ਕਰੋ ॥੨॥੪੦॥੬੩॥

## ਸਾਰਗ ਮਹਲਾ ੫ ॥

## ਤੂ ਮੇਰੇ ਮੀਤ ਸਖਾ; ਹਰਿ ਪ੍ਰਾਨ ॥

ਹੇ ਹਰਿ = ਪਰਮੇਸ਼ਰ ! ਤੂੰ ਹੀ ਮੇਰਾ ਮਾਤਾ ਤੇ ਗਰਭ ਦਾ ਮੀਤ = ਮਿੱਤਰ, ਇਸ ਲੋਕ ਦਾ ਸਖਾ = ਸਾਖੀ ਤੇ ਅੰਤ ਨੂੰ ਮੇਰੇ ਪ੍ਰਾਨ = ਪ੍ਰਾਣਾਂ ਦਾ ਸਹਾਇਕ ਹੋਵੇਂਗਾ।

## ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ; ਇਹੁ ਤਨੁ ਸੀਤੋ ਤੁਮਰੈ ਧਾਨ ॥੧॥ਰਹਾਉ॥

ਮਨੁ = ਸੂਖਮ ਸਰੀਰ, ਧਨੁ = ਦੌਲਤ, ਜੀਉ = ਜੀਵਨ ਸੱਤਾ ਭਾਵ ਕਾਰਨ ਦੇਹ, ਪਿੰਡੁ = ਸਥੂਲ ਸਰੀਰ ਆਦਿ ਸਭੁ = ਸਾਰਾ ਕੁਝ ਤੁਮਰਾ = ਤੁਹਾਡਾ ਹੀ ਦਿੱਤਾ ਹੋਇਆ ਹੈ, ਮੇਰਾ ਇਹੁ ਤਨੁ = ਸਰੀਰ, ਹਰ ਵਕਤ ਤੁਮਰੈ = ਤੁਹਾਡੇ ਧਾਨ = ਧਿਆਨ ਵਿਚ ਸੀਤੋ = ਸੀਤਾ ਰਹਿੰਦਾ ਹੈ **ਵਾ:** ਸੀਤੋ = ਸੀਤਲ ਹੋ ਗਿਆ ਹੈ **ਵਾ:** ਤੁਹਾਡੇ ਵਿਚ ਲਿਵ ਲਾਉਣ ਰੂਪੀ ਸੂਈ ਵਿਚ ਮਹਾਂਵਾਕ ਰੂਪੀ ਤਾਗੇ ਪਾ ਕੇ ਅਖੰਡ ਸ਼ਾਂਤ ਚਿੱਤ ਚੇਤਨ ਦੇਹ ਵਿਚ ਆਪਣੇ ਇਸ ਤਨ ਨੂੰ ਸਿਉਂ, ਮੇਲ ਲਿਆ ਹੈ **ਵਾ:** ਇਸ ਸਰੀਰ ਨੂੰ ਤੂੰ ਹੀ ਧਨ = ਅੰਨ, ਰੋਜ਼ੀ ਦੇ ਕੇ ਸੀਤੋ = ਪਾਲਣ ਵਾਲਾ ਹੈਂ **ਵਾ:** ਸੰਤ ਜਨਾਂ ਦੇ ਇਸ ਸਰੀਰ ਦਾ ਧਿਆਨ ਰੂਪੀ ਧਾਨ = ਅੰਨ ਹੈਂ ॥੧॥ਰਹਾਉ॥

## ਤੁਮ ਹੀ ਦੀਏ ਅਨਿਕ ਪ੍ਰਕਾਰਾ; ਤੁਮ ਹੀ ਦੀਏ ਮਾਨ ॥

ਹੇ ਪਰਮੇਸ਼ਰ! ਤੁਮ = ਤੂੰ ਹੀ ਅਨਿਕ = ਅਨੇਕ ਪ੍ਰਕਾਰਾ = ਤਰ੍ਹਾਂ ਦੇ ਪਦਾਰਥ, ਸੰਬੰਧੀ ਦੀਏ = ਦਿੱਤੇ ਹਨ **ਵਾ:** ਸਤ, ਸੰਤੋਖ ਆਦਿ ਦੈਵੀ ਗੁਣ ਦਿੱਤੇ ਹਨ, ਤੁਮ = ਤੂੰ ਹੀ ਦੁਨੀਆਂ ਵਿਚ ਮਾਨ ਸਤਿਕਾਰ ਕਰਾਉਣ ਵਾਲੇ ਗੁਣ ਦੀਏ = ਦਿੱਤੇ ਹਨ **ਵਾ:** ਤੂੰ ਹੀ ਮਾਨ = ਮੰਨਣ ਗਿਆਨ ਆਦਿ ਦਿੱਤੇ ਹਨ।

## ਸਦਾ ਸਦਾ, ਤੁਮ ਹੀ ਪਤਿ ਰਾਖਹੁ; ਅੰਤਰਜਾਮੀ ਜਾਨ ॥੧॥

ਹੇ ਪਰਮੇਸ਼ਰ! ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਤੁਮ = ਤੁਸੀਂ ਹੀ ਆਪਣੇ ਸੇਵਕਾਂ ਦੀ ਲੋਕ-ਪ੍ਰਲੋਕ ਵਿਚ ਪਤਿ = ਇੱਜ਼ਤ ਰਾਖਹੁ = ਰੱਖਦੇ ਹੋ ਤੇ ਮੈਂ ਇਉਂ ਜਾਨ = ਜਾਣਿਆ ਹੈ ਕਿ ਤੁਸੀਂ ਹੀ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਹੋ **ਵਾ:** ਸੰਤ ਮਹਾਤਮਾ ਨੇ ਜਾਨ = ਜਾਣਿਆ ਹੈ ਕਿ ਤੁਸੀਂ ਅੰਤਰਜਾਮੀ ਹੋ ॥੧॥

[ਅੰਗ ੧੨੧੭]

## ਜਿਨ ਸੰਤਨ ਜਾਨਿਆ, ਤੂ ਠਾਕੁਰ; ਤੇ ਆਏ ਪਰਵਾਨ ॥

ਹੇ ਠਾਕੁਰ = ਮਾਲਕ ਪਰਮੇਸ਼ਰ! ਜਿਨ = ਜਿਨ੍ਹਾਂ ਸੰਤਨ = ਸੰਤਾਂ ਮਹਾਤਮਾਂ ਨੇ ਤੂ = ਤੈਨੂੰ ਗੁਰ ਉਪਦੇਸ਼ ਦੁਆਰਾ ਜਾਨਿਆ = ਜਾਣ ਲਿਆ ਹੈ ਤੇ = ਉਹ ਸੰਸਾਰ ਵਿਚ ਮਨੁੱਖਾ ਦੇਹ ਨੂੰ ਪਾ ਕੇ ਆਏ ਹੋਏ ਪਰਵਾਨ = ਸਫਲੇ, ਪ੍ਰਮਾਣਿਕ ਹਨ।

## ਜਨ ਕਾ ਸੰਗੁ ਪਾਈਐ ਵਡਭਾਗੀ; ਨਾਨਕ, ਸੰਤਨ ਕੈ ਕੁਰਬਾਨ ॥੨॥੪੧॥੬੪॥

ਹੇ ਪਰਮੇਸ਼ਰ! ਤੇਰੀ ਬੰਦਗੀ ਕਰਨ ਵਾਲੇ ਜਨ = ਪੁਰਖਾਂ, ਸੰਤ ਜਨਾਂ ਕਾ = ਦਾ ਸੰਗੁ = ਸਾਥ ਵਡਭਾਗੀ = ਵੱਡਿਆਂ ਭਾਗਾਂ ਕਰਕੇ ਹੀ ਪਾਈਐ = ਪਾਈਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਐਸੇ ਬੰਦਗੀ ਵਾਲੇ ਸੰਤਨ = ਮਹਾਤਮਾ ਜਨਾਂ ਕੈ = ਦੇ ਉਪਰੋਂ ਕੁਰਬਾਨ = ਬਲਿਹਾਰ ਜਾਂਦਾ ਹਾਂ ॥੨॥੪੧॥੬੪॥

## ਸਾਰਗ ਮਹਲਾ ੫ ॥

## ਕਰਹੁ ਗਤਿ; ਦਇਆਲ ਸੰਤਹੁ ਮੋਰੀ ॥

ਹੇ ਪਰਮੇਸ਼ਰ ਦੇ ਦਇਆਲ = ਦਿਆਲੂ ਸੰਤਹੁ = ਸੰਤੋ **ਵਾ:** ਦਿਆਲੂ ਪਰਮੇਸ਼ਰ ਦੇ ਸੰਤ ਜਨੋਂ ! ਜਿਵੇਂ ਪਰਮੇਸ਼ਰ ਨੇ ਗੁਰਾਂ ਦੁਆਰਾ ਤੁਹਾਡੀ ਕਲਿਆਣ ਕੀਤੀ ਹੈ, ਇਸੇ ਤਰ੍ਹਾਂ ਮੋਰੀ = ਮੇਰੀ ਵੀ ਗੁਰ ਉਪਦੇਸ਼ ਦੁਆਰਾ ਨਾਮ ਜਪਾ ਕੇ ਗਤਿ = ਕਲਿਆਣ ਕਰਹੁ = ਕਰੋ **ਵਾ:** ਮੇਰੀ ਬਿਰਤੀ ਨੂੰ ਸੱਚ ਸਰੂਪ ਦੀ ਗਤਿ = ਪ੍ਰਾਪਤੀ ਕਰਵਾਉਣਾ ਕਰੋ।

## ਤੁਮ ਸਮਰਥ ਕਾਰਨ ਕਰਨਾ; ਤੂਟੀ ਤੁਮ ਹੀ ਜੋਰੀ ॥੧॥ਰਹਾਉ॥

ਹੇ ਸੰਤ ਜਨੋਂ ! ਸਮਰਥ = ਸਰਬ ਸ਼ਕਤੀਵਾਨ ਪਰਮੇਸ਼ਰ ਨੇ ਤੁਮ = ਤੁਸਾਂ ਨੂੰ ਸਭ ਕਾਰਨ = ਕਾਰਜਾਂ ਦੇ ਕਰਨ ਵਾਲੇ ਬਣਾਇਆ ਹੈ **ਵਾ:** ਤੁਸੀਂ ਬ੍ਰਹਮ ਗਿਆਨ ਰੂਪੀ ਕਾਰਜ ਦੇ ਕਰਨ ਵਾਲੇ ਹੋ **ਵਾ:** ਪਰਮੇਸ਼ਰ ਨੇ ਤੁਹਾਨੂੰ ਬ੍ਰਹਮ ਗਿਆਨ ਰੂਪੀ ਕਾਰਜ ਦੇ ਕੇ ਜੀਵਾਂ ਨੂੰ ਮੁਕਤ ਕਰਨ ਲਈ ਸਮਰੱਥ ਬਣਾਇਆ ਹੈ, ਤੁਮ = ਤੁਸੀਂ ਹੀ ਪਰਮੇਸ਼ਰ ਨਾਲੋਂ ਤੂਟੀ = ਟੁੱਟੀ ਹੋਈ ਲਿਵ ਕਿਰਪਾ ਕਰਕੇ ਪ੍ਰਭੂ ਨਾਲ ਜੋਰੀ = ਜੋੜੀ ਹੈ ॥੧॥ਰਹਾਉ॥

## ਜਨਮ ਜਨਮ ਕੇ ਬਿਖਈ ਤੁਮ ਤਾਰੇ; ਸੁਮਤਿ, ਸੰਗਿ ਤੁਮਾਰੈ ਪਾਈ ॥

ਹੇ ਸੰਤ ਜਨੋਂ ! ਤੁਮ = ਤੁਸੀਂ ਜਨਮ ਜਨਮ = ਜਨਮਾਂ-ਜਨਮਾਂਤਰਾਂ ਕੇ = ਦੇ ਵਿਚ ਔਗੁਣ ਕਰਨ ਵਾਲੇ ਬਿਖਈ = ਵਿਕਾਰੀ ਪੁਰਖ ਨਾਮ ਜਪਾ ਕੇ ਸੰਸਾਰ-ਸਮੁੰਦ੍ਰ ਤੋਂ ਤਾਰੇ = ਤਾਰਨਾ ਕੀਤੇ ਹਨ, ਮੈਂ ਸੁਮਤਿ = ਸ੍ਰੇਸ਼ਟ ਮੱਤ, ਆਤਮ ਵਿਸ਼ੈਣੀ ਮੱਤ ਤੁਮਾਰੈ = ਤੁਹਾਡੇ ਸੰਗਿ = ਸਾਥ ਕਰਕੇ ਹੀ ਪਾਈ = ਪਾਉਣਾ ਕੀਤੀ ਹੈ।

## ਅਨਿਕ ਜੋਨਿ ਭ੍ਰਮਤੇ, ਪ੍ਰਭ ਬਿਸਰਤ; ਸਾਸਿ ਸਾਸਿ ਹਰਿ ਗਾਈ ॥੧॥

ਪ੍ਰਭ = ਪਰਮੇਸ਼ਰ ਨੂੰ ਬਿਸਰਤ = ਭੁੱਲਣੇ ਕਰਕੇ ਜੋ ਜੀਵ ਅਨਿਕ = ਅਨੇਕਾਂ ਜੋਨਿ = ਜੂਨਾਂ ਵਿਚ ਭ੍ਰਮਤੇ = ਭਰਮਦੇ ਫਿਰਦੇ ਸਨ, ਉਨ੍ਹਾਂ ਨੇ ਤੁਹਾਡੀ ਸੰਗਤ ਕਰਕੇ ਸਾਸਿ ਸਾਸਿ = ਸੁਆਸ ਸੁਆਸ ਹਰਿ = ਪਰਮੇਸ਼ਰ ਦੀ ਮਹਿਮਾ ਗਾਈ = ਗਾਉਣਾ ਕੀਤੀ ਹੈ ॥੧॥

## ਜੋ ਜੋ, ਸੰਗਿ ਮਿਲੇ ਸਾਧੂ ਕੈ; ਤੇ ਤੇ ਪਤਿਤ ਪੁਨੀਤਾ ॥

(ਪਾਠਾਂਤਰ **ਮਿਲੈ**)

ਜੋ ਜੋ = ਜਿਹੜੇ ਜਿਹੜੇ ਪੁਰਖ ਸਾਧੂ = ਸ੍ਰੇਸ਼ਟ ਗੁਰਾਂ, ਮਹਾਤਮਾ ਜਨਾਂ ਕੈ = ਦੇ ਸੰਗਿ = ਸਾਥ ਵਿਚ ਮਿਲੇ = ਰਲਦੇ ਹਨ, ਤੇ ਤੇ = ਉਹ ਉਹ ਪਤਿਤ = ਪਾਪੀ ਪੁਰਖ ਵੀ ਪੁਨੀਤਾ = ਪਵਿੱਤਰ ਹੋ ਗਏ ਹਨ।

## ਕਹੁ ਨਾਨਕ, ਜਾ ਕੇ ਵਡਭਾਗਾ;
## ਤਿਨਿ ਜਨਮੁ ਪਦਾਰਥੁ ਜੀਤਾ ॥੨॥੪੨॥੬੫॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਜਾ = ਜਿਨ੍ਹਾਂ ਕੇ = ਦੇ ਬਹੁਤ ਵਡਭਾਗਾ = ਵੱਡੇ ਕਰਮ ਹਨ, ਤਿਨਿ = ਉਨ੍ਹਾਂ ਨੇ ਸਾਧੂਆਂ ਦੀ ਸੰਗਤ ਵਿਚ ਮਿਲ ਕੇ ਭਾਵ ਕੁਸੰਗਤ ਦਾ ਅਸਰ ਛੱਡ ਕੇ ਸ੍ਰੇਸ਼ਟ ਗੁਣਾਂ ਨੂੰ ਧਾਰਨ ਕਰਕੇ ਆਪਣਾ ਮਨੁੱਖਾ ਜਨਮ ਰੂਪੀ ਪਦਾਰਥ ਜੀਤਾ = ਜਿੱਤ ਲਿਆ ਹੈ ॥੨॥੪੨॥੬੫॥

## ਸਾਰਗ ਮਹਲਾ ੫ ॥

## ਠਾਕੁਰ; ਬਿਨਤੀ ਕਰਨ ਜਨੁ ਆਇਓ ॥

ਹੇ ਠਾਕੁਰ = ਸੁਆਮੀ ਪਰਮੇਸ਼ਰ ਜੀ ! ਮੈਂ ਜਨੁ = ਦਾਸ ਆਪ ਜੀ ਦੇ ਸਤਿਸੰਗਤ ਰੂਪੀ ਦੁਆਰੇ ਉੱਤੇ ਬਿਨਤੀ = ਬੇਨਤੀ ਕਰਨ ਵਾਸਤੇ ਆਇਓ = ਆਇਆ ਹਾਂ।

## ਸਰਬ ਸੂਖ ਆਨੰਦ ਸਹਜ ਰਸ; ਸੁਨਤ ਤੁਹਾਰੋ ਨਾਇਓ ॥੧॥ਰਹਾਉ॥

ਹੇ ਪਰਮੇਸ਼ਰ ! ਤੁਹਾਰੋ = ਤੁਹਾਡਾ ਨਾਇਓ = ਨਾਮ ਸੁਨਤ = ਸੁਣਦਿਆਂ ਹੀ ਸਰਬ = ਸਾਰੇ ਸੂਖ = ਸੁੱਖ, ਸਰੂਪ ਦਾ ਅਨੰਦ ਤੇ ਸਹਜ = ਸੁਤੇ-ਸਿੱਧ ਹੀ ਆਤਮਕ ਰਸ ਦੀ ਪ੍ਰਾਪਤੀ ਹੋਈ ਹੈ **ਵਾ:** ਹੇ ਅਨੰਦ ਸਰੂਪ ! ਤੂੰ ਸਾਰੇ ਸੁੱਖਾਂ ਦਾ ਦਾਤਾ ਹੈਂ ਤੇ ਤੇਰੇ ਰਸ = ਪ੍ਰੇਮ ਕਰਕੇ ਹੀ ਤੇਰੀ ਪ੍ਰਾਪਤੀ ਕਰਵਾਉਣ ਵਾਲਾ ਸਹਜੇ = ਗਿਆਨ ਪ੍ਰਾਪਤ ਹੁੰਦਾ ਹੈ **ਵਾ:** ਹੇ ਪਰਮੇਸ਼ਰ ! ਤੁਹਾਡੇ ਨਾਮ ਨੂੰ ਸੁਨਤ = ਸੁਣ ਕਰਕੇ ਸਾਰੇ ਦੁਨੀਆਂ ਦੇ ਸੁੱਖ, ਜੋਗਾਨੰਦ ਤੇ ਤੇਰੇ ਸਹਜ = ਗਿਆਨ ਸਰੂਪ ਦੀ ਪ੍ਰਾਪਤੀ ਦਾ ਰਸ = ਅਨੰਦ ਪ੍ਰਾਪਤ ਹੋ ਜਾਂਦਾ ਹੈ॥੧॥ਰਹਾਉ॥

## ਕ੍ਰਿਪਾ ਨਿਧਾਨ ਸੂਖ ਕੇ ਸਾਗਰ; ਜਸੁ ਸਭ ਮਹਿ ਜਾ ਕੋ ਛਾਇਓ ॥

ਹੇ ਕ੍ਰਿਪਾ = ਦਇਆ ਦੇ ਨਿਧਾਨ = ਖ਼ਜ਼ਾਨੇ, ਸੂਖ = ਸੁੱਖਾਂ ਕੇ = ਦੇ ਸਾਗਰ = ਸਮੁੰਦਰ ਪਰਮੇਸ਼ਰ ! ਜਾ = ਜਿਸ ਆਪ ਜੀ ਕੋ = ਦਾ ਜਸੁ ਸਭ ਸਾਰੇ ਸੰਸਾਰ, ਥਾਵਾਂ ਮਹਿ = ਵਿਚ ਛਾਇਓ = ਫੈਲਿਆ, ਪੂਰਿਆ ਹੋਇਆ ਹੈ।

## ਸੰਤ ਸੰਗਿ ਰੰਗ ਤੁਮ ਕੀਏ; ਅਪਨਾ ਆਪੁ ਦ੍ਰਿਸਟਾਇਓ ॥੧॥

ਹੇ ਪਰਮੇਸ਼ਰ ! ਤੁਮ = ਤੁਸੀਂ ਆਪਣੀ ਪ੍ਰਾਪਤੀ ਦੇ ਰੰਗ = ਅਨੰਦ ਨੂੰ ਸੰਤ ਸ਼ਾਂਤ-ਚਿੱਤ ਮਹਾਤਮਾ ਜਨਾਂ ਦੀ ਸੰਗਿ = ਸੰਗਤ ਵਿਚ ਪ੍ਰਗਟ ਕੀਏ = ਕੀਤਾ ਹੈ **ਵਾ:** ਜਿਨ੍ਹਾਂ ਨੇ ਤੇਰੀ ਪ੍ਰਾਪਤੀ ਵਾਲੀ ਸਤਿਸੰਗਤ ਕੀਤੀ ਹੈ, ਉਹ ਤੂੰ ਅਨੰਦੀ ਬਣਾਉਣਾ ਕੀਤੇ ਹਨ ਅਤੇ ਉਨ੍ਹਾਂ ਨੂੰ ਤੁਸਾਂ ਨੇ ਆਪਣਾ ਆਪ ਭਾਵ ਆਪਣਾ ਸਤ-ਚਿੱਤ ਅਨੰਦ ਸਰੂਪ ਪ੍ਰਗਟ ਕਰਕੇ ਦ੍ਰਿਸਟਾਇਓ = ਦਿਖਾ ਦਿੱਤਾ ਹੈ॥੧॥

## ਨੈਨਹੁ ਸੰਗਿ, ਸੰਤਨ ਕੀ ਸੇਵਾ; ਚਰਨ ਝਾਰੀ ਕੇਸਾਇਓ ॥

ਮੈਂ ਸੰਤ ਜਨਾਂ, ਗੁਰਾਂ ਦੇ ਨੈਨਹੁ = ਨੇਤਰਾਂ ਸੰਗਿ = ਨਾਲ ਦਰਸਨ ਕਰਦਾ ਹਾਂ, ਹੱਥਾਂ ਪੈਰਾਂ ਨਾਲ ਸੰਤਨ = ਸੰਤ ਜਨਾਂ ਕੀ = ਦੀ ਸੇਵਾ = ਟਹਿਲ ਕਰਦਾ ਹਾਂ, ਕੇਸਾਇਓ = ਕੇਸਾਂ ਨਾਲ ਸੰਤ ਜਨਾਂ ਦੇ ਚਰਨ ਝਾਰੀ = ਝਾੜਦਾ ਹਾਂ **ਵਾ:** ਸ਼ੁਭ ਸੰਸਕਾਰਾਂ ਰੂਪੀ ਕੇਸਾਂ ਨਾਲ ਚਰਨਾਂ ਨੂੰ ਝਾੜ ਕੇ ਸ਼ਰਧਾ ਰੂਪੀ ਧੂੜ ਪ੍ਰਾਪਤ ਕਰਦਾ ਹਾਂ।

## ਆਠ ਪਹਰ ਦਰਸਨੁ ਸੰਤਨ ਕਾ; ਸੁਖੁ ਨਾਨਕ ਇਹੁ ਪਾਇਓ ॥੨॥੪੩॥੬੬॥

ਹੇ ਪਰਮੇਸ਼ਰ ! ਮੈਂ ਆਠ = ਅੱਠੇ ਪਹਰ ਨੇਤਰਾਂ ਨਾਲ ਸੰਤਨ = ਸੰਤ ਜਨਾਂ ਕਾ = ਦਾ ਦਰਸਨੁ = ਦੀਦਾਰ ਕਰਦਾ ਹਾਂ, ਸਤਿਗੁਰੂ ਸਾਹਿਬ ਕਥਨ ਕਰਦੇ ਹਨ ਕਿ ਮੈਂ ਸੰਤ ਜਨਾਂ ਦੀ ਸੰਗਤ ਵਿਚ ਮਿਲ ਕੇ ਇਹ ਸੁਖੁ = ਅਨੰਦ ਪਾਇਓ = ਪਾਉਣਾ ਕੀਤਾ ਹੈ ਕਿ ਤੇਰੇ ਸਰੂਪ ਦੀ ਪ੍ਰਾਪਤੀ ਹੋ ਗਈ ਹੈ॥੨॥੪੩॥੬੬॥

## ਸਾਰਗ ਮਹਲਾ ੫ ॥

## ਜਾ ਕੀ; ਰਾਮ ਨਾਮ ਲਿਵ ਲਾਗੀ ॥

ਜਾ = ਜਿਸ ਪੁਰਖ ਕੀ = ਦੀ ਰਾਮ = ਰਮੇ ਹੋਏ ਪਰਮੇਸ਼ਰ ਦੇ ਨਾਮ ਜਪਣ ਵਿਚ ਲਿਵ = ਬਿਰਤੀ ਲਾਗੀ = ਲੱਗ, ਜੁੜ ਗਈ ਹੈ।

## ਸਜਨੁ ਸੁਰਿਦਾ, ਸੁਹੇਲਾ ਸਹਜੇ; ਸੋ ਕਹੀਐ, ਬਡਭਾਗੀ ॥੧॥ਰਹਾਉ॥

ਉਹ ਪੁਰਖ ਸੁਰਿਦਾ = ਸ੍ਰੇਸ਼ਟ ਹਿਰਦੇ ਵਾਲਾ ਤੇ ਵਾਹਿਗੁਰੂ ਦਾ ਪਿਆਰਾ ਸਜਨ = ਮਿੱਤਰ ਹੈ, ਉਸ ਦਾ ਹਿਰਦਾ ਸਹਜੇ = ਸੁਤੇ-ਸਿੱਧ ਹੀ ਸੁਹੇਲਾ = ਸੁਖਾਲਾ, ਸੁਖੀ ਹੈ ਅਤੇ ਸੋ = ਉਹ ਪੁਰਖ ਵਡਭਾਗੀ = ਵੱਡੇ ਭਾਗਾਂ ਵਾਲਾ ਕਹੀਐ = ਕਹੀਦਾ ਹੈ ॥੧॥ਰਹਾਉ॥

## ਰਹਿਤ ਬਿਕਾਰ ਅਲਪ ਮਾਇਆ ਤੇ; ਅਹੰਬੁਧਿ ਬਿਖੁ ਤਿਆਗੀ ॥

ਪੁਨਾ ਉਹ ਪੁਰਖ ਕਾਮ ਕ੍ਰੋਧ ਆਦਿ ਵਿਕਾਰਾਂ ਤੋਂ ਰਹਿਤ = ਬਗ਼ੈਰ ਹੈ, ਮਾਇਆ ਤੇ = ਤੋਂ ਅਲਪ = ਅਲੇਪ, ਨਿਰਲੇਪ ਹੈ **ਵਾ:** ਮਾਇਆ ਵੀ ਅਲਪ = ਤੁਛ ਪਦਾਰਥਾਂ ਤੇ ਵਿਕਾਰਾਂ ਤੋਂ ਰਹਿਤ ਹੈ ਅਤੇ ਉਸ ਨੇ ਬਿਖੁ = ਵਿਸ਼ਿਆਂ ਨੂੰ ਪੈਦਾ ਕਰਨ ਵਾਲੀ **ਵਾ:** ਵਿਸ਼ਿਆਂ ਰੂਪ ਬਿਖੁ = ਜ਼ਹਿਰ ਅਹੰਬੁਧਿ = ਹੰਗਤਾ ਵਾਲੀ ਬੁੱਧੀ ਵੀ ਤਿਆਗੀ = ਛੱਡ ਦਿੱਤੀ ਹੈ।

## ਦਰਸ ਪਿਆਸ ਆਸ ਏਕਹਿ ਕੀ; ਟੇਕ ਹੀਐਂ ਪ੍ਰਿਅ ਪਾਗੀ ॥੧॥

ਉਸ ਨੂੰ ਕੇਵਲ ਪਰਮੇਸ਼ਰ ਦੇ ਦਰਸ = ਦਰਸ਼ਨਾਂ ਕੀ = ਦੀ ਪਿਆਸ ਹੈ, ਏਕਹਿ = ਇਕ ਪਰਮੇਸ਼ਰ ਕੀ = ਦੀ ਪ੍ਰਾਪਤੀ ਦੀ ਹੀ ਆਸ = ਉਮੀਦ ਲੱਗੀ ਹੋਈ ਹੈ ਅਤੇ ਉਸ ਦਾ ਪ੍ਰਿਅ = ਪਿਆਰੇ ਪਰਮੇਸ਼ਰ ਦੇ ਪਾਗੀ = ਚਰਨਾਂ ਦੀ ਟੇਕ = ਓਟ ਹੀਐਂ = ਹਿਰਦੇ ਵਿਚ ਰੱਖੀ ਹੋਈ ਹੈ **ਵਾ:** ਉਸ ਦਾ ਪਿਆਰੇ ਦੇ ਚਰਨਾਂ ਦੀ ਟੇਕ ਵਿਚ ਹਿਰਦਾ ਪਾਗੀ = ਰਪਿਆ, ਰੰਗਿਆ ਹੋਇਆ ਹੈ ॥੧॥

## ਅਚਿੰਤ, ਸੋਇ ਜਾਗਨੁ ਉਠਿ ਬੈਸਨੁ; ਅਚਿੰਤ, ਹਸਤ ਬੈਰਾਗੀ ॥

ਉਸਦਾ ਸੋਇ = ਸੌਣਾ, ਜਾਗਨੁ = ਜਾਗਣਾ, ਉਠਿ = ਉੱਠਣਾ ਅਤੇ ਬੈਸਨੁ = ਬੈਠਣਾ ਅਚਿੰਤ = ਚਿੰਤਾ ਤੋਂ ਰਹਿਤ ਹੈ **ਵਾ:** ਅਚਿੰਤ = ਚਿੰਤਾ ਤੋਂ ਰਹਿਤ ਹੋ ਕੇ ਨਿਰਵਿਕਲਪ ਸਮਾਧੀ ਵਿਚ ਸੋਇ = ਸੌਂਦਾ, ਬਿਰਾਜਦਾ ਹੈ, ਗਿਆਨ ਅਵਸਥਾ ਵਿਚ ਜਾਗਨੁ = ਜਾਗਦਾ ਹੈ ਤੇ ਸੰਸਾਰ ਤੋਂ ਉੱਠ ਭਾਵ ਉਪਰਾਮ ਹੋ ਕੇ ਤੁਰੀਆ ਪਦ ਰੂਪੀ ਅਵਸਥਾ ਵਿਚ ਬੈਸਨੁ = ਬੈਠਦਾ, ਇਸਥਿਤ ਹੁੰਦਾ ਹੈ ਅਤੇ ਅਚਿੰਤ = ਚਿੰਤਾ ਤੋਂ ਰਹਿਤ ਹੋਣ ਕਰਕੇ ਜਦੋਂ ਹਸਤ = ਹੱਸਣ ਤੇ ਕਦੇ ਬੈਰਾਗੀ = ਵੈਰਾਗ ਕਰਨ ਲੱਗ ਜਾਂਦਾ ਹੈ **ਵਾ:** ਕਦੇ ਵੈਰਾਗ ਵਿਚ ਰੋਣ ਲੱਗ ਜਾਂਦਾ ਹੈ ਕਿ ਮੈਂ ਪਰਮੇਸ਼ਰ ਦੇ ਅਨੰਦ ਤੋਂ ਬਗ਼ੈਰ ਪਿਛਲੀ ਉਮਰ ਐਵੇਂ ਵਿਅਰਥ ਗਵਾ ਲਈ ਹੈ, ਕਦੇ ਸੰਸਾਰ ਨੂੰ ਪਦਾਰਥਾਂ, ਮਾਇਆ ਦੇ ਮੋਹ ਵਿਚ ਖੱਚਤ ਹੋਇਆ ਵੇਖ ਕੇ ਹੱਸਣ ਲੱਗ ਜਾਂਦਾ ਹੈ ਕਿ ਪਰਮੇਸ਼ਰ ਨੇ ਆਪ ਕ੍ਰਿਪਾ ਕਰਕੇ ਮੈਨੂੰ ਬਚਾਅ ਲਿਆ ਹੈ।

## ਕਹੁ ਨਾਨਕ, ਜਿਨਿ ਜਗਤੁ ਠਗਾਨਾ;
## ਸੁ ਮਾਇਆ ਹਰਿਜਨ ਠਾਗੀ ॥੨॥੪੪॥੬੭॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਜਿਨਿ = ਜਿਸ ਮਾਇਆ ਨੇ ਮੋਹ ਰੂਪੀ ਠੱਗ ਬੂਟੀ

ਪਾ ਕੇ ਸਾਰਾ ਜਗਤੁ = ਸੰਸਾਰ ਠਗਾਨਾ = ਠੱਗਣਾ ਕੀਤਾ ਹੈ, ਸੁ = ਉਹ ਮਾਇਆ ਹਰਿ = ਪਰਮੇਸ਼ਰ ਤੇ ਭਗਤ ਜਨਾਂ, ਸੰਤ ਜਨਾਂ ਨੇ ਮਿਥਿਆ ਨਿਸਚੇ ਕਰਨ ਰੂਪ ਠਾਗੀ = ਠੱਗ ਲਈ ਹੈ॥੨॥੪੪॥੬੭॥

## ਸਾਰਗ ਮਹਲਾ ੫ ॥
## ਅਬ, ਜਨ ਊਪਰਿ ਕੋ ਨ ਪੁਕਾਰੈ ॥

ਅਬ = ਹੁਣ ਮੇਰੇ ਜਨ = ਦਾਸ ਦੇ ਊਪਰਿ = ਉੱਤੇ ਕੋ = ਕੋਈ ਵੀ ਪੁਕਾਰੈ = ਫ਼ਰਿਆਦ ਨ = ਨਹੀਂ ਕਰ ਸਕਦਾ **ਵਾ:** ਜੋ ਪਰਮੇਸ਼ਰ ਦਾ ਪੂਰਨ ਸੇਵਕ, ਨਿਰਬਿਕਾਰ ਜੀਵਨ ਵਾਲਾ ਪੁਰਖ ਬਣ ਗਿਆ ਹੈ, ਉਸ ਉੱਤੇ ਕੋਈ ਵੀ ਫ਼ਰਿਆਦ ਨਹੀਂ ਕਰ ਸਕਦਾ ਕਿ ਇਸ ਨੇ ਇਹ ਗ਼ਲਤੀ ਜਾਂ ਇਹ ਔਗੁਣ ਕੀਤਾ ਹੈ।

## ਪੂਕਾਰਨ ਕਉ ਜੋ ਉਦਮੁ ਕਰਤਾ; ਗੁਰੁ ਪਰਮੇਸਰੁ ਤਾ ਕਉ ਮਾਰੈ ॥੧॥ਰਹਾਉ॥

ਜੋ = ਜਿਹੜਾ ਪੁਰਖ ਪੂਕਾਰਨ = ਫ਼ਰਿਆਦ ਕਰਨ ਵਾਸਤੇ ਭਾਵ ਅਣਹੋਈ ਦੂਸ਼ਣ ਬਾਜ਼ੀ ਥਾਪਣ ਲਈ ਉਦਮੁ = ਯਤਨ ਕਰਤਾ = ਕਰਦਾ ਹੈ, ਤਾ = ਉਸ ਕਉ = ਨੂੰ ਗੁਰੂ ਪਰਮੇਸ਼ਰ ਮਾਰੈ = ਮਾਰ ਦਿੰਦਾ ਹੈ ਭਾਵ ਸਜ਼ਾ ਦਿੰਦਾ ਹੈ॥੧॥ਰਹਾਉ॥

## ਨਿਰਵੈਰੈ ਸੰਗਿ ਵੈਰੁ ਰਚਾਵੈ; ਹਰਿ ਦਰਗਹ ਓਹੁ ਹਾਰੈ ॥

ਜਿਹੜਾ ਪੁਰਖ ਨਿਰਵੈਰੈ = ਵੈਰ ਤੋਂ ਰਹਿਤ ਮਹਾਤਮਾ ਜਨਾਂ ਦੇ ਸੰਗਿ = ਨਾਲ ਵੈਰ ਰਚਾਵੈ = ਰਚਾਉਂਦਾ ਹੈ ਭਾਵ ਈਰਖਾ ਕਰਕੇ ਅਣਹੋਈ ਨਿੰਦਿਆ ਕਰਦਾ ਹੈ, ਉਹ ਹਰਿ = ਪਰਮੇਸ਼ਰ ਦੀ ਦਰਗਹ = ਨਿਆਏ ਸਭਾ **ਵਾ:** ਸਚਖੰਡ ਵਿਚ ਹਾਰੈ = ਹਾਰ ਜਾਂਦਾ ਹੈ **ਵਾ:** ਪ੍ਰਭੂ ਪ੍ਰਾਪਤੀ ਵਾਲੀ ਸਤਿਸੰਗਤ ਰੂਪੀ ਦਰਗਾਹ ਵਿਚ ਹਾਰ ਜਾਂਦਾ ਹੈ।

## ਆਦਿ ਜੁਗਾਦਿ ਪ੍ਰਭ ਕੀ ਵਡਿਆਈ; ਜਨ ਕੀ ਪੈਜ ਸਵਾਰੈ ॥੧॥

ਜਿਹੜੀ ਮਹਾਤਮਾ ਜਨਾਂ ਨੂੰ ਵਡਿਆਈ ਮਿਲਦੀ ਹੈ, ਉਹ ਆਦਿ ਜੁਗਾਦਿ = ਸਦਾ ਸਦਾ ਪ੍ਰਭ = ਪਰਮੇਸ਼ਰ ਕੀ = ਦੀ ਵਡਿਆਈ = ਮਹਿਮਾ ਹੀ ਜਾਣਦੇ ਹਨ ਕਿਉਂਕਿ ਉਨ੍ਹਾਂ ਮਹਾਤਮਾ ਜਨਾਂ ਕੀ = ਦੀ ਪਰਮੇਸ਼ਰ ਆਪ ਪੈਜ = ਪ੍ਰਤੱਗਿਆ ਸਵਾਰੈ = ਸੰਵਾਰਨਾ ਕਰਦਾ ਹੈ॥੧॥

## ਨਿਰਭਉ ਭਏ, ਸਗਲ ਭਉ ਮਿਟਿਆ; ਚਰਨ ਕਮਲ ਆਧਾਰੈ ॥

ਜਿਸ ਮਹਾਤਮਾ ਦੇ ਹਿਰਦੇ ਵਿਚ ਸੱਚੇ ਪਾਤਸ਼ਾਹ ਦੇ ਚਰਨਾਂ ਕਮਲਾਂ ਦਾ ਆਧਾਰੈ = ਆਸਰਾ ਹੈ, ਉਹ ਮਹਾਤਮਾ ਜਨ ਪਰਮੇਸ਼ਰ ਦੇ ਨਾਮ ਨੂੰ ਜਪ ਕੇ ਨਿਰਭਉ = ਭੈ ਤੋਂ ਰਹਿਤ ਭਏ = ਹੋ ਗਿਆ ਹੈ ਅਤੇ ਉਸ ਦਾ ਸਗਲ = ਸਾਰਾ ਜੰਮਣ ਮਰਣ ਆਦਿ ਦਾ ਭਉ = ਡਰ ਵੀ ਮਿਟਿਆ = ਮਿਟ ਗਿਆ ਹੈ।

## ਗੁਰ ਕੈ ਬਚਨਿ, ਜਪਿਓ ਨਾਉ ਨਾਨਕ; ਪ੍ਰਗਟ ਭਇਓ ਸੰਸਾਰੈ ॥੨॥੪੫॥੬੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਨੇ ਗੁਰ = ਸਤਿਗੁਰਾਂ ਕੈ = ਦੇ ਬਚਨਿ = ਉਪਦੇਸ਼ ਦੁਆਰਾ ਪਰਮੇਸ਼ਰ ਦੇ ਨਾਉ = ਨਾਮ ਨੂੰ ਜਪਿਓ = ਜਪਿਆ ਹੈ, ਉਹ ਮਹਾਤਮਾ ਜਨ ਦਾ ਜੱਸ ਸਾਰੇ ਸੰਸਾਰੈ = ਜਗਤ ਵਿਚ ਪ੍ਰਗਟ = ਜ਼ਾਹਰ ਭਇਓ = ਹੋਇਆ ਹੈ **ਵਾ:** ਉਸ ਨੂੰ ਸਾਰੇ ਸੰਸਾਰ ਵਿੱਚੋਂ ਵਾਹਿਗੁਰੂ ਪ੍ਰਤੱਖ ਹੋਇਆ ਹੈ ਭਾਵ ਵਿਆਪਕ ਦਿਸਿਆ ਹੈ॥੨॥੪੫॥੬੮॥

## ਸਾਰਗ ਮਹਲਾ ੫ ॥

## ਹਰਿਜਨ; ਛੋਡਿਆ ਸਗਲਾ ਆਪੁ ॥

ਹੇ ਪਰਮੇਸ਼ਰ ! ਮੈਂ ਤੇਰੇ ਹਰਿਜਨ = ਸੇਵਕ ਨੇ ਸਗਲਾ = ਸਾਰਾ ਆਪੁ = ਆਪਾ-ਭਾਵ (ਦੇਹ ਅਧਿਆਸ) ਛੋਡਿਆ = ਛੱਡ ਦਿੱਤਾ ਹੈ।

## ਜਿਉ ਜਾਨਹੁ, ਤਿਉ ਰਖਹੁ ਗੁਸਾਈ; ਪੇਖਿ ਜੀਵਾਂ ਪਰਤਾਪੁ ॥੧॥ਰਹਾਉ॥

ਹੇ ਗੁਸਾਈ = ਪ੍ਰਿਥਵੀ ਦੇ ਮਾਲਕ ਪਰਮੇਸ਼ਰ ! ਜਿਉ = ਜਿਵੇਂ ਤੁਸੀਂ ਜਾਨਹੁ = ਜਾਣਦੇ ਹੋ, ਤਿਉ = ਤਿਵੇਂ ਮੇਰੀ ਰਖਹੁ = ਰੱਖਿਆ ਕਰੋ, ਕਿਉਂਕਿ ਮੈਂ ਤੇਰਾ ਪਰਤਾਪੁ = ਤੇਜ ਪ੍ਰਭਾਵ ਪੇਖਿ = ਵੇਖ ਵੇਖ ਕੇ ਹੀ ਜੀਵਾਂ = ਜਿਉਂਦਾ ਹਾਂ ॥੧॥ਰਹਾਉ॥

## ਗੁਰ ਉਪਦੇਸਿ, ਸਾਧ ਕੀ ਸੰਗਤਿ; ਬਿਨਸਿਓ ਸਗਲ ਸੰਤਾਪੁ ॥

ਜਿਹੜਾ ਗੁਰ = ਸਤਿਗੁਰਾਂ ਦੇ ਉਪਦੇਸਿ = ਬਚਨਾਂ ਨੂੰ ਕਮਾਉਣਾ ਕੀਤਾ ਹੈ ਤੇ ਸਾਧ = ਸ੍ਰੇਸ਼ਟ ਪੁਰਖਾਂ ਕੀ = ਦੀ ਸੰਗਤੀ ਕੀਤੀ ਹੈ, ਇਸ ਕਰਕੇ ਮੇਰਾ ਸਗਲ = ਸਾਰਾ ਸੰਤਾਪੁ = ਦੁੱਖ **ਵਾ:** (ਸੰ + ਤਾਪ) ਸੰ = ਸੰਮਕ ਤਪਾਉਣ ਵਾਲਾ ਦੁਖ **ਵਾ:** ਸੰ = ਭਲੀ ਪ੍ਰਕਾਰ ਤਾਪਾਂ ਕਰਕੇ ਤਪਣਾ ਬਿਨਸਿਓ = ਨਾਸ਼ ਹੋ ਗਿਆ ਹੈ।

## ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ; ਸਗਲ ਸੰਭਾਖਨ, ਜਾਪੁ ॥੧॥

(**ਸਮੱਤ** ਨਹੀਂ ਬੋਲਣਾ)

ਮਿਤ੍ਰ = ਮਿੱਤਰਤਾਈ ਕਰਨ ਵਾਲੇ, ਸਤ੍ਰ = ਦੁਸ਼ਮਣੀ ਕਰਨ ਵਾਲੇ ਇਨ੍ਹਾਂ ਦੋਨਾਂ ਨੂੰ ਪੇਖਿ = ਵੇਖ ਕੇ ਸਮਤੁ = ਸਮਦ੍ਰਿਸ਼ਟੀ ਕਰਨ ਵਾਲੇ ਪਰਮੇਸ਼ਰ ਨੂੰ ਬੀਚਾਰਿਓ = ਵਿਚਾਰਨਾ ਕੀਤਾ ਹੈ **ਵਾ:** ਦੋਹਾਂ ਨੂੰ ਵੇਖ ਕੇ ਸਮਤੁ = ਇਕ-ਸਮਾਨ ਵਿਚਾਰਨਾ ਕੀਤਾ ਹੈ ਕਿ ਇਹ ਮਿੱਤਰਤਾਈ ਸਤੋਗੁਣ ਕਰਕੇ ਕਰਦਾ ਹੈ ਤੇ ਸ਼ਤਰੂਪੁਣਾ ਤਮੋਗੁਣ ਕਰਕੇ ਕਰਦਾ ਹੈ, ਜੋ ਹੋਰਨਾਂ ਸਗਲ = ਸਭਨਾਂ ਦਾ ਸੰਭਾਖਨ = ਬੋਲਣਾ ਹੈ ਹੁਣ ਉਹ ਵੀ ਵਾਹਿਗੁਰੂ ਦਾ ਜਾਪ ਸੁਣਨਾ ਹੀ ਪ੍ਰਤੀਤ ਹੁੰਦਾ ਹੈ **ਵਾ:** ਐਸੀ ਲਿਵ ਲੱਗ ਗਈ ਹੈ ਕਿ ਜੋ ਸ੍ਰੇਸ਼ਟ ਸੰਭਾਖਨ = ਬੋਲ ਚਾਲ ਹੈ ਉਹ ਸਭ ਵਾਹਿਗੁਰੂ ਮੰਤਰ ਦਾ ਉਚਾਰਨ ਹੁੰਦਾ ਹੀ ਸੁਣਦਾ ਹੈ **ਵਾ:** ਜੋ ਸਭ ਕੁਝ ਬੋਲਣਾ ਹੈ, ਉਹ ਵਾਹਿਗੁਰੂ ਦਾ ਜਾਪ ਹੀ ਹੋ ਰਿਹਾ ਹੈ ॥੧॥

## ਤਪਤਿ ਬੁਝੀ ਸੀਤਲ ਆਘਾਨੇ; ਸੁਨਿ ਅਨਹਦ, ਬਿਸਮ ਭਏ ਬਿਸਮਾਦ ॥

ਤ੍ਰਿਸ਼ਨਾ, ਈਰਖਾ ਦੀ ਤਪਤਿ = ਤਪਸ਼ ਬੁਝੀ = ਨਵਿਰਤ ਹੋ ਗਈ ਹੈ, ਸੀਤਲ ਨਾਮ ਜਪਣ ਕਰਕੇ ਮੇਰਾ ਮਨ ਵੀ ਪਦਾਰਥਾਂ ਵੱਲੋਂ ਆਘਾਨੇ = ਰੱਜ ਗਿਆ ਹੈ **ਵਾ:** ਲੋਕ-ਪ੍ਰਲੋਕ ਦੇ ਪਦਾਰਥਾਂ ਵੱਲੋਂ ਰੱਜ ਕੇ ਸੀਤਲ = ਸ਼ਾਂਤੀ ਪ੍ਰਾਪਤ ਹੋ ਗਈ ਹੈ, ਅਨਹਦ = ਹੱਦ ਤੋਂ ਰਹਿਤ, ਇਕ-ਰਸ ਪਰਮੇਸ਼ਰ ਦਾ ਅਜਪਾ ਜਾਪ ਸੁਨਿ = ਸ੍ਰਵਨ ਕਰਕੇ ਤੇ ਬਿਸਮ = ਅਸਚਰਜ ਰੂਪ ਪਰਮੇਸ਼ਰ ਨੂੰ ਪਾ ਕੇ ਬਿਸਮਾਦ = ਅਸਚਰਜ ਰੂਪ ਹੀ ਭਏ = ਹੋ ਗਏ ਹਾਂ।

## ਅਨਦੁ ਭਇਆ ਨਾਨਕ ਮਨਿ ਸਾਚਾ; ਪੂਰਨ ਪੂਰੇ ਨਾਦ ॥੨॥੪੬॥੬੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪੂਰਨ = ਪੂਰੇ ਗੁਰਾਂ ਦੇ ਪੂਰਨ ਨਾਦ = ਸ਼ਬਦ, ਉਪਦੇਸ਼ ਦੁਆਰਾ ਨਾਮ ਜਪ ਕੇ ਮਨਿ = ਚਿੱਤ ਵਿਚ ਸਾਚਾ = ਸੱਚਾ ਅਨੰਦ ਪ੍ਰਾਪਤ ਭਇਆ = ਹੋਇਆ ਹੈ।

**ਅਥਵਾ** ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਦਾ ਸਾਚਾ = ਸੱਚਾ ਅਨੰਦ ਪ੍ਰਾਪਤ ਹੋਇਆ ਹੈ, ਉਨ੍ਹਾਂ ਦੇ ਜੱਸ ਰੂਪੀ ਨਾਦ = ਵਾਜੇ ਪੂਰਨ ਪਰਮੇਸ਼ਰ ਨੇ ਪੂਰੇ ਸੰਸਾਰ ਵਿਚ ਵਜਾ ਦਿੱਤੇ ਹਨ **ਵਾ:** ਜਿਨ੍ਹਾਂ ਨੇ ਪੂਰਨ ਗੁਰਾਂ ਦੇ ਪੂਰੇ ਨਾਦ = ਸ਼ਬਦ ਨੂੰ ਸੁਣਿਆ ਹੈ, ਉਨ੍ਹਾਂ ਨੂੰ ਸਾਰੀ ਦੁਨੀਆਂ ਵਿਚ ਸੱਚਾ ਅਨੰਦ ਸਰੂਪ ਪਰਮੇਸ਼ਰ ਪ੍ਰਤੀਤ ਹੁੰਦਾ ਹੈ॥੨॥੪੬॥੬੯॥

[ਅੰਗ ੧੨੧੮]

## ਸਾਰਗ ਮਹਲਾ ੫ ॥

## ਮੇਰੈ ਗੁਰਿ; ਮੋਰੋ ਸਹਸਾ ਉਤਾਰਿਆ ॥

ਮੇਰੈ = ਮੇਰੇ ਗੁਰਿ = ਸਤਿਗੁਰਾਂ ਨੇ ਉਪਦੇਸ਼ ਦੇ ਕੇ ਮੋਰੋ = ਮੇਰਾ ਪ੍ਰਮਾਣਗਤ, ਪ੍ਰਮੇਯਗਤ ਆਦਿ ਸਹਸਾ = ਸੰਸਾ ਉਤਾਰਿਆ = ਉਤਾਰ ਦਿੱਤਾ ਹੈ।

## ਤਿਸੁ ਗੁਰ ਕੈ ਜਾਈਐ ਬਲਿਹਾਰੀ;
## ਸਦਾ ਸਦਾ ਹਉ ਵਾਰਿਆ ॥੧॥ਰਹਾਉ॥

ਤਿਸੁ = ਉਸ ਗੁਰਾਂ ਕੈ = ਦੇ ਉਪਰੋਂ ਬਲਿਹਾਰੀ = ਕੁਰਬਾਨ ਜਾਈਐ = ਜਾਂਦਾ ਹਾਂ, ਹਉ = ਮੈਂ ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਮਨ, ਬਾਣੀ, ਸਰੀਰ ਕਰਕੇ ਵਾਰਿਆ = ਵਾਰਨੇ ਜਾਂਦਾ ਹਾਂ॥੧॥ਰਹਾਉ॥

## ਗੁਰ ਕਾ ਨਾਮੁ ਜਪਿਓ ਦਿਨੁ ਰਾਤੀ; ਗੁਰ ਕੇ ਚਰਨ ਮਨਿ ਧਾਰਿਆ ॥

ਮੈਂ ਗੁਰ = ਸਤਿਗੁਰਾਂ ਕਾ = ਦਾ ਉਪਦੇਸ਼ ਦੁਆਰਾ ਦਿੱਤਾ ਹੋਇਆ ਨਾਮ ਅੰਮ੍ਰਿਤ ਦਿਨ ਰਾਤ ਜਪਿਓ = ਜਪਣਾ ਕੀਤਾ ਹੈ ਅਤੇ ਗੁਰਾਂ ਕੇ = ਦੇ ਪਵਿੱਤਰ ਚਰਨਾਂ ਨੂੰ ਮਨਿ = ਚਿੱਤ ਕਰਕੇ ਧਾਰਿਆ = ਧਾਰਨਾ, ਵਸਾਉਣਾ ਕੀਤਾ ਹੈ।

## ਗੁਰ ਕੀ ਧੂਰਿ, ਕਰਉ ਨਿਤ ਮਜਨੁ; ਕਿਲਵਿਖ ਮੈਲੁ ਉਤਾਰਿਆ ॥੧॥

ਮੈਂ ਗੁਰ = ਸਤਿਗੁਰਾਂ ਦੇ ਪਵਿੱਤਰ ਚਰਨਾਂ ਕੀ = ਦੀ ਧੂਰਿ = ਧੂੜੀ ਵਿਚ ਨਿਤ = ਨਿਤਾਪ੍ਰਤੀ ਮਜਨੁ = ਪੁਰਬ ਦਾ ਇਸ਼ਨਾਨ ਕਰਉ = ਕਰਦਾ ਹਾਂ, ਜਿਸ ਚਰਨ ਧੂੜੀ ਨੇ ਮੇਰੀ ਕਿਲਵਿਖ = ਪਾਪਾਂ ਰੂਪੀ ਮੈਲ ਨੂੰ ਉਤਾਰਿਆ = ਲਾਹ ਦਿੱਤਾ ਹੈ॥੧॥

## ਗੁਰ ਪੂਰੇ ਕੀ, ਕਰਉ ਨਿਤ ਸੇਵਾ; ਗੁਰੁ ਅਪਨਾ ਨਮਸਕਾਰਿਆ ॥

ਮੈਂ ਪੂਰੇ = ਪੂਰਨ ਗੁਰ = ਸਤਿਗੁਰਾਂ ਕੀ = ਦੀ ਨਿਤ = ਨਿਤਾਪ੍ਰਤੀ ਸੇਵਾ = ਟਹਿਲ ਕਰਉ = ਕਰਦਾ ਹਾਂ ਅਤੇ ਗੁਰਾਂ ਨੂੰ ਅਪਨਾ = ਆਪਣਾ ਲੋਕ-ਪ੍ਰਲੋਕ ਦਾ ਸਾਥੀ ਜਾਣ ਕੇ ਸਦਾ ਨਮਸਕਾਰਿਆ = ਬੰਦਨਾ ਕਰਦਾ ਹਾਂ।

## ਸਰਬ ਫਲਾ ਦੀਨੇ ਗੁਰਿ ਪੂਰੈ; ਨਾਨਕ ਗੁਰਿ ਨਿਸਤਾਰਿਆ ॥੨॥੪੭॥੭੦॥

ਪੂਰੈ = ਪੂਰਨ ਗੁਰਿ = ਸਤਿਗੁਰਾਂ ਨੇ ਮੈਨੂੰ ਸਰਬ = ਸਾਰੇ ਧਰਮ, ਅਰਥ, ਕਾਮ ਮੋਖ ਆਦਿ ਫਲ ਬਖ਼ਸ਼ ਦੀਨੇ = ਦਿੱਤੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਨੂੰ ਗੁਰਿ = ਸਤਿਗੁਰਾਂ ਨੇ ਨਾਮ ਬਾਣੀ ਦਾ ਉਪਦੇਸ਼ ਦੇ ਕੇ ਸੰਸਾਰ-ਸਮੁੰਦ੍ਰ ਤੋਂ ਨਿਸਤਾਰਿਆ = ਤਾਰ ਲਿਆ ਹੈ॥੨॥੪੭॥੭੦॥

## ਸਾਰਗ ਮਹਲਾ ੫ ॥

## ਸਿਮਰਤ ਨਾਮੁ; ਪ੍ਰਾਨ ਗਤਿ ਪਾਵੈ ॥

ਜਿਹੜਾ ਪੁਰਖ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਨੂੰ ਸਿਮਰਤ = ਸਿਮਰਦਾ ਹੈ, ਉਹ ਪ੍ਰਾਨ = ਪ੍ਰਾਣਾਂਧਾਰੀ ਪੁਰਖ ਗਤਿ = ਮੁਕਤੀ ਨੂੰ ਪਾਵੈ = ਪਾ ਲੈਂਦਾ ਹੈ **ਵਾ:** ਪ੍ਰਾਣਾਂ ਦੀ ਗਤਿ = ਗਤੀ ਕਰਨ ਵਾਲੇ ਪਰਮੇਸ਼ਰ ਨੂੰ ਪਾ ਲੈਂਦਾ ਹੈ **ਵਾ:** ਸਾਰਿਆਂ ਦੇ ਪ੍ਰਾਣਾਂ ਵਿਚ ਗਤਿ = ਪ੍ਰਾਪਤ ਰੂਪ ਪਰਮੇਸ਼ਰ ਨੂੰ ਪਾਵੈ = ਪਾ ਲੈਂਦਾ ਹੈ।

## ਮਿਟਹਿ ਕਲੇਸ, ਤ੍ਰਾਸ ਸਭ ਨਾਸੈ; ਸਾਧਸੰਗਿ ਹਿਤੁ ਲਾਵੈ ॥੧॥ਰਹਾਉ॥

ਜਿਹੜਾ ਪੁਰਖ ਸਾਧਸੰਗਿ = ਸ੍ਰੇਸ਼ਟ ਜਨਾਂ ਦੀ ਸੰਗਤ ਨਾਲ ਹਿਤੁ = ਪ੍ਰੇਮ ਲਾਵੈ = ਲਾਉਂਦਾ ਹੈ, ਉਸ ਦੇ ਅਵਿੱਦਿਆ, ਅਸੰਗਤਾ, ਰਾਗ ਦਵੈਸ਼ ਆਦਿ ਕਲੇਸ਼ ਮਿਟਹਿ = ਮਿਟ ਜਾਂਦੇ ਹਨ ਤੇ ਸਭ = ਸਾਰੇ ਤ੍ਰਾਸ = ਡਰ ਵੀ ਨਾਸੈ = ਨਾਸ਼, ਨਵਿਰਤ ਹੋ ਜਾਂਦੇ ਹਨ ॥੧॥ਰਹਾਉ॥

## ਹਰਿ ਹਰਿ ਹਰਿ ਹਰਿ ਮਨਿ ਆਰਾਧੇ; ਰਸਨਾ ਹਰਿ ਜਸੁ ਗਾਵੈ ॥

ਜਿਹੜਾ ਸਭ ਨੂੰ ਹਰਿ = ਹਰੇ-ਭਰੇ ਕਰਨ ਵਾਲੇ, ਪਾਪਾਂ ਦੇ ਹਰਿ = ਹਾਰਕ, ਸੰਸਿਆਂ ਦੇ ਹਰਿ = ਹਾਰਕ ਹਰਿ = ਪਰਮੇਸ਼ਰ ਨੂੰ ਮਨਿ = ਚਿੱਤ ਵਿਚ ਆਰਾਧੇ = ਆਰਾਧਦਾ, ਯਾਦ ਕਰਦਾ ਰਹਿੰਦਾ ਹੈ **ਵਾ:** ਤਿੰਨੇ ਕਾਲਾਂ **ਵਾ:** ਤਿੰਨ ਅਵਸਥਾ ਵਿਚ ਪਰਮੇਸ਼ਰ ਨੂੰ ਮਨਿ ਵਿਚ ਆਰਾਧਦਾ ਰਹਿੰਦਾ ਹੈ ਅਤੇ ਰਸਨਾ = ਜੀਭਾ ਨਾਲ ਵੀ ਹਰਿ = ਪਰਮੇਸ਼ਰ ਦੇ ਜੱਸ ਨੂੰ ਕੀਰਤਨ ਵਿਚ ਪਾ ਕੇ ਗਾਵੈ = ਗਾਉਂਦਾ ਹੈ।

## ਤਜਿ ਅਭਿਮਾਨੁ, ਕਾਮ, ਕ੍ਰੋਧੁ, ਨਿੰਦਾ; ਬਾਸੁਦੇਵ ਰੰਗੁ ਲਾਵੈ ॥੧॥

ਉਹ ਪੁਰਖ ਆਪਣੇ ਗੁਣਾਂ ਦਾ ਅਭਿਮਾਨੁ = ਹੰਕਾਰ ਕਰਨਾ ਤਜਿ = ਛੱਡ ਦਿੰਦਾ ਹੈ, ਕਾਮ ਦਾ ਫੁਰਨਾ, ਕ੍ਰੋਧ ਤੇ ਨਿੰਦਾ = ਅਪਕੀਰਤੀ ਕਰਨੀ ਵੀ ਛੱਡ ਦਿੰਦਾ ਹੈ ਤੇ ਬਾਸੁਦੇਵ = ਸਰਬ ਵਿਆਪਕ ਪਰਮੇਸ਼ਰ **ਵਾ:** (ਬਾਸੁ + ਦੇਵ) ਸਭ ਨੂੰ ਬਾਸੁ = ਵਾਸਾ ਦੇਣ ਵਾਲੇ ਤੇ ਦੇਵ = ਪ੍ਰਕਾਸ਼ ਸਰੂਪ ਪਰਮੇਸ਼ਰ ਦੇ ਨਾਲ ਰੰਗੁ = ਪ੍ਰੇਮ ਲਾਵੈ = ਲਾਉਂਦਾ ਹੈ ॥੧॥

## ਦਾਮੋਦਰ ਦਇਆਲ ਆਰਾਧਹੁ; ਗੋਬਿੰਦ ਕਰਤ ਸੋੁਹਾਵੈ ॥

ਹੇ ਭਾਈ! ਦਇਆਲ = ਦਇਆ ਦੇ ਘਰ ਦਾਮੋਦਰ = ਪਰਮੇਸ਼ਰ ਨੂੰ ਭਾਵਨਾ ਦੇ ਨਾਲ ਆਰਾਧਹੁ = ਆਰਾਧਨਾ, ਯਾਦ ਕਰੋ, ਕਿਉਂਕਿ ਗੋਬਿੰਦ = ਪਰਮੇਸ਼ਰ ਦਾ ਮਨ, ਬਾਣੀ, ਸਰੀਰ ਕਰਕੇ ਜਾਪ ਕਰਤ = ਕਰਦਿਆਂ ਹੀ ਜੀਵ ਸੋੁਹਾਵੈ = ਸ਼ੋਭਨੀਕ ਹੁੰਦੇ ਹਨ।

## ਕਹੁ ਨਾਨਕ, ਸਭ ਕੀ ਹੋਇ ਰੇਨਾ;
## ਹਰਿ ਹਰਿ ਦਰਸਿ ਸਮਾਵੈ ॥੨॥੪੮॥੭੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਭ = ਸਾਰਿਆਂ ਦੇ ਚਰਨਾਂ ਕੀ = ਦੀ ਸ਼ਰਧਾ ਦੇ ਨਾਲ ਰੇਨਾ = ਧੂੜੀ ਹੋਇ = ਹੋਣਾ ਕਰੋ ਤਾਂ ਫੇਰ ਹਰਿ = ਸਾਰਿਆਂ ਨੂੰ ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਦਰਸਿ = ਦਰਸ਼ਨਾਂ ਵਿਚ ਸਮਾਵੈ = ਸਮਾਅ, ਲੀਨ ਹੋ ਜਾਵੋਗੇ ॥੨॥੪੮॥੭੧॥

## ਸਾਰਗ ਮਹਲਾ ੫ ॥

## ਅਪੁਨੇ ਗੁਰ ਪੂਰੇ; ਬਲਿਹਾਰੈ ॥

ਮੈਂ ਆਪਣੇ ਪੂਰੇ = ਪੂਰਨ ਗੁਰ = ਸਤਿਗੁਰਾਂ ਤੋਂ ਬਲਿਹਾਰੈ = ਕੁਰਬਾਨ ਜਾਂਦਾ ਹਾਂ।

## ਪ੍ਰਗਟ ਪ੍ਰਤਾਪੁ ਕੀਓ ਨਾਮ ਕੋ; ਰਾਖੇ ਰਾਖਨਹਾਰੈ ॥੧॥ਰਹਾਉ॥

ਜਿਸ ਸਤਿਗੁਰਾਂ ਨੇ ਪ੍ਰਭੂ ਨਾਮ ਕੋ = ਦਾ ਪ੍ਰਤਾਪੁ = ਤੇਜ ਪ੍ਰਭਾਵ ਸਾਰੇ ਸੰਸਾਰ ਵਿਚ ਪ੍ਰਗਟ = ਜ਼ਾਹਰ ਕੀਓ = ਕੀਤਾ ਹੈ ਤੇ ਰਾਖਨਹਾਰੈ = ਰੱਖਿਆ ਕਰਨ ਵਾਲਾ ਹੋ ਕੇ ਆਪਣੇ ਦਾਸਾਂ ਦੀ ਲੋਕ-ਪ੍ਰਲੋਕ ਵਿਚ ਰਾਖੇ = ਰੱਖਿਆ ਕੀਤੀ ਹੈ **ਵਾ:** ਜਿਸ ਨੇ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਦਾ ਚਿੰਤਨ ਕੀਤਾ ਹੈ, ਉਸ ਦਾ ਪ੍ਰਤਾਪ ਸਾਰੇ ਸੰਸਾਰ ਵਿਚ ਪ੍ਰਗਟ ਕਰ ਦਿੱਤਾ ਹੈ ਅਤੇ ਰੱਖਣ ਵਾਲੇ ਪਰਮੇਸ਼ਰ ਨੇ ਉਸ ਦੀ ਲੋਕ-ਪ੍ਰਲੋਕ ਵਿਚ ਰੱਖਿਆ ਕੀਤੀ ਹੈ॥੧॥ਰਹਾਉ॥

## ਨਿਰਭਉ ਕੀਏ, ਸੇਵਕ ਦਾਸ ਅਪਨੇ; ਸਗਲੇ ਦੂਖ ਬਿਦਾਰੈ ॥

ਜਿਹੜੇ ਗੁਰਾਂ ਨੇ ਆਪਣੇ ਸੇਵਕ ਤੇ ਦਾਸ ਨਿਰਭਉ = ਡਰ ਤੋਂ ਰਹਿਤ ਕੀਏ = ਕੀਤੇ ਹਨ **ਵਾ:** ਜੋ ਗੁਰਾਂ ਦੇ ਮਨ, ਬਾਣੀ ਕਰਕੇ ਸੇਵਕ = ਦਾਸ, ਤੇ ਸਰੀਰ ਕਰਕੇ ਵੀ ਸੇਵਕ ਬਣੇ ਹਨ, ਉਨ੍ਹਾਂ ਆਪਣੇ ਦਾਸਾਂ ਨੂੰ ਗੁਰਾਂ ਨੇ ਡਰ ਤੋਂ ਰਹਿਤ ਕੀਤਾ ਹੈ ਅਤੇ ਉਨ੍ਹਾਂ ਦੇ ਸਗਲ = ਸਾਰੇ ਅਗਿਆਨ, ਜੰਮਣ ਮਰਣ ਆਦਿ ਦੇ ਦੂਖ = ਕਸ਼ਟ ਬਿਦਾਰੈ = ਨਾਸ਼ ਕਰ ਦਿੱਤੇ ਹਨ, ਕੱਟ ਦਿੱਤੇ ਹਨ।

## ਆਨ ਉਪਾਵ ਤਿਆਗਿ ਜਨ ਸਗਲੇ; ਚਰਨ ਕਮਲ ਰਿਦ ਧਾਰੈ ॥੧॥

ਪਰਮੇਸ਼ਰ ਦੇ ਜਨ = ਦਾਸਾਂ ਨੇ ਆਨ = ਹੋਰ ਸਗਲੇ = ਸਾਰੇ ਉਪਾਵ = ਯਤਨ ਤਿਆਗਿ = ਛੱਡ ਕਰਕੇ ਪਰਮੇਸ਼ਰ ਦੇ ਚਰਨਾਂ ਕਮਲਾਂ ਨੂੰ ਆਪਣੇ ਰਿਦ = ਹਿਰਦੇ ਵਿਚ ਧਾਰੈ = ਧਾਰ, ਵਸਾ ਲਿਆ ਹੈ॥੧॥

## ਪ੍ਰਾਨ ਅਧਾਰ ਮੀਤ ਸਾਜਨ ਪ੍ਰਭ; ਏਕੈ ਏਕੰਕਾਰੈ ॥

ਇਕ ਪ੍ਰਭ = ਪਰਮੇਸ਼ਰ ਹੀ ਸਭ ਦੇ ਪ੍ਰਾਣਾਂ ਦਾ ਅਧਾਰ = ਆਸਰਾ ਰੂਪ ਹੈ, ਇਸ ਲੋਕ ਦਾ ਮੀਤ = ਮਿੱਤਰ ਹੈ, ਪ੍ਰਲੋਕ ਦਾ ਸਾਜਨ = ਸੱਜਣ ਹੈ, ਏਕੈ = ਇੱਕੋ ਇਕ ਏਕੰਕਾਰੈ = ਓਅੰਕਾਰ ਰੂਪ ਹੈ **ਵਾ:** ਇੱਕੋ ਨਿਰਗੁਣ ਸਰੂਪ ਹੈ, ਇੱਕੋ ਸਰਗੁਣ ਸਰੂਪ ਹੈ।

## ਸਭ ਤੇ ਊਚ, ਠਾਕੁਰੁ ਨਾਨਕ ਕਾ; ਬਾਰ ਬਾਰ ਨਮਸਕਾਰੈ ॥੨॥੪੯॥੭੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰੇ ਜਨ ਕਾ = ਦਾ ਠਾਕੁਰੁ = ਸੁਆਮੀ ਪਰਮੇਸ਼ਰ ਸਭ = ਸਾਰਿਆਂ ਤੇ = ਤੋਂ ਊਚ = ਉੱਚਾ ਹੈ, ਇਸ ਲਈ ਮੈਂ ਬਾਰ ਬਾਰ = ਮੁੜ ਮੁੜ ਉਸ ਨੂੰ ਨਮਸਕਾਰੈ = ਬੰਦਨਾ ਕਰਦਾ ਹਾਂ॥੨॥੪੯॥੭੨॥

## ਸਾਰਗ ਮਹਲਾ ੫ ॥

## ਬਿਨੁ ਹਰਿ, ਹੈ ਕੋ; ਕਹਾ ਬਤਾਵਹੁ ॥

ਹਰਿ = ਪਰਮੇਸ਼ਰ ਤੋਂ ਬਿਨੁ = ਬਗ਼ੈਰ ਕਿਤੇ ਕੋ = ਕੋਈ ਹੈ, ਜੇ ਹੈ ਤਾਂ ਬਤਾਵਹੁ = ਦੱਸੋ ਕਹਾ = ਕਿਥੇ

ਹੈ ? ਭਾਵ ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਪਰਮੇਸ਼ਰ ਤੋਂ ਬਗ਼ੈਰ ਸਾਰੀ ਅਣਹੋਈ ਰਚਨਾ ਪ੍ਰਤੀਤ ਹੋ ਰਹੀ ਹੈ, ਇਥੋਂ ਤੱਕ ਮਾਇਆ ਤੇ ਅਗਿਆਨ ਵੀ ਉਸਦੀ ਸੱਤਾ ਦੇ ਆਸਰੇ ਜਾਣੇ ਜਾਂਦੇ ਹਨ।

## ਸੁਖ ਸਮੂਹ ਕਰੁਣਾਮੈ ਕਰਤਾ; ਤਿਸੁ ਪ੍ਰਭ ਸਦਾ ਧਿਆਵਹੁ ॥੧॥ਰਹਾਉ॥

ਜੋ ਪਰਮੇਸ਼ਰ ਸਮੂਹ = ਸਾਰੇ ਸੁੱਖਾਂ ਨੂੰ ਦੇਣ ਵਾਲਾ ਹੈ, ਕਰੁਣਾਮੈ = ਕ੍ਰਿਪਾਲੂ ਸਰੂਪ ਹੈ, ਸਭ ਨੂੰ ਪੈਦਾ ਕਰਤਾ = ਕਰਨ ਵਾਲਾ ਹੈ, ਤਿਸੁ = ਉਸ ਪ੍ਰਭ = ਪਰਮੇਸ਼ਰ ਨੂੰ ਸਦਾ = ਹਮੇਸ਼ਾਂ ਇਕ-ਚਿੱਤ ਹੋ ਕੇ ਧਿਆਵਹੁ = ਧਿਆਉਣਾ ਕਰੋ ॥੧॥ਰਹਾਉ॥

## ਜਾ ਕੈ ਸੂਤਿ ਪਰੋਏ ਜੰਤਾ; ਤਿਸੁ ਪ੍ਰਭ ਕਾ ਜਸੁ ਗਾਵਹੁ ॥

ਜਾ = ਜਿਸ ਕੈ = ਦੇ ਚੇਤਨ ਸੱਤਾ ਰੂਪੀ **ਵਾ:** ਹੁਕਮ, ਪ੍ਰਾਲਬਧ ਰੂਪੀ ਸੂਤਿ = ਸੂਤਰ ਵਿਚ ਸਾਰੇ ਜੰਤਾ = ਜੀਵ ਮਣਕਿਆਂ ਦੀ ਨਿਆਈਂ ਪਰੋਏ = ਪਰੋਤੇ ਹੋਏ ਹਨ, ਤਿਸੁ = ਉਸ ਪ੍ਰਭ = ਪਰਮੇਸ਼ਰ ਕਾ = ਦਾ ਇਕ-ਚਿੱਤ ਹੋ ਕੇ ਕੀਰਤਨ ਰੂਪ ਵਿਚ ਜਸ ਗਾਵਹੁ = ਗਾਉਣਾ ਕਰੋ।

## ਸਿਮਰਿ ਠਾਕੁਰੁ, ਜਿਨਿ ਸਭੁ ਕਿਛੁ ਦੀਨਾ; ਆਨ, ਕਹਾ ਪਹਿ ਜਾਵਹੁ ॥੧॥

ਉਸ ਠਾਕੁਰੁ = ਸੁਆਮੀ ਅਕਾਲ ਪੁਰਖ ਦਾ ਸਿਮਰਿ = ਸਿਮਰਨ ਕਰੋ, ਜਿਨਿ = ਜਿਸ ਵਾਹਿਗੁਰੂ ਨੇ ਸਭੁ = ਸਾਰਾ ਕਿਛੁ = ਕੁਝ ਦੀਨਾ = ਦਿੱਤਾ ਹੈ, ਆਨ = ਹੋਰ ਕਹਾ = ਕਿਸੇ ਦੇਵੀ ਦੇਵਤੇ ਪਹਿ = ਕੋਲ ਕੀ ਜਾਵਹੁ = ਜਾਣਾ ਕਰਦੇ ਹੋ ॥੧॥

## ਸਫਲ ਸੇਵਾ, ਸੁਆਮੀ ਮੇਰੇ ਕੀ; ਮਨ ਬਾਂਛਤ ਫਲ ਪਾਵਹੁ ॥

ਮੇਰੇ ਸੁਆਮੀ = ਮਾਲਕ ਪਰਮੇਸ਼ਰ ਕੀ = ਦੀ ਕੀਤੀ ਹੋਈ ਸੇਵਾ = ਟਹਿਲ ਸਫਲ = ਸਫਲੀ ਹੈ **ਵਾ:** (ਸ + ਫਲ) ਸ = ਸਹਿਤ ਗਿਆਨ ਰੂਪੀ ਫਲ ਦੇ ਹੈ, ਉਸ ਦੀ ਟਹਿਲ ਕਰਕੇ ਤੁਸੀਂ ਧਰਮ, ਅਰਥ, ਕਾਮ ਮੋਖ ਆਦਿ ਮਨ ਬਾਂਛਤ = ਇੱਛਤ ਫਲ ਪਾਵਹੁ = ਪਾ ਲਵੋਗੇ।

## ਕਹੁ ਨਾਨਕ, ਲਾਭੁ ਲਾਹਾ ਲੈ ਚਾਲਹੁ; ਸੁਖ ਸੇਤੀ ਘਰਿ ਜਾਵਹੁ ॥੨॥੫੦॥੭੩॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਜੋ ਨਾਮ ਇਸ ਲੋਕ ਵਿਚ ਜੀਵਨ ਨੂੰ ਲਾਭੁ = ਨਫ਼ਾ ਦੇਣ ਵਾਲਾ ਹੈ ਤੇ ਪ੍ਰਲੋਕ ਵਿਚ ਲਾਹਾ = ਨਫ਼ਾ ਦੇਣ ਵਾਲਾ ਹੈ, ਉਸ ਨੂੰ ਨਾਲ ਲੈ ਕੇ ਪ੍ਰਲੋਕ ਵੱਲ ਨੂੰ ਚਾਲਹੁ = ਚੱਲਣਾ ਕਰੋ **ਵਾ:** ਪ੍ਰਮਾਰਥ ਦਾ ਲਾਹਾ, ਸਰੂਪ ਦਾ ਲਾਹਾ **ਵਾ:** ਬ੍ਰਹਮ ਗਿਆਨ ਦਾ ਲਾਹਾ ਗੁਰਾਂ ਦੁਆਰਾ ਲੈ ਕੇ ਚੱਲਣਾ ਕਰੋ ਤਾਂ ਸੁਖ ਦੇ ਸੇਤੀ = ਨਾਲ ਸਚਖੰਡ, ਸੱਚੇ ਸਰੂਪ ਰੂਪੀ ਘਰ ਵਿਚ ਜਾਵਹੁ = ਜਾਣਾ ਕਰੋਗੇ ॥੨॥੫੦॥੭੩॥

## ਸਾਰਗ ਮਹਲਾ ੫ ॥

## ਠਾਕੁਰ; ਤੁਮ੍ ਸਰਣਾਈ ਆਇਆ ॥

ਹੇ ਠਾਕੁਰ = ਸੁਆਮੀ ਪਰਮੇਸ਼ਰ ਜੀ ! ਮੈਂ ਚੌਰਾਸੀ ਲੱਖ ਜੂਨਾਂ ਵਿਚ ਫਿਰਦਾ ਫਿਰਦਾ ਤੁਮ੍ = ਤੇਰੀ ਸਰਣਾਈ = ਓਟ ਵਿਚ ਆਇਆ ਹਾਂ **ਵਾ:** ਮਨੁੱਖਾ ਜਨਮ ਪਾ ਕੇ ਸਾਧ ਸੰਗਤ ਦੀ ਕਿਰਪਾ ਦੁਆਰਾ ਤੇਰੀ ਓਟ ਵਿਚ ਆਇਆ ਹਾਂ।

## ਉਤਰਿ ਗਇਓ, ਮੇਰੇ ਮਨ ਕਾ ਸੰਸਾ; ਜਬ ਤੇ ਦਰਸਨੁ ਪਾਇਆ ॥੧॥ਰਹਾਉ॥

ਹੇ ਪਰਮੇਸ਼ਰ ! ਤਦੋਂ ਦਾ ਮੇਰੇ = ਸਾਡੇ ਮਨ = ਚਿੱਤ ਕਾ = ਦਾ ਪ੍ਰਮੇਯਗਤ, ਪ੍ਰਮਾਣਗਤ ਆਦਿ ਸੰਸਾ ਉਤਰਿ = ਲਹਿ ਗਇਓ = ਗਿਆ ਹੈ, ਜਬ = ਜਦ ਤੇ = ਤੋਂ ਅਸੀਂ ਤੇਰੇ ਦਰਸਨੁ = ਦੀਦਾਰਾਂ ਨੂੰ ਪਾਇਆ = ਪਾਉਣਾ ਕੀਤਾ ਹੈ ॥੧॥ਰਹਾਉ॥

## ਅਨਬੋਲਤ, ਮੇਰੀ ਬਿਰਥਾ ਜਾਨੀ; ਅਪਨਾ ਨਾਮੁ ਜਪਾਇਆ ॥

ਹੇ ਪ੍ਰਭੂ ! ਅਨਬੋਲਤ = ਬਗ਼ੈਰ ਬੋਲਣ ਚੱਲਣ ਤੋਂ ਹੀ ਤੂੰ ਅੰਤਰਜਾਮਤਾ ਦੇ ਨਾਲ ਮੇਰੀ = ਸਾਡੀ ਹਉਮੈ ਆਦਿ ਦੀ ਬਿਰਥਾ = ਪੀੜਾ ਜਾਨੀ = ਜਾਣ ਲਈ ਹੈ ਅਤੇ ਇਸ ਪੀੜਾ ਨੂੰ ਮੇਟਣ ਵਾਸਤੇ ਸਾਡੇ ਕੋਲੋਂ ਗੁਰਾਂ ਦੁਆਰਾ ਆਪਣਾ ਨਾਮ ਜਪਾਇਆ = ਜਪਾਉਣਾ ਕੀਤਾ ਹੈ।

## ਦੂਖ ਨਾਠੇ, ਸੁਖ ਸਹਜਿ ਸਮਾਏ; ਅਨਦ ਅਨਦ ਗੁਣ ਗਾਇਆ ॥੧॥

ਹੇ ਅਨੰਦ ਸਰੂਪ ਪਰਮੇਸ਼ਰ ! ਜਦ ਤੋਂ ਤੇਰੇ ਗੁਣਾਂ ਨੂੰ ਗਾਇਆ = ਗਾਇਨ ਕਰਕੇ ਅਨੰਦ ਦੀ ਪ੍ਰਾਪਤੀ ਹੋਈ ਹੈ **ਵਾ:** ਅਨਦ = ਸੁਖ ਦੇ ਸਹਿਤ ਤੇਰੇ ਗੁਣਾਂ ਨੂੰ ਗਾਉਣਾ ਕੀਤਾ ਹੈ **ਵਾ:** (ਅਨ + ਦ) ਦ = ਦਵੈਤ ਤੋਂ ਅਨ = ਰਹਿਤ ਹੋ ਗਏ ਹਾਂ, ਤਦੋਂ ਦੇ ਜੰਮਣ ਮਰਨ ਦੇ ਦੁੱਖ ਨਾਠੇ = ਨੱਸ ਗਏ ਹਨ ਅਤੇ ਸੁਖ ਸਹਜਿ = ਅਚੁੱਤ ਸੁਖ **ਵਾ:** ਸਹਜਿ = ਸੁਤੇ-ਸਿੱਧ ਤੇਰੇ ਸੁਖ ਸਰੂਪ ਵਿਚ ਸਮਾਏ = ਸਮਾਅ, ਲੀਨ ਹੋ ਗਏ ਹਾਂ ॥੧॥

## ਬਾਹ ਪਕਰਿ, ਕਢਿ ਲੀਨੇ ਅਪੁਨੇ; ਗ੍ਰਿਹ ਅੰਧ ਕੂਪ ਤੇ ਮਾਇਆ ॥

ਹੇ ਪਰਮੇਸ਼ਰ ! ਗ੍ਰਿਹ = ਗ੍ਰਿਹਸਥ ਰੂਪ ਅੰਧ = ਅੰਨ੍ਹੇ ਕੂਪ = ਖੂਹ ਤੇ = ਅਤੇ ਮਾਇਆ ਦੇ ਮੋਹ ਰੂਪੀ ਹਨੇਰੇ ਵਿੱਚੋਂ ਤੂੰ ਆਪ ਹੀ ਕਿਰਪਾ ਕਰਕੇ ਅਪੁਨੇ = ਆਪਣੇ ਦਾਸ ਜਾਣ ਕੇ ਮੈਨੂੰ ਵਿਰਤੀ ਰੂਪ ਬਾਹ = ਭੁਜਾ ਤੋਂ ਪਕਰਿ = ਪਕੜ ਕੇ ਬਾਹਰ ਕੱਢ ਲੀਨੇ = ਲਿਆ ਹੈ।

## ਕਹੁ ਨਾਨਕ, ਗੁਰਿ ਬੰਧਨ ਕਾਟੇ; ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਗੁਰਿ = ਸਤਿਗੁਰਾਂ ਨੇ ਮੇਰੇ ਹੰਗਤਾ ਮਮਤਾ, ਜੰਮਣ ਮਰਣ ਤੇ ਮਾਇਆ ਦੇ ਮੋਹ ਦੇ ਆਦਿ ਸਾਰੇ ਬੰਧਨ = ਜੰਜਾਲ ਕਾਟੇ = ਕੱਟ ਦਿੱਤੇ ਹਨ ਅਤੇ ਮੈਨੂੰ ਬਿਛੁਰਤ = ਵਿਛੁੜੇ ਹੋਏ ਨੂੰ ਆਪਣੀ ਸ਼ਰਨ ਵਿਚ ਆਨਿ = ਲਿਆ ਕੇ ਤੂੰ ਆਪਣੇ ਸਰੂਪ ਵਿਚ ਮਿਲਾਇਆ = ਮਿਲਾ ਲਿਆ ਹੈ ॥੨॥੫੧॥੭੪॥

[ਅੰਗ ੧੨੧੯]

## ਸਾਰਗ ਮਹਲਾ ੫ ॥

## ਹਰਿ ਕੇ ਨਾਮ ਕੀ; ਗਤਿ ਠਾਂਢੀ ॥

ਹੇ ਭਾਈ ! ਹਰਿ = ਪਰਮੇਸ਼ਰ ਕੇ = ਦੇ ਨਾਮ ਕੀ = ਦੀ ਗਤਿ = ਗਤੀ, ਮਰਯਾਦਾ ਚਿੱਤ ਨੂੰ ਠਾਂਢੀ = ਸ਼ਾਂਤੀ ਦੇਣ ਵਾਲੀ ਹੈ **ਵਾ:** ਅਗਿਆਨ ਰੂਪ ਸੂਰਜ ਦੀਆਂ ਰਾਗ ਦਵੈਖ ਰੂਪੀ ਕਿਰਨਾਂ ਤੇ ਤ੍ਰਿਸ਼ਨਾ ਰੂਪੀ ਧੁੱਪ ਨਾਲ ਦੁਖੀ ਕੀਤੇ ਚਿੱਤ ਵਿਚ ਠੰਢ ਪਾਉਣ ਵਾਲੀ ਹੈ **ਵਾ:** ਪਰਮੇਸ਼ਰ ਦੇ ਨਾਮ ਦੀ ਇਹ ਰੀਤੀ ਹੈ ਕਿ ਜੋ ਪੁਰਖ ਨਾਮ ਜਪਦਾ ਹੈ, ਉਸ ਦੇ ਚਿੱਤ ਦੀ ਵਿਰਤੀ ਠੰਢੀ, ਸ਼ਾਂਤ ਹੋ ਜਾਂਦੀ ਹੈ **ਵਾ:** ਠਾਂਢੀ = ਖੜੀ ਭਾਵ ਭਟਕਣ ਤੋਂ ਹਟ ਜਾਂਦੀ ਹੈ।

## ਬੇਦ, ਪੁਰਾਨ, ਸਿਮ੍ਰਿਤਿ, ਸਾਧੂ ਜਨ; ਖੋਜਤ ਖੋਜਤ ਕਾਢੀ ॥੧॥ਰਹਾਉ॥

ਚਾਰ ਬੇਦ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ, ਸਾਧੂ = ਸ੍ਰੇਸ਼ਟ ਜਨ = ਪੁਰਖਾਂ, ਵੇਦਾਂ ਸ਼ਾਸਤਰਾਂ ਦੇ ਸਿਧਾਂਤ ਨੂੰ ਖੋਜਤ = ਖੋਜਣ ਵਾਲਿਆਂ ਅਤੇ ਸਿੰਮ੍ਰਿਤੀਆਂ ਦੇ ਸਿਧਾਂਤ ਨੂੰ ਖੋਜਤ = ਖੋਜਣ ਵਾਲਿਆਂ ਆਦਿ ਸਭ ਨੇ ਸੰਮਤੀ ਕਰਕੇ ਇਹ ਵੀਚਾਰ ਕਾਢੀ = ਕੱਢੀ, ਪ੍ਰਗਟ ਕੀਤੀ ਹੈ ॥੧॥ਰਹਾਉ॥ ਕਿ :

## ਸਿਵ ਬਿਰੰਚ ਅਰੁ ਇੰਦ੍ਰ ਲੋਕ; ਤਾ ਮਹਿ ਜਲਤੌ ਫਿਰਿਆ ॥

ਜੇ ਪੁਰਖ ਸਿਵ ਪੁਰੀ, ਬਿਰੰਚ = ਬ੍ਰਹਮਾ ਦੀ ਪੁਰੀ ਅਰੁ = ਅਤੇ ਇੰਦ੍ਰ ਲੋਕ ਵਿਚ ਵੀ ਚਲਿਆ ਜਾਵੇ, ਤਾ = ਤਦ ਵੀ ਸਕਾਮੀ ਪੁਰਖ ਤ੍ਰਿਸ਼ਨਾ ਈਰਖਾ, ਕਾਲ ਰੂਪੀ ਅੱਗ ਦੇ ਮਹਿ = ਵਿਚ ਜਲਤੌ = ਜਲਦਾ ਫਿਰਿਆ = ਫਿਰਦਾ ਹੈ।

## ਸਿਮਰਿ ਸਿਮਰਿ ਸੁਆਮੀ ਭਏ ਸੀਤਲ; ਦੂਖੁ ਦਰਦੁ ਭ੍ਰਮੁ ਹਿਰਿਆ ॥੧॥

ਸੁਆਮੀ = ਮਾਲਕ ਪਰਮੇਸ਼ਰ ਦੇ ਸਿਮਰਿ = ਸਿਮਰਨ ਨੂੰ ਸਿਮਰਿ = ਯਾਦ ਕਰਨ ਵਾਲੇ ਪੁਰਖਾਂ ਦੇ ਹਿਰਦੇ ਈਰਖਾ ਦੀ ਤਪਸ਼ ਵੱਲੋਂ ਸੀਤਲ = ਠੰਢੇ ਭਏ = ਹੋ ਗਏ ਹਨ ਅਤੇ ਉਨ੍ਹਾਂ ਦਾ ਜੰਮਣ ਮਰਣ ਦਾ ਦੂਖੁ = ਦੁੱਖ, ਅਵਿਦਿਆ ਦੀ ਦਰਦੁ = ਪੀੜਾ ਤੇ ਸਰੂਪ ਦਾ ਭਰਮ ਆਦਿ ਸਭ ਕੁਝ ਹਿਰਿਆ = ਨਾਸ਼ ਹੋ ਗਿਆ ਹੈ ॥੧॥

## ਜੋ ਜੋ ਤਰਿਓ ਪੁਰਾਤਨੁ ਨਵਤਨੁ; ਭਗਤਿ ਭਾਇ ਹਰਿ ਦੇਵਾ ॥

ਜੋ ਜੋ = ਜਿਹੜਾ ਜਿਹੜਾ ਵੀ ਪੁਰਾਤਨੁ = ਪੁਰਾਣੇ, ਪਿਛਲੇ ਯੁੱਗਾਂ ਦੇ ਸਮੇਂ ਵਿਚ ਜਾਂ ਨਵਤਨੁ = ਨਵੀਨ ਸਮੇਂ ਭਾਵ ਹੁਣ ਇਸ ਕਲਿਜੁਗ ਦੇ ਸਮੇਂ ਵਿਚ ਤਰਿਓ = ਤਰਿਆ ਹੈ, ਉਹ ਦੇਵਾ = ਪ੍ਰਕਾਸ਼ ਸਰੂਪ ਹਰਿ = ਪਰਮੇਸ਼ਰ ਦੀ ਭਾਇ = ਪ੍ਰੇਮਾ ਭਗਤਿ = ਭਗਤੀ ਕਰਕੇ ਹੀ ਤਰਿਆ ਹੈ। ਆਪਣੇ ਆਪ ਕੋਈ ਨਹੀਂ ਤਰਿਆ।

## ਨਾਨਕ ਕੀ ਬੇਨੰਤੀ ਪ੍ਰਭ ਜੀਉ; ਮਿਲੈ ਸੰਤ ਜਨ ਸੇਵਾ ॥੨॥੫੨॥੭੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮੇਸ਼ਰ ਜੀਉ = ਜੀ ! ਸਾਡੀ ਜਨਾਂ ਕੀ = ਦੀ ਆਪ ਜੀ ਦੇ ਚਰਨਾਂ ਵਿਚ ਇਕ ਬੇਨੰਤੀ = ਅਰਜ਼ੋਈ ਹੈ, ਮੈਨੂੰ ਤੇਰੀ ਬੰਦਗੀ ਕਰਨ ਵਾਲੇ ਸੰਤਾਂ, ਭਗਤ ਜਨਾਂ ਦੀ ਸੇਵਾ = ਟਹਿਲ ਕਰਨੀ ਮਿਲੈ = ਪ੍ਰਾਪਤ ਹੋਵੇ ॥੨॥੫੨॥੭੫॥

## ਸਾਰਗ ਮਹਲਾ ੫ ॥

## ਜਿਹਵੇ; ਅੰਮ੍ਰਿਤ ਗੁਣ ਹਰਿ ਗਾਉ ॥

ਹੇ ਜਿਹਵੇ = ਜੀਭਾ **ਵਾ:** ਹੇ ਭਾਈ ! ਜਿਹਵੇ = ਰਸਨਾ ਦੇ ਨਾਲ ਹਰਿ = ਪਰਮੇਸ਼ਰ ਦੇ ਅੰਮ੍ਰਿਤ = ਅਮਰ ਕਰਨ ਵਾਲੇ ਸ਼ੁਭ ਗੁਣਾਂ ਨੂੰ ਗਾਉ = ਗਾਉਣਾ ਕਰ।

## ਹਰਿ ਹਰਿ ਬੋਲਿ, ਕਥਾ ਸੁਨਿ ਹਰਿ ਕੀ;
## ਉਚਰਹੁ ਪ੍ਰਭ ਕੋ ਨਾਉ ॥੧॥ਰਹਾਉ॥

ਹੇ ਭਾਈ ! ਸਾਰਿਆਂ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਹਰ ਵਕਤ ਬੋਲਿ = ਬੋਲਿਆ, ਜਪਿਆ ਕਰ, ਹਰਿ = ਪਰਮੇਸ਼ਰ ਕੀ = ਦੀ ਸਰੂਪ ਲੱਖਣ, ਤਟੱਸਥੀ ਲੱਖਣਾ ਵਾਲੀ ਕਥਾ

ਨੂੰ ਕੰਨਾਂ ਦੇ ਨਾਲ ਸੁਨਿ = ਸ੍ਰਵਨ ਕਰਿਆ ਕਰ ਅਤੇ ਰਸਨਾ ਨਾਲ ਪ੍ਰਭ = ਪਰਮੇਸ਼ਰ ਕੋ = ਦਾ ਨਾਉ = ਨਾਮ ਉਚਰਹੁ = ਉਚਾਰਿਆ ਕਰ ॥੧॥ਰਹਾਉ॥

## ਰਾਮ ਨਾਮੁ ਰਤਨ ਧਨੁ ਸੰਚਹੁ; ਮਨਿ ਤਨਿ ਲਾਵਹੁ ਭਾਉ ॥

ਰਾਮ = ਪਰਮੇਸ਼ਰ ਦੇ ਨਾਮ ਰੂਪੀ ਰਤਨ = ਅਮੋਲਕ ਧਨ ਨੂੰ ਪ੍ਰਲੋਕ ਦੇ ਖ਼ਰਚੇ ਲਈ ਸੰਚਹੁ = ਇਕੱਤਰ ਕਰ ਅਤੇ ਮਨਿ = ਚਿੱਤ ਤੇ ਤਨਿ = ਸਰੀਰ ਵਿਚ ਪ੍ਰਭੂ ਪ੍ਰਾਪਤੀ ਵਾਲਾ ਭਾਉ = ਪ੍ਰੇਮ ਲਾਵਹੁ = ਲਾਉਣਾ ਕਰ **ਵਾ:**

***ਪ੍ਰਸ਼ਨ :*** *ਪਰਮੇਸ਼ਰ ਦਾ ਨਾਮ ਰੂਪੀ ਧਨ ਇਕੱਤਰ ਕਿਵੇਂ ਹੁੰਦਾ ਹੈ ?*

***ਗੁਰ-ਉੱਤਰ :*** ਮਨ ਤੇ ਤਨ ਵਿਚ ਇਕ-ਰਸ ਪ੍ਰਭੂ ਪ੍ਰਾਪਤੀ ਵਾਲਾ ਪ੍ਰੇਮ ਹੋਵੇ ਤਾਂ ਇਹ ਨਾਮ ਰੂਪੀ ਧਨ ਇਕੱਤਰ ਹੁੰਦਾ ਹੈ।

## ਆਨੁ ਬਿਭੂਤ ਮਿਥਿਆ ਕਰਿ ਮਾਨਹੁ; ਸਾਚਾ ਇਹੈ ਸੁਆਉ ॥੧॥

ਆਨ = ਹੋਰ ਹਾਥੀ, ਘੋੜੇ, ਪਦਾਰਥ ਤੇ ਮਾਇਆ ਆਦਿ ਸਭ ਕੁਝ ਮਿਥਿਆ = ਝੂਠਾ, ਅਣਹੋਇਆ ਕਰਿ = ਕਰਕੇ ਮਾਨਹੁ = ਮੰਨਣਾ ਕਰ, ਕੇਵਲ ਇਹੋ ਹੀ ਸਾਚਾ = ਸੱਚਾ ਸੁਆਉ = ਪ੍ਰਯੋਜਨ, ਲਾਭ ਹੈ, ਜਿਹੜਾ ਪ੍ਰਭੂ ਨਾਮ ਵਿਚ ਚਿੱਤ ਦਾ ਜੁੜਨਾ ਹੈ ॥੧॥

## ਜੀਅ ਪ੍ਰਾਨ ਮੁਕਤਿ ਕੋ ਦਾਤਾ; ਏਕਸ ਸਿਉ ਲਿਵ ਲਾਉ ॥

ਜੋ ਸਾਰੇ ਜੀਅ = ਜੀਵਾਂ ਨੂੰ ਪ੍ਰਾਨ = ਪ੍ਰਾਣ, ਦੇਣ ਵਾਲਾ ਹੈ, ਭਾਵ ਜੀਵਾਂ ਵਿਚ ਆਪਣੀ ਚੇਤਨ ਸੱਤਾ ਪਾਉਣ ਵਾਲਾ ਹੈ ਤੇ ਮੁਕਤਿ = ਮੁਕਤੀ ਕੋ = ਦਾ ਦਾਤਾ ਹੈ, ਉਸ ਏਕਸ = ਇਕ ਅਕਾਲ ਪੁਰਖ ਦੇ ਸਿਉ = ਨਾਲ ਆਪਣੇ ਚਿੱਤ ਦੀ ਲਿਵ = ਬਿਰਤੀ ਨੂੰ ਲਾਉ = ਲਾਉਣਾ ਕਰੋ।

## ਕਹੁ ਨਾਨਕ, ਤਾ ਕੀ ਸਰਣਾਈ;
## ਦੇਤ ਸਗਲ ਅਪਿਆਉ ॥੨॥੫੩॥੭੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਾ = ਉਸ ਪਰਮੇਸ਼ਰ ਕੀ = ਦੀ ਸਰਣਾਈ = ਓਟ ਵਿਚ ਪੈਣਾ ਕਰੋ, ਜੋ ਸਗਲ = ਸਾਰਿਆਂ ਨੂੰ ਪ੍ਰਤੱਖ ਅਪਿਆਉ = ਭੋਜਨ ਦੇਤ = ਦੇਣ ਵਾਲਾ ਹੈ **ਵਾ:** ਨਾਮ ਅੰਮ੍ਰਿਤ ਰੂਪੀ ਭੋਜਨ ਦੇਣ ਵਾਲਾ ਹੈ ॥੨॥੫੩॥੭੬॥

## ਸਾਰਗ ਮਹਲਾ ੫ ॥
## ਹੋਤੀ ਨਹੀ; ਕਵਨ ਕਛੁ ਕਰਣੀ ॥

ਹੇ ਪਰਮੇਸ਼ਰ ! ਅਸੀਂ ਕਵਨ = ਕੌਣ ਹਾਂ ਜੋ ਆਪਣੇ ਆਪ ਕਛੁ = ਕੁਝ ਭਗਤੀ ਰੂਪ ਕਰਣੀ = ਕਮਾਈ ਕਰ ਸਕੀਏ, ਕਿਉਂਕਿ ਤੇਰੀ ਕਿਰਪਾ ਤੋਂ ਬਗ਼ੈਰ ਸਾਡੇ ਕੋਲੋਂ ਭਗਤੀ ਰੂਪ ਕਮਾਈ ਆਪੋਂ ਨਹੀਂ ਹੋਤੀ = ਹੁੰਦੀ।

## ਇਹੈ ਓਟ ਪਾਈ ਮਿਲਿ ਸੰਤਹ; ਗੋਪਾਲ ਏਕ ਕੀ ਸਰਣੀ ॥੧॥ਰਹਾਉ॥

ਹੁਣ ਅਸੀਂ ਸੰਤਹ = ਸੰਤ ਜਨਾਂ ਦੀ ਸੰਗਤ ਨਾਲ ਮਿਲਿ = ਮਿਲਾਪ ਕਰਕੇ ਇਹੈ = ਇਹੋ ਓਟ = ਟੇਕ ਪਾਈ = ਪਾਉਣਾ ਕੀਤੀ ਹੈ ਕਿ ਏਕ = ਇਕ ਗੋਪਾਲ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਕੀ = ਦੀ ਸਰਣੀ = ਓਟ ਗ੍ਰਹਿਣ ਹੀ ਕਰਨੀ ਉੱਤਮ ਹੈ ॥੧॥ਰਹਾਉ॥

## ਪੰਚ ਦੋਖ ਛਿਦ੍ਰ ਇਆ ਤਨ ਮਹਿ; ਬਿਖੈ ਬਿਆਧਿ ਕੀ ਕਰਣੀ ॥

ਇਆ = ਇਸ ਤਨ = ਸਰੀਰ ਮਹਿ = ਵਿਚ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਪੰਚ = ਪੰਜ ਦੋਖ = ਦੋਸ਼ ਹਨ ਤੇ ਪਰਾਈ ਨਿੰਦਿਆ ਕਰਨੀ, ਕਿਸੇ ਨੂੰ ਦੁੱਖ ਦੇਣਾ ਆਦਿ ਇਹ ਛਿਦ੍ਰ = ਛੇਕ ਪਏ ਹੋਏ ਹਨ ਅਤੇ ਸਾਡੀ ਇਹ ਦੇਹ ਬਿਖੈ = ਵਿਸ਼ੇ ਰੂਪੀ ਬਿਆਧਿ = ਰੋਗਾਂ ਕੀ = ਦੀ ਪੈਦਾਇਸ਼ ਕਰਣੀ = ਕਰਨ ਵਾਲੀ ਹੈ **ਵਾ**: ਅਸੀਂ ਇਸ ਸਰੀਰ ਨਾਲ ਵਿਸ਼ਿਆਂ ਰੂਪੀ ਰੋਗਾਂ ਦੀ ਕਰਨੀ ਹੀ ਕਰਦੇ ਹਾਂ।

## ਆਸ ਅਪਾਰ, ਦਿਨਸ ਗਣਿ ਰਾਖੇ; ਗ੍ਰਸਤ ਜਾਤ ਬਲੁ, ਜਰਣੀ ॥੧॥

ਸਾਨੂੰ ਜਿਉਣ ਦੀ ਅਪਾਰ = ਪਾਰਾਵਾਰ ਤੋਂ ਰਹਿਤ ਬੜੀ ਆਸ = ਉਮੀਦ ਲੱਗੀ ਹੋਈ ਹੈ **ਵਾ**: ਪਦਾਰਥਾਂ ਦੀ ਅਪਾਰ = ਬੇਅੰਤ ਆਸਾ ਲੱਗੀ ਹੋਈ ਹੈ ਤੇ ਅਸੀਂ ਜ਼ਿੰਦਗੀ ਦੇ ਦਿਨਸ = ਦਿਨ ਵੀ ਗਣਿ = ਗਿਣ ਰਾਖੇ = ਰੱਖੇ ਹਨ, ਜਰਣੀ = ਬਿਰਧ ਅਵਸਥਾ ਦੇ ਆਉਣ ਨਾਲ ਜਵਾਨੀ ਦਾ ਬਲ ਵੀ ਗ੍ਰਸਤ = ਗ੍ਰਸੀ ਜਾਤ = ਜਾ ਰਿਹਾ ਹੈ ॥੧॥

## ਅਨਾਥਹ ਨਾਥ, ਦਇਆਲ ਸੁਖ ਸਾਗਰ; ਸਰਬ ਦੋਖ ਭੈ ਹਰਣੀ ॥

ਹੇ ਅਨਾਥਹ = ਗ਼ਰੀਬਾਂ ਦੇ ਨਾਥ = ਸੁਆਮੀ, ਦਇਆਲ = ਦਇਆ ਦੇ ਘਰ, ਸੁੱਖਾਂ ਦੇ ਸਾਗਰ = ਸਮੁੰਦਰ, ਸਰਬ = ਸਾਰੇ ਦੋਖ = ਦੋਸ਼ਾਂ ਤੇ ਭੈ = ਡਰਾਂ ਨੂੰ ਹਰਣੀ = ਮੇਟਣ ਵਾਲੇ ਪਰਮੇਸ਼ਰ !

## ਮਨਿ ਬਾਂਛਤ ਚਿਤਵਤ ਨਾਨਕ ਦਾਸ;
## ਪੇਖਿ ਜੀਵਾ ਪ੍ਰਭ ਚਰਣੀ ॥੨॥੫੪॥੭੭॥

ਸਤਿਗੁਰੂ ਜੀ ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਅਸੀਂ ਮਨਿ ਬਾਂਛਤ = ਮਨ ਇੱਛਤ ਇਹੋ ਫਲ ਚਿਤਵਤ = ਚਿਤਵਦੇ ਹਾਂ ਕਿ ਹੇ ਪ੍ਰਭ = ਪਰਮੇਸ਼ਰ ! ਅਸੀਂ ਤੇਰੇ ਚਰਣੀ = ਚਰਨਾਂ ਕਮਲਾਂ ਨੂੰ ਪੇਖਿ = ਵੇਖ ਵੇਖ ਕੇ ਜੀਵਾਂ = ਜਿਉਂਦੇ ਰਹਿਣਾ ਕਰੀਏ ॥੨॥੫੪॥੭੭॥

## ਸਾਰਗ ਮਹਲਾ ੫ ॥
## ਫੀਕੇ; ਹਰਿ ਕੇ ਨਾਮ ਬਿਨੁ ਸਾਦ ॥

ਹੇ ਭਾਈ ! ਹਰਿ = ਪਰਮੇਸ਼ਰ ਕੇ = ਦੇ ਨਾਮ ਤੋਂ ਬਿਨੁ = ਬਗ਼ੈਰ ਸ਼ਬਦ, ਸਪਰਸ਼, ਰੂਪ, ਰਸ ਗੰਧ ਆਦਿ ਵਿਸ਼ਿਆਂ ਦੇ ਸਾਦ = ਸੁਆਦ ਫੀਕੇ = ਫਿੱਕੇ, ਬੇਰਸੀ ਕਰਨ ਵਾਲੇ ਹਨ **ਵਾ**: ਅੰਤ ਨੂੰ ਜਮਾਂ ਦੇ ਹਵਾਲੇ ਫੀਕੇ = ਫੈਂਕ ਦੇਣ ਵਾਲੇ ਹਨ।

## ਅੰਮ੍ਰਿਤ ਰਸੁ ਕੀਰਤਨੁ ਹਰਿ ਗਾਈਐ;
## ਅਹਿਨਿਸਿ ਪੂਰਨ ਨਾਦ ॥੧॥ਰਹਾਉ॥

ਹੇ ਭਾਈ ! ਨਾਮ ਅੰਮ੍ਰਿਤ ਦਾ ਰਸ ਦੇਣ ਵਾਲਾ **ਵਾ**: ਅੰਮ੍ਰਿਤ = ਅਮਰ ਕਰਨ ਵਾਲਾ ਤੇ ਬ੍ਰਹਮਾਨੰਦ ਰੂਪੀ ਰਸ ਦੇਣ ਵਾਲਾ ਹਰਿ = ਪਰਮੇਸ਼ਰ ਦਾ ਕੀਰਤਨੁ = ਜੱਸ ਗਾਈਐ = ਗਾਉਣਾ ਕਰੀਏ, ਜੋ ਗਾਉਂਦਾ ਹੈ, ਉਸ ਦੇ ਅਹਿਨਿਸਿ = ਰਾਤ ਦਿਨੇ ਗੁਰਾਂ ਦੇ ਨਾਦ = ਸ਼ਬਦਾਂ ਦੇ ਨਾਲ ਕੰਨ ਪੂਰਨ = ਭਰੇ ਰਹਿੰਦੇ ਹਨ **ਵਾ**: ਉਹ ਹਰ ਵਕਤ ਸ਼ਬਦਾਂ ਰੂਪੀ ਨਾਦ = ਵਾਜਿਆਂ ਨੂੰ ਪੂਰਨ = ਪੂਰਦਾ ਰਹਿੰਦਾ ਹੈ **ਵਾ**: ਉਹ ਰਾਤ ਦਿਨੇ ਪੂਰਨ = ਵਿਆਪਕ ਪਰਮੇਸ਼ਰ ਦੇ ਜੱਸ ਰੂਪੀ ਵਾਜਿਆਂ ਨੂੰ ਵਜਾਉਂਦਾ ਰਹਿੰਦਾ ਹੈ ॥੧॥ਰਹਾਉ॥

## ਸਿਮਰਤ ਸਾਂਤਿ ਮਹਾ ਸੁਖੁ ਪਾਈਐ; ਮਿਟਿ ਜਾਹਿ ਸਗਲ ਬਿਖਾਦ ॥

ਪਰਮੇਸ਼ਰ ਦੇ ਨਾਮ ਦਾ ਸਿਮਰਤ = ਸਿਮਰਨ ਕਰਕੇ ਆਤਮਿਕ ਸ਼ਾਂਤਿ = ਸ਼ਾਂਤੀ ਤੇ ਮਹਾ = ਵੱਡਾ ਸੁਖੁ = ਅਨੰਦ ਭਾਵ ਬ੍ਰਹਮਾਨੰਦ ਰੂਪੀ ਸੁਖ ਪਾਈਐ = ਪਾ ਲਈਦਾ ਹੈ ਅਤੇ ਸਗਲ = ਸਾਰੇ ਬਿਖਾਦ = ਦੁੱਖ ਮਿਟਿ = ਨਵਿਰਤ ਹੋ ਜਾਹਿ = ਜਾਂਦੇ ਹਨ **ਵਾ:** ਵਿਸ਼ਿਆਂ ਦੇ ਅਦਨ (ਖਾਣ ਵਾਲੇ) ਭਰਨ ਵਾਲੇ ਫੁਰਨੇ ਵੀ ਮਿਟ ਜਾਂਦੇ ਹਨ।

## ਹਰਿ ਹਰਿ ਲਾਭੁ ਸਾਧਸੰਗਿ ਪਾਈਐ; ਘਰਿ ਲੈ ਆਵਹੁ ਲਾਦਿ ॥੧॥

ਸਭ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਸਿਮਰਨ ਦਾ ਲਾਭੁ = ਨਫ਼ਾ ਸਾਧਸੰਗਿ = ਸਾਧਸੰਗਤ ਵਿੱਚੋਂ ਹੀ ਪਾਈਐ = ਪਾਉਣਾ ਕਰੀਦਾ ਹੈ, ਇਸ ਕਰਕੇ ਸਾਧਸੰਗਤ ਰੂਪੀ ਘਰ ਵਿੱਚੋਂ ਆਪਣੇ ਰਿਦੇ ਰੂਪੀ ਗੱਡੇ 'ਤੇ ਹਰੀ ਦਾ ਸਿਮਰਨ ਰੂਪੀ ਖ਼ਰਚ ਲਾਦਿ = ਲੱਦ ਕੇ ਲੈ ਆਵਹੁ = ਆਉਣਾ ਕਰੋ **ਵਾ:** ਪ੍ਰਲੋਕ ਰੂਪੀ ਘਰ ਵਿਚ ਰਿਦੇ ਰੂਪੀ ਗੱਡੇ 'ਤੇ ਲੱਦ ਕੇ ਲੈ ਆਵੋ ॥੧॥

## ਸਭ ਤੇ ਊਚ, ਊਚ ਤੇ ਊਚੋ; ਅੰਤੁ ਨਹੀ ਮਰਜਾਦ ॥

ਸਭ = ਸਾਰੇ ਜੀਵਾਂ ਤੇ = ਤੋਂ ਊਚ = ਉੱਚੇ ਮਨੁੱਖ ਹਨ, ਮਨੁੱਖਾਂ ਤੋਂ ਦੇਵਤੇ ਊਚ = ਉੱਚੇ ਹਨ ਤੇ ਉਹ ਪਰਮੇਸ਼ਰ ਦੇਵਤਿਆਂ ਤੋਂ ਵੀ ਉੱਚਾ ਹੈ **ਵਾ:** ਸਭ = ਸਾਰਿਆਂ ਤੇ = ਤੋਂ ਊਚ = ਉੱਚੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤਿੰਨੇ ਦੇਵਤੇ ਊਚ = ਉੱਚੇ ਮੰਨੇ ਹਨ, ਉਨ੍ਹਾਂ ਊਚ = ਉੱਚਿਆਂ ਤੇ = ਤੋਂ ਵੀ ਪਰਮੇਸ਼ਰ ਊਚੋ = ਉੱਚਾ ਹੈ **ਵਾ:** ਵੈਰਾਟ, ਹਿਰਨ ਗਰਭ, ਅੱਭਿਆਕ੍ਰਿਤ ਆਦਿ ਤੋਂ ਉੱਚਾ ਹੈ, ਇਸੇ ਕਰਕੇ ਉਸ ਪਰਮੇਸ਼ਰ ਦੀ ਮਰਜਾਦ = ਮਰਯਾਦਾ ਦਾ ਅੰਤੁ = ਅਖ਼ੀਰ ਨਹੀਂ ਪਾਇਆ ਜਾ ਸਕਦਾ।

## ਬਰਨਿ ਨ ਸਾਕਉ, ਨਾਨਕ ਮਹਿਮਾ;
## ਪੇਖਿ ਰਹੇ ਬਿਸਮਾਦ ॥੨॥੫੫॥੭੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਐਸੇ ਪਰਮੇਸ਼ਰ ਦੀ ਮਹਿਮਾ = ਵਡਿਆਈ ਬਰਨਿ = ਕਥਨ ਨ = ਨਹੀਂ ਕਰ ਸਾਕਉ = ਸਕਦੇ, ਸਗੋਂ ਉਸ ਦੀ ਵਡਿਆਈ ਨੂੰ ਪੇਖਿ = ਵੇਖ ਵੇਖ ਕੇ ਬਿਸਮਾਦ = ਅਸਚਰਜ ਹੀ ਹੋ ਰਹੇ ਹਾਂ ॥੨॥੫੫॥੭੮॥

## ਸਾਰਗ ਮਹਲਾ ੫ ॥
## ਆਇਓ; ਸੁਨਨ ਪੜਨ ਕਉ ਬਾਣੀ ॥

ਹੇ ਜੀਵ! ਤੂੰ ਸਤਿਨਾਮ ਰੂਪੀ ਬਾਣੀ ਕਉ = ਦੇ ਪੜ੍ਹਨ ਤੇ ਸੁਣਨ ਵਾਸਤੇ ਮਨੁੱਖਾ ਜਨਮ ਧਾਰ ਕੇ ਦੁਨੀਆਂ ਵਿਚ ਆਇਓ = ਆਇਆ ਸੀ।

## ਨਾਮੁ ਵਿਸਾਰਿ, ਲਗਹਿ ਅਨ ਲਾਲਚਿ;
## ਬਿਰਥਾ ਜਨਮੁ ਪਰਾਣੀ ॥੧॥ਰਹਾਉ॥

ਪਰ ਤੂੰ ਪਰਮੇਸ਼ਰ ਦੇ ਨਾਮ ਨੂੰ ਵਿਸਾਰਿ = ਭੁਲਾ ਕੇ ਅਨ = ਹੋਰਨਾਂ ਪਦਾਰਥਾਂ ਦੇ **ਵਾ:** ਅਨ = ਹੋਰ ਦਵੈਤ ਦੇ ਲਾਲਚ ਵਿਚ ਲਗਹਿ = ਲੱਗ ਗਿਆ ਹੈਂ, ਇਸ ਲਈ ਹੇ ਪਰਾਣੀ = ਪ੍ਰਾਣਾਧਾਰੀ ਜੀਵ! ਤੇਰਾ ਮਨੁੱਖਾ ਜਨਮ ਬਿਰਥਾ = ਬੇਅਰਥ ਹੀ ਜਾ ਰਿਹਾ ਹੈ ॥੧॥ਰਹਾਉ॥

## ਸਮਝੁ ਅਚੇਤ, ਚੇਤਿ ਮਨ ਮੇਰੇ; ਕਥੀ ਸੰਤਨ ਅਕਥ ਕਹਾਣੀ ॥

ਹੇ ਮੇਰੇ = ਸਾਡੇ ਅਚੇਤ = ਗਿਆਨਹੀਨ ਮਨਾਂ ! ਤੂੰ ਗੁਰ ਉਪਦੇਸ਼ ਨੂੰ ਸਮਝ ਕੇ ਪਰਮੇਸ਼ਰ ਦੇ ਨਾਮ ਨੂੰ ਚੇਤਿ = ਯਾਦ ਕਰ, ਜਿਸ ਪਰਮੇਸ਼ਰ ਦੀ ਅਕਥ = ਕਥਨ ਤੋਂ ਰਹਿਤ ਕਹਾਣੀ = ਕਥਾ ਸੰਤਨ = ਮਹਾਤਮਾ ਜਨਾਂ ਨੇ ਕਥੀ = ਕਥਨ ਕੀਤੀ ਹੈ **ਵਾ:** ਜਿਸ ਦੇ ਲੱਖਣਾ ਬਿਰਤੀ ਦੁਆਰਾ ਮਹਾਤਮਾ ਜਨਾਂ ਨੇ ਅਕਥ = ਕਥਨ ਤੋਂ ਰਹਿਤ ਸਰੂਪ ਦੀ ਕਥਾ ਕਥੀ = ਉਚਾਰਨ ਕੀਤੀ ਹੈ।

## ਲਾਭੁ ਲੈਹੁ, ਹਰਿ ਰਿਦੈ ਅਰਾਧਹੁ; ਛੁਟਕੈ ਆਵਣ ਜਾਣੀ ॥੧॥

ਇਸ ਮਨੁੱਖਾ ਜਨਮ ਧਾਰੇ ਦਾ ਲਾਭੁ = ਲਾਹਾ ਲੇਹੁ = ਲੈਣਾ ਕਰ **ਵਾ:** ਭਗਤੀ ਰੂਪੀ ਲਾਭ ਲੈਣਾ ਕਰ ਅਤੇ ਰਿਦੈ = ਹਿਰਦੇ ਦੇ ਵਿਚ ਹਰਿ = ਪਰਮੇਸ਼ਰ ਨੂੰ ਅਰਾਧਹੁ = ਆਰਾਧਨਾ, ਯਾਦ ਕਰ, ਫੇਰ ਤੂੰ ਜਨਮ ਧਾਰ ਕੇ ਵਾਰ ਵਾਰ ਮਾਤਾ ਦੇ ਗਰਭ ਵਿਚ ਆਵਣ = ਆਉਣ ਤੇ ਮਰ ਕੇ ਜਾਣ **ਵਾ:** ਕਾਲ ਦੇ ਮੂੰਹ ਵਿਚ ਜਾਣੀ = ਜਾਣ ਤੋਂ ਛੁਟਕੈ = ਛੁਟਕਾਰਾ ਪਾ ਲਵੇਂਗਾ ॥੧॥

## ਉਦਮੁ ਸਕਤਿ ਸਿਆਣਪ ਤੁਮਰੀ; ਦੇਹਿ ਤ ਨਾਮੁ ਵਖਾਣੀ ॥

ਹੇ ਪਰਮੇਸ਼ਰ ! ਸਤਿਸੰਗਤ ਦੇ ਨਾਲ ਮਿਲਣ ਦਾ ਉਦਮੁ = ਯਤਨ ਕਰਨਾ, **ਵਾ:** ਭਜਨ ਸਿਮਰਨ ਕਰਨ ਦਾ ਉੱਦਮ ਕਰਨਾ, ਬੁੱਧੀ ਦੇ ਅੰਦਰ ਬ੍ਰਹਮ ਗਿਆਨ ਦੀ ਪ੍ਰਾਪਤੀ ਦੀ **ਵਾ:** ਸਰੂਪ ਦੇ ਗਿਆਨ ਦੀ ਸਿਆਣਪ ਹੋਣੀ, ਵਿਕਾਰਾਂ ਨੂੰ ਜਿੱਤਣ ਵਾਲੀ ਦੈਵੀ ਗੁਣਾਂ ਰੂਪੀ ਸਕਤਿ = ਸ਼ਕਤੀ ਆਦਿ ਸਭ ਦਾਤਾਂ ਤੁਮ੍ਰੀ = ਤੇਰੇ ਕੋਲ ਹੀ ਹਨ, ਜੇ ਇਹ ਤੁਸੀਂ ਬਖ਼ਸ਼ ਦੇਹਿ = ਦੇਣਾ ਕਰੋ, ਤਾ = ਤਦ ਹੀ ਅਸੀਂ ਜੀਵ ਤੇਰਾ ਨਾਮ ਵਖਾਣੀ = ਕਥਨ ਕਰ ਸਕਦੇ ਹਾਂ।

## ਸੇਈ ਭਗਤ, ਭਗਤਿ ਸੇ ਲਾਗੇ; ਨਾਨਕ, ਜੋ ਪ੍ਰਭ ਭਾਣੀ ॥੨॥੫੬॥੭੯॥

ਸੇਈ = ਉਹੋ ਹੀ ਅਸਲੀ ਭਗਤ ਹਨ, ਸੇ = ਉਹੋ ਹੀ ਭਗਤਿ = ਭਗਤੀ ਵਿਚ ਲਾਗੇ = ਲੱਗੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ = ਜਿਹੜੇ ਪ੍ਰਭ = ਪਰਮੇਸ਼ਰ ਨੂੰ ਭਾਣੀ = ਭਾਅ ਗਏ ਹਨ।

**ਅਥਵਾ** ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮੇਸ਼ਰ ! ਜੋ = ਜਿਹੜੇ ਤੈਨੂੰ ਭਾਣੀ = ਭਾਅ ਗਏ ਹਨ, ਸੋਈ = ਉਹੋ ਹੀ ਤਿੰਨਾਂ ਲੋਕਾਂ ਵਿਚ ਭਗਤੀ ਕਰਕੇ ਜਾਣੇ ਗਏ ਹਨ ਅਤੇ ਉਹੋ ਹੀ ਤੇਰੀ ਪ੍ਰੇਮਾ-ਭਗਤੀ ਕਰਨ ਵਿਚ ਲੱਗੇ ਹਨ ॥੨॥੫੬॥੭੯॥

## ਸਾਰਗ ਮਹਲਾ ੫ ॥

## ਧਨਵੰਤ; ਨਾਮ ਕੇ ਵਣਜਾਰੇ ॥

ਜਿਹੜੇ ਸੱਚੇ ਪਰਮੇਸ਼ਰ ਦੇ ਨਾਮ ਕੇ = ਦੇ ਵਣਜਾਰੇ = ਵਣਜ ਕਰਨ ਵਾਲੇ, ਖ਼ਰੀਦਦਾਰ, ਵਪਾਰੀ ਹਨ, ਉਹੋ ਹੀ ਅਸਲੀ ਧਨਵੰਤ = ਧਨਾਢ ਪੁਰਖ ਹਨ।

## ਸਾਂਝੀ ਕਰਹੁ, ਨਾਮ ਧਨੁ ਖਾਟਹੁ; ਗੁਰ ਕਾ ਸਬਦੁ ਬੀਚਾਰੇ ॥੧॥ਰਹਾਉ॥

ਹੇ ਭਾਈ ! ਸਤਿਸੰਗਤ ਦੇ ਵਿਚ ਮਿਲ ਕੇ ਸ਼ਰਧਾ ਆਦਿ ਗੁਣਾਂ ਦੀ ਸਾਂਝੀ = ਭਾਈਵਾਲਤਾ ਕਰਹੁ = ਕਰੋ ਤੇ ਨਾਮ ਰੂਪ ਧਨ ਦੀ ਖੱਟੀ ਨੂੰ ਖਾਟਹੁ = ਖੱਟਣਾ ਕਰੋ ਅਤੇ ਗੁਰ = ਸਤਿਗੁਰਾਂ ਕਾ = ਦਾ ਸਬਦੁ = ਉਪਦੇਸ਼ ਬੀਚਾਰੇ = ਵੀਚਾਰਨਾ ਕਰੋ ॥੧॥ਰਹਾਉ॥

[ਅੰਗ ੧੨੨੦]

## ਛੋਡਹੁ ਕਪਟੁ, ਹੋਇ ਨਿਰਵੈਰਾ; ਸੋ ਪ੍ਰਭੁ ਸੰਗਿ ਨਿਹਾਰੇ ॥

ਕਿਸੇ ਨਾਲ ਕਪਟੁ = ਛਲ ਕਰਨਾ ਛੋਡਹੁ = ਛੱਡ ਦੇਵੋ, ਨਿਰਵੈਰਾ = ਵੈਰ ਤੋਂ ਰਹਿਤ ਹੋਇ = ਹੋਣਾ ਕਰੋ ਕਿਉਂਕਿ ਸੋ = ਉਹ ਪ੍ਰਭੁ = ਪਰਮੇਸ਼ਰ ਸਦਾ ਤੁਹਾਡੇ ਸੰਗਿ = ਨਾਲ, ਅੰਗ-ਸੰਗ ਹੋ ਕੇ ਸਭ ਕੁਝ ਨਿਹਾਰੇ = ਵੇਖ ਰਿਹਾ ਹੈ **ਵਾ:** ਉਸ ਪਰਮੇਸ਼ਰ ਨੂੰ ਹਰ ਵਕਤ ਆਪਣੇ ਨਾਲ ਵੇਖਣਾ ਕਰੋ।

## ਸਚੁ ਧਨੁ ਵਣਜਹੁ, ਸਚੁ ਧਨੁ ਸੰਚਹੁ; ਕਬਹੂ ਨ ਆਵਹੁ ਹਾਰੇ ॥੧॥

ਹੇ ਭਾਈ ! ਪਰਮੇਸ਼ਰ ਦੇ ਸਚੁ = ਸੱਚੇ ਨਾਮ ਰੂਪੀ ਧਨ ਨੂੰ ਸ੍ਰਵਨ ਕਰਨ ਰੂਪ ਵਣਜਹੁ = ਖ਼ਰੀਦਣਾ ਕਰੋ ਤੇ ਸਚੁ = ਸੱਚੇ ਨਾਮ ਰੂਪੀ ਧਨ ਨੂੰ ਮੰਨਣ ਕਰਨ ਰੂਪ ਸੰਚਹੁ = ਇਕੱਤਰ ਕਰੋ, ਫੇਰ ਤੁਹਾਨੂੰ ਕਬਹੂ = ਕਦੇ ਵੀ ਜੀਵਨ ਵਿਚ ਹਾਰੇ = ਹਾਰਨਾ ਨ = ਨਹੀਂ ਆਵਹੁ = ਆਵੇਗਾ **ਵਾ:** ਤੁਹਾਨੂੰ ਸੰਸਾਰ, ਵਿਸ਼ਿਆਂ ਰੂਪੀ ਜੂਏ ਵਿਚ ਕਦੇ ਵੀ ਹਾਰਨਾ ਨਹੀਂ ਆਵੇਗਾ, ਤੁਸੀਂ ਮਨੁੱਖਾ ਜਨਮ ਰੂਪੀ ਬਾਜ਼ੀ ਜਿੱਤ ਕੇ ਪ੍ਰਲੋਕ ਨੂੰ ਜਾਵੋਗੇ ॥੧॥

## ਖਾਤ ਖਰਚਤ, ਕਿਛੁ ਨਿਖੁਟਤ ਨਾਹੀ; ਅਗਨਤ ਭਰੇ ਭੰਡਾਰੇ ॥

ਆਪ ਨਾਮ ਰੂਪ ਭੋਜਨ ਖਾਤ = ਖਾਂਦਿਆਂ ਹੋਰਨਾਂ ਅਧਿਕਾਰੀਆਂ ਨੂੰ ਖਰਚਤ = ਖ਼ਰਚਦਿਆਂ ਭਾਵ ਨਾਮ ਰੂਪੀ ਭੋਜਨ ਵਰਤਾਉਂਦਿਆਂ ਕਿਛੁ = ਕੁਝ ਵੀ ਨਿਖੁਟਤ = ਮੁੱਕਦਾ ਨਾਹੀ = ਨਹੀਂ ਹੈ ਕਿਉਂਕਿ ਪ੍ਰਭੂ ਭਗਤੀ ਦੇ ਨਾਲ ਅਗਨਤ = ਅਣਗਿਣਤ ਭਗਤ ਜਨਾਂ ਦੇ ਰਿਦੇ ਰੂਪੀ ਭੰਡਾਰੇ = ਖ਼ਜ਼ਾਨੇ ਭਰੇ ਪਏ ਹਨ।

## ਕਹੁ ਨਾਨਕ, ਸੋਭਾ ਸੰਗਿ ਜਾਵਹੁ;
## ਪਾਰਬ੍ਰਹਮ ਕੈ ਦੁਆਰੇ ॥੨॥੫੭॥੮੦॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਪਾਰਬ੍ਰਹਮ = ਪਰਮੇਸ਼ਰ ਕੈ = ਦੇ ਸੱਚਖੰਡ ਰੂਪੀ ਦੁਆਰੇ = ਦਰਵਾਜ਼ੇ ਵਿਚ ਸੋਭਾ = ਵਡਿਆਈ ਦੇ ਸੰਗਿ = ਨਾਲ ਜਾਵਹੁ = ਜਾਣਾ ਕਰੋ **ਵਾ:** ਪਰਮੇਸ਼ਰ ਦੀ ਪ੍ਰਾਪਤੀ ਵਾਲੇ ਗਿਆਨ ਰੂਪੀ ਦਰ ਵਿਚ ਇਸਥਿਤ ਹੋ ਕੇ ਬ੍ਰਹਮ ਗਿਆਨ ਰੂਪੀ ਸੋਭਾ ਦੇ ਸਹਿਤ ਪ੍ਰਲੋਕ ਨੂੰ ਜਾਣਾ ਕਰੋ ॥੨॥੫੭॥੮੦॥

ਅਗਲੇ ਸ਼ਬਦ ਵਿਚ ਸਤਿਗੁਰੂ ਜੀ ਜੀਵ ਨੂੰ ਪਰਮੇਸ਼ਰ ਦੇ ਉਪਕਾਰ ਚੇਤੇ ਕਰਾਉਂਦੇ ਹੋਏ, ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹੋਏ ਸ਼ਬਦ ਉਚਾਰਨ ਕਰਦੇ ਹਨ।

## ਸਾਰਗ ਮਹਲਾ ੫ ॥

## ਪ੍ਰਭ ਜੀ; ਮੋਹਿ, ਕਵਨੁ ਅਨਾਥੁ ਬਿਚਾਰਾ ॥

ਹੇ ਪ੍ਰਭ = ਪਰਮੇਸ਼ਰ ਜੀ ! ਮੋਹਿ = ਮੈਂ ਅਨਾਥੁ = ਯਤੀਮ, ਗ਼ਰੀਬ ਬਿਚਾਰਾ = ਵਿਚਾਰਾ ਕਵਨ = ਕੌਣ ਚੀਜ਼ ਹਾਂ, ਭਾਵ ਮੈਂ ਆਪੋ ਕੁਝ ਵੀ ਨਹੀਂ ਕਰ ਸਕਦਾ।

## ਕਵਨ ਮੂਲ ਤੇ ਮਾਨੁਖੁ ਕਰਿਆ; ਇਹੁ ਪਰਤਾਪੁ ਤੁਹਾਰਾ ॥੧॥ਰਹਾਉ॥

ਕਵਨ = ਕਿਸ ਮੂਲ = ਮੁੱਢ (ਰਕਤ ਬਿੰਦ) ਤੇ = ਤੋਂ ਤੂੰ ਮੈਨੂੰ ਸੁੰਦਰ ਦੇਹ ਵਾਲਾ ਮਾਨੁਖੁ = ਪੁਰਖ ਕਰਿਆ = ਬਣਾਉਣਾ ਕੀਤਾ ਹੈ, ਇਹ ਸਭ ਤੁਹਾਰਾ = ਤੁਹਾਡਾ ਹੀ ਪਰਤਾਪੁ = ਤੇਜ ਪ੍ਰਭਾਵ ਹੈ ॥੧॥ਰਹਾਉ॥

## ਜੀਅ ਪ੍ਰਾਨ ਸਰਬ ਕੇ ਦਾਤੇ; ਗੁਣ ਕਹੇ ਨ ਜਾਹਿ ਅਪਾਰਾ ॥

ਹੇ ਸਾਰਿਆਂ ਜੀਅ = ਜੀਵਾਂ ਨੂੰ ਪ੍ਰਾਣ ਦੇਣ ਵਾਲੇ, ਸਰਬ = ਸਾਰਿਆਂ ਕੇ = ਦੇ ਤਾਈਂ ਸੂਖਮ, ਸਥੂਲ ਤੇ ਕਾਰਨ ਦੇਹ ਦਾਤੇ = ਦੇਣ ਵਾਲੇ ਪਰਮੇਸ਼ਰ **ਵਾ:** ਸਰਬ = ਸਭ ਜੀਅ = ਜੀਵਾਂ ਕੇ = ਦੇ ਪ੍ਰਾਣਾਂ ਦੇ ਦਾਤੇ ਪਰਮੇਸ਼ਰ ! ਤੇਰੇ ਅਪਾਰਾ = ਪਾਰਾਵਾਰ ਤੋਂ ਰਹਿਤ ਹੋਣ ਕਰਕੇ **ਵਾ:** ਬੇਅੰਤ ਗੁਣ ਕਹੇ = ਕਥਨ ਨ = ਨਹੀਂ ਕੀਤੇ ਜਾਹਿ = ਜਾ ਸਕਦੇ।

## ਸਭ ਕੇ ਪ੍ਰੀਤਮ, ਸ੍ਰਬ ਪ੍ਰਤਿਪਾਲਕ; ਸਰਬ ਘਟਾਂ ਆਧਾਰਾ ॥੧॥

ਹੇ ਪਰਮੇਸ਼ਰ ! ਤੁਸੀਂ ਸਰਬ = ਸਾਰਿਆਂ ਕੇ = ਦੇ ਆਤਮਾ ਰੂਪ ਹੋਣ ਕਰਕੇ ਪ੍ਰੀਤਮ = ਪਿਆਰੇ ਹੋ, ਸ੍ਰਬ = ਸਾਰਿਆਂ ਦੀ ਪ੍ਰਤਿਪਾਲਕ = ਪਾਲਣਾ ਕਰਨ ਵਾਲੇ ਹੋ, ਸਰਬ = ਸਾਰਿਆਂ ਦੇ ਘਟਾਂ = ਹਿਰਦਿਆਂ ਵਿਚ ਤੇਰਾ ਹੀ ਆਧਾਰਾ = ਆਸਰਾ ਹੈ ॥੧॥

## ਕੋਇ ਨ ਜਾਣੈ ਤੁਮਰੀ ਗਤਿ ਮਿਤਿ; ਆਪਹਿ ਏਕ ਪਸਾਰਾ ॥

ਹੇ ਪਰਮੇਸ਼ਰ ! ਤੁਮਰੀ = ਤੇਰੀ ਗਤਿ = ਪ੍ਰਾਪਤੀ ਦੀ ਮਿਤਿ = ਮਰਯਾਦਾ ਨੂੰ ਹੋਰ ਕੋਇ = ਕੋਈ ਵੀ ਦੂਸਰਾ ਜਾਣੈ = ਜਾਣ ਨ = ਨਹੀਂ ਸਕਦਾ, ਤੁਸੀਂ ਆਪਹਿ = ਆਪ ਹੀ ਏਕ = ਇਕ ਤੋਂ ਬਹੁਤੇ ਰੂਪ ਹੋ ਕੇ ਸੰਸਾਰ ਦਾ ਪਸਾਰਾ = ਖਿਲਾਰਾ ਖਿਲਾਰਨਾ ਕੀਤਾ ਹੈ।

## ਸਾਧ ਨਾਵ ਬੈਠਾਵਹੁ ਨਾਨਕ; ਭਵ ਸਾਗਰੁ ਪਾਰਿ ਉਤਾਰਾ ॥੨॥੫੮॥੮੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਮੈਨੂੰ ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਬਖ਼ਸ਼ਣ ਰੂਪ ਨਾਵ = ਬੇੜੀ 'ਤੇ ਬੈਠਾਵਹੁ = ਬਿਠਾਉਣਾ ਕਰੋ, ਤਾਂ ਜੋ ਮੇਰਾ ਭਵ ਸਾਗਰੁ = ਸੰਸਾਰ-ਸਮੁੰਦ੍ਰ ਤੋਂ ਪਾਰ ਹੋ ਕੇ ਮੁਕਤੀ ਰੂਪ ਕਿਨਾਰੇ 'ਤੇ ਉਤਾਰਾ ਹੋਵੇ ॥੨॥੫੮॥੮੧॥

## ਸਾਰਗ ਮਹਲਾ ੫ ॥
## ਆਵੈ ਰਾਮ ਸਰਣਿ; ਵਡਭਾਗੀ ॥

ਹੇ ਭਾਈ ! ਕੋਈ ਵਡਭਾਗੀ = ਵੱਡੇ ਕਰਮਾਂ ਵਾਲਾ ਪੁਰਖ ਹੀ ਰਾਮ = ਪਰਮੇਸ਼ਰ ਦੀ ਸਰਣਿ = ਓਟ ਵਿਚ ਆਵੈ = ਆਉਂਦਾ ਹੈ।

## ਏਕਸ ਬਿਨੁ, ਕਿਛੁ ਹੋਰੁ ਨ ਜਾਣੈ; ਅਵਰਿ ਉਪਾਵ ਤਿਆਗੀ ॥੧॥ਰਹਾਉ॥

ਉਸ ਦੀ ਐਸੀ ਦਿਬ ਦ੍ਰਿਸ਼ਟੀ ਖੁੱਲ੍ਹਦੀ ਹੈ ਕਿ ਉਹ ਫੇਰ ਏਕਸੁ = ਇਕ ਪਰਮੇਸ਼ਰ ਤੋਂ ਬਿਨੁ = ਬਗ਼ੈਰ ਹੋਰ ਕਿਛੁ = ਕੁਝ ਵੀ ਨ = ਨਹੀਂ ਜਾਣੈ = ਜਾਣਦਾ, ਕਿਉਂਕਿ ਉਹ ਅਵਰਿ = ਹੋਰ ਸਾਰੇ ਉਪਾਵ = ਯਤਨਾਂ ਨੂੰ ਤਿਆਗੀ = ਛੱਡ ਦਿੰਦਾ ਹੈ ॥੧॥ਰਹਾਉ॥

## ਮਨ, ਬਚ, ਕ੍ਰਮ ਆਰਾਧੈ ਹਰਿ ਹਰਿ; ਸਾਧਸੰਗਿ ਸੁਖੁ ਪਾਇਆ ॥

ਪਰਮੇਸ਼ਰ ਦੀ ਓਟ ਵਿਚ ਆਉਣ ਵਾਲਾ ਪੁਰਖ ਹਰਿ = ਹਰ ਵਕਤ ਹਰਿ = ਪਰਮੇਸ਼ਰ ਨੂੰ ਮਨ, ਬਚ = ਬਾਣੀ, ਕ੍ਰਮ = ਸਰੀਰ ਕਰਕੇ ਆਰਾਧੈ = ਆਰਾਧਦਾ, ਚੇਤੇ ਕਰਦਾ ਰਹਿੰਦਾ ਹੈ ਅਤੇ ਉਸ ਨੇ ਸਾਧਸੰਗਿ = ਸਾਧਸੰਗਤ ਵਿੱਚੋਂ ਹੀ ਆਤਮਿਕ ਸੁਖੁ = ਅਨੰਦ ਨੂੰ ਪਾਇਆ = ਪਾਉਣਾ ਕੀਤਾ ਹੈ।

## ਅਨਦ ਬਿਨੋਦ ਅਕਥ ਕਥਾ ਰਸੁ; ਸਾਚੈ ਸਹਜਿ ਸਮਾਇਆ ॥੧॥

ਉਸੇ ਨੂੰ ਅਨਦ = ਅਨੰਦਾਇਕ ਬਿਨੋਦ = ਕੌਤਕਾਂ ਨੂੰ ਕਰਨ ਵਾਲੇ ਪਰਮੇਸ਼ਰ ਦੀ ਅਕਥ = ਕਥਨ ਤੋਂ ਰਹਿਤ ਕਥਾ ਦਾ ਅਕਥ ਰਸ ਪ੍ਰਾਪਤ ਹੋਇਆ ਹੈ, ਜਿਸ ਕਰਕੇ ਉਹ ਪੁਰਖ ਸਾਚੈ = ਸੱਚੇ ਨਾਮ ਨੂੰ ਜਪ ਕੇ ਸਹਜਿ = ਗਿਆਨ ਸਰੂਪ ਵਿਚ ਸਮਾਇਆ = ਸਮਾਅ, ਲੀਨ ਹੋ ਜਾਂਦਾ ਹੈ ॥੧॥

## ਕਰਿ ਕਿਰਪਾ, ਜੋ ਅਪੁਨਾ ਕੀਨੋ; ਤਾ ਕੀ ਊਤਮ ਬਾਣੀ ॥

ਪਰਮੇਸ਼ਰ ਨੇ ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰਿ = ਕਰਕੇ ਜੋ = ਜਿਸ ਨੂੰ ਅਪੁਨਾ = ਆਪ ਦਾ ਸੇਵਕ ਬਣਾਉਣਾ ਕੀਨੋ = ਕੀਤਾ ਹੈ, ਤਾ = ਉਸ ਕੀ = ਦੀ ਜੱਸ ਰੂਪ ਊਤਮ = ਸ੍ਰੇਸ਼ਟ ਬਾਣੀ ਸਾਰੀ ਦੁਨੀਆਂ ਵਿਚ ਸ਼ੋਭਨੀਕ ਹੋ ਰਹੀ ਹੈ **ਵਾ:** ਉਸ ਦੀ ਰਸਨਾ ਹਰ ਵਕਤ ਊਤਮ = ਸ੍ਰੇਸ਼ਟ ਨਾਮ ਰੂਪ ਬਾਣੀ ਉਚਾਰਦੀ ਰਹਿੰਦੀ ਹੈ।

## ਸਾਧਸੰਗਿ ਨਾਨਕ ਨਿਸਤਰੀਐ;
## ਜੋ ਰਾਤੇ ਪ੍ਰਭ ਨਿਰਬਾਣੀ ॥੨॥੫੯॥੮੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਸਾਧਸੰਗਿ = ਸ੍ਰੇਸ਼ਟ ਜਨਾਂ ਦੀ ਸੰਗਤ ਦੁਆਰਾ ਨਾਮ ਜਪ ਕੇ ਸੰਸਾਰ-ਸਮੁੰਦ੍ਰ ਤੋਂ ਨਿਸਤਰੀਐ = ਤਰੀਦਾ ਹੈ, ਜੋ ਹਰ ਵਕਤ ਨਿਰਬਾਣੀ = ਆਦਤਾਂ ਤੋਂ ਰਹਿਤ, ਬੰਧਨਾਂ ਤੋਂ ਰਹਿਤ ਪ੍ਰਭ = ਪਰਮੇਸ਼ਰ ਦੇ ਨਾਮ ਰੰਗ ਵਿਚ ਰਾਤੇ = ਰੱਤੇ ਰਹਿੰਦੇ ਹਨ ॥੨॥੫੯॥੮੨॥

## ਸਾਰਗ ਮਹਲਾ ੫ ॥
## ਜਾ ਤੇ; ਸਾਧੂ ਸਰਣਿ ਗਹੀ ॥

ਜਾ = ਜਦ ਤੇ = ਤੋਂ ਮੈਂ ਸਾਧੂ = ਸ੍ਰੇਸ਼ਟ ਗੁਰਾਂ, ਸੰਤ ਜਨਾਂ ਦੀ ਸਰਨਿ = ਓਟ ਗਹੀ = ਗ੍ਰਹਿਣ ਕੀਤੀ ਹੈ, ਪਕੜੀ ਹੈ।

## ਸਾਂਤਿ ਸਹਜੁ ਮਨਿ ਭਇਓ ਪ੍ਰਗਾਸਾ; ਬਿਰਥਾ ਕਛੁ ਨ ਰਹੀ ॥੧॥ਰਹਾਉ॥

ਤਦ ਤੋਂ ਸਾਂਤਿ = ਸ਼ਾਂਤੀ, ਸਹਜੁ = ਗਿਆਨ ਤੇ ਮਨਿ = ਚਿੱਤ ਵਿਚ ਸ੍ਵੈ ਸਰੂਪ ਦਾ ਪ੍ਰਗਾਸਾ = ਪ੍ਰਕਾਸ਼ ਭਇਓ = ਹੋਇਆ ਹੈ ਅਤੇ ਜੰਮਣ ਮਰਣ, ਅਵਿੱਦਿਆ ਆਦਿ ਦੀ ਕਛੁ = ਕੁਝ ਵੀ ਬਿਰਥਾ = ਪੀੜਾ ਨ = ਨਹੀਂ ਰਹੀ ਹੈ ॥੧॥ਰਹਾਉ॥

## ਹੋਹੁ ਕ੍ਰਿਪਾਲ, ਨਾਮੁ ਦੇਹੁ ਅਪੁਨਾ; ਬਿਨਤੀ ਏਹ ਕਹੀ ॥

ਹੇ ਪਰਮੇਸ਼ਰ ! ਮੇਰੇ ਉੱਤੇ ਕ੍ਰਿਪਾਲ = ਮਿਹਰਵਾਨ ਹੋਹੁ = ਹੋਣਾ ਕਰੋ, ਮੈਨੂੰ ਅਪੁਨਾ = ਆਪ ਦਾ ਨਾਮ ਅੰਮ੍ਰਿਤ ਬਖ਼ਸ਼ ਦੇਹੁ = ਦੇਣਾ ਕਰੋ, ਮੈਂ ਆਪ ਜੀ ਦੇ ਚਰਨਾਂ ਵਿਚ ਇਹੋ ਬਿਨਤੀ = ਅਰਜ਼ੋਈ ਕਹੀ = ਕਥਨ ਕੀਤੀ ਹੈ।

## ਆਨ ਬਿਉਹਾਰ ਬਿਸਰੇ, ਪ੍ਰਭ ਸਿਮਰਤ; ਪਾਇਓ ਲਾਭੁ ਸਹੀ ॥੧॥

ਹੇ ਪ੍ਰਭ = ਪਰਮੇਸ਼ਰ ! ਆਪ ਜੀ ਦਾ ਸਿਮਰਤ = ਸਿਮਰਨ ਕਰਨ ਨਾਲ ਆਨ = ਹੋਰ ਦੁਨੀਆਂ ਦੇ ਮੇਰ ਤੇਰ ਵਾਲੇ ਸਾਰੇ ਬਿਉਹਾਰ = ਕਾਰਜ ਬਿਸਰੇ = ਭੁੱਲ ਗਏ ਹਨ, ਕਿਉਂਕਿ ਮੈਂ ਸਹੀ = ਨਿਸਚੇ ਕਰਕੇ ਤੇਰੀ ਪ੍ਰਾਪਤੀ ਵਾਲਾ ਸੱਚਾ ਲਾਭੁ = ਨਫ਼ਾ ਪਾਇਓ = ਪਾਇਆ ਹੈ ॥੧॥

## ਜਹ ਤੇ ਉਪਜਿਓ, ਤਹੀ ਸਮਾਨੋ; ਸਾਈ ਬਸਤੁ ਅਹੀ ॥

ਜਹ = ਜਿਸ ਵਾਹਿਗੁਰੂ ਤੇ = ਤੋਂ ਅਗਿਆਨ ਕਰਕੇ ਮੈਂ ਜੀਵ-ਭਾਵ 'ਚ ਉਪਜਿਓ = ਪੈਦਾ ਹੋਇਆ ਸੀ, ਫੇਰ ਸਰੂਪ ਦੇ ਗਿਆਨ ਕਰਕੇ ਤਹੀ = ਉਸੇ ਸਰੂਪ ਵਿਚ ਸਮਾਨੋ = ਸਮਾਅ, ਲੀਨ ਹੋ ਗਿਆ **ਵਾ:** ਜਿਸ ਬ੍ਰਹਮ ਤੋਂ ਜੀਵ ਉਤਪੰਨ ਹੋਇਆ ਸੀ, ਉਸੇ ਵਿਚ ਸਮਾਨੋ = ਸਮਾਅ ਗਿਆ ਹੈ, ਇਹ ਸਾਈ = ਉਹੋ ਹੀ ਸਤ ਚਿੱਤ ਅਨੰਦ ਸਰੂਪ ਰੂਪੀ ਬਸਤੁ = ਵਸਤੂ ਅਹੀ = ਹੈ, ਭਾਵ ਜੀਵ ਵਿਚ ਅਵਿੱਦਿਆ ਕਰਕੇ ਅਲਪੱਗਤਾ ਹੈ ਤੇ ਈਸਰ ਵਿਚ ਮਾਇਆ ਕਰਕੇ ਸਰਬੱਗਤਾ ਹੈ ਪਰ ਦੋਨਾਂ ਵਿਚ ਉਹੋ ਹੀ ਸਤ ਚਿੱਤ ਅਨੰਦ ਰੂਪੀ ਵਸਤੂ ਹੈ।

## ਕਹੁ ਨਾਨਕ, ਭਰਮੁ ਗੁਰਿ ਖੋਇਓ;
## ਜੋਤੀ ਜੋਤਿ ਸਮਹੀ ॥੨॥੯੦॥੧੩॥

(**ਸ-ਮਹੀ** ਉਚਾਰਨ ਹੈ)

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਗੁਰਿ = ਗੁਰਾਂ ਨੇ ਜੀਵਪੁਣੇ ਤੇ ਈਸਰਪੁਣੇ ਦਾ ਭਰਮ ਖੋਇਓ = ਦੂਰ ਕਰ ਦਿੱਤਾ ਹੈ, ਇਸੇ ਕਰਕੇ ਜੋਤੀ = ਅਦਵੈਤ ਅਨੰਦ ਸਰੂਪ ਦੀ ਜੋਤ ਵਿਚ ਮੇਰੀ (ਜੀਵ ਦੀ) ਪਰਤਕ ਜੋਤ ਸਮਹੀ = ਸਮਾਅ ਗਈ ਹੈ ॥੨॥੯੦॥੧੩॥

## ਸਾਰਗ ਮਹਲਾ ੫ ॥
## ਰਸਨਾ; ਰਾਮ ਕੋ ਜਸੁ ਗਾਉ ॥

ਹੇ ਭਾਈ! ਰਸਨਾ = ਜੀਭਾ ਦੇ ਨਾਲ ਰਾਮ = ਪਰਮੇਸ਼ਰ ਕੋ = ਦਾ ਜਸੁ = ਕੀਰਤਨ ਗਾਉ = ਗਾਉਣਾ ਕਰ, ਤਦ ਤੈਨੂੰ ਆਤਮਾਨੰਦ ਦੇ ਰਸ ਦੀ ਪ੍ਰਾਪਤੀ ਹੋਵੇਗੀ।

## ਆਨ ਸੁਆਦ ਬਿਸਾਰਿ ਸਗਲੇ; ਭਲੋ ਨਾਮ ਸੁਆਉ ॥੧॥ਰਹਾਉ॥

ਆਨ = ਹੋਰ ਸੁਆਦ = ਸੁਆਦਲੇ ਪਦਾਰਥ **ਵਾ:** ਆਨ = ਦਵੈਤ ਵਾਲੇ ਸੁਆਦ ਸਗਲੇ = ਸਾਰੇ ਬਿਸਾਰਿ = ਭੁਲਾ ਦੇਣਾ ਕਰ ਕਿਉਂਕਿ ਸਭ ਤੋਂ ਭਲੋ = ਚੰਗਾ ਪਰਮੇਸ਼ਰ ਦੇ ਨਾਮ ਦਾ ਹੀ ਸੁਆਉ = ਸੁਆਦ ਹੈ **ਵਾ:** ਇਸ ਮਨੁੱਖਾ ਸਰੀਰ ਰੂਪੀ ਭਲੋ = ਚੰਗੇ ਸਮੇਂ ਵਿਚ ਪਰਮੇਸ਼ਰ ਦੇ ਨਾਮ ਨੂੰ ਜਪਣ ਦਾ ਸੁਆਦ ਲੈਣਾ ਕਰ **ਵਾ:** ਭਲੋ = ਚੰਗੇ ਪਰਮੇਸ਼ਰ ਦੇ ਨਾਮ ਦਾ ਸੁਆਉ = ਪ੍ਰਯੋਜਨ, ਲਾਭ ਲੈਣਾ ਕਰ ॥੧॥ਰਹਾਉ॥

## ਚਰਨ ਕਮਲ ਬਸਾਇ ਹਿਰਦੈ; ਏਕ ਸਿਉ ਲਿਵ ਲਾਉ ॥

ਹੇ ਭਾਈ! ਪਰਮੇਸ਼ਰ ਦੇ ਚਰਨਾਂ ਕਮਲਾਂ ਨੂੰ ਆਪਣੇ ਹਿਰਦੈ = ਚਿੱਤ ਵਿਚ ਬਸਾਇ = ਵਸਾਉਣਾ ਕਰ ਅਤੇ ਏਕ = ਇਕ ਪਰਮੇਸ਼ਰ ਦੇ ਸਿਉ = ਨਾਲ ਚਿੱਤ ਦੀ ਲਿਵ = ਬਿਰਤੀ ਲਾਉ = ਲਾਉਣਾ ਕਰ।

## ਸਾਧਸੰਗਤਿ ਹੋਹਿ ਨਿਰਮਲੁ; ਬਹੁੜਿ ਜੋਨਿ ਨ ਆਉ ॥੧॥

ਸਾਧਸੰਗਤਿ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਮਿਲ ਕੇ ਨਿਰਮਲ = ਉੱਜਲ ਚਿੱਤ, ਉੱਜਲ ਜੀਵਨ ਵਾਲਾ ਹੋਹਿ = ਹੋਣਾ ਕਰ, ਫੇਰ ਤੈਨੂੰ ਬਹੁੜਿ = ਮੁੜ ਕੇ ਜੋਨਿ = ਜੂਨਾਂ ਵਿਚ ਨ = ਨਹੀਂ ਆਉ = ਆਉਣਾ ਪਵੇਗਾ ॥੧॥

ਪਰਮੇਸ਼ਰ ਦੇ ਅੱਗੇ ਇਉਂ ਬੇਨਤੀ ਕਰ ਕਿ:

## ਜੀਉ ਪ੍ਰਾਨ ਅਧਾਰੁ ਤੇਰਾ; ਤੂ ਨਿਥਾਵੇ ਥਾਉ ॥

ਹੇ ਪਰਮੇਸ਼ਰ ! ਜੀਉ = ਸੂਖਮ ਸਰੀਰ ਤੇ ਪ੍ਰਾਣਾਂ ਨੂੰ ਤੇਰਾ ਹੀ ਅਧਾਰੁ = ਆਸਰਾ ਹੈ, ਭਾਵ ਤੇਰੀ ਚੇਤਨ ਸੱਤਾ ਕਰਕੇ ਹੀ ਇਹ ਹਰਕਤ ਕਰਦੇ ਹਨ ਅਤੇ ਤੂੰ ਹੀ ਨਿਥਾਵੇ = ਨਿਥਾਵਿਆਂ ਜੀਵਾਂ ਨੂੰ ਥਾਉ = ਥਾਂ ਦੇਣ ਵਾਲਾ ਹੈਂ।

## ਸਾਸਿ ਸਾਸਿ ਸਮ੍ਾਲਿ ਹਰਿ ਹਰਿ;
## ਨਾਨਕ ਸਦ ਬਲਿ ਜਾਉ ॥੨॥੬੧॥੮੪॥

ਹੇ ਹਰਿ = ਹਰੀ ਹਰਿ = ਪਰਮੇਸ਼ਰ ! ਮੈਂ ਤੈਨੂੰ ਗੁਰਾਂ ਦੀ ਕਿਰਪਾ ਦੁਆਰਾ ਸਾਸਿ ਸਾਸਿ = ਸੁਆਸ ਸੁਆਸ ਸਮ੍ਾਲਿ = ਸੰਮਾਲਦਾ, ਯਾਦ ਕਰਦਾ ਹਾ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ (ਅਤੇ) ਮੈਂ ਤੇਰੇ ਉਪਰੋਂ ਸਦ = ਸੈਂਕੜੇ ਵਾਰੀ **ਵਾ:** ਸਦ = ਸਦਾ ਸਦਾ ਬਲਿ = ਬਲਿਹਾਰ ਜਾਉ = ਜਾਂਦਾ ਹਾਂ ॥੨॥੬੧॥੮੪॥

## ਸਾਰਗ ਮਹਲਾ ੫ ॥
## ਬੈਕੁੰਠ; ਗੋਬਿੰਦ ਚਰਨ, ਨਿਤ ਧਿਆਉ ॥

ਹੇ ਭਾਈ ! ਇਹੋ ਹੀ ਬੈਕੁੰਠ ਹੈ ਜੋ ਨਿਤ = ਨਿਤਾਪ੍ਰਤੀ ਗੋਬਿੰਦ = ਪ੍ਰਿਥਵੀ ਦੀ ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਚਰਨਾਂ ਨੂੰ ਧਿਆਉ = ਧਿਆਉਣਾ ਹੈ।

(ਬੈ + ਕੁੰਠ) ਬੈ = ਦਵੈਤ ਵੱਲੋਂ ਚਿੱਤ ਨੂੰ ਕੁੰਠ = ਰੋਕ ਕੇ ਪਰਮੇਸ਼ਰ ਨੂੰ ਧਿਆਉਣਾ ਕਰ, ਫੇਰ ਤੂੰ ਉਲਟ ਕੇ ਉਸ ਜੋਤੀ ਸਰੂਪ ਦਾ ਰੂਪ ਹੀ ਹੋ ਜਾਵੇਂਗਾ **ਵਾ:** ਦਵੈਤ ਭਾਵ ਵੱਲ ਜਾਣ ਤੋਂ ਚਿੱਤ ਨੂੰ ਰੋਕ ਕੇ ਨਿਤਾਪ੍ਰਤੀ ਗੋਬਿੰਦ ਦੇ ਅਧਿਸ਼ਠਾਨ ਸਰੂਪ, ਚਰਨਾਂ ਨੂੰ ਧਿਆਉਣਾ ਕਰ।

ਅਰਥਾਤ ਵੈਸ਼ਨਵਾਂ ਦੇ ਮੱਤ ਵਿਚ ਇਉਂ ਲਿਖਿਆ ਹੋਇਆ ਹੈ ਕਿ ਬੈਕੁੰਠ ਵਿਚ ਇਕ ਬਿਰਵਾ ਨਾਮੇ ਨਦੀ ਆਉਂਦੀ ਹੈ, ਉਸ ਨਦੀ ਵਿਚ ਜਿਸ ਪ੍ਰਾਣੀ ਦਾ ਇਸ਼ਨਾਨ ਕਰਵਾਇਆ ਜਾਂਦਾ ਹੈ ਉਸ ਦਾ ਸੂਖਮ ਸਰੀਰ ਉਦੋਂ ਉਸਦੇ ਵਿਚ ਹੀ ਝੜ ਜਾਂਦਾ ਹੈ, ਜੇ ਤਾਂ ਉਸ ਪ੍ਰਾਣੀ ਨੇ ਸਲੋਕ ਮੁਕਤੀ ਪਾਉਣੀ ਹੋਵੇ ਤਾਂ ਉਸ ਲੋਕ ਦੀ ਮੁਕਤੀ ਵਾਲੀ ਦੇਹ ਮਿਲ ਜਾਂਦੀ ਹੈ, ਜੇ ਸਮੀਪ ਮੁਕਤੀ ਪਾਉਣੀ ਹੋਵੇ ਤਾਂ ਸਮੀਪ ਮੁਕਤੀ ਮਿਲ ਜਾਂਦੀ ਹੈ, ਜੇ ਸਰੂਪ ਮੁਕਤੀ ਪਾਉਣੀ ਹੋਵੇ ਤਾਂ ਜਿਵੇਂ ਵਿਸ਼ਨੂੰ ਦਾ ਚਤਰਭੁਜੀ ਰੂਪ ਹੈ, ਉਹੋ ਜਿਹੀ ਸਰੂਪ ਮੁਕਤੀ ਮਿਲ ਜਾਂਦੀ ਹੈ, ਜੇ ਸਾਯੁਜ ਮੁਕਤੀ ਪਾਉਣੀ ਹੋਵੇ ਤਾਂ ਸਾਯੁਜ ਮੁਕਤੀ ਪਾ ਸਕਦਾ ਹੈ ਭਾਵ ਇਕ ਵਕਤ ਹਜ਼ਾਰ ਦੇਹ ਧਾਰ ਕੇ ਹਜ਼ਾਰ ਕੰਮ ਵੱਖੋ-ਵੱਖਰੇ ਕਰ ਸਕਦਾ ਹੈ ਪਰ ਜਗਤ ਦੀ ਉਤਪਤੀ, ਪਾਲਣਾ, ਲੈਅਤਾ ਇਹ ਨਹੀਂ ਕਰ ਸਕਦਾ ਕਿਉਂਕਿ ਇਹ ਪਰਮੇਸ਼ਰ ਨੇ ਆਪਣੇ ਹੱਥ ਰੱਖਿਆ ਹੋਇਆ ਹੈ। ਜਿਵੇਂ ਪਾਣੀ ਵਿਚ ਲੂਣ ਦੀ ਡਲੀ ਖੋਰ ਦੇਈਏ ਭਾਵੇਂ ਲੂਣ ਦੀ ਡਲੀ ਖਰ ਕੇ ਪਾਣੀ ਦਾ ਰੂਪ ਹੀ ਬਣ ਜਾਂਦੀ ਹੈ ਪਰ ਜਦੋਂ ਪਾਣੀ ਮੂੰਹ ਨਾਲ ਲਾਉਣਾ ਕਰੀਏ ਤਾਂ ਸੁਆਦ ਲੂਣ ਦਾ ਹੀ ਆਉਂਦਾ ਹੈ, ਇਸੇ ਪ੍ਰਕਾਰ ਸਾਯੁਜ ਮੁਕਤੀਆਂ ਵਾਲਿਆਂ ਨੂੰ ਅਲਪੱਗਤਾ ਬਣੀ ਹੀ ਰਹਿੰਦੀ ਹੈ।

## ਮੁਕਤਿ ਪਦਾਰਥੁ ਸਾਧੂ ਸੰਗਤਿ; ਅੰਮ੍ਰਿਤੁ ਹਰਿ ਕਾ ਨਾਉ ॥੧॥ਰਹਾਉ॥

ਸਾਧੂ = ਸ੍ਰੇਸ਼ਟ ਜਨਾਂ ਦੀ ਸੰਗਤ ਦੁਆਰਾ ਨਾਮ ਜਪ ਕੇ ਕੈਵਲ ਮੁਕਤਿ = ਮੋਖ ਰੂਪੀ ਪਦਾਰਥ ਪ੍ਰਾਪਤ ਹੁੰਦਾ ਹੈ ਕਿਉਂਕਿ ਅੰਮ੍ਰਿਤੁ = ਅਮਰ ਕਰਨ ਵਾਲਾ ਹਰਿ = ਪਰਮੇਸ਼ਰ ਕਾ = ਦਾ ਨਾਉ = ਨਾਮ ਹੀ ਹੈ ॥੧॥ਰਹਾਉ॥

## ਊਤਮ ਕਥਾ ਸੁਣੀਜੈ ਸ੍ਰਵਣੀ; ਮਇਆ ਕਰਹੁ ਭਗਵਾਨ ॥

ਹੇ ਭਗਵਾਨ = ਪਰਮੇਸ਼ਰ ! ਸਾਡੇ ਉੱਤੇ ਮਇਆ = ਕਿਰਪਾ ਦ੍ਰਿਸ਼ਟੀ ਕਰੋ ਤਾਂ ਕਿ ਅਸੀਂ ਆਪ ਜੀ ਦੀ ਤਟੱਸਥੀ ਲੱਖਣਾ ਤੇ ਸਰੂਪ ਲੱਖਣਾ ਵਾਲੀ ਊਤਮ = ਸ੍ਰੇਸ਼ਟ ਕਥਾ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਸ੍ਰਵਣੀ = ਕੰਨਾਂ ਦੇ ਨਾਲ ਸੁਣੀਜੈ = ਸੁਣਨਾ ਕਰੀਏ।

## ਆਵਤ ਜਾਤ ਦੋਊ ਪਖ ਪੂਰਨ; ਪਾਈਐ ਸੁਖ ਬਿਸ੍ਰਾਮ ॥੧॥

ਹੇ ਪਰਮੇਸ਼ਰ ! ਸਾਡਾ ਜਨਮ ਧਾਰ ਕੇ ਆਵਤ = ਆਉਣਾ, ਮਰ ਕੇ ਜਾਤ = ਜਾਣਾ ਇਹ ਦੋਊ = ਦੋਵੇਂ ਪੱਖ ਪੂਰਨ = ਪੂਰੇ ਜਾਣ ਭਾਵ ਜੰਮਣਾ ਮਰਣਾ ਮਿਟ ਜਾਵੇ ਤੇ ਤੇਰੇ ਸੁਖ = ਅਨੰਦ ਸਰੂਪ ਵਿਚ ਬਿਸ੍ਰਾਮ = ਇਸਥਿਤੀ ਪਾਈਐ = ਪਾਉਣਾ ਕਰੀਏ ॥੧॥

[ਅੰਗ ੧੨੨੧]

## ਸੋਧਤ ਸੋਧਤ ਤਤੁ ਬੀਚਾਰਿਓ; ਭਗਤਿ ਸਰੇਸਟ ਪੂਰੀ ॥

ਵੇਦਾਂ ਨੂੰ ਸੋਧਤ = ਖੋਜ ਕੇ, ਸ਼ਾਸਤਰਾਂ ਨੂੰ ਸੋਧਤ = ਖੋਜ ਕੇ ਤੇ ਮਹਾਤਮਾ ਜਨਾਂ ਦੀ ਸੰਗਤ ਵਿਚ ਮਿਲ ਕੇ ਇਹ ਤਤੁ = ਸਿਧਾਂਤ ਨੂੰ ਬੀਚਾਰਿਓ = ਵਿਚਾਰਿਆ ਹੈ ਕਿ ਪਰਮੇਸ਼ਰ ਦੀ ਭਗਤਿ = ਭਗਤੀ ਹੀ ਸਭ ਤੋਂ ਸਰੇਸਟ = ਉੱਤਮ ਤੇ ਪੂਰੀ = ਪੂਰਨ ਹੈ **ਵਾ:** ਸਭ ਨਾਲੋਂ ਸ੍ਰੇਸ਼ਟ ਕਰਨ ਵਾਲੀ ਭਗਤੀ ਪੂਰਨ ਹੈ **ਵਾ:** ਜਿਨ੍ਹਾਂ ਨੇ ਪਰਮੇਸ਼ਰ ਦੀ ਭਗਤੀ ਕੀਤੀ ਹੈ, ਉਹ ਸ੍ਰੇਸ਼ਟ ਹਨ ਤੇ ਉਨ੍ਹਾਂ ਦੀ ਕਮਾਈ ਵੀ ਪੂਰੀ ਹੈ।

## ਕਹੁ ਨਾਨਕ, ਇਕ ਰਾਮ ਨਾਮ ਬਿਨੁ;
## ਅਵਰ ਸਗਲ ਬਿਧਿ ਊਰੀ ॥੨॥੬੨॥੮੫॥

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਇਕ ਰਾਮ = ਪਰਮੇਸ਼ਰ ਦੇ ਨਾਮ ਜਪੈ ਤੋਂ ਬਿਨੁ = ਬਗ਼ੈਰ ਅਵਰ = ਹੋਰ ਸਗਲ = ਸਾਰੀਆਂ ਬਿਧਿ = ਵਿਧੀਆਂ ਊਰੀ = ਊਣਤਾਈ ਵਾਲੀਆਂ ਹਨ, ਊਰੀ = ਖ਼ਾਲੀ ਹਨ ॥੨॥੬੨॥੮੫॥

## ਸਾਰਗ ਮਹਲਾ ੫ ॥
## ਸਾਚੇ ਸਤਿਗੁਰੂ; ਦਾਤਾਰਾ ॥

ਹੇ ਸਾਚੇ = ਸੱਚੇ ਸਤਿਗੁਰੂ ਜੀ ! ਆਪ ਜੀ ਨਾਮ ਅੰਮ੍ਰਿਤ, ਬ੍ਰਹਮ ਗਿਆਨ, ਪ੍ਰੇਮ, ਮੁਕਤੀ ਆਦਿ ਸਭ ਦਾਤਾਂ ਨੂੰ ਦੇਣ ਵਾਲੇ ਦਾਤਾਰਾ = ਦਾਤੇ ਹੋ।

## ਦਰਸਨੁ ਦੇਖਿ, ਸਗਲ ਦੁਖ ਨਾਸਹਿ;
## ਚਰਨ ਕਮਲ ਬਲਿਹਾਰਾ ॥੧॥ਰਹਾਉ॥

ਹੇ ਸਤਿਗੁਰੂ ਜੀ ! ਆਪ ਜੀ ਦੇ ਦਰਸਨੁ = ਦੀਦਾਰ ਦੇਖਿ = ਵੇਖ ਕੇ ਸਗਲ = ਸਾਰੇ ਜੰਮਣ ਮਰਣ ਆਦਿ ਦੇ ਦੁਖ ਨਾਸਹਿ = ਨਾਸ਼ ਹੋ ਜਾਂਦੇ ਹਨ, ਇਸੇ ਕਰਕੇ ਮੈਂ ਆਪ ਜੀ ਦੇ ਪਵਿੱਤਰ ਚਰਨਾਂ ਕਮਲਾਂ ਦੇ ਉਪਰੋਂ ਬਲਿਹਾਰਾ = ਕੁਰਬਾਨ ਜਾਂਦਾ ਹਾਂ ॥੧॥ਰਹਾਉ॥

## ਸਤਿ ਪਰਮੇਸਰੁ, ਸਤਿ ਸਾਧ ਜਨ; ਨਿਹਚਲੁ ਹਰਿ ਕਾ ਨਾਉ ॥

ਹੇ ਭਾਈ ! ਪਰਮੇਸ਼ਰ ਆਪ ਸਤਿ = ਸੱਚ ਸਰੂਪ ਹੈ, ਉਸ ਉੱਤੇ ਨਿਸਚਾ ਕਰਨ ਵਾਲੇ ਸਾਧ = ਸੰਤ ਤੇ ਭਗਤ ਜਨ ਵੀ ਸਤਿ = ਸੱਚ ਸਰੂਪ ਹਨ ਅਤੇ ਚਿੱਤ ਨੂੰ ਨਿਹਚਲੁ = ਅਚੱਲ ਕਰਨ ਵਾਲਾ ਵੀ ਹਰਿ = ਪਰਮੇਸ਼ਰ ਕਾ = ਦਾ ਨਾਉ = ਨਾਮ ਹੀ ਹੈ **ਵਾ:** ਪਰਮੇਸ਼ਰ ਦਾ ਨਾਮ ਹੀ ਅਚੱਲ ਹੈ **ਵਾ:** ਪਰਮੇਸ਼ਰ ਆਪ ਸੱਚ ਸਰੂਪ ਹੈ, ਜਿਨ੍ਹਾਂ ਨੇ ਪਰਮੇਸ਼ਰ ਦਾ ਨਾਮ ਜਪ ਕੇ ਆਪਣਾ ਚਿੱਤ ਅਚੱਲ ਕਰ ਲਿਆ ਹੈ, ਉਹ ਸੰਤ ਭਗਤ ਜਨ ਵੀ ਸੱਚ ਸਰੂਪ ਹਨ।

## ਭਗਤਿ ਭਾਵਨੀ, ਪਾਰਬ੍ਰਹਮ ਕੀ; ਅਬਿਨਾਸੀ ਗੁਣ ਗਾਉ ॥੧॥

ਪਾਰਬ੍ਰਹਮ = ਪਰਮੇਸ਼ਰ ਕੀ = ਦੀ ਪ੍ਰੇਮਾ ਭਗਤਿ = ਭਗਤੀ ਭਾਵਨੀ = ਸ਼ਰਧਾ ਨਾਲ ਕਰੋ ਅਤੇ ਉਸ ਅਬਿਨਾਸੀ = ਨਾਸ਼ ਤੋਂ ਰਹਿਤ ਪਰਮੇਸ਼ਰ ਦੇ ਗੁਣਾਂ ਨੂੰ ਕੀਰਤਨ ਵਿਚ ਪਾ ਕੇ ਗਾਉ = ਗਾਉਣਾ ਕਰੋ ॥੧॥

## ਅਗਮੁ ਅਗੋਚਰੁ, ਮਿਤਿ ਨਹੀ ਪਾਈਐ; ਸਗਲ ਘਟਾ ਆਧਾਰੁ ॥

ਉਹ ਅਗਮੁ = ਮਨ ਦੀ ਗੰਮਤਾ ਤੋਂ ਰਹਿਤ ਹੈ, ਅਗੋਚਰੁ = ਇੰਦਰੀਆਂ ਦੇ ਅਵਿਸ਼ੇ ਹੈ, ਉਸ ਦੀ ਸ਼ਾਸਤਰ ਗਿਆਨ ਕਰਕੇ ਮਿਤਿ = ਮਰਯਾਦਾ ਨਹੀਂ ਪਾਈਐ = ਪਾਈ ਜਾ ਸਕਦੀ, ਉਹ ਸਗਲ = ਸਾਰਿਆਂ ਦੇ ਘਟਾ = ਹਿਰਦਿਆਂ ਦਾ ਆਧਾਰੁ = ਆਸਰਾ ਰੂਪ ਹੈ।

## ਨਾਨਕ, ਵਾਹੁ ਵਾਹੁ ਕਹੁ ਤਾ ਕਉ; ਜਾ ਕਾ ਅੰਤੁ ਨ ਪਾਰੁ ॥੨॥੬੩॥੮੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਾ ਕਉ = ਉਸ ਪਰਮੇਸ਼ਰ ਨੂੰ ਵਾਹੁ = ਅਸਚਰਜ ਤੋਂ ਵਾਹੁ = ਅਸਚਰਜ ਰੂਪ ਕਰਕੇ ਕਹੁ = ਕਥਨ ਕਰੋ, ਜਾ = ਜਿਸ ਪਰਮੇਸ਼ਰ ਕਾ = ਦਾ ਆਰ ਪਾਰ (ਲੋਕ-ਪ੍ਰਲੋਕ) ਕਰਕੇ ਅੰਤ ਨ = ਨਹੀਂ ਪਾਇਆ ਜਾਂਦਾ।

**ਅਥਵਾ** ਜਿਸ ਪਰਮੇਸ਼ਰ ਦੇ ਪਾਰ ਉਰਵਾਰ ਦਾ ਅੰਤ ਨਹੀਂ ਪਾਇਆ ਜਾਂਦਾ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਨੂੰ ਵਾਹੁ = ਅਸਚਰਜ ਤੇ ਵਾਹੁ = ਵਿਸਮਾਦ ਰੂਪ ਕਹੋ **ਵਾ:** ਵਿਸਮਾਦ ਤੇ ਸਭ ਦਾ ਪ੍ਰੇਰਕ ਕਥਨ ਕਰੋ **ਵਾ:** ਉਸ ਨੂੰ ਵਾਹੁ = ਵਾਹਿਗੁਰੂ ਵਾਹੁ = ਵਾਹਿਗੁਰੂ ਦੇ ਨਾਮ ਨਾਲ ਕਥਨ ਕਰੋ ॥੨॥੬੩॥੮੬॥

## ਸਾਰਗ ਮਹਲਾ ੫ ॥

## ਗੁਰ ਕੇ ਚਰਨ; ਬਸੇ ਮਨ ਮੇਰੈ ॥

ਹੇ ਭਾਈ ! ਗੁਰ = ਸਤਿਗੁਰਾਂ ਕੇ = ਦੇ ਪਵਿੱਤਰ ਚਰਨ ਮੇਰੈ = ਸਾਡੇ ਮਨ = ਚਿੱਤ ਵਿਚ ਬਸੇ = ਵੱਸ ਗਏ ਹਨ।

## ਪੂਰਿ ਰਹਿਓ ਠਾਕੁਰੁ ਸਭ ਥਾਈ; ਨਿਕਟਿ ਬਸੈ ਸਭ ਨੇਰੈ ॥੧॥ਰਹਾਉ॥

ਸਭ = ਸਾਰਿਆਂ ਥਾਈ = ਥਾਵਾਂ ਵਿਚ ਪੂਰਿ = ਪੂਰਨ ਵਿਆਪਕ ਹੋ ਰਹਿਓ = ਰਿਹਾ ਹੈ, ਉਹ ਸਭ = ਸਾਰਿਆਂ ਦਾ ਆਤਮਾ ਰੂਪ ਹੋ ਕੇ ਨੇਰੈ = ਨੇੜੇ ਤੋਂ ਨਿਕਟਿ = ਨੇੜੇ ਬਸੈ = ਵੱਸ ਰਿਹਾ ਹੈ **ਵਾ:** ਇਹ ਸਭ = ਸਾਰਿਆਂ ਸ਼ਾਸਤਰਾਂ ਨੇ ਨੇਰੈ = ਨਿਰਨਾ ਕੀਤਾ ਹੈ ਕਿ ਪਰਮੇਸ਼ਰ ਅਤਿਅੰਤ ਨਿਕਟ ਵਰਤੀ ਹੋ ਕੇ ਵੱਸ ਰਿਹਾ ਹੈ ॥੧॥ਰਹਾਉ॥

## ਬੰਧਨ ਤੋਰਿ, ਰਾਮ ਲਿਵ ਲਾਈ; ਸੰਤ ਸੰਗਿ ਬਨਿ ਆਈ ॥

ਜਦ ਗੁਰਾਂ ਨੇ ਮੇਰੀ ਰਾਮ = ਪਰਮੇਸ਼ਰ ਦੇ ਨਾਲ ਚਿੱਤ ਦੀ ਲਿਵ = ਬਿਰਤੀ ਲਾਈ = ਲਾਉਣਾ ਕੀਤੀ, ਤਦ ਪਰਮੇਸ਼ਰ ਨੇ ਮੇਰੇ ਹੰਗਤਾ ਮਮਤਾ ਦੇ ਬੰਧਨ = ਜੰਜਾਲ ਤੋਰਿ = ਤੋੜ ਦਿੱਤੇ ਹਨ ਅਤੇ ਮੇਰੀ ਸੰਤਸੰਗਿ = ਸਤਿਸੰਗਤ ਦੇ ਨਾਲ ਪ੍ਰੀਤੀ ਬਣ ਆਈ ਹੈ। ਅਤੇ :

## ਜਨਮੁ ਪਦਾਰਥੁ, ਭਇਓ ਪੁਨੀਤਾ; ਇਛਾ ਸਗਲ ਪੁਜਾਈ ॥੧॥

ਮੇਰਾ ਮਨੁੱਖਾ ਜਨਮ ਰੂਪੀ ਪਦਾਰਥ ਪੁਨੀਤਾ = ਪਵਿੱਤਰ ਭਇਓ = ਹੋ ਗਿਆ ਹੈ, ਮੇਰੀ ਸਗਲ = ਸਾਰੀ ਇੱਛਾ ਵੀ ਪੁਜਾਈ = ਪੂਰੀ ਹੋ ਗਈ ਹੈ ॥੧॥

## ਜਾ ਕਉ, ਕ੍ਰਿਪਾ ਕਰਹੁ ਪ੍ਰਭ ਮੇਰੇ; ਸੋ ਹਰਿ ਕਾ ਜਸੁ ਗਾਵੈ ॥

ਹੇ ਮੇਰੇ ਪ੍ਰਭ = ਪਰਮੇਸ਼ਰ ! ਜਾ = ਜਿਸ ਉੱਤੇ ਤੁਸੀਂ ਆਪ ਕ੍ਰਿਪਾ = ਮੇਹਰ ਦੀ ਦ੍ਰਿਸ਼ਟੀ ਕਰਹੁ = ਕਰ ਦਿੰਦੇ ਹੋ, ਹੇ ਹਰਿ = ਪਰਮੇਸ਼ਰ ! ਸੋ = ਉਹ ਪੁਰਖ ਆਪ ਜੀ ਕਾ = ਦਾ ਜਸੁ = ਕੀਰਤਨ ਗਾਵੈ = ਗਾਉਂਦਾ ਹੈ।

## ਆਠ ਪਹਰ, ਗੋਬਿੰਦ ਗੁਨ ਗਾਵੈ;<br>ਜਨੁ ਨਾਨਕੁ ਸਦ ਬਲਿ ਜਾਵੈ ॥੨॥੬੪॥੮੭॥

ਜੋ ਆਠ = ਅੱਠੇ ਪਹਿਰ ਗੋਬਿੰਦ = ਪ੍ਰਿਥਵੀ ਦੀ ਰੱਖਿਆ ਕਰਨ ਵਾਲੇ ਪਰਮੇਸ਼ਰ ਦੇ ਗੁਣ ਗਾਵੈ = ਗਾਉਂਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਜਨੁ = ਦਾਸ ਉਸ ਦੇ ਉਪਰੋਂ ਸਦ = ਸੈਂਕੜੇ ਵਾਰੀ, **ਵਾ:** ਸਦ = ਸਦਾ ਬਲਿ = ਬਲਿਹਾਰ ਜਾਵੈ = ਜਾਂਦਾ ਹਾਂ ॥੨॥੬੪॥੮੭॥

## ਸਾਰਗ ਮਹਲਾ ੫ ॥

## ਜੀਵਨੁ ਤਉ ਗਨੀਐ; ਹਰਿ ਪੇਖਾ ॥

ਹੇ ਪਰਮੇਸ਼ਰ ! ਜੇਕਰ ਤੇਰੇ ਦੀਦਾਰ ਪੇਖਾ = ਦੇਖਣਾ ਕਰੀਏ, ਤਉ = ਤਦ ਹੀ ਅਸਲ ਮਨੁੱਖਾ ਜਨਮ ਦੀ ਜੀਵਨੁ = ਜ਼ਿੰਦਗੀ ਗਨੀਐ = ਗਿਣੀਦੀ ਹੈ **ਵਾ:** ਜ਼ਿੰਦਗੀ ਸਫਲ ਗਿਣੀਦੀ ਹੈ।

## ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ; ਫੋਰਿ ਭਰਮ ਕੀ ਰੇਖਾ ॥੧॥ਰਹਾਉ॥

ਹੇ ਸਾਰਿਆਂ ਦੇ ਮਨਮੋਹਨ = ਮਨਾਂ ਨੂੰ ਮੋਹਿਤ ਕਰਨ ਵਾਲੇ, ਪ੍ਰੀਤਮ = ਪਰਮ ਪ੍ਰੇਮ ਦੇ ਅਸਪਦ ਪਰਮੇਸ਼ਰ ! ਸਾਡੇ ਉੱਤੇ ਕ੍ਰਿਪਾ = ਮੇਹਰ ਭਰੀ ਦ੍ਰਿਸ਼ਟੀ ਕਰਹੁ = ਕਰੋ, ਮੇਰੇ ਹਿਰਦੇ ਵਿੱਚੋਂ ਭਰਮ ਕੀ = ਦੀ ਰੇਖਾ = ਲਕੀਰ ਫੋਰਿ = ਫੋੜ, ਤੋੜ ਭਾਵ ਮਿਟਾ ਦੇਣਾ ਕਰੋ **ਵਾ:** ਫੋਰਿ = ਫੋਲਿਆਂ ਦੀ ਨਿਆਈਂ ਨਿਕਲੀ ਹੋਈ ਭਰਮ ਕੀ = ਦੀ ਲਕੀਰ ਨੂੰ ਮਿਟਾ ਦੇਣਾ ਕਰੋ ॥੧॥ਰਹਾਉ॥

## ਕਹਤ ਸੁਨਤ ਕਿਛੁ ਸਾਂਤਿ ਨ ਉਪਜਤ; ਬਿਨੁ ਬਿਸਾਸ ਕਿਆ ਸੇਖਾਂ ॥

ਆਪੋ ਅਹੰਬ੍ਰਹਮੱਸਮੀ ਕਹਤ = ਕਹਿਣ ਤੇ ਹੋਰਨਾਂ (ਚੇਲਿਆਂ) ਤੋਂ ਸੁਨਤ = ਸੁਣਨ ਨਾਲ ਕਿਛੁ = ਕੁਝ ਵੀ ਸਾਂਤਿ = ਸ਼ਾਂਤੀ ਚਿੱਤ ਵਿਚ ਨਹੀਂ ਉਪਜਤ = ਉਪਜਦੀ, ਪੈਦਾ ਹੁੰਦੀ, ਬਿਸਾਸ = ਭਰੋਸਾ ਧਾਰਨ ਕਰਨ ਤੋਂ ਬਿਨੁ = ਬਗ਼ੈਰ, ਸੇਖਾਂ = ਬਾਕੀ ਉਸ ਦੇ ਕਿਆ = ਕੀ ਚੀਜ਼ ਹੈ ਭਾਵ ਕੁਝ ਨਹੀਂ ਹੈ **ਵਾ:** ਐਵੇਂ

ਸੇਖਾਂ = ਸ਼ੇਖ਼ੀਆਂ ਮਾਰਨ ਭਾਵ ਆਪਣੀ ਵਡਿਆਈ ਕਰਨ ਵਿਚ ਕਿਆ = ਕੀ ਹੈ ਭਾਵ ਕੁਝ ਵੀ ਨਹੀਂ ਹੈ **ਵਾ:** ਪ੍ਰਭੂ ਉੱਤੇ ਭਰੋਸਾ ਕਰਨ ਤੋਂ ਬਗ਼ੈਰ ਹੋਰ ਸੇਖਾਂ = ਸਿੱਖਿਆ ਦੇਣ ਦਾ ਕੀ ਲਾਭ ਹੈ ਭਾਵ ਕੁਝ ਵੀ ਨਹੀਂ **ਵਾ:** ਆਪਣੇ ਆਪ ਨੂੰ ਸੇਖਾਂ = ਸੇਖ, ਬਿਰਧ ਜਾਤੀ ਵਾਲਾ ਕਹਾ ਲਿਆ ਤਾਂ ਕੀ ਹੈ ਭਾਵ ਕੁਝ ਵੀ ਨਹੀਂ ਹੈ।

## ਪ੍ਰਭੂ ਤਿਆਗਿ, ਆਨ ਜੋ ਚਾਹਤ; ਤਾ ਕੈ ਮੁਖਿ ਲਾਗੈ ਕਾਲੇਖਾ ॥੧॥

ਪ੍ਰਭੂ = ਪਰਮੇਸ਼ਰ ਨੂੰ ਤਿਆਗਿ = ਛੱਡ ਕੇ ਜੋ = ਜਿਹੜਾ ਪੁਰਖ ਆਨ = ਦਵੈਤ ਵਾਲੇ, ਆਨ = ਹੋਰਨਾਂ ਪਦਾਰਥਾਂ ਨੂੰ ਚਾਹਤ = ਚਾਹੁੰਦਾ ਹੈ, ਤਾ = ਉਸ ਕੈ = ਦੇ ਮੁਖਿ = ਮੂੰਹ ਉੱਤੇ ਕਾਮ ਆਦਿ ਵਿਸ਼ਿਆਂ ਦੇ ਕਾਲੇਖਾ = ਕਲੰਕ ਲਾਗੈ = ਲੱਗੇ ਰਹਿੰਦੇ ਹਨ **ਵਾ:** ਪਾਪਾਂ ਰੂਪੀ ਕਾਲਖ ਲੱਗੀ ਰਹਿੰਦੀ ਹੈ॥੧॥

## ਜਾ ਕੈ ਰਾਸਿ ਸਰਬ ਸੁਖ ਸੁਆਮੀ; ਆਨ ਨ ਮਾਨਤ ਭੇਖਾ ॥

ਜਾ = ਜਿਸ ਕੈ = ਦੇ ਕੋਲ ਸ਼ਰਧਾ ਰੂਪੀ ਰਾਸਿ = ਪੂੰਜੀ ਹੈ **ਵਾ:** ਸਰਬ = ਸਾਰਿਆਂ ਨੂੰ ਸੁਖ ਦੇਣ ਵਾਲੇ ਸੁਆਮੀ = ਮਾਲਕ ਪਰਮੇਸ਼ਰ ਦੇ ਨਾਮ ਦੀ ਜਾ = ਜਿਸ ਕੈ = ਦੇ ਕੋਲ ਪੂੰਜੀ ਹੈ, ਉਹ ਆਨ = ਹੋਰਨਾਂ ਪਾਖੰਡ ਵਾਲੇ ਭੇਖਾ = ਲਿਬਾਸਾਂ ਨੂੰ ਨ = ਨਹੀਂ ਮਾਨਤ = ਮੰਨਦਾ।

## ਨਾਨਕ, ਦਰਸ ਮਗਨ ਮਨੁ ਮੋਹਿਓ; ਪੂਰਨ ਅਰਥ ਬਿਸੇਖਾ ॥੨॥੬੫॥੮੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਦਾ ਵਾਹਿਗੁਰੂ ਦੇ ਦਰਸ = ਦਰਸ਼ਨ ਵਿਚ ਮਗਨ = ਮਸਤ ਹੋ ਕੇ ਮਨੁ = ਚਿੱਤ ਮੋਹਿਓ = ਮੋਹਿਆ ਗਿਆ ਹੈ, ਉਹ ਬਿਸੇਖਾ = ਵਿਸ਼ੇਸ਼ ਕਰਕੇ **ਵਾ:** ਬਿਸੇਖਾ = ਸਾਰੇ ਅਰਥ = ਪਦਾਰਥਾਂ ਨਾਲ ਪੂਰਨ = ਪੂਰਤ ਹੋ ਗਿਆ ਹੈ **ਵਾ:** ਉਸ ਨੇ ਵਿਸ਼ੇਸ਼ ਕਰਕੇ ਪੂਰਨ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਬ੍ਰਹਮਾਨੰਦ ਰੂਪੀ ਅਰਥ = ਪਦਾਰਥ ਪਾ ਲਿਆ ਹੈ॥੨॥੬੫॥੮੮॥

## ਸਾਰਗ ਮਹਲਾ ੫ ॥

## ਸਿਮਰਨ; ਰਾਮ ਕੋ ਇਕੁ ਨਾਮ ॥

ਹੇ ਭਾਈ! ਇਕ ਰਾਮ = ਪਰਮੇਸ਼ਰ ਕੋ = ਦੇ ਨਾਮ ਸਿਮਰਨ ਵਿਚ ਹੀ ਸੁਖ ਹੈ **ਵਾ:** ਹੇ ਭਾਈ! ਇਕ ਪਰਮੇਸ਼ਰ ਦਾ ਨਾਮ ਸਿਮਰਨਾ ਕਰ।

## ਕਲਮਲ ਦਗਧ ਹੋਹਿ, ਖਿਨ ਅੰਤਰਿ; ਕੋਟਿ ਦਾਨ ਇਸਨਾਨ ॥੧॥ਰਹਾਉ॥

ਇਕ ਖਿਨ = ਛਿਨ ਦੇ ਅੰਤਰਿ = ਅੰਦਰ ਸਾਰੇ ਕਲਮਲ = ਪਾਪ **ਵਾ:** ਕਲਮਲ = ਕਲਵਾਹਟ ਪਾਉਣ ਵਾਲੇ ਕਲਿਜੁਗ ਦੇ ਮੈਲ ਰੂਪ ਪਾਪ **ਵਾ:** ਕਲ = ਝਗੜਾ ਤੇ ਅਵਿੱਦਿਆ ਰੂਪ ਮਲ = ਮੈਲ ਆਦਿ ਸਭ ਨਾਮ ਰੂਪੀ ਅਗਨੀ ਦੇ ਨਾਲ ਦਗਧ = ਸੜ ਜਾਂਦੇ ਹੋਹਿ = ਹਨ **ਵਾ:** ਸੜ ਕੇ ਸੁਆਹ ਹੋਹਿ = ਹੋ ਜਾਂਦੇ ਹਨ ਅਤੇ ਕੋਟਿ = ਕਰੋੜਾਂ ਦਾਨ ਤੇ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੁੰਦਾ ਹੈ॥੧॥ਰਹਾਉ॥

## ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ; ਬਿਨੁ ਹਰਿ ਫੋਕਟ ਗਿਆਨ ॥

ਹੇ ਜੀਵ! ਤੂੰ ਆਨ = ਹੋਰਨਾਂ ਮਾਇਆ ਦੇ ਜੰਜਾਰ = ਜੰਜਾਲਾਂ ਵਿਚ ਪਿਆ ਹੋਇਆ ਬ੍ਰਿਥਾ = ਬੇਅਰਥ ਹੀ ਸ੍ਰਮੁ = ਥਕਾਵਟ ਨੂੰ ਘਾਲਤ = ਪਾਉਣਾ ਕਰਦਾ ਹੈਂ ਅਤੇ ਹਰਿ = ਪਰਮੇਸ਼ਰ ਦੇ ਨਾਮ ਸਿਮਰਨ ਤੋਂ ਬਿਨੁ = ਬਗ਼ੈਰ ਤੇਰੇ ਸਾਰੇ ਗਿਆਨ, ਧਿਆਨ ਫੋਕਟ = ਫੋਕੇ ਹੀ ਹਨ **ਵਾ:** ਗਿਆਨ ਆਦਿ ਦਾ ਕਥਨ ਕਰਨਾ

ਫੋਕਟ = ਨਿਸਫਲਾ ਹੀ ਹੈ **ਵਾ**: ਜਿਵੇਂ ਜਿਸ ਤੁਖ ਵਿਚ ਦਾਣਾ ਨਾ ਹੋਵੇ ਤਾਂ ਉਹ ਫੋਕਟ ਹੀ ਹੁੰਦਾ ਹੈ, ਇਸੇ ਪ੍ਰਕਾਰ ਪਰਮੇਸ਼ਰ ਦਾ ਨਾਮ ਦਾਣੇ ਦੀ ਨਿਆਈਂ ਹੈ, ਤੇ ਉਸ ਤੋਂ ਬਿਨਾਂ ਸਾਰੇ ਗਿਆਨ ਧਿਆਨ ਫੋਕੇ ਹੀ ਹਨ **ਵਾ**: ਮਨਮੁਖ ਪੁਰਖ ਛਿਲੜ ਦੀ ਨਿਆਈਂ ਹਨ, ਕਿਉਂਕਿ ਉਨ੍ਹਾਂ ਨੂੰ ਮੁਕਤ ਰੂਪ ਅਨਾਜ ਪ੍ਰਾਪਤ ਨਹੀਂ ਹੁੰਦਾ।

## ਜਨਮ ਮਰਨ ਸੰਕਟ ਤੇ ਛੂਟੈ; ਜਗਦੀਸ ਭਜਨ ਸੁਖ ਧਿਆਨ ॥੧॥

ਹੇ ਜੀਵ ! ਜਗਦੀਸ = ਜਗਤ ਦੇ ਈਸਰ ਪਰਮੇਸ਼ਰ ਦਾ ਭਜਨ = ਸਿਮਰਨ ਕਰਿਆ ਕਰ ਤੇ ਉਸ ਸੁਖ ਸਰੂਪ ਵਿਚ ਹਰ ਵਕਤ ਧਿਆਨ ਲਾਈ ਰੱਖਿਆ ਕਰ **ਵਾ**: ਜਦ ਤੇਰਾ ਜਗਦੀਸ = ਪਰਮੇਸ਼ਰ ਦੇ ਭਜਨ = ਸਿਮਰਨ ਵਿਚ ਧਿਆਨ ਜੁੜ ਗਿਆ, ਤਦ ਤੈਨੂੰ ਸੁਖ ਸਰੂਪ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਤੂੰ ਜੰਮਣ ਮਰਣ ਦੇ ਸੰਕਟ = ਦੁਖ ਤੇ = ਤੋਂ ਛੂਟੈ = ਛੁਟਕਾਰਾ ਪਾ ਲਵੇਂਗਾ ॥੧॥

## ਤੇਰੀ ਸਰਨਿ, ਪੂਰਨ ਸੁਖ ਸਾਗਰ; ਕਰਿ ਕਿਰਪਾ, ਦੇਵਹੁ ਦਾਨ ॥

ਹੇ ਸੁੱਖਾਂ ਦੇ ਸਾਗਰ = ਸਮੁੰਦਰ ਪੂਰਨ = ਪੂਰੇ ਪਰਮੇਸ਼ਰ ! ਮੈਂ ਤੇਰੀ = ਤੁਹਾਡੀ ਸਰਨਿ = ਓਟ ਵਿਚ ਆਇਆ ਹਾਂ, ਕਿਰਪਾ = ਮੇਹਰ ਭਰੀ ਦ੍ਰਿਸ਼ਟੀ ਕਰਿ = ਕਰਕੇ ਮੈਨੂੰ ਆਪਣੇ ਨਾਮ ਦਾ ਦਾਨ ਦੇਵਹੁ = ਦੇਣਾ ਕਰੋ।

## ਸਿਮਰਿ ਸਿਮਰਿ ਨਾਨਕ ਪ੍ਰਭ ਜੀਵੈ;
## ਬਿਨਸਿ ਜਾਇ ਅਭਿਮਾਨ ॥੨॥੬੬॥੮੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਪਰਮੇਸ਼ਰ ! ਮੈਂ ਤੇਰੇ ਸਿਮਰਿ = ਸਿਮਰਨੇ ਯੋਗ ਨਾਮ ਨੂੰ ਸਿਮਰਿ = ਯਾਦ ਕਰਕੇ ਆਤਮਿਕ ਜੀਵਨ ਵੱਲ ਜੀਵੈ = ਜਿਉਂਦਾ ਹਾਂ, ਇਹ ਵੀ ਦਇਆ ਕਰੋ ਕਿ ਮੇਰੇ ਅੰਦਰੋਂ ਅਭਿਮਾਨ = ਹੰਕਾਰ ਵੀ ਬਿਨਸਿ = ਨਾਸ਼ ਹੋ ਜਾਇ = ਜਾਵੇ ॥੨॥੬੬॥੮੯॥

## ਸਾਰਗ ਮਹਲਾ ੫ ॥

**ਉਥਾਨਕਾ** : ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਇਕ ਨਾਂਗਾ ਪੁਰਖ ਆਇਆ ਤੇ ਇਕ ਕਾਪੜੀ ਭੇਖ ਵਾਂਗ ਪੂਰੇ ਸਰੀਰ ਉੱਤੇ ਬਸਤਰਾਂ ਨੂੰ ਪਹਿਨਣ ਵਾਲਾ ਪੁਰਖ ਆਇਆ, ਪਹਿਲਾਂ ਨਾਂਗਾ ਪੁਰਖ ਸਤਿਗੁਰਾਂ ਨੂੰ ਕਹਿਣ ਲੱਗਾ ਕਿ ਸਰੀਰ ਉੱਤੇ ਬਸਤਰ ਪਾਉਣ ਦੀ ਲੋੜ ਨਹੀਂ ਹੈ, ਨੰਗੇ ਹੀ ਰਹਿਣਾ ਚਾਹੀਦਾ ਹੈ ਅਤੇ ਸਰੀਰ ਦੇ ਉੱਤੇ ਧੂੜ ਹੀ ਪਾ ਛੱਡੋ, ਹੋਰ ਕੁਝ ਵੀ ਕਰਨ ਦੀ ਲੋੜ ਨਹੀਂ ਹੈ, ਇਹ ਸੁਣ ਕੇ ਦੂਸਰਾ ਪੁਰਖ ਬੋਲਿਆ ਕਿ ਸਾਰੇ ਸਰੀਰ ਉੱਤੇ ਬਸਤਰ ਪਹਿਨਣੇ ਚਾਹੀਦੇ ਹਨ, ਸਰੀਰ ਦਾ ਕੋਈ ਵੀ ਅੰਗ ਨੰਗਾ ਨਹੀਂ ਰਹਿਣਾ ਚਾਹੀਦਾ ਕਿਉਂਕਿ ਪ੍ਰਮਾਣੂ ਸਰੀਰ ਉੱਤੇ ਅਸਰ ਕਰੀ ਜਾਂਦੇ ਹਨ, ਬਸਤਰਾਂ ਨਾਲ ਸਰੀਰ ਨੂੰ ਢੱਕਣ ਨਾਲ ਪ੍ਰਮਾਣੂਆਂ ਤੋਂ ਵੀ ਬਚਾਅ ਰਹਿੰਦਾ ਹੈ ਅਤੇ ਸਰੀਰ ਵੀ ਪਵਿੱਤਰ ਰਹਿੰਦਾ ਹੈ, ਇਨ੍ਹਾਂ ਦੋਹਾਂ ਪੁਰਖਾਂ ਦੇ ਬਚਨ ਸੁਣ ਕੇ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ।

## ਧੂਰਤੁ ਸੋਈ; ਜਿ ਧੁਰ ਕਉ ਲਾਗੈ ॥

ਹੇ ਭਾਈ ! ਸੋਈ = ਉਹੋ ਹੀ ਧੂਰਤੁ = ਧੂੜ ਨੂੰ ਧਾਰਨ ਵਾਲਾ ਨਾਂਗਾ ਹੈ **ਵਾ**: ਸੋਈ = ਉਹੋ ਹੀ ਧੂਰਤੁ = ਚਤੁਰ ਹੈ, ਜਿ = ਜਿਹੜਾ ਧੁਰ = ਮੁੱਢ ਰੂਪ ਪਰਮੇਸ਼ਰ ਕਉ = ਦੇ ਨਾਮ ਜਪਣ ਵਿਚ ਲਾਗੈ = ਲੱਗ, ਜੁੜ ਜਾਂਦਾ ਹੈ।

## ਸੋਈ ਧੁਰੰਧਰੁ, ਸੋਈ ਬਸੁੰਧਰੁ; ਹਰਿ ਏਕ ਪ੍ਰੇਮ ਰਸ, ਪਾਗੈ ॥੧॥ਰਹਾਉ॥

ਜਿਹੜਾ ਇਕ ਹਰਿ = ਪਰਮੇਸ਼ਰ ਦੇ ਪ੍ਰੇਮ ਰਸ ਵਿਚ ਪਾਗੈ = ਰੰਗਿਆ ਰਹਿੰਦਾ ਹੈ, ਸੋਈ = ਉਹੋ ਹੀ ਧੁਰੰਧਰੁ = ਧੂੜ ਨੂੰ ਧਾਰਨ ਵਾਲਾ ਨਾਂਗਾ ਹੈ ਤੇ ਸੋਈ = ਉਹੋ ਹੀ ਬਸੁੰਧਰੁ = ਬਸਤਰਾਂ ਨੂੰ ਪਹਿਨਣ ਵਾਲਾ ਪੁਰਖ ਹੈ **ਵਾ:** ਉਹੋ ਹੀ ਧੁਰੰਧਰੁ = ਮਰਯਾਦਾ ਦੇ ਧਾਰਨ ਵਾਲਾ ਹੈ **ਵਾ:** ਧਰਤੀ ਨੂੰ ਆਸਰਾ ਦੇਣ ਵਾਲੇ ਪਰਮੇਸ਼ਰ ਦੀ ਭਗਤੀ ਰੂਪ ਮਰਯਾਦਾ ਨੂੰ ਜਾਣਨ ਵਾਲਾ ਹੈ, ਤੇ ਉਹੀ ਪੁਰਖ ਬਸੁੰਧਰੁ = ਧਰਤੀ ਭਾਵ ਖਿਮਾ **ਵਾ:** ਗੁਣਾਂ ਰੂਪੀ ਬਸਤਰਾਂ ਨੂੰ ਪਹਿਨਣ ਵਾਲਾ ਹੈ **ਵਾ:** ਗਿਆਨ ਦੀਆਂ ਭੂਮਿਕਾ ਧਾਰਨ ਵਾਲਾ ਹੈ ॥੧॥ਰਹਾਉ॥

## ਬਲ ਬੰਚ ਕਰੈ, ਨ ਜਾਨੈ ਲਾਭੈ; ਸੋ ਧੂਰਤੁ ਨਹੀ, ਮੂੜ੍ਹਾ ॥

ਜੋ ਆਪਣੇ ਸਰੀਰਕ ਜਾਂ ਰਾਜਸੀ ਬਲ = ਜ਼ੋਰ ਕਰਕੇ ਕਿਸੇ ਨਾਲ ਬੰਚ = ਠੱਗੀ, ਫ਼ਰੇਬ ਕਰੈ = ਕਰਦਾ ਹੈ, ਉਹ ਪ੍ਰਮਾਰਥ ਦੇ ਲਾਭੈ = ਲਾਹੇ ਨੂੰ ਉੱਕਾ ਹੀ ਨ = ਨਹੀਂ ਜਾਨੈ = ਜਾਣਦਾ, ਸੋ = ਉਹ ਧੂਰਤੁ = ਧੂੜ ਨੂੰ ਧਾਰਨ ਵਾਲਾ ਨਾਂਗਾ **ਵਾ:** ਚਤੁਰ ਨਹੀਂ ਹੋ ਸਕਦਾ, ਸਗੋਂ ਉਹ ਤਾਂ ਮੂੜ੍ਹਾ = ਮੂਰਖ ਹੈ।

## ਸੁਆਰਥੁ ਤਿਆਗਿ, ਅਸਾਰਥਿ ਰਚਿਓ; ਨਹ ਸਿਮਰੈ ਪ੍ਰਭੁ ਰੂੜਾ ॥੧॥

ਉਹ ਸੁਆਰਥੁ = ਆਪਣੇ ਪ੍ਰਯੋਜਨ **ਵਾ:** ਮੋਖ ਰੂਪੀ ਪ੍ਰਯੋਜਨ ਨੂੰ ਤਿਆਗਿ = ਛੱਡ ਕੇ ਅਸਾਰਥਿ = ਅਸਾਰ ਰੂਪ ਪਦਾਰਥਾਂ **ਵਾ:** ਅਸਾਰ ਕਰਮਾਂ ਵਿਚ ਰਚਿਓ = ਰਚ ਗਿਆ ਹੈ **ਵਾ:** ਸੁਆਰਥੁ = ਸ੍ਰੇਸ਼ਟਤਾਈ ਵਾਲੇ ਕੰਮਾਂ ਨੂੰ ਛੱਡ ਕੇ ਮਾੜੇ ਕੰਮਾਂ ਵਿਚ ਰਚ ਗਿਆ ਹੈ, ਰੂੜਾ = ਸੁੰਦਰ ਸਰੂਪ ਪ੍ਰਭੁ = ਪਰਮੇਸ਼ਰ ਦਾ ਸਿਮਰੈ = ਸਿਮਰਨ ਨਹ = ਨਹੀਂ ਕਰਦਾ ॥੧॥

## ਸੋਈ ਚਤੁਰੁ, ਸਿਆਣਾ ਪੰਡਿਤੁ; ਸੋ ਸੂਰਾ ਸੋ ਦਾਨਾਂ ॥

ਸੋਈ = ਉਹੋ ਹੀ ਵਿਵਹਾਰਾਂ ਵਿਚ ਚਤੁਰ, ਸ਼ਾਸਤਰ ਗਿਆਨ ਵਿਚ ਸਿਆਣਾ ਤੇ ਪੰਡਿਤੁ = ਵਿਦਵਾਨ, ਤੱਤਬੇਤਾ ਹੈ, ਸੋ = ਉਹੋ ਹੀ ਮਨ ਨੂੰ ਜਿੱਤਣ ਵਾਲਾ ਸੂਰਾ = ਸੂਰਮਾ, ਸੋ = ਉਹੋ ਹੀ ਦਾਨਾਂ ਹੈ **ਵਾ:** ਦਨਾਈ ਵਾਲਾ ਹੈ **ਵਾ:** ਜੋ ਵਿਕਾਰਾਂ ਤੋਂ ਬਚ ਕੇ ਰਹਿੰਦਾ ਹੈ ਉਹੋ ਹੀ ਦਾਨਾਂ = ਅਕਲ ਵਾਲਾ ਹੈ।

## ਸਾਧਸੰਗਿ ਜਿਨਿ ਹਰਿ ਹਰਿ ਜਪਿਓ; ਨਾਨਕ ਸੋ ਪਰਵਾਨਾ ॥੨॥੬੭॥੯੦॥

ਜਿਨਿ = ਜਿਸ ਨੇ ਸਾਧਸੰਗਿ = ਸਤਿਸੰਗਤ ਦੇ ਵਿਚ ਮਿਲ ਕੇ ਹਰਿ = ਹਰੀ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪਿਓ = ਜਪਿਆ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋ = ਉਹ ਪੁਰਖ ਪਰਮੇਸ਼ਰ ਦੇ ਸਚਖੰਡ ਰੂਪੀ ਦਰਬਾਰ ਵਿਚ ਪਰਵਾਨਾ = ਪ੍ਰਵਾਨਿਕ ਹੋਇਆ ਹੈ **ਵਾ:** ਉਸ ਪੁਰਖ ਦਾ ਜਗਤ ਵਿਚ ਆਉਣਾ ਪਰਵਾਨਾ = ਸਫਲਾ ਹੈ ॥੨॥੬੭॥੯੦॥

[ਅੰਗ ੧੨੨੨]

## ਸਾਰਗ ਮਹਲਾ ੫ ॥

## ਹਰਿ ਹਰਿ; ਸੰਤ ਜਨਾ ਕੀ ਜੀਵਨਿ ॥

ਹਰਿ = ਸਾਰਿਆਂ ਨੂੰ ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਹੀ ਸੰਤ = ਸ਼ਾਂਤ ਆਤਮਾ ਵਾਲੇ ਪੁਰਖਾਂ, ਮਹਾਤਮਾ ਤੇ ਭਗਤ ਜਨਾਂ ਕੀ = ਦੀ ਜੀਵਨਿ = ਜ਼ਿੰਦਗੀ ਹੈ **ਵਾ:** ਸੰਤ ਜਨਾਂ ਨੂੰ ਜੀਵਨਿ = ਚੇਤਨ ਸੱਤਾ ਦੇਣ ਵਾਲਾ ਹਰਿ ਹਰਿ = ਹਰੀ ਪਰਮੇਸ਼ਰ ਹੀ ਹੈ।

## ਬਿਖੈ ਰਸ ਭੋਗ, ਅੰਮ੍ਰਿਤ ਸੁਖ ਸਾਗਰ; ਰਾਮ ਨਾਮ ਰਸੁ ਪੀਵਨਿ ॥੧॥ਰਹਾਉ॥

ਉਹ ਬਿਖੈ = ਵਿਸ਼ੇ ਰਸ ਭੋਗਾਂ ਦੇ ਥਾਂ ਅੰਮ੍ਰਿਤ = ਅਮਰ ਕਰਨ ਵਾਲੇ ਸੁੱਖਾਂ ਦੇ ਸਾਗਰ = ਸਮੁੰਦਰ ਰਾਮ = ਪਰਮੇਸ਼ਰ ਦੇ ਨਾਮ ਰਸ ਨੂੰ ਪੀਵਨਿ = ਪੀਣਾ ਕਰਦੇ ਹਨ **ਵਾ:** ਸੰਸਾਰੀ ਪੁਰਖਾਂ ਨੇ ਤਾਂ ਦੁਨੀਆਂ ਦੇ ਅੰਦਰ ਵਿਸ਼ੇ ਰਸ ਤੇ ਭੋਗਾਂ ਦੇ ਆਨੰਦ ਮੰਨੇ ਹਨ ਪਰ ਮਹਾਤਮਾ ਜਨਾਂ ਨੇ ਅੰਮ੍ਰਿਤ ਰੂਪ ਤੇ ਸੁੱਖਾਂ ਦੇ ਸਾਗਰ ਪਰਮੇਸ਼ਰ ਦੇ ਨਾਮ ਰਸ ਪੀਣ ਨੂੰ ਹੀ ਸ੍ਰੇਸ਼ਟ ਅਨੰਦ ਮੰਨਿਆ ਹੈ **ਵਾ:** ਵਿਸ਼ੇ ਰਸਾਂ ਦੇ ਭੋਗਾਂ ਨੂੰ ਤਿਆਗ ਕੇ ਜੋ ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਆਤਮਿਕ ਸੁੱਖਾਂ ਦਾ ਸਮੁੰਦਰ ਹੈ, ਉਸ ਰਸ ਨੂੰ ਪਰਮੇਸ਼ਰ ਦਾ ਨਾਮ ਜਪ ਕੇ ਪੀਣਾ ਕਰਦੇ ਹਨ ॥੧॥ਰਹਾਉ॥

**ਵਾ:** ਉਨ੍ਹਾਂ ਮਹਾਤਮਾ ਜਨਾਂ ਦਾ ਵਿਸ਼ੇ ਭੋਗਾਂ ਦੇ ਰਸਾਂ ਦਾ ਅੰਮ੍ਰਿਤ ਰੂਪ ਤੇ ਸੁੱਖਾਂ ਦਾ ਸਾਗਰ ਬ੍ਰਹਮ ਹੀ ਹੈ, ਇਸੇ ਕਰਕੇ ਮਹਾਤਮਾ ਜਨ ਰਾਮ = ਪਰਮੇਸ਼ਰ ਦੇ ਨਾਮ ਰਸ ਦੁਆਰਾ ਉਸ ਦੇ ਪ੍ਰਾਪਤੀ ਦੇ ਅਨੰਦ ਨੂੰ ਪੀਂਦੇ ਹਨ।

## ਸੰਚਨਿ ਰਾਮ ਨਾਮ ਧਨੁ ਰਤਨਾ; ਮਨ ਤਨ ਭੀਤਰਿ ਸੀਵਨਿ ॥

ਸੰਤ ਜਨ ਗੁਰਾਂ ਦੇ ਸ਼ਬਦ ਦੁਆਰਾ ਰਤਨਾ ਵਤ ਅਮੋਲਕ ਰਾਮ = ਪਰਮੇਸ਼ਰ ਦੇ ਨਾਮ ਰੂਪੀ ਧਨ ਨੂੰ ਸੰਚਨਿ = ਇਕੱਤਰ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਮਨ ਤੇ ਤਨ ਭੀਤਰਿ = ਵਿਚ ਨਾਮ ਹੀ ਸੀਵਨਿ = ਸਿਉਣਾ ਕੀਤਾ ਹੈ **ਵਾ:** ਉਨ੍ਹਾਂ ਨੇ ਬ੍ਰਹਮਾਕਾਰ ਬਿਰਤੀ ਰੂਪ ਸੂਈ ਵਿਚ ਮਹਾਂਵਾਕ ਰੂਪੀ ਧਾਗਾ ਪਾ ਕੇ ਚਿੱਤ ਰੂਪੀ ਬਸਤਰ ਨੂੰ ਨਾਮ ਨਾਲ ਸਿਉਂ ਲਿਆ ਹੈ ਭਾਵ ਚਿੱਤ ਨਾਮ ਵਿਚ ਜੋੜ ਲਿਆ ਹੈ।

## ਹਰਿ ਰੰਗ ਰਾਂਗ, ਭਏ ਮਨ ਲਾਲਾ; ਰਾਮ ਨਾਮ ਰਸ ਖੀਵਨਿ ॥੧॥

ਹਰਿ = ਪਰਮੇਸ਼ਰ ਦੇ ਪ੍ਰੇਮ ਰੂਪੀ ਰੰਗ ਵਿਚ ਰਾਂਗ = ਰੰਗਣ ਕਰਕੇ ਸੰਤ ਜਨਾਂ ਦੇ ਮਨ = ਚਿੱਤ ਭਗਤੀ ਰੂਪੀ ਲਾਲਾ = ਗਾੜ੍ਹੇ ਰੰਗ ਵਾਲੇ ਭਏ = ਹੋ ਗਏ ਹਨ **ਵਾ:** ਜੋ ਹਰਿ ਪਰਮੇਸ਼ਰ ਹਰੇਕ ਰੰਗਾਂ ਵਿਚ ਰਾਂਗ = ਰੰਗਿਆ ਹੋਇਆ ਹੈ, ਉਸ ਦੇ ਪ੍ਰੇਮ ਰੂਪੀ ਰੰਗ ਵਿਚ ਸੰਤ ਜਨਾਂ ਦੇ ਮਨ ਭਗਤੀ ਦੇ ਸਹਿਤ ਗਾੜ੍ਹੇ ਰੰਗ ਵਾਲੇ ਹੋ ਗਏ ਹਨ **ਵਾ:** ਗਿਆਨ ਰੂਪੀ ਲਾਲੀ ਦੇ ਸਹਿਤ ਹੋ ਗਏ ਹਨ, ਅਤੇ ਉਹ ਰਾਮ = ਪਰਮੇਸ਼ਰ ਦੇ ਨਾਮ ਰਸ ਵਿਚ ਖੀਵਨਿ = ਮਸਤ ਰਹਿੰਦੇ ਹਨ ॥੧॥

## ਜਿਉ ਮੀਨਾ, ਜਲ ਸਿਉ ਉਰਝਾਨੋ; ਰਾਮ ਨਾਮ ਸੰਗਿ ਲੀਵਨਿ ॥

ਜਿਉ = ਜਿਵੇਂ ਮੀਨਾ = ਮੱਛੀ ਜਲ = ਪਾਣੀ ਦੇ ਸਿਉ = ਨਾਲ ਉਰਝਾਨੋ = ਉਲਝੀ, ਲਪਟੀ ਰਹਿੰਦੀ ਹੈ, ਇਸੇ ਪ੍ਰਕਾਰ ਸੰਤ ਜਨਾਂ ਦਾ ਚਿੱਤ ਰਾਮ = ਪਰਮੇਸ਼ਰ ਦੇ ਨਾਮ ਸੰਗਿ = ਨਾਲ ਲੀਵਨਿ = ਲੀਨ ਹੋਇਆ ਰਹਿੰਦਾ ਹੈ।

## ਨਾਨਕ, ਸੰਤ ਚਾਤ੍ਰਿਕ ਕੀ ਨਿਆਈ;<br>ਹਰਿ ਬੂੰਦ ਪਾਨ ਸੁਖ ਥੀਵਨਿ ॥੨॥੬੮॥੯੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੰਤ ਜਨ ਚਾਤ੍ਰਿਕ = ਬੰਬੀਹੇ ਕੀ = ਦੀ ਨਿਆਈ = ਤਰ੍ਹਾਂ ਹਰਿ = ਪਰਮੇਸ਼ਰ ਦੀ ਨਾਮ ਰੂਪੀ ਸਵਾਂਤੀ ਬੂੰਦ ਨੂੰ ਪਾਨ = ਪੀ ਕੇ ਆਤਮਾਨੰਦ ਰੂਪੀ ਸੁਖ ਦੇ ਸਹਿਤ ਥੀਵਨਿ = ਹੁੰਦੇ ਹਨ **ਵਾ:** ਪਰਮੇਸ਼ਰ ਦੀ ਪ੍ਰਾਪਤੀ ਦੇ ਅਨੰਦ ਵਾਲੀ ਜੀਵ ਈਸ ਦੀ ਏਕਤਾ ਰੂਪੀ ਸਵਾਂਤੀ ਬੂੰਦ ਨੂੰ ਪੀ ਕੇ ਸੁਖ = ਅਨੰਦ ਦੇ ਸਹਿਤ ਹੁੰਦੇ ਹਨ ॥੨॥੬੮॥੯੧॥

## ਸਾਰਗ ਮਹਲਾ ੫ ॥

## ਹਰਿ ਕੇ ਨਾਮ ਹੀਨ; ਬੇਤਾਲ ॥

ਹਰਿ = ਪਰਮੇਸ਼ਰ ਕੇ = ਦੇ ਨਾਮ ਤੋਂ ਹੀਨ = ਹੀਣੇ ਪੁਰਖ ਬੇਤਾਲ = ਭੂਤਨਿਆਂ ਦੀ ਨਿਆਈਂ ਹਨ **ਵਾ:** (ਬੇ + ਤਾਲ) ਸ੍ਵੈ ਤਾਲ = ਸਰੂਪ ਤੋਂ ਬੇ = ਰਹਿਤ ਹਨ **ਵਾ:** ਬੇ = ਦਵੈਤ ਦੀ ਤਾਲ = ਤਲਾਸ਼ ਵਿਚ ਲੱਗੇ ਰਹਿੰਦੇ ਹਨ।

## ਜੇਤਾ ਕਰਨ ਕਰਾਵਨ ਤੇਤਾ; ਸਭਿ ਬੰਧਨ ਜੰਜਾਲ ॥੧॥ਰਹਾਉ॥

ਜੇਤਾ = ਜਿਤਨਾ ਤੇਤਾ = ਉਹ ਕਰਤੱਬ ਆਪ ਕਰਨ = ਕਰਦੇ ਹਨ ਜਾਂ ਹੋਰਨਾਂ ਆਪਣੇ ਸੰਬੰਧੀਆਂ, ਮਿਲਾਪੀਆਂ ਤੋਂ ਕਰਾਵਨ = ਕਰਾਉਂਦੇ ਹਨ, ਉਤਨੇ ਹੀ ਉਹਨਾਂ ਨੂੰ ਬਹੁਤ ਸਭਿ = ਸਾਰੇ ਹਉਮੈ ਦੇ ਬੰਧਨ ਤੇ ਧੰਧਿਆਂ ਦੇ ਜੰਜਾਲ ਪਏ ਰਹਿੰਦੇ ਹਨ **ਵਾ:** ਉਨ੍ਹਾਂ ਦੇ ਮਨ ਤਨ ਨੂੰ ਬਹੁਤ ਸਾਰੇ ਜੰਜਾਲਾਂ ਦੇ ਬੰਧਨ ਪਏ ਰਹਿੰਦੇ ਹਨ **ਵਾ:** ਉਹ ਇਸ ਲੋਕ ਵਿਚ ਵੀ ਬੰਧਨ ਤੇ ਪ੍ਰਲੋਕ ਵਾਸਤੇ ਵੀ ਬੰਧਨ ਹੀ ਪਾਈ ਬੈਠੇ ॥੧॥ਰਹਾਉ॥

## ਬਿਨੁ ਪ੍ਰਭ ਸੇਵ, ਕਰਤ ਅਨ ਸੇਵਾ; ਬਿਰਥਾ ਕਾਟੈ ਕਾਲ ॥

ਹੇ ਜੀਵ! ਜੋ ਤੂੰ ਪ੍ਰਭ = ਪਰਮੇਸ਼ਰ ਦੀ ਸੇਵ = ਟਹਿਲ ਕਰਨ ਤੋਂ ਬਿਨੁ = ਬਗ਼ੈਰ, ਅਨ = ਹੋਰਨਾਂ ਦੀ ਸੇਵਾ = ਟਹਿਲ ਕਰਤ = ਕਰਦਾ ਹੈਂ, ਉਹ ਤੂੰ ਆਪਣੇ ਕਾਲ = ਸਮੇਂ ਨੂੰ ਬਿਰਥਾ = ਬੇਅਰਥ ਹੀ ਕਾਟੈ = ਕੱਟੀ ਜਾ ਰਿਹਾ ਹੈਂ, ਬਤੀਤ ਕਰ ਰਿਹਾ ਹੈਂ।

## ਜਬ, ਜਮੁ ਆਇ ਸੰਘਾਰੈ ਪ੍ਰਾਨੀ; ਤਬ ਤੁਮਰੋ ਕਉਨੁ ਹਵਾਲ ॥੧॥

ਹੇ ਪ੍ਰਾਨੀ = ਪ੍ਰਾਣਾਧਾਰੀ ਜੀਵ! ਜਬ = ਜਦੋਂ ਜਮੁ = ਜਮਦੂਤ ਆਇ = ਆ ਕੇ ਤੈਨੂੰ ਸੰਘਾਰੈ = ਨਾਸ਼ ਕਰੇਗਾ, ਤਬ = ਤਦੋਂ ਤੁਮਰੋ = ਤੇਰਾ ਕਉਨੁ = ਕੀ ਹਵਾਲ = ਹਾਲ ਹੋਵੇਗਾ ਭਾਵ ਤਦੋਂ ਪਰਮੇਸ਼ਰ ਤੋਂ ਬਗ਼ੈਰ ਤੇਰੀ ਹੋਰ ਦੇਵੀ ਦੇਵਤੇ ਆਦਿ ਕੋਈ ਵੀ ਰੱਖਿਆ ਨਹੀਂ ਕਰਨਗੇ ॥੧॥

ਇਸ ਕਰਕੇ ਉਸ ਪਰਮੇਸ਼ਰ ਦੇ ਸਨਮੁਖ ਇਉਂ ਬੇਨਤੀ ਕਰ :

## ਰਾਖਿ ਲੇਹੁ, ਦਾਸ ਅਪੁਨੇ ਕਉ; ਸਦਾ ਸਦਾ ਕਿਰਪਾਲ ॥

ਹੇ ਪਰਮੇਸ਼ਰ! ਤੁਸੀਂ ਅਪੁਨੇ = ਆਪਦੇ ਦਾਸ = ਸੇਵਕ ਕਉ = ਨੂੰ ਆਪ ਹੀ ਕਿਰਪਾ ਕਰਕੇ ਰਾਖਿ = ਰੱਖ ਲੇਹੁ = ਲੈਣਾ ਕਰੋ, ਕਿਉਂਕਿ ਆਪ ਜੀ ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਕਿਰਪਾਲ = ਕ੍ਰਿਪਾਲੂ ਹੋ।

## ਸੁਖ ਨਿਧਾਨ ਨਾਨਕ ਪ੍ਰਭੁ ਮੇਰਾ; ਸਾਧਸੰਗਿ ਧਨ ਮਾਲ ॥੨॥੬੯॥੯੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੁ = ਪਰਮੇਸ਼ਰ! ਮੇਰਾ ਸੁਖ = ਸੁੱਖਾਂ ਦਾ ਨਿਧਾਨ = ਖ਼ਜ਼ਾਨਾ ਤੂੰ ਹੀ ਹੈਂ ਅਤੇ ਸਤਿਸੰਗਤ ਦੇ ਦੁਆਰਾ ਤੂੰ ਹੀ ਆਪਣਾ ਨਾਮ ਰੂਪੀ ਧਨ ਮਾਲ ਦੇਣ ਵਾਲਾ ਹੈਂ, **ਵਾ:** ਨਾਮ ਰੂਪੀ ਧਨ ਤੇ ਸ੍ਰਵਨ, ਮੰਨਣ, ਨਿਧਿਆਸਣ ਰੂਪੀ ਮਾਲ = ਹਾਥੀ ਘੋੜੇ ਆਦਿ ਦੇਣ ਵਾਲਾ ਹੈਂ **ਵਾ:** ਮੇਰਾ ਪ੍ਰਭ = ਪਰਮੇਸ਼ਰ ਹੀ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ ਅਤੇ ਉਸ ਦਾ ਨਾਮ ਰੂਪੀ ਧਨ, ਸ੍ਰਵਨ, ਮੰਨਣ, ਨਿਧਿਆਸਣ ਰੂਪੀ ਮਾਲ ਸਤਿਸੰਗਤ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ ॥੨॥੬੯॥੯੨॥

## ਸਾਰਗ ਮਹਲਾ ੫ ॥

## ਮਨਿ ਤਨਿ; ਰਾਮ ਕੋ ਬਿਉਹਾਰੁ ॥

ਮੈਂ ਮਨਿ ਤੇ ਤਨ ਕਰਕੇ ਰਾਮ = ਪਰਮੇਸ਼ਰ ਦੇ ਨਾਮ ਕੋ = ਦਾ ਆਪ ਜਪਣ ਤੇ ਹੋਰਨਾਂ ਨੂੰ ਜਪਾਉਣ ਰੂਪ ਬਿਉਹਾਰੁ = ਵਿਹਾਰ ਕਰਦਾ ਹਾਂ।

## ਪ੍ਰੇਮ ਭਗਤਿ, ਗੁਨ ਗਾਵਨ ਗੀਧੇ; ਪੋਹਤ ਨਹ ਸੰਸਾਰੁ ॥੧॥ਰਹਾਉ॥

ਹੁਣ ਮੇਰਾ ਚਿੱਤ ਪ੍ਰੇਮਾ ਭਗਤਿ = ਭਗਤੀ ਕਰਕੇ ਪ੍ਰਭੂ ਦੇ ਗੁਣਾਂ ਨੂੰ ਗਾਵਨ = ਗਾਉਣ ਵਿਚ ਗੀਧੇ = ਗਿੱਝ ਗਿਆ ਹੈ, ਇਸ ਕਰਕੇ ਮੈਨੂੰ ਸੰਸਾਰੁ = ਜਗਤ ਦਾ ਕੋਈ ਦੁਖ ਪੋਹਤ = ਪੋਹ (ਛੂਹ) ਨਹ = ਨਹੀਂ ਸਕਦਾ ॥੧॥ਰਹਾਉ॥

## ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ; ਇਹੁ ਸਾਧ ਕੋ ਆਚਾਰੁ ॥

ਹੁਣ ਮੈਂ ਸ੍ਰਵਣੀ = ਕੰਨਾਂ ਨਾਲ ਪ੍ਰਭੂ ਜੱਸ ਵਾਲਾ ਕੀਰਤਨ ਸੁਣਦਾ ਹਾਂ, ਹਿਰਦੇ ਕਰਕੇ ਸੁਆਮੀ = ਮਾਲਕ ਪਰਮੇਸ਼ਰ ਦਾ ਸਿਮਰਨ = ਭਜਨ ਕਰਦਾ ਹਾਂ, ਇਹੋ ਹੀ ਸਾਧ = ਸ੍ਰੇਸ਼ਟ ਜਨਾਂ ਕੋ = ਦਾ ਆਚਾਰੁ = ਕਰਤੱਬ ਹੈ **ਵਾ:** ਇਹ ਸਾਧ = ਸਾਧਸੰਗਤ ਦਾ ਕਰਤੱਬ ਹੈ।

## ਚਰਨ ਕਮਲ, ਅਸਥਿਤਿ ਰਿਦ ਅੰਤਰਿ; ਪੂਜਾ ਪ੍ਰਾਨ ਕੋ ਆਧਾਰੁ ॥੧॥

ਗੁਰ ਕਿਰਪਾ ਦਾ ਸਦਕਾ ਪਰਮੇਸ਼ਰ ਦੇ ਚਰਨ ਕਮਲ ਮੇਰੇ ਰਿਦ = ਹਿਰਦੇ ਦੇ ਅੰਤਰਿ = ਵਿਚ ਹਰ ਵਕਤ ਅਸਥਿਤਿ = ਇਸਥਿਤ, ਟਿਕੇ ਰਹਿੰਦੇ ਹਨ ਅਤੇ ਜਿਹੜਾ ਵਾਹਿਗੁਰੂ ਨੂੰ ਪ੍ਰਾਣਾਂ ਕੋ = ਦਾ ਆਧਾਰੁ = ਆਸਰਾ ਸਮਝਿਆ ਹੈ, ਇਹੋ ਹੀ ਪੂਜਾ ਕਰਦਾ ਹਾਂ **ਵਾ:** ਪ੍ਰਾਣਾਂ ਦਾ ਆਸਰਾ ਰੂਪ ਪਰਮੇਸ਼ਰ ਨੂੰ ਪੂਜਾ = ਪੂਜਣਾ ਕਰਦਾ ਹਾਂ ॥੧॥

## ਪ੍ਰਭ, ਦੀਨ ਦਇਆਲ, ਸੁਨਹੁ ਬੇਨੰਤੀ; ਕਿਰਪਾ ਅਪਨੀ ਧਾਰੁ ॥

ਹੇ ਦੀਨ = ਗ਼ਰੀਬਾਂ ਉੱਤੇ ਦਇਆਲ = ਦਇਆਲਤਾ ਕਰਨ ਵਾਲੇ ਪ੍ਰਭ = ਪਰਮੇਸ਼ਰ ! ਮੇਰੀ ਬੇਨੰਤੀ = ਅਰਜ਼ੋਈ ਸੁਨਹੁ = ਸੁਣਨਾ ਕਰੋ ਤੇ ਮੇਰੇ ਉੱਤੇ ਆਪਣੀ ਕਿਰਪਾ = ਮੇਹਰ ਦ੍ਰਿਸ਼ਟੀ ਧਾਰੁ = ਧਾਰਨਾ ਕਰੋ।

## ਨਾਮੁ ਨਿਧਾਨੁ, ਉਚਰਉ ਨਿਤ ਰਸਨਾ; ਨਾਨਕ, ਸਦ ਬਲਿਹਾਰੁ ॥੨॥੭੦॥੯੩॥

ਹੇ ਪਰਮੇਸ਼ਰ ! ਜੋ ਤੇਰਾ ਨਾਮ ਸਾਰਿਆਂ ਗੁਣਾਂ ਦਾ ਨਿਧਾਨ = ਖ਼ਜ਼ਾਨਾ ਹੈ, ਉਸ ਨੂੰ ਮੈਂ ਨਿਤ = ਨਿਤਾਪ੍ਰਤੀ ਰਸਨਾ = ਜਿਹਵਾ ਦੇ ਨਾਲ ਉਚਰਉ = ਉਚਾਰਨ ਕਰਦਾ ਰਹਾਂ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਤੇਰੇ ਉਪਰੋਂ **ਵਾ:** ਤੇਰੇ ਨਾਮ ਤੋਂ ਸਦ = ਸੈਂਕੜੇ ਵਾਰੀ, ਸਦਾ ਹੀ ਬਲਿਹਾਰੁ = ਕੁਰਬਾਨ ਜਾਂਦਾ ਹਾਂ ॥੨॥੭੦॥੯੩॥

## ਸਾਰਗ ਮਹਲਾ ੫ ॥

## ਹਰਿ ਕੇ ਨਾਮ ਹੀਨ; ਮਤਿ ਥੋਰੀ ॥

ਜੋ ਪੁਰਖ ਹਰਿ = ਪਰਮੇਸ਼ਰ ਕੇ = ਦੇ ਨਾਮ ਤੋਂ ਹੀਨ = ਹੀਣੇ ਰਹਿੰਦੇ ਹਨ, ਉਨ੍ਹਾਂ ਦੀ ਮਤਿ = ਬੁੱਧੀ ਥੋਰੀ = ਥੋੜ੍ਹੀ, ਤੁੱਛ ਹੈ **ਵਾ:** ਉਨ੍ਹਾਂ ਦੀ ਬੁੱਧੀ ਥੋਰੀ = ਤੁੱਛ ਪਦਾਰਥਾਂ ਦੇ ਵਿਚ ਲੱਗੀ ਹੋਈ ਹੈ।

## ਸਿਮਰਤ ਨਾਹਿ, ਸਿਰੀਧਰ ਠਾਕੁਰ; ਮਿਲਤ ਅੰਧ, ਦੁਖ ਘੋਰੀ ॥੧॥ਰਹਾਉ॥

(ਸਿਰੀ + ਧਰ) ਸਿਰੀ = ਲਛਮੀ ਨੂੰ ਧਰ = ਆਸਰਾ ਦੇਣ ਵਾਲੇ **ਵਾ:** ਸਿਰੀ = ਸ਼ੋਭਾ ਨੂੰ ਧਰ = ਧਾਰਨ ਵਾਲੇ **ਵਾ:** ਸਭ ਦੇ ਸਿਰੀ = ਸ਼ਿਰੋਮਣੀ ਤੇ ਧਰ = ਆਸਰਾ ਰੂਪ ਠਾਕੁਰ = ਸੁਆਮੀ ਪਰਮੇਸ਼ਰ ਦੇ ਨਾਮ ਨੂੰ ਸਿਰਮਤ = ਯਾਦ ਨਾਹਿ = ਨਹੀਂ ਕਰਦੇ, ਉਨ੍ਹਾਂ ਨੂੰ ਅੰਧ = ਅਗਿਆਨ ਕਰਕੇ ਘੋਰੀ = ਭਿਆਨਕ ਦੁੱਖ ਹੀ ਮਿਲਤ = ਮਿਲਦਾ ਹੈ **ਵਾ:** ਉਹ ਅੰਧ = ਅੰਨ੍ਹੇ, ਅਗਿਆਨੀ ਪੁਰਖਾਂ ਦੇ ਨਾਲ ਮਿਲਤ = ਮਿਲ ਕੇ ਭਿਆਨਕ ਦੁਖ ਹੀ ਪਾਉਂਦੇ ਹਨ॥੧॥ਰਹਾਉ॥

## ਹਰਿ ਕੇ ਨਾਮ ਸਿਉ ਪ੍ਰੀਤਿ ਨ ਲਾਗੀ; ਅਨਿਕ ਭੇਖ ਬਹੁ ਜੋਰੀ ॥

ਜਿਨ੍ਹਾਂ ਪੁਰਖਾਂ ਦੀ ਹਰਿ = ਪਰਮੇਸ਼ਰ ਕੇ = ਦੇ ਨਾਮ ਸਿਉ = ਨਾਲ ਪ੍ਰੀਤਿ = ਪ੍ਰੀਤੀ ਨ = ਨਹੀਂ ਲਾਗੀ = ਲੱਗੀ, ਉਹ ਅਨਿਕ = ਅਨੇਕਾਂ ਭੇਖ = ਲਿਬਾਸਾਂ ਨੂੰ ਪਹਿਨਣ ਵਿਚ ਬਹੁ = ਬਹੁਤੀ ਬਿਰਤੀ ਜੋਰੀ = ਜੋੜੀ ਰੱਖਦੇ ਹਨ।

## ਤੂਟਤ ਬਾਰ ਨ ਲਾਗੈ ਤਾ ਕਉ; ਜਿਉ ਗਾਗਰਿ ਜਲ ਫੋਰੀ ॥੧॥

ਤਾ ਕਉ = ਉਨ੍ਹਾਂ ਦੀ ਜ਼ਿੰਦਗੀ ਤੂਟਤ = ਟੁੱਟਦਿਆਂ ਭਾਵ ਸੂਖਮ ਸਰੀਰ ਤੋਂ ਸਥੂਲ ਸਰੀਰ ਦਾ ਵਿਜੋਗ ਹੁੰਦਿਆਂ ਇਉਂ ਬਾਰ = ਦੇਰੀ ਨ = ਨਹੀਂ ਲਾਗੈ = ਲੱਗਦੀ, ਜਿਉ = ਜਿਵੇਂ ਪਾਣੀ ਦੀ ਭਰੀ ਗਾਗਰਿ = ਮਟਕੀ ਦੇ ਫੋਰੀ = ਫੋੜਨ, ਭੰਨਣ ਤੋਂ ਪਾਣੀ ਬਾਹਰ ਨਿਕਲ ਜਾਂਦਾ ਹੈ **ਵਾ:** ਜਿਵੇਂ ਫੋਰੀ = ਟੁੱਟੀ ਹੋਈ ਮਟਕੀ ਵਿੱਚੋਂ ਜਲ = ਪਾਣੀ ਬਾਹਰ ਨਿਕਲ ਜਾਂਦਾ ਹੈ, ਇਉਂ ਦੇਹ ਰੂਪੀ ਗਾਗਰ ਵਿੱਚੋਂ ਪ੍ਰਾਣਾਂ ਰੂਪੀ ਪਾਣੀ ਬਾਹਰ ਨਿਕਲ ਜਾਂਦਾ ਹੈ॥੧॥

## ਕਰਿ ਕਿਰਪਾ, ਭਗਤਿ ਰਸੁ ਦੀਜੈ; ਮਨੁ ਖਚਿਤ, ਪ੍ਰੇਮ ਰਸ ਖੋਰੀ ॥

ਹੇ ਪਰਮੇਸ਼ਰ! ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰਿ = ਕਰੋ ਤੇ ਮੈਨੂੰ ਆਪਣੀ ਪ੍ਰੇਮਾ ਭਗਤਿ = ਭਗਤੀ ਦਾ ਰਸ ਦੀਜੈ = ਦੇਣਾ ਕਰੋ, ਜਿਸ ਕਰਕੇ ਪ੍ਰੇਮ ਰਸ ਦੀ ਖੋਰੀ = ਖ਼ੁਆਰੀ ਵਿਚ ਮੇਰਾ ਮਨੁ = ਚਿੱਤ ਖਚਿਤ = ਲਿਵਲੀਨ ਰਹੇ।

## ਨਾਨਕ ਦਾਸ, ਤੇਰੀ ਸਰਣਾਈ;
## ਪ੍ਰਭ ਬਿਨੁ, ਆਨ ਨ ਹੋਰੀ ॥੨॥੭੧॥੯੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਮੈਂ ਦਾਸ = ਜਨ ਤੇਰੀ ਸਰਣਾਈ = ਓਟ ਵਿਚ ਆਇਆ ਹਾਂ, ਕਿਉਂਕਿ ਹੇ ਪ੍ਰਭ = ਪਰਮੇਸ਼ਰ! ਤੇਰੇ ਬਿਨੁ = ਬਗ਼ੈਰ ਮੈਨੂੰ ਆਨ = ਹੋਰ ਕਿਸੇ ਦੀ ਆਸ ਤੇ ਕੋਈ ਹੋਰੀ = ਹੋਰ ਦੂਸਰਾ ਪ੍ਰਤੀਤ ਨ = ਨਹੀਂ ਹੁੰਦਾ॥੨॥੭੧॥੯੪॥

ਅਗਲੇ ਸ਼ਬਦ ਵਿਚ ਸਤਿਗੁਰੂ ਜੀ ਸਤਿਸੰਗਤ ਦੇ ਮਿਲਾਪ ਦੀ ਵਡਿਆਈ ਕਥਨ ਕਰਦੇ ਹਨ।

## ਸਾਰਗ ਮਹਲਾ ੫ ॥
## ਚਿਤਵਉ ਵਾ ਅਉਸਰ; ਮਨ ਮਾਹਿ ॥

ਮੈਂ ਜਗਿਆਸੂ ਜਨ ਤਾਂ ਆਪਣੇ ਮਨ = ਚਿੱਤ ਮਾਹਿ = ਵਿਚ **ਵਾ:** ਉਸ ਅਉਸਰ = ਸਮੇਂ ਨੂੰ ਚਿਤਵਉ = ਚਿਤਵਦਾ, ਚੇਤੇ ਕਰਦਾ ਰਹਿੰਦਾ ਹਾਂ।

***ਪ੍ਰਸ਼ਨ :*** *ਕਿਹੜੇ ਸਮੇਂ ਨੂੰ ਚੇਤੇ ਕਰਦਾ ਹੈਂ ?*
***ਗੁਰ-ਉੱਤਰ :***

## ਹੋਇ ਇਕਤ੍ਰ, ਮਿਲਹੁ ਸੰਤ ਸਾਜਨ; ਗੁਣ ਗੋਬਿੰਦ ਨਿਤ ਗਾਹਿ ॥੧॥ਰਹਾਉ॥

ਜਦ ਸਾਜਨ = ਸੱਜਣ ਸੰਤ ਮਹਾਤਮਾ ਜਨਾਂ ਨੂੰ ਮਿਲਹੁ = ਮਿਲਣਾ ਕੀਤਾ ਅਤੇ ਉਨ੍ਹਾਂ ਦੀ ਸੰਗਤ ਵਿਚ ਇਕਤ੍ਰ ਹੋਇ = ਹੋ ਕੇ ਗੋਬਿੰਦ = ਪਰਮੇਸ਼ਰ ਦੇ ਗੁਣਾਂ ਨੂੰ ਨਿਤ = ਨਿਤਾਪ੍ਰਤੀ ਗਾਹਿ = ਗਾਉਣਾ ਕੀਤਾ, ਐਸੇ ਸਮੇਂ ਨੂੰ ਚੇਤੇ ਕਰਦਾ ਹਾਂ **ਅਥਵਾ** ਹੇ ਸੰਤ = ਸ਼ਾਂਤ ਚਿੱਤ ਤੇ ਸਾਜਨ = ਸੱਜਣ ਸ੍ਰਵਣ, ਮੰਨਣ ਨਿਧਿਆਸਣ ਆਦਿ ਗੁਣਾਂ ਵਾਲਿਓ ਪੁਰਖੋ ! ਆਉ ਮੇਰੇ ਤਾਈਂ ਮਿਲਹੁ = ਮਿਲਣਾ ਕਰੋ ਅਤੇ ਇਕਤ੍ਰ = ਇਕੱਠੇ ਹੋਇ = ਹੋਵੋ, ਆਪਾਂ ਸਾਰੇ ਮਿਲ ਕੇ ਨਿਤਾਪ੍ਰਤੀ ਵਾਹਿਗੁਰੂ ਦੇ ਗੁਣਾਂ ਨੂੰ ਗਾਹਿ = ਗਾਉਣਾ ਕਰੀਏ **ਵਾ:** ਪਰਮੇਸ਼ਰ ਦੀ ਪ੍ਰਾਪਤੀ ਵਾਲੇ ਗੁਣਾਂ ਦਾ ਗਾਹਿ = ਅਸਥਾਨ ਆਪਣੇ ਜੀਵਨ ਨੂੰ ਬਣਾ ਲਈਏ ॥੧॥ਰਹਾਉ॥

## ਬਿਨੁ ਹਰਿ ਭਜਨ, ਜੇਤੇ ਕਾਮ ਕਰੀਅਹਿ; ਤੇਤੇ ਬਿਰਥੇ ਜਾਂਹਿ ॥

ਹਰਿ = ਪਰਮੇਸ਼ਰ ਦੇ ਭਜਨ = ਸਿਮਰਨ ਤੋਂ ਬਿਨੁ = ਬਗ਼ੈਰ ਜੇਤੇ = ਜਿਤਨੇ ਦੁਨਿਆਵੀ ਉਤਰਾਅ ਚੜ੍ਹਾਅ ਵਾਲੇ ਕਾਮ = ਕਾਰਜ ਕਰੀਅਹਿ = ਕਰੀਦੇ ਹਨ, ਤੇਤੇ = ਉਤਨੇ ਹੀ ਬਿਰਥੇ = ਬੇਅਰਥ ਜਾਂਹਿ = ਜਾਂਦੇ ਹਨ, ਕੋਈ ਵੀ ਪ੍ਰਲੋਕ ਵਿਚ ਸਹਾਇਤਾ ਨਹੀਂ ਕਰਦਾ।

## ਪੂਰਨ ਪਰਮਾਨੰਦ ਮਨਿ ਮੀਠੋ; ਤਿਸੁ ਬਿਨੁ, ਦੂਸਰ ਨਾਹਿ ॥੧॥

ਜੋ ਸਾਰਿਆਂ ਥਾਵਾਂ ਵਿਚ ਪੂਰਨ = ਵਿਆਪਕ ਹੈ, ਪਰਮਾਨੰਦ = ਵੱਡੇ ਅਨੰਦ ਵਾਲਾ ਹੈ, ਉਹ ਸਾਡੇ ਮਨਿ = ਚਿੱਤ ਵਿਚ ਮੀਠੋ = ਮਿੱਠਾ, ਪਿਆਰਾ ਲੱਗਦਾ ਹੈ, ਤਿਸੁ = ਉਸ ਤੋਂ ਬਿਨੁ = ਬਗ਼ੈਰ ਦੂਸਰ = ਦੂਜਾ ਹੋਰ ਕੋਈ ਵੀ ਸਰਬ ਕਲਾ ਸਮਰੱਥ ਨਹੀਂ ਹੈ ॥੧॥

## ਜਪ, ਤਪ, ਸੰਜਮ ਕਰਮ, ਸੁਖ ਸਾਧਨ; ਤੁਲਿ ਨ ਕਛੂਐ ਲਾਹਿ ॥

ਬਾਣੀ ਕਰਕੇ ਜਪ = ਜਾਪ ਕਰਨਾ, ਸਰੀਰ ਕਰਕੇ ਤਪ ਕਰਨਾ, ਸੰਜਮ = ਇੰਦਰੀਆਂ ਦਾ ਦਮਨ ਕਰਨਾ, ਨਿਤ, ਨਮਿੱਤ ਪ੍ਰਾਸ਼ਚਿਤ ਆਦਿ ਕਰਮ ਕਰਨੇ ਆਦਿ ਜਿਤਨੇ ਵੀ ਇਹ ਸੁਖ ਦੇ ਸਾਧਨ ਮੰਨੇ ਹਨ, ਇਨ੍ਹਾਂ ਤੋਂ ਪਰਮੇਸ਼ਰ ਦੇ ਨਾਮ ਦੇ ਤੁਲਿ = ਬਰਾਬਰ ਕਛੂਐ = ਕੁਝ ਵੀ ਲਾਹਿ = ਲਾਹਾ ਪ੍ਰਾਪਤ ਨਹੀਂ ਹੋ ਸਕਦਾ **ਵਾ:** ਇਹ ਪਰਮੇਸ਼ਰ ਦੇ ਨਾਮ ਦੇ ਤੁਲਿ = ਸਦਰਸ਼ ਕੁਝ ਵੀ ਨਹੀਂ ਲੱਗ ਸਕਦੇ **ਵਾ:** ਇਹ ਸਾਰੇ ਲਾਹਿ = ਪਰਾਂ, ਤਿਆਗ ਦੇਣੇ ਯੋਗ ਹਨ, ਪਰਮੇਸ਼ਰ ਦੇ ਨਾਮ ਬਿਨਾਂ ਕੋਈ ਵੀ ਲਾਭਦਾਇਕ ਨਹੀਂ ਹੈ।

## ਚਰਨ ਕਮਲ ਨਾਨਕ, ਮਨੁ ਬੇਧਿਓ; ਚਰਨਹ ਸੰਗਿ ਸਮਾਹਿ ॥੨॥੭੨॥੯੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਚਰਨਾਂ ਕਮਲਾਂ ਵਿਚ ਮੇਰਾ ਮਨੁ = ਚਿੱਤ ਬੇਧਿਓ = ਵਿੰਨ੍ਹਿਆ (ਮਿਲ) ਗਿਆ ਹੈ, ਇਸ ਕਰਕੇ ਮੇਰਾ ਮਨ ਪਰਮੇਸ਼ਰ ਦੇ ਚਰਨਾਂ ਦੇ ਸੰਗਿ = ਨਾਲ ਸਮਾਹਿ = ਸਮਾਅ ਗਿਆ ਹੈ **ਵਾ:** ਚਰਨਾਂ ਦਾ ਸੰਗ ਕਰਕੇ ਸਮਾਹਿ = ਸਮਾਹੜਾ (ਅਨੰਦ) ਪ੍ਰਾਪਤ ਹੋਇਆ ਹੈ ॥੨॥੭੨॥੯੫॥

## ਸਾਰਗ ਮਹਲਾ ੫ ॥
## ਮੇਰਾ ਪ੍ਰਭੁ ਸੰਗੇ; ਅੰਤਰਜਾਮੀ ॥

ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਮੇਰਾ ਪ੍ਰਭੁ = ਪਰਮੇਸ਼ਰ ਸਦਾ ਮੇਰੇ ਅੰਗ-ਸੰਗ ਹੈ **ਵਾ:** ਮੇਰਾ ਪਰਮੇਸ਼ਰ ਸਦਾ ਅੰਗ-ਸੰਗ ਹੈ, ਉਸ ਅੰਤਰਜਾਮੀ ਨੂੰ ਜਾਣ ਕੇ ਦਿਲ ਦੇ ਸੰਕਲਪ ਸਭ ਢਾਹ ਦਿੱਤੇ ਹਨ, ਭਾਵ ਚੰਗੇ ਮੰਦੇ ਸੰਕਲਪ ਛੱਡ ਕੇ ਪਰਮੇਸ਼ਰ ਦੀ ਲਿਵ ਵਿਚ ਹੀ ਜੁੜ ਗਏ ਹਾਂ।

## ਆਗੈ ਕੁਸਲ, ਪਾਛੈ ਖੇਮ ਸੂਖਾ; ਸਿਮਰਤ ਨਾਮੁ ਸੁਆਮੀ ॥੧॥ਰਹਾਉ॥

ਸੁਆਮੀ = ਮਾਲਕ ਪਰਮੇਸ਼ਰ ਦੇ ਨਾਮ ਦਾ ਸਿਮਰਤ = ਸਿਮਰਨ ਕਰਕੇ ਆਗੈ = ਅੱਗੇ ਪ੍ਰਲੋਕ ਵਿਚ ਕੁਸਲ = ਸੁੱਖ ਹੁੰਦਾ ਹੈ ਤੇ ਪਾਛੈ = ਪਿੱਛੇ ਇਸ ਲੋਕ ਵਿਚ ਵੀ ਖੇਮ = ਰੱਖਿਆ ਤੇ ਸੂਖਾ = ਸੁੱਖ ਹੋਵੇਗਾ ॥੧॥ਰਹਾਉ॥

[ਅੰਗ ੧੨੨੩]

## ਸਾਜਨ, ਮੀਤ, ਸਖਾ ਹਰਿ ਮੇਰੈ; ਗੁਨ ਗੁੋਪਾਲ ਹਰਿ ਰਾਇਆ ॥

ਮਾਤਾ ਦੇ ਗਰਭ ਦਾ ਸਾਜਨ = ਸੱਜਣ, ਇਸ ਲੋਕ ਦਾ ਮੀਤ = ਮਿੱਤਰ, ਤੇ ਪ੍ਰਲੋਕ ਦਾ ਸਖਾ ਵੀ ਮੇਰਾ ਪਿਆਰਾ ਹਰਿ = ਪਰਮੇਸ਼ਰ ਹੀ ਹੈ, ਇਸ ਲਈ ਮੈਂ ਗੁੋਪਾਲ = ਪ੍ਰਿਥਵੀ ਦੇ ਪਾਲਕ, ਰਾਇਆ = ਪ੍ਰਕਾਸ਼ ਸਰੂਪ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਹਰ ਵਕਤ ਗਾਉਂਦਾ ਹਾਂ।

## ਬਿਸਰਿ ਨ ਜਾਈ, ਨਿਮਖ ਹਿਰਦੈ ਤੇ; ਪੂਰੈ ਗੁਰੂ ਮਿਲਾਇਆ ॥੧॥

ਮੇਰੇ ਹਿਰਦੈ = ਚਿੱਤ ਤੇ = ਤੋਂ ਨਿਮਖ = ਅੱਖ ਦੇ ਝਮਕਣ ਜਿਤਨੇ ਸਮੇਂ ਲਈ ਵੀ ਪਰਮੇਸ਼ਰ ਬਿਸਰਿ = ਭੁੱਲ ਨ = ਨਹੀਂ ਜਾਈ = ਜਾਂਦਾ, ਕਿਉਂਕਿ ਮੈਨੂੰ ਪੂਰੈ = ਪੂਰਨ ਗੁਰੂ = ਸਤਿਗੁਰੂ ਨੇ ਵਾਹਿਗੁਰੂ ਦੇ ਨਾਲ ਮਿਲਾਇਆ = ਮਿਲਾਉਣਾ ਕੀਤਾ ਹੈ ॥੧॥

## ਕਰਿ ਕਿਰਪਾ, ਰਾਖੇ ਦਾਸ ਅਪਨੇ; ਜੀਅ ਜੰਤ ਵਸਿ ਜਾ ਕੈ ॥

ਜਾ = ਜਿਸ ਵਾਹਿਗੁਰੂ ਕੇ = ਦੇ ਜੀਅ = ਸੂਖਮ ਜੀਵ ਤੇ ਜੰਤ = ਸਥੂਲ ਜੀਵ **ਵਾ:** ਸੂਖਮ ਸਥੂਲ ਜੀਅ = ਜੀਵਾਂ ਰੂਪੀ ਜੰਤ = ਵਾਜੇ ਵਸਿ = ਅਧੀਨ ਹਨ, ਉਸ ਪ੍ਰਭੂ ਨੇ ਕਿਰਪਾ = ਦਇਆ ਕਰਿ = ਕਰਕੇ ਆਪਨੇ = ਆਪ ਦੇ ਦਾਸ = ਸੇਵਕ ਜਾਣ ਕਰਕੇ ਰਾਖੇ = ਰੱਖ ਲਏ ਹਾਂ।

## ਏਕਾ ਲਿਵ, ਪੂਰਨ ਪਰਮੇਸੁਰ;
## ਭਉ ਨਹੀ ਨਾਨਕ, ਤਾ ਕੈ ॥੨॥੭੩॥੯੬॥

ਜਿਸ ਜੀਵ ਨੇ ਏਕਾ = ਇਕ ਪਰਮੇਸ਼ਰ ਵਿਚ ਲਿਵ = ਬਿਰਤੀ ਲਾ ਕੇ ਪਰਮੇਸ਼ਰ ਨੂੰ ਸਾਰਿਆਂ ਥਾਵਾਂ ਵਿਚ ਪੂਰਨ = ਵਿਆਪਕ ਜਾਣ ਲਿਆ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਾ = ਉਸ ਕੈ = ਦੇ ਮਨ ਵਿਚ ਕਿਸੇ ਪ੍ਰਕਾਰ ਦਾ ਵੀ ਭਉ = ਡਰ ਨਹੀਂ ਹੈ ॥੨॥੭੩॥੯੩॥

## ਸਾਰਗ ਮਹਲਾ ੫ ॥ ਜਾ ਕੈ; ਰਾਮ ਕੋ ਬਲੁ ਹੋਇ ॥

ਜਾ = ਜਿਸ ਪੁਰਖ ਕੈ = ਦੇ ਹਿਰਦੇ ਵਿਚ ਰਾਮ = ਪਰਮੇਸ਼ਰ ਦੇ ਨਾਮ ਸਿਮਰਨ ਕੋ = ਦਾ ਬਲੁ = ਜ਼ੋਰ ਹੋਇ = ਹੁੰਦਾ ਹੈ **ਵਾ:** ਬਿਬੇਕ ਰੂਪੀ ਬਲ ਹੁੰਦਾ ਹੈ।

## ਸਗਲ ਮਨੋਰਥ ਪੂਰਨ ਤਾਹੂ ਕੇ; ਦੂਖੁ ਨ ਬਿਆਪੈ ਕੋਇ ॥੧॥ਰਹਾਉ॥

ਤਾਹੂ = ਉਸ ਪੁਰਖ ਕੇ = ਦੇ ਜਗਿਆਸਾ ਅਵਸਥਾ ਵਾਲੇ ਸਗਲ = ਸਾਰੇ ਮਨੋਰਥ = ਮਨ ਦੇ ਸੰਕਲਪ ਪੂਰਨ = ਪੂਰੇ ਹੋ ਜਾਂਦੇ ਹਨ ਅਤੇ ਉਸ ਨੂੰ ਕੋਇ = ਕੋਈ ਵੀ ਅਗਿਆਨ ਆਦਿ ਦਾ ਦੂਖੁ = ਦੁਖ ਨ = ਨਹੀਂ ਬਿਆਪੈ = ਲੱਗਦਾ ॥੧॥ਰਹਾਉ॥

## ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ; ਸੁਣਿ ਜੀਵਾਂ, ਤਿਸੁ ਸੋਇ ॥

ਜੋ = ਜਿਹੜਾ ਦਾਸ = ਦਾਸਾ-ਭਾਵ ਧਾਰ ਕੇ ਭਗਤੀ ਰੂਪੀ ਟਹਿਲ ਕਰਨ ਵਾਲਾ ਹੈ, ਉਹ ਨਿਜ = ਆਪਣੇ ਪ੍ਰਭ = ਪਰਮੇਸ਼ਰ ਕਾ = ਦਾ ਭਗਤ ਜਨ ਹੈ **ਵਾ:** ਜੋ = ਜਿਹੜਾ ਜਨੁ = ਪੁਰਖ ਆਪਣੇ ਪ੍ਰਭੂ ਦੀ ਭਗਤੀ ਕਰਨ ਵਾਲਾ ਭਗਤ ਤੇ ਦਾਸਾ-ਭਾਵ ਧਾਰ ਕੇ ਟਹਿਲ ਕਰਨ ਵਾਲਾ ਹੈ, ਤਿਸੁ = ਉਸ ਦੀ ਸੋਇ = ਸ਼ੋਭਾ ਸੁਣਿ ਸੁਣਿ ਕੇ ਮੈਂ ਜੀਵਾਂ = ਜਿਉਂਦਾ ਹਾਂ।

## ਉਦਮੁ ਕਰਉ, ਦਰਸਨੁ ਪੇਖਨ ਕੌ; ਕਰਮਿ ਪਰਾਪਤਿ ਹੋਇ ॥੧॥

ਐਸੇ ਭਗਤੀ ਕਰਨ ਵਾਲੇ ਪੁਰਖ ਦੇ ਦਰਸਨੁ = ਦੀਦਾਰ ਪੇਖਨ = ਵੇਖਣ ਕੌ = ਵਾਸਤੇ ਮੈਂ ਉਦਮੁ = ਯਤਨ ਕਰਉ = ਕਰਦਾ ਹਾਂ, ਪਰ ਉਸ ਪੁਰਖ ਦਾ ਦੀਦਾਰ ਪੂਰਬਲੇ ਨਿਸ਼ਕਾਮ ਕਰਮਾਂ ਕਰਕੇ ਪ੍ਰਾਪਤ ਹੋਇ = ਹੁੰਦਾ ਹੈ ॥੧॥

## ਗੁਰਪਰਸਾਦੀ, ਦ੍ਰਿਸਟਿ ਨਿਹਾਰਉ; ਦੂਸਰ ਨਾਹੀ ਕੋਇ ॥

ਗੁਰ = ਗੁਰਾਂ ਦੀ ਪਰਸਾਦੀ = ਕਿਰਪਾ ਦ੍ਰਿਸਟਿ = ਦ੍ਰਿਸ਼ਟੀ ਕਰਕੇ ਨਿਹਾਰਉ = ਵੇਖਣਾ ਕੀਤਾ ਹੈ ਕਿ ਉਸ ਤੋਂ ਬਗ਼ੈਰ ਦੂਸਰ = ਦੂਜਾ ਹੋਰ ਕੋਇ = ਕੋਈ ਵੀ ਨਾਹੀ = ਨਹੀਂ ਹੈ **ਵਾ:** ਗੁਰਾਂ ਦੀ ਕਿਰਪਾ ਦੁਆਰਾ ਗਿਆਨ ਦ੍ਰਿਸ਼ਟੀ ਦੇ ਨਾਲ ਸੱਚ ਸਰੂਪ ਨੂੰ ਵੇਖਣਾ ਕੀਤਾ ਹੈ, ਇਸ ਲਈ ਉਸ ਪਰਮੇਸ਼ਰ ਤੋਂ ਬਗ਼ੈਰ ਹੋਰ ਕੋਈ ਵੀ ਦੂਜਾ ਅਵਰ ਅਸਥਾਨ ਵਿਚ ਨਹੀਂ ਹੈ।

## ਦਾਨੁ ਦੇਹਿ, ਨਾਨਕ ਅਪਨੇ ਕਉ;
## ਚਰਨ ਜੀਵਾਂ ਸੰਤ ਧੋਇ ॥੨॥੭੪॥੯੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਮੈਨੂੰ ਆਪਣੇ ਦਾਸ ਕਉ = ਨੂੰ ਇਹ ਦਾਨ ਦੇਹਿ = ਦੇਣਾ ਕਰੋ ਕਿ ਮੈਂ ਤੇਰਾ ਨਾਮ ਜਪਣ ਵਾਲੇ ਸੰਤ = ਮਹਾਤਮਾ ਜਨਾਂ ਦੇ ਚਰਨਾਂ ਨੂੰ ਧੋਇ = ਧੋ ਧੋ ਕੇ ਆਤਮਿਕ ਜੀਵਨ ਵੱਲ ਜੀਵਾਂ = ਜਿਉਣਾ ਕਰਾਂ ॥੨॥੭੪॥੯੭॥

## ਸਾਰਗ ਮਹਲਾ ੫ ॥ ਜੀਵਤੁ; ਰਾਮ ਕੇ ਗੁਣ ਗਾਇ ॥

ਹੇ ਰਾਮ = ਪਰਮੇਸ਼ਰ ! ਮੈਂ ਆਪ ਜੀ ਕੇ = ਦੇ ਜੱਸ ਰੂਪ ਗੁਣ ਗਾਇ = ਗਾ ਕੇ ਆਤਮਿਕ ਜੀਵਨ ਵੱਲ ਜੀਵਤੁ = ਜਿਉਂਦਾ ਹਾਂ।

## ਕਰਹੁ ਕ੍ਰਿਪਾ ਗੋਪਾਲ ਬੀਠੁਲੇ; ਬਿਸਰਿ ਨ ਕਬ ਹੀ ਜਾਇ ॥੧॥ਰਹਾਉ॥

ਹੇ ਗੋਪਾਲ = ਪ੍ਰਿਥਵੀ ਦੇ ਪਾਲਕ ਬੀਠੁਲੇ = ਪਰਮੇਸ਼ਰ ! ਆਪ ਜੀ ਐਸੀ ਕ੍ਰਿਪਾ = ਮੇਹਰ ਭਰੀ ਦ੍ਰਿਸ਼ਟੀ ਕਰਹੁ = ਕਰੋ ਕਿ ਮੈਨੂੰ ਤੇਰਾ ਨਾਮ ਕਬ ਹੀ = ਕਦੇ ਵੀ ਬਿਸਰਿ = ਭੁੱਲ ਨ = ਨਾ ਜਾਇ = ਜਾਵੇ ॥੧॥ਰਹਾਉ॥

## ਮਨੁ ਤਨੁ ਧਨੁ ਸਭੁ ਤੁਮਰਾ ਸੁਆਮੀ; ਆਨ ਨ ਦੂਜੀ ਜਾਇ ॥

ਹੇ ਸੁਆਮੀ = ਮਾਲਕ ਪਰਮੇਸ਼ਰ ! ਮਨੁ = ਸੂਖਮ ਸਰੀਰ, ਤਨੁ = ਸਥੂਲ ਸਰੀਰ ਤੇ ਧਨ ਪਦਾਰਥ ਆਦਿ ਸਭੁ = ਸਾਰਾ ਕੁਝ ਆਪ ਜੀ ਦਾ ਹੀ ਦਿੱਤਾ ਹੋਇਆ ਹੈ, ਆਪ ਜੀ ਤੋਂ ਬਗ਼ੈਰ ਆਨ = ਹੋਰ ਕੋਈ ਦੂਜੀ = ਦੂਸਰੀ ਜਾਇ = ਜਗ੍ਹਾ ਨ = ਨਹੀਂ ਹੈ।

## ਜਿਉ ਤੂ ਰਾਖਹਿ, ਤਿਵ ਹੀ ਰਹਣਾ; ਤੁਮ੍ਰਾ ਪੈਨੈ੍ ਖਾਇ ॥੧॥

ਹੇ ਪਰਮੇਸ਼ਰ ! ਜਿਉ = ਜਿਵੇਂ ਤੂੰ ਮੈਨੂੰ ਰਾਖਹਿ = ਰੱਖਣਾ ਚਾਹੁੰਦਾ ਹੈਂ, ਤਿਵ = ਤਿਵੇਂ ਹੀ ਮੈਂ ਰਹਿਣਾ ਕਰਦਾ ਹਾਂ ਅਤੇ ਤੁਮ੍ਰਾ = ਤੁਹਾਡਾ, ਆਪ ਜੀ ਦਾ ਦਿੱਤਾ ਹੋਇਆ ਬਸਤਰ ਪੈਨੈ੍ = ਪਹਿਨਦਾ ਹਾਂ ਤੇ ਭੋਜਨ, ਖਾਇ = ਖਾਂਦਾ ਹਾਂ **ਵਾ**: ਸ੍ਰਵਣ ਕਰਨ ਰੂਪ ਪਹਿਨਦਾ ਹਾਂ ਤੇ ਮੰਨਣ ਕਰਨ ਰੂਪ ਪਦਾਰਥ, ਭੋਜਨ ਖਾਂਦਾ ਹਾਂ ॥੧॥

## ਸਾਧਸੰਗਤਿ ਕੈ ਬਲਿ ਬਲਿ ਜਾਈ; ਬਹੁੜਿ ਨ ਜਨਮਾ ਧਾਇ ॥

ਹੇ ਪਰਮੇਸ਼ਰ ! ਮੈਂ ਆਪ ਜੀ ਦੀ ਪ੍ਰਾਪਤੀ ਕਰਾਉਣ ਵਾਲੀ ਸਾਧਸੰਗਤਿ = ਸ੍ਰੇਸ਼ਟ ਜਨਾਂ ਦੀ ਸੰਗਤ ਕੈ = ਦੇ ਉਪਰੋਂ ਮਨ, ਬਾਣੀ, ਸਰੀਰ ਕਰਕੇ ਬਲਿ ਬਲਿ = ਬਲਿਹਾਰ ਕੁਰਬਾਨ ਜਾਈ = ਜਾਂਦਾ ਹਾਂ ਕਿਉਂਕਿ ਤੇਰੀ ਸਤਿਸੰਗਤ ਦੇ ਪ੍ਰਤਾਪ ਕਰਕੇ ਬਹੁੜਿ = ਮੁੜ ਜਨਮਾਂ ਵਿਚ, ਜੂਨਾਂ ਵਿਚ ਧਾਇ = ਧਾਉਣਾ, ਦੌੜਨਾ ਨ = ਨਹੀਂ ਪਵੇਗਾ।

## ਨਾਨਕ ਦਾਸ, ਤੇਰੀ ਸਰਣਾਈ; ਜਿਉ ਭਾਵੈ, ਤਿਵੈ ਚਲਾਇ ॥੨॥੭੫॥੯੮॥

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਮੈਂ ਗੁਰਾਂ ਦੁਆਰਾ ਤੇਰੀ ਸਰਣਾਈ = ਓਟ ਵਿਚ ਆਇਆ ਹਾਂ, ਜਿਉ = ਜਿਵੇਂ ਤੈਨੂੰ ਭਾਵੈ = ਭਾਉਂਦਾ ਹੈ, ਤਿਵੈ = ਉਵੇਂ ਹੀ ਮੈਨੂੰ ਚਲਾਇ = ਚਲਾਉਣਾ ਕਰ ॥੨॥੭੫॥੯੮॥

## ਸਾਰਗ ਮਹਲਾ ੫ ॥

## ਮਨ ਰੇ; ਨਾਮ ਕੋ ਸੁਖ ਸਾਰ ॥

ਰੇ = ਹੇ ਮੇਰੇ ਪਿਆਰੇ ਮਨਾਂ ! ਪਰਮੇਸ਼ਰ ਦੇ ਨਾਮ ਕੋ = ਦਾ ਜਪਣਾ ਹੀ ਸਾਰ = ਅਸਲੀ ਸੁਖ ਹੈ **ਵਾ**: ਆਤਮਿਕ ਸੁਖ ਤੇ ਸਾਰ ਰੂਪ ਬ੍ਰਹਮ ਦੀ ਪ੍ਰਾਪਤੀ ਕਰਾਉਣ ਵਾਲਾ ਪਰਮੇਸ਼ਰ ਕੋ = ਦਾ ਨਾਮ ਹੀ ਹੈ **ਵਾ**: ਨਾਮ ਦਾ ਸੁਖ ਹੀ ਸਭ ਸੁੱਖਾਂ ਤੋਂ ਸਾਰ = ਉੱਤਮ ਹੈ।

## ਆਨ ਕਾਮ ਬਿਕਾਰ ਮਾਇਆ; ਸਗਲ ਦੀਸਹਿ ਛਾਰ ॥੧॥ਰਹਾਉ॥

ਆਨ = ਹੋਰ ਮਾਇਆ ਦੀ ਪ੍ਰਾਪਤੀ ਵਾਲੇ ਕਾਮ = ਕਾਰਜ ਬਿਕਾਰ = ਵਿਸ਼ੇ-ਵਿਕਾਰਾਂ ਨੂੰ ਪੈਦਾ ਕਰਨ ਵਾਲੇ ਹਨ **ਵਾ**: ਬਿਕਾਰ = ਤਬਦੀਲੀ ਨੂੰ ਪ੍ਰਾਪਤ ਹੋਣ ਵਾਲੇ ਹਨ **ਵਾ**: ਹੋਰ ਕਾਰਜ ਮਾਇਆ ਦੇ ਵਿਕਾਰ

ਹਨ ਜੋ ਵੀ ਇਨ੍ਹਾਂ ਵਿਚ ਲੱਗਦੇ ਹਨ ਸਗਲ = ਸਾਰੇ ਛਾਰ = ਸੁਆਹ ਹੋਏ ਦੀਸਹਿ = ਦਿੱਸਦੇ ਹਨ **ਵਾ:** ਸਾਰੇ ਪਦਾਰਥ ਸੁਆਹ (ਮਿਥਿਆ) ਰੂਪ ਹੀ ਦਿੱਸਦੇ ਹਨ॥੧॥ਰਹਾਉ॥

## ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ; ਨਰਕ ਘੋਰ ਗੁਬਾਰ ॥

ਇਹ ਪ੍ਰਾਣੀ = ਪ੍ਰਾਣਾਧਾਰੀ ਜੀਵ ਗ੍ਰਿਹਿ = ਗ੍ਰਹਿਸਥ ਰੂਪ ਅੰਧ = ਅੰਨ੍ਹੇ ਕੂਪ = ਖੂਹ ਵਿਚ **ਵਾ:** ਅੰਧ = ਅਗਿਆਨ ਕਰਕੇ ਸਰੀਰ ਰੂਪ ਗ੍ਰਿਹਿ = ਘਰ ਦੇ ਹੰਕਾਰ ਰੂਪੀ ਕੂਪ = ਖੂਹ ਦੇ ਵਿਚ ਪਤਿਤ = ਗਿਰਿਆ ਹੋਇਆ ਹੈ, ਇਸੇ ਕਰਕੇ ਘੋਰ = ਭਿਆਨਕ ਗੁਬਾਰ = ਹਨੇਰੇ ਵਾਲੇ ਮਾਤਾ ਦੇ ਗਰਭ ਰੂਪ ਨਰਕ ਵਿਚ ਵਾਰ ਵਾਰ ਆਉਂਦਾ ਜਾਂਦਾ, ਜੰਮਦਾ ਮਰਦਾ ਰਹਿੰਦਾ ਹੈ।

## ਅਨਿਕ ਜੋਨੀ ਭ੍ਰਮਤ ਹਾਰਿਓ; ਭ੍ਰਮਤ ਬਾਰੰ ਬਾਰ ॥੧॥

ਉਹ ਜੀਵ ਅਨਿਕ = ਅਨੇਕਾਂ ਜੋਨੀ = ਜੂਨੀਆਂ ਵਿਚ ਭ੍ਰਮਤ = ਭਰਮਦਾ ਭਰਮਦਾ ਹਾਰਿਓ = ਹਾਰ, ਥੱਕ ਗਿਆ ਹੈ, ਪਰ ਫੇਰ ਵੀ ਬਾਰੰ ਬਾਰ = ਵਾਰ ਵਾਰ ਪੁਨਾ-ਪੁਨਾ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਨ ਲਈ ਭ੍ਰਮਤ = ਭਰਮਦਾ ਫਿਰਦਾ ਹੈ **ਵਾ:** ਦੇਵੀ ਦੇਵਤਿਆਂ ਦੇ ਬਾਰੰ ਬਾਰ = ਦਰਾਂ ਦਰਾਂ ਉੱਤੇ ਭਰਮਦਾ ਫਿਰਦਾ ਹੈ **ਵਾ:** ਜੀਵ ਦਾ ਮਨ ਵਾਰ ਵਾਰ ਸੰਕਲਪਾਂ ਵਿਕਲਪਾਂ ਵਿਚ ਭਰਮਦਾ ਫਿਰਦਾ ਹੈ॥੧॥

## ਪਤਿਤ ਪਾਵਨ, ਭਗਤਿ ਬਛਲ; ਦੀਨ ਕਿਰਪਾ ਧਾਰ ॥

ਹੇ ਪਰਮੇਸ਼ਰ ! ਤੂੰ ਪਤਿਤ = ਪਾਪੀ ਪੁਰਖਾਂ ਨੂੰ ਪਾਵਨ = ਪਵਿੱਤਰ ਕਰਨ ਵਾਲਾ ਹੈਂ, ਭਗਤਿ = ਭਗਤੀ ਕਰਨ ਵਾਲੇ ਭਗਤਾਂ ਦਾ ਬਛਲ = ਪਿਆਰਾ ਹੈਂ, ਇਸ ਲਈ ਤੂੰ ਮੇਰੇ ਦੀਨ = ਗ਼ਰੀਬ ਉੱਤੇ ਵੀ ਆਪਣੀ ਕਿਰਪਾ = ਦਇਆ ਦ੍ਰਿਸ਼ਟੀ ਧਾਰ = ਧਾਰਨਾ ਕਰ।

## ਕਰ ਜੋੜਿ ਨਾਨਕੁ ਦਾਨੁ ਮਾਂਗੈ; ਸਾਧਸੰਗਿ ਉਧਾਰ ॥੨॥੭੬॥੯੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਮੈਂ ਤੇਰੇ ਅੱਗੇ ਦੋਵੇਂ ਪ੍ਰਤੱਖ ਕਰ = ਹੱਥ **ਵਾ:** ਮਨ ਬੁੱਧ ਰੂਪੀ ਦੋਵੇਂ ਹੱਥ ਜੋੜ ਕੇ ਤੇਰੇ ਕੋਲੋਂ ਇਹੋ ਦਾਨ ਮਾਂਗੈ = ਮੰਗਦਾ ਹਾਂ ਕਿ ਮੈਨੂੰ ਸਾਧਸੰਗਿ = ਸਾਧਸੰਗਤ ਦੇ ਨਾਲ ਮੇਲ ਕੇ ਮੇਰਾ ਸੰਸਾਰ-ਸਮੁੰਦ੍ਰ ਤੋਂ ਉਧਾਰ ਕਰ **ਵਾ:** ਮੈਨੂੰ ਪਾਰ ਲੰਘਾ ਦੇਣਾ ਕਰ॥੨॥੭੬॥੯੯॥

## ਸਾਰਗ ਮਹਲਾ ੫ ॥

## ਬਿਰਾਜਿਤ; ਰਾਮ ਕੋ ਪਰਤਾਪ ॥

ਹੇ ਭਾਈ ! ਜਿਨ੍ਹਾਂ ਦੇ ਹਿਰਦੇ ਵਿਚ ਰਾਮ = ਪਰਮੇਸ਼ਰ ਦੇ ਨਾਮ ਕੋ = ਦਾ ਪਰਤਾਪ = ਤੇਜ ਪ੍ਰਭਾਵ ਆ ਕੇ ਬਿਰਾਜਿਤ = ਬਿਰਾਜਮਾਨ ਹੋ ਰਿਹਾ ਹੈ **ਵਾ:** ਜਿਹੜੇ ਪਰਮੇਸ਼ਰ ਦੇ ਨਾਮ ਦਾ ਪਰਤਾਪ ਸਾਰੇ ਇਸਥਿਤ ਹੋਇਆ ਵੇਖਦੇ ਹਨ, ਉਹ ਸੱਚ ਸਰੂਪ ਵਿਚ ਇਸਥਿਤ ਹੋ ਰਹੇ ਹਨ।

## ਆਧਿ ਬਿਆਧਿ ਉਪਾਧਿ ਸਭ ਨਾਸੀ; ਬਿਨਸੇ ਤੀਨੈ ਤਾਪ ॥੧॥ਰਹਾਉ॥

ਉਨ੍ਹਾਂ ਦੇ ਅੰਦਰੋਂ ਆਧਿ, ਬਿਆਧ, ਉਪਾਧ ਰੂਪ ਤਾਪਾਂ ਦੀ ਪੀੜਾ ਸਭ = ਸਾਰੀ ਨਾਸੀ = ਨਾਸ਼ ਹੋ ਗਈ ਹੈ, ਇਉਂ ਉਨ੍ਹਾਂ ਦੇ ਅੰਦਰੋਂ ਤਿੰਨੇ ਤਾਪ ਬਿਨਸੈ = ਵਿਸ਼ੇਸ਼ ਕਰਕੇ ਨਾਸ਼ ਹੋ ਗਏ ਹਨ।

**ਅਥਵਾ** ਆਧੀ, ਬਿਆਧੀ ਉਪਾਧੀ ਰੂਪ ਤਿੰਨੇ ਤਾਪ ਤੇ ਸਭ = ਸਾਰੀ ਵਾਸ਼ਨਾ ਵੀ ਨਾਸ਼ ਹੋ ਗਈ ਹੈ ਤੇ ਤਿੰਨੇ ਗੁਣਾਂ ਰੂਪੀ ਤਾਪ ਵੀ ਬਿਨਸੈ = ਨਾਸ਼ ਹੋ ਗਏ ਹਨ॥੧॥ਰਹਾਉ॥

## ਤ੍ਰਿਸਨਾ ਬੁਝੀ, ਪੂਰਨ ਸਭ ਆਸਾ; ਚੂਕੇ ਸੋਗ ਸੰਤਾਪ ॥

ਮੇਰੀ ਤ੍ਰਿਸ਼ਨਾ ਰੂਪੀ ਅਗਨੀ ਵੀ ਬੁਝੀ = ਬੁਝ, ਨਵਿਰਤ ਹੋ ਗਈ ਹੈ, ਸਭ = ਸਾਰੀ ਆਸਾ ਵੀ ਪੂਰਨ = ਪੂਰੀ ਹੋ ਗਈ ਹੈ, ਜੋ ਪਦਾਰਥਾਂ ਦੇ ਵਿਜੋਗ ਦਾ ਸੋਗ = ਗ਼ਮ ਤੇ ਚਿੱਤ ਦਾ ਪਦਾਰਥਾਂ ਦੀ ਅਪ੍ਰਾਪਤੀ ਵੇਖ ਕੇ ਸੰਤਾਪ = ਭਲੀ ਪ੍ਰਕਾਰ ਤਪਣਾ ਸੀ, ਇਹ ਵੀ ਚੂਕੇ = ਚੁੱਕਿਆ, ਨਵਿਰਤ ਹੋ ਗਿਆ ਹੈ। ਅਤੇ

## ਗੁਣ ਗਾਵਤ ਅਚੁਤ ਅਬਿਨਾਸੀ; ਮਨ ਤਨ ਆਤਮ ਧ੍ਰਾਪ ॥੧॥

ਅਚੁਤ = ਅਗਿੜ ਰੂਪ, ਅਬਿਨਾਸੀ = ਨਾਸ਼ ਤੋਂ ਰਹਿਤ ਪਰਮੇਸ਼ਰ ਦੇ ਗੁਣ ਗਾਵਤ = ਗਾਉਣ ਕਰਕੇ ਮੇਰਾ ਮਨ ਤੇ ਤਨ ਆਤਮ ਸਰੂਪ ਨੂੰ ਪਾ ਕੇ ਧ੍ਰਾਪ = ਤ੍ਰਿਪਤ ਹੋ ਗਿਆ ਹੈ **ਵਾ:** ਮਨ ਦੇ ਤਨ = ਸਾਥ ਆਤਮ = ਸਰੀਰ ਵੀ ਤ੍ਰਿਪਤ ਹੋ ਗਿਆ ਹੈ ॥੧॥

## ਕਾਮ ਕ੍ਰੋਧ ਲੋਭ ਮਦ ਮਤਸਰ; ਸਾਧੂ ਕੈ ਸੰਗਿ ਖਾਪ ॥

ਕਾਮ = ਮੰਦ ਵਾਸ਼ਨਾ, ਕ੍ਰੋਧ = ਤੀਖਣ ਬਿਰਤੀ, ਪਦਾਰਥਾਂ ਦਾ ਲੋਭ = ਲਾਲਚ, ਮਦ = ਹੰਕਾਰ ਤੇ ਮਤਸਰ = ਈਰਖਾ ਵਾਲਾ ਸੁਭਾਅ ਆਦਿ ਇਹ ਸਾਰੇ ਹੀ ਸਾਧੂ = ਸ੍ਰੇਸ਼ਟ ਜਨਾਂ ਕੈ = ਦੇ ਸੰਗਿ = ਸਾਥ ਕਰਕੇ ਖਾਪ = ਨਾਸ਼ ਹੋ ਗਏ ਹਨ।

## ਭਗਤਿ ਵਛਲ ਭੈ ਕਾਟਨਹਾਰੇ; ਨਾਨਕ ਕੇ ਮਾਈ ਬਾਪ ॥੨॥੭੭॥੧੦੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਭਗਤਿ = ਭਗਤੀ ਕਰਨ ਵਾਲੇ ਭਗਤਾਂ ਦੇ ਵਛਲ = ਪਿਆਰੇ, ਜੰਮਣ ਮਰਣ ਦੇ ਭੈ = ਡਰ ਨੂੰ ਕਾਟਨਹਾਰੇ = ਕੱਟਣ ਵਾਲੇ ਪਰਮੇਸ਼ਰ ਜੀ ਹਨ, ਉਹੋ ਹੀ ਮੇਰੇ ਦਾਸ ਕੇ = ਦੇ ਮਾਈ ਬਾਪ = ਮਾਤਾ ਪਿਤਾ ਰੂਪ ਹਨ ॥੨॥੭੭॥੧੦੦॥

## ਸਾਰਗ ਮਹਲਾ ੫ ॥

## ਆਤੁਰੁ ਨਾਮ ਬਿਨੁ; ਸੰਸਾਰ ॥

ਹੇ ਭਾਈ! ਜੋ ਪ੍ਰਣਵ ਭਾਵ ਨੂੰ ਪ੍ਰਾਪਤ ਹੋਣ ਵਾਲਾ ਸੰਸਾਰ = ਜਗਤ ਹੈ **ਵਾ:** ਜੋ ਸੰਸਾਰੀ ਜੀਵ ਹੈ ਉਹ ਪਰਮੇਸ਼ਰ ਦੇ ਨਾਮ ਜਪਣ ਤੋਂ ਬਿਨੁ = ਬਗ਼ੈਰ ਆਤੁਰੁ = ਦੁਖੀ ਹੀ ਰਹਿੰਦਾ ਹੈ।

## ਤ੍ਰਿਪਤਿ ਨ ਹੋਵਤ, ਕੂਕਰੀ ਆਸਾ;
## ਇਤੁ ਲਾਗੋ, ਬਿਖਿਆ ਛਾਰ ॥੧॥ਰਹਾਉ॥

ਸੰਸਾਰ ਦੇ ਮਗਰ ਆਸਾ ਰੂਪੀ ਕੂਕਰੀ = ਕੁੱਤੀ ਲੱਗੀ ਹੋਈ ਹੈ, ਇਸ ਕਰਕੇ ਤ੍ਰਿਪਤ ਨ = ਨਹੀਂ ਹੋਵਤ = ਹੁੰਦਾ ਹੈ **ਵਾ:** ਕੂਕਰੀ ਭਾਵ ਇੰਦਰੀਆਂ ਦੀ ਵਿਸ਼ੇ ਭੋਗਣ ਦੀ ਆਸਾ ਕਰਕੇ ਇਹ ਜੀਵ ਤ੍ਰਿਪਤ ਨਹੀਂ ਹੁੰਦਾ, ਇਤੁ = ਇਸ ਆਸਾ ਕਰਕੇ ਸੰਸਾਰ **ਵਾ:** ਜੀਵ ਦਾ ਛਾਰੁ = ਸੁਆਹ ਰੂਪ ਬਿਖਿਆ = ਮਾਇਆ ਨਾਲ ਹਿਤ ਲਾਗੋ = ਲੱਗਿਆ ਹੋਇਆ ਹੈ **ਵਾ:** ਲਾਹਨਤਾਂ ਰੂਪ ਖੇਹ ਉਡਾਉਣ ਵਾਲੇ ਬਿਖਿਆ = ਵਿਸ਼ਿਆਂ ਨਾਲ ਪ੍ਰੇਮ ਲੱਗਿਆ ਹੋਇਆ ਹੈ ॥੧॥ਰਹਾਉ॥

## ਪਾਇ ਠਗਉਰੀ, ਆਪਿ ਭੁਲਾਇਓ; ਜਨਮਤ ਬਾਰੋ ਬਾਰ ॥

ਮਾਇਆ ਦੀ ਮੋਹ ਰੂਪੀ ਠਗਉਰੀ = ਠੱਗ ਬੂਟੀ ਪਾਇ = ਪਾ ਕੇ ਪਰਮੇਸ਼ਰ ਨੇ ਆਪ ਸੰਸਾਰ, ਜੀਵ

ਨੂੰ ਆਪਣੇ ਸਰੂਪ ਵੱਲੋਂ ਭੁਲਾਇਓ = ਭੁਲਾਇਆ ਹੋਇਆ ਹੈ, ਇਸੇ ਕਰਕੇ ਬਾਰੋ ਬਾਰ = ਵਾਰ ਵਾਰ ਜਨਮਤ = ਜੰਮਦਾ ਹੈ ਭਾਵ ਵਾਰ ਵਾਰ ਜੂਨਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ।

## ਹਰਿ ਕਾ ਸਿਮਰਨੁ, ਨਿਮਖ ਨ ਸਿਮਰਿਓ; ਜਮਕੰਕਰ ਕਰਤ ਖੁਆਰ ॥੧॥

ਜਿਸ ਪੁਰਖ ਨੇ ਸੰਸਾਰ ਵਿਚ ਮਨੁੱਖਾ ਜਨਮ ਪਾ ਕੇ ਹਰਿ = ਪਰਮੇਸ਼ਰ ਕਾ = ਦਾ ਸਿਮਰਨੁ = ਭਜਨ ਨਿਮਖ = ਅੱਖ ਦੇ ਝਮਕਣ ਜਿਤਨੇ ਸਮੇਂ ਲਈ ਵੀ ਸਿਮਰਿਓ = ਸਿਮਰਿਆ ਨ = ਨਹੀਂ ਹੈ, ਉਸ ਨੂੰ ਅੰਤ ਵੇਲੇ ਅਜਰਾਈਲ, ਮੇਕਾਇਲ, ਇਸਰਾਫ਼ੀਲ ਆਦਿ ਜਮਕੰਕਰ = ਜਮਦੂਤ ਖੁਆਰ = ਖ਼ਰਾਬ ਕਰਤ = ਕਰਦੇ ਰਹਿੰਦੇ ਹਨ ॥੧॥

## ਹੋਹੁ ਕ੍ਰਿਪਾਲੁ, ਦੀਨ ਦੁਖ ਭੰਜਨ; ਤੇਰਿਆ ਸੰਤਹ ਕੀ ਰਾਵਾਰ ॥

ਹੇ ਦੀਨ = ਗ਼ਰੀਬਾਂ ਦੇ ਦੁੱਖਾਂ ਨੂੰ ਭੰਜਨ = ਨਾਸ਼ ਕਰਨ ਵਾਲੇ ਪਰਮੇਸ਼ਰ ! ਮੇਰੇ ਉੱਤੇ ਕ੍ਰਿਪਾਲੁ = ਕ੍ਰਿਪਾਲੂ ਹੋਹੁ = ਹੋਵੋ, ਮੈਂ ਤੇਰਿਆ = ਤੇਰੇ ਨਾਮ ਨੂੰ ਜਪਣ ਵਾਲੇ ਸੰਤਹ = ਸੰਤਾਂ ਕੀ = ਦੀ ਚਰਨ ਰਾਵਾਰ = ਧੂੜੀ ਨੂੰ ਚਾਹੁੰਦਾ ਹਾਂ।

[ਅੰਗ ੧੨੨੪]

## ਨਾਨਕ ਦਾਸੁ, ਦਰਸੁ ਪ੍ਰਭ ਜਾਚੈ; ਮਨ ਤਨ ਕੋ ਆਧਾਰ ॥੨॥੭੮॥੧੦੧॥

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਮੈਂ ਤੇਰੇ ਦਰਸੁ = ਦਰਸ਼ਨ ਕਰਨਾ ਹੀ ਜਾਚੈ = ਮੰਗਦਾ ਹਾਂ, ਜੋ ਮਨ ਤੇ ਤਨ ਕੋ = ਦਾ ਆਧਾਰ = ਆਸਰਾ ਰੂਪ ਹੈ ਭਾਵ ਮੈਂ ਤੇਰੇ ਦਰਸ਼ਨਾਂ ਦੇ ਆਸਰੇ ਜਿਉਂਦਾ ਹਾਂ ॥੨॥੭੮॥੧੦੧॥

## ਸਾਰਗ ਮਹਲਾ ੫ ॥

## ਮੈਲਾ, ਹਰਿ ਕੇ ਨਾਮ ਬਿਨੁ; ਜੀਉ ॥

ਇਹ ਜੀਉ = ਜੀਵ ਹਰਿ = ਪਰਮੇਸ਼ਰ ਕੇ = ਦੇ ਨਾਮ ਤੋਂ ਬਿਨੁ = ਬਗ਼ੈਰ ਕਾਮ ਕ੍ਰੋਧ ਆਦਿ ਵਿਕਾਰਾਂ ਰੂਪੀ ਮੈਲ ਦੇ ਕਰਕੇ ਮੈਲਾ = ਮਲੀਨ ਭਾਵ ਅਸ਼ੁੱਧ ਹੋ ਰਿਹਾ ਹੈ **ਵਾ:** ਸੁਤ, ਬਿਤ, ਲੋਕ ਈਖਣਾ ਰੂਪ ਮੈਲ ਕਰਕੇ ਮੈਲਾ ਹੋ ਰਿਹਾ ਹੈ **ਵਾ:** ਜੀਵ ਦਾ ਜੀਉ = ਜੀਵ ਆਤਮਾ ਪਰਮੇਸ਼ਰ ਦੇ ਨਾਮ ਤੋਂ ਬਗ਼ੈਰ ਹੰਗਤਾ ਰੂਪੀ ਮੈਲ ਦੇ ਨਾਲ ਮੈਲਾ ਹੋ ਰਿਹਾ ਹੈ।

## ਤਿਨਿ ਪ੍ਰਭਿ ਸਾਚੈ, ਆਪਿ ਭੁਲਾਇਆ; ਬਿਖੈ ਠਗਉਰੀ ਪੀਉ ॥੧॥ਰਹਾਉ॥

ਬਿਖੈ = ਵਿਸ਼ਿਆਂ ਰੂਪੀ ਠਗਉਰੀ = ਠੱਗਬੂਟੀ[1] ਪੀਉ = ਪਿਲਾ ਕੇ ਤਿਨਿ = ਉਸ ਸੱਚੇ ਪ੍ਰਭਿ = ਪਰਮੇਸ਼ਰ ਨੇ ਆਪ ਹੀ ਜੀਵ ਨੂੰ ਆਪਣੇ ਸਰੂਪ ਵੱਲੋਂ ਭੁਲਾਇਆ = ਭੁਲਾ ਛੱਡਿਆ ਹੈ ॥੧॥ਰਹਾਉ॥

## ਕੋਟਿ ਜਨਮ ਭ੍ਰਮਤੌ ਬਹੁ ਭਾਂਤੀ; ਥਿਤਿ ਨਹੀ ਕਤਹੂ ਪਾਈ ॥

ਕੋਟਿ = ਕਰੋੜਾਂ ਜਨਮਾਂ ਵਿਚ ਬਹੁ = ਬਹੁਤ ਭਾਂਤੀ = ਤਰ੍ਹਾਂ ਕਰਕੇ ਭ੍ਰਮਤੌ = ਭਰਮਦਿਆਂ ਜੀਵ ਨੇ

---

੧. **ਠੱਗਬੂਟੀ :** ਉਹ ਬੂਟੀ ਜਿਸ ਦੇ ਸੁੰਘਣ ਨਾਲ ਬੰਦਾ ਬੇਹੋਸ਼ ਹੋ ਜਾਂਦਾ ਹੈ। ਪੁਰਾਣੇ ਸਮੇਂ ਵਿਚ ਠੱਗ ਲੋਕ ਇਸ ਨੂੰ ਆਪਣੇ ਕੋਲ ਰੱਖਿਆ ਕਰਦੇ ਸਨ ਅਤੇ ਲੋਕਾਂ ਨੂੰ ਲੁੱਟਣ ਲਈ ਇਸ ਦੀ ਵਰਤੋਂ ਕਰਦੇ ਸਨ।

ਕਤਹੂ = ਕਿਤੇ ਵੀ ਥਿਤਿ = ਇਸਥਿਤੀ ਨਹੀਂ ਪਾਈ = ਪਾਉਣਾ ਕੀਤੀ **ਵਾ:** ਕਿਸੇ ਵੀ ਜੂਨ ਵਿਚ ਇਸਥਿਤੀ ਨਹੀਂ ਪਾਈ।

## ਪੂਰਾ ਸਤਿਗੁਰੁ ਸਹਜਿ ਨ ਭੇਟਿਆ; ਸਾਕਤੁ ਆਵੈ ਜਾਈ ॥੧॥

ਜਿਸ ਨੂੰ ਪੂਰਾ = ਪੂਰਨ ਸਤਿਗੁਰਾਂ ਦੇ ਉਪਦੇਸ਼ ਦੁਆਰਾ ਸਹਜਿ = ਗਿਆਨ ਨ = ਨਹੀਂ ਭੇਟਿਆ = ਮਿਲਿਆ, ਉਹ ਸਾਕਤੁ = ਸ਼ਕਤੀ ਦਾ ਉਪਾਸ਼ਕ ਜੀਵ, ਕਠੋਰ ਚਿੱਤ ਵਾਲਾ ਪੁਰਖ ਆਵੈ = ਆਉਂਦਾ ਜਾਈ = ਜਾਂਦਾ ਭਾਵ ਜੰਮਦਾ ਮਰਦਾ ਰਹਿੰਦਾ ॥੧॥

## ਰਾਖਿ ਲੇਹੁ ਪ੍ਰਭ, ਸੰਮ੍ਰਿਥ ਦਾਤੇ; ਤੁਮ ਪ੍ਰਭ, ਅਗਮ ਅਪਾਰ ॥

ਹੇ ਸੰਮ੍ਰਿਥ = ਸਰਬ ਕਲਾ ਸਮਰੱਥ, ਮੁਕਤੀ ਦਾਤੇ ਪ੍ਰਭ = ਪਰਮੇਸ਼ਰ ! ਮੇਰੀ ਲੋਕ-ਪ੍ਰਲੋਕ ਵਿਚ ਪੈਜ ਰਾਖਿ = ਰੱਖ ਲੇਹੁ = ਲੈਣਾ ਕਰੋ, ਹੇ ਪ੍ਰਭ = ਪਰਮੇਸ਼ਰ ! ਤੁਮ = ਤੁਸੀਂ ਮਨ ਦੇ ਸੰਕਲਪਾਂ ਵਿਕਲਪਾਂ ਤੋਂ ਅਗੰਮ ਹੋ, ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੋ।

## ਨਾਨਕ ਦਾਸ ਤੇਰੀ ਸਰਣਾਈ; ਭਵਜਲੁ ਉਤਰਿਓ ਪਾਰ ॥੨॥੭੯॥੧੦੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਜੋ ਦਾਸ ਸੇਵਕ ਤੇਰੀ = ਆਪ ਜੀ ਦੀ ਸਰਣਾਈ = ਓਟ ਵਿਚ ਆਇਆ ਹੈ, ਉਹ ਭਵਜਲੁ = ਸੰਸਾਰ-ਸਮੁੰਦ੍ਰ ਤੋਂ ਪਾਰ ਹੋ ਕੇ ਮੁਕਤੀ ਰੂਪ ਕਿਨਾਰੇ ਤੇ ਉਤਰਿਓ = ਉਤਰ ਗਿਆ ਹੈ ॥੨॥੭੯॥੧੦੨॥

## ਸਾਰਗ ਮਹਲਾ ੫ ॥
## ਰਮਣ ਕਉ; ਰਾਮ ਕੇ ਗੁਣਬਾਦ ॥

ਹੇ ਭਾਈ ! ਰਮਣ = ਉਚਾਰਨ ਕਉ = ਵਾਸਤੇ ਰਾਮ = ਪਰਮੇਸ਼ਰ ਕੇ = ਦੇ ਗੁਣਾਂ ਨੂੰ ਬਾਦ = ਕਥਨ ਕਰੋ **ਵਾ:** ਹੇ ਭਾਈ ਪਰਮੇਸ਼ਰ ਦੇ ਗੁਣਾਂ ਨੂੰ ਬਾਦ = ਕਥਨ ਕਰੋ, ਇਹੋ ਉਚਾਰਨ ਵਾਸਤੇ ਸੁੰਦਰ ਹਨ **ਵਾ:** ਜੀਵ ਦੇ ਉਚਾਰਨ ਵਾਸਤੇ ਪਰਮੇਸ਼ਰ ਦੇ ਗੁਣ ਬਾਦ = ਗੁਣਾਨਬਾਦ ਹੀ ਉੱਤਮ ਹਨ।

## ਸਾਧਸੰਗਿ ਧਿਆਈਐ ਪਰਮੇਸਰੁ; ਅੰਮ੍ਰਿਤ ਜਾ ਕੇ ਸੁਆਦ ॥੧॥ਰਹਾਉ॥

ਸਾਧਸੰਗਿ = ਸਾਧਸੰਗਤ ਦੇ ਨਾਲ ਮਿਲ ਕੇ ਹਰ ਵਕਤ ਪਰਮੇਸਰੁ = ਅਕਾਲ ਪੁਰਖ ਦੇ ਨਾਮ ਨੂੰ ਧਿਆਈਐ = ਧਿਆਉਣਾ ਕਰੀਏ, ਜਾ = ਜਿਸ ਕੇ = ਦੇ ਗੁਣ ਅੰਮ੍ਰਿਤ ਵਾਂਗ ਸੁਆਦ = ਸੁਆਦਲੇ ਹਨ **ਵਾ:** ਜਿਸ ਦੇ ਨਾਮ ਦੇ ਅੰਮ੍ਰਿਤ = ਅਮਰ ਕਰਨ ਵਾਲੇ ਸੁਆਦ = ਰਸ ਹਨ ॥੧॥ਰਹਾਉ॥

## ਸਿਮਰਤ ਏਕੁ ਅਚੁਤ ਅਬਿਨਾਸੀ; ਬਿਨਸੇ ਮਾਇਆ ਮਾਦ ॥

ਜਿਹੜੇ ਏਕੁ = ਇਕ ਅਚੁਤ = ਅਗਿੜ ਰੂਪ ਤੇ ਅਬਿਨਾਸੀ = ਨਾਸ ਤੋਂ ਰਹਿਤ ਪਰਮੇਸ਼ਰ ਨੂੰ ਸਿਮਰਤ = ਸਿਮਰਦੇ ਹਨ, ਉਨ੍ਹਾਂ ਦੇ ਮਾਇਆ ਦੇ ਮਾਦ = ਨਸ਼ੇ ਦੇ ਮਸਤੀ ਦੇ ਸਮੇਤ ਸਾਰੇ ਵਿਕਾਰ ਬਿਨਸੇ = ਨਾਸ਼ ਹੋ ਜਾਂਦੇ ਹਨ **ਵਾ:** ਉਨ੍ਹਾਂ ਦਾ ਮਾਇਆ ਰੂਪੀ ਮਾਦ = ਸ਼ਰਾਬ ਦਾ ਨਸ਼ਾ ਉਤਰ ਜਾਂਦਾ ਹੈ।

## ਸਹਜ ਅਨਦ ਅਨਹਦ ਧੁਨਿ ਬਾਣੀ; ਬਹੁਰਿ ਨ ਭਏ ਬਿਖਾਦ ॥੧॥

ਅਨਹਦ = ਇਕ-ਰਸ ਗੁਰਾਂ ਦੀ ਧੁਨਿ = ਸੁੰਦਰ ਨਾਮ ਅੰਮ੍ਰਿਤ ਰੂਪ ਬਾਣੀ ਨੂੰ ਕਥਨ ਕਰਕੇ ਉਨ੍ਹਾਂ ਨੂੰ

ਸਹਜ = ਗਿਆਨ ਸਰੂਪ ਦੀ ਪ੍ਰਾਪਤੀ ਦਾ ਅਨੰਦ ਪ੍ਰਾਪਤ ਹੁੰਦਾ ਹੈ, ਜਿਸ ਕਰਕੇ ਉਹ ਬਹੁਰਿ = ਮੁੜ ਕੇ ਬਿਖਾਦ = ਦੁਖੀ ਨਹੀਂ ਭਏ = ਹੁੰਦੇ **ਵਾ:** ਉਨ੍ਹਾਂ ਨੂੰ ਮੁੜ ਕੇ ਬਿਖਾਦ (ਬਿਖ + ਆਦ) ਬਿਖ = ਵਿਸ਼ੇ ਆਦ = ਖਾਂਦੇ ਨ = ਨਹੀਂ ਹਨ ਭਾਵ ਉਨ੍ਹਾਂ ਨੂੰ ਵਿਸ਼ੇ ਨਾਸ਼ ਨਹੀਂ ਕਰਦੇ ॥੧॥

## ਸਨਕਾਦਿਕ ਬ੍ਰਹਮਾਦਿਕ ਗਾਵਤ; ਗਾਵਤ ਸੁਕ ਪ੍ਰਹਿਲਾਦ ॥

ਸਨਕਾਦਿਕ = ਸਨਕ, ਸਨੰਦਨ, ਸਨਾਤਨ ਆਦਿ ਬ੍ਰਹਮਾ ਦੇ ਪੁੱਤਰਾਂ ਤੇ ਬ੍ਰਹਮਾਦਿਕ = ਬ੍ਰਹਮਾ ਆਦਿ ਦੇਵਤੇ ਵੀ ਵਿਕਾਰਾਂ ਤੋਂ ਬਚਣ ਵਾਸਤੇ ਪਰਮੇਸ਼ਰ ਦੇ ਜੱਸ ਨੂੰ ਗਾਵਤ = ਗਾਉਂਦੇ ਰਹਿੰਦੇ ਹਨ, ਸੁਕ = ਸੁਕਦੇਵ ਮੁਨੀ ਤੇ ਪ੍ਰਹਲਾਦ ਵੀ ਵਿਕਾਰਾਂ ਤੋਂ ਬਚਣ ਵਾਸਤੇ ਪਰਮੇਸ਼ਰ ਦੇ ਗੁਣਾਂ ਨੂੰ ਗਾਵਤ = ਗਾਉਂਦੇ ਰਹਿੰਦੇ ਹਨ **ਵਾ:** ਇਨ੍ਹਾਂ ਸਾਰਿਆਂ ਨੂੰ ਗੁਣ ਗਾਉਣੇ ਕਰਕੇ ਭਜਨ ਕਰਨ ਦਾ ਅਨੰਦ ਪ੍ਰਾਪਤ ਹੋਇਆ ਹੈ।

## ਪੀਵਤ ਅਮਿਉ ਮਨੋਹਰ ਹਰਿ ਰਸੁ;<br>ਜਪਿ ਨਾਨਕ ਹਰਿ ਬਿਸਮਾਦ ॥੨॥੮੦॥੧੦੩॥

ਜਿਹੜੇ ਗੁਰਮੁਖ ਅਧਿਕਾਰੀ ਮਨੋਹਰ = ਸੁੰਦਰ ਹਰਿ = ਪਰਮੇਸ਼ਰ ਦੇ ਨਾਮ ਅਮਿਉ = ਅੰਮ੍ਰਿਤ ਰਸ ਨੂੰ **ਵਾ:** ਪ੍ਰੇਮ ਰੂਪੀ ਅੰਮ੍ਰਿਤ ਰਸ ਪੀਵਤ = ਪੀਂਦੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਬਿਸਮਾਦ = ਅਸਚਰਜ ਸਰੂਪ ਪਰਮੇਸ਼ਰ ਦੇ ਨਾਮ ਨੂੰ ਜਪ ਕੇ ਉਸ ਦਾ ਰੂਪ ਹੀ ਹੋ ਜਾਂਦੇ ਹਨ ॥੨॥੮੦॥੧੦੩॥

## ਸਾਰਗ ਮਹਲਾ ੫ ॥ ਕੀਨੇ੍; ਪਾਪ ਕੇ ਬਹੁ ਕੋਟ ॥

ਹੇ ਜੀਵ ! ਤੂੰ ਪਾਪ = ਗੁਨਾਹਾਂ ਕੇ = ਦੇ ਬਹੁ = ਬਹੁਤੇ ਕੋਟ = ਕਿਲ੍ਹੇ ਉਸਾਰਨਾ ਕੀਨੇ੍ = ਕੀਤੇ ਹਨ **ਵਾ:** ਤੂੰ ਕੋਟ = ਕੋਟਾਨ ਕੋਟ ਜਨਮਾਂ ਦੇ ਵਿਚ ਬਹੁਤ ਪਾਪ ਕਰਮ ਕੀਤੇ ਹਨ **ਵਾ:** ਬਹੁਤੇ ਜਨਮਾਂ ਦੇ ਵਿਚ ਕਰੋੜਾਂ ਪਾਪ ਕੀਤੇ ਹਨ।

## ਦਿਨਸੁ ਰੈਨੀ ਥਕਤ ਨਾਹੀ; ਕਤਹਿ ਨਾਹੀ ਛੋਟ ॥੧॥ਰਹਾਉ॥

ਦਿਨਸੁ = ਦਿਨ ਰੈਨਿ = ਰਾਤ ਪਾਪ ਕਰਮ ਕਰਨ ਵੱਲੋਂ ਤੇਰੀ ਬਿਰਤੀ ਥਕਤ = ਥੱਕਦੀ ਨਾਹੀ = ਨਹੀਂ ਹੈ, ਇਸ ਕਰਕੇ ਕਤਹਿ = ਕਦੇ ਵੀ ਤੇਰਾ ਛੋਟ = ਛੁਟਕਾਰਾ ਨਹੀਂ ਹੋਵੇਗਾ ਭਾਵ ਤੂੰ ਮੁਕਤ ਨਹੀਂ ਹੋ ਸਕੇਂਗਾ ॥੧॥ਰਹਾਉ॥

## ਮਹਾ ਬਜਰ ਬਿਖ ਬਿਆਧੀ; ਸਿਰਿ ਉਠਾਈ ਪੋਟ ॥

ਤੂੰ ਮਹਾ = ਬੜੇ ਬਜਰ = ਸਖ਼ਤ **ਵਾ:** ਸੱਤ ਧਾਤਾਂ ਦੇ ਪੱਥਰ ਵਤ ਭਾਰੇ ਤੇ ਰੋਗਾਂ ਨੂੰ ਪੈਦਾ ਕਰਨ ਵਾਲੇ ਬਿਖ = ਵਿਸ਼ਿਆਂ ਦੀ ਸਿਰ ਉੱਤੇ ਪੋਟ = ਪੋਟਲੀ, ਪੰਡ ਉਠਾਈ ਹੋਈ ਹੈ **ਵਾ:** ਹੇ ਜੀਵ ! ਤੂੰ ਮਹਾ ਬਜਰ ਰੂਪ ਬਿਖ = ਵਿਸ਼ਿਆਂ ਦੀ ਸੰਗਤ ਕਰਕੇ ਬਿਆਧੀ = ਰੋਗੀ ਹੋ ਰਿਹਾ ਹੈਂ ਅਤੇ ਤੂੰ ਪਰਾਈ ਨਿੰਦਿਆ ਰੂਪੀ ਪੰਡ ਆਪਣੇ ਸਿਰ ਉੱਤੇ ਚੁੱਕੀ ਹੋਈ ਹੈ।

## ਉਘਰਿ ਗਈਆਂ, ਖਿਨਹਿ ਭੀਤਰਿ; ਜਮਹਿ ਗ੍ਰਾਸੇ ਝੋਟ ॥੧॥

ਤਦੋਂ ਇਕ ਖਿਨਹਿ = ਛਿਨ ਤੇ ਭੀਤਰਿ = ਵਿਚ ਹੀ ਤੇਰੀਆਂ ਕਰਤੂਤਾਂ ਉਘਰਿ = ਉਘੜ, ਪ੍ਰਗਟ ਹੋ ਗਈਆਂ, ਜਾਣਗੀਆਂ, ਜਦ ਜਮਹਿ = ਜਮਾਂ ਨੇ ਆ ਕੇ ਝੋਟ = ਜੁੰਡਿਆਂ ਤੋਂ ਗ੍ਰਾਸੇ = ਪਕੜ ਲਿਆ **ਵਾ:**

ਜਦ ਜਮਾਂ ਨੇ ਸੂਖਮ ਸਰੀਰ ਦੇ ਸੰਸਕਾਰਾਂ ਰੂਪੀ ਕੇਸਾਂ ਤੋਂ ਪਕੜ ਲਿਆ, ਤਦੋਂ ਇਕ ਖਿਨਹਿ = ਛਿਨ ਦੇ ਭੀਤਰਿ = ਵਿਚ ਹੀ ਤੇਰੀਆਂ ਕਰਤੂਤਾਂ, ਉਘਰਿ = ਉਘੜ, ਪ੍ਰਗਟ ਹੋ ਗਈਆਂ **ਵਾ:** ਤੇਰੀਆਂ ਅੱਖਾਂ ਉਘੜ, ਖੁੱਲ੍ਹ ਗਈਆਂ, ਜਾਣਗੀਆਂ ਤੇ ਫੇਰ ਪਸ਼ਚਾਤਾਪ ਕਰੇਂਗਾ ॥੧॥

## ਪਸੁ, ਪਰੇਤ, ਉਸਟ, ਗਰਧਭ; ਅਨਿਕ ਜੋਨੀ ਲੇਟ ॥

ਹੇ ਜੀਵ ! ਤੂੰ ਕੀਤੇ ਪਾਪ ਕਰਮਾਂ ਦੇ ਅਨੁਸਾਰ ਪਸੁ = ਪਸ਼ੂ, ਪਰੇਤ, ਉਸਟ = ਊਠ ਤੇ ਗਰਧਭ = ਗਧੇ ਆਦਿ ਅਨਿਕ = ਅਨੇਕਾਂ ਹੀ ਜੋਨੀ = ਜੂਨੀਆਂ ਵਿਚ ਲੇਟ = ਲੇਟਦਾ ਫਿਰੇਂਗਾ ਭਾਵ ਅਨੇਕਾਂ ਜੂਨੀਆਂ ਵਿਚ ਪੈ ਕੇ ਰੁਲਦਾ, ਦੁੱਖ ਭੋਗਦਾ ਫਿਰੇਂਗਾ।

## ਭਜੁ ਸਾਧਸੰਗਿ ਗੋਬਿੰਦ ਨਾਨਕ; ਕਛੁ ਨ ਲਾਗੈ ਫੇਟ ॥੨॥੯੧॥੧੦੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਜੀਵ ! ਤੂੰ ਸਾਧਸੰਗਿ = ਸਾਧਸੰਗਤ ਦੇ ਵਿਚ ਜਾ ਕੇ ਗੋਬਿੰਦ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਦਾ ਭਜੁ = ਭਜਨ ਕਰ, ਫੇਰ ਤੈਨੂੰ ਕਛੁ = ਕੁਝ ਵੀ ਫੇਟ = ਧੱਕਾ ਨ = ਨਹੀਂ ਲਾਗੈ = ਲੱਗੇਗਾ **ਵਾ:** ਨਰਕਾਂ ਵਿਚ ਪੈਣ ਰੂਪ ਫੇਟ = ਅੜਿੱਕਾ ਨਹੀਂ ਲੱਗੇਗਾ **ਵਾ:** ਸੱਟ ਨਹੀਂ ਲੱਗੇਗੀ ॥੨॥੯੧॥੧੦੪॥

## ਸਾਰਗ ਮਹਲਾ ੫ ॥

## ਅੰਧੇ; ਖਾਵਹਿ ਬਿਸੂ ਕੇ ਗਟਾਕ ॥

ਹੇ ਅੰਧੇ = ਅਗਿਆਨੀ ਜੀਵ ! ਤੂੰ ਬਿਸੂ = ਵਿਸ਼ਿਆ ਕੇ = ਦੇ ਤਾਈਂ ਗਟਾਕ = ਗਟ ਗਟ ਕਰਕੇ, ਇਕ-ਰਸ ਖਾਵਹਿ = ਖਾਣਾ ਕਰਦਾ ਹੈਂ **ਵਾ:** ਵਿਸ਼ਿਆਂ ਦੇ ਗਟਾਕ = ਗੱਫੇ ਛਕਦਾ ਹੈਂ।

## ਨੈਨ ਸ੍ਰਵਨ ਸਰੀਰੁ ਸਭੁ ਹੁਟਿਓ; ਸਾਸੁ ਗਇਓ ਤਤ ਘਾਟ ॥੧॥ਰਹਾਉ॥

ਤੇਰੇ ਨੈਨ = ਨੇਤਰ ਪਰਾਏ ਰੂਪਾਂ ਨੂੰ ਵੇਖਦੇ-ਵੇਖਦੇ, ਸ੍ਰਵਨ = ਕੰਨ ਪਰਾਈ ਨਿੰਦਿਆ ਸੁਣਦੇ-ਸੁਣਦੇ, ਤੇ ਸਭੁ = ਸਾਰਾ ਸਰੀਰ ਸੰਸਾਰਕ ਕਾਰੋ-ਵਿਹਾਰ ਕਰਦਿਆਂ ਹੁਟਿਓ = ਹਟ, ਥਕ ਗਿਆ ਹੈ, ਸਾਸੁ = ਸੁਆਸ ਵੀ ਤਤ = ਤਤਕਾਲ, ਸ਼ੀਘਰ ਘਾਟ = ਘੱਟ ਗਇਓ = ਗਏ ਹਨ ਭਾਵ ਸੁਆਸ-ਸੁਆਸ ਵੀ ਰੁਕ-ਰੁਕ ਕੇ ਆਉਣ ਲੱਗ ਜਾਂਦੇ ਹਨ।

**ਅਥਵਾ** ਬਿਰਧ ਅਵਸਥਾ ਦੇ ਸਮੇਂ ਨੈਨ = ਨੇਤਰਾਂ, ਸ੍ਰਵਨ = ਕੰਨ ਆਦਿ ਇੰਦ੍ਰਿਆਂ ਅਤੇ ਸਰੀਰ ਵੀ ਸਾਰਾ ਥੱਕਣ ਲੱਗ ਜਾਂਦਾ ਹੈ ਅਤੇ ਸਾਸੁ = ਸੁਆਸ ਵੀ ਤਤ = ਸ਼ੀਘਰ ਹੀ ਘਟ ਗਏ, ਜਾਂਦੇ ਹਨ ॥੧॥ਰਹਾਉ॥

## ਅਨਾਥ ਰਵਾਣਿ, ਉਦਰੁ ਲੇ ਪੋਖਹਿ; ਮਾਇਆ ਗਈਆ ਹਾਟਿ ॥

ਅਨਾਥ = ਗ਼ਰੀਬਾਂ ਨੂੰ ਰਵਾਣਿ = ਦੁਖੀ ਕਰਕੇ ਜਿਸ ਮਾਇਆ ਨੂੰ ਲੈ ਕੇ ਜੀਵ ਆਪਣੇ ਉਦਰੁ = ਪੇਟ ਨੂੰ ਪੋਖਹਿ = ਪਾਲਣਾ, ਭਰਨਾ ਕਰਦਾ ਹੈ, ਉਹ ਮਾਇਆ ਵੀ ਪਿੱਛੇ ਹਾਟਿ = ਹਟ ਗਈ ਹੈ **ਵਾ:** ਉਹ ਮਾਇਆ ਹੋਰਨਾਂ ਪੁੰਨੀ ਪੁਰਖਾਂ ਰੂਪੀ ਹੱਟੀ ਉੱਤੇ ਚਲੀ ਗਈ ਹੈ ਭਾਵ ਜੀਵ ਦੇ ਪੁੰਨ ਕਰਮ ਨਾਸ਼ ਹੋਣ ਕਰਕੇ ਮਾਇਆ ਦੀ ਆਮਦਨ ਆਉਣੋਂ ਹਟ ਗਈ।

## ਕਿਲਬਿਖ ਕਰਤ ਕਰਤ ਪਛੁਤਾਵਹਿ; ਕਬਹੁ ਨ ਸਾਕਹਿ ਛਾਂਟਿ ॥੧॥

ਜੀਵ ਕਿਲਬਿਖ = ਪਾਪ ਕਰਮ ਨੂੰ ਕਰਤ ਕਰਤ = ਕਰਦਾ ਕਰਦਾ ਪਛੁਤਾਵਹਿ = ਪਛੁਤਾਉਂਦਾ ਵੀ

ਹੈ, ਪਰੰਤੂ ਪਾਪ ਕਰਮਾਂ ਨੂੰ ਕਬਹੁ = ਕਦੇ ਛਾਂਟਿ = ਛੱਡ ਨ = ਨਹੀਂ ਸਾਕਹਿ = ਸਕਦਾ **ਵਾ:** ਪਾਪ ਪੁੰਨ, ਸੱਤ ਅਸੱਤ ਵਸਤੂ ਨੂੰ ਛਾਂਟਿ = ਭਿੰਨ ਭਿੰਨ **ਵਾ:** ਸਤ ਅਸੱਤ ਦਾ ਨਿਰਨਾ ਨਹੀਂ ਕਰ ਸਕਦਾ ਕਿ ਇਸ ਦਾ ਕੀ ਫਲ ਪ੍ਰਾਪਤ ਹੋਵੇਗਾ ॥੧॥

## ਨਿੰਦਕੁ ਜਮਦੂਤੀ ਆਇ ਸੰਘਾਰਿਓ; ਦੇਵਹਿ ਮੂੰਡ ਊਪਰਿ ਮਟਾਕ ॥

ਜਦ ਅੰਤ ਦੇ ਸਮੇਂ ਜਮਦੂਤੀ = ਜਮਦੂਤਾਂ ਨੇ ਆਇ = ਆ ਕੇ ਨਿੰਦਕੁ = ਅਪਜੱਸ ਕਰਨ ਵਾਲੇ ਪੁਰਖ ਨੂੰ ਸੰਘਾਰਿਓ = ਸੰਘਾਰ (ਪਕੜ) ਭਾਵ ਮਾਰ ਦੇਣਾ ਕੀਤਾ, ਤੇ ਜਮ ਮੂੰਡ = ਸਿਰ ਊਪਰਿ = ਉੱਤੇ ਮਟਾਕ[1] = ਮਟਕ ਮਟਕ ਡੰਡਿਆਂ ਦੀ ਮਾਰ ਦੇਵਹਿ = ਦਿੰਦੇ ਹਨ।

## ਨਾਨਕ ਆਪਨ ਕਟਾਰੀ ਆਪਸ ਕਉ ਲਾਈ;
## ਮਨੁ ਅਪਨਾ ਕੀਨੋ ਫਾਟ ॥੨॥੮੨॥੧੦੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਪਜੱਸ ਕਰਨ ਵਾਲੇ ਪੁਰਖ ਨੇ ਈਰਖਾ, ਨਿੰਦਿਆ ਰੂਪੀ ਆਪਨ = ਆਪਣੀ ਕਟਾਰੀ = ਛੁਰੀ ਆਪਸ = ਆਪਣੇ ਆਪ ਕਉ = ਨੂੰ ਮਾਰ ਲਾਈ = ਲਈ ਹੈ, ਇਸੇ ਕਰਕੇ ਅਪਜੱਸ ਕਰਨ ਵਾਲੇ ਪੁਰਖ ਨੇ ਆਪਣਾ ਮਨੁ = ਚਿੱਤ ਹੀ ਫਾਟ = ਫੱਟੜ, ਜ਼ਖ਼ਮੀ ਕੀਨੋ = ਕੀਤਾ ਹੈ, ਭਾਵ ਪਰਮੇਸ਼ਰ ਵੱਲੋਂ ਬੇਮੁਖ ਕਰਨ ਰੂਪ ਫੱਟੜ ਕਰ ਲਿਆ ਹੈ ॥੨॥੮੨॥੧੦੫॥

## ਸਾਰਗ ਮਹਲਾ ੫ ॥
## ਟੂਟੀ ਨਿੰਦਕ ਕੀ; ਅਧ ਬੀਚ ॥

ਅਧ ਬੀਚ = ਵਿਚਾਲਿਓਂ ਹੀ ਨਿੰਦਕ = ਅਪਜੱਸ ਕਰਨ ਵਾਲੇ ਪੁਰਖ ਕੀ = ਦੀ ਅਵਸਥਾ ਟੂਟੀ = ਟੁੱਟ ਜਾਂਦੀ ਹੈ ਭਾਵ ਉਮਰ ਪੂਰੀ ਨਹੀਂ ਭੋਗਦਾ, ਅੱਧ ਵਿਚਾਲੇ ਹੀ ਸਮਾਪਤ ਹੋ ਜਾਂਦਾ ਹੈ **ਵਾ:** ਜੇਕਰ ਅਪਜੱਸ ਕਰਨ ਵਾਲੇ ਪੁਰਖ ਦੀ ਥੋੜ੍ਹੀ ਬਹੁਤੀ ਭਗਤੀ ਕਰਕੇ ਜਾਂ ਪੁੰਨ ਦਾਨ ਕਰਨੇ ਕਰਕੇ ਪਰਮੇਸ਼ਰ ਨਾਲ ਪ੍ਰੀਤ ਲੱਗ ਜਾਵੇ ਤਾਂ ਵੀ ਅੱਧ ਵਿਚਾਲਿਓਂ ਨਿੰਦਿਆ ਕਰਨ ਵਾਲੇ ਪੁਰਖ ਦੀ ਪ੍ਰੀਤ ਟੁੱਟ ਜਾਂਦੀ ਹੈ।

## ਜਨ ਕਾ ਰਾਖਾ ਆਪਿ ਸੁਆਮੀ; ਬੇਮੁਖ ਕਉ ਆਇ ਪਹੂਚੀ ਮੀਚ ॥੧॥ਰਹਾਉ॥

ਸੁਆਮੀ = ਮਾਲਕ ਪਰਮੇਸ਼ਰ ਆਪਣੇ ਜਨ = ਦਾਸ ਕਾ = ਦਾ ਆਪ ਰਾਖਾ = ਰੱਖਿਅਕ ਹੁੰਦਾ ਹੈ ਅਤੇ ਬੇਮੁਖ = ਮਨਮੁਖ ਕਉ = ਦੇ ਮਾਰਨੇ ਨੂੰ ਮੀਚ = ਮੌਤ ਆਇ = ਆ ਪਹੂਚੀ = ਪਹੁੰਚਦੀ ਹੈ ॥੧॥ਰਹਾਉ॥

## ਉਸ ਕਾ ਕਹਿਆ ਕੋਇ ਨ ਸੁਣਈ; ਕਹੀ ਨ ਬੈਸਣੁ ਪਾਵੈ ॥

ਉਸ ਮਨਮੁਖ ਪੁਰਖ ਕਾ = ਦਾ ਕਹਿਆ = ਆਖਿਆ ਹੋਇਆ ਬਚਨ ਕੋਇ = ਕੋਈ ਵੀ ਨ = ਨਹੀਂ ਸੁਣਈ = ਸੁਣਦਾ ਅਤੇ ਉਹ ਪੁਰਖ ਕਹੀ = ਕਿਤੇ ਪੁੰਨੀ ਪੁਰਖਾਂ ਦੇ ਵਿਚ ਬੈਸਣੁ = ਬੈਠਣਾ ਨ = ਨਹੀਂ ਪਾਵੈ = ਪਾਉਂਦਾ।

## ਈਹਾਂ ਦੁਖੁ, ਆਗੈ ਨਰਕੁ ਭੁੰਚੈ; ਬਹੁ ਜੋਨੀ ਭਰਮਾਵੈ ॥੧॥

ਬੇਮੁਖ ਪੁਰਖ ਈਹਾਂ = ਇਸ ਲੋਕ ਵਿਚ ਵੀ ਦੁੱਖ ਭੋਗਦਾ ਹੈ ਤੇ ਆਗੈ = ਅੱਗੇ ਪਰਲੋਕ ਵਿਚ ਵੀ ਨਰਕ

---

੧. ਤੜਾਕਾ ਭਾਵ ਸਿਰ ਉੱਤੇ ਮਾਰ ਪੈਣ ਤੋਂ ਉਪਜੀ ਧੁਨਿ ਨੂੰ 'ਮਟਾਕ' ਕਹਿੰਦੇ ਹਨ।

ਭੁੰਚੈ = ਭੋਗਦਾ ਹੈ ਅਤੇ ਨਰਕਾਂ ਵਿੱਚੋਂ ਕੱਢ ਕੇ ਬਹੁ = ਬਹੁਤੀਆਂ ਜੋਨੀ = ਜੂਨੀਆਂ ਵਿਚ ਭਰਮਾਵੈ = ਭਰਮਾਇਆ ਜਾਂਦਾ ਹੈ ॥੧॥

## ਪ੍ਰਗਟੁ ਭਇਆ, ਖੰਡੀ ਬ੍ਰਹਮੰਡੀ; ਕੀਤਾ ਅਪਣਾ ਪਾਇਆ ॥

ਅਪਜੱਸ ਕਰਨ ਵਾਲਾ ਬੇਮੁਖ ਪੁਰਖ ਦਾ ਖੰਡੀ = ਖੰਡਾਂ ਬ੍ਰਹਿਮੰਡਾਂ ਵਿਚ ਨਿੰਦਕ, ਖੋਟਾ ਕਰਮ ਪ੍ਰਗਟ ਭਇਆ = ਹੋਇਆ ਹੈ, ਕਿਉਂਕਿ ਉਸ ਨੇ ਆਪਣਾ ਹੀ ਕੀਤਾ ਕਰਮ ਫਲ ਪਾਇਆ = ਪਾਉਣਾ ਕੀਤਾ ਹੈ।

## ਨਾਨਕ, ਸਰਣਿ ਨਿਰਭਉ ਕਰਤੇ ਕੀ;
## ਅਨਦ ਮੰਗਲ ਗੁਣ ਗਾਇਆ ॥੨॥੯੩॥੧੦੬॥

ਸਤਿਗੁਰ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਮੁਖ ਜਨ ਦੇ ਨਿਰਭਉ = ਡਰ ਤੋਂ ਰਹਿਤ ਕਰਤੇ = ਰਚਨਹਾਰ ਪ੍ਰਭੂ ਕੀ = ਦੀ ਸਰਣਿ = ਓਟ ਵਿਚ ਪੈ ਕੇ ਉਸੇ ਅਨਦ = ਅਨੰਦ ਸਰੂਪ ਪਰਮੇਸ਼ਰ ਦੇ ਮੰਗਲ = ਜੱਸ ਰੂਪ ਗੁਣਾਂ ਨੂੰ ਗਾਇਆ = ਗਾਉਣਾ ਕੀਤਾ ਹੈ **ਵਾ:** ਅਨੰਦ ਸਰੂਪ ਦੇ ਗੁਣਾਂ ਨੂੰ ਗਾ ਕੇ ਮੰਗਲ = ਖ਼ੁਸ਼ੀ ਨੂੰ ਮਾਨਣਾ ਕੀਤਾ ਹੈ ॥੧॥੯੩॥੧੦੬॥

## ਸਾਰਗ ਮਹਲਾ ੫ ॥
## ਤ੍ਰਿਸਨਾ; ਚਲਤ ਬਹੁ ਪਰਕਾਰਿ ॥

ਬਹੁ = ਬਹੁਤ ਪਰਕਾਰਿ = ਕਿਸਮਾਂ ਕਰਕੇ ਤ੍ਰਿਸਨਾ = ਤ੍ਰਿਸ਼ਨਾਲੂ = ਪੁਰਖ ਦੀ ਵਿਰਤੀ ਚਲਤ = ਚੱਲਦੀ ਰਹਿੰਦੀ ਹੈ।

[ਅੰਗ ੧੨੨੫]

## ਪੂਰਨ ਹੋਤ ਨ ਕਤਹੁ ਬਾਤਹਿ; ਅੰਤਿ ਪਰਤੀ ਹਾਰਿ ॥੧॥ਰਹਾਉ॥

ਤ੍ਰਿਸ਼ਨਾਲੂ ਪੁਰਖ ਦੀ ਕਤਹੁ = ਕਿਸੇ ਬਾਤਹਿ = ਗੱਲ ਨਾਲ ਵੀ ਪੂਰਨ = ਪੂਰਤੀ ਨਹੀਂ ਹੋਤ = ਹੁੰਦੀ ਭਾਵ ਉਸ ਨੂੰ ਸੁਮੇਰ ਪਰਬਤ ਵੀ ਰੱਤੀ ਕੁ ਜਿਤਨਾ ਹੀ ਪ੍ਰਤੀਤ ਹੁੰਦਾ ਹੈ, ਅੰਤ ਨੂੰ ਤ੍ਰਿਸ਼ਨਾਲੂ ਪੁਰਖ ਦੀ ਬਿਰਤੀ ਹੀ ਹਾਰ ਪਰਤੀ = ਪੈਂਦੀ ਹੈ ਭਾਵ ਉਸ ਦੀ ਤ੍ਰਿਸ਼ਨਾ ਪੂਰੀ ਨਹੀਂ ਹੁੰਦੀ ॥੧॥ਰਹਾਉ॥

## ਸਾਂਤਿ ਸੂਖ ਨ ਸਹਜੁ ਉਪਜੈ; ਇਹੈ ਇਸੁ ਬਿਉਹਾਰਿ ॥

ਇਸ ਤ੍ਰਿਸ਼ਨਾ ਦਾ ਇਹੈ = ਇਹੋ ਬਿਉਹਾਰਿ = ਵਿਹਾਰ ਹੈ ਕਿ ਇਸਦੇ ਧਾਰਨ ਨਾਲ ਜੀਵ ਨੂੰ ਨਾ ਆਤਮਿਕ ਸਾਂਤਿ = ਸ਼ਾਂਤੀ, ਨਾ ਹੀ ਸੂਖ = ਸੁਖ ਅਤੇ ਨਾ ਹੀ ਹਿਰਦੇ ਵਿਚ ਸਹਜੁ = ਗਿਆਨ ਉਪਜੈ = ਪੈਦਾ ਹੁੰਦਾ ਹੈ।

## ਆਪ ਪਰ ਕਾ ਕਛੁ ਨ ਜਾਨੈ; ਕਾਮ ਕ੍ਰੋਧਹਿ ਜਾਰਿ ॥੧॥

ਤ੍ਰਿਸ਼ਨਾਲੂ ਪੁਰਖ ਆਪ = ਆਪਣਾ ਤੇ ਪਰ = ਪਰਾਇਆਂ ਕਾ = ਦਾ ਕਛੁ = ਕੁਝ ਵੀ ਨ = ਨਹੀਂ ਜਾਨੈ = ਜਾਣਦਾ, ਹਰ ਵਕਤ ਕਾਮ ਕ੍ਰੋਧ ਆਦਿ ਵਿਸ਼ਿਆਂ ਰੂਪੀ ਅਗਨੀ ਦੇ ਵਿਚ ਜਾਰਿ = ਸੜਦਾ ਰਹਿੰਦਾ ਹੈ ॥੧॥

## ਸੰਸਾਰ ਸਾਗਰੁ ਦੁਖਿ ਬਿਆਪਿਓ; ਦਾਸ ਲੇਵਹੁ ਤਾਰਿ ॥

ਤ੍ਰਿਸ਼ਨਾਲੂ ਪੁਰਖ ਨੂੰ ਸੰਸਾਰ ਸਾਗਰੁ = ਸਮੁੰਦਰ ਵਿਚ ਦੁਖ ਹੀ ਬਿਆਪਿਓ = ਲੱਗਿਆ ਰਹਿੰਦਾ ਹੈ **ਵਾ:** ਤ੍ਰਿਸ਼ਨਾਲੂ ਪੁਰਖ ਸੰਸਾਰ-ਸਮੁੰਦ੍ਰ ਵਿਚ ਦੁਖੀ ਹੋ ਕੇ **ਵਾ:** ਦੁੱਖ ਦੇਣ ਵਾਲੇ ਵਿਸ਼ਿਆਂ ਵਿਚ ਹੀ ਲੱਗਿਆ ਰਹਿੰਦਾ ਹੈ, ਪਰ ਹੇ ਪਰਮੇਸ਼ਰ ! ਤੂੰ ਮੈਨੂੰ ਆਪਣੇ ਦਾਸ = ਸੇਵਕ ਨੂੰ ਗੁਰਾਂ ਦੁਆਰਾ ਨਾਮ ਦੀ ਦਾਤ ਦੇ ਕੇ ਸੰਸਾਰ-ਸਮੁੰਦ੍ਰ ਤੋਂ ਤਾਰ ਲੇਵਹੁ = ਲੈਣਾ ਕਰ।

## ਚਰਨ ਕਮਲ ਸਰਣਾਇ ਨਾਨਕ; ਸਦ ਸਦਾ ਬਲਿਹਾਰਿ ॥੨॥੮੪॥੧੦੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਮੈਂ ਸੇਵਕ ਜਨ ਤੇਰੇ ਚਰਨਾਂ ਕਮਲਾਂ ਦੀ ਸਰਣਾਇ = ਓਟ ਵਿਚ ਆਇਆ ਹਾਂ ਅਤੇ ਸਦ ਸਦਾ = ਹਮੇਸ਼ਾਂ-ਹਮੇਸ਼ਾਂ ਤੇਰੇ ਉਪਰੋਂ ਬਲਿਹਾਰਿ = ਕੁਰਬਾਨ ਜਾਂਦਾ ਹਾਂ ॥੨॥੮੪॥੧੦੭॥

## ਸਾਰਗ ਮਹਲਾ ੫ ॥

## ਰੇ ਪਾਪੀ; ਤੈ ਕਵਨ ਕੀ ਮਤਿ ਲੀਨ ॥

ਰੇ = ਹੇ ਪਾਪੀ = ਪਾਪ ਕਰਮ ਕਰਨ ਵਾਲੇ ਪੁਰਖ ! ਤੈ = ਤੂੰ ਕਵਨ = ਕਿਹੜੇ ਮਨਮੁਖ ਪੁਰਖ ਕੀ = ਦੀ ਖੋਟੀ ਮਤਿ = ਅਕਲ ਲੀਨ = ਲਈ ਹੈ।

***ਪ੍ਰਸ਼ਨ*** *: ਕਿਹੜੀ ਖੋਟੀ ਮੱਤ ਲਈ ਹੈ ?*

***ਗੁਰ-ਉੱਤਰ*** *: ਇਹ ਖੋਟੀ ਮੱਤ ਲਈ ਹੈ :*

## ਨਿਮਖ ਘਰੀ ਨ ਸਿਮਰਿ ਸੁਆਮੀ; ਜੀਉ ਪਿੰਡੁ ਜਿਨਿ ਦੀਨ ॥੧॥ਰਹਾਉ॥

ਜਿਨਿ = ਜਿਸ ਵਾਹਿਗੁਰੂ ਨੇ ਤੈਨੂੰ ਜੀਉ = ਸੂਖਮ ਸਰੀਰ ਪਿੰਡੁ = ਸਥੂਲ, ਤੇ ਕਾਰਨ ਸਰੀਰ ਦੀਨ = ਦਿੱਤਾ ਹੈ, ਉਸ ਸੁਆਮੀ = ਮਾਲਕ ਪਰਮੇਸ਼ਰ ਨੂੰ ਤੂੰ ਇਕ ਨਿਮਖ = ਛਿਨ ਮਾਤਰ ਵੀ ਘਰੀ = ਘੜੀ ਵਿੱਚੋਂ ਸਿਮਰਿ = ਯਾਦ ਨ = ਨਹੀਂ ਕਰਦਾ ॥੧॥ਰਹਾਉ॥

## ਖਾਤ ਪੀਵਤ ਸਵੰਤ ਸੁਖੀਆ; ਨਾਮੁ ਸਿਮਰਤ ਖੀਨ ॥

ਹੇ ਪਾਪ ਕਰਮ ਕਰਨ ਵਾਲੇ ਜੀਵ ! ਤੂੰ ਸੁਆਦਲੇ ਪਦਾਰਥਾਂ ਨੂੰ ਖਾਤ = ਖਾਂਦਿਆਂ, ਰਸਾਂ ਕਸਾਂ ਦੇ ਤਾਈਂ ਪੀਵਤ = ਪੀਂਦਿਆਂ ਤੇ ਆਰਾਮਦਾਇਕ ਸੇਜਾ ਉੱਤੇ ਸਵੰਤ = ਸੌਂਦਿਆਂ ਸੁਖੀਆ = ਸੁਖੀ ਹੁੰਦਾ ਹੈਂ, ਪਰ ਪਰਮੇਸ਼ਰ ਦਾ ਨਾਮ ਸਿਮਰਤ = ਸਿਮਰਦਿਆਂ ਤੂੰ ਖੀਨ = ਦੁਖੀ ਹੁੰਦਾ ਹੈਂ **ਵਾ:** ਖੀਨ = ਮਰਨ ਵਾਲਿਆਂ ਵਤ ਹੋ ਜਾਂਦਾ ਹੈ **ਵਾ:** ਤੇਰਾ ਖੀਨ = ਮਰ ਜਾਣਾ ਹੀ ਹੁੰਦਾ ਹੈ।

## ਗਰਭ ਉਦਰ ਬਿਲਲਾਟ ਕਰਤਾ; ਤਹਾਂ ਹੋਵਤ ਦੀਨ ॥੧॥

ਜਦ ਤੂੰ ਗਰਭ = ਗੁਪਤ ਅਸਥਾਨ ਮਾਤਾ ਦੇ ਉਦਰ = ਪੇਟ ਵਿਚ ਪੁੱਠਾ ਲਮਕਦਾ ਬਿਲਲਾਟ = ਵਿਰਲਾਪ ਕਰਤਾ = ਕਰਦਾ ਸੀ **ਵਾ:** ਮਾਤਾ ਦੇ ਗਰਭ = ਪੇਟ ਦੇ ਉਦਰ = ਜਾਲੇ ਵਿਚ ਪਿਆ ਹੋਇਆ ਵਿਰਲਾਪ ਕਰਦਾ ਸੀ, ਤਹਾਂ = ਉਸ ਜਗ੍ਹਾ ਤੂੰ ਬਹੁਤ ਦੀਨ = ਦੀਨਤਾ ਵਾਲੇ ਸੁਭਾਅ ਵਾਲਾ ਬਣਿਆ ਹੋਵਤ = ਹੁੰਦਾ ਸੀ ॥੧॥

## ਮਹਾ ਮਾਦ ਬਿਕਾਰ ਬਾਧਾ; ਅਨਿਕ ਜੋਨਿ ਭ੍ਰਮੀਨ ॥

ਹੇ ਪਾਪ ਕਰਮ ਕਰਨ ਵਾਲੇ ਜੀਵ! ਤੂੰ ਮਹਾ = ਵੱਡੇ ਵੱਡੇ ਮਾਦ = ਨਸ਼ਿਆਂ ਦੀ ਮਸਤੀ ਵਿਚ ਲੱਗਣੇ ਕਰਕੇ ਬਿਕਾਰ = ਵਿਕਾਰਾਂ ਦਾ ਬਾਧਾ = ਬੰਨ੍ਹਿਆ ਹੋਇਆ ਹੈਂ **ਵਾ:** ਮਹਾਂ ਮਦ ਤੇ ਕਾਮ ਆਦਿ ਵਿਕਾਰਾਂ ਦਾ ਬੰਨ੍ਹਿਆ ਹੋਇਆ ਅਨਿਕ = ਅਨੇਕਾਂ ਜੋਨਿ = ਜੂਨੀਆਂ ਵਿਚ ਹਰਟ ਦੀਆਂ ਟਿੰਡਾਂ ਵਾਂਗੂੰ ਭ੍ਰਮੀਨ = ਭਰਮਦਾ ਰਹਿੰਦਾ ਹੈਂ।

## ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ;
## ਸੁਖੁ ਨਾਨਕ, ਹਰਿ ਪਦ ਚੀਨ੍ ॥੨॥੮੫॥੧੦੮॥

ਗੋਬਿੰਦ = ਪਰਮੇਸ਼ਰ ਦੇ ਬਿਸਰੇ = ਭੁੱਲਣੇ ਕਰਕੇ ਕਵਨ = ਕਿਹੜੇ ਦੁਖ ਗਨੀਅਹਿ = ਗਿਣ ਕੇ ਦੱਸੀਏ ਭਾਵ ਬਹੁਤ ਦੁੱਖ ਹਨ ਜੋ ਤੈਨੂੰ ਚਿੰਬੜਨਗੇ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਜੀਵ! ਜੇਕਰ ਤੂੰ ਸੁਖ ਚਾਹੁੰਦਾ ਹੈਂ ਤਾਂ ਹਰਿ = ਪਰਮੇਸ਼ਰ ਦੀ ਪਦ = ਪਦਵੀ ਨੂੰ ਗੁਰਾਂ ਦੁਆਰਾ ਚੀਨ੍ = ਜਾਨਣਾ ਕਰ **ਵਾ:** ਹਰੀ ਦੇ ਪਦ = ਚਰਨਾਂ ਕਮਲਾਂ ਨੂੰ ਜਾਣਨਾ ਕਰ॥੨॥੮੫॥੧੦੮॥

## ਸਾਰਗ ਮਹਲਾ ੫ ॥
## ਮਾਈ ਰੀ; ਚਰਨਹ ਓਟ ਗਹੀ ॥

ਰੀ = ਹੇ ਮਾਈ = ਮਾਤਾ ਪਿਤਾ ਦੀ ਨਿਆਈਂ ਸੰਤ ਜਨੋਂ! ਮੈਂ ਪਰਮੇਸ਼ਰ ਦੇ ਚਰਨਹ = ਚਰਨਾਂ ਕਮਲਾਂ ਦੀ ਓਟ = ਟੇਕ ਗਹੀ = ਪਕੜ ਲਈ ਹੈ।

## ਦਰਸਨੁ ਪੇਖਿ, ਮੇਰਾ ਮਨੁ ਮੋਹਿਓ; ਦੁਰਮਤਿ ਜਾਤ ਬਹੀ ॥੧॥ਰਹਾਉ॥

ਜਿਹੜੀ ਜ਼ਿੰਦਗੀ ਦੁਰਮਤਿ = ਖੋਟੀ ਮੱਤ ਕਰਕੇ ਬਹੀ = ਰੁੜ੍ਹੀ ਜਾਤ = ਜਾ ਰਹੀ ਸੀ, ਉਹ ਸੁਮੱਤੀ ਆਉਣ ਕਰਕੇ ਰੁਕ ਗਈ ਹੈ ਕਿਉਂਕਿ ਹੁਣ ਪਰਮੇਸ਼ਰ ਦੇ ਦਰਸਨੁ = ਦੀਦਾਰ ਪੇਖਿ = ਵੇਖ ਕੇ ਮੇਰਾ ਮਨੁ = ਚਿੱਤ ਪ੍ਰਭੂ ਪ੍ਰੇਮ ਵਿਚ ਮੋਹਿਓ = ਮੋਹਿਆ ਗਿਆ ਹੈ, **ਵਾ:** ਸ੍ਰੇਸ਼ਟ ਮੱਤੀ ਆਉਣ ਕਰਕੇ ਦੁਰਮਤਿ = ਖੋਟੀ ਮੱਤ ਹੀ ਹੁਣ ਰੁੜ੍ਹਦੀ ਜਾਂਦੀ ਹੈ॥੧॥ਰਹਾਉ॥

## ਅਗਹ ਅਗਾਧਿ ਊਚ ਅਬਿਨਾਸੀ; ਕੀਮਤਿ ਜਾਤ ਨ ਕਹੀ ॥

ਜੋ ਅਗਹ = ਗ੍ਰਹਿਣ ਕਰਨ ਤੋਂ ਰਹਿਤ, ਪਕੜਨ ਤੋਂ ਰਹਿਤ, ਅਗਾਧਿ = ਡੂੰਘਾ, ਤਿੰਨਾਂ ਗੁਣਾਂ ਤੋਂ ਊਚ = ਉੱਚਾ **ਵਾ:** ਤਿੰਨਾਂ ਗੁਣਾਂ ਤੋਂ ਅਤੀਤ ਤੇ ਅਬਿਨਾਸੀ = ਨਾਸ਼ ਤੋਂ ਰਹਿਤ ਪਰਮੇਸ਼ਰ ਹੈ, ਉਸ ਦੇ ਗੁਣਾਂ ਦੀ ਕੀਮਤ ਕਿਸੇ ਪਾਸੋਂ ਵੀ ਕਹੀ = ਕਥਨ ਨਹੀਂ ਕੀਤੀ ਜਾਤ = ਜਾ ਸਕਦੀ।

## ਜਲਿ ਥਲਿ ਪੇਖਿ ਪੇਖਿ ਮਨੁ ਬਿਗਸਿਓ; ਪੂਰਿ ਰਹਿਓ ਸ੍ਰਬ ਮਹੀ ॥੧॥

ਜਲਿ = ਤਰਲ ਥਾਵਾਂ ਤੇ ਥਲਿ = ਖ਼ੁਸ਼ਕ ਥਾਵਾਂ ਵਿਚ ਉਸ ਪਰਮੇਸ਼ਰ ਨੂੰ ਪੇਖਿ ਪੇਖਿ = ਵੇਖ ਵੇਖ ਕੇ ਮੇਰਾ ਮਨੁ = ਚਿੱਤ ਬਿਗਸਿਓ = ਖਿੜ ਆਇਆ ਹੈ, ਜੋ ਸ੍ਰਬ = ਸਾਰੀ ਮਹੀ = ਪ੍ਰਿਥਵੀ ਵਿਚ ਪੂਰਿ = ਪੂਰਨ ਹੋ ਰਹਿਓ = ਰਿਹਾ ਹੈ **ਅਥਵਾ** ਜਲਿ ਦੀ ਨਿਆਈਂ ਪ੍ਰੇਮੀਆਂ ਦੇ ਅੰਦਰ, ਥਲਿ ਦੀ ਨਿਆਈਂ ਖ਼ੁਸ਼ਕ ਹਿਰਦੇ ਵਾਲੇ ਕ੍ਰੋਧੀ ਅਵੈੜਾ ਬੋਲਣ ਵਾਲੇ ਪੁਰਖਾਂ ਦੇ ਅੰਦਰ ਉਸ ਪਰਮੇਸ਼ਰ ਦੇ ਦੀਦਾਰ ਵੇਖ-ਵੇਖ ਕੇ ਮੇਰਾ ਮਨ ਖਿੜ ਆਇਆ ਹੈ, ਜੋ ਪਰਮੇਸ਼ਰ ਸਾਰਿਆਂ ਦੀ ਬੁੱਧ ਰੂਪ ਧਰਤੀ ਵਿਚ ਪੂਰਨ ਹੋ ਰਿਹਾ ਹੈ॥੧॥

## ਦੀਨ ਦਇਆਲ ਪ੍ਰੀਤਮ ਮਨਮੋਹਨ; ਮਿਲਿ ਸਾਧਹ ਕੀਨੋ ਸਹੀ ॥

ਹੇ ਮਾਤਾ ਪਿਤਾ ਰੂਪ ਸੰਤ ਜਨੋਂ ! ਮੈਂ ਸਾਧਹ = ਸ੍ਰੇਸ਼ਟ ਜਨਾਂ ਦੀ ਸੰਗਤ ਦੇ ਨਾਲ ਮਿਲਿ = ਮਿਲਾਪ ਕਰਕੇ ਇਹੋ ਹੀ ਸਹੀ = ਨਿਸਚਾ (ਭਰੋਸਾ) ਕੀਨੋ = ਕੀਤਾ ਹੈ ਕਿ ਉਹ ਪਰਮੇਸ਼ਰ ਦੀਨ = ਗ਼ਰੀਬਾਂ ਤੇ ਦਇਆਲ = ਦਇਆ ਕਰਨ ਵਾਲਾ, ਪ੍ਰੀਤਮ = ਪਰਮ ਪ੍ਰੇਮ ਦਾ ਅਸਪਦ ਰੂਪ ਤੇ ਭਗਤ ਜਨਾਂ ਦੇ ਮਨਮੋਹਨ = ਮਨ ਨੂੰ ਮੋਹਤ ਕਰਨ ਵਾਲਾ ਹੈ **ਵਾ:** ਭਗਤਾਂ ਦੇ ਅੰਦਰ ਮਨ ਵਿੱਚੋਂ ਦੁਨੀਆਂ, ਮਾਇਆ ਦੇ ਮੋਹ ਨੂੰ ਮੇਟਣ ਵਾਲਾ ਹੈ।

## ਸਿਮਰਿ ਸਿਮਰਿ ਜੀਵਤ ਹਰਿ ਨਾਨਕ; ਜਮ ਕੀ ਭੀਰ ਨ ਫਹੀ ॥੨॥੮੬॥੧੦੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਉਸ ਹਰਿ = ਪਰਮੇਸ਼ਰ ਨੂੰ ਸਿਮਰ ਸਿਮਰ ਕੇ ਜੀਵਤ = ਜਿਉਂਦਾ ਹਾਂ, ਇਸ ਕਰਕੇ ਮੇਰੀ ਬਿਰਤੀ ਜਮਾਂ ਕੀ = ਦੀ ਭੀਰ = ਭੀੜ ਵਿਚ ਨ = ਨਹੀਂ ਫਹੀ = ਫਸੀ **ਵਾ:** ਉਸ ਪਰਮੇਸ਼ਰ ਦੇ ਸਿਮਰਿ = ਸਿਮਰਨ ਨੂੰ ਮਨ, ਬਾਣੀ, ਸਰੀਰ ਦੁਆਰਾ ਸਿਮਰਿ = ਯਾਦ ਕਰਕੇ ਆਤਮਿਕ ਜੀਵਨ ਵੱਲ ਜੀਵਤ = ਜਿਉਂਦੇ ਹੋਈਦਾ ਹੈ ਤੇ ਜਮਾਂ ਦੀ ਭੀੜ ਵਿਚ ਵੀ ਨਹੀਂ ਫਸੀਦਾ ॥੨॥੮੬॥੧੦੯॥

## ਸਾਰਗ ਮਹਲਾ ੫ ॥
## ਮਾਈ ਰੀ; ਮਨੁ ਮੇਰੋ ਮਤਵਾਰੋ ॥

ਮਾਈ ਰੀ = ਹੇ ਮਾਤਾ ਪਿਤਾ ਰੂਪ ਸੰਤ ਜਨੋਂ ! ਮੇਰੋ = ਸਾਡਾ ਮਨ = ਚਿੱਤ ਪਰਮੇਸ਼ਰ ਦੇ ਨਾਮ ਸਿਮਰਨ ਕਰਨ ਵਿਚ ਮਤਵਾਰੋ = ਮਸਤਾਨਾ ਹੋ ਗਿਆ ਹੈ **ਵਾ:** (ਮਤ + ਵਾਰੋ) ਸਰੂਪ ਦੀ ਪ੍ਰਾਪਤੀ ਵਾਲੀ ਆਤਮ ਵਿਸ਼ੈਣੀ ਮਤ ਵਾਰੋ = ਵਾਲਾ ਹੋ ਗਿਆ ਹੈ **ਵਾ:** ਮਨ ਵਿੱਚੋਂ ਚੰਚਲਤਾਈ ਕਰਨ ਵਾਲੀ ਮਤ = ਅਕਲ ਨੂੰ ਵਾਰੋ = ਵਰਜ, ਰੋਕ ਦਿੱਤਾ ਹੈ।

## ਪੇਖਿ ਦਇਆਲ, ਅਨਦ ਸੁਖ ਪੂਰਨ; ਹਰਿ ਰਸਿ ਰਪਿਓ, ਖੁਮਾਰੋ ॥੧॥ਰਹਾਉ॥

ਦਇਆਲ = ਦਇਆ ਦੇ ਘਰ ਪਰਮੇਸ਼ਰ ਨੂੰ ਪੇਖਿ = ਵੇਖ ਕੇ ਆਤਮਿਕ ਅਨੰਦ **ਵਾ:** ਸ੍ਵੈ ਸਰੂਪ ਦਾ ਅਨੰਦ ਤੇ ਪੂਰਨ = ਪੂਰਾ ਸੁਖ ਪ੍ਰਾਪਤ ਹੋਇਆ ਹੈ ਅਤੇ ਮਨ ਹਰਿ = ਪਰਮੇਸ਼ਰ ਦੇ ਰਸਿ = ਪ੍ਰੇਮ ਵਿਚ ਐਸਾ ਰਪਿਓ = ਰੰਗਿਆ ਗਿਆ ਹੈ ਕਿ ਹਰ ਵਕਤ ਨਾਮ ਦੀ ਖੁਮਾਰੋ = ਮਸਤੀ ਚੜ੍ਹੀ ਰਹਿੰਦੀ ਹੈ ॥੧॥ਰਹਾਉ॥

## ਨਿਰਮਲ ਭਏ, ਊਜਲ ਜਸੁ ਗਾਵਤ; ਬਹੁਰਿ ਨ ਹੋਵਤ ਕਾਰੋ ॥

ਊਜਲ = ਨਿਰਮਲ ਪਰਮੇਸ਼ਰ ਦੇ ਜਸੁ = ਕੀਰਤਨ ਨੂੰ ਗਾਵਤ = ਗਾਉਂਦਿਆਂ ਮਨ ਕਰਕੇ ਐਸੇ ਨਿਰਮਲ = ਉੱਜਲ ਭਏ = ਹੋ ਗਏ ਹਾਂ, ਬਹੁਰਿ = ਮੁੜ ਕੇ ਪਾਪਾਂ ਰੂਪੀ ਮੈਲ ਕਰਕੇ ਕਾਰੋ = ਕਾਲਾ ਨ = ਨਹੀਂ ਹੋਵਤ = ਹੋਵਾਂਗੇ।

## ਚਰਨ ਕਮਲ ਸਿਉ ਡੋਰੀ ਰਾਚੀ; ਭੇਟਿਓ ਪੁਰਖੁ ਅਪਾਰੋ ॥੧॥

ਸੱਚੇ ਗੁਰਾਂ ਦੇ ਚਰਨਾਂ ਕਮਲਾਂ ਦੇ ਸਿਉ = ਨਾਲ ਚਿੱਤ ਦੀ ਡੋਰੀ = ਬਿਰਤੀ ਰਾਚੀ = ਰਚ, ਲੱਗ ਗਈ ਹੈ ਕਿ ਅਪਾਰੋ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਪੁਰਖੁ = ਪੂਰਨ ਪਰਮੇਸ਼ਰ ਦੇ ਨਾਲ ਭੇਟਿਓ = ਮਿਲ ਗਏ ਹਾਂ ॥੧॥

## ਕਰੁ ਗਹਿ ਲੀਨੇ੍, ਸਰਬਸੁ ਦੀਨੇ੍; ਦੀਪਕ ਭਇਓ ਉਜਾਰੋ ॥

ਜਦ ਉਸ ਪਰਮੇਸ਼ਰ ਨੇ ਮੇਰਾ ਮਨ ਰੂਪੀ ਕਰੁ = ਹੱਥ ਗਹਿ = ਪਕੜ ਕੇ ਆਪਣੀ ਲਿਵ ਵਿਚ ਲੀਨ ਕਰ ਲੀਨੇ੍ = ਲਿਆ, ਤਦੋਂ ਮਾਨੋ ਪਰਮੇਸ਼ਰ ਨੇ ਸਾਰਾ ਸਰਬੰਸ ਹੀ ਦਾਨ ਵਿਚ ਦੇ ਦੀਨੇ੍ = ਦਿੱਤਾ, **ਵਾ:** ਜਦੋਂ ਅਸੀਂ ਆਪਣਾ ਸਰਬੰਸ ਹੀ ਪਰਮੇਸ਼ਰ ਦੇ ਚਰਨਾਂ ਕਮਲਾਂ ਵਿਚ ਅਰਪ ਦਿੱਤਾ ਭਾਵ ਤਨ, ਮਨ, ਧਨ ਸਭ ਕੁਝ ਪਰਮੇਸ਼ਰ ਨੂੰ ਭੇਟਾ ਰੂਪ ਵਿਚ ਦੇ ਦਿੱਤਾ, ਆਪਣੀ ਮਨਮੱਤ ਛੱਡ ਦਿੱਤੀ ਤਦੋਂ ਪਰਮੇਸ਼ਰ ਨੇ ਸਾਡਾ ਮਨ ਰੂਪੀ ਹੱਥ ਪਕੜ ਕੇ ਆਪਣੇ ਸਰੂਪ ਵਿਚ ਅਭੇਦ ਕਰ ਲਿਆ ਅਤੇ ਰਿਦੇ ਅੰਦਰ ਗਿਆਨ ਰੂਪੀ ਦੀਪਕ = ਦੀਵੇ ਦਾ ਉਜਾਰੋ = ਪ੍ਰਕਾਸ਼ ਭਇਓ = ਹੋ ਗਿਆ।

## ਨਾਨਕ, ਨਾਮਿ ਰਸਿਕ ਬੈਰਾਗੀ; ਕੁਲਹ ਸਮੂਹਾਂ ਤਾਰੋ ॥੨॥੮੭॥੧੧੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜਾ ਨਾਮ ਦੇ ਰਸਿਕ = ਰਸੀਏ ਮਹਾਤਮਾ ਜਨ ਸੰਸਾਰ ਦੇ ਪਦਾਰਥਾਂ ਵੱਲੋਂ ਬੈਰਾਗੀ = ਵੈਰਾਗਵਾਨ ਹੋਏ ਹਨ, ਉਨ੍ਹਾਂ ਨੇ ਆਪਣੀਆਂ ਪਿੱਛੇ ਬੇਗਤ ਹੋਈਆਂ ਸਮੂਹਾਂ = ਸਾਰੀਆਂ ਕੁਲਹ = ਕੁਲਾਂ ਤਾਰੋ = ਤਾਰ ਲਈਆਂ ਹਨ ॥੨॥੮੭॥੧੧੦॥

## ਸਾਰਗ ਮਹਲਾ ੫ ॥

## ਮਾਈ ਰੀ; ਆਨ ਸਿਮਰਿ ਮਰਿ ਜਾਂਹਿ ॥

ਮਾਈ ਰੀ = ਹੇ ਮਾਤਾ ਪਿਤਾ ਰੂਪ ਸੰਤ ਜਨੋਂ ! ਪਰਮੇਸ਼ਰ ਨੂੰ ਛੱਡ ਕੇ ਆਨ = ਹੋਰਨਾਂ ਦੇਵੀ ਦੇਵਤਿਆਂ ਨੂੰ ਸਿਮਰਿ = ਸਿਮਰਨ ਵਾਲੇ ਪੁਰਖ ਮਰ ਕਰਕੇ ਜੂਨਾਂ ਵਿਚ ਹੀ ਜਾਂਹਿ = ਜਾਂਦੇ ਹਨ **ਵਾ:** ਮੌਤ ਦੇ ਮਾਰੇ ਮਰਦੇ ਜਾਂਦੇ ਹਨ **ਵਾ:** ਆਨ = ਦਵੈਤ ਨੂੰ ਸਿਮਰਨ ਵਾਲੇ ਪਰਮੇਸ਼ਰ ਵੱਲੋਂ ਮਰ ਜਾਂਦੇ ਹਨ। ਕਿਉਂਕਿ :

## ਤਿਆਗਿ ਗੋਬਿਦੁ ਜੀਅਨ ਕੋ ਦਾਤਾ;
## ਮਾਇਆ ਸੰਗਿ ਲਪਟਾਹਿ ॥੧॥ਰਹਾਉ॥

ਜੋ ਸਭ ਜੀਅਨ = ਜੀਵਾਂ ਕੋ = ਦਾ ਦਾਤਾ ਤੇ ਗੋਬਿਦੁ = ਪ੍ਰਿਥਵੀ ਦਾ ਪਾਲਕ ਪਰਮੇਸ਼ਰ ਹੈ, ਉਸ ਨੂੰ ਤਿਆਗਿ = ਛੱਡ ਕੇ ਸਦਾ ਛਲ ਰੂਪ ਮਾਇਆ ਦੇ ਸੰਗਿ = ਨਾਲ ਲਪਟਾਹਿ = ਲਪਟੇ, ਫਸੇ ਰਹਿੰਦੇ ਹਨ ॥੧॥ਰਹਾਉ॥

## ਨਾਮੁ ਬਿਸਾਰਿ ਚਲਹਿ ਅਨ ਮਾਰਗਿ; ਨਰਕ ਘੋਰ ਮਹਿ ਪਾਹਿ ॥

ਜੋ ਪਰਮੇਸ਼ਰ ਦੇ ਨਾਮ ਨੂੰ ਬਿਸਾਰਿ = ਭੁਲਾ ਕੇ ਅਨ = ਦਵੈਤ ਦੇ ਮਾਰਗਿ = ਰਸਤੇ ਉੱਤੇ ਚਲਹਿ = ਚੱਲਦੇ ਹਨ, ਉਹ ਪੁਰਖ ਘੋਰ = ਭਿਆਨਕ ਨਰਕ ਮਹਿ = ਵਿਚ ਪਾਹਿ = ਪੈਂਦੇ ਹਨ।

## ਅਨਿਕ ਸਜਾਂਈ ਗਣਤ ਨ ਆਵੈ; ਗਰਭੈ ਗਰਭਿ ਭ੍ਰਮਾਹਿ ॥੧॥

ਫੇਰ ਉਨ੍ਹਾਂ ਨੂੰ ਅਨਿਕ = ਬਿਅੰਤ ਸਜਾਂਈ = ਸਜ਼ਾਵਾਂ ਮਿਲਦੀਆਂ ਹਨ ਜਿਨ੍ਹਾਂ ਦੀ ਗਣਤ = ਗਿਣਤੀ ਨ = ਨਹੀਂ ਆਵੈ = ਆਉਂਦੀ, ਉਹ ਕਈ ਵਾਰੀ ਮਾਤਾ ਦੇ ਗਰਭੈ = ਪੇਟ ਵਿਚ ਛਣ ਜਾਇਆ ਕਰਨਗੇ ਫੇਰ ਮਾਤਾ ਦੇ ਗਰਭਿ = ਪੇਟ ਵਿਚ ਇਸਥਿਤ ਹੋ ਜਾਇਆ ਕਰਨਗੇ, ਇਉਂ ਵਾਰ ਵਾਰ ਜੂਨਾਂ ਵਿਚ ਭ੍ਰਮਾਹਿ = ਭਰਮਦੇ ਰਹਿਣਗੇ ॥੧॥

## ਸੇ ਧਨਵੰਤੇ, ਸੇ ਪਤਿਵੰਤੇ; ਹਰਿ ਕੀ ਸਰਣਿ ਸਮਾਹਿ ॥

ਸੇ = ਉਹੋ ਹੀ ਨਾਮ ਰੂਪ ਧਨ ਵਾਲੇ ਧਨਵੰਤੇ = ਧਨਾਢ ਪੁਰਖ ਹਨ, ਸੇ = ਉਹੋ ਹੀ ਪਤਿਵੰਤੇ = ਇੱਜ਼ਤ ਵਾਲੇ ਹਨ, ਜਿਹੜੇ ਹਰਿ = ਪਰਮੇਸ਼ਰ ਕੀ = ਦੀ ਸਰਣਿ = ਓਟ ਵਿਚ ਸਮਾਹਿ = ਸਮਾਉਂਦੇ ਹਨ **ਵਾ:** ਪਰਮੇਸ਼ਰ ਦੀ ਓਟ ਦੇ ਸਮਾਹਿ = ਸਮਾਹੜੇ ਅਨੰਦ ਨੂੰ ਪਾਉਂਦੇ ਹਨ।

## ਗੁਰਪ੍ਰਸਾਦਿ ਨਾਨਕ ਜਗੁ ਜੀਤਿਓ;
## ਬਹੁਰਿ ਨ ਆਵਹਿ ਜਾਂਹਿ ॥੨॥੮੮॥੧੧੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਪੁਰਖਾਂ ਨੇ ਗੁਰਪ੍ਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਪ੍ਰਭੂ ਨਾਮ ਨੂੰ ਜਪ ਕੇ ਸਾਰੇ ਜਗੁ = ਸੰਸਾਰ ਨੂੰ ਜੀਤਿਓ = ਜਿੱਤ ਲਿਆ ਹੈ, ਇਸੇ ਕਰਕੇ ਉਹ ਬਹੁਰਿ = ਮੁੜ ਆਵਹਿ = ਆਉਂਦੇ ਜਾਂਹਿ = ਜਾਂਦੇ, ਜੰਮਦੇ ਮਰਦੇ ਨ = ਨਹੀਂ ਹਨ **ਵਾ:** ਮਾਤਾ ਦੇ ਗਰਭ ਰਾਹੀਂ ਜਨਮ ਧਾਰ ਕੇ ਆਉਂਦੇ ਨਹੀਂ ਤੇ ਨਾ ਹੀ ਮਰ ਕੇ ਮੌਤ ਦੇ ਮੂੰਹ ਵਿਚ ਜਾਂਦੇ ਹਨ॥੨॥੮੮॥੧੧੧॥

## ਸਾਰਗ ਮਹਲਾ ੫ ॥
## ਹਰਿ ਕਾਟੀ ਕੁਟਿਲਤਾ; ਕੁਠਾਰਿ ॥

ਗੁਰਮੁਖ ਜਨਾਂ ਨੇ ਹਰਿ = ਪਰਮੇਸ਼ਰ ਦੇ ਨਾਮ ਰੂਪੀ ਕੁਠਾਰਿ = ਕੁਹਾੜੇ ਦੇ ਪਰਹਾਰ ਨਾਲ ਕੁਟਿਲਤਾ = ਕਪਟ, ਟੇਢਤਾਈ ਰੂਪੀ ਲੱਕੜੀ ਕਾਟੀ = ਕੱਟ ਦਿੱਤੀ ਹੈ।

## ਭ੍ਰਮ ਬਨ, ਦਹਨ ਭਏ ਖਿਨ ਭੀਤਰਿ; ਰਾਮ ਨਾਮ ਪਰਹਾਰਿ ॥੧॥ਰਹਾਉ॥

ਰਾਮ = ਪਰਮੇਸ਼ਰ ਦੀ ਨਾਮ ਰੂਪੀ ਤੇਜ ਪਰਹਾਰਿ = ਅਗਨੀ ਨਾਲ ਭਰਮ ਰੂਪੀ ਬਨ = ਜੰਗਲ ਇਕ ਖਿਨ = ਛਿਨ ਦੇ ਭੀਤਰਿ = ਵਿਚ ਦਹਨ = ਸੜ ਕੇ ਸੁਆਹ ਭਏ = ਹੋ ਗਿਆ ਹੈ॥੧॥ਰਹਾਉ॥

## ਕਾਮ ਕ੍ਰੋਧੁ ਨਿੰਦਾ ਪਰਹਰੀਆ; ਕਾਢੇ ਸਾਧੂ ਕੈ ਸੰਗਿ ਮਾਰਿ ॥

ਜਿਨ੍ਹਾਂ ਗੁਰਮੁਖਾਂ ਨੇ ਕਾਮ = ਮੰਦ ਵਾਸ਼ਨਾ, ਬਿਨਾਂ ਕਾਰਨ ਤੋਂ ਕ੍ਰੋਧੁ = ਗ਼ੁੱਸਾ ਕਰਨਾ, ਨਿੰਦਾ = ਅਪਕੀਰਤੀ ਆਦਿ ਇਹ ਸਭ ਪਰਹਰੀਆ = ਤਿਆਗ ਦਿੱਤੀਆਂ ਹਨ ਅਤੇ ਸਾਧੂ = ਸ੍ਰੇਸ਼ਟ ਜਨਾਂ ਕੈ = ਦੇ ਸੰਗਿ = ਸਾਥ ਦੁਆਰਾ ਸਮਦਮ ਸਾਧਨਾਂ ਦੀ ਮਾਰ, ਕੁੱਟ ਪਾ ਕੇ ਹਿਰਦੇ ਦੇ ਅੰਦਰੋਂ ਬਾਹਰ ਕਾਢੇ = ਕੱਢ ਦਿੱਤਾ ਹੈ **ਵਾ:** ਕਾਮ, ਕ੍ਰੋਧ, ਅਪਜੱਸ ਕਰਨਾ ਤੇ (ਪਰ + ਹਰੀਆ) ਪਰ = ਪਰਾਇਆ ਧਨ ਹਰੀਆ = ਚੁਰਾਉਣਾ ਆਦਿ ਔਗੁਣਾਂ ਵਾਲੇ ਸੁਭਾਅ ਨੂੰ ਸੰਤਾਂ ਦੇ ਸੰਗ ਦੁਆਰਾ ਸਮਦਮ ਸਾਧਨਾਂ ਦੀ ਮਾਰ ਪਾ ਕੇ ਰਿਦੇ 'ਚੋਂ ਬਾਹਰ ਕੱਢ ਦਿੱਤਾ ਹੈ।

[ਅੰਗ ੧੨੨੬]

## ਜਨਮੁ ਪਦਾਰਥੁ ਗੁਰਮੁਖਿ ਜੀਤਿਆ; ਬਹੁਰਿ ਨ ਜੂਐ ਹਾਰਿ ॥੧॥

ਉਨ੍ਹਾਂ ਗੁਰਮੁਖਾਂ ਨੇ ਆਪਣਾ ਮਨੁੱਖਾ ਜਨਮ ਰੂਪੀ ਪਦਾਰਥ ਸ਼ੁਭ ਗੁਣਾਂ ਦੇ ਸਹਿਤ ਹੋ ਕੇ ਭਾਵ ਔਗੁਣਾਂ ਨੂੰ ਮੇਟ ਕੇ ਜੀਤਿਆ = ਜਿੱਤ ਲਿਆ ਹੈ, ਬਹੁਰਿ = ਮੁੜ ਕੇ ਵਿਸ਼ਿਆਂ ਰੂਪੀ ਜੂਏ ਵਿਚ ਨ = ਨਹੀਂ ਹਾਰਿ = ਹਾਰਨਗੇ **ਵਾ:** ਆਪਣੇ ਜੀਵਨ ਨੂੰ ਵਿਸ਼ੇ-ਵਾਸ਼ਨਾ ਨਾਲ ਦੇਖਣ ਸੁੰਘਣ ਦੇ ਵਿਚ ਨਹੀਂ ਹਾਰਦੇ ਭਾਵ ਵਿਸ਼ਿਆਂ ਦੇ ਪਰਾਇਣ ਨਹੀਂ ਹੁੰਦੇ॥੧॥

## ਆਠ ਪਹਰ ਪ੍ਰਭ ਕੇ ਗੁਣ ਗਾਵਹ; ਪੂਰਨ ਸਬਦਿ ਬੀਚਾਰਿ ॥

ਗੁਰਮੁਖ ਜਨ ਆਠ = ਅੱਠੇ ਪਹਰ ਪ੍ਰਭ = ਪਰਮੇਸ਼ਰ ਕੇ = ਦੇ ਗੁਣਾਂ ਨੂੰ ਗਾਵਹ = ਗਾਉਂਦੇ ਹਨ ਅਤੇ ਪੂਰਨ = ਪੂਰੇ ਗੁਰਾਂ ਦੇ ਸਬਦਿ = ਉਪਦੇਸ਼ ਦੀ ਵੀਚਾਰ ਕਰਦੇ ਰਹਿੰਦੇ ਹਨ **ਵਾ:** ਗੁਰਾਂ ਦੁਆਰਾ ਪੂਰਨ ਸਬਦਿ = ਬ੍ਰਹਮ ਦੀ ਪ੍ਰਾਪਤੀ ਦੀ ਵੀਚਾਰ ਕਰਦੇ ਰਹਿੰਦੇ ਹਨ। ਉਨ੍ਹਾਂ ਗੁਰਮੁਖਾਂ ਦੇ ਅੰਦਰ ਇਤਨੀ ਨਿਮਰਤਾ ਆ ਜਾਂਦੀ ਹੈ ਕਿ ਪਰਮੇਸ਼ਰ ਦੇ ਸਨਮੁਖ ਇਉਂ ਬੇਨਤੀ ਕਰਦੇ ਹਨ ਕਿ :

## ਨਾਨਕ, ਦਾਸਨਿ ਦਾਸੁ ਜਨੁ ਤੇਰਾ;
## ਪੁਨਹ ਪੁਨਹ ਨਮਸਕਾਰਿ ॥੨॥੮੯॥੧੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਜੋ ਜਨੁ = ਪੁਰਖ ਤੇਰਾ ਦਾਸਾਂ ਦਾ ਵੀ ਦਾਸ ਹੈ, **ਵਾ:** ਜੋ ਪੁਰਖ ਤੇਰੇ ਦਾਸਾਂ ਦਾ ਪਾਣੀ ਭਰਨ ਵਾਲਾ ਦਾਸ ਹੈ, ਅਸੀਂ ਉਸ ਪੁਰਖ ਨੂੰ ਪੁਨਹ ਪੁਨਹ = ਵਾਰ ਵਾਰ ਨਮਸਕਾਰਿ = ਬੰਦਨਾ ਕਰਦੇ ਹਾਂ ॥੨॥੮੯॥੧੧੨॥

## ਸਾਰਗ ਮਹਲਾ ੫ ॥

**ਉਥਾਨਕਾ :** ਜਿਸ ਵਕਤ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਆਪ ਗੋਇੰਦਵਾਲ ਸਾਹਿਬ ਬਾਬਾ ਮੋਹਨ ਜੀ ਦੇ ਪਾਸੋਂ ਵੱਡੇ ਗੁਰੂ ਸਾਹਿਬਾਨਾਂ ਦੀ ਰਚੀ ਬਾਣੀ ਦੀਆਂ ਪੋਥੀਆਂ ਲੈਣ ਲਈ ਗਏ ਸਨ, ਉਸ ਵਕਤ ਸਤਿਗੁਰਾਂ ਨੇ ਪਹਿਲਾਂ ਬਾਉਲੀ ਸਾਹਿਬ ਵਿਚ ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਫੇਰ ਬਾਬਾ ਮੋਹਨ ਜੀ ਦੇ ਚੁਬਾਰੇ ਕੋਲ ਹੇਠਾਂ ਗਲੀ ਵਿਚ ਬੈਠ ਕੇ ਆਪ ਸਤਿਗੁਰਾਂ ਨੇ ਕੀਰਤਨ ਕੀਤਾ ਤੇ "ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥" ਇਹ ਸ਼ਬਦ ਉਚਾਰਨ ਕੀਤਾ, ਸਤਿਗੁਰੂ ਸਾਹਿਬ ਜੀ ਬਾਬਾ ਮੋਹਨ ਜੀ ਦੇ ਪਾਸੋਂ ਪੋਥੀਆਂ ਲੈ ਕੇ ਬਹੁਤ ਅਦਬ ਸਹਿਤ ਪਾਲਕੀ ਸਾਹਿਬ ਵਿਚ ਰੱਖ ਕੇ ਆਪ ਨੰਗੇ ਪੈਰੀਂ ਚੌਰ ਸਾਹਿਬ ਕਰਦੇ ਹੋਏ ਸ਼ਬਦ ਪੜ੍ਹਦੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵੱਲ ਚੱਲ ਪਏ, ਜਦ ਸਤਿਗੁਰੂ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ 'ਅਠਸਠਿ ਘਾਟ' ਵਾਲੇ ਅਸਥਾਨ 'ਤੇ ਆ ਗਏ (ਦੁੱਖ ਭੰਜਨੀ ਬੇਰੀ ਦੇ ਕੋਲ ਜੋ ਥੜ੍ਹਾ ਸਾਹਿਬ ਹੈ ਉਥੇ ਆ ਗਏ) ਅਤੇ ਅਠਸਠਿ ਘਾਟ 'ਤੇ ਆ ਕੇ ਸਤਿਗੁਰਾਂ ਨੇ ਬਾਬਾ ਬੁੱਢਾ ਸਾਹਿਬ ਜੀ ਨੂੰ ਆਗਿਆ ਕੀਤੀ ਕਿ ਸਾਰੀ ਰਾਤ ਇਥੇ ਬੈਠ ਕੇ ਸੰਗਤਾਂ ਦੇ ਸਮੇਤ ਕੀਰਤਨ ਕਰੋ ਤੇ ਪੋਥੀ ਸਾਹਿਬ ਵਾਲੀ ਪਾਲਕੀ ਦੀ ਤਾਬਿਆ ਬੈਠ ਕੇ ਵਾਰੋ-ਵਾਰ ਸੰਗਤਾਂ ਚੌਰ ਸਾਹਿਬ ਦੀ ਸੇਵਾ ਕਰੋ। ਬਾਬਾ ਬੁੱਢਾ ਸਾਹਿਬ ਜੀ ਸਤਿਗੁਰਾਂ ਦਾ ਹੁਕਮ ਮੰਨ ਕੇ ਸਾਰੀ ਰਾਤ ਸੰਗਤਾਂ ਦੇ ਨਾਲ ਕੀਰਤਨ ਕਰਦੇ ਰਹੇ, ਜਦ ਸਵੇਰੇ ਸਤਿਗੁਰੂ ਸਾਹਿਬ ਜੀ ਨੇ ਪੋਥੀ ਸਾਹਿਬ ਨੂੰ ਪ੍ਰਕਾਸ਼ ਕਰਕੇ ਵੇਖਿਆ ਤਾਂ ਉਸ ਵੇਲੇ ਸਤਿਗੁਰਾਂ ਨੇ ਬਾਣੀ ਦੀ ਮਹਿਮਾ ਕਰਦਿਆਂ ਅਠਸਠ ਘਾਟ ਵਾਲੇ ਅਸਥਾਨ ਉੱਤੇ ਇਹ ਸ਼ਬਦ ਉਚਾਰਨ ਕੀਤਾ।

***ਨੋਟ :*** ਬਾਕੀ ਵਿਸਤਾਰ ਸਹਿਤ ਵਿਆਖਿਆ "ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥" ਵਾਲੇ ਸ਼ਬਦ 'ਤੇ ਪੜ੍ਹੋ ਜੀ।

## ਪੋਥੀ; ਪਰਮੇਸਰ ਕਾ ਥਾਨੁ ॥

ਹੇ ਭਾਈ ! ਇਹ ਚੌਹਾਂ ਸਤਿਗੁਰਾਂ ਦੀ ਬਾਣੀ ਵਾਲੀ ਪੋਥੀ ਸਾਹਿਬ ਪਰਮੇਸਰ = ਪਰਮਾਤਮਾ ਦੀ ਪ੍ਰਾਪਤੀ ਕਾ = ਦਾ ਥਾਨੁ = ਅਸਥਾਨ ਹੈ **ਵਾ:** ਪਰਮੇਸ਼ਰ ਦਾ ਸਰੂਪ ਰੂਪੀ ਅਸਥਾਨ ਪ੍ਰਾਪਤ ਕਰਾਉਣ ਵਾਲੀ ਹੈ **ਵਾ:** ਪਰਮੇਸ਼ਰ ਦੇ ਸਰੂਪ ਗਿਆਨ ਦੀ ਪ੍ਰਾਪਤੀ ਦਾ ਪ੍ਰਤੀਪਾਦਕ (ਪ੍ਰਤੀਪਾਦ ਭਾਵ ਸੰਬੰਧ ਰੂਪੀ ਥਾਂ ਹੈ) ਅਸਥਾਨ ਹੈ ਭਾਵ ਗੁਰਾਂ ਦੀ ਬਾਣੀ ਜਣਾਇਕ ਹੈ ਤੇ ਬ੍ਰਹਮ ਜਾਨਣੇ ਯੋਗ ਹੈ।

## ਸਾਧਸੰਗਿ ਗਾਵਹਿ ਗੁਣ ਗੋਬਿੰਦ; ਪੂਰਨ ਬ੍ਰਹਮ ਗਿਆਨੁ ॥੧॥ਰਹਾਉ॥

ਜੋ ਸਾਧਸੰਗਿ = ਸਾਧਸੰਗਤ ਦੇ ਨਾਲ ਮਿਲ ਕੇ ਗੁਰਬਾਣੀ ਦੁਆਰਾ ਗੋਬਿੰਦ = ਪਰਮੇਸ਼ਰ ਦੇ ਜੱਸ ਰੂਪ ਗੁਣ ਗਾਵਹਿ = ਗਾਇਆ ਕਰਨਗੇ, ਉਨ੍ਹਾਂ ਨੂੰ ਪੂਰਨ ਬ੍ਰਹਮ ਗਿਆਨ ਪ੍ਰਾਪਤ ਹੋਵੇਗਾ ॥੧॥ਰਹਾਉ॥

## ਸਾਧਿਕ ਸਿਧ ਸਗਲ ਮੁਨਿ ਲੋਚਹਿ; ਬਿਰਲੇ ਲਾਗੈ ਧਿਆਨੁ ॥

ਇਸ ਗੁਰਾਂ ਦੀ ਬਾਣੀ ਦੀ ਦਿੱਤੀ ਹੋਈ ਬ੍ਰਹਮ ਗਿਆਨ ਦੀ ਦਾਤ **ਵਾ**: ਪਰਮੇਸ਼ਰ ਨੂੰ ਸਾਧਿਕ = ਸਾਧਨਾ ਕਰਨ ਵਾਲੇ ਪੁਰਖ, ਸਿਧ = ਸਿਧੀਆਂ ਦੀ ਪ੍ਰਾਪਤੀ ਵਾਲੇ ਸਿਧ ਪੁਰਖ, ਤੇ ਸਗਲ = ਸਾਰੇ ਮੁਨਿ = ਮੰਨਣਸ਼ੀਲ ਲੋਕ ਲੋਚਹਿ = ਚਾਹੁੰਦੇ ਹਨ, ਪਰ ਕਿਸੇ ਬਿਰਲੇ = ਟਾਵੇਂ ਪੁਰਖ ਦਾ ਹੀ ਇਸ ਨਾਮ ਬਾਣੀ = ਰੂਪੀ ਪੋਥੀ ਵਿਚ ਧਿਆਨ ਲਾਗੈ = ਲੱਗਦਾ ਹੈ **ਵਾ**: ਪ੍ਰਭੂ ਦੇ ਚਰਨਾਂ ਵਿਚ ਧਿਆਨ ਲੱਗਦਾ ਹੈ।

## ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ; ਪੂਰਨ ਤਾ ਕੋ ਕਾਮੁ ॥੧॥

ਜਿਸਹਿ = ਜਿਸ ਉੱਤੇ ਮੇਰਾ ਸੁਆਮੀ = ਮਾਲਕ ਪਰਮੇਸ਼ਰ ਕ੍ਰਿਪਾਲੁ = ਕ੍ਰਿਪਾਲੂ ਹੋਇ = ਹੁੰਦਾ ਹੈ, ਤਾ ਕੋ = ਉਸ ਦਾ ਸਾਰਾ ਕਾਮੁ = ਕਾਰਜ ਗੁਰਬਾਣੀ ਪੜ੍ਹਨ ਨਾਲ ਪੂਰਨ = ਪੂਰਾ ਹੋ ਜਾਂਦਾ ਹੈ ॥੧॥

## ਜਾ ਕੈ ਰਿਦੈ ਵਸੈ, ਭੈ ਭੰਜਨੁ; ਤਿਸੁ ਜਾਨੈ ਸਗਲ ਜਹਾਨੁ ॥

ਜੰਮਣ ਮਰਣ ਦੇ ਭੈ = ਡਰ ਨੂੰ ਭੰਜਨੁ = ਭੰਨਣ ਵਾਲਾ ਪਰਮੇਸ਼ਰ ਜਾ = ਜਿਸ ਗੁਰਮੁਖ ਜਨ ਕੈ = ਦੇ ਰਿਦੈ = ਅੰਤਹਕਰਣ ਵਿਚ ਵਸੈ = ਵੱਸ ਜਾਂਦਾ ਹੈ, ਤਿਸੁ = ਉਸ ਨੂੰ ਸਗਲ = ਸਾਰਾ ਜਹਾਨੁ = ਸੰਸਾਰ ਜਾਨੈ = ਜਾਨਣ ਲੱਗ ਜਾਂਦਾ ਹੈ।

## ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ;<br>ਇਹੁ ਨਾਨਕੁ ਮਾਂਗੈ ਦਾਨੁ ॥੨॥੯੦॥੧੧੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਇਹੋ ਹੀ ਦਾਨ ਮਾਂਗੈ = ਮੰਗਦਾ ਹਾਂ, ਹੇ ਮੇਰੇ ਕਰਤੇ = ਰਚਨਹਾਰ ਪਰਮੇਸ਼ਰ! ਤੁਸੀਂ ਮੈਨੂੰ ਪਲ ਵਿੱਚੋਂ ਖਿਨ = ਛਿਨ ਮਾਤਰ ਵੀ ਨਾ ਬਿਸਰੁ = ਭੁੱਲਣਾ ਕਰੋ ॥੨॥੯੦॥੧੧੩॥

## ਸਾਰਗ ਮਹਲਾ ੫ ॥

ਜਦ ਵਰਖਾ ਦੀ ਰੁੱਤ ਵਿਚ ਵਰਖਾ ਨਾ ਹੋਈ ਤੇ ਬਹੁਤ ਸਾਰੀ ਔੜ ਲੱਗ ਗਈ, ਤਦ ਸੰਗਤਾਂ ਨੇ ਇਕੱਤਰ ਹੋ ਕੇ ਸਤਿਗੁਰਾਂ ਦੇ ਚਰਨਾਂ ਵਿਚ ਵਰਖਾ ਕਰਾਉਣ ਵਾਸਤੇ ਬੇਨਤੀ ਕੀਤੀ, ਜਦ ਸੰਗਤਾਂ ਨੇ ਬੇਨਤੀ ਕੀਤੀ ਤਦ ਸਤਿਗੁਰਾਂ ਦੇ ਬਚਨ ਨਾਲ ਬਹੁਤ ਵਰਖਾ ਹੋਈ, ਸੰਗਤਾਂ ਬਹੁਤ ਪ੍ਰਸੰਨ ਹੋਈਆਂ, ਫੇਰ ਸਤਿਗੁਰਾਂ ਨੇ ਅੰਤਰੀਵ ਭਾਵ ਵਿਚ ਸੰਗਤਾਂ ਨੂੰ ਉਪਦੇਸ਼ ਦਿੰਦਿਆਂ ਇਹ ਸ਼ਬਦ ਉਚਾਰਨ ਕੀਤਾ।

## ਵੂਠਾ; ਸਰਬ ਥਾਈ ਮੇਹੁ ॥

ਸਰਬ = ਸਭ ਥਾਈ = ਅਸਥਾਨਾਂ ਵਿਚ ਗੁਰੂ ਨਾਨਕ ਰੂਪ ਹੋ ਕੇ ਪਰਮੇਸ਼ਰ ਰੂਪ ਮੇਹੁ = ਬੱਦਲ ਵੂਠਾ = ਵੱਸਿਆ, ਵਰ੍ਹਿਆ ਹੈ, ਭਾਵ ਪਰਮੇਸ਼ਰ ਨੇ ਸਤਿਗੁਰੂ ਨਾਨਕ ਰੂਪ ਵਿਚ ਪ੍ਰਗਟ ਹੋ ਕੇ ਨਾਮ ਬਾਣੀ ਦੇ ਉਪਦੇਸ਼ ਰੂਪ ਬੱਦਲ ਦੁਆਰਾ ਨਾਮ ਰੂਪੀ ਵਰਖਾ ਕੀਤੀ ਹੈ।

## ਅਨਦ ਮੰਗਲ ਗਾਉ ਹਰਿ ਜਸੁ; ਪੂਰਨ ਪ੍ਰਗਟਿਓ ਨੇਹੁ ॥੧॥ਰਹਾਉ॥

ਹੇ ਭਾਈ ! ਜਦ ਅਨੰਦ ਸਰੂਪ ਹਰਿ = ਪਰਮੇਸ਼ਰ ਦੇ ਜੱਸ ਤਾਈਂ ਮੰਗਲਾਂ ਵਿਚ ਪਾ ਕੇ ਗਾਉ = ਗਾਉਣਾ ਕਰੋਗੇ, ਤਦ ਪੂਰਨ ਨੇਹੁ = ਪ੍ਰੇਮ ਹਿਰਦੇ ਦੇ ਅੰਦਰ ਪ੍ਰਗਟਿਓ = ਪ੍ਰਗਟ ਹੋਵੇਗਾ ॥੧॥ਰਹਾਉ॥

## ਚਾਰਿ ਕੁੰਟ ਦਹ ਦਿਸਿ ਜਲ ਨਿਧਿ; ਊਨ ਥਾਉ ਨ ਕੇਹੁ ॥

ਚਾਰਿ ਕੁੰਟ = ਚਾਰੇ ਕੂਟ, ਤਰਫ਼ਾਂ ਤੇ ਦਹ ਦਿਸਿ[੧] = ਦਸੋਂ ਦਿਸ਼ਾਵਾਂ ਵਿਚ **ਵਾ:** ਚਾਰਿ ਕੁੰਟ = ਚਾਰ ਖਾਣੀਆਂ ਤੇ ਦਸੇ ਇੰਦਰੀਆਂ ਵਿਚ ਨਾਮ ਜਲ ਦਾ ਨਿਧਿ = ਖ਼ਜ਼ਾਨਾ ਪਰਮੇਸ਼ਰ ਪੂਰਨ ਹੈ **ਵਾ:** ਜਲ = ਪਾਣੀ ਆਦਿ ਪੰਜਾਂ ਤੱਤਾਂ ਦਾ ਨਿਧਿ = ਆਸਰਾ ਰੂਪ ਪਰਮੇਸ਼ਰ ਪੂਰਨ ਹੈ, ਉਸ ਚੇਤਨ ਬ੍ਰਹਮ ਤੋਂ ਬਗ਼ੈਰ ਕੇਹੁ = ਕੋਈ ਵੀ ਥਾਉ = ਥਾਂ ਊਨ = ਖ਼ਾਲੀ ਨ = ਨਹੀਂ ਹੈ।

## ਕ੍ਰਿਪਾ ਨਿਧਿ ਗੋਬਿੰਦ ਪੂਰਨ; ਜੀਅ ਦਾਨੁ ਸਭ ਦੇਹੁ ॥੧॥

ਉਹ ਪਰਮੇਸ਼ਰ ਕ੍ਰਿਪਾ = ਦਇਆ ਦਾ ਨਿਧਿ = ਸਮੁੰਦਰ, ਗੋਬਿੰਦ = ਪ੍ਰਿਥਵੀ ਦੀ ਰੱਖਿਆ ਕਰਨ ਵਾਲਾ ਤੇ ਸਭ ਦੀ ਪੂਰਨ = ਪੂਰਤੀ ਕਰਨ ਵਾਲਾ ਹੈ, ਸਭ = ਸਾਰੇ ਜੀਅ = ਜੀਵਾਂ ਨੂੰ ਰੋਜ਼ੀ, ਪ੍ਰਾਣਾਂ, ਚੇਤਨ ਸੱਤਾ ਆਦਿ ਦਾ ਦਾਨ ਦੇਹੁ = ਦੇਣ ਵਾਲਾ ਹੈ ॥੧॥

## ਸਤਿ ਸਤਿ ਹਰਿ ਸਤਿ ਸੁਆਮੀ; ਸਤਿ ਸਾਧ ਸੰਗੇਹੁ ॥

ਹੇ ਭਾਈ ! ਹਰਿ = ਪਰਮੇਸ਼ਰ ਪਿੱਛੇ ਵੀ ਸਤਿ = ਸੱਚ ਸਰੂਪ ਸੀ, ਹੁਣ ਵੀ ਸਤਿ = ਸੱਚ ਸਰੂਪ ਹੈ ਤੇ ਅੱਗੇ ਨੂੰ ਵੀ ਸੁਆਮੀ = ਮਾਲਕ ਪਰਮੇਸ਼ਰ ਹੀ ਸਤਿ = ਸੱਚ ਸਰੂਪ ਹੋਵੇਗਾ, ਐਸੇ ਪਰਮੇਸ਼ਰ ਦਾ ਨਾਮ ਜਪਣ ਵਾਲੇ ਸਾਧ = ਸ੍ਰੇਸ਼ਟ ਜਨਾਂ ਦੀ ਸੰਗੇਹੁ = ਸੰਗਤ ਕਰਨ ਵਾਲੇ ਪੁਰਖ ਵੀ ਉਲਟ ਕੇ ਸਤਿ = ਸੱਚ ਸਰੂਪ ਪਰਮੇਸ਼ਰ ਦਾ ਰੂਪ ਹੀ ਹੋ ਜਾਂਦੇ ਹਨ ਭਾਵ ਜੰਮਣ ਮਰਨ ਤੋਂ ਰਹਿਤ ਹੋ ਜਾਂਦੇ ਹਨ।

**ਅਥਵਾ** ਪਰਮੇਸ਼ਰ ਸਤਿਜੁਗ ਵਿਚ ਵੀ ਸਤਿ = ਸੱਚ ਸਰੂਪ ਸੀ, ਤ੍ਰੇਤੇ ਯੁੱਗ ਵਿਚ ਵੀ ਸੱਚ ਸਰੂਪ ਸੀ, ਦੁਆਪਰ ਵਿਚ ਵੀ ਸੱਚ ਸਰੂਪ ਸੀ, ਹੁਣ ਕਲਿਜੁਗ ਦੇ ਸਮੇਂ ਵਿਚ ਵੀ ਪਰਮੇਸ਼ਰ ਸੱਚ ਸਰੂਪ ਹੈ **ਵਾ:** ਹੁਣ ਕਲਿਜੁਗ ਦੇ ਸਮੇਂ ਵਿਚ ਮਹਾਤਮਾ ਉਸ ਸੱਚ ਸਰੂਪ ਪਰਮੇਸ਼ਰ ਦਾ ਸੰਗ ਕਰਕੇ ਸੱਚ ਸਰੂਪ ਹੀ ਹੋ ਰਹੇ ਹਨ।

## ਸਤਿ ਤੇ ਜਨ, ਜਿਨ ਪਰਤੀਤਿ ਉਪਜੀ;
## ਨਾਨਕ, ਨਹ ਭਰਮੇਹੁ ॥੨॥੯੧॥੧੧੪॥

ਜਿਨ = ਜਿਨ੍ਹਾਂ ਦੇ ਹਿਰਦੇ ਅੰਦਰ ਪਰਮੇਸ਼ਰ ਦੀ ਪਰਤੀਤ = ਪ੍ਰਤੀਤੀ ਉਪਜੀ = ਪੈਦਾ ਹੋਈ ਹੈ, ਤੇ = ਉਹ ਜਗਿਆਸੂ ਜਨ ਵੀ ਸਤਿ = ਸੱਚ ਸਰੂਪ ਦੀ ਪ੍ਰਾਪਤੀ ਵਾਲੇ ਹੋ ਜਾਂਦੇ ਹਨ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਕਰਕੇ ਉਹ ਫੇਰ ਜੂਨਾਂ ਵਿਚ ਨਹ = ਨਹੀਂ ਭਰਮੇਹੁ = ਭਰਮਦੇ ॥੨॥੯੧॥੧੧੪॥

---

੧. ਪਹਿਲਾਂ ਚਾਰ ਦਿਸ਼ਾਵਾਂ ਹਨ : ਪੂਰਬ, ਪੱਛਮ, ਉੱਤਰ, ਦੱਖਣ। ਇਨ੍ਹਾਂ ਚੌਹਾਂ ਦੇ ਵਿਚਕਾਰ ਚਾਰ ਕੋਣਾਂ ਜਾਂ ਕੂੰਟਾਂ ਹਨ, ਪੂਰਬ ਤੇ ਉੱਤਰ ਦੇ ਵਿਚਕਾਰ ਈਸ਼ਾਨ ਕੋਣ ਹੈ, ਪੂਰਬ ਤੇ ਦੱਖਣ ਦੇ ਵਿਚਕਾਰ ਅਗਨ ਕੋਣ ਹੈ, ਦੱਖਣ ਤੇ ਪੱਛਮ ਦੇ ਵਿਚਕਾਰ ਨੈਰਿਤ ਕੋਣ ਹੈ, ਪੱਛਮ ਤੇ ਉੱਤਰ ਦੇ ਵਿਚਕਾਰ ਵਾਯਵ ਕੋਣ ਹੈ। ਇਨ੍ਹਾਂ ਅੱਠਾਂ ਤੋਂ ਛੁੱਟ ਦੋ ਹੋਰ ਵੀ ਦਿਸ਼ਾ ਹਨ, ਸਿਰ ਦੇ ਉੱਪਰ ਦੀ ਦਿਸ਼ਾ ਊਰਧਵ ਹੈ ਤੇ ਪੈਰਾਂ ਦੇ ਹੇਠਾਂ ਵੱਲ ਦੀ ਦਿਸ਼ਾ ਅਧੋ ਹੈ। ਇਹ ਸਾਰੀਆਂ ਰਲ ਕੇ ਦਸ ਹਨ। ਚਾਰ ਕੁੰਟ ਤੋਂ ਮਤਲਬ ਚਾਰ ਕੋਣ ਹਨ, ਜੋ ਉਪਰ ਗਿਣੇ ਹਨ। ਦਸ ਦਿਸ਼ਾਂ ਤੋਂ ਮੁਰਾਦ ਚਾਰੇ ਉਹ ਕੋਣਾਂ, ਚਾਰੇ ਦਿਸ਼ਾਂ ਤੇ ਦੋ ਦੂਸਰੀਆਂ ਦਿਸ਼ਾ ਹਨ।

## ਸਾਰਗ ਮਹਲਾ ੫ ॥

## ਗੋਬਿਦ ਜੀਉ; ਤੂ ਮੇਰੇ ਪ੍ਰਾਨ ਅਧਾਰ ॥

ਹੇ ਗੋਬਿਦ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਜੀਉ = ਜੀ ! ਤੂ = ਤੁਸੀਂ ਮੇਰੇ = ਸਾਡੇ ਪ੍ਰਾਣਾਂ ਦਾ ਅਧਾਰ = ਆਸਰਾ ਰੂਪ ਹੋ।

## ਸਾਜਨ ਮੀਤ ਸਹਾਈ ਤੁਮ ਹੀ; ਤੂ ਮੇਰੋ ਪਰਵਾਰ ॥੧॥ਰਹਾਉ॥

ਹੇ ਪਰਮੇਸ਼ਰ ! ਤੁਮ = ਤੁਸੀਂ ਹੀ ਸਾਡੇ ਮਾਤਾ ਦੇ ਗਰਭ ਦੇ ਸਾਜਨ = ਸੱਜਣ ਹੋ, ਤੁਸੀਂ ਹੀ ਸਾਡੇ ਇਸ ਲੋਕ ਦੇ ਮੀਤ = ਮਿੱਤਰ ਤੇ ਪ੍ਰਲੋਕ ਦੇ ਸਹਾਈ = ਸਹਾਇਕ ਹੋ, ਤੂ = ਤੁਸੀਂ ਹੀ ਮੇਰੋ = ਸਾਡੇ ਸਤ, ਸੰਤੋਖ, ਦਇਆ, ਧਰਮ ਵੀਚਾਰ ਆਦਿ ਪਰਿਵਾਰ ਰੂਪ ਹੋ ॥੧॥ਰਹਾਉ॥

## ਕਰੁ ਮਸਤਕਿ ਧਾਰਿਓ ਮੇਰੈ ਮਾਥੈ; ਸਾਧਸੰਗਿ ਗੁਣ ਗਾਏ ॥

ਹੇ ਪਰਮੇਸ਼ਰ ! ਜਦ ਮੇਰੈ = ਸਾਡੇ ਅੰਤਹਕਰਣ ਰੂਪੀ ਮਾਥੈ = ਮੱਥੇ ਤੇ ਮਸਤਕਿ = ਸ਼ਿਰੋਮਣੀ ਗੁਰਾਂ ਨੇ ਕਿਰਪਾ ਰੂਪੀ ਕਰੁ = ਹੱਥ ਧਾਰਿਓ = ਧਰਿਆ, ਤਦੋਂ ਅਸੀਂ ਸਾਧਸੰਗਿ = ਸਾਧਸੰਗਤ ਦੇ ਵਿਚ ਮਿਲ ਕੇ ਤੇਰੇ ਗੁਣਾਂ ਨੂੰ ਗਾਏ = ਗਾਉਣਾ ਕੀਤਾ।

## ਤੁਮਰੀ ਕ੍ਰਿਪਾ ਤੇ ਸਭ ਫਲ ਪਾਏ; ਰਸਕਿ ਰਾਮ ਨਾਮ ਧਿਆਏ ॥੧॥

ਹੇ ਪਰਮੇਸ਼ਰ ! ਤੁਮਰੀ = ਤੁਹਾਡੀ ਕ੍ਰਿਪਾ = ਮੇਹਰ ਤੇ = ਤੋਂ ਧਰਮ, ਅਰਥ, ਕਾਮ, ਮੋਖ ਆਦਿ ਸਭ = ਸਾਰੇ ਫਲ ਪਾਏ = ਪਾ ਲਏ ਹਨ ਅਤੇ ਹੇ ਰਾਮ = ਪਰਮਾਤਮਾ ! ਰਸਕਿ = ਰਸੀਏ ਹੋ ਕੇ ਤੇਰੇ ਨਾਮ ਨੂੰ ਧਿਆਏ = ਧਿਆਉਣਾ ਕੀਤਾ ਹੈ ॥੧॥

## ਅਬਿਚਲ ਨੀਵ ਧਰਾਈ ਸਤਿਗੁਰਿ; ਕਬਹੂ ਡੋਲਤ ਨਾਹੀ ॥

ਹੇ ਪਰਮੇਸ਼ਰ ! ਸਤਿਗੁਰਿ = ਸੱਚੇ ਗੁਰਾਂ ਨੇ ਭਗਤੀ, ਗੁਰਸਿੱਖੀ, ਬ੍ਰਹਮ ਵਿੱਦਿਆ ਰੂਪੀ ਅਬਿਚਲ = ਅੱਚਲ ਨੀਵ = ਨੀਂਹ ਧਰਾਈ = ਧਰਾ, ਰਖਾ ਦਿੱਤੀ ਹੈ, ਹੁਣ ਕਬਹੂ = ਕਦੇ ਵੀ ਮਨ ਡੋਲਤ = ਡੋਲਦਾ ਨਾਹੀ = ਨਹੀਂ ਹੈ।

## ਗੁਰ ਨਾਨਕ ਜਬ ਭਏ ਦਇਆਰਾ; ਸਰਬ ਸੁਖਾ ਨਿਧਿ ਪਾਹੀ ॥੨॥੯੨॥੧੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਜਬ = ਜਦੋਂ ਗੁਰੂ ਨਾਨਕ ਦੇਵ ਜੀ ਦਇਆਰਾ = ਦਿਆਲੂ ਭਏ = ਹੋਏ, ਤਦੋਂ ਹੇ ਸਰਬ = ਸਾਰੇ ਸੁੱਖਾਂ ਦੇ ਨਿਧਿ = ਖ਼ਜ਼ਾਨੇ ਪਰਮੇਸ਼ਰ ! ਤੈਨੂੰ ਪਾਹੀ = ਪਾ ਲਿਆ **ਵਾ:** ਸਾਰੇ ਸੁੱਖਾਂ ਦੀ ਨਿਧੀ ਤੇਰੀ ਪ੍ਰੇਮਾ-ਭਗਤੀ ਨੂੰ ਪਾ ਲਿਆ ॥੨॥੯੨॥੧੧੫॥

## ਸਾਰਗ ਮਹਲਾ ੫ ॥

## ਨਿਬਹੀ; ਨਾਮ ਕੀ ਸਚੁ ਖੇਪ ॥

ਹੇ ਭਾਈ ! ਜਿਨ੍ਹਾਂ ਨੇ ਗੁਰਾਂ ਦੇ ਪਾਸੋਂ ਪਰਮੇਸ਼ਰ ਦੇ ਸਚੁ = ਸੱਚੇ ਨਾਮ ਕੀ = ਦੀ ਖੇਪ = ਪੂੰਜੀ ਪ੍ਰਾਪਤ ਕੀਤੀ ਹੈ, ਉਨ੍ਹਾਂ ਦੀ ਪਰਮੇਸ਼ਰ ਦੇ ਨਾਲ ਨਿਬਹੀ = ਸਿਰਤੋੜ ਨਿਭੇਗੀ, ਭਾਵ ਉਨ੍ਹਾਂ ਨੂੰ ਪਰਮੇਸ਼ਰ ਦੀ ਪ੍ਰਾਪਤੀ ਹੋਵੇਗੀ। ਅਤੇ :

## ਲਾਭੁ ਹਰਿ ਗੁਣ ਗਾਇ, ਨਿਧਿ ਧਨੁ; ਬਿਖੈ ਮਾਹਿ ਅਲੇਪ ॥੧॥ਰਹਾਉ॥

ਉਨ੍ਹਾਂ ਨੂੰ ਹਰਿ = ਪਰਮੇਸ਼ਰ ਦੇ ਗੁਣ ਗਾਇ = ਗਾ ਕੇ ਇਹ ਲਾਭ = ਨਫ਼ਾ ਹੋਵੇਗਾ ਕਿ ਉਹ ਨਾਮ ਰੂਪੀ ਧਨ ਦੇ ਨਿਧਿ = ਖ਼ਜ਼ਾਨੇ ਬਣ ਜਾਣਗੇ ਅਤੇ ਉਹ ਬਿਖੈ = ਵਿਸ਼ਿਆਂ ਮਾਹਿ = ਵਿਚ ਰਹਿੰਦੇ ਹੋਏ ਅਲੇਪ = ਨਿਰਲੇਪ ਹੋ ਜਾਣਗੇ **ਵਾ:** ਜਿਵੇਂ ਕਮਲ ਪਾਣੀ ਵਿਚ ਨਿਰਲੇਪ ਰਹਿੰਦਾ ਹੈ, ਇਉਂ ਉਹ ਪਦਾਰਥਾਂ ਰੂਪੀ ਪਾਣੀ ਵਿਚ ਰਹਿੰਦੇ ਹੋਏ ਅਲੇਪ ਰਹਿੰਦੇ ਹਨ ॥੧॥ਰਹਾਉ॥

## ਜੀਅ ਜੰਤ ਸਗਲ ਸੰਤੋਖੇ; ਆਪਨਾ ਪ੍ਰਭੁ ਧਿਆਇ ॥

ਜਿਨ੍ਹਾਂ ਜੀਵਾਂ ਨੇ ਆਪਨਾ = ਆਪਦਾ ਜਾਣ ਕੇ ਪ੍ਰਭੁ = ਪਰਮੇਸ਼ਰ ਨੂੰ ਧਿਆਏ = ਧਿਆਉਣਾ ਕੀਤਾ ਹੈ, ਉਹ ਜੀਅ ਜੰਤ = ਛੋਟੇ ਵੱਡੇ ਸਗਲ = ਸਾਰੇ ਜੀਵ ਪਰਮੇਸ਼ਰ ਦੇ ਦਰਸ਼ਨ ਕਰਕੇ ਸੰਤੋਖੇ = ਸੰਤੁਸ਼ਟ ਹੋ ਗਏ ਹਨ।

## ਰਤਨ ਜਨਮੁ ਅਪਾਰ ਜੀਤਿਓ; ਬਹੁੜਿ ਜੋਨਿ ਨ ਪਾਇ ॥੧॥

ਉਨ੍ਹਾਂ ਨੇ ਅਪਾਰ = ਪਾਰਾਵਾਰ ਤੋਂ ਰਹਿਤ ਤੇ ਰਤਨ ਦੀ ਨਿਆਈਂ ਅਮੋਲਕ ਮਨੁੱਖਾ ਜਨਮ ਨੂੰ ਜੀਤਿਓ = ਜਿੱਤ ਲਿਆ ਹੈ **ਵਾ:** ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਰਤਨ ਵਤ ਅਮੋਲਕ ਨਾਮ ਨੂੰ ਜਪ ਕੇ ਮਨੁੱਖਾ ਜਨਮ ਨੂੰ ਜਿੱਤ ਲਿਆ ਹੈ, ਇਸੇ ਕਰਕੇ ਉਹ ਬਹੁੜਿ = ਮੁੜ ਜੋਨਿ = ਜੂਨਾਂ ਵਿਚ ਨਹੀਂ ਪਾਇ = ਪੈਂਦੇ ॥੧॥

## ਭਏ ਕ੍ਰਿਪਾਲ ਦਇਆਲ ਗੋਬਿਦ; ਭਇਆ ਸਾਧੂ ਸੰਗੁ ॥

ਜਿਨ੍ਹਾਂ ਪੁਰਖਾਂ ਉੱਤੇ ਗੋਬਿਦ = ਪ੍ਰਿਥਵੀ ਦੇ ਪਾਲਕ ਕ੍ਰਿਪਾਲ = ਮੇਹਰਬਾਨ ਪਰਮੇਸ਼ਰ ਜੀ ਦਇਆਲ = ਦਿਆਲੂ ਭਏ = ਹੋਏ ਹਨ, ਉਨ੍ਹਾਂ ਦਾ ਸਾਧੂ = ਸ੍ਰੇਸ਼ਟ ਜਨਾਂ (ਮਹਾਤਮਾ) ਨਾਲ ਸੰਗੁ = ਸਾਥ ਭਇਆ = ਹੋਇਆ ਹੈ।

## ਹਰਿ ਚਰਨ ਰਾਸਿ ਨਾਨਕ ਪਾਈ;
## ਲਗਾ ਪ੍ਰਭ ਸਿਉ ਰੰਗੁ ॥੨॥੯੩॥੧੧੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੇ ਹਰਿ = ਪਰਮੇਸ਼ਰ ਦੇ ਚਰਨਾਂ ਕਮਲਾਂ ਦੀ ਸ਼ਰਧਾ ਰੂਪੀ ਰਾਸਿ = ਪੂੰਜੀ ਪਾਈ = ਪਾਉਣਾ ਕੀਤੀ ਹੈ, ਅਤੇ ਉਨ੍ਹਾਂ ਦਾ ਪ੍ਰਭ = ਪਰਮੇਸ਼ਰ ਦੇ ਸਿਉ = ਨਾਲ ਰੰਗੁ = ਪਰੇਮ ਲਗਾ = ਲੱਗ ਗਿਆ ਹੈ ॥੨॥੯੩॥੧੧੬॥

## ਸਾਰਗ ਮਹਲਾ ੫ ॥
## ਮਾਈ ਰੀ; ਪੇਖਿ ਰਹੀ ਬਿਸਮਾਦ ॥

ਮਾਈ ਰੀ = ਹੇ ਮਾਤਾ ਪਿਤਾ ਰੂਪ ਸੰਤ ਜਨੋਂ ! ਮੇਰੇ ਚਿੱਤ ਦੀ ਬਿਰਤੀ ਪ੍ਰਭੂ ਦੇ ਦਰਸ਼ਨ ਪੇਖਿ = ਵੇਖ ਕਰਕੇ ਬਿਸਮਾਦ = ਅਸਚਰਜ ਹੋ ਰਹੀ ਹੈ **ਵਾ:** ਅਸਚਰਜ ਰੂਪ ਪਰਮੇਸ਼ਰ ਦੇ ਦੀਦਾਰ ਵੇਖ ਰਹੀ ਹੈ।

## ਅਨਹਦ ਧੁਨੀ ਮੇਰਾ ਮਨੁ ਮੋਹਿਓ; ਅਚਰਜ ਤਾ ਕੇ ਸ੍ਵਾਦ ॥੧॥ਰਹਾਉ॥

ਜੋ ਅਨਹਦ = ਹੱਦ ਤੋਂ ਰਹਿਤ, ਇਕ-ਰਸ ਸ਼ਬਦ ਦੀ ਅਜਪਾ ਜਪ ਰੂਪ ਧੁਨੀ ਪ੍ਰਗਟ ਹੋ ਰਹੀ ਹੈ, ਇਸ

ਵਿਚ ਮੇਰਾ ਮਨੁ = ਚਿੱਤ ਮੋਹਿਓ = ਮੋਹਿਆ ਗਿਆ ਹੈ ਅਤੇ ਤਾ = ਉਸ ਪਰਮੇਸ਼ਰ ਕੇ = ਦੇ ਨਾਮ ਦਾ ਸ੍ਵਾਦ = ਸੁਆਦ ਅਚਰਜ = ਅਸਚਰਜ ਹੈ **ਵਾ:** ਨਾਮ ਦਾ ਸ੍ਵਾਦ = ਰਸ ਅਸਚਰਜ ਹੈ ॥੧॥ਰਹਾਉ॥

## ਮਾਤ ਪਿਤਾ ਬੰਧਪ ਹੈ ਸੋਈ; ਮਨਿ ਹਰਿ ਕੋ ਅਹਿਲਾਦ ॥

ਸੋਈ = ਉਹ ਪਰਮੇਸ਼ਰ ਹੀ ਮੇਰਾ ਮਾਤ = ਮਾਂ ਪਿਤਾ = ਪਿਓ ਤੇ ਬੰਧਪ = ਸੰਬੰਧੀ ਹੈ, ਉਸੇ ਹਰਿ = ਪਰਮੇਸ਼ਰ ਕੋ = ਦਾ ਮੇਰੇ ਮਨਿ = ਚਿੱਤ ਵਿਚ ਅਹਿਲਾਦ = ਅਨੰਦ ਹੋਇਆ ਹੈ **ਵਾ:** ਪਰਮੇਸ਼ਰ ਦੀ ਪ੍ਰਾਪਤੀ ਦਾ ਅਨੰਦ ਪ੍ਰਾਪਤ ਹੋਇਆ ਹੈ।

## ਸਾਧਸੰਗਿ, ਗਾਏ ਗੁਨ ਗੋਬਿੰਦ; ਬਿਨਸਿਓ ਸਭੁ ਪਰਮਾਦ ॥੧॥

ਜਦ ਸਾਧਸੰਗਿ = ਸਾਧਸੰਗਤ ਦੇ ਨਾਲ ਮਿਲ ਕੇ ਗੋਬਿੰਦ = ਵੇਦਾਂ ਕਰਕੇ ਜਾਨਣੇ ਯੋਗ ਪਰਮੇਸ਼ਰ ਦੇ ਗੁਣਾਂ ਨੂੰ ਗਾਏ = ਗਾਉਣਾ ਕੀਤਾ ਹੈ, ਤਦੋਂ ਸਭੁ = ਸਾਰਾ ਹੰਕਾਰ ਆਦਿ ਦਾ ਪਰਮਾਦ = ਕਮਲਾਪਨ ਵੀ ਬਿਨਸਿਓ = ਨਾਸ਼ ਹੋ ਗਿਆ ਹੈ **ਵਾ:** (ਪਰ + ਮਾਦ) ਪਰ = ਵਿਸ਼ੇਸ਼ ਕਰਕੇ ਮਾਦ = ਹੰਕਾਰ ਬਿਨਸਿਓ = ਨਾਸ਼ ਹੋ ਗਿਆ ਹੈ **ਵਾ:** ਪਰਮਾਦਤਾਈ, ਗ਼ਾਫ਼ਲਤਾਈ ਵੀ ਸਾਰੀ ਨਾਸ਼ ਹੋ ਗਈ ਹੈ ॥੧॥

## ਡੋਰੀ ਲਪਟਿ ਰਹੀ ਚਰਨਹ ਸੰਗਿ; ਭ੍ਰਮ ਭੈ ਸਗਲੇ ਖਾਦ ॥

ਪਰਮੇਸ਼ਰ ਦੇ ਚਰਨਹ = ਚਰਨਾਂ ਸੰਗਿ = ਨਾਲ ਮੇਰੇ ਚਿੱਤ ਦੀ ਡੋਰੀ = ਬਿਰਤੀ ਲਪਟਿ = ਲੱਗ, ਜੁੜ ਰਹੀ ਹੈ, ਭਰਮ ਤੇ ਭੈ = ਡਰ ਆਦਿ ਵੀ ਸਗਲੇ = ਸਾਰੇ ਖਾਦ = ਖ਼ਰਾਦੇ ਗਏ, ਨਾਸ਼ ਹੋ ਗਏ ਹਨ **ਵਾ:** ਖਾਦ = ਖਾਧੇ, ਖ਼ਤਮ ਹੋ ਗਏ ਹਨ।

## ਏਕੁ ਅਧਾਰੁ ਨਾਨਕ ਜਨ ਕੀਆ; ਬਹੁਰਿ ਨ ਜੋਨਿ ਭ੍ਰਮਾਦ ॥੨॥੯੪॥੧੧੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਜਨ = ਦਾਸ ਨੂੰ ਏਕੁ = ਇਕ ਵਾਹਿਗੁਰੂ ਦੇ ਨਾਮ ਦਾ ਅਧਾਰੁ = ਆਸਰਾ ਲੈਣਾ ਕੀਆ = ਕੀਤਾ ਹੈ, ਇਸ ਕਰਕੇ ਬਹੁਰਿ = ਮੁੜ ਜੋਨਿ = ਜੂਨਾਂ ਵਿਚ ਨ = ਨਹੀਂ ਭ੍ਰਮਾਦ = ਭਰਮਣਾ ਪਵੇਗਾ ॥੨॥੯੪॥੧੧੭॥

[ਅੰਗ ੧੨੨੭]

## ਸਾਰਗ ਮਹਲਾ ੫ ॥

## ਮਾਈ ਰੀ; ਮਾਤੀ ਚਰਣ ਸਮੂਹ ॥

ਮਾਈ ਰੀ = ਹੇ ਮਾਤਾ ਪਿਤਾ ਰੂਪ ਸੰਤ ਜਨੋਂ ! ਮੈਂ ਸਮੂਹ = ਸਾਰਿਆਂ ਵਿਚ ਵਿਆਪਕ ਸੱਚੇ ਪਰਮੇਸ਼ਰ ਦੇ ਚਰਨਾਂ ਵਿਚ ਮਾਤੀ = ਮਸਤ ਰਹਿੰਦੀ ਹਾਂ **ਵਾ:** ਮੇਰੇ ਚਿੱਤ ਦੀ ਬਿਰਤੀ ਐਸੀ ਮਸਤ ਹੋ ਰਹੀ ਹੈ ਕਿ ਸਮੂਹ = ਸਾਰਿਆਂ ਦੇ ਅੰਦਰ ਚਰਣ = ਅਧਿਸ਼ਠਾਨ ਸਰੂਪ ਪਰਮੇਸ਼ਰ ਹੀ ਦਿਸ ਰਿਹਾ ਹੈ।

## ਏਕਸੁ ਬਿਨੁ, ਹਉ ਆਨ ਨ ਜਾਨਉ; ਦੁਤੀਆ ਭਾਉ ਸਭ ਲੂਹ ॥੧॥ਰਹਾਉ॥

ਏਕਸੁ = ਇਕ ਪਰਮੇਸ਼ਰ ਤੋਂ ਬਿਨੁ = ਬਗ਼ੈਰ ਹਉ = ਮੈਂ ਆਨ = ਹੋਰ ਕਿਸੇ ਨੂੰ ਨ = ਨਹੀਂ ਜਾਨਉ = ਜਾਣਦੀ, ਮੇਰਾ ਗੁਰਾਂ ਨੇ ਦੁਤੀਆ ਭਾਉ = ਦਵੈਤ-ਭਾਵ ਸਭ = ਸਾਰਾ ਬ੍ਰਹਮ ਅਭਿਆਸ ਰੂਪੀ ਅਗਨੀ ਦੇ ਨਾਲ ਲੂਹ = ਸਾੜ ਦਿੱਤਾ ਹੈ **ਵਾ:** ਦਵੈਤ-ਭਾਵ ਵਾਲੇ ਬਹੁਤ ਸਾਰੇ ਪਾਪਾਂ ਦੇ ਵਿਚ ਹੀ ਲੂਹੇ ਜਾਂਦੇ ਹਨ ॥੧॥ਰਹਾਉ॥

## ਤਿਆਗਿ ਗੋੁਪਾਲ, ਅਵਰ ਜੋ ਕਰਣਾ; ਤੇ ਬਿਖਿਆ ਕੇ ਖੂਹ ॥

ਗੋੁਪਾਲ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਨੂੰ ਤਿਆਗਿ = ਛੱਡ ਕੇ ਜੋ ਅਵਰ = ਹੋਰ ਕੋਈ ਕੰਮ ਕਰਨਾ ਹੈ, ਤੇ = ਉਹ ਬਿਖਿਆ = ਮਾਇਆ ਕੇ = ਦੇ ਮੋਹ ਰੂਪੀ ਖੂਹ ਵਿਚ ਡਿੱਗਣਾ ਹੈ **ਵਾ:** ਵਿਸ਼ਿਆਂ ਨੂੰ ਭੋਗ ਕੇ ਨਰਕਾਂ ਰੂਪੀ ਖੂਹ ਵਿਚ ਹੀ ਡਿੱਗਣਾ ਪੈਂਦਾ ਹੈ।

## ਦਰਸ ਪਿਆਸ, ਮੇਰਾ ਮਨੁ ਮੋਹਿਓ; ਕਾਢੀ ਨਰਕ ਤੇ ਧੂਹ ॥੧॥

ਪਰਮੇਸ਼ਰ ਦੇ ਦਰਸ = ਦਰਸ਼ਨਾਂ ਦਾ ਪਿਆਸਾ ਹੋ ਕੇ ਮੇਰਾ ਮਨੁ = ਚਿੱਤ ਵਾਹਿਗੁਰੂ ਵਿਚ ਮੋਹਿਓ = ਮੋਹਿਤ ਹੋ ਗਿਆ ਹੈ, ਇਸ ਲਈ ਸੱਚੇ ਪਾਤਸ਼ਾਹ ਨੇ ਮੈਨੂੰ ਵਿਸ਼ਿਆਂ ਰੂਪੀ ਨਰਕ ਤੇ = ਤੋਂ ਧੂਹ = ਖਿੱਚ ਕੇ ਬਾਹਰ ਕਾਢੀ = ਕੱਢ ਲਿਆ ਹੈ ॥੧॥

## ਸੰਤ ਪ੍ਰਸਾਦਿ ਮਿਲਿਓ ਸੁਖਦਾਤਾ; ਬਿਨਸੀ ਹਉਮੈ ਹੂਹ ॥

ਜਿਨ੍ਹਾਂ ਨੂੰ ਸੰਤ = ਸ਼ਾਂਤ ਆਤਮਾ ਵਾਲੇ ਗੁਰਾਂ **ਵਾ:** ਮਹਾਤਮਾ ਜਨਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਸੁਖਦਾਤਾ = ਸੁੱਖਾਂ ਦੇ ਦੇਣ ਵਾਲਾ ਪਰਮੇਸ਼ਰ ਮਿਲਿਓ = ਮਿਲਿਆ ਹੈ, ਉਨ੍ਹਾਂ ਦੀ ਹਉਮੈ = ਹੰਗਤਾ ਤੇ ਕਿਸੇ ਨਾਲ ਹੂਹ = ਧੱਕਾ ਕਰਨ ਵਾਲੀ ਬਿਰਤੀ, ਸੋਚ ਬਿਨਸੀ = ਨਾਸ਼ ਹੋ ਗਈ ਹੈ **ਵਾ:** ਉਨ੍ਹਾਂ ਦੀ ਹੰਗਤਾ ਤੇ ਹੂਹ = ਹੂੜਤਾਈ, ਮੂਰਖਤਾਈ ਨਾਸ਼ ਹੋ ਗਈ ਹੈ **ਵਾ:** ਜੋ ਉਹ ਹੰਗਤਾ ਦੇ ਸਹਿਤ ਹੋ ਕੇ ਹੂਹ = ਹੁੰਘਾਰੇ ਮਾਰਦੇ ਸੀ, ਉਹ ਵੀ ਉਨ੍ਹਾਂ ਦੇ ਨਾਸ਼ ਹੋ ਗਏ ਹਨ।

## ਰਾਮ ਰੰਗਿ ਰਾਤੇ ਦਾਸ ਨਾਨਕ; ਮਉਲਿਓ ਮਨੁ ਤਨੁ ਜੂਹ ॥੨॥੯੫॥੧੧੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਦਾਸ = ਸੇਵਕ ਜਨ ਰਾਮ = ਪਰਮੇਸ਼ਰ ਦੇ ਰੰਗਿ = ਪ੍ਰੇਮ ਰੰਗ ਵਿਚ ਰਾਤੇ = ਰੱਤੇ ਹੋਏ ਹਨ, ਉਨ੍ਹਾਂ ਦਾ ਮਨ ਤੇ ਤਨ ਮਉਲਿਓ = ਪ੍ਰਫੁੱਲਤ ਹੋ ਗਿਆ ਤੇ ਸ਼ੁਭ ਗੁਣਾਂ **ਵਾ:** ਭਗਤੀ ਰੂਪੀ ਜੂਹ = ਘਾਹ ਵਾਲੀ ਸੋਹਣੀ ਬਗ਼ੀਚੀ ਖਿੜ ਆਈ ਹੈ **ਵਾ:** ਉਨ੍ਹਾਂ ਦਾ ਮਨ ਤੇ ਤਨ ਜੂਹ = ਸਮੂਹ, ਸਾਰਿਆਂ ਥਾਵਾਂ ਵਿਚ ਵਿਆਪਕ ਪਰਮੇਸ਼ਰ ਦੀ ਪ੍ਰਾਪਤੀ ਕਰਕੇ ਮਉਲਿਓ = ਪ੍ਰਫੁੱਲਤ ਹੋ ਗਿਆ ਹੈ **ਵਾ:** ਜੋ ਉਨ੍ਹਾਂ ਦੀ ਜੂਹ = ਹੱਦ ਵਿਚ ਰਹਿਣ ਵਾਲਾ ਪਰਿਵਾਰ ਹੈ, ਉਹ ਵੀ ਭਗਤੀ ਕਰਾ ਕੇ ਸ਼ੁਭ ਗੁਣਾਂ ਦੇ ਸਹਿਤ ਪ੍ਰਫੁੱਲਤ ਕਰ ਦਿੱਤਾ ਹੈ **ਵਾ:** ਉਨ੍ਹਾਂ ਦਾ ਸਾਧਸੰਗਤ ਦੀ ਹੱਦ ਵਿਚ ਰਹਿ ਕੇ ਮਨ ਤੇ ਤਨ ਪ੍ਰਫੁੱਲਤ ਹੋ ਗਿਆ ਹੈ ॥੨॥੯੫॥੧੧੮॥

## ਸਾਰਗ ਮਹਲਾ ੫ ॥

## ਬਿਨਸੇ; ਕਾਚ ਕੇ ਬਿਉਹਾਰ ॥

ਹੇ ਭਾਈ ! ਵਿਸ਼ਿਆਂ, ਮੰਦ ਕਰਮਾਂ ਵਾਲੇ ਕਾਚ = ਕੱਚ ਕੇ = ਦੇ ਬਿਉਹਾਰ = ਵਿਹਾਰ ਗੁਰਾਂ ਦੀ ਕਿਰਪਾ ਦੁਆਰਾ ਬਿਨਸੇ = ਨਾਸ਼ ਹੋ ਜਾਣ ਵਾਲੇ ਹਨ, ਇਸੇ ਕਰਕੇ :

## ਰਾਮ ਭਜੁ, ਮਿਲਿ ਸਾਧਸੰਗਤਿ; ਇਹੈ ਜਗ ਮਹਿ ਸਾਰ ॥੧॥ਰਹਾਉ॥

ਸਾਧਸੰਗਤਿ = ਸ੍ਰੇਸ਼ਟ ਗੁਰਾਂ ਦੀ ਸੰਗਤ ਵਿਚ ਮਿਲ ਕੇ ਰਾਮ = ਪਰਮੇਸ਼ਰ ਦਾ ਭਜੁ = ਭਜਨ ਕਰ, ਇਹੈ = ਇਹੋ ਹੀ ਜਗ = ਸੰਸਾਰ ਮਹਿ = ਵਿਚ ਸ੍ਰੇਸ਼ਟ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੀ ਅਸਲੀ ਸਾਰ ਵਸਤੂ ਹੈ ॥੧॥ਰਹਾਉ॥

## ਈਤ ਊਤ ਨ ਡੋਲਿ ਕਤਹੂ; ਨਾਮੁ ਹਿਰਦੈ ਧਾਰਿ ॥

ਹੇ ਭਾਈ! ਈਤ = ਇਸ ਲੋਕ ਦੇ ਤੇ ਊਤ = ਪ੍ਰਲੋਕ ਦੇ ਪਦਾਰਥਾਂ ਨੂੰ ਵੇਖ ਕੇ ਕਤਹੂ = ਕਦੇ ਵੀ ਡੋਲਿ = ਡੋਲਣਾ ਨਾ ਕਰ, ਹਰ ਵਕਤ ਪਰਮੇਸ਼ਰ ਦੇ ਨਾਮ ਨੂੰ ਹਿਰਦੈ = ਦਿਲ ਵਿਚ ਧਾਰਿ = ਧਾਰਨਾ, ਵਸਾਉਣਾ ਕਰ।

## ਗੁਰ ਚਰਨ ਬੋਹਿਥ, ਮਿਲਿਓ ਭਾਗੀ; ਉਤਰਿਓ ਸੰਸਾਰ ॥੧॥

ਜਿਸ ਭਾਗੀ = ਭਾਗਾਂ ਵਾਲੇ ਨੂੰ ਗੁਰੂ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਕਰਨ ਰੂਪ ਬੋਹਿਥ = ਜਹਾਜ਼ ਮਿਲਿਓ = ਮਿਲਿਆ ਹੈ, ਉਹ ਸੰਸਾਰ-ਸਮੁੰਦ੍ਰ ਤੋਂ ਪਾਰ ਹੋ ਕੇ ਮੁਕਤੀ ਰੂਪ ਕਿਨਾਰੇ 'ਤੇ ਉਤਰਿਓ = ਉਤਰ, ਪਹੁੰਚ ਗਿਆ ਹੈ ॥੧॥

## ਜਲਿ ਥਲਿ ਮਹੀਅਲਿ ਪੂਰਿ ਰਹਿਓ; ਸਰਬ ਨਾਥ ਅਪਾਰ ॥

ਜੋ ਪਰਮੇਸ਼ਰ ਜਲਿ = ਤਰਲ ਥਾਵਾਂ, ਥਲਿ = ਖ਼ੁਸ਼ਕ ਥਾਵਾਂ ਮਹੀਅਲਿ = ਵਿਚ **ਵਾ:** ਮਹੀ = ਪ੍ਰਿਥਵੀ ਤੇ ਅਲਿ = ਅਕਾਸ਼ ਵਿਚ ਪੂਰਿ = ਪੂਰਨ ਹੋ ਰਹਿਓ = ਰਿਹਾ ਹੈ, ਸਰਬ = ਸਾਰਿਆਂ ਦਾ ਨਾਥ = ਸੁਆਮੀ ਤੇ ਅਪਾਰ = ਪਾਰਾਵਾਰ ਤੋਂ ਰਹਿਤ ਹੈ।

## ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ;
## ਆਨ ਰਸ ਸਭਿ ਖਾਰ ॥੨॥੯੬॥੧੧੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਹਰਿ = ਪਰਮੇਸ਼ਰ ਦੇ ਨਾਮ ਅੰਮ੍ਰਿਤ ਨੂੰ ਪੀਉ = ਪੀਣਾ ਕਰ, ਆਨ = ਹੋਰ ਸੰਸਾਰੀ ਵਿਸ਼ਿਆਂ ਦੇ ਰਸ ਸਭਿ = ਸਾਰੇ ਖਾਰ = ਖਾਰੇ, ਕੌੜੇ, ਦੁਖਦਾਇਕ ਹਨ **ਵਾ:** ਹੋਰਨਾਂ ਸਭ ਰਸਾਂ ਦੇ ਨਾਲ ਜੀਵਨ ਖਾਰ = ਖਰ, ਨਾਸ਼ ਹੋ ਜਾਂਦਾ ਹੈ **ਵਾ:** ਹੋਰ ਸਾਰੇ ਰਸ ਖਾਰ = ਸੁਆਹ ਦੀ ਨਿਆਈਂ ਹਨ ॥੨॥੯੬॥੧੧੯॥

## ਸਾਰਗ ਮਹਲਾ ੫ ॥
## ਤਾ ਤੇ; ਕਰਣ ਪਲਾਹ ਕਰੇ ॥

ਤਾ ਤੇ = ਤਿਸ ਮਾਇਆ ਵਾਸਤੇ ਜੀਵ ਕਰਣ = ਕੀਰਨੇ ਤੇ ਅਨੇਕ ਪ੍ਰਕਾਰ ਦੇ ਪਲਾਹ = ਯਤਨ ਕਰੇ = ਕਰਦੇ ਰਹਿੰਦੇ ਹਨ।

## ਮਹਾ ਬਿਕਾਰ ਮੋਹ ਮਦ ਮਾਤੌ; ਸਿਮਰਤ ਨਾਹਿ ਹਰੇ ॥੧॥ਰਹਾਉ॥

ਮਹਾ = ਵੱਡੇ, ਬਹੁਤੇ ਵਿਸ਼ੇ-ਵਿਕਾਰਾਂ, ਬਹੁਤੇ ਮੋਹ ਤੇ ਮਦ = ਸ਼ਰਾਬ ਆਦਿ ਨਸ਼ੀਲੇ ਪਦਾਰਥ ਪੀ ਕੇ **ਵਾ:** ਹੰਕਾਰ ਰੂਪੀ ਸ਼ਰਾਬ ਪੀ ਕੇ ਜੀਵ ਹਰ ਵਕਤ ਮਾਤੌ = ਮਸਤ ਰਹਿੰਦੇ ਹਨ ਅਤੇ ਹਰੇ = ਪਰਮੇਸ਼ਰ ਦਾ ਸਿਮਰਤ = ਸਿਮਰਨ ਨਾਹਿ = ਨਹੀਂ ਕਰਦੇ ॥੧॥ਰਹਾਉ॥

## ਸਾਧਸੰਗਿ ਜਪਤੇ ਨਾਰਾਇਣ; ਤਿਨ ਕੇ ਦੋਖ ਜਰੇ ॥

ਜਿਹੜੇ ਸਾਧਸੰਗਿ = ਸਾਧਸੰਗਤ ਦੇ ਨਾਲ ਮਿਲ ਕੇ ਨਾਰਾਇਣ = ਪਰਮੇਸ਼ਰ ਦਾ ਨਾਮ ਜਪਤੇ = ਜਪਦੇ ਹਨ, ਤਿਨ = ਉਨ੍ਹਾਂ ਕੇ = ਦੇ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਸਾਰੇ ਦੋਖ = ਦੋਸ਼ ਨਾਮ ਅਭਿਆਸ

ਰੂਪ ਅਗਨੀ ਦੇ ਨਾਲ ਜਰੇ = ਸੜ ਗਏ ਹਨ **ਵਾ:** ਜਿਵੇਂ ਜਵਾਹਾਂ ਵਰਖਾ ਦੇ ਪੈਣ ਕਰਕੇ ਸੜ ਜਾਂਦਾ ਹੈ, ਤਿਵੇਂ ਉਨ੍ਹਾਂ ਦੇ ਸਾਰੇ ਦੋਖ ਸੜ ਗਏ ਹਨ।

## ਸਫਲ ਦੇਹ, ਧੰਨਿ ਓਇ ਜਨਮੇ; ਪ੍ਰਭ ਕੈ ਸੰਗਿ ਰਲੇ ॥੧॥

ਉਨ੍ਹਾਂ ਦੀ ਮਨੁੱਖਾ ਦੇਹ = ਦੇਹੀ ਦੁਨੀਆਂ ਵਿਚ ਧਾਰੀ ਹੋਈ ਸਫਲ = ਸਫਲੀ ਹੈ ਤੇ ਓਇ = ਉਨ੍ਹਾਂ ਨੂੰ ਜਨਮੇ = ਜਨਮ ਦੇਣ ਵਾਲੇ ਉਨ੍ਹਾਂ ਦੇ ਮਾਤਾ ਪਿਤਾ ਵੀ ਧੰਨਿ = ਧੰਨਤਾ ਦੇ ਯੋਗ ਹਨ, ਜਿਹੜੇ ਗੁਰਾਂ ਦੁਆਰਾ ਸਿਮਰਨ ਕਰਕੇ ਪ੍ਰਭ = ਪਰਮੇਸ਼ਰ ਕੈ = ਦੇ ਸੰਗਿ = ਨਾਲ ਰਲੇ = ਮਿਲ, ਅਭੇਦ ਹੋ ਗਏ ਹਨ ॥੧॥

## ਚਾਰਿ ਪਦਾਰਥ ਅਸਟ ਦਸਾ ਸਿਧਿ; ਸਭ ਊਪਰਿ ਸਾਧ ਭਲੇ ॥

ਧਰਮ, ਅਰਥ, ਕਾਮ ਮੋਖ ਰੂਪ ਚਾਰੇ ਪਦਾਰਥ ਤੇ ਅਸਟ = ਅੱਠ ਤੇ ਦਸਾ = ਦਸ, (ਅੱਠ + ਦਸ) ਅਠਾਰਾਂ ਸਿਧਿ = ਸਿਧੀਆਂ ਆਦਿ ਇਨ੍ਹਾਂ ਸਭ = ਸਭਨਾਂ ਤੋਂ ਊਪਰਿ = ਉੱਤੇ, ਉਪਰਾਮ ਰਹਿਣ ਵਾਲੇ ਹੀ ਭਲੇ = ਚੰਗੇ, ਸ੍ਰੇਸ਼ਟ ਸਾਧ = ਸੰਤ ਜਨ ਹਨ।

## ਨਾਨਕ ਦਾਸ, ਧੂਰਿ ਜਨ ਬਾਂਛੈ;
## ਉਧਰਹਿ ਲਾਗਿ ਪਲੇ ॥੨॥੯੭॥੧੨੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਦਾਸਾ-ਭਾਵ ਧਾਰ ਕੇ ਐਸੇ ਸੰਤ ਜਨਾਂ ਦੀ ਚਰਨ ਧੂਰਿ = ਧੂੜੀ ਬਾਂਛੈ = ਚਾਹੁੰਦੇ ਹਨ, ਉਹ ਸੰਤਾਂ ਦੇ ਸ਼ਰਨ ਰੂਪੀ ਪਲੇ = ਲੜ ਵਿਚ ਲਾਗਿ = ਲੱਗ ਕੇ ਸੰਸਾਰ-ਸਮੁੰਦ੍ਰ ਤੋਂ ਉਧਰਹਿ = ਤਰ ਜਾਂਦੇ ਹਨ **ਵਾ:** ਜੋ ਸਤਿਸੰਗਤ ਵਿਚ ਲੱਗ ਕੇ ਪ੍ਰੇਮ ਰੂਪੀ ਪੱਲਾ ਪ੍ਰਾਪਤ ਕਰਨ ਵਾਲੇ ਹਨ, ਉਹ ਸੰਸਾਰ-ਸਮੁੰਦ੍ਰ ਤੋਂ ਤਰ ਜਾਂਦੇ ਹਨ ॥੨॥੯੭॥੧੨੦॥

## ਸਾਰਗ ਮਹਲਾ ੫ ॥
## ਹਰਿ ਕੇ ਨਾਮ ਕੇ; ਜਨ ਕਾਂਖੀ ॥

ਜੋ ਹਰਿ = ਪਰਮੇਸ਼ਰ ਕੇ = ਦੇ ਨਾਮ ਕੇ = ਦੇ ਭਗਤ ਜਨ ਕਾਂਖੀ = ਚਾਹਵਾਨ ਹਨ।

## ਮਨਿ ਤਨਿ ਬਚਨਿ ਏਹੀ ਸੁਖੁ ਚਾਹਤ;
## ਪ੍ਰਭ ਦਰਸੁ ਦੇਖਹਿ ਕਬ ਆਖੀ ॥੧॥ਰਹਾਉ॥

ਉਹ ਮਨ, ਬਚਨਿ = ਬਾਣੀ, ਤਨਿ = ਸਰੀਰ ਕਰਕੇ ਏਹੀ = ਇਹੋ ਹੀ ਸੁਖ ਚਾਹਤ = ਚਾਹੁੰਦੇ ਹਨ ਕਿ ਕਬ = ਕਦੋਂ ਪ੍ਰਤੱਖ ਆਖੀ = ਅੱਖਾਂ **ਵਾ:** ਮਨ ਬੁੱਧ ਰੂਪ, ਪ੍ਰੋਖ ਅਪ੍ਰੋਖ ਗਿਆਨ ਰੂਪੀ **ਵਾ:** ਸੁਰਤੀ ਸਿੰਮ੍ਰਿਤੀ ਰੂਪੀ ਨੇਤਰਾਂ ਨਾਲ ਪ੍ਰਭ = ਪਰਮੇਸ਼ਰ ਦੇ ਦਰਸੁ = ਦਰਸ਼ਨ ਦੇਖਹਿ = ਦੇਖਣਾ ਕਰੀਏ ॥੧॥ਰਹਾਉ॥

## ਤੂ ਬੇਅੰਤੁ ਪਾਰਬ੍ਰਹਮ ਸੁਆਮੀ; ਗਤਿ ਤੇਰੀ ਜਾਇ ਨ ਲਾਖੀ ॥

ਹੇ ਪਰਮੇਸ਼ਰ! ਤੂੰ ਬੇਅੰਤੁ = ਅੰਤ ਤੋਂ ਰਹਿਤ, ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਾਰ ਤੇ ਸਾਰਿਆਂ ਦਾ ਸੁਆਮੀ = ਮਾਲਕ ਹੈਂ, ਇਸੇ ਕਰਕੇ ਤੇਰੀ ਗਤਿ = ਗਤੀ, ਮਰਯਾਦਾ ਕਿਸੇ ਪਾਸੋਂ ਵੀ ਲਾਖੀ = ਜਾਣੀ ਨ = ਨਹੀਂ ਜਾਇ = ਜਾ ਸਕਦੀ।

## ਚਰਨ ਕਮਲ ਪ੍ਰੀਤਿ ਮਨੁ ਬੇਧਿਆ; ਕਰਿ ਸਰਬਸੁ, ਅੰਤਰਿ ਰਾਖੀ ॥੧॥

ਹੇ ਪਰਮੇਸ਼ਰ ! ਤੇਰੇ ਭਗਤ ਜਨਾਂ ਦਾ ਤੇਰੇ ਚਰਨਾਂ ਕਮਲਾਂ ਦੀ ਪ੍ਰੀਤਿ = ਪ੍ਰੀਤੀ ਵਿਚ ਮਨੁ = ਚਿੱਤ ਬੇਧਿਆ = ਵਿੰਨ੍ਹਿਆ, ਮਿਲ ਗਿਆ ਹੈ ਅਤੇ ਉਨ੍ਹਾਂ ਨੇ ਆਪਣਾ ਸਰਬਸੁ = ਸਰਬੰਸ ਤੇਰੇ ਉਪਰੋਂ ਕੁਰਬਾਨ ਕਰਿ = ਕਰਕੇ ਇਕ ਤੇਰੀ ਹੀ ਪ੍ਰੀਤੀ ਆਪਣੇ ਦਿਲ ਅੰਤਰਿ = ਅੰਦਰ ਰਾਖੀ = ਰੱਖੀ ਹੈ ॥੧॥

## ਬੇਦ, ਪੁਰਾਨ, ਸਿਮ੍ਰਿਤਿ ਸਾਧੂ ਜਨ; ਇਹ ਬਾਣੀ ਰਸਨਾ ਭਾਖੀ ॥

ਚਾਰ ਵੇਦ, ਅਠਾਰਾਂ ਪੁਰਾਨ, ਤੇ ਸਾਧੂ = ਸ੍ਰੇਸ਼ਟ ਪੁਰਖ ਤੇ ਭਗਤ ਜਨਾਂ **ਵਾ:** ਸਾਧੂ = ਸੰਤ ਜਨਾਂ ਆਦਿ ਸਭ ਨੇ ਇਹ ਬਾਣੀ ਦੁਆਰਾ ਰਸਨਾ ਨਾਲ ਬੋਲ ਕੇ ਭਾਖੀ = ਉਚਾਰਨ ਕੀਤੀ ਹੈ ਕਿ :

## ਜਪਿ ਰਾਮ ਨਾਮੁ ਨਾਨਕ ਨਿਸਤਰੀਐ;
## ਹੋਰੁ ਦੁਤੀਆ ਬਿਰਥੀ ਸਾਖੀ ॥੨॥੯੮॥੧੨੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਰਾਮ = ਪਰਮੇਸ਼ਰ ਦਾ ਨਾਮ ਜਪ ਕੇ ਹੀ ਨਿਸਤਰੀਐ = ਤਰੀਦਾ ਹੈ, ਹੋਰ ਦੁਤੀਆ = ਦੂਸਰੀ ਸਾਖੀ = ਉਗਾਹੀ ਦੇਣੀ ਜਾਂ ਸਿੱਖਿਆ ਦੇਣੀ ਬਿਰਥੀ = ਬੇਅਰਥ ਹੀ ਹੈ ॥੨॥੯੮॥੧੨੧॥

## ਸਾਰਗ ਮਹਲਾ ੫ ॥
## ਮਾਖੀ; ਰਾਮ ਕੀ ਤੂ ਮਾਖੀ ॥

ਹੇ ਮਾਇਆ ਰੂਪ ਮਾਖੀ = ਮੱਖੀ ! ਤੂੰ ਰਾਮ = ਪਰਮੇਸ਼ਰ ਕੀ = ਦੀ ਮਾਖੀ = ਮਛਰਾਈ ਹੋਈ ਹੈਂ, ਭਾਵ ਪਰਮੇਸ਼ਰ ਨੇ ਆਪਣੀ ਸੱਤਾ ਸਫੁਰਤੀ ਦੇ ਕੇ ਤੈਨੂੰ ਸਭ ਦੇ ਸਿਰ ਚੜ੍ਹਾਇਆ ਹੋਇਆ ਹੈ।

## ਜਹ ਦੁਰਗੰਧ, ਤਹਾ ਤੂ ਬੈਸਹਿ; ਮਹਾ ਬਿਖਿਆ ਮਦ ਚਾਖੀ ॥੧॥ਰਹਾਉ॥

ਜਹ = ਜਿਥੇ ਮਾਸ, ਸ਼ਰਾਬ, ਚੋਰੀ, ਯਾਰੀ ਆਦਿ **ਵਾ:** ਵਿਸ਼ਿਆਂ ਦੀ ਦੁਰਗੰਧ = ਭੈੜੀ ਬਦਬੂ ਹੈ, ਤਹਾ = ਉਥੇ ਤੂੰ ਬੈਸਹਿ = ਨਿਵਾਸ ਕਰਦੀ ਹੈਂ, ਹੇ ਮਹਾ ਬਿਖਿਆ = ਮਾਇਆ ! ਤੇਰੇ ਨਾਲ ਮੋਹ ਕਰਨ ਵਾਲਾ ਪੁਰਖ ਮਦ = ਸ਼ਰਾਬ ਆਦਿ ਨੂੰ ਚਾਖੀ = ਚੱਖਣਾ ਕਰਦਾ ਹੈ, ਉਨ੍ਹਾਂ ਭੈੜੇ ਪੁਰਖਾਂ ਵਿਚ ਵੀ ਤੂੰ ਨਿਵਾਸ ਕਰਦੀ ਹੈਂ **ਵਾ:** ਮਹਾ ਬਿਖਿਆ = ਵੱਡੇ ਕਾਮ ਆਦਿ ਵਿਸ਼ਿਆਂ ਤੇ ਮਦ = ਸ਼ਰਾਬ ਆਦਿ ਚੱਖਣ ਵਾਲੇ ਪੁਰਖ ਦੇ ਹਿਰਦੇ ਵਿਚ ਵੀ ਤੂੰ ਨਿਵਾਸ ਕਰਦੀ ਹੈਂ ॥੧॥ਰਹਾਉ॥

## ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ; ਇਹ ਬਿਧਿ ਦੇਖੀ ਆਖੀ ॥

ਤੂ ਕਿਤਹਿ = ਕਿਸੇ ਵੀ ਅਸਥਾਨਿ = ਥਾਂ ਵਿਚ ਟਿਕਨੁ = ਇਸਥਿਤੀ ਨ = ਨਹੀਂ ਪਾਵਹਿ = ਪਾਉਂਦੀ, ਇਹ ਬਿਧਿ = ਵਿਧੀ ਨਾਲ ਸੰਤ ਜਨਾਂ ਦੇ ਮਨ ਬੁੱਧ **ਵਾ:** ਸ਼ਾਸਤਰ ਵਿਚਾਰ ਰੂਪੀ ਆਖੀ = ਨੇਤਰਾਂ ਨਾਲ ਵੇਖਣਾ ਕੀਤੀ ਹੈ **ਵਾ:** ਅੱਖੀਂ ਵੇਖਣਾ ਕੀਤਾ ਹੈ।

## ਸੰਤਾ ਬਿਨੁ, ਤੈ ਕੋਇ ਨ ਛਾਡਿਆ; ਸੰਤ ਪਰੇ ਗੋਬਿਦ ਕੀ ਪਾਖੀ ॥੧॥

ਸੰਤਾਂ ਭਗਤਾਂ ਤੋਂ ਬਿਨੁ = ਬਗ਼ੈਰ ਤੈ = ਤੂੰ ਕੋਇ = ਕੋਈ ਵੀ ਨ = ਨਹੀਂ ਛਾਡਿਆ = ਛੱਡਿਆ ਹੈ, ਸੰਤ ਜਨ ਵੀ ਗੋਬਿਦ = ਪਰਮੇਸ਼ਰ ਕੀ = ਦੀ ਪਾਖੀ = ਸ਼ਰਨ ਵਿਚ ਪਰੇ = ਪਏ ਹਨ, ਇਸੇ ਕਰਕੇ ਬਚੇ ਹਨ ॥੧॥

## ਜੀਅ ਜੰਤ ਸਗਲੇ ਤੈ ਮੋਹੇ; ਬਿਨੁ ਸੰਤਾ ਕਿਨੈ ਨ ਲਾਖੀ ॥

ਹੇ ਮਾਇਆ ! ਜੀਅ = ਅਸਥੂਲ ਜੀਵ ਤੇ ਜੰਤ = ਸੂਖਮ ਜੀਵ ਸਗਲੇ = ਸਾਰੇ ਹੀ ਤੈ = ਤੂੰ ਮੋਹੇ = ਮੋਹਿਤ ਕਰ ਲਏ ਹਨ, ਇਹ ਗੱਲ ਸੰਤਾਂ ਭਗਤਾਂ ਤੋਂ ਬਿਨੁ = ਬਗ਼ੈਰ ਕਿਨੈ = ਕਿਸੇ ਨੇ ਵੀ ਨ = ਨਹੀਂ ਲਾਖੀ = ਜਾਣੀ।

## ਨਾਨਕ ਦਾਸੁ, ਹਰਿ ਕੀਰਤਨਿ ਰਾਤਾ;
## ਸਬਦੁ ਸੁਰਤਿ ਸਚੁ ਸਾਖੀ ॥੨॥੯੯॥੧੨੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮਾਇਆ ! ਉਹੋ ਹੀ ਤੇਰੇ ਤੋਂ ਬਚੇ ਹਨ, ਜਿਨ੍ਹਾਂ ਦਾ ਦਾਸ = ਦਾਸਾ ਭਾਵ ਧਾਰ ਕੇ ਹਰਿ = ਪਰਮੇਸ਼ਰ ਦੀ ਕੀਰਤਨ ਭਗਤੀ ਵਿਚ ਚਿੱਤ ਰਾਤਾ = ਰੰਗਿਆ ਹੋਇਆ ਹੈ ਅਤੇ ਜਿਨ੍ਹਾਂ ਦੀ ਸਬਦੁ = ਬ੍ਰਹਮ ਦੇ ਵਿਚ ਚਿੱਤ ਦੀ ਸੁਰਤਿ = ਬਿਰਤੀ ਲੱਗੀ ਹੋਈ ਹੈ ਤੇ ਜੀਵਨ ਦੀ ਸਚੁ = ਸੱਚੀ ਸਾਖੀ = ਉਗਾਹੀ ਕੋਲ ਹੈ **ਵਾ:** ਜਿਨ੍ਹਾਂ ਦੀ ਗੁਰ ਸਬਦੁ = ਉਪਦੇਸ਼ ਨਾਲ ਸ੍ਰੇਸ਼ਟ ਪ੍ਰੀਤੀ ਹੈ ਤੇ ਸੱਚੀ ਜੀਵਨ ਦੀ ਉਗਾਹੀ ਹੈ **ਵਾ:** ਸੰਤ ਜਨਾਂ ਦਾ ਗੁਰ ਉਪਦੇਸ਼ ਵਿਚ ਚਿੱਤ ਜੋੜਿਆ ਹੋਇਆ ਹੈ, ਇਸੇ ਕਰਕੇ ਸੰਤ ਜਨ ਬ੍ਰਹਮ ਦੀ ਪ੍ਰਾਪਤੀ ਵਾਲੀ ਸੱਚੀ ਸਿੱਖਿਆ ਦਿੰਦੇ ਹਨ॥੨॥੯੯॥੧੨੨॥

## ਸਾਰਗ ਮਹਲਾ ੫ ॥
## ਮਾਈ ਰੀ; ਕਾਟੀ ਜਮ ਕੀ ਫਾਸ ॥

ਮਾਈ ਰੀ = ਹੇ ਮਾਤਾ ਪਿਤਾ ਰੂਪ ਸੰਤ ਜਨੋਂ ! ਹੁਣ ਮੇਰੀ ਜਮ = ਜਮਾਂ ਕੀ = ਦੀ ਫਾਸ = ਫਾਹੀ ਕਾਟੀ = ਕੱਟੀ ਗਈ ਹੈ। ਅਤੇ :

## ਹਰਿ ਹਰਿ ਜਪਤ, ਸਰਬ ਸੁਖ ਪਾਏ; ਬੀਚੇ ਗ੍ਰਸਤ ਉਦਾਸ ॥੧॥ਰਹਾਉ॥

ਹਰਿ = ਸਭ ਨੂੰ ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਜਪਤ = ਜਪਦਿਆਂ ਸਰਬ = ਸਾਰੇ ਸੁਖ ਪਾਏ = ਪਾ ਲਏ ਹਨ, ਗ੍ਰਸਤ = ਗ੍ਰਹਿਸਥ, ਪਰਿਵਾਰ ਦੇ ਬੀਚੇ = ਵਿਚ ਰਹਿੰਦਿਆਂ ਹੀ ਸੰਸਾਰ, ਪਦਾਰਥਾਂ ਤੋਂ ਚਿੱਤ ਕਰਕੇ ਉਦਾਸ = ਉਪਰਾਮ, ਨਿਰਲੇਪ ਰਹੀਦਾ ਹੈ॥੧॥ਰਹਾਉ॥

[ਅੰਗ ੧੨੨੮]

## ਕਰਿ ਕਿਰਪਾ ਲੀਨੇ ਕਰਿ ਅਪੁਨੇ; ਉਪਜੀ ਦਰਸ ਪਿਆਸ ॥

ਜਦ ਪਰਮੇਸ਼ਰ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਆਪਣੇ ਸੇਵਕ ਕਰ ਲੀਨੇ = ਲਿਆ, ਤਦ ਮੇਰੇ ਹਿਰਦੇ ਅੰਦਰ ਸੱਚੇ ਪਰਮੇਸ਼ਰ ਦੇ ਦਰਸ = ਦਰਸ਼ਨਾਂ ਦੀ ਪਿਆਸ = ਇੱਛਾ ਉਪਜੀ = ਪੈਦਾ ਹੋ ਗਈ। ਅਤੇ :

## ਸੰਤ ਸੰਗਿ ਮਿਲਿ ਹਰਿ ਗੁਣ ਗਾਏ; ਬਿਨਸੀ ਦੁਤੀਆ ਆਸ ॥੧॥

ਸੰਤਸੰਗਿ = ਸਤਿਸੰਗਤ ਵਿਚ ਮਿਲ ਕੇ ਹਰਿ = ਪਰਮੇਸ਼ਰ ਦੇ ਗੁਣ ਗਾਏ = ਗਾਉਣਾ ਕੀਤੇ ਹਨ, ਇਸੇ ਕਰਕੇ ਦੁਤੀਆ = ਦੂਜੀ ਆਸ = ਆਸਾ ਬਿਨਸੀ = ਨਾਸ਼ ਹੋ ਗਈ ਹੈ॥੧॥

## ਮਹਾ ਉਦਿਆਨ ਅਟਵੀ ਤੇ ਕਾਢੇ; ਮਾਰਗੁ ਸੰਤ ਕਹਿਓ ॥

ਜਿਨ੍ਹਾਂ ਨੂੰ ਸੰਤਾਂ ਮਹਾਤਮਾ ਨੇ ਸ਼ਬਦ ਵਿਚ ਜੋੜ ਕੇ ਪਰਮੇਸ਼ਰ ਦੇ ਪ੍ਰਾਇਣ ਹੋਣ ਦਾ ਭਗਤੀ ਸਹਿਤ

ਗਿਆਨ ਰੂਪੀ ਮਾਰਗੁ = ਰਸਤਾ ਕਹਿਓ = ਦੱਸਿਆ ਹੈ, ਉਨ੍ਹਾਂ ਨੂੰ ਸੰਤਾਂ, ਪਰਮੇਸ਼ਰ ਨੇ ਅਟਵੀ = ਉਜਾੜਾਂ ਤੋਂ ਵੀ ਮਹਾ ਉਦਿਆਨ = ਉਜਾੜ ਰੂਪ ਸੰਸਾਰ **ਵਾ:** ਅਟਵੀ = ਭਿਆਨਕ ਸੰਸਾਰ ਰੂਪੀ ਉਜਾੜ ਤੇ = ਤੋਂ ਬਾਹਰ ਕਾਢੇ = ਕੱਢ ਲਿਆ ਹੈ **ਵਾ:** ਸੰਸਾਰ ਰੂਪ ਮਹਾ ਉਦਿਆਨ = ਭਾਰੀ ਉਜਾੜ ਵਿਚ ਅਟਵੀ = ਭ੍ਰਮਣ ਤੋਂ ਬਾਹਰ ਕੱਢ ਲਿਆ ਹੈ **ਵਾ:** ਜਿਵੇਂ ਪ੍ਰਤੱਖ ਉਜਾੜ ਵਿਚ ਅਤਿਅੰਤ ਝਾੜੀਆਂ ਤੇ ਸ਼ੇਰ, ਬਘੇਰੇ ਆਦਿ ਖ਼ਤਰਨਾਕ ਜਾਨਵਰ ਹੁੰਦੇ ਹਨ, ਇਸੇ ਪ੍ਰਕਾਰ ਸੰਸਾਰ ਰੂਪੀ ਉਜਾੜ ਵਿਚ ਜੰਮਣ ਮਰਣ ਦੀ ਵਾਸ਼ਨਾ ਝਾੜੀਆਂ ਦੀ ਨਿਆਈਂ ਹੈ ਤੇ ਕਾਲ ਰੂਪੀ ਸ਼ੇਰ ਆਦਿ ਭਿਆਨਕ ਜਾਨਵਰ ਹਨ **ਵਾ:** ਜਿਵੇਂ ਉਜਾੜਾਂ ਵਿੱਚੋਂ ਮਹਾ ਉਜਾੜ ਰੂਪ ਸੰਸਾਰ ਹੈ, ਇਸੇ ਪ੍ਰਕਾਰ ਪ੍ਰਲੋਕ ਦਾ ਰਸਤਾ ਵੀ ਬੜਾ ਭਾਰੀ ਉਜਾੜ ਰੂਪ ਹੈ, ਦੁਖਦਾਇਕ ਹੈ, ਇਸ ਤੋਂ ਬਾਹਰ ਕੱਢ ਲਿਆ ਹੈ।

## ਦੇਖਤ ਦਰਸੁ, ਪਾਪ ਸਭਿ ਨਾਸੇ;
## ਹਰਿ ਨਾਨਕ ਰਤਨੁ ਲਹਿਓ ॥੨॥੧੦੦॥੧੨੩॥

ਪਰਮੇਸ਼ਰ ਦਾ ਦਰਸੁ = ਦਰਸ਼ਨ ਦੇਖਤ = ਵੇਖਦਿਆਂ ਹੀ ਉਨ੍ਹਾਂ ਦੇ ਸਭਿ = ਸਾਰੇ ਪਾਪ = ਗੁਨਾਹ ਨਾਸੇ = ਨਾਸ਼ ਹੋ ਗਏ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੇ ਗੁਰਾਂ ਦੁਆਰਾ ਹਰੀ ਰੂਪ ਰਤਨ ਨੂੰ ਲਹਿਓ = ਲੱਭ, ਪ੍ਰਾਪਤ ਕਰ ਲਿਆ ਹੈ॥੨॥੧੦੦॥੧੨੩॥

## ਮਾਈ ਰੀ; ਅਰਿਓ ਪ੍ਰੇਮ ਕੀ ਖੋਰਿ ॥[੧]

ਮਾਈ ਰੀ = ਹੇ ਮਾਤਾ ਪਿਤਾ ਰੂਪ ਸੰਤ ਜਨੋਂ ! ਮੇਰਾ ਪ੍ਰੇਮ ਕੀ = ਦੀ ਖੋਰਿ = ਖੱਡ ਵਿਚ ਚਿੱਤ ਅਰਿਓ = ਫਸ ਗਿਆ ਹੈ ਭਾਵ ਤੁਰੀਆ ਪਦ ਵਿਚ ਇਸਥਿਤ ਹੋ ਗਿਆ ਹੈ **ਵਾ:** ਪ੍ਰੇਮ ਦੀ ਖੋਰਿ = ਖੁਮਾਰੀ ਵਿਚ ਮੇਰਾ ਚਿੱਤ ਅਰਿਓ = ਅਟਕ ਮਿਲ ਗਿਆ ਹੈ।

## ਦਰਸਨ ਰੁਚਿਤ, ਪਿਆਸ ਮਨਿ ਸੁੰਦਰ; ਸਕਤ ਨ ਕੋਈ ਤੋਰਿ ॥੧॥ਰਹਾਉ॥

ਮੇਰੇ ਮਨਿ = ਚਿੱਤ ਵਿਚ ਸੁੰਦਰ = ਸੋਹਣੇ ਪਰਮੇਸ਼ਰ ਦੇ ਦਰਸਨ = ਦੀਦਾਰਾਂ ਦੀ ਪਿਆਸ = ਤ੍ਰੇਹ ਰੁਚਿਤ = ਲੱਗੀ ਹੋਈ ਹੈ **ਵਾ:** ਪਰਮੇਸ਼ਰ ਦਾ ਦੀਦਾਰ ਮੇਰੇ ਰੁਚਿਤ = ਮਨ ਭਾਉਂਦਾ ਹੈ, ਇਸ ਲਈ ਮੇਰੇ ਮਨਿ = ਚਿੱਤ ਵਿਚ ਉਸ ਸੁੰਦਰ ਪਰਮੇਸ਼ਰ ਦੀ ਪ੍ਰਾਪਤੀ ਦੀ ਪਿਆਸ = ਤ੍ਰੇਹ, ਚਾਹਨਾ ਲੱਗੀ ਹੋਈ ਹੈ, ਜਿਸ ਪਿਆਸ ਨੂੰ ਕੋਈ ਵੀ ਤੋਰਿ = ਤੋੜ ਨ = ਨਹੀਂ ਸਕਤ = ਸਕਦਾ, ਐਸੀ ਦਰਸ਼ਨਾਂ ਦੀ ਪ੍ਰੀਤੀ ਪ੍ਰਬਲ ਹੋ ਚੁੱਕੀ ਹੈ॥੧॥ਰਹਾਉ॥

## ਪ੍ਰਾਨ ਮਾਨ ਪਤਿ ਪਿਤ ਸੁਤ ਬੰਧਪ; ਹਰਿ ਸਰਬਸੁ ਧਨ ਮੋਰ ॥

ਪ੍ਰਾਨ, ਮਾਨ = ਸਤਿਕਾਰ **ਵਾ:** ਮਾਨ = ਮਨ, ਪਤਿ = ਇੱਜ਼ਤ, ਪਿਤ = ਪਿਤਾ, ਸੁਤ = ਪੁੱਤਰ, ਬੰਧਪ = ਸੰਬੰਧੀ ਅਤੇ ਧਨ ਆਦਿ ਤੇ ਸਾਰਾ ਸਰਬਸੁ = ਸਰਬੰਸ ਮੋਰ = ਮੇਰਾ ਹਰਿ = ਪਰਮੇਸ਼ਰ ਹੀ ਹੈ।

**ਅਥਵਾ** ਇਹ ਮਾਨ = ਮਨ ਦੇ ਅੰਦਰ ਪ੍ਰਾਨ = ਪਛਾਣਨਾ ਕੀਤਾ ਹੈ ਕਿ ਸਾਰਿਆਂ ਦਾ ਪਤਿ = ਪਤੀ ਰੂਪ, ਸਭ ਦਾ ਪਿਤਾ ਰੂਪ, ਬ੍ਰਹਮ ਗਿਆਨ ਰੂਪੀ ਪੁੱਤਰ ਦੀ ਦਾਤ ਦੇਣ ਵਾਲਾ, ਸ੍ਰਵਣ, ਮੰਨਣ ਨਿਧਿਆਸਣ ਰੂਪੀ ਸੰਬੰਧੀ, ਨਾਮ ਰੂਪੀ ਧਨ ਦੇਣ ਵਾਲਾ ਤੇ ਸ਼ੁਭ ਗੁਣਾਂ ਰੂਪੀ ਸਰਬੰਸ ਦੇਣ ਵਾਲਾ ਮੇਰਾ ਪਰਮੇਸ਼ਰ ਹੀ ਹੈ।

---

੧. ਕਰਤਾਰਪੁਰ ਸਾਹਿਬ ਵਾਲੇ ਤੇ ਦਮਦਮਾ ਸਾਹਿਬ ਵਾਲੇ ਸਰੂਪ ਵਿਚ "ਸਾਰਗ ਮਹਲਾ ੫" ਨਹੀਂ ਲਿਖਿਆ ਹੋਇਆ, ਇਸ ਲਈ 'ਸਾਰਗ ਮਹਲਾ ੫' ਤੋਂ ਬਿਨਾਂ ਹੀ ਸ਼ੁੱਧ ਸਮਝਣਾ।

## ਧ੍ਰਿਗੁ ਸਰੀਰੁ, ਅਸਤ ਬਿਸਟਾ ਕ੍ਰਿਮ; ਬਿਨੁ ਹਰਿ ਜਾਨਤ ਹੋਰ ॥੧॥

ਜੋ ਪੁਰਖ ਹਰਿ = ਪਰਮੇਸ਼ਰ ਤੋਂ ਬਿਨੁ = ਬਗ਼ੈਰ ਕਿਸੇ ਹੋਰ ਨੂੰ ਜਾਨਤ = ਜਾਣਦਾ ਹੈ, ਉਸ ਦੇ ਅਸਤ = ਹੱਡੀਆਂ, ਬਿਸਟਾ = ਮੈਲ (ਗੰਦਗੀ) ਤੇ ਮੈਲ ਦੇ ਕ੍ਰਿਮ = ਕੀੜੇ ਵਤ ਸਰੀਰ ਨੂੰ ਧ੍ਰਿਗੁ = ਧ੍ਰਿਕਾਰ ਹੈ ॥੧॥

## ਭਇਓ ਕ੍ਰਿਪਾਲ ਦੀਨ ਦੁਖ ਭੰਜਨੁ; ਪਰਾ ਪੂਰਬਲਾ ਜੋਰ ॥

ਜਿਸ ਉੱਤੇ ਦੀਨ = ਗ਼ਰੀਬਾਂ ਦੇ ਦੁੱਖਾਂ ਨੂੰ ਭੰਜਨੁ = ਭੰਨਣ, ਨਾਸ਼ ਕਰਨ ਵਾਲਾ ਪਰਮੇਸ਼ਰ ਕ੍ਰਿਪਾਲ = ਦਿਆਲੂ ਭਇਓ = ਹੋਇਆ ਹੈ, ਉਸ ਦਾ ਪਰਾ = ਉਤਕ੍ਰਿਸ਼ਟ ਪੂਰਬਲਾ = ਪਿਛਲੇ ਜਨਮਾਂ ਦੇ ਨਿਸ਼ਕਾਮ ਕਰਮਾਂ ਦੇ ਜੋਰ = ਬਲ ਕਰਕੇ ਪਰਮੇਸ਼ਰ ਨਾਲ ਜੋਰ = ਜੋੜ ਹੋ ਗਿਆ ਹੈ **ਵਾ:** ਸਰੂਪ ਦਾ ਜੋਰ = ਗਿਆਨ ਹੋ ਗਿਆ ਹੈ।

## ਨਾਨਕ ਸਰਣਿ, ਕ੍ਰਿਪਾ ਨਿਧਿ ਸਾਗਰ;
## ਬਿਨਸਿਓ, ਆਨ ਨਿਹੋਰ ॥੨॥੧੦੧॥੧੨੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਗੁਰਮੁਖ ਜਨ ਉਸ ਪਰਮੇਸ਼ਰ ਦੀ ਸਰਣਿ = ਓਟ ਵਿਚ ਪੈਂਦਾ ਹੈ, ਜੋ ਸੰਸਾਰ ਸਾਗਰ = ਸਮੁੰਦਰ ਅੰਦਰ ਕ੍ਰਿਪਾ = ਦਇਆ ਦਾ ਨਿਧਿ = ਖਜ਼ਾਨਾ ਹੈ **ਵਾ:** ਜਿਸ ਦਇਆ ਦੇ ਸਮੁੰਦਰ ਪਰਮੇਸ਼ਰ ਦਾ ਨਾਮ ਰੂਪੀ ਨਿਧਿ = ਖ਼ਜ਼ਾਨਾ ਅਮੋਲਕ ਹੈ, ਇਸ ਲਈ ਉਸ ਦੀ ਆਨ = ਹੋਰਨਾਂ ਦੇ ਨਿਹੋਰ = ਅਹਿਸਾਨ ਮੰਦ ਹੋਣਾ ਇਹ ਬਿਨਸਿਓ = ਨਾਸ਼ ਹੋ ਗਿਆ ਹੈ ॥੨॥੧੦੧॥੧੨੪॥

## ਸਾਰਗ ਮਹਲਾ ੫ ॥
## ਨੀਕੀ ਰਾਮ ਕੀ ਧੁਨਿ; ਸੋਇ ॥

ਰਾਮ = ਪਰਮੇਸ਼ਰ ਦੇ ਨਾਮ ਕੀ = ਦੀ ਧੁਨਿ = ਧੁਨੀ, ਬੜੀ ਨੀਕੀ = ਅੱਛੀ ਤੇ ਸੋਇ = ਸ਼ੋਭਾ ਵਾਲੀ ਹੈ।

## ਚਰਨ ਕਮਲ ਅਨੂਪ ਸੁਆਮੀ; ਜਪਤ ਸਾਧੂ ਹੋਇ ॥੧॥ਰਹਾਉ॥

ਜਿਸ ਸੁਆਮੀ = ਮਾਲਕ ਪਰਮੇਸ਼ਰ ਦੇ ਚਰਨ ਕਮਲ ਅਨੂਪ = ਉਪਮਾ ਤੋਂ ਰਹਿਤ ਹਨ, ਉਸ ਪਰਮੇਸ਼ਰ ਦੇ ਨਾਮ ਨੂੰ ਜਪਤ = ਜਪਣ ਵਾਲੇ ਪੁਰਖ ਸਾਧੂ = ਸ੍ਰੇਸ਼ਟ ਹੋਇ = ਹੋ ਜਾਂਦੇ ਹਨ ॥੧॥ਰਹਾਉ॥

## ਚਿਤਵਤਾ ਗੋਪਾਲ ਦਰਸਨ; ਕਲਮਲਾ ਕਢੁ ਧੋਇ ॥

ਜੋ ਪੁਰਖ ਗੋਪਾਲ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਦੇ ਦਰਸਨ = ਦੀਦਾਰਾਂ ਨੂੰ ਚਿਤਵਤਾ = ਚਿਤਵਦਾ ਰਹਿੰਦਾ ਹੈ, ਉਹ ਆਪਣੇ ਮਨ ਰੂਪੀ ਬਸਤਰ ਅੰਦਰੋਂ ਗੁਰ ਉਪਦੇਸ਼ ਦੁਆਰਾ ਸਾਧਸੰਗਤ ਰੂਪੀ ਘਾਟ ਉੱਤੇ ਜਾ ਕੇ ਨਿਸਚੇ ਰੂਪੀ ਪਟੜੇ ਉੱਤੇ ਰੱਖ ਕੇ ਨਾਮ ਰੂਪੀ ਸਾਬਣ ਲਾ ਕੇ, ਪ੍ਰੇਮ ਰੂਪੀ ਜਲ ਨਾਲ ਧੋਇ = ਧੋ ਕੇ ਜੁਗਤੀਆਂ ਰੂਪ ਮੁੱਕੀਆਂ ਦੇ ਨਾਲ ਕਲਮਲਾ = ਪਾਪਾਂ ਰੂਪੀ ਮੈਲ ਬਾਹਰ ਕਢੁ = ਕੱਢ ਦਿੰਦਾ ਹੈ।

## ਜਨਮ ਮਰਨ ਬਿਕਾਰ ਅੰਕੁਰ; ਹਰਿ, ਕਾਟਿ ਛਾਡੇ ਖੋਇ ॥੧॥

ਜੋ ਜਨਮ ਮਰਨ ਦੇ ਪੈਦਾ ਕਰਨ ਵਾਲਾ ਵਿਸ਼ੇ-ਵਿਕਾਰ ਰੂਪੀ ਅੰਕੁਰ = ਬੀਜ ਸੀ, ਉਹ ਹਰਿ = ਪਰਮੇਸ਼ਰ

ਨੇ ਕਾਟਿ = ਕੱਟ ਕਰਕੇ ਖੋਇ = ਗੁਆ, ਨਾਸ਼ ਕਰ ਛਾਡੇ = ਛੱਡਿਆ ਹੈ **ਵਾ:** ਵਿਕਾਰਾਂ ਦੀ ਭੈੜੀ ਖੋਇ = ਆਦਤ ਛੱਡ ਦਿੱਤੀ ਹੈ॥੧॥

## ਪਰਾ ਪੂਰਬਿ ਜਿਸਹਿ ਲਿਖਿਆ; ਬਿਰਲਾ ਪਾਏ ਕੋਇ ॥

ਪਰਾ = ਉਤਕ੍ਰਿਸ਼ਟ ਪੂਰਬਿ = ਪੂਰਬਲੇ ਜਨਮਾਂ ਦਾ ਜਿਸਹਿ = ਜਿਸ ਦੇ ਮੱਥੇ ਉੱਤੇ ਸ੍ਰੇਸ਼ਟ ਲੇਖ ਲਿਖਿਆ ਹੋਇਆ ਹੈ, ਉਹ ਕੋਇ = ਕੋਈ ਬਿਰਲਾ = ਟਾਵਾਂ ਹੀ ਗੁਰੂ ਸਾਹਿਬ ਜੀ ਦੀ ਸੰਗਤ ਪਾਏ = ਪਾਉਂਦਾ ਹੈ।

## ਰਵਣ ਗੁਣ ਗੋਪਾਲ ਕਰਤੇ; ਨਾਨਕਾ, ਸਚੁ ਜੋਇ ॥੨॥੧੦੨॥੧੨੫॥

ਜਿਹੜਾ ਪੁਰਖ ਗੋਪਾਲ = ਪ੍ਰਿਥਵੀ ਦੇ ਪਾਲਕ ਕਰਤੇ = ਰਚਨਹਾਰ ਪਰਮੇਸ਼ਰ ਦੇ ਗੁਣਾਂ ਨੂੰ ਰਵਣ = ਉਚਾਰਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪੁਰਖ ਸੱਚ ਸਰੂਪ ਨੂੰ ਜੋਇ = ਦੇਖ ਲੈਂਦਾ ਹੈ॥੨॥੧੦੨॥੧੨੫॥

## ਸਾਰਗ ਮਹਲਾ ੫ ॥

## ਹਰਿ ਕੇ ਨਾਮ ਕੀ; ਮਤਿ ਸਾਰ ॥

ਹਰਿ = ਪਰਮੇਸ਼ਰ ਕੇ = ਦੇ ਨਾਮ ਜਪਣ ਕੀ = ਦੀ ਮਤਿ = ਸਿੱਖਿਆ ਹੀ ਸਾਰ = ਸ੍ਰੇਸ਼ਟ ਹੈ।

## ਹਰਿ ਬਿਸਾਰਿ, ਜੁ ਆਨ ਰਾਚਹਿ; ਮਿਥਨ ਸਭ ਬਿਸਥਾਰ ॥੧॥ਰਹਾਉ॥

ਹਰਿ = ਪਰਮੇਸ਼ਰ ਦੇ ਨਾਮ ਨੂੰ ਬਿਸਾਰਿ = ਭੁਲਾ ਕੇ ਜੁ = ਜਿਹੜੇ ਆਨ = ਹੋਰਨਾਂ ਦਵੈਤ ਵਾਲੇ ਪਾਸਿਆਂ ਵਿਚ ਰਾਚਹਿ = ਰਚ ਜਾਂਦੇ ਹਨ, ਉਨ੍ਹਾਂ ਦਾ ਸਭ = ਸਾਰਾ ਬਿਸਥਾਰ = ਵਿਸਤਾਰ ਮਿਥਨ = ਮਿਥਿਆ ਹੈ॥੧॥ਰਹਾਉ॥

## ਸਾਧਸੰਗਮਿ ਭਜੁ ਸੁਆਮੀ; ਪਾਪ ਹੋਵਤ ਖਾਰ ॥

ਜੋ ਪੁਰਖ ਸਾਧਸੰਗਮਿ = ਸੰਤਾਂ ਜਨਾਂ ਦੀ ਇਕੱਤਰਤਾ ਵਿਚ ਮਿਲ ਕਰਕੇ ਸੁਆਮੀ = ਮਾਲਕ ਪਰਮੇਸ਼ਰ ਦਾ ਭਜੁ = ਭਜਨ ਕਰਦਾ ਹੈ, ਉਸ ਦੇ ਸਭ ਪਾਪ = ਗੁਨਾਹ ਖਾਰ = ਸੁਆਹ, ਨਾਸ਼ ਹੋਵਤ = ਹੋ ਜਾਂਦੇ ਹਨ।

**ਅਥਵਾ** ਹੇ ਜੀਵ! ਤੇਰਾ ਜੀਵਨ ਪਾਪ ਕਰਮ ਕਰਨੇ ਕਰਕੇ ਖਾਰ = ਖਰਦਾ ਜਾਂਦਾ ਹੈ, ਜੇਕਰ ਤੂੰ ਸਾਧਸੰਗਤ ਦੀ ਇਕੱਤਰਤਾ ਵਿਚ ਮਿਲ ਕੇ ਮਾਲਕ ਪਰਮੇਸ਼ਰ ਦੇ ਨਾਮ ਨੂੰ ਭਜਨਾ ਕਰੇਂ ਤਾਂ ਤੇਰੇ ਅੰਦਰੋਂ ਸਾਰੇ ਪਾਪ ਨਾਸ਼ ਹੋ ਜਾਣਗੇ।

## ਚਰਨਾਰਬਿੰਦ ਬਸਾਇ ਹਿਰਦੈ; ਬਹੁਰਿ ਜਨਮ ਨ ਮਾਰ ॥੧॥

ਜੋ ਪੁਰਖ ਪਰਮੇਸ਼ਰ ਦੇ ਚਰਨਾਰਬਿੰਦ = ਚਰਨਾਂ ਕਮਲਾਂ ਨੂੰ ਹਿਰਦੇ = ਚਿੱਤ ਵਿਚ ਬਸਾਇ = ਵਸਾਉਣਾ ਕਰਦਾ ਹੈ, ਉਸ ਦਾ ਬਹੁਰਿ = ਮੁੜ ਕੇ ਜਨਮ ਨਹੀਂ ਹੋਵੇਗਾ ਤੇ ਨਾ ਹੀ ਉਸ ਨੂੰ ਕਾਲ ਮਾਰ ਸਕੇਗਾ॥੧॥

## ਕਰਿ ਅਨੁਗ੍ਰਹ ਰਾਖਿ ਲੀਨੇ; ਏਕ ਨਾਮ ਅਧਾਰ ॥

ਪਰਮੇਸ਼ਰ ਨੇ ਅਨੁਗ੍ਰਹ = ਕਿਰਪਾ ਦ੍ਰਿਸ਼ਟੀ ਕਰਿ = ਕਰਕੇ ਉਨ੍ਹਾਂ ਨੂੰ ਰਾਖਿ = ਰੱਖ ਲੀਨੇ = ਲਿਆ ਹੈ, ਜਿਨ੍ਹਾਂ ਨੂੰ ਏਕ = ਇਕ ਪਰਮੇਸ਼ਰ ਦੇ ਨਾਮ ਦਾ ਹੀ ਅਧਾਰ = ਆਸਰਾ ਹੈ।

## ਦਿਨ ਰੈਨਿ ਸਿਮਰਤ ਸਦਾ ਨਾਨਕ; ਮੁਖ ਊਜਲ ਦਰਬਾਰ ॥੨॥੧੦੩॥੧੨੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪੁਰਖ ਰੈਨਿ = ਰਾਤ ਦਿਨੇ ਸਦਾ ਪਰਮੇਸ਼ਰ ਦਾ ਸਿਮਰਤ = ਸਿਮਰਨ ਕਰਦੇ ਹਨ, ਉਨ੍ਹਾਂ ਦਾ ਸਾਧਸੰਗਤ ਰੂਪੀ ਦਰਬਾਰ ਵਿਚ **ਵਾ:** ਸੰਸਾਰ, ਸਚਖੰਡ ਰੂਪੀ ਦਰਬਾਰ ਵਿਚ ਮੁਖ = ਮੁਖੜਾ ਊਜਲ = ਉੱਜਲਾ ਹੁੰਦਾ ਹੈ॥੨॥੧੦੩॥੧੨੬॥

## ਸਾਰਗ ਮਹਲਾ ੫ ॥

## ਮਾਨੀ; ਤੂੰ ਰਾਮ ਕੈ ਦਰਿ ਮਾਨੀ ॥

ਹੇ ਮੇਰੀ ਬਿਰਤੀਏ! ਜਦ ਤੂੰ ਨਾਮ ਦੇ ਮਾਨੀ = ਮੰਨਣ ਕਰਨ ਵਾਲੀ ਬਣ ਜਾਵੇਂਗੀ, ਤਦ ਤੂੰ ਰਾਮ = ਪਰਮੇਸ਼ਰ ਕੈ = ਦੇ ਦਰ ਉੱਤੇ ਮਾਨੀ = ਮਾਨੀਕ (ਪ੍ਰਮਾਣਿਕ) ਹੋ ਜਾਵੇਂਗੀ, **ਵਾ:** ਜਦ ਤੂੰ ਗੁਰਾਂ ਦੀ ਦੱਸੀ ਹੋਈ ਸਿੱਖਿਆ ਦਿਲ ਵਿਚ ਮਾਨੀ = ਮੰਨਣਾ ਕਰੇਂਗੀ, ਤਦ ਤੂੰ ਪਰਮੇਸ਼ਰ ਦੇ ਦਰ ਵਿਚ ਮੰਨੀ ਜਾਵੇਂਗੀ **ਵਾ:** ਬ੍ਰਹਮ ਗਿਆਨ ਦੀ ਪ੍ਰਾਪਤੀ ਰੂਪ ਸੋਭਾ ਦੇ ਸਹਿਤ ਮੰਨੀ ਜਾਵੇਂਗੀ।

## ਸਾਧਸੰਗਿ ਮਿਲਿ ਹਰਿ ਗੁਨ ਗਾਏ; ਬਿਨਸੀ ਸਭ ਅਭਿਮਾਨੀ ॥੧॥ਰਹਾਉ॥

ਜਿਸ ਨੇ ਸਾਧਸੰਗਿ = ਸਤਿਸੰਗਤ ਦੇ ਨਾਲ ਮਿਲਿ = ਮਿਲਾਪ ਕਰਕੇ ਹਰਿ = ਪਰਮੇਸ਼ਰ ਦੇ ਗੁਨ = ਗੁਣਾਂ ਨੂੰ ਗਾਏ = ਗਾਉਣਾ ਕੀਤਾ ਹੈ, ਉਸ ਦੇ ਅੰਦਰੋਂ ਸਭ = ਸਾਰੀ ਅਭਿਮਾਨੀ = ਹੰਕਾਰਤਾਈ ਬਿਨਸੀ = ਨਾਸ਼ ਹੋ ਗਈ ਹੈ॥੧॥ਰਹਾਉ॥

## ਧਾਰਿ ਅਨੁਗ੍ਰਹੁ ਅਪਨੀ ਕਰਿ ਲੀਨੀ; ਗੁਰਮੁਖਿ ਪੂਰ ਗਿਆਨੀ ॥

ਪਰਮੇਸ਼ਰ ਨੇ ਅਨੁਗ੍ਰਹੁ = ਕਿਰਪਾ ਦ੍ਰਿਸ਼ਟੀ ਧਾਰਿ = ਧਾਰਨ ਕਰਕੇ ਜਿਹੜੀ ਗੁਰਮੁਖ ਰੂਹ ਨੂੰ ਆਪਣੀ ਦਾਸੀ ਬਣਾ ਲੀਨੀ = ਲਈ ਹੈ, ਉਹ ਗੁਰਮੁਖ ਰੂਹ ਪੂਰ = ਪੂਰਨ ਗਿਆਨੀ = ਗਿਆਨਵਾਨ ਹੋਈ ਹੈ।

## ਸਰਬ ਸੂਖ ਆਨੰਦ ਘਨੇਰੇ; ਠਾਕੁਰ ਦਰਸ ਧਿਆਨੀ ॥੧॥

ਉਸ ਗੁਰਮੁਖ ਰੂਹ ਨੂੰ ਸਰਬ = ਸਾਰੇ ਇਸ ਲੋਕ ਦੇ ਸੂਖ = ਸੁਖ ਤੇ ਬੈਕੁੰਠ ਦੀਆਂ ਮੁਕਤੀਆਂ ਦੇ ਘਨੇਰੇ = ਘਣੇ ਆਨੰਦ ਪ੍ਰਾਪਤ ਹੋਏ ਹਨ, ਜੋ ਗੁਰਮੁਖ ਰੂਹ ਠਾਕੁਰ = ਸੁਆਮੀ ਪਰਮੇਸ਼ਰ ਦੇ ਦਰਸ = ਦਰਸ਼ਨਾਂ ਦੇ ਧਿਆਨੀ = ਧਿਆਨ ਵਿਚ ਜੁੜੀ ਹੋਈ ਹੈ॥੧॥

## ਨਿਕਟਿ ਵਰਤਨਿ, ਸਾ ਸਦਾ ਸੁਹਾਗਨਿ; ਦਹ ਦਿਸ, ਸਾਈ ਜਾਨੀ ॥

ਜੋ ਗੁਰਮੁਖ ਰੂਹ ਬ੍ਰਹਮਾਕਾਰ ਬਿਰਤੀ ਕਰਕੇ ਆਪਣੇ ਮਾਲਕ ਪਰਮੇਸ਼ਰ ਦੇ ਨਿਕਟਿ = ਨਜ਼ਦੀਕ ਵਰਤਣ ਵਾਲੀ ਹੈ, ਸਾ = ਉਹ ਸਦਾ = ਹਮੇਸ਼ਾਂ ਬ੍ਰਹਮ ਗਿਆਨ ਦੇ ਸੁਹਾਗਨਿ = ਸੁਹਾਗ (ਅਨੰਦ) ਦੇ ਸਹਿਤ ਹੈ ਅਤੇ ਸਾਈ = ਉਹੋ ਗੁਰਮੁਖ ਰੂਹ ਹੀ ਦਹ = ਦਸੋਂ ਦਿਸ = ਦਿਸ਼ਾਵਾਂ ਵਿਚ ਜਾਣੀ ਜਾਂਦੀ ਹੈ।

## ਪ੍ਰਿਅ ਰੰਗ ਰੰਗਿ ਰਤੀ ਨਾਰਾਇਨ; ਨਾਨਕ, ਤਿਸੁ ਕੁਰਬਾਨੀ ॥੨॥੧੦੪॥੧੨੭॥

ਜਿਸ ਗੁਰਮੁਖ ਰੂਹ ਦੀ ਬਿਰਤੀ ਪ੍ਰਿਅ = ਪਿਆਰੇ, ਪਤੀ ਨਾਰਾਇਣ = ਪਰਮੇਸ਼ਰ ਦੇ ਰੰਗ = ਪ੍ਰੇਮ ਰੰਗ ਵਿਚ ਰਤੀ = ਰੰਗੀ ਰਹਿੰਦੀ ਹੈ **ਵਾ:** ਜਿਸ ਗੁਰਮੁਖ ਰੂਹ ਦੀ ਰਸਨਾ ਪ੍ਰਿਅ = ਪਿਆਰੇ, ਪਤੀ ਪਰਮੇਸ਼ਰ ਦੇ ਰੰਗ ਵਿਚ ਰੱਤੀ ਹੈ ਤੇ ਰੂਹ ਵੀ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀ ਹੋਈ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਸੁ = ਉਸ ਤੋਂ ਮੇਰੀ ਬਿਰਤੀ ਕੁਰਬਾਨੀ = ਬਲਿਹਾਰ ਜਾਂਦੀ ਹੈ ॥੨॥੧੦੪॥੧੨੭॥

## ਸਾਰਗ ਮਹਲਾ ੫ ॥

## ਤੁਅ ਚਰਨ ਆਸਰੋ; ਈਸ ॥

ਹੇ ਈਸ = ਈਸ਼ਵਰ ! ਮੈਨੂੰ ਇਕ ਤੁਅ = ਤੇਰੇ ਚਰਨਾਂ ਕਮਲਾਂ ਦਾ ਆਸਰੋ = ਆਸਰਾ ਹੈ।

## ਤੁਮਹਿ ਪਛਾਨੂ, ਸਾਕੁ ਤੁਮਹਿ ਸੰਗਿ; ਰਾਖਨਹਾਰ ਤੁਮੈ ਜਗਦੀਸ ॥ਰਹਾਉ॥

ਹੇ ਪਰਮੇਸ਼ਰ ! ਮੈਨੂੰ ਤੁਮਹਿ = ਤੇਰੀ ਗਿਆਨਵਾਨਾਂ ਦੀ ਸੰਗਤ ਵਿੱਚੋਂ ਪਛਾਨੂ = ਪਹਿਚਾਣ ਹੋਈ ਹੈ, ਤੁਮਹਿ = ਤੇਰੇ ਸੰਗਿ = ਨਾਲ ਹੀ ਮੇਰਾ ਸੰਸਾਰੀ ਤੇ ਪ੍ਰਮਾਰਥ ਸਾਕੁ = ਨਾਤਾ ਹੈ, ਹੇ ਜਗਦੀਸ = ਜਗਤ ਦੇ ਈਸ ਪਰਮੇਸ਼ਰ ! ਤੁਮੈ = ਤੂੰ ਹੀ ਲੋਕ-ਪ੍ਰਲੋਕ ਵਿਚ ਮੇਰੀ ਪਤ ਰਾਖਨਹਾਰ = ਰੱਖਣ ਵਾਲਾ ਹੈਂ ॥ਰਹਾਉ॥

## ਤੂ ਹਮਰੋ, ਹਮ ਤੁਮਰੇ ਕਹੀਐ; ਇਤ ਉਤ, ਤੁਮ ਹੀ ਰਾਖੇ ॥

ਹੇ ਪਰਮੇਸ਼ਰ ! ਤੂੰ ਹਮਰੋ = ਸਾਡਾ ਮਾਲਕ ਹੈਂ, ਹਮ = ਅਸੀਂ ਤੁਮਰੇ = ਤੇਰੇ ਸੇਵਕ ਕਹੀਐ = ਕਹੀਂਦੇ ਹਾਂ, ਇਤ ਉਤ = ਲੋਕ-ਪ੍ਰਲੋਕ ਵਿਚ ਤੁਮ = ਤੂੰ ਹੀ ਸਾਡੀ ਰਾਖੇ = ਰੱਖਿਆ ਕਰਨ ਵਾਲਾ ਹੈਂ।

## ਤੂ ਬੇਅੰਤੁ ਅਪਰੰਪਰੁ ਸੁਆਮੀ; ਗੁਰ ਕਿਰਪਾ ਕੋਈ ਲਾਖੈ ॥੧॥

ਹੇ ਸੁਆਮੀ = ਮਾਲਕ ਪਰਮੇਸ਼ਰ ! ਤੂੰ ਬੇਅੰਤ = ਅੰਤ ਤੋਂ ਰਹਿਤ ਤੇ ਅਪਰੰਪਰੁ = ਪ੍ਰਕਿਰਤੀ ਤੋਂ ਪਰ੍ਹੇ ਹੈਂ, ਗੁਰ = ਸਤਿਗੁਰਾਂ ਦੀ ਕਿਰਪਾ = ਮੇਹਰ ਕਰਕੇ ਕੋਈ ਵਿਰਲਾ ਗੁਰਮੁਖ ਹੀ ਇਸ ਗੱਲ ਨੂੰ ਲਾਖੈ = ਜਾਣਦਾ ਹੈ ॥੧॥

## ਬਿਨੁ ਬਕਨੇ ਬਿਨੁ ਕਹਨ ਕਹਾਵਨ; ਅੰਤਰਜਾਮੀ ਜਾਨੈ ॥

ਬਿਨੁ = ਬਗ਼ੈਰ ਬਕਨੇ = ਕਥਨ ਤੇ ਬਿਨੁ = ਬਗ਼ੈਰ ਕਹਿਣ ਕਹਾਵਨ = ਕਹਾਉਣ ਤੋਂ ਹੀ ਅੰਤਰਜਾਮੀ = ਅੰਦਰ ਦੀ ਜਾਨਣ ਵਾਲਾ ਪਰਮੇਸ਼ਰ ਸਭ ਕੁਝ ਜਾਨੈ = ਜਾਣਦਾ ਹੈ **ਵਾ:** ਬਕਨੇ = ਬੋਲਣ ਤੋਂ ਬਿਨਾਂ ਜੋ ਪ੍ਰਭੂ ਹੈ, ਉਹ ਅੰਤਰਜਾਮੀ ਪਰਮੇਸ਼ਰ ਕਹਿਣ ਕਹਾਉਣ ਤੋਂ ਬਗ਼ੈਰ ਹੀ ਸਭ ਦੇ ਅੰਦਰ ਦੀ ਜਾਨਣ ਵਾਲਾ ਹੈ **ਵਾ:** ਬਿਨੁ = ਬਗ਼ੈਰ ਬਕਨੇ = ਬੋਲਣ ਤੋਂ ਜੋ ਗੂੰਗੇ ਪੁਰਖ ਹਨ ਜਾਂ ਮੋਨੀ ਆਦਿ ਪੁਰਖ ਹਨ, ਉਨ੍ਹਾਂ ਸਭਨਾਂ ਦੀ ਅੰਦਰਲੀ ਹਾਲਤ ਨੂੰ ਜਾਣਦਾ ਹੈ, ਜਿਹੜੇ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹਿੰਦੇ ਹਨ ਤੇ ਉਨ੍ਹਾਂ ਹੋਰਨਾਂ ਤੋਂ ਪ੍ਰੇਰ ਕੇ ਕਹਾਉਂਦੇ ਹਨ, ਉਨ੍ਹਾਂ ਸਭਨਾਂ ਦੇ ਅੰਦਰ ਦੀ ਜਾਨਣ ਵਾਲਾ ਹੈ।

## ਜਾ ਕਉ ਮੇਲਿ ਲਏ ਪ੍ਰਭੁ ਨਾਨਕੁ; ਸੇ ਜਨ ਦਰਗਹ ਮਾਨੇ ॥੨॥੧੦੫॥੧੨੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਾ = ਜਿਸ ਗੁਰਮੁਖ ਜਨ ਕਉ = ਨੂੰ ਪ੍ਰਭੁ = ਪਰਮੇਸ਼ਰ ਆਪਣੇ ਨਾਲ ਮੇਲ ਲਏ = ਲੈਂਦਾ ਹੈ, ਸੇ = ਉਹ ਗੁਰਮੁਖ ਜਨ ਪਰਮੇਸ਼ਰ ਦੀ ਦਰਗਹ = ਨਿਆਏ ਸਭਾ ਵਿਚ ਮਾਨੇ = ਮੰਨੇ ਜਾਂਦੇ ਹਨ ॥੨॥੧੦੫॥੧੨੮॥

[ਅੰਗ ੧੨੨੯]

## ਸਾਰੰਗ ਮਹਲਾ ੫ ਚਉਪਦੇ ਘਰੁ ੫ ੧ਓ ਸਤਿਗੁਰ ਪ੍ਰਸਾਦਿ ॥

ਸਾਰੰਗ ਰਾਗ ਦੇ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਚਉਪਦੇ = ਚਾਰ ਪਦਿਆਂ ਵਾਲਾ ਘਰੁ ੫ = ਪੰਜਵੇਂ ਸੁਰਤਾਲ ਵਿਚ ਵਸਤੂ ਨਿਰਦੇਸ਼ਕ ਮੰਗਲ ਕਰਦਿਆਂ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰੂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਭਜਿ; ਆਨ ਕਰਮ ਬਿਕਾਰ ॥

ਹੇ ਭਾਈ! ਹਰਿ = ਪਰਮੇਸ਼ਰ ਦਾ ਭਜਿ = ਭਜਨ ਕਰ, ਆਨ = ਹੋਰ ਸਾਰੇ ਕਰਮ = ਕੰਮ **ਵਾ:** ਦੂਜੀਆਂ ਕਾਰਾਂ ਵਿਸ਼ੇ-ਵਿਕਾਰਾਂ ਨੂੰ ਪੈਦਾ ਕਰਨ ਵਾਲੀਆਂ ਹਨ।

## ਮਾਨ ਮੋਹੁ ਨ ਬੁਝਤ ਤ੍ਰਿਸਨਾ; ਕਾਲ ਗ੍ਰਸ ਸੰਸਾਰ ॥੧॥ਰਹਾਉ॥

ਹੋਰਨਾਂ ਕਾਰਜਾਂ ਨੂੰ ਕਰਕੇ ਮਾਨ = ਵਡਿਆਈ ਦੀ ਇੱਛਾ, ਪਦਾਰਥਾਂ ਦਾ ਮੋਹ ਤੇ ਤ੍ਰਿਸ਼ਨਾ ਰੂਪੀ ਅਗਨੀ ਨ = ਨਹੀਂ ਬੁਝਤ = ਬੁੱਝਦੀ, ਇਸੇ ਕਰਕੇ ਸਾਰਾ ਸੰਸਾਰ = ਜਗਤ ਕਾਲ ਦਾ ਗ੍ਰਸ = ਗ੍ਰਸਿਆ ਹੋਇਆ ਹੈ ॥੧॥ਰਹਾਉ॥

## ਖਾਤ, ਪੀਵਤ, ਹਸਤ, ਸੋਵਤ; ਅਉਧ ਬਿਤੀ ਅਸਾਰ ॥

ਚੰਗੇ ਪਦਾਰਥ ਖਾਤ = ਖਾਂਦਿਆਂ, ਰਸਾਂ ਕਸਾਂ ਦੇ ਤਾਈਂ ਪੀਵਤ = ਪੀਂਦਿਆਂ, ਹਸਤ = ਹਸਦਿਆਂ ਤੇ ਸੋਵਤ = ਸੁੱਤਿਆਂ ਸਾਰੀ ਅਉਧ = ਉਮਰ ਅਸਾਰ = ਬੇਖ਼ਬਰੀ, ਬੇਸੰਭਾਲਤਾ ਵਿਚ ਹੀ ਬਿਤੀ = ਬੀਤ ਗਈ ਹੈ।

## ਨਰਕ ਉਦਰ ਭ੍ਰਮੰਤ ਜਲਤੋ; ਜਮਹਿ ਕੀਨੀ ਸਾਰ ॥੧॥

ਪਹਿਲਾਂ ਜੀਵ ਮਾਤਾ ਦੇ ਉਦਰ = ਪੇਟ ਰੂਪ ਨਰਕ **ਵਾ:** ਮਾਤਾ ਦੇ ਪੇਟ ਤੇ ਨਰਕ ਵਿਚ ਭ੍ਰਮੰਤ = ਭਰਮਦਾ ਹੈ ਤੇ ਫੇਰ ਤ੍ਰਿਸ਼ਨਾ, ਕਾਲ ਰੂਪੀ ਅੱਗ ਵਿਚ ਜਲਤੋ = ਜਲਦਾ ਹੈ, ਫੇਰ ਜਮਹਿ = ਜਮਾਂ ਨੇ ਇਸ ਜੀਵ ਦੀ ਸਾਰ = ਸੰਭਾਲ ਕੀਨੀ = ਕੀਤੀ ਹੈ, ਭਾਵ ਅੰਤ ਦੇ ਸਮੇਂ ਜੀਵ ਦੇ ਤਾਈਂ ਜਮਾਂ ਨੇ ਪਕੜ ਲੈਣਾ ਹੈ ॥੧॥

## ਪਰ ਦ੍ਰੋਹ ਕਰਤ, ਬਿਕਾਰ ਨਿੰਦਾ; ਪਾਪ ਰਤ, ਕਰ ਝਾਰ ॥

ਧਨ ਪਦਾਰਥਾਂ ਦੇ ਵਾਸਤੇ ਪਰ = ਪਰਾਏ ਪੁਰਖਾਂ ਨਾਲ ਦ੍ਰੋਹ = ਛਲ ਕਰਤ = ਕਰਦਾ ਹੈ, ਬਿਕਾਰਾਂ ਨੂੰ ਭੋਗਦਾ ਰਹਿੰਦਾ ਹੈ, ਪਰਾਈ ਨਿੰਦ = ਅਪਕੀਰਤੀ ਕਰਦਾ ਹੈ, ਪਾਪ ਕਰਮਾਂ ਨਾਲ ਰਤ = ਪ੍ਰੀਤੀ ਕਰਦਾ ਹੈ, ਅੰਤ ਨੂੰ ਜਮਦੂਤ ਕਰ = ਹੱਥ ਝਾਰ = ਝਾੜ ਦੇਣਗੇ **ਵਾ:** ਪਾਪ ਕਰਮਾਂ ਵਿਚ ਪ੍ਰੀਤੀ ਕਰਕੇ ਕਰ = ਹੱਥ ਝਾੜ

ਕੇ ਪ੍ਰਲੋਕ ਨੂੰ ਜਾਵੇਗਾ **ਵਾ:** ਹੇ ਜੀਵ! ਪਾਪ ਕਰਮਾਂ ਨਾਲ ਪ੍ਰੀਤ ਕਰਨ ਵੱਲੋਂ ਹੱਥ ਝਾੜ ਕੇ ਭਾਵ ਪਾਪ ਕਰਮ ਕਰਨ ਤੋਂ ਹੱਟਣਾ ਕਰ।

## ਬਿਨਾ ਸਤਿਗੁਰ ਬੂਝ ਨਾਹੀ; ਤਮ ਮੋਹ ਮਹਾਂ ਅੰਧਾਰ ॥੨॥

ਸਤਿਗੁਰ = ਸੱਚੇ ਗੁਰੂ ਤੋਂ ਬਿਨੁ = ਬਗ਼ੈਰ ਕਿਸੇ ਵੀ ਪੁਰਖ ਨੂੰ ਬੂਝ = ਸਮਝ ਨਾਹੀ = ਨਹੀਂ ਪੈ ਸਕਦੀ, ਤਮ = ਅਤਿਸ਼ੇ ਕਰਕੇ ਮਹਾਂ = ਬੜਾ ਭਾਰੀ ਮੋਹ ਰੂਪ ਅੰਧਾਰ = ਹਨੇਰਾ ਪਿਆ ਰਹਿੰਦਾ ਹੈ **ਵਾ:** ਮਾਇਆ ਦਾ ਮੋਹ ਤੇ ਅਗਿਆਨ ਰੂਪੀ ਹਨੇਰਾ ਪਿਆ ਰਹਿੰਦਾ ਹੈ॥੨॥

## ਬਿਖੁ ਠਗਉਰੀ ਖਾਇ ਮੂਠੋ; ਚਿਤਿ ਨ ਸਿਰਜਨਹਾਰ ॥

ਇਹ ਜੀਵ ਬਿਖੁ = ਵਿਸ਼ਿਆਂ ਰੂਪੀ ਠਗਉਰੀ = ਠੱਗ ਬੂਟੀ ਖਾਇ = ਖਾ ਕੇ ਮੂਠੋ = ਠੱਗਿਆ ਗਿਆ ਹੈ, ਭਾਵ ਸ਼ੁਭ ਗੁਣ ਲੁੱਟੇ ਗਏ ਹਨ, ਇਸ ਜੀਵ ਨੇ ਸਿਰਜਨਹਾਰ = ਰਚਨਹਾਰ ਪਰਮੇਸ਼ਰ ਨੂੰ ਕਦੇ ਚਿਤਿ = ਚੇਤੇ ਹੀ ਨ = ਨਹੀਂ ਕੀਤਾ **ਵਾ:** ਚਿਤਿ = ਹਿਰਦੇ ਵਿਚ ਰਚਨਹਾਰ ਪਰਮੇਸ਼ਰ ਨੂੰ ਯਾਦ ਨਹੀਂ ਕਰਦਾ।

## ਗੋਬਿੰਦ ਗੁਪਤ ਹੋਇ ਰਹਿਓ ਨਿਆਰੋ; ਮਾਤੰਗ ਮਤਿ ਅਹੰਕਾਰ ॥੩॥

ਜੋ ਸਭ ਤੋਂ ਨਿਆਰੋ = ਨਿਰਾਲਾ (ਵੱਖਰਾ) ਗੋਬਿੰਦ = ਪ੍ਰਿਥਵੀ ਦਾ ਪਾਲਕ ਪਰਮੇਸ਼ਰ ਜੀਵ ਦੇ ਅੰਦਰ ਗੁਪਤ ਹੋਇ = ਹੋ ਰਹਿਓ = ਰਿਹਾ ਹੈ, ਉਸ ਨੂੰ ਅੰਦਰੋਂ ਜਾਣਦਾ ਨਹੀਂ ਹੈ ਸਗੋਂ ਸ਼ਰਾਬੀ ਮਾਤੰਗ = ਹਾਥੀ ਵਾਂਗ ਅਹੰਕਾਰ = ਹੰਕਾਰ ਰੂਪੀ ਸ਼ਰਾਬ ਪੀ ਕੇ ਮਤਿ = ਮਸਤ ਹੋ ਰਿਹਾ ਹੈ।

**ਅਥਵਾ** ਜਿਵੇਂ ਮਾਤੰਗ = ਹਾਥੀ ਸ਼ਰਾਬ ਪੀ ਕੇ ਮਸਤ ਹੋ ਜਾਂਦਾ ਹੈ, ਇਸੇ ਤਰ੍ਹਾਂ ਜੀਵ ਹੰਕਾਰ ਰੂਪੀ ਸ਼ਰਾਬ ਪੀ ਕੇ ਕਮਲਾ ਹੋਇਆ ਫਿਰਦਾ ਹੈ ਤੇ ਜੋ ਪਰਮੇਸ਼ਰ ਅੰਦਰ ਗੁਪਤ ਹੋ ਰਿਹਾ ਹੈ, ਉਸ ਤੋਂ ਨਿਆਰਾ ਹੋ ਰਿਹਾ ਹੈ॥੩॥

## ਕਰਿ ਕ੍ਰਿਪਾ ਪ੍ਰਭ ਸੰਤ ਰਾਖੇ; ਚਰਨ ਕਮਲ ਅਧਾਰ ॥

ਉਨਾਂ ਸੰਤ ਜਨਾਂ ਨੂੰ ਪ੍ਰਭ = ਪਰਮੇਸ਼ਰ ਨੇ ਕ੍ਰਿਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਰਾਖੇ = ਰੱਖਣਾ ਕੀਤਾ ਹੈ, ਜਿਨ੍ਹਾਂ ਨੂੰ ਪਰਮੇਸ਼ਰ ਨੇ ਆਪਣੇ ਚਰਨਾਂ ਕਮਲਾਂ ਦਾ ਅਧਾਰ = ਆਸਰਾ ਬਖ਼ਸ਼ਿਆ ਹੈ।

## ਕਰ ਜੋਰਿ ਨਾਨਕੁ, ਸਰਨਿ ਆਇਓ;
## ਗੋੁਪਾਲ ਪੁਰਖ ਅਪਾਰ ॥੪॥੧॥੧੨੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਗੋੁਪਾਲ = ਪ੍ਰਿਥਵੀ ਦੇ ਪਾਲਕ ਪੁਰਖ = ਪੂਰਨ ਤੇ ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ! ਮੈਂ ਦੋਵੇਂ ਕਰ = ਹੱਥ ਜੋੜ ਕੇ ਤੇਰੀ ਸਰਨਿ = ਓਟ ਵਿਚ ਆਇਓ = ਆਇਆ ਹਾਂ॥੪॥੧॥੧੨੯॥

## ਸਾਰਗ ਮਹਲਾ ੫ ਘਰੁ ੬ ਪੜਤਾਲ

## ੧ੴ ਸਤਿਗੁਰ ਪ੍ਰਸਾਦਿ ॥

ਸਾਰਗ ਰਾਗ ਦੇ ਵਿਚ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਘਰੁ ੬ = ਛੇਵੇਂ ਸੁਰਤਾਲ ਅੰਦਰ ਪੜਤਾਲ ਨਾਮੇ ਛੰਦ ਵਿਚ ਪਹਿਲਾਂ ਮੰਗਲ ਕਰਦਿਆਂ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ਓਂ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸੁਭ ਬਚਨ ਬੋਲਿ; ਗੁਨ ਅਮੋਲ ॥

ਹੇ ਸਖੀ ! ਸੁਭ = ਸੁੰਦਰ, ਚੰਗੇ, ਸੋਭਾ ਵਾਲੇ ਬਚਨ = ਵਾਕ ਬੋਲਿ = ਬੋਲਿਆ ਕਰ, ਜਿਸ ਕਰਕੇ ਤੈਨੂੰ ਵਾਹਿਗੁਰੂ ਦੀ ਪ੍ਰਾਪਤੀ ਵਾਲੇ ਅਮੋਲ = ਅਮੋਲਕ ਗੁਣ ਪ੍ਰਾਪਤ ਹੋਣ।

## ਕਿੰ ਕਰੀ; ਬਿਕਾਰ ॥ ਦੇਖੁ ਰੀ; ਬੀਚਾਰ ॥
## ਗੁਰ ਸਬਦੁ ਧਿਆਇ; ਮਹਲੁ ਪਾਇ ॥

ਹੇ ਸਖੀ ! ਤੂੰ ਵਿਸ਼ੇ-ਵਿਕਾਰਾਂ ਨੂੰ ਕਿੰ = ਕਿਉਂ ਭੋਗਣਾ ਕਰ = ਕਰਦੀ ਹੈਂ **ਵਾ:** ਹੇ ਸਖੀ ! ਤੂੰ ਆਪਣੇ ਆਪ ਨੂੰ ਵਿਕਾਰਾਂ ਦੀ ਕਿੰਕਰੀ = ਦਾਸੀ ਕਿਉਂ ਬਣਾਇਆ ਹੋਇਆ ਹੈ।

***ਨੋਟ :*** ਮੁਖ ਪਾਠ 'ਕਿੰ ਕਰੀ' ਹੈ ਤੇ ਦੂਸਰਾ ਪਾਠ 'ਕਿੰਕਰੀ' ਇਕੱਠਾ ਹੈ।

ਰੀ = ਹੇ ਸਖੀ ! ਤੂੰ ਹਿਰਦੇ ਵਿਚ ਬੀਚਾਰ = ਵੀਚਾਰ ਕਰਕੇ ਦੇਖੁ = ਵੇਖਣਾ ਕਰ। ਅਤੇ :

ਜੇਕਰ ਤੂੰ ਸਚਖੰਡ ਰੂਪੀ ਮਹਲ **ਵਾ:** ਮਹਲੁ = ਸ੍ਵਰੂਪ ਨੂੰ ਪਾਇ = ਪਾਉਣਾ ਚਾਹੁੰਦੀ ਹੈਂ ਤਾਂ ਗੁਰ ਸਬਦੁ = ਉਪਦੇਸ਼ ਦੁਆਰਾ ਨਾਮ ਨੂੰ ਧਿਆਇ = ਧਿਆਇਆ ਕਰ **ਵਾ:** ਗੁਰ ਉਪਦੇਸ਼ ਦੁਆਰਾ ਪ੍ਰਭੂ ਨਾਮ ਨੂੰ ਧਿਆ ਕੇ ਮਹਲੁ = ਸ੍ਵਰੂਪ ਨੂੰ ਪਾਉਣਾ ਕਰ।

## ਹਰਿ ਸੰਗਿ ਰੰਗ; ਕਰਤੀ ਮਹਾ ਕੇਲ ॥੧॥ਰਹਾਉ॥

ਜੋ ਹਰਿ = ਪਰਮੇਸ਼ਰ ਦੇ ਸੰਗਿ = ਨਾਲ ਰੰਗ = ਪ੍ਰੇਮ ਕਰਦੀ ਹੈ, ਉਹ ਮਹਾ = ਬੜੇ, ਬਹੁਤੇ ਕੇਲ = ਅਨੰਦ ਨੂੰ ਪਾਉਣਾ ਕਰਤੀ = ਕਰਦੀ ਹੈ॥੧॥ਰਹਾਉ॥

## ਸੁਪਨ ਰੀ; ਸੰਸਾਰੁ ॥ ਮਿਥਨੀ; ਬਿਸਥਾਰੁ ॥

ਰੀ = ਹੇ ਸਖੀ ! ਇਹ ਸਾਰਾ ਸੰਸਾਰੁ = ਜਗਤ ਸੁਪਨੇ ਦੀ ਨਿਆਈਂ ਹੈ **ਵਾ:** ਸੰਸਾਰ ਵਿਚ ਰਹਿੰਦਿਆਂ ਤੈਨੂੰ ਅਵਿੱਦਿਆ ਰੂਪੀ ਨੀਂਦ ਦੇ ਆਉਣ ਕਰਕੇ ਸੁਪਨਾ ਆਇਆ ਹੋਇਆ ਹੈ।

ਸੰਸਾਰ ਦਾ ਜਿਤਨਾ ਕੁ ਬਿਸਥਾਰੁ = ਫੈਲਾਉ ਹੈ, ਉਹ ਸਾਰਾ ਮਿਥਨੀ = ਮਿਥਿਆ, ਨਾਸ਼ਵਾਨ ਹੀ ਹੈ **ਵਾ:** ਜਿਤਨਾ ਬਿਸਥਾਰ ਹੈ, ਤੂੰ ਸਾਰਾ ਅਣਹੋਇਆ ਹੀ ਮੰਨਿਆ ਹੋਇਆ ਹੈ।

## ਸਖੀ ਕਾਇ ਮੋਹਿ ਮੋਹਿ ਲੀ; ਪ੍ਰਿਅ ਪ੍ਰੀਤਿ, ਰਿਦੈ ਮੇਲ ॥੧॥

ਹੇ ਸਖੀ ! ਤੂੰ ਕਾਇ = ਕਿਸ ਵਾਸਤੇ ਮਾਇਆ ਦੇ ਮੋਹ ਵਿਚ ਆਪਣੀ ਬਿਰਤੀ ਮੋਹਿ = ਮੋਹਿਤ ਕਰ ਲੀ = ਲਈ ਹੈ **ਵਾ:** ਤੇਰਾ ਕਿਸ ਵਾਸਤੇ ਚਿੱਤ ਪਦਾਰਥਾਂ ਦੇ ਮੋਹ ਨੇ ਮੋਹ ਲਿਆ ਹੈ, ਤੂੰ ਪ੍ਰਿਅ = ਪਿਆਰੇ ਅਕਾਲ ਪੁਰਖ ਦੀ ਪ੍ਰੀਤਿ = ਪ੍ਰੀਤੀ ਨੂੰ ਆਪਣੇ ਰਿਦੈ = ਹਿਰਦੇ ਵਿਚ ਮੇਲ = ਮਿਲਾਉਣਾ ਕਰ, ਫੇਰ ਤੂੰ ਮੋਹ ਤੋਂ ਛੁੱਟ ਜਾਵੇਂਗੀ॥੧॥

## ਸਰਬ ਰੀ; ਪ੍ਰੀਤਿ ਪਿਆਰੁ ॥ ਪ੍ਰਭੁ ਸਦਾ ਰੀ; ਦਇਆਰੁ ॥

ਰੀ = ਹੇ ਸਖੀ ! ਤੂੰ ਸਰਬ = ਸਾਰਿਆਂ ਨਾਲ ਪ੍ਰੀਤਿ = ਪ੍ਰੀਤੀ ਕਰਨ ਵਾਲੇ ਪਰਮੇਸ਼ਰ ਨਾਲ

ਪਿਆਰ = ਸਨੇਹ ਕਰ **ਵਾ**: ਜੋ ਸਾਰਿਆਂ ਵਿਚ ਪ੍ਰੇਤਾ ਰੂਪ ਤੇ ਸਭ ਨੂੰ ਪਿਆਰ ਕਰਨ ਵਾਲਾ ਪਰਮੇਸ਼ਰ ਹੈ, ਉਸ ਨਾਲ ਪ੍ਰੀਤੀ ਕਰ।

ਰੀ = ਹੇ ਸਖੀ ! ਉਹ ਪ੍ਰਭੁ = ਵਾਹਿਗੁਰੂ ਸਦਾ = ਹਮੇਸ਼ਾਂ ਦਇਆਰੁ = ਦਇਆ ਦਾ ਘਰ ਹੈ।

## ਕਾਂਏਂ; ਆਨ ਆਨ, ਰੁਚੀਐ ॥ ਹਰਿ ਸੰਗਿ; ਸੰਗਿ ਖਚੀਐ ॥

ਹੇ ਸਖੀ ! ਤੂੰ ਕਾਂਏਂ = ਕਿਸ ਵਾਸਤੇ ਵਾਹਿਗੁਰੂ ਨੂੰ ਛੱਡ ਕੇ ਆਨ = ਦਵੈਤ ਵਿਚ ਤੇ ਆਨ = ਹੋਰਨਾਂ ਦੇਵੀ ਦੇਵਤਿਆਂ ਦੀ ਪੂਜਾ ਵਿਚ ਰੁਚੀਐ = ਰੁਚੀ ਕਰਦੀ ਹੈ।

ਜੋ ਹਰਿ = ਪਰਮੇਸ਼ਰ ਹਰ ਵਕਤ ਤੇਰੇ ਸੰਗਿ = ਸਾਥ ਹੈ, ਉਸ ਦੇ ਸੰਗਿ = ਸਾਥ ਤੈਨੂੰ ਖਚੀਐ = ਖਚਤ ਹੋਣਾ ਚਾਹੀਦਾ ਹੈ, ਭਾਵ ਉਸ ਦੇ ਪ੍ਰੇਮ ਵਿਚ ਲਿਵਲੀਨ ਹੋਣਾ ਚਾਹੀਦਾ ਹੈ।

## ਜਉ; ਸਾਧਸੰਗ ਪਾਏ ॥ ਕਹੁ ਨਾਨਕ; ਹਰਿ ਧਿਆਏ ॥

ਹੇ ਸਖੀ ! ਜਉ = ਜਦ ਸਾਧਸੰਗ = ਸਾਧਸੰਗਤ ਨੂੰ ਪਾਏ = ਪਾਉਣਾ ਕਰੀਦਾ ਹੈ।

ਸਤਿਗੁਰੂ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਤਦੋਂ ਹੀ ਹਰਿ = ਪਰਮੇਸ਼ਰ ਨੂੰ ਗੁਰਾਂ ਦੁਆਰਾ ਧਿਆਏ = ਧਿਆਇਆ ਜਾਂਦਾ ਹੈ।

## ਅਬ; ਰਹੇ ਜਮਹਿ ਮੇਲ ॥੨॥੧॥੧੩੦॥

ਪਰਮੇਸ਼ਰ ਨੂੰ ਧਿਆਉਣ ਵਾਲੇ ਪੁਰਖਾਂ ਦਾ ਅਬ = ਹੁਣੇ ਹੀ ਜਮਹਿ = ਜਮਾਂ ਦਾ ਮੇਲ = ਮਿਲਾਪ ਰਹੇ = ਰਹਿ ਜਾਵੇਗਾ, ਭਾਵ ਉਨ੍ਹਾਂ ਦਾ ਜਮਾਂ ਨਾਲ ਮਿਲਾਪ ਨਹੀਂ ਹੋਵੇਗਾ, ਉਹ ਮੁਕਤ ਹੋ ਜਾਣਗੇ ॥੨॥੧॥੧੩੦॥

## ਸਾਰਗ ਮਹਲਾ ੫ ॥

ਗੁਰੂ ਸਾਹਿਬ ਜੀ ਗੁਰਸਿਖਾਂ ਨੂੰ ਨਾਮ ਦੀ ਮਹੱਤਤਾ ਦੱਸਦੇ ਹੋਏ ਕਿ ਨਾਮ ਦੇ ਬਰਾਬਰ ਕੋਈ ਵੀ ਚੀਜ਼ ਨਹੀਂ ਹੈ, ਸ਼ਬਦ ਉਚਾਰਨ ਕਰਦੇ ਹਨ।

## ਕੰਚਨਾ ਬਹੁ; ਦਤ ਕਰਾ ॥ ਭੂਮਿ ਦਾਨੁ; ਅਰਪਿ ਧਰਾ ॥

ਭਾਵੇਂ ਕੋਈ ਬਹੁ = ਬਹੁਤਾ ਕੰਚਨਾ = ਸੋਨਾ ਦਤ = ਦਾਨ ਕਰਾ = ਕਰ ਦੇਵੇ **ਵਾ**: ਭਾਵੇਂ ਕੋਈ ਦਿਖਾਵੇ ਮਾਤਰ ਦਤ = ਇੰਦਰੀਆਂ ਦਾ ਦਮਨ ਵੀ ਕਰ ਲਵੇ।

ਭੂਮਿ = ਭੂਮੀ (ਧਰਤੀ) ਵੀ ਦਾਨ ਕਰ ਦੇਵੇ ਤੇ ਸਾਰੇ ਪਦਾਰਥ ਵੀ ਅਰਪਿ = ਅਰਪਣ ਕਰਕੇ ਅੱਗੇ ਧਰਾ = ਧਰ, ਰੱਖ ਦੇਵੇ **ਵਾ**: ਭੂਮਿ = ਭੂਮੀ, ਵਾਹੀ ਯੋਗ ਜ਼ਮੀਨ ਦਾਨ ਕਰ ਦੇਵੇ ਤੇ ਹੋਰ ਵੀ ਬਹੁਤ ਸਾਰੀ ਧਰਾ = ਧਰਤੀ ਅਰਪ ਕਰ ਦੇਵੇ ਭਾਵ ਆਪਣਾ ਕੁਝ ਵੀ ਕੋਲ ਨਾ ਰੱਖੇ।

## ਮਨ ਅਨਿਕ ਸੋਚ; ਪਵਿਤ੍ਰ ਕਰਤ ॥

ਭਾਵੇਂ ਕੋਈ ਪੁਰਖ ਮਨ = ਚਿੱਤ ਕਰਕੇ ਅਨਿਕ = ਅਨੇਕ ਪ੍ਰਕਾਰ ਦੀ ਨਿਉਲੀ, ਧੋਤੀ ਆਦਿ ਕਿਰਿਆ ਨਾਲ ਆਂਦਰਾਂ ਨੂੰ ਧੋਣ ਰੂਪ ਸੋਚ = ਸੁੱਚਮਤਾ ਵੀ ਕਰ ਲਵੇ ਤੇ ਤੀਰਥਾਂ ਉੱਤੇ ਇਸ਼ਨਾਨ ਕਰਕੇ ਆਪਣੇ ਸਰੀਰ ਨੂੰ ਵੀ ਪਵਿੱਤਰ ਕਰਤ = ਕਰਦਾ ਫਿਰੇ **ਵਾ**: ਭਾਵੇਂ ਕੋਈ ਮਨ = ਚਿੱਤ ਵਿਚ ਸੋਚ = ਵਿਚਾਰ ਕੇ ਅਨੇਕ ਤਰ੍ਹਾਂ ਦੀ ਪਵਿਤ੍ਰਤਾ ਵੀ ਕਰ ਲਵੇ।

## ਨਾਹੀ ਰੇ ਨਾਮ ਤੁਲਿ; ਮਨ, ਚਰਨ ਕਮਲ ਲਾਗੇ ॥੧॥ਰਹਾਉ॥

ਰੇ = ਹੇ ਮਨਾਂ! ਇਨ੍ਹਾਂ ਵਿੱਚੋਂ ਕੋਈ ਵੀ ਸਾਧਨ ਜਾਂ ਚੀਜ਼ ਪਰਮੇਸ਼ਰ ਦੇ ਨਾਮ ਤੁਲਿ = ਸਦਰਸ਼ ਨਾਹੀ = ਨਹੀਂ ਹੈ, ਇਸ ਲਈ ਹੇ ਮੇਰੇ ਮਨਾਂ! ਤੂੰ ਹਰ ਵਕਤ ਪਰਮੇਸ਼ਰ ਦੇ ਚਰਨਾਂ ਕਮਲਾਂ ਨਾਲ ਲਾਗੇ = ਲੱਗਿਆ ਰਹਿਣਾ ਕਰ ॥੧॥ਰਹਾਉ॥

## ਚਾਰਿ ਬੇਦ; ਜਿਹਵ ਭਨੇ ॥ ਦਸ ਅਸਟ ਖਸਟ; ਸ੍ਰਵਨ ਸੁਨੇ ॥

ਭਾਵੇਂ ਕੋਈ ਚਾਰੇ ਵੇਦਾਂ ਨੂੰ ਕੰਠ ਕਰਕੇ ਜਿਹਵ = ਰਸਨਾ ਨਾਲ ਭਨੇ = ਉਚਾਰਨ ਕਰਨ ਵਾਲਾ ਹੋਵੇ, ਦਸ ਤੇ ਅਸਟ = ਅੱਠ, ਅਠਾਰਾਂ ਪੁਰਾਣ ਤੇ ਖਸਟ = ਛੇ ਸ਼ਾਸਤਰਾਂ ਨੂੰ ਸ੍ਰਵਨ = ਕੰਨਾਂ ਨਾਲ ਸੁਨੇ = ਸੁਣ ਲਵੇ।

## ਨਹੀ ਤੁਲਿ; ਗੋਬਿਦ ਨਾਮ ਧੁਨੇ ॥ ਮਨ; ਚਰਨ ਕਮਲ ਲਾਗੇ ॥੧॥

ਪਰ ਗੋਬਿਦ = ਪਰਮੇਸ਼ਰ ਦੇ ਨਾਮ ਧੁਨੇ = ਉਚਾਰਨ ਕਰਨ ਤੁਲਿ = ਬਰਾਬਰ ਕੋਈ ਵੀ ਨਹੀਂ ਹੈ।

ਇਸ ਲਈ ਹੇ ਮੇਰੇ ਮਨਾਂ! ਤੂੰ ਪਰਮੇਸ਼ਰ ਦੇ ਚਰਨਾਂ ਕਮਲਾਂ ਨਾਲ ਹੀ ਲਾਗੇ = ਲੱਗਿਆ ਰਹਿਣਾ ਕਰ ॥੧॥

## ਬਰਤ ਸੰਧਿ; ਸੋਚ ਚਾਰ ॥ ਕ੍ਰਿਆ ਕੁੰਟਿ; ਨਿਰਾਹਾਰ ॥

(ਦੂਸਰਾ ਪਾਠ **ਸੋਚਚਾਰ** ਇਕੱਠਾ ਹੈ)

ਭਾਵੇਂ ਕੋਈ ਰਾਮ ਨੌਮੀ, ਕ੍ਰਿਸ਼ਨ ਅਸ਼ਟਮੀ ਆਦਿ ਦੇ ਵਰਤ ਰੱਖ ਲਵੇ, ਸਵੇਰੇ, ਦੁਪਹਿਰੇ, ਸ਼ਾਮ ਆਦਿ ਤਿੰਨ ਸੰਧਿ = ਸੰਧਿਆ ਵੀ ਕਰ ਲਵੇ, ਭਾਵ ਸਵੇਰੇ ਸੂਰਜ ਆਦਿ ਨੂੰ ਪਾਣੀ ਦੇ ਕੇ ਅਸਤੋਤਰ ਪੜ੍ਹ ਲਵੇ, ਦੁਪਹਿਰੇ ਅਸਤੋਤਰ ਆਦਿ ਪੜ੍ਹਨੇ ਤੇ ਸ਼ਾਮ ਨੂੰ ਆਰਤੀ ਕਰਨ ਆਦਿ ਤਿੰਨ ਸੰਧਿਆ ਕਰ ਲਵੇ, ਭਾਵੇਂ ਕੋਈ ਸਰੀਰ ਦੀ ਸੋਚ = ਪਵਿੱਤਰਤਾ ਲਈ ਚਾਰ = ਆਚਾਰ (ਕਰਤਬ) ਕਰ ਲਵੇ।

ਭਾਵੇਂ ਕੋਈ ਨਿਉਲੀ ਧੋਤੀ ਆਦਿ ਕਿਰਿਆ ਕਰਨ ਵਾਲਾ ਹੋਵੇ, ਭਾਵੇਂ ਕੋਈ ਚਾਰੇ ਕੁੰਟ = ਦਿਸ਼ਾਵਾਂ ਵਿਚ ਵਿਚਰਨ ਵਾਲਾ ਹੋਵੇ, ਭਾਵੇਂ ਨਿਰਾਹਾਰ = ਆਹਾਰ ਤੋਂ ਰਹਿਤ ਹੋਵੇ।

## ਅਪਰਸ; ਕਰਤ ਪਾਕ ਸਾਰ ॥ ਨਿਵਲੀ ਕਰਮ; ਬਹੁ ਬਿਸਥਾਰ ॥

(**ਅਪੱਰਸ** ਬੋਲੋ)

ਭਾਵੇਂ ਕੋਈ ਪੁਰਖ ਕਿਸੇ ਨਾਲ ਅਪਰਸ = ਛੂੰਹਦਾ ਵੀ ਨਾ ਹੋਵੇ, ਆਪਣੀ ਸਾਰ = ਸ੍ਰੇਸ਼ਟ ਪਾਕ = ਰਸੋਈ (ਭੋਜਨ) ਬਣਾ ਕੇ ਖਾਣ ਵਾਲਾ ਹੋਵੇ।

ਭਾਵੇਂ ਕੋਈ ਬਹੁ = ਬਹੁਤ ਬਿਸਥਾਰ = ਵਿਸਤਾਰ ਪੂਰਬਕ ਨਿਵਲੀ = ਨਿਉਲੀ ਆਦਿ ਕਰਮਾਂ ਨੂੰ ਕਰਨ ਵਾਲਾ ਹੋਵੇ।

## ਧੂਪ ਦੀਪ ਕਰਤੇ; ਹਰਿ ਨਾਮ ਤੁਲਿ ਨ ਲਾਗੇ ॥

ਬਹੁਤੇ ਧੂਪ ਧੁਖਾ ਕੇ ਦੀਪ = ਦੀਵੇ ਆਦਿ ਜਗਾਉਣਾ ਕਰਤੇ = ਕਰਦੇ ਹਨ, ਪਰ ਇਹ ਸਾਰੇ ਕਰਮ ਹਰਿ = ਪਰਮੇਸ਼ਰ ਦੇ ਨਾਮ ਦੇ ਤੁਲਿ = ਬਰਾਬਰ ਨ = ਨਹੀਂ ਲਾਗੇ = ਲੱਗ ਸਕਦੇ।

## ਰਾਮ ਦਇਆਰ; ਸੁਨਿ ਦੀਨ ਬੇਨਤੀ ॥

ਹੇ ਦਇਆਰ = ਦਇਆ ਦੇ ਘਰ ਰਾਮ = ਪਰਮੇਸ਼ਰ ! ਮੇਰੀ ਦੀਨ = ਗ਼ਰੀਬ ਦੀ ਬੇਨਤੀ = ਅਰਜ਼ੋਈ ਸੁਨਿ = ਸੁਣਨਾ ਕਰ।

## ਦੇਹੁ ਦਰਸੁ, ਨੈਨ ਪੇਖਉ;
## ਜਨ ਨਾਨਕ, ਨਾਮ ਮਿਸਟ ਲਾਗੇ ॥੨॥੨॥੧੩੧॥

ਹੇ ਪਰਮੇਸ਼ਰ ! ਮੈਨੂੰ ਆਪਣਾ ਦਰਸੁ = ਦੀਦਾਰ ਦੇਹੁ = ਦੇਣਾ ਕਰੋ, ਬਖ਼ਸ਼ੋ, ਜਿਸ ਕਰਕੇ ਮੈਂ ਆਪਣੇ ਨੈਨ = ਨੇਤਰਾਂ ਨਾਲ ਤੇਰੇ ਦਰਸਨ ਪੇਖਉ = ਵੇਖਣਾ ਕਰਾਂ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਮੈਨੂੰ ਜਨ = ਦਾਸ ਨੂੰ ਤੇਰਾ ਨਾਮ ਮਿਸਟ = ਮਿੱਠਾ ਲਾਗੇ = ਲੱਗ ਰਿਹਾ ਹੈ ॥੨॥੨॥੧੩੧॥

## ਸਾਰਗ ਮਹਲਾ ੫ ॥
## ਰਾਮ ਰਾਮ ਰਾਮ ਜਾਪਿ; ਰਮਤ ਰਾਮ ਸਹਾਈ ॥੧॥ਰਹਾਉ॥

ਹੇ ਭਾਈ ! ਰਾਮ ਬਾਗ਼ ਦੀ ਨਿਆਈਂ ਅਨੰਦ ਦੇਣ ਵਾਲੇ ਰਾਮ = ਰਮੇ ਹੋਏ ਰਾਮ = ਪਰਮੇਸ਼ਰ ਨੂੰ ਜਾਪਿ = ਜਪਣਾ ਕਰ, ਉਹ ਰਮਤ = ਰਮਿਆ ਹੋਇਆ ਰਾਮ = ਪਰਮੇਸ਼ਰ ਹੀ ਤੇਰਾ ਲੋਕ-ਪ੍ਰਲੋਕ ਵਿਚ ਸਹਾਈ = ਸਹਾਇਕ ਹੋਵੇਗਾ ॥੧॥ਰਹਾਉ॥

[ਅੰਗ ੧੨੩੦]

## ਸੰਤਨ ਕੈ ਚਰਨ ਲਾਗੇ, ਕਾਮ ਕ੍ਰੋਧ ਲੋਭ ਤਿਆਗੇ;

ਜਿਹੜੇ ਸੰਤਨ = ਸੰਤ ਜਨਾਂ ਕੈ = ਦੇ ਚਰਨਾਂ ਕਮਲਾਂ ਵਿਚ ਲਾਗੇ = ਲੱਗੇ ਹਨ ਤੇ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰ ਤਿਆਗੇ = ਛੱਡ ਦਿੱਤੇ ਹਨ;

## ਗੁਰ ਗੋਪਾਲ ਭਏ ਕ੍ਰਿਪਾਲ; ਲਬਧਿ ਅਪਨੀ ਪਾਈ ॥੧॥

ਉਨ੍ਹਾਂ ਉੱਤੇ ਗੁਰੂ ਗੋਪਾਲ = ਅਕਾਲ ਪੁਰਖ ਜੀ ਕ੍ਰਿਪਾਲ = ਦਿਆਲੂ ਭਏ = ਹੋਏ ਹਨ, ਇਸੇ ਕਰਕੇ ਉਨ੍ਹਾਂ ਨੇ ਬ੍ਰਹਮ ਵਿੱਦਿਆ ਦੁਆਰਾ ਲਬਧਿ = ਲੱਭਣੇ ਜੋਗ ਆਪਣੀ ਆਤਮਿਕ ਵਸਤੂ ਪਾਈ = ਪਾ ਲਈ ਹੈ ॥੧॥

## ਬਿਨਸੇ ਭ੍ਰਮ ਮੋਹ ਅੰਧ, ਟੂਟੇ ਮਾਇਆ ਕੇ ਬੰਧ;
## ਪੂਰਨ ਸਰਬਤ੍ਰ ਠਾਕੁਰ, ਨਹ ਕੋਊ ਬੈਰਾਈ ॥

ਉਨ੍ਹਾਂ ਦੇ ਪੰਜ ਪ੍ਰਕਾਰ ਦੇ ਭਰਮ, ਸੰਬੰਧੀਆਂ, ਪਦਾਰਥਾਂ ਦਾ ਮੋਹ ਤੇ ਅਗਿਆਨ ਕਾਰਨ ਪਈ ਹੋਈ ਅੰਧ = ਅੰਧਤਾਈ ਆਦਿ ਸਭ ਬਿਨਸੇ = ਨਾਸ਼ ਹੋ ਗਏ, ਮਾਇਆ ਕੇ = ਦੇ ਬੰਧ = ਬੰਧਨ ਵੀ ਟੂਟੇ = ਟੁੱਟ ਗਏ ਹਨ, ਉਨ੍ਹਾਂ ਨੂੰ ਸਰਬਤ੍ਰ = ਸਾਰਿਆਂ ਥਾਵਾਂ ਵਿਚ ਪੂਰਨ ਠਾਕੁਰ = ਸੁਆਮੀ ਪਰਮੇਸ਼ਰ ਹੀ ਵਿਆਪਕ ਦਿੱਸਦਾ ਹੈ ਅਤੇ ਨਹ = ਨਾ ਹੀ ਉਨ੍ਹਾਂ ਦਾ ਕੋਊ = ਕੋਈ ਬੈਰਾਈ = ਵੈਰੀ ਰਿਹਾ ਹੈ **ਵਾ:** ਨਾ ਹੀ ਉਨ੍ਹਾਂ ਨੂੰ ਕੋਈ ਵੈਰੀ ਦਿੱਸਦਾ ਹੈ, ਭਾਵ ਸਭ ਵਿਚ ਪ੍ਰਭੂ ਦੀ ਜੋਤ ਹੀ ਵੇਖਦੇ ਹਨ।

## ਸੁਆਮੀ ਸੁਪ੍ਰਸੰਨ ਭਏ, ਜਨਮ ਮਰਨ ਦੋਖ ਗਏ;
## ਸੰਤਨ ਕੈ ਚਰਨ ਲਾਗਿ, ਨਾਨਕ ਗੁਨ ਗਾਈ ॥੨॥੩॥੧੩੨॥

ਜਿਨ੍ਹਾਂ ਉੱਤੇ ਸੁ = ਭਲੀ ਪ੍ਰਕਾਰ ਸੁਆਮੀ = ਮਾਲਕ ਪਰਮੇਸ਼ਰ ਜੀ ਪ੍ਰਸੰਨ ਭਏ = ਹੋਏ ਹਨ, ਉਨ੍ਹਾਂ ਦੇ ਜੰਮਣ ਮਰਣ ਦੇ ਦੋਖ = ਦੋਸ਼ ਵੀ ਨਵਿਰਤ ਹੋ ਗਏ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਸੰਤਨ = ਮਹਾਤਮਾ ਜਨਾਂ ਕੈ = ਦੇ ਚਰਨੀਂ ਲਾਗਿ = ਲੱਗ ਕੇ ਪਰਮੇਸ਼ਰ ਦੇ ਗੁਣਾਂ ਨੂੰ ਗਾਈ = ਗਾਉਣਾ ਕੀਤਾ ਹੈ ॥੨॥੩॥੧੩੨॥

## ਸਾਰਗ ਮਹਲਾ ੫ ॥
## ਹਰਿ ਹਰੇ ਹਰਿ ਮੁਖਹੁ ਬੋਲਿ; ਹਰਿ ਹਰੇ ਮਨਿ ਧਾਰੇ ॥੧॥ਰਹਾਉ॥

ਹੇ ਭਾਈ ! ਸਾਰਿਆਂ ਦੇ ਪਾਪਾਂ ਨੂੰ ਹਰਿ = ਹਰਨ ਵਾਲੇ, ਸਭ ਨੂੰ ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਮੁਖਹੁ = ਮੂੰਹੋਂ ਬੋਲਿ = ਬੋਲਣਾ, ਉਚਾਰਨਾ ਕਰੋ ਅਤੇ ਸੰਸਿਆਂ ਦੇ ਹਰੇ = ਹਾਰਕ ਹਰਿ = ਪਰਮੇਸ਼ਰ ਨੂੰ ਮਨਿ = ਹਿਰਦੇ ਵਿਚ ਵੀ ਧਾਰੇ = ਧਾਰਨ, ਵਸਾਉਣਾ ਕਰੋ ॥੧॥ਰਹਾਉ॥

## ਸ੍ਰਵਨ ਸੁਨਨ, ਭਗਤਿ ਕਰਨ; ਅਨਿਕ ਪਾਤਿਕ ਪੁਨਹਚਰਨ ॥

ਹਰ ਵਕਤ ਸ੍ਰਵਨ = ਕੰਨਾਂ ਨਾਲ ਪ੍ਰਭੂ ਜੱਸ, ਨਾਮ ਸੁਨਨ = ਸੁਣਨਾ ਤੇ ਸਰੀਰ ਕਰਕੇ ਪ੍ਰਭੂ ਦੀ ਪ੍ਰੇਮਾ ਭਗਤਿ = ਭਗਤੀ ਕਰਨ = ਕਰਨੀ ਹੈ, ਇਹ ਅਨਿਕ = ਅਨੇਕਾਂ ਜਨਮਾਂ ਦੇ ਪਾਤਿਕ = ਪਾਪਾਂ ਨੂੰ ਦੂਰ ਕਰਨ ਵਾਸਤੇ ਪੁਨਹਚਰਨ = ਪ੍ਰਾਸ਼ਚਿਤ ਰੂਪ ਹਨ **ਵਾ:** ਅਨੇਕਾਂ ਪਾਪਾਂ ਦੀ ਨਵਿਰਤੀ ਵਾਸਤੇ ਤੇ ਪੁੰਨਾਂ ਵਿਚ ਪ੍ਰਵਿਰਤ ਹੋਣ ਵਾਸਤੇ ਪੁਨਹਚਰਨ ਹਨ।

## ਸਰਨ ਪਰਨ, ਸਾਧੂ; ਆਨ ਬਾਨਿ ਬਿਸਾਰੇ ॥੧॥

(ਦੂਸਰਾ ਪਾਠ **ਆਨ ਥਾਨਿ** ਹੈ)

ਸਾਧੂ = ਸ੍ਰੇਸ਼ਟ ਪੁਰਖਾਂ, ਸੰਤਾ ਜਨਾਂ ਦੀ ਸਰਨ = ਓਟ ਦਾ ਪਰਨ = ਆਸਰਾ ਲੈਣਾ ਕਰੋ, ਆਨ = ਹੋਰ ਭੈੜੀਆਂ ਬਾਨਿ = ਆਦਤਾਂ, **ਵਾ:** ਬਾਨਿ = ਬਾਣੀਆਂ ਬਿਸਾਰੇ = ਵਿਸਾਰ ਦੇਣਾ ਕਰੋ **ਵਾ:** ਜੋ ਆਨ = ਦਵੈਤ ਕਰਕੇ ਬਾਨਿ = ਦੁੱਖ ਪ੍ਰਾਪਤ ਹੋ ਰਹੇ ਹਨ **ਵਾ:** ਜੋ ਹੋਰ ਕਿਸੇ ਨੂੰ ਦੁੱਖ ਦੇਣਾ ਹੈ, ਇਸ ਨੂੰ ਵਿਸਾਰ ਦੇਣਾ ਕਰੋ **ਵਾ:** ਆਨ = ਹੋਰ ਥਾਨਿ = ਥਾਂਵਾਂ ਨੂੰ ਵਿਸਾਰ ਦੇਣਾ ਕਰੋ ॥੧॥

## ਹਰਿ ਚਰਨ ਪ੍ਰੀਤਿ ਨੀਤ ਨੀਤਿ, ਪਾਵਨਾ ਮਹਿ ਮਹਾ ਪੁਨੀਤ;
## ਸੇਵਕ ਭੈ ਦੂਰਿ ਕਰਨ, ਕਲਿਮਲ ਦੋਖ ਜਾਰੇ ॥

ਹਰਿ = ਪਰਮੇਸ਼ਰ ਦੇ ਚਰਨਾਂ ਦੀ ਪ੍ਰੀਤਿ = ਪ੍ਰੀਤੀ ਨੀਤ ਨੀਤਿ = ਨਿੱਤ ਨਿੱਤ ਕਰੋ, ਇਹੋ ਹੀ ਪਾਵਨਾ = ਪਵਿੱਤਰਾਂ ਮਹਿ = ਵਿੱਚੋਂ ਮਹਾ = ਬੜੀ ਪੁਨੀਤ = ਪਵਿੱਤਰ ਦਾਤ, ਰੀਤੀ ਹੈ, ਇਹ ਐਸੀ ਪ੍ਰੀਤੀ ਹੈ ਕਿ ਪਰਮੇਸ਼ਰ ਦੇ ਸੇਵਕ = ਦਾਸਾਂ ਕੈ = ਦੇ ਜੰਮਣ ਮਰਣ ਦਾ ਭੈ = ਡਰ ਦੂਰ ਕਰਨ ਵਾਲੀ ਹੈ ਤੇ ਸਾਰੇ ਕਲਿਮਲ = ਪਾਪ ਤੇ ਸ਼ਬਦ ਸਪਰਸ਼ ਰੂਪ ਰਸ ਗੰਧ ਆਦਿ ਦੋਖਾਂ ਨੂੰ ਜਾਰੇ = ਸਾੜਨ ਵਾਲੀ ਹੈ **ਵਾ:** ਪਰਮੇਸ਼ਰ ਆਪਣੇ ਸੇਵਕਾਂ ਦੇ ਜੰਮਣ ਮਰਣ ਦੇ ਭੈ ਨੂੰ ਦੂਰ ਕਰਨ ਵਾਲਾ ਹੈ ਤੇ ਉਨ੍ਹਾਂ ਦੇ ਸਾਰੇ ਕਲਿਮਲ = ਪਾਪ ਤੇ ਦੋਖਾਂ ਨੂੰ ਵੀ ਗੁਰ ਉਪਦੇਸ਼, ਨਾਮ ਅਭਿਆਸ ਰੂਪੀ ਅਗਨੀ ਨਾਲ ਜਾਰੇ = ਸਾੜਨ ਵਾਲਾ ਹੈ।

## ਕਹਤ ਮੁਕਤ, ਸੁਨਤ ਮੁਕਤ; ਰਹਤ ਜਨਮ ਰਹਤੇ ॥

ਪਰਮੇਸ਼ਰ ਦੇ ਨਾਮ ਨੂੰ ਕਹਤ = ਕਹਿਣ ਵਾਲੇ ਵੀ ਮੁਕਤ ਹੋ ਜਾਂਦੇ ਹਨ, ਪ੍ਰਭੂ ਦੇ ਜੱਸ ਨੂੰ ਸੁਨਤ = ਸੁਣਨ ਵਾਲੇ ਵੀ ਮੁਕਤ ਹੋ ਜਾਂਦੇ ਹਨ, ਨਾਮ ਦੀ ਰਹਤ = ਰਹਿਣੀ ਰੱਖਣ ਵਾਲੇ ਵੀ ਜਨਮ ਮਰਨ ਤੋਂ ਰਹਤੇ = ਰਹਿਤ ਹੋ ਜਾਂਦੇ ਹਨ **ਵਾ:** ਜੋ ਨਾਮ ਨੂੰ ਕਹਿਣ ਤੋਂ, ਪ੍ਰਭੂ ਜੱਸ ਨੂੰ ਸੁਣਨ ਤੋਂ ਰਹਿਤ ਹਨ, ਉਹ ਜੰਮਦੇ ਰਹਿੰਦੇ ਹਨ।

## ਰਾਮ ਰਾਮ ਸਾਰ ਭੂਤ; ਨਾਨਕ ਤਤੁ ਬੀਚਾਰੇ ॥੨॥੪॥੧੩੩॥

ਹੇ ਭਾਈ ! ਰਾਮ = ਰਮਿਆ ਹੋਇਆ ਰਾਮ = ਪਰਮੇਸ਼ਰ ਹੀ ਸਾਰ ਭੂਤ = ਸਿਧਾਂਤ ਰੂਪ **ਵਾ:** ਅਸਲੀ ਸਰੂਪ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹ ਤੁਹਾਨੂੰ ਤਤੁ = ਸਿਧਾਂਤ ਵਿਚਾਰ ਕੇ ਦੱਸਿਆ ਹੋਇਆ ਹੈ ॥੨॥੪॥੧੩੩॥

## ਸਾਰਗ ਮਹਲਾ ੫ ॥
## ਨਾਮ ਭਗਤਿ ਮਾਗੁ ਸੰਤ; ਤਿਆਗਿ ਸਗਲ ਕਾਮੀ ॥੧॥ਰਹਾਉ॥

ਹੇ ਜੀਵ ! ਤੂੰ ਸੰਤ ਜਨਾਂ ਦੇ ਪਾਸੋਂ ਪ੍ਰਭੂ ਨਾਮ ਤੇ ਪ੍ਰੇਮਾ ਭਗਤਿ = ਭਗਤੀ ਦੀ ਦਾਤ ਮਾਗੁ = ਮੰਗਣਾ ਕਰ, ਤੇ ਹੋਰ ਸਗਲ = ਸਾਰੀ ਕਾਮੀ = ਕਾਮਨਾ ਨੂੰ ਤਿਆਗਿ = ਛੱਡ ਦੇਣਾ ਕਰ **ਵਾ:** ਸਾਰੇ ਸਕਾਮ ਕਰਮਾਂ ਨੂੰ ਤਿਆਗ ਦੇਣਾ ਕਰ ॥੧॥ਰਹਾਉ॥

## ਪ੍ਰੀਤਿ ਲਾਇ, ਹਰਿ ਧਿਆਇ; ਗੁਨ ਗੋੁਬਿੰਦ ਸਦਾ ਗਾਇ ॥

ਪ੍ਰੀਤਿ = ਪ੍ਰੀਤੀ ਲਾਇ = ਲਾ ਕੇ ਹਰਿ = ਪਰਮੇਸ਼ਰ ਨੂੰ ਧਿਆਇ = ਧਿਆਉਣਾ ਕਰ ਅਤੇ ਸਦਾ = ਹਮੇਸ਼ਾਂ ਕੀਰਤਨ ਵਿਚ ਪਾ ਕੇ ਗੋੁਬਿੰਦ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ਦੇ ਗੁਣਾਂ ਨੂੰ ਗਾਇ = ਗਾਉਣਾ ਕਰ।

## ਹਰਿਜਨ ਕੀ ਰੇਨ ਬਾਂਛੁ; ਦੈਨਹਾਰ ਸੁਆਮੀ ॥੧॥

ਹਰਿਜਨ = ਪਰਮੇਸ਼ਰ ਦੇ ਸੰਤ ਜਨਾਂ, ਭਗਤ ਜਨਾਂ ਕੀ = ਦੀ ਚਰਨ ਰੇਨ = ਧੂੜੀ ਨੂੰ ਬਾਂਛੁ = ਚਾਹੁਣਾ ਕਰ, ਫੇਰ ਦਾਤਾਂ ਦੈਨਹਾਰ = ਦੇਣ ਵਾਲਾ ਸੁਆਮੀ = ਮਾਲਕ ਪਰਮੇਸ਼ਰ ਆਪ ਹੀ ਕਿਰਪਾ ਕਰਕੇ ਚਰਨ ਧੂੜੀ ਬਖ਼ਸ਼ ਦੇਵੇਗਾ ॥੧॥

## ਸਰਬ ਕੁਸਲ ਸੁਖ ਬਿਸ੍ਰਾਮ, ਆਨਦਾ ਆਨੰਦ ਨਾਮ;
## ਜਮ ਕੀ ਕਛੁ ਨਾਹਿ ਤ੍ਰਾਸ, ਸਿਮਰਿ ਅੰਤਰਜਾਮੀ ॥

ਸਰਬ = ਸਾਰੇ ਕੁਸਲ = ਆਨੰਦ ਦੇਣ ਵਾਲਾ **ਵਾ:** ਸਾਰੇ ਵਿਹਾਰਾਂ ਵਿਚ ਕੁਸਲ = ਚਤੁਰ ਕਰਨ ਵਾਲਾ, ਸੁਖ ਸਰੂਪ ਵਿਚ ਬਿਸ੍ਰਾਮ = ਟਿਕਾਅ, ਇਸਥਿਤੀ ਕਰਾਉਣ ਵਾਲਾ ਤੇ ਬ੍ਰਹਮ ਲੋਕ, ਰਾਜ ਭਾਗ ਆਦਿ ਸਾਰੇ ਅਨੰਦਾਂ ਤੋਂ ਰਹਿਤ ਕਰਨ ਵਾਲਾ **ਵਾ:** (ਆਨ + ਦਾ) ਆਨ = ਹੋਰਨਾਂ ਦਾ = ਦ੍ਵੈਤ ਆਦਿ ਤੋਂ ਰਹਿਤ ਕਰਨ ਵਾਲਾ **ਵਾ:** ਅਨੰਦ ਸਰੂਪ ਪਰਮੇਸ਼ਰ ਦਾ ਨਾਮ ਹੈ।

ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਪਰਮੇਸ਼ਰ ਦੇ ਨਾਮ ਦਾ ਸਿਮਰਿ = ਸਿਮਰਨ ਕਰਕੇ ਜਮ = ਜਮਾਂ ਕੀ = ਦੀ ਕਛੁ = ਕੁਝ ਵੀ ਤ੍ਰਾਸ = ਖ਼ੌਫ਼ਤਾਈ ਨਾਹਿ = ਨਹੀਂ ਰਹਿੰਦੀ।

**ਅਥਵਾ** ਉਹ ਸਾਰੇ ਵਿਹਾਰਾਂ ਵਿਚ ਕੁਸਲ = ਚਤੁਰ ਹੋ ਜਾਵੇਗਾ, ਸੁਖ ਦੇ ਨਾਲ ਪਰਿਵਾਰ ਵਿਚ ਵੀ

ਬਿਸਰਾਮ ਕਰੇਗਾ ਤੇ ਉਸ ਨੂੰ ਇਸ ਲੋਕ ਵਿਚ ਵੀ ਅਨੰਦ ਪ੍ਰਾਪਤ ਹੁੰਦਾ ਹੈ, ਪ੍ਰਲੋਕ ਵਿਚ ਅਨੰਦ ਪ੍ਰਾਪਤ ਹੁੰਦਾ ਹੈ ਜੋ ਪਰਮੇਸ਼ਰ ਦੇ ਨਾਮ ਨੂੰ ਮਨ, ਬਾਣੀ, ਸਰੀਰ ਕਰਕੇ ਜਪਣਾ ਕਰਦਾ ਹੈ, ਅਤੇ ਉਸ ਨੂੰ ਪਰਮੇਸ਼ਰ ਦਾ ਸਿਮਰਨ ਕਰਨੇ ਕਰਕੇ ਜਮਾਂ ਦੀ ਕੁਝ ਖ਼ੌਫ਼ਤਾਈ ਵੀ ਨਹੀਂ ਰਹਿੰਦੀ।

## ਏਕ ਸਰਨ, ਗੋਬਿੰਦ ਚਰਨ; ਸੰਸਾਰ ਸਗਲ ਤਾਪ ਹਰਨ ॥

ਗੋਬਿੰਦ = ਪਰਮੇਸ਼ਰ ਦੇ ਚਰਨਾਂ ਦੀ ਏਕ = ਇਕ ਸਰਨ = ਓਟ ਹੀ ਸੰਸਾਰ = ਜਗਤ ਦੇ ਸਗਲ = ਸਾਰੇ ਤਾਪ = ਦੁਖ ਹਰਨ = ਨਾਸ਼ ਕਰਨ ਵਾਲੀ ਹੈ।

## ਨਾਵ ਰੂਪ ਸਾਧਸੰਗ; ਨਾਨਕ, ਪਾਰਗਰਾਮੀ ॥੨॥੫॥੧੩੪॥

ਜੋ ਪੁਰਖ ਸਾਧਸੰਗ = ਸਾਧਸੰਗਤ ਰੂਪੀ ਨਾਵ = ਬੇੜੀ ਉੱਪਰ ਚੜ੍ਹਦੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪਾਰਗਰਾਮੀ = ਸਮੂਹ ਸੰਸਾਰ-ਸਮੁੰਦ੍ਰ ਤੋਂ ਪਾਰ ਹੋ ਜਾਂਦੇ ਹਨ ॥੨॥੫॥੧੩੪॥

## ਸਾਰਗ ਮਹਲਾ ੫ ॥

## ਗੁਨ ਲਾਲ ਗਾਵਉ; ਗੁਰ ਦੇਖੇ ॥

ਹੇ ਭਾਈ! ਗੁਰ = ਸਤਿਗੁਰੂ ਸਾਹਿਬ ਜੀ ਦੇ ਦੀਦਾਰ ਦੇਖੇ = ਵੇਖ ਕੇ ਲਾਲ = ਪਿਆਰੇ ਪਰਮੇਸ਼ਰ ਦੇ ਜੱਸ ਰੂਪ ਗੁਣਾਂ ਨੂੰ ਗਾਵਉ = ਗਾਉਣਾ ਕਰੋ **ਵਾ:** ਉਨ੍ਹਾਂ ਗੁਰਮੁਖ ਜਨਾਂ ਦੇ ਉਪਦੇਸ਼ ਦੁਆਰਾ ਪਿਆਰੇ ਪਰਮੇਸ਼ਰ ਦੇ ਗੁਣਾਂ ਨੂੰ ਗਾਉਣਾ ਕਰੋ, ਜੋ ਸਤਿਗੁਰਾਂ ਦੇ ਦਰਸ਼ਨ ਦੇਖੇ = ਦੇਖਣ ਵਾਲੇ ਹਨ।

## ਪੰਚਾ ਤੇ ਏਕੁ ਛੂਟਾ; ਜਉ ਸਾਧ ਸੰਗਿ ਪਗ ਰਉ ॥੧॥ਰਹਾਉ॥

ਤਦੋ ਪੰਚਾ = ਪੰਜਾਂ ਕਾਮ ਆਦਿ ਵਿਕਾਰਾਂ ਤੇ = ਤੋਂ ਇਸ ਜੀਵ ਦਾ ਏਕੁ = ਇਕ ਮਨ ਛੂਟਾ = ਛੁੱਟ ਗਿਆ ਹੈ, ਜਉ = ਜਦੋਂ ਜੀਵ ਦਾ ਮਨ ਸਾਧ = ਸ੍ਰੇਸ਼ਟ ਜਨਾਂ ਦੀ ਸੰਗਿ = ਸੰਗਤ **ਵਾ:** ਸਾਧਸੰਗਤ ਦੇ ਪਗ = ਚਰਨਾਂ ਵਿਚ ਰਉ = ਰਚ ਗਿਆ **ਵਾ:** ਜਦੋਂ ਸਤਿਸੰਗਤ ਦਾ ਸ਼ਰਨ ਰੂਪੀ ਪੱਲਾ ਪਗ ਰਉ = ਪਕੜਨਾ ਕੀਤਾ ॥੧॥ਰਹਾਉ॥

## ਦ੍ਰਿਸਟਉ, ਕਛੁ ਸੰਗਿ ਨ ਜਾਇ; ਮਾਨੁ ਤਿਆਗਿ ਮੋਹਾ ॥

ਹੇ ਜੀਵ! ਦ੍ਰਿਸਟਉ = ਦ੍ਰਿਸ਼ਟਮਾਨ ਪਦਾਰਥਾਂ ਵਿੱਚੋਂ ਕਛੁ = ਕੁਝ ਵੀ ਪ੍ਰਲੋਕ ਵਿਚ ਤੇਰੇ ਸੰਗਿ = ਨਾਲ ਨ = ਨਹੀਂ ਜਾਇ = ਜਾਣਾ, ਇਸ ਲਈ ਪਦਾਰਥਾਂ, ਗੁਣਾਂ ਦਾ ਮਾਨੁ = ਹੰਕਾਰ ਤੇ ਸਰੀਰਾਂ ਦਾ ਮੋਹਾ = ਸਨੇਹ ਤਿਆਗਿ = ਛੱਡ ਦੇਣਾ ਕਰ।

## ਏਕੈ ਹਰਿ ਪ੍ਰੀਤਿ ਲਾਇ; ਮਿਲਿ ਸਾਧਸੰਗਿ ਸੋਹਾ ॥੧॥

ਹੇ ਜੀਵ! ਏਕੈ = ਇਕ ਹਰਿ = ਪਰਮੇਸ਼ਰ ਦੇ ਨਾਲ ਪ੍ਰੀਤਿ = ਪ੍ਰੀਤੀ ਲਾਇ = ਲਾਉਣਾ ਕਰ, ਫੇਰ ਸਾਧਸੰਗਤ ਵਿਚ ਮਿਲ ਕੇ ਸੋਹਾ = ਸ਼ੋਭਾ ਪਾਵੇਂਗਾ ॥੧॥

## ਪਾਇਓ ਹੈ ਗੁਣ ਨਿਧਾਨੁ; ਸਗਲ ਆਸ ਪੂਰੀ ॥

ਜਿਨ੍ਹਾਂ ਨੇ ਗੁਣਾਂ ਦੇ ਨਿਧਾਨੁ = ਖ਼ਜ਼ਾਨੇ ਪਰਮੇਸ਼ਰ ਨੂੰ ਪਾਇਓ = ਪਾ ਲਿਆ ਹੈ, ਉਨ੍ਹਾਂ ਦੀ ਲੋਕ-ਪ੍ਰਲੋਕ ਦੀ ਸਗਲ = ਸਾਰੀ ਆਸ = ਉਮੀਦ ਪੂਰੀ = ਪੂਰਨ ਹੋ ਗਈ ਹੈ।

## ਨਾਨਕ, ਮਨਿ ਅਨੰਦ ਭਏ; ਗੁਰਿ ਬਿਖਮ ਗਾਰ੍ਹ ਤੋਰੀ ॥੨॥੬॥੧੩੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪੁਰਖ ਮਨਿ = ਚਿੱਤ ਵਿੱਚੋਂ ਹੀ ਸੁਖ ਸਰੂਪ ਨੂੰ ਪਾ ਕੇ ਅਨੰਦ = ਅਨੰਦਿਤ ਭਏ = ਹੋ ਗਏ ਹਨ ਅਤੇ ਗੁਰਿ = ਗੁਰਾਂ ਨੇ ਉਨ੍ਹਾਂ ਦੇ ਅੰਦਰੋਂ ਚਿਦ ਜੜ੍ਹ ਗ੍ਰੰਥੀ, ਸੰਸੇ ਗ੍ਰੰਥੀ ਆਦਿ ਦੀ ਮਹਾਂ ਕਠਨ ਗਾਰ੍ਹ = ਗੰਢ ਤੋਰੀ = ਤੋੜ ਦਿੱਤੀ ਹੈ **ਵਾ:** ਦੇਹ ਅਧਿਆਸ ਰੂਪੀ ਕਠਨ ਗਾਰ੍ਹ = ਗੜ੍ਹੀ ਵੀ ਤੋੜ ਦਿੱਤੀ ਹੈ ॥੨॥੬॥੧੩੫॥

## ਸਾਰਗ ਮਹਲਾ ੫ ॥

## ਮਨਿ; ਬਿਰਾਗੈਗੀ ॥ ਖੋਜਤੀ; ਦਰਸਾਰ ॥੧॥ਰਹਾਉ॥

ਹੇ ਸਖੀ ! ਮੇਰਾ ਮਨਿ = ਚਿੱਤ (ਬਿਰਾਗੈ + ਗੀ) ਗੀ = ਗਿਆਤ ਪੂਰਬਕ ਬਿਰਾਗੈ = ਵੈਰਾਗ ਦੇ ਸਹਿਤ ਹੋਇਆ ਹੈ।

ਇਸ ਕਰਕੇ ਮੈਂ ਪ੍ਰਭੂ ਦੇ ਦਰਸਾਰ = ਦਰਸ਼ਨਾਂ ਨੂੰ ਖੋਜਤੀ = ਖੋਜਦੀ, ਢੂੰਢਦੀ ਹਾਂ ॥੧॥ਰਹਾਉ॥

## ਸਾਧੂ ਸੰਤਨ ਸੇਵਿ ਕੈ; ਪ੍ਰਿਉ ਹੀਅਰੈ ਧਿਆਇਓ ॥

ਸਾਧੂ = ਸ੍ਰੇਸ਼ਟ ਸੰਤਨ = ਮਹਾਤਮਾ ਜਨਾਂ ਦੀ ਸੇਵਿ = ਟਹਿਲ ਕੈ = ਕਰਕੇ ਮੈਂ ਹੀਅਰੈ = ਹਿਰਦੇ ਵਿਚ ਪ੍ਰਿਉ = ਪਿਆਰੇ ਪਰਮੇਸ਼ਰ ਨੂੰ ਧਿਆਇਓ = ਧਿਆਉਣਾ ਕੀਤਾ ਹੈ। ਅਤੇ :

## ਆਨੰਦ ਰੂਪੀ ਪੇਖਿ ਕੈ; ਹਉ ਮਹਲੁ ਪਾਵਉਗੀ ॥੧॥

ਆਨੰਦ = ਸੁਖ ਰੂਪੀ = ਸਰੂਪ ਬ੍ਰਹਮ ਨੂੰ ਪੇਖਿ = ਵੇਖ ਕੈ = ਕਰਕੇ ਹਉ = ਮੈਂ ਆਪਣੇ ਮਹਲੁ = ਸਰੂਪ ਨੂੰ ਪਾਵਉਗੀ = ਪਾਉਣਾ ਕਰਾਂਗੀ **ਵਾ:** ਹੇ ਸਖੀਓ ! ਤੁਸੀਂ ਵੀ ਗੀ = ਗਿਆਤ ਪੂਰਬਕ ਆਪਣੇ ਸਰੂਪ ਨੂੰ ਪਾਉਗੀ = ਪਾ ਲਵੋਗੀਆਂ ॥੧॥

## ਕਾਮ ਕਰੀ, ਸਭ ਤਿਆਗਿ ਕੈ; ਹਉ ਸਰਨਿ ਪਰਉਗੀ ॥

(**ਪਰਉ-ਗੀ** ਉਚਾਰਣ ਹੈ)

ਦੁਨਿਆਵੀ ਕਾਮ = ਕੰਮ ਤੇ ਕਰੀ = ਕਲਪਨਾ **ਵਾ:** ਕਾਮ ਕਰੀ = ਕਾਮ ਦੀ ਚੇਸ਼ਟਾ **ਵਾ:** ਕਰੀ = ਕਲਿਜੁਗ ਦੇ ਮੰਦ ਕਾਮ = ਕਰਮ **ਵਾ:** ਕਾਮ ਕਰੀ = ਲੜਾਈ ਤੇ ਕਲਪਨਾ **ਵਾ:** ਕਾਮ = ਕਾਮਨਾ ਕਰੀ = ਕਰਨੀ ਆਦਿ ਸਭ = ਸਾਰਾ ਕੁਝ ਤਿਆਗਿ = ਛੱਡ ਕੈ = ਕਰਕੇ ਹਉ = ਮੈਂ ਪਰਮੇਸ਼ਰ ਦੀ ਸਰਨਿ = ਓਟ ਵਿਚ ਪਰਉਗੀ = ਪਵਾਂਗੀ।

## ਨਾਨਕ ਸੁਆਮੀ ਗਰਿ ਮਿਲੇ; ਹਉ ਗੁਰ ਮਨਾਵਉਗੀ ॥੨॥੭॥੧੩੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦ ਸੁਆਮੀ = ਮਾਲਕ ਪਰਮੇਸ਼ਰ ਜੀ ਅਭੇਦ ਨਿਸਚੇ ਰੂਪੀ ਗਰਿ = ਗਲ ਨਾਲ ਆ ਮਿਲੇ, ਤਦ ਹਉ = ਮੈਂ ਆਪਣੇ ਗੁਰਾਂ ਨੂੰ ਮਨਾਵਉਗੀ = ਮਨਾਉਣਾ ਕਰਾਂਗੀ **ਵਾ:** ਗੀ = ਗਿਆਤ ਪੂਰਬਕ ਮਨਾਉਣਾ ਕਰਾਂਗੀ **ਅਥਵਾ** ਜਦ ਮੈਂ ਗੁਰਾਂ ਨੂੰ ਮਨਾ ਲਵਾਂਗੀ, ਤਦ ਮੈਨੂੰ ਸੁਆਮੀ ਪਰਮੇਸ਼ਰ ਜੀ ਆਪਣੇ ਅਭੇਦ ਨਿਸਚੇ ਰੂਪੀ ਕੰਠ ਦੇ ਨਾਲ ਮੇਲ ਲੈਣਗੇ ॥੨॥੭॥੧੩੬॥

## ਸਾਰਗ ਮਹਲਾ ੫ ॥

## ਐਸੀ; ਹੋਇ ਪਰੀ ॥ ਜਾਨਤੇ; ਦਇਆਰ ॥੧॥ਰਹਾਉ॥

ਮੇਰੇ ਚਿੱਤ ਵਿਚ ਐਸੀ = ਇਹੋ ਜਿਹੀ ਪ੍ਰੀਤੀ ਪ੍ਰਬਲ ਹੋਇ = ਹੋ ਪਰੀ = ਪਈ ਹੈ।

ਜਿਸ ਪ੍ਰੀਤੀ ਨੂੰ ਦਇਆਰ = ਦਇਆ ਦੇ ਘਰ ਪਰਮੇਸ਼ਰ ਜੀ ਆਪ ਹੀ ਜਾਨਤੇ = ਜਾਣਦੇ ਹਨ ॥੧॥ਰਹਾਉ॥

## ਮਾਤਰ ਪਿਤਰ ਤਿਆਗਿ ਕੈ; ਮਨੁ ਸੰਤਨ ਪਾਹਿ ਬੇਚਾਇਓ ॥

ਮਾਤਰ = ਮਾਤਾ ਪਿਤਰ = ਪਿਤਾ ਦਾ ਮੋਹ ਤਿਆਗਿ = ਛੱਡ ਕੈ = ਕਰਕੇ ਮੈਂ ਆਪਣਾ ਮਨੁ = ਚਿੱਤ ਸੰਤਨ = ਮਹਾਤਮਾ ਜਨਾਂ ਦੀ ਸੰਗਤ ਦੇ ਪਾਹਿ = ਕੋਲ ਬੇਚਾਇਓ = ਵੇਚ ਦਿੱਤਾ ਹੈ।

## ਜਾਤਿ ਜਨਮ ਕੁਲ ਖੋਈਐ; ਹਉ ਗਾਵਉ ਹਰਿ ਹਰੀ ॥੧॥

ਮਹਾਤਮਾ ਜਨਾਂ ਦੀ ਸੰਗਤ ਨੇ ਐਸੀ ਕਿਰਪਾ ਕੀਤੀ ਹੈ ਕਿ ਉਤਮ ਜਾਤਿ = ਜਾਤੀ, ਮਨੁੱਖਾ ਜਨਮ ਅਤੇ ਕੁਲ ਦਾ ਅਭਿਮਾਨ ਖੋਈਐ = ਖੋਹ, ਨਾਸ਼ ਕਰ ਦਿੱਤਾ ਹੈ **ਵਾ:** ਪੰਜਾਂ ਤੱਤਾਂ ਕਰਕੇ ਜਾਤਿ = ਪੈਦਾ ਹੋਏ ਮਨੁੱਖਾ ਜਨਮ ਵਿੱਚੋਂ ਆਸੁਰੀ ਸੰਪਦਾ ਰੂਪੀ ਕੁਲ ਨਾਸ਼ ਹੋ ਗਈ ਹੈ, ਇਸੇ ਕਰਕੇ ਹਉ = ਮੈਂ ਸਭ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰੀ = ਪਰਮੇਸ਼ਰ ਦੇ ਜੱਸ ਨੂੰ ਗਾਵਉ = ਗਾਉਂਦੀ ਹਾਂ ॥੧॥

## ਲੋਕ ਕੁਟੰਬ ਤੇ ਟੂਟੀਐ; ਪ੍ਰਭ ਕਿਰਤਿ ਕਿਰਤਿ ਕਰੀ ॥

ਲੋਕ = ਲੋਕਾ ਭਾਵ ਸੰਬੰਧੀਆਂ ਤੇ ਕੁਟੰਬ = ਇਸਤਰੀ ਨਾਲ ਵਧੇ ਪਰਿਵਾਰ ਤੇ = ਤੋਂ ਮੋਹ, ਪ੍ਰੀਤੀ ਟੂਟੀਐ = ਟੁੱਟ ਗਈ ਹੈ, ਪ੍ਰਭ = ਪਰਮੇਸ਼ਰ ਨੇ ਮੈਨੂੰ ਕ੍ਰਿਤ ਕ੍ਰਿਤ (ਨਿਹਾਲ, ਨਿਹਾਲ) ਕਰੀ = ਕਰ ਦਿੱਤਾ ਹੈ **ਵਾ:** ਸਾਰਿਆਂ ਕਿਰਤਿ = ਕੰਮਾਂ ਨੂੰ ਕਰਨ ਵਾਲੇ ਪਰਮੇਸ਼ਰ ਨੇ ਨਿਸ਼ਕਾਮ ਕਿਰਤਿ = ਕਰਮ ਵੇਖ ਕੇ ਕਲਿਆਣ ਕਰ ਦਿੱਤੀ ਹੈ **ਵਾ:** ਕਿਰਤਿ = ਕਲਿਆਣ ਸਰੂਪ ਪਰਮੇਸ਼ਰ ਨੇ ਗੁਰਾਂ ਦੁਆਰਾ ਨਾਮ ਜਪਾ ਕੇ ਕਿਰਤਿ = ਕਲਿਆਣ, ਮੁਕਤ ਰੂਪ ਕਰ ਦਿੱਤਾ ਹੈ।

## ਗੁਰਿ ਮੋਕਉ ਉਪਦੇਸਿਆ; ਨਾਨਕ, ਸੇਵਿ ਏਕ ਹਰੀ ॥੨॥੮॥੧੩੭॥

ਪੂਰੇ ਗੁਰਿ = ਗੁਰਾਂ ਨੇ ਮੋਕਉ = ਮੈਨੂੰ ਇਹੋ ਹੀ ਉਪਦੇਸਿਆ = ਉਪਦੇਸ਼ ਦਿੱਤਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤੂੰ ਏਕ = ਇਕ ਹਰੀ = ਪਰਮੇਸ਼ਰ ਦਾ ਹੀ ਸੇਵਿ = ਸੇਵਨ, ਭਜਨ ਕਰ ॥੨॥੮॥੧੩੭॥

[ਅੰਗ ੧੨੩੧]

## ਸਾਰਗ ਮਹਲਾ ੫ ॥

## ਲਾਲ ਲਾਲ; ਮੋਹਨ ਗੋਪਾਲ ਤੂ ॥

ਹੇ ਸਾਰਿਆਂ ਨੂੰ ਮੋਹਨ = ਮੋਹਿਤ ਕਰਨ ਵਾਲੇ ਗੋਪਾਲ = ਪ੍ਰਿਥਵੀ ਦੇ ਪਾਲਕ ਪਰਮੇਸ਼ਰ ! ਤੂੰ ਦੁਨਿਆਵੀ ਲਾਲਾਂ ਤੋਂ ਵੀ ਬੇਕੀਮਤਾ ਲਾਲ ਹੈਂ **ਵਾ:** ਲਾਲ = ਪਿਆਰਿਆ ਤੋਂ ਲਾਲ = ਪਿਆਰਾ ਹੈਂ।

## ਕੀਟ ਹਸਤਿ ਪਾਖਾਣ ਜੰਤ; ਸਰਬ ਮੈ ਪ੍ਰਤਿਪਾਲ ਤੂ ॥੧॥ਰਹਾਉ॥

ਜੋ ਵੀ ਕੀਟ = ਕੀੜੀ, ਹਸਤਿ = ਹਾਥੀ, ਪਾਖਾਣ = ਪੱਥਰ ਤੇ ਸੂਖਮ ਸਥੂਲ ਜੰਤ = ਜੀਵ ਹਨ, ਇਨ੍ਹਾਂ ਸਰਬ = ਸਾਰਿਆਂ ਮੈ = ਵਿਚ ਵਿਆਪਕ ਹੋ ਕੇ ਤੂੰ ਇਨ੍ਹਾਂ ਦੀ ਪ੍ਰਤਿਪਾਲ = ਪ੍ਰਤਿਪਾਲਣਾ ਕਰ ਰਿਹਾ ਹੈਂ ॥੧॥ਰਹਾਉ॥

## ਨਹ ਦੂਰਿ; ਪੂਰਿ ਹਜੂਰਿ ਸੰਗੇ ॥ ਸੁੰਦਰ ਰਸਾਲ; ਤੂ ॥੧॥

ਹੇ ਪਰਮੇਸ਼ਰ ! ਤੂੰ ਦੂਰ ਨਹ = ਨਹੀਂ ਹੈਂ, ਤੂੰ ਪੂਰਿ = ਪੂਰਨ ਵਿਆਪਕ ਹੈਂ, ਸਾਰਿਆਂ ਦੇ ਹਜੂਰਿ = ਸਾਹਮਣੇ ਤੇ ਸਾਰਿਆਂ ਦੇ ਸੰਗੇ = ਨਾਲ ਹੈਂ **ਵਾ:** ਆਤਮਾ ਰੂਪ ਹੋਣ ਕਰਕੇ ਨੇੜੇ ਤੋਂ ਨੇੜੈ ਹੈਂ ॥੧॥

ਹੇ ਪਰਮੇਸ਼ਰ ! ਤੂੰ ਸੱਚ ਚਿੱਤ ਅਨੰਦ ਸਰੂਪ ਹੋਣ ਕਰਕੇ ਸੁੰਦਰ = ਸੋਹਣਾ ਹੈਂ, ਤੂੰ ਰਸਾਲ = ਰਸਾਂ ਦਾ ਘਰ ਹੈਂ ॥੧॥

## ਨਹ ਬਰਨ ਬਰਨ; ਨਹ ਕੁਲਹ ਕੁਲ ॥
## ਨਾਨਕ; ਪ੍ਰਭ ਕਿਰਪਾਲ ਤੂ ॥੨॥੯॥੧੩੮॥

ਤੇਰਾ ਖੱਤਰੀ, ਬ੍ਰਾਹਮਣ, ਸ਼ੂਦ ਵੈਸ਼ ਆਦਿ ਵਰਣਾਂ ਵਿੱਚੋਂ ਕੋਈ ਵੀ ਵਰਣ ਨਹ = ਨਹੀਂ ਹੈ **ਵਾ:** ਬਰਨ = ਰੰਗਾਂ ਵਿੱਚੋਂ ਸਿਆਮ ਆਦਿ ਰੰਗ ਵੀ ਨਹੀਂ ਹੈ **ਵਾ:** ਬਰਨ = ਵਰਣਨ ਕਰਨ ਵਾਲਿਆਂ ਵਿੱਚੋਂ ਤੇਰਾ ਅਕੱਥ ਸਰੂਪ ਹੋਣ ਕਰਕੇ ਬਰਨ = ਵਰਣਨ ਵੀ ਨਹ = ਨਹੀਂ ਕੀਤਾ ਜਾ ਸਕਦਾ, ਦੁਨਿਆਵੀ ਲੋਕਾਂ ਦੀਆਂ ਬਣਾਈਆਂ ਕੁਲਹ = ਕੁਲਾਂ ਵਿੱਚੋਂ ਤੇਰੀ ਕੋਈ ਕੁਲ ਵੀ ਨਹ = ਨਹੀਂ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਤੂੰ ਕਿਰਪਾਲ = ਕਿਰਪਾ ਦਾ ਘਰ ਹੈਂ **ਵਾ:** ਕ੍ਰਿਪਾਲੂ ਹੈਂ ॥੨॥੯॥੧੩੮॥

## ਸਾਰਗ ਮਃ ੫ ॥
## ਕਰਤ ਕੇਲ ਬਿਖੈ ਮੇਲ; ਚੰਦ੍ਰ ਸੂਰ ਮੋਹੇ ॥

ਹੇ ਜੀਵ ! ਤੂੰ ਬਿਖੈ = ਵਿਸ਼ਿਆਂ ਦੇ ਨਾਲ ਮੇਲ = ਮਿਲਾਪ ਕਰਕੇ ਕੇਲ = ਕਰੀੜਾ ਕਰਤ = ਕਰਦਾ ਹੈਂ **ਵਾ:** ਤੂੰ ਵਿਸ਼ਿਆਂ ਦੇ ਵਿਚ ਆਪਣੇ ਚਿੱਤ ਨੂੰ ਮੇਲ ਕੇ ਵਿਸ਼ੇ ਭੋਗਣ ਦਾ ਕੇਲ = ਅਨੰਦ ਮਾਣਦਾ ਹੈਂ, ਇਹ ਵਿਸ਼ੇ ਇਤਨੇ ਪ੍ਰਬਲ ਹਨ, ਇਨ੍ਹਾਂ ਨੇ ਤਾਂ ਚੰਦ੍ਰ = ਚੰਦਰਮਾ ਤੇ ਸੂਰ = ਸੂਰਜ ਆਦਿ ਦੇਵਤੇ ਵੀ ਮੋਹੇ = ਮੋਹਿਤ ਕੀਤੇ ਹੋਏ ਹਨ।

## ਉਪਜਤਾ ਬਿਕਾਰ ਦੁੰਦਰ, ਨਉਪਰੀ ਝੁਨੰਤਕਾਰ ਸੁੰਦਰ;
## ਅਨਿਗ ਭਾਉ ਕਰਤ ਫਿਰਤ, ਬਿਨੁ ਗੋਪਾਲ ਧੋਹੇ ॥ਰਹਾਉ॥

ਹੇ ਜੀਵ ! ਜਦ ਪ੍ਰਤੱਖ ਚੇਤਨ ਮਾਇਆ ਦੇ ਨਉਪਰੀ = ਪੋਟਿਆਂ, ਝਾਂਜਰਾਂ ਦੀ ਸੁੰਦਰ = ਸੋਹਣੀ ਝੁਨੰਤਕਾਰ = ਛਣਕਾਰ ਸੁਣਦਾ ਹੈਂ, ਤਦ ਤੇਰੇ ਹਿਰਦੇ ਵਿਚ ਦੁੰਦਰ = ਦੁੰਦ (ਹਲਚਲੀ) ਮਚਾਉਣ ਵਾਲੇ ਵਿਕਾਰ ਝੱਟ ਹੀ ਉਪਜਤਾ = ਪੈਦਾ ਹੋ ਜਾਂਦੇ ਹਨ **ਵਾ:** ਪੋਟਿਆਂ ਦੀ ਸੁੰਦਰ ਛਣਕਾਰ ਵਤ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਚ ਲੱਗ ਕੇ ਤੇਰੇ ਅੰਦਰ ਦੁੰਦਰ = ਰਾਗ ਦਵੈਖ ਰੂਪੀ ਬਿਕਾਰ ਪੈਦਾ ਹੋ ਜਾਂਦੇ ਹਨ,

ਅਨਿਗ = ਅਨੇਕਾਂ ਤਰ੍ਹਾਂ ਕਰਕੇ ਇਨ੍ਹਾਂ ਵਿਸ਼ਿਆਂ ਦੇ ਨਾਲ ਭਾਉ = ਪ੍ਰੇਮ ਕਰਤ = ਕਰਦਾ ਫਿਰਤ = ਫਿਰਦਾ ਹੈਂ **ਵਾ:** ਤੈਨੂੰ ਇਨ੍ਹਾਂ ਵਿਸ਼ਿਆਂ ਵਿੱਚੋਂ (ਅ + ਨਿਗ) ਅ = ਵਿਸ਼ੇਸ਼ ਕਰਕੇ ਨਿਗ = ਨਿੱਘ ਆਉਂਦਾ ਹੈ, ਇਸ ਕਰਕੇ ਤੂੰ ਇਨ੍ਹਾਂ ਵਿਸ਼ਿਆਂ ਨੂੰ ਭਾਉ = ਪ੍ਰੇਮ ਕਰਦਾ ਫਿਰਦਾ ਹੈਂ **ਵਾ:** (ਅਨਿ + ਗ) ਅਨਿ = ਦਵੈਤ ਦੀ ਗ = ਗਿਆਤ ਪੈਦਾ ਕਰਨ ਵਾਲੇ ਵਿਸ਼ੇ, ਪੁਰਖਾਂ ਨਾਲ ਪ੍ਰੇਮ ਕਰਦਾ ਫਿਰਦਾ ਹੈਂ, ਤੂੰ ਗੋਪਾਲ = ਪਰਮੇਸ਼ਰ ਦੇ ਭਜਨ ਤੋਂ ਬਿਨੁ = ਬ਼ਗੈਰ ਧੋਹੇ = ਛਲਿਆ ਗਿਆ ਹੈਂ **ਵਾ:** ਧੋਹੇ = ਧੋਖੇ ਵਿਚ ਆ ਰਿਹਾ ਹੈਂ ॥ਰਹਾਉ॥

## ਤੀਨਿ ਭਉਨੇ ਲਪਟਾਇ ਰਹੀ, ਕਾਚ ਕਰਮਿ ਨ ਜਾਤ ਸਹੀ; ਉਨਮਤ ਅੰਧ, ਧੰਧ ਰਚਿਤ, ਜੈਸੇ ਮਹਾ ਸਾਗਰ ਹੋਹੇ ॥੧॥

ਹੇ ਜੀਵ! ਇਹ ਮਾਇਆ ਤੀਨਿ = ਤਿੰਨੇ ਭਉਨੇ = ਭਵਨਾਂ ਦੇ ਜੀਵਾਂ ਨੂੰ ਆਪਣੇ ਮੋਹ ਵਿਚ ਲਪਟਾਇ = ਲਪਟਾ (ਫਸਾ) ਰਹੀ ਹੈ, ਇਹ ਗੱਲ ਸਹੀ = ਠੀਕ ਹੈ **ਵਾ:** ਸਹੀ = ਨਿਸਚੇ ਕਰਕੇ ਜਾਣ ਲਵੋ ਕਿ ਕਾਚ = ਕੱਚੇ ਸਕਾਮ ਕਰਮਾਂ ਦੇ ਕਰਨ ਕਰਕੇ ਵੀ ਕਿਸੇ ਪਾਸੋਂ ਇਸ ਮਾਇਆ ਤੋਂ ਬਚਿਆ ਨ = ਨਹੀਂ ਜਾਤ = ਜਾ ਸਕਦਾ, ਮਾਇਆ ਦੇ ਉਨਮਤ = ਕਮਲੇ, ਮਸਤ ਕੀਤੇ ਹੋਏ ਅੰਧ = ਅੰਨ੍ਹੇ ਜੀਵ ਹਰ ਵਕਤ ਧੰਧ = ਧੰਦਿਆਂ ਦੇ ਵਿਚ ਰਚਿਤ = ਰਚੇ ਰਹਿੰਦੇ ਹਨ ਤੇ ਇਉਂ ਦੁਖੀ ਹੁੰਦੇ ਹਨ ਜੈਸੇ = ਜਿਵੇਂ ਮਹਾ = ਵੱਡੇ ਸਾਗਰ = ਸਮੁੰਦਰ ਵਿਚ, ਲਹਿਰਾਂ ਦੇ ਕਾਰਨ ਜਹਾਜ਼ ਨੂੰ ਹੋਹੇ = ਧੱਕੇ ਪੈਣ ਨਾਲ ਅਸਵਾਰ ਦੁਖੀ ਹੁੰਦੇ ਹਨ, **ਵਾ:** ਜਿਵੇਂ ਮਹਾਂਸਾਗਰ ਦੇ ਵਿਚ ਤੇਜ਼ ਹਵਾ ਦੇ ਕਾਰਨ ਲਹਿਰਾਂ ਆਉਣ ਤੋਂ ਜਹਾਜ਼ ਨੂੰ ਧੱਕੇ ਪੈਂਦੇ ਹਨ ਤੇ ਅਸਵਾਰ ਪੁਰਖਾਂ ਨੂੰ ਦੁੱਖ ਹੁੰਦਾ ਹੈ ਭਾਵ ਕਿਸੇ ਨੂੰ ਉਛਾਲੀਆਂ ਤੇ ਕਿਸੇ ਨੂੰ ਅਤੀਸਾਰ ਲੱਗ ਜਾਂਦੇ ਹਨ, ਇਸੇ ਪ੍ਰਕਾਰ ਸੰਸਾਰ ਰੂਪੀ ਮਹਾਂਸਾਗਰ ਦੇ ਵਿਚ ਮਾਇਆ ਰੂਪੀ ਤੇਜ਼ ਹਵਾ ਦੇ ਕਾਰਨ ਸੰਕਲਪਾਂ-ਵਿਕਲਪਾਂ ਰੂਪ ਲਹਿਰਾਂ ਆਉਣ ਤੋਂ ਬੁੱਧ ਰੂਪ ਜਹਾਜ਼ ਨੂੰ ਧੱਕੇ ਪੈਂਦੇ ਹਨ, ਜਿਸ ਕਾਰਨ ਜੀਵ ਨੂੰ ਹੰਕਾਰ ਰੂਪੀ ਉਛਾਲੀਆਂ ਜਾਂ ਕਾਮ ਆਦਿ ਵਿਕਾਰਾਂ ਰੂਪੀ ਅਤੀਸਾਰ ਲੱਗ ਜਾਂਦੇ ਹਨ ॥੧॥

## ਉਧਰੇ ਹਰਿ ਸੰਤ ਦਾਸ, ਕਾਟਿ ਦੀਨੀ ਜਮ ਕੀ ਫਾਸ; ਪਤਿਤ ਪਾਵਨ ਨਾਮੁ ਜਾ ਕੋ, ਸਿਮਰਿ ਨਾਨਕ ਓਹੇ ॥੨॥੧੦॥੧੩੯॥੩॥੧੩॥੧੫੫॥

ਜੋ ਹਰਿ = ਪਰਮੇਸ਼ਰ ਦੇ ਦਾਸਾ-ਭਾਵ ਧਾਰਨ ਵਾਲੇ ਸੰਤ ਭਗਤ ਜਨ ਇਸ ਮਾਇਆ ਤੋਂ ਉਧਰੇ = ਬਚੇ ਹਨ **ਵਾ:** ਇਸ ਮਾਇਆ ਤੋਂ ਬਚ ਕੇ ਸੰਸਾਰ-ਸਮੁੰਦ੍ਰ ਤੋਂ ਉਧਰੇ = ਤਰ ਗਏ ਹਨ, ਉਸ ਪਰਮੇਸ਼ਰ ਨੇ ਮੇਹਰ ਭਰੀ ਦ੍ਰਿਸ਼ਟੀ ਕਰਕੇ ਉਨ੍ਹਾਂ ਦੀ ਜਮ = ਜਮਾਂ ਕੀ = ਦੀ ਫਾਸ = ਫਾਹੀ ਕਾਟਿ = ਕੱਟ ਦੀਨੀ = ਦਿੱਤੀ ਹੈ, ਜਾ = ਜਿਸ ਪਰਮੇਸ਼ਰ ਕੋ = ਦਾ ਨਾਮ ਪਤਿਤ = ਪਾਪੀਆਂ ਨੂੰ ਪਾਵਨ = ਪਵਿੱਤਰ ਕਰਨ ਵਾਲਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਓਹੇ = ਉਸੇ ਪਰਮੇਸ਼ਰ ਦੇ ਨਾਮ ਨੂੰ ਸੰਤ ਜਨ ਸਿਮਰਿ = ਸਿਮਰਦੇ ਹਨ **ਵਾ:** ਉਸੇ ਪ੍ਰਭੂ ਦੇ ਨਾਮ ਨੂੰ ਸਿਮਰ ਕੇ ਸੰਤ ਜਨ ਮਾਇਆ ਤੋਂ ਬਚੇ ਹਨ ॥੨॥੧੦॥੧੩੯॥੩॥੧੩॥੧੫੫॥

**ਅੰਕਾਂ ਦਾ ਵੇਰਵਾ :**

੨ = ਇਸ ਸ਼ਬਦ ਦੇ ਦੋ ਪਦੇ ਹਨ, ਇਸੇ ਕਰਕੇ ਪਹਿਲਾਂ ੨ ਅੰਕ ਲਿਖਿਆ ਹੈ।

੧੦ = ਦਸ ਸ਼ਬਦ ਪੜਤਾਲ ਛੰਦ ਵਿਚ ਉਚਾਰਨ ਕੀਤੇ ਹਨ, ਇਸੇ ਕਰਕੇ ੧੦ ਅੰਕ ਲਿਖਿਆ ਹੈ।

੧੩੯[1] = ਪੰਚਮ ਪਾਤਸ਼ਾਹ ਦੇ ਸ਼ਬਦ ਹਨ।
੩ = ਤਿੰਨ ਸ਼ਬਦ ਪਹਿਲੇ ਸਤਿਗੁਰਾਂ ਦੇ ਉਚਾਰਨ ਕੀਤੇ ਹੋਏ ਹਨ।
੧੩ = ਤੇਰਾਂ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਉਚਾਰਨ ਕੀਤੇ ਹੋਏ ਹਨ।
੧੩੯ + ੩ + ੧੩=੧੫੫ ਸਾਰੇ ਸ਼ਬਦਾਂ ਦਾ ਕੁਲ ਜੋੜ ਹੈ।

## ੧ੴ ਸਤਿਗੁਰ ਪ੍ਰਸਾਦਿ ॥
## ਰਾਗੁ ਸਾਰੰਗ ਮਹਲਾ ੯ ॥

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪੂਰਬ ਵੱਲ ਵਿਚਰਦੇ ਹੋਏ ਪਟਨਾ ਸਾਹਿਬ (ਬਿਹਾਰ) ਵਿਖੇ ਪਹੁੰਚੇ ਤੇ ਕਾਫ਼ੀ ਸਮਾਂ ਪਟਨਾ ਸਾਹਿਬ ਦੀ ਧਰਤੀ 'ਤੇ ਬਿਰਾਜਮਾਨ ਰਹੇ, ਜਦ ਸਤਿਗੁਰੂ ਸਾਹਿਬ ਜੀ ਰਾਜੇ ਬਿਸ਼ਨ ਸਿੰਘ ਦੀ ਮਦਦ ਦੇ ਵਾਸਤੇ ਅੱਗੇ ਢਾਕੇ ਵੱਲ ਨੂੰ ਜਾਣ ਲੱਗੇ ਤਾਂ ਸਤਿਗੁਰਾਂ ਦੇ ਚਰਨਾਂ ਵਿਚ ਪਟਨੇ ਦੀਆਂ ਸੰਗਤਾਂ ਨੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ! ਸਾਡੇ ਮਨ ਵਿਚ ਬੈਰਾਗ ਕਿਵੇਂ ਪੈਦਾ ਹੋਵੇ ? ਇਹ ਸੁਣ ਕੇ ਰਾਗ ਸਾਰੰਗ ਦੇ ਅੰਦਰ ਮਹਲਾ ੯ = ਨੌਂਵੇਂ ਸਰੂਪ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਪਦੇਸ਼ ਦਿੰਦਿਆਂ ਇਹ ਪਾਵਨ ਸ਼ਬਦ ਉਚਾਰਨ ਕੀਤਾ :

## ਹਰਿ ਬਿਨੁ; ਤੇਰੋ ਕੋ ਨ ਸਹਾਈ ॥

ਹੇ ਜੀਵ ! ਹਰਿ = ਪਰਮੇਸ਼ਰ ਤੋਂ ਬਿਨੁ = ਬਗ਼ੈਰ ਤੇਰੋ = ਤੇਰਾ ਕੋ = ਕੋਈ ਵੀ ਲੋਕ-ਪ੍ਰਲੋਕ ਵਿਚ ਸਹਾਈ = ਸਹਾਇਕ ਨ = ਨਹੀਂ ਹੈ।

## ਕਾਂ ਕੀ ਮਾਤ ਪਿਤਾ ਸੁਤ ਬਨਿਤਾ; ਕੋ ਕਾਹੂ ਕੋ ਭਾਈ ॥੧॥ਰਹਾਉ॥

ਬਿਨਾਂ ਪ੍ਰਯੋਜਨ (ਮਤਲਬ) ਤੋਂ ਕਾਂ ਕੀ = ਕੌਣ ਕਿਸੇ ਦੀ ਮਾਤ = ਮਾਤਾ, ਕੌਣ ਕਿਸੇ ਦਾ ਪਿਤਾ = ਪਿਓ, ਕੌਣ ਕਿਸੇ ਦਾ ਸੁਤ = ਪੁੱਤਰ, ਕੌਣ ਕਿਸੇ ਦੀ ਬਨਿਤਾ = ਇਸਤਰੀ ਹੈ ਅਤੇ ਕੋ = ਕੌਣ ਕਾਹੂ = ਕਿਸੇ ਕੋ = ਦਾ ਭਾਈ = ਭਰਾ ਹੈ ਭਾਵ ਕੋਈ ਨਹੀਂ ਹੈ ॥੧॥ਰਹਾਉ॥

## ਧਨੁ ਧਰਨੀ ਅਰੁ ਸੰਪਤਿ ਸਗਰੀ; ਜੋ ਮਾਨਿਓ ਅਪਨਾਈ ॥

ਹੇ ਜੀਵ ! ਧਨੁ = ਦੌਲਤ, ਧਰਨੀ = ਧਰਤੀ (ਜ਼ਮੀਨ) ਅਰੁ = ਅਤੇ ਸਗਰੀ = ਸਾਰੀ ਹਾਥੀ ਘੋੜੇ ਆਦਿ ਸੰਪਤਿ = ਵਿਭੂਤੀ (ਸੰਪਦਾ) ਜੋ ਤੂੰ ਅਪਨਾਈ = ਆਪਣੀ ਮਾਨਿਓ = ਮੰਨੀ ਹੋਈ ਹੈ।

---

੧. ਪੰਚਮ ਪਾਤਸ਼ਾਹ ਜੀ ਨੇ ਚੌਥੇ ਘਰ ਵਿਚ ੧੦੫ ਸ਼ਬਦ ਉਚਾਰਨ ਕੀਤੇ ਹਨ।
ਪੰਚਮ ਪਾਤਸ਼ਾਹ ਜੀ ਨੇ ਤੀਸਰੇ ਘਰ ਵਿਚ ੪ ਸ਼ਬਦ ਉਚਾਰਨ ਕੀਤੇ ਹਨ।
ਪੰਚਮ ਪਾਤਸ਼ਾਹ ਜੀ ਨੇ ਦੂਸਰੇ ਘਰ ਵਿਚ ੫ ਸ਼ਬਦ ਉਚਾਰਨ ਕੀਤੇ ਹਨ।
ਪੰਚਮ ਪਾਤਸ਼ਾਹ ਜੀ ਨੇ ਪਹਿਲੇ ਘਰ ਵਿਚ ੧੪ ਸ਼ਬਦ ਉਚਾਰਨ ਕੀਤੇ ਹਨ।
ਪੰਚਮ ਪਾਤਸ਼ਾਹ ਜੀ ਨੇ ਪੰਜਵੇਂ ਘਰ ਵਿਚ ੧ ਸ਼ਬਦ ਉਚਾਰਨ ਕੀਤਾ ਹੈ।
ਪੰਚਮ ਪਾਤਸ਼ਾਹ ਜੀ ਨੇ ਪੜਤਾਲ ਛੰਦ ਅੰਦਰ ਛੇਵੇਂ ਘਰ ਵਿਚ ੧੦ ਸ਼ਬਦ ਉਚਾਰਨ ਕੀਤੇ ਹਨ।
ਇਉਂ ਪੰਜਵੇਂ ਪਾਤਸ਼ਾਹ ਜੀ ਦੇ ਸ਼ਬਦਾਂ ਦਾ ਕੁਲ ਜੋੜ ੧੩੯ ਬਣਦਾ ਹੈ।

## ਤਨ ਛੂਟੈ, ਕਛੁ ਸੰਗਿ ਨ ਚਾਲੈ; ਕਹਾ ਤਾਹਿ ਲਪਟਾਈ ॥੧॥

ਹੇ ਜੀਵ! ਜਦ ਤੇਰਾ ਤਨ = ਸਰੀਰ ਛੂਟੈ = ਛੁੱਟ ਗਿਆ, ਤਦ ਕਛੁ = ਕੁਝ ਵੀ ਧਨ ਪਦਾਰਥ ਸੰਗਿ = ਨਾਲ ਨ = ਨਹੀਂ ਚਾਲੈ = ਚੱਲਣਾ, ਤੂੰ ਕਹਾ = ਕਿਸ ਵਾਸਤੇ ਤਾਹਿ = ਉਨ੍ਹਾਂ ਮਿਥਿਆ ਧਨ ਪਦਾਰਥਾਂ ਵਿਚ ਲਪਟਾਈ = ਲੰਪਟ, ਫਸ ਰਿਹਾ ਹੈਂ ॥੧॥

## ਦੀਨ ਦਇਆਲ, ਸਦਾ ਦੁਖ ਭੰਜਨ; ਤਾ ਸਿਉ ਰੁਚਿ ਨ ਬਢਾਈ ॥

ਜੋ ਦੀਨ = ਗ਼ਰੀਬਾਂ ਤੇ ਦਇਆਲ = ਦਇਆ ਕਰਨ ਵਾਲਾ ਹੈ ਤੇ ਸਦਾ = ਹਮੇਸ਼ਾਂ ਜੰਮਣ ਮਰਣ ਦੇ ਦੁੱਖਾਂ ਨੂੰ ਭੰਜਨ = ਭੰਨਣ, ਨਾਸ਼ ਕਰਨ ਵਾਲਾ ਪਰਮੇਸ਼ਰ ਹੈ, ਤਾ = ਉਸ ਦੇ ਸਿਉ = ਨਾਲ ਚਿੱਤ ਦੀ ਰੁਚਿ = ਰੁਚੀ ਬਢਾਈ = ਵਧਾਉਣਾ ਨ = ਨਹੀਂ ਕੀਤੀ।

## ਨਾਨਕ ਕਹਤ, ਜਗਤ ਸਭ ਮਿਥਿਆ; ਜਿਉ ਸੁਪਨਾ ਰੈਨਾਈ ॥੨॥੧॥

ਸਤਿਗੁਰੂ ਸਾਹਿਬ ਜੀ ਕਹਤ = ਕਥਨ ਕਰਦੇ ਹਨ ਕਿ ਸਭ = ਸਾਰਾ ਸੰਸਾਰ ਇਉਂ ਮਿਥਿਆ = ਅਣਹੋਇਆ ਪ੍ਰਤੀਤ ਹੋ ਰਿਹਾ ਹੈ, ਜਿਉ = ਜਿਵੇਂ ਰੈਨਾਈ = ਰਾਤ ਆਈ ਤੋਂ ਸੁਪਨਾ ਮਿਥਿਆ ਰੂਪ ਹੁੰਦਾ ਹੈ **ਵਾ:** ਜਿਵੇਂ ਰਾਤ ਆਈ ਤੋਂ ਸੁਪਨੇ ਵਿਚ ਜੀਵ ਬੇਅੰਤ ਪਦਾਰਥਾਂ ਦੀ ਰਚਨਾ ਰਚਾ ਲੈਂਦਾ ਹੈ ਤੇ ਪਰਿਵਾਰ ਆਦਿ ਬਣਾ ਲੈਂਦਾ ਹੈ ਪਰ ਜਾਗਣ ਤੋਂ ਸੁਪਨੇ ਵਾਲੀ ਕੋਈ ਵੀ ਚੀਜ਼ ਕੋਲ ਨਹੀਂ ਦਿੱਸਦੀ, ਇਸੇ ਪ੍ਰਕਾਰ ਅਵਸਥਾ ਰੂਪੀ ਰਾਤ ਵਿਚ ਅਵਿੱਦਿਆ ਰੂਪੀ ਨੀਂਦ ਆਉਣ ਕਰਕੇ ਸੰਸਾਰ ਸੁਪਨਾ ਸੱਚਾ ਪ੍ਰਤੀਤ ਹੋ ਰਿਹਾ ਹੈ ਪ੍ਰੰਤੂ ਗਿਆਨ ਅਵਸਥਾ ਵਿਚ ਜਾਗਣ ਤੋਂ ਸੰਸਾਰ ਦੀ ਕੋਈ ਵੀ ਚੀਜ਼ ਸੱਚੀ ਨਹੀਂ ਦਿੱਸਦੀ। ਇਸੇ ਕਰਕੇ ਸੰਸਾਰ ਸੁਪਨੇ ਵਿਚ ਪ੍ਰਤੀਤ ਹੋ ਰਹੇ ਪਦਾਰਥ ਵੀ ਜੀਵ ਦੇ ਨਾਲ ਪ੍ਰਲੋਕ ਨੂੰ ਨਹੀਂ ਜਾਣਗੇ ॥੨॥੧॥

## ਸਾਰੰਗ ਮਹਲਾ ੯ ॥

## ਕਹਾ ਮਨ; ਬਿਖਿਆ ਸਿਉ ਲਪਟਾਹੀ ॥

ਹੇ ਮੇਰੇ ਮਨਾਂ! ਤੂੰ ਕਹਾ = ਕਿਸ ਵਾਸਤੇ ਬਿਖਿਆ = ਮਾਇਆ **ਵਾ:** ਬਿਖਿਆ = ਵਿਸ਼ਿਆਂ ਦੇ ਸਿਉ = ਨਾਲ ਲਪਟਾਹੀ = ਲੰਪਟ, ਫਸ ਰਿਹਾ ਹੈਂ।

## ਯਾ ਜਗ ਮੈ ਕੋਊ ਰਹਨੁ ਨ ਪਾਵੈ;<br>ਇਕਿ ਆਵਹਿ ਇਕਿ ਜਾਹੀ ॥੧॥ਰਹਾਉ॥

ਯਾ = ਇਸ ਜਗ = ਸੰਸਾਰ ਮੈ = ਵਿਚ ਕੋਊ = ਕੋਈ ਵੀ ਸਰੀਰ ਧਾਰ ਕੇ ਰਹਨੁ = ਰਹਿਣਾ ਨਹੀਂ = ਪਾਵੈ = ਪਾਉਣਾ ਕਰੇਗਾ, ਇਕ ਜਨਮ ਧਾਰ ਕੇ ਆਵਹਿ = ਆਉਂਦਾ ਹੈ ਅਤੇ ਇਕ ਕੂਚ ਕਰਕੇ ਸੰਸਾਰ ਤੋਂ ਚਲਿਆ ਜਾਹੀ = ਜਾਂਦਾ ਹੈ ॥੧॥ਰਹਾਉ॥

## ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ; ਕਾ ਸਿਉ ਨੇਹੁ ਲਗਾਹੀ ॥

ਇਹ ਕਾਂ = ਕਿਸ ਕੋ = ਦਾ ਤਨੁ = ਸਰੀਰ, ਕਿਸ ਦਾ ਧਨ ਅਤੇ ਕਾਂ = ਕਿਸ ਕੀ = ਦੀ ਸੰਪਤਿ = ਹਾਥੀ ਘੋੜੇ ਆਦਿ ਵਿਭੂਤੀ ਹੈ ਭਾਵ ਕਿਸੇ ਦੀ ਨਹੀਂ ਹੈ, ਹੇ ਜੀਵ! ਤੂੰ ਕਾ = ਕਿਸ ਮਿਥਿਆ ਪਦਾਰਥਾਂ ਦੇ ਸਿਉ = ਨਾਲ ਨੇਹੁ = ਪ੍ਰੇਮ ਲਗਾਹੀ = ਲਗਾ ਰਿਹਾ ਹੈਂ।

## ਜੋ ਦੀਸੈ, ਸੋ ਸਗਲ ਬਿਨਾਸੈ; ਜਿਉ ਬਾਦਰ ਕੀ ਛਾਹੀ ॥੧॥

ਜੋ = ਜਿਹੜਾ ਸੰਸਾਰਕ ਪਸਾਰਾ ਦੀਸੈ = ਦਿਸ ਰਿਹਾ ਹੈ, ਸੋ = ਉਹ ਸਗਲ = ਸਾਰਾ ਕੁਝ ਇਉਂ ਬਿਨਾਸੈ = ਨਾਸ਼ ਹੋ ਜਾਏਗਾ, ਜਿਉਂ = ਜਿਵੇਂ ਬਾਦਰ = ਬੱਦਲ ਕੀ = ਦੀ ਛਾਹੀ = ਛਾਂ ਥੋੜ੍ਹੇ ਚਿਰ ਬਾਅਦ ਨਾਸ਼ ਹੋ ਜਾਂਦੀ ਹੈ **ਵਾ**: ਇਸੇ ਪ੍ਰਕਾਰ ਜੋ ਮਾਇਆ ਰੂਪੀ ਬੱਦਲ ਦੀ ਸੁੱਖ ਰੂਪੀ ਛਾਂ ਪ੍ਰਤੀਤ ਹੋ ਰਹੀ ਹੈ, ਇਹ ਪ੍ਰਾਲਬਧ ਰੂਪੀ ਹਵਾ ਆਉਣ ਕਰਕੇ ਪੁੰਨੀ ਪੁਰਖਾਂ ਦੇ ਕੋਲ ਚਲੀ ਜਾਵੇਗੀ ॥੧॥

## ਤਜਿ ਅਭਿਮਾਨੁ, ਸਰਣਿ ਸੰਤਨ ਗਹੁ; ਮੁਕਤਿ ਹੋਹਿ ਛਿਨ ਮਾਹੀ ॥

ਹੇ ਮਨਾਂ ! ਦੇਹ ਦਾ ਅਭਿਮਾਨੁ = ਹੰਕਾਰ ਤਜਿ = ਛੱਡ ਕੇ ਸੰਤਨ = ਸਾਸ ਗਿਰਾਸ ਨਾਮ ਜਪਣ ਵਾਲੇ ਪੁਰਖਾਂ ਦੀ ਸਰਣਿ = ਓਟ ਗਹੁ = ਗ੍ਰਹਿਣ, ਪਕੜਨਾ ਕਰ, ਫੇਰ ਤੂੰ ਇਕ ਛਿਨ = ਖਿਨ ਦੇ ਮਾਹੀ = ਵਿਚ ਗੁਰਾਂ ਦੀ ਕਿਰਪਾ ਦੁਆਰਾ ਮੁਕਤ ਹੋਹਿ = ਹੋ ਜਾਵੇਂਗਾ।

## ਜਨ ਨਾਨਕ, ਭਗਵੰਤ ਭਜਨ ਬਿਨੁ; ਸੁਖੁ ਸੁਪਨੈ ਭੀ ਨਾਹੀ ॥੨॥੨॥

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਭਗਵੰਤ = ਪਰਮੇਸ਼ਰ ਦੇ ਭਜਨ = ਸਿਮਰਨ ਤੋਂ ਬਿਨੁ = ਬਗ਼ੈਰ ਸੁਪਨੇ ਵਿਚ ਭੀ = ਵੀ ਸੁਖ ਪ੍ਰਾਪਤ ਨਾਹੀ = ਨਹੀਂ ਹੁੰਦਾ ॥੨॥੨॥

## ਸਾਰੰਗ ਮਹਲਾ ੯ ॥
## ਕਹਾ ਨਰ; ਅਪਨੋ ਜਨਮੁ ਗਵਾਵੈ ॥

ਹੇ ਨਰ = ਪੁਰਖ ! ਤੂੰ ਕਹਾ = ਕਿਸ ਵਾਸਤੇ ਅਪਨੋ = ਆਪਣਾ ਮਨੁੱਖਾ ਜਨਮ ਬੇਅਰਥ ਗਵਾਵੈ = ਗਵਾ ਰਿਹਾ ਹੈਂ।

## ਮਾਇਆ ਮਦਿ ਬਿਖਿਆ ਰਸਿ ਰਚਿਓ;
## ਰਾਮ ਸਰਨਿ ਨਹੀ ਆਵੈ ॥੧॥ਰਹਾਉ॥

ਹੇ ਜੀਵ ! ਤੂੰ ਮਾਇਆ ਰੂਪੀ ਮਦਿ = ਸ਼ਰਾਬ ਪੀ ਕੇ ਮਸਤ ਹੋ ਰਿਹਾ ਹੈਂ ਤੇ ਬਿਖਿਆ = ਵਿਸ਼ਿਆਂ ਦੇ ਰਸ ਵਿਚ ਰਚਿਓ = ਰਚ ਰਿਹਾ ਹੈਂ **ਵਾ**: ਛਲ ਰੂਪ ਮਾਇਆ ਦੇ ਮਦਿ = ਹੰਕਾਰ ਕਰਕੇ ਸ਼ਬਦ, ਸਪਰਸ਼ ਰੂਪ ਰਸ ਗੰਧ ਆਦਿ ਵਿਸ਼ਿਆਂ ਦੇ ਰਸ ਵਿਚ ਰਚ ਰਿਹਾ ਹੈਂ, ਰਾਮ = ਪਰਮੇਸ਼ਰ ਦੀ ਸਰਨਿ = ਓਟ ਵਿਚ ਨਹੀਂ ਆਵੈ = ਆਉਂਦਾ ॥੧॥ਰਹਾਉ॥

## ਇਹੁ ਸੰਸਾਰੁ ਸਗਲ ਹੈ ਸੁਪਨੋ; ਦੇਖਿ ਕਹਾ ਲੋਭਾਵੈ ॥

ਇਹ ਸਗਲ = ਸਾਰਾ ਸੰਸਾਰੁ = ਜਗਤ ਸੁਪਨੋ = ਸੁਪਨੇ ਦੀ ਨਿਆਈਂ ਹੈ, ਇਸ ਨੂੰ ਦੇਖਿ = ਵੇਖ ਕੇ ਕਹਾ = ਕਿਸ ਵਾਸਤੇ ਲੋਭਾਵੈ = ਲੁਭਾਏਮਾਨ ਹੋ ਰਿਹਾ ਹੈਂ।

## ਜੋ ਉਪਜੈ, ਸੋ ਸਗਲ ਬਿਨਾਸੈ; ਰਹਨੁ ਨ ਕੋਊ ਪਾਵੈ ॥੧॥

ਜੋ ਵੀ ਸੰਸਾਰਕ ਪਸਾਰਾ ਉਪਜੈ = ਪੈਦਾ ਹੋਇਆ ਹੈ, ਸੋ = ਉਹ ਸਗਲ = ਸਾਰਾ ਬਿਨਾਸੈ = ਨਾਸ਼ ਹੋ ਜਾਵੇਗਾ, ਕੋਊ = ਕੋਈ ਵੀ ਸਰੀਰ ਕਰਕੇ ਰਹਨੁ = ਰਹਿਣਾ ਨ = ਨਹੀਂ ਪਾਵੈ = ਪਾਵੇਗਾ ॥੧॥

## ਮਿਥਿਆ ਤਨੁ, ਸਾਚੋ ਕਰਿ ਮਾਨਿਓ; ਇਹ ਬਿਧਿ ਆਪੁ ਬੰਧਾਵੈ ॥

ਹੇ ਜੀਵ ! ਜੋ ਤੇਰਾ ਤਨੁ = ਸਰੀਰ ਮਿਥਿਆ = ਅਣਹੋਇਆ ਪ੍ਰਤੀਤ ਹੋ ਰਿਹਾ ਹੈ ਭਾਵ ਸੁਪਨੇ ਵਾਂਗ ਮਿਥਿਆ ਰੂਪ ਹੈ ਇਸ ਨੂੰ ਤੂੰ ਸਾਚੋ = ਸੱਚਾ ਕਰਿ = ਕਰਕੇ ਮਾਨਿਓ = ਮੰਨ ਲਿਆ ਹੈ, ਇਹ = ਇਸ ਬਿਧਿ = ਤਰੀਕੇ ਨਾਲ ਤੂੰ ਆਪਣੇ ਆਪ ਨੂੰ ਬੰਧਨਾਂ ਵਿਚ ਬੰਧਾਵੈ = ਬੰਨ੍ਹਿਆ ਹੋਇਆ ਹੈ।

## ਜਨ ਨਾਨਕ, ਸੋਊ ਜਗ ਮੁਕਤਾ; ਰਾਮ ਭਜਨ ਚਿਤੁ ਲਾਵੈ ॥੨॥੩॥[੧]

ਸਤਿਗੁਰੂ ਸਾਹਿਬ ਜੀ ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਸੋਊ = ਉਹੋ ਜਗ = ਜੀਵ ਹੀ ਮੁਕਤਾ = ਮੁਕਤ ਰੂਪ ਹੈ ਜੋ ਰਾਮ = ਪਰਮੇਸ਼ਰ ਦੇ ਭਜਨ = ਸਿਮਰਨ ਵਿਚ ਚਿਤੁ = ਹਿਰਦੇ ਨੂੰ ਲਾਵੈ = ਲਾਵੇਗਾ, ਜੋੜੇਗਾ ॥੨॥੩॥

## ਸਾਰੰਗ ਮਹਲਾ ੯ ॥
## ਮਨ ਕਰ; ਕਬਹੂ ਨ ਹਰਿ ਗੁਨ ਗਾਇਓ ॥

ਹੇ ਜੀਵ ! ਤੂੰ ਮਨ = ਚਿਤ ਲਾ ਕਰ = ਕਰਕੇ ਕਬਹੂ = ਕਦੇ ਵੀ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਨ = ਨਹੀਂ ਗਾਇਓ = ਗਾਉਣਾ ਕੀਤਾ।

[ਅੰਗ ੧੨੩੨]

## ਬਿਖਿਆਸਕਤਿ ਰਹਿਓ ਨਿਸਿ ਬਾਸੁਰ;
## ਕੀਨੋ ਅਪਨੋ ਭਾਇਓ ॥੧॥ਰਹਾਉ॥

ਹੇ ਜੀਵ ! ਤੂੰ ਨਿਸਿ = ਰਾਤ ਬਾਸੁਰ = ਦਿਨ ਬਿਖਿਆਸਕਤਿ = ਵਿਸ਼ਿਆਂ ਦੇ ਵਿਚ ਲਿਵਲੀਨ **ਵਾ:** ਵਿਸ਼ਿਆਂ ਦੇ ਵਿਚ ਮੋਹਿਤ ਹੋ ਰਹਿਓ = ਰਿਹਾ ਹੈਂ, ਤੂੰ ਅਪਨੋ = ਆਪਣਾ ਮਨ ਭਾਇਓ = ਭਾਉਂਦਾ ਕਾਰਜ ਹੀ ਕੀਨੋ = ਕੀਤਾ ਹੈ ॥੧॥ਰਹਾਉ॥

## ਗੁਰ ਉਪਦੇਸੁ, ਸੁਨਿਓ ਨਹਿ ਕਾਨਨਿ; ਪਰ ਦਾਰਾ ਲਪਟਾਇਓ ॥

ਹੇ ਜੀਵ ! ਜੋ ਸਤਿਗੁਰਾਂ ਦਾ ਅੰਮ੍ਰਿਤ ਰੂਪ ਉਪਦੇਸ਼ ਕਲਿਆਣ ਕਰਨ ਵਾਲਾ ਹੈ, ਉਸ ਗੁਰ ਉਪਦੇਸ਼ ਨੂੰ ਤੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕਾਨਨਿ = ਕੰਨਾਂ ਨਾਲ ਸੁਨਿਓ = ਸੁਣਦਾ ਨਹਿ = ਨਹੀਂ ਹੈਂ, ਸਗੋਂ ਪਰ = ਪਰਾਈਆਂ ਦਾਰਾ = ਇਸਤਰੀਆਂ ਦੇ ਰੂਪ ਵੇਖਣ ਵਿਚ ਲਪਟਾਇਓ = ਲਪਟਿਆ, ਫਸਿਆ ਹੋਇਆ ਹੈਂ।

## ਪਰ ਨਿੰਦਾ ਕਾਰਨਿ, ਬਹੁ ਧਾਵਤ; ਸਮਝਿਓ ਨਹ ਸਮਝਾਇਓ ॥੧॥

ਹੇ ਜੀਵ ! ਤੂੰ ਪਰ = ਪਰਾਈ ਨਿੰਦਾ = ਅਪਕੀਰਤੀ ਕਾਰਨਿ = ਵਾਸਤੇ ਬਹੁ = ਬਹੁਤਾ ਧਾਵਤ = ਦੌੜਦਾ ਫਿਰਦਾ ਰਹਿੰਦਾ ਹੈਂ, ਗੁਰਾਂ **ਵਾ:** ਵੇਦਾਂ ਸ਼ਾਸਤਰਾਂ **ਵਾ:** ਧਾਰਮਿਕ ਗ੍ਰੰਥਾਂ ਦਾ ਸਮਝਾਇਆ ਹੋਇਆ ਵੀ ਨਹ = ਨਹੀਂ ਸਮਝਿਓ = ਸਮਝਦਾ ॥੧॥ ਅਗਲੀਆਂ ਤੁਕਾਂ ਵਿਚ ਜਗਿਆਸੂ, ਸਤਿਗੁਰਾਂ ਦੇ ਅੱਗੇ ਬੇਨਤੀ ਕਰਦਾ ਹੈ ॥੧॥

---

੧. ਕਈ ਪੋਥੀਆਂ ਵਿਚ 'ਜਗ' ਦੀ ਥਾਂ 'ਜਨ' ਪਾਠ ਵੀ ਆਉਂਦਾ ਹੈ।

## ਕਹਾ ਕਹਉ ਮੈ ਅਪੁਨੀ ਕਰਨੀ; ਜਿਹ ਬਿਧਿ ਜਨਮੁ ਗਵਾਇਓ ॥

ਹੇ ਸਤਿਗੁਰੂ ਜੀ! ਮੈਂ ਆਪਣੀ ਭੈੜੀ ਕਰਨੀ = ਕਰਤੂਤ ਕਹਾ = ਕਿਥੇ ਕੁ ਤੱਕ ਕਹਉ = ਕਹਿਣਾ, ਦੱਸਣਾ ਕਰਾਂ, ਜਿਹਾ = ਜਿਸ ਭੈੜੀ ਕਰਤੂਤ ਦੀ ਬਿਧਿ = ਵਿਧੀ ਨਾਲ ਮੈਂ ਆਪਣਾ ਮਨੁੱਖਾ ਜਨਮ ਬੇਅਰਥ ਹੀ ਗਵਾਇਓ = ਗਵਾ ਲਿਆ ਹੈ।

## ਕਹਿ ਨਾਨਕ, ਸਭ ਅਉਗਨ ਮੋ ਮੈ;
## ਰਾਖਿ ਲੇਹੁ ਸਰਨਾਇਓ ॥੨॥੪॥੩॥੧੩॥੧੩੯॥੪॥੧੫੯॥

ਸਤਿਗੁਰੂ ਸਾਹਿਬ ਜੀ ਜਗਿਆਸੂ ਮੁੱਖ ਦੁਆਰਾ ਕਹਿ = ਕਥਨ ਕਰਦੇ ਹਨ ਕਿ ਹੇ ਸਤਿਗੁਰੂ ਜੀ! ਮੋ = ਮੇਰੇ ਮੈ = ਵਿਚ ਬਹੁਤ ਸਭ = ਸਾਰੇ ਅਉਗਨ = ਗੁਨਾਹ ਹਨ, ਕਿਰਪਾ ਕਰਕੇ ਮੈਨੂੰ ਆਪਣੀ ਸਰਨਾਇਓ = ਸ਼ਰਨ ਵਿਚ ਰਾਖਿ = ਰੱਖ ਲੇਹੁ = ਲੈਣਾ ਕਰੋ ॥੨॥੪॥੩॥੧੩॥੧੩੯॥੪॥੧੫੯॥

## ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧
## ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਸਾਹਿਬ ਜੀ ਕਰਤਾਰਪੁਰ ਸਾਹਿਬ ਰਾਵੀ ਦੇ ਕਿਨਾਰੇ ਸੁਸ਼ੋਭਿਤ ਸਨ, ਸਿੱਖ ਸੰਗਤਾਂ ਦਰਸ਼ਨ ਕਰਕੇ ਪ੍ਰਸੰਨ ਹੋ ਰਹੀਆਂ ਸਨ, ਕੁਝ ਸਿੱਖਾਂ ਨੇ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸਤਿਗੁਰੂ ਜੀ ਸਾਨੂੰ ਪਰਮੇਸ਼ਰ ਦੇ ਨਾਲ ਪ੍ਰੇਮ ਲਾਉਣ ਦੀ ਜਾਂਚ ਦੱਸੋ। ਇਹ ਸੁਣ ਕੇ ਸਾਰਗ ਰਾਗ ਦੇ ਅੰਦਰ ਅਸਟਪਦੀਆ = ਅੱਠ ਪਦਿਆਂ ਵਾਲੀ ਬਾਣੀ ਮਹਲਾ ੧ = ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਘਰੁ ੧ = ਪਹਿਲੇ ਸੁਰਤਾਲ ਵਿਚ ਮੰਗਲ ਕਰਦਿਆਂ ਉਚਾਰਨ ਕੀਤੀ।

੧ = ਅਦੁੱਤੀ ਪਰਮੇਸ਼ਰ, ਓਂ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਬਿਨੁ; ਕਿਉ ਜੀਵਾ ਮੇਰੀ ਮਾਈ ॥

ਹੇ ਮੇਰੀ ਮਾਈ = ਮਾਤਾ ਦੀ ਨਿਆਈਂ ਸੰਤ ਜਨੋਂ! ਹਰਿ = ਪਰਮੇਸ਼ਰ ਤੋਂ ਬਿਨੁ = ਬਗ਼ੈਰ ਮੇਰਾ ਜੀਵਾ = ਜਿਉਣਾ ਕਿਉਂ = ਕਿਵੇਂ ਹੋ ਸਕਦਾ ਹੈ।

## ਜੈ ਜਗਦੀਸ ਤੇਰਾ ਜਸੁ ਜਾਚਉ; ਮੈ ਹਰਿ ਬਿਨੁ ਰਹਨੁ ਨ ਜਾਈ ॥੧॥ਰਹਾਉ॥

ਹੇ ਜਗਦੀਸ = ਜਗਤ ਦੇ ਈਸਰ ਭਾਵ ਮਾਲਕ ਪਰਮੇਸ਼ਰ! ਤੇਰੀ ਲੋਕ-ਪ੍ਰਲੋਕ ਵਿਚ ਜੈ ਜੈ ਕਾਰ ਹੋ ਰਹੀ ਹੈ, ਮੈਂ ਤੇਰਾ ਜਸੁ = ਕੀਰਤਨ, ਭਜਨ ਕਰਨਾ ਜਾਚਉ = ਮੰਗਦਾ ਹਾਂ, **ਵਾ:** ਹੇ ਪਰਮੇਸ਼ਰ! ਤੇਰੇ ਜਿਸ ਜੱਸ ਨੂੰ ਸੁਣ ਸੁਣ ਕੇ ਸਾਰੀ ਦੁਨੀਆਂ ਜੈ ਜੈ ਕਾਰ ਕਰ ਰਹੀ ਹੈ ਉਹ ਤੇਰਾ ਜੱਸ ਕਰਨਾ ਮੈਂ ਮੰਗਦਾ ਹਾਂ, ਹੇ ਹਰਿ = ਪਰਮੇਸ਼ਰ! ਮੈ = ਮੇਰੇ ਪਾਸੋਂ ਇਕ ਛਿਨ ਵੀ ਤੇਰੇ ਬਿਨੁ = ਬਗ਼ੈਰ ਰਹਨੁ = ਰਿਹਾ ਨ = ਨਹੀਂ ਜਾਈ = ਜਾ ਸਕਦਾ ॥੧॥ਰਹਾਉ॥

## ਹਰਿ ਕੀ ਪਿਆਸ ਪਿਆਸੀ ਕਾਮਨਿ; ਦੇਖਉ ਰੈਨਿ ਸਬਾਈ ॥

ਹੇ ਹਰਿ = ਪਰਮੇਸ਼ਰ! ਤੇਰੇ ਦਰਸ਼ਨਾਂ ਕੀ = ਦੀ ਪਿਆਸ = ਤ੍ਰੇਹ ਕਰਕੇ ਮੇਰੀ ਬਿਰਤੀ ਰੂਪ ਕਾਮਨਿ =

ਇਸਤਰੀ ਬਹੁਤ ਪਿਆਸੀ ਹੋ ਰਹੀ ਹੈ ਭਾਵ ਦਰਸ਼ਨਾਂ ਦੀ ਪਿਆਸ ਕਰਕੇ ਬਹੁਤ ਵਿਆਕੁਲ ਹੋ ਰਹੀ ਹੈ, ਸਬਾਈ = ਸਾਰੀ ਰੈਨਿ = ਰਾਤ ਦੇਖਉ = ਵੇਖਦਿਆਂ ਵੇਖਦਿਆਂ ਹੀ ਗੁਜ਼ਰ ਜਾਂਦੀ ਹੈ ਕਿ ਕਦੋਂ ਤੇਰੇ ਸਰਗੁਣ ਸਰੂਪ ਦਾ ਦਰਸ਼ਨ ਹੋਵੇ **ਵਾ:** ਸਾਰੀ ਅਵਸਥਾ ਰੂਪੀ ਰਾਤ ਵਿਚ ਤੇਰੇ ਦਰਸ਼ਨ ਦੇਖਣ ਦੀ ਰੁਚੀ ਲੱਗੀ ਰਹਿੰਦੀ ਹੈ।

## ਸ੍ਰੀਧਰ ਨਾਥ ਮੇਰਾ ਮਨੁ ਲੀਨਾ; ਪ੍ਰਭੁ ਜਾਨੈ ਪੀਰ ਪਰਾਈ ॥੧॥

ਹੇ ਸ੍ਰੀ = ਲੱਛਮੀ **ਵਾ:** ਸ਼ੋਭਾ ਦੇ ਧਰ = ਧਾਰਨ ਵਾਲੇ **ਵਾ:** ਸ੍ਰੀ = ਸ਼ਿਰੋਮਣੀ ਤੇ ਸਭ ਦਾ ਧਰ = ਆਸਰਾ ਰੂਪ ਨਾਥ = ਸੁਆਮੀ ਪਰਮੇਸ਼ਰ ਜੀ! ਮੇਰਾ ਮਨੁ = ਚਿੱਤ ਤੇਰੇ ਪ੍ਰੇਮ ਵਿਚ ਲੀਨਾ = ਲੀਨ ਹੋ ਰਿਹਾ ਹੈ, ਹੇ ਪ੍ਰਭੁ = ਪਰਮੇਸ਼ਰ! ਤੂੰ ਹੀ ਪਰਾਈ = ਬਿਗਾਨੀ ਪੀਰ = ਪੀੜਾ ਨੂੰ ਜਾਨੈ = ਜਾਣਦਾ ਹੈਂ **ਵਾ:** ਮੇਰੀ ਵਿਛੋੜੇ ਦੀ ਪੀੜਾ ਨੂੰ ਤੂੰ ਹੀ ਜਾਣਦਾ ਹੈਂ, **ਵਾ:** ਹੇ ਪਰਮੇਸ਼ਰ! ਤੈਨੂੰ ਜਾਨੈ = ਜਾਨਣੇ ਕਰਕੇ ਜੰਮਣ-ਮਰਣ ਦੀ ਪੀਰ = ਪੀੜਾ (ਪਰਾ + ਈ) ਪਰਾ = ਚਲੀ ਈ = ਜਾਂਦੀ ਹੈ॥੧॥

## ਗਣਤ ਸਰੀਰਿ ਪੀਰ ਹੈ ਹਰਿ ਬਿਨੁ; ਗੁਰ ਸਬਦੀ, ਹਰਿ ਪਾਈ ॥

ਹੇ ਹਰਿ = ਪਰਮੇਸ਼ਰ! ਤੇਰੇ ਸਿਮਰਨ ਤੋਂ ਬਿਨੁ = ਬਗ਼ੈਰ ਸਾਧਨਾ, ਕਰਮਾਂ-ਧਰਮਾਂ **ਵਾ:** ਜਪਾਂ-ਤਪਾਂ ਦੀ ਗਣਤ = ਗਿਣਤੀ ਕਰਕੇ ਸਰੀਰਿ = ਤਨ ਵਿਚ ਵਿਛੋੜੇ ਦੀ ਪੀਰ = ਪੀੜ ਬਣੀ ਹੀ ਰਹਿੰਦੀ ਹੈ, ਹੇ ਹਰਿ = ਪਰਮੇਸ਼ਰ! ਤੈਨੂੰ ਗੁਰ = ਸਤਿਗੁਰੂ ਸਾਹਿਬ ਜੀ ਦੇ ਸਬਦੀ = ਉਪਦੇਸ਼ ਦੀ ਕਮਾਈ ਕਰਕੇ ਪਾਈ = ਪਾਇਆ ਜਾਂਦਾ ਹੈ।

## ਹੋਹੁ ਦਇਆਲ, ਕ੍ਰਿਪਾ ਕਰਿ ਹਰਿ ਜੀਉ; ਹਰਿ ਸਿਉ ਰਹਾਂ ਸਮਾਈ ॥੨॥

ਹੇ ਹਰਿ = ਪਰਮੇਸ਼ਰ ਜੀਉ = ਜੀ! ਮੇਰੇ ਉੱਤੇ ਕ੍ਰਿਪਾ = ਦਇਆ ਦ੍ਰਿਸ਼ਟੀ ਕਰਿ = ਕਰੋ ਤੇ ਮੇਰੇ ਉੱਪਰ ਦਇਆਲ = ਦਿਆਲੂ ਹੋਹੁ = ਹੋਣਾ ਕਰੋ, ਜਿਸ ਕਰਕੇ ਹੇ ਹਰਿ = ਪਰਮੇਸ਼ਰ! ਮੇਰਾ ਚਿੱਤ ਤੇਰੇ ਸਿਉ = ਨਾਲ ਸਮਾਈ = ਸਮਾਇਆ ਰਹਾਂ = ਰਹਿਣਾ ਕਰੇ ਭਾਵ ਮੇਰਾ ਮਨ ਹਰ ਵਕਤ ਪ੍ਰੇਮ ਵਿਚ ਮਸਤ ਹੋ ਕੇ ਤੇਰੇ ਨਾਲ ਮਿਲਿਆ ਰਹੇ॥੨॥

## ਐਸੀ ਰਵਤ ਰਵਹੁ ਮਨ ਮੇਰੇ; ਹਰਿ ਚਰਣੀ ਚਿਤੁ ਲਾਈ ॥

ਹੇ ਮੇਰੇ ਮਨਾਂ! ਐਸੀ = ਅਜਿਹੀ ਰਵਤ = ਰਹਿਣੀ ਵਿਚ ਰਵਹੁ = ਰਹਿਣਾ (ਰਮਣਾ) ਕਰ, ਜਿਸ ਕਰਕੇ ਹੇ ਚਿਤੁ = ਮਨਾਂ ਤੂੰ ਹਰਿ = ਪਰਮੇਸ਼ਰ ਦੇ ਚਰਣੀ = ਚਰਨਾਂ ਕਮਲਾਂ ਵਿਚ ਲਾਈ = ਲੱਗ ਜਾਵੇਂ **ਅਥਵਾ** ਹੇ ਮੇਰੇ ਮਨਾਂ! ਅਜਿਹੀ ਰਵਤ = ਕਥਾ ਨੂੰ ਰਵਹੁ = ਉਚਾਰਨ ਕਰ, ਜਿਸ ਕਰਕੇ ਤੇਰੇ ਚਿੱਤ ਦੀ ਬਿਰਤੀ ਪ੍ਰਭੂ ਚਰਨਾਂ ਦੇ ਨਾਲ ਲੱਗ, ਜੁੜ ਜਾਵੇ **ਵਾ:** ਐਸੀਆਂ ਰਵਤ = ਆਦਤਾਂ ਵਿਚ ਰਵਹੁ = ਵਿਚਰਨਾ ਕਰ ਜਿਸ ਕਰਕੇ ਹੇ ਮਨਾਂ! ਤੇਰਾ ਹਰੀ ਦੇ ਚਰਨਾਂ ਕਮਲਾਂ ਵਿਚ ਧਿਆਨ ਜੁੜ ਜਾਵੇ **ਵਾ:** ਮੇਰੇ ਮਨਾਂ! ਅਜਿਹੀ ਰਵਤ = ਰਮਨੇ ਯੋਗ ਮਹਾਤਮਾ ਰੂਪ ਸਖੀ ਦੇ ਨਾਲ ਮਿਲ ਕੇ ਸ਼ਰਧਾ ਸਹਿਤ ਪਰਮੇਸ਼ਰ ਦਾ ਉਚਾਰਨ ਕਰ, ਜੋ ਹਰਿ = ਪਰਮੇਸ਼ਰ ਦੇ ਚਰਨਾਂ ਵਿਚ ਹਰ ਵਕਤ ਆਪਣਾ ਚਿੱਤ ਲਾਈ ਰੱਖਦੀ ਹੈ।

## ਬਿਸਮ ਭਏ ਗੁਣ ਗਾਇ ਮਨੋਹਰ; ਨਿਰਭਉ ਸਹਜਿ ਸਮਾਈ ॥੩॥

ਮਨੋਹਰ = ਸੁੰਦਰ ਸਰੂਪ ਪਰਮੇਸ਼ਰ ਦੇ ਜੱਸ ਰੂਪ ਗੁਣਾਂ ਨੂੰ ਗਾਇ = ਗਾ ਕੇ ਬਿਸਮ = ਅਸਚਰਜ ਭਏ = ਹੋ ਗਏ ਹਾਂ ਤੇ ਨਿਰਭਉ = ਡਰ ਤੋਂ ਰਹਿਤ ਸਰੂਪ ਨੂੰ ਪਾ ਕੇ ਸਹਜਿ = ਸੁਤੇ-ਸਿੱਧ ਹੀ ਪਰਮੇਸ਼ਰ ਦੇ ਨਾਲ ਸਮਾਈ = ਮਿਲਾਪ ਹੋ ਗਿਆ ਹੈ॥੩॥

## ਹਿਰਦੈ ਨਾਮੁ ਸਦਾ ਧੁਨਿ ਨਿਹਚਲ; ਘਟੈ ਨ ਕੀਮਤਿ ਪਾਈ ॥

ਜਿਸ ਦੇ ਹਿਰਦੇ = ਚਿੱਤ ਵਿਚ ਪਰਮੇਸ਼ਰ ਦੇ ਨਾਮ ਦੀ ਸਦਾ = ਹਮੇਸ਼ਾਂ ਨਿਹਚਲ = ਅਚੱਲ ਧੁਨਿ = ਧੁਨੀ ਬਣੀ ਰਹਿੰਦੀ ਹੈ, ਜਿਸ ਦੇ ਚਿੱਤ ਦੀ ਬਿਰਤੀ ਸ਼ਬਦ ਦੀ ਧੁਨ ਵਿਚ ਸਦਾ ਅਚੱਲ ਹੋ ਜਾਂਦੀ ਹੈ ਤੇ ਅੰਦਰੋਂ ਸ਼ਬਦ ਦੀ ਧੁਨੀ ਘਟੈ = ਘਟਦੀ ਨ = ਨਹੀਂ ਹੈ, ਉਹ ਪਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾਈ = ਪਾ ਲੈਂਦਾ ਹੈ।

**ਅਥਵਾ** ਜੋ ਸਦਾ ਸੁੰਦਰ ਤੇ ਅਚੱਲ ਸਰੂਪ ਪ੍ਰਭੂ ਦੇ ਵਿਚ ਸੁਰਤ ਟਿਕਾ ਕੇ ਹਿਰਦੇ ਵਿਚ ਉਸ ਦੇ ਨਾਮ ਨੂੰ ਵਸਾਉਣਾ ਕਰਦਾ ਹੈ, ਉਸ ਦੇ ਚਿੱਤ ਵਿੱਚੋਂ ਪ੍ਰਭੂ ਪ੍ਰਾਪਤੀ ਵਾਲੀ ਲਿਵ ਨਹੀਂ ਘਟਦੀ, ਸਗੋਂ ਉਹ ਸਰੂਪ ਦੀ ਪ੍ਰਾਪਤੀ ਰੂਪ ਕੀਮਤ ਨੂੰ ਪਾ ਲੈਂਦਾ ਹੈ **ਵਾ:** ਜੋ ਸਾਰਿਆਂ ਘਟੈ = ਘਟਾਂ (ਹਿਰਦਿਆਂ) ਵਿਚ ਵਿਆਪਕ ਹੈ, ਉਸ ਦੀ ਪ੍ਰਾਪਤੀ ਰੂਪ ਕੀਮਤ ਲਿਵ ਲੱਗੀ ਤੋਂ ਬਗ਼ੈਰ ਨਹੀਂ ਪਾਈ ਜਾ ਸਕਦੀ।

## ਬਿਨੁ ਨਾਵੈ, ਸਭੁ ਕੋਈ ਨਿਰਧਨੁ; ਸਤਿਗੁਰਿ ਬੂਝ ਬੁਝਾਈ ॥੪॥

ਪਰਮੇਸ਼ਰ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਸਭ ਕੋਈ ਨਿਰਧਨ = ਕੰਗਾਲ ਹੈ, ਇਹ ਪੂਰਿਆਂ ਸਤਿਗੁਰਾਂ ਨੇ ਬੂਝ = ਸਿੱਖਿਆ ਬੁਝਾਈ = ਬੁਝਾਉਣਾ, ਸਮਝਾਉਣਾ ਕੀਤੀ ਹੈ ॥੪॥

## ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ; ਦੂਤ ਮੁਏ ਬਿਖੁ ਖਾਈ ॥

ਹੇ ਸੰਤ ਰੂਪ ਸਜਨੀ = ਸਖੀਏ ! ਸੁਨਿ = ਸੁਣਨਾ ਕਰ, ਪਰਮੇਸ਼ਰ ਜੀ ਮੇਰੇ ਪ੍ਰਾਨਾਂ ਦੇ ਪ੍ਰੀਤਮ = ਪਿਆਰੇ ਭਏ = ਹੋ ਗਏ ਹਨ **ਵਾ:** ਮੈਨੂੰ ਪ੍ਰਾਣਾਂ ਨਾਲੋਂ ਵੀ ਵੱਧ ਪ੍ਰੀਤਮ = ਪਿਆਰੇ ਪਰਮੇਸ਼ਰ ਜੀ ਪ੍ਰਾਪਤ ਭਏ = ਹੋ ਗਏ ਹਨ ਅਤੇ ਕਾਮ, ਕ੍ਰੋਧ, ਲੋਭ, ਮੋਹ ਰੂਪੀ ਦੂਤ ਨਾਮ ਸਿਮਰਨ ਰੂਪ ਬਿਖੁ = ਜ਼ਹਿਰ[੧] ਖਾਈ = ਖਾ ਕੇ ਮਰ ਗਏ ਹਨ ਭਾਵ ਨਾਮ ਜਪਣ ਕਰਕੇ ਹਿਰਦੇ ਦੇ ਵਿੱਚੋਂ ਨਾਸ਼ ਹੋ ਗਏ ਹਨ **ਵਾ:** ਭੈੜੇ ਕਰਮਾਂ ਨੂੰ ਕਰਨ ਵਾਲੇ ਪੁਰਖ ਵਿਸ਼ਿਆਂ ਰੂਪੀ ਜ਼ਹਿਰ ਖਾ ਕੇ ਮਰ ਰਹੇ ਹਨ।

## ਜਬ ਕੀ ਉਪਜੀ, ਤਬ ਕੀ ਤੈਸੀ; ਰੰਗਲ ਭਈ ਮਨਿ ਭਾਈ ॥੫॥

ਜਬ = ਜਦੋਂ ਕੀ = ਦੀ ਮੇਰੇ ਹਿਰਦੇ ਅੰਦਰ ਵਾਹਿਗੁਰੂ ਦੀ ਪ੍ਰੀਤੀ ਉਪਜੀ = ਪੈਦਾ ਹੋਈ ਹੈ, ਤਬ = ਤਦੋਂ ਕੀ = ਦੀ ਤੈਸੀ = ਉਸੇ ਤਰ੍ਹਾਂ ਇਕ ਰਸ ਲਿਵ ਲੱਗ ਗਈ ਹੈ ਅਤੇ ਜਦ ਮੈਂ ਪਰਮੇਸ਼ਰ ਦੇ ਮਨਿ = ਚਿੱਤ ਵਿਚ ਭਾਈ = ਭਾਅ ਗਈ, ਤਦ ਮੈਂ ਪ੍ਰਭੂ ਪ੍ਰਾਪਤੀ ਦੇ ਰੰਗਲ = ਅਨੰਦ ਸਮੇਤ ਭਈ = ਹੋ ਗਈ **ਵਾ:** ਪ੍ਰੇਮ ਰੂਪੀ ਰੰਗਲ = ਰੰਗ ਲਾਉਣ ਵਾਲੇ ਬ੍ਰਹਮ ਨਾਲ ਮਿਲ ਕੇ ਮੈਂ ਅਨੰਦ ਸਰੂਪ ਹੀ ਹੋ ਗਈ ॥੫॥

## ਸਹਜ ਸਮਾਧਿ ਸਦਾ ਲਿਵ ਹਰਿ ਸਿਉ; ਜੀਵਾਂ ਹਰਿ ਗੁਨ ਗਾਈ ॥

ਹੁਣ ਮੇਰੀ ਸਦਾ = ਹਮੇਸ਼ਾ ਹੀ ਹਰਿ = ਪਰਮੇਸ਼ਰ ਦੇ ਸਿਉ = ਨਾਲ ਚਿੱਤ ਦੀ ਲਿਵ = ਬਿਰਤੀ ਲੱਗੀ ਰਹਿੰਦੀ ਹੈ ਤੇ ਵਿਹਾਰ ਕਰਦੇ ਵੀ ਸਹਜ = ਸੁਤੇ-ਸਿੱਧ ਸਮਾਧਿ = ਸਮਾਧੀ ਲੱਗੀ ਰਹਿੰਦੀ ਹੈ ਅਤੇ ਮੈਂ ਹਰਿ = ਪਰਮੇਸ਼ਰ ਦੇ ਜੱਸ ਰੂਪੀ ਗੁਣਾਂ ਨੂੰ ਗਾਈ = ਗਾ ਕੇ ਸਦਾ ਹੀ ਜੀਵਾਂ = ਜਿਉਂਦੀ ਹਾਂ।

## ਗੁਰ ਕੈ ਸਬਦਿ ਰਤਾ ਬੈਰਾਗੀ; ਨਿਜ ਘਰਿ ਤਾੜੀ ਲਾਈ ॥੬॥

ਗੁਰਾਂ ਕੈ = ਦੇ ਸਬਦਿ = ਉਪਦੇਸ਼ ਵਿਚ ਰਤਾ = ਰੰਗਿਆ ਹੋਇਆ ਮੇਰਾ ਮਨ ਪੂਰਨ ਬੈਰਾਗੀ = ਵੈਰਾਗਵਾਨ

---

੧. ਨਾਮ ਹੈ ਤਾਂ ਅੰਮ੍ਰਿਤ ਰੂਪ, ਪਰ ਪ੍ਰਕਰਣ ਅਨੁਸਾਰ ਏਥੇ ਕਾਮ ਕ੍ਰੋਧ ਆਦਿ ਵਿਕਾਰਾਂ ਰੂਪੀ ਦੈਂਤਾਂ ਨੂੰ ਮਾਰਨ ਵਾਸਤੇ ਜ਼ਹਿਰ ਰੂਪ ਦੱਸਿਆ ਹੈ।

ਹੋ ਗਿਆ ਹੈ, ਇਸੇ ਕਰਕੇ ਹੁਣ ਮੈਂ ਨਿਜ = ਆਪਣੇ ਸਰੂਪ ਰੂਪੀ **ਵਾ:** ਤੁਰੀਆ ਪਦ ਰੂਪੀ ਘਰ ਵਿਚ ਤਾੜੀ = ਸਮਾਧੀ ਲਾਈ = ਲਗਾਉਣੀ ਕੀਤੀ ਹੈ॥੬॥

## ਸੁਧ ਰਸ ਨਾਮੁ, ਮਹਾ ਰਸੁ ਮੀਠਾ; ਨਿਜ ਘਰਿ ਤਤੁ ਗੁਸਾਂਈਂ॥

ਹੇ ਪਰਮੇਸ਼ਰ! ਦੁਨੀਆਂ ਦੇ ਸੁਧ = ਪਵਿੱਤਰ ਰਸਾਂ ਨਾਲੋਂ ਤੇਰਾ ਨਾਮ ਰੂਪੀ ਰਸੁ = ਰਸਦਾਇਕ ਮੀਠਾ = ਮਿੱਠੇ ਬ੍ਰਹਮਾਨੰਦ ਨੂੰ ਦੇਣ ਵਾਲਾ ਹੈ **ਵਾ:** ਹੋਰਨਾਂ ਰਸਾਂ ਨਾਲੋਂ ਤੇਰਾ ਨਾਮ ਰੂਪੀ ਰਸ ਸੁਧ = ਪਵਿੱਤਰ ਹੈ **ਵਾ:** ਹੋਰਨਾਂ ਰਸਾਂ ਵੱਲੋਂ ਬਿਰਤੀ ਨੂੰ ਸੁਧ = ਸੁਧਾਰਣ ਵਾਲਾ ਤੇਰਾ ਨਾਮ ਰੂਪੀ ਰਸ ਅਤਿਅੰਤ ਮਿੱਠੇ ਰਸਦਾਇਕ ਬ੍ਰਹਮਾਨੰਦ ਨੂੰ ਦੇਣ ਵਾਲਾ ਹੈ, ਇਸ ਲਈ ਮੈਂ ਤੇਰੇ ਨਾਮ ਅੰਮ੍ਰਿਤ ਰਸ ਨੂੰ ਪੀਣਾ ਕੀਤਾ ਹੈ, ਜਿਸ ਕਰਕੇ ਹੇ ਤਤੁ = ਸਿਧਾਂਤ ਰੂਪ ਗੁਸਾਂਈਂ = ਪਰਮੇਸ਼ਰ! ਮੈਂ ਤੈਨੂੰ ਨਿਜ = ਆਪਣੇ ਰਿਦੇ ਰੂਪੀ ਘਰ ਦੇ ਵਿੱਚੋਂ ਹੀ ਪਾ ਲਿਆ ਹੈ **ਵਾ:** ਮੈਂ ਆਪਣੇ ਸਰੂਪ ਰੂਪੀ ਘਰ ਵਿਚ ਇਸਥਿਤ ਹੋ ਗਿਆ ਹਾਂ।

## ਤਹ ਹੀ ਮਨੁ, ਜਹ ਹੀ ਤੈ ਰਾਖਿਆ; ਐਸੀ ਗੁਰਮਤਿ ਪਾਈ॥੭॥

ਹੇ ਪਰਮੇਸ਼ਰ! ਤਹ = ਉਥੇ ਹੀ ਮੇਰਾ ਮਨੁ = ਚਿੱਤ ਲੱਗ ਗਿਆ ਹੈ, ਜਹ = ਜਿਥੇ ਹੀ ਤੈ = ਤੂੰ ਕਿਰਪਾ ਕਰਕੇ ਸਤਿਗੁਰਾਂ ਦੀ ਸ਼ਰਨ ਵਿਚ ਰਾਖਿਆ = ਰੱਖਿਆ ਹੈ, ਪਰ ਮੈਂ ਇਹ ਐਸੀ = ਅਜਿਹੀ ਜੁਗਤੀ ਗੁਰਮਤਿ = ਗੁਰ ਸਿੱਖਿਆ ਦੁਆਰਾ ਪਾਈ = ਪਾਉਣਾ ਕੀਤੀ ਹੈ॥੭॥

## ਸਨਕ, ਸਨਾਦਿ, ਬ੍ਰਹਮਾਦਿ ਇੰਦ੍ਰਾਦਿਕ; ਭਗਤਿ ਰਤੇ ਬਨਿ ਆਈ॥

ਹੇ ਪਰਮੇਸ਼ਰ! ਸਨਕ ਸਨਾਦਿ = ਸਨਕ ਸਨੰਦਨ ਸਨਤ ਕੁਮਾਰ, ਸਨਾਤਨ, ਬ੍ਰਹਮਾ ਆਦਿ ਤੇ ਇੰਦ੍ਰਾਦਿਕ = ਇੰਦਰ ਆਦਿ ਦੇਵਤਿਆਂ ਦੀ ਵੀ ਗੁਰ ਉਪਦੇਸ਼ ਦੁਆਰਾ ਭਗਤਿ = ਭਗਤੀ ਵਿਚ ਰਤੇ = ਰੰਗੇ ਹੋਣ ਕਰਕੇ ਤੇਰੇ ਨਾਲ ਪ੍ਰੀਤੀ ਬਣ ਆਈ ਹੈ।

## ਨਾਨਕ, ਹਰਿ ਬਿਨੁ ਘਰੀ ਨ ਜੀਵਾਂ; ਹਰਿ ਕਾ ਨਾਮੁ ਵਡਾਈ॥੮॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਹਰਿ = ਪਰਮੇਸ਼ਰ! ਤੇਰੇ ਤੋਂ ਬਿਨੁ = ਬਗ਼ੈਰ ਘਰੀ = ਘੜੀ ਮਾਤਰ ਵੀ ਜੀਵਾਂ = ਜੀਵਤ ਨਾ = ਨਹੀਂ ਰਹਿਆ ਜਾ ਸਕਦਾ ਕਿਉਂਕਿ ਹੇ ਹਰਿ = ਪਰਮੇਸ਼ਰ! ਆਪ ਜੀ ਕਾ = ਦਾ ਨਾਮ ਹੀ ਬ੍ਰਹਮ ਗਿਆਨ ਦੀ ਵਡਾਈ = ਸ਼ੋਭਾ ਦੇਣ ਵਾਲਾ ਹੈ॥੮॥੧॥

## ਸਾਰਗ ਮਹਲਾ ੧॥

## ਹਰਿ ਬਿਨੁ, ਕਿਉ ਧੀਰੈ; ਮਨੁ ਮੇਰਾ॥

ਹਰਿ = ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਮੇਰਾ ਮਨੁ = ਚਿੱਤ ਕਿਉਂ = ਕਿਵੇਂ ਧੀਰੈ = ਧੀਰਜਤਾ ਨੂੰ ਪਕੜੇ ਭਾਵ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਗ਼ੈਰ ਧੀਰਜਤਾ ਨਹੀਂ ਆਉਂਦੀ।

## ਕੋਟਿ ਕਲਪ ਕੇ ਦੂਖ ਬਿਨਾਸਨ; ਸਾਚੁ ਦ੍ਰਿੜਾਇ ਨਿਬੇਰਾ॥੧॥ਰਹਾਉ॥

ਜੋ ਪਰਮੇਸ਼ਰ, ਨਾਮ ਕੋਟਿ = ਕਰੋੜਾਂ ਕਲਪਾਂ[੧] ਕੇ = ਦੇ ਦੂਖ = ਦੁੱਖਾਂ ਨੂੰ ਬਿਨਾਸਨ = ਨਾਸ਼ ਕਰਨ ਵਾਲਾ

---

੧. ਕਲਪ-ਪੁਰਾਣਾਂ ਅਨੁਸਾਰ ਬ੍ਰਹਮਾ ਦਾ ਇਕ ਦਿਨ ਜੋ ੪੩੨੦੦੦੦੦੦੦ (ਚਾਰ ਅਰਬ, ਬੱਤੀ ਕਰੋੜ) ਵਰ੍ਹੇ ਦਾ ਹੁੰਦਾ ਹੈ। ਮੱਕੇ ਦੀ ਗੋਸਟਿ ਵਿਚ ਕਲਪ ਦੀ ਇਕ ਅਨੋਖੀ ਕਲਪਨਾ ਹੈ ਕਿ ਕਲਪ ਬ੍ਰਿਛ ਦਾ ਇਕ ਪੱਤਾ ਝੜਨ ਤੋਂ ਇਕ ਕਲਪ ਬਤੀਤ ਹੁੰਦਾ ਹੈ ਅਤੇ ਸਾਰੇ ਪੱਤੇ ਝੜਨ ਤੋਂ ਮਹਾਂਕਲਪ ਭਾਵ ਪ੍ਰਲੈ ਹੁੰਦੀ ਹੈ।

ਹੈ, ਉਹ ਸਾਚੁ = ਸੱਚਾ ਪਰਮੇਸ਼ਰ, ਨਾਮ ਦ੍ਰਿੜਾਇ = ਦ੍ਰਿੜ੍ਹ ਕਰਵਾ ਕੇ ਗੁਰਾਂ ਨੇ ਜੰਮਣ ਮਰਣ ਦਾ ਨਿਬੇਰਾ = ਨਿਬੇੜਾ ਕਰ ਦਿੱਤਾ ਹੈ॥੧॥ਰਹਾਉ॥

## ਕ੍ਰੋਧੁ ਨਿਵਾਰਿ ਜਲੇ ਹਉ ਮਮਤਾ; ਪ੍ਰੇਮੁ ਸਦਾ ਨਉਰੰਗੀ॥

ਪਰਮੇਸ਼ਰ ਨੇ ਕ੍ਰੋਧ ਵੀ ਨਿਵਾਰਿ = ਨਵਿਰਤ ਕਰ ਦਿੱਤਾ ਹੈ, ਦੇਹ ਦੀ ਹਉ = ਹੰਗਤਾ, ਪਦਾਰਥਾਂ ਦੀ ਮਮਤਾ = ਮੇਰ ਇਹ ਦੋਨੋਂ ਵੀ ਨਾਮ ਅਭਿਆਸ ਰੂਪੀ ਅਗਨੀ ਦੇ ਨਾਲ ਜਲੇ = ਸਾੜ ਦਿੱਤੇ ਹਨ ਤੇ ਹੁਣ ਪਰਮੇਸ਼ਰ ਦੇ ਪ੍ਰੇਮ ਰੂਪੀ ਰੰਗ ਵਿਚ ਰੱਤੀ ਹੋਈ ਬਿਰਤੀ ਸਦਾ ਹੀ ਨਉਰੰਗੀ = ਨਵੀਨ ਰੰਗ ਵਾਲੀ ਹੋ ਗਈ ਹੈ।

**ਅਥਵਾ** ਜਿਨ੍ਹਾਂ ਦੀ ਬਿਰਤੀ ਨਉ ਰੰਗੀ = ਨਵੀਨ ਸਰੂਪ ਪਰਮੇਸ਼ਰ ਦੇ ਪ੍ਰੇਮ ਵਿਚ ਰੰਗੀ ਗਈ ਹੈ, ਉਨ੍ਹਾਂ ਦੀ ਹੰਗਤਾ ਤੇ ਮਮਤਾ ਬ੍ਰਹਮ ਅਭਿਆਸ ਰੂਪੀ ਅਗਨੀ ਦੇ ਨਾਲ ਜਲ ਗਈ ਹੈ ਤੇ ਕ੍ਰੋਧ ਵੀ ਨਵਿਰਤ ਹੋ ਗਿਆ ਹੈ।

## ਅਨਭਉ ਬਿਸਰਿ ਗਏ, ਪ੍ਰਭੁ ਜਾਚਿਆ; ਹਰਿ ਨਿਰਮਾਇਲੁ ਸੰਗੀ॥੧॥

ਜਦ ਗੁਰਾਂ ਤੋਂ ਪ੍ਰਭੁ = ਵਾਹਿਗੁਰੂ ਨਾਮ ਨੂੰ ਜਾਚਿਆ = ਮੰਗਿਆ, ਤਦ ਅਨਭਉ = ਹੋਰ ਸਾਰੇ ਡਰ ਜਮਦੂਤਾਂ, ਵਿਕਾਰਾਂ ਆਦਿ ਦੇ ਬਿਸਰਿ = ਵਿਸਰਜਨ ਹੋ ਗਏ ਹਨ ਅਤੇ ਨਿਰਮਾਇਲੁ = ਸ਼ੁੱਧ ਸਰੂਪ ਹਰਿ = ਪਰਮੇਸ਼ਰ ਦੇ ਸੰਗੀ = ਸਾਥੀ ਬਣ ਗਏ ਹਾਂ **ਵਾ:** ਹਰਿ = ਪਰਮੇਸ਼ਰ ਨੇ ਆਪਣੇ ਸੰਗੀ ਬਣਾ ਕੇ ਨਿਰਮਾਇਲੁ = ਉੱਜਲ ਜੀਵਨ ਦੇ ਸਹਿਤ ਕਰ ਦਿੱਤਾ ਹੈ॥੧॥

## ਚੰਚਲ ਮਤਿ ਤਿਆਗਿ, ਭਉ ਭੰਜਨੁ ਪਾਇਆ; ਏਕ ਸਬਦਿ ਲਿਵ ਲਾਗੀ॥

ਜਦ ਗੁਰਾਂ ਦੇ ਉਪਦੇਸ਼ ਦੁਆਰਾ ਏਕ = ਇਕ ਸਬਦਿ = ਬ੍ਰਹਮ ਵਿਚ ਚਿੱਤ ਦੀ ਲਿਵ = ਬਿਰਤੀ ਲਾਗੀ = ਲੱਗ ਗਈ, ਤਦ ਚੰਚਲ = ਚੰਚਲਤਾਈ, ਨਾਨਾਂ ਪਦਾਰਥਾਂ ਨੂੰ ਨਿਸਚੇ ਕਰਨ ਵਾਲੀ ਮਤਿ = ਬੁੱਧ, ਅਕਲ ਨੂੰ ਤਿਆਗਿ = ਛੱਡ ਕੇ ਜੰਮਣ ਮਰਣ ਦੇ ਭਉ = ਡਰ ਨੂੰ ਭੰਜਨੁ = ਨਾਸ਼ ਕਰਨ ਵਾਲੇ ਪਰਮੇਸ਼ਰ ਨੂੰ ਪਾਇਆ = ਪਾ ਲਿਆ।

## ਹਰਿ ਰਸੁ ਚਾਖਿ, ਤ੍ਰਿਖਾ ਨਿਵਾਰੀ; ਹਰਿ ਮੇਲਿ ਲਏ ਬਡਭਾਗੀ॥੨॥

ਜਿਨ੍ਹਾਂ ਨੇ ਹਰਿ = ਪਰਮੇਸ਼ਰ ਦੇ ਨਾਮ ਰੂਪੀ ਰਸ ਨੂੰ ਚਾਖਿ = ਚੱਖ ਕੇ ਤ੍ਰਿਸ਼ਨਾ ਦੀ ਤ੍ਰਿਖਾ = ਤ੍ਰੇਹ ਨਿਵਾਰੀ = ਨਵਿਰਤ ਕਰ ਲਈ ਹੈ, ਉਹ ਬਡਭਾਗੀ = ਵੱਡੇ ਭਾਗਾਂ ਵਾਲੇ ਹਰਿ = ਪਰਮੇਸ਼ਰ ਨੇ ਆਪਣੇ ਸਰੂਪ ਦੇ ਨਾਲ ਮੇਲ ਲਏ ਹਨ **ਵਾ:** ਉਨ੍ਹਾਂ ਦੇ ਅੰਦਰੋਂ ਬਡਭਾਗੀ (ਬਡ + ਭਾਗੀ) ਬਡ = ਵਡਿਆਈ ਦੀ ਇੱਛਾ ਭਾਗੀ = ਭੱਜ ਗਈ ਹੈ॥੨॥

## ਅਭਰਤ, ਸਿੰਚਿ ਭਏ ਸੁਭਰ ਸਰ; ਗੁਰਮਤਿ, ਸਾਚੁ ਨਿਹਾਲਾ॥

(**ਅ-ਭਰਤ** ਬੋਲੋ)

ਜਿਹੜੇ ਅਭਰਤ = ਖ਼ਾਲੀ ਰਿਦੇ ਸਨ, ਕਦੇ ਭਰਦੇ ਨਹੀਂ ਸਨ, ਉਹ ਰਿਦੇ ਗੁਰ ਉਪਦੇਸ਼ ਦੁਆਰਾ ਨਾਮ ਰੂਪੀ ਅੰਮ੍ਰਿਤ ਦੇ ਸਿੰਚਿ = ਸਿੰਚਣੇ ਕਰਕੇ ਸਰ = ਸਰੋਵਰ ਦੀ ਨਿਆਈਂ ਸ਼ੁਭ ਗੁਣਾਂ ਦੇ ਸਹਿਤ ਸੁਭਰ = ਲਬਾਲਬ ਭਏ = ਹੋ ਗਏ ਹਨ **ਵਾ:** ਸੁਭਰ = ਪੂਰਨ ਹੋ ਗਏ ਹਨ ਅਤੇ ਗੁਰਮਤਿ = ਗੁਰ ਸਿੱਖਿਆ ਦੁਆਰਾ ਸਾਚੁ = ਸੱਚ ਸਰੂਪ ਨੂੰ ਪਾ ਕੇ ਨਿਹਾਲਾ = ਦੁੱਖਾਂ ਤੋਂ ਰਹਿਤ ਹੋ ਗਏ ਹਨ **ਵਾ:** ਸੱਚ ਸਰੂਪ ਪਰਮੇਸ਼ਰ ਨੂੰ ਨਿਹਾਲਾ = ਦੇਖ ਲਿਆ ਹੈ।

[ਅੰਗ ੧੨੩੩]

## ਮਨ ਰਤਿ ਨਾਮਿ ਰਤੇ ਨਿਹਕੇਵਲ; ਆਦਿ ਜੁਗਾਦਿ ਦਇਆਲਾ ॥੩॥

ਜੋ ਆਦਿ ਜੁਗਾਦਿ = ਸਦਾ ਸਦਾ ਦਇਆਲਾ = ਦਇਆ ਕਰਨ ਵਾਲਾ ਹੈ, ਜਿਹੜੇ ਮਨ = ਚਿੱਤ ਦੀ ਰਤਿ = ਪ੍ਰੀਤੀ ਕਰਕੇ ਉਸ ਦੇ ਨਾਮ ਵਿਚ ਰਤੇ = ਰੰਗੇ ਹਨ, ਉਹ ਨਿਹਕੇਵਲ = ਸ਼ੁੱਧ ਸਰੂਪ ਨੂੰ ਪ੍ਰਾਪਤ ਹੋਏ ਹਨ **ਵਾ:** ਮਨ ਦੀ ਪ੍ਰੀਤੀ ਕਰਕੇ ਉਸ ਨਿਹਕੇਵਲ = ਸ਼ੁੱਧ ਸਰੂਪ ਪਰਮੇਸ਼ਰ ਦੇ ਨਾਮ ਵਿਚ ਰੰਗੇ ਹਨ, ਜੋ ਪਰਮੇਸ਼ਰ ਸਦਾ ਸਦਾ ਦਇਆ ਦਾ ਘਰ ਹੈ ॥੩॥

## ਮੋਹਨਿ ਮੋਹਿ ਲੀਆ ਮਨੁ ਮੋਰਾ; ਬਡੈ ਭਾਗ, ਲਿਵ ਲਾਗੀ ॥

ਹੇ ਸੰਤ ਜਨੋਂ ! ਮੋਹਨਿ = ਮੋਹਤ ਕਰਨ ਵਾਲੇ ਪਰਮੇਸ਼ਰ ਨੇ ਮੋਰਾ = ਮੇਰਾ ਮਨੁ = ਚਿੱਤ ਆਪਣੇ ਸਰੂਪ ਵਿਚ ਮੋਹ ਲੀਆ = ਲਿਆ ਹੈ, ਬਡੈ = ਵੱਡਿਆਂ ਭਾਗ = ਕਰਮਾਂ ਕਰਕੇ ਮੇਰੀ ਲਿਵ = ਬਿਰਤੀ ਉਸ ਪਰਮੇਸ਼ਰ ਦੇ ਨਾਲ ਲਾਗੀ = ਲੱਗ, ਜੁੜ ਗਈ ਹੈ।

## ਸਾਚੁ ਬੀਚਾਰਿ, ਕਿਲਵਿਖ ਦੁਖ ਕਾਟੇ; ਮਨੁ ਨਿਰਮਲੁ ਅਨਰਾਗੀ ॥੪॥

ਸਾਚੁ = ਸੱਚੇ ਸਰੂਪ ਦੀ ਵੀਚਾਰ ਕਰਕੇ ਚਾਰ ਪ੍ਰਕਾਰ ਦੇ ਕਿਲਵਿਖ = ਪਾਪ ਤੇ ਜੰਮਣ ਮਰਣ ਦੇ ਆਦਿ ਸਾਰੇ ਦੁਖ ਕਾਟੇ = ਕੱਟੇ ਗਏ ਹਨ ਤੇ ਮਨੁ = ਚਿੱਤ ਨਿਰਮਲੁ = ਸ਼ੁੱਧ ਸਰੂਪ ਦਾ ਅਨਰਾਗੀ = ਪ੍ਰੇਮੀ ਹੋ ਗਿਆ ਹੈ **ਵਾ:** ਵਾਹਿਗੁਰੂ ਦੇ ਪ੍ਰੇਮ ਵਿਚ ਪ੍ਰੇਮੀ ਹੋ ਕੇ ਮਨ ਨਿਰਮਲ = ਸ਼ੁੱਧ ਹੋ ਗਿਆ ਹੈ ॥੪॥

## ਗਹਿਰ ਗੰਭੀਰ ਸਾਗਰ ਰਤਨਾਗਰ; ਅਵਰ ਨਹੀ ਅਨ ਪੂਜਾ ॥

ਉਹ ਪਰਮੇਸ਼ਰ ਗਹਿਰ = ਨਿਰਹੱਲ, ਗੰਭੀਰ = ਡੂੰਘਾ, ਸਾਗਰ = ਸਮੁੰਦਰ ਵਤ ਵੈਰਾਗ, ਬਿਬੇਕ ਆਦਿ ਰਤਨਾਗਰ = ਰਤਨਾਂ ਦੀ ਖਾਣ ਹੈ, ਉਸ ਪਰਮੇਸ਼ਰ ਤੋਂ ਬਗ਼ੈਰ ਅਵਰ = ਹੋਰ ਕੋਈ ਵੀ ਅਨ = ਦੂਸਰਾ ਪੂਜਾ = ਪੂਜਣ ਯੋਗ ਨਹੀਂ ਹੈ **ਵਾ:** ਅਵਰ ਅਸਥਾਨ ਵਿਚ ਉਸ ਦੇ ਸਦਰਸ਼ ਹੋਰ ਕੋਈ ਵੀ ਨਹੀਂ ਪੁੱਜ ਸਕਦਾ।

## ਸਬਦੁ ਬੀਚਾਰਿ, ਭਰਮ ਭਉ ਭੰਜਨੁ; ਅਵਰੁ ਨ ਜਾਨਿਆ ਦੂਜਾ ॥੫॥

ਗੁਰਾਂ ਦੇ ਸਬਦੁ = ਉਪਦੇਸ਼ ਦੁਆਰਾ ਪਰਮੇਸ਼ਰ ਨੂੰ ਬੀਚਾਰ ਕੇ ਪੰਜ ਪ੍ਰਕਾਰ ਦਾ ਭਰਮ ਤੇ ਸੱਤ ਪ੍ਰਕਾਰ ਦਾ ਭਉ = ਡਰ ਭੰਜਨ = ਭੰਨ, ਨਾਸ ਕੀਤਾ ਹੈ, ਪਰਮੇਸ਼ਰ ਤੋਂ ਬਗ਼ੈਰ ਅਵਰ ਅਸਥਾਨ ਵਿਚ ਹੋਰ ਕੋਈ ਵੀ ਦੂਜਾ = ਦੂਸਰਾ ਨ = ਨਹੀਂ ਜਾਣਿਆ ॥੫॥

## ਮਨੂਆ ਮਾਰਿ ਨਿਰਮਲ ਪਦੁ ਚੀਨਿਆ; ਹਰਿ ਰਸ ਰਤੇ ਅਧਿਕਾਈ ॥

ਮਨੂਆ = ਮਨ ਦੇ ਮੰਦੇ ਸੁਭਾਅ ਨੂੰ ਮਾਰ, ਨਾਸ਼ ਕਰਕੇ **ਵਾ:** ਮਨ ਦੀਆਂ ਮਨਾਉਤ ਵਾਲੀਆਂ ਵਾਸ਼ਨਾਵਾਂ ਨੂੰ ਮਾਰ ਕੇ ਨਿਰਮਲ = ਉੱਜਲ ਪਦਵੀ ਵਾਲੇ ਬ੍ਰਹਮ ਨੂੰ ਚੀਨਿਆ = ਜਾਣਿਆ ਹੈ ਅਤੇ ਚਿੱਤ ਕਰਕੇ ਹਰਿ = ਪਰਮੇਸ਼ਰ ਦੇ ਨਾਮ ਰਸ ਵਿਚ ਅਧਿਕਾਈ = ਅਧਿਕਤਾ ਕਰਕੇ ਰਤੇ = ਰੰਗੇ ਗਏ ਹਾਂ।

## ਏਕਸ ਬਿਨੁ, ਮੈ ਅਵਰੁ ਨ ਜਾਨਾਂ; ਸਤਿਗੁਰਿ ਬੂਝ ਬੁਝਾਈ ॥੬॥

ਏਕਸ = ਇਕ ਅਦ੍ਵੈਤ ਰੂਪ ਪਰਮੇਸ਼ਰ ਤੋਂ ਬਿਨੁ = ਬਗ਼ੈਰ ਮੈਂ ਅਵਰੁ = ਹੋਰ ਕਿਸੇ ਨੂੰ ਵੀ ਨ = ਨਹੀਂ

ਜਾਨਾਂ = ਜਾਣਦਾ, ਇਹ ਸਤਿਗੁਰੂ ਅਕਾਲ ਪੁਰਖ ਨੇ ਆਪ ਗੁਰੂ ਰੂਪ ਹੋ ਕੇ ਬੂਝ = ਸਿੱਖਿਆ ਬੁਝਾਈ = ਬੁਝਾਉਣਾ, ਸਮਝਾਉਣਾ ਕੀਤੀ ਹੈ ॥੬॥

## ਅਗਮ, ਅਗੋਚਰੁ, ਅਨਾਥੁ, ਅਜੋਨੀ; ਗੁਰਮਤਿ ਏਕੋ ਜਾਨਿਆ ॥

ਜੋ ਅਗਮ = ਮਨ ਦੀ ਗੰਮਤਾ ਤੋਂ ਰਹਿਤ ਹੈ ਭਾਵ ਮਨ ਦੇ ਸੰਕਲਪਾਂ ਵਿਕਲਪਾਂ ਦਾ ਵਿਸ਼ਾ ਨਹੀਂ ਹੈ, ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਹੈ, ਅਨਾਥੁ = ਜਿਸ ਦਾ ਕੋਈ ਸੁਆਮੀ ਨਹੀਂ ਹੈ, ਅਜੋਨੀ = ਅਜਨਮਾ ਸਰੂਪ ਹੈ, ਅਸੀਂ ਗੁਰਮਤ ਦੁਆਰਾ ਉਸ ਏਕੋ = ਅਦਵੈਤ ਸਰੂਪ ਪਰਮੇਸ਼ਰ ਨੂੰ ਜਾਨਿਆ = ਜਾਣਨਾ ਕੀਤਾ ਹੈ।

## ਸੁਭਰ ਭਰੇ, ਨਾਹੀ ਚਿਤੁ ਡੋਲੈ; ਮਨ ਹੀ ਤੇ ਮਨੁ ਮਾਨਿਆ ॥੭॥

ਪ੍ਰੇਮ ਰੂਪੀ ਜਲ ਨਾਲ ਚਿੱਤ ਰੂਪੀ ਸਰੋਵਰ ਸੁਭਰ = ਲਬਾਲਬ ਭਰੇ = ਭਰ ਗਿਆ ਹੈ, ਇਸੇ ਕਰਕੇ ਹੁਣ ਚਿੱਤ ਪਦਾਰਥਾਂ ਵਿਚ ਨਾਹੀ = ਨਹੀਂ ਡੋਲੈ = ਡੋਲਦਾ, ਗੁਰਾਂ ਦੇ ਮਨ = ਮੰਤਰ ਨੂੰ ਰਿਦੇ ਵਿਚ ਵਸਾਉਣ ਤੇ = ਤੋਂ ਹੀ ਮੇਰਾ ਮਨੁ = ਚਿੱਤ ਪ੍ਰਭੂ ਉਤੇ ਮਾਨਿਆ = ਮੰਨ ਗਿਆ ਹੈ **ਵਾ:** ਹੀ = ਨਿਸਚੇ ਕਰਕੇ ਮਨ = ਸ਼ਿਰੋਮਣੀ ਪਰਮੇਸ਼ਰ ਤੇ ਮੇਰਾ ਮਨੁ = ਚਿੱਤ ਮੰਨ ਗਿਆ ਹੈ ॥੭॥

## ਗੁਰਪਰਸਾਦੀ ਅਕਥਉ ਕਥੀਐ; ਕਹਉ ਕਹਾਵੈ ਸੋਈ ॥

ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਸ਼ਕਤੀ ਬਿਰਤੀ ਕਰਕੇ ਅਕਥਉ = ਕਥਨ ਤੋਂ ਰਹਿਤ ਸਰੂਪ ਦੇ ਜੱਸ ਨੂੰ ਲੱਖਣਾ ਬਿਰਤੀ ਕਰਕੇ ਕਥੀਐ = ਕਥਨ ਕਰਦੇ ਹਾਂ, ਸੋਈ = ਉਸ ਪਰਮੇਸ਼ਰ ਦੇ ਜੱਸ ਨੂੰ ਆਪ ਕਹਉ = ਕਹਿਣਾ ਕਰਦੇ ਹਾਂ ਤੇ ਹੋਰਨਾਂ ਤੋਂ ਕਹਾਵੈ = ਕਹਾਉਂਦੇ ਹਾਂ **ਵਾ:** ਉਸ ਦੇ ਸਰੂਪ ਨੂੰ ਉਸੇ ਪ੍ਰਕਾਰ ਕਹਿੰਦੇ ਹਾਂ ਜਿਵੇਂ ਉਹ ਪਰਮੇਸ਼ਰ ਆਪ ਕਹਾਉਂਦਾ **ਵਾ:** ਜਿਵੇਂ ਸਤਿਗੁਰੂ ਅਕਾਲ ਪੁਰਖ ਸਾਡੇ ਜਗਿਆਸੂਆਂ ਦੇ ਪਾਸੋਂ ਕਹਾਉਂਦਾ ਹੈ, ਉਸੇ ਪ੍ਰਕਾਰ ਅਸੀਂ ਜਗਿਆਸੂ ਜਨ ਨਾਮ ਦਾ ਅਭਿਆਸ ਕਰਕੇ ਕਥਨ ਕਰਦੇ ਹਾਂ।

## ਨਾਨਕ, ਦੀਨ ਦਇਆਲ ਹਮਾਰੇ; ਅਵਰੁ ਨ ਜਾਨਿਆ ਕੋਈ ॥੮॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਹਮਾਰੇ = ਸਾਡੇ ਦੀਨ = ਗ਼ਰੀਬਾਂ ਉੱਤੇ ਦਇਆਲ = ਦਇਆ ਕਰਨ ਵਾਲੇ ਪਿਆਰੇ ਪਰਮੇਸ਼ਰ ਜੀ ਹਨ, ਉਨ੍ਹਾਂ ਤੋਂ ਬਗ਼ੈਰ ਮੈਂ ਅਵਰ ਅਸਥਾਨ ਵਿਚ ਹੋਰ ਕੋਈ ਵੀ ਆਪਣਾ ਆਸਰਾ ਨਹੀਂ ਜਾਣਿਆ ॥੮॥੨॥

## ਸਾਰਗ ਮਹਲਾ ੩ ਅਸਟਪਦੀਆ ਘਰੁ ੧

## ੧ੴ ਸਤਿਗੁਰ ਪ੍ਰਸਾਦਿ ॥

ਸਤਿਗੁਰਾਂ ਦੇ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਦੁਨਿਆਵੀ ਲੋਕ ਵੱਡੀਆਂ ਵੱਡੀਆਂ ਪਦਵੀਆਂ ਤੇ ਅਮੀਰ ਬਣਨ ਦੀ, ਸਾਧ ਬਣਨ ਦੀ, ਦੇਵਤਾ ਬਣਨ ਦੀ ਆਦਿ ਵਡਿਆਈ ਨੂੰ ਸ੍ਰੇਸ਼ਟ ਸਮਝਦੇ ਹਨ, ਇਸ ਲਈ ਆਪ ਜੀ ਕਿਰਪਾ ਕਰਕੇ ਦੱਸੋ ਕਿ ਅਸਲ ਵਡਿਆਈ ਕਿਹੜੀ ਹੈ, ਇਹ ਸੁਣ ਕੇ ਸਾਰਗ ਰਾਗ ਦੇ ਅੰਦਰ ਮਹਲਾ ੩ = ਤੀਸਰੇ ਸਰੂਪ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਅਸਟਪਦੀਆ = ਅੱਠ ਪਦਿਆਂ ਵਾਲਾ ਘਰੁ ੧ = ਪਹਿਲੇ ਸੁਰਤਾਲ ਵਿਚ ਪਹਿਲਾਂ ਮੰਗਲ ਕਰਦਿਆਂ ਸ਼ਬਦ ਉਚਾਰਨ ਕੀਤਾ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਮਨ ਮੇਰੇ; ਹਰਿ ਕੈ ਨਾਮਿ ਵਡਾਈ ॥

ਹੇ ਮੇਰੇ ਪਿਆਰੇ ਮਨਾਂ ! ਹਰਿ = ਪਰਮੇਸ਼ਰ ਕੈ = ਦੇ ਨਾਮ ਕਰਕੇ ਹੀ ਬ੍ਰਹਮ ਗਿਆਨ ਦੀ ਪ੍ਰਾਪਤੀ ਰੂਪ ਅਸਲੀ ਵਡਾਈ = ਸ਼ੋਭਾ, ਵਡਿਆਈ ਪ੍ਰਾਪਤ ਹੁੰਦੀ ਹੈ।

## ਹਰਿ ਬਿਨੁ, ਅਵਰੁ ਨ ਜਾਣਾ ਕੋਈ;
## ਹਰਿ ਕੈ ਨਾਮਿ, ਮੁਕਤਿ ਗਤਿ ਪਾਈ ॥੧॥ਰਹਾਉ॥

ਮੈਂ ਹਰਿ = ਪਰਮੇਸ਼ਰ ਤੋਂ ਬਿਨੁ = ਬਗ਼ੈਰ ਅਵਰ ਅਸਥਾਨ ਵਿਚ ਅਵਰੁ = ਹੋਰ ਕੋਈ ਵੀ ਨ = ਨਹੀਂ ਜਾਣਾ = ਜਾਨਣਾ ਕੀਤਾ, ਹਰਿ = ਪਰਮੇਸ਼ਰ ਕੈ = ਦੇ ਨਾਮ ਕਰਕੇ ਹੀ ਮੁਕਤਿ = ਮੁਕਤੀ ਦੀ ਗਤਿ = ਪ੍ਰਾਪਤੀ ਪਾਈ = ਪਾਉਣਾ ਕੀਤੀ ਹੈ **ਵਾ:** ਬੈਕੁੰਠ ਦੀ ਮੁਕਤੀ ਤੇ ਗਤਿ = ਕੇਵਲ ਮੋਖ ਦੀ ਪ੍ਰਾਪਤੀ ਕੀਤੀ ਹੈ ॥੧॥ਰਹਾਉ॥

## ਸਬਦਿ ਭਉ ਭੰਜਨੁ, ਜਮ ਕਾਲ ਨਿਖੰਜਨੁ;
## ਹਰਿ ਸੇਤੀ ਲਿਵ ਲਾਈ ॥

ਗੁਰਾਂ ਦਾ ਸਬਦਿ = ਉਪਦੇਸ਼ ਸੱਤ ਪ੍ਰਕਾਰ ਦੇ ਭਉ = ਡਰ ਨੂੰ ਭੰਜਨ = ਭੰਨਣ ਵਾਲਾ ਤੇ ਜਮ ਕਾਲ = ਜਮ ਰੂਪ ਕਾਲ ਨੂੰ ਨਿਖੰਜਨੁ = ਕੱਟਣ ਵਾਲਾ ਹੈ **ਵਾ:** ਜਮ = ਜੰਮਣ ਮਰਣ ਰੂਪੀ ਕਾਲ ਨੂੰ ਕੱਟਣ ਵਾਲਾ ਹੈ ਅਤੇ ਹਰਿ = ਪਰਮੇਸ਼ਰ ਦੇ ਸੇਤੀ = ਨਾਲ ਚਿੱਤ ਦੀ ਲਿਵ = ਬਿਰਤੀ ਲਾਈ = ਲਗਵਾਉਣ ਵਾਲਾ ਹੈ।

## ਹਰਿ ਸੁਖਦਾਤਾ, ਗੁਰਮੁਖਿ ਜਾਤਾ; ਸਹਜੇ ਰਹਿਆ ਸਮਾਈ ॥੧॥

ਗੁਰਮੁਖ ਜਨਾਂ ਨੇ ਗੁਰਾਂ ਦੁਆਰਾ ਜਾਤਾ = ਜਾਣਿਆ ਹੈ ਕਿ ਹਰਿ = ਪਰਮੇਸ਼ਰ ਹੀ ਸੁਖਦਾਤਾ = ਸੁੱਖਾਂ ਦਾ ਦਾਤਾ ਹੈ, ਇਸੇ ਕਰਕੇ ਗੁਰਮੁਖ ਜਨਾਂ ਦਾ ਮਨ ਸਹਜੇ = ਸੁਤੇ-ਸਿੱਧ ਹੀ ਉਸ ਵਿਚ ਸਮਾਈ = ਲੀਨ ਹੋਇਆ ਰਹਿਆ = ਰਹਿੰਦਾ ਹੈ ॥੧॥

## ਭਗਤਾਂ ਕਾ ਭੋਜਨੁ, ਹਰਿ ਨਾਮ ਨਿਰੰਜਨੁ; ਪੈਨ੍ਣੁ ਭਗਤਿ ਬਡਾਈ ॥

ਨਿਰੰਜਨੁ = ਸ਼ੁੱਧ ਸਰੂਪ ਹਰਿ = ਪਰਮੇਸ਼ਰ ਦਾ ਨਾਮ ਹੀ ਭਗਤਾਂ ਕਾ = ਦਾ ਭੋਜਨ ਹੈ, ਇਸੇ ਕਰਕੇ ਭਗਤ ਜਨ ਆਤਮ ਤ੍ਰਿਪਤੀ ਕਰਕੇ ਅਨੰਦਿਤ = ਰਹਿੰਦੇ ਹਨ ਅਤੇ ਪਰਮੇਸ਼ਰ ਦੀ ਭਗਤਿ = ਭਗਤੀ ਕਰਨ ਦੀ ਬਡਾਈ = ਵਡਿਆਈ ਪ੍ਰਾਪਤ ਹੋਣੀ ਹੀ ਸਿਰੋਪਾਉ ਪੈਨ੍ਣੁ = ਪਹਿਨਦੇ ਹਨ।

## ਨਿਜ ਘਰਿ ਵਾਸਾ ਸਦਾ ਹਰਿ ਸੇਵਨਿ; ਹਰਿ ਦਰਿ ਸੋਭਾ ਪਾਈ ॥੨॥

ਜੋ ਗੁਰਮੁਖ ਜਨ ਸਦਾ = ਹਮੇਸ਼ਾਂ ਹਰਿ = ਪਰਮੇਸ਼ਰ ਨੂੰ ਸੇਵਨਿ = ਸੇਵਨਾ, ਸਿਮਰਨਾ ਕਰਦੇ ਹਨ, ਉਨ੍ਹਾਂ ਦਾ ਨਿਜ = ਆਪਣੇ ਸਰੂਪ ਰੂਪੀ **ਵਾ:** ਸੱਚ ਸਰੂਪ ਰੂਪੀ ਘਰ ਵਿਚ ਵਾਸਾ = ਨਿਵਾਸ ਹੁੰਦਾ ਹੈ ਅਤੇ ਉਨ੍ਹਾਂ ਨੇ ਹਰਿ = ਪਰਮੇਸ਼ਰ ਦੀ ਸਾਧ ਸੰਗਤ ਰੂਪੀ ਦਰਿ = ਦਰਗਹ ਵਿਚ ਵੀ ਸੋਭਾ = ਵਡਿਆਈ ਪਾਈ = ਪਾਉਣਾ ਕੀਤੀ ਹੈ **ਵਾ:** ਹਰੀ ਦੇ ਗਿਆਨ ਰੂਪੀ ਦਰ ਵਿਚ ਇਸਥਿਤ ਹੋ ਕੇ ਪ੍ਰਾਪਤੀ ਰੂਪ ਵਡਿਆਈ ਪਾਉਣਾ ਕੀਤੀ ਹੈ **ਵਾ:** ਹਰੀ ਦੇ ਸਚਖੰਡ ਰੂਪੀ ਦਰਿ = ਦਰਬਾਰ ਵਿਚ ਸ਼ੋਭਾ ਪਾਉਣਾ ਕੀਤੀ ਹੈ ॥੨॥

## ਮਨਮੁਖ ਬੁਧਿ ਕਾਚੀ, ਮਨੂਆ ਡੋਲੈ; ਅਕਥੁ ਨ ਕਥੈ ਕਹਾਨੀ ॥

ਮਨਮੁਖ ਪੁਰਖ ਦੀ ਕੱਚੇ ਪਦਾਰਥਾਂ ਵਿਚ ਲੱਗਣੇ ਕਰਕੇ ਕਾਚੀ = ਕੱਚੀ ਬੁਧਿ = ਬੁੱਧੀ ਹੈ, ਇਸੇ ਕਰਕੇ ਉਸ ਦਾ ਮਨੂਆ = ਮਨ ਪਦਾਰਥਾਂ ਵੱਲ ਡੋਲੈ = ਡੋਲਦਾ ਰਹਿੰਦਾ ਹੈ, ਕਿਉਂਕਿ ਮਨਮੁਖ ਪੁਰਖ ਅਕਥੁ = ਕਥਨ ਤੋਂ ਰਹਿਤ ਪਰਮੇਸ਼ਰ ਦੀ ਕਹਾਨੀ = ਕਥਾ ਨੂੰ ਕਥੈ = ਕਥਨ ਕਰਨਾ ਨ = ਨਹੀਂ ਜਾਣਦਾ।

## ਗੁਰਮਤਿ ਨਿਹਚਲੁ ਹਰਿ ਮਨਿ ਵਸਿਆ; ਅੰਮ੍ਰਿਤ ਸਾਚੀ ਬਾਨੀ ॥੩॥

ਗੁਰਮਤਿ = ਗੁਰ ਸਿੱਖਿਆ ਦੁਆਰਾ ਨਿਹਚਲੁ = ਅਚੱਲ ਸਰੂਪ ਹਰਿ = ਪਰਮੇਸ਼ਰ ਜਿਸ ਦੇ ਮਨਿ = ਹਿਰਦੇ ਵਿਚ ਵਸਿਆ = ਵੱਸ ਗਿਆ ਹੈ, ਉਸ ਦੀ ਬਾਨੀ = ਬਾਣੀ ਸਾਚੀ = ਸੱਚੀ ਤੇ ਅੰਮ੍ਰਿਤ ਰੂਪ ਹੈ **ਵਾ:** ਅੰਮ੍ਰਿਤ = ਅਮਰ ਕਰਨ ਵਾਲੀ **ਵਾ:** ਅੰਮ੍ਰਿਤ ਰਸ ਦੀ ਭਰੀ ਹੋਈ ਤੇ ਸੱਚੀ ਹੈ॥੩॥

## ਮਨ ਕੇ ਤਰੰਗ ਸਬਦਿ ਨਿਵਾਰੇ; ਰਸਨਾ ਸਹਜਿ ਸੁਭਾਈ ॥

ਜਿਸ ਗੁਰਮੁਖ ਨੇ ਮਨ ਕੇ = ਦੇ ਤਰੰਗ ਵਤ ਉੱਠ ਰਹੇ ਫੁਰਨੇ ਗੁਰ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਨਿਵਾਰੇ = ਨਵਿਰਤ ਕਰ ਲਏ ਹਨ, ਉਸ ਦੀ ਰਸਨਾ = ਜਿਹਵਾ ਸਹਜਿ = ਸੁਤੇ-ਸਿੱਧ ਹੀ ਪ੍ਰਭੂ ਦੀ ਸੁਭਾਈ = ਸ਼ੋਭਾ ਕਰਨ ਵਿਚ ਲੱਗੀ, ਜੁੜੀ ਹੋਈ ਹੈ **ਵਾ:** ਉਸ ਦੀ ਰਸਨਾ ਨੂੰ ਸੁਤੇ-ਸਿੱਧ ਹੀ ਪ੍ਰਭੂ ਦੀ ਪ੍ਰੀਤੀ ਭਾਉਂਦੀ ਹੈ।

## ਸਤਿਗੁਰ ਮਿਲਿ ਰਹੀਐ ਸਦ ਅਪੁਨੇ;<br>ਜਿਨਿ ਹਰਿ ਸੇਤੀ ਲਿਵ ਲਾਈ ॥੪॥

ਹੇ ਭਾਈ! ਸਦ = ਸਦਾ ਅਪੁਨੇ = ਆਪ ਦੇ ਸਤਿਗੁਰਾਂ ਨਾਲ ਮਿਲ ਕੇ ਰਹੀਐ = ਰਹਿਣਾ ਕਰੀਏ, ਜਿਨਿ = ਜਿਸ ਸਤਿਗੁਰਾਂ ਨੇ ਹਰਿ = ਪਰਮੇਸ਼ਰ ਦੇ ਸੇਤੀ = ਨਾਲ ਸਿੱਖਾਂ ਦੀ ਲਿਵ = ਬਿਰਤੀ ਲਾਈ = ਲਾਉਣਾ ਕੀਤੀ ਹੈ **ਵਾ:** ਜਿਸ ਗੁਰਾਂ ਨੇ ਪਰਮੇਸ਼ਰ ਦੇ ਨਾਲ ਆਪਣੀ ਬਿਰਤੀ ਲਾਈ ਹੋਈ ਹੈ॥੪॥

## ਮਨੁ ਸਬਦਿ ਮਰੈ, ਤਾ ਮੁਕਤੋ ਹੋਵੈ; ਹਰਿ ਚਰਣੀ ਚਿਤੁ ਲਾਈ ॥

ਹੇ ਭਾਈ! ਜਦ ਇਹ ਮਨ ਗੁਰ ਸਬਦਿ = ਉਪਦੇਸ਼ ਨੂੰ ਕਮਾ ਕੇ ਜੀਵਤ-ਭਾਵ ਵੱਲੋਂ ਮਰੈ = ਮਰ ਜਾਵੇ, ਤਾ = ਤਦ ਇਹ ਮੁਕਤੋ = ਮੁਕਤ ਹੋਵੈ = ਹੋ ਜਾਂਦਾ ਹੈ।

***ਪ੍ਰਸ਼ਨ :*** *ਜੀਵਤ-ਭਾਵ ਵੱਲੋਂ ਕਿਵੇਂ ਮਰਦਾ ਹੈ?*

***ਉੱਤਰ :*** ਜੇਕਰ ਹਰਿ = ਪਰਮੇਸ਼ਰ ਦੇ ਚਰਣੀ = ਚਰਨਾਂ ਕਮਲਾਂ ਵਿਚ ਚਿੱਤ ਦੀ ਬਿਰਤੀ ਨੂੰ ਲਾਉਣਾ ਕਰੇ ਤਾਂ ਜੀਵਤ-ਭਾਵ ਵੱਲੋਂ ਮਰਦਾ ਹੈ।

## ਹਰਿ ਸਰੁ ਸਾਗਰੁ, ਸਦਾ ਜਲੁ ਨਿਰਮਲੁ; ਨਾਵੈ ਸਹਜਿ ਸੁਭਾਈ ॥੫॥

(**ਨਾਵੈ** ਦਾ ਉਚਾਰਣ ਭਾਰਾ ਹੈ)

ਹੇ ਭਾਈ! ਹਰਿ = ਪਰਮੇਸ਼ਰ ਸਾਗਰੁ = ਸਮੁੰਦਰ ਦੇ ਸਰੁ = ਸਦਰਸ਼ ਹੈ, ਜਿਸ ਵਿਚ ਸਦਾ = ਹਮੇਸ਼ਾ ਹੀ ਨਿਰਮਲੁ = ਉੱਜਲ ਉਪਦੇਸ਼ ਰੂਪੀ ਜਲ ਹੈ **ਵਾ:** ਉੱਜਲ ਨਾਮ ਰੂਪੀ ਜਲ ਹੈ, ਜੋ ਇਸ ਉਪਦੇਸ਼, ਨਾਮ ਰੂਪੀ ਜਲ ਵਿਚ ਨਾਵੈ = ਇਸ਼ਨਾਨ ਕਰਦਾ ਹੈ, ਉਹ ਸਹਜਿ = ਸ਼ਾਂਤੀ ਸੁਭਾਈ = ਸੁਭਾਅ ਨੂੰ ਧਾਰਨ ਕਰ ਲੈਂਦਾ ਹੈ **ਵਾ:** ਉਸ ਦੀ ਬੁੱਧੀ ਸਹਜਿ = ਸੁਤੇ-ਸਿੱਧ ਹੀ ਸੁਭਾਈ = ਸ੍ਰੇਸ਼ਟ, ਸ਼ੋਭਾ ਵਾਲੀ ਹੋ ਗਈ ਹੈ॥੫॥

## ਸਬਦੁ ਵੀਚਾਰਿ, ਸਦਾ ਰੰਗਿ ਰਾਤੇ; ਹਉਮੈ ਤ੍ਰਿਸਨਾ ਮਾਰੀ ॥

ਜੋ ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਨੂੰ ਵੀਚਾਰ ਕੇ ਸਦਾ = ਹਮੇਸ਼ਾ ਪ੍ਰਭੂ ਪ੍ਰਾਪਤੀ ਵਾਲੇ ਰੰਗਿ = ਪ੍ਰੇਮ ਰੰਗ ਵਿਚ ਰਾਤੇ = ਰੰਗੇ ਰਹਿੰਦੇ ਹਨ, ਉਨ੍ਹਾਂ ਨੇ ਦੇਹ ਦੀ ਹਉਮੈ = ਹੰਗਤਾ ਤੇ ਰਸਾਂ ਕਸਾਂ ਦੀ ਤ੍ਰਿਸ਼ਨਾ ਨਾਮ ਦੇ ਪ੍ਰਤਾਪ ਕਰਕੇ ਅੰਦਰੋਂ ਮਾਰੀ = ਮਾਰ (ਮੇਟ) ਲਈ ਹੈ।

## ਅੰਤਰਿ ਨਿਹਕੇਵਲੁ ਹਰਿ ਰਵਿਆ; ਸਭੁ ਆਤਮ ਰਾਮੁ ਮੁਰਾਰੀ ॥੬॥

ਉਨ੍ਹਾਂ ਨੇ ਆਪਣੇ ਹਿਰਦੇ ਦੇ ਅੰਤਰਿ = ਵਿਚ ਉਸ ਨਿਹਕੇਵਲੁ = ਸ਼ੁੱਧ ਸਰੂਪ ਹਰਿ = ਪਰਮੇਸ਼ਰ ਦੇ ਨਾਮ ਨੂੰ ਰਵਿਆ = ਉਚਾਰਨ ਕੀਤਾ ਹੈ **ਵਾ:** (ਨਿਹ + ਕੇਵਲੁ) ਨਿਹ = ਵਿਸ਼ੇਸ਼ ਕਰਕੇ ਕੇਵਲੁ = ਸਿਰਫ਼ ਇੱਕੋ ਇਕ ਉਸ ਪ੍ਰਭੂ ਦੇ ਜੱਸ ਨੂੰ ਉਚਾਰਨ ਕੀਤਾ ਹੈ। ਜੋ ਮੁਰਾਰੀ = ਮੁਰ ਦੈਂਤ ਨੂੰ ਮਾਰਨ ਵਾਲਾ ਰਾਮੁ = ਪਰਮੇਸ਼ਰ ਸਭੁ = ਸਾਰਿਆਂ ਦਾ ਆਤਮਾ ਰੂਪ ਹੈ **ਵਾ:** ਉਨ੍ਹਾਂ ਦੀ ਐਸੀ ਦਿਬ ਦ੍ਰਿਸਟੀ ਜਾਗੀ ਹੈ ਕਿ ਉਹ ਸਾਰਿਆਂ ਵਿਚ ਆਪਣਾ ਆਪ ਰੂਪੀ ਮੁਰਾਰੀ ਪਰਮੇਸ਼ਰ ਨੂੰ ਹੀ ਦੇਖਦੇ ਹਨ ॥੬॥

## ਸੇਵਕ ਸੇਵਿ ਰਹੇ ਸਚਿ ਰਾਤੇ; ਜੋ ਤੇਰੈ ਮਨਿ ਭਾਣੇ ॥

ਹੇ ਪਰਮੇਸ਼ਰ ! ਜੋ = ਜਿਹੜੇ ਤੇਰੇ ਮਨ ਵਿਚ ਭਾਣੇ = ਭਾਅ ਗਏ ਹਨ, ਉਹ ਸੇਵਕ = ਦਾਸਾ-ਭਾਵ ਧਾਰਨ ਵਾਲੇ ਪੁਰਖ ਤੇਰੇ ਸੱਚੇ ਨਾਮ ਵਿਚ ਰਾਤੇ = ਰੱਤੇ ਹੋਏ ਤੇਰੀ ਭਗਤੀ ਰੂਪ ਸੇਵਿ = ਸੇਵਾ ਕਰਦੇ ਰਹੇ = ਰਹਿੰਦੇ ਹਨ, ਅਤੇ :

## ਦੁਬਿਧਾ ਮਹਲੁ ਨ ਪਾਵੈ, ਜਗਿ ਝੂਠੀ; ਗੁਣ ਅਵਗਣ ਨ ਪਛਾਣੇ ॥੭॥

ਦੁਬਿਧਾ = ਦੁਚਿੱਤੇਪੁਣੇ ਵਾਲੇ ਪੁਰਖ ਸੱਚ ਮਹਲੁ = ਸਰੂਪ ਨੂੰ ਨ = ਨਹੀਂ ਪਾਵੈ = ਪਾ ਸਕਦੇ, ਕਿਉਂਕਿ ਉਨ੍ਹਾਂ ਦੀ ਝੂਠੇ ਜਗਿ = ਜਗਤ ਨਾਲ ਝੂਠੀ ਪ੍ਰੀਤੀ ਹੈ ਅਤੇ ਐਸੇ ਪੁਰਖ ਗੁਣਾਂ ਨੂੰ ਧਾਰਨ ਕਰਨ ਤੇ ਔਗੁਣਾਂ ਦੇ ਤਿਆਗ ਕਰਨ ਦੀ ਪਛਾਣੇ = ਪਹਿਚਾਣ ਨ = ਨਹੀਂ ਕਰਦੇ ॥੭॥

## ਆਪੇ ਮੇਲਿ ਲਏ, ਅਕਥੁ ਕਥੀਐ; ਸਚੁ ਸਬਦੁ ਸਚੁ ਬਾਣੀ ॥

ਜਦੋਂ ਪਰਮੇਸ਼ਰ ਆਪੇ = ਆਪ ਗੁਰਾਂ ਦੁਆਰਾ ਆਪਣੇ ਨਾਲ ਮੇਲ ਲਏ = ਲੈਂਦਾ ਹੈ, ਤਦੋਂ ਉਸ ਦੇ ਅਕਥੁ = ਕਥਨ ਤੋਂ ਰਹਿਤ ਸਰੂਪ ਨੂੰ ਸਰੂਪ ਲਖਣਾ ਤੇ ਤਟੱਸਥੀ ਲਖਣਾ ਦੁਆਰਾ ਕਥੀਐ = ਕਥਨ ਕਰੀਦਾ ਹੈ, ਜਿਸ ਗੁਰਾਂ ਦਾ ਸਚੁ = ਸੱਚਾ ਸਬਦੁ = ਉਪਦੇਸ਼ ਤੇ ਸਚੁ = ਸੱਚੀ ਬਾਣੀ ਉਚਾਰਨ ਕੀਤੀ ਹੋਈ ਹੈ **ਵਾ:** ਜੋ ਸਬਦੁ = ਬ੍ਰਹਮ ਆਪ ਸੱਚਾ ਹੈ, ਜਿਸ ਦੀ ਨਾਮ ਰੂਪੀ ਧੁਰ ਕੀ ਬਾਣੀ ਵੀ ਸੱਚੀ **ਵਾ:** ਉਸ ਦੀ ਤੁਰੀਆ ਪਦ ਰੂਪੀ ਸਚੁ = ਸੱਚੀ ਬਾਣੀ = ਬਣਾਵਟ ਹੈ।

## ਨਾਨਕ, ਸਾਚੇ ਸਚਿ ਸਮਾਣੇ; ਹਰਿ ਕਾ ਨਾਮੁ ਵਖਾਣੀ ॥੮॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪੁਰਖ ਹਰ ਵਕਤ ਹਰਿ = ਪਰਮੇਸ਼ਰ ਦੇ ਨਾਮ ਕਾ = ਦਾ (ਅਭਿਆਸ) ਵਖਾਣੀ = ਕਥਨ ਕਰਦੇ ਰਹਿੰਦੇ ਹਨ, ਉਹ ਸਾਚੇ = ਸੱਚੇ ਨਾਮ ਨੂੰ ਜਪ ਕੇ ਸਚਿ = ਸੱਚ ਸਰੂਪ ਵਿਚ ਸਮਾਣੇ = ਸਮਾ ਜਾਂਦੇ ਹਨ ॥੮॥੧॥

## ਸਾਰਗ ਮਹਲਾ ੩ ॥

## ਮਨ ਮੇਰੇ; ਹਰਿ ਕਾ ਨਾਮੁ ਅਤਿ ਮੀਠਾ ॥

ਹੇ ਮੇਰੇ ਮਨਾਂ ! ਹਰਿ = ਪਰਮੇਸ਼ਰ ਕਾ = ਦਾ ਨਾਮ ਦੁਨਿਆਵੀ ਰਸਾਂ ਨਾਲੋਂ ਅਤਿ = ਅਤਿਅੰਤ ਮੀਠਾ = ਮਿੱਠਾ ਹੈ, ਅਤੇ :

[ਅੰਗ ੧੨੩੪]

## ਜਨਮ ਜਨਮ ਕੇ ਕਿਲਵਿਖ ਭਉ ਭੰਜਨ; ਗੁਰਮੁਖਿ ਏਕੋ ਡੀਠਾ ॥੧॥ਰਹਾਉ॥

ਜੋ ਪਰਮੇਸ਼ਰ ਦਾ ਨਾਮ ਜਨਮ ਜਨਮ = ਜਨਮਾਂ-ਜਨਮਾਂਤਰਾਂ ਕੇ = ਦੇ ਕਿਲਵਿਖ = ਪਾਪ ਤੇ ਸੱਤ ਪ੍ਰਕਾਰ ਦੇ ਭਉ = ਡਰ ਨੂੰ ਭੰਜਨ = ਭੰਨਣ ਵਾਲਾ ਹੈ, ਗੁਰਮੁਖ ਜਨਾਂ ਨੇ ਗੁਰਾਂ ਦੁਆਰਾ ਉਸ ਨਾਮ ਨੂੰ ਜਪ ਕੇ ਸਭ ਥਾਵਾਂ ਵਿਚ ਏਕੋ = ਇੱਕੋ ਪਰਮੇਸ਼ਰ ਨੂੰ ਵਿਆਪਕ ਡੀਠਾ = ਵੇਖਿਆ ਹੈ ॥੧॥ਰਹਾਉ॥

## ਕੋਟਿ ਕੋਟੰਤਰ ਕੇ ਪਾਪ ਬਿਨਾਸਨ; ਹਰਿ ਸਾਚਾ ਮਨਿ ਭਾਇਆ ॥

ਜਿਹੜਾ ਪਰਮੇਸ਼ਰ ਦਾ ਨਾਮ ਕੋਟਿ ਕੋਟੰਤਰ = ਕੋਟਨ ਕੋਟ ਜਨਮਾਂ ਕੇ = ਦੇ ਕੀਤੇ ਪਾਪ = ਗੁਨਾਹਾਂ ਨੂੰ ਬਿਨਾਸਨ = ਨਾਸ਼ ਕਰਨ ਵਾਲਾ ਹੈ **ਵਾ:** ਜੋ ਕੋਟਿ = ਕਰੋੜਾਂ ਜਨਮਾਂ ਕੇ = ਦੇ ਵਿਚ ਕੀਤੇ ਹੋਏ, ਕੋਟੰਤਰ (ਕੋਟ + ਅੰਤਰ) ਕੋਟ = ਕਰੋੜਾਂ ਪਾਪ ਵਾਹਿਗੁਰੂ ਤੋਂ ਅੰਤਰਾ ਪਾਉਣ ਵਾਲੇ ਹਨ **ਵਾ:** ਕਰੋੜ ਪਾਪਾਂ ਦੇ ਉਸਰੇ ਹੋਏ ਕੋਟਿ = ਕਿਲ੍ਹੇ ਨੂੰ ਪਰਮੇਸ਼ਰ ਦਾ ਨਾਮ ਨਾਸ਼ ਕਰਨ ਵਾਲਾ ਹੈ, ਜਿਨ੍ਹਾਂ ਦੇ ਮਨਿ = ਚਿੱਤ ਵਿਚ ਉਸ ਸਾਚਾ = ਸੱਚੇ ਹਰਿ = ਪਰਮੇਸ਼ਰ ਦਾ ਨਾਮ ਭਾਇਆ = ਚੰਗਾ ਲੱਗ ਆਇਆ ਹੈ।

## ਹਰਿ ਬਿਨੁ, ਅਵਰੁ ਨ ਸੂਝੈ ਦੂਜਾ; ਸਤਿਗੁਰਿ ਏਕੁ ਬੁਝਾਇਆ ॥੧॥

ਉਨ੍ਹਾਂ ਨੂੰ ਹਰਿ = ਪਰਮੇਸ਼ਰ ਤੋਂ ਬਿਨੁ = ਬ਼ਗੈਰ ਅਵਰੁ = ਹੋਰ ਦੂਜਾ = ਦੂਸਰਾ ਕੋਈ ਵੀ ਸੁਝੈ = ਸੁੱਝਦਾ, ਦਿਸਦਾ ਨ = ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਏਕੁ = ਇੱਕੋ ਅਦ੍ਵੈਤ ਰੂਪ ਪਰਮੇਸ਼ਰ ਹੀ ਬੁਝਾਇਆ = ਸਮਝਾਇਆ ਹੈ ॥੧॥

## ਪ੍ਰੇਮ ਪਦਾਰਥੁ ਜਿਨ ਘਟਿ ਵਸਿਆ; ਸਹਜੇ ਰਹੇ ਸਮਾਈ ॥

ਜਿਨ = ਜਿਨ੍ਹਾਂ ਦੇ ਘਟਿ = ਹਿਰਦੇ ਵਿਚ ਪ੍ਰੇਮ ਰੂਪੀ ਪਦਾਰਥ ਵਸਿਆ = ਵੱਸ ਗਿਆ ਹੈ, ਉਹ ਸਹਜੇ = ਸੁਤੇ-ਸਿੱਧ ਹੀ ਮਹਾਰਾਜ ਵਿਚ ਸਮਾਈ = ਸਮਾਏ, ਲੀਨ ਹੋਏ ਰਹੇ = ਰਹਿੰਦੇ ਹਨ।

## ਸਬਦਿ ਰਤੇ, ਸੇ ਰੰਗਿ ਚਲੂਲੇ; ਰਾਤੇ ਸਹਜਿ ਸੁਭਾਈ ॥੨॥

ਜਿਹੜੇ ਗੁਰ ਸਬਦਿ = ਉਪਦੇਸ਼ ਵਿਚ ਰਤੇ = ਰੰਗੇ ਹਨ, ਸੇ = ਉਹ ਭਗਤੀ ਰੂਪ ਚਲੂਲੇ = ਗਾੜ੍ਹੇ ਰੰਗ ਵਿਚ ਰੰਗੇ ਜਾਂਦੇ ਹਨ ਅਤੇ ਉਹ ਸਹਜਿ ਸੁਭਾਈ = ਸ਼ਾਂਤੀ ਸੁਭਾਅ ਧਾਰ ਕੇ ਪਰਮੇਸ਼ਰ ਦੇ ਅਨੰਦ ਵਿਚ ਰਾਤੇ = ਰੰਗੇ ਰਹਿੰਦੇ ਹਨ ॥੨॥

## ਰਸਨਾ ਸਬਦੁ ਵੀਚਾਰਿ ਰਸਿ ਰਾਤੀ; ਲਾਲ ਭਈ ਰੰਗੁ ਲਾਈ ॥

ਜਿਨ੍ਹਾਂ ਦੀ ਰਸਨਾ = ਜਿਹਵਾ ਗੁਰ ਸਬਦੁ = ਉਪਦੇਸ਼ ਦੀ ਵੀਚਾਰ ਦੇ **ਵਾ:** ਪ੍ਰੇਮ ਰਸ **ਵਾ:** ਰਸਿ = ਪ੍ਰੇਮ

ਵਿਚ ਰਾਤੀ = ਰੰਗੀ ਜਾਂਦੀ ਹੈ ਅਤੇ ਰੰਗੁ = ਪ੍ਰੇਮ ਲਾਈ = ਲਾ ਕੇ ਪ੍ਰਭੂ ਪ੍ਰਾਪਤੀ ਦੀ ਲਾਲ = ਪ੍ਰੇਮਣ ਭਈ = ਹੋ ਜਾਂਦੀ ਹੈ **ਵਾ:** ਬਿਰਤੀ ਗਿਆਨ, ਭਗਤੀ ਰੂਪੀ ਲਾਲੀ ਦੇ ਸਹਿਤ ਹੋ ਜਾਂਦੀ ਹੈ।

## ਰਾਮ ਨਾਮੁ ਨਿਹਕੇਵਲੁ ਜਾਣਿਆ; ਮਨੁ ਤ੍ਰਿਪਤਿਆ ਸਾਂਤਿ ਆਈ ॥੩॥

ਉਨ੍ਹਾਂ ਪੁਰਖਾਂ ਨੇ ਨਿਹਕੇਵਲ = ਸ਼ੁੱਧ ਸਰੂਪ ਰਾਮ = ਪਰਮੇਸ਼ਰ ਦੇ ਨਾਮ ਨੂੰ ਜਪ ਕੇ ਸ੍ਵੈਰੂਪ ਨੂੰ ਜਾਣਿਆ = ਜਾਣ ਲਿਆ ਹੈ ਅਤੇ ਉਨ੍ਹਾਂ ਦਾ ਮਨੁ = ਚਿੱਤ ਪਦਾਰਥਾਂ ਵਲੋਂ ਤ੍ਰਿਪਤਿਆ = ਰੱਜ ਗਿਆ ਹੈ ਤੇ ਸਾਰੀਆਂ ਵਾਸ਼ਨਾਵਾਂ ਦੀ ਨਵਿਰਤੀ ਰੂਪ ਸਾਂਤਿ = ਸ਼ਾਂਤੀ ਆਈ = ਆ ਗਈ ਹੈ ॥੩॥

## ਪੰਡਿਤ ਪੜਿ ਪੜਿ ਮੋਨੀ ਸਭਿ ਥਾਕੇ; ਭ੍ਰਮਿ ਭੇਖ ਥਕੇ ਭੇਖਧਾਰੀ ॥

ਪਰਮੇਸ਼ਰ ਦੇ ਨਾਲ ਲਿਵ ਲਾਈ ਤੋਂ ਬਗ਼ੈਰ ਪੰਡਿਤ = ਵਿਦਵਾਨ ਲੋਕ ਵਿੱਦਿਆ ਨੂੰ ਪੜ੍ਹ-ਪੜ੍ਹ ਕੇ, ਮੋਨੀ = ਮੋਨ ਧਾਰਨ ਵਾਲੇ ਲੋਕ ਆਦਿ ਸਭਿ = ਸਾਰੇ ਥਾਕੇ = ਥੱਕ ਗਏ ਹਨ, ਭੇਖਧਾਰੀ = ਭੇਖਾਂ ਨੂੰ ਧਾਰਨ ਵਾਲੇ ਪੁਰਖ ਭੇਖਾਂ ਵਿਚ ਭ੍ਰਮਿ = ਭਟਕ ਭਟਕ ਥਕੇ = ਥੱਕ, ਹਾਰ ਗਏ ਹਨ ਪਰ ਕਿਸੇ ਨੂੰ ਵੀ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੋਈ।

## ਗੁਰਪਰਸਾਦਿ ਨਿਰੰਜਨੁ ਪਾਇਆ; ਸਾਚੈ ਸਬਦਿ ਵੀਚਾਰੀ ॥੪॥

ਉਨ੍ਹਾਂ ਨੇ ਗੁਰਪਰਸਾਦਿ = ਗੁਰ ਕਿਰਪਾ ਦੁਆਰਾ ਗ੍ਰਿਹਸਥ ਵਿਚ ਰਹਿੰਦਿਆਂ ਨਿਰੰਜਨੁ = ਸ਼ੁੱਧ ਸਰੂਪ ਪਰਮੇਸ਼ਰ ਨੂੰ ਪਾਇਆ = ਪਾ ਲਿਆ ਹੈ, ਜੋ ਸਾਚੈ = ਸੱਚੇ ਗੁਰਾਂ ਦੇ ਸਬਦਿ = ਉਪਦੇਸ਼ ਦੇ ਵੀਚਾਰੀ = ਵੀਚਾਰਵਾਨ ਹੋਏ ਹਨ ॥੪॥

## ਆਵਾ ਗਉਣੁ ਨਿਵਾਰਿ, ਸਚਿ ਰਾਤੇ; ਸਾਚ ਸਬਦੁ ਮਨਿ ਭਾਇਆ ॥

ਜਿਨ੍ਹਾਂ ਦੇ ਸਚਿ = ਸੱਚ ਸਰੂਪ ਪਰਮੇਸ਼ਰ ਦੇ ਨਾਮ ਰੰਗ ਵਿਚ ਚਿੱਤ ਰਾਤੇ = ਰੰਗੇ ਹੋਏ ਹਨ, ਉਨ੍ਹਾਂ ਦਾ ਪਰਮੇਸ਼ਰ ਨੇ ਆਵਾ ਗਉਣੁ = ਜੰਮਣਾ ਮਰਣਾ ਨਿਵਾਰਿ = ਨਵਿਰਤ ਕਰ ਦਿੱਤਾ ਹੈ, ਇਸੇ ਲਈ ਉਨ੍ਹਾਂ ਦੇ ਮਨਿ = ਚਿੱਤ ਵਿਚ ਸਾਚੁ = ਸੱਚੇ ਗੁਰਾਂ ਦਾ ਸਬਦੁ = ਉਪਦੇਸ਼ ਭਾਇਆ = ਚੰਗਾ ਲੱਗਿਆ ਹੈ **ਵਾ:** ਸੱਚਾ ਸਬਦੁ = ਬ੍ਰਹਮ ਮਨ ਵਿਚ ਭਾਅ ਗਿਆ ਹੈ।

## ਸਤਿਗੁਰੁ ਸੇਵਿ, ਸਦਾ ਸੁਖੁ ਪਾਈਐ;<br>ਜਿਨਿ ਵਿਚਹੁ ਆਪੁ ਗਵਾਇਆ ॥੫॥

ਉਨ੍ਹਾਂ ਨੇ ਸਤਿਗੁਰੁ = ਸੱਚੇ ਗੁਰੂ ਜੀ ਦੀ ਸੇਵਿ = ਟਹਿਲ ਕਰਕੇ ਸਦਾ = ਹਮੇਸ਼ਾਂ ਲਈ ਆਤਮਿਕ ਸੁਖੁ = ਅਨੰਦ ਨੂੰ ਪਾਈਐ = ਪਾਉਣਾ ਕੀਤਾ ਹੈ, ਜਿਨਿ = ਜਿਨ੍ਹਾਂ ਨੇ ਆਪਣੇ ਹਿਰਦੇ ਵਿਚਹੁ = ਅੰਦਰੋਂ ਆਪੁ = ਆਪਾ-ਭਾਵ (ਹੰਕਾਰ) ਗਵਾਇਆ = ਗਵਾ ਦਿੱਤਾ ਹੈ ॥੫॥

## ਸਾਚੈ ਸਬਦਿ, ਸਹਜ ਧੁਨਿ ਉਪਜੈ; ਮਨਿ ਸਾਚੈ ਲਿਵ ਲਾਈ ॥

ਜਿਨ੍ਹਾਂ ਦੇ ਅੰਦਰ ਸਾਚੈ = ਸੱਚੇ ਗੁਰਾਂ ਦੇ ਸਬਦਿ = ਉਪਦੇਸ਼ ਕਰਕੇ ਸਹਜ = ਸ਼ਾਂਤੀ ਵਾਲੀ ਧੁਨਿ = ਧੁਨੀ ਉਪਜੈ = ਉਤਪੰਨ ਹੋਈ ਹੈ, ਉਨ੍ਹਾਂ ਨੇ ਮਨਿ = ਚਿੱਤ ਕਰਕੇ ਸਾਚੈ = ਸੱਚੇ ਸਰੂਪ ਵਿਚ ਲਿਵ = ਬਿਰਤੀ ਲਾਈ = ਲਾਉਣਾ, ਜੋੜਨਾ ਕੀਤੀ ਹੈ।

## ਅਗਮ ਅਗੋਚਰੁ ਨਾਮੁ ਨਿਰੰਜਨੁ; ਗੁਰਮੁਖਿ ਮੰਨਿ ਵਸਾਈ ॥੬॥

ਇਸੇ ਕਰਕੇ ਅਗਮ = ਮਨ ਦੀ ਗੰਮਤਾ ਤੋਂ ਰਹਿਤ, ਅਗੋਚਰੁ = ਇੰਦਰੀਆਂ ਦੇ ਅਵਿਸ਼ੇ ਨਿਰੰਜਨੁ = ਸ਼ੁੱਧ ਸਰੂਪ ਪਰਮੇਸ਼ਰ ਦੇ ਨਾਮ ਦੀ ਪ੍ਰੀਤੀ ਗੁਰਮੁਖ ਜਨਾਂ ਨੇ ਮੰਨਿ = ਰਿਦੇ ਵਿਚ ਵਸਾਈ = ਵਸਾਉਣਾ ਕੀਤੀ ਹੈ ॥੬॥

## ਏਕਸ ਮਹਿ, ਸਭੁ ਜਗਤੋ ਵਰਤੈ; ਵਿਰਲਾ ਏਕੁ ਪਛਾਣੈ ॥

ਗੁਰਮੁਖ ਜਨਾਂ ਨੂੰ ਬ੍ਰਹਮ ਗਿਆਨ ਹੋਣ ਕਰਕੇ ਐਸਾ ਨਿਸਚਾ ਹੈ ਕਿ ਏਕਸ = ਇਕ ਪਰਮੇਸ਼ਰ ਦੇ ਮਹਿ = ਵਿਚ ਹੀ ਸਭੁ = ਸਾਰਾ ਜਗਤੋ = ਸੰਸਾਰ ਅਧਿਅਸਤ (ਕਲਪਤ) ਰੂਪ ਹੋ ਕੇ ਵਰਤੈ = ਵਰਤ ਰਿਹਾ ਹੈ, ਪਰ ਕੋਈ ਵਿਰਲਾ = ਟਾਵਾਂ ਅਧਿਕਾਰੀ ਪੁਰਖ ਹੀ ਗੁਰਾਂ ਦੁਆਰਾ ਏਕੁ = ਇਕ ਪਰਮੇਸ਼ਰ ਨੂੰ ਪਛਾਣੈ = ਪਛਾਣਦਾ ਹੈ।

## ਸਬਦਿ ਮਰੈ, ਤਾ ਸਭੁ ਕਿਛੁ ਸੂਝੈ; ਅਨਦਿਨੁ ਏਕੋ ਜਾਣੈ ॥੭॥

ਜਦ ਕੋਈ ਪੁਰਖ ਗੁਰ ਸਬਦਿ = ਉਪਦੇਸ਼ ਨੂੰ ਕਮਾ ਕੇ ਜੀਵਤ-ਭਾਵ ਤੋਂ ਮਰੈ = ਮਰਦਾ ਹੈ **ਵਾ:** ਗੁਰ ਉਪਦੇਸ਼ ਦੁਆਰਾ ਆਪਣੇ ਅੰਦਰੋਂ ਮੰਦੀ ਵਾਸ਼ਨਾ ਨੂੰ ਮਾਰਨਾ ਕਰਦਾ ਹੈ, ਤਾਂ = ਤਦ ਉਸ ਨੂੰ ਸਭੁ = ਸਾਰਾ ਕੁਝ ਅੰਦਰੋਂ ਹੀ ਸੂਝੈ = ਸੁੱਝ, ਦਿਸ ਆਉਂਦਾ ਹੈ ਅਤੇ ਉਹ ਅਨਦਿਨੁ = ਰਾਤ ਦਿਨੇ ਏਕੋ = ਇੱਕੋ ਵਾਹਿਗੁਰੂ ਨੂੰ ਹੀ ਜਾਣੈ = ਜਾਣਦਾ ਹੈ ॥੭॥

## ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ; ਹੋਰੁ ਕਹਣਾ ਕਥਨੁ ਨ ਜਾਈ ॥

ਜਿਸ ਨੋ = ਉੱਤੇ ਸੱਚਾ ਪਰਮੇਸ਼ਰ ਕਿਰਪਾ ਨਦਰਿ = ਦ੍ਰਿਸ਼ਟੀ ਕਰੇ = ਕਰਦਾ ਹੈ, ਸੋਈ = ਉਹੋ ਜਨੁ = ਪੁਰਖ ਹੀ ਗੁਰਾਂ ਤੋਂ ਉਸ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਉਪਦੇਸ਼ ਨੂੰ ਬੂਝੈ = ਬੁੱਝਣਾ, ਸਮਝਣਾ ਕਰਦਾ ਹੈ, ਹੋਰ ਕਿਸੇ ਸਾਧਨ ਜਾਂ ਸ਼ਕਤੀ ਬਿਰਤੀ ਦੁਆਰਾ ਕਹਣਾ = ਕਥਨ ਕਰਨ ਨਾਲ ਵੀ ਉਸ ਦੇ ਸਰੂਪ ਬਾਬਤ ਕਥਨੁ ਨ = ਨਹੀਂ ਕੀਤਾ ਜਾਈ = ਜਾ ਸਕਦਾ **ਵਾ:** ਵੇਦਾਂ-ਸ਼ਾਸਤਰਾਂ ਵਿਚ ਕਥਨ ਕੀਤੇ ਹੋਏ ਵਾਕਾਂ ਨੂੰ ਕਥਨ ਕਰਕੇ ਵੀ ਉਸ ਦੇ ਸਰੂਪ ਨੂੰ ਕਥਨ ਨਹੀਂ ਕੀਤਾ ਜਾ ਸਕਦਾ।

## ਨਾਨਕ, ਨਾਮਿ ਰਤੇ ਸਦਾ ਬੈਰਾਗੀ; ਏਕ ਸਬਦਿ ਲਿਵ ਲਾਈ ॥੮॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪੁਰਖ ਪਰਮੇਸ਼ਰ ਦੇ ਨਾਮ ਵਿਚ ਰਤੇ = ਰੰਗੇ ਹੋਏ ਸਦਾ = ਹਮੇਸ਼ਾ ਸੰਸਾਰ ਤੋਂ ਬੈਰਾਗੀ = ਵੈਰਾਗਵਾਨ ਹੋ ਕੇ ਰਹਿੰਦੇ ਹਨ, ਉਨ੍ਹਾਂ ਨੇ ਏਕ = ਇਕ ਗੁਰਾਂ ਦੇ ਉਪਦੇਸ਼ ਕਰਕੇ ਵਾਹਿਗੁਰੂ ਵਿਚ ਚਿੱਤ ਦੀ ਲਿਵ = ਬਿਰਤੀ ਲਾਈ = ਲਾਉਣਾ ਕੀਤੀ ਹੈ **ਵਾ:** ਇਕ ਸਬਦਿ = ਬ੍ਰਹਮ ਵਿਚ ਬਿਰਤੀ ਲਗਾਉਣਾ ਕੀਤੀ ਹੈ ॥੮॥੨॥

## ਸਾਰਗ ਮਹਲਾ ੩ ॥
## ਮਨ ਮੇਰੇ; ਹਰਿ ਕੀ ਅਕਥ ਕਹਾਣੀ ॥

ਹੇ ਮੇਰੇ ਮਨਾਂ ! ਹਰਿ = ਪਰਮੇਸ਼ਰ ਕੀ = ਦੀ ਪ੍ਰਾਪਤੀ ਵਾਲੀ ਕਹਾਣੀ = ਕਥਾ ਸ਼ਕਤੀ ਬਿਰਤੀ ਕਰਕੇ **ਵਾ:** ਪਦਾਂ ਦੇ ਅਰਥ ਕਰਕੇ ਜਾਂ ਪਦਾਂ ਦੀ ਯੋਜਨਾ ਕਰਕੇ ਅਕਥ = ਕਥਨ ਤੋਂ ਰਹਿਤ ਹੈ।

## ਹਰਿ ਨਦਰਿ ਕਰੇ, ਸੋਈ ਜਨੁ ਪਾਏ; ਗੁਰਮੁਖਿ ਵਿਰਲੈ ਜਾਣੀ ॥੧॥ਰਹਾਉ॥

ਜਿਸ ਉੱਤੇ ਹਰਿ = ਪਰਮੇਸ਼ਰ ਕਿਰਪਾ ਦੀ ਨਦਰਿ = ਦ੍ਰਿਸ਼ਟੀ ਕਰੇ = ਕਰਦਾ ਹੈ, ਸੋਈ = ਉਹੋ ਜਨੁ = ਪੁਰਖ ਹੀ ਲੱਖਣਾ ਬਿਰਤੀ ਦੁਆਰਾ ਪ੍ਰਭੂ ਪ੍ਰਾਪਤੀ ਵਾਲੀ ਕਥਾ ਪਾਏ = ਪਾ ਸਕਦਾ ਹੈ, ਪਰ ਇਹ ਕਿਸੇ ਵਿਰਲੈ = ਟਾਵੇਂ ਗੁਰਮੁਖ ਨੇ ਹੀ ਗੁਰਾਂ ਦੁਆਰਾ ਜਾਣੀ = ਜਾਨਣਾ ਕੀਤੀ ਹੈ ॥੧॥ਰਹਾਉ॥

## ਹਰਿ ਗਹਿਰ ਗੰਭੀਰੁ, ਗੁਣੀ ਗਹੀਰੁ; ਗੁਰ ਕੈ ਸਬਦਿ ਪਛਾਨਿਆ ॥

ਜੋ ਹਰਿ = ਪਰਮੇਸ਼ਰ ਗਹਿਰ = ਨਿਰਹੱਲ, ਗੰਭੀਰੁ = ਡੂੰਘਾ ਹੈ, ਗੁਣੀ = ਗੁਣਾਂ ਦਾ ਗਹੀਰ = ਖ਼ਜ਼ਾਨਾ, ਸਮੁੰਦਰ ਹੈ, ਉਹ ਗੁਰਾਂ ਕੈ = ਦੇ ਸਬਦਿ = ਉਪਦੇਸ਼ ਕਰਕੇ ਪਛਾਨਿਆ ਜਾਂਦਾ ਹੈ।

## ਬਹੁ ਬਿਧਿ ਕਰਮ ਕਰਹਿ ਭਾਇ ਦੂਜੈ; ਬਿਨੁ ਸਬਦੈ ਬਉਰਾਨਿਆ ॥੧॥

ਦੂਜੈ = ਦਵੈਤ ਭਾਇ = ਭਾਅ ਵਿਚ ਲੱਗੇ ਹੋਏ ਪੁਰਖ ਬਹੁ = ਬਹੁਤ ਬਿਧਿ = ਵਿਧੀਆਂ ਦੇ ਨਾਲ ਨਿੱਤ, ਨਮਿੱਤ, ਪ੍ਰਾਸ਼ਚਿਤ, ਕਾਮਕ ਆਦਿ ਕਰਮਾਂ ਨੂੰ ਕਰਹਿ = ਕਰਦੇ ਹਨ, ਪਰ ਉਹ ਗੁਰਾਂ ਦੇ ਸਬਦੈ = ਉਪਦੇਸ਼ ਕਮਾਏ ਤੋਂ ਬਿਨੁ = ਬਗ਼ੈਰ ਬਉਰਾਨਿਆ = ਕਮਲੇ, ਝੱਲੇ ਹੋ ਰਹੇ ਹਨ ॥੧॥

## ਹਰਿ ਨਾਮਿ ਨਾਵੈ, ਸੋਈ ਜਨੁ ਨਿਰਮਲੁ; ਫਿਰਿ ਮੈਲਾ ਮੂਲਿ ਨ ਹੋਈ ॥

(**ਨਾਵੈ** ਦਾ ਉਚਾਰਣ ਭਾਰਾ ਹੈ)

ਜਿਹੜੇ ਹਰਿ = ਪਰਮੇਸ਼ਰ ਦੇ ਨਾਮ ਰੂਪੀ ਤੀਰਥ ਵਿਚ ਨਾਵੈ = ਇਸ਼ਨਾਨ ਕਰਦੇ ਹਨ, ਸੋਈ = ਉਹੋ ਜਨੁ = ਪੁਰਖ ਹੀ ਨਿਰਮਲੁ = ਉੱਜਲ ਜੀਵਨ ਵਾਲੇ ਹਨ ਅਤੇ ਉਨ੍ਹਾਂ ਦਾ ਫਿਰਿ = ਮੁੜ ਕੇ ਮੂਲਿ = ਕਦਾਚਿਤ ਵੀ ਮਨ ਪਾਪਾਂ ਦੀ ਮੈਲ ਕਰਕੇ ਮੈਲਾ ਨ = ਨਹੀਂ ਹੋਈ = ਹੁੰਦਾ।

## ਨਾਮ ਬਿਨਾ, ਸਭੁ ਜਗੁ ਹੈ ਮੈਲਾ; ਦੂਜੈ ਭਰਮਿ ਪਤਿ ਖੋਈ ॥੨॥

ਪਰਮੇਸ਼ਰ ਦੇ ਨਾਮ ਤੋਂ ਬਿਨਾ = ਬਗ਼ੈਰ ਸਭ = ਸਾਰਾ ਜਗੁ = ਜਗਤ ਹੰਗਤਾ ਮਮਤਾ, ਵਿਕਾਰਾਂ, ਵਾਸ਼ਨਾ ਕਰਕੇ ਮੈਲਾ ਹੋ ਰਿਹਾ ਹੈ ਅਤੇ ਜੀਵਾਂ ਨੇ ਦੂਜੈ = ਦਵੈਤ ਭਾਅ ਵਿਚ ਭਰਮਿ = ਭਰਮਦਿਆਂ ਆਪਣੀ ਪਤਿ = ਇੱਜ਼ਤ ਖੋਈ = ਗਵਾ ਲਈ ਹੈ ॥੨॥

## ਕਿਆ ਦ੍ਰਿੜਾਂ, ਕਿਆ ਸੰਗ੍ਰਹਿ ਤਿਆਗੀ; ਮੈ ਤਾ ਬੂਝ ਨ ਪਾਈ ॥

ਹੇ ਭਾਈ! ਕਿਆ = ਕਿਹੜੀ ਚੀਜ਼ ਨੂੰ ਦ੍ਰਿੜਾਂ = ਦ੍ਰਿੜ੍ਹ, ਪੱਕਾ ਕਰਾਂ, ਕਿਆ = ਕਿਹੜੀ ਚੀਜ਼ ਨੂੰ ਸੰਗ੍ਰਹਿ = ਇਕੱਤਰ ਕਰਾਂ ਤੇ ਕਿਹੜੀ ਚੀਜ਼ ਨੂੰ ਤਿਆਗੀ = ਤਿਆਗਣਾ ਕਰਾਂ, ਮੈਂ ਤਾਂ ਗ੍ਰਹਿਣ ਕਰਨ ਤੇ ਤਿਆਗਣ ਕਰਨ ਦੀ ਕੋਈ ਵੀ ਬੂਝ = ਸਮਝ ਨ = ਨਹੀਂ ਪਾਈ = ਪਾਉਣਾ ਕੀਤੀ।

**ਅਥਵਾ** ਉਹ ਕੀ ਉਪਾਸ਼ਨਾ ਨੂੰ ਦ੍ਰਿੜ੍ਹ ਕਰਨਗੇ, ਕੀ ਗਿਆਨ ਨੂੰ ਇਕੱਤਰ ਕਰਨਗੇ, ਕੀ ਉਹ ਵਿਕਾਰਾਂ ਦਾ ਤਿਆਗ ਕਰਨਗੇ, ਜਿਨ੍ਹਾਂ ਦੇ ਅੰਦਰ ਮੈ = ਹੰਗਤਾ ਫੁਰਦੀ ਹੈ, ਇਉਂ ਤਾ = ਉਨ੍ਹਾਂ ਤੋਂ ਵਾਹਿਗੁਰੂ ਦੇ ਸਰੂਪ ਦੀ ਬੂਝ = ਸਮਝ ਵੀ ਨ = ਨਹੀਂ ਪਾਈ ਜਾ ਸਕਦੀ।

## ਹੋਹਿ ਦਇਆਲੁ, ਕ੍ਰਿਪਾ ਕਰਿ ਹਰਿ ਜੀਉ; ਨਾਮੋ ਹੋਇ ਸਖਾਈ ॥੩॥

ਹੇ ਕਿਰਪਾ ਕਰਨ ਵਾਲੇ ਹਰਿ = ਪਰਮੇਸ਼ਰ ਜੀਉ = ਜੀ! **ਵਾ:** (ਕ੍ਰਿਪ + ਆਕਰਿ) ਕ੍ਰਿਪ = ਕਿਰਪਾ ਦੀ

ਆਕਰਿ = ਖਾਣ ਰੂਪ ਪ੍ਰਭੂ ਜੀ ਮੇਰੇ ਉੱਤੇ ਦਇਆਲੁ = ਦਿਆਲੂ ਹੋਹੁ = ਹੋਣਾ ਕਰੋ ਤਾਂ ਜੋ ਆਪ ਜੀ ਦਾ ਨਾਮੋ = ਨਾਮ ਮੇਰਾ ਸਖਾਈ = ਸਹਾਇਕ ਹੋਇ = ਹੋਵੇ ॥੩॥

## ਸਚਾ ਸਚੁ ਦਾਤਾ, ਕਰਮ ਬਿਧਾਤਾ; ਜਿਸੁ ਭਾਵੈ ਤਿਸੁ ਨਾਇ ਲਾਏ ॥

ਹੇ ਭਾਈ ! ਜੋ ਸਚੁ = ਨਿਸਚੇ ਕਰਕੇ ਸੱਚਾ ਪਰਮੇਸ਼ਰ ਸਭ ਦਾ ਦਾਤਾ ਰੂਪ ਹੈ ਤੇ ਸਭ ਜੀਵਾਂ ਦਾ ਕਰਮਾਂ ਅਨੁਸਾਰ ਬਿਧਾਤਾ = ਫਲ ਪ੍ਰਦਾਤਾ ਹੈ, ਉਸ ਨੂੰ ਜਿਸ ਦੀ ਸ਼ਰਧਾ ਭਾਵੈ = ਭਾਅ ਜਾਂਦੀ ਹੈ **ਵਾ:** ਜਿਸ ਦੇ ਨਿਸ਼ਕਾਮ ਕਰਮ ਭਾਅ ਜਾਂਦੇ ਹਨ, ਤਿਸ = ਉਸ ਨੂੰ ਗੁਰਾਂ ਦੁਆਰਾ ਆਪਣੇ ਨਾਇ = ਨਾਮ ਵਿਚ ਲਾਏ = ਲਾਉਂਦਾ ਹੈ।

## ਗੁਰੂ ਦੁਆਰੈ ਸੋਈ ਬੂਝੈ; ਜਿਸ ਨੋ ਆਪਿ ਬੁਝਾਏ ॥੪॥

ਸੋਈ = ਉਹੋ ਪੁਰਖ ਹੀ ਗੁਰੂ ਸਾਹਿਬ ਜੀ ਦੁਆਰਾ ਇਸ ਭੇਦ ਨੂੰ ਬੂਝੈ = ਬੁੱਝਦਾ, ਸਮਝਦਾ ਹੈ, ਜਿਸ ਨੋ = ਨੂੰ ਪਰਮੇਸ਼ਰ ਆਪ ਸਤਿਗੁਰੂ ਰੂਪ ਧਾਰ ਕੇ ਬੁਝਾਏ = ਸਮਝਾ ਦਿੰਦਾ ਹੈ ॥੪॥

## ਦੇਖਿ ਬਿਸਮਾਦੁ, ਇਹੁ ਮਨੁ ਨਹੀ ਚੇਤੇ; ਆਵਾ ਗਉਣੁ ਸੰਸਾਰਾ ॥

ਜੋ ਆਵਾ ਗਉਣੁ = ਆਉਣ ਜਾਣ ਵਾਲਾ ਸੰਸਾਰਾ = ਜਗਤ ਹੈ, ਇਸ ਦੇ ਬਿਸਮਾਦੁ = ਅਸਚਰਜ **ਵਾ:** ਹੈਰਾਨੀ ਦੇਣ ਵਾਲੇ ਕੌਤਕ **ਵਾ:** ਇਸ ਜਗਤ ਵਿਚ ਦੁੱਖ ਰੂਪ ਮਾਇਆ ਦੀ ਹੈਰਾਨਗੀ ਦੇਖਿ = ਵੇਖ ਕੇ ਵੀ ਇਹ ਮਨੁ = ਚਿੱਤ ਪਰਮੇਸ਼ਰ ਨੂੰ ਚੇਤੇ = ਯਾਦ ਨਹੀਂ ਕਰਦਾ **ਵਾ:** ਦੁਖ ਰੂਪ ਮਾਇਆ ਦੀ ਬਿਸਮਾਦਤਾ ਵੇਖ ਕੇ ਇਹ ਮਨ ਪਰਮੇਸ਼ਰ ਨੂੰ ਚੇਤੇ ਨਹੀਂ ਕਰਦਾ, ਇਸੇ ਕਰਕੇ ਸੰਸਾਰ ਦਾ ਆਉਣਾ-ਜਾਣਾ, ਜੰਮਣਾ-ਮਰਣਾ ਬਨਿਆ ਹੋਇਆ ਹੈ।

## ਸਤਿਗੁਰੁ ਸੇਵੇ, ਸੋਈ ਬੂਝੈ; ਪਾਏ ਮੋਖ ਦੁਆਰਾ ॥੫॥

ਜੋ ਪੂਰਨ ਸਤਿਗੁਰਾਂ ਨੂੰ ਸੇਵੇ = ਸੇਵਨਾ ਕਰਦਾ ਹੈ, ਸੋਈ = ਉਹੀ ਤੂੰ ਪਦ ਤੇ ਤਤ ਪਦ ਦੇ ਲੱਖ ਅਰਥ ਨੂੰ ਬੂਝੈ = ਸਮਝਦਾ ਹੈ ਅਤੇ ਮੋਖ = ਮੁਕਤੀ ਦਾ ਦੁਆਰਾ = ਦਰਵਾਜ਼ਾ ਗਿਆਨ ਪਾਏ = ਪਾ ਲੈਂਦਾ ਹੈ **ਵਾ:** ਦੁਆਰਿਆਂ ਵਾਲੇ ਸਰੀਰ, ਸੰਸਾਰ ਤੋਂ ਮੁਕਤੀ ਪਾ ਲੈਂਦਾ ਹੈ ॥੫॥

## ਜਿਨ ਦਰੁ ਸੂਝੈ, ਸੇ ਕਦੇ ਨ ਵਿਗਾੜਹਿ; ਸਤਿਗੁਰਿ ਬੂਝ ਬੁਝਾਈ ॥

ਜਿਨ = ਜਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਵਾਲਾ ਸਾਧਸੰਗਤ, ਗਿਆਨ ਰੂਪੀ ਦਰੁ = ਦਰਵਾਜ਼ਾ ਸੂਝੈ = ਸੁੱਝ, ਦਿਸ ਆਉਂਦਾ ਹੈ, **ਵਾ:** ਜਿਨ੍ਹਾਂ ਨੂੰ ਅੰਦਰੋਂ ਹੀ ਪਰਮੇਸ਼ਰ ਦਾ ਸਰੂਪ ਰੂਪੀ ਦਰ ਦਿਸ ਆਉਂਦਾ ਹੈ, ਸੇ = ਉਹ ਕਦੇ = ਕਦਾਚਿਤ ਕਿਸੇ ਨਾਲ ਵੀ ਨਹੀਂ ਵਿਗਾੜਹਿ = ਵਿਗਾੜਦੇ ਭਾਵ ਸਭ ਨੂੰ ਪਿਆਰ ਕਰਦੇ ਹਨ **ਵਾ:** ਉਹ ਕਦੀ ਵੀ ਮਨੁੱਖਾ ਜਨਮ ਨੂੰ ਨਹੀਂ ਵਿਗਾੜਦੇ ਭਾਵ ਬੇਅਰਥ ਨਹੀਂ ਗੁਆਉਂਦੇ, ਕਿਉਂਕਿ ਉਨ੍ਹਾਂ ਨੂੰ ਪੂਰੇ ਸਤਿਗੁਰਾਂ ਨੇ ਬੂਝ = ਸਿੱਖਿਆ ਬੁਝਾਈ = ਬੁਝਾਉਣਾ, ਸਮਝਾਉਣਾ ਕੀਤੀ ਹੈ।

## ਸਚੁ ਸੰਜਮੁ ਕਰਣੀ, ਕਿਰਤਿ ਕਮਾਵਹਿ; ਆਵਣ ਜਾਣੁ ਰਹਾਈ ॥੬॥

ਉਹ ਪੁਰਖ ਹਰ ਵਕਤ ਸਚੁ = ਸੱਚ ਬੋਲਦੇ ਹਨ, ਸੰਜਮ = ਇੰਦਰੀਆਂ ਦਾ ਦਮਨ ਕਰਕੇ ਰੱਖਦੇ ਹਨ, ਭਗਤੀ ਦੀ ਕਿਰਤ ਨੂੰ ਕਮਾਵਹਿ = ਕਮਾਉਂਦੇ ਹਨ, ਇਸੇ ਕਰਕੇ ਉਹ ਆਵਣ = ਆਉਣ ਜਾਣ (ਜੰਮਣ-ਮਰਣ) ਤੋਂ ਰਹਾਈ = ਰਹਿਤ ਹੋ ਜਾਂਦੇ ਹਨ ॥੬॥

## ਸੇ ਦਰਿ ਸਾਚੈ, ਸਾਚੁ ਕਮਾਵਹਿ; ਜਿਨ ਗੁਰਮੁਖਿ ਸਾਚੁ ਅਧਾਰਾ ॥

ਸੇ = ਉਹ ਗੁਰਮੁਖ ਪਰਮੇਸ਼ਰ ਦੇ ਦਰਿ = ਦਰਬਾਰ ਵਿਚ ਸਾਚੈ = ਸੱਚੇ ਹਨ, ਜੋ ਸਾਚੁ = ਸੱਚੇ ਉਪਦੇਸ਼ ਨੂੰ ਕਮਾਵਹਿ = ਕਮਾਉਂਦੇ ਹਨ ਅਤੇ ਜਿਨ = ਜਿਨ੍ਹਾਂ ਨੇ ਗੁਰਮੁਖਿ = ਮੁਖੀ ਗੁਰਾਂ ਦੁਆਰਾ ਸਾਚੁ = ਸੱਚੇ ਨਾਮ ਦਾ ਅਧਾਰਾ = ਆਸਰਾ ਲੈਣਾ ਕੀਤਾ ਹੈ।

[ਅੰਗ ੧੨੩੫]

## ਮਨਮੁਖ, ਦੂਜੈ ਭਰਮਿ ਭੁਲਾਏ; ਨਾ ਬੂਝਹਿ ਵੀਚਾਰਾ ॥੭॥

ਜਿਹੜੇ ਮਨਮੁਖ ਹਨ, ਉਹ ਦੂਜੈ = ਦਵੈਤ ਨੇ ਭਰਮ ਵਿਚ ਲਾ ਕੇ ਸ੍ਵਰੂਪ ਵੱਲੋਂ ਭੁਲਾਏ = ਭੁਲਾ ਦਿੱਤੇ ਹਨ **ਵਾ:** ਉਹ ਦਵੈਤ ਦੇ ਭੁਲਾਏ ਹੋਏ ਜੂਨਾਂ ਵਿਚ ਭਰਮਿ = ਭਰਮਦੇ ਰਹਿੰਦੇ ਹਨ, ਇਸੇ ਕਰਕੇ ਮਨਮੁਖ ਪੁਰਖ ਗੁਰਾਂ ਤੋਂ ਵਾਹਿਗੁਰੂ ਦੀ ਪ੍ਰਾਪਤੀ ਵਾਲੀ ਵੀਚਾਰ ਨੂੰ ਬੂਝਹਿ = ਬੁਝਦੇ, ਸਮਝਦੇ ਨ = ਨਹੀਂ ਹਨ ॥੭॥

## ਆਪੇ ਗੁਰਮੁਖਿ, ਆਪੇ ਦੇਵੈ; ਆਪੇ ਕਰਿ ਕਰਿ ਵੇਖੈ ॥

ਪਰਮੇਸ਼ਰ ਆਪੇ = ਆਪ ਹੀ ਗੁਰਮੁਖਿ = ਮੁਖੀ ਗੁਰੂ ਸਾਹਿਬ ਹੈ ਤੇ ਆਪ ਹੀ ਅਧਿਕਾਰੀ ਗੁਰਮੁਖ ਨੂੰ ਨਾਮ, ਬਾਣੀ ਦਾ ਉਪਦੇਸ਼ ਦੇਵੈ = ਦਿੰਦਾ ਹੈ, ਆਪੇ = ਆਪ ਹੀ ਉਤਪਤੀ ਕਰਿ = ਕਰਕੇ, ਪਾਲਣਾ ਕਰਿ = ਕਰਕੇ, ਸਭ ਨੂੰ ਵੇਖੈ = ਵੇਖਣ ਵਾਲਾ ਹੈ **ਵਾ:** ਆਪ ਹੀ ਸ੍ਵਣ, ਮੰਨਣ, ਨਿਧਿਆਸਣ ਕਰਿ = ਕਰਕੇ ਫੇਰ ਤੂੰ ਪਦ ਦੇ ਲਖ ਅਰਥ ਕਰਕੇ ਤੱਤ ਪਦ ਦੇ ਲਖ ਅਰਥ ਨੂੰ ਵੇਖੈ = ਵੇਖਣ ਵਾਲਾ ਹੈ।

## ਨਾਨਕ, ਸੇ ਜਨ ਥਾਇ ਪਏ ਹੈ; ਜਿਨ ਕੀ ਪਤਿ ਪਾਵੈ ਲੇਖੈ ॥੮॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੇ = ਉਹ ਜਨ = ਪੁਰਖ ਥਾਇ = ਥਾਂ ਸਿਰ, ਪ੍ਰਵਾਨਗੀ **ਵਾ:** ਸਰੂਪ ਰੂਪੀ ਥਾਂ ਵਿਚ ਪਏ ਹੈ = ਹਨ, ਜਿਨ = ਜਿਨ੍ਹਾਂ ਕੀ = ਦੀ ਕਰਣੀ ਰੂਪ ਪਤਿ = ਉਤਕ੍ਰਿਸ਼ਟਾ ਨੂੰ ਪਰਮੇਸ਼ਰ ਲੇਖੈ = ਪ੍ਰਵਾਨਗੀ ਵਿਚ ਪਾਵੈ = ਪਾ ਲੈਂਦਾ ਹੈ ॥੮॥੩॥

## ਸਾਰਗ ਮਹਲਾ ੫ ਅਸਟਪਦੀਆ ਘਰੁ ੧

## ੧ਓ ਸਤਿਗੁਰ ਪ੍ਰਸਾਦਿ ॥

ਸਤਿਗੁਰਾਂ ਦੇ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਦੁਨੀਆਂ ਵਿਚ ਕਿਤਨੇ ਕਿਤਨੇ ਵੱਡੇ ਰਾਜੇ ਹੋ ਚੁੱਕੇ ਹਨ, ਉਨ੍ਹਾਂ ਵਿੱਚੋਂ ਕਿਸੇ ਦੀ ਕਥਾ ਸੁਣਾਉ। ਸਤਿਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਤੁਹਾਨੂੰ ਰਾਜਾ ਰੂਪ ਪਰਮੇਸ਼ਰ ਦੀ ਕਥਾ ਸੁਣਾਉਂਦੇ ਹਾਂ ਅਤੇ ਇਹ ਕਹਿੰਦਿਆਂ ਸਾਰਗ ਰਾਗ ਦੇ ਅੰਦਰ ਅਸਟਪਦੀਆ = ਅੱਠ ਪਦਿਆਂ ਵਾਲੀ ਘਰੁ ੧ = ਪਹਿਲੇ ਸੁਰਤਾਲ ਵਿਚ ਪਹਿਲਾਂ ਮੰਗਲ ਕਰਦਿਆਂ ਬਾਣੀ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਗੁਸਾਈ; ਪਰਤਾਪੁ ਤੁਹਾਰੋ ਡੀਠਾ ॥

ਹੇ ਗੁਸਾਈ = ਪ੍ਰਿਥਵੀ ਦੇ ਮਾਲਕ ਪਰਮੇਸ਼ਰ ! ਤੁਹਾਰੋ = ਤੇਰਾ ਪਰਤਾਪੁ = ਤੇਜ ਪ੍ਰਭਾਵ ਅਸਚਰਜ ਹੀ ਡੀਠਾ = ਵੇਖਿਆ ਹੈ।

## ਕਰਨ ਕਰਾਵਨ ਉਪਾਇ ਸਮਾਵਨ; ਸਗਲ ਛਤ੍ਰਪਤਿ ਬੀਠਾ ॥੧॥ਰਹਾਉ॥

ਹੇ ਪਰਮੇਸ਼ਰ! ਤੂੰ ਆਪ ਹੀ ਸਾਰੇ ਜਗਤ ਨੂੰ ਪੈਦਾ ਕਰਨ ਵਾਲਾ ਹੈਂ, ਆਪ ਹੀ ਬ੍ਰਹਮਾ ਆਦਿ ਤੋਂ ਪ੍ਰੇਰ ਕੇ ਕਾਰਜਾਂ ਨੂੰ ਕਰਾਵਨ = ਕਰਾਉਣ ਵਾਲਾ ਹੈਂ ਤੇ ਆਪ ਬ੍ਰਹਮਾ ਆਦਿ ਨੂੰ ਉਪਾਇ = ਪੈਦਾ ਕਰਨ ਵਾਲਾ ਹੈਂ ਤੇ ਤੂੰ ਆਪ ਵਿਸ਼ਨੂੰ ਆਦਿ ਤੋਂ ਜਗਤ ਦੀ ਪਾਲਣਾ ਕਰਾਉਣ ਵਾਲਾ ਹੈਂ ਅਤੇ ਤੂੰ ਆਪ ਹੀ ਸ਼ਿਵ ਆਦਿਕਾਂ ਕਰਕੇ ਜਗਤ ਨੂੰ ਸਮਾਵਨ = ਸਮਾਵਨਾ, ਸਮਾਪਤ ਕਰਨ ਵਾਲਾ ਹੈਂ **ਵਾ:** ਤੂੰ ਆਪ ਹੀ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਆਦਿਕਾਂ ਦੀ ਲੈਤਾਂ ਕਰਨ ਵਾਲਾ ਹੈਂ ਵਾ: ਤੂੰ ਆਪ ਹੀ ਸਾਰੇ ਕਾਰਜਾਂ ਦੇ ਕਰਨ ਕਰਾਉਣ ਵਾਲਾ ਹੈਂ, ਤੂੰ ਆਪ ਹੀ ਸੰਸਾਰ ਨੂੰ ਪੈਦਾ ਕਰਨ ਵਾਲਾ ਹੈਂ ਤੇ ਤੂੰ ਆਪ ਹੀ ਸੰਸਾਰ ਦੀ ਲੈਅਤਾ ਕਰਨ ਵਾਲਾ ਹੈਂ, ਤੂੰ ਆਪ ਹੀ ਸਗਲ = ਸਾਰੇ ਛਤ੍ਰਪਤਿ = ਚੱਕਰਵਰਤੀ ਪਾਤਸ਼ਾਹਾਂ ਵਿਚ ਬੀਠਾ = ਇਸਥਿਤ ਹੋ ਰਿਹਾ ਹੈਂ ॥੧॥ਰਹਾਉ॥

## ਰਾਣਾ ਰਾਉ ਰਾਜ ਭਏ ਰੰਕਾ; ਉਨਿ ਝੂਠੇ ਕਹਣੁ ਕਹਾਇਓ ॥

ਰਾਜਪੂਤਾਂ ਦੀ ਬੋਲੀ ਅਨੁਸਾਰ ਕਈ ਰਾਣੇ ਦੇ ਖ਼ਿਤਾਬ ਵਾਲੇ, ਕਈ ਰਾਉ ਦੇ ਖ਼ਿਤਾਬ ਵਾਲੇ, ਕਈ ਰਾਜ = ਰਜਵਾੜਿਆਂ ਦੇ ਮਾਲਕ ਤੇ ਕਈ ਕਰਮਾਂ ਦੇ ਅਨੁਸਾਰ ਰੰਕਾ = ਕੰਗਾਲ ਭਏ = ਹੋਏ ਵੇਖੀਦੇ ਹਨ **ਵਾ:** ਜਿਤਨਾ ਚਿਰ ਜੀਵਾਂ ਨੂੰ ਕੀਤੇ ਸਕਾਮ ਕਰਮਾਂ ਦਾ ਫਲ ਪ੍ਰਾਪਤ ਹੁੰਦਾ ਹੈ ਉਤਨਾ ਚਿਰ ਕਈ ਰਜਵਾੜਿਆਂ ਦੇ ਮਾਲਕ ਰਾਜੇ ਬਣ ਕੇ ਰਾਜ ਭਾਗ ਦਾ ਅਨੰਦ ਭੋਗਦੇ ਰਹਿੰਦੇ ਹਨ, ਕਈ ਆਪਣੇ ਆਪ ਨੂੰ ਰਾਣੇ ਦੇ ਖ਼ਿਤਾਬ ਵਾਲੇ ਕਹਾਉਣ ਲੱਗ ਜਾਂਦੇ ਹਨ, ਕਈ ਰਾਉ = ਟਿੱਕੇ ਦੇ ਖ਼ਿਤਾਬ ਵਾਲੇ ਕਹਾਉਣ ਲੱਗ ਜਾਂਦੇ ਹਨ, ਪਰ ਜਦ ਪ੍ਰਾਲਬਧ ਅਨੁਸਾਰ ਕਰਮ ਫਲ ਦੇਣੋਂ ਹਟ ਜਾਂਦੇ ਹਨ ਭਾਵ ਪੁੰਨ ਕਰਮ ਨਾਸ਼ ਹੋ ਜਾਂਦੇ ਹਨ ਤਦੋਂ ਰੰਕਾ = ਕੰਗਾਲ ਭਏ = ਹੋ ਜਾਂਦੇ ਹਨ **ਵਾ:** ਕਈ ਰੰਕਾ = ਕੰਗਾਲ ਪੁਰਖ ਸਕਾਮ ਕਰਮਾਂ ਕਰਕੇ ਰਾਜ = ਰਾਜਭਾਗ ਦੇ ਮਾਲਕ ਬਣੇ ਹੋਏ ਹਨ, ਕਈ ਸਕਾਮ ਕਰਮਾਂ ਦੇ ਪ੍ਰਤਾਪ ਕਰਕੇ ਰਾਜਿਆਂ ਤੋਂ ਰਾਣੇ ਤੇ ਰਾਉ ਆਦਿ ਖ਼ਿਤਾਬ ਵਾਲੇ ਬਣੇ ਹੋਏ ਹਨ, ਉਨਿ = ਉਨ੍ਹਾਂ ਝੂਠੇ ਪੁਰਖਾਂ ਨੇ ਕਹਿਣੇ ਮਾਤਰ ਹੀ ਆਪਣੇ ਆਪ ਨੂੰ ਰਾਜੇ, ਰਾਉ ਆਦਿ ਖ਼ਿਤਾਬਾਂ ਵਾਲੇ ਕਹਾਉਣਾ ਕੀਤਾ ਹੈ।

## ਹਮਰਾ ਰਾਜਨੁ ਸਦਾ ਸਲਾਮਤਿ; ਤਾ ਕੋ ਸਗਲ ਘਟਾ ਜਸੁ ਗਾਇਓ ॥੧॥

ਹੇ ਭਾਈ! ਹਮਰਾ = ਸਾਡਾ ਰਾਜਨੁ = ਰਾਜਾ ਰੂਪ **ਵਾ:** ਪ੍ਰਕਾਸ਼ ਸਰੂਪ ਪਰਮੇਸ਼ਰ ਸਦਾ = ਹਮੇਸ਼ਾਂ ਸਲਾਮਤਿ = ਇਸਥਿਤ ਰਹਿਣ ਵਾਲਾ ਸੱਚਾ ਪਾਤਸ਼ਾਹ ਹੈ, ਤਾ = ਉਸ ਪਰਮੇਸ਼ਰ ਕੋ = ਦਾ ਸਗਲ = ਸਾਰੇ ਘਟਾ = ਸਰੀਰਾਂ ਨੇ ਜਸੁ = ਕੀਰਤਨ ਗਾਇਓ = ਗਾਉਣਾ ਕੀਤਾ ਹੈ **ਵਾ:** ਸਭ ਘਟਾਂ-ਘਟਾਂ ਵਿਚ ਜੱਸ ਗਾਇਨ ਕੀਤਾ ਜਾਂਦਾ ਹੈ ॥੧॥

## ਉਪਮਾ ਸੁਨਹੁ ਰਾਜਨ ਕੀ ਸੰਤਹੁ; ਕਹਤ ਜੇਤ ਪਾਹੂਚਾ ॥

ਹੇ ਸੰਤਹੁ = ਸੰਤ ਜਨੋਂ! ਤੁਸੀਂ ਸੱਚੇ ਰਾਜਨ = ਰਾਜਾ ਰੂਪ **ਵਾ:** ਪ੍ਰਕਾਸ਼ ਸਰੂਪ ਪਰਮੇਸ਼ਰ ਕੀ = ਦੀ ਉਪਮਾ = ਮਹਿਮਾ ਸੁਨਹੁ = ਸੁਣਨਾ ਕਰੋ, ਜੇਤ = ਜਿੰਨੀ ਕੁ ਪਾਹੂਚਾ = ਪਹੁੰਚ ਹੈ ਉਤਨੀ ਕੁ ਉਸਦੀ ਉਪਮਾ ਕਥਨ ਕਰਦੇ ਹਨ, ਪੂਰੀ ਸਮੱਗਰ ਰੂਪ ਵਿਚ ਉਪਮਾ ਨਹੀਂ ਕਹੀ ਜਾ ਸਕਦੀ **ਵਾ:** ਉਸ ਦੀ ਉਪਮਾ ਬਹੁਤ ਲੋਕ ਕਹਤ = ਕਹਿੰਦੇ ਤਾਂ ਹਨ, ਪਰ ਜੇਤ = ਜਿੰਨੀ ਕੁ ਪਾਹੂਚਾ = ਪਹੁੰਚ ਹੈ, ਉਤਨੀ ਹੀ ਕਹਿੰਦੇ ਹਨ **ਵਾ:** ਜਿਹੜੇ ਪੁਰਖ ਉਸ ਦੀ ਮਹਿਮਾ ਕਥਨ ਕਰਦੇ ਹਨ, ਉਨ੍ਹਾਂ ਦੀ ਜੇਤ = ਜਿੱਤ ਹੋ ਜਾਂਦੀ ਹੈ ਤੇ ਉਹ ਉਸ ਦੇ ਸਰੂਪ ਵਿਚ ਪਹੁੰਚ, ਲੀਨ ਹੋ ਜਾਂਦੇ ਹਨ।

## ਬੇਸੁਮਾਰ ਵਡ ਸਾਹ ਦਾਤਾਰਾ; ਊਚੇ ਹੀ ਤੇ ਊਚਾ ॥੨॥

ਉਹ ਪ੍ਰਭੂ ਬੇਸੁਮਾਰ = ਗਿਣਤੀ ਤੋਂ ਰਹਿਤ ਹੈ, ਵੱਡਾ ਸਾਹ = ਸ਼ਾਹੂਕਾਰ ਹੈ, ਸਭ ਨੂੰ ਚੇਤਨ ਸੱਤਾ ਰੂਪੀ ਪੂੰਜੀ, ਰੋਜ਼ੀ ਆਦਿ ਦੇਣ ਵਾਲਾ ਦਾਤਾਰਾ = ਦਾਤਾ ਹੈ ਅਤੇ ਹੀ = ਨਿਸਚੇ ਕਰਕੇ ਬ੍ਰਹਮਾ ਆਦਿ ਊਚੇ = ਉੱਚਿਆਂ ਤੋਂ ਵੀ ਊਚਾ = ਉੱਚਾ ਹੈ ॥੨॥

## ਪਵਨਿ ਪਰੋਇਓ ਸਗਲ ਅਕਾਰਾ; ਪਾਵਕ ਕਾਸਟ ਸੰਗੇ ॥

ਉਸ ਸਮਰੱਥ ਪਰਮੇਸ਼ਰ ਨੇ ਸਗਲ = ਸਾਰੇ ਚੌਰਾਸੀ ਲੱਖ ਜੂਨਾਂ ਦੇ ਅਕਾਰਾ = ਸਰੀਰਾਂ ਨੂੰ ਪਵਨਿ = ਸੁਆਸਾਂ ਰੂਪੀ ਧਾਗੇ ਵਿਚ ਪਰੋਇਓ = ਪਰੋਤਾ ਹੋਇਆ ਹੈ ਅਤੇ ਉਸ ਨੇ ਸਮਾਨ ਪਾਵਕ = ਅਗਨੀ ਨੂੰ ਕਾਸਟ = ਲੱਕੜਾਂ ਦੇ ਸੰਗੇ = ਨਾਲ ਰੱਖਿਆ ਹੋਇਆ ਹੈ, ਭਾਵ ਲੱਕੜ ਦੇ ਅੰਦਰ ਸਮਾਨ ਅਗਨੀ ਬਿਰਾਜ ਰਹੀ ਹੈ, ਉਸੇ ਅੱਗ ਦੇ ਕਰਕੇ ਹੀ ਬਨਸਪਤੀ ਪ੍ਰਫੁੱਲਤ ਹੋ ਰਹੀ ਹੈ ਜਿਤਨਾ ਚਿਰ ਪਰਮੇਸ਼ਰ ਦੀ ਆਗਿਆ ਨਹੀਂ ਹੁੰਦੀ, ਅੱਗ ਲੱਕੜ ਦੇ ਵਿਚ ਗੁਪਤ ਰਹਿੰਦੀ ਹੈ, ਇਹ ਪਰਮੇਸ਼ਰ ਦੀ ਅਸਚਰਜਤਾਈ ਹੈ, ਇਸੇ ਪ੍ਰਕਾਰ ਅਗਨੀ ਦੀ ਨਿਆਈਂ ਕਾਲ ਹੈ ਤੇ ਕਾਲ ਦੀ ਲੱਕੜ ਦੇ ਨਿਆਈਂ ਸਰੀਰ ਹੈ, ਸਰੀਰ ਵਧਦੇ-ਫੁੱਲਦੇ ਭਾਵ ਬਾਲ, ਜੁਆਨੀ, ਬਿਰਧ ਅਵਸਥਾ ਵਿਚ ਹੁੰਦੇ ਰਹਿੰਦੇ ਹਨ, ਜਿਤਨਾ ਚਿਰ ਪਰਮੇਸ਼ਰ ਦੀ ਆਗਿਆ ਨਾ ਹੋਵੇ ਉਤਨਾ ਚਿਰ ਕਾਲ ਰੂਪ ਅਗਨੀ ਸਰੀਰ ਰੂਪ ਲੱਕੜ ਨੂੰ ਸਾੜ ਨਹੀਂ ਸਕਦੀ।

## ਨੀਰੁ ਧਰਣਿ ਕਰਿ ਰਾਖੇ ਏਕਤ; ਕੋਇ ਨ ਕਿਸ ਹੀ ਸੰਗੇ ॥੩॥

ਨੀਰੁ = ਪਾਣੀ ਤੇ ਧਰਣਿ = ਧਰਤੀ ਦੋਵੇਂ ਏਕਤ = ਇਕੱਠੇ ਕਰਿ = ਕਰਕੇ ਰਾਖੇ = ਰੱਖੇ ਹੋਏ ਹਨ, ਭਾਵ ਧਰਤੀ ਨਾਲੋਂ ਦਸ ਗੁਣਾ ਪਾਣੀ ਜ਼ਿਆਦਾ ਹੈ, ਪਰ ਇਨ੍ਹਾਂ ਵਿੱਚੋਂ ਕੋਇ = ਕੋਈ ਵੀ ਕਿਸੇ ਦੇ ਸੰਗੇ = ਨਾਲ ਵੈਰ ਨ = ਨਹੀਂ ਕਰਦਾ, ਇਹ ਵਾਹਿਗੁਰੂ ਦੇ ਹੁਕਮ ਰੂਪੀ ਭੈ ਵਿਚ ਵੱਸ ਰਹੇ ਹਨ **ਵਾ:** ਪਾਣੀ ਦੀ ਨਿਆਈਂ ਚੇਤਨ ਸੱਤਾ **ਵਾ:** ਕਾਲ ਰੂਪ ਪਾਣੀ ਤੇ ਧਰਤੀ ਦੀ ਨਿਆਈਂ ਦੇਹ ਇਹ ਦੋਵੇਂ ਇਕੱਠੇ ਕਰਕੇ ਰੱਖੇ ਹੋਏ ਹਨ, ਪਰ ਇਨ੍ਹਾਂ ਵਿੱਚੋਂ ਕੋਈ ਵੀ ਕਿਸੇ ਦੇ ਨਾਲ ਵੈਰ ਨਹੀਂ ਕਰਦਾ ॥੩॥

## ਘਟਿ ਘਟਿ ਕਥਾ ਰਾਜਨ ਕੀ ਚਾਲੈ; ਘਰਿ ਘਰਿ ਤੁਝਹਿ ਉਮਾਹਾ ॥

ਹੇ ਰਾਜਨ = ਪ੍ਰਕਾਸ਼ ਸਰੂਪ ਪਰਮੇਸ਼ਰ ! ਸਾਰਿਆਂ ਘਟਿ ਘਟਿ = ਘਟਾਂ-ਘਟਾਂ ਵਿਚ ਆਪ ਜੀ ਕੀ = ਦੀ ਜੱਸ ਰੂਪ ਕਥਾ = ਕਹਾਣੀ ਚਾਲੈ = ਚੱਲ ਰਹੀ ਹੈ, ਘਰਿ ਘਰਿ = ਘਰਾਂ-ਘਰਾਂ, ਸਰੀਰਾਂ-ਸਰੀਰਾਂ ਵਿਚ ਤੇਰੀ ਪ੍ਰਾਪਤੀ ਵਾਸਤੇ ਤੁਝਹਿ = ਤੇਰਾ ਹੀ ਉਮਾਹਾ = ਉਤਸ਼ਾਹ ਹੋ ਰਿਹਾ ਹੈ **ਵਾ:** ਘਰਿ ਘਰਿ = ਸ਼ਾਸਤ੍ਰਾਂ-ਸ਼ਾਸਤ੍ਰਾਂ ਵਿਚ ਤੇਰਾ ਉਤਸ਼ਾਹ ਹੋ ਰਿਹਾ ਹੈ।

## ਜੀਅ ਜੰਤ ਸਭਿ ਪਾਛੈ ਕਰਿਆ; ਪ੍ਰਥਮੇ ਰਿਜਕੁ ਸਮਾਹਾਂ ॥੪॥

ਹੇ ਪਰਮੇਸ਼ਰ ! ਤੂੰ ਜੀਅ = ਅਸਥੂਲ ਜੀਵ ਤੇ ਜੰਤ = ਸੂਖਮ ਜੀਵਾਂ ਆਦਿ ਸਭ = ਸਾਰਿਆਂ ਨੂੰ ਪਾਛੈ = ਪਿੱਛੋਂ ਕਰਿਆ = ਬਣਾਉਣਾ ਕੀਤਾ ਹੈ, ਪ੍ਰਥਮੇ = ਪਹਿਲਾਂ ਸਭ ਜੀਵਾਂ ਦਾ ਰਿਜ਼ਕ ਸਮਾਹਾਂ = ਅਪੜਾਉਣਾ ਕੀਤਾ ਹੈ, ਭਾਵ ਜਿਥੇ ਜਿਥੇ ਜੀਵ ਪੈਦਾ ਕਰਨੇ ਸੀ, ਉਥੇ ਉਥੇ ਉਨ੍ਹਾਂ ਦਾ ਖਾਣ-ਪਾਣ ਪਹਿਲਾਂ ਹੀ ਪਹੁੰਚਾਉਣਾ ਕੀਤਾ ਹੈ ॥੪॥

## ਜੋ ਕਿਛੁ ਕਰਣਾ, ਸੁ ਆਪੇ ਕਰਣਾ; ਮਸਲਤਿ ਕਾਹੂ ਦੀਨੀ ॥

ਹੇ ਪਰਮੇਸ਼ਰ ! ਜੋ = ਜਿਹੜਾ ਕਿਛੁ = ਕੁਝ ਤੂੰ ਕਰਨਾ ਹੈ, ਸੁ = ਉਹ ਸਭ ਕੁਝ ਤੂੰ ਆਪ ਹੀ ਕਰਨਾ ਕੀਤਾ ਹੈ **ਵਾ**: ਜੋ ਕੁਝ ਤੂੰ ਪਿੱਛੇ ਕਰਨਾ ਸੀ, ਉਹ ਤੂੰ ਕਰਨਾ ਕੀਤਾ ਹੈ ਤੇ ਜੋ ਕੁਝ ਹੁਣ ਕਰਨਾ ਹੈ ਉਹ ਭੀ ਆਪ ਹੀ ਕਰ ਰਿਹਾ ਹੈਂ, ਤੈਨੂੰ ਕਾਹੂ = ਕਿਸੇ ਨੇ ਮਸਲਤਿ = ਸਲਾਹ ਦੀਨੀ = ਦਿੱਤੀ ਹੈ, ਭਾਵ ਕਿਸੇ ਨੇ ਵੀ ਤੈਨੂੰ ਸਲਾਹ ਨਹੀਂ ਦਿੱਤੀ।

## ਅਨਿਕ ਜਤਨ ਕਰਿ ਕਰਹ ਦਿਖਾਏ; ਸਾਚੀ ਸਾਖੀ ਚੀਨੑੀ ॥੫॥

ਹੇ ਪਰਮੇਸ਼ਰ ! ਜੋ ਅਨਿਕ = ਬਿਅੰਤ ਅਧਿਕਾਰੀ ਵਿਵੇਕ ਵੈਰਾਗ ਖਟ ਸੰਪਤੀ ਮੋਖ ਇੱਛਾ ਆਦਿ ਜਤਨ = ਉੱਦਮ, ਸਾਧਨਾ ਨੂੰ ਗੁਰਾਂ ਦੀ ਕਿਰਪਾ ਦੁਆਰਾ ਕਰਦੇ ਹਨ, ਉਨ੍ਹਾਂ ਨੂੰ ਤੂੰ ਸ੍ਵਣ ਮੰਨਣ, ਨਿਧਿਆਸਣ ਗਿਆਨ ਦੀ ਕਿਰਿਆ ਦੁਆਰਾ ਤਤ ਤੂੰ ਪਦ ਦਾ ਸੰਸ਼ੋਧਨ ਕਰਹ = ਕਰਵਾ ਕੇ ਹਿਰਦੇ ਦੇ ਵਿੱਚੋਂ ਹੀ ਆਪਣਾ ਸਰੂਪ ਪ੍ਰਗਟ ਕਰਕੇ ਵਿਖਾ ਦੇਂਦਾ ਹੈ, ਉਨ੍ਹਾਂ ਨੇ ਹੀ ਗੁਰਾਂ ਦੀ ਸੱਚੀ ਸਾਖੀ = ਸਿੱਖਿਆ ਦੁਆਰਾ ਤੇਰੀ ਪ੍ਰਾਪਤੀ ਚੀਨੑੀ = ਜਾਣੀ ਹੈ **ਅਥਵਾ** ਅਨੇਕਾਂ ਕਰਮਕਾਂਡੀ ਲੋਕ ਕਰਮ, ਉਪਾਸ਼ਨਾ, ਗਿਆਨ ਆਦਿ ਨੇਤੀ ਧੋਤੀ ਆਦਿ ਸਾਧਨਾ ਦੇ ਅਨੇਕਾਂ ਯਤਨ ਕਰ ਕਰ ਕੇ ਲੋਕਾਂ ਨੂੰ ਦਿਖਾਉਂਦੇ ਹਨ ਪਰ ਅਸੀਂ ਤਾਂ ਗੁਰਾਂ ਦੀ ਸੱਚੀ ਸਿੱਖਿਆ ਦੁਆਰਾ ਤੇਰੇ ਸਰੂਪ ਨੂੰ ਪਛਾਣਨਾ ਕੀਤਾ ਹੈ॥੫॥

## ਹਰਿ ਭਗਤਾ ਕਰਿ ਰਾਖੇ ਅਪਨੇ; ਦੀਨੀ ਨਾਮੁ ਵਡਾਈ ॥

ਹੇ ਹਰਿ = ਪਰਮੇਸ਼ਰ ! ਤੂੰ ਕਿਰਪਾ ਦ੍ਰਿਸ਼ਟੀ ਕਰਕੇ ਆਪ ਹੀ ਆਪਣੇ ਭਗਤਾਂ ਦੀ ਪੈਜ ਨੂੰ ਰਾਖੇ = ਰੱਖਣਾ ਕਰਦਾ ਹੈਂ **ਵਾ**: ਭਗਤਾਂ ਨੂੰ ਆਪਣੇ ਬਣਾ ਕਰਕੇ ਰੱਖਦਾ ਹੈਂ ਅਤੇ ਤੂੰ ਆਪ ਹੀ ਉਨ੍ਹਾਂ ਨੂੰ ਨਾਮ ਜਪਣ ਦੀ ਵਡਾਈ = ਸ਼ੋਭਾ ਦੀਨੀ = ਦਿੱਤੀ ਹੈ।

## ਜਿਨਿ ਜਿਨਿ ਕਰੀ ਅਵਗਿਆ ਜਨ ਕੀ; ਤੇ ਤੈਂ ਦੀਏ ਰੁੜ੍ਹਾਈ ॥੬॥

ਜਿਨਿ ਜਿਨਿ = ਜਿਨ੍ਹਾਂ ਜਿਨ੍ਹਾਂ ਨੇ ਤੇਰੇ ਪਿਆਰੇ ਭਗਤ ਜਨਾਂ ਕੀ = ਦੀ ਅਵਗਿਆ = ਬੇਅਦਬੀ (ਨਿਰਾਦਰੀ) ਕਰੀ = ਕੀਤੀ ਹੈ, ਤੇ ਉਹ ਪੁਰਖ ਤੈਂ = ਤੂੰ ਨਰਕਾਂ ਵਿਚ ਰੁੜ੍ਹਾਈ = ਰੋੜ੍ਹ ਦੀਏ = ਦਿੱਤੇ ਹਨ **ਵਾ**: ਜੂਨਾਂ ਵਿਚ ਰੋੜ੍ਹ ਦਿੱਤੇ ਹਨ॥੬॥

## ਮੁਕਤਿ ਭਏ ਸਾਧਸੰਗਤਿ ਕਰਿ; ਤਿਨ ਕੇ ਅਵਗਨ ਸਭਿ ਪਰਹਰਿਆ ॥

ਹੇ ਪਰਮੇਸ਼ਰ ! ਜਿਨ੍ਹਾਂ ਨੇ ਤੇਰੀ ਪ੍ਰਾਪਤੀ ਕਰਾਉਣ ਵਾਲੀ ਸਾਧਸੰਗਤ ਕਰਿ = ਕਰਕੇ ਭਗਤੀ ਕੀਤੀ ਹੈ, ਉਹ ਪੁਰਖ ਮੁਕਤ ਰੂਪ ਭਏ = ਹੋਏ ਹਨ ਅਤੇ ਤਿਨ = ਉਨ੍ਹਾਂ ਕੇ = ਦੇ ਸਭਿ = ਸਾਰੇ ਅਵਗਨ = ਗੁਨਾਹ ਵੀ ਤੂੰ ਪਰਹਰਿਆ = ਦੂਰ ਕਰ, ਮੇਟ ਦਿੱਤੇ ਹਨ।

## ਤਿਨ ਕਉ ਦੇਖਿ ਭਏ ਕਿਰਪਾਲਾ; ਤਿਨ ਭਵ ਸਾਗਰੁ ਤਰਿਆ ॥੭॥

ਹੇ ਪਰਮੇਸ਼ਰ ! ਜਿਨ੍ਹਾਂ ਨੇ ਗੁਰ ਉਪਦੇਸ਼ ਨੂੰ ਕਮਾਉਣਾ ਕੀਤਾ ਹੈ, ਤਿਨ = ਉਨ੍ਹਾਂ ਕਉ = ਦੇ ਵੱਲ ਆਪ ਜੀ ਮੇਹਰ ਭਰੀ ਦ੍ਰਿਸ਼ਟੀ ਨਾਲ ਦੇਖਿ = ਵੇਖ ਕੇ ਕਿਰਪਾਲਾ = ਕਿਰਪਾਲੂ ਭਏ = ਹੋਏ ਹੋ, ਇਸ ਕਰਕੇ ਤਿਨ = ਉਨ੍ਹਾਂ ਨੇ ਭਵ ਸਾਗਰੁ = ਸੰਸਾਰ-ਸਮੁੰਦ੍ਰ ਨੂੰ ਤਰਿਆ = ਤਰ ਲਿਆ ਹੈ॥੭॥

## ਹਮ ਨਾਨੇ ਨੀਚ, ਤੁਮੇ ਬਡ ਸਾਹਿਬ; ਕੁਦਰਤਿ ਕਉਣ ਬੀਚਾਰਾ ॥

ਹੇ ਪਰਮੇਸ਼ਰ ! ਹਮ = ਅਸੀਂ ਜੀਵ ਫਲਾਂ ਦੇ ਕੀੜੇ ਨਾਨੇ = ਬਹੁਤੇ ਨਿੱਕੇ ਤੇ ਨੀਚ = ਨੀਵੇਂ ਕਰਮਾਂ ਨੂੰ ਕਰਨ ਵਾਲੇ ਦੇਹ ਅਧਿਆਸੀ ਹਾਂ ਤੇ ਤੁਮੇ = ਤੁਸੀਂ ਸਭ ਤੋਂ ਬਡ = ਵੱਡੇ ਸਾਹਿਬ = ਮਾਲਕ ਹੋ, ਤੇਰੀ ਕੁਦਰਤਿ = ਸ਼ਕਤੀ ਨੂੰ ਕਉਣ = ਕਿਹੜੀ ਬੀਚਾਰ ਨਾਲ ਵਿਚਾਰਨਾ ਕਰੀਏ ਕਿਉਂਕਿ ਤੂੰ ਬੇਅੰਤ ਹੈਂ।

## ਮਨੁ ਤਨੁ ਸੀਤਲੁ, ਗੁਰ ਦਰਸ ਦੇਖੇ; ਨਾਨਕ ਨਾਮੁ ਅਧਾਰਾ ॥੮॥੧॥

ਹੇ ਪਰਮੇਸ਼ਰ ! ਤੇਰੀ ਕ੍ਰਿਪਾ ਸਦਕਾ ਗੁਰਾਂ ਦੇ ਦਰਸ = ਦੀਦਾਰ ਦੇਖੇ = ਵੇਖਣ ਨਾਲ ਮੇਰਾ ਮਨੁ ਤੇ ਤਨ ਵਿਸ਼ੇ-ਵਾਸ਼ਨਾ ਵੱਲੋਂ ਸੀਤਲੁ = ਠੰਢਾ ਹੋ ਗਿਆ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਗੁਰਾਂ ਦੇ ਉਪਦੇਸ਼ ਦੁਆਰਾ ਤੇਰੇ ਨਾਮ ਦਾ ਹੀ ਅਧਾਰਾ = ਆਸਰਾ ਲੈਣਾ ਕੀਤਾ ਹੈ॥੮॥੧॥

## ਸਾਰਗ ਮਹਲਾ ੫ ਅਸਟਪਦੀ ਘਰੁ ੬

## ੧ੴ ਸਤਿਗੁਰ ਪ੍ਰਸਾਦਿ ॥

ਫੇਰ ਸਿੱਖਾਂ ਨੇ ਸਤਿਗੁਰਾਂ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਕੋਈ ਕਥਾ ਸੁਣਾਉ, ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਬਾਹਜ ਕਥਾ ਦੀ ਥਾਂ ਤੁਹਾਨੂੰ ਅੰਤਰੀਵ ਕਥਾ ਸੁਣਾਉਂਦੇ ਹਾਂ। ਜਦ ਸਤਿਗੁਰੂ ਜੀ ਨੇ ਇਤਨੇ ਬਚਨ ਕਹੇ ਤਾਂ ਇਕ ਸਿੱਖ ਕਹਿਣ ਲੱਗਾ ਕਿ ਸਤਿਗੁਰੂ ਜੀ ਰਾਜਾ ਰੂਪ ਪਰਮੇਸ਼ਰ ਦੀ ਕੋਈ ਸਭਾ ਵੀ ਹੁੰਦੀ ਹੋਵੇਗੀ, ਤਾਂ ਸਤਿਗੁਰੂ ਜੀ ਸਿੱਖਾਂ ਨੂੰ ਕਹਿਣ ਲੱਗੇ ਕਿ ਰਾਜਾ ਰੂਪ ਪਰਮੇਸ਼ਰ ਦੀ ਸਭਾ ਵੀ ਹੁੰਦੀ ਹੈ, ਉਹ ਵੀ ਤੁਹਾਨੂੰ ਦੱਸਾਂਗੇ, ਪਹਿਲਾਂ ਤੁਹਾਨੂੰ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥਾ ਸੁਣਾਉਂਦੇ ਹਾਂ, ਇਉਂ ਸਾਰਗ ਰਾਗ ਦੇ ਅੰਦਰ ਮਹਲਾ ੫ = ਪੰਜਵੇਂ ਸਰੂਪ ਗੁਰਾਂ ਨੇ ਅੱਠ ਪਦਿਆਂ ਵਾਲਾ ਸ਼ਬਦ ਘਰੁ ੬ = ਛੇਵੇਂ ਸੁਰਤਾਲ ਵਿਚ ਪਹਿਲਾਂ ਮੰਗਲ ਕਰਦਿਆਂ ਉਚਾਰਨ ਕੀਤਾ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਗਮ ਅਗਾਧਿ; ਸੁਨਹੁ ਜਨ ਕਥਾ ॥
## ਪਾਰਬ੍ਰਹਮ ਕੀ; ਅਚਰਜ ਸਭਾ ॥੧॥ਰਹਾਉ॥

ਹੇ ਗੁਰਸਿਖ ਜਨੋਂ ! ਅਗਮ = ਮਨ ਦੀ ਗੰਮਤਾ ਤੋਂ ਰਹਿਤ ਤੇ ਅਗਾਧਿ = ਡੂੰਘੇ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਕਥਾ ਸੁਨਹੁ = ਸੁਣਨਾ ਕਰੋ।

ਉਸ ਪਾਰਬ੍ਰਹਮ = ਪਰਮੇਸ਼ਰ ਕੀ = ਦੀ ਬੜੀ ਅਚਰਜ = ਅਸਚਰਜ ਸਭਾ ਲੱਗੀ ਹੋਈ ਹੈ॥੧॥ਰਹਾਉ॥

## ਸਦਾ ਸਦਾ; ਸਤਿਗੁਰ ਨਮਸਕਾਰ ॥
## ਗੁਰ ਕਿਰਪਾ ਤੇ; ਗੁਨ ਗਾਇ ਅਪਾਰ ॥

ਹੇ ਗੁਰਸਿੱਖੋ ! ਸਦਾ ਸਦਾ = ਹਮੇਸ਼ਾ ਹਮੇਸ਼ਾ ਉਸ ਪੂਰੇ ਸਤਿਗੁਰੂ ਨੂੰ ਨਮਸਕਾਰ = ਬੰਦਨਾ ਕਰਿਆ ਕਰੋ।

ਜਿਸ ਗੁਰ = ਸਤਿਗੁਰਾਂ ਦੀ ਕਿਰਪਾ = ਮੇਹਰ ਤੇ = ਤੋਂ ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਗੁਣ ਗਾਇ = ਗਾਇਨ ਕੀਤੇ ਜਾਂਦੇ ਹਨ।

## ਮਨ ਭੀਤਰਿ; ਹੋਵੈ ਪਰਗਾਸੁ ॥ ਗਿਆਨ ਅੰਜਨੁ; ਅਗਿਆਨ ਬਿਨਾਸੁ ॥੧॥

ਜਿਸ ਗੁਰਾਂ ਦੀ ਕਿਰਪਾ ਨਾਲ ਹੀ ਮਨ = ਹਿਰਦੇ ਭੀਤਰਿ = ਵਿਚ ਬ੍ਰਹਮ ਗਿਆਨ ਦਾ ਪਰਗਾਸੁ = ਪ੍ਰਕਾਸ਼ ਹੋਵੈ = ਹੋ ਜਾਂਦਾ ਹੈ, ਅਤੇ :

ਜਦ ਗੁਰੂ ਸਾਹਿਬ ਜੀ ਜੁਗਤ ਰੂਪ ਸਲਾਈਆਂ ਨਾਲ ਮਨ, ਬੁੱਧ ਰੂਪ ਨੇਤਰਾਂ ਵਿਚ ਗਿਆਨ ਰੂਪੀ ਅੰਜਨੁ = ਸੁਰਮਾ ਪਾਉਣਾ ਕਰਦੇ ਹਨ, ਤਦ ਅਗਿਆਨ ਰੂਪ ਹਨੇਰਾ ਬਿਨਾਸੁ = ਨਾਸ਼ ਹੋ ਜਾਂਦਾ ਹੈ **ਵਾ:** ਅਗਿਆਨ = ਅਵਰਨ ਦਾ ਪੜਦਾ ਨਾਸ਼ ਹੋ ਜਾਂਦਾ ਹੈ ॥੧॥

## ਮਿਤਿ ਨਾਹੀ; ਜਾ ਕਾ ਬਿਸਥਾਰੁ ॥ ਸੋਭਾ ਤਾ ਕੀ; ਅਪਰ ਅਪਾਰ ॥

ਹੇ ਗੁਰਸਿੱਖੋ ! ਜਾ = ਜਿਸ ਪਰਮੇਸ਼ਰ ਦੀ ਸਭਾ **ਵਾ:** ਸੰਸਾਰਕ ਰਚਨਾ ਕਾ = ਦਾ ਬਿਸਥਾਰੁ = ਫੈਲਾਅ, ਪਸਾਰਾ ਬੇਅੰਤ ਹੈ, ਉਸ ਸਭਾ, ਸੰਸਾਰਕ ਰਚਨਾ ਦੀ ਕਿਸੇ ਪਾਸੋਂ ਵੀ ਮਿਤਿ = ਮਰਯਾਦਾ, ਨਾਹੀ = ਨਹੀਂ ਪਾਈ ਜਾ ਸਕਦੀ **ਵਾ:** ਮਿਤਿ = ਮਿਣਤੀ ਨਹੀਂ ਕੀਤੀ ਜਾ ਸਕਦੀ।

ਤਾ = ਉਸ ਪਰਮੇਸ਼ਰ ਕੀ = ਦੀ ਸੋਭਾ = ਮਹਿਮਾ ਵੀ ਅਪਰ ਅਪਾਰ = ਅਧਿਕ ਤੋਂ ਅਧਿਕ ਹੈ **ਵਾ:** ਬੇਅੰਤ ਤੋਂ ਬੇਅੰਤ ਹੈ **ਵਾ:** ਬਾਕੀ ਸਾਰੀ ਸੋਭਾ ਅਪਰ = ਪ੍ਰਕਿਰਤੀ ਵਿਚ ਹੈ ਪਰ ਉਸ ਦੀ ਸ਼ੋਭਾ ਪ੍ਰਕਿਰਤੀ ਤੋਂ ਵੀ ਪਰ੍ਹੇ ਹੈ।

## ਅਨਿਕ ਰੰਗ ਜਾ ਕੇ; ਗਨੇ ਨ ਜਾਹਿ ॥ ਸੋਗ ਹਰਖ; ਦੁਹਹੂ ਮਹਿ ਨਾਹਿ ॥੨॥

ਜਾ = ਜਿਸ ਪਰਮੇਸ਼ਰ ਕੇ = ਦੇ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਲੈਤਾ ਆਦਿ ਅਨਿਕ = ਅਨੇਕਾਂ ਰੰਗ = ਕੌਤਕ ਹਨ, ਜੋ ਗਨੇ = ਗਿਣੇ ਨ = ਨਹੀਂ ਜਾਹਿ = ਜਾਂਦੇ।

ਪਰਮੇਸ਼ਰ ਸੋਗ = ਗ਼ਮੀ ਤੇ ਹਰਖ = ਖ਼ੁਸ਼ੀ ਦੁਹਹੂ = ਦੋਹਾਂ ਮਹਿ = ਵਿਚ ਨਾਹਿ = ਨਹੀਂ ਹੈ, ਭਾਵ ਪਰਮੇਸ਼ਰ ਹਰਖ ਸੋਗ ਤੋਂ ਪਰ੍ਹੇ ਹੈ ॥੨॥

## ਅਨਿਕ ਬ੍ਰਹਮੇ ਜਾ ਕੇ; ਬੇਦ ਧੁਨਿ ਕਰਹਿ ॥
## ਅਨਿਕ ਮਹੇਸ; ਬੈਸਿ ਧਿਆਨੁ ਧਰਹਿ ॥

ਜਾ = ਜਿਸ ਪਰਮੇਸ਼ਰ ਕੇ = ਦੇ ਦਰਬਾਰ ਉਤੇ ਖੜੋ ਕੇ ਅਨਿਕ = ਅਣਗਿਣਤ ਬ੍ਰਹਮੇ ਸੁੰਦਰ ਰਾਗਾਂ ਵਿਚ ਪਾ ਕੇ ਬੇਦਾਂ ਦੀਆਂ ਧੁਨਾਂ ਉਚਾਰਨ ਕਰਹਿ = ਕਰਦੇ ਹਨ।

ਅਨਿਕ = ਅਨੇਕਾਂ ਮਹੇਸ = ਸ਼ਿਵ ਜੀ ਸਮਾਧੀ ਵਿਚ ਬੈਸਿ = ਬੈਠ, ਇਸਥਿਤ ਹੋ ਕੇ ਜਿਸ ਪਰਮੇਸ਼ਰ ਦਾ ਧਿਆਨ ਧਰਹਿ = ਧਰਦੇ ਹਨ।

[ਅੰਗ ੧੨੩੬]

## ਅਨਿਕ ਪੁਰਖ; ਅੰਸਾ ਅਵਤਾਰ ॥ ਅਨਿਕ ਇੰਦ੍ਰ; ਊਭੇ ਦਰਬਾਰ ॥੩॥

ਅਨਿਕ = ਅਨੇਕਾਂ ਪੁਰਖ = ਪੁਰਸ਼ ਜਿਸ ਪਰਮੇਸ਼ਰ ਦੇ ਅੰਸਾ ਅਵਤਾਰ ਦੇ ਵਿਚ ਹੋਏ ਹਨ, ਭਾਵ ਉਸ ਦੇ ਪਾਸੋਂ ਕੋਈ ਚਾਰ ਕਲਾ, ਕੋਈ ਬਾਰਾਂ ਕਲਾ, ਕੋਈ ਚੌਦਾਂ ਕਲਾ ਆਦਿ ਲੈ ਕੇ ਸੰਸਾਰ ਵਿਚ ਆਏ ਹਨ **ਵਾ:** ਅਨੇਕਾਂ ਪੁਰਖ ਜਿਸ ਪਰਮੇਸ਼ਰ ਦੀ ਦੇਵ ਸ਼ਕਤੀ ਦਾ ਕੁਝ ਅੰਸਾ = ਹਿੱਸਾ ਲੈ ਕੇ ਸੰਸਾਰ ਵਿਚ ਅਵਤਾਰ = ਉਤਰ ਆਏ ਹਨ।

ਅਨਿਕ = ਅਨੇਕਾਂ ਇੰਦਰ ਰਾਜੇ ਵਰਗੇ ਜਿਸ ਪਰਮੇਸ਼ਰ ਦੇ ਦਰਬਾਰ ਅੱਗੇ ਪਹਿਰੇਦਾਰ ਬਣ ਕੇ ਊਭੇ = ਖੜ੍ਹੋਤੇ ਹਨ ॥੩॥

## ਅਨਿਕ, ਪਵਨ ਪਾਵਕ; ਅਰੁ ਨੀਰ ॥
## ਅਨਿਕ ਰਤਨ, ਸਾਗਰ; ਦਧਿ ਖੀਰ ॥

ਜਿਸ ਪਰਮੇਸ਼ਰ ਦੇ ਅਨਿਕ = ਅਨੇਕ ਪ੍ਰਕਾਰ ਦੀ ਪਵਨ = ਹਵਾ, ਪਾਵਕ = ਅੱਗ ਅਰੁ = ਅਤੇ ਨੀਰ = ਪਾਣੀ ਆਦਿ ਤੱਤ ਪੈਦਾ ਕੀਤੇ ਹੋਏ ਹਨ।

ਅਨਿਕ = ਅਨੇਕਾਂ ਹੀ ਰਤਨਾਂ ਵਾਲੇ ਸਾਗਰ = ਸਮੁੰਦਰ ਹਨ, ਅਨੇਕਾਂ ਹੀ ਦਧਿ = ਦਹੀਂ ਤੇ ਖੀਰ = ਦੁੱਧ ਦੇ ਸਮੁੰਦਰ ਜਿਸ ਪਰਮੇਸ਼ਰ ਦੇ ਪੈਦਾ ਕੀਤੇ ਹੋਏ ਹਨ।

## ਅਨਿਕ ਸੂਰ; ਸਸੀਅਰ ਨਖਿਆਤਿ ॥ ਅਨਿਕ ਦੇਵੀ; ਦੇਵਾ ਬਹੁ ਭਾਂਤਿ ॥੪॥

ਅਨਿਕ = ਅਨੇਕਾਂ ਸੂਰ = ਸੂਰਜ, ਸਸੀਅਰ = ਚੰਦਰਮਾ ਤੇ ਨਖਿਆਤਿ = ਤਾਰੇ ਹਨ।

ਅਨਿਕ = ਅਨੇਕਾਂ ਦੇਵੀਆਂ ਤੇ ਬਹੁ = ਬਹੁਤ ਭਾਂਤਿ = ਤਰ੍ਹਾਂ ਦੇ ਦੇਵਾ = ਦੇਵਤੇ ਹਨ ॥੪॥

## ਅਨਿਕ ਬਸੁਧਾ; ਅਨਿਕ ਕਾਮਧੇਨ ॥
## ਅਨਿਕ ਪਾਰਜਾਤ; ਅਨਿਕ ਮੁਖਿ ਬੇਨ ॥

ਅਨਿਕ = ਅਨੇਕਾਂ ਬਸੁਧਾ = ਧਰਤੀਆਂ ਹਨ, ਅਨਿਕ = ਅਨੇਕਾਂ ਕਾਮਧੇਨ = ਮਨੋ ਕਾਮਨਾ ਪੂਰੀਆਂ ਕਰਨ ਵਾਲੀਆਂ ਗਊਆਂ ਹਨ।

ਅਨਿਕ = ਅਨੇਕਾਂ ਪਾਰਜਾਤ = ਕਲਪ ਬ੍ਰਿਛ ਹਨ, ਅਨਿਕ = ਅਨੇਕਾਂ ਮੁਖਿ = ਮੂੰਹੋਂ ਬੇਨ = ਬੀਨਾ ਵਜਾਉਣ ਵਾਲੇ ਕ੍ਰਿਸ਼ਨ, ਨਾਰਦ ਮੁਨੀ ਆਦਿ ਹਨ **ਵਾ:** ਬੰਸੀ ਵਜਾਉਣ ਵਾਲਿਆਂ ਵਿੱਚੋਂ ਕ੍ਰਿਸ਼ਨ ਜੀ ਮੁਖ ਹਨ ਅਤੇ ਬੇਨ ਵਜਾਉਣ ਵਾਲਿਆਂ ਵਿੱਚੋਂ ਨਾਰਦ ਜੀ ਮੁਖ ਹਨ।

## ਅਨਿਕ ਅਕਾਸ; ਅਨਿਕ ਪਾਤਾਲ ॥ ਅਨਿਕ ਮੁਖੀ; ਜਪੀਐ ਗੋਪਾਲ ॥੫॥

ਅਨਿਕ = ਅਨੇਕਾਂ ਅਕਾਸ਼ ਹਨ, ਅਨਿਕ = ਅਨੇਕਾਂ ਪਤਾਲ ਹਨ।

ਅਨੇਕਾਂ ਮੁਖੀ = ਮੂੰਹਾਂ ਵਾਲੇ ਸ਼ੇਸ਼ਨਾਗ, ਵੈਰਾਟ ਆਦਿ ਗੋਪਾਲ = ਪਰਮੇਸ਼ਰ ਦੇ ਨਾਮ ਨੂੰ ਜਪੀਐ = ਜਪਣਾ ਕਰਦੇ ਹਨ **ਵਾ:** ਅਨੇਕਾਂ ਮੁੱਖਾਂ ਨਾਲ ਬੇਅੰਤ ਜੀਵ ਪਰਮੇਸ਼ਰ ਨੂੰ ਜਪਣਾ ਕਰਦੇ ਹਨ ॥੫॥

## ਅਨਿਕ ਸਾਸਤ੍ਰ; ਸਿਮ੍ਰਿਤਿ ਪੁਰਾਨ ॥
## ਅਨਿਕ ਜੁਗਤਿ; ਹੋਵਤ ਬਖਿਆਨ ॥

ਅਨਿਕ = ਅਨੇਕਾਂ ਹੀ ਸ਼ਾਸਤਰ, ਸਿੰਮ੍ਰਿਤੀਆਂ ਤੇ ਪੁਰਾਣਾਂ ਨੂੰ ਰਚਣ ਵਾਲੇ ਰਿਖੀ ਜਨ ਹਨ **ਵਾ:** ਅਨੇਕਾਂ ਸ਼ਾਸਤਰ, ਸਿੰਮ੍ਰਿਤੀਆਂ ਤੇ ਪੁਰਾਣ ਹਨ।

ਅਨਿਕ = ਅਨੇਕਾਂ ਜੁਗਤਿ = ਜੁਗਤੀਆਂ ਦੁਆਰਾ ਸ੍ਰਿਸ਼ਟੀ ਦੇ ਕਰਤੇ ਦਾ ਬਖਿਆਨ = ਕਥਨ ਹੋਵਤ = ਹੋ ਰਿਹਾ ਹੈ ਭਾਵ ਨਿਆਇਕ ਲੋਕ ਪ੍ਰਮਾਣੂਆਂ ਨੂੰ ਸ੍ਰਿਸ਼ਟੀ ਦਾ ਕਰਤਾ ਮੰਨ ਕੇ ਉਸ ਬਾਰੇ ਕਥਨ ਕਰਦੇ ਹਨ।

ਬਿਸੇਖਕ ਲੋਕ-ਕਾਲ ਨੂੰ ਕਥਨ ਕਰਦੇ ਹਨ, ਇਉਂ ਸਭ ਆਪੋ-ਆਪਣੇ ਤਰੀਕਿਆਂ ਨਾਲ ਸ੍ਰਿਸ਼ਟੀ ਦੇ ਕਰਤੇ ਬਾਰੇ ਕਥਨ ਕਰਦੇ ਹਨ **ਵਾ**: ਇਨ੍ਹਾਂ ਸਿੰਮ੍ਰਿਤੀਆਂ, ਸ਼ਾਸਤਰਾਂ ਦੁਆਰਾ ਅਨੇਕ ਪ੍ਰਕਾਰ ਦੀਆਂ ਜੁਗਤੀਆਂ (ਦ੍ਰਿਸ਼ਟਾਂਤਾਂ) ਨਾਲ ਉਸ ਪਰਮੇਸ਼ਰ ਦੇ ਗੁਣਾਂ ਦਾ ਵਖਿਆਨ ਹੋ ਰਿਹਾ ਹੈ।

## ਅਨਿਕ ਸਰੋਤੇ; ਸੁਨਹਿ ਨਿਧਾਨ ॥ ਸਰਬ ਜੀਅ; ਪੂਰਨ ਭਗਵਾਨ ॥੬॥

ਅਨਿਕ = ਅਨੇਕ ਪ੍ਰਕਾਰ ਦੇ ਸਰੋਤੇ = ਸੁਣਨ ਵਾਲੇ ਹੋ ਕੇ ਨਿਧਾਨ = ਨਿਧੀਆਂ ਦੇ ਖ਼ਜ਼ਾਨੇ ਪਰਮੇਸ਼ਰ ਦੇ ਜੱਸ ਨੂੰ, ਸੁਨਹਿ = ਸੁਣਦੇ ਹਨ **ਵਾ**: ਨਿਧਾਨ = ਚਤੁਰ ਸ੍ਰੋਤੇ ਹੋ ਕੇ ਪਰਮੇਸ਼ਰ ਦੇ ਜੱਸ ਨੂੰ ਸੁਣਦੇ ਹਨ।

ਸਰਬ = ਸਾਰਿਆਂ ਜੀਅ = ਜੀਵਾਂ ਦੇ ਅੰਦਰ ਭਗਵਾਨ = ਪਰਮੇਸ਼ਰ ਪੂਰਨ = ਵਿਆਪਕ ਹੈ ॥੬॥

## ਅਨਿਕ ਧਰਮ; ਅਨਿਕ ਕੁਮੇਰ ॥
## ਅਨਿਕ ਬਰਨ; ਅਨਿਕ ਕਨਿਕ ਸੁਮੇਰ ॥

ਅਨਿਕ = ਅਨੇਕਾਂ ਧਰਮ = ਧਰਮਰਾਜ ਹਨ, ਅਨਿਕ = ਅਨੇਕਾਂ ਕੁਮੇਰ = ਕੁਬੇਰ ਆਦਿ ਹਨ।

ਅਨਿਕ = ਅਨੇਕਾਂ ਬਰਨ, ਪਾਣੀ ਦੇ ਦੇਵਤੇ ਹਨ **ਵਾ**: ਅਨੇਕਾਂ ਬਰਨ = ਰੰਗ ਹਨ, ਅਨਿਕ = ਅਨੇਕਾਂ ਹੀ ਕਨਿਕ = ਸੋਨੇ ਦੇ ਸੁਮੇਰ ਪਰਬਤ ਹਨ।

## ਅਨਿਕ ਸੇਖ; ਨਵਤਨ ਨਾਮੁ ਲੇਹਿ ॥ ਪਾਰਬ੍ਰਹਮ ਕਾ; ਅੰਤੁ ਨ ਤੇਹਿ ॥੭॥

ਅਨਿਕ = ਅਨੇਕਾਂ ਸੇਖ = ਸ਼ੇਸ਼ਨਾਗ ਨਵਤਨ = ਨਵੀਨ ਤੋਂ ਨਵੀਨ ਨਾਮ ਲੇਹਿ = ਲੈਣ ਵਾਲੇ ਹਨ **ਵਾ**: ਨਵਤਨ = ਨਵੀਨ ਸਰੂਪ ਪਰਮੇਸ਼ਰ ਦੇ ਨਾਮ ਨੂੰ ਲੈਂਦੇ ਹਨ। ਤਦ ਵੀ ਉਸ ਪਾਰਬ੍ਰਹਮ = ਪਰਮੇਸ਼ਰ ਕਾ = ਦਾ ਤੇਹਿ = ਉਨ੍ਹਾਂ ਦੇ ਪਾਸੋਂ ਅੰਤੁ = ਅਖ਼ੀਰ ਨ = ਨਹੀਂ ਪਾਇਆ ਗਿਆ ॥੭॥

## ਅਨਿਕ ਪੁਰੀਆ; ਅਨਿਕ ਤਹ ਖੰਡ ॥ ਅਨਿਕ ਰੂਪ; ਰੰਗ ਬ੍ਰਹਮੰਡ ॥

ਅਨਿਕ = ਅਨੇਕਾਂ ਬਿਸ਼ਨਪੁਰੀ, ਸ਼ਿਵਪੁਰੀ ਆਦਿ ਪੁਰੀਆਂ ਹਨ, ਤਹ = ਉਥੇ ਪ੍ਰਭੂ ਦੀ ਸਭਾ ਵਿਚ ਅਨਿਕ = ਅਨੇਕਾਂ ਖੰਡ = ਖੰਡਾਂ ਦੇ ਭਗਤ ਹਨ **ਵਾ**: ਅਨੇਕਾਂ ਹੀ ਉਥੇ ਖੰਡ ਹਨ।

ਅਨਿਕ = ਅਨੇਕਾਂ ਮਧਰੇ, ਲੰਬੇ ਆਦਿ ਰੂਪ = ਆਕਾਰ, ਕਾਲੇ, ਗੋਰੇ ਆਦਿ ਰੰਗ ਤੇ ਬ੍ਰਹਮੰਡ ਹਨ।

## ਅਨਿਕ ਬਨਾ; ਅਨਿਕ ਫਲ ਮੂਲ ॥
## ਆਪਹਿ ਸੂਖਮ; ਆਪਹਿ ਅਸਥੂਲ ॥੮॥

ਅਨਿਕ = ਅਨੇਕ ਪ੍ਰਕਾਰ ਦੇ ਬਨਾ = ਜੰਗਲ **ਵਾ**: ਬਗ਼ੀਚੇ ਹਨ, ਅਨਿਕ = ਅਨੇਕਾਂ ਹੀ ਫਲ ਤੇ ਮੂਲ = ਮੁੱਢ (ਜੜ੍ਹਾਂ) ਹਨ **ਵਾ**: ਅਨੇਕਾਂ ਮੂਲ = ਗਾਜਰ ਮੂਲੀ ਆਦਿ ਜ਼ਮੀਨ ਅੰਦਰ ਪੈਦਾ ਹੋਣ ਵਾਲੇ ਪਦਾਰਥ ਹਨ ਅਤੇ ਅਨੇਕਾਂ ਟਾਹਣੀਆਂ ਦੇ ਉੱਤੇ ਲੱਗਣ ਵਾਲੇ ਫਲ ਹਨ **ਵਾ**: ਅਨੇਕ ਤਰ੍ਹਾਂ ਦਾ ਇਹ ਸੰਸਾਰ ਰੂਪੀ ਬਗ਼ੀਚਾ ਹੈ **ਵਾ**: ਅਨੇਕਾਂ ਰੰਗਾਂ ਦਾ ਸੰਸਾਰ ਬਨਾ = ਬਣ ਰਿਹਾ ਹੈ, ਅਨੇਕਾਂ ਗਿਆਨ ਰੂਪੀ ਫਲ ਨੂੰ ਪਾਉਣ ਵਾਲੇ ਹਨ, ਅਨੇਕਾਂ ਮੁੱਢ ਰੂਪ ਪਰਮੇਸ਼ਰ ਦੀ ਉਪਾਸ਼ਨਾ ਵਿਚ ਲੱਗੇ ਹੋਏ ਹਨ।

ਪਰਮੇਸ਼ਰ ਆਪਹਿ = ਆਪ ਹੀ ਸੂਖਮ, ਨਿਰਗੁਣ ਸਰੂਪ ਹੈ, ਆਪ ਹੀ ਅਸਥੂਲ, ਸਰਗੁਣ ਸਰੂਪ ਹੈ **ਵਾ**: ਆਪ ਹੀ ਸੂਖਮ, ਨਿਰਗੁਣ ਰੂਪ ਹੋ ਕੇ ਮਿਲਦਾ ਹੈ ਅਤੇ ਆਪ ਹੀ ਵੈਰਾਟ, ਸਰਗੁਣ ਸਰੂਪ ਹੋ ਕੇ ਪ੍ਰਾਪਤ ਹੁੰਦਾ ਹੈ ॥੮॥

## ਅਨਿਕ ਜੁਗਾਦਿ; ਦਿਨਸ ਅਰੁ ਰਾਤਿ ॥
## ਅਨਿਕ ਪਰਲਉ; ਅਨਿਕ ਉਪਾਤਿ[੧] ॥

ਅਨਿਕ = ਅਨੇਕਾਂ ਜੁਗਾਦਿ = ਜੁਗਾਂ ਆਦਿ ਦੀ ਮਰਯਾਦਾ ਹੈ ਤੇ ਦਿਨਸ = ਦਿਨ ਅਰੁ = ਅਤੇ ਰਾਤਾਂ ਵੀ ਅਨੇਕਾਂ ਹਨ **ਵਾ:** ਅਨੇਕਾਂ ਜੁਗ ਆਦਿ ਹੀ ਦੇਵਤਿਆਂ ਦੀਆਂ ਦਿਨ ਅਤੇ ਰਾਤਾਂ ਹਨ **ਵਾ:** ਅਨੇਕਾਂ ਜੁਗ ਆਦਿਕ ਹਨ ਤੇ ਦਿਨ ਅਤੇ ਰਾਤ ਦੇ ਨਿਯਮ ਬਣਾਏ ਹੋਏ ਹਨ।

ਅਰਥਾਤ ਮਨੁੱਖਾਂ ਦੀ ਉਮਰ ਦਾ ਇਕ ਸਾਲ ਬੀਤਣ ਤੋਂ ਬਾਅਦ ਦੇਵਤਿਆਂ ਦਾ ਇਕ ਦਿਨ ਤੇ ਇਕ ਰਾਤ ਬਤੀਤ ਹੁੰਦਾ ਹੈ, ਬ੍ਰਹਮਾ ਦੇ ਇਕ ਦਿਨ ਤੇ ਇਕ ਰਾਤ ਵਿਚ ਚੌਦਾਂ ਇੰਦਰ ਰਾਜ ਕਰਕੇ ਸਮਾਪਤ ਹੋ ਜਾਂਦੇ ਹਨ, ਚੌਹਾਂ ਯੁੱਗਾਂ ਦੀ ਹਜ਼ਾਰ ਚੌਕੜੀ ਵਿਚ ਬ੍ਰਹਮਾ ਦਾ ਇਕ ਦਿਨ ਤੇ ਰਾਤ ਲੰਘਦਾ ਹੈ, ਇਉਂ ਜਦੋਂ ਬ੍ਰਹਮਾ ਦਾ ਸੌ ਸਾਲ ਪੂਰਾ ਹੋ ਜਾਂਦਾ ਹੈ, ਉਦੋਂ ਬ੍ਰਹਮਾ ਸਮਾਪਤ ਹੋ ਜਾਂਦਾ ਹੈ, ਜਦ ਬ੍ਰਹਮਾ ਦਾ ਇਕ ਸਾਲ ਪੂਰਾ ਹੋ ਜਾਂਦਾ ਹੈ, ਉਦੋਂ ਵਿਸ਼ਨੂੰ ਦਾ ਇਕ ਦਿਨ ਤੇ ਰਾਤ ਗੁਜ਼ਰਦੀ ਹੈ ਅਤੇ ਸੌ ਸਾਲ ਦੀ ਉਮਰ ਭੋਗ ਕੇ ਵਿਸ਼ਨੂੰ ਵੀ ਸਮਾਪਤ ਹੋ ਜਾਂਦਾ ਹੈ, ਜਦ ਵਿਸ਼ਨੂੰ ਦਾ ਇਕ ਸਾਲ ਬਤੀਤ ਹੋ ਜਾਂਦਾ ਹੈ, ਤਦੋਂ ਸ਼ਿਵ ਜੀ ਦਾ ਇਕ ਦਿਨ ਤੇ ਰਾਤ ਦਾ ਸਮਾਂ ਬਤੀਤ ਹੁੰਦਾ ਹੈ ਤੇ ਸ਼ਿਵ ਜੀ ਵੀ ਆਪਣੀ ਸੌ ਸਾਲ ਦੀ ਉਮਰ ਭੋਗ ਕੇ ਸਮਾਪਤ ਹੋ ਜਾਂਦਾ ਹੈ ਅਤੇ ਤਦੋਂ ਮਾਇਆ ਦਾ ਇਕ ਨਿਮਖ ਜਿਤਨਾ ਸਮਾਂ ਬਤੀਤ ਹੁੰਦਾ ਹੈ।

ਅਨਿਕ = ਅਨੇਕ ਤਰ੍ਹਾਂ ਦੀ ਪਰਲਉ = ਪਰਲੋਂ ਹੋ ਰਹੀਆਂ ਹਨ, ਅਨਿਕ = ਅਨੇਕ ਪ੍ਰਕਾਰ ਦੀਆਂ ਉਪਾਤਿ = ਉਤਪਤੀਆਂ ਹੋ ਰਹੀਆਂ ਹਨ।

## ਅਨਿਕ ਜੀਅ; ਜਾ ਕੇ ਗ੍ਰਿਹ ਮਾਹਿ ॥ ਰਮਤ ਰਾਮ; ਪੂਰਨ ਸ੍ਰਬ ਠਾਂਇ ॥੯॥

ਜਾ = ਜਿਸ ਪਰਮੇਸ਼ਰ ਕੇ = ਦੇ ਗ੍ਰਿਹ = ਘਰ ਮਾਹਿ = ਵਿਚ ਅਨਿਕ = ਅਨੇਕਾਂ ਬਾਸਕ ਨਾਗ ਆਦਿ ਜੀਅ = ਜੀਵ ਹਨ **ਵਾ:** ਜਿਸ ਦੇ ਸੰਸਾਰ ਰੂਪੀ ਘਰ ਵਿਚ ਅਨੇਕਾਂ ਜੀਵ ਹਨ।

ਉਹ ਰਮਤ = ਰਮਿਆ ਹੋਇਆ ਰਾਮ = ਪਰਮੇਸ਼ਰ ਹੀ ਸ੍ਰਬ = ਸਭ ਠਾਂਇ = ਥਾਵਾਂ ਵਿਚ ਪੂਰਨ = ਵਿਆਪਕ ਹੋ ਰਿਹਾ ਹੈ॥੯॥

## ਅਨਿਕ ਮਾਇਆ ਜਾ ਕੀ; ਲਖੀ ਨ ਜਾਇ ॥
## ਅਨਿਕ ਕਲਾ; ਖੇਲੈ ਹਰਿ ਰਾਇ ॥

ਜਾ = ਜਿਸ ਪਰਮੇਸ਼ਰ ਕੀ = ਦੀ ਅਨਿਕ = ਅਨੇਕ ਪ੍ਰਕਾਰ ਦੀ ਜੜ੍ਹ, ਚੇਤਨ ਰੂਪ ਮਾਇਆ ਲਖੀ = ਜਾਣੀ ਨ = ਨਹੀਂ ਜਾਇ = ਜਾਂਦੀ।

ਅਨਿਕ = ਅਨੇਕਾਂ ਕਲਾ = ਸ਼ਕਤੀਆਂ ਦੇ ਨਾਲ ਉਹ ਰਾਇ = ਰਾਜਾ ਰੂਪ ਹਰਿ = ਪਰਮੇਸ਼ਰ ਬੇਅੰਤ ਖੇਡਾਂ ਖੇਲੈ = ਖੇਡ ਰਿਹਾ ਹੈ।

## ਅਨਿਕ ਧੁਨਿਤ; ਲਲਿਤ ਸੰਗੀਤ ॥
## ਅਨਿਕ ਗੁਪਤ; ਪ੍ਰਗਟੇ ਤਹ ਚੀਤ ॥੧੦॥

ਅਨਿਕ = ਅਨੇਕਾਂ ਧੁਨਿਤ = ਸੁੰਦਰ ਲਲਿਤ = ਰਾਗਣੀਆਂ ਦਾ ਸੰਗੀਤ ਰੂਪ ਵਿਚ ਉਚਾਰਨ ਹੋ ਰਿਹਾ

---

੧. ਕਰਤਾਰਪੁਰ ਸਾਹਿਬ, ਦਮਦਮਾ ਸਾਹਿਬ ਅਤੇ ਹੋਰ ਪੁਰਾਤਨ ਸਰੂਪਾਂ ਵਿਚ ਜ਼ਿਆਦਾਤਰ ਪਾਠ 'ਉਪਾਤਿ' ਹੀ ਹੈ। ਇਸ ਲਈ 'ਉਪਾਤਿ' ਪਾਠ ਹੀ ਮੁਖ ਸਮਝਣਾ। ਕਈ ਸਰੂਪਾਂ ਵਿਚ 'ਉਤਪਾਤਿ' ਪਾਠ ਵੀ ਹੈ।

ਹੈ **ਵਾ:** ਅਨੇਕਾਂ ਪੁਰਖ ਲਲਿਤ = ਸੁੰਦਰ ਸੰਗੀਤ = ਰਾਗਾਂ ਨੂੰ ਧੁਨਿਤ = ਉਚਾਰਦੇ ਹਨ **ਵਾ:** ਅਨੇਕਾਂ ਪੁਰਖ ਲਲਿਤ = ਰਸਨਾ ਨਾਲ ਸੁੰਦਰ ਰਾਗਾਂ ਨੂੰ ਉਚਾਰਦੇ ਹਨ।

ਤਹ = ਉਥੇ ਪਰਮੇਸ਼ਰ ਦੀ ਸਭਾ ਵਿਚ ਅਨਿਕ = ਅਨੇਕਾਂ ਹੀ ਗੁਪਤ ਗੱਲਾਂ ਨੂੰ ਸਮਝਣ ਵਾਲੇ ਚੀਤ = ਚਿਤ੍ਰ ਗੁਪਤ ਪ੍ਰਗਟ ਹਨ **ਵਾ:** ਜਿਹੜੀਆਂ ਅਨੇਕਾਂ ਗੁਪਤ ਗੱਲਾਂ ਹਨ, ਉਨ੍ਹਾਂ ਨੂੰ ਚੀਤ = ਚਿੱਤ ਵਿਚ ਪ੍ਰਗਟੇ = ਪ੍ਰਗਟ ਕਰਨ ਵਾਲੇ ਵੀ ਪਰਮੇਸ਼ਰ ਨੇ ਅਨੇਕਾਂ (ਚਿੱਤਰ ਗੁਪਤ) ਬਣਾਏ ਹਨ॥੧੦॥

## ਸਭ ਤੇ ਊਚ; ਭਗਤ ਜਾ ਕੈ ਸੰਗਿ ॥
## ਆਠ ਪਹਰ; ਗੁਨ ਗਾਵਹਿ ਰੰਗਿ ॥

ਉਹ ਭਗਤ ਜਨ ਸਭ = ਸਾਰਿਆਂ ਤੇ = ਤੋਂ ਊਚ = ਉੱਚੇ ਹਨ, ਜੋ ਭਗਤ ਜਨ ਹਰ ਵਕਤ ਪਰਮੇਸ਼ਰ ਦੇ ਸੰਗਿ = ਨਾਲ ਲਿਵ ਲਾ ਕੇ ਜੁੜੇ ਰਹਿੰਦੇ ਹਨ **ਵਾ:** ਉਹ ਪਰਮੇਸ਼ਰ ਸਾਰਿਆਂ ਤੋਂ ਉਚਾ ਹੈ, ਭਗਤ ਜਨ ਜਿਸ ਕੈ = ਦੇ ਸੰਗਿ = ਨਾਲ ਹਰ ਵਕਤ ਚਿੱਤ ਦੀ ਬਿਰਤੀ ਜੋੜੀ ਰੱਖਦੇ ਹਨ।

ਭਗਤ ਜਨ ਆਠ = ਅੱਠੇ ਪਹਿਰ ਰੰਗਿ = ਪ੍ਰੇਮ ਦੇ ਨਾਲ ਪਰਮੇਸ਼ਰ ਦੇ ਜੱਸ ਰੂਪ ਗੁਨ = ਗੁਣਾਂ ਨੂੰ ਗਾਵਹਿ = ਗਾਉਂਦੇ ਹਨ।

## ਅਨਿਕ ਅਨਾਹਦ; ਆਨੰਦ ਝੁਨਕਾਰ ॥
## ਉਆ ਰਸ ਕਾ; ਕਛੁ ਅੰਤੁ ਨ ਪਾਰ ॥੧੧॥

ਜੋ ਅਨਿਕ = ਅਨੇਕਾਂ ਤਰ੍ਹਾਂ ਕਰਕੇ ਅਨਾਹਦ = ਹੱਦ ਤੋਂ ਰਹਿਤ, ਅਨਾਹਤ ਸ਼ਬਦ ਦੀ ਆਨੰਦ ਦਾਇਕ ਝੁਨਕਾਰ = ਛਣਕਾਰ ਹੋ ਰਹੀ ਹੈ **ਵਾ:** ਜੋ ਅਨੇਕਾਂ ਹੀ ਆਨੰਦ ਦਾਇਕ ਵਾਜਿਆਂ ਦੀ ਹੱਦ ਤੋਂ ਰਹਿਤ ਛਣਕਾਰ ਹੋ ਰਹੀ ਹੈ।

ਉਆ = ਉਸ ਰਸ ਕਾ = ਦਾ ਕਛੁ = ਕੁਝ ਵੀ ਪਾਰ = ਪਾਰਾਵਾਰ ਕਰਕੇ ਅੰਤ ਨ = ਨਹੀਂ ਪਾਇਆ ਜਾ ਸਕਦਾ।

**ਅਥਵਾ** ਜੋ ਅਨੇਕਾਂ ਹੀ ਜੀਵ ਗੁਰ ਉਪਦੇਸ਼ ਦੁਆਰਾ ਅਨਾਹਦ = ਹੱਦ ਤੋਂ ਰਹਿਤ ਪਰਮੇਸ਼ਰ ਦੇ ਨਾਲ ਜੁੜੇ ਹਨ, ਉਨ੍ਹਾਂ ਦੀ ਬਿਰਤੀ ਵਿਚ ਬ੍ਰਹਮਾਨੰਦ ਦੇ ਝੁਨਕਾਰੇ ਪੈ ਰਹੇ ਹਨ ਭਾਵ ਸਜਾਤੀ ਬਿਰਤੀ ਦਾ ਪ੍ਰਵਾਹ ਪੈ ਰਿਹਾ ਹੈ।

ਜਿਹੜਾ ਬ੍ਰਹਮ ਬੇਤਿਆਂ ਨੂੰ ਬ੍ਰਹਮਾਨੰਦ ਦਾ ਰਸ ਆਉਂਦਾ ਹੈ, ਉਸ ਰਸ ਦਾ ਪਾਰ-ਉਰਾਰ ਕਰਕੇ ਕੁਝ ਵੀ ਅੰਤ ਨਹੀਂ ਪਾਇਆ ਜਾ ਸਕਦਾ॥੧੧॥

## ਸਤਿ ਪੁਰਖੁ; ਸਤਿ ਅਸਥਾਨੁ ॥ ਊਚ ਤੇ ਊਚ, ਨਿਰਮਲ ਨਿਰਬਾਨੁ ॥

ਉਹ ਪਰਮੇਸ਼ਰ ਸਤਿ = ਸੱਚਾ ਤੇ ਪੁਰਖੁ = ਪੂਰਨ ਹੈ, ਉਸ ਦਾ ਅਧਿਸ਼ਠਾਨ ਸਰੂਪ ਰੂਪੀ ਅਸਥਾਨ = ਥਾਂ ਵੀ ਸਤਿ = ਸੱਚਾ ਹੈ **ਵਾ:** ਸਤਿਸੰਗਤ ਰੂਪੀ ਥਾਂ ਵੀ ਸੱਚਾ ਹੈ।

ਜੋ ਊਚ = ਉੱਚੇ ਬ੍ਰਹਮਾ ਆਦਿਕਾਂ ਤੇ = ਤੋਂ ਵੀ ਊਚ = ਉੱਚਾ ਹੈ ਅਤੇ ਨਿਰਮਲ = ਉੱਜਲ ਸਰੂਪ ਤੇ ਨਿਰਬਾਨੁ = ਬੰਧਨਾਂ ਤੋਂ ਰਹਿਤ, ਆਦਤਾਂ ਰਹਿਤ ਹੈ **ਵਾ:** ਬ੍ਰਹਮਾ ਆਦਿ ਦੇਵਤਿਆਂ ਦੇ ਅੰਦਰ ਪ੍ਰਕਿਰਤੀ ਦੀ ਮੈਲ ਹੈ ਤੇ ਉਹ ਪਰਮੇਸ਼ਰ ਉੱਜਲ ਸਰੂਪ ਤੇ ਬੰਧਨਾਂ ਤੋਂ ਰਹਿਤ ਹੈ।

## ਅਪੁਨਾ ਕੀਆ; ਜਾਨਹਿ ਆਪਿ ॥ ਆਪੇ; ਘਟਿ ਘਟਿ ਰਹਿਓ ਬਿਆਪਿ ॥

ਜੋ ਪਰਮੇਸ਼ਰ ਦਾ ਆਪਣਾ ਪੈਦਾ ਕੀਆ = ਕੀਤਾ ਹੋਇਆ ਸੰਸਾਰਕ ਪਸਾਰਾ ਹੈ, ਇਸ ਬਾਰੇ ਪਰਮੇਸ਼ਰ ਆਪ ਹੀ ਜਾਨਹਿ = ਜਾਣਦਾ ਹੈ, ਅਤੇ :

ਆਪੇ = ਆਪ ਹੀ ਪਰਮੇਸ਼ਰ ਸਾਰਿਆਂ ਜੀਵਾਂ ਦਾ ਸਾਖੀ ਰੂਪ ਹੋ ਕੇ ਘਟਾਂ-ਘਟਾਂ ਵਿਚ ਬਿਆਪਿ = ਵਿਆਪਕ ਹੋ ਰਹਿਓ = ਰਿਹਾ ਹੈ।

## ਕ੍ਰਿਪਾ ਨਿਧਾਨ; ਨਾਨਕ ਦਇਆਲ ॥
## ਜਿਨਿ ਜਪਿਆ ਨਾਨਕ; ਤੇ ਭਏ ਨਿਹਾਲ ॥੧੨॥੧॥੨॥੨॥੩॥੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪਰਮੇਸ਼ਰ ਦਇਆਲ = ਦਇਆ ਦਾ ਘਰ ਤੇ ਕ੍ਰਿਪਾ ਦਾ ਨਿਧਾਨ = ਖ਼ਜ਼ਾਨਾ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨਿ = ਜਿਨ੍ਹਾਂ ਨੇ ਉਸ ਪਰਮੇਸ਼ਰ ਦੇ ਨਾਮ ਨੂੰ ਜਪਿਆ = ਜਪਣਾ ਕੀਤਾ ਹੈ ਤੇ = ਉਹ ਪੁਰਖ ਨਿਹਾਲ = ਦੁੱਖਾਂ ਤੋਂ ਰਹਿਤ ਭਏ = ਹੋ ਗਏ ਹਨ **ਵਾ:** ਉਹ ਆਤਮਿਕ ਅਨੰਦ ਦੀ ਨਿਹਾਲ = ਪ੍ਰਸੰਨਤਾ ਦੇ ਸਹਿਤ ਹੋ ਗਏ ਹਨ ॥੧੨॥੧॥੨॥੨॥੩॥੭॥

**ਅੰਕਾਂ ਦਾ ਵੇਰਵਾ :**

੧੨ = ਇਸ ਅਸਟਪਦੀ ਦੀਆਂ ੧੨ ਪਉੜੀਆਂ ਹਨ।

੧ = ਛੇਵੇਂ ਘਰ ਵਿਚ ਪੰਜਵੇਂ ਸਤਿਗੁਰਾਂ ਨੇ ਇਕ ਅਸਟਪਦੀ ਉਚਾਰੀ ਹੈ।

੨ = ਪੰਜਵੇਂ ਗੁਰਾਂ ਨੇ ਦੋ ਅਸਟਪਦੀਆਂ ਉਚਾਰੀਆਂ ਹਨ, ਇਸੇ ਕਰਕੇ ਦੋ ਅੰਕ ਲਿਖਿਆ ਹੈ।

੨ = ਪਹਿਲੇ ਗੁਰਾਂ ਨੇ ਵੀ ਦੋ ਅਸਟਪਦੀਆਂ ਉਚਾਰੀਆਂ ਹਨ, ਇਸ ਕਰਕੇ ਦੋ ਅੰਕ ਦੁਬਾਰਾ ਲਿਖਿਆ ਹੈ।

੩ = ਤੀਸਰੇ ਗੁਰਾਂ ਨੇ ੩ = ਤਿੰਨ ਅਸਟਪਦੀਆਂ ਉਚਾਰੀਆਂ ਹਨ, ਇਸੇ ਕਰਕੇ ਤਿੰਨ ਅੰਕ ਲਗਾਇਆ ਹੈ।

੭ = ਕੁਲ ਅਸਟਪਦੀਆਂ ਦਾ ਜੋੜ ੭ (ਸੱਤ) ਹੈ।

(ਦੋ ਪਹਿਲੇ ਗੁਰਾਂ ਦੀਆਂ, ਤਿੰਨ ਤੀਸਰੇ ਗੁਰਾਂ ਦੀਆਂ, ਦੋ ਪੰਜਵੇਂ ਗੁਰਾਂ ਦੀਆਂ ਉਚਾਰਨ ਕੀਤੀਆਂ ਹੋਈਆਂ ਅਸਟਪਦੀਆਂ ਹਨ, ਇਸੇ ਕਰਕੇ ਕੁਲ ਜੋੜ ੭ (ਸੱਤ) ਲਿਖਿਆ ਹੈ।

## ਸਾਰਗ ਛੰਤ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਸਾਹਿਬ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਸਾਹਿਬ ਜੀ ਕ੍ਰਿਪਾ ਕਰਕੇ ਦੱਸੋ ਕਿ ਪਰਮੇਸ਼ਰ ਦਾ ਸਰੂਪ ਕਿਸ ਪ੍ਰਕਾਰ ਵੇਖੀਦਾ ਹੈ। ਇਹ ਸੁਣ ਕੇ ਸਾਰਗ ਰਾਗ ਦੇ ਛੰਤਾਂ ਅੰਦਰ ਮਹਲਾ ੫ = ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਬਾਣੀ ਉਚਾਰਨ ਕਰਦੇ ਹਨ **ਵਾ:** ਛੰਤ = ਜੱਸ ਰੂਪ ਬਾਣੀ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸਭ ਦੇਖੀਐ; ਅਨਭੈ ਕਾ ਦਾਤਾ ॥ ਘਟਿ ਘਟਿ ਪੂਰਨ ਹੈ; ਅਲਿਪਾਤਾ ॥

ਹੇ ਭਾਈ ! ਜੋ ਅਨਭੈ = ਨਿਰਭੈਤਾ ਕਾ = ਦਾ ਦਾਤਾ = ਦਾਨ ਦੇਣ ਵਾਲਾ ਹੈ ਭਾਵ ਸ੍ਵੈ ਸਰੂਪ ਦਾ ਪ੍ਰਕਾਸ਼

ਦੇਣ ਵਾਲਾ ਹੈ **ਵਾ:** ਨਿਰਭੈਤਾ ਕਾ = ਦਾ ਦਾਤਾ ਪਰਮੇਸ਼ਰ ਸਭਿ = ਸਾਰਿਆਂ ਵਿਚ ਦ੍ਰਿਸ਼ਟਾ ਰੂਪ ਕਰਕੇ ਦੇਖੀਐ = ਦੇਖੀਦਾ ਹੈ।

ਉਹ ਪਰਮੇਸ਼ਰ ਚਾਰੇ ਖਾਣੀਆਂ ਦੇ ਘਟਿ ਘਟਿ = ਘਟਾਂ ਘਟਾਂ ਵਿਚ ਪੂਰਨ = ਵਿਆਪਕ ਹੈ, ਫੇਰ ਵੀ ਆਪ ਅਲਿਪਾਤਾ = ਅਸੰਗ ਰਹਿੰਦਾ ਹੈ **ਵਾ:** ਪਾਪ ਪੁੰਨ ਤੋਂ ਨਿਰਲੇਪ ਰਹਿੰਦਾ ਹੈ।

## ਘਟਿ ਘਟਿ ਪੂਰਨੁ, ਕਰਿ ਬਿਸਥੀਰਨੁ; ਜਲ ਤਰੰਗ ਜਿਉ ਰਚਨੁ ਕੀਆ ॥

ਘਟਿ ਘਟਿ = ਘਟਾਂ ਘਟਾਂ ਦਾ ਬਿਸਥੀਰਨੁ = ਫੈਲਾਅ ਕਰਿ = ਕਰਕੇ ਆਪ ਪਰਮੇਸ਼ਰ ਇਨ੍ਹਾਂ ਵਿਚ ਪੂਰਨੁ = ਵਿਆਪਕ ਹੋ ਰਿਹਾ ਹੈ, ਜਲ = ਪਾਣੀ ਵਿੱਚੋਂ ਤਰੰਗ = ਲਹਿਰਾਂ ਦੇ ਉੱਠਣ ਜਿਉ = ਵਾਂਗੂੰ ਉਸ ਨੇ ਆਪਣੇ ਵਿੱਚੋਂ ਹੀ ਸਾਰੇ ਸੰਸਾਰ ਨੂੰ ਰਚਨੁ = ਸਿਰਜਨਾ ਕੀਆ = ਕੀਤਾ ਹੈ।

**ਅਥਵਾ** ਸਾਰੇ ਜਗਤ ਦੇ ਪਸਾਰੇ ਨੂੰ ਬਿਸਥੀਰਨੁ = ਫੈਲਾਅ ਕਰਿ = ਕਰਕੇ ਪ੍ਰਭੂ ਆਪ ਹੀ ਘਟਾਂ ਘਟਾਂ ਵਿਚ ਵਿਆਪਕ ਹੈ, ਜਿਉ = ਜਿਵੇਂ ਪਾਣੀ ਵਿੱਚੋਂ ਲਹਿਰਾਂ ਉੱਠਦੀਆਂ ਹਨ, ਇਉਂ ਪਰਮੇਸ਼ਰ ਨੇ ਆਪ ਹੀ ਆਪਣੇ ਵਿੱਚੋਂ ਸੰਸਾਰ ਨੂੰ ਰਚਨਾ ਕੀਤਾ ਹੈ।

## ਹਭਿ ਰਸ ਮਾਣੇ, ਭੋਗ ਘਟਾਣੇ; ਆਨ ਨ ਬੀਆ ਕੋ ਥੀਆ ॥

ਜਿਸ ਪਰਮੇਸ਼ਰ ਦੀ ਚੇਤਨ ਸੱਤਾ ਕਰਕੇ ਹਭਿ = ਸਾਰੇ ਜੀਵ ਰਸਾਂ ਨੂੰ ਮਾਣੇ = ਮਾਣਦੇ ਹਨ **ਵਾ:** ਪਰਮੇਸ਼ਰ ਸਾਰਿਆਂ ਭਗਤਾਂ ਦੇ ਹਿਰਦੇ ਅੰਦਰ ਰਸ = ਪ੍ਰੇਮ ਦੁਆਰਾ ਅਨੰਦ ਦੇ ਤਾਈਂ ਮਾਣ ਰਿਹਾ ਹੈ ਅਤੇ ਘਟਾਣੇ = ਸਾਰੇ ਘਟਾਂ (ਹਿਰਦਿਆਂ) ਦੇ ਅੰਦਰ ਭੋਗ ਲਗਾ ਰਿਹਾ ਹੈ ਭਾਵ ਜੋ ਜੋ ਜੀਵ ਪਰਮੇਸ਼ਰ ਅੱਗੇ ਪਦਾਰਥ ਅਰਪਣ ਕਰਦਾ ਹੈ, ਉਹ ਸਭ ਅੰਗੀਕਾਰ ਕਰਦਾ ਹੈ, ਇਸੇ ਲਈ ਉਸ ਵਰਗਾ ਆਨ = ਹੋਰ ਕੋ = ਕੋਈ ਵੀ ਬੀਆ = ਦੂਸਰਾ ਨ = ਨਹੀਂ ਥੀਆ = ਹੋਇਆ।

## ਹਰਿ ਰੰਗੀ, ਇਕ ਰੰਗੀ ਠਾਕੁਰੁ; ਸੰਤ ਸੰਗਿ ਪ੍ਰਭੁ ਜਾਤਾ ॥

ਉਹ ਪਰਮੇਸ਼ਰ ਹਰਿ = ਹਰੇਕ ਰੰਗੀ = ਰੰਗਾਂ ਵਿਚ ਸਰਗੁਣ ਸਰੂਪ ਧਾਰ ਕੇ ਆਪ ਹੀ ਹੈ, ਆਪ ਹੀ ਠਾਕੁਰੁ = ਮਾਲਕ ਪਰਮੇਸ਼ਰ ਇਕ ਰੰਗੀ ਭਾਵ ਨਿਰਗੁਣ ਸੁਰੂਪ ਹੈ, ਉਸ ਪ੍ਰਭੁ = ਪਰਮੇਸ਼ਰ ਨੂੰ ਗੁਰਮੁਖ ਜਨਾਂ ਨੇ ਸੰਤ ਸੰਗਿ = ਸਤਿਸੰਗਤ ਦੇ ਦੁਆਰਾ ਹੀ ਜਾਤਾ = ਜਾਣਿਆ ਹੈ **ਵਾ:** ਜਿਨ੍ਹਾਂ ਨੇ ਸੰਤਾਂ ਦੀ ਸੰਗਤ ਕੀਤੀ ਹੈ, ਉਨ੍ਹਾਂ ਨੇ ਪਰਮੇਸ਼ਰ ਨੂੰ ਜਾਣ ਲਿਆ ਹੈ।

## ਨਾਨਕ ਦਰਸਿ ਲੀਨਾ, ਜਿਉ ਜਲ ਮੀਨਾ;
## ਸਭ ਦੇਖੀਐ ਅਨਭੈ ਕਾ ਦਾਤਾ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਮੁਖ ਜਨਾਂ ਦਾ ਚਿੱਤ ਪ੍ਰਭੂ ਦੇ ਦਰਸਿ = ਦਰਸ਼ਨਾਂ ਵਿਚ ਇਉਂ ਲੀਨਾ = ਲੀਨ ਹੋ ਗਿਆ ਹੈ, ਜਿਉ = ਜਿਵੇਂ ਜਲ = ਪਾਣੀ ਦੇ ਨਾਲ ਮੀਨਾ = ਮੱਛੀ ਦਾ ਪ੍ਰੇਮ ਹੁੰਦਾ ਹੈ, (ਇਵੇਂ ਗੁਰਮੁਖ ਜਨਾਂ ਦਾ ਪਰਮੇਸ਼ਰ ਦਾ ਨਾਮ ਰੂਪੀ ਪਾਣੀ ਹੀ ਜੀਵਨ ਹੈ) ਅਤੇ ਉਨ੍ਹਾਂ ਨੂੰ ਸਭ = ਸਾਰੇ ਪਾਸੇ ਅਨਭੈ = ਨਿਰਭੈਤਾ ਦਾ ਦਾਤਾ ਪਰਮੇਸ਼ਰ ਹੀ ਦੇਖੀਐ = ਵੇਖਣ ਵਿਚ ਆਉਂਦਾ ਹੈ ॥੧॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਕੀ ਪਰਮੇਸ਼ਰ ਦੀ ਉਪਮਾ ਅਕਾਸ਼ ਵਾਂਗੂੰ ਵਿਆਪਕ ਹੈ ਅਤੇ ਕੀ ਉਸ ਦੀ ਵਡਿਆਈ ਕਿਸੇ ਰਾਜੇ ਦੇ ਸਮਾਨ ਹੈ ?*

***ਗੁਰ-ਉੱਤਰ :***

## ਕਉਨ ਉਪਮਾ ਦੇਉ; ਕਵਨ ਬਡਾਈ ॥ ਪੂਰਨ ਪੂਰਿ ਰਹਿਓ; ਸ੍ਰਬ ਠਾਈ ॥

ਹੇ ਭਾਈ ! ਉਸ ਦੇ ਬਰਾਬਰ ਕਉਨ = ਕਿਹੜੀ ਉਪਮਾ ਦੇਉ = ਦੇਵਾਂ ਕਿਉਂਕਿ ਅਕਾਸ਼ ਤਾਂ ਜੜ੍ਹ ਤੇ ਸੁੰਨ ਹੈ ਪਰ ਉਹ ਚੇਤਨ ਸਰੂਪ ਹੈ, ਉਸ ਦੇ ਬਰਾਬਰ ਕਵਨ = ਕਿਸ ਦੀ ਬਡਾਈ = ਵਡਿਆਈ ਕਰੀਏ, ਕਿਉਂਕਿ ਰਾਜੇ ਲੋਕ ਤਾਂ ਕਾਲ ਦਾ ਖਾਜਾ ਹਨ ਤੇ ਪਰਮੇਸ਼ਰ ਕਾਲ ਤੋਂ ਰਹਿਤ ਹੈ **ਵਾ:** ਉਸ ਪਰਮੇਸ਼ਰ ਦੇ ਸਦਰਸ਼ ਕਿਹੜੀ ਉਪਮਾ ਦੇਵਾਂ, ਕਿਹੜੀ ਵਡਿਆਈ ਕਰਾਂ। ਕਿਉਂਕਿ :

ਉਹ ਪੂਰਨ = ਵਿਆਪਕ ਪਰਮੇਸ਼ਰ ਸ੍ਰਬ = ਸਾਰੀਆਂ ਠਾਈ = ਥਾਵਾਂ ਵਿਚ ਪੂਰਿ = ਪਰੀਪੂਰਨ ਹੋ ਰਹਿਓ = ਰਿਹਾ ਹੈ **ਵਾ:** ਸਾਰਿਆਂ ਥਾਵਾਂ ਵਿਚ ਅਕਾਸ਼ ਵਤ ਪੂਰਨ ਹੈ, ਸਾਰਿਆਂ ਦੇ ਪੇਟਾਂ ਨੂੰ ਰੋਜ਼ੀ ਦੇ ਕੇ ਪੂਰ ਰਿਹਾ ਹੈ ਤੇ ਸਭਨਾਂ ਥਾਵਾਂ ਵਿਚ ਵਿਆਪਕ ਹੋ ਰਿਹਾ ਹੈ।

## ਪੂਰਨ ਮਨਮੋਹਨ, ਘਟ ਘਟ ਸੋਹਨ; ਜਬ ਖਿੰਚੈ ਤਬ ਛਾਈ ॥

ਪਰਮੇਸ਼ਰ ਸਾਰਿਆਂ ਵਿਚ ਆਤਮ ਸੱਤਾ ਹੋਣ ਕਰਕੇ ਪੂਰਨ = ਵਿਆਪਕ ਹੈ, ਸਾਰਿਆਂ ਦੇ ਮਨਮੋਹਨ = ਮਨਾਂ ਨੂੰ ਮੋਹਿਤ ਕਰਨ ਵਾਲਾ ਹੈ, ਘਟਾਂ ਘਟਾਂ ਵਿਚ ਸੋਹਨ = ਸ਼ੋਭਨੀਕ ਹੋ ਰਿਹਾ ਹੈ **ਵਾ:** ਉਸੇ ਕਰਕੇ ਘਟਾਂ ਘਟਾਂ ਵਿਚ ਸ਼ੋਭਾ ਹੈ, ਪਰ ਜਬ = ਜਦੋਂ ਉਹ ਪਰਮੇਸ਼ਰ ਆਪਣੀ ਚੇਤਨ ਸੱਤਾ ਖਿੰਚੈ = ਖਿੱਚ ਲੈਂਦਾ ਹੈ, ਤਬ = ਤਦੋਂ ਸਰੀਰ ਛਾਈ = ਖਾਕ ਰੂਪ ਹੀ ਹੋ ਜਾਂਦਾ ਹੈ।

**[ਅੰਗ ੧੨੩੭]**

## ਕਿਉ ਨ ਅਰਾਧਹੁ, ਮਿਲਿ ਕਰਿ ਸਾਧਹੁ; ਘਰੀ ਮੁਹਤਕ ਬੇਲਾ ਆਈ ॥

('ਸਾਧਹੁ' ਦਾ ਉਚਾਰਣ ਪੋਲਾ ਹੈ)

ਹੇ ਭਾਈ ! ਸਾਧਹੁ = ਸੰਤ ਜਨਾਂ ਨਾਲ ਮਿਲ ਕਰਿ = ਕਰਕੇ ਉਸ ਪਰਮੇਸ਼ਰ ਨੂੰ ਦਿਲ ਦੀ ਭਾਵਨਾ ਨਾਲ ਕਿਉਂ ਨ = ਨਹੀਂ ਅਰਾਧਹੁ = ਯਾਦ ਕਰਦੇ, ਇਕ ਘਰੀ = ਘੜੀ ਨੂੰ ਜਾਂ ਮੁਹਤਕ = ਅੱਧੀ ਘੜੀ ਨੂੰ ਅੰਤ (ਮਰਨ) ਦਾ ਬੇਲਾ = ਸਮਾਂ ਆਈ = ਆ ਹੀ ਜਾਣਾ ਹੈ।

## ਅਰਥੁ ਦਰਬੁ ਸਭੁ, ਜੋ ਕਿਛੁ ਦੀਸੈ; ਸੰਗਿ ਨ ਕਛਹੂ ਜਾਈ ॥

ਸਾਰਾ ਦਰਬੁ = ਧਨ ਜੀਵਾਂ ਨੇ ਆਪਣੇ ਅਰਥ (ਕੰਮ) ਆਉਣ ਵਾਲਾ ਸਮਝਿਆ ਹੋਇਆ ਹੈ **ਵਾ:** ਅਰਥੁ = ਪਦਾਰਥ ਤੇ ਸਭੁ = ਸਾਰਾ ਦਰਬੁ = ਧਨ ਅਤੇ ਹੋਰ ਵੀ ਜੋ ਕਿਛੁ = ਕੁਝ ਸੰਬੰਧੀ ਆਦਿ ਦੀਸੈ = ਦਿੱਸਦੇ ਹਨ, ਇਨ੍ਹਾਂ ਵਿੱਚੋਂ ਕਛਹੂ = ਕੁਝ ਵੀ ਪ੍ਰਲੋਕ ਨੂੰ ਸੰਗਿ = ਨਾਲ ਨ = ਨਹੀਂ ਜਾਈ = ਜਾਣਾ।

## ਕਹੁ ਨਾਨਕ, ਹਰਿ ਹਰਿ ਆਰਾਧਹੁ; ਕਵਨ ਉਪਮਾ ਦੇਉ ਕਵਨ ਬਡਾਈ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਹਰਿ = ਸਾਰਿਆਂ ਨੂੰ ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਨੂੰ ਦਿਲ ਦੀ ਭਾਵਨਾ ਨਾਲ ਆਰਾਧਹੁ = ਆਰਾਧਨਾ, ਯਾਦ ਕਰੋ, ਮੈਂ ਉਸ ਪਰਮੇਸ਼ਰ ਦੇ ਬਰਾਬਰ ਕਵਨ = ਕਿਸ ਦੀ ਉਪਮਾ ਦੇਵਾਂ ਅਤੇ ਕਵਨ = ਕਿਸ ਦੀ ਵਡਿਆਈ ਕਰਾਂ ਕਿਉਂਕਿ ਸਭ ਚੀਜ਼ਾਂ ਨਾਸ਼ਵੰਤ ਹਨ ॥੨॥

## ਪੂਛਉ ਸੰਤ; ਮੇਰੋ ਠਾਕੁਰੁ ਕੈਸਾ ॥ ਹੀਉ ਅਰਾਪਉਂ; ਦੇਹੁ ਸਦੇਸਾ ॥

ਹੇ ਸੰਤ ਜਨੋਂ **ਵਾ:** ਹੇ ਸੰਤ = ਸ਼ਾਂਤ ਆਤਮਾ ਵਾਲੇ ਗੁਰੋ ! ਮੈਂ ਆਪ ਜੀ ਨੂੰ ਪੂਛਉ = ਪੁੱਛਦਾ ਹਾਂ ਕਿ ਮੇਰੋ = ਮੇਰਾ ਠਾਕੁਰੁ = ਸੁਆਮੀ ਪਰਮੇਸ਼ਰ ਕੈਸਾ = ਕਿਸ ਤਰ੍ਹਾਂ ਦਾ ਹੈ ਜਿਸ ਦੀ ਮੈਂ ਪ੍ਰਾਪਤੀ ਚਾਹੁੰਦਾ ਹਾਂ।

***ਪ੍ਰਸ਼ਨ :*** *ਹੇ ਸਿੱਖਾ! ਜੇਕਰ ਅਸੀਂ ਉਸ ਬਾਰੇ ਦੱਸ ਦੇਈਏ ਤਾਂ ਕੀ ਭੇਟਾ ਦੇਵੇਂਗਾ?*
***ਗੁਰ-ਉੱਤਰ :***

**ਹੀਂਉ ਅਰਾਪਉਂ; ਦੇਹੁ ਸਦੇਸਾ ॥**

ਹੇ ਸੰਤ ਜਨੋਂ, ਸਤਿਗੁਰੂ ਜੀ! ਤਦੋਂ ਮੈਂ ਆਪਣਾ ਹੀਂਉ = ਹਿਰਦਾ ਤੁਹਾਡੇ ਚਰਨਾਂ ਵਿਚ ਅਰਾਪਉਂ = ਭੇਟਾ ਕਰ ਦੇਵਾਂਗਾ, ਜਦ ਮੈਨੂੰ ਆਪ ਜੀ ਉਸਦੀ ਪ੍ਰਾਪਤੀ ਦਾ ਸਦੇਸਾ = ਸੁਨੇਹਾ ਦੇਹੁ = ਦੇਵੋਗੇ।

## ਦੇਹੁ ਸਦੇਸਾ, ਪ੍ਰਭ ਜੀਉ ਕੈਸਾ; ਕਹ ਮੋਹਨ ਪਰਵੇਸਾ ॥

ਹੇ ਸੰਤੋ, ਗੁਰੋ! ਇਹ ਮੈਨੂੰ ਸਦੇਸਾ = ਸੁਨੇਹਾ ਦੇਹੁ = ਦੇਣਾ ਕਰੋ, ਕਿ ਪ੍ਰਭ = ਪਰਮੇਸ਼ਰ ਜੀਉ = ਜੀ ਦਾ ਸਰੂਪ ਕੈਸਾ = ਕਿਸ ਪ੍ਰਕਾਰ ਦਾ ਹੈ ਅਤੇ ਉਸ ਮੋਹਨ = ਪਰਮੇਸ਼ਰ ਦੇ ਸਰੂਪ ਵਿਚ ਕਹ = ਕਿਸ ਪ੍ਰਕਾਰ ਪਰਵੇਸਾ = ਦਾਖ਼ਲ ਹੋਇਆ ਜਾਵੇ **ਵਾ:** ਉਹ ਪਰਮੇਸ਼ਰ ਕਿਵੇਂ ਹਿਰਦੇ ਦੇ ਵਿਚ ਪ੍ਰਵੇਸ਼ ਹੁੰਦਾ ਹੈ।

## ਅੰਗ ਅੰਗ ਸੁਖਦਾਈ, ਪੂਰਨ ਬ੍ਰਹਮਾਈ; ਥਾਨ ਥਾਨੰਤਰ ਦੇਸਾ ॥

ਉਹ ਪਰਮੇਸ਼ਰ ਅੰਗ ਅੰਗ = ਅੰਗਾਂ ਅੰਗਾਂ ਨੂੰ ਸੁਖਦਾਈ = ਸੁਖ ਦੇਣ ਵਾਲਾ ਹੈ **ਵਾ:** ਸਭ ਦਾ ਅੰਗ = ਪਿਆਰਾ ਤੇ ਸਾਰਿਆਂ ਦੇ ਅੰਗ = ਹਿਰਦੇ ਦੇ ਅੰਦਰ ਸੁਖ ਦੇਣ ਵਾਲਾ ਹੈ, ਉਹ ਬ੍ਰਹਮਾਈ = ਬ੍ਰਹਮ ਹੀ ਸਭ ਥਾਈਂ ਪੂਰਨ = ਵਿਆਪਕ ਹੈ, ਸਾਰਿਆਂ ਥਾਨ = ਥਾਵਾਂ, ਥਾਨੰਤਰ = ਥਾਵਾਂ ਦੇ ਅੰਦਰ ਰਹਿਣ ਵਾਲੇ ਜੀਵਾਂ ਵਿਚ ਤੇ ਸਾਰੇ ਦੇਸ਼ਾਂ ਵਿਚ ਵੀ ਪਰਮੇਸ਼ਰ ਵਿਆਪਕ ਹੈ **ਵਾ:** ਅੰਤਹਕਰਣ ਰੂਪੀ ਥਾਂ ਵਿੱਚ, ਥਨੰਤਰੀ ਜੀਵਾਂ ਵਿਚ ਵੀ ਅਤੇ ਸਾਧਨਾ ਰੂਪੀ ਦੇਸਾਂ ਵਿਚ ਵੀ ਵਿਆਪਕ ਹੈ।

## ਬੰਧਨ ਤੇ ਮੁਕਤਾ, ਘਟਿ ਘਟਿ ਜੁਗਤਾ; ਕਹਿ ਨ ਸਕਉ ਹਰਿ ਜੈਸਾ ॥

ਉਹ ਪਰਮੇਸ਼ਰ ਜੰਮਣ ਮਰਣ ਦੇ ਬੰਧਨ = ਜੰਜਾਲਾਂ ਤੇ = ਤੋਂ ਮੁਕਤਾ = ਛੁਟਿਆ ਹੋਇਆ ਹੈ, ਘਟਿ ਘਟਿ = ਘਟਾਂ ਘਟਾਂ ਵਿਚ ਜੁਗਤਾ = ਜੁੜਿਆ ਹੋਇਆ ਹੈ, ਇਸੇ ਕਰਕੇ ਉਸ ਹਰਿ = ਪਰਮੇਸ਼ਰ ਜੈਸਾ = ਵਰਗਾ ਹੋਰ ਕੋਈ ਵੀ ਕਹਿ = ਕਿਹਾ ਨ = ਨਹੀਂ ਜਾ ਸਕਉ = ਸਕਦਾ।

## ਦੇਖਿ ਚਰਿਤ ਨਾਨਕ ਮਨੁ ਮੋਹਿਓ; ਪੂਛੈ ਦੀਨੁ ਮੇਰੋ ਠਾਕੁਰੁ ਕੈਸਾ ॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਦੇ ਚਰਿਤ = ਚਲਿੱਤਰ, ਕੌਤਕ ਦੇਖਿ = ਵੇਖ ਕੇ ਮੇਰਾ ਮਨੁ = ਚਿੱਤ ਮੋਹਿਓ = ਮੋਹਿਤ ਹੋ ਗਿਆ ਹੈ, ਹੇ ਗੁਰਸਿੱਖ! ਜੇ ਤੂੰ ਦੀਨ = ਗ਼ਰੀਬ ਹੋ ਕੇ ਪੂਛੈ = ਪੁੱਛਦਾ ਹੈਂ ਕਿ ਮੇਰੋ = ਮੇਰਾ ਠਾਕੁਰੁ = ਸੁਆਮੀ ਪਰਮੇਸ਼ਰ ਕੈਸਾ = ਕਿਹੋ ਜਿਹਾ ਹੈ ਜਾਂ ਅਸੀਂ ਦੱਸਦੇ ਹਾਂ ਕਿ ਮੇਰਾ ਸੁਆਮੀ ਕੈਸਾ ਹੈ? ਉਹ ਪਰਮੇਸ਼ਰ ਅਸਚਰਜ ਸਰੂਪ ਹੈ, ਸ੍ਵੈ-ਅਨੁਭਵ ਪ੍ਰਮਾਣ ਸਰੂਪ ਹੈ, ਭਾਵ ਖਟ ਪ੍ਰਮਾਣਾਂ ਦਾ ਵਿਸ਼ਾ ਨਹੀਂ ਹੈ॥੩॥

ਅਗਲੀ ਪਉੜੀ ਵਿਚ ਪ੍ਰਭੂ ਪ੍ਰਾਪਤੀ ਦਾ ਫਲ ਦੱਸਦੇ ਹਨ:

## ਕਰਿ ਕਿਰਪਾ; ਅਪੁਨੇ ਪਹਿ ਆਇਆ ॥
## ਧੰਨਿ ਸੁ ਰਿਦਾ; ਜਿਹ ਚਰਨ ਬਸਾਇਆ ॥

ਜਦੋਂ ਪਰਮੇਸ਼ਰ, ਗੁਰਾਂ ਨੇ ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰਿ = ਕਰਨਾ ਕੀਤੀ, ਤਦ ਪ੍ਰੇਮ ਨਾਲ ਆਰਾਧਦੇ ਵੇਖ ਕੇ ਪਰਮੇਸ਼ਰ ਆਪਣੇ ਪਿਆਰਿਆਂ ਦੇ ਪਹਿ = ਕੋਲ ਸਰਗੁਣ ਸਰੂਪ ਧਾਰ ਕੇ ਆਇਆ = ਆਉਂਦਾ ਹੈ **ਵਾ:** ਹਿਰਦੇ ਦੇ ਅੰਦਰ ਪ੍ਰਕਾਸ਼ਤਾ ਰੂਪ ਹੋ ਕੇ ਆ ਵੱਸਦਾ ਹੈ।

ਸੁ = ਉਹ ਰਿਦਾ = ਹਿਰਦਾ ਧੰਨਿ = ਧੰਨਤਾ ਦੇ ਯੋਗ ਹੈ, ਜਿਹ = ਜਿਸ ਵਿਚ ਪਰਮੇਸ਼ਰ ਨੇ ਆਪਣੇ ਚਰਨ = ਅਧਿਸ਼ਠਾਨ ਸਰੂਪ ਨੂੰ ਬਸਾਇਆ = ਵਸਾ ਲਿਆ ਹੈ **ਵਾ:** ਜਿਸ ਨੇ ਪਰਮੇਸ਼ਰ ਦੇ ਚਰਨਾਂ ਨੂੰ ਹਿਰਦੇ ਵਿਚ ਬਸਾਇਆ = ਵਸਾ ਲਿਆ ਹੈ।

## ਚਰਨ ਬਸਾਇਆ, ਸੰਤ ਸੰਗਾਇਆ;
## ਅਗਿਆਨ ਅੰਧੇਰੁ ਗਵਾਇਆ ॥

ਜਿਸ ਨੇ ਸੰਤ = ਮਹਾਤਮਾ ਜਨਾਂ ਦੀ ਸੰਗਾਇਆ = ਸੰਗਤ ਕਰਕੇ ਪ੍ਰਭੂ ਦੇ ਚਰਨਾਂ ਨੂੰ ਦਿਲ ਵਿਚ ਬਸਾਇਆ = ਵਸਾ ਲਿਆ ਹੈ, ਉਸ ਦੇ ਅੰਦਰੋਂ ਪਰਮੇਸ਼ਰ ਨੇ ਅਗਿਆਨ ਦਾ ਅੰਧੇਰੁ = ਹਨੇਰਾ ਗਵਾਇਆ = ਗਵਾ, ਮੇਟ ਦਿੱਤਾ ਹੈ।

## ਭਇਆ ਪ੍ਰਗਾਸੁ, ਰਿਦੈ ਉਲਾਸੁ; ਪ੍ਰਭੁ ਲੋੜੀਦਾ ਪਾਇਆ ॥

ਜਿਸ ਦੇ ਰਿਦੈ = ਹਿਰਦੇ ਵਿਚ ਪ੍ਰਭੂ ਪ੍ਰਾਪਤੀ ਦਾ ਉਲਾਸੁ = ਉਤਸ਼ਾਹ ਹੋਇਆ ਹੈ, ਉਸ ਦੇ ਅੰਦਰ ਅਪ੍ਰੋਖ ਗਿਆਨ ਦਾ ਪ੍ਰਗਾਸੁ = ਚਾਨਣਾ ਭਇਆ = ਹੋਇਆ ਹੈ, ਜਿਸ ਪ੍ਰਭੁ = ਪਰਮੇਸ਼ਰ ਨੂੰ ਪ੍ਰਾਪਤ ਕਰਨਾ ਲੋੜੀਦਾ = ਚਾਹੁੰਦਾ ਸੀ, ਉਸ ਨੂੰ ਪਾਇਆ = ਪਾ ਲਿਆ ਹੈ।

## ਦੁਖੁ ਨਾਠਾ, ਸੁਖੁ ਘਰ ਮਹਿ ਵੂਠਾ; ਮਹਾ ਅਨੰਦ ਸਹਜਾਇਆ ॥

ਉਸ ਦਾ ਸੰਸਾਰਕ, ਜੰਮਣ ਮਰਣ ਦਾ ਦੁੱਖ ਨਾਠਾ = ਨੱਸ, ਨਾਸ਼ ਹੋ ਗਿਆ ਹੈ, ਉਹ ਸੁਖ ਰੂਪੀ **ਵਾ:** ਸੁਖੁ = ਪਰਮਾਨੰਦ ਰੂਪੀ ਘਰ ਮਹਿ = ਵਿਚ ਵੂਠਾ = ਵੱਸ ਗਿਆ ਹੈ ਅਤੇ ਉਸ ਨੂੰ ਸਹਜਾਇਆ = ਗਿਆਨ ਦੀ ਪ੍ਰਾਪਤੀ ਹੋਣ ਕਰਕੇ ਮਹਾ = ਬੜਾ ਅਨੰਦ, ਬ੍ਰਹਮਾਨੰਦ ਪ੍ਰਾਪਤ ਹੋਇਆ ਹੈ **ਵਾ:** ਬ੍ਰਹਮਾਨੰਦ ਦੀ ਪ੍ਰਾਪਤੀ ਹੋਣ ਕਰਕੇ ਸਹਿਜ ਅਵਸਥਾ ਆ ਗਈ ਹੈ।

## ਕਹੁ ਨਾਨਕ, ਮੈ ਪੂਰਾ ਪਾਇਆ;
## ਕਰਿ ਕਿਰਪਾ, ਅਪੁਨੇ ਪਹਿ ਆਇਆ ॥੪॥੧॥

ਸਤਿਗੁਰੂ ਸਾਹਿਬ ਜੀ ਗੁਰਸਿੱਖਾਂ ਨੂੰ ਪ੍ਰਭੂ ਪ੍ਰਾਪਤੀ ਬਾਰੇ ਦੱਸਦੇ ਹੋਏ ਕਥਨ ਕਰਦੇ ਹਨ ਕਿ ਮੈਂ ਪੂਰਾ = ਪੂਰਨ ਬ੍ਰਹਮ ਨੂੰ ਪਾਇਆ = ਪਾ ਲਿਆ ਹੈ, ਉਹ ਪਰਮੇਸ਼ਰ ਕਿਰਪਾ = ਮੇਹਰ ਭਰੀ ਦ੍ਰਿਸ਼ਟੀ ਕਰਿ = ਕਰਕੇ ਆਪਣੇ ਸੇਵਕ ਜਾਣ ਕੇ ਸਾਡੇ ਪਹਿ = ਕੋਲ ਹੀ ਆਇਆ = ਆ ਗਿਆ ਹੈ ॥੪॥੧॥

## ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ
## ੴ ਸਤਿਗੁਰ ਪ੍ਰਸਾਦਿ ॥

ਇਹ ਸਾਰੰਗ ਦੀ ਵਾਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਉਚਾਰਨ ਕੀਤੀ ਹੋਈ ਹੈ, ਸਲੋਕ ਤੇ ਮਹੱਲੇ ਸਾਂਝੇ ਹਨ, ਪਰੰਤੂ ਪਉੜੀਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਹਨ "ਰਾਇ ਮਹਮੇ ਹਸਨੇ ਕੀ ਧੁਨਿ" ਇਹ ਅੱਖਰ ਛੇਵੇਂ ਗੁਰਾਂ ਨੇ ਭਾਈ ਗੁਰਦਾਸ ਸਾਹਿਬ ਜੀ ਤੋਂ ਲਿਖਵਾਉਣਾ ਕੀਤੇ ਹਨ। ਰਾਇ ਮਹਮਾ ਤੇ ਰਾਇ ਹਸਨਾ ਦੋਵੇਂ ਭੱਟੀ ਰਾਜਪੂਤ ਸਨ, ਇਹ ਕਾਂਗੜ ਦੇ ਇਲਾਕੇ ਵਿਚ ਛੋਟੇ-ਛੋਟੇ ਰਜਵਾੜਿਆਂ ਦੇ ਮਾਲਕ ਸੀ, ਇਹ ਅਕਬਰ ਬਾਦਸ਼ਾਹ ਦੇ ਕੋਲ ਟਕੇ ਭਰਦੇ ਸੀ, ਰਾਇ ਮਹਮਾ ਬੜਾ ਸੂਰਬੀਰ ਤੇ ਨਿਸ਼ਕਪਟੀ ਸੀ,

ਰਾਇ ਹਸਨਾ ਬੜਾ ਚਲਾਕ ਤੇ ਕਪਟੀ ਪੁਰਖ ਸੀ, ਜਦ ਰਾਇ ਹਸਨਾ ਟਕੇ ਭਰਨ ਜਾਂਦਾ ਸੀ, ਤਦ ਰਾਇ ਮਹਿਮਾ ਭਰੋਸਾ ਰੱਖ ਕੇ ਆਪਣੇ ਟਕੇ ਰਾਇ ਹਸਨੇ ਨੂੰ ਦੇ ਕੇ ਆਖਦਾ ਸੀ ਮੇਰੇ ਟਕੇ ਵੀ ਜਮ੍ਹਾਂ ਕਰਵਾ ਆਵੀਂ ਤੇ ਹਾਜ਼ਰੀ ਵੀ ਲਵਾ ਆਵੀਂ। ਰਾਇ ਹਸਨਾ ਇਥੇ ਤਾਂ ਚੰਗਾ ਕਹਿ ਕੇ ਚਲਿਆ ਜਾਂਦਾ ਸੀ, ਪਰ ਅਕਬਰ ਬਾਦਸ਼ਾਹ ਦੀ ਕਚਹਿਰੀ ਵਿਚ ਪਹੁੰਚ ਕੇ ਮਨ ਦਾ ਕਪਟੀ ਹੋਣ ਕਰਕੇ ਆਪਣੇ ਟਕੇ ਉਤਾਰ ਕੇ ਆਪਣੇ ਆਪ ਨੂੰ ਹਾਜ਼ਰ ਲਿਖਵਾ ਆਉਂਦਾ ਤੇ ਰਾਇ ਮਹਿਮੇ ਨੂੰ ਗ਼ੈਰ-ਹਾਜ਼ਰ ਲਿਖਵਾ ਆਉਂਦਾ। ਇਸ ਤਰ੍ਹਾਂ ਜਦ ਕਈ ਸਾਲ ਬਤੀਤ ਹੋ ਗਏ ਤਾਂ ਇਕ ਦਿਨ ਅਕਬਰ ਬਾਦਸ਼ਾਹ ਨੂੰ ਪਤਾ ਲੱਗਾ ਕਿ ਰਾਇ ਮਹਿਮਾ ਗ਼ੈਰ-ਹਾਜ਼ਰ ਰਹਿੰਦਾ ਹੈ, ਉਸ ਵੇਲੇ ਬਾਦਸ਼ਾਹ ਨੇ ਰਾਇ ਹਸਨੇ ਨੂੰ ਆਪਣੇ ਕੋਲ ਬੁਲਾ ਕੇ ਕੁਝ ਕੁਮਕ (ਸਹਾਇਤਾ) ਦੇ ਕੇ ਕਿਹਾ ਕਿ ਤੂੰ ਰਾਇ ਮਹਮੇ ਨੂੰ ਜਿੱਤ ਕੇ ਮੇਰੇ ਕੋਲ ਲੈ ਕੇ ਆਉਣ ਕਰ ਅਤੇ ਉਸਦਾ ਰਾਜ ਭਾਗ ਤੂੰ ਸੰਭਾਲ ਲੈਣਾ ਕਰੀਂ। ਰਾਇ ਹਸਨੇ ਨੇ ਧੋਖੇ ਨਾਲ ਰਾਇ ਮਹਿਮੇ ਨੂੰ ਕੈਦ ਕਰਕੇ ਅਕਬਰ ਬਾਦਸ਼ਾਹ ਕੋਲ ਲਿਆਂਦਾ ਤੇ ਅਕਬਰ ਨੇ ਉਸ ਨੂੰ ਕੈਦ ਕਰਕੇ ਜੇਲ੍ਹ ਵਿਚ ਸੁੱਟ ਦਿੱਤਾ ਤੇ ਰਾਇ ਹਸਨਾ ਦੋਵੇਂ ਰਿਆਸਤਾਂ ’ਤੇ ਰਾਜ ਕਰਨ ਲੱਗ ਪਿਆ।

ਇਕ ਵਾਰ ਅਕਬਰ ਬਾਦਸ਼ਾਹ ਨੇ ਸੂਰਮਿਆਂ ਦੀ ਪਰਖ ਕਰਨ ਲਈ ਬਾਹਰ ਜ਼ਮੀਨ ਵਿਚ ਇਕ ਲੱਕੜ ਦਾ ਕਿੱਲਾ ਗੱਡਵਾ ਕੇ ਸਾਰਿਆਂ ਨੂੰ ਕਿਹਾ ਕਿ ਜੋ ਘੋੜਾ ਦੁੜਾ ਕੇ ਇਸ ਕਿੱਲੇ ਨੂੰ ਇੱਕੋ ਚੋਟ ਨਾਲ ਪੁੱਟੇਗਾ, ਉਸ ਨੂੰ ਮੂੰਹੋਂ ਮੰਗਿਆ ਇਨਾਮ ਦਿੱਤਾ ਜਾਵੇਗਾ। ਇਹ ਗੱਲ ਸੁਣ ਕੇ ਬਹੁਤ ਯੋਧਿਆਂ ਨੇ ਘੋੜਾ ਦੁੜਾ ਕੇ ਉਸ ਕਿੱਲੇ ਨੂੰ ਇੱਕੋ ਚੋਟ ਨਾਲ ਪੁੱਟਣ ਦੀ ਕੋਸ਼ਿਸ਼ ਕੀਤੀ ਪਰ ਪੁੱਟਿਆ ਨਾ ਗਿਆ, ਅਕਬਰ ਬਾਦਸ਼ਾਹ ਨੇ ਫੇਰ ਕਿਹਾ ਕਿ ਕੋਈ ਐਸਾ ਸੂਰਮਾ ਹੈ ਜੋ ਇੱਕੋ ਨਿਸ਼ਾਨੇ ਨਾਲ ਇਸ ਕਿੱਲੇ ਨੂੰ ਪੁੱਟ ਦੇਵੇ। ਉਸ ਵੇਲੇ ਉਥੇ ਰਾਇ ਮਹਿਮੇ ਦਾ ਇਕ ਮਿੱਤਰ ਖੜੋਤਾ ਸੀ, ਉਹ ਕਹਿਣ ਲੱਗਾ ਹੇ ਰਾਜਨ! ਜੋ ਨਿਸ਼ਾਨਿਆਂ ਦਾ ਧਣੀ ਰਾਇ ਮਹਿਮਾ ਹੈ, ਉਸ ਨੂੰ ਤੂੰ ਕੈਦ ਕਰ ਰੱਖਿਆ ਹੈ, ਉਹ ਇੱਕੋ ਨਿਸ਼ਾਨੇ ਨਾਲ ਇਸ ਕਿੱਲੇ ਨੂੰ ਪੁੱਟ ਸਕਦਾ ਹੈ। ਅਕਬਰ ਨੇ ਉਸੇ ਵੇਲੇ ਆਪਣੇ ਸਿਪਾਹੀ ਭੇਜ ਕੇ ਰਾਇ ਮਹਿਮੇ ਨੂੰ ਆਪਣੇ ਕੋਲ ਬੁਲਾਇਆ ਅਤੇ ਘੋੜੇ ਨੂੰ ਦੁੜਾ ਕੇ ਉਸ ਕਿੱਲੇ ਨੂੰ ਇੱਕੋ ਨਿਸ਼ਾਨੇ ਨਾਲ ਪੁੱਟਣ ਵਾਸਤੇ ਕਿਹਾ। ਰਾਇ ਮਹਿਮੇ ਨੇ ਘੋੜੇ ’ਤੇ ਅਸਵਾਰ ਹੋ ਕੇ ਇੱਕੋ ਨਿਸ਼ਾਨੇ ਨਾਲ ਕਿੱਲੇ ਨੂੰ ਪੁੱਟ ਦਿੱਤਾ। ਰਾਏ ਮਹਿਮਾ ਦੀ ਬਹਾਦਰੀ ਵੇਖ ਕੇ ਅਕਬਰ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ ਅਤੇ ਕਹਿਣ ਲੱਗਾ ਕਿ ਮੰਗ ਲੈ ਜੋ ਕੁਝ ਤੂੰ ਮੰਗਣਾ ਹੈ, ਇਹ ਸੁਣ ਕੇ ਰਾਇ ਮਹਿਮਾ ਕਹਿਣ ਲੱਗਾ ਕਿ ਬਾਦਸ਼ਾਹ ਤੁਸੀਂ ਮੈਨੂੰ ਬੇਗੁਨਾਹ ਕੈਦ ਕੀਤਾ ਹੋਇਆ ਹੈ, ਕਿਉਂਕਿ ਮੈਂ ਆਪਣੇ ਟਕੇ ਰਾਇ ਹਸਨੇ ਨੂੰ ਦੇ ਕੇ ਭੇਜਦਾ ਰਿਹਾ ਹਾਂ, ਪਰ ਉਹ ਕਪਟੀ ਸੁਭਾਅ ਕਰਕੇ ਮੈਨੂੰ ਗ਼ੈਰ-ਹਾਜ਼ਰ ਲਿਖਵਾ ਜਾਂਦਾ ਸੀ, ਤੁਸੀਂ ਮੇਰੀ ਕੋਈ ਅਰਜ਼ ਨਹੀਂ ਸੁਣੀ ਬਲਕਿ ਮੈਨੂੰ ਕੈਦ ਵਿਚ ਸੁੱਟ ਦਿੱਤਾ ਹੈ, ਮੇਰਾ ਰਾਜ ਖੁੱਸ ਗਿਆ ਹੈ, ਮੇਰਾ ਰਾਜ ਹੀ ਮੈਨੂੰ ਵਾਪਸ ਦਿਵਾ ਦੇਣਾ ਕਰੋ। ਉਸ ਵੇਲੇ ਅਕਬਰ ਬਾਦਸ਼ਾਹ ਨੇ ਕੁਝ ਆਪਣੀ ਫ਼ੌਜ ਦੇ ਕੇ ਕਿਹਾ ਕਿ ਤੂੰ ਮੇਰੀ ਫ਼ੌਜ ਦੀ ਮਦਦ ਲੈ ਕੇ ਰਾਇ ਹਸਨੇ ਨਾਲ ਯੁੱਧ ਕਰਕੇ ਆਪਣਾ ਰਾਜ ਭਾਗ ਸੰਭਾਲਣਾ ਕਰ, ਰਾਇ ਮਹਿਮੇ ਨੇ ਫ਼ੌਜਾਂ ਦਾ ਸਹਾਰਾ ਲੈ ਕੇ ਰਾਇ ਹਸਨੇ ਨਾਲ ਬੜੀ ਬਹਾਦਰੀ ਦੇ ਸਹਿਤ ਜੰਗ ਕਰਕੇ ਉਸ ਨੂੰ ਕੈਦ ਕਰ ਲਿਆ ਤੇ ਆਪਣਾ ਰਾਜ ਭਾਗ ਸੰਭਾਲ ਲਿਆ।

ਕੁਝ ਸਮੇਂ ਬਾਅਦ ਰਾਇ ਮਹਿਮੇ ਨੇ ਆਪਣੇ ਕ੍ਰਿਪਾਲੂ ਸੁਭਾਅ ਤੇ ਧਰਮ ਨਿਭਾਉਂਦਿਆਂ ਰਾਇ ਹਸਨੇ ਦੇ ਗੁਨਾਹ ਨੂੰ ਬਖ਼ਸ਼ ਕੇ ਉਸ ਦਾ ਰਾਜ ਭਾਗ ਉਸ ਨੂੰ ਵਾਪਸ ਕਰ ਦਿੱਤਾ।

ਢਾਢੀਆਂ ਨੇ ਇਨ੍ਹਾਂ ਦੀ ਬਹਾਦਰੀ ਉੱਤੇ ਵਾਰ ਬਣਾਈ, ਜੋ ਇਸ ਪ੍ਰਕਾਰ ਹੈ:

**ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ।**
**ਹਸਨੇ ਬੇਈਮਾਨਗੀ ਨਾਲ ਮਹਿਮੇ ਥੱਟੀ।**
**ਭੇੜ ਦੁਹਾਂ ਦਾ ਮੱਚਿਆ ਸਰ ਵਗੇ ਸਫੱਟੀ।**

**ਮਹਮੇ ਪਾਈ ਫਤੇ ਰਣ ਗਲ ਹਸਨੇ ਘੱਟੀ।**
**ਬੰਨ੍ਹ ਹਸਨੇ ਨੂੰ ਛੱਡਿਆ ਜਸ ਮਹਮੇ ਖੱਟੀ।**[1]

ਇਹ ਵਾਰ ਜਦ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਛੇਵੇਂ ਗੁਰਾਂ ਨੂੰ ਢਾਡੀਆਂ ਨੇ ਸੁਣਾਈ, ਤਦ ਸਤਿਗੁਰਾਂ ਦੇ ਮਨ ਵਿਚ ਇਹ ਵਾਰ ਭਾਅ ਗਈ ਕਿ ਭਾਵੇਂ ਰਾਇ ਹਸਨੇ ਨੇ ਕੁਟਲਨੀਤੀ ਕੀਤੀ ਸੀ ਪਰ ਰਾਇ ਮਹਿਮੇ ਨੇ ਫੇਰ ਵੀ ਧਰਮ ਕਮਾਇਆ ਹੈ ਇਉਂ ਫੇਰ ਸਤਿਗੁਰਾਂ ਨੇ ਭਾਈ ਗੁਰਦਾਸ ਜੀ ਦੇ ਪਾਸੋਂ "ਰਾਇ ਮਹਮੇ ਹਸਨੇ ਦੀ ਧੁਨਿ" ਇਹ ਅੱਖਰ ਲਿਖਵਾ ਕੇ ਰਾਗੀਆਂ ਨੂੰ ਹੁਕਮ ਦਿੱਤਾ ਕਿ ਜਿਵੇਂ ਉਨ੍ਹਾਂ ਦੀ ਵਾਰ ਗਾਈ ਜਾਂਦੀ ਹੈ ਤਿਵੇਂ ਸਾਰੰਗ ਦੀ ਵਾਰ ਤੁਸਾਂ ਨੇ ਗਾਉਣੀ ਹੈ **ਵਾ:** ਇਸੇ ਤਰ੍ਹਾਂ ਅੰਤਰੀਵ ਭਾਵ ਵਿਚ ਰਾਇ ਮਹਿਮਾ ਦੀ ਨਿਆਈਂ ਬਿਬੇਕ ਹੈ, ਹਸਨੇ ਦੀ ਨਿਆਈਂ ਮੋਹ ਹੈ। ਇਉਂ ਇਸ ਵਾਰ ਵਿਚ ਬਿਬੇਕ ਦੀ ਜਿੱਤ ਤੇ ਮੋਹ ਦੀ ਹਾਰ ਵਾਲੀ ਧੁਨੀ ਉਚਾਰਨ ਕੀਤੀ ਹੋਈ ਹੈ।

੧ = ਅਦੁੱਤੀ ਪਰਮੇਸ਼ਰ, ਓੰ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸਲੋਕ ਮਹਲਾ ੨ ॥

ਦੂਸਰੇ ਪਾਤਸ਼ਾਹ ਦੇ ਪਾਸ ਖਡੂਰ ਸਾਹਿਬ ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਜੇ ਅਸੀਂ ਗੁਰਾਂ ਦਾ ਉਪਦੇਸ਼ ਨਾ ਧਾਰਨ ਕਰੀਏ, ਵੇਦ ਸ਼ਾਸਤਰ ਪੜ੍ਹ ਲਈਏ, ਤਾਂ ਕੀ ਫੇਰ ਬ੍ਰਹਮ ਗਿਆਨ ਹੋ ਸਕਦਾ ਹੈ, ਜਾਂ ਮੁਕਤੀ ਹੋ ਸਕਦੀ ਹੈ ਜਾਂ ਨਹੀਂ ਹੁੰਦੀ। ਇਹ ਸੁਣ ਕੇ ਸਤਿਗੁਰਾਂ ਨੇ ਉਪਦੇਸ਼ ਰੂਪ ਵਿਚ ਪਵਿੱਤਰ ਸ਼ਬਦ ਉਚਾਰਨ ਕੀਤਾ।

## ਗੁਰੁ ਕੁੰਜੀ, ਪਾਹੂ ਨਿਵਲੁ; ਮਨੁ ਕੋਠਾ, ਤਨੁ ਛਤਿ ॥

ਜੋ ਮਨ ਰੂਪੀ ਕੋਠਾ ਬਣਿਆ ਹੋਇਆ ਹੈ, ਇਸ ਉੱਤੇ ਸਥੂਲ ਸਰੀਰ ਤੇ ਨਾੜੀਆਂ ਦੀ ਛੱਤ ਪਈ ਹੋਈ ਹੈ, ਭਾਵ ਮਨ ਰੂਪੀ ਕੋਠੇ ਦੀ ਜਗ੍ਹਾ ਉੱਤੇ ਪੱਚੀ ਪ੍ਰਕਿਰਤੀਆਂ **ਵਾ:** ਛੇ ਚੱਕਰ ਰੂਪੀ ਸ਼ਤੀਰ (ਕੜੀਆਂ) ਪਾਏ ਹੋਏ ਹਨ, ਸਥੂਲ ਦੇਹ ਰੂਪੀ ਛੱਤ ਪਈ ਹੋਈ ਹੈ, ਦੇਹ ਅਧਿਆਸ ਰੂਪੀ ਕੁੰਡਾ ਤੇ ਭਰਮ ਰੂਪੀ ਦਰਵਾਜ਼ਾ ਲਾਇਆ ਹੋਇਆ ਹੈ ਤੇ ਅਗਿਆਨ ਰੂਪੀ ਜਿੰਦਰਾ ਲੱਗਾ ਹੋਇਆ ਹੈ, ਇਸ ਅਗਿਆਨ ਰੂਪੀ ਨਿਵਲੁ = ਜਿੰਦਰਾ ਖੋਲ੍ਹਣ ਵਾਸਤੇ ਬ੍ਰਹਮ ਵਿੱਦਿਆ ਰੂਪੀ ਕੁੰਜੀ ਗੁਰਾਂ ਦੇ ਪਾਹੂ = ਕੋਲ ਹੈ।

## ਨਾਨਕ, ਗੁਰ ਬਿਨੁ ਮਨ ਕਾ ਤਾਕੁ ਨ ਉਘੜੈ; ਅਵਰ ਨ ਕੁੰਜੀ ਹਥਿ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰ = ਸਤਿਗੁਰਾਂ ਤੋਂ ਬਿਨੁ = ਬਗ਼ੈਰ ਮਨ = ਚਿੱਤ ਕਾ = ਦਾ ਭਰਮ ਰੂਪੀ ਤਾਕੁ = ਦਰਵਾਜ਼ਾ ਉਘੜੈ = ਖੁੱਲ੍ਹਦਾ ਨ = ਨਹੀਂ ਹੈ, ਅਵਰ = ਹੋਰ ਕਿਸੇ ਦੇ ਵੀ ਹੱਥ ਵਿਚ ਬ੍ਰਹਮ ਵਿੱਦਿਆ ਰੂਪੀ ਕੁੰਜੀ ਨਹੀਂ ਹੈ।

**ਅਥਵਾ** ਮਨ ਰੂਪੀ ਕੋਠੇ ਉੱਤੇ ਸਰੀਰ ਰੂਪੀ ਛੱਤ ਪਈ ਹੋਈ ਹੈ, ਛੇ ਚੱਕਰਾਂ ਰੂਪੀ ਜਿੰਦਰਾ ਵੱਜਿਆ ਹੋਇਆ ਹੈ, ਇਸ ਨੂੰ ਖੋਲ੍ਹਣ ਵਾਲੀ ਪ੍ਰਾਣਾਯਾਮ ਰੂਪੀ ਕੁੰਜੀ ਜੋਗਾ ਅਭਿਆਸੀ ਗੁਰੂ ਦੇ ਕੋਲ ਹੈ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋਗਾ ਅਭਿਆਸੀ ਗੁਰਾਂ ਤੋਂ ਬਗ਼ੈਰ ਮਨ ਦਾ ਛੇ ਚੱਕਰਾਂ, ਭਰਮ ਰੂਪੀ

---

੧. ਇਸੇ ਪੰਜ ਤੁਕੀ ਪਉੜੀ ਨਾਲ ਸਾਰੰਗ ਵਾਰ ਦੀ ਪੰਜ ਤੁਕੀ ਪਉੜੀ ਮਿਲਾਈ ਗਈ ਹੈ। ਜੈਸਾ ਕਿ :
**ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ॥**

ਤਾਕੁ = ਪਰਦਾ ਨਹੀਂ ਖੁੱਲ੍ਹਦਾ, ਕਿਉਂਕਿ ਜੋਗਾ ਅਭਿਆਸੀ ਗੁਰੂ ਤੋਂ ਬਗ਼ੈਰ ਹੋਰ ਕਿਸੇ ਦੇ ਹੱਥ ਪ੍ਰਾਣਾਯਾਮ ਰੂਪੀ ਕੁੰਜੀ ਨਹੀਂ ਹੈ॥੧॥

## ਮਹਲਾ ੧ ॥

***ਪ੍ਰਸ਼ਨ*** *: ਪਹਿਲੇ ਸਤਿਗੁਰਾਂ ਨੂੰ ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਜੀ ਪਰਮੇਸ਼ਰ ਕਿਵੇਂ ਪ੍ਰਸੰਨ ਹੁੰਦਾ ਹੈ?*
***ਗੁਰ-ਉੱਤਰ*** *:*

## ਨ ਭੀਜੈ; ਰਾਗੀ ਨਾਦੀ ਬੇਦਿ ॥

ਹੇ ਭਾਈ! ਪ੍ਰੇਮ ਤੋਂ ਬਿਨਾਂ ਰਾਗੀ ਬਣ ਕੇ ਰਾਗ ਗਾਉਣ ਨਾਲ, ਨਾਦੀ = ਨਾਦ ਦੇ ਵਜਾਉਣ ਨਾਲ ਬੇਦਿ = ਵੇਦਾਂ ਦੇ ਪਾਠ ਪੜ੍ਹਨ ਨਾਲ ਉਹ ਪਰਮੇਸ਼ਰ ਭੀਜੈ = ਭਿੱਜਦਾ, ਪ੍ਰਸੰਨ ਨ = ਨਹੀਂ ਹੁੰਦਾ।

## ਨ ਭੀਜੈ; ਸੁਰਤੀ ਗਿਆਨੀ ਜੋਗਿ ॥ ਨ ਭੀਜੈ; ਸੋਗੀ ਕੀਤੈ ਰੋਜਿ ॥

ਸੁਰਤੀ = ਸੁਰਤੀਆਂ ਦੇ ਪੜ੍ਹਨ ਨਾਲ **ਵਾ**: ਧਿਆਨ ਲਾਉਣ ਵਾਲੇ ਪੁਰਖਾਂ ਵਾਂਗ ਸੁਰਤੀ ਟਿਕਾਉਣ ਨਾਲ **ਵਾ**: (ਸੁ + ਰਤੀ) ਸੁ = ਸ੍ਰੇਸ਼ਟ ਪਦਾਰਥਾਂ ਵਿਚ ਰਤੀ = ਪ੍ਰੀਤੀ ਕਰਨ ਨਾਲ, ਜੋਗਾ ਅਭਿਆਸ ਕਰਨ ਨਾਲ **ਵਾ**: ਸੁਰਤੀ ਗਿਆਨੀ = ਸ਼ਾਸਤਰ ਗਿਆਨ ਨਾਲ ਜਾਂ ਮੰਤਰ ਜੋਗ, ਹੱਠ ਜੋਗ ਆਦਿ ਨਾਲ ਵੀ ਪਰਮੇਸ਼ਰ ਭੀਜੈ = ਪ੍ਰਸੰਨ ਨ = ਨਹੀਂ ਹੁੰਦਾ।

ਹਰ ਰੋਜ਼ ਸੋਗੀ = ਗ਼ਮਲੀਨਤਾ ਵਾਲੀਆਂ ਗੱਲਾਂ ਕਰਨ ਨਾਲ ਵੀ ਪਰਮੇਸ਼ਰ ਭੀਜੈ = ਪ੍ਰਸੰਨ ਨ = ਨਹੀਂ ਹੁੰਦਾ।

## ਨ ਭੀਜੈ; ਰੂਪੀ ਮਾਲੀ ਰੰਗਿ ॥ ਨ ਭੀਜੈ; ਤੀਰਥਿ ਭਵਿਐ ਨੰਗਿ ॥

ਸੁੰਦਰ ਰੂਪੀ = ਸਰੂਪ, ਮਾਲੀ = ਹਾਥੀ ਘੋੜੇ ਆਦਿ ਧਨ ਮਾਲ ਨੂੰ ਇਕੱਤਰ ਕਰਨ ਨਾਲ ਜਾਂ ਹਾਥੀ ਘੋੜੇ ਆਦਿ ਮਾਲ ਦਾ ਵਪਾਰ ਕਰਨ ਨਾਲ ਤੇ ਅਨੇਕ ਪ੍ਰਕਾਰ ਦੇ ਰੰਗਿ = ਕੌਤਕ ਵੇਖਣ ਨਾਲ ਵੀ ਪਰਮੇਸ਼ਰ ਭੀਜੈ = ਪ੍ਰਸੰਨ ਨ = ਨਹੀਂ ਹੁੰਦਾ।

ਤੀਰਥਾਂ 'ਤੇ ਭਵਿਐ = ਫਿਰਨ ਨਾਲ ਅਤੇ ਨੰਗਿ = ਬਸਤਰ ਤੋਂ ਬਿਨਾਂ ਰਹਿਣ ਨਾਲ **ਵਾ**: ਨੰਗੇ ਪੈਰੀਂ ਤੀਰਥਾਂ ਉੱਤੇ ਫਿਰਨ ਨਾਲ ਵੀ ਉਹ ਪਰਮੇਸ਼ਰ ਭੀਜੈ = ਭਿੱਜਦਾ, ਪ੍ਰਸੰਨ ਨ = ਨਹੀਂ ਹੁੰਦਾ।

## ਨ ਭੀਜੈ; ਦਾਤੀ ਕੀਤੈ ਪੁੰਨਿ ॥ ਨ ਭੀਜੈ; ਬਾਹਰਿ ਬੈਠਿਆ ਸੁੰਨਿ ॥

ਦਾਤੀ = ਦਾਤਾ ਬਣ ਕੇ ਸੋਨਾ, ਚਾਂਦੀ ਆਦਿ ਦੀ ਦਾਤ ਦੇਣ ਦੇ ਨਾਲ **ਵਾ**: ਦਾਤੀ = ਦਾਨ ਤੇ ਪੁੰਨ ਕੀਤੈ = ਕੀਤਿਆਂ ਵੀ ਪਰਮੇਸ਼ਰ ਭੀਜੈ = ਪ੍ਰਸੰਨ ਨ = ਨਹੀਂ ਹੁੰਦਾ।

ਬਾਹਰ ਸੁੰਨਿ = ਉਜਾੜਾਂ ਵਿਚ ਬੈਠਿਆ = ਬੈਠਣ ਨਾਲ **ਵਾ**: ਸੁੰਨਿ = ਦਸਵੇਂ ਦੁਆਰ ਵਿਚ ਪ੍ਰਾਣ ਚੜ੍ਹਾਅ ਕੇ ਬੈਠਣ ਨਾਲ **ਵਾ**: ਸੁੰਨਿ = ਜੜ੍ਹ ਜਿਹਾ ਹੋ ਕੇ ਬੈਠਣ ਨਾਲ ਵੀ ਪਰਮੇਸ਼ਰ ਭੀਜੈ = ਪ੍ਰਸੰਨ ਨ = ਨਹੀਂ ਹੁੰਦਾ।

## ਨ ਭੀਜੈ; ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ; ਕੇਤੇ ਹੋਵਹਿ ਧੂੜ ॥

ਭੇੜਿ = ਜੰਗ (ਯੁੱਧ) ਭੂਮੀ ਵਿਚ ਸੂਰ = ਸੂਰਮਾ ਬਣ ਕੇ ਆਪਸ ਵਿਚ ਆਹਮੋ-ਸਾਹਮਣੇ ਭਿੜਿ = ਲੜ ਕੇ ਮਰਹਿ = ਮਰਨ ਨਾਲ ਵੀ ਪਰਮੇਸ਼ਰ ਭੀਜੈ = ਪ੍ਰਸੰਨ ਨਹੀਂ ਹੁੰਦਾ।

ਕੇਤੇ = ਕਿਤਨੇ ਹੀ ਸਰੀਰ ਉੱਤੇ ਧੂੜ = ਖਾਕ ਮਲਣ ਵਾਲੇ ਹੋਵਹਿ = ਹੋਏ ਫਿਰਦੇ ਹਨ **ਵਾ:** ਕੇਤੇ = ਕਿਤਨਿਆਂ ਦੀ ਪ੍ਰੇਮ ਤੋਂ ਬਿਨਾਂ ਚਰਨ ਧੂੜ ਹੋਵਹਿ = ਹੋਣ ਕਰਕੇ ਵੀ ਪਰਮੇਸ਼ਰ ਭੀਜੈ = ਪ੍ਰਸੰਨ ਨ = ਨਹੀਂ ਹੁੰਦਾ।

## ਲੇਖਾ ਲਿਖੀਐ; ਮਨ ਕੈ ਭਾਇ ॥ ਨਾਨਕ; ਭੀਜੈ ਸਾਚੈ ਨਾਇ ॥੨॥

ਮਨ ਕੈ = ਦੇ ਭਾਇ = ਪ੍ਰੇਮ **ਵਾ:** ਮਨ ਦੀ ਭਾਵਨਾ ਦੇ ਅਨੁਸਾਰ ਦੁਨੀਆਂ ਲੇਖਾਂ ਨੂੰ ਲਿਖੀਐ = ਲਿਖਦੀ ਫਿਰਦੀ ਹੈ **ਵਾ:** ਸਭ ਜੀਵਾਂ ਦਾ ਲੇਖਾ ਲਿਖਿਆ ਜਾਂਦਾ ਹੈ।

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਫੇਰ ਪਰਮੇਸ਼ਰ ਪ੍ਰਸੰਨ ਕਿਵੇਂ ਹੁੰਦਾ ਹੈ ?*

***ਗੁਰ-ਉੱਤਰ :***

**ਨਾਨਕ; ਭੀਜੈ ਸਾਚੈ ਨਾਇ ॥**

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਚੈ = ਸੱਚੇ ਨਾਇ = ਨਾਮ ਨੂੰ ਜਪਣੇ ਕਰਕੇ ਹੀ ਪਰਮੇਸ਼ਰ ਭੀਜੈ = ਪ੍ਰਸੰਨ ਹੁੰਦਾ ਹੈ।

**ਅਥਵਾ** ਜੇ ਮਨ ਦੀ ਭਾਵਨਾ ਅਨੁਸਾਰ ਪ੍ਰੇਮ ਰੂਪੀ ਕਲਮ ਲੈ ਕੇ ਅੰਤਹਕਰਣ ਰੂਪੀ ਕਾਗ਼ਜ਼ ਉੱਤੇ ਬ੍ਰਹਮ ਗਿਆਨ ਦੀ ਪ੍ਰਾਪਤੀ ਰੂਪ ਲੇਖੇ ਨੂੰ ਲਿਖਣਾ ਕਰੀਏ। ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ, ਫੇਰ ਸੱਚੇ ਨਾਮ ਨੂੰ ਜਪਣ ਕਰਕੇ ਪਰਮੇਸ਼ਰ ਪ੍ਰਸੰਨ ਹੋ ਜਾਂਦਾ ਹੈ ॥੨॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਕੀ ਵੇਦਾਂ ਆਦਿ ਦੀ ਵਿੱਦਿਆ ਪੜ੍ਹਨ ਨਾਲ ਪਰਮੇਸ਼ਰ ਦਾ ਅੰਤ ਪਾਇਆ ਜਾ ਸਕਦਾ ਹੈ ?*

***ਗੁਰ-ਉੱਤਰ :***

## ਮਹਲਾ ੧ ॥
## ਨਵ ਛਿਅ ਖਟ ਕਾ; ਕਰੇ ਬੀਚਾਰੁ ॥

ਜਿਹੜੇ ਪੁਰਖ ਨਵ = ਨੌਂ ਪ੍ਰਕਾਰ ਦੀ ਵਿਆਕਰਣ, ਛਿਅ = ਛੇ ਸ਼ਾਸਤ੍ਰ ਖਟ = ਛੇ ਵੇਦ ਦੇ ਅੰਗਾਂ ਕਾ = ਦਾ ਬੀਚਾਰ = ਵੀਚਾਰ ਕਰੇ = ਕਰਦੇ ਹਨ।

## ਨਿਸਿ ਦਿਨ ਉਚਰੈ; ਭਾਰ ਅਠਾਰ ॥

ਭਾਰ ਅਠਾਰ = ਅਠਾਰਾਂ ਪਰਵਾਂ ਵਾਲੇ ਮਹਾਂਭਾਰਤ ਨੂੰ ਨਿਸਿ = ਰਾਤ ਦਿਨ ਉਚਰੈ = ਉਚਾਰਦੇ ਹਨ **ਵਾ:** ਅਠਾਰਾਂ ਪੁਰਾਣਾਂ ਨੂੰ ਰਾਤ ਦਿਨੇ ਉਚਾਰਦੇ ਹਨ ਅਤੇ ਆਪਣੇ ਆਪ ਨੂੰ ਭਾਰ = ਅਧਿਸ਼ਠਾਨ ਮੰਨ ਕੇ ਸਰੂਪ ਦੀ ਭਾਲ ਵਿਚ ਲੱਗੇ ਰਹਿੰਦੇ ਹਨ।

## ਤਿਨਿ ਭੀ; ਅੰਤੁ ਨ ਪਾਇਆ ਤੋਹਿ ॥
## ਨਾਮ ਬਿਹੂਣ; ਮੁਕਤਿ ਕਿਉ ਹੋਇ ॥

ਹੇ ਪਰਮੇਸ਼ਰ ! ਤਿਨਿ = ਉਨ੍ਹਾਂ ਨੇ ਭੀ = ਵੀ ਤੋਹਿ = ਤੇਰਾ ਅੰਤੁ = ਅਖ਼ੀਰ ਨ = ਨਹੀਂ ਪਾਇਆ = ਪਾਉਣਾ ਕੀਤਾ। ਇਸ ਲਈ ਹੇ ਪਰਮੇਸ਼ਰ ! ਤੇਰੇ ਨਾਮ ਤੋਂ ਬਿਹੂਣ = ਬਿਨਾਂ ਇਹ ਜੀਵ ਕਿਉ = ਕਿਵੇਂ ਮੁਕਤ ਹੋਇ = ਹੋ ਸਕਦਾ ਹੈ, ਭਾਵ ਨਹੀਂ ਹੋ ਸਕਦਾ।

## ਨਾਭਿ ਵਸਤ; ਬ੍ਰਹਮੈ ਅੰਤੁ ਨ ਜਾਣਿਆ ॥

ਨਾਭਿ = ਨਾਭੀ ਵਿਚ ਵਸਤ = ਵੱਸਦੇ ਕਮਲ ਦੀ ਨਾਲੀ ਦਾ ਬ੍ਰਹਮੈ = ਬ੍ਰਹਮਾ ਨੇ ਅੰਤ ਨ = ਨਹੀਂ ਜਾਣਿਆ, ਤੇਰਾ ਅੰਤ ਕਿਵੇਂ ਕੋਈ ਜਾਣ ਸਕਦਾ ਹੈ।

## ਗੁਰਮੁਖਿ ਨਾਨਕ; ਨਾਮੁ ਪਛਾਣਿਆ ॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਗੁਰਮੁਖ ਜਨਾਂ ਨੇ ਗੁਰਾਂ ਦੁਆਰਾ ਤੇਰੇ ਨਾਮ ਨੂੰ ਪਛਾਣਿਆ = ਪਛਾਣਨਾ ਕੀਤਾ ਹੈ **ਵਾ:** ਗੁਰ ਉਪਦੇਸ਼ ਦੁਆਰਾ ਤੇਰੇ ਨਾਮ ਦੀ ਕਮਾਈ ਕਰਕੇ ਤੇਰਾ ਸਰੂਪ ਪਛਾਣਨਾ ਕੀਤਾ ਹੈ ॥੩॥

## ਪਉੜੀ ॥

## ਆਪੇ ਆਪਿ ਨਿਰੰਜਨਾ; ਜਿਨਿ ਆਪੁ ਉਪਾਇਆ ॥

ਹੇ ਭਾਈ ! ਜਿਨਿ = ਜਿਸ ਪਰਮੇਸ਼ਰ ਨੇ ਆਪਣੇ ਆਪ ਤੋਂ ਸੰਸਾਰ ਦੀ ਰਚਨਾ ਨੂੰ ਉਪਾਇਆ = ਪੈਦਾ ਕੀਤਾ ਹੈ, ਉਹ ਆਪੇ ਆਪਿ = ਆਪਣਾ ਆਪ ਰੂਪ ਨਿਰੰਜਨਾ = ਸ਼ੁੱਧ ਸਰੂਪ ਪਰਮੇਸ਼ਰ ਹੀ ਹੈ।

## ਆਪੇ ਖੇਲੁ ਰਚਾਇਓਨੁ; ਸਭੁ ਜਗਤੁ ਸਬਾਇਆ ॥

ਉਸ ਨੇ ਆਪੇ = ਆਪ ਹੀ ਸਥੂਲ ਤੱਤਾਂ ਦੁਆਰਾ ਸਥੂਲ ਸ੍ਰਿਸ਼ਟੀ ਤੇ ਸੂਖਮ ਤੱਤਾਂ ਦੁਆਰਾ ਸੂਖਮ ਸ੍ਰਿਸ਼ਟੀ ਦਾ ਖੇਲ = ਕੌਤਕ ਰਚਾਇਓਨੁ = ਰਚਾਉਣਾ ਕੀਤਾ ਹੈ ਅਤੇ ਆਪ ਹੀ ਸਭੁ = ਸਾਰੇ ਜਗਤੁ = ਸੰਸਾਰ ਵਿਚ ਸਾਰੇ ਜੀਵਾਂ ਅੰਦਰ ਸਾਖੀ ਰੂਪ ਹੋ ਕੇ ਸਬਾਇਆ = ਆਇਆ ਹੋਇਆ ਹੈ।

## ਤ੍ਰੈ ਗੁਣ ਆਪਿ ਸਿਰਜਿਅਨੁ; ਮਾਇਆ ਮੋਹੁ ਵਧਾਇਆ ॥

ਪਰਮੇਸ਼ਰ ਨੇ ਆਪ ਹੀ ਤ੍ਰੈ ਗੁਣ = ਤਿੰਨ ਰਜੋ, ਤਮੋ, ਸਤੋ ਗੁਣਾਂ ਨੂੰ ਸਿਰਜਿਅਨੁ = ਸਿਰਜਨਾ, ਰਚਿਆ ਹੈ **ਵਾ:** ਰਾਜਸੀ, ਤਾਮਸੀ, ਸਾਂਤਕੀ ਸੁਭਾਅ ਵਾਲੇ ਪੁਰਖਾਂ ਨੂੰ ਰਚਿਆ ਹੈ ਤੇ ਆਪ ਹੀ ਉਸਨੇ ਤਿੰਨਾਂ ਗੁਣਾਂ ਵਾਲੇ ਪੁਰਖਾਂ ਦੇ ਅੰਦਰ ਮਾਇਆ ਦਾ ਮੋਹ ਵਧਾਇਆ = ਵਧਾਉਣਾ ਕੀਤਾ ਹੈ।

## ਗੁਰਪਰਸਾਦੀ ਉਬਰੇ; ਜਿਨ ਭਾਣਾ ਭਾਇਆ ॥

ਜਿਨ = ਜਿਨ੍ਹਾਂ ਨੂੰ ਪਰਮੇਸ਼ਰ ਦਾ ਭਾਣਾ = ਹੁਕਮ ਭਇਆ = ਚੰਗਾ ਲੱਗਿਆ ਹੈ, ਉਹ ਗੁਰਮੁਖ ਜਨ ਗੁਰਪਰਸਾਦੀ = ਗੁਰਾਂ ਦੀ ਕਿਰਪਾ ਦੁਆਰਾ ਮਾਇਆ ਦੇ ਮੋਹ ਤੋਂ ਉਬਰੇ = ਬਚੇ ਹਨ।

## ਨਾਨਕ ਸਚੁ ਵਰਤਦਾ; ਸਭ ਸਚਿ ਸਮਾਇਆ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਸਚੁ = ਸੱਚਾ ਨਾਮ ਵਰਤਦਾ = ਵਰਤ ਰਿਹਾ ਹੈ, ਉਨ੍ਹਾਂ ਨੂੰ ਸਭ = ਸਾਰਿਆਂ ਵਿਚ ਸਚਿ = ਸੱਚਾ ਪਰਮੇਸ਼ਰ ਹੀ ਸਮਾਇਆ ਹੋਇਆ ਦ੍ਰਿਸ਼ਟੀ ਆਉਂਦਾ ਹੈ **ਵਾ:** ਗੁਰਮੁਖ ਜਨਾਂ ਦੀ ਐਸੀ ਦ੍ਰਿਸ਼ਟੀ ਖੁੱਲ੍ਹ ਜਾਂਦੀ ਹੈ ਕਿ ਉਨ੍ਹਾਂ ਨੂੰ ਸੱਚਾ ਹੀ ਸਭ ਥਾਵਾਂ ਵਿਚ ਵਰਤਦਾ ਦਿੱਸਦਾ ਹੈ ਅਤੇ ਸਾਰਿਆਂ ਦੇ ਹਿਰਦੇ ਵਿਚ ਵੀ ਸਚਾ ਹੀ ਸਮਾਇਆ ਹੋਇਆ ਦਿੱਸਦਾ ਹੈ **ਵਾ:** ਜੋ ਸੱਚਾ ਪਰਮੇਸ਼ਰ ਸਭ ਥਾਵਾਂ ਵਿਚ ਵਰਤਦਾ ਹੈ, ਨਾਮ ਜਪਣ ਵਾਲੇ ਸਭੁ = ਸਾਰੇ ਭਗਤਾਂ ਦਾ ਮਨ ਉਸ ਦੇ ਸੱਚ ਸਰੂਪ ਵਿਚ ਸਮਾਇਆ = ਸਮਾਅ, ਮਿਲ ਜਾਂਦਾ ਹੈ ॥੧॥

[ਅੰਗ ੧੨੩੮]

## ਸਲੋਕ ਮਹਲਾ ੨ ॥

ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਖਡੂਰ ਸਾਹਿਬ ਦੀਵਾਨ ਵਿਚ ਸਜੇ ਹੋਏ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ। ਸਿੱਖਾਂ ਨੇ ਸਤਿਗੁਰਾਂ ਦੇ ਪਾਸੋਂ ਪ੍ਰਮਾਰਥ ਦੀ ਵੀਚਾਰ ਪੁੱਛਣ ਬਾਬਤ ਬੇਨਤੀ ਕੀਤੀ ਕਿ ਇਹ ਭਿੰਨ ਭਿੰਨ ਸ੍ਰਿਸ਼ਟੀ ਨੂੰ ਕੌਣ ਰੱਖਦਾ ਹੈ ਤੇ ਪੈਦਾ ਕੌਣ ਕਰਦਾ ਹੈ। ਇਹ ਸੁਣ ਕੇ ਸਤਿਗੁਰੂ ਸਾਹਿਬ ਜੀ ਨੇ ਇਹ ਸਲੋਕ ਉਚਾਰਨ ਕੀਤਾ।

## ਆਪਿ ਉਪਾਏ ਨਾਨਕਾ; ਆਪੇ ਰਖੈ ਵੇਕ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਪਰਮੇਸ਼ਰ ਆਪ ਹੀ ਸ੍ਰਿਸ਼ਟੀ ਨੂੰ ਉਪਾਏ = ਪੈਦਾ ਕਰਦਾ ਹੈ ਅਤੇ ਆਪ ਹੀ ਸਭ ਨੂੰ ਵੇਕ = ਭਿੰਨ-ਭਿੰਨ, ਰਾਜਸੀ, ਤਾਮਸੀ, ਸਾਂਤਕੀ ਸੁਭਾਅ ਵਾਲੇ ਬਣਾ ਕੇ ਰਖੈ = ਰੱਖਦਾ ਹੈ।

## ਮੰਦਾ ਕਿਸ ਨੋ ਆਖੀਐ; ਜਾਂ ਸਭਨਾ ਸਾਹਿਬੁ ਏਕੁ ॥

ਹੇ ਭਾਈ ! ਜਾਂ = ਜਦ ਸਭਨਾ = ਸਾਰਿਆਂ ਦਾ ਪ੍ਰੇਰਕ ਸਾਹਿਬੁ = ਮਾਲਕ ਪਰਮੇਸ਼ਰ ਏਕੁ = ਇਕ ਹੈ, ਤਦ ਫੇਰ ਮੰਦਾ = ਭੈੜਾ ਕਿਸ ਨੋ = ਕਿਸ ਦੇ ਤਾਈਂ ਆਖੀਐ = ਕਥਨ ਕਰੀਏ, ਭਾਵ ਕਿਹਾ ਨਹੀਂ ਜਾ ਸਕਦਾ।

## ਸਭਨਾ ਸਾਹਿਬੁ ਏਕੁ ਹੈ; ਵੇਖੈ ਧੰਧੈ ਲਾਇ ॥

ਹੇ ਭਾਈ ! ਉੱਤਮ, ਮੱਧਮ, ਕਨਿਸ਼ਟ ਆਦਿ ਸਭਨਾ = ਸਾਰਿਆਂ ਜੀਵਾਂ ਦਾ ਸਾਹਿਬੁ = ਮਾਲਕ ਏਕੁ = ਇਕ ਪਰਮੇਸ਼ਰ ਹੀ ਹੈ, ਪਰਮੇਸ਼ਰ ਜੀਵਾਂ ਦੀ ਵਾਸ਼ਨਾ ਅਨੁਸਾਰ ਉਹੋ ਜਿਹੇ ਧੰਧੈ = ਧੰਧਿਆਂ ਵਿਚ ਲਾਇ = ਲਾ ਕੇ ਆਪ ਹੀ ਸਭਨਾਂ ਦੇ ਚੰਗੇ ਮੰਦੇ ਕੀਤੇ ਕਰਮਾਂ ਨੂੰ ਵੇਖ ਰਿਹਾ ਹੈ।

## ਕਿਸੈ ਥੋੜਾ, ਕਿਸੈ ਅਗਲਾ; ਖਾਲੀ ਕੋਈ ਨਾਹਿ ॥

ਕਿਸੇ ਜੀਵ ਨੂੰ ਪਦਾਰਥਾਂ ਦਾ ਥੋੜਾ = ਘੱਟ ਸੁਖ ਹੈ, ਕਿਸੇ ਨੂੰ ਪਦਾਰਥਾਂ ਦਾ ਅਗਲਾ = ਬਹੁਤਾ ਸੁਖ ਹੈ, ਖ਼ਾਲੀ ਕੋਈ ਵੀ ਨਾਹਿ = ਨਹੀਂ ਹੈ।

**ਅਥਵਾ** ਕਿਸੇ ਤਾਮਸੀ ਪੁਰਖ ਨੂੰ ਵਿਸ਼ੇ ਸੁਖ ਥੋੜ੍ਹਾ ਜਿਹਾ ਪ੍ਰਤੀਤ ਹੁੰਦਾ ਹੈ ਤੇ ਕਿਸੇ ਤੱਤਬੇਤੇ ਨੂੰ ਅਗਲਾ = ਬਹੁਤਾ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ, ਉਸ ਪਰਮੇਸ਼ਰ ਦੇ ਦਰ ਤੋਂ ਕੋਈ ਵੀ ਖ਼ਾਲੀ ਨਹੀਂ ਜਾਂਦਾ, ਕਿਉਂਕਿ ਉਸ ਦੀ ਸੱਤਾ ਦੇ ਆਸਰੇ ਹੀ ਸਾਰੇ ਕਰਤਬ ਹੋ ਰਹੇ ਹਨ।

ਅਰਥਾਤ ਜਿਵੇਂ ਸੂਰਜ ਦੀ ਰੋਸ਼ਨੀ ਧਰਤੀ ਉੱਤੇ ਪੈਂਦੀ ਹੈ, ਪਾਣੀ ਉੱਤੇ ਵੀ ਪੈਂਦੀ ਹੈ **ਵਾ:** ਪਾਣੀ ਉੱਤੇ ਸੂਰਜ ਦਾ ਪ੍ਰਤਿਬਿੰਬ ਪੈਂਦਾ ਹੈ ਅਤੇ ਜਦ ਆਰਸ਼ੀ ਸ਼ੀਸ਼ੇ ਉੱਤੇ ਸੂਰਜ ਦੀ ਰੋਸ਼ਨੀ ਪੈਂਦੀ ਹੈ ਤਾਂ ਅੱਗ ਪੈਦਾ ਹੋ ਜਾਂਦੀ ਹੈ, ਇਉਂ ਸੂਰਜ ਦੀ ਰੋਸ਼ਨੀ ਇੱਕੋ ਹੀ ਹੈ ਪਰ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਕੰਮ ਕਰਦੀ ਹੈ, ਇਸੇ ਪ੍ਰਕਾਰ ਪਰਮੇਸ਼ਰ ਤਾਂ ਸਾਰਿਆਂ ਵਿਚ ਇੱਕੋ ਜਿਹਾ ਵਿਆਪਕ ਹੈ, ਜੋ ਤਾਮਸੀ ਸ੍ਰਿਸ਼ਟੀ ਭਾਵ ਜੜ੍ਹ ਵਸਤੂਆਂ ਵਿਚ ਹੈਤਾ ਰੂਪ ਹੋ ਕੇ ਪ੍ਰਤੀਤ ਹੋ ਰਿਹਾ ਹੈ ਅਤੇ ਆਰਸੀ ਸ਼ੀਸ਼ੇ ਦੀ ਨਿਆਈਂ ਬ੍ਰਹਮ ਗਿਆਨੀਆਂ ਦੇ ਅੰਦਰ ਅਨੰਦ ਸਰੂਪ ਹੋ ਕੇ ਗਿਆਨ ਰੂਪੀ ਅਗਨੀ ਦੇ ਸਹਿਤ ਅਗਿਆਨ ਦੇ ਕੂੜੇ ਕਚਰੇ ਨੂੰ ਸਾੜਨ ਵਾਲਾ ਹੋ ਕੇ ਸਖਿਆਤ ਹੋ ਰਿਹਾ ਹੈ **ਵਾ:** ਜਿਵੇਂ ਆਰਸੀ ਸ਼ੀਸ਼ੇ ਵਿਚ ਇਕ ਅੱਗ ਪੈਦਾ ਕਰਨ ਦੀ ਸ਼ਕਤੀ

ਹੁੰਦੀ ਹੈ, ਦੂਸਰਾ ਸੂਰਜ ਦਾ ਪ੍ਰਤਿਬਿੰਬ ਵੀ ਪੈਂਦਾ ਹੈ, ਤੀਸਰੀ ਧੁੱਪ ਵੀ ਪੈਂਦੀ ਹੈ। ਇਸੇ ਪ੍ਰਕਾਰ ਪ੍ਰਭੂ ਬ੍ਰਹਮ ਬੇਤਿਆਂ ਦੇ ਅੰਦਰ ਸੱਤ ਚਿੱਤ ਅਨੰਦ, ਸਰੂਪ ਲਖਣ ਦੇ ਸਹਿਤ ਸਖਿਆਤ ਰਹਿੰਦਾ ਹੈ।

## ਆਵਹਿ ਨੰਗੇ, ਜਾਹਿ ਨੰਗੇ; ਵਿਚੇ ਕਰਹਿ ਵਿਥਾਰ ॥

ਜੀਵ ਸੰਸਾਰ ਵਿਚ ਜਨਮ ਲੈਣ ਵੇਲੇ ਨੰਗੇ ਭਾਵ ਖ਼ਾਲੀ ਹੱਥ ਆਵਹਿ = ਆਉਂਦੇ ਹਨ, ਤੇ ਮਰਨ ਤੋਂ ਬਾਅਦ ਪ੍ਰਲੋਕ ਨੂੰ ਵੀ ਨੰਗੇ ਭਾਵ ਖ਼ਾਲੀ ਹੱਥ ਹੀ ਜਾਹਿ = ਜਾਂਦੇ ਹਨ, ਵਿਚੇ = ਵਿਚਕਾਰਲੇ ਸਮੇਂ ਵਿਚ ਹੀ ਧੰਧਿਆਂ ਦਾ ਵਿਥਾਰ = ਵਿਸਤਾਰ (ਖਲਾਰਾ) ਕਰਹਿ = ਕਰਦੇ ਰਹਿੰਦੇ ਹਨ।

## ਨਾਨਕ, ਹੁਕਮੁ ਨ ਜਾਣੀਐ; ਅਗੈ ਕਾਈ ਕਾਰ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਇਥੇ ਇਸ ਲੋਕ ਵਿਚ ਪਰਮੇਸ਼ਰ ਦਾ ਹੁਕਮੁ = ਭਾਣਾ ਮੰਨਣਾ ਨ = ਨਹੀਂ ਜਾਣੀਐ = ਜਾਣਿਆ, ਉਨ੍ਹਾਂ ਤੋਂ ਅਗੈ = ਅੱਗੇ ਕਾਈ = ਕਿਹੜੀ ਚੰਗੀ ਕਾਰ ਹੋਵੇਗੀ **ਵਾ:** ਅੱਗੇ ਕਿਹੜੀ ਕਲਿਆਣ ਕਰਨ ਵਾਲੀ ਕਾਰ ਹੋਵੇਗੀ ਭਾਵ ਕੋਈ ਵੀ ਨਹੀਂ ਹੋਵੇਗੀ **ਵਾ:** ਜਿਹੜੇ ਪਰਮੇਸ਼ਰ ਦਾ ਹੁਕਮੁ = ਭਾਣਾ ਮੰਨਣਾ ਨਹੀਂ ਜਾਣਦੇ, ਉਨ੍ਹਾਂ ਦੇ ਅੱਗੇ ਅਵਿੱਦਿਆ ਰੂਪੀ ਕਾਰ ਕਰਕੇ ਕਾਲੇ ਮਨ ਰਹਿਣਗੇ **ਵਾ:** ਅਗੈ = ਅੱਗੇ ਪ੍ਰਲੋਕ ਵਿਚ ਸਹਾਇਤਾ ਕਰਨ ਵਾਲੀ ਕਾਈ = ਕਿਹੜੀ ਕਾਰ ਹੈ, ਭਾਵ ਅੱਗੇ ਪ੍ਰਲੋਕ ਵਿਚ ਸਹਾਇਤਾ ਕਰਨ ਵਾਲੀ ਭਗਤੀ ਰੂਪ ਕਾਰ ਹੈ, ਜਿਹੜੇ ਕਰਨਗੇ ਉਹ ਪ੍ਰਵਾਨ ਹੋ ਜਾਣਗੇ ॥੧॥

## ਮਹਲਾ ੧ ॥

## ਜਿਨਸਿ ਥਾਪਿ, ਜੀਆਂ ਕਉ ਭੇਜੈ; ਜਿਨਸਿ ਥਾਪਿ, ਲੈ ਜਾਵੈ ॥

ਪਰਮੇਸ਼ਰ ਆਪ ਸੂਖਮ, ਸਥੂਲ, ਕਾਰਨ ਦੇਹਾਂ ਰੂਪੀ ਜਿਨਸਾਂ ਨੂੰ ਥਾਪਿ = ਇਸਥਿਤ ਕਰਕੇ ਜੀਆਂ = ਜੀਵਾਂ ਕਉ = ਨੂੰ ਸੰਸਾਰ ਵਿਚ ਭੇਜੈ = ਭੇਜਦਾ ਹੈ ਅਤੇ ਫੇਰ ਆਪ ਥਾਪਿ = ਪੈਦਾ ਕੀਤੀਆਂ ਹੋਈਆਂ ਜਿਨਸਾਂ ਨੂੰ ਲੈ ਜਾਵੈ = ਜਾਂਦਾ ਹੈ **ਵਾ:** ਜਿਵੇਂ ਕੋਈ ਪਾਤਸ਼ਾਹ ਆਪਣੇ ਨੌਕਰ ਨੂੰ ਵਲੈਤ ਵਿਚ ਕਿਸੇ ਕਾਰਜ ਲਈ ਭੇਜਦਾ ਹੈ, ਇਸੇ ਪ੍ਰਕਾਰ ਪਰਮੇਸ਼ਰ ਰੂਪ ਪਾਤਸ਼ਾਹ ਸੂਖਮ, ਸਥੂਲ ਤੇ ਕਾਰਨ ਦੇਹ **ਵਾ:** ਸੁਆਸਾਂ ਰੂਪੀ ਜਿਨਸ ਨੂੰ ਇਸਥਿਤ ਕਰਕੇ ਜੀਵਾਂ ਤਾਈਂ ਸੰਸਾਰ ਵਿਚ ਭੇਜਦਾ ਹੈ ਪਰ ਜੀਵ ਪੈਦਾ ਕੀਤੀ ਹੋਈ ਦੇਹ ਰੂਪ ਜਿਨਸ **ਵਾ:** ਸੁਆਸਾਂ ਰੂਪੀ ਜਿਨਸ ਨੂੰ ਲੈ ਕੇ ਬੇਅਰਥ ਹੀ ਵਿਕਾਰਾਂ ਵਿਚ ਗਵਾ ਕੇ ਚਲੇ ਜਾਂਦੇ ਹਨ।

**ਅਥਵਾ** ਪਰਮੇਸ਼ਰ ਰੂਪੀ ਜਿਨਸ ਨੂੰ ਇਸਥਿਤ ਕਰਕੇ ਜੀਵਾਂ ਨੂੰ ਸੰਸਾਰ ਵਿਚ ਸਤਿਗੁਰਾਂ ਦੇ ਕੋਲ ਆਪਣੀ ਪ੍ਰਾਪਤੀ ਵਾਲਾ ਉਪਦੇਸ਼ ਲੈਣ ਲਈ ਭੇਜਦਾ ਹੈ, ਗੁਰਮੁਖ ਜਨ ਇਸਥਿਤ ਕੀਤੀ ਸੁਆਸਾਂ ਰੂਪੀ ਜਿਨਸ ਨੂੰ ਸਤਿਗੁਰਾਂ ਦੇ ਕੋਲ ਉਪਦੇਸ਼ ਲੈਣ ਜਾਂਦੇ ਹਨ **ਵਾ:** ਸਤਿਗੁਰੂ ਦੇ ਪਾਸੋਂ ਬ੍ਰਹਮ ਗਿਆਨ ਰੂਪੀ ਜਿਨਸ ਲੈ ਕੇ ਪ੍ਰਲੋਕ ਨੂੰ ਜਾਂਦੇ ਹਨ।

## ਆਪੇ ਥਾਪਿ ਉਥਾਪੈ ਆਪੇ; ਏਤੇ ਵੇਸ ਕਰਾਵੈ ॥

ਪਰਮੇਸ਼ਰ ਆਪ ਹੀ ਜੀਵਾਂ ਨੂੰ ਥਾਪਿ = ਪੈਦਾ ਕਰਦਾ ਹੈ **ਵਾ:** ਪਾਲਣਾ ਕਰਕੇ ਇਸਥਿਤ ਕਰਦਾ ਹੈ ਆਪੇ = ਆਪ ਹੀ ਜੀਵਾਂ ਦੀ ਪ੍ਰਾਲਬਧ ਸਮਾਪਤ ਹੋਣ ਤੋਂ ਉਥਾਪੈ = ਪਰਲੋਂ ਕਰਦਾ ਹੈ ਅਤੇ ਆਪ ਹੀ ਜੀਵਾਂ ਦੇ ਏਤੇ = ਇਤਨੇ ਅੰਡਜ, ਜੇਰਜ, ਸੇਤਜ, ਉਤਭੁਜ ਵੇਸ = ਆਕਾਰਾਂ ਨੂੰ **ਵਾ:** ਵੇਸ = ਭੇਖਾਂ ਨੂੰ ਕਰਾਵੈ = ਕਰਾਉਂਦਾ ਹੈ।

## ਜੇਤੇ ਜੀਅ ਫਿਰਹਿ ਅਉਧੂਤੀ; ਆਪੇ ਭਿਖਿਆ ਪਾਵੈ ॥

ਜੇਤੇ = ਜਿਤਨੇ ਜੀਅ = ਜੀਵ ਹਨ, ਸਾਰੇ ਅਉਧੂਤੀ = ਮੰਗਤੇ ਹੋ ਕੇ ਤੁਰੇ ਫਿਰਹਿ = ਫਿਰਦੇ ਹਨ, ਉਹ ਪਰਮੇਸ਼ਰ ਆਪੇ = ਆਪ ਹੀ ਸਭ ਜੀਵਾਂ ਦੀ ਕਰਨੀ ਅਨੁਸਾਰ ਜੂਨਾਂ ਦੀ ਪ੍ਰਾਪਤੀ ਰੂਪ **ਵਾ:** ਸੁਖ ਦੁਖ ਦੀ ਪ੍ਰਾਪਤੀ ਰੂਪ ਭਿਖਿਆ = ਖੈਰ ਪਾਵੈ = ਪਾਉਣ ਵਾਲਾ ਹੈ।

**ਅਥਵਾ** ਜਿਤਨੇ ਜੀਅ = ਜੀਵ ਅਉਧੂਤੀ = ਵਿਰਕਤੀ ਬਣ ਕੇ ਤੁਰੇ ਫਿਰਦੇ ਹਨ, ਉਨ੍ਹਾਂ ਸਭਨਾਂ ਨੂੰ ਪਰਮੇਸ਼ਰ ਆਪ ਹੀ ਗ੍ਰਿਹਸਥੀ ਰੂਪ ਹੋ ਕੇ ਭੋਜਨ ਆਦਿ ਦੀ ਖ਼ੈਰ ਪਾਉਣ ਵਾਲਾ ਹੈ **ਵਾ:** ਜਿਤਨੇ ਜੀਵ ਅਉਧੂਤੀ = ਅਵਧੂਤ, ਸ਼ੁੱਧ ਚਿੱਤ ਵਾਲੇ ਤੁਰੇ ਫਿਰਦੇ ਹਨ, ਉਨ੍ਹਾਂ ਸਭਨਾਂ ਨੂੰ ਪਰਮੇਸ਼ਰ ਆਪ ਹੀ ਗੁਰਾਂ ਦੁਆਰਾ ਭਗਤੀ ਰੂਪ ਭਿਖਿਆ ਪਾਉਣ ਵਾਲਾ ਹੈ।

## ਲੇਖੈ ਬੋਲਣੁ, ਲੇਖੈ ਚਲਣੁ; ਕਾਇਤੁ ਕੀਚਹਿ ਦਾਵੇ ॥

ਹੇ ਭਾਈ ! ਜੀਵਾਂ ਦਾ ਬੋਲਣਾ ਪਰਮੇਸ਼ਰ ਦੇ ਲੇਖੈ = ਹਿਸਾਬ ਵਿਚ ਹੈ, ਜੀਵਾਂ ਦਾ ਚੱਲਣਾ ਵੀ ਪਰਮੇਸ਼ਰ ਦੇ ਲੇਖੈ = ਹਿਸਾਬ ਵਿਚ ਹੈ, ਇਸ ਲਈ ਇਥੇ ਦੁਨੀਆਂ ਵਿਚ ਕਾਇਤੁ = ਕਿਸ ਵਾਸਤੇ ਝੂਠੇ ਦਾਅਵੇ ਕੀਚਹਿ = ਕਰਨੇ ਹਨ **ਵਾ:** ਦਾਵੇ = ਮੇਰ ਕਰਨੀ ਹੈ **ਵਾ:** ਸੱਚੇ ਨਾਮ ਨੂੰ ਬੋਲਣਾ, ਜਪਣਾ ਹੀ ਲੇਖੇ ਵਿਚ ਹੈ, ਪ੍ਰਭੂ ਦੇ ਭਾਣੇ ਅੰਦਰ ਚੱਲਣਾ ਹੀ ਲੇਖੇ ਵਿਚ ਹੈ **ਵਾ:** ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸਤਿਸੰਗਤ ਰੂਪੀ ਰਸਤੇ ਉੱਤੇ ਚੱਲਣਾ ਹੀ ਲੇਖੇ ਵਿਚ ਹੈ, ਇਸ ਲਈ ਕਿਸ ਵਾਸਤੇ ਹੰਗਤਾ ਮਮਤਾ ਦੇ ਦਾਅਵੇ ਕਰਨੇ ਹਨ।

## ਮੂਲੁ ਮਤਿ ਪਰਵਾਣਾ ਏਹੋ; ਨਾਨਕੁ ਆਖਿ ਸੁਣਾਏ ॥

ਅਸਲ ਮਤਿ = ਬੁੱਧ ਦਾ ਮੂਲੁ = ਮੁੱਢ, ਸਿਧਾਂਤ ਪਰਵਾਣਾ = ਪ੍ਰਮਾਣਿਕ, ਸਫਲਤਾ ਵਾਲਾ ਏਹੋ ਹੈ **ਵਾ:** ਪਰਵਾਣਾ = ਮੰਨਿਆ-ਪ੍ਰਮੰਨਿਆ ਇਹੋ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਅਸਾਂ ਨੇ ਨਾਮ ਬਾਣੀ ਦਾ ਉਪਦੇਸ਼ ਮੂੰਹੋਂ ਆਖਿ = ਕਹਿ ਕੇ ਸੁਣਾਏ = ਸੁਣਾਉਣਾ ਕੀਤਾ ਹੈ।

**ਅਥਵਾ** ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਅਸੀਂ ਉਪਦੇਸ਼ ਮੂੰਹੋਂ ਆਖਿ = ਕਥਨ ਕਰਕੇ ਸੁਣਾਏ = ਸੁਣਾਉਣਾ ਕੀਤਾ ਹੈ, ਇਹੋ ਹੀ ਸ੍ਰੇਸ਼ਟ ਮਤ ਆਉਣ ਦਾ ਮੁੱਢ ਤੇ ਪਰਵਾਨਾ ਹੈ।

## ਕਰਣੀ ਉਪਰਿ ਹੋਇ ਤਪਾਵਸੁ; ਜੇ ਕੋ ਕਹੈ ਕਹਾਏ ॥੨॥

ਜੈਸੀ ਕਿਸੇ ਦੀ ਕਰਣੀ = ਕਿਰਿਆ ਹੈ, ਉਸ ਦੇ ਉਪਰਿ = ਉੱਤੇ ਹੀ ਤਪਾਵਸੁ = ਨਿਆਂ ਹੋਇ = ਹੋਵੇਗਾ ਭਾਵ ਚੰਗੀ ਕਰਣੀ ਕਰਨ ਵਾਲੇ ਨੂੰ ਚੰਗਾ ਤੇ ਭੈੜੀ ਕਰਣੀ ਵਾਲੇ ਨੂੰ ਭੈੜਾ ਫਲ ਪ੍ਰਾਪਤ ਹੋਵੇਗਾ, ਜੇ = ਜੋ ਕੋ = ਕੋਈ ਆਪਣੇ ਆਪ ਨੂੰ ਬ੍ਰਹਮ ਗਿਆਨੀ ਕਹੈ = ਕਹਿੰਦਾ ਹੈ ਜਾਂ ਹੋਰਨਾਂ ਚੇਲਿਆਂ ਚਾਟੜਿਆਂ ਤੋਂ ਕਹਾਏ = ਕਹਾਉਂਦਾ ਹੈ, ਉਹ ਪ੍ਰਵਾਨ ਨਹੀਂ ਹੁੰਦਾ ॥੨॥

## ਪਉੜੀ ॥

## ਗੁਰਮੁਖਿ ਚਲਤੁ ਰਚਾਇਓਨੁ; ਗੁਣ ਪਰਗਟੀ ਆਇਆ ॥

ਗੁਰਮੁਖ ਜਨ ਜਾਣਦੇ ਹਨ ਕਿ ਵਾਹਿਗੁਰੂ ਨੇ ਇਹ ਸੰਸਾਰ ਚਲਤੁ = ਕੌਤਕ (ਤਮਾਸ਼ਾ) ਰੂਪ ਰਚਾਇਓਨੁ = ਰਚਾਉਣਾ ਕੀਤਾ ਹੈ, ਇਸੇ ਕਰਕੇ ਗੁਰਮੁਖ ਜਨਾਂ ਦੇ ਹਿਰਦੇ ਵਿਚ ਸ਼ੁਭ ਗੁਣਾਂ ਦਾ ਸਮੁਦਾਇ ਪਰਗਟੀ = ਪਰਗਟ ਹੋ ਆਇਆ ਹੈ **ਵਾ:** ਸ਼ੁਭ ਗੁਣਾਂ ਕਰਕੇ ਪਰਮੇਸ਼ਰ ਗੁਰਮੁਖ ਜਨਾਂ ਦੇ ਹਿਰਦੇ ਅੰਦਰ ਪ੍ਰਗਟ ਹੋ ਆਉਂਦਾ ਹੈ।

*ਪ੍ਰਸ਼ਨ* : *ਉਹ ਗੁਰਮੁਖਾਂ ਦੇ ਹਿਰਦੇ ਵਿਚ ਕਿਹੜੇ ਗੁਣ ਹਨ ?*
*ਗੁਰ-ਉੱਤਰ :*

## ਗੁਰਬਾਣੀ ਸਦ ਉਚਰੈ; ਹਰਿ ਮੰਨਿ ਵਸਾਇਆ ॥

ਗੁਰਮੁਖ ਜਨ ਸਦ = ਸਦਾ ਗੁਰਬਾਣੀ ਨੂੰ ਉਚਰੈ = ਉਚਾਰਦੇ ਰਹਿੰਦੇ ਹਨ ਤੇ ਉਨ੍ਹਾਂ ਨੇ ਹਰਿ = ਪਰਮੇਸ਼ਰ ਦਾ ਨਾਮ ਗੁਰਾਂ ਦੁਆਰਾ ਸ੍ਵਣ ਕਰਕੇ, ਮੰਨਣ ਕਰਕੇ ਮੰਨਿ = ਹਿਰਦੇ ਵਿਚ ਵਸਾਇਆ ਹੋਇਆ ਹੈ।

## ਸਕਤਿ ਗਈ ਭ੍ਰਮੁ ਕਟਿਆ; ਸਿਵ ਜੋਤਿ ਜਗਾਇਆ ॥

ਉਨ੍ਹਾਂ ਦੇ ਅੰਦਰੋਂ ਸਕਤਿ = ਮਾਇਆ (ਪ੍ਰਕਿਰਤੀ) ਦੀ ਇੱਛਾ ਚਲੀ ਗਈ ਹੈ **ਵਾ:** ਰਾਜਸੀ, ਤਾਮਸੀ ਸਾਂਤਕੀ ਗੁਣਾਂ, ਸੁਭਾਅ ਰੂਪ ਸ਼ਕਤੀ ਚਲੀ ਗਈ ਹੈ ਤੇ ਭਰਮ ਵੀ ਕੱਟਿਆ ਗਿਆ ਹੈ ਅਤੇ ਸਿਵ = ਕਲਿਆਣ ਸਰੂਪ ਪਰਮੇਸ਼ਰ ਨੇ ਉਨ੍ਹਾਂ ਦੇ ਅੰਦਰ ਗਿਆਨ ਦੇ ਜੋਤਿ = ਪ੍ਰਕਾਸ਼ ਨੂੰ ਜਗਾਇਆ = ਜਗਾ ਦਿੱਤਾ ਹੈ **ਵਾ:** ਕਲਿਆਣ ਸਰੂਪ ਜੋਤੀ ਪਰਮੇਸ਼ਰ ਨੇ ਆਪਣੀ ਪ੍ਰਾਪਤੀ ਵਾਲਾ ਗਿਆਨ ਗੁਰ ਉਪਦੇਸ਼ ਦੁਆਰਾ ਉਨ੍ਹਾਂ ਦੀ ਬੁੱਧੀ ਦੇ ਅੰਦਰ ਜਗਾ ਦਿੱਤਾ ਹੈ।

## ਜਿਨ ਕੈ ਪੋਤੈ ਪੁੰਨੁ ਹੈ; ਗੁਰੁ ਪੁਰਖੁ ਮਿਲਾਇਆ ॥

ਜਿਨ = ਜਿਨ੍ਹਾਂ ਕੈ = ਦੇ ਅੰਤਹਕਰਣ ਰੂਪੀ ਪੋਤੈ = ਪੱਲੇ, ਖ਼ਜ਼ਾਨੇ ਵਿਚ ਪੂਰਬਲੇ ਨਿਸ਼ਕਾਮ ਕਰਮਾਂ ਰੂਪੀ ਪੁੰਨਾਂ ਦੀ ਇਕੱਤਰਤਾ ਕੀਤੀ ਹੋਈ ਹੈ, ਉਨ੍ਹਾਂ ਨੂੰ ਗੁਰ = ਸਤਿਗੁਰੂ ਪੁਰਖ ਨੇ **ਵਾ:** ਪੁਰਖੁ = ਪੂਰਨ ਸਤਿਗੁਰਾਂ ਨੇ ਆਪਣੇ ਨਾਲ ਮਿਲਾਇਆ = ਮਿਲਾਉਣਾ ਕੀਤਾ ਹੈ **ਵਾ:** ਸਤਿਗੁਰਾਂ ਨੇ ਪੁਰਖੁ = ਪੂਰਨ ਪਰਮੇਸ਼ਰ ਨਾਲ ਮਿਲਾਉਣਾ ਕੀਤਾ ਹੈ।

## ਨਾਨਕ ਸਹਜੇ ਮਿਲਿ ਰਹੇ; ਹਰਿ ਨਾਮਿ ਸਮਾਇਆ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਸਹਜੇ = ਗਿਆਨ ਦੀ ਪ੍ਰਾਪਤੀ ਕਰਕੇ ਵਾਹਿਗੁਰੂ ਦੇ ਮਿਲਿ = ਮਿਲਾਪ ਵਿਚ ਮਿਲੇ ਰਹੇ = ਰਹਿੰਦੇ ਹਨ, ਜਿਨ੍ਹਾਂ ਦਾ ਮਨ ਹਰਿ = ਪਰਮੇਸ਼ਰ ਦੇ ਨਾਮ ਵਿਚ ਸਮਾਇਆ = ਸਮਾਅ, ਲੀਨ ਹੋ ਗਿਆ ਹੈ **ਵਾ:** ਜਿਨ੍ਹਾਂ ਦਾ ਮਨ ਨਾਮਿ = ਨਾਮੀ ਪਰਮੇਸ਼ਰ ਦੇ ਵਿਚ ਸਮਾ ਗਿਆ ਹੈ ॥੨॥

## ਸਲੋਕ ਮਹਲਾ ੨ ॥

## ਸਾਹ ਚਲੇ ਵਣਜਾਰਿਆ; ਲਿਖਿਆ ਦੇਵੈ ਨਾਲਿ ॥

ਜਿਵੇਂ ਸ਼ਾਹੂਕਾਰ ਤੇ ਵਣਜਾਰੇ ਪੂੰਜੀ ਲੈਣ ਵਾਸਤੇ ਹੋਰ ਕਿਸੇ ਇਲਾਕੇ ਵਿਚ ਚਲੇ ਜਾਂਦੇ ਹਨ, ਇਸੇ ਪ੍ਰਕਾਰ ਜਦ ਪਰਮੇਸ਼ਰ ਰੂਪ ਸਾਹ = ਸ਼ਾਹੂਕਾਰ ਦੇ ਪਾਸੋਂ ਜੀਵ ਰੂਪ ਵਣਜਾਰੇ ਸੁਆਸਾਂ ਰੂਪੀ ਪੂੰਜੀ ਲੈ ਕੇ ਸੰਸਾਰ ਵੱਲ ਨੂੰ ਚਲੇ = ਚੱਲਦੇ ਹਨ, ਭਾਵ ਮਨੁੱਖਾ ਦੇਹ ਨੂੰ ਧਾਰ ਕੇ ਸੰਸਾਰ ਵਿਚ ਆਉਂਦੇ ਹਨ, ਤਦੋਂ ਪਰਮੇਸ਼ਰ ਕੀਤੇ ਹੋਏ ਕਰਮਾਂ ਦੀ ਲਿਖਤ ਅਨੁਸਾਰ ਪ੍ਰਾਲਬਧ ਰੂਪੀ ਕਰਮ ਨਾਲ ਹੀ ਲਿਖ ਕੇ ਦੇਵੈ = ਦਿੰਦਾ ਹੈ।

## ਲਿਖੇ ਉਪਰਿ ਹੁਕਮੁ ਹੋਇ; ਲਈਐ ਵਸਤੁ ਸਮ੍ਹਾਲਿ ॥

ਉਸ ਲਿਖੇ ਹੋਏ ਕਰਮ ਦੇ ਉਪਰਿ = ਉੱਤੇ ਹੀ ਪਰਮੇਸ਼ਰ ਦਾ ਹੁਕਮ ਹੋਇ = ਹੁੰਦਾ ਹੈ **ਵਾ:** ਜੋ ਵੇਦਾਂ ਸ਼ਾਸਤਰਾਂ ਦੁਆਰਾ **ਵਾ:** ਗੁਰ ਉਪਦੇਸ਼ ਦੁਆਰਾ ਨਿਸ਼ਕਾਮ ਕਰਮ ਕਰਨੇ, ਪ੍ਰਭੂ ਦੀ ਪ੍ਰੇਮਾ-ਭਗਤੀ ਕਰਨੀ

ਜਾਂ ਬ੍ਰਹਮ ਗਿਆਨ ਵਿਚ ਇਸਥਿਤ ਹੋਣਾ ਹੈ। ਜਦ ਲਿਖੇ ਹੋਏ ਕਰਮਾਂ ਅਨੁਸਾਰ ਉਸ ਉੱਤੇ ਚੱਲਣ ਦਾ ਹੁਕਮ ਹੁੰਦਾ ਹੈ, ਤਦ ਗੁਰਾਂ ਦੁਆਰਾ ਨਾਮ ਜਪ ਕੇ ਆਤਮਾਨੰਦ ਰੂਪੀ ਵਸਤੁ = ਵਸਤੂ ਨੂੰ ਸਮ੍ਾਲਿ = ਸੰਭਾਲ ਲਈਐ = ਲਈਦਾ ਹੈ।

## ਵਸਤੁ ਲਈ ਵਣਜਾਰਈ; ਵਖਰੁ ਬਧਾ ਪਾਇ ॥

ਜਿਨ੍ਹਾਂ ਜੀਵ ਰੂਪ ਵਣਜਾਰਈ = ਵਣਜਾਰਿਆਂ ਨੇ ਗੁਰਾਂ ਪਾਸੋਂ ਆਤਮਾਨੰਦ **ਵਾ:** ਆਤਮ ਸਰੂਪ ਦੀ ਵਿਚਾਰ ਰੂਪੀ ਵਸਤੂ ਲੈ ਲਈ ਹੈ, ਉਨ੍ਹਾਂ ਨੇ ਲਾਭਦਾਇਕ ਨਾਮ ਰੂਪੀ ਵਖਰੁ = ਸੌਦੇ ਨੂੰ ਆਪਣੇ ਰਿਦੇ ਰੂਪੀ ਪੱਲੇ ਵਿਚ ਪਾਇ = ਪਾ ਕੇ ਬਧਾ = ਬੰਨ੍ਹ ਲਿਆ ਹੈ, ਭਾਵ ਧਾਰਨ ਕਰ ਲਿਆ ਹੈ।

## ਕੇਈ ਲਾਹਾ ਲੈ ਚਲੇ; ਇਕਿ ਚਲੇ ਮੂਲੁ ਗਵਾਇ ॥

ਕੇਈ = ਕਈ ਗੁਰਮੁਖ ਗੁਰਾਂ ਦੁਆਰਾ ਨਾਮ ਜਪ ਕੇ ਆਤਮਿਕ ਲਾਹਾ = ਲਾਭ ਲੈ ਕੇ ਪ੍ਰਲੋਕ ਨੂੰ ਚੱਲੇ ਹਨ, ਇਕਿ = ਕਈ ਮਨਮੁਖ ਜੀਵ ਪੁੰਨਾਂ ਰੂਪੀ ਮੂਲੁ = ਮੁੱਢ ਨੂੰ ਗਵਾਇ = ਗਵਾ ਕੇ ਚੱਲੇ ਹਨ **ਵਾ:** ਸੁਆਸਾਂ ਰੂਪੀ ਮੂਲੁ = ਪੂੰਜੀ ਨੂੰ ਵਿਸ਼ਿਆਂ ਦੇ ਵਿਚ ਗਵਾ ਕੇ ਚੱਲੇ ਹਨ।

## ਥੋੜਾ ਕਿਨੈ ਨ ਮੰਗਿਓ; ਕਿਸੁ ਕਹੀਐ ਸਾਬਾਸਿ ॥

ਸੰਸਾਰ ਵਿਚ ਥੋੜ੍ਹਾ ਸੁਖ, ਪ੍ਰਤਾਪ ਜਾਂ ਥੋੜ੍ਹਾ ਜਿਊਣਾ ਕਿਨੈ = ਕਿਸੇ ਨੇ ਵੀ ਨ = ਨਹੀਂ ਮੰਗਿਓ = ਮੰਗਿਆ, ਸਾਰੇ ਬਹੁਤਾ ਹੀ ਮੰਗਦੇ ਹਨ, ਇਸ ਕਰਕੇ ਕਿਸ ਨੂੰ ਸਾਬਾਸਿ = ਧੰਨਤਾ ਦੇ ਯੋਗ ਕਹੀਐ = ਕਹਿਣਾ ਕਰੀਏ।

## ਨਦਰਿ ਤਿਨਾ ਕਉ ਨਾਨਕਾ; ਜਿ ਸਾਬਤੁ ਲਾਏ ਰਾਸਿ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਨਾ = ਉਨ੍ਹਾਂ ਕਉ = ਦੇ ਉੱਤੇ ਪਰਮੇਸ਼ਰ ਦੀ ਕਿਰਪਾ ਦੀ ਨਦਰਿ = ਦ੍ਰਿਸ਼ਟੀ ਹੋਈ ਹੈ, ਜਿ = ਜਿਹੜੇ ਸੁਆਸਾਂ ਰੂਪੀ ਰਾਸਿ = ਪੂੰਜੀ ਨੂੰ ਸਾਬਤੁ = ਸਹੀ ਸਲਾਮਤ ਲਾਏ = ਲਿਆਉਂਦੇ ਹਨ, ਭਾਵ ਪਰਮੇਸ਼ਰ ਦੇ ਭਜਨ ਸਿਮਰਨ ਵਿਚ ਲਾਉਂਦੇ ਹਨ **ਵਾ:** ਜਿਹੜੇ ਸ਼ਰਧਾ ਰੂਪੀ ਪੂੰਜੀ **ਵਾ:** ਆਤਮਾਨੰਦ ਰੂਪੀ ਵਸਤੂ ਨੂੰ ਲੈ ਕੇ ਆਉਂਦੇ ਹਨ॥੧॥

## ਮਹਲਾ ੧ ॥

## ਜੁੜਿ ਜੁੜਿ ਵਿਛੁੜੇ; ਵਿਛੁੜਿ ਜੁੜੇ ॥

ਜੀਵ ਪੂਰਬਲੇ ਕਰਮਾਂ ਦੀ ਕਰਣੀ ਅਨੁਸਾਰ ਜੁੜਿ = ਜੁੜੇ ਹੋਏ ਜੁੜਿ = ਜੁੜਦੇ ਹਨ, ਭਾਵ ਧੀਆਂ, ਪੁੱਤਰਾਂ, ਮਾਤਾ-ਪਿਤਾ ਆਦਿ ਸੰਬੰਧਾਂ ਕਰਕੇ ਆਪਸ ਵਿਚ ਜੁੜਦੇ ਹਨ ਅਤੇ ਪ੍ਰਾਲਬਧ ਦੇ ਸਮਾਪਤ ਹੋਣ ਤੋਂ ਬਾਅਦ ਵਿੱਛੜ ਜਾਂਦੇ ਹਨ ਅਤੇ ਕਦੇ ਵਿੱਛੜੇ ਹੋਏ ਦੁਬਾਰਾ ਫੇਰ ਜੁੜੇ = ਜੁੜ (ਮਿਲ) ਜਾਂਦੇ ਹਨ **ਵਾ:** ਵਿੱਛੜੇ ਹੋਏ ਜੀਵ ਕਰਮਾਂ ਅਨੁਸਾਰ ਹੋਰ ਸਰੀਰ ਵਿਚ ਜੁੜ ਜਾਂਦੇ ਹਨ **ਵਾ:** ਜੁੜਿ ਜੁੜਿ = ਮਿਲ ਮਿਲ ਵਿੱਛੜੇ ਹਨ ਵਿੱਛੜ ਕਰਕੇ ਫੇਰ ਮਿਲੇ ਹਨ **ਅਥਵਾ** ਜਿਹੜੇ ਜੀਵ ਪਦਾਰਥਾਂ ਦੇ ਜੋੜ ਵਿਚ ਜੁੜੇ ਹੋਏ ਹਨ, ਉਹ ਪਰਮੇਸ਼ਰ ਤੋਂ ਵਿਛੁੜੇ = ਜੁਦਾ ਹੋ ਰਹੇ ਹਨ ਅਤੇ ਜੋ ਪਦਾਰਥਾਂ ਤੋਂ ਵਿੱਛੜੇ ਹੋਏ ਹਨ, ਉਹ ਪ੍ਰਭੂ ਨਾਲ ਜੁੜੇ ਹੋਏ ਹਨ। ਜਿਹੜੇ ਸਤਿਸੰਗਤ ਦੇ ਵਿਚ ਜੁੜੇ (ਮਿਲੇ) ਹੋਏ ਹਨ ਉਹ ਵਾਹਿਗੁਰੂ ਨਾਲ ਜੁੜ ਗਏ ਹਨ, ਜਿਹੜੇ ਸਤਿਸੰਗਤ ਨਾਲੋਂ ਵਿੱਛੜੇ ਹੋਏ ਕੁਸੰਗੀਆਂ ਦੇ ਨਾਲ ਮਿਲੇ ਹਨ, ਉਹ ਵਾਹਿਗੁਰੂ ਨਾਲੋਂ ਵਿੱਛੜ ਗਏ ਹਨ **ਵਾ:** ਜਿਹੜੇ ਕੁਸੰਗੀਆਂ ਨਾਲੋਂ ਵਿੱਛੜੇ ਹਨ, ਉਹ ਸਤਿਸੰਗਤ ਦੇ ਨਾਲ ਜੁੜ (ਮਿਲ) ਗਏ ਹਨ।

**ਵਾ**: ਜਿਹੜੇ ਪੂਰਬਲੇ ਕਰਮਾਂ ਕਰਕੇ ਜੁੜਿ = ਜੁੜਨ ਵਾਲੇ ਪਦਾਰਥ ਸੀ, ਉਹ ਜੁੜ, ਮਿਲ ਗਏ ਤੇ ਪ੍ਰਾਲਬਧ ਸਮਾਪਤ ਹੋਣ ਤੋਂ ਪਦਾਰਥ ਵੀ ਵਿੱਛੜ ਗਏ, ਜਿਹੜੇ ਪਦਾਰਥ ਵਿੱਛੜੇ ਹੋਏ ਸਨ, ਉਹ ਪ੍ਰਾਲਬਧ ਦੀ ਪ੍ਰਾਪਤੀ ਵੇਲੇ ਪੁੰਨੀ ਪੁਰਖਾਂ ਨੂੰ ਫੇਰ ਜੁੜ, ਮਿਲ ਜਾਂਦੇ ਹਨ।

## ਜੀਵਿ ਜੀਵਿ ਮੁਏ; ਮੁਏ ਜੀਵੇ ॥

ਇਕ ਜੀਵ ਪ੍ਰਾਲਬਧ ਅਨੁਸਾਰ ਜਿਉਂਦੇ ਹਨ, ਇਕ ਪ੍ਰਾਲਬਧ ਦੀ ਸਮਾਪਤੀ ਕਰ ਕੇ ਮੁਏ = ਮਰ ਗਏ ਹਨ, ਇਕ ਫੇਰ ਮੁਏ = ਮਰੇ ਹੋਏ ਮਨੁੱਖਾ ਜਨਮ ਨੂੰ ਪਾ ਕੇ ਜੀਵੇ = ਜਿਉਂਦੇ ਹੋ ਗਏ ਹਨ।

**ਅਥਵਾ** ਜਿਹੜੇ ਜੀਵ ਸੰਸਾਰ ਵੱਲ ਆਪਣੇ ਆਪ ਨੂੰ ਜਿਉਂਦੇ ਮੰਨਦੇ ਹਨ, ਉਹ ਪਰਮੇਸ਼ਰ ਵੱਲੋਂ ਮਰੇ ਹੋਏ ਹਨ, ਜੋ ਸੰਸਾਰ ਵੱਲੋਂ ਮਰੇ ਹੋਏ ਹਨ, ਉਹ ਪਰਮੇਸ਼ਰ ਦੀ ਤਰਫ਼ ਜਿਉਂਦੇ ਹਨ **ਵਾ**: ਜਿਹੜੇ ਜੀਵ ਜੀਵਿ = ਜੀਵਨ ਰੂਪ ਪਰਮੇਸ਼ਰ ਵੱਲ ਨੂੰ ਜੀਵਿ = ਜਿਉਂਦੇ ਹਨ, ਉਹ ਆਤਮਿਕ ਜੀਵਨ ਵੱਲ ਜਿਉਂਦੇ ਹਨ, ਜਿਨ੍ਹਾਂ ਦਾ ਕੁਸੰਗੀਆਂ ਦੀ ਸੰਗਤ ਕਰਕੇ ਪਰਮੇਸ਼ਰ ਵੱਲ ਨਿਸ਼ਚਾ ਮਰ ਗਿਆ ਹੈ, ਉਹ ਆਤਮਿਕ ਜੀਵਨ ਵੱਲੋਂ ਮਰ ਗਏ ਹਨ **ਵਾ**: ਜਿਹੜੇ ਜੀਵ ਪਰਮੇਸ਼ਰ ਨੂੰ ਆਰਾਧਨ ਵੱਲ ਜੀਵਿ = ਜਿਉਂਦੇ ਹਨ, ਉਹ ਆਤਮਿਕ ਜੀਵਨ ਵੱਲ ਜਿਉਂਦੇ ਹਨ, ਜਿਹੜੇ ਪਰਮੇਸ਼ਰ ਦੇ ਭਜਨ ਸਿਮਰਨ ਵੱਲੋਂ ਮਰੇ ਹੋਏ ਹਨ, ਉਹ ਜਿਉਂਦੇ ਹੀ ਆਤਮਿਕ ਜੀਵਨ ਵੱਲੋਂ ਮਰੇ ਹੋਏ ਹਨ।

## ਕੇਤਿਆ ਕੇ ਬਾਪ, ਕੇਤਿਆ ਕੇ ਬੇਟੇ; ਕੇਤੇ ਗੁਰ ਚੇਲੇ ਹੂਏ ॥

ਪ੍ਰਾਲਬਧ ਅਨੁਸਾਰ ਕੇਤਿਆ = ਕਿਤਨਿਆਂ ਕੇ = ਦੇ ਬਾਪ = ਪਿਤਾ, ਕੇਤਿਆ = ਕਿਤਨਿਆ ਕੇ = ਦੇ ਬੇਟੇ = ਪੁੱਤਰ ਤੇ ਕੇਤੇ = ਕਿਤਨੇ ਵਾਰੀ ਕੱਚੇ ਗੁਰੂਆਂ ਦੇ ਚੇਲੇ ਹੂਏ = ਹੋਏ **ਵਾ**: ਕਿਤਨੇ ਵਾਰੀ ਪਾਖੰਡੀ ਗੁਰੂ ਤੇ ਕਿਤਨੇ ਵਾਰੀ ਚੇਲੇ ਹੋਏ।

## ਆਗੈ ਪਾਛੈ ਗਣਤ ਨ ਆਵੈ; ਕਿਆ ਜਾਤੀ, ਕਿਆ ਹੁਣਿ ਹੂਏ ॥

ਆਗੈ = ਅੱਗੇ ਕਿਹੜੇ ਜਨਮ ਵਿਚ ਹੋਵਾਂਗੇ, ਪਾਛੈ = ਪਿੱਛੇ ਕਿਹੜੇ ਜਨਮਾਂ ਵਿਚ ਸੀ, ਇਹ ਜੀਵਾਂ ਨੂੰ ਗਣਤ = ਗਿਣਤੀ ਨ = ਨਹੀਂ ਆਵੈ = ਆਉਂਦੀ, ਕਿਆ = ਕੀ ਪਿਛਲੇ ਜਨਮਾਂ ਦੀ ਜਾਤੀ ਸੀ, ਕਿਆ = ਕੀ ਹੁਣ ਜਾਤੀ ਵਿਚ ਹੂਏ = ਹੋਏ ਹਾਂ, ਇਸ ਗੱਲ ਦੀ ਵੀ ਜੀਵਾਂ ਨੂੰ ਸਮਝ ਨਹੀਂ ਹੈ।

## ਸਭੁ ਕਰਣਾ ਕਿਰਤੁ ਕਰਿ ਲਿਖੀਐ; ਕਰਿ ਕਰਿ ਕਰਤਾ ਕਰੇ ਕਰੇ ॥

ਸਭੁ = ਸਾਰਾ ਕਰਣਾ = ਪ੍ਰਪੰਚ ਜੋ ਹੱਥਾਂ ਦੇ ਨਾਲ ਕਿਰਤੁ = ਕਰਮਾਂ ਨੂੰ ਕਰਦਾ ਹੈ, ਉਹ ਲਿਖਤ ਲਿਖੀਐ = ਲਿਖੀਦੀ ਹੈ, ਜਿਸ ਲਿਖਤ ਅਨੁਸਾਰ ਜੀਵ ਪਿੱਛੇ ਕਰਨ ਵਾਲੇ ਹੋ ਕੇ ਕਰਮਾਂ ਦੇ ਤਾਈਂ ਕਰੇ = ਕਰਦੇ ਸਨ, ਹੁਣ ਵਰਤਮਾਨ ਸਮੇਂ ਵਿਚ ਵੀ ਜੀਵ ਕਰਤੇ ਹੋ ਕੇ ਕਰਮਾਂ ਨੂੰ ਕਰੇ = ਕਰਦੇ ਹਨ ਅਤੇ ਅੱਗੇ ਨੂੰ ਕਰਤੇ ਹੋ ਕੇ ਕਰਮ ਕਰਨਗੇ।

## ਮਨਮੁਖਿ ਮਰੀਐ, ਗੁਰਮੁਖਿ ਤਰੀਐ; ਨਾਨਕ ਨਦਰੀ ਨਦਰਿ ਕਰੇ ॥੨॥

ਮਨਮੁਖਿ = ਮਨਮੁੱਖਤਾ ਵਾਲੇ ਜੀਵ ਸਦਾ ਜੰਮਦੇ ਮਰੀਐ = ਮਰਦੇ ਰਹਿੰਦੇ ਹਨ ਅਤੇ ਗੁਰਮੁਖ ਜਨ ਗੁਰਾਂ ਦੁਆਰਾ ਨਾਮ ਜਪ ਕੇ ਤਰੀਐ = ਤਰ ਜਾਂਦੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿਉਂਕਿ ਨਦਰੀ ਪਰਮੇਸ਼ਰ ਆਪ ਗੁਰਮੁਖ ਜਨਾਂ ਉੱਤੇ ਮਿਹਰ ਦੀ ਨਦਰਿ = ਦ੍ਰਿਸ਼ਟੀ ਕਰੇ = ਕਰਦਾ ਹੈ **ਵਾ**: ਜੇਕਰ ਨਦਰੀ ਪਰਮੇਸ਼ਰ ਮਿਹਰ ਦੀ ਦ੍ਰਿਸ਼ਟੀ ਕਰੇ ਤਾਂ ਹੀ ਪੂਰਨ ਗੁਰਾਂ ਨਾਲ ਮਿਲਣਾ ਹੁੰਦਾ ਹੈ॥੨॥

## ਪਉੜੀ ॥

## ਮਨਮੁਖਿ ਦੂਜਾ ਭਰਮੁ ਹੈ; ਦੂਜੈ ਲੋਭਾਇਆ ॥

ਮਨਮੁਖਿ = ਮਨ ਨੂੰ ਮੁਖੀ ਬਣਾਉਣ ਵਾਲੇ ਪੁਰਖਾਂ ਦੇ ਅੰਦਰ ਦੂਜਾ = ਦ੍ਵੈਤ ਦਾ ਭਰਮ ਹੈ **ਵਾ**: ਦ੍ਵੈਤ ਤੇ ਭਰਮ ਹੈ, ਇਸੇ ਕਰਕੇ ਉਨ੍ਹਾਂ ਦਾ ਚਿੱਤ ਹਰ ਵਕਤ ਦੂਜੈ = ਦ੍ਵੈਤ ਵਿਚ ਲੋਭਾਇਆ = ਲੁਭਾਏਮਾਨ ਰਹਿੰਦਾ ਹੈ।

## ਕੂੜੁ ਕਪਟੁ ਕਮਾਵਦੇ; ਕੂੜੋ ਆਲਾਇਆ ॥

ਮਨਮੁਖ ਹਰ ਵਕਤ ਕੂੜੁ = ਝੂਠ ਤੇ ਕਪਟੁ = ਛਲ ਨੂੰ ਕਮਾਵਦੇ = ਕਮਾਉਂਦੇ ਹਨ ਅਤੇ ਮੂੰਹੋਂ ਕੂੜੋ = ਝੂਠ ਹੀ ਆਲਾਇਆ = ਉਚਾਰਦੇ ਰਹਿੰਦੇ ਹਨ।

## ਪੁਤ੍ਰ ਕਲਤ੍ਰ ਮੋਹੁ ਹੇਤੁ ਹੈ; ਸਭੁ ਦੁਖੁ ਸਬਾਇਆ ॥

ਮਨਮੁਖਾਂ ਦਾ ਆਪਣੇ ਪੁੱਤਰਾਂ ਨਾਲ ਮੋਹ ਤੇ ਕਲਤ੍ਰ = ਇਸਤਰੀ ਨਾਲ ਹੇਤੁ = ਪ੍ਰੇਮ ਲੱਗਿਆ ਹੋਇਆ ਹੈ, ਇਨ੍ਹਾਂ ਸਭੁ = ਸਭਨਾਂ ਦਾ ਸੰਗ ਕਰਕੇ ਹੀ ਮਨਮੁਖਾਂ ਨੂੰ ਬਹੁਤ ਸਬਾਇਆ = ਸਾਰਾ ਦੁੱਖ ਮਿਲਦਾ ਹੈ **ਵਾ**: ਇਹ ਸਭਨਾਂ ਦਾ ਹਿੱਤ ਬਹੁਤ ਸਾਰਾ ਦੁਖ ਰੂਪ ਹੈ **ਵਾ**: ਸਾਰਾ ਸੰਸਾਰ ਦੁੱਖ ਤੇ ਸੁਖ ਦੇ ਵਿਚ ਪਿਆ ਹੋਇਆ ਹੈ।

## ਜਮ ਦਰਿ ਬਧੇ ਮਾਰੀਅਹਿ; ਭਰਮਹਿ ਭਰਮਾਇਆ ॥

ਇਸੇ ਕਰਕੇ ਮਨਮੁਖ ਪੁਰਖ ਜਮਾਂ ਦੇ ਦਰ ਵਿਚ ਬਧੇ = ਬੰਨ੍ਹੇ ਹੋਏ ਮਾਰੀਅਹਿ = ਮਾਰਾਂ ਖਾਂਦੇ ਹਨ, ਕੁੱਟੇ ਜਾਂਦੇ ਹਨ ਅਤੇ ਭਰਮਹਿ = ਭਰਮ ਕਰਕੇ ਜੂਨਾਂ ਵਿਚ ਭਰਮਾਏ ਜਾਂਦੇ ਹਨ **ਵਾ**: ਪਰਮੇਸ਼ਰ ਕਰਮਾਂ ਅਨੁਸਾਰ ਭਰਮ ਵਿਚ ਪਾ ਕੇ ਚੌਰਾਸੀ ਲੱਖ ਜੂਨਾਂ ਵਿਚ ਭਰਮਾਉਂਦਾ ਹੈ।

## ਮਨਮੁਖਿ ਜਨਮੁ ਗਵਾਇਆ; ਨਾਨਕ ਹਰਿ ਭਾਇਆ ॥੩॥

ਮਨਮੁਖ ਜੀਵ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਬੇਅਰਥ ਹੀ ਗਵਾਇਆ = ਗਵਾਉਣਾ ਕਰਦੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ = ਪਰਮੇਸ਼ਰ ਨੂੰ ਇਸੇ ਤਰ੍ਹਾਂ ਹੀ ਭਾਇਆ = ਭਾਉਂਦਾ ਹੈ ॥੩॥

## ਸਲੋਕ ਮਹਲਾ ੨ ॥

## ਜਿਨ ਵਡਿਆਈ ਤੇਰੇ ਨਾਮ ਕੀ; ਤੇ ਰਤੇ ਮਨ ਮਾਹਿ ॥

ਹੇ ਪਰਮੇਸ਼ਰ ! ਜਿਨ = ਜਿਨ੍ਹਾਂ ਨੂੰ ਤੇਰੇ ਨਾਮ ਜਪਣ ਕੀ = ਦੀ ਵਡਿਆਈ ਪ੍ਰਾਪਤ ਹੋਈ ਹੈ ਤੇ = ਉਹ ਮਨ ਕਰਕੇ ਤੇਰੇ ਸਰੂਪ ਮਾਹਿ = ਵਿਚ ਰਤੇ = ਰੰਗੇ ਰਹਿੰਦੇ ਹਨ।

## ਨਾਨਕ, ਅੰਮ੍ਰਿਤੁ ਏਕੁ ਹੈ; ਦੂਜਾ ਅੰਮ੍ਰਿਤੁ ਨਾਹਿ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਏਕ = ਇਕ ਤੇਰਾ ਨਾਮ ਹੀ ਅੰਮ੍ਰਿਤ ਰੂਪ ਹੈ। ਦੂਜਾ = ਦੂਸਰਾ ਹੋਰ ਕੋਈ ਅੰਮ੍ਰਿਤੁ = ਮੁਕਤ ਕਰਨ ਵਾਲਾ ਨਾਹਿ = ਨਹੀਂ ਹੈ **ਵਾ**: ਪਰਮੇਸ਼ਰ ਦਾ ਇਕ ਨਾਮ ਹੀ ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਹੈ, ਹੋਰ ਕੋਈ ਦੂਸਰਾ ਸਾਧਨ ਮ੍ਰਿਤੂ ਤੋਂ ਰਹਿਤ ਕਰਨ ਵਾਲਾ ਨਹੀਂ ਹੈ।

## ਨਾਨਕ, ਅੰਮ੍ਰਿਤੁ ਮਨੈ ਮਾਹਿ; ਪਾਈਐ ਗੁਰਪਰਸਾਦਿ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ, ਬ੍ਰਹਮਾਨੰਦ ਰੂਪੀ ਅੰਮ੍ਰਿਤ ਮਨੈ = ਮਨ ਦੇ ਮਾਹਿ = ਵਿਚ ਹੀ ਹੈ, ਪਰੰਤੂ ਇਹ ਗੁਰਾਂ ਦੀ ਪਰਸਾਦਿ = ਕਿਰਪਾ ਨਾਲ ਹੀ ਪਾਈਐ = ਪਾਈਦਾ ਹੈ।

## ਤਿਨੀ ਪੀਤਾ ਰੰਗ ਸਿਉ; ਜਿਨ ਕਉ ਲਿਖਿਆ ਆਦਿ ॥੧॥

ਤਿਨੀ = ਉਨ੍ਹਾਂ ਨੇ ਰੰਗ = ਪ੍ਰੇਮ ਦੇ ਸਿਉ = ਨਾਲ ਨਾਮ ਰੂਪ ਅੰਮ੍ਰਿਤ ਪੀਤਾ = ਪੀਣਾ ਕੀਤਾ ਹੈ, ਜਿਨ = ਜਿਨ੍ਹਾਂ ਕਉ = ਦੇ ਮਸਤਕ ਉੱਤੇ ਆਦਿ = ਮੁੱਢੋਂ ਹੀ ਨਿਸ਼ਕਾਮ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ ॥੧॥

[ਅੰਗ ੧੨੩੯]

## ਮਹਲਾ ੨ ॥

## ਕੀਤਾ, ਕਿਆ ਸਾਲਾਹੀਐ; ਕਰੇ, ਸੋਇ ਸਾਲਾਹਿ ॥

ਹੇ ਭਾਈ! ਜੋ ਜੀਵ ਪਰਮੇਸ਼ਰ ਦਾ ਪੈਦਾ ਕੀਤਾ ਹੋਇਆ ਹੈ, ਉਸ ਨੂੰ ਕਿਆ = ਕੀ ਸਾਲਾਹੀਐ = ਸਲਾਹੁਣਾ ਹੈ ਜੋ ਪਰਮੇਸ਼ਰ ਜੀਵ ਨੂੰ ਪੈਦਾ ਕਰੇ = ਕਰਦਾ ਹੈ, ਸੋਇ = ਉਸ ਪਰਮੇਸ਼ਰ ਦੀ ਸਾਲਾਹਿ = ਸਿਫ਼ਤ ਕਰਨੇ ਯੋਗ ਹੈ।

## ਨਾਨਕ, ਏਕੀ ਬਾਹਰਾ; ਦੂਜਾ ਦਾਤਾ ਨਾਹਿ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਏਕੀ = ਇਕ ਪਰਮੇਸ਼ਰ ਤੋਂ ਬਾਹਰਾ = ਬਗ਼ੈਰ ਹੋਰ ਦੂਜਾ = ਦੂਸਰਾ ਕੋਈ ਦਾਤਾ ਨਾਹਿ = ਨਹੀਂ ਹੈ।

## ਕਰਤਾ ਸੋ ਸਾਲਾਹੀਐ; ਜਿਨਿ ਕੀਤਾ ਆਕਾਰੁ ॥

ਜਿਨਿ = ਜਿਸ ਪਰਮੇਸ਼ਰ ਨੇ ਸਾਰੇ ਸੰਸਾਰ ਦੇ ਆਕਾਰਾਂ ਨੂੰ ਰਚਨਾ ਕੀਤਾ ਹੈ, ਸੋ = ਉਸ ਕਰਤਾ = ਰਚਨਹਾਰ ਪਰਮੇਸ਼ਰ ਨੂੰ ਸਾਲਾਹੀਐ = ਸਾਲਹੁਣਾ ਕਰੀਏ।

## ਦਾਤਾ ਸੋ ਸਾਲਾਹੀਐ; ਜਿ ਸਭਸੈ ਦੇ ਆਧਾਰੁ ॥

ਸੋ = ਉਸ ਦਾਤਾ = ਦਾਤਾਰ ਪਰਮੇਸ਼ਰ ਨੂੰ ਸਾਲਾਹੀਐ = ਸਲਾਹੁਣਾ ਕਰੀਏ ਜਿ = ਜਿਹੜਾ ਸਭਸੈ = ਸਾਰਿਆਂ ਨੂੰ ਆਧਾਰੁ = ਆਸਰਾ ਦੇ = ਦੇਣ ਵਾਲਾ ਹੈ।

## ਨਾਨਕ, ਆਪਿ ਸਦੀਵ ਹੈ; ਪੂਰਾ ਜਿਸੁ ਭੰਡਾਰੁ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਆਪ ਸਦੀਵ = ਸਦਾ-ਸਦਾ ਰਹਿਣ ਵਾਲਾ ਹੈ, ਜਿਸ ਦਾ ਸਭ ਨੂੰ ਰੋਜ਼ੀ ਆਦਿ ਦੇਣ ਦਾ ਪ੍ਰਤੱਖ ਭੰਡਾਰੁ = ਖ਼ਜ਼ਾਨਾ **ਵਾ:** ਨਾਮ ਰੂਪੀ ਖ਼ਜ਼ਾਨਾ ਪੂਰਾ = ਪੂਰਨ ਹੈ।

## ਵਡਾ ਕਰਿ ਸਾਲਾਹੀਐ; ਅੰਤੁ ਨ ਪਾਰਾਵਾਰੁ ॥੨॥

ਉਸ ਪਰਮੇਸ਼ਰ ਨੂੰ ਵੱਡਾ ਭਾਵ ਤਿੰਨਾਂ ਗੁਣਾਂ ਤੋਂ ਅਤੀਤ ਜਾਣ ਕਰਿ = ਕਰਕੇ ਸਦਾ ਸਾਲਾਹੀਐ = ਸਲਾਹੁਣਾ ਕਰੀਏ, ਜਿਸ ਦੇ ਪਾਰਾਵਾਰੁ = ਪਾਰ-ਉਰਵਾਰ ਦਾ **ਵਾ:** ਜਿਸ ਦਾ ਪਾਰਾਵਾਰੁ = ਲੋਕ-ਪ੍ਰਲੋਕ ਕਰਕੇ ਅੰਤੁ = ਅਖ਼ੀਰ ਨ = ਨਹੀਂ ਪਾਇਆ ਜਾ ਸਕਦਾ ॥੨॥

## ਪਉੜੀ ॥

## ਹਰਿ ਕਾ ਨਾਮੁ ਨਿਧਾਨੁ ਹੈ; ਸੇਵਿਐ ਸੁਖੁ ਪਾਈ ॥

ਹਰਿ = ਪਰਮੇਸ਼ਰ ਕਾ = ਦਾ ਨਾਮ ਸੁੱਖਾਂ ਦਾ ਨਿਧਾਨੁ = ਖ਼ਜ਼ਾਨਾ ਹੈ, ਉਸ ਦਾ ਸੇਵਿਐ = ਸੇਵਨ ਕਰਨੇ ਕਰਕੇ ਆਤਮਿਕ ਸੁਖੁ = ਅਨੰਦ ਨੂੰ ਪਾਈ = ਪਾਉਣਾ ਕਰੀਦਾ ਹੈ।

## ਨਾਮੁ ਨਿਰੰਜਨੁ ਉਚਰਾਂ; ਪਤਿ ਸਿਉ ਘਰਿ ਜਾਂਈ ॥

ਹੇ ਭਾਈ ! ਨਿਰੰਜਨੁ = ਸ਼ੁੱਧ ਸਰੂਪ ਪਰਮੇਸ਼ਰ ਦਾ ਨਾਮ ਉਚਰਾਂ = ਉਚਾਰਨ ਕਰਕੇ ਪਤਿ = ਇੱਜ਼ਤ ਦੇ ਸਿਉ = ਸਹਿਤ ਪ੍ਰਲੋਕ, ਸੱਚਖੰਡ ਰੂਪੀ ਘਰ ਵਿਚ ਜਾਂਈ = ਜਾਣਾ ਕਰੀਦਾ ਹੈ।

## ਗੁਰਮੁਖਿ ਬਾਣੀ ਨਾਮੁ ਹੈ; ਨਾਮੁ ਰਿਦੈ ਵਸਾਈ ॥

ਗੁਰਮੁਖ ਜਨ ਦੀ ਬਾਣੀ ਵਿਚ ਨਾਮ ਹੀ ਹੁੰਦਾ ਹੈ ਭਾਵ ਗੁਰਮੁਖ ਜਨ ਹਰ ਵਕਤ ਨਾਮ ਨੂੰ ਜਪਦਾ ਰਹਿੰਦਾ ਹੈ **ਵਾ:** ਗੁਰਮੁਖ ਜਨ ਹਰ ਵਕਤ ਨਾਮ ਬਾਣੀ ਦਾ ਅਭਿਆਸ ਕਰਦਾ ਰਹਿੰਦਾ ਹੈ ਅਤੇ ਨਾਮ ਨੂੰ ਹੀ ਰਿਦੈ = ਹਿਰਦੇ ਵਿਚ ਵਸਾਈ = ਵਸਾ ਕੇ ਰੱਖਦਾ ਹੈ।

**ਅਥਵਾ** ਜੋ ਗੁਰਮੁਖਿ = ਮੁਖੀ ਗੁਰਾਂ ਦੀ ਨਾਮ ਰੂਪ ਬਾਣੀ ਹੈ, ਇਸ ਨਾਮ ਰੂਪ ਬਾਣੀ ਨੂੰ ਹਿਰਦੇ ਵਿਚ ਵਸਾਉਣਾ ਕਰੀਏ।

## ਮਤਿ ਪੰਖੇਰੂ ਵਸਿ ਹੋਇ; ਸਤਿਗੁਰੂ ਧਿਆਈ ॥

ਸਤਿਗੁਰੂ ਸਾਹਿਬ ਜੀ ਨੂੰ ਧਿਆਈ = ਧਿਆਉਣੇ ਕਰਕੇ ਸੰਕਲਪਾਂ ਵਿਕਲਪਾਂ ਰੂਪੀ ਖੰਭਾਂ ਨਾਲ ਉਡਾਰੀ ਮਾਰਨ ਵਾਲਾ ਮਤਿ = ਬੁੱਧ **ਵਾ:** ਮਨ ਰੂਪ ਪੰਖੇਰੂ = ਪੰਛੀ ਵਸਿ = ਅਧੀਨ ਹੋਇ = ਹੋ ਜਾਂਦਾ ਹੈ **ਵਾ:** ਹੰਕਾਰ ਦੇ ਸਹਿਤ ਚਿਦਾਭਾਸ ਰੂਪ ਪੰਛੀ ਵੱਸ ਹੋ ਜਾਂਦਾ ਹੈ।

## ਨਾਨਕ, ਆਪਿ ਦਇਆਲੁ ਹੋਇ; ਨਾਮੇ ਲਿਵ ਲਾਈ ॥੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਉੱਤੇ ਪਰਮੇਸ਼ਰ ਆਪ ਦਇਆਲੁ = ਦਿਆਲੂ ਹੋਇ = ਹੁੰਦਾ ਹੈ, ਉਨ੍ਹਾਂ ਦੀ ਪ੍ਰਭੂ ਨੇ ਆਪਣੇ ਨਾਮ ਵਿਚ ਲਿਵ = ਬਿਰਤੀ ਲਾਈ = ਲਾ ਦਿੱਤੀ ਹੈ ॥੪॥

## ਸਲੋਕ ਮਹਲਾ ੨ ॥

## ਤਿਸੁ ਸਿਉ ਕੈਸਾ ਬੋਲਣਾ; ਜਿ ਆਪੇ ਜਾਣੈ ਜਾਣੁ ॥

ਹੇ ਭਾਈ ! ਜਿ = ਜਿਹੜਾ ਪਰਮੇਸ਼ਰ ਆਪੇ = ਆਪ ਹੀ ਸਾਰਿਆਂ ਦੇ ਹਿਰਦੇ ਦੀ ਜਾਣੁ = ਜਾਨਣ ਵਾਲਾ ਹੋ ਕੇ ਜਾਣੈ = ਜਾਣਦਾ ਹੈ, ਤਿਸੁ = ਉਸ ਦੇ ਸਿਉ = ਨਾਲ ਕੈਸਾ = ਕਿਸ ਪ੍ਰਕਾਰ ਬੋਲਣਾ ਬਣਦਾ ਹੈ, ਭਾਵ ਨਹੀਂ ਬਣਦਾ।

## ਚੀਰੀ ਜਾ ਕੀ ਨਾ ਫਿਰੈ; ਸਾਹਿਬੁ ਸੋ ਪਰਵਾਣੁ ॥

ਜਾ = ਜਿਸ ਵਾਹਿਗੁਰੂ ਕੀ = ਦੀ ਹੁਕਮ, ਬਿਰਤੀ ਰੂਪ ਚੀਰੀ = ਚਿੱਠੀ ਕਿਸੇ ਦੇ ਪਾਸੋਂ ਫਿਰੈ = ਮੁੜ ਨਾ = ਨਹੀਂ ਸਕਦੀ, ਸੋ = ਉਸ ਸਾਹਿਬੁ = ਮਾਲਕ ਪਰਮੇਸ਼ਰ ਨੂੰ ਪਰਵਾਣੁ = ਪ੍ਰਮਾਣਿਕ ਜਾਨਣਾ ਕਰੋ।

## ਚੀਰੀ ਜਿਸ ਕੀ ਚਲਣਾ; ਮੀਰ ਮਲਕ ਸਲਾਰ ॥

ਜਿਸ ਵਾਹਿਗੁਰੂ ਕੀ = ਦੀ ਹੁਕਮ ਰੂਪੀ ਚੀਰੀ = ਚਿੱਠੀ ਵਿਚ ਸਭ ਨੂੰ ਚੱਲਣਾ ਪੈਂਦਾ ਹੈ, ਭਾਵੇਂ ਕੋਈ ਮੀਰ = ਬਾਦਸ਼ਾਹ ਹੈ, ਭਾਵੇਂ ਕੋਈ ਮਲਕ = ਸੁਲਤਾਨ ਜਾਂ ਮਲਕ ਦੇ ਖ਼ਿਤਾਬ ਵਾਲਾ ਹੋਵੇ, ਭਾਵੇਂ ਕੋਈ ਸਲਾਰ = ਸਰਦਾਰ ਹੋਵੇ।

## ਜੋ ਤਿਸੁ ਭਾਵੈ ਨਾਨਕਾ; ਸਾਈ ਭਲੀ ਕਾਰ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਜੋ = ਜਿਹੜਾ ਤਿਸੁ = ਉਸ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ, ਸਾਈ = ਉਹੋ ਹੀ ਕਾਰ ਭਲੀ = ਚੰਗੀ ਹੈ।

## ਜਿਨ੍ਾ ਚੀਰੀ ਚਲਣਾ; ਹਥਿ ਤਿਨ੍ਾ ਕਿਛੁ ਨਾਹਿ ॥

ਜਿਨ੍ਹਾਂ ਨੇ ਪ੍ਰਭੂ ਦੀ ਹੁਕਮ ਰੂਪੀ ਚੀਰੀ = ਚਿੱਠੀ ਦੇ ਅਨੁਸਾਰ ਮੌਤ ਆਈ ਤੋਂ ਪ੍ਰਲੋਕ ਵੱਲ ਨੂੰ ਚੱਲਣਾ ਹੈ, ਕੂਚ ਕਰ ਜਾਣਾ ਹੈ, ਤਿਨ੍ਾ = ਉਨ੍ਹਾਂ ਦੇ ਹੱਥ ਵਿਚ ਕਿਛੁ = ਕੁਝ ਵੀ ਨਾਹਿ = ਨਹੀਂ ਹੈ।

## ਸਾਹਿਬ ਕਾ ਫੁਰਮਾਣੁ ਹੋਇ; ਉਠੀ ਕਰਲੈ ਪਾਹਿ ॥

ਜਦ ਜੀਵਾਂ ਨੂੰ ਸਾਹਿਬ = ਮਾਲਕ ਪਰਮੇਸ਼ਰ ਕਾ = ਦਾ ਫੁਰਮਾਣੁ = ਹੁਕਮ ਹੋਇ = ਹੁੰਦਾ ਹੈ, ਤਦ ਉਠੀ = ਉੱਠ, ਕੂਚ ਕਰ ਕੇ ਜੀਵ ਪ੍ਰਲੋਕ ਦੇ ਕਰਲੈ = ਰਾਹੇ (ਰਸਤੇ) ਪਾਹਿ = ਪੈ ਜਾਂਦੇ ਹਨ।

## ਜੇਹਾ ਚੀਰੀ ਲਿਖਿਆ; ਤੇਹਾ ਹੁਕਮੁ ਕਮਾਹਿ ॥

ਪਰਮੇਸ਼ਰ ਦੀ ਹੁਕਮ ਰੂਪੀ ਚੀਰੀ = ਚਿੱਠੀ ਅਨੁਸਾਰ **ਵਾ:** ਪਰਮੇਸ਼ਰ ਨੇ ਜੇਹਾ = ਜਿਹੋ ਜਿਹਾ ਕਿਸੇ ਪੁਰਖ ਦਾ ਪ੍ਰਾਲਬਧ ਰੂਪੀ ਚਿੱਠੀ ਉੱਤੇ ਲੇਖ ਲਿਖਿਆ ਹੋਇਆ ਹੈ, ਤੇਹਾ = ਉਹੋ ਜਿਹਾ ਜੀਵ ਨੇ ਹੁਕਮ ਕਮਾਹਿ = ਕਮਾਉਣਾ ਕੀਤਾ ਹੈ।

**ਅਥਵਾ** ਜੇਹਾ = ਜਿਹੋ ਜਿਹਾ ਗੁਰ ਉਪਦੇਸ਼ ਰੂਪੀ ਚਿੱਠੀ ਵਿਚ ਜਾਂ ਵੇਦਾਂ ਸ਼ਾਸਤਰਾਂ ਰੂਪੀ ਚਿੱਠੀ ਵਿਚ ਪ੍ਰਭੂ ਪ੍ਰਾਪਤੀ ਵਾਲਾ ਹੁਕਮ ਲਿਖਿਆ ਹੋਇਆ ਹੈ, ਉਹੋ ਜਿਹਾ ਹੁਕਮ, ਕਰਮ ਕਮਾਹਿ = ਕਮਾਉਣਾ ਚਾਹੀਦਾ ਹੈ।

## ਘਲੇ ਆਵਹਿ ਨਾਨਕਾ; ਸਦੇ ਉਠੀ ਜਾਹਿ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹ ਜੀਵ ਪਰਮੇਸ਼ਰ ਦੇ ਘਲੇ = ਭੇਜੇ ਹੋਏ ਸੰਸਾਰ ਵਿਚ ਜਨਮ ਧਾਰ ਕੇ ਆਵਹਿ = ਆਉਂਦੇ ਹਨ ਅਤੇ ਉਸ ਦੇ ਸਦੇ = ਬੁਲਾਵੇ ਆਏ ਤੋਂ ਉਠੀ = ਉੱਠ ਕੇ, ਕੂਚ ਕਰ ਕੇ ਪ੍ਰਲੋਕ ਵੱਲ ਨੂੰ ਚਲੇ ਜਾਹਿ = ਜਾਂਦੇ ਹਨ ॥੧॥

## ਮਹਲਾ ੨ ॥

## ਸਿਫਤਿ ਜਿਨਾ ਕਉ ਬਖਸੀਐ; ਸੇਈ ਪੋਤੇਦਾਰ ॥

ਜਿਨ੍ਹਾਂ ਕਉ = ਨੂੰ ਪਰਮੇਸ਼ਰ ਨੇ ਆਪਣੀ ਸਿਫਤਿ = ਬੰਦਗੀ, ਕੀਰਤਨ ਭਗਤੀ ਕਰਨੀ ਬਖਸੀਐ = ਬਖ਼ਸ਼ੀ ਹੈ, ਸੇਈ = ਉਹ ਪੁਰਖ ਬ੍ਰਹਮ ਗਿਆਨ ਰੂਪੀ ਪੋਤੇਦਾਰ = ਖ਼ਜ਼ਾਨੇ ਵਾਲੇ ਹਨ **ਵਾ:** ਖ਼ਜ਼ਾਨਚੀ ਹਨ **ਵਾ:** (ਪੋਤੇ + ਦਾਰ) ਗਿਆਨ ਰੂਪੀ ਪੋਤੇ = ਖ਼ਜ਼ਾਨੇ ਦੀ ਦਾਤ ਦਾਰ = ਦੇਣ ਵਾਲੇ ਹਨ।

## ਕੁੰਜੀ ਜਿਨ ਕਉ ਦਿਤੀਆ; ਤਿਨ੍ਾ ਮਿਲੇ ਭੰਡਾਰ ॥

ਜਿਨ = ਜਿਨ੍ਹਾਂ ਪੁਰਖਾਂ ਕਉ = ਨੂੰ ਪਰਮੇਸ਼ਰ ਨੇ ਬ੍ਰਹਮ ਵਿੱਦਿਆ ਰੂਪੀ, ਭਗਤੀ ਰੂਪੀ ਕੁੰਜੀ ਦਿਤੀਆ = ਦਿੱਤੀ ਹੈ, ਤਿਨ੍ਾ = ਉਨ੍ਹਾਂ ਨੂੰ ਬ੍ਰਹਮ ਗਿਆਨ, ਸ਼ੁਭ ਗੁਣਾਂ ਦੇ ਭੰਡਾਰ = ਖ਼ਜ਼ਾਨੇ ਮਿਲੇ = ਮਿਲ ਗਏ ਹਨ।

## ਜਹ ਭੰਡਾਰੀ ਹੂ ਗੁਣ ਨਿਕਲਹਿ; ਤੇ ਕੀਅਹਿ ਪਰਵਾਣੁ ॥

ਜਹ = ਜਿਸ ਜਗਿਆਸੂ ਦੇ ਰਿਦੇ ਰੂਪੀ ਭੰਡਾਰੀ = ਖ਼ਜ਼ਾਨੇ ਦੇ ਅੰਦਰ ਹੂ = ਤੋਂ ਸ਼ਰਧਾ, ਵਿਸ਼ਵਾਸ ਆਦਿ ਗੁਣ ਨਿਕਲਹਿ = ਪ੍ਰਗਟ ਹੁੰਦੇ ਹਨ, ਤੇ = ਉਹ ਪ੍ਰਭੂ ਦੇ ਦਰ ਵਿਚ ਪਰਵਾਣੁ = ਪ੍ਰਮਾਣਿਕ ਕੀਅਹਿ = ਕੀਤੇ ਜਾਂਦੇ ਹਨ।

## ਨਦਰਿ ਤਿਨ੍ਾ ਕਉ ਨਾਨਕਾ; ਨਾਮੁ ਜਿਨ੍ਾ ਨੀਸਾਣੁ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਨ੍ਾ = ਉਨ੍ਹਾਂ ਕਉ = ਉੱਤੇ ਪਰਮੇਸ਼ਰ ਦੀ ਨਦਰਿ = ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਜਿਨ੍ਹਾਂ ਦੇ ਹਿਰਦੇ ਵਿਚ ਨਾਮ ਰੂਪੀ ਨੀਸਾਣੁ = ਪਰਵਾਨਾ ਹੈ **ਵਾ:** ਜਿਨ੍ਹਾਂ ਦੇ ਹਿਰਦੇ ਅੰਦਰ ਪਰਮੇਸ਼ਰ ਦਾ ਨਾਮ ਨੀਸਾਣੁ = ਪ੍ਰਗਟ ਹੋ ਗਿਆ ਹੈ॥੨॥

## ਪਉੜੀ ॥

## ਨਾਮੁ ਨਿਰੰਜਨੁ ਨਿਰਮਲਾ; ਸੁਣਿਐ ਸੁਖੁ ਹੋਈ ॥

ਨਿਰੰਜਨ = ਸ਼ੁੱਧ ਸਰੂਪ ਪਰਮੇਸ਼ਰ ਦਾ ਨਾਮ ਨਿਰਮਲਾ = ਪਾਪਾਂ ਦੀ ਮੈਲ ਨੂੰ ਲਾਹੁਣ ਵਾਲਾ ਹੈ **ਵਾ:** ਨਿਰਮਲਾ = ਉੱਜਲ ਹੈ, ਜਿਹੜੇ ਗੁਰਮੁਖ ਜਨ ਨਾਮ ਨੂੰ ਸੁਣਿਐ = ਸ੍ਰਵਨ ਕਰਦੇ ਹਨ, ਉਹਨਾਂ ਨੂੰ ਸੁਖ ਦੀ ਪ੍ਰਾਪਤੀ ਹੋਈ = ਹੁੰਦੀ ਹੈ।

## ਸੁਣਿ ਸੁਣਿ ਮੰਨਿ ਵਸਾਈਐ; ਬੂਝੈ ਜਨੁ ਕੋਈ ॥

ਹੇ ਭਾਈ! ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਿ = ਸ੍ਰਵਣ ਕਰਕੇ ਸੁਣਿ = ਸੁਣਨਾ ਕਰੀਏ ਤੇ ਮੰਨਣ ਕਰਕੇ ਮਨ ਵਿਚ ਵਸਾਈਐ = ਵਸਾਉਣਾ ਕਰੀਏ **ਵਾ:** ਸ੍ਰਵਣ ਦੇ ਖਟ ਲਿੰਗਾਂ (ਚਿੰਨ੍ਹਾਂ) ਦੁਆਰਾ ਸੁਣ, ਕੰਨਾਂ ਨਾਲ ਸ੍ਰਵਨ ਕਰ ਕੇ ਫੇਰ ਮੰਨਣ ਕਰਕੇ ਮਨ ਵਿਚ ਵਸਾਉਣਾ ਕਰੀਏ ਅਤੇ ਅਭੇਦ ਦੀਆਂ ਸਾਧਕ ਤੇ ਭੇਦ ਦੀਆਂ ਬਾਧਕ ਜੁਗਤੀਆਂ ਦੁਆਰਾ ਨਿਧਿਆਸਣ ਕਰੀਏ, ਪਰ ਇਸ ਸਿਧਾਂਤ ਨੂੰ ਗੁਰਾਂ ਦੁਆਰਾ ਕੋਈ ਵਿਰਲਾ ਜਨੁ = ਪੁਰਖ ਹੀ ਬੂਝੈ = ਸਮਝਦਾ ਹੈ।

## ਬਹਦਿਆ ਉਠਦਿਆ ਨ ਵਿਸਰੈ; ਸਾਚਾ ਸਚੁ ਸੋਈ ॥

ਜਿਨ੍ਹਾਂ ਨੂੰ ਬਹਦਿਆ = ਬੈਠਦਿਆਂ, ਉੱਠਦਿਆਂ **ਵਾ:** ਸਮਾਧੀ ਵਿਚ ਇਸਥਿਤ ਹੁੰਦਿਆਂ ਤੇ ਸੰਸਾਰ ਤੋਂ ਉੱਠਦਿਆਂ, ਉਪਰਾਮ ਹੁੰਦਿਆਂ ਪਰਮੇਸ਼ਰ ਵਿਸਰੈ = ਭੁੱਲਦਾ ਨ = ਨਹੀਂ ਹੈ, ਸੋਈ = ਉਹ ਪੁਰਖ ਸਾਚਾ = ਸੱਚਾ ਨਾਮ ਜਪਣ ਵਾਲੇ ਤੇ ਸੱਚ ਸਰੂਪ ਦੀ ਪ੍ਰਾਪਤੀ ਵਾਲੇ ਹਨ।

## ਭਗਤਾ ਕਉ ਨਾਮ ਅਧਾਰੁ ਹੈ; ਨਾਮੇ ਸੁਖੁ ਹੋਈ ॥

ਭਗਤ ਜਨਾਂ ਕਉ = ਨੂੰ ਪਰਮੇਸ਼ਰ ਦੇ ਨਾਮ ਦਾ ਅਧਾਰੁ = ਆਸਰਾ ਹੈ ਅਤੇ ਨਾਮੇ = ਨਾਮ ਜਪਣ ਕਰਕੇ ਹੀ ਉਨ੍ਹਾਂ ਨੂੰ ਆਤਮਿਕ ਸੁਖੁ = ਅਨੰਦ ਦੀ ਪ੍ਰਾਪਤੀ ਹੋਈ = ਹੁੰਦੀ ਹੈ।

## ਨਾਨਕ, ਮਨਿ ਤਨਿ ਰਵਿ ਰਹਿਆ; ਗੁਰਮੁਖਿ ਹਰਿ ਸੋਈ ॥੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਮਨ ਤੇ ਤਨ ਵਿਚ ਰਵਿ = ਵਿਆਪਕ ਹੋ ਰਿਹਾ ਹੈ **ਵਾ:** ਜਿਨ੍ਹਾਂ ਗੁਰਮੁਖਾਂ ਦੇ ਮਨ ਤੇ ਤਨ ਵਿਚ ਵਿਆਪਕ ਪਰਮੇਸ਼ਰ ਦੇ ਨਾਮ ਦਾ ਉਚਾਰਨ ਹੋ ਰਿਹਾ ਹੈ, ਸੋਈ = ਉਹੋ ਗੁਰਮੁਖ ਹੀ ਹਰਿ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਹਨ॥੫॥

## ਸਲੋਕ ਮਹਲਾ ੧ ॥

## ਨਾਨਕ, ਤੁਲੀਅਹਿ ਤੋਲ; ਜੇ ਜੀਉ ਪਿਛੈ ਪਾਈਐ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇ = ਜੇਕਰ ਜੀਉ = ਜੀਵ ਦੇ ਗੁਣਾਂ, ਸਾਧਨਾਂ ਨੂੰ ਪਿੱਛੇ ਪਾਈਐ = ਪਾ ਕੇ ਪਰਮੇਸ਼ਰ ਦੇ ਕੀਤੇ ਹੋਏ ਪਰਉਪਕਾਰਾਂ ਦੇ ਤੋਲ ਨਾਲ ਤੁਲੀਅਹਿ = ਤੋਲਣਾ ਕਰੀਏ **ਵਾ:** ਪਰਮੇਸ਼ਰ ਦੇ ਦਿੱਤੇ ਪਦਾਰਥਾਂ ਦੇ ਤੋਲ ਬਰਾਬਰ ਉਸ ਨੂੰ ਤੋਲਣਾ ਕਰੀਏ ਤੇ ਜੇਕਰ ਜੀਵ ਦੇ ਸਾਧਨ ਨੂੰ ਵੀ ਪਿੱਛੇ ਪਾ ਕੇ ਵੇਖਣਾ ਕਰੀਏ।

**ਅਥਵਾ** ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇ = ਜੇਕਰ ਜੀਵ ਦੇ ਗੁਣ, ਸਾਧਨ ਆਦਿ ਸ਼ੁਭ ਕਰਮਾਂ ਨੂੰ ਪਿੱਛੇ ਪਾ ਕੇ ਪਰਮੇਸ਼ਰ ਦੇ ਪਰਉਪਕਾਰਾਂ ਨੂੰ ਵਿਚਾਰ ਰੂਪੀ ਤੋਲ ਵਿਚ ਤੋਲਣਾ ਕਰੀਏ ਭਾਵ ਵਿਚਾਰ ਰੂਪੀ ਤੱਕੜੀ ਦੇ ਇਕ ਪੱਲੜੇ ਵਿਚ ਜੀਵ ਦੇ ਗੁਣਾਂ, ਸਾਧਨਾਂ ਨੂੰ ਪਾ ਦੇਈਏ ਅਤੇ ਦੂਸਰੇ ਪੱਲੜੇ ਵਿਚ ਪਰਮੇਸ਼ਰ ਦੇ ਕੀਤੇ ਪਰਉਪਕਾਰਾਂ ਨੂੰ ਪਾ ਦੇਈਏ ਤਾਂ ਵੀ :

## ਇਕਸੁ ਨ ਪੁਜਹਿ ਬੋਲ; ਜੇ ਪੂਰੇ ਪੂਰਾ ਕਰਿ ਮਿਲੈ ॥

ਜੇ = ਜੇਕਰ ਪੂਰੇ = ਪੂਰਨ ਪਰਮੇਸ਼ਰ ਦੇ ਨਾਲ ਪੂਰਾ ਹੋ ਕਰਿ = ਕਰਕੇ ਜਾਂ ਪੂਰੇ ਸਾਧਨ ਕਰਕੇ ਮਿਲੈ = ਮਿਲਣਾ ਚਾਹੇ ਤਾਂ ਉਹ ਕਰਮ ਜਾਂ ਪਦਾਰਥ ਪਰਮੇਸ਼ਰ ਦੇ ਇਕਸੁ = ਇਕ ਬੋਲ = ਉਪਕਾਰ ਦੇ ਬਰਾਬਰ ਵੀ ਨ = ਨਹੀਂ ਪੁਜਹਿ = ਪੁੱਜ ਸਕਦੇ **ਵਾ:** ਇਕ ਪਰਮੇਸ਼ਰ ਦੇ ਬੋਲ = ਜ਼ੁਬਾਨ, ਨੇਤਰ ਆਦਿ **ਵਾ:** ਪਰਮੇਸ਼ਰ ਦੇ ਇਕ ਦਿੱਤੇ ਹੋਏ ਬੋਲ = ਪਦਾਰਥ ਦੇ ਬਰਾਬਰ ਜੀਵ ਦੇ ਸਾਧਨ ਨਹੀਂ ਪੁੱਜ ਸਕਦੇ।

## ਵਡਾ ਆਖਣੁ; ਭਾਰਾ ਤੋਲੁ ॥ ਹੋਰ ਹਉਲੀ ਮਤੀ; ਹਉਲੇ ਬੋਲ ॥

ਉਹ ਪਰਮੇਸ਼ਰ ਵੱਡਾ ਭਾਵ ਤ੍ਰੈਕਾਲ ਅਬਾਧ ਰੂਪ ਆਖਣੁ = ਕਹੀਦਾ ਹੈ ਤੇ ਉਸ ਦਾ ਵਿਚਾਰ ਰੂਪੀ ਤੋਲ ਵੀ ਬੜਾ ਭਾਰਾ = ਵਜ਼ਨਦਾਇਕ ਹੈ।

ਹੋਰ = ਹੋਰਨਾਂ ਜੀਵਾਂ ਦੀ ਮਤੀ = ਬੁੱਧੀ ਹਉਲੀ = ਤੁੱਛ ਹੈ ਤੇ ਜੀਵਾਂ ਦੇ ਹੰਕਾਰ ਨਾਲ ਕਹੇ ਬਰਾਬਰਤਾਈ ਵਾਲੇ ਬੋਲ ਵੀ ਹਉਲੇ = ਤੁੱਛ ਹੀ ਹਨ।

## ਧਰਤੀ ਪਾਣੀ; ਪਰਬਤ ਭਾਰੁ ॥ ਕਿਉ ਕੰਡੈ ਤੋਲੈ; ਸੁਨਿਆਰੁ ॥

ਧਰਤੀ = ਪ੍ਰਿਥਵੀ, ਪਾਣੀ = ਜਲ, ਪਰਬਤ = ਪਹਾੜ ਤੇ ਅਠਾਰਾਂ ਭਾਰ ਬਨਸਪਤੀ ਆਦਿ।

ਇਨ੍ਹਾਂ ਸਭਨਾਂ ਨੂੰ ਸੁਨਿਆਰ ਕੰਡੇ ਉੱਤੇ ਰੱਖ ਕੇ ਕਿਉ = ਕਿਵੇਂ ਤੋਲੈ = ਤੋਲ ਸਕਦਾ ਹੈ, ਭਾਵ ਨਹੀਂ ਤੋਲ ਸਕਦਾ।

## ਤੋਲਾ ਮਾਸਾ; ਰਤਕ ਪਾਇ ॥ ਨਾਨਕ; ਪੁਛਿਆ ਦੇਇ ਪੁਜਾਇ ॥

ਤੋਲਾ = ਬਾਰਾਂ ਮਾਸਾ ਭਰ ਵਜ਼ਨ, ਮਾਸਾ = ਅੱਠ ਰੱਤੀ ਭਰ ਤੋਲ ਤੇ ਰਤਕ = ਰੱਤੀਆ ਪਾਇ = ਪਾ ਲੈਣਾ ਕਰੇ ਪਰ ਇਹ ਤੋਲੇ ਨਹੀਂ ਜਾ ਸਕਦੇ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇਕਰ ਸੁਨਿਆਰ ਦੇ ਪਾਸੋਂ ਪੁਛਿਆ = ਪੁੱਛਣਾ ਕਰੀਏ ਤਾਂ ਸੁਨਿਆਰਾ ਗੱਲਾਂ-ਬਾਤਾਂ ਨਾਲ ਹੀ ਘਰ ਪੁਜਾਇ = ਪੂਰਾ ਕਰ ਦੇਇ = ਦਿੰਦਾ ਹੈ **ਵਾ:** ਜੇ ਉਸ ਦੇ ਪਾਸੋਂ ਪੁੱਛੀਏ ਤਾਂ ਉਹ ਪਰਮੇਸ਼ਰ ਦੇ ਉਪਕਾਰਾਂ ਨੂੰ ਪੁਜਾ ਦੇਵੇਗਾ ਭਾਵ ਨਹੀਂ ਪੁਜਾ ਸਕਦਾ।

**ਅਥਵਾ** ਜਿਸ ਪਰਮੇਸ਼ਰ ਨੇ ਧਰਤੀ, ਪਾਣੀ ਤੇ ਭਾਰੇ ਪਰਬਤ ਸੈਰ ਸਪਾਟਾ ਕਰਨ ਵਾਸਤੇ ਦਿੱਤੇ ਹਨ, ਉਸ ਪਰਮੇਸ਼ਰ ਦੇ ਉਪਕਾਰਾਂ ਨੂੰ ਜੀਵ ਰੂਪ ਸੁਨਿਆਰਾ ਬੁੱਧ ਰੂਪ ਕੰਡੇ ਉੱਤੇ ਰੱਖ ਕੇ ਕਿਵੇਂ ਤੋਲ ਸਕਦਾ ਹੈ, ਤੋਲਾ ਭਾਵ ਬੇਦ, ਮਾਸਾ ਭਾਵ ਸ਼ਾਸਤਰ, ਰਤਕ ਭਾਵ ਸਿੰਮ੍ਰਿਤੀਆਂ ਨੂੰ ਪਾ ਕੇ, ਪੜ੍ਹ ਕੇ ਜਾਂ ਪੜ੍ਹਨ ਵਾਲਿਆਂ ਨੂੰ ਜੇ ਪੁੱਛੀਏ ਤਾਂ ਉਹ ਪਰਮੇਸ਼ਰ ਦੇ ਉਪਕਾਰਾਂ ਨੂੰ ਪੁਜਾ ਦੇਣਗੇ, ਭਾਵ ਨਹੀਂ ਪੁਜਾ ਸਕਦੇ।

## ਮੂਰਖ ਅੰਧਿਆ; ਅੰਧੀ ਧਾਤੁ ॥
## ਕਹਿ ਕਹਿ ਕਹਣੁ; ਕਹਾਇਨਿ ਆਪੁ ॥੧॥

ਇਹ ਤਾਂ ਅੰਧਿਆ = ਅਗਿਆਨੀ ਤੇ ਮੂਰਖ = ਬੇਸਮਝ ਪੁਰਖਾਂ ਦੀ ਅੰਧੀ = ਅੰਨ੍ਹੀ ਧਾਤੁ = ਧਾਉਣੀ (ਦੌੜ) ਹੈ।

ਕਹਿ = ਕਥਨ ਕੀਤੀਆਂ ਹੋਈਆਂ ਕਥਾਵਾਂ ਦੇ ਕਹਣ = ਪ੍ਰਸੰਗਾਂ ਨੂੰ ਆਪਣੇ ਮੂੰਹੋਂ ਕਹਿ = ਕਥਨ ਕਰ ਕੇ ਮਗਰੋਂ ਆਪਣੇ ਆਪ ਨੂੰ ਵੱਡੇ ਵਿਦਵਾਨ ਕਹਾਇਨਿ = ਕਹਾਉਂਦੇ ਹਨ।

**ਵਾ:** ਜੋ ਗੁਰਾਂ ਜਾਂ ਮਹਾਤਮਾ ਜਨਾਂ ਦੀਆਂ ਪ੍ਰਭੂ ਪ੍ਰਾਪਤੀ ਵਾਲੀਆਂ ਕਥਾਵਾਂ ਕਹਿ = ਕਥਨ ਕੀਤੀਆਂ ਹੋਈਆਂ ਹਨ, ਉਹਨਾਂ ਕਹੀਆਂ ਹੋਈਆਂ ਕਥਾਵਾਂ ਨੂੰ ਕਥਨ ਕਰ ਕੇ ਬੇਸਮਝ ਪੁਰਖ ਆਪਣੇ ਆਪ ਨੂੰ ਵਿਦਵਾਨ ਕਹਾਉਂਦੇ ਹਨ ॥੧॥

### ਦੂਸਰਾ ਅਰਥ

### ਨਾਨਕ, ਤੁਲੀਅਹਿ ਤੋਲ; ਜੇ ਜੀਉ ਪਿਛੈ ਪਾਈਐ ॥

ਜੇ = ਜੇਕਰ ਜੀਉ = ਜੀਵ ਦੇ ਜੀਵਤ-ਭਾਵ ਨੂੰ ਪਿੱਛੇ ਪਾ ਦੇਈਏ ਭਾਵ ਮੇਟ ਦੇਈਏ ਤਾਂ ਫੇਰ ਵਾਹਿਗੁਰੂ ਦੇ ਵਿਚਾਰ ਰੂਪੀ ਤੋਲ ਵਿਚ ਪੂਰਾ ਤੁਲ ਸਕੀਦਾ ਹੈ, ਭਾਵ ਵਾਹਿਗੁਰੂ ਦੀ ਪ੍ਰਾਪਤੀ ਵਾਲੀ ਵਿਚਾਰ ਪ੍ਰਾਪਤ ਹੋ ਸਕਦੀ ਹੈ।

### ਇਕਸੁ ਨ ਪੁਜਹਿ ਬੋਲ; ਜੇ ਪੂਰੇ ਪੂਰਾ ਕਰਿ ਮਿਲੈ ॥

ਜੇ = ਜਿਹੜੇ ਮਹਾਤਮਾ ਜਨ ਪੂਰੇ ਪਰਮੇਸ਼ਰ ਦਾ ਪੂਰਾ = ਪੂਰਨ ਅਭਿਆਸ ਕਰਿ = ਕਰਕੇ ਉਸ ਦੇ ਨਾਲ ਮਿਲੇ ਹਨ, ਉਹਨਾਂ ਮਹਾਤਮਾ ਜਨਾਂ ਦੇ ਬੋਲ = ਬਚਨਾਂ ਬਰਾਬਰ ਇਕਸੁ = ਇਕ ਵੀ ਸੰਸਾਰੀ ਜੀਵ ਨਹੀਂ ਪੁਜਹਿ = ਪੁੱਜ ਸਕਦਾ, ਉਹਨਾਂ ਮਹਾਤਮਾ ਜਨਾਂ ਦਾ ਇਤਨਾ ਜੀਵਨ ਉੱਚਾ ਹੁੰਦਾ ਹੈ।

### ਵਡਾ ਆਖਣੁ; ਭਾਰਾ ਤੋਲੁ ॥ ਹੋਰ ਹਉਲੀ ਮਤੀ; ਹਉਲੇ ਬੋਲ ॥

ਉਹ ਵੱਡਾ, ਤ੍ਰੈਕਾਲ ਅਬਾਧ ਰੂਪ ਆਖਣੁ = ਕਹੀਦਾ ਹੈ, ਉਸ ਦਾ ਤੋਲੁ = ਵਿਚਾਰ ਲੱਖਣਾ ਬਿਰਤੀ ਕਰਕੇ ਭਾਰਾ = ਅਧਿਸ਼ਠਾਨ ਰੂਪ ਹੈ।

ਹੋਰਨਾਂ ਬੇਮੁਖ ਪੁਰਖਾਂ ਦੀ ਬੁੱਧੀ ਤੁੱਛ ਹੈ ਤੇ ਬੋਲ = ਬਚਨ ਵੀ ਤੁੱਛ ਹਨ।

**ਧਰਤੀ ਪਾਣੀ; ਪਰਬਤ ਭਾਰੁ ॥**

ਮਹਾਤਮਾ ਜਨਾਂ ਦੇ ਹਿਰਦੇ ਵਿਚ ਧਰਤੀ ਦੀ ਨਿਆਈਂ ਖਿਮਾ, ਪ੍ਰੇਮ ਰੂਪੀ ਪਾਣੀ ਹੈ ਤੇ ਉਨ੍ਹਾਂ ਦਾ ਮਨ ਪਰਬਤ ਦੀ ਨਿਆਈਂ ਅਚੱਲ ਹੈ ਅਤੇ ਉਨ੍ਹਾਂ ਨੇ ਸਾਰਿਆਂ ਦੇ ਭਾਰੁ = ਅਧਿਸ਼ਠਨ ਸਰੂਪ **ਵਾ:** ਸਭ ਦੇ ਅੰਦਰ ਕੂਟੱਸਥ ਰੂਪ ਪਰਮੇਸ਼ਰ ਨੂੰ ਜਾਣ ਲਿਆ ਹੈ **ਵਾ:** ਉਨ੍ਹਾਂ ਨੇ ਅੰਦਰੋਂ ਹੀ ਅਧਿਸ਼ਠਾਨ ਸਰੂਪ ਪਰਮੇਸ਼ਰ ਨੂੰ ਭਾਰੁ = ਭਾਲ, ਖੋਜ ਲਿਆ ਹੈ। ਕਿਉਂ :

**ਕਿਉ ਕੰਡੈ ਤੋਲੈ; ਸੁਨਿਆਰੁ ॥**

ਸਕਾਮੀ ਜੀਵ ਰੂਪ ਸੁਨਿਆਰ ਆਪਣੇ ਬੁੱਧ ਰੂਪ ਕੰਡੇ ਵਿਚ ਪਾ ਕੇ ਮਹਾਤਮਾ ਦੇ ਗੁਣਾਂ ਜਾਂ ਵੀਚਾਰਾਂ ਨੂੰ ਕਿਵੇਂ ਤੋਲ ਸਕਦਾ ਹੈ।

**ਤੋਲਾ ਮਾਸਾ; ਰਤਕ ਪਾਇ ॥**

ਭਾਵੇਂ ਉਹ ਤੋਲੇ ਵਤ ਵੇਦਾਂ ਦਾ ਗਿਆਨ, ਮਾਸੇ ਦੀ ਨਿਆਈਂ ਸ਼ਾਸਤਰਾਂ ਦਾ ਗਿਆਨ ਤੇ ਰੱਤੀਆਂ ਦੀ ਨਿਆਈਂ ਸਿੰਮ੍ਰਿਤੀਆਂ ਦਾ ਗਿਆਨ ਪਾ ਲੈਣਾ ਕਰੇ।

**ਨਾਨਕ; ਪੁਛਿਆ ਦੇਇ ਪੁਜਾਇ ॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੇ ਉਸ ਕੋਲੋਂ ਪੁੱਛੀਏ ਕਿ ਕੀ ਵੇਦਾਂ ਸ਼ਾਸਤਰਾਂ ਦਾ ਗਿਆਨ ਉਨ੍ਹਾਂ ਦੇ ਗੁਣਾਂ ਨੂੰ ਪੂਰਾ ਪੁਜਾ ਦੇਵੇਗਾ ਭਾਵ ਨਹੀਂ ਪੁਜਾ ਸਕਦਾ।

**ਮੂਰਖ ਅੰਧਿਆ; ਅੰਧੀ ਧਾਤੁ ॥ ਕਹਿ ਕਹਿ ਕਹਣੁ; ਕਹਾਇਨਿ ਆਪੁ ॥੧॥**

ਅੰਧਿਆ = ਅਗਿਆਨੀ ਤੇ ਬੇ-ਸਮਝ ਪੁਰਖਾਂ ਦੀ ਅੰਨ੍ਹੀ ਮਾਇਆ ਵੱਲ ਹੀ ਧਾਤੁ = ਧਾਉਣੀ ਹੈ।

ਜਿਹੜੇ ਮਹਾਤਮਾ ਜਨ ਪ੍ਰਸੰਗਾਂ ਨੂੰ ਕਹਿ = ਕਥਨ ਕਰਦੇ ਹਨ, ਉਨ੍ਹਾਂ ਦੇ ਕਹੇ ਹੋਏ ਪ੍ਰਸੰਗਾਂ ਨੂੰ ਪਾਖੰਡੀ ਲੋਕ (ਬੇਸਮਝ ਲੋਕ) ਅੱਗੇ ਆਪਣੇ ਚੇਲਿਆਂ ਪਾਸੋਂ ਆਪਣੇ ਆਪ ਨੂੰ ਹੰਕਾਰ ਦੇ ਸਹਿਤ ਹੋ ਕੇ ਵੱਡੇ ਸੰਤ ਕਹਾਉਂਦੇ ਹਨ ॥੧॥

## ਮਹਲਾ ੧ ॥

## ਆਖਣਿ ਅਉਖਾ, ਸੁਨਣਿ ਅਉਖਾ; ਆਖਿ ਨ ਜਾਪੀ ਆਖਿ ॥

ਪਰਮੇਸ਼ਰ ਦਾ ਜੱਸ ਆਖਣਿ = ਕਹਿਣਾ ਬੜਾ ਅਉਖਾ = ਕਠਨ ਹੈ, ਪਰਮੇਸ਼ਰ ਦਾ ਜੱਸ ਸੁਨਣਿ = ਸੁਣਨਾ ਵੀ ਬੜਾ ਔਖਾ ਹੈ ਅਤੇ ਆਖਿ = ਮੁਖ ਨਾਲ ਵੀ ਆਖਿ = ਆਖਿਆ ਨ = ਨਹੀਂ ਜਾਪੀ = ਜਾਂਦਾ **ਵਾ:** ਮੁਖ ਦੁਆਰਾ ਕਹਿ ਕੇ ਵੀ ਪਰਮੇਸ਼ਰ ਜਾਪੀ = ਜਾਣਿਆ ਨ = ਨਹੀਂ ਜਾਂਦਾ।

**ਸਾਖੀ—ਛੱਜੂ ਭਗਤ ਦੀ :** ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਲਾਹੌਰ ਵਿੱਚ ਛੱਜੂ ਨਾਮ ਦਾ ਇਕ ਭਗਤ ਵੱਸਦਾ ਸੀ। ਇਹ ਭਾਟੀਆ ਖ਼ਾਨਦਾਨ ਨਾਲ ਸੰਬੰਧ ਰੱਖਦਾ ਸੀ ਤੇ ਸਰਾਫ਼ ਦੀ ਕਿਰਤ ਕਰਦਾ ਸੀ। ਹਰ ਰੋਜ਼ ਨਾਲ ਨਾਲ ਪ੍ਰਭੂ ਦਾ ਸਿਮਰਨ ਕਰਕੇ ਆਪਣਾ ਜੀਵਨ ਸਫਲ ਕਰਨ ਦਾ ਯਤਨ ਕਰਦਾ। ਇਕ ਦਿਨ ਲਾਹੌਰ ਵਿਚ ਬੜੀ ਭਾਰੀ ਵਰਖਾ ਹੋਈ। ਕੁਝ ਨਿੱਤ ਦੀ ਮਜ਼ਦੂਰੀ ਕਰਨ ਵਾਲੇ ਮਜ਼ਦੂਰ ਛੱਜੂ ਦੇ ਮਕਾਨ ਹੇਠ ਆ ਕੇ ਖੜ੍ਹੇ ਹੋ ਗਏ। ਜਦੋਂ ਭਗਤ ਜੀ ਨੇ ਉਨ੍ਹਾਂ ਨੂੰ ਉਦਾਸ ਖੜ੍ਹੇ ਦੇਖਿਆ ਤਾਂ ਪੁੱਛਿਆ ਕਿ ਭਾਈ, ਤੁਹਾਡੀ ਉਦਾਸੀ ਦਾ ਕਾਰਨ ਕੀ ਹੈ ? ਮਜ਼ਦੂਰਾਂ ਨੇ ਕਿਹਾ ਕਿ ਅਸੀਂ ਹਰ ਰੋਜ਼ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪੇਟ ਭਰਦੇ ਹਾਂ। ਅੱਜ ਵਰਖਾ ਕਾਰਨ ਮਜ਼ਦੂਰੀ ਨਹੀਂ ਮਿਲਣੀ। ਇਸ ਕਰਕੇ ਦੁਖੀ ਹਾਂ। ਛੱਜੂ ਨੇ ਕਿਹਾ ਕਿ ਤੁਸੀਂ ਚਿੰਤਾ ਨਾ ਕਰੋ, ਮੈਂ ਤੁਹਾਨੂੰ ਕੰਮ ਦਿੰਦਾ ਹਾਂ। ਮਜ਼ਦੂਰੀ ਦੇ ਪੈਸੇ ਤੁਹਾਡੀ ਨਿੱਤ ਦੀ ਮਜ਼ਦੂਰੀ ਨਾਲੋਂ ਜ਼ਿਆਦਾ (ਚਾਰ ਆਨੇ ਦੇ ਅੱਠ ਆਨੇ) ਦੇਵਾਂਗਾ, ਪਰ ਮਨ

ਲਗਾ ਕੇ ਕੰਮ ਕਰਨਾ ਹੈ। ਮਜ਼ਦੂਰਾਂ ਨੇ ਕਿਹਾ ਕਿ ਸਤ ਬਚਨ ਹੈ, ਭਗਤ ਛੱਜੂ ਨੇ ਉਨ੍ਹਾਂ ਨੂੰ ਇਕ ਇਕ ਮਾਲਾ ਦੇ ਕੇ ਵੱਖਰੇ ਵੱਖਰੇ ਬਿਠਾ ਦਿੱਤਾ ਤੇ ਪਰਮੇਸ਼ਰ ਦਾ ਨਾਮ ਜਪਣ ਲਈ ਕਿਹਾ, ਕੁਝ ਕੁ ਸਮਾਂ ਜਪਦੇ ਰਹੇ, ਫਿਰ ਇਧਰ ਉਧਰ ਤੱਕਣ ਲੱਗੇ। ਬੈਠੇ ਬੈਠੇ ਪਾਸੇ ਪਰਤਣ ਲੱਗੇ। ਅਖ਼ੀਰ ਉੱਠ ਕੇ ਵਾਰੀ ਵਾਰੀ ਭਗਤ ਜੀ ਕੋਲ ਆ ਕੇ ਕਹਿਣ ਲੱਗੇ ਕਿ ਭਗਤ ਜੀ! ਆਹ ਸੰਭਾਲੋ ਆਪਣੀਆਂ ਮਾਲਾਂ, ਇਹੋ ਜਿਹੇ ਔਖੇ ਕੰਮ ਨਾਲੋਂ ਤਾਂ ਭੁੱਖੇ ਰਹਿਣਾ ਹੀ ਚੰਗਾ ਹੈ। ਇਹ ਕਹਿ ਕੇ ਮਾਲਾ ਸੁੱਟ ਕੇ ਚਲੇ ਗਏ, ਭਾਵ ਪ੍ਰਭੂ ਦਾ ਨਾਮ ਜਪਣਾ ਬੜਾ ਔਖਾ ਹੈ। (ਛੱਜੂ ਦੀ ਮਾਰਬਲ ਦੀ ਸਮਾਧੀ ਬਣੀ ਹੈ ਅਤੇ ਉਸ ਦੀ ਦੁਕਾਨ ਵਾਲੀ ਜਗ੍ਹਾ ਮਹਾਰਾਜਾ ਰਣਜੀਤ ਸਿੰਘ ਨੇ ਸੁੰਦਰ ਮੰਦਰ ਬਣਾ ਦਿੱਤਾ ਸੀ। ਇਸ ਚੁਬਾਰੇ ਤੋਂ ਹੀ ਪੰਜਾਬੀ 'ਚ ਕਹਾਵਤ ਪ੍ਰਚੱਲਿਤ ਹੈ ਕਿ 'ਜੋ ਸੁੱਖ ਛੱਜੂ ਦੇ ਚੌਬਾਰੇ, ਨ ਬਲਖ ਨ ਬੁਖਾਰੇ')।

**ਸਾਖੀ—ਪੰਡਤਾਂ ਤੋਂ ਨਾਮ ਜਪਾਉਣ ਦੀ :** ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੋਲ ਇਕ ਦਿਨ ਕੁਝ ਬ੍ਰਾਹਮਣਾਂ ਨੇ ਆ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਆਪ ਜੀ ਦੇ ਅਵਤਾਰ ਹੁੰਦਿਆਂ ਹੋਇਆਂ ਅਸੀਂ ਬੜੇ ਦੁਖੀ ਅਤੇ ਔਖੇ ਹਾਂ। ਹੁਣ ਲੋਕ ਸਾਡਾ ਸਤਿਕਾਰ ਤੇ ਪੂਜਾ ਨਹੀਂ ਕਰਦੇ। ਸਾਰੇ ਗੁਜ਼ਰਾਨ ਬੰਦ ਹੋ ਗਏ ਹਨ। ਆਪ ਸਾਡੇ ਉੱਤੇ ਵੀ ਕਿਰਪਾ ਕਰੋ। ਸਤਿਗੁਰਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਜੋ ਆਖਾਂਗੇ, ਕੀ ਉਹ ਮੰਨੋਗੇ ? ਤਾਂ ਬ੍ਰਾਹਮਣ ਕਹਿਣ ਲੱਗੇ ਕਿ ਮਹਾਰਾਜ! ਜੇਕਰ ਰੋਜ਼ੀ ਰੋਟੀ ਮਿਲਦੀ ਹੋਵੇ ਤਾਂ ਕਿਉਂ ਨਹੀਂ ਮੰਨਾਂਗੇ ? ਜ਼ਰੂਰ ਮੰਨਾਂਗੇ ? ਸਤਿਗੁਰਾਂ ਨੇ ਉਨ੍ਹਾਂ ਬ੍ਰਾਹਮਣਾਂ ਨੂੰ ਕਿਹਾ ਕਿ ਤੁਸੀਂ ਹਰ ਰੋਜ਼ ਇਥੇ ਬੈਠ ਕੇ ਤਿੰਨ ਪਹਰ ਪ੍ਰਭੂ ਦਾ ਨਾਮ ਜਪਣਾ ਹੈ। ਉਸ ਦੇ ਬਦਲੇ ਤੁਹਾਨੂੰ ਹਰ ਰੋਜ਼ ਪੰਜ-ਪੰਜ ਮੋਹਰਾਂ ਨਕਦ, ਖਾਣ ਪੀਣ ਨੂੰ ਚੰਗੇ ਭੋਜਨ ਤੇ ਪਹਿਨਣ ਨੂੰ ਚੰਗੇ ਕੱਪੜੇ ਮਿਲ ਜਾਇਆ ਕਰਨਗੇ। ਬ੍ਰਾਹਮਣਾਂ ਨੇ ਕਿਹਾ ਕਿ ਮਹਾਰਾਜ ਠੀਕ ਹੈ। ਸਤਿਗੁਰਾਂ ਦੇ ਹੁਕਮ ਅਨੁਸਾਰ ਸਾਰੇ ਬ੍ਰਾਹਮਣ ਵੱਖ ਵੱਖ ਥਾਵਾਂ 'ਤੇ ਬੈਠ ਕੇ ਨਾਮ ਜਪਣ ਲੱਗੇ। ਭਾਈ ਆਲਮ ਸਿੰਘ ਜੀ ਨੂੰ ਉਨ੍ਹਾਂ ਦੀ ਨਿਗਰਾਨੀ ਕਰਨ ਲਈ ਕਿਹਾ ਕਿ ਇਨ੍ਹਾਂ ਨੂੰ ਗੋਡਾ ਵੀ ਖੜ੍ਹਾ ਨਹੀਂ ਕਰਨ ਦੇਣਾ ਤੇ ਨਾ ਹੀ ਝੁਕਣ ਦੇਣਾ ਹੈ, ਸਾਵਧਾਨ ਰੱਖਣਾ। ਸਾਰਾ ਦਿਨ ਬੀਤ ਜਾਣ 'ਤੇ ਸਤਿਗੁਰਾਂ ਪਾਸ ਹਾਜ਼ਰ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਘਿਉ, ਖੰਡ ਆਦਿ ਵਧੀਆ ਸਨਿਗਧ ਭੋਜਨ ਕਹਿ ਕੇ ਛਕਾਏ ਤੇ ਪੰਜ ਪੰਜ ਮੋਹਰਾਂ ਤੇ ਬਸਤਰ ਦੇ ਕੇ ਕਿਹਾ ਕਿ ਤੁਸੀਂ ਇਸੇ ਤਰ੍ਹਾਂ ਹਰ ਰੋਜ਼ ਨਾਮ ਜਪਣਾ ਹੈ, ਪਰ ਬ੍ਰਾਹਮਣ ਬੈਠਣ ਵੱਲੋਂ ਤੰਗ ਹੋਣ ਕਰਕੇ ਕਹਿਣ ਲੱਗੇ ਕਿ ਮਹਾਰਾਜ! ਜੋ ਹੋਇਆ ਇਹੋ ਬਹੁਤ ਹੈ। ਸਾਥੋਂ ਇਹ ਔਖਾ ਕੰਮ ਨਹੀਂ ਹੋ ਸਕਦਾ। ਇਸ ਦੇ ਨਾਲੋਂ ਸਾਡਾ ਪੱਤਰੀ ਵਾਚਣਾ ਹੀ ਠੀਕ ਹੈ। ਉਸ ਦੇ ਨਾਲ ਹੀ ਗੁਜ਼ਾਰਾ ਕਰ ਲਵਾਂਗੇ। ਇਹ ਕਹਿੰਦੇ ਹੋਏ ਨਮਸਕਾਰ ਕਰਕੇ ਵਿਦਾ ਹੋ ਗਏ। ਜੈਸਾ ਕਿ :

**ਰਾਹੂ ਕੇਤੂ ਦੁਇ ਬੈਲ ਹਮਾਰੇ ਸਾੜ੍ਹ ਸਤੀ ਹੈ ਖੇਤੀ।**
**ਪੱਤ੍ਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੈ ਛੇਤੀ।**

ਇਉਂ ਪਰਮੇਸ਼ਰ ਦਾ ਜੱਸ ਕਹਿਣਾ ਤੇ ਸੁਣਨਾ ਬੜਾ ਔਖਾ ਹੈ।

## ਇਕਿ ਆਖਿ ਆਖਹਿ, ਸਬਦੁ ਭਾਖਹਿ; ਅਰਧ ਉਰਧ ਦਿਨੁ ਰਾਤਿ ॥

ਇਕਿ = ਕਈ ਆਖਿ = ਮੁਖ ਦੁਆਰਾ ਨਾਮ ਨੂੰ ਆਖਹਿ = ਆਖਦੇ ਹਨ, ਕਈ ਸਬਦੁ = ਵੇਦ ਆਦਿਕਾਂ ਨੂੰ ਭਾਖਹਿ = ਉਚਾਰਦੇ ਹਨ, ਕਈ ਰਾਤ ਦਿਨੇ ਕਦੇ ਅਰਧ = ਨੀਵੇਂ ਤੇ ਕਦੇ ਉਰਧ = ਉੱਚੇ ਸਾਹਾਂ ਨੂੰ ਲੈਂਦੇ ਹਨ **ਵਾ:** ਕਈ ਰਾਤ ਦਿਨੇ ਕਦੇ ਅਰਧ = ਨੀਵੇਂ ਜੀਵ ਦੇ ਰੂਪ ਨੂੰ ਕਥਨ ਕਰਦੇ ਹਨ, ਕਈ ਉਰਧ = ਉੱਚੇ ਈਸ਼ਰ ਦੇ ਰੂਪ ਨੂੰ ਕਥਨ ਕਰਦੇ ਹਨ **ਵਾ:** ਕਈ ਰਾਤ ਦਿਨੇ ਅਰਧ ਉਰਧ = ਹੇਠਾਂ ਉੱਪਰ ਸਾਰੇ ਵਿਆਪਕ ਪਰਮੇਸ਼ਰ ਨੂੰ ਜਾਣ ਕੇ ਉਸ ਦਾ ਕਥਨ ਕਰਦੇ ਹਨ।

## ਜੇ ਕਿਹੁ ਹੋਇ, ਤ ਕਿਹੁ ਦਿਸੈ; ਜਾਪੈ ਰੂਪੁ ਨ ਜਾਤਿ ॥

ਜੇ = ਜੇਕਰ ਬ੍ਰਹਮ ਦਾ ਕਿਹੁ = ਕਿਸੇ ਪ੍ਰਕਾਰ ਦਾ ਆਕਾਰ ਹੋਇ = ਹੋਵੇ ਤ = ਤਾਂ ਕਿਹੁ = ਕਿਸੇ ਨੂੰ ਦਿਸੈ = ਦਿੱਸ ਪਵੇ, ਪਰ ਉਸ ਪਰਮੇਸ਼ਰ ਦਾ ਰੂਪੁ = ਆਕਾਰ ਤੇ ਜਾਤਿ = ਜਾਤੀ ਵੀ ਨ = ਨਹੀਂ ਜਾਪੈ = ਜਾਣੀ ਜਾਂਦੀ।

## ਸਭਿ ਕਾਰਣ ਕਰਤਾ ਕਰੇ; ਘਟ ਅਉਘਟ, ਘਟ ਥਾਪਿ ॥

ਉਹ ਕਰਤਾ ਪੁਰਖ ਸਭਿ = ਸਾਰੇ ਕਾਰਣ = ਕਾਰਜਾਂ ਨੂੰ ਆਪ ਹੀ ਕਰੇ = ਕਰਨ ਵਾਲਾ ਹੈ, ਘਟ ਅਉਘਟ = ਔਖੀਆਂ ਥਾਵਾਂ ਤੇ ਘਟ = ਸ੍ਰੇਸ਼ਟ ਥਾਵਾਂ ਪਰਮੇਸ਼ਰ ਨੇ ਆਪ ਹੀ ਥਾਪਿ = ਸਥਾਪਨ ਕੀਤੀਆਂ ਹਨ **ਵਾ:** ਘਟ = ਸਮਾਨ ਘਾਟਾਂ, ਅਉਘਟ = ਔਖੀਆਂ ਘਾਟਾਂ ਅਤੇ ਸ੍ਰੇਸ਼ਟ ਘਾਟਾਂ ਪਰਮੇਸ਼ਰ ਨੇ ਆਪ ਹੀ ਸਥਾਪਨ ਕੀਤੀਆਂ ਹਨ, **ਵਾ:** ਔਖੀਆਂ ਕਾਮ ਆਦਿ ਵਿਕਾਰਾਂ ਦੀਆਂ ਘਾਟੀਆਂ, ਜਾਂ ਪ੍ਰਲੋਕ ਵਿਚ ਨਰਕਾਂ ਦੇ ਦੁੱਖਾਂ ਦੀਆਂ ਔਖੀਆਂ ਘਾਟੀਆਂ, ਸੁੱਖਾਂ ਵਾਲੀਆਂ ਘਾਟੀਆਂ ਅਤੇ ਸਾਰੇ ਘਟ = ਸਰੀਰਾਂ ਨੂੰ ਪਰਮੇਸ਼ਰ ਨੇ ਆਪ ਹੀ ਪੈਦਾ ਕੀਤਾ ਹੈ।

**[ਅੰਗ ੧੨੪੦]**

## ਆਖਣਿ ਅਉਖਾ ਨਾਨਕਾ; ਆਖਿ ਨ ਜਾਪੈ ਆਖਿ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦਾ ਜੱਸ ਆਖਣਿ = ਕਥਨ ਕਰਨਾ ਬੜਾ ਅਉਖਾ = ਕਠਨ ਹੈ ਤੇ ਆਖਿ = ਮੁਖ ਦੁਆਰਾ ਆਖਿ = ਕਹਿ ਕੇ ਵੀ ਜਾਪੈ = ਜਾਣਿਆ ਨ = ਨਹੀਂ ਜਾਂਦਾ ॥੨॥

## ਪਉੜੀ ॥

## ਨਾਇ ਸੁਣਿਐ ਮਨੁ ਰਹਸੀਐ; ਨਾਮੇ ਸਾਂਤਿ ਆਈ ॥

ਹੇ ਭਾਈ! ਪਰਮੇਸ਼ਰ ਦਾ ਨਾਇ = ਨਾਮ ਸੁਣਿਐ = ਸ੍ਰਵਨ ਕਰਕੇ ਮਨੁ = ਚਿੱਤ ਵਿਚ ਰਹਸੀਐ = ਪ੍ਰਸੰਨਤਾ ਆ ਜਾਂਦੀ ਹੈ **ਵਾ:** ਰਹਸੀਐ = ਸਿਧਾਂਤ ਨੂੰ ਪਾ ਲਈਦਾ ਹੈ ਅਤੇ ਨਾਮੇ = ਨਾਮ ਦੇ ਜਪਣ ਕਰਕੇ ਹੀ ਆਤਮਿਕ ਸਾਂਤਿ = ਸ਼ਾਂਤੀ ਆਈ = ਆਉਂਦੀ ਹੈ।

## ਨਾਇ ਸੁਣਿਐ ਮਨੁ ਤ੍ਰਿਪਤੀਐ; ਸਭ ਦੁਖ ਗਵਾਈ ॥

ਨਾਇ = ਨਾਮ ਦੇ ਸੁਣਿਐ = ਸ੍ਰਵਨ ਕਰਨੇ ਕਰਕੇ ਮਨੁ = ਚਿੱਤ ਆਤਮਿਕ ਤ੍ਰਿਪਤੀ ਕਰਕੇ ਤ੍ਰਿਪਤੀਐ = ਰੱਜ ਜਾਂਦਾ ਹੈ ਅਤੇ ਨਾਮ ਸਭ = ਸਾਰੇ ਦੁਖ = ਕਸ਼ਟ ਵੀ ਗਵਾਈ = ਗਵਾ ਦਿੰਦਾ ਹੈ।

## ਨਾਇ ਸੁਣਿਐ ਨਾਉ ਊਪਜੈ; ਨਾਮੇ ਵਡਿਆਈ ॥

ਜਦ ਪਰਮੇਸ਼ਰ ਦਾ ਨਾਇ = ਨਾਮ ਸੁਣਿਐ = ਸ੍ਰਵਨ ਕਰ ਲਈਏ, ਤਦ ਨਾਉ = ਨਾਮ ਦਾ ਮੰਨਣ ਕਰਨਾ ਹਿਰਦੇ ਅੰਦਰ ਊਪਜੈ = ਪ੍ਰਗਟ ਹੁੰਦਾ ਹੈ ਅਤੇ ਨਾਮੇ = ਨਾਮ ਕਰਕੇ ਹੀ ਸ਼ੁਭ ਗੁਣਾਂ ਦੀ ਪ੍ਰਾਪਤੀ ਰੂਪ **ਵਾ:** ਸਰੂਪ ਦੀ ਪ੍ਰਾਪਤੀ ਰੂਪ ਵਡਿਆਈ = ਸ਼ੋਭਾ ਮਿਲਦੀ ਹੈ।

## ਨਾਮੇ ਹੀ ਸਭ ਜਾਤਿ ਪਤਿ; ਨਾਮੇ ਗਤਿ ਪਾਈ ॥

ਪਰਮੇਸ਼ਰ ਦੇ ਨਾਮੇ = ਨਾਮ ਕਰਕੇ ਹੀ ਸਭ = ਸਾਰਿਆਂ ਦੀ ਉੱਤਮ ਜਾਤਿ = ਜਾਤੀ ਤੇ ਪਤਿ = ਪ੍ਰਤਿਸ਼ਠਾ (ਇੱਜ਼ਤ) ਪ੍ਰਾਪਤ ਹੁੰਦੀ ਹੈ ਅਤੇ ਨਾਮੇ = ਨਾਮ ਜਪਣ ਕਰਕੇ ਹੀ ਗਤਿ = ਮੁਕਤੀ ਦੀ ਪਾਈ = ਪ੍ਰਾਪਤੀ ਹੁੰਦੀ ਹੈ।

## ਗੁਰਮੁਖਿ ਨਾਮੁ ਧਿਆਈਐ; ਨਾਨਕ ਲਿਵ ਲਾਈ ॥੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਕ-ਰਸ ਚਿੱਤ ਦੀ ਲਿਵ = ਬਿਰਤੀ ਲਾਈ = ਲਾ ਕੇ ਗੁਰਮੁਖ ਜਨ ਗੁਰਾਂ ਦੁਆਰਾ ਪਰਮੇਸ਼ਰ ਦਾ ਨਾਮ ਧਿਆਈਐ = ਧਿਆਉਣਾ ਕਰਦੇ ਹਨ **ਵਾ:** ਗੁਰਮੁਖਤਾਈ ਵਾਲਾ ਸੁਭਾਅ ਧਾਰਨ ਕਰ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕਰੀਏ ॥੬॥

## ਸਲੋਕ ਮਹਲਾ ੧ ॥

## ਜੂਠਿ ਨ ਰਾਗੀ; ਜੂਠਿ ਨ ਵੇਦੀ ॥ ਜੂਠਿ ਨ; ਚੰਦ ਸੂਰਜ ਕੀ ਭੇਦੀ ॥

ਰਾਗੀ = ਰਾਗ ਗਾਉਣ ਨਾਲ ਰਾਗ ਜੂਠ = ਜੂਠਾ (ਅਪਵਿੱਤਰ) ਨ = ਨਹੀਂ ਹੁੰਦਾ, ਵੇਦੀ = ਵੇਦ ਦਾ ਪਾਠ ਪੜ੍ਹਨ ਨਾਲ ਵੇਦ ਜੂਠਾ (ਅਪਵਿੱਤਰ) ਨਹੀਂ ਹੁੰਦਾ, ਭਾਵੇਂ ਬ੍ਰਾਹਮਣ, ਖੱਤ੍ਰੀ, ਸ਼ੂਦ੍ਰ, ਵੈਸ਼ ਆਦਿ ਕੋਈ ਵੀ ਪੜ੍ਹ ਲਵੇ। ਭਾਵੇਂ ਰਾਗ ਨੂੰ ਹਿੰਦੂ, ਮੁਸਲਮਾਨ ਜਾਂ ਸਿੱਖ ਆਦਿ ਕੋਈ ਵੀ ਗਾ ਲਏ।

ਚੰਦ = ਚੰਦਰਮਾ ਤੇ ਸੂਰਜ ਦੇ ਵਰਤਾਂ ਕੀ = ਦੀ ਭੇਦੀ = ਭੇਦਤਾ ਜਾਨਣ ਨਾਲ ਜੀਵ ਦੇ ਅੰਦਰੋਂ ਵਿਸ਼ਿਆਂ, ਨਿੰਦਿਆ ਆਦਿ ਦੀ ਜੂਠਿ = ਅਪਵਿੱਤਰਤਾ ਨਹੀਂ ਜਾਂਦੀ ਹੈ।

## ਜੂਠਿ ਨ ਅੰਨੀ; ਜੂਠਿ ਨ ਨਾਈ ॥ ਜੂਠਿ ਨ; ਮੀਹੁ ਵਰ੍ਹਿਐ ਸਭ ਥਾਈ ॥

ਅੰਨੀ = ਅੰਨ ਵੀ ਜੂਠਾ ਨਹੀਂ ਹੈ, ਸਭ ਦੀ ਪਾਲਣਾ ਕਰਨ ਵਾਲਾ ਹੈ ਨਾਈ = ਨਾਮ ਜੂਠਾ ਨਹੀਂ ਹੈ, ਭਾਵੇਂ ਕੋਈ ਵੀ ਜਪ ਲਵੇ **ਵਾ:** ਨਾਈ = ਇਸ਼ਨਾਨ ਕਰਨਾ ਵੀ ਜੂਠਾ ਨ = ਨਹੀਂ ਹੈ।

ਸਭ = ਸਾਰਿਆਂ ਥਾਈ = ਥਾਵਾਂ ਵਿਚ ਵਰ੍ਹਿਐ = ਵਰਸਣੇ ਕਰਕੇ ਮੀਂਹ ਵੀ ਜੂਠਾ ਨਹੀਂ ਮੰਨਿਆ ਗਿਆ।

## ਜੂਠਿ ਨ ਧਰਤੀ; ਜੂਠਿ ਨ ਪਾਣੀ ॥ ਜੂਠਿ ਨ; ਪਉਣੈ ਮਾਹਿ ਸਮਾਣੀ ॥

ਧਰਤੀ = ਪ੍ਰਿਥਵੀ ਵੀ ਜੂਠਿ = ਜੂਠੀ ਨ = ਨਹੀਂ ਮੰਨੀ ਗਈ, ਪਾਣੀ = ਜਲ ਵੀ ਜੂਠਾ ਨਹੀਂ ਮੰਨਿਆ ਗਿਆ।

ਪਉਣੈ = ਹਵਾ ਸਾਰਿਆਂ ਉੱਤਮ, ਮੱਧਮ, ਕਨਿਸ਼ਟ ਪੁਰਖਾਂ ਦੇ ਮਾਹਿ = ਵਿਚ ਸੁਆਸ ਰੂਪ ਹੋ ਕੇ ਸਮਾਈ ਹੋਣ ਕਾਰਨ ਜੂਠੀ ਨਹੀਂ ਮੰਨੀ ਗਈ।

## ਨਾਨਕ; ਨਿਗੁਰਿਆ ਗੁਣੁ ਨਾਹੀ ਕੋਇ ॥
## ਮੁਹਿ ਫੇਰਿਐ; ਮੁਹੁ ਜੂਠਾ ਹੋਇ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਿਗੁਰਿਆ = ਗੁਰਾਂ ਤੋਂ ਹੀਣੇ ਪੁਰਖ ਵਿਚ ਕੋਇ = ਕੋਈ ਵੀ ਸ੍ਰੇਸ਼ਟ ਗੁਣ ਨਾਹੀ = ਨਹੀਂ ਹੁੰਦਾ। ਕਿਉਂਕਿ ਗੁਰਾਂ ਵੱਲੋਂ ਮੁਹਿ = ਮੂੰਹ ਫੇਰਿਐ = ਫੇਰਨੇ ਕਰਕੇ ਉਸ ਦਾ ਰਿਦੇ ਰੂਪੀ ਮੁਹੁ = ਮੂੰਹ ਨਿੰਦਿਆ ਰੂਪੀ ਜੂਠ ਕਰਕੇ ਜੂਠਾ (ਅਪਵਿੱਤਰ) ਹੋਇ = ਹੁੰਦਾ ਹੈ ॥੧॥

## ਦੂਸਰਾ ਅਰਥ

**ਜੂਠਿ ਨ ਰਾਗੀ; ਜੂਠਿ ਨ ਵੇਦੀ॥ ਜੂਠਿ ਨ; ਚੰਦ ਸੂਰਜ ਕੀ ਭੇਦੀ॥**

ਰਾਗੀ ਬਣ ਕੇ ਰਾਗ ਗਾਉਣ ਨਾਲ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ, ਵੇਦ ਦਾ ਪਾਠ ਕਰਨ ਨਾਲ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ।

ਚੰਦਰਮਾ ਤੇ ਸੂਰਜ **ਵਾ:** ਇੜਾ ਤੇ ਪਿੰਗਲਾ **ਵਾ:** ਵੈਰਾਗ ਤੇ ਬਿਬੇਕ ਦੀ ਭੇਦਤਾ ਨੂੰ ਜਾਨਣ ਨਾਲ ਵੀ ਨਿਗੁਰੇਪੁਣੇ ਦੀ ਜੂਠ (ਅਪਵਿੱਤਰਤਾ) ਨਹੀਂ ਉਤਰਦੀ।

**ਜੂਠਿ ਨ ਅੰਨੀ; ਜੂਠਿ ਨ ਨਾਈ॥ ਜੂਠਿ ਨ; ਮੀਹੁ ਵਰ੍ਹਿਐ ਸਭ ਥਾਈ॥**

ਬਹੁਤਾ ਅੰਨੀ = ਅੰਨ ਦਾਨ ਕਰਨ ਨਾਲ ਜਾਂ ਅੰਨ ਦਾ ਤਿਆਗ ਕਰਨ ਨਾਲ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ, ਗੁਰ ਉਪਦੇਸ਼ ਤੋਂ ਬਗ਼ੈਰ ਆਪਣੇ ਆਪ ਨਾਮ ਜਪੇ ਤੋਂ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ **ਵਾ:** ਤੀਰਥਾਂ ਉੱਤੇ ਨਾਈ = ਇਸ਼ਨਾਨ ਕਰਨ ਨਾਲ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ ਨਿਗੁਰਾ ਪੁਰਖ ਸਾਰਿਆਂ ਥਾਵਾਂ ਉੱਤੇ ਵਰਸਦੇ ਮੀਂਹ ਵਾਂਗ ਭਾਵੇਂ ਬੇਅੰਤ ਦਾਨ ਕਰ ਲਏ, ਭਾਵ ਜਿਵੇਂ ਸਭ ਥਾਵਾਂ ਵਿਚ ਮੀਂਹ ਵਰਸਦਾ ਹੈ, ਇਉਂ ਸਭ ਥਾਵਾਂ ਉੱਤੇ ਦਾਨੀ ਬਣ ਕੇ ਦਾਨ ਕਰਨ ਨਾਲ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ।

**ਜੂਠਿ ਨ ਧਰਤੀ; ਜੂਠਿ ਨ ਪਾਣੀ॥ ਜੂਠਿ ਨ; ਪਉਣੈ ਮਾਹਿ ਸਮਾਣੀ॥**

ਧਰਤੀ ਵਿਚ ਗੁਫ਼ਾ ਬਣਾ ਕੇ ਵੱਸਣ ਨਾਲ ਵੀ **ਵਾ:** ਧਰਤੀ ਵਾਂਗੂੰ ਖਿਮਾ ਕਰਨ ਨਾਲ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ, ਜਲ ਧਾਰੇ ਕਰਨ ਜਾਂ ਛਬੀਲਾਂ ਆਦਿ ਲਾਉਣ ਨਾਲ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ।

ਗੁਰਾਂ ਤੋਂ ਬਗ਼ੈਰ ਪਉਣੈ = ਹਵਾ, ਸੁਆਸਾਂ ਨੂੰ ਦਸਵੇਂ ਦੁਆਰ ਵਿਚ ਸਮਾਈ = ਲੀਨ ਕਰਨ ਨਾਲ ਵੀ ਨਿਗੁਰੇਪੁਣੇ ਦੀ ਜੂਠ ਨਹੀਂ ਉਤਰਦੀ।

**ਨਾਨਕ; ਨਿਗੁਰਿਆ ਗੁਣੁ ਨਾਹੀ ਕੋਇ॥ ਮੁਹਿ ਫੇਰਿਐ; ਮੁਹੁ ਜੂਠਾ ਹੋਇ॥੧॥**

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਿਗੁਰਿਆਂ ਪੁਰਖਾਂ ਵਿਚ ਕੋਈ ਵੀ ਚੰਗਾ ਗੁਣ ਨਹੀਂ ਹੁੰਦਾ। ਕਿਉਂਕਿ ਗੁਰਾਂ, ਸੰਗਤ ਵੱਲੋਂ ਮੁੱਖ ਫੇਰਨੇ ਕਰਕੇ ਉਨ੍ਹਾਂ ਦਾ ਰਿਦੇ ਰੂਪੀ ਮੂੰਹ ਅਪਵਿੱਤਰ (ਜੂਠਾ) ਹੋ ਜਾਂਦਾ ਹੈ॥੧॥

## ਮਹਲਾ ੧ ॥

## ਨਾਨਕ, ਚੁਲੀਆ ਸੁਚੀਆ; ਜੇ ਭਰਿ ਜਾਣੈ ਕੋਇ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਹ ਚੁਲੀਆਂ ਭਰਨੀਆਂ ਸੁਚੀਆ = ਪਵਿੱਤਰ ਹਨ ਪਰ ਜੇ = ਜੇਕਰ ਕੋਇ = ਕੋਈ ਇਨ੍ਹਾਂ ਨੂੰ ਭਰਿ = ਭਰਨਾ ਜਾਣੈ = ਜਾਣਦਾ ਹੋਵੇ, ਭਾਵ ਗੁਣਾਂ ਨੂੰ ਧਾਰਨ ਕਰਨਾ ਜਾਣਦਾ ਹੋਵੇ।

***ਪ੍ਰਸ਼ਨ :*** *ਕਿਹੜੀ ਚੁਲੀ ਪਵਿੱਤਰ ਕਰਨ ਵਾਲੀ ਹੈ?*

***ਗੁਰ-ਉੱਤਰ :***

## ਸੁਰਤੇ ਚੁਲੀ ਗਿਆਨ ਕੀ; ਜੋਗੀ ਕਾ ਜਤੁ ਹੋਇ॥

ਸੁਰਤੇ = ਵਿਦਵਾਨ ਪੁਰਖ (ਪੰਡਤ) ਦੀ ਚੁਲੀ ਬ੍ਰਹਮ ਗਿਆਨ ਕੀ = ਦੀ ਪ੍ਰਾਪਤੀ ਹੈ **ਵਾ:**

ਸੁਰਤੇ = ਸੁਰਤੀ ਟਿਕਾਉਣ ਵਾਲੇ ਦੇ ਅੰਦਰ ਜਾਂ (ਸੁ+ਰਤੇ) ਸੁ = ਸ੍ਰੇਸ਼ਟ ਰਤੇ = ਪ੍ਰੀਤੀ ਵਾਲੇ ਦੇ ਅੰਦਰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ, ਇਹੋ ਚੁਲੀ ਪਵਿੱਤਰ ਕਰਨ ਵਾਲੀ ਹੈ ਅਤੇ ਜੋ ਪ੍ਰਾਣਾਯਾਮੀ ਜੋਗੀ ਪੁਰਖ ਕਾ = ਦਾ ਜਤੁ = ਜਤੀ ਹੋਇ = ਹੋਣਾ ਹੈ, ਇਹੋ ਹੀ ਉਸ ਦੀ ਅਸਲੀ ਚੁਲੀ ਹੈ **ਵਾ:** ਇਹੋ ਚੁਲੀ ਹੀ ਮਨ ਨੂੰ ਪਵਿੱਤਰ ਕਰਨ ਵਾਲੀ ਹੈ।

## ਬ੍ਰਹਮਣ ਚੁਲੀ ਸੰਤੋਖ ਕੀ; ਗਿਰਹੀ ਕਾ ਸਤੁ ਦਾਨੁ ॥

ਬ੍ਰਾਹਮਣ ਦੀ ਅਸਲੀ ਚੁਲੀ ਸੰਤੋਖ = ਸਬਰ ਕੀ = ਦੀ ਹੈ ਭਾਵ ਬ੍ਰਾਹਮਣ ਨੂੰ ਲਾਲਚ ਨਹੀਂ ਕਰਨਾ ਚਾਹੀਦਾ, ਸੰਤੋਖੀ ਬਣ ਕੇ ਰਹਿਣਾ ਚਾਹੀਦਾ ਹੈ, ਗਿਰਹੀ = ਗ੍ਰਿਹਸਥੀ ਕਾ = ਦਾ ਸਤੁ = ਸੱਚ ਬੋਲਣਾ ਤੇ ਲੋੜਵੰਦਾਂ ਨੂੰ ਦਾਨ ਦੇਣਾ ਹੀ ਉਸ ਦੀ ਅਸਲੀ ਚੁਲੀ ਹੈ **ਵਾ:** ਸਤੁ = ਸੱਚ ਬੋਲਣ ਵਾਲੇ ਧਰਮੀ ਪੁਰਖਾਂ ਨੂੰ ਦਾਨ ਦੇਣਾ ਹੀ ਉਸ ਲਈ ਅਸਲੀ ਚੁਲੀ ਹੈ।

## ਰਾਜੇ ਚੁਲੀ ਨਿਆਵ ਕੀ; ਪੜਿਆ ਸਚੁ ਧਿਆਨੁ ॥

ਰਾਜੇ ਦੀ ਚੁਲੀ ਸੱਚਾ ਨਿਆਵ = ਨਿਆਂ ਕਰਨ ਕੀ = ਦੀ ਹੈ, ਜੋ ਸੱਚੇ ਵਿਚ ਧਿਆਨ ਕਰਨਾ ਹੈ, ਇਹੋ ਪੜ੍ਹਿਆਂ ਹੋਇਆਂ ਦੀ ਚੁਲੀ ਹੈ।

## ਪਾਣੀ ਚਿਤੁ ਨ ਧੋਪਈ; ਮੁਖਿ ਪੀਤੈ ਤਿਖ ਜਾਇ ॥

ਪਾਣੀ ਨਾਲ ਚਿਤੁ = ਰਿਦਾ ਨ = ਨਹੀਂ ਧੋਪਈ = ਧੋਤਾ ਜਾਂਦਾ, ਜੇਕਰ ਮੁਖਿ = ਮੂੰਹ ਨਾਲ ਪਾਣੀ ਪੀਤੈ = ਪੀਣਾ ਕਰੀਏ ਤਾਂ ਤਿਖ = ਤ੍ਰੇਹ ਮਿਟ ਜਾਇ = ਜਾਂਦੀ ਹੈ।

**ਅਥਵਾ** ਇਸੇ ਪ੍ਰਕਾਰ ਸਕਾਮ ਕਰਮਾਂ ਰੂਪੀ ਪਾਣੀ ਨਾਲ ਚਿੱਤ ਧੋਤਾ ਨਹੀਂ ਜਾਂਦਾ, ਭਾਵ ਸ਼ੁੱਧ ਨਹੀਂ ਹੁੰਦਾ ਸਗੋਂ ਆਵਾਗਉਣ ਵਿਚ ਹੀ ਪਿਆ ਰਹਿੰਦਾ ਹੈ, ਜਿਹੜਾ ਗੁਰਾਂ ਦੇ ਉਪਦੇਸ਼ ਨੂੰ ਰਿਦੇ ਰੂਪੀ ਮੁਖ ਵਿਚ ਪੀਣਾ, ਧਾਰਨ ਕਰਦਾ ਹੈ, ਉਸ ਦੀ ਤ੍ਰਿਸ਼ਨਾ ਰੂਪੀ ਤ੍ਰੇਹ ਨਵਿਰਤ ਹੋ ਜਾਂਦੀ ਹੈ।

## ਪਾਣੀ ਪਿਤਾ ਜਗਤ ਕਾ; ਫਿਰਿ ਪਾਣੀ ਸਭੁ ਖਾਇ ॥੨॥

ਪਾਣੀ = ਜਲ ਹੀ ਸਾਰੇ ਜਗਤ = ਸੰਸਾਰ ਕਾ = ਦਾ ਪਿਤਾ ਹੈ ਭਾਵ ਪਾਣੀ ਹੀ ਸਾਰੀ ਰਚਨਾ ਦਾ ਮੂਲ ਹੈ, ਫੇਰ ਪਾਣੀ ਹੀ ਸਭੁ = ਸਾਰਿਆਂ ਨੂੰ ਖਾਇ = ਖਾ ਜਾਂਦਾ ਹੈ ਭਾਵ ਜਦ ਸਰੀਰ ਦਾ ਅੰਤ ਹੋ ਜਾਂਦਾ ਹੈ ਤਦ ਸਾਰੇ ਸਰੀਰ 'ਚ ਲਹੂ ਪਾਣੀ ਬਣ ਜਾਂਦਾ ਹੈ।

**ਅਥਵਾ** ਚੇਤਨ ਰੂਪ ਪਾਣੀ ਹੀ ਸਾਰੇ ਜਗਤ ਦਾ ਪਿਤਾ ਹੈ ਅਤੇ ਫੇਰ ਚੇਤਨ ਰੂਪ ਪਾਣੀ ਹੀ ਸਾਰਿਆਂ ਦੀ ਪਰਲੋਂ ਕਰਦਾ ਹੈ॥੨॥

## ਪਉੜੀ ॥

## ਨਾਇ ਸੁਣਿਐ ਸਭ ਸਿਧਿ ਹੈ; ਰਿਧਿ ਪਿਛੈ ਆਵੈ ॥

ਪਰਮੇਸ਼ਰ ਦਾ ਨਾਇ = ਨਾਮ ਸੁਣਿਐ = ਸੁਣਨ ਕਰਕੇ ਸਭ = ਸਾਰੀਆਂ ਸਿਧਿ = ਸਿਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਰਿਧਿ = ਰਿਧੀਆਂ ਵੀ ਪਿੱਛੇ ਤੁਰੀਆਂ ਆਵੈ = ਆਉਂਦੀਆਂ ਹਨ।

## ਨਾਇ ਸੁਣਿਐ, ਨਉ ਨਿਧਿ ਮਿਲੈ; ਮਨ ਚਿੰਦਿਆ ਪਾਵੈ ॥

ਪਰਮੇਸ਼ਰ ਦੇ ਨਾਇ = ਨਾਮ ਦੇ ਸੁਣਿਐ = ਸੁਣਨ ਕਰਕੇ ਨਉਨਿਧਿ = ਨੌਂ ਨਿਧੀਆਂ ਮਿਲੈ = ਮਿਲ

ਜਾਂਦੀਆਂ ਹਨ, ਅਤੇ ਮਨ ਚਿੰਦਿਆ = ਮਨ ਇੱਛਤ ਧਰਮ ਅਰਥ ਆਦਿ ਫਲ ਪਾਵੈ = ਪਾਉਣਾ ਕਰੀਦਾ ਹੈ।

## ਨਾਇ ਸੁਣਿਐ, ਸੰਤੋਖੁ ਹੋਇ; ਕਵਲਾ ਚਰਨ ਧਿਆਵੈ ॥

ਪਰਮੇਸ਼ਰ ਦਾ ਨਾਇ = ਨਾਮ ਸੁਣਿਐ = ਸੁਣਨ ਕਰਕੇ ਚਿੱਤ ਸੰਤੋਖੁ = ਸਬਰ ਵਾਲਾ ਹੋਇ = ਹੋ ਜਾਂਦਾ ਹੈ, ਕਵਲਾ = ਮਾਇਆ ਵੀ ਸੰਤੋਖ ਆਉਣ ਕਰਕੇ ਚਰਨਾਂ ਨੂੰ ਧਿਆਵੈ = ਧਿਆਉਣ ਲੱਗ ਜਾਂਦੀ ਹੈ।

## ਨਾਇ ਸੁਣਿਐ, ਸਹਜੁ ਊਪਜੈ; ਸਹਜੇ ਸੁਖੁ ਪਾਵੈ ॥

ਪਰਮੇਸ਼ਰ ਦਾ ਨਾਇ = ਨਾਮ ਸੁਣਿਐ = ਸੁਣਨ ਕਰਕੇ ਰਿਦੇ ਵਿਚ ਸਹਜੁ = ਗਿਆਨ ਉਪਜੈ = ਪੈਦਾ ਹੋ ਜਾਂਦਾ ਹੈ ਅਤੇ ਜੀਵ ਸਹਜੇ = ਗਿਆਨ ਕਰਕੇ ਸੁਖੁ = ਅਨੰਦ ਸਰੂਪ ਦੇ ਤਾਈਂ ਪਾਵੈ = ਪਾ ਲੈਂਦਾ ਹੈ।

## ਗੁਰਮਤੀ ਨਾਉ ਪਾਈਐ; ਨਾਨਕ ਗੁਣ ਗਾਵੈ ॥੭॥

ਗੁਰਮਤੀ = ਗੁਰ ਸਿੱਖਿਆ ਦੁਆਰਾ ਪਰਮੇਸ਼ਰ ਦੇ ਨਾਉ = ਨਾਮ ਨੂੰ ਸੁਣਨਾ ਪਾਈਐ = ਪਾਈਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰ ਸਿੱਖਿਆ ਦੁਆਰਾ ਹੀ ਜੀਵ ਪ੍ਰਭੂ ਦੇ ਜੱਸ ਰੂਪ ਗੁਣਾਂ ਨੂੰ ਗਾਵੈ = ਗਾਉਂਦਾ ਹੈ॥੭॥

## ਸਲੋਕ ਮਹਲਾ ੧ ॥

ਇਸ ਸਲੋਕ ਵਿਚ ਸਤਿਗੁਰੂ ਜੀ ਸ੍ਰਿਸ਼ਟੀ ਦੇ ਦੁੱਖ ਦਾ ਨਿਰੂਪਣ ਕਰਦੇ ਹਨ।

## ਦੁਖ ਵਿਚਿ ਜੰਮਣੁ, ਦੁਖਿ ਮਰਣੁ; ਦੁਖਿ ਵਰਤਣੁ ਸੰਸਾਰਿ ॥

ਜੀਵ ਦਾ ਦੁੱਖ ਵਿਚ ਜੰਮਣਾ ਹੁੰਦਾ ਹੈ, ਦੁੱਖ ਵਿਚ ਮਰਣਾ ਹੁੰਦਾ ਹੈ, ਦੁੱਖ ਵਿਚ ਹੀ ਸਾਰੇ ਸੰਸਾਰਿ = ਜਗਤ ਦਾ ਵਰਤਣਾ ਹੁੰਦਾ ਹੈ **ਵਾ:** ਜੀਵ ਦਾ ਸੰਸਾਰੀ ਦੁੱਖਾਂ ਵਿਚ ਹੀ ਵਰਤਣਾ ਹੁੰਦਾ ਹੈ।

## ਦੁਖੁ ਦੁਖੁ ਅਗੈ ਆਖੀਐ; ਪੜ੍ਹਿ ਪੜ੍ਹਿ ਕਰਹਿ ਪੁਕਾਰ ॥

ਅਗੈ = ਅੱਗੇ ਪ੍ਰਲੋਕ ਵਿਚ ਦੁੱਖ ਦੁੱਖ ਹੀ ਆਖੀਐ = ਆਖੀਦੇ ਹਨ, ਇਹ ਗੱਲ ਵਿਦਵਾਨ ਲੋਕ ਵੇਦਾਂ ਸ਼ਾਸਤਰਾਂ ਨੂੰ ਪੜ੍ਹ-ਪੜ੍ਹ ਕੇ ਬੁਲੰਦ ਆਵਾਜ਼ ਨਾਲ ਪੁਕਾਰ = ਪੁਕਾਰਦੇ, ਉਚਾਰਨ ਕਰਹਿ = ਕਰਦੇ ਰਹਿੰਦੇ ਹਨ।

## ਦੁਖ ਕੀਆ ਪੰਡਾ ਖੁਲੀਆ; ਸੁਖੁ ਨ ਨਿਕਲਿਓ ਕੋਇ ॥

ਇਸ ਸੰਸਾਰ ਵਿਚ ਜੀਵ ਲਈ ਅਗਿਆਨ ਕਰਕੇ ਦੁੱਖ ਕੀਆ = ਦੀਆਂ ਪੰਡਾਂ ਖੁਲੀਆ = ਖੁੱਲ੍ਹਦੀਆਂ ਹਨ, ਪਰ ਅੰਤ ਨੂੰ ਇਸ ਵਿੱਚੋਂ ਕੋਈ ਵੀ ਸੁਖ ਨਾ = ਨਹੀਂ ਨਿਕਲਿਓ = ਨਿਕਲਦਾ, ਭਾਵ ਸਾਰੇ ਰੋਂਦੇ ਹੀ ਪ੍ਰਲੋਕ ਨੂੰ ਗਏ ਹਨ।

## ਦੁਖ ਵਿਚਿ ਜੀਉ ਜਲਾਇਆ; ਦੁਖੀਆ ਚਲਿਆ ਰੋਇ ॥

ਜੀਉ = ਜੀਵ ਦੁੱਖ ਦੇ ਵਿਚ ਹੀ ਇਥੇ ਤ੍ਰਿਸ਼ਨਾ, ਈਰਖਾ ਰੂਪੀ ਅੱਗ ਦੇ ਵਿਚ ਜਲਾਇਆ = ਸਾੜਿਆ ਜਾਂਦਾ ਹੈ ਅਤੇ ਅੰਤ ਨੂੰ ਦੁਖੀਆ = ਦੁਖੀ ਹੋ ਕੇ ਰੋਇ = ਰੋਂਦਾ ਹੋਇਆ ਪ੍ਰਲੋਕ ਵੱਲ ਨੂੰ ਚਲਿਆ ਜਾਂਦਾ ਹੈ।

## ਨਾਨਕ, ਸਿਫਤੀ ਰਤਿਆ; ਮਨੁ ਤਨੁ ਹਰਿਆ ਹੋਇ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪਰਮੇਸ਼ਰ ਦੀ ਸਿਫਤੀ = ਭਗਤੀ ਵਿਚ ਰਤਿਆ = ਰੰਗਿਆ ਹੋਇਆ ਹੈ, ਉਸ ਦਾ ਮਨ ਤੇ ਤਨ ਪ੍ਰੇਮ ਦੀ ਹਰਿਆ = ਹਰਿਆਵਲਤਾ ਦੇ ਸਹਿਤ ਹੋਇ = ਹੋ ਜਾਂਦਾ ਹੈ ਅਤੇ ਦੁੱਖਾਂ ਤੋਂ ਬਚ ਜਾਂਦਾ ਹੈ।

## ਦੁਖ ਕੀਆ ਅਗੀ ਮਾਰੀਅਹਿ; ਭੀ ਦੁਖੁ ਦਾਰੂ ਹੋਇ ॥੧॥

ਭੀ = ਬਹੁੜੋ, ਜਿਸ ਵੇਲੇ ਜਪ, ਤਪ ਆਦਿ ਸਾਧਨਾਂ ਰੂਪੀ ਭਜਨ, ਬੰਦਗੀ, ਸਤਿਸੰਗਤ ਕਰਨੀ ਆਦਿ ਸਮਝਿਆ ਹੋਇਆ ਦੁੱਖ ਦਾਰੂ = ਦਵਾ ਰੂਪ ਹੋ ਕੇ ਪ੍ਰਾਪਤ ਹੋਇ = ਹੋ ਜਾਵੇ, ਉਸ ਵੇਲੇ ਦੁੱਖ ਕੀਆ = ਦੀਆਂ ਅਗੀ = ਅੱਗਾਂ ਨੂੰ ਮਾਰੀਅਹਿ = ਮਾਰ ਲਈਦਾ ਹੈ॥੧॥

## ਮਹਲਾ ੧ ॥

## ਨਾਨਕ, ਦੁਨੀਆ ਭਸੁ ਰੰਗੁ; ਭਸੂ ਹੂ ਭਸੁ ਖੇਹ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਦੁਨੀਆਂ ਦੇ ਅੰਦਰ ਮਾਇਆ ਦਾ ਰੰਗੁ = ਅਨੰਦ ਭਸੁ = ਸੁਆਹ ਰੂਪ ਹੈ **ਵਾ:** ਮਾਇਆ ਦੁਨੀਆਂ ਨੂੰ ਵਿਸ਼ੇ ਰੰਗੁ = ਅਨੰਦ ਵਿਚ ਪਾ ਕੇ ਭਸੁ = ਸੁਆਹ ਕਰਨ ਵਾਲੀ ਹੈ **ਵਾ:** ਦੁਨੀਆਂ ਲਾਹਨਤਾਂ ਰੂਪੀ ਸੁਆਹ ਦੇ ਅਨੰਦ ਵਿਚ ਪਈ ਹੋਈ ਹੈ, ਜੋ ਅਨੰਦ ਪਿੱਛੇ ਭੂਤਕਾਲ ਵਿਚ ਵੀ ਭਸੂ = ਸੁਆਹ ਰੂਪ ਸੀ, ਹੂ = ਨਿਸਚੇ ਕਰਕੇ ਹੁਣ ਵੀ ਭਸੁ = ਸੁਆਹ ਰੂਪ ਹੈ ਤੇ ਅੱਗੇ ਨੂੰ ਵੀ ਖੇਹ = ਸੁਆਹ ਰੂਪ ਹੋਵੇਗਾ।

**ਅਥਵਾ** ਮਾਇਆ ਦੀ ਪ੍ਰਾਪਤੀ ਵਾਸਤੇ ਕੀਤੇ ਛਲ ਰੂਪ ਕਰਮ ਸੁਆਹ ਰੂਪ ਹਨ, ਜਦ ਜੀਵ ਮਾਇਆ ਦੀ ਪ੍ਰਾਪਤੀ ਕਰਦਾ ਹੈ ਤਦ ਵੀ ਲਾਹਨਤਾਂ ਰੂਪ ਸੁਆਹ ਪੈਂਦੀ ਹੈ, ਜਦ ਮਾਇਆ ਨੂੰ ਸੰਭਾਲਣਾ ਕਰਦਾ ਹੈ, ਤਦ ਵੀ ਲਾਹਨਤਾਂ ਰੂਪੀ ਸੁਆਹ ਪੈਂਦੀ ਹੈ, ਜਦ ਮਾਇਆ ਨਾਲ ਕੁਕਰਮ ਕਰਦਾ ਹੈ ਤਦ ਵੀ ਲਾਹਨਤਾਂ ਰੂਪੀ ਸੁਆਹ ਪੈਂਦੀ ਹੈ।

## ਭਸੋ ਭਸੁ ਕਮਾਵਣੀ; ਭੀ ਭਸੁ ਭਰੀਐ ਦੇਹ ॥

ਇਹ ਜੀਵ ਲਾਹਨਤਾਂ ਰੂਪ ਭਸੋ = ਸੁਆਹ ਹੀ ਭਸੁ = ਸੁਆਹ ਕਮਾਵਣੀ = ਕਮਾਉਣੀ ਕਰਦਾ ਹੈ, ਭੀ = ਪੁਨਾ ਅੰਤ ਨੂੰ ਇਸ ਜੀਵ ਦੀ ਦੇਹ ਔਗੁਣਾਂ ਰੂਪ ਭਸੁ = ਸੁਆਹ ਨਾਲ ਭਰੀਐ = ਭਰੀ ਜਾਂਦੀ ਹੈ।

## ਜਾ ਜੀਉ ਵਿਚਹੁ ਕਢੀਐ; ਭਸੂ ਭਰਿਆ ਜਾਇ ॥

ਜਾ = ਜਦੋਂ ਜੀਉ = ਜੀਵ ਆਤਮਾ ਨੂੰ ਇਸ ਦੇਹ ਦੇ ਵਿਚਹੁ = ਅੰਦਰੋਂ ਕਢੀਐ = ਕੱਢਿਆ ਜਾਂਦਾ ਹੈ, ਤਦੋਂ ਲਾਹਨਤਾਂ ਔਗੁਣਾਂ ਰੂਪੀ ਭਸੂ = ਸੁਆਹ ਨਾਲ ਭਰਿਆ ਹੋਇਆ ਪ੍ਰਲੋਕ ਨੂੰ ਜਾਇ = ਜਾਂਦਾ ਹੈ।

## ਅਗੈ ਲੇਖੈ ਮੰਗਿਐ; ਹੋਰ ਦਸੂਣੀ ਪਾਇ ॥੨॥

ਜਦ ਅਗੈ = ਅੱਗੇ ਜੀਵ ਦੇ ਪਾਸੋਂ ਦਰਗਾਹ ਵਿਚ ਲੇਖੈ = ਹਿਸਾਬ-ਕਿਤਾਬ ਮੰਗਿਐ = ਮੰਗਿਆ ਜਾਂਦਾ ਹੈ ਤਦ ਹੋਰ ਦਸੂਣੀ = ਦਸ ਗੁਣੀ ਲਾਹਨਤਾਂ ਰੂਪੀ ਸੁਆਹ (ਜੀਵ ਦੇ ਸਿਰ ਉੱਤੇ) ਪਾਇ = ਪੈਂਦੀ ਹੈ॥੨॥

## ਪਉੜੀ ॥

## ਨਾਇ ਸੁਣਿਐ, ਸੁਚਿ ਸੰਜਮੋ; ਜਮੁ ਨੇੜਿ ਨ ਆਵੈ ॥

ਹੇ ਭਾਈ ! ਜਿਨ੍ਹਾਂ ਦਾ ਪਰਮੇਸ਼ਰ ਦਾ ਨਾਇ = ਨਾਮ ਸੁਣਿਐ = ਸੁਣਨੇ ਕਰਕੇ ਮਨ ਵਿਸ਼ਿਆਂ ਦੀ ਵਾਸ਼ਨਾ ਤੋਂ ਰਹਿਤ ਹੋ ਕੇ ਸੁਚਿ = ਸੁੱਚਾ ਤੇ ਸੰਜਮੋ = ਸਾਧਨਾ ਵਾਲਾ **ਵਾ**: ਸੰਜਮੋ = ਇੰਦਰੀਆਂ ਦਾ ਦਮਨ ਕਰਨ ਵਾਲਾ ਹੋ ਜਾਂਦਾ ਹੈ **ਵਾ**: ਸੁਚਿ = ਪਵਿੱਤਰਤਾ ਦੇ ਸੰਜਮੋ = ਯਤਨ ਕਰਨ ਵਾਲਾ ਹੋ ਜਾਂਦਾ ਹੈ **ਵਾ**: ਰਾਗ ਦਵੈਖ ਦੀ ਮੈਲ ਤੋਂ ਰਹਿਤ ਹੋ ਕੇ ਸੁੱਚਾ ਤੇ ਪ੍ਰਭੂ ਦੀ ਪ੍ਰਾਪਤੀ ਕਰਨ ਵਾਲਾ ਸੰਜਮੋ = ਸਾਧਨ ਜਾਂ ਯਤਨ ਕਰਨ ਲੱਗ ਜਾਂਦਾ ਹੈ, ਉਨ੍ਹਾਂ ਦੇ ਜਮੁ = ਜਮਦੂਤ ਨੇੜਿ = ਨਜ਼ਦੀਕ ਨ = ਨਹੀਂ ਆਵੈ = ਆ ਸਕਦਾ।

## ਨਾਇ ਸੁਣਿਐ, ਘਟਿ ਚਾਨਣਾ; ਆਨੇ੍ਰੁ ਗਵਾਵੈ ॥

ਪਰਮੇਸ਼ਰ ਦਾ ਨਾਇ = ਨਾਮ ਸੁਣਿਐ = ਸੁਣਨ ਕਰਕੇ ਘਟਿ = ਹਿਰਦੇ ਵਿਚ ਗਿਆਨ ਦਾ ਚਾਨਣਾ = ਪ੍ਰਕਾਸ਼ ਹੋ ਜਾਂਦਾ ਹੈ ਤੇ ਨਾਮ ਅਗਿਆਨ ਰੂਪੀ ਆਨੇ੍ਰੁ = ਹਨੇਰੇ ਨੂੰ ਵੀ ਅੰਦਰੋਂ ਗਵਾਵੈ = ਗਵਾ, ਦੂਰ ਕਰ ਦਿੰਦਾ ਹੈ।

## ਨਾਇ ਸੁਣਿਐ, ਆਪੁ ਬੁਝੀਐ; ਲਾਹਾ ਨਾਉ ਪਾਵੈ ॥

ਗੁਰ ਉਪਦੇਸ਼ ਦੁਆਰਾ ਨਾਇ = ਨਾਮ ਨੂੰ ਸੁਣਿਐ = ਸੁਣਨੇ ਕਰਕੇ ਆਪੁ = ਆਪਣੇ ਆਤਮ ਸਰੂਪ ਨੂੰ ਬੁਝੀਐ = ਬੁੱਝ, ਸਮਝ ਲਈਦਾ ਹੈ ਅਤੇ ਨਾਉ = ਨਾਮ ਦੀ ਪ੍ਰਾਪਤੀ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਦਾ ਜੀਵ ਲਾਹਾ = ਲਾਭ ਪਾਵੈ = ਪਾ ਲੈਂਦਾ ਹੈ **ਵਾ**: ਨਾਉ = ਨਾਮ ਭਾਵ ਪ੍ਰਸਿੱਧ ਪਰਮੇਸ਼ਰ ਦੀ ਪ੍ਰਾਪਤੀ ਦਾ ਲਾਹਾ ਪਾ ਲੈਂਦਾ ਹੈ।

## ਨਾਇ ਸੁਣਿਐ, ਪਾਪ ਕਟੀਅਹਿ; ਨਿਰਮਲ ਸਚੁ ਪਾਵੈ ॥

ਸੱਚੇ ਪਰਮੇਸ਼ਰ ਦਾ ਨਾਮ ਸੁਣਿਐ = ਸੁਣਨ ਕਰਕੇ ਜੀਵ ਦੇ ਕਰੋੜਾਂ ਪਾਪ = ਗੁਨਾਹ ਕਟੀਅਹਿ = ਕੱਟੇ ਜਾਂਦੇ ਹਨ ਅਤੇ ਜੀਵ ਅਸੱਤ ਜੜ੍ਹ ਦੁੱਖ ਰੂਪ ਮਾਇਆ ਦੀ ਨਿਰਮਲ = ਮੈਲ ਤੋਂ ਰਹਿਤ ਹੋ ਕੇ ਸੱਚ ਸਰੂਪ ਨੂੰ ਪਾਵੈ = ਪਾ ਲੈਂਦਾ ਹੈ।

## ਨਾਨਕ, ਨਾਇ ਸੁਣਿਐ, ਮੁਖ ਉਜਲੇ; ਨਾਉ ਗੁਰਮੁਖਿ ਧਿਆਵੈ ॥੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਸ਼ਰਧਾ ਤੇ ਭਰੋਸੇ ਰੂਪੀ ਕੰਨਾਂ ਨਾਲ ਪਰਮੇਸ਼ਰ ਦੇ ਨਾਇ = ਨਾਮ ਨੂੰ ਸੁਣਿਐ = ਸੁਣਦੇ ਹਨ, ਉਨ੍ਹਾਂ ਦੇ ਲੋਕ-ਪ੍ਰਲੋਕ ਵਿਚ ਮੁਖ = ਮੁਖੜੇ ਉਜਲੇ = ਨਿਰਮਲੇ ਹਨ, ਪਰ ਕੋਈ ਵਿਰਲਾ ਗੁਰਮੁਖ ਹੀ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਉ = ਨਾਮ ਨੂੰ ਧਿਆਵੈ = ਧਿਆਉਂਦਾ ਹੈ ॥੮॥

## ਸਲੋਕ ਮਹਲਾ ੧ ॥

ਜਦ ਸਤਿਗੁਰੂ ਸਾਹਿਬ ਜੀ ਦੱਖਣ ਦੇ ਵਿਚ ਵਿਚਰ ਰਹੇ ਸਨ, ਤਦ ਸਤਿਗੁਰਾਂ ਦੇ ਕੋਲ ਇਕ ਦੱਖਣੀ ਪੰਡਤ ਆ ਕੇ ਕਹਿਣ ਲੱਗਾ ਕਿ ਤੁਸੀਂ ਆਪਣੇ ਬਣਨ ਵਾਲੇ ਸੇਵਕਾਂ ਨੂੰ ਵਿਸ਼ਨੂੰ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕਰਨ ਵਾਸਤੇ ਪ੍ਰੇਰਿਆ ਕਰੋ ਜਾਂ ਨੰਦ ਸਨੰਦਨ ਦੀਆਂ ਮੂਰਤਾਂ ਬਣਾ ਕੇ ਇਨ੍ਹਾਂ ਦੀ ਸਭਾ ਬਣਾਇਆ ਕਰਨ, ਇਹ ਸੁਣ ਕੇ ਸਤਿਗੁਰਾਂ ਨੇ ਉਸ ਨੂੰ ਪਖੰਡ ਤੋਂ ਹਟਾਉਣ ਲਈ ਉਪਦੇਸ਼ ਦਿੰਦਿਆਂ ਇਹ ਸ਼ਬਦ ਉਚਾਰਨ ਕੀਤਾ।

## ਘਰਿ ਨਾਰਾਇਣੁ; ਸਭਾ ਨਾਲਿ ॥ ਪੂਜ ਕਰੇ; ਰਖੈ ਨਾਵਾਲਿ ॥

(**ਸਭਾ** ਦਾ ਉਚਾਰਣ ਪੋਲਾ ਹੈ, **ਨਾਵਾਲਿ** ਦਾ ਉਚਾਰਣ ਭਾਰਾ ਹੈ)

ਹੇ ਭਾਈ! ਤੂੰ ਆਪਣੇ ਘਰ ਵਿਚ ਨਾਰਾਇਣੁ = ਠਾਕੁਰ ਦੀ ਪੱਥਰ ਦੀ ਮੂਰਤੀ ਬਣਾ ਕੇ ਰੱਖੀ ਹੋਈ ਹੈ ਤੇ ਨੰਦ ਸਨੰਦਨ ਪੱਥਰਾਂ ਦੀ ਮੂਰਤਾਂ ਦੀ ਸਭਾ ਵੀ ਨਾਲਿ = ਸਾਥ ਹੀ ਬਣਾਈ ਹੋਈ ਹੈ।

ਉਨ੍ਹਾਂ ਦਾ ਪੂਜ = ਪੂਜਨ ਕਰੇ = ਕਰਦਾ ਹੈਂ ਤੇ ਪੱਥਰਾਂ ਦਾ ਨਾਵਾਲਿ = ਇਸ਼ਨਾਨ ਕਰਾ ਕਰਾ ਰਖੈ = ਰੱਖਦਾ ਹੈਂ।

[**ਅੰਗ ੧੨੪੧**]

## ਕੁੰਗੂ ਚੰਨਣੁ; ਫੁਲ ਚੜਾਏ ॥ ਪੈਰੀ ਪੈ ਪੈ; ਬਹੁਤੁ ਮਨਾਏ ॥

ਹੇ ਪੰਡਤ! ਤੂੰ ਪੱਥਰਾਂ ਦੀਆਂ ਮੂਰਤਾਂ ਉੱਤੇ ਕੁੰਗੂ = ਕੇਸਰ, ਚੰਨਣ = ਚੰਦਨ ਤੇ ਫੁੱਲ ਵੀ ਚੜਾਏ = ਚੜ੍ਹਾਉਂਦਾ ਹੈਂ।

ਤੂੰ ਉਨ੍ਹਾਂ ਪੱਥਰ ਦੀਆਂ ਮੂਰਤਾਂ ਦੇ ਪੈਰੀ = ਚਰਨੀਂ ਪੈ ਪੈ ਕੇ ਬਹੁਤੁ = ਅਤਿਅੰਤ ਮਨਾਏ = ਮਨਾਉਂਦਾ ਹੈਂ, ਪਰ ਠਾਕੁਰ ਤੈਨੂੰ ਕੁਝ ਵੀ ਨਹੀਂ ਦਿੰਦਾ।

## ਮਾਣੂਆ ਮੰਗਿ ਮੰਗਿ; ਪੈਨੈ੍ ਖਾਇ ॥ ਅੰਧੀ ਕੰਮੀ; ਅੰਧ ਸਜਾਇ ॥

ਤੂੰ ਮਾਣੂਆ = ਮਨੁੱਖਾਂ ਪਾਸੋਂ ਮੰਗ ਮੰਗ ਕੇ ਭੋਜਨ ਖਾਇ = ਖਾਂਦਾ ਤੇ ਬਸਤਰ ਪੈਨੈ੍ = ਪਹਿਨਦਾ ਹੈਂ।

ਪੱਥਰ ਦੀਆਂ ਮੂਰਤਾਂ ਦੀ ਪੂਜਾ ਕਰਨੀ ਆਦਿ ਅੰਧੀ = ਅੰਨ੍ਹੇ (ਅਗਿਆਤ) ਕੰਮੀ = ਕੰਮ ਕਰ ਕੇ ਅੰਧ = ਅੰਨ੍ਹੇ (ਅਗਿਆਨੀ) ਜੀਵ ਨੂੰ ਪ੍ਰਲੋਕ ਵਿਚ ਬਹੁਤੀ ਸਜਾਇ = ਸਜ਼ਾ ਮਿਲਦੀ ਹੈ।

## ਭੁਖਿਆ ਦੇਇ; ਨ ਮਰਦਿਆ ਰਖੈ ॥ ਅੰਧਾ ਝਗੜਾ; ਅੰਧੀ ਸਥੈ ॥੧॥

ਹੇ ਪੰਡਤ! ਤੇਰਾ ਪੱਥਰ ਦਾ ਠਾਕੁਰ ਭੁੱਖਿਆਂ ਨੂੰ ਵੀ ਕੁਝ ਖਾਣ ਲਈ ਨਹੀਂ ਦੇਇ = ਦਿੰਦਾ ਤੇ ਅੰਤ ਵੇਲੇ ਮਰਦਿਆਂ ਦੀ ਰਖੈ = ਰੱਖਿਆ ਵੀ ਨ = ਨਹੀਂ ਕਰਦਾ।

ਹੇ ਪੰਡਤ! ਤੇਰਾ ਪੂਜਾ ਕਰਨ ਰੂਪ ਝਗੜਾ ਅੰਧਾ = ਅੰਧਤਾਈ ਵਾਲਾ ਹੈ ਤੇ ਨੰਦ ਸੁਨੰਦ ਦੀ ਸਥੈ = ਸਭਾ (ਸੱਥ) ਵੀ ਅੰਧੀ = ਅੰਧਤਾਈ (ਅਗਿਆਨਤਾਈ) ਵਾਲੀ ਹੈ॥੧॥

### ਦੂਸਰਾ ਅਰਥ

**ਘਰਿ ਨਾਰਾਇਣੁ; ਸਭਾ ਨਾਲਿ ॥ ਪੂਜ ਕਰੇ; ਰਖੈ ਨਾਵਾਲਿ ॥**

ਹੇ ਜੀਵ! ਤੇਰੇ ਰਿਦੇ ਰੂਪੀ ਘਰ ਦੇ ਅੰਦਰ ਹੀ ਨਾਰਾਇਣੁ = ਪਰਮੇਸ਼ਰ ਸਾਖੀ ਰੂਪ ਹੋ ਕੇ ਵਰਤ ਰਿਹਾ ਹੈ ਤੇ ਸਭਾ = ਸਭਨਾਂ ਦੇ ਨਾਲਿ = ਸਾਥ ਹੀ ਹੈ **ਵਾ:** ਜਿਸ ਦੀ ਸਲੋਕ, ਸਮੀਪ, ਸਯੁਜ ਮੁਕਤੀ ਵਾਲੇ ਭਗਤਾਂ ਦੀ ਸਭਾ ਬਣੀ ਹੋਈ ਹੈ ਤੇ ਜੋ ਸਾਰਿਆਂ ਦੇ ਅੰਗ ਸੰਗ ਹੈ।

ਹੇ ਜੀਵ! ਮਨ, ਤਨ, ਧਨ ਨੂੰ ਭੇਟਾ ਕਰ ਕੇ ਗੁਰਾਂ ਦਾ ਪੂਜ = ਪੂਜਨ ਕਰ **ਵਾ:** ਮਨ ਭੇਟਾ ਕਰ ਕੇ ਪ੍ਰਭੂ ਦਾ ਪੂਜਨ ਕਰ ਤੇ ਮਨ ਨੂੰ ਨਾਮ ਰੂਪੀ ਜਲ ਨਾਲ ਇਸ਼ਨਾਨ ਕਰ ਕੇ ਰੱਖਣਾ ਕਰ **ਵਾ:** ਪਰਤਕ ਚੇਤਨ ਨੂੰ ਮਨ ਦੀ ਭਾਵਨਾ ਦੇ ਨਾਲ ਇਸ਼ਨਾਨ ਕਰਾ ਕੇ ਰੱਖਣਾ ਕਰ **ਵਾ:** ਪਰਤਕ ਚੇਤਨ ਨੂੰ ਠਾਕੁਰ ਜਾਣ ਕੇ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਇਸ਼ਨਾਨ ਕਰਾ ਕੇ ਰੱਖਣਾ ਕਰ।

**ਕੁੰਗੂ ਚੰਨਣੁ; ਫੁਲ ਚੜਾਏ ॥ ਪੈਰੀ ਪੈ ਪੈ; ਬਹੁਤੁ ਮਨਾਏ ॥**

ਪਰਮੇਸ਼ਰ ਦੀ ਪ੍ਰਾਪਤੀ ਲਈ ਗੁਰਾਂ ਜਾਂ ਪ੍ਰਭੂ ਦੇ ਅੱਗੇ ਪ੍ਰੇਮ ਰੂਪੀ ਕੇਸਰ, ਵੈਰਾਗ ਰੂਪੀ ਚੰਦਨ ਤੇ ਜੱਸ ਰੂਪੀ ਫੁੱਲ ਚੜਾਏ = ਚੜ੍ਹਾਉਣਾ ਕਰ।

ਸੱਚੇ ਪਾਤਸ਼ਾਹ ਨੂੰ ਪੈਰੀ = ਚਰਨੀਂ ਪੈ ਪੈ ਕੇ ਬਹੁਤਾ ਮਨਾਉਣਾ ਕਰ, ਭਾਵ ਉਸ ਦੇ ਚਰਨਾਂ ਦਾ ਹਿਰਦੇ ਵਿਚ ਧਿਆਨ ਧਰ ਕੇ ਉਸ ਨੂੰ ਮਨਾਉਣਾ ਕਰ।

ਇਸ ਪ੍ਰਕਾਰ ਹੇ ਜੀਵ! ਉਸ ਪ੍ਰਭੂ ਦੀ ਪੂਜਾ ਹੁੰਦੀ ਹੈ ਪਰ ਤੈਨੂੰ ਪੂਜਾ ਨਹੀਂ ਕਰਨੀ ਆਉਂਦੀ, ਤੂੰ ਕਹਿੰਦਾ ਜ਼ਰੂਰ ਹੈਂ ਕਿ ਠਾਕੁਰ ਪਰਮੇਸ਼ਰ ਮੇਰੇ ਹਿਰਦੇ ਵਿਚ ਹੈ ਪਰ ਫੇਰ ਤੂੰ :

**ਮਾਣੂਆ ਮੰਗਿ ਮੰਗਿ; ਪੈਨ੍ਹੈ ਖਾਇ ॥ ਅੰਧੀ ਕੰਮੀ; ਅੰਧ ਸਜਾਇ ॥**

ਹੋਰਨਾਂ ਮਨੁੱਖਾਂ ਦੇ ਕੋਲੋਂ ਮੰਗ ਮੰਗ ਕੇ ਭੋਜਨ ਖਾਂਦਾ ਤੇ ਬਸਤਰ ਪਹਿਨਦਾ ਹੈਂ।

ਤੂੰ ਹਰ ਵਕਤ ਅੰਧੀ = ਅੰਧਤਾਈ ਵਾਲੇ ਕੰਮ ਕਰਦਾ ਰਹਿੰਦਾ ਹੈਂ, ਇਸੇ ਅੰਧਪੁਣੇ, ਅਗਿਆਨ ਕਰਕੇ ਤੈਨੂੰ ਨਰਕਾਂ ਵਿਚ ਜਾਣ ਰੂਪ ਸਜ਼ਾ ਮਿਲਦੀ ਹੈ।

**ਭੁਖਿਆ ਦੇਇ; ਨ ਮਰਦਿਆ ਰਖੈ ॥ ਅੰਧਾ ਝਗੜਾ; ਅੰਧੀ ਸਥੈ ॥੧॥**

ਹੇ ਜੀਵ! ਤੂੰ ਕਿਸੇ ਭੁੱਖੇ ਪੁਰਖ ਨੂੰ ਖਾਣ ਲਈ ਅੰਨ ਵੀ ਨਹੀਂ ਦੇ ਸਕਦਾ, ਤੂੰ ਕਹਿੰਦਾ ਹੈਂ ਕਿ ਮੇਰੇ ਕੋਲ ਰਿਧੀਆਂ ਸਿਧੀਆਂ ਹਨ, ਪਰ ਤੂੰ ਕਿਸੇ ਵੀ ਮਰਦੇ ਹੋਏ ਪੁਰਖ ਦੀ ਰੱਖਿਆ ਨਹੀਂ ਕਰ ਸਕਦਾ।

ਹੇ ਜੀਵ! ਜੋ ਤੂੰ ਕਹਿੰਦਾ ਹੈਂ ਕਿ ਮੈਂ ਅੰਦਰ ਹੀ ਪੂਜਾ ਕਰਦਾ ਹਾਂ, ਇਹ ਅੰਧਾ = ਅੰਨ੍ਹਾ, ਅੰਧਤਾਈ ਵਾਲਾ ਝਗੜਾ ਹੈ ਅਤੇ ਜੋ ਤੂੰ ਕਹਿੰਦਾ ਹੈਂ ਕਿ ਮੈਨੂੰ ਸਲੋਕ, ਸਮੀਪ ਆਦਿ ਮੁਕਤੀਆਂ ਦੀ ਪ੍ਰਾਪਤੀ ਹੋਈ ਹੈ, ਇਹ ਅੰਨ੍ਹੀ, ਅੰਧਤਾਈ ਵਾਲੀ ਸਭਾ ਹੈ॥੧॥

## ਤੀਸਰਾ ਅਰਥ

**ਘਰਿ ਨਾਰਾਇਣੁ; ਸਭਾ ਨਾਲਿ ॥ ਪੂਜ ਕਰੇ; ਰਖੈ ਨਾਵਾਲਿ ॥**

ਹੇ ਭਾਈ! ਤੂੰ ਆਪਣੇ ਘਰ ਵਿਚ ਹੀ ਨਾਰਾਇਣੁ = ਠਾਕੁਰ, ਪਰਮੇਸ਼ਰ ਬਣਿਆ ਬੈਠਾ ਹੈਂ ਤੇ ਕਹਿੰਦਾ ਹੈਂ ਕਿ ਮੈਂ ਸਭਨਾਂ ਦੇ ਨਾਲ ਵੱਸਦਾ ਹਾਂ ਭਾਵ ਮੈਂ ਬ੍ਰਹਮ ਹਾਂ।

ਹਰ ਵਕਤ ਤੂੰ ਆਪਣੀ ਦੇਹ ਦੀ ਪੂਜਾ ਕਰਾਉਂਦਾ ਰਹਿੰਦਾ ਹੈਂ ਤੇ ਇਸ ਦੇਹ ਨੂੰ ਇਸ਼ਨਾਨ ਆਦਿ ਕਰ ਕੇ ਚੰਗੀ ਤਰ੍ਹਾਂ ਸੰਵਾਰ ਕੇ ਰੱਖਦਾ ਹੈਂ ਕਿ ਲੋਕ ਮੇਰੀ ਪੂਜਾ ਕਰਦੇ ਰਹਿਣ।

**ਕੁੰਗੂ ਚੰਨਣੁ; ਫੁਲ ਚੜਾਏ ॥ ਪੈਰੀ ਪੈ ਪੈ; ਬਹੁਤੁ ਮਨਾਏ ॥**

ਕਿਸੇ ਨੂੰ ਕਹਿੰਦਾ ਹੈਂ ਕਿ ਮੇਰੇ ਕੁੰਗੂ = ਕੇਸਰ ਦਾ ਤਿਲਕ ਲਾਉਣਾ ਕਰ, ਕਿਸੇ ਨੂੰ ਕਹਿੰਦਾ ਹੈਂ ਕਿ ਮੇਰੇ ਸਰੀਰ ਉੱਤੇ ਚੰਦਨ ਦੀ ਖ਼ੁਸ਼ਬੂ ਲਾਉਣਾ ਕਰ, ਕਿਸੇ ਨੂੰ ਕਹਿੰਦਾ ਹੈਂ ਕਿ ਫੁੱਲਾਂ ਦੀ ਮਾਲਾ ਚੜ੍ਹਾਉਣਾ ਕਰ, ਇਉਂ ਹਰ ਵਕਤ ਹੰਕਾਰ ਕਰਦਾ ਰਹਿੰਦਾ ਹੈਂ।

ਤੇਰੇ ਉਪਾਸ਼ਕ ਤੇਰੇ ਚਰਨਾਂ ਉੱਤੇ ਪੈ ਪੈ ਕੇ ਤੈਨੂੰ ਬਹੁਤ ਮਨਾਉਂਦੇ ਹਨ ਕਿ ਤੂੰ ਹੀ ਸਾਡਾ ਵੱਡਾ ਗੁਰੂ ਹੈਂ।

**ਮਾਣੂਆ ਮੰਗਿ ਮੰਗਿ; ਪੈਨ੍ਹੈ ਖਾਇ ॥ ਅੰਧੀ ਕੰਮੀ; ਅੰਧ ਸਜਾਇ ॥**

ਜਿਹੜੇ ਪੁਰਖ ਤੇਰੇ ਚੇਲੇ-ਚਾਟੜੇ ਬਣੇ ਹਨ, ਉਨ੍ਹਾਂ ਤੋਂ ਤੂੰ ਮੰਗ ਮੰਗ ਭੋਜਨ ਖਾਂਦਾ ਤੇ ਬਸਤਰ ਪਹਿਨਦਾ ਹੈਂ।

ਇਹ ਤੂੰ ਅੰਧੀ = ਅਗਿਆਨਤਾਈ ਵਾਲਾ ਕੰਮ ਕਰ ਰਿਹਾ ਹੈਂ ਜੋ ਦੇਹ ਨੂੰ ਰੱਬ ਮੰਨੀ ਬੈਠਾ ਹੈਂ, ਇਸੇ ਕਰਕੇ ਤੈਨੂੰ ਅਗਿਆਨ ਕਾਰਨ ਵਾਰ ਵਾਰ ਦੇਹਾਂ ਵਿਚ ਪੈਣ ਦੀ ਸਜ਼ਾ ਮਿਲ ਰਹੀ ਹੈ।

**ਭੁਖਿਆ ਦੇਇ; ਨ ਮਰਦਿਆ ਰਖੈ ॥ ਅੰਧਾ ਝਗੜਾ; ਅੰਧੀ ਸਥੈ ॥੧॥**

ਤੂੰ ਕਿਸੇ ਭੁੱਖੇ ਪੁਰਖ ਨੂੰ ਖਾਣ ਲਈ ਅੰਨ ਨਹੀਂ ਦਿੰਦਾ ਤੇ ਸਿੱਧੀ ਦੇ ਬਲ ਨਾਲ ਕਿਸੇ ਮਰਦੇ ਹੋਏ ਨੂੰ ਰੱਖ, ਬਚਾ ਨਹੀਂ ਸਕਦਾ।

ਹੇ ਭਾਈ ! ਜਿਹੜਾ ਤੂੰ ਝਗੜਾ, ਚਰਚਾ ਕਰਦਾ ਰਹਿੰਦਾ ਹੈਂ ਕਿ ਮੈਂ ਬ੍ਰਹਮ ਹਾਂ, ਇਹ ਵੀ ਝਗੜਾ ਵੀ ਅਗਿਆਨਪੁਣੇ ਕਰਕੇ ਹੀ ਹੈ, ਜਿਹੜਾ ਚੇਲੇ-ਚਾਟੜਿਆਂ ਦੀ ਸਭਾ ਵਿਚ ਆਪਣੇ ਆਪ ਨੂੰ ਬ੍ਰਹਮ ਕਹਾਉਂਦਾ ਹੈਂ, ਇਹ ਵੀ ਅਗਿਆਨਪੁਣੇ ਕਰਕੇ ਹੀ ਹੈ॥੧॥

## ਮਹਲਾ ੧ ॥

## ਸਭੇ ਸੁਰਤੀ, ਜੋਗ ਸਭਿ; ਸਭੇ ਬੇਦ ਪੁਰਾਣ ॥

ਸਭੇ = ਸਾਰੀਆਂ ਸੁਰਤੀ = ਸੁਰਤੀਆਂ, ਸਭਿ = ਸਾਰੇ ਪਤੰਜਲੀ ਆਦਿ ਜੋਗ ਜਾਂ ਜੋਗ ਕਰਨ ਵਾਲੇ ਜੋਗੀ ਪੁਰਖ ਸਭੇ = ਸਾਰੇ ਵੇਦ ਤੇ ਪੁਰਾਣ।

## ਸਭੇ ਕਰਣੇ, ਤਪ ਸਭਿ; ਸਭੇ ਗੀਤ ਗਿਆਨ ॥

ਸਭੇ = ਸਾਰੇ ਕਰਣੇ = ਕਰਤੱਬ **ਵਾ**: ਸਾਰੇ ਨਿੱਤ, ਨਮਿੱਤ ਆਦਿ ਕਰਮ, ਸਭਿ = ਸਾਰੇ ਪ੍ਰਕਾਰ ਦੇ ਤਪ **ਵਾ**: ਰਾਜਸੀ, ਤਾਮਸੀ, ਸਾਂਤਕੀ ਰੂਪ ਤਪ, ਸਭਿ = ਸਾਰੇ ਗੀਤਾ ਦਾ ਪੜ੍ਹਨਾ ਜਾਂ ਸੁਣਾਉਣਾ **ਵਾ**: ਗੀਤ = ਵਿਸ਼ਨਪਦੇ ਗਾਉਣਾ ਤੇ ਗਿਆਨ ਦੀਆਂ ਗੱਲਾਂ ਦਾ ਕਥਨ ਕਰਨਾ **ਵਾ**: ਸਾਰੇ ਤੱਤਾਂ ਦੇ ਗਿਆਨ ਦਾ ਨਿਰਣਾ ਕਰਨਾ।

## ਸਭੇ ਬੁਧੀ, ਸੁਧਿ ਸਭਿ; ਸਭਿ ਤੀਰਥ ਸਭਿ ਥਾਨ ॥

ਸਭੇ = ਸਾਰੇ ਬੁਧੀ = ਬੁੱਧੀਵਾਨ ਪੁਰਖ **ਵਾ**: ਸਭੇ = ਸਾਰੀਆਂ ਵਿਵਹਾਰਕ ਤੇ ਸ਼ਾਸਤਰ ਗਿਆਨ ਵਾਲੀਆਂ ਬੁੱਧੀਆਂ ਜਾਂ ਉਪਾਸ਼ਨਾ ਵਾਲੀਆਂ ਬੁੱਧੀਆਂ, ਸਭਿ = ਸਾਰੇ ਤਰ੍ਹਾਂ ਦੀ ਸੁਧਿ = ਗਿਆਤ **ਵਾ**: ਸੁਧਿ = ਪਵਿੱਤਰਤਾ, ਸਭਿ = ਸਾਰੇ ਤੀਰਥ ਜਾਂ ਤੀਰਥਾਂ ਦੀ ਯਾਤਰਾ ਅਤੇ ਸਭਿ = ਸਾਰੇ ਥਾਨ = ਅਸਥਾਨ।

## ਸਭਿ ਪਾਤਿਸਾਹੀਆ ਅਮਰ ਸਭਿ; ਸਭਿ ਖੁਸੀਆ ਸਭਿ ਖਾਨ ॥

ਸਭਿ = ਸਾਰੀਆਂ ਪਾਤਸ਼ਾਹੀਆਂ, ਸਭਿ = ਸਾਰਿਆਂ ਉੱਤੇ ਅਮਰ = ਹੁਕਮ ਚਲਾਉਣਾ ਜਾਂ ਸਾਰੇ ਹੁਕਮ, ਸਭਿ = ਸਾਰੇ ਤਰ੍ਹਾਂ ਦੀਆਂ ਖ਼ੁਸ਼ੀਆਂ, ਸਭਿ = ਸਾਰੇ ਤਰ੍ਹਾਂ ਦੇ ਖਾਨ = ਖਾਣ ਵਾਲੇ ਪਦਾਰਰਥ ਜਾਂ ਖਾਨ = ਘਰ **ਵਾ**: ਖਾਨ = ਸਰਦਾਰ।

## ਸਭੇ ਮਾਣਸ, ਦੇਵ ਸਭਿ; ਸਭੇ ਜੋਗ ਧਿਆਨ ॥

ਸਭੇ = ਸਾਰੇ ਮਾਣਸ = ਮਨੁੱਖ ਤੇ ਸਭਿ = ਸਾਰੇ ਦੇਵ = ਦੇਵਤੇ, ਸਭੇ = ਸਾਰੇ ਧਿਆਨ ਲਾਉਣ ਵਾਲੇ ਜੋਗੀ ਪੁਰਖ **ਵਾ**: ਸਾਰੇ ਜੋਗੀ ਤੇ ਧਿਆਨੀ।

## ਸਭੇ ਪੁਰੀਆ, ਖੰਡ ਸਭਿ; ਸਭੇ ਜੀਅ ਜਹਾਨ ॥

ਸਭੇ = ਸਾਰੀਆਂ ਵਿਸ਼ਨਪੁਰੀ, ਬ੍ਰਹਮਪੁਰੀ ਆਦਿ ਪੁਰੀਆਂ, ਸਭਿ = ਸਾਰੇ ਭਾਰਥ, ਇਲਾਬ੍ਰਤ ਆਦਿ ਖੰਡ ਅਤੇ ਸਭੇ = ਸਾਰੇ ਜਹਾਨ = ਸੰਸਾਰ ਦੇ ਜੀਅ = ਜੀਵ।

## ਹੁਕਮਿ ਚਲਾਏ ਆਪਣੈ; ਕਰਮੀ ਵਹੈ ਕਲਾਮ ॥

ਇਹ ਸਾਰੇ ਪਰਮੇਸ਼ਰ ਨੇ ਆਪਣੇ ਹੁਕਮ ਵਿਚ ਚਲਾਏ = ਚਲਾਉਣਾ ਕੀਤੇ ਹਨ, ਕਰਮੀ = ਜੀਵਾਂ ਦੇ ਮਸਤਕ ਉੱਤੇ ਪ੍ਰਾਲਬਧ ਅਨੁਸਾਰ ਹੁਕਮ ਰੂਪੀ ਕਲਾਮ = ਕਲਮ ਵਹੈ = ਵਗ ਭਾਵ ਚੱਲ ਰਹੀ ਹੈ।

## ਨਾਨਕ ਸਚਾ ਸਚਿ ਨਾਇ; ਸਚੁ ਸਭਾ ਦੀਬਾਨੁ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪਰਮੇਸ਼ਰ ਆਪ ਸੱਚਾ ਹੈ, ਉਸ ਦਾ ਨਾਇ = ਨਾਮ ਵੀ ਸੱਚਾ ਹੈ, ਉਸ ਦੀ ਸਤਿਸੰਗ ਰੂਪ ਸਭਾ ਦਾ ਦੀਬਾਨੁ = ਆਸਰਾ ਵੀ ਸਚੁ = ਸੱਚਾ ਹੈ।

**ਅਥਵਾ** ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇ ਕੋਈ ਸੱਚਾ ਬਣਨਾ ਚਾਹੁੰਦਾ ਹੈ ਤਾਂ ਉਹ ਸੱਚਾ ਨਾਮ ਜਪਣਾ ਕਰੇ ਅਤੇ ਸੱਚੇ ਦੀ ਪ੍ਰਾਪਤੀ ਵਾਲੀ ਸਤਿਸੰਗਤ ਰੂਪੀ ਸਭਾ ਦਾ ਆਸਰਾ ਲੈਣਾ ਕਰੇ ॥੨॥

## ਪਉੜੀ ॥

## ਨਾਇ ਮੰਨਿਐ, ਸੁਖੁ ਊਪਜੈ; ਨਾਮੇ ਗਤਿ ਹੋਈ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਕੇ ਹਿਰਦੇ ਅੰਦਰ ਆਤਮਿਕ ਸੁਖੁ = ਅਨੰਦ ਊਪਜੈ = ਪੈਦਾ ਹੁੰਦਾ ਹੈ, ਨਾਮੇ = ਨਾਮ ਦਾ ਮੰਨਣ ਕਰਕੇ ਹੀ ਗਤਿ = ਕਲਿਆਣ ਹੋਈ = ਹੁੰਦੀ ਹੈ **ਵਾ:** ਗਤਿ = ਗਿਆਨ ਦੀ ਪ੍ਰਾਪਤੀ ਹੁੰਦੀ ਹੈ।

## ਨਾਇ ਮੰਨਿਐ, ਪਤਿ ਪਾਈਐ; ਹਿਰਦੈ ਹਰਿ ਸੋਈ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਕੇ ਲੋਕ-ਪ੍ਰਲੋਕ ਵਿਚ ਪਤਿ = ਪ੍ਰਤਿਸ਼ਠਾ (ਇੱਜ਼ਤ) ਪਾਈਐ = ਪਾਈਦੀ ਹੈ ਅਤੇ ਸੋਈ = ਉਹੀ ਹਰਿ = ਪਰਮੇਸ਼ਰ ਹਿਰਦੈ = ਰਿਦੇ ਦੇ ਵਿੱਚੋਂ ਹੀ ਪ੍ਰਾਪਤ ਹੋ ਜਾਂਦਾ ਹੈ।

## ਨਾਇ ਮੰਨਿਐ, ਭਵਜਲੁ ਲੰਘੀਐ; ਫਿਰਿ ਬਿਘਨੁ ਨ ਹੋਈ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰ ਕੇ ਭਵਜਲੁ = ਸੰਸਾਰ-ਸਮੁੰਦ੍ਰ ਤੋਂ ਪਾਰ ਲੰਘੀਐ = ਲੰਘ ਜਾਈਦਾ ਹੈ ਤੇ ਫਿਰਿ = ਮੁੜ ਕੇ ਕਿਸੇ ਵੀ ਪ੍ਰਕਾਰ ਦੀ ਬਿਘਨੁ = ਰੁਕਾਵਟ ਨ = ਨਹੀਂ ਹੋਈ = ਹੁੰਦੀ।

## ਨਾਇ ਮੰਨਿਐ, ਪੰਥੁ ਪਰਗਟਾ; ਨਾਮੇ ਸਭ ਲੋਈ ॥

ਸੱਚੇ ਪਾਤਸ਼ਾਹ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰ ਕੇ ਹਿਰਦੇ ਦੇ ਵਿੱਚੋਂ ਹੀ ਭਗਤੀ ਸਹਿਤ ਗਿਆਨ ਦਾ **ਵਾ:** ਪਰਮਾਰਥ ਦੀ ਪ੍ਰਾਪਤੀ ਵਾਲਾ ਪੰਥੁ = ਰਸਤਾ ਪਰਗਟਾ = ਜ਼ਾਹਰ ਹੋ ਜਾਂਦਾ ਹੈ, ਨਾਮੇ = ਨਾਮ ਦਾ ਮੰਨਣ ਕਰ ਕੇ ਸਭ = ਸਾਰੀ ਲੋਈ = ਸ੍ਰਿਸ਼ਟੀ ਵਿਚ ਵਰਤ ਰਿਹਾ ਵਰਤਾਰਾ ਦਿੱਸਣ ਲੱਗ ਜਾਂਦਾ ਹੈ **ਵਾ:** ਸਭ = ਸਾਰਿਆਂ ਦਾ ਲੋਈ = ਪ੍ਰਕਾਸ਼ਕ ਪਰਮੇਸ਼ਰ ਪ੍ਰਾਪਤ ਹੋ ਜਾਂਦਾ ਹੈ।

## ਨਾਨਕ, ਸਤਿਗੁਰਿ ਮਿਲਿਐ, ਨਾਉ ਮੰਨੀਐ; ਜਿਨ ਦੇਵੈ ਸੋਈ ॥੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਦੇ ਨਾਲ ਮਿਲਿਐ = ਮਿਲਣੇ ਕਰਕੇ ਹੀ

ਨਾਉ = ਨਾਮ ਦਾ ਮੰਨੀਐ = ਮੰਨਣ ਕਰੀਦਾ ਹੈ, ਪਰ ਜਿਨ = ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਨਾਮ ਦੀ ਦਾਤ ਦੇਵੈ = ਦਿੰਦੇ ਹਨ, ਸੋਈ = ਉਹੋ ਪੁਰਖ ਹੀ ਨਾਮ ਨੂੰ ਪ੍ਰਾਪਤ ਕਰਦੇ ਹਨ॥੯॥

## ਸਲੋਕ ਮਃ ੧ ॥

## ਪੁਰੀਆ ਖੰਡਾ ਸਿਰਿ ਕਰੇ; ਇਕ ਪੈਰਿ ਧਿਆਏ ॥

ਜੇਕਰ ਕੋਈ ਪੁਰਖ ਸਾਰੀਆਂ ਪੁਰੀਆਂ ਤੇ ਖੰਡਾਂ ਨੂੰ ਆਪਣੇ ਸਿਰ ਦੇ ਉੱਤੇ ਰੱਖ ਕੇ ਉਨ੍ਹਾਂ ਦੇ ਭਾਰ ਨੂੰ ਫੁੱਲ ਵਾਂਗੂੰ ਸਮਝਣਾ ਕਰੇ, ਭਾਵ ਉਸ ਨੂੰ ਪੁਰੀਆਂ ਆਦਿ ਦਾ ਭਾਰ ਪ੍ਰਤੀਤ ਨਾ ਹੋਵੇ, ਇਤਨਾ ਬਲੀ ਹੋ ਜਾਵੇ **ਵਾ:** ਪੁਰੀਆਂ ਤੇ ਖੰਡਾਂ ਦੇ ਰਾਜਿਆਂ ਨੂੰ ਸਿਰ ਉੱਤੇ ਪਹਿਰੇਦਾਰ ਖੜ੍ਹੇ ਕਰ ਲਵੇ **ਵਾ:** ਪੁਰੀਆਂ ਤੇ ਖੰਡਾਂ ਨੂੰ ਸਿਰਿ = ਸਰ ਕਰ ਲਵੇ ਭਾਵ ਜਿੱਤ ਲਵੇ ਅਤੇ ਇਕ ਪੈਰ ਉੱਤੇ ਖੜ੍ਹਾ ਹੋ ਕੇ ਦਿਖਾਵੇ-ਮਾਤਰ ਪਰਮੇਸ਼ਰ ਨੂੰ ਧਿਆਏ = ਧਿਆਉਣਾ ਕਰੇ।

## ਪਉਣੁ ਮਾਰਿ, ਮਨਿ ਜਪੁ ਕਰੇ; ਸਿਰੁ ਮੁੰਡੀ ਤਲੈ ਦੇਇ ॥

ਜੇਕਰ ਪਉਣੁ = ਸੁਆਸਾਂ ਨੂੰ ਮਾਰ ਭਾਵ ਰੋਕ ਲਵੇ ਅਤੇ ਮਨਿ = ਚਿੱਤ ਨਾਲ ਦੇਵੀ-ਦੇਵਤਿਆਂ ਦੇ ਮੰਤਰ ਦਾ ਜਪੁ = ਜਾਪ ਕਰੇ = ਕਰਦਾ ਰਹੇ, ਜੇ ਆਪਣਾ ਸਿਰੁ = ਸੀਸ ਮੁੰਡੀ = ਗਰਦਨ ਦੇ ਤਲੈ = ਥੱਲੇ ਦੇਇ = ਦੇ ਕੇ ਪੁੱਠਾ ਖੜ੍ਹਾ ਹੋ ਜਾਵੇ ਭਾਵ ਕਪਾਲੀ ਆਸਨ ਕਰੇ।

## ਕਿਸੁ ਉਪਰਿ ਓਹੁ ਟਿਕ ਟਿਕੈ; ਕਿਸ ਨੋ ਜੋਰੁ ਕਰੇਇ ॥

ਉਹ ਪੁਰਖ ਕਿਸ ਟਿਕ = ਆਸਰੇ ਉਪਰਿ = ਉੱਤੇ ਕਪਾਲੀ ਆਸਣ ਲਾ ਕੇ ਟਿਕੈ = ਟਿਕਿਆ ਹੋਇਆ ਹੈ, ਭਾਵ ਉਸ ਨੇ ਪਰਮੇਸ਼ਰ ਦੀ ਸੱਤਾ ਦੇ ਆਸਰੇ ਕਪਾਲੀ ਆਸਣ ਲਾਇਆ ਹੋਇਆ ਹੈ, ਇਸ ਲਈ ਉਹ ਪੁਰਖ ਕਿਸਨੋ = ਕਿਸ ਨੂੰ ਜੋਰੁ = ਬਲ ਕਰ ਕੇ ਦੱਸਣਾ ਕਰੇਇ = ਕਰਦਾ ਹੈ ਕਿ ਮੈਂ ਕਪਾਲੀ ਆਸਣ ਲਾਇਆ ਹੋਇਆ ਹੈ **ਵਾ:** ਉਹ ਕਿਸ ਦੇ ਉਪਰ ਜ਼ੋਰ ਕਰੇਇ = ਕਰ ਸਕਦਾ ਹੈ ਭਾਵ ਉਹ ਕਿਸੇ ਉਪਰ ਵੀ ਜ਼ੋਰ ਨਹੀਂ ਕਰ ਸਕਦਾ।

## ਕਿਸ ਨੋ ਕਹੀਐ ਨਾਨਕਾ; ਕਿਸ ਨੋ ਕਰਤਾ ਦੇਇ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਕਿਸਨੋ = ਕਿਸ ਨੂੰ ਕਹੀਐ = ਕਹਿਣਾ ਕਰੀਏ ਕਿ ਕਰਤਾ ਪੁਰਖ ਕਿਸਨੋ = ਕਿਸ ਨੂੰ ਆਪਣਾ ਦਰਸ਼ਨ ਦੇਇ = ਦੇਵੇਗਾ, ਭਾਵ ਇਹ ਪਤਾ ਨਹੀਂ ਹੈ ਕਿ ਪਰਮੇਸ਼ਰ ਭਾਉ-ਭਗਤੀ ਵਾਲੇ, ਆਪਾ-ਭਾਵ ਛੱਡਣ ਵਾਲੇ ਨੂੰ ਜਾਂ ਕਪਾਲੀ ਆਸਣ ਲਾਉਣ ਵਾਲੇ ਨੂੰ ਦਰਸ਼ਨ ਦੇਵੇਗਾ।

## ਹੁਕਮਿ ਰਹਾਏ ਆਪਣੈ; ਮੂਰਖੁ ਆਪੁ ਗਣੇਇ ॥੧॥

ਸਾਰੇ ਜੀਵਾਂ ਨੂੰ ਪਰਮੇਸ਼ਰ ਆਪਣੇ ਹੁਕਮ ਵਿਚ ਰਹਾਏ = ਰੱਖਦਾ ਹੈ, ਪਰ ਮੂਰਖੁ = ਬੇਸਮਝ ਪੁਰਖ ਹੰਕਾਰ ਕਰ ਕੇ ਹਰ ਵਕਤ ਆਪਣੇ ਆਪ ਨੂੰ ਗਣੇਇ = ਗਣਾਉਂਦੇ, ਜਤਾਉਂਦੇ ਰਹਿੰਦੇ ਹਨ॥੧॥

## ਮਃ ੧ ॥

## ਹੈ ਹੈ ਆਖਾਂ ਕੋਟਿ ਕੋਟਿ; ਕੋਟੀ ਹੂ ਕੋਟਿ ਕੋਟਿ ॥

ਜੇਕਰ ਕੋਟਿ = ਕ੍ਰੋੜਾਂ ਜਨਮ ਧਾਰ ਕੇ ਕੋਟਿ = ਕ੍ਰੋੜਾਂ ਵਾਰੀ ਆਖਾਂ = ਆਖਣਾ ਕਰੀਏ ਕਿ ਜੋ ਪਰਮੇਸ਼ਰ

ਹੈ, ਉਹ ਤਿੰਨੇ ਕਾਲਾਂ ਵਿਚ ਵਿਆਪਕ ਹੈ **ਵਾ:** ਪਰਮੇਸ਼ਰ ਤਿੰਨੇ ਕਾਲਾਂ ਵਿਚ ਵਿਆਪਕ ਹੈ, ਪਰਮੇਸ਼ਰ ਤਿੰਨੇ ਕਾਲਾਂ ਵਿਚ ਵਿਆਪਕ ਹੈ **ਵਾ:** ਪਰਮੇਸ਼ਰ ਪਿੱਛੇ ਵੀ ਸੀ, ਹੁਣ ਵਰਤਮਾਨ ਸਮੇਂ ਵਿਚ ਵੀ ਹੈ, ਅੱਗੇ ਭਵਿੱਖਤ ਸਮੇਂ ਵਿਚ ਵੀ ਵਿਆਪਕ ਹੋਵੇਗਾ, ਹੂ = ਨਿਸਚੇ ਕਰ ਕੇ ਵਰਤਮਾਨ ਸਮੇਂ ਵਿਚ ਕੋਟੀ = ਕ੍ਰੋੜਾਂ ਜਨਮ ਧਾਰ ਕੇ ਆਖਣਾ ਕਰੀਏ, ਭੂਤਕਾਲ ਵਿਚ ਵੀ ਕੋਟਿ = ਕ੍ਰੋੜਾਂ ਜਨਮ ਧਾਰ ਕੇ ਆਖਣਾ ਕਰੀਏ ਅਤੇ ਅੱਗੇ ਭਵਿੱਖਤ ਕਾਲ ਵਿਚ ਕੋਟਿ = ਕ੍ਰੋੜਾਂ ਜਨਮ ਧਾਰ ਕੇ ਆਖਣਾ ਕਰੀਏ, ਇਸ ਪ੍ਰਕਾਰ ਵੀ ਪਰਮੇਸ਼ਰ ਨੂੰ ਪੂਰਾ ਕਥਨ ਨਹੀਂ ਕੀਤਾ ਜਾ ਸਕਦਾ।

**ਅਥਵਾ** ਕੋਟਿ = ਕ੍ਰੋੜਾਂ ਵਿਸ਼ਨੂੰ ਦੇ ਅਵਤਾਰ, ਕੋਟਿ = ਕ੍ਰੋੜਾਂ ਬ੍ਰਹਮ ਤੇ ਕ੍ਰੋੜਾਂ ਹੀ ਸ਼ਿਵਜੀ ਦੇ ਅਵਤਾਰ ਜੇਕਰ ਆਖਾਂ = ਕਹਿਣ ਵਾਲੇ ਹੋ ਕੇ ਪਰਮੇਸ਼ਰ ਹੈ, ਪਰਮੇਸ਼ਰ ਹੈ, ਇਉਂ ਨਿਸਚੇ ਕਰ ਕੇ ਕੋਟੀ = ਕ੍ਰੋੜਾਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੇ ਅਵਤਾਰ ਕੋਟਿ = ਕ੍ਰੋੜਾਂ ਜਨਮ ਧਾਰ ਕੇ ਕ੍ਰੋੜਾਂ ਵਾਰੀ ਪ੍ਰਭੂ ਦੇ ਜੱਸ, ਗੁਣਾਂ ਨੂੰ ਕਥਨ ਕਰਨ ਲੱਗ ਜਾਣ, ਫੇਰ ਵੀ ਉਸ ਪਰਮੇਸ਼ਰ ਦੇ ਜੱਸ, ਗੁਣਾਂ ਨੂੰ ਪੂਰਾ ਨਹੀਂ ਕਿਹਾ ਜਾ ਸਕਦਾ।

**ਅਥਵਾ** ਕੋਟਿ = ਕ੍ਰੋੜਾਂ ਵੇਦਾਂ ਸ਼ਾਸਤਰਾਂ ਦੁਆਰਾ ਕੋਟਿ = ਕ੍ਰੋੜਾਂ ਵਾਰੀ ਆਖਾਂ = ਕਹਿਣਾ ਕਰੀਏ ਕਿ ਉਹ ਬ੍ਰਹਮ ਹੈ, ਉਹ ਬ੍ਰਹਮ ਹੈ ਅਤੇ ਨਿਸਚੇ ਕਰਕੇ ਕੋਟੀ = ਬੁੱਧੀ ਨਾਲ ਵੀ ਕ੍ਰੋੜਾਂ ਵਾਰੀ ਕ੍ਰੋੜਾਂ ਪੁਰਾਣਾਂ ਦੁਆਰਾ **ਵਾ:** ਕ੍ਰੋੜਾਂ ਜੁਗਤੀਆਂ ਦੇ ਪ੍ਰਧਾਨ ਹੋ ਕੇ ਕ੍ਰੋੜਾਂ ਵਾਰੀ ਵਾਹਿਗੁਰੂ ਦਾ ਜੱਸ ਕਥਨ ਕਰੀਏ, ਫੇਰ ਵੀ ਉਸ ਦਾ ਜੱਸ ਪੂਰਾ ਨਹੀਂ ਕਿਹਾ ਜਾ ਸਕਦਾ।

**ਅਥਵਾ** ਕੋਟਾਂ ਵਿਚ ਜੋ ਸਤਿਸੰਗਤ ਰੂਪੀ ਕੋਟ ਹੈ, ਉਸ ਸਤਿਸੰਗਤ ਰੂਪੀ ਕੋਟ ਵਿਚ ਕ੍ਰੋੜਾਂ ਰੂਪ ਪਰਮਾਤਮਾ ਦੇ ਨਾਮਾਂ ਨੂੰ ਹਮੇਸ਼ਾਂ ਆਖਣਾ ਹੀ ਆਖਣਾ ਕੀਤਾ ਹੈ।

## ਆਖੂੰ ਆਖਾਂ ਸਦਾ ਸਦਾ; ਕਹਣਿ ਨ ਆਵੈ ਤੋਟਿ ॥

ਸਦਾ ਸਦਾ = ਹਮੇਸ਼ਾ-ਹਮੇਸ਼ਾ ਆਖੂੰ = ਮੁਖ ਕਰਕੇ ਉਸ ਪਰਮੇਸ਼ਰ ਦੇ ਨਾਮ ਤਾਈਂ ਆਖਾਂ = ਆਖਣਾ ਕਰੀਏ **ਵਾ:** ਸਦਾ ਵਰਤਮਾਨ ਸਮੇਂ ਵਿਚ ਵੀ ਨਾਮ ਦੇ ਤਾਈਂ ਆਖਣਾ ਕਰੀਏ, ਅੱਗੇ ਭਵਿੱਖਤ ਕਾਲ ਵਿਚ ਵੀ ਨਾਮ ਦੇ ਤਾਈਂ ਆਖਣਾ ਕਰੀਏ, ਇਤਨਾ ਕਹਣਿ = ਆਖਣ ਨਾਲ ਉਸ ਦੇ ਨਾਮ, ਜੱਸ ਦਾ ਤੋਟਿ = ਘਾਟਾ ਨ = ਨਹੀਂ ਆਵੈ = ਆਉਂਦਾ, ਉਸ ਦਾ ਨਾਮ, ਜੱਸ ਬੇਅੰਤ ਹੈ।

## ਨਾ ਹਉ ਥਕਾਂ, ਨ ਠਾਕੀਆ; ਏਵਡ ਰਖਹਿ ਜੋਤਿ ॥

ਹਉ = ਮੈਂ ਪ੍ਰਭੂ ਨਾਮ ਜਾਂ ਜੱਸ ਰੂਪ ਗੁਣਾਂ ਨੂੰ ਕਹਿਣ ਵੱਲੋਂ ਥੱਕਾਂ ਨਾ ਅਤੇ ਨਾ ਹੀ ਮੈਨੂੰ ਪ੍ਰਤੱਖ ਰੋਗ **ਵਾ:** ਰਾਗ ਦਵੈਖ ਆਦਿ ਕਥਾਏ ਦੋਖ ਕਰਕੇ ਠਾਕੀਆ = ਰੁਕਾਵਟ ਪਵੇ, ਏਵਡ = ਇਤਨੀ ਵੱਡੀ ਜੋਤਿ = ਬੁੱਧੀ (ਅਕਲ) ਜਾਂ ਗਿਆਤ ਰਾਖਹਿ = ਰੱਖਣਾ ਕਰੀਏ।

## ਨਾਨਕ, ਚਸਿਅਹੁ ਚੁਖ ਬਿੰਦ; ਉਪਰਿ ਆਖਣੁ ਦੋਸੁ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਕਾਗਰ ਚਿੱਤ ਹੋ ਕੇ ਚਸਿਅਹੁ = ਚਸਾ, ਬਿੰਦ, ਚੁਖ, ਮਾਤਰ ਜਿਤਨੇ ਸਮੇਂ ਵਿਚ ਵਾਹਿਗੁਰੂ ਦੇ ਜੱਸ ਰੂਪ ਗੁਣਾਂ ਨੂੰ ਆਖਣੁ = ਕਹਿਣ ਕਰਕੇ ਦੋਸ਼ਾਂ ਤੋਂ ਉੱਪਰ ਹੋ ਜਾਈਦਾ ਹੈ। (ਪੰਦਰਾਂ ਵਾਰ ਅੱਖ ਦਾ ਖੋਲ੍ਹਣਾ ਤੇ ਬੰਦ ਕਰਨਾ ਇਹ ਇਕ ਵਿਸਵਾ ਹੈ, ਪੰਦਰਾਂ ਵਿਸਵਿਆਂ ਦਾ ਇਕ ਚਸਾ ਹੁੰਦਾ ਹੈ, ਇਕ ਖਿਨ ਦੇ ਛੇਵੇਂ ਹਿੱਸੇ ਦਾ ਨਾਮ ਚੁਖ ਹੈ ਅਤੇ ਚੁਖ ਦੇ ਛੇਵੇਂ ਹਿੱਸੇ ਦਾ ਨਾਮ ਬਿੰਦ ਹੈ)॥੨॥

## ਪਉੜੀ ॥

## ਨਾਇ ਮੰਨਿਐ, ਕੁਲੁ ਉਧਰੈ; ਸਭੁ ਕੁਟੰਬੁ ਸਬਾਇਆ ॥

ਸੱਚੇ ਪਰਮੇਸ਼ਰ ਦਾ ਨਾਇ = ਨਾਮ ਦਾ ਮੰਨਿਐ = ਮੰਨਣ ਕਰਨ ਵਾਲੇ ਪੁਰਖਾਂ ਦੀਆਂ ਸਭ ਕੁਲਾਂ ਦਾ ਉਧਰੈ = ਉੱਧਾਰ ਹੋ ਜਾਂਦਾ ਹੈ, ਅਤੇ ਉਹਨਾਂ ਦਾ ਜੋ ਸਭੁ = ਸਾਰਾ ਕੁਟੰਬੁ = ਪਰਿਵਾਰ ਸਤਿਸੰਗਤ ਕਰਨ ਵਾਲਾ ਹੈ, ਉਨ੍ਹਾਂ ਦਾ ਸਬਾਇਆ = ਸਭਨਾਂ ਦਾ ਵੀ ਉੱਧਾਰ ਹੋ ਜਾਂਦਾ ਹੈ।

## ਨਾਇ ਮੰਨਿਐ ਸੰਗਤਿ ਉਧਰੈ; ਜਿਨ ਰਿਦੈ ਵਸਾਇਆ ॥

ਪਰਮੇਸ਼ਰ ਦੇ ਨਾਮ ਦਾ ਮੰਨਿਐ = ਮੰਨਣ ਕਰਨ ਵਾਲਿਆਂ ਦੀ ਸੰਗਤ ਦਾ ਵੀ ਉਧਰੈ = ਉੱਧਾਰ ਹੋ ਜਾਂਦਾ ਹੈ, ਜਿਨ = ਜਿਨ੍ਹਾਂ ਨੇ ਰਿਦੈ = ਹਿਰਦੇ ਵਿਚ ਵਸਾਇਆ = ਵਸਾਉਣਾ ਕੀਤਾ ਹੈ, ਉਹ ਵੀ ਉੱਧਰ, ਮੁਕਤ ਹੋ ਗਏ ਹਨ।

## ਨਾਇ ਮੰਨਿਐ, ਸੁਣਿ ਉਧਰੇ; ਜਿਨ ਰਸਨ ਰਸਾਇਆ ॥

ਜਿਹੜੇ ਗੁਰਮੁਖ ਜਨ ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਦੇ ਹਨ, ਉਨ੍ਹਾਂ ਤੋਂ ਨਾਮ ਸੁਣਿ = ਸ੍ਰਵਨ ਕਰਨ ਵਾਲੇ ਵੀ ਸੰਸਾਰ-ਸਮੁੰਦ੍ਰ ਤੋਂ ਉਧਰੇ = ਉੱਧਰ, ਤਰ ਜਾਂਦੇ ਹਨ, ਜਿਨ = ਜਿਨ੍ਹਾਂ ਨੇ ਆਪਣੀ ਰਸਨ = ਜਿਹਵਾ ਨੂੰ ਕੀਰਤਨ ਰਸ ਵਿਚ ਰਸਾਇਆ = ਰਸਾ ਲਿਆ ਹੈ, ਉਹ ਵੀ ਮੁਕਤ ਹੋ ਜਾਂਦੇ ਹਨ।

## ਨਾਇ ਮੰਨਿਐ, ਦੁਖ ਭੁਖ ਗਈ; ਜਿਨ ਨਾਮਿ ਚਿਤੁ ਲਾਇਆ ॥

ਜਿਨ = ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਵਿਚ ਚਿਤੁ = ਹਿਰਦੇ ਦੀ ਬਿਰਤੀ ਨੂੰ ਲਾਇਆ = ਲਾਉਣਾ ਕੀਤੀ ਹੈ ਅਤੇ ਨਾਇ = ਨਾਮ ਦਾ ਮੰਨਿਐ = ਮੰਨਣ ਕੀਤਾ ਹੈ, ਉਨ੍ਹਾਂ ਦਾ ਜੰਮਣ ਮਰਣ ਦਾ ਦੁੱਖ ਤੇ ਅੰਦਰੋਂ ਆਸਾ, ਪਦਾਰਥਾਂ ਦੀ ਭੁੱਖ ਚਲੀ ਗਈ ਹੈ।

## ਨਾਨਕ, ਨਾਮੁ ਤਿਨੀ ਸਾਲਾਹਿਆ; ਜਿਨ ਗੁਰੂ ਮਿਲਾਇਆ ॥੧੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਨੀ = ਉਨ੍ਹਾਂ ਗੁਰਮੁਖ ਜਨਾਂ ਨੇ ਨਾਮ ਨੂੰ ਸਾਲਾਹਿਆ = ਸਲਾਹੁਣਾ ਕੀਤਾ ਹੈ, ਜਿਨ = ਜਿਨ੍ਹਾਂ ਨੂੰ ਪਰਮੇਸ਼ਰ ਨੇ ਪੂਰਬਲੇ ਪੁੰਨਾਂ ਦੇ ਪਰੇਰੇ ਹੋਏ ਨੇ ਗੁਰੂ = ਸਤਿਗੁਰੂ ਸਾਹਿਬ ਜੀ ਦੇ ਨਾਲ ਮਿਲਾਇਆ = ਮਿਲਾਉਣਾ ਕੀਤਾ ਹੈ ॥੧੦॥

## ਸਲੋਕ ਮਃ ੧ ॥

## ਸਭੇ ਰਾਤੀ, ਸਭਿ ਦਿਹ; ਸਭਿ ਥਿਤੀ ਸਭਿ ਵਾਰ ॥

ਜਗਤ ਦੀਆਂ ਸਭੇ = ਸਾਰੀਆਂ ਰਾਤੀ = ਰਾਤਾਂ, ਸਭਿ = ਸਾਰੇ ਦਿਹ = ਦਿਨ, ਸਭਿ = ਸਾਰੀਆਂ ਥਿਤੀ = ਥਿੱਤਾਂ, ਸਭਿ = ਸਾਰੇ ਵਾਰ = ਹਫ਼ਤੇ ਦੇ ਦਿਨ।

## ਸਭੇ ਰੁਤੀ, ਮਾਹ ਸਭਿ; ਸਭਿ ਧਰਤੀ ਸਭਿ ਭਾਰ ॥

ਸਭੇ = ਸਾਰੀਆਂ ਰੁਤੀ = ਰੁੱਤਾਂ, ਸਭਿ = ਸਾਰੇ ਮਾਹ = ਮਹੀਨੇ, ਸਭਿ = ਸਾਰੀਆਂ ਧਰਤੀ = ਧਰਤੀਆਂ ਜਾਂ ਸਾਰੀ ਧਰਤੀ = ਪ੍ਰਿਥਵੀ, ਸਭਿ = ਸਾਰੀ ਅਠਾਰਾਂ ਭਾਰ ਬਨਸਪਤੀ।

## ਸਭੇ ਪਾਣੀ, ਪਉਣ ਸਭਿ; ਸਭਿ ਅਗਨੀ ਪਾਤਾਲ ॥

ਸਭੇ = ਸਾਰੇ ਤਰ੍ਹਾਂ ਦੇ ਪਾਣੀ = ਜਲ, ਸਭਿ = ਸਾਰੀ ਤਰ੍ਹਾਂ ਦੀ ਪਉਣ = ਹਵਾ, ਸਭਿ = ਸਭ ਪ੍ਰਕਾਰ ਦੀ ਅਗਨੀ = ਅੱਗ ਤੇ ਸਾਰੇ ਪਾਤਾਲ।

## ਸਭੇ ਪੁਰੀਆ, ਖੰਡ ਸਭਿ; ਸਭਿ ਲੋਅ ਲੋਅ ਆਕਾਰ ॥

ਸਭੇ = ਸਾਰੀਆਂ ਪੁਰੀਆਂ, ਸਭਿ = ਸਾਰੇ ਭਾਰਥ ਇਲਾਬ੍ਰਿਤ ਆਦਿ ਖੰਡ, ਸਭਿ = ਸਾਰੇ ਭੂਰ, ਭਵ ਆਦਿ ਲੋਅ = ਲੋਕ ਅਤੇ ਸਾਰੇ ਆਕਾਰ = ਸਰੀਰ ਧਾਰੀ ਲੋਅ = ਲੋਕ।

## ਹੁਕਮੁ ਨ ਜਾਪੀ ਕੇਤੜਾ; ਕਹਿ ਨ ਸਕੀਜੈ, ਕਾਰ ॥

ਇਨ੍ਹਾਂ ਸਾਰਿਆਂ ਪਾਸੋਂ ਪਰਮੇਸ਼ਰ ਦੇ ਪਸਾਰੇ ਦਾ ਹੁਕਮ ਜਾਪੀ = ਜਾਣਿਆ ਨ = ਨਹੀਂ ਜਾ ਸਕਦਾ ਕਿ ਕੇਤੜਾ = ਕਿਤਨਾ ਕੁ ਵੱਡਾ ਹੈ ਅਤੇ ਕਿਹੜੀ-ਕਿਹੜੀ ਕਾਰ ਵਿਚ ਜੀਵ ਲਾਏ ਹਨ, ਇਹ ਗਿਣਤੀ ਕਰਕੇ ਵੀ ਕਹਿ = ਕਹੀ ਨ = ਨਹੀਂ ਸਕੀਜੈ = ਸਕੀਦੀ।

## ਆਖਹਿ, ਥਕਹਿ ਆਖਿ ਆਖਿ; ਕਰਿ ਸਿਫਤੀ ਵੀਚਾਰ ॥

ਆਖਹਿ = ਆਖਣ ਵਾਲੇ ਅਖਿਆਣਾਂ ਦੁਆਰਾ ਆਖਿ ਆਖਿ = ਕਹਿ ਕਹਿ ਕੇ ਥਕਹਿ = ਥੱਕ ਗਏ ਹਨ **ਵਾ:** ਆਖਿ = ਮੁਖ ਦੁਆਰਾ ਆਖਿ = ਅਖਿਆਣਾਂ ਨੂੰ ਆਖ ਕੇ ਥੱਕ ਗਏ ਹਨ ਅਤੇ ਮਨ ਵਿਚ ਸਿਫਤੀ = ਪਰਮੇਸ਼ਰ ਦੀ ਵਿਚਾਰ ਕਰ ਕੇ ਥੱਕ ਗਏ ਹਨ।

## ਤ੍ਰਿਣੁ ਨ ਪਾਇਓ ਬਪੁੜੀ; ਨਾਨਕੁ ਕਹੈ ਗਵਾਰ ॥੧॥

ਉਨ੍ਹਾਂ ਦੀ ਬਪੁੜੀ = ਵਿਚਾਰੀ ਬੁੱਧੀ ਨੇ ਤ੍ਰਿਣੁ = ਕੱਖ ਜਿਤਨਾ, ਜ਼ਰਾ ਮਾਤਰ ਵੀ ਗਿਆਨ, ਪ੍ਰਭੂ ਦੇ ਗੁਣਾਂ ਦਾ ਅਖ਼ੀਰ ਨ = ਨਹੀਂ ਪਾਇਓ = ਪਾਉਣਾ ਕੀਤਾ, ਸਤਿਗੁਰੂ ਸਾਹਿਬ ਜੀ ਕਹੈ = ਕਥਨ ਕਰਦੇ ਹਨ ਕਿ ਜੋ ਕਹਿੰਦੇ ਹਨ ਕਿ ਅਸੀਂ ਸਾਰਾ ਗਿਣ ਲੈਂਦੇ ਹਾਂ ਜਾਂ ਪ੍ਰਭੂ ਦੀ ਰਚਨਾ ਦਾ ਅੰਤ ਪਾ ਲਿਆ ਹੈ, ਉਹ ਗਵਾਰ = ਮੂਰਖ ਹਨ ॥੧॥

## ਮਃ ੧ ॥

## ਅਖੀ ਪਰਣੈ ਜੇ ਫਿਰਾਂ; ਦੇਖਾਂ ਸਭੁ ਆਕਾਰੁ ॥

ਜੇ = ਜੇਕਰ ਮੈਂ ਅਖੀ = ਅੱਖਾਂ ਦੇ ਪਰਣੈ = ਭਾਰ ਹੋ ਕੇ ਫਿਰਾਂ = ਫਿਰਨਾ ਭਾਵ ਸਿੱਧੀ ਦੇ ਬਲ ਦੁਆਰਾ ਨੇਤਰਾਂ ਨਾਲ ਦੂਰ ਪਈਆਂ ਵਸਤੂਆਂ ਨੂੰ ਦੱਸਣ ਵਾਲਾ ਬਣ ਜਾਵਾਂ ਅਤੇ ਸਭੁ = ਸਾਰੇ ਚੌਰਾਸੀ ਲੱਖ ਜੂਨਾਂ ਦੇ ਆਕਾਰਾਂ ਨੂੰ ਦੇਖਾਂ = ਵੇਖ ਲੈਣਾ ਕਰਾਂ **ਵਾ:** ਸਾਰੇ ਗੁਪਤ ਤੇ ਪ੍ਰਗਟ ਆਕਾਰਾਂ ਨੂੰ ਵੇਖ ਲੈਣਾ ਕਰਾਂ **ਵਾ:** (ਆ + ਕਾ + ਰੁ) ਆ = ਬ੍ਰਹਮਾ, ਕਾ = ਵਿਸ਼ਨੂੰ, ਰੁ = ਰੁਦਰ, ਸ਼ਿਵਜੀ ਆਦਿ ਸਾਰੇ ਦੇਵਤਿਆਂ ਦੇ **ਵਾ:** ਸਾਰੇ ਵੈਰਾਟ, ਹਿਰਨ ਗਰਭ ਤੇ ਅਭਿਆਕ੍ਰਿਤ ਦੇ ਆਕਾਰਾਂ ਨੂੰ ਵੇਖ ਲੈਣਾ ਕਰਾਂ।

## ਪੁਛਾ ਗਿਆਨੀ ਪੰਡਿਤਾਂ; ਪੁਛਾ ਬੇਦ ਬੀਚਾਰ ॥

ਜੇਕਰ ਮੈਂ ਜੈਮਲ ਮੁਨੀ ਆਦਿ ਪੰਡਿਤਾਂ = ਵਿਦਵਾਨਾਂ ਤੇ ਬਿਆਸ ਆਦਿ ਗਿਆਨੀ = ਗਿਆਨਵਾਨਾਂ

ਤੋਂ ਪੁਛਾ = ਪੁੱਛਣਾ ਕਰਾਂ, ਬੇਦਾਂ ਦੀ ਵੀਚਾਰ ਕਰਨ ਵਾਲੇ ਵਿਦਵਾਨ ਸੱਜਣਾਂ ਤੋਂ ਵੀ ਜਾ ਕੇ ਪੁਛਾ = ਪੁੱਛਣਾ ਕਰਾਂ।

[ਅੰਗ ੧੨੪੨]

## ਪੁਛਾ ਦੇਵਾਂ ਮਾਨਸਾਂ; ਜੋਧ ਕਰਹਿ ਅਵਤਾਰ ॥

ਦੇਵਾਂ = ਦੇਵਤਿਆਂ ਤੇ ਮਾਨਸਾਂ = ਮਨੁੱਖਾਂ ਤੋਂ ਪੁਛਾ = ਪੁੱਛਣਾ ਕਰਾਂ, ਰਥੀ, ਅਤਰਥੀ ਆਦਿ ਜੋਧ = ਸੂਰਮੇ ਤੇ ਕ੍ਰਿਸ਼ਨ ਆਦਿ ਅਵਤਾਰਾਂ ਪਾਸੋਂ ਪੁੱਛਣਾ ਕਰਹਿ = ਕਰਾਂ ਜਾਂ ਇਨ੍ਹਾਂ ਨਾਲ ਵੀਚਾਰ ਕਰਨਾ ਕਰਾਂ।

## ਸਿਧ ਸਮਾਧੀ ਸਭਿ ਸੁਣੀ; ਜਾਇ ਦੇਖਾਂ ਦਰਬਾਰੁ ॥

ਸਮਾਧੀ ਲਾਉਣ ਵਾਲੇ ਸਭਿ = ਸਾਰੇ ਸਿੱਧ ਪੁਰਖਾਂ ਕੋਲੋਂ ਜਾ ਕੇ ਸੁਣੀ = ਸੁਣਨਾ ਕਰਾਂ, ਧਰਮਰਾਜੇ ਦੀ ਦਰਬਾਰੁ = ਕਚਹਿਰੀ ਵਿਚ ਵੀ ਜਾਇ = ਜਾ ਕੇ ਦੇਖਾਂ = ਵੇਖਣਾ ਕਰਾਂ ਜਾਂ ਵਿਸ਼ਨੂੰ ਭਗਵਾਨ ਦੇ ਬੈਕੁੰਠ ਰੂਪੀ ਦਰਬਾਰ ਵਿਚ ਜਾ ਕੇ ਵੇਖਣਾ ਕਰਾਂ ਕਿ ਅੱਗੇ ਪ੍ਰਲੋਕ ਵਿਚ ਕਿਹੜਾ ਜੀਵ ਸੱਚਾ ਤੇ ਡਰ ਤੋਂ ਰਹਿਤ ਹੁੰਦਾ ਹੈ।

## ਅਗੈ ਸਚਾ ਸਚਿ ਨਾਇ; ਨਿਰਭਉ ਭੈ ਵਿਣੁ ਸਾਰੁ ॥

ਅਗੈ = ਅੱਗੇ ਪ੍ਰਲੋਕ ਵਿਚ ਪਰਮੇਸ਼ਰ ਦਾ ਸਚਿ = ਸੱਚਾ ਨਾਇ = ਨਾਮ ਜਪਣ ਵਾਲਾ ਪੁਰਖ ਸੱਚਾ ਹੁੰਦਾ ਹੈ, ਜੋ ਪਰਮੇਸ਼ਰ ਨਿਰਭਉ ਸਰੂਪ ਹੈ ਅਤੇ ਭੈ = ਡਰ ਤੋਂ ਵਿਣੁ = ਬਗ਼ੈਰ ਹੋਣ ਕਰਕੇ ਸਾਰੁ = ਅਸਲੀ ਤਤ ਸਰੂਪ ਹੈ **ਵਾ:** ਉਹ ਪੁਰਖ ਨਿਰਭਉ ਸਰੂਪ ਦੀ ਪ੍ਰਾਪਤੀ ਵਾਲਾ ਹੈ, ਜਮਾਂ ਦੇ ਡਰ ਤੋਂ ਰਹਿਤ ਹੈ ਤੇ ਅਸਲ ਸਰੂਪ ਦੀ ਪ੍ਰਾਪਤੀ ਵਾਲਾ ਹੈ **ਵਾ:** ਨਿਰਭਉ ਸਰੂਪ ਪਰਮੇਸ਼ਰ ਦੇ ਨਾਮ ਨੂੰ ਸਾਰੁ = ਸੰਭਾਲਣ ਵਾਲਾ ਪੁਰਖ ਜਮਾਂ ਦੇ ਡਰ ਤੋਂ ਰਹਿਤ ਹੋ ਜਾਂਦਾ ਹੈ।

## ਹੋਰ ਕਚੀ ਮਤੀ ਕਚੁ ਪਿਚੁ; ਅੰਧਿਆ ਅੰਧੁ ਬੀਚਾਰੁ ॥

ਪਰਮੇਸ਼ਰ ਦੇ ਨਾਮ ਤੋਂ ਬਗ਼ੈਰ ਹੋਰ ਚੀਜ਼ਾਂ ਵਿਚ ਪਰਚਣ ਵਾਲੇ ਪੁਰਖਾਂ ਦੀ ਕੱਚੀ ਮਤੀ = ਅਕਲ ਹੈ ਜਿਸ ਕਰਕੇ ਉਹ ਕਚ ਪਿਚੁ = ਕੱਚੇ ਪਿੱਲੇ (ਅਸਤ ਵਿਅਸਤ) ਬਚਨ ਬੋਲਦੇ ਰਹਿੰਦੇ ਹਨ **ਵਾ:** ਉਹ ਕਚੁ = ਕੱਚੇ ਪਿਚੁ = ਪਿਚਕ ਜਾਣ ਵਾਲੇ ਪਦਾਰਥਾਂ ਵਿਚ ਤਦਾਕਾਰ ਹੋਏ ਰਹਿੰਦੇ ਹਨ ਜਾਂ ਉਹ ਕਚੁ = ਕਚਿਆਈ (ਕੱਚੀ ਮਤ) ਵਾਲੇ ਪੁਰਖ ਨਰਕਾਂ ਵਿਚ ਪਿਚੁ = ਪਿਚਕ (ਚਲੇ) ਜਾਣ ਵਾਲੇ ਹਨ **ਵਾ:** ਕੱਚੇ-ਪਿੱਲੇ ਕਰਮਾਂ ਨੂੰ ਕਰਦੇ ਰਹਿੰਦੇ ਹਨ, ਇਉਂ ਅੰਧਿਆ = ਅਗਿਆਨੀ ਪੁਰਖਾਂ ਦੀਆਂ ਅੰਧੁ = ਅੰਧਤਾਈ (ਅਗਿਆਨਤਾਈ) ਵਾਲੀਆਂ ਵੀਚਾਰਾਂ ਹੀ ਹੁੰਦੀਆਂ ਹਨ **ਵਾ:** ਪਿਚੁ ਭਾਵ ਨਿੰਮ ਦੀ ਨਿਆਈਂ ਵਿਸ਼ੇ, ਹੰਕਾਰ ਰੂਪੀ ਕੁੜੱਤਣ ਨੂੰ ਪੈਦਾ ਕਰਨ ਵਾਲਾ ਹੈ **ਵਾ:** ਅਗਿਆਨੀ ਪੁਰਖ ਪਰਮੇਸ਼ਰ ਦੇ ਸੱਚੇ ਨਾਮ ਜਾਂ ਸੱਚੇ ਸਰੂਪ ਤੋਂ ਬਗ਼ੈਰ ਐਵੇਂ ਅਗਿਆਨ ਦੀਆਂ ਵਿਚਾਰਾਂ ਵਿਚ ਪਏ ਰਹਿੰਦੇ ਹਨ।

## ਨਾਨਕ, ਕਰਮੀ ਬੰਦਗੀ; ਨਦਰਿ ਲੰਘਾਏ ਪਾਰਿ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਕਰਮੀ = ਜੀਵਾਂ ਨੇ ਪ੍ਰਭੂ ਦੀ ਬੰਦਗੀ = ਭਗਤੀ ਕੀਤੀ ਹੈ **ਵਾ:** ਜਿਨ੍ਹਾਂ ਨੂੰ ਨਿਸ਼ਕਾਮ ਕਰਮਾਂ ਦਾ ਸਦਕਾ ਪ੍ਰਭੂ ਦੀ ਭਗਤੀ ਕਰਨ ਦੀ ਗੁਰਾਂ ਪਾਸੋਂ ਦਾਤ ਪ੍ਰਾਪਤ ਹੋਈ ਹੈ, ਉਨ੍ਹਾਂ ਨੂੰ ਪਰਮੇਸ਼ਰ ਕਿਰਪਾ ਨਦਰਿ = ਦ੍ਰਿਸ਼ਟੀ ਕਰਕੇ ਸੰਸਾਰ-ਸਮੁੰਦ੍ਰ ਤੋਂ ਪਾਰ ਲੰਘਾਏ = ਲੰਘਾ ਦਿੰਦਾ ਹੈ ॥੨॥

## ਪਉੜੀ ॥

## ਨਾਇ ਮੰਨਿਐ, ਦੁਰਮਤਿ ਗਈ; ਮਤਿ ਪਰਗਟੀ ਆਇਆ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਨ ਵਾਲਿਆਂ ਦੀ ਦੁਰਮਤਿ = ਖੋਟੀ ਮਤ ਅੰਦਰੋਂ ਚਲੀ ਗਈ ਹੈ ਅਤੇ ਆਤਮ ਵਿਸ਼ੈਣੀ ਮਤਿ = ਬੁੱਧ ਦੇ ਅੰਦਰ ਬ੍ਰਹਮ ਸਰੂਪ ਪਰਗਟੀ = ਪ੍ਰਗਟ ਹੋ ਆਇਆ ਹੈ।

## ਨਾਉ ਮੰਨਿਐ, ਹਉਮੈ ਗਈ; ਸਭਿ ਰੋਗ ਗਵਾਇਆ ॥

ਪਰਮੇਸ਼ਰ ਦੇ ਨਾਉ = ਨਾਮ ਦਾ ਮੰਨਿਐ = ਮੰਨਣ ਕਰਨ ਵਾਲਿਆਂ ਦੀ ਹਉਮੈ = ਹੰਗਤਾ ਵੀ ਚਲੀ ਗਈ ਹੈ ਅਤੇ ਅਗਿਆਨ ਆਦਿ ਸਭਿ = ਸਾਰੇ ਰੋਗਾਂ ਨੂੰ ਵੀ ਨਾਮ ਦੇ ਪ੍ਰਤਾਪ ਨੇ ਗਵਾਇਆ = ਗਵਾ ਦਿੱਤਾ ਹੈ।

## ਨਾਇ ਮੰਨਿਐ, ਨਾਮੁ ਊਪਜੈ; ਸਹਜੇ ਸੁਖੁ ਪਾਇਆ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਨ ਵਾਲਿਆਂ ਪੁਰਖਾਂ ਦਾ ਨਾਮ ਦੁਨੀਆਂ ਵਿਚ ਊਪਜੈ = ਪ੍ਰਗਟ ਹੋ ਜਾਂਦਾ ਹੈ **ਵਾ:** ਨਾਮ ਦੇ ਪ੍ਰਤਾਪ ਕਰਕੇ ਸੰਸਾਰ-ਸਮੁੰਦ੍ਰ ਤੋਂ ਊਪਜੈ = ਉਬਰੇ (ਬਚ) ਜਾਂਦੇ ਹਨ **ਵਾ:** ਉਨ੍ਹਾਂ ਪੁਰਖਾਂ ਦੇ ਰਿਦੇ ਵਿਚ ਨਾਮੁ = ਪ੍ਰਸਿੱਧ ਸਰੂਪ ਬ੍ਰਹਮ ਊਪਜੈ = ਪ੍ਰਗਟ ਹੋ ਆਉਂਦਾ ਹੈ ਅਤੇ ਉਨ੍ਹਾਂ ਨੇ ਸਹਜੇ = ਸੁਤੇ-ਸਿੱਧ ਹੀ ਆਤਮਿਕ ਸੁਖੁ = ਅਨੰਦ ਨੂੰ ਪਾਇਆ = ਪਾ ਲਿਆ ਹੈ।

## ਨਾਇ ਮੰਨਿਐ, ਸਾਂਤਿ ਊਪਜੈ; ਹਰਿ ਮੰਨਿ ਵਸਾਇਆ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਨ ਵਾਲੇ ਪੁਰਖਾਂ ਦੇ ਅੰਦਰ ਸਾਂਤਿ = ਸ਼ਾਂਤੀ ਊਪਜੈ = ਪੈਦਾ ਹੋ ਜਾਂਦੀ ਹੈ ਕਿਉਂਕਿ ਉਨ੍ਹਾਂ ਦੇ ਮੰਨਿ = ਹਿਰਦੇ ਵਿਚ ਗੁਰਾਂ ਨੇ ਹਰਿ = ਪਰਮੇਸ਼ਰ ਦਾ ਨਾਮ ਵਸਾਇਆ = ਵਸਾਉਣਾ ਕੀਤਾ ਹੈ **ਵਾ:** ਗੁਰਾਂ ਨੇ ਉਪਦੇਸ਼ ਦੇ ਕੇ ਮੰਨਿ = ਸ਼ਿਰੋਮਣੀ ਪਰਮੇਸ਼ਰ ਦੇ ਨਾਮ ਨੂੰ ਰਿਦੇ ਵਿਚ ਵਸਾਉਣਾ ਕੀਤਾ ਹੈ।

## ਨਾਨਕ, ਨਾਮੁ ਰਤੰਨੁ ਹੈ; ਗੁਰਮੁਖਿ ਹਰਿ ਧਿਆਇਆ ॥੧੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪਰਮੇਸ਼ਰ ਦਾ ਨਾਮ ਰਤਨ ਦੀ ਨਿਆਈਂ ਅਮੋਲਕ ਹੈ, ਗੁਰਮੁਖ ਜਨਾਂ ਨੇ ਹਰਿ = ਪਰਮੇਸ਼ਰ ਦੇ ਉਸ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ॥੧੧॥

## ਸਲੋਕ ਮਃ ੧ ॥

## ਹੋਰੁ ਸਰੀਕੁ ਹੋਵੈ ਕੋਈ ਤੇਰਾ; ਤਿਸੁ ਅਗੈ ਤੁਧੁ ਆਖਾਂ ॥

ਹੇ ਪਰਮੇਸ਼ਰ ! ਜੇਕਰ ਕੋਈ ਹੋਰ ਤੇਰਾ = ਤੁਹਾਡਾ ਸਰੀਕ ਹੋਵੇ **ਵਾ:** ਤੇਰੀ ਬਰਾਬਰੀ ਕਰਨ ਵਾਲਾ ਹੋਵੇ ਤਾਂ ਤਿਸੁ = ਉਸ ਦੇ ਅਗੈ = ਅੱਗੇ ਤੁਧੁ = ਤੇਰਾ ਜੱਸ ਆਖਾਂ = ਆਖਣਾ ਕਰਾਂ **ਵਾ:** ਤੇਰੀ ਸਿਫ਼ਤ ਦੇ ਤਾਈਂ ਆਖਣਾ ਕਰਾਂ ਕਿ ਤੂੰ ਇਤਨਾ ਵੱਡਾ ਹੈਂ।

## ਤੁਧੁ ਅਗੈ, ਤੁਧੈ ਸਾਲਾਹੀ; ਮੈ ਅੰਧੇ ਨਾਉ ਸੁਜਾਖਾ ॥

ਇਸ ਲਈ ਹੇ ਪਰਮੇਸ਼ਰ ! ਤੁਧੁ = ਤੇਰੇ ਅਗੈ = ਅੱਗੇ ਤੁਧੈ = ਤੇਰੀ ਸਾਲਾਹੀ = ਸਿਫ਼ਤ ਕਰਦਾ ਹਾਂ

ਕਿਉਂਕਿ ਮੈ = ਮੈਨੂੰ ਮਮਤਾ ਕਰਕੇ ਅੰਧੇ = ਅੰਨ੍ਹੇ ਹੋਏ ਨੂੰ ਤੇਰਾ ਨਾਉ = ਨਾਮ ਵੈਰਾਗ, ਬਿਬੇਕ ਰੂਪੀ ਸੁਜਾਖਾ = ਨੇਤਰ ਦੇਣ ਵਾਲਾ ਹੈ **ਵਾ:** ਪ੍ਰੋਖ-ਅਪ੍ਰੋਖ ਗਿਆਨ ਰੂਪੀ ਅੱਖਾਂ ਦੇ ਕੇ ਸੁਜਾਖਾ = ਮੁਨਾਖਾ ਕਰਨ ਵਾਲਾ ਹੈ।

## ਜੇਤਾ ਆਖਣੁ ਸਾਹੀ ਸਬਦੀ; ਭਾਖਿਆ ਭਾਇ ਸੁਭਾਈ ॥

ਪਰਮੇਸ਼ਰ ਦੇ ਨਾਮ ਤੋਂ ਬਗ਼ੈਰ ਹੋਰ ਕੁਝ ਜੇਤਾ = ਜਿਤਨਾ ਆਖਣੁ = ਕਹਿਣਾ ਹੈ, ਉਹ ਸਭ ਸਾਹੀ ਸਬਦੀ = ਸ਼ਾਹੀ ਤੇ ਸੁਫੈਦੀ ਭਾਵ ਪਾਪ-ਪੁੰਨ ਵਿਚ ਹੈ, ਮੰਦਾ ਵਾਕ ਆਖਣਾ ਪਾਪ ਰੂਪ ਹੈ, ਚੰਗਾ ਵਾਕ ਆਖਣਾ ਪੁੰਨ ਰੂਪ ਹੈ, ਇਹ ਅਸਾਂ ਨੇ ਸੁਭਾਈ = ਸੁਭਾਵਿਕ ਹੀ ਭਾਇ = ਪ੍ਰੇਮ ਦੇ ਸਹਿਤ ਭਾਖਿਆ = ਕਥਨ ਕੀਤਾ ਹੈ।

**ਅਥਵਾ** ਪਾਪਾਂ ਰੂਪੀ ਸਾਹੀ = ਸਿਆਹੀ ਵਾਲੇ ਅਗਿਆਨੀ ਪੁਰਖਾਂ ਦਾ ਤੇ ਸਬਦੀ = ਸੁਫੇਦੀ, ਪੁੰਨੀ ਪੁਰਖਾਂ ਦਾ ਜਿਤਨਾ ਆਖਣੁ = ਕਹਿਣਾ ਬਣਦਾ ਹੈ, ਉਤਨਾ ਅਸੀਂ ਸੁਭਾਵਿਕ ਹੀ ਪ੍ਰੇਮ ਦੇ ਸਹਿਤ ਕਥਨ ਕੀਤਾ ਹੈ।

**ਅਥਵਾ** ਜੋ ਸਾਹੀ = ਸਿਆਹੀ ਨਾਲ ਲਿਖੇ ਹੋਏ ਸਬਦੀ = ਵੇਦ ਹਨ, ਉਨ੍ਹਾਂ ਵਿਚ ਜੇਤਾ = ਜਿਤਨਾ ਕੁ ਪ੍ਰਭੂ ਦਾ ਜੱਸ ਆਖਣੁ = ਕਹਿਆ ਹੋਇਆ ਹੈ, ਉਸ ਜੱਸ ਨੂੰ ਸੁਭਾਵਿਕ ਹੀ ਪ੍ਰੇਮ ਦੇ ਨਾਲ ਭਾਖਿਆ = ਉਚਾਰਣਾ ਕੀਤਾ ਹੈ।

**ਅਥਵਾ** ਜਿਨ੍ਹਾਂ ਗੁਰਮੁਖ ਜਨਾਂ ਨੇ ਸੁਭਾਵਿਕ ਹੀ ਪ੍ਰੇਮ ਦੇ ਨਾਲ ਪ੍ਰਭੂ ਦੇ ਜੱਸ ਨੂੰ ਉਚਾਰਨਾ ਕੀਤਾ ਹੈ, ਉਨ੍ਹਾਂ ਦੀ ਪਾਪਾਂ ਰੂਪੀ ਸਿਆਹੀ ਕੱਟੀ ਜਾਂਦੀ ਹੈ ਤੇ ਉੱਤਮ ਗਿਆਨ ਰੂਪੀ ਸੁਫ਼ੈਦੀ ਪ੍ਰਗਟ ਹੋ ਜਾਂਦੀ ਹੈ ਕਿਉਂਕਿ ਉਨ੍ਹਾਂ ਨੇ ਜਿਤਨਾ ਵੀ ਪ੍ਰਭੂ-ਜੱਸ ਨੂੰ ਆਖਿਆ ਹੈ, ਉਹ ਇਕਾਗਰ ਮਨ ਹੋ ਕੇ ਆਖਿਆ ਹੈ।

## ਨਾਨਕ, ਬਹੁਤਾ ਏਹੋ ਆਖਣੁ; ਸਭ ਤੇਰੀ ਵਡਿਆਈ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਇਹੋ ਬਹੁਤਾ ਆਖਣੁ = ਕਹਿਣਾ ਬਣਦਾ ਹੈ ਕਿ ਸਭ = ਸਾਰੀ ਤੇਰੀ ਹੀ ਵਡਿਆਈ = ਸੋਭਾ ਹੈ॥੧॥

## ਮਃ ੧ ॥

ਇਹ ਜੀਵ ਕਹਿੰਦਾ ਹੈ ਕਿ ਮੈਂ ਸਭ ਆਪਣੀ ਹਿੰਮਤ ਨਾਲ ਕਮਾ ਕੇ ਖਾਂਦਾ ਹਾਂ, ਸਤਿਗੁਰੂ ਜੀ ਇਸ ਜੀਵ ਨੂੰ ਉਪਦੇਸ਼ ਦਿੰਦੇ ਹਨ ਕਿ ਤੂੰ ਮਾਣ ਕਿਉਂ ਕਰਦਾ ਹੈਂ, ਕਿਉਂਕਿ :

## ਜਾਂ ਨ ਸਿਆ, ਕਿਆ ਚਾਕਰੀ; ਜਾਂ ਜੰਮੇ ਕਿਆ ਕਾਰ ॥

ਹੇ ਜੀਵ ! ਜਾਂ = ਜਦ ਕੁਝ ਵੀ ਨ = ਨਹੀਂ ਸੀ ਬਣਿਆ ਸਿਆ = ਸੀ, ਭਾਵ ਰਕਤ ਬਿੰਦ ਦੁਆਰਾ ਤੇਰਾ ਸਰੀਰ ਨਹੀਂ ਬਣਿਆ ਸੀ, ਤਦ ਤੂੰ ਕਿਆ = ਕਿਹੜੀ ਚਾਕਰੀ = ਨੌਕਰੀ ਕਰਦਾ ਸੀ, ਜਾਂ = ਜਦ ਜੰਮੇ = ਜੰਮਿਆ, ਤਦ ਤੂੰ ਕਿਆ = ਕਿਹੜੀ ਕਾਰ = ਕਿਰਤ ਕੀਤੀ ਸੀ।

## ਸਭਿ ਕਾਰਣ ਕਰਤਾ ਕਰੇ; ਦੇਖੈ ਵਾਰੋ ਵਾਰ ॥

ਸਭਿ = ਸਾਰੇ ਕਾਰਣ = ਕਾਰਜਾਂ ਨੂੰ ਕਰਤਾ = ਰਚਨਹਾਰ ਪਰਮੇਸ਼ਰ ਆਪ ਹੀ ਕਰੇ = ਕਰਦਾ ਹੈ ਅਤੇ ਵਾਰ-ਵਾਰ ਜੀਵਾਂ ਦੀ ਕਰਣੀ ਨੂੰ ਦੇਖੈ = ਵੇਖ ਰਿਹਾ ਹੈ ਕਿ ਇਹ ਜੀਵ ਸੰਤੋਖੀ ਹੈ, ਇਹ ਲਾਲਚੀ ਹੈ।

## ਜੇ ਚੁਪੈ, ਜੇ ਮੰਗਿਐ; ਦਾਤਿ ਕਰੇ ਦਾਤਾਰੁ ॥

ਜੇ = ਜੇਕਰ ਚੁਪੈ = ਚੁੱਪ ਕਰਕੇ ਰਹੀਏ, ਜੇ = ਜੇਕਰ ਮੰਗਤੇ ਬਣ ਕੇ ਮੰਗਿਐ = ਮੰਗਦੇ ਰਹੀਏ, ਦਾਤਾਰ ਪਰਮੇਸ਼ਰ ਤਾਂ ਵੀ ਦਾਤਿ = ਦਾਤਾਂ ਦੇਣਾ ਕਰੇ = ਕਰਦਾ ਹੈ **ਵਾ:** ਜੇ = ਜਿਹੜੇ ਚੁੱਪ ਰਹਿੰਦੇ ਹਨ, ਜਿਹੜੇ ਮੰਗਤੇ ਬਣ ਕੇ ਮੰਗਦੇ ਰਹਿੰਦੇ ਹਨ, ਆਦਿ ਸਭਨਾਂ ਨੂੰ ਦਾਤਾਰ ਪਰਮੇਸ਼ਰ ਰੋਜ਼ੀ ਆਦਿ ਦੀ ਦਾਤ ਦੇਣਾ ਕਰਦਾ ਹੈ।

## ਇਕੁ ਦਾਤਾ, ਸਭਿ ਮੰਗਤੇ; ਫਿਰਿ ਦੇਖਹਿ ਆਕਾਰੁ ॥

ਇੱਕੋ ਦਾਤਾ ਪਰਮੇਸ਼ਰ ਹੈ, ਹੋਰ ਸਭਿ = ਸਾਰੇ ਉਸ ਦੇ ਦਰ ਦੇ ਮੰਗਤੇ = ਭਿਖਾਰੀ ਹਨ ਭਾਵੇਂ ਸਾਰਿਆਂ ਆਕਾਰੁ = ਸਰੀਰਾਂ ਵਿਚ ਫਿਰ ਕੇ ਦੇਖਹਿ = ਦੇਖ ਲੈਣਾ ਕਰੀਏ, ਸਾਰਿਆਂ ਆਕਾਰਾਂ ਵਿਚ ਉਹੀ ਜੋਤੀ ਸਰੂਪ ਪ੍ਰਕਾਸ਼ਮਾਨ ਹੈ **ਵਾ:** ਮੈਂ ਸਾਰੇ ਆਕਾਰਾਂ ਵਿਚ ਫਿਰ ਕੇ ਦੇਖਿਆ ਹੈ, ਭਾਵ ਉਹੋ ਹੀ ਸਾਰਿਆਂ ਦਾ ਦਾਤਾ ਹੈ **ਵਾ:** ਉਹ ਪਰਮੇਸ਼ਰ ਹੀ ਜੀਵਾਂ ਨੂੰ ਸਾਰਿਆਂ ਆਕਾਰਾਂ ਵਿਚ ਫੇਰ ਕੇ ਸਭ ਦੇ ਕੀਤੇ ਚੰਗੇ-ਮੰਦੇ ਕਰਤਬਾਂ ਨੂੰ ਵੇਖਦਾ ਹੈ।

## ਨਾਨਕ, ਏਵੈ ਜਾਣੀਐ; ਜੀਵੈ ਦੇਵਣਹਾਰੁ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਏਵੈ = ਇਸ ਤਰ੍ਹਾਂ ਜਾਣੀਐ = ਜਾਨਣਾ ਕਰੀਦਾ ਹੈ ਕਿ ਦਾਤਾ ਦੇਵਣਹਾਰੁ = ਦੇਣ ਵਾਲਾ ਪਰਮੇਸ਼ਰ ਸਦਾ ਜੀਵੈ = ਜਿਉਂਦਾ ਹੈ॥੨॥

## ਪਉੜੀ ॥

## ਨਾਇ ਮੰਨਿਐ, ਸੁਰਤਿ ਊਪਜੈ; ਨਾਮੇ ਮਤਿ ਹੋਈ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਕੇ ਪ੍ਰਭੂ ਪ੍ਰਾਪਤੀ ਦੀ ਸੁਰਤਿ = ਗਿਆਤ ਊਪਜੈ = ਪੈਦਾ ਹੁੰਦੀ ਹੈ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਪੈਦਾ ਹੁੰਦੀ ਹੈ ਅਤੇ ਨਾਮੇ = ਨਾਮ ਕਰਕੇ ਆਤਮ ਵਿਸ਼ੈਣੀ ਮਤਿ = ਮੱਤੀ ਦੀ ਪ੍ਰਾਪਤੀ ਹੋਈ = ਹੁੰਦੀ ਹੈ।

## ਨਾਇ ਮੰਨਿਐ, ਗੁਣ ਉਚਰੈ; ਨਾਮੇ ਸੁਖਿ ਸੋਈ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਨ ਵਾਲਾ ਪੁਰਖ ਪ੍ਰਭੂ ਦੇ ਜੱਸ ਰੂਪ ਗੁਣਾਂ ਨੂੰ ਉਚਰੈ = ਉਚਾਰਨ ਕਰਨ ਲੱਗ ਜਾਂਦਾ ਹੈ ਅਤੇ ਸੋਈ = ਉਹ ਨਾਮੇ = ਨਾਮ ਦੇ ਪ੍ਰਤਾਪ ਕਰਕੇ ਸੁਖ ਸਰੂਪ ਦਾ ਰੂਪ ਹੀ ਹੋ ਜਾਂਦਾ ਹੈ **ਵਾ:** ਉਸ ਨੂੰ ਨਾਮ ਕਰਕੇ ਆਤਮਾਨੰਦ ਰੂਪੀ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ **ਵਾ:** ਉਹ ਨਾਮ ਕਰਕੇ ਸੁੱਖਾਂ ਵਿਚ ਸੋਈ = ਸੌਂਦਾ ਹੈ।

## ਨਾਇ ਮੰਨਿਐ, ਭ੍ਰਮੁ ਕਟੀਐ; ਫਿਰਿ ਦੁਖੁ ਨ ਹੋਈ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਕੇ ਅੰਦਰੋਂ ਭਰਮ ਕਟੀਐ = ਕੱਟਿਆ ਜਾਂਦਾ ਹੈ, ਜਿਸ ਕਰਕੇ ਫਿਰਿ = ਮੁੜ ਜੰਮਣ-ਮਰਣ ਦਾ ਦੁੱਖ ਨ = ਨਹੀਂ ਹੋਈ = ਹੁੰਦਾ।

## ਨਾਇ ਮੰਨਿਐ ਸਾਲਾਹੀਐ; ਪਾਪਾਂ ਮਤਿ ਧੋਈ ॥

ਪਰਮੇਸ਼ਰ ਦੇ ਨਾਇ = ਨਾਮ ਦਾ ਮੰਨਿਐ = ਮੰਨਣ ਕਰਕੇ ਹੀ ਉਸ ਦੀ ਸਾਲਾਹੀਐ = ਸਿਫ਼ਤ ਕਰੀਦੀ ਹੈ ਅਤੇ ਪਾਪਾਂ ਵਾਲੀ ਮਤਿ = ਬੁੱਧੀ ਧੋਈ = ਧੋਤੀ ਜਾਂਦੀ ਹੈ **ਵਾ:** ਬੁੱਧੀ ਦੇ ਸਾਰੇ ਪਾਪਾਂ ਨੂੰ ਧੋ ਲਈਦਾ ਹੈ।

## ਨਾਨਕ, ਪੂਰੇ ਗੁਰ ਤੇ ਨਾਉ ਮੰਨੀਐ; ਜਿਨ ਦੇਵੈ ਸੋਈ ॥੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪੂਰੇ = ਪੂਰਨ ਗੁਰਾਂ ਦੇ ਉਪਦੇਸ਼ ਤੇ = ਤੋਂ ਹੀ ਨਾਉ = ਨਾਮ ਦਾ ਮੰਨੀਐ = ਮੰਨਣ ਕੀਤਾ ਜਾਂਦਾ ਹੈ, ਪਰ ਜਿਨ੍ਹਾਂ ਨੂੰ ਸਤਿਗੁਰੂ ਸਾਹਿਬ ਜੀ ਨਾਮ ਦੀ ਦਾਤ ਦੇਵੈ = ਦਿੰਦੇ ਹਨ, ਸੋਈ = ਉਹੋ ਪੁਰਖ ਹੀ ਨਾਮ ਦੀ ਦਾਤ ਪਾਉਂਦੇ ਹਨ॥੧੨॥

## ਸਲੋਕ ਮਃ ੧ ॥

ਸਤਿਗੁਰਾਂ ਦੇ ਪਾਸ ਕਰਤਾਰਪੁਰ ਸਾਹਿਬ ਇਕ ਵਿਦਵਾਨ ਪੰਡਤ ਮਨ ਵਿਚ ਇਹ ਖ਼ਿਆਲ ਕਰਕੇ ਆਇਆ ਕਿ ਸਤਿਗੁਰੂ ਸਾਹਿਬ ਜੀ ਆਪਣੇ ਸਿੱਖਾਂ ਨੂੰ ਵਿੱਦਿਆ ਪੜ੍ਹਨ ਦੀ ਆਗਿਆ ਦੇ ਦੇਣ, ਜਿਸ ਕਰਕੇ ਇਥੇ ਮੇਰੀ ਰੋਜ਼ੀ-ਰੋਟੀ ਦਾ ਸਾਧਨ ਬਣ ਜਾਵੇਗਾ, ਸਤਿਗੁਰਾਂ ਨੇ ਉਸ ਦਾ ਖ਼ਿਆਲ (ਸੰਕਲਪ) ਬੁੱਝ ਲਿਆ ਤੇ ਕਹਿਣ ਲੱਗੇ ਕਿ ਪੰਡਤ ਜੀ, ਜੋ ਤੈਨੂੰ ਪਦਾਰਥਾਂ ਦੀ ਲੋੜ ਹੈ, ਉਹ ਮੰਗ ਲੈਣਾ ਕਰ, ਪੰਡਤ ਕਹਿਣ ਲੱਗਾ ਕਿ ਸਤਿਗੁਰੂ ਜੀ, ਮੈਂ ਬੜੇ ਵੇਦ ਸ਼ਾਸਤਰ ਪੜ੍ਹਿਆ ਹੋਇਆ ਹਾਂ, ਇਹ ਸੁਣ ਕੇ ਸਤਿਗੁਰਾਂ ਨੇ ਸ਼ਬਦ ਉਚਾਰਨ ਕੀਤਾ।

## ਸਾਸਤ੍ਰ, ਬੇਦ; ਪੁਰਾਣ ਪੜ੍ਹੰਤਾ ॥ ਪੂਕਾਰੰਤਾ; ਅਜਾਣੰਤਾ ॥

ਹੇ ਭਾਈ! ਤੂੰ ਛੇ ਸ਼ਾਸਤਰ, ਚਾਰ ਵੇਦ, ਅਠਾਰਾਂ ਪੁਰਾਣਾਂ ਨੂੰ ਪੜ੍ਹੰਤਾ = ਪੜ੍ਹਦਾ ਹੈਂ।

ਤੂੰ ਪੂਕਾਰੰਤਾ = ਪੁਕਾਰ ਵੀ ਕਰਦਾ ਹੈਂ ਕਿ ਇੱਕੋ ਬ੍ਰਹਮ ਸਾਰੇ ਥਾਂ ਵਿਆਪਕ ਹੈ, ਪਰ ਤੂੰ ਆਪ ਉਸ ਬ੍ਰਹਮ ਤੋਂ ਅਜਾਣੰਤਾ = ਅਣਜਾਣ ਹੈਂ **ਵਾ:** ਤੂੰ ਸਿਧਾਂਤ ਬੁੱਝੇ ਤੋਂ ਬਗ਼ੈਰ ਅਣਜਾਣਪੁਣੇ ਵਿਚ ਹੀ ਪੂਕਾਰੰਤਾ = ਪੁਕਾਰਦਾ ਰਹਿੰਦਾ ਹੈਂ।

## ਜਾਂ ਬੂਝੈ; ਤਾਂ ਸੂਝੈ ਸੋਈ ॥ ਨਾਨਕੁ ਆਖੈ; ਕੂਕ ਨ ਹੋਈ ॥੧॥

ਜਾਂ = ਜੇਕਰ ਤੂੰ ਪੂਰੇ ਗੁਰਾਂ ਤੋਂ ਬੂਝੈ = ਬੁੱਝਣਾ, ਪੁੱਛਣਾ ਕਰੇਂ ਤਾਂ = ਤਦ ਤੈਨੂੰ ਸੋਈ = ਉਸ ਪਰਮੇਸ਼ਰ ਦਾ ਸਰੂਪ ਸੂਝੈ = ਸੁੱਝ, ਦਿੱਸ ਆਵੇਗਾ **ਵਾ:** ਜਦ ਤੂੰ = ਤ੍ਵੰ ਪਦ ਦਾ ਲਖ ਅਰਥ ਬੁੱਝ ਲਵੇਂਗਾ, ਤਦ ਤੈਨੂੰ ਤਤ ਪਦ ਦਾ ਲੱਖ ਅਰਥ ਸੁੱਝ ਆਵੇਗਾ।

ਸਤਿਗੁਰੂ ਸਾਹਿਬ ਜੀ ਆਖੈ = ਕਥਨ ਕਰਦੇ ਹਨ ਕਿ ਫੇਰ ਤੈਨੂੰ ਵੇਦਾਂ ਸ਼ਾਸਤਰਾਂ ਨੂੰ ਕੂਕ = ਉੱਚੀ ਉੱਚੀ ਪੁਕਾਰ ਕੇ ਉਚਾਰਨ ਦੀ ਲੋੜ ਨ = ਨਹੀਂ ਹੋਈ = ਹੋਵੇਗੀ **ਵਾ:** ਫੇਰ ਅਣਜਾਣਪੁਣੇ ਦੀ ਕੂਕ ਨਹੀਂ ਹੁੰਦੀ **ਵਾ:** ਜਮਾਂ ਦੀ ਪੁਕਾਰ ਨਹੀਂ ਹੁੰਦੀ **ਵਾ:** ਪ੍ਰਲੋਕ ਦੇ ਵਿਚ ਜਮਾਂ ਦੇ ਦੁੱਖਾਂ ਨੂੰ ਦੇਖ ਕੇ ਉੱਚੀ ਉੱਚੀ ਪੁਕਾਰ ਕਰਨ ਦੀ ਵੀ ਲੋੜ ਨਹੀਂ ਹੁੰਦੀ॥੧॥

## ਮਃ ੧ ॥

## ਜਾਂ ਹਉ ਤੇਰਾ, ਤਾਂ ਸਭੁ ਕਿਛੁ ਮੇਰਾ; ਹਉ ਨਾਹੀ ਤੂ ਹੋਵਹਿ ॥

ਹੇ ਪਰਮੇਸ਼ਰ! ਜਾਂ = ਜਦੋਂ ਹਉ = ਮੈਂ ਤੇਰਾ ਦਾਸ ਬਣ ਗਿਆ, ਤਾਂ = ਤਦ ਤੂੰ ਸਭੁ = ਸਾਰਾ ਕਿਛੁ = ਕੁਝ ਮੇਰਾ ਹੀ ਬਣਾ ਦਿੱਤਾ, ਅਸਲ ਵਿਚ ਹਉ = ਮੈਂ ਕੋਈ ਵੀ ਚੀਜ਼ ਨਾਹੀ = ਨਹੀਂ ਹਾਂ, ਤੂੰ ਹੀ ਸਭ ਕੁਝ ਪਿੱਛੇ ਸੀ, ਤੂੰ ਹੀ ਹੁਣ ਹੈਂ ਅਤੇ ਤੂੰ ਹੀ ਅੱਗੇ ਨੂੰ ਹੋਵਹਿ = ਹੋਵੇਂਗਾ।

## ਆਪੇ ਸਕਤਾ, ਆਪੇ ਸੁਰਤਾ; ਸਕਤੀ ਜਗਤੁ ਪਰੋਵਹਿ ॥

ਹੇ ਪਰਮੇਸ਼ਰ! ਤੂੰ ਆਪੇ = ਆਪ ਹੀ ਮਾਇਆ ਸਬਲ ਹੋ ਕੇ ਸਕਤਾ = ਸ਼ਕਤੀ ਵਾਲਾ ਹੋ ਰਿਹਾ ਹੈਂ **ਵਾ**: ਬਲ ਵਾਲਾ ਹੋ ਰਿਹਾ ਹੈਂ **ਵਾ**: ਤੂੰ ਆਪ ਹੀ ਸਕਤਾ = ਸ਼ਕਤੀ ਨੂੰ ਆਪਣੇ ਵੱਸ ਵਿਚ ਕਰਨ ਵਾਲਾ ਹੈਂ, ਤੂੰ ਆਪੇ = ਆਪ ਸਭ ਦਾ ਸੁਰਤਾ = ਗਿਆਤਾ ਹੈਂ **ਵਾ**: ਤੂੰ ਆਪ ਹੀ ਸ਼ਕਤੀ ਵਾਲਾ ਗੁਰੂ ਬਣ ਰਿਹਾ ਹੈਂ, ਤੂੰ ਆਪ ਹੀ ਸੁਰਤਾ = ਸਰੋਤਾ ਰੂਪ ਹੋ ਰਿਹਾ ਹੈਂ **ਵਾ**: ਸੁਰਤਾ ਸੁਣਨ ਵਾਲਾ ਜਗਿਆਸੂ ਰੂਪ ਹੋ ਰਿਹਾ ਹੈਂ **ਵਾ**: ਤੂੰ ਆਪ ਹੀ ਸਕਤਾ = ਸ਼ਕਤੀ ਵਾਲਾ ਬਣ ਭਾਵ ਮਾਇਆ ਸਬਲ ਹੋ ਕੇ ਈਸ਼ਰ ਕਹਾ ਰਿਹਾ ਹੈਂ, ਆਪ ਹੀ (ਸੁ+ਰਤਾ) ਸੁ = ਸ੍ਰੇਸ਼ਟ ਰਤਾ = ਪ੍ਰੀਤੀ ਵਾਲਾ ਸਤਿਗੁਰੂ ਰੂਪ ਹੋ ਰਿਹਾ ਹੈਂ **ਵਾ**: ਆਪ ਹੀ ਸਕਤਾ = ਸ਼ਕਤੀ ਵਾਲਾ ਸਤਿਗੁਰੂ ਹੋ ਕੇ ਸਿੱਖਾਂ ਦੇ ਅੰਦਰੋਂ ਵਿਕਾਰਾਂ ਨੂੰ ਕਿਰਪਾ ਦ੍ਰਿਸ਼ਟੀ ਕਰਕੇ ਮੇਟਣ ਵਾਲਾ ਹੈਂ ਆਪ ਹੀ ਸੁਰਤਾ = ਗਿਆਤ ਵਾਲਾ ਬ੍ਰਹਮ ਬੇਤਾ ਹੈਂ, ਤੂੰ ਆਪ ਹੀ ਸਾਰੇ ਜਗਤੁ = ਸੰਸਾਰ ਨੂੰ ਆਪਣੀ ਚੇਤਨ ਸੱਤਾ ਰੂਪੀ ਸਕਤੀ = ਤਾਕਤ ਦੇ ਧਾਗੇ ਨਾਲ ਪਰੋਵਹਿ = ਪਰੋਤਾ ਹੋਇਆ ਹੈ।

## ਆਪੇ ਭੇਜੇ ਆਪੇ ਸਦੇ; ਰਚਨਾ ਰਚਿ ਰਚਿ ਵੇਖੈ ॥

ਹੇ ਪਰਮੇਸ਼ਰ! ਤੂੰ ਆਪੇ = ਆਪ ਹੀ ਜੀਵਾਂ ਨੂੰ ਸੰਸਾਰ ਵਿਚ ਭੇਜੇ = ਭੇਜਦਾ ਹੈਂ, ਆਪੇ = ਆਪ ਹੀ ਪ੍ਰਲੋਕ ਵਿਚ ਸਦੇ = ਸੱਦ, ਬੁਲਾ ਲੈਂਦਾ ਹੈਂ **ਵਾ**: ਆਪ ਹੀ ਗੁਰਾਂ ਕੋਲ ਅਧਿਕਾਰੀ ਜੀਵਾਂ ਨੂੰ ਉਪਦੇਸ਼ ਲੈਣ ਲਈ ਭੇਜਦਾ ਹੈਂ ਤੇ ਆਪ ਜੀ ਗੁਰਾਂ ਦੁਆਰਾ ਆਪਣੇ ਸਰੂਪ ਵਿਚ ਮਿਲਾਉਣ ਲਈ ਸੱਦ ਰਿਹਾ ਹੈਂ, ਆਪ ਹੀ ਪੰਜਾਂ ਤੱਤਾਂ ਦੁਆਰਾ ਸੰਸਾਰਕ ਰਚਨਾ ਨੂੰ ਰਚ ਰਚ ਕੇ ਵੇਖੈ = ਵੇਖਦਾ ਹੈਂ **ਵਾ**: ਰਚ ਰਚ ਕੇ ਪ੍ਰਕਾਸ਼ ਕਰ ਰਿਹਾ ਹੈਂ।

## ਨਾਨਕ ਸਚਾ ਸਚੀ ਨਾਂਈ; ਸਚੁ ਪਵੈ ਧੁਰਿ ਲੇਖੈ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਤੂੰ ਆਪ ਸੱਚਾ ਪਾਤਸ਼ਾਹ ਹੈਂ, ਤੇਰੀ ਨਾਂਈ = ਮਹਿਮਾ ਵੀ ਸੱਚੀ ਹੈ **ਵਾ**: ਸਤਿਨਾਮ ਰੂਪੀ ਨਾਂਈ = ਆਵਾਜ਼ ਵੀ ਸੱਚ ਹੈ ਅਤੇ ਤੇਰਾ ਸਚੁ = ਸੱਚਾ ਨਾਮ ਜਪਣ ਵਾਲਾ ਪੁਰਖ ਵੀ ਧੁਰਿ = ਆਦੋਂ ਲੇਖੈ = ਪ੍ਰਵਾਨਗੀ ਵਿਚ ਪਵੈ = ਪੈਂਦਾ ਹੈ ॥੨॥

## ਪਉੜੀ ॥

## ਨਾਮੁ ਨਿਰੰਜਨ ਅਲਖੁ ਹੈ; ਕਿਉ ਲਖਿਆ ਜਾਈ ॥

ਜੋ ਨਿਰੰਜਨ = ਸੁੱਧ ਸਰੂਪ ਪਰਮੇਸ਼ਰ ਦਾ ਨਾਮ ਅਸੁੱਧ ਮਨ ਕਰਕੇ ਅਲਖੁ = ਲਖਣ ਤੋਂ ਰਹਿਤ ਹੈ, ਉਹ ਜੀਵਾਂ ਦੇ ਪਾਸੋਂ ਆਪਣੇ ਆਪ ਕਿਉ = ਕਿਸ ਪ੍ਰਕਾਰ ਲਖਿਆ = ਜਾਣਿਆ ਜਾਈ = ਜਾ ਸਕਦਾ ਹੈ, ਭਾਵ ਨਹੀਂ ਜਾਣਿਆ ਜਾ ਸਕਦਾ।

## ਨਾਮੁ ਨਿਰੰਜਨ ਨਾਲਿ ਹੈ; ਕਿਉ ਪਾਈਐ ਭਾਈ ॥

ਨਿਰੰਜਨ = ਸੁੱਧ ਸਰੂਪ ਪਰਮੇਸ਼ਰ ਦਾ ਨਾਮ ਸਾਰਿਆਂ ਦੇ ਨਾਲਿ = ਸਾਥ ਹੀ ਹੈ, ਪਰ ਹੇ ਭਾਈ = ਭਰਾਵੋ ਉਹ ਕਿਉ = ਕਿਵੇਂ ਪਾਈਐ = ਪਾਉਣਾ ਕਰੀਦਾ ਹੈ, ਭਾਵ ਪ੍ਰਭੂ ਦਾ ਨਾਮ ਗੁਰਾਂ ਤੋਂ ਬਗ਼ੈਰ ਨਹੀਂ ਪਾਇਆ ਜਾ ਸਕਦਾ।

## ਨਾਮੁ ਨਿਰੰਜਨ ਵਰਤਦਾ; ਰਵਿਆ ਸਭ ਠਾਂਈ ॥

ਨਿਰੰਜਨ = ਸੁੱਧ ਸਰੂਪ ਪਰਮੇਸ਼ਰ ਦਾ ਨਾਮ ਸਭ ਵਿਚ ਵਰਤਦਾ = ਵਰਤ ਰਿਹਾ ਹੈ ਅਤੇ ਸਭ = ਸਾਰੀਆਂ ਠਾਂਈ = ਥਾਵਾਂ ਵਿਚ ਰਵਿਆ = ਵਿਆਪਕ ਹੋ ਰਿਹਾ ਹੈ।

## ਗੁਰ ਪੂਰੇ ਤੇ ਪਾਈਐ; ਹਿਰਦੈ ਦੇਇ ਦਿਖਾਈ ॥

ਪਰਮੇਸ਼ਰ ਦਾ ਨਾਮ ਪੂਰੇ = ਪੂਰਨ ਗੁਰਾਂ ਤੇ = ਤੋਂ ਪਾਈਐ = ਪਾਉਣਾ ਕਰੀਦਾ ਹੈ, ਕਿਉਂਕਿ ਸਤਿਗੁਰੂ ਸਾਹਿਬ ਜੀ ਉਸ ਨਾਮ ਜਾਂ ਸੱਚ ਸਰੂਪ **ਵਾ:** ਸ੍ਵੈ ਸਰੂਪ ਹਿਰਦੈ = ਚਿੱਤ ਵਿਚ ਪ੍ਰਤੱਖ ਕਰਕੇ ਦਿਖਾਈ = ਦਿਖਾ ਦਿੰਦੇ ਹਨ।

## ਨਾਨਕ, ਨਦਰੀ ਕਰਮੁ ਹੋਇ; ਗੁਰ ਮਿਲੀਐ ਭਾਈ ॥੧੩॥

ਸਤਿਗੁਰੂ ਸਾਹਿਬ ਕਥਨ ਕਰਦੇ ਹਨ ਕਿ ਨਦਰੀ = ਪਰਮੇਸ਼ਰ ਦੀ ਕਰਮੁ = ਕਿਰਪਾ ਦ੍ਰਿਸ਼ਟੀ ਹੋਇ = ਹੋ ਜਾਵੇ **ਵਾ:** ਕਰਮੁ = ਜੀਵਾਂ ਉੱਤੇ ਨਦਰੀ ਪਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ, ਤਦ ਹੇ ਭਾਈ = ਭਰਾਵੋ! ਪੂਰੇ ਗੁਰਾਂ ਨਾਲ ਮਿਲੀਐ = ਮਿਲੀਦਾ ਹੈ ॥੧੩॥

## ਸਲੋਕ ਮਃ ੧ ॥

ਸਤਿਗੁਰਾਂ ਦੇ ਨਾਲ ਸਿੱਧਾਂ ਦੀ ਅਚਲ ਬਟਾਲੇ ਤੇ ਕਰਤਾਰਪੁਰ ਸਾਹਿਬ ਵਿਚ ਚਰਚਾ ਹੋਈ ਹੈ, ਸਿੱਧਾਂ ਨੇ ਸਤਿਗੁਰਾਂ ਦੇ ਨਾਲ ਚਰਚਾ ਕਰਦਿਆਂ ਅਨੇਕਾਂ ਸਵਾਲ ਕੀਤੇ, ਜਿਨ੍ਹਾਂ ਵਿੱਚੋਂ ਇਕ ਸਵਾਲ ਸਿੱਧਾਂ ਨੇ ਇਹ ਵੀ ਕੀਤਾ ਕਿ ਹੇ ਤਪਾ ਜੀ! ਕਲਿਜੁਗ ਦੇ ਸੁਭਾਅ ਬਾਰੇ ਦੱਸੋ ਕਿ ਕਲਿਜੁਗ ਦਾ ਕੈਸਾ ਸੁਭਾਅ ਹੈ। ਇਹ ਸੁਣ ਕੇ ਸਤਿਗੁਰਾਂ ਨੇ ਸਲੋਕ ਉਚਾਰਨ ਕੀਤਾ।

## ਕਲਿ ਹੋਈ, ਕੁਤੇ ਮੁਹੀ; ਖਾਜੁ ਹੋਆ ਮੁਰਦਾਰੁ ॥

ਹੇ ਭਾਈ! ਕਲਿ = ਕਲਿਜੁਗ ਦੀ ਕਿਰਿਆ **ਵਾ:** ਕਲਿਜੁਗ ਦੇ ਜੀਵਾਂ ਦੀ ਬੁੱਧੀ ਅਵਿਦਿਆ ਕਰਕੇ ਕੁੱਤੇ ਦੇ ਮੁਹੀ = ਮੂੰਹ ਵਾਲੀ ਭਾਵ ਜੂਠੀ ਹੋ ਰਹੀ ਹੈ **ਵਾ:** ਲੋਭ ਦੇ ਸਹਿਤ ਹੋ ਰਹੀ ਹੈ **ਵਾ:** ਜਿਵੇਂ ਕੁੱਤੇ ਦਾ ਮੁਹੀ = ਮੂੰਹ ਕਰੰਗਾਂ ਨਾਲ ਲੱਗਾ ਹੁੰਦਾ ਹੈ, ਇਸੇ ਤਰ੍ਹਾਂ ਕਲਿ = ਕਲਿਜੁਗੀ ਜੀਵਾਂ ਦੀ ਬੁੱਧੀ ਵਿਸ਼ਿਆਂ ਵਿਚ ਲੱਗੀ ਹੋਈ ਹੈ, ਜਿਵੇਂ ਕੁੱਤਿਆਂ ਦਾ ਖਾਜੁ = ਖਾਣਾ ਮੁਰਦਾਰੁ = ਮਰੇ ਹੋਏ ਜੀਵ ਜੰਤਾਂ ਦਾ ਹੋਆ = ਹੁੰਦਾ ਹੈ, ਇਸੇ ਪ੍ਰਕਾਰ ਕਲਿਜੁਗੀ ਜੀਵਾਂ ਦਾ ਝੂਠ ਬੋਲਣ ਰੂਪ ਜਾਂ ਪਰਾਏ ਹੱਕ ਰੂਪੀ ਮੁਰਦਾਰ ਦਾ ਖਾਣਾ ਹੋਆ = ਹੋ ਰਿਹਾ ਹੈ। ਜਿਵੇਂ ਕੂਕਰ ਭੌਂਕਦਾ ਹੁੰਦਾ ਹੈ, ਤਿਵੇਂ :

## ਕੂੜੁ ਬੋਲਿ ਬੋਲਿ ਭਉਕਣਾ; ਚੂਕਾ ਧਰਮੁ ਬੀਚਾਰੁ ॥

ਜੋ ਕੂੜੁ = ਝੂਠੇ ਬੋਲਿ = ਬਚਨ ਦਾ ਬੋਲਿ = ਬੋਲਣਾ ਹੈ ਇਹੋ ਜੀਵ ਰੂਪ ਕੁੱਤੇ ਦਾ ਭੌਂਕਣਾ ਹੈ, ਧਰਮੁ = ਸ਼ੁਭ ਕਰਮ ਕਰਨ ਦਾ ਬੀਚਾਰ ਅੰਦਰੋਂ ਚੂਕਾ = ਚੁੱਕਿਆ ਗਿਆ ਹੈ।

## ਜਿਨ ਜੀਵੰਦਿਆ ਪਤਿ ਨਹੀ; ਮੁਇਆ ਮੰਦੀ ਸੋਇ ॥

ਜਿਨ = ਜਿਨ੍ਹਾਂ ਮਨਮੁਖ ਪੁਰਖਾਂ ਦੀ ਜੀਵੰਦਿਆ = ਜਿਉਂਦਿਆਂ ਹੀ ਪਤਿ = ਇੱਜ਼ਤ ਨਹੀਂ ਹੈ ਭਾਵ ਜਿਉਂਦਿਆਂ ਦੀ ਕਾਮ, ਕ੍ਰੋਧ ਆਦਿ ਵਿਕਾਰਾਂ ਨੇ ਇੱਜ਼ਤ ਗਵਾ ਦਿੱਤੀ ਹੈ, ਉਨ੍ਹਾਂ ਦੀ ਮੁਇਆ = ਮਰਨ ਤੋਂ ਬਾਅਦ ਮੰਦੀ = ਭੈੜੀ ਸੋਇ = ਸ਼ੋਭਾ ਹੁੰਦੀ ਹੈ।

[ਅੰਗ ੧੨੪੩]

## ਲਿਖਿਆ ਹੋਵੈ ਨਾਨਕਾ; ਕਰਤਾ ਕਰੇ, ਸੁ ਹੋਇ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਪੁਰਖ ਦੇ ਮੱਥੇ ਉੱਤੇ ਈਸ਼ਰ ਨੇ ਪੂਰਬਲੇ ਪੁੰਨਾਂ ਦੇ ਪ੍ਰੇਰੇ ਹੋਏ ਨੇ ਸ੍ਰੇਸ਼ਟ ਲੇਖ ਲਿਖਿਆ ਹੋਵੇ, ਉਸ ਉੱਤੇ ਕਰਤਾ = ਰਚਨਹਾਰ ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰੇ = ਕਰਦਾ ਹੈ ਅਤੇ ਸੁ = ਉਹ ਪੁਰਖ ਮੁਕਤ ਹੋਇ = ਹੋ ਜਾਂਦਾ ਹੈ।

**ਅਥਵਾ** ਜੇਕਰ ਪੂਰਨ ਗੁਰੂ ਸਾਹਿਬ ਜੀ ਦਾ ਉਪਦੇਸ਼ ਮਰਨ ਤੋਂ ਪਹਿਲਾਂ ਰਿਦੇ ਉੱਤੇ ਲਿਖਿਆ = ਲਿਖ ਲਿਆ ਹੋਵੇ ਅਤੇ ਅਧਿਕਾਰੀ ਕਰਤਾ = ਕਰਨ ਵਾਲਾ ਹੋ ਕੇ ਉਸ ਉਪਦੇਸ਼ ਨੂੰ ਕਮਾ ਲੈਣਾ ਕਰੇ, ਫੇਰ ਜੀਵ ਉਸ ਕਰਤਾ ਪੁਰਖ ਦਾ ਰੂਪ ਹੀ ਹੋ ਜਾਂਦਾ ਹੈ ॥੧॥

## ਮਃ ੧ ॥

***ਪ੍ਰਸ਼ਨ :** ਹੇ ਤਪਾ ਜੀ ! ਕੀ ਇਸਤਰੀਆਂ ਕਲਿਜੁਗ ਦੀ ਹਵਾ ਤੋਂ ਬਚੀਆਂ ਹੋਈਆਂ ਹਨ ?*

***ਗੁਰ-ਉੱਤਰ :***

## ਰੰਨਾ ਹੋਈਆ ਬੋਧੀਆ; ਪੁਰਸ ਹੋਏ, ਸਈਆਦ ॥

ਹੇ ਭਾਈ ! ਰੰਨਾ = ਇਸਤਰੀਆਂ ਬੋਧੀਆ = ਗਿਆਨ ਦੇਣ ਵਾਲੀਆਂ ਬਣੀਆਂ ਹੋਈਆਂ ਹਨ, ਅਤੇ ਪੁਰਸ = ਪੁਰਖ ਸਈਆਦ = ਸ਼ਿਕਾਰੀ ਜਾਂ ਮੁਰੀਦ **ਵਾ:** ਮੂਰਖ ਹੋ ਰਹੇ ਹਨ ਭਾਵ ਜਿਵੇਂ ਸ਼ਿਕਾਰੀ ਕੁੱਤੇ ਜਾਂ ਬਾਜ਼ ਸ਼ਿਕਾਰ ਮਾਰ ਕੇ ਆਪਣੇ ਮਾਲਕ ਦੇ ਅੱਗੇ ਲਿਆ ਕੇ ਰੱਖ ਦਿੰਦੇ ਹਨ, ਇਸੇ ਪ੍ਰਕਾਰ ਜੀਵ ਰੂਪੀ ਸ਼ਿਕਾਰੀ ਪਰਾਇਆ ਧਨ ਲੁੱਟ ਕੇ ਜਾਂ ਕਿਸੇ ਤੋਂ ਖੋਹ ਕੇ ਗਿਆਨ ਦੇਣ ਵਾਲੀਆਂ ਆਪਣੀਆਂ ਇਸਤਰੀਆਂ ਦੇ ਅੱਗੇ ਲਿਆ ਕੇ ਰੱਖ ਦਿੰਦੇ ਹਨ।

## ਸੀਲੁ ਸੰਜਮੁ ਸੁਚ ਭੰਨੀ; ਖਾਣਾ, ਖਾਜੁ ਅਹਾਜੁ ॥

ਸੀਲੁ = ਸਰਲ ਨਰਮ ਸੁਭਾਅ, ਸੰਜਮੁ = ਇੰਦਰੀਆਂ ਦਾ ਦਮਨ ਕਰਨਾ ਜਾਂ ਸੰਜਮ ਆਦਿ ਸਾਧਨ ਤੇ ਸੁਚ = ਸੁੱਚਮਤਾਈ ਭੰਨੀ = ਭੰਨ, ਦੂਰ ਹੀ ਕਰ ਦਿੱਤੀ ਹੈ ਅਤੇ ਅਹਾਜੁ = ਨਾ ਖਾਣ ਵਾਲੇ ਮਾਸ, ਸ਼ਰਾਬ ਆਦਿ ਪਦਾਰਥਾਂ ਦਾ ਖਾਣਾ ਖਾਜੁ = ਖਾਂਦੇ ਹਨ।

## ਸਰਮੁ ਗਇਆ ਘਰਿ ਆਪਣੈ; ਪਤਿ, ਉਠਿ ਚਲੀ ਨਾਲਿ ॥

ਸਰਮੁ = ਲੱਜਾ ਵਾਲਾ ਸੁਭਾਅ ਆਪਣੇ ਘਰ ਵਿਚ ਚਲਿਆ ਗਿਆ ਹੈ (ਭਾਵ ਆਪਣੇ ਘਰ ਈਸ਼ਰ ਦੇ ਕੋਲ ਚਲਿਆ ਗਿਆ ਹੈ ਕਿਉਂਕਿ ਮਨਮੁਖ ਲੋਕ ਕਹਿੰਦੇ ਹਨ ਕਿ ਜੇ ਪਰਮੇਸ਼ਰ ਨੇ ਸ਼ਰਮ ਪੈਦਾ ਕੀਤੀ ਹੈ ਤਾਂ ਉਹ ਆਪਣੀ ਸ਼ਰਮ ਆਪ ਦੇ ਪਾਸ ਹੀ ਰੱਖੇ, ਅਸੀਂ ਕੋਈ ਸ਼ਰਮ ਨਹੀਂ ਰੱਖਣੀ) ਤੇ ਪਤਿ = ਇੱਜ਼ਤ ਵੀ ਉੱਠ ਕੇ ਨਾਲਿ = ਸਾਥ ਹੀ ਚਲੀ ਗਈ ਹੈ **ਵਾ:** ਜਿਹੜੇ ਗੁਰਮੁਖ ਜਨ ਹਨ, ਉਨ੍ਹਾਂ ਦਾ ਸਰਮ ਵਾਲਾ ਸੁਭਾਅ ਆਪਣੇ ਸਤਸੰਗ ਰੂਪੀ ਘਰ ਵਿਚ ਚਲਿਆ ਗਿਆ ਹੈ ਅਤੇ ਉਨ੍ਹਾਂ ਦੀ ਸੂਖਮ ਦੇਹੀ ਪਤਿ = ਪ੍ਰਤਿਸ਼ਠਾ ਦੇ ਸਹਿਤ ਉੱਠ ਕੇ ਸਚਖੰਡ ਰੂਪੀ ਦਰਬਾਰ ਵਿਚ ਚਲੀ ਗਈ ਹੈ।

## ਨਾਨਕ ਸਚਾ ਏਕੁ ਹੈ; ਅਉਰੁ ਨ ਸਚਾ ਭਾਲਿ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਸੱਚਾ ਤਾਂ ਏਕੁ = ਇਕ ਅਕਾਲ ਪੁਰਖ ਵਾਹਿਗੁਰੂ ਹੀ ਹੈ, ਉਸ ਤੋਂ ਬਗ਼ੈਰ ਅਉਰੁ = ਹੋਰ ਕਿਤੋਂ ਵੀ ਸੱਚਾ ਭਾਲਿ = ਲੱਭਣਾ, ਖੋਜਣਾ ਨਾ ਕਰੋ ॥੨॥

## ਪਉੜੀ ॥

## ਬਾਹਰਿ ਭਸਮ ਲੇਪਨ ਕਰੇ; ਅੰਤਰਿ ਗੁਬਾਰੀ ॥

ਹੇ ਭਾਈ! ਜਿਹੜਾ ਪੁਰਖ ਬਾਹਰ ਸਰੀਰ ਤੇ ਜਟਾਂ ਉੱਤੇ ਭਸਮ = ਸੁਆਹ ਦਾ ਲੇਪਨ = ਪੋਚਾ ਫੇਰਨਾ ਕਰੇ = ਕਰਦਾ ਹੈ, ਉਸ ਦੇ ਹਿਰਦੇ ਅੰਤਰਿ = ਵਿਚ ਅਗਿਆਨ ਦਾ ਗੁਬਾਰੀ = ਹਨੇਰਾ ਪਿਆ ਹੋਇਆ ਹੈ।

## ਖਿੰਥਾ ਝੋਲੀ ਬਹੁ ਭੇਖ ਕਰੇ; ਦੁਰਮਤਿ ਅਹੰਕਾਰੀ ॥

ਜਿਸ ਦੇ ਸਰੀਰ ਉੱਤੇ ਖਿੰਥਾ = ਖ਼ਫ਼ਨੀ (ਗੋਦੜੀ) ਪਹਿਨੀ ਹੋਈ ਹੈ, ਭਿਖਿਆ ਮੰਗਣ ਵਾਲੀ ਹੱਥ ਵਿਚ ਝੋਲੀ = ਥੈਲੀ ਫੜੀ ਹੋਈ ਹੈ ਤੇ ਬਹੁ = ਬਹੁਤੇ ਭੇਖ = ਲਿਬਾਸ ਧਾਰਨ ਕਰੇ = ਕਰਦਾ ਹੈ, ਪਰ ਅੰਦਰੋਂ ਦੁਰਮਤਿ = ਖੋਟੀ ਅਕਲ ਕਰਕੇ ਅਹੰਕਾਰੀ = ਹੰਕਾਰੀ ਹੋ ਰਿਹਾ ਹੈ।

## ਸਾਹਿਬ, ਸਬਦੁ ਨ ਊਚਰੈ; ਮਾਇਆ ਮੋਹ ਪਸਾਰੀ ॥

ਸਾਹਿਬ = ਮਾਲਕ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸ਼ਬਦ ਨੂੰ ਊਚਰੈ = ਉਚਾਰਨ ਨ = ਨਹੀਂ ਕਰਦਾ **ਵਾ:** ਗੁਰ ਸਬਦੁ = ਉਪਦੇਸ਼ ਦੁਆਰਾ ਪਰਮੇਸ਼ਰ ਦਾ ਨਾਮ ਨਹੀਂ ਉਚਾਰਦਾ, ਸਗੋਂ ਮਾਇਆ ਦੇ ਮੋਹ ਦੇ ਪਸਾਰੇ ਵਿਚ ਚਿੱਤ ਦੀ ਬਿਰਤੀ ਪਸਾਰੀ = ਫੈਲਾਈ ਹੋਈ ਹੈ।

## ਅੰਤਰਿ ਲਾਲਚੁ ਭਰਮੁ ਹੈ; ਭਰਮੈ ਗਾਵਾਰੀ ॥

ਹਿਰਦੇ ਅੰਤਰਿ = ਵਿਚ ਪਦਾਰਥਾਂ ਦੇ ਖਾਣ, ਭੋਗਣ, ਜੋੜਨ ਦਾ ਲਾਲਚੁ = ਲੋਭ ਤੇ ਭਰਮ ਹੈ, ਇਸ ਕਰਕੇ ਗਾਵਾਰੀ = ਬੇਸਮਝ ਪੁਰਖ ਜੂਨਾਂ ਵਿਚ ਭਰਮੈ = ਭਰਮਦਾ ਰਹਿੰਦਾ ਹੈ।

## ਨਾਨਕ, ਨਾਮੁ ਨ ਚੇਤਈ; ਜੂਐ ਬਾਜੀ ਹਾਰੀ ॥੧੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪੁਰਖ ਪਰਮੇਸ਼ਰ ਦਾ ਨਾਮ ਚੇਤਈ = ਚੇਤੇ ਨ = ਨਹੀਂ ਕਰਦਾ, ਉਸ ਨੇ ਵਿਸ਼ਿਆਂ ਰੂਪੀ ਜੂਐ = ਜੂਏ ਵਿਚ ਆਪਣੀ ਅਮੋਲਕ ਮਨੁੱਖਾ ਜਨਮ ਰੂਪ ਬਾਜ਼ੀ ਹਾਰੀ = ਹਾਰ ਦਿੱਤੀ ਹੈ ॥੧੪॥

## ਸਲੋਕ ਮਃ ੧ ॥

## ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ; ਕਿਆ ਖੁਸੀਆ, ਕਿਆ ਚਾਉ ॥

ਭਾਵੇਂ ਲੱਖਾਂ ਪੁਰਖਾਂ ਸਿਉ = ਨਾਲ ਪ੍ਰੀਤਿ = ਪ੍ਰੀਤੀ ਹੋਵੇ, ਭਾਵੇਂ ਲੱਖਾਂ ਵਰ੍ਹੇ ਜੀਵਣੁ = ਜਿਉਣਾ ਹੋਵੇ, ਇਉਂ ਲੱਖਾਂ ਪੁਰਖਾਂ ਨਾਲ ਪ੍ਰੀਤ ਕਰਨ ਦੀਆਂ ਕਿਆ = ਕੀ ਖ਼ੁਸ਼ੀਆਂ ਹਨ, ਲੱਖਾਂ ਵਰ੍ਹੇ ਜਿਉਣ ਦਾ ਕਿਆ = ਕੀ ਚਾਉ = ਉਤਸ਼ਾਹ ਹੈ **ਵਾ:** ਮਨ ਤੇ ਤਨ ਅੰਦਰ ਕੀ ਖ਼ੁਸ਼ੀਆਂ ਤੇ ਕੀ ਉਤਸ਼ਾਹ ਹੈ?

## ਵਿਛੁੜਿਆ, ਵਿਸੁ ਹੋਇ ਵਿਛੋੜਾ; ਏਕ ਘੜੀ ਮਹਿ ਜਾਇ ॥

ਜਦ ਪ੍ਰੀਤੀ ਕਰਨ ਵਾਲੇ ਪੁਰਖਾਂ ਨਾਲੋਂ ਵਿਛੁੜਿਆ = ਵਿਛੋੜਾ ਪੈ ਜਾਂਦਾ ਹੈ, ਤਦ ਉਹ ਵਿਛੋੜਾ ਵਿਸੁ = ਜ਼ਹਿਰ ਦੀ ਨਿਆਈਂ ਹੋਇ = ਹੋ ਜਾਂਦਾ ਹੈ, ਜਾਂ ਹੋ ਚਿੰਬੜਦਾ ਹੈ **ਵਾ:** ਜਿਵੇਂ ਜ਼ਹਿਰ ਚੜ੍ਹ ਜਾਂਦੀ ਹੈ, ਇਉਂ ਮੋਹ ਰੂਪੀ ਜ਼ਹਿਰ ਅੰਦਰ ਚੜ੍ਹ ਜਾਂਦੀ ਹੈ, ਅਤੇ ਅੰਤ ਨੂੰ ਏਕ = ਇਕ ਘੜੀ ਦੇ ਮਹਿ = ਵਿਚ ਹੀ

ਸੰਸਾਰ ਤੋਂ ਕੂਚ ਕਰਕੇ ਪ੍ਰਲੋਕ ਵੱਲ ਨੂੰ ਚਲੇ ਜਾਇ = ਜਾਣਾ ਹੈ **ਵਾ:** ਸਾਰੀਆਂ ਖ਼ੁਸ਼ੀਆਂ ਤੇ ਸਾਰੇ ਸੁੱਖ ਇਕ ਘੜੀ ਦੇ ਵਿਚ ਚਲੇ ਜਾਂਦੇ ਹਨ।

## ਜੇ ਸਉ ਵਰ੍ਹਿਆ ਮਿਠਾ ਖਾਜੈ; ਭੀ ਫਿਰਿ ਕਉੜਾ ਖਾਇ ॥

ਜੇ = ਜੇਕਰ ਸਉ = ਸੈਂਕੜੇ ਵਰ੍ਹੇ ਤਕ ਮਿਠਾ = ਮਿਸ਼ਠਾਨ ਵਾਲਾ ਪਦਾਰਥ ਖਾਜੈ = ਖਾਂਦੇ ਰਹੀਏ ਅਤੇ ਫਿਰ ਇਕ ਵਾਰੀ ਭੀ = ਵੀ ਕਉੜਾ = ਕੌੜਾ ਪਦਾਰਥ ਖਾਇ = ਖਾ ਲਈਏ।

## ਮਿਠਾ ਖਾਧਾ ਚਿਤਿ ਨ ਆਵੈ; ਕਉੜਤਣੁ ਧਾਇ ਜਾਇ ॥

(**ਕਉੜੱਤਣ** ਬੋਲੋ)

ਸੈਂਕੜੇ ਵਰ੍ਹਿਆਂ ਦਾ ਮਿੱਠਾ ਪਦਾਰਥ ਖਾਧਾ ਚਿਤਿ = ਚੇਤੇ ਨ = ਨਹੀਂ ਆਵੈ = ਆਉਂਦਾ ਤੇ ਕਉੜੱਤਣ = ਕੌੜਾਪਣ ਧਾਇ = ਧਾਅ (ਭੱਜ) ਕਰਕੇ ਸਰੀਰ ਉੱਤੇ ਅਸਰ ਕਰ ਜਾਇ = ਜਾਂਦਾ ਹੈ।

**ਅਥਵਾ** ਇਸੇ ਪ੍ਰਕਾਰ ਜੇਕਰ ਸੈਂਕੜੇ ਵਰ੍ਹੇ ਮਿੱਠਾ ਖਾ ਲਈਏ ਜਾਂ ਲੱਖ ਵਰ੍ਹੇ ਜਿਉਣ ਰੂਪ **ਵਾ:** ਸੁਖ ਭੋਗਣ ਰੂਪ ਮਿੱਠਾ ਖਾ ਲੈਣਾ ਕਰੀਏ, ਜਦ ਫੇਰ ਇਕ ਵਾਰੀ ਵੀ ਕੌੜਾ ਖਾਣ ਵਾਂਗੂੰ ਦੁੱਖ ਭੋਗਣਾ ਪੈਂਦਾ ਹੈ, ਫੇਰ ਸੁਖ ਭੋਗਣ ਰੂਪ ਮਿੱਠਾ ਖਾਧਾ ਹੋਇਆ ਚੇਤੇ ਨਹੀਂ ਆਉਂਦਾ, ਕਿਉਂਕਿ ਦੁਖ ਰੂਪ ਕੌੜਾਪਣ ਧਾਅ ਕਰਕੇ ਸਾਰੇ ਸਰੀਰ 'ਤੇ ਅਸਰ ਕਰ ਹੀ ਜਾਂਦਾ ਹੈ।

## ਮਿਠਾ ਕਉੜਾ; ਦੋਵੈ ਰੋਗ ॥ ਨਾਨਕ; ਅੰਤਿ ਵਿਗੁਤੇ ਭੋਗ ॥

ਸੁੱਖ ਰੂਪ ਮਿੱਠਾ ਤੇ ਦੁੱਖ ਰੂਪ ਕਉੜਾ = ਕੌੜਾਪਣ ਇਹ ਦੋਵੈ = ਦੋਨੋਂ ਰੋਗ ਹੀ ਸਭ ਜੀਵਾਂ ਦੇ ਤਾਈਂ ਚਿੰਬੜੇ ਹੋਏ ਹਨ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਦੁੱਖ ਤੇ ਸੁੱਖ ਭੋਗ = ਭੋਗਣ ਵਾਲੇ ਜੀਵ ਅੰਤਿ = ਅਖ਼ੀਰ ਨੂੰ ਵਿਗੁਤੇ = ਖ਼ਰਾਬ (ਖ਼ੁਆਰ) ਹੀ ਹੁੰਦੇ ਹਨ।

## ਝਖਿ ਝਖਿ ਝਖਣਾ; ਝਗੜਾ ਝਾਖ ॥
## ਝਖਿ ਝਖਿ ਜਾਹਿ; ਝਖਹਿ ਤਿਨ੍ ਪਾਸਿ ॥੧॥

ਜਿਹੜਾ ਝਖਿ = ਝੱਖਾਂ ਮਾਰਨ ਵਾਲੇ ਪੁਰਖਾਂ ਨਾਲ ਝਖਿ = ਝੱਖਾਂ ਮਾਰ ਕੇ ਝਖਣਾ = ਬੇਅਰਥ ਬੋਲਣਾ ਹੈ, ਇਹ ਝਗੜਾ ਝਾਖ = ਬੇਅਰਥ ਹੈ।

**ਵਾ:** ਕੋਈ ਪਦਾਰਥਾਂ ਵਾਸਤੇ ਝੱਖਾਂ ਮਾਰਦਾ ਹੈ, ਕੋਈ ਆਪਣੇ ਸਰੀਰ ਵਾਸਤੇ ਝੱਖਾਂ ਮਾਰਦਾ ਹੈ, ਕੋਈ ਆਪਣੇ ਸੰਬੰਧੀਆਂ ਵਾਸਤੇ ਝੱਖਣਾ ਮਾਰਦਾ ਹੈ, ਇਸ ਪ੍ਰਕਾਰ ਦਾ ਝਗੜਾ ਪਾਉਣਾ ਬੇਅਰਥ ਹੈ **ਵਾ:** ਝਾਖ = ਬੇਅਰਥ ਬੋਲਣ ਨਾਲ ਝਗੜਾ ਹੀ ਹੁੰਦਾ ਹੈ।

ਜੋ ਝਖਿ = ਝੱਖਾਂ ਮਾਰਨ ਵਾਲੇ (ਬੇਅਰਥ ਬੋਲਣ ਵਾਲੇ) ਪੁਰਖ ਹੋਰਨਾਂ ਝੱਖਾਂ ਮਾਰਨ ਵਾਲੇ ਪੁਰਖਾਂ ਦੀ ਕੁਸੰਗਤ ਵਿਚ ਜਾਹਿ = ਜਾਂਦੇ ਹਨ, ਉਹ ਵੀ ਤਿਨ੍ = ਉਨ੍ਹਾਂ ਦੇ ਪਾਸਿ = ਕੋਲ ਆ ਕੇ ਝਖਹਿ = ਝੱਖਾਂ (ਗੱਪਾਂ) ਹੀ ਮਾਰਦੇ ਹਨ ॥੧॥

ਅਗਲੇ ਮਹਲੇ ਵਿਚ ਸਤਿਗੁਰੂ ਜੀ ਬਿਰਕਤ ਤੇ ਗ੍ਰਿਹਸਥੀ ਦੋਹਾਂ ਨੂੰ ਪਾਖੰਡ ਦਾ ਖੰਡਨ ਕਰਦਿਆਂ ਉਪਦੇਸ਼ ਦਿੰਦੇ ਹਨ।

## ਮਃ ੧ ॥

## ਕਾਪੜੁ ਕਾਠੁ; ਰੰਗਾਇਆ ਰਾਂਗਿ ॥ ਘਰ ਗਚ ਕੀਤੇ; ਬਾਗੇ ਬਾਗ ॥

ਹੇ ਭਾਈ! ਜੀਵ ਨੇ ਗ੍ਰਿਹਸਥੀ ਬਣ ਕੇ ਕਾਪੜੁ = ਕੱਪੜਿਆਂ ਤੇ ਕਾਠੁ = ਲੱਕੜ ਦੀਆਂ ਛੱਤਾਂ ਜਾਂ ਸੰਦੂਕੀ ਛੱਤਾਂ, ਲੱਕੜ ਦੇ ਬਾਲੇ ਆਦਿ ਸਾਮਾਨ ਰਾਂਗਿ = ਰੰਗ ਨਾਲ ਰੰਗਾਇਆ = ਰੰਗਾ ਲਿਆ।

ਪ੍ਰਤੱਖ ਘਰ ਗਚ = ਚੂਨਾ ਲਾ ਲਾ ਕੇ ਬਾਗੇ ਬਾਗ = ਚਿੱਟੇ ਹੀ ਚਿੱਟੇ ਕੀਤੇ ਹੋਏ ਹਨ ਭਾਵ ਕਰ ਲਏ ਹਨ।

**ਅਥਵਾ** ਜੀਵ ਨੇ ਬਿਰਕਤੀ ਬਣ ਕੇ ਬਸਤਰਾਂ ਤੇ ਕਾਠੁ = ਕਾਠਰਿਆਂ ਨੂੰ ਗੇਰੂ ਰੰਗ ਨਾਲ ਰੰਗਾ ਲਿਆ, ਸਰੀਰ ਰੂਪੀ ਘਰ ਉੱਤੇ ਬਾਗੇ = ਬਗਲਿਆਂ ਵਾਂਗ ਚਿੱਟੇ ਲਿਬਾਸ ਪਹਿਨਣਾ ਕੀਤੇ ਹੋਏ ਹਨ।

## ਸਾਦ ਸਹਜ ਕਰਿ; ਮਨੁ ਖੇਲਾਇਆ ॥ ਤੈ, ਸਹ ਪਾਸਹੁ; ਕਹਣੁ ਕਹਾਇਆ ॥

ਇਹ ਜੀਵ ਸਾਦ = ਸੁਆਦਾਂ ਦੇ ਵਿਚ ਸਹਜ = ਸੁਖ ਸਮਝਣਾ ਕਰੇ = ਕਰਦਾ ਹੈ, ਇਸੇ ਕਰਕੇ ਹਰ ਵਕਤ ਆਪਣੇ ਮਨ ਨੂੰ ਸੁਆਦਾਂ ਦੇ ਲੈਣ ਵਿਚ ਹੀ ਖੇਲਾਇਆ = ਖਿਲਾਉਂਦਾ ਰਹਿੰਦਾ ਹੈ **ਵਾ:** ਸਹਜ = ਨਿਰਯਤਨ ਹੀ ਸਾਦ = ਸੁਆਦਲੇ ਪਦਾਰਥਾਂ ਵਿਚ ਲਾ ਕਰਿ = ਕਰਕੇ ਆਪਣੇ ਮਨ ਨੂੰ ਸੁਆਦ ਲੈਣ ਵਿਚ ਖਿਲਾਉਂਦਾ ਰਹਿੰਦਾ ਹੈ।

ਹੇ ਭਾਈ! ਤੈ = ਤੂੰ ਗ੍ਰਿਹਸਥੀ ਜਾਂ ਬਿਰਕਤੀ ਬਣ ਕੇ ਆਪਣੇ ਸਹ = ਮਾਲਕ (ਪਤੀ) ਪਰਮੇਸ਼ਰ ਦੇ ਪਾਸਹੁ = ਕੋਲੋਂ ਕਹਣੁ = ਉਲਾਂਭਾ ਹੀ ਕਹਾਇਆ ਹੈ ਭਾਵ ਮਨੁੱਖਾ ਜ਼ਿੰਦਗੀ ਵਿਚ ਆ ਕੇ ਕੋਈ ਵੀ ਲਾਭ ਨਹੀਂ ਖੱਟਿਆ ਹੈ।

## ਮਿਠਾ ਕਰਿ ਕੈ; ਕਉੜਾ ਖਾਇਆ ॥ ਤਿਨਿ ਕਉੜੈ; ਤਨਿ ਰੋਗੁ ਜਮਾਇਆ ॥

ਜੋ ਮਿੱਠਾ ਭਾਵ ਸੁਖਦਾਇਕ ਮੰਨ ਕਰ ਕੇ ਕਉੜਾ = ਕੌੜੇ, (ਦੁਖਦਾਇਕ) ਵਿਸ਼ਿਆਂ ਨੂੰ ਭੋਗਣ ਰੂਪ ਖਾਇਆ = ਖਾਣਾ ਕੀਤਾ ਹੈ।

ਤਿਨਿ = ਉਸ ਵਿਸ਼ਿਆਂ ਦੀ ਕਉੜੈ = ਕੁੜੱਤਣ ਨੇ ਤਨਿ = ਸਰੀਰ ਵਿਚ ਪ੍ਰਤੱਖ ਰੋਗ ਹੀ ਜਮਾਇਆ = ਜਮਾਉਣਾ, ਪੈਦਾ ਕੀਤੇ ਹਨ **ਵਾ:** ਜੰਮਣ ਮਰਨ ਦਾ ਰੋਗ ਹੀ ਜਮਾਉਣਾ ਕੀਤਾ ਹੈ।

## ਜੇ ਫਿਰਿ ਮਿਠਾ; ਪੇੜੈ ਪਾਇ ॥ ਤਉ ਕਉੜਤਣੁ; ਚੂਕਸਿ ਮਾਇ ॥

ਜੇ = ਜੇਕਰ ਕੋਈ ਫਿਰਿ = ਮੁੜ ਪਰਮੇਸ਼ਰ ਦਾ ਨਾਮ ਰੂਪੀ ਮਿੱਠਾ ਪਦਾਰਥ ਰਿਦੇ ਰੂਪੀ ਪੇੜੈ = ਪੱਲੇ ਵਿਚ ਪਾਇ = ਪਾ ਲੈਣਾ ਕਰੇ।

ਹੇ ਮਾਇ = ਸਖੀ! ਤਉ = ਤਦ ਮਾਇਆ, ਵਿਸ਼ਿਆਂ ਦੀ ਕਉੜੱਤਣ ਚੂਕਸਿ = ਚੁੱਕੀ ਜਾ ਸਕਦੀ ਹੈ।

## ਨਾਨਕ; ਗੁਰਮੁਖਿ ਪਾਵੈ ਸੋਇ ॥ ਜਿਸ ਨੋ ਪ੍ਰਾਪਤਿ; ਲਿਖਿਆ ਹੋਇ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਨਾਮ ਰੂਪੀ ਮਿੱਠੇ ਪਦਾਰਥ ਨੂੰ ਸੋਇ = ਉਹ ਗੁਰਮੁਖ ਜਨ ਗੁਰਾਂ ਪਾਸੋਂ ਪਾਵੈ = ਪਉਣਾ ਕਰਦਾ ਹੈ।

ਜਿਸ ਨੋ = ਨੂੰ ਆਦੋਂ ਸਤਿਗੁਰੂ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੋਇਆ ਪ੍ਰਾਪਤ ਹੋਇ = ਹੁੰਦਾ ਹੈ **ਵਾ:** ਜਿਸ ਦੇ ਮਸਤਕ ਉੱਤੇ ਈਸ਼ਰ ਨੇ ਪੂਰਬਲੇ ਨਿਸ਼ਕਾਮ ਕਰਮਾਂ ਦੇ ਪ੍ਰੇਰੇ ਹੋਏ ਨੇ ਨਾਮ ਪ੍ਰਾਪਤੀ ਦਾ ਲੇਖ ਲਿਖਿਆ ਹੁੰਦਾ ਹੈ॥੨॥

## ਪਉੜੀ ॥

## ਜਿਨ ਕੈ ਹਿਰਦੈ ਮੈਲੁ ਕਪਟੁ ਹੈ; ਬਾਹਰੁ ਧੋਵਾਇਆ ॥

ਜਿਨ = ਜਿਨ੍ਹਾਂ ਕੈ = ਦੇ ਹਿਰਦੈ = ਚਿੱਤ ਵਿਚ ਪਾਪਾਂ ਰੂਪੀ ਮੈਲ ਤੇ ਕਪਟੁ = ਛਲ ਹੈ ਤੇ ਬਾਹਰੋਂ ਤੀਰਥਾਂ ਆਦਿ ਦੇ ਸਰੀਰ ਨੂੰ ਧੋਵਾਇਆ = ਧੋ ਲਿਆ ਹੈ ਤਾਂ ਜੀਵ ਕੀ ਬਣ ਗਿਆ।

## ਕੂੜੁ ਕਪਟੁ ਕਮਾਵਦੇ; ਕੂੜੁ ਪਰਗਟੀ ਆਇਆ ॥

ਜਿਹੜੇ ਕੂੜੁ = ਝੂਠ ਬੋਲਦੇ ਤੇ ਕਪਟੁ = ਛਲ ਕਮਾਵਦੇ = ਕਮਾਉਂਦੇ ਹਨ, ਉਨ੍ਹਾਂ ਦਾ ਕੂੜ = ਝੂਠ ਆਖ਼ਰ ਇਕ ਦਿਨ ਪਰਗਟੀ = ਪਰਗਟ ਹੋ ਹੀ ਆਇਆ = ਆਉਂਦਾ ਹੈ।

## ਅੰਦਰਿ ਹੋਇ ਸੁ ਨਿਕਲੈ; ਨਹ ਛਪੈ ਛਪਾਇਆ ॥

ਜੋ ਕੁਝ ਵੀ ਹਿਰਦੇ ਦੇ ਅੰਦਰਿ = ਵਿਚ ਹੋਇ = ਹੁੰਦਾ ਹੈ, ਸੁ = ਉਹ ਬਾਹਰ ਨਿਕਲੈ = ਨਿਕਲ ਆਉਂਦਾ ਹੈ, ਕਿਸੇ ਦਾ ਛਪਾਇਆ = ਲੁਕਾਇਆ ਹੋਇਆ ਛਪੈ = ਲੁਕਦਾ ਨਾ = ਨਹੀਂ ਹੈ।

## ਕੂੜੈ ਲਾਲਚਿ ਲਗਿਆ; ਫਿਰਿ ਜੂਨੀ ਪਾਇਆ ॥

ਜਿਹੜਾ ਪੁਰਖ ਕੂੜੈ = ਝੂਠੇ ਲਾਲਚਿ = ਲੋਭ ਵਿਚ ਲੱਗਿਆ ਹੋਇਆ ਹੈ, ਉਹ ਫਿਰਿ = ਮੁੜ ਕੇ ਜੂਨੀ = ਜੂਨੀਆਂ ਵਿਚ ਪਾਇਆ ਜਾਂਦਾ ਹੈ **ਵਾ:** ਜੂਨਾਂ ਦੇ ਫਿਰਿ = ਫੇਰਿਆਂ ਵਿਚ ਪਾਇਆ ਜਾਂਦਾ ਹੈ।

## ਨਾਨਕ, ਜੋ ਬੀਜੈ ਸੋ ਖਾਵਣਾ; ਕਰਤੈ ਲਿਖਿ ਪਾਇਆ ॥੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੀਵ ਜੋ = ਜਿਹੜਾ ਚੰਗਾ ਮੰਦਾ ਕਰਮ ਰੂਪੀ ਬੀਜ ਬੀਜੈ = ਬੀਜਦਾ ਹੈ, ਸੋ = ਉਹੋ ਹੀ ਖਾਵਣਾ = ਖਾਣਾ ਕਰਦਾ ਹੈ, ਇਹੋ ਹੀ ਕਰਤੈ = ਰਚਨਹਾਰ ਪਰਮੇਸ਼ਰ ਨੇ ਲਿਖ ਪਾਇਆ ਹੈ **ਵਾ:** ਜੀਵ ਦੀ ਕਰਨੀ ਅਨੁਸਾਰ ਕਰਤਾ ਪੁਰਖ ਨੇ ਲਿਖਿ = ਲਿਖਤ ਦੇ ਤਾਈਂ ਪਾਉਣਾ ਕੀਤਾ ਹੈ ॥੧੫॥

## ਸਲੋਕ ਮਃ ੨ ॥

ਦੂਸਰੇ ਸਤਿਗੁਰਾਂ ਨੂੰ ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਜੀ ! ਇਹ ਜੋ ਕਥਾ ਤੇ ਕਹਾਣੀਆਂ ਹਨ, ਇਹ ਸੰਸਾਰ 'ਤੇ ਕਿਸ ਨੇ ਲਿਆਂਦੀਆਂ ਹਨ। ਇਹ ਸੁਣ ਕੇ ਸਤਿਗੁਰਾਂ ਨੇ ਉੱਤਰ ਦਿੰਦਿਆਂ ਸਲੋਕ ਉਚਾਰਨ ਕੀਤਾ।

## ਕਥਾ ਕਹਾਣੀ ਬੇਦੀਂ ਆਣੀ; ਪਾਪੁ ਪੁੰਨੁ ਬੀਚਾਰੁ ॥

ਨਿਰਗੁਣ ਸਰੂਪ ਦੀ ਕਥਾ ਤੇ ਸਰਗੁਣ ਦੀ ਕਹਾਣੀ **ਵਾ:** ਸਰੂਪ ਲੱਖਣਾਂ ਵਾਲੀ ਕਥਾ ਤੇ ਤੱਟਸਥੀ ਲੱਖਣਾਂ ਵਾਲੀ ਕਹਾਣੀ ਵੇਦਾਂ ਸ਼ਾਸਤਰਾਂ ਨੇ ਆਣੀ = ਲਿਆਉਣਾ ਕੀਤੀ ਹੈ, ਜਿਸ ਵਿਚ ਪਾਪ ਪੁੰਨ ਦੀ ਵੀਚਾਰ ਹੈ ਪੁਨਾ ਵੇਦਾਂ ਵਿਚ ਇਉਂ ਵੀ ਕਥਨ ਹੈ ਕਿ :

## ਦੇ ਦੇ ਲੈਣਾ, ਲੈ ਲੈ ਦੇਣਾ; ਨਰਕਿ ਸੁਰਗਿ ਅਵਤਾਰ ॥

ਸਕਾਮੀ ਪੁਰਖ ਦਾਨ ਦੇ ਦੇ ਕੇ ਲੈਣਾ ਕਰਦੇ ਹਨ ਭਾਵ ਯੱਗ ਆਦਿ ਦਾ ਫਲ ਜਾਂ ਦਾਨ ਦੇ ਕੇ ਹਜ਼ਾਰ

ਗੁਣਾ ਹੋਰ ਮੰਗਦੇ ਹਨ, ਫੇਰ ਦਾਨ ਲੈ ਲੈ ਕੇ ਦੇਣਾ ਪੈਂਦਾ ਹੈ ਭਾਵ ਜਿਹੜੇ ਦਾਨ ਲੈਣ ਵਾਲੇ ਹਨ ਉਨ੍ਹਾਂ ਨੂੰ ਦਾਨ ਦੇਣਾ ਪੈਂਦਾ ਹੈ, ਇਸੇ ਕਰਕੇ ਕਈ ਪੁਰਖ ਪੁੰਨ ਕਰਮਾਂ ਕਰਕੇ ਸੁਰਗਿ = ਸਵਰਗਾਂ ਵਿਚ ਤੇ ਪਾਪ ਕਰਮਾਂ ਕਰਕੇ ਨਰਕਾਂ ਵਿਚ ਅਵਤਾਰ = ਉਤਰਦੇ ਹਨ।

**ਅਥਵਾ** ਦਾਨ ਦੇ ਦੇ ਕੇ ਅੱਗੇ ਜੀਵ ਲੈਣਾ ਕਰਦਾ ਹੈ ਤੇ ਇਥੋਂ ਲੈ ਲੈ ਕੇ ਅੱਗੇ ਹਿਸਾਬ ਦੇਣਾ ਕਰਦਾ ਹੈ, ਇਉਂ ਦੁੱਖ ਸੁੱਖ ਰੂਪ ਫਲ ਭੋਗਣ ਲਈ ਕਦੇ ਪਾਪ ਕਰਮਾਂ ਕਰਕੇ ਨਰਕ ਤੇ ਕਦੇ ਪੁੰਨ ਕਰਮਾਂ ਕਰਕੇ ਸਵਰਗ ਵਿਚ ਅਵਤਾਰ = ਉਤਰਦਾ ਹੈ।

## ਉਤਮ ਮਧਿਮ ਜਾਤੀਂ ਜਿਨਸੀ; ਭਰਮਿ ਭਵੈ ਸੰਸਾਰੁ ॥

ਫੇਰ ਉਤਮ = ਸ੍ਰੇਸ਼ਟ ਤੇ ਮਧਿਮ = ਨੀਚ ਜਾਤੀ = ਜਾਤੀਆਂ ਅਤੇ ਵੱਖੋ-ਵੱਖਰੀਆਂ ਪਸ਼ੂਆਂ, ਪੰਛੀਆਂ ਆਦਿ ਜਿਨਸਾਂ ਵਿਚ ਪ੍ਰਾਪਤ ਹੁੰਦਾ ਹੈ ਅਤੇ ਭਰਮ ਕਰਕੇ ਜੀਵ ਸੰਸਾਰੁ = ਜਗਤ ਵਿਚ ਭਵੈ = ਭ੍ਰਮਣ ਕਰਦਾ ਰਹਿੰਦਾ ਹੈ **ਵਾ:** ਉਤਮ = ਸਤੋਗੁਣੀ ਸੁਭਾਅ, ਮਧਿਮ = ਰਜੋਗੁਣੀ ਸੁਭਾਅ, ਜਾਤੀਂ = ਜਾਤ, ਹਾਥੀ ਊਂਠ, ਘੋੜੇ ਆਦਿ ਜਿਨਸਾਂ ਵਿਚ ਪ੍ਰਾਪਤ ਹੁੰਦਾ ਹੈ ਤੇ ਭਰਮ ਕਰਕੇ ਜੀਵ ਸੰਸਾਰ ਵਿਚ ਭਾਉਂਦਾ ਹੈ।

## ਅੰਮ੍ਰਿਤ ਬਾਣੀ, ਤਤੁ ਵਖਾਣੀ; ਗਿਆਨ ਧਿਆਨ ਵਿਚਿ ਆਈ ॥

ਦੂਸਰੇ ਪਾਸੇ ਸਤਿਗੁਰਾਂ ਦੀ ਉਚਾਰਨ ਕੀਤੀ ਹੋਈ ਨਾਮ ਅੰਮ੍ਰਿਤ ਬਾਣੀ ਤਤੁ = ਸਿਧਾਂਤ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੀ ਵਖਾਣੀ = ਕਥਨ ਕੀਤੀ ਹੋਈ ਹੈ, ਜਿਸ ਨਾਲ ਅੰਮ੍ਰਿਤ ਬਾਣੀ ਵਿਚ ਨਿਰਗੁਣ ਸਰੂਪ ਦੇ ਗਿਆਨ ਤੇ ਸਰਗੁਣ ਸਰੂਪ ਦੇ ਧਿਆਨ ਦਾ ਨਿਰਣਾ ਆਇਆ ਹੋਇਆ ਹੈ।

## ਗੁਰਮੁਖਿ ਆਖੀ ਗੁਰਮੁਖਿ ਜਾਤੀ; ਸੁਰਤੀ ਕਰਮਿ ਧਿਆਈ ॥

ਜੋ ਨਾਮ ਰੂਪ ਬਾਣੀ ਗੁਰਮੁਖਿ = ਮੁਖੀ ਗੁਰਾਂ ਨੇ ਆਖੀ = ਕਹੀ, ਕਥਨ ਕੀਤੀ ਹੈ, ਉਹ ਗੁਰਮੁਖ ਅਧਿਕਾਰੀ ਨੇ ਜਾਤੀ = ਜਾਣੀ ਹੈ, ਜਿਸ ਉੱਤੇ ਪਰਮੇਸ਼ਰ ਦੀ ਕਰਮਿ = ਮੇਹਰ ਹੋਈ ਹੈ, ਉਸ ਨੇ ਸੁਰਤੀ = ਸੁਰਤ ਜੋੜ ਕੇ ਨਾਮ ਰੂਪ ਬਾਣੀ ਧਿਆਈ = ਧਿਆਉਣੀ ਕੀਤੀ ਹੈ **ਵਾ:** ਜੋ ਸੁਰਤੀ ਅਨੁਸਾਰ ਵਰਤਣ ਵਾਲਾ ਹੈ, ਉਹ ਪਹਿਲਾਂ ਸੁਕਾਮੀ ਹੁੰਦਾ ਹੈ, ਫੇਰ ਨਿਸ਼ਕਾਮੀ ਹੋ ਕੇ ਉਪਾਸ਼ਨਾ ਕਰਦਾ ਹੈ ਤੇ ਫੇਰ ਧਿਆਉਣਾ ਕਰਦਾ ਹੈ **ਵਾ:** ਜਿਸ ਉੱਤੇ ਗੁਰਾਂ ਜਾਂ ਪਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ, ਉਸ ਨੇ ਸੁਰਤੀ (ਸੁ + ਰਤੀ) ਸੁ = ਸ੍ਰੇਸ਼ਟ ਰਤੀ = ਪ੍ਰੀਤੀ ਨਾਲ ਨਾਮ ਰੂਪ ਬਾਣੀ ਧਿਆਉਣਾ ਕੀਤੀ ਹੈ।

## ਹੁਕਮੁ ਸਾਜਿ, ਹੁਕਮੈ ਵਿਚਿ ਰਖੈ; ਹੁਕਮੈ ਅੰਦਰਿ ਵੇਖੈ ॥

ਪਰਮੇਸ਼ਰ ਆਪਣੇ ਹੁਕਮ ਵਿਚ ਹੀ ਸੰਸਾਰ (ਜੀਵਾਂ) ਨੂੰ ਸਾਜਿ = ਸਾਜਣਾ ਕਰਦਾ ਹੈ, ਹੁਕਮ ਵਿਚ ਹੀ ਸੰਸਾਰ (ਜੀਵਾਂ) ਨੂੰ ਰਖੈ = ਰੱਖਣਾ ਕਰਦਾ ਹੈ ਅਤੇ ਹੁਕਮੈ = ਹੁਕਮ ਅੰਦਰਿ = ਵਿਚ ਹੀ ਸਭ ਨੂੰ ਵੇਖੈ = ਵੇਖਦਾ ਹੈ **ਵਾ:** ਹੁਕਮ ਵਿਚ ਚੱਲਣ ਵਾਲੇ ਜੀਵਾਂ ਵੱਲ ਮੇਹਰ ਭਰੀ ਦ੍ਰਿਸ਼ਟੀ ਨਾਲ ਵੇਖਣਾ ਕਰਦਾ ਹੈ।

## ਨਾਨਕ, ਅਗਹੁ ਹਉਮੈ ਤੁਟੈ; ਤਾਂ ਕੋ ਲਿਖੀਐ ਲੇਖੈ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇਕਰ ਜੀਵ ਦੀ ਮਰਨ ਤੋਂ ਅਗਹੁ = ਪਹਿਲਾਂ ਹਉਮੈ = ਹੰਗਤਾ ਤੁਟੈ = ਟੁੱਟ ਜਾਵੇ ਤਾਂ ਕੋ = ਕੋਈ ਵਾਹਿਗੁਰੂ ਦੀ ਪ੍ਰਵਾਨਗੀ ਦੇ ਲੇਖੇ ਵਿਚ ਲਿਖੀਐ = ਲਿਖਿਆ ਜਾ ਸਕਦਾ ਹੈ, ਭਾਵ ਹੰਗਤਾ ਦੇ ਦੂਰ ਹੋ ਜਾਣ ਨਾਲ ਜੀਵ ਦਾ ਮਨੁੱਖਾ ਜਨਮ ਸਫਲ ਹੋ ਜਾਂਦਾ ਹੈ ॥੧॥

## ਮਃ ੧ ॥

## ਬੇਦੁ ਪੁਕਾਰੇ ਪੁੰਨੁ ਪਾਪੁ; ਸੁਰਗ ਨਰਕ ਕਾ ਬੀਉ ॥

ਪਾਪ ਤੇ ਪੁੰਨ ਦੀ ਬਾਬਤ ਬੇਦ ਪੁਕਾਰੇ = ਪੁਕਾਰ ਕਰਦਾ ਹੈ, ਭਾਵ ਨਿਰਣਾ ਕਰਦਾ ਹੈ ਕਿ ਇਹ ਪਾਪ ਪੁੰਨ ਹੀ ਸੁਰਗ = ਸਵਰਗ ਤੇ ਨਰਕ ਦੀ ਪ੍ਰਾਪਤੀ ਕਾ = ਦਾ ਬੀਉ = ਬੀਜ **ਵਾ:** ਕਾਰਨ ਰੂਪ ਹੈ ਭਾਵ ਪੁੰਨੀ ਪੁਰਖ ਸਵਰਗ ਦਾ ਸੁੱਖ ਭੋਗਦਾ ਹੈ, ਪਾਪੀ ਪੁਰਖ ਨਰਕ ਦਾ ਦੁੱਖ ਭੋਗਦਾ ਹੈ।

## ਜੋ ਬੀਜੈ, ਸੋ ਉਗਵੈ; ਖਾਂਦਾ ਜਾਣੈ ਜੀਉ ॥

ਜੋ ਚੰਗਾ ਮੰਦਾ ਕਰਮ ਰੂਪ ਬੀਜ ਬੀਜੈ = ਬੀਜਦਾ ਹੈ, ਸੋ = ਉਹ ਉਗਵੈ = ਉੱਗਦਾ ਹੈ, ਜਦ ਜੀਉ = ਜੀਵ ਉਸ ਆਪਣੇ ਕੀਤੇ ਕਰਮ ਫਲ ਨੂੰ ਖਾਂਦਾ = ਖਾਣਾ ਕਰਦਾ ਹੈ, ਤਦੋਂ ਉਹ ਆਪ ਹੀ ਜਾਣੈ = ਜਾਣਦਾ ਹੈ ਕਿ ਮੈਨੂੰ ਇਸ ਕਰਮ ਦਾ ਫਲ ਮਿਲਿਆ ਹੈ।

## ਗਿਆਨੁ ਸਲਾਹੇ ਵਡਾ ਕਰਿ; ਸਚੋ ਸਚਾ ਨਾਉ ॥

ਬੇਦ ਗਿਆਨ ਨੂੰ ਵੱਡਾ ਕਰਿ = ਕਰਕੇ ਸਲਾਹੇ = ਸਲਾਹੁੰਦਾ ਤਾਂ ਹੈ, ਪਰ ਆਤਮ ਗਿਆਨ ਸਚੋ = ਸੱਚੇ ਪਰਮੇਸ਼ਰ ਦਾ ਸਚਾ ਨਾਉ = ਨਾਮ ਜਪ ਕੇ ਹੀ ਪ੍ਰਾਪਤ ਹੁੰਦਾ ਹੈ।

**ਅਥਵਾ** ਜਿਹੜਾ ਗੁਰਾਂ ਦੁਆਰਾ ਸੱਚੇ ਪਰਮੇਸ਼ਰ ਦਾ ਸੱਚਾ ਨਾਮ ਜਪਦਾ ਹੈ, ਉਹ ਪੁਰਖ ਗਿਆਨ ਦੀ ਪ੍ਰਾਪਤੀ ਕਰਕੇ ਜਾਂ ਉਹ ਗਿਆਨਵਾਨ ਪੁਰਖ ਪਰਮੇਸ਼ਰ ਨੂੰ ਵੱਡਾ = ਤ੍ਰੈਕਾਲ ਅਬਾਧ ਰੂਪ ਕਰਕੇ ਸਲਾਹੁੰਦਾ ਹੈ। ਬੇਦ ਗਿਆਨ ਨੂੰ ਵੱਡਾ ਕਰਕੇ ਸਲਾਹੁੰਦਾ ਹੈ, ਪਰ ਜੋ ਸੱਚੇ ਪਰਮੇਸ਼ਰ ਦਾ ਸੱਚਾ ਨਾਮ ਜਪਦਾ ਹੈ ਉਸ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

## ਸਚੁ ਬੀਜੈ, ਸਚੁ ਉਗਵੈ; ਦਰਗਹ ਪਾਈਐ ਥਾਉ ॥

ਸੱਚੇ ਦਾ ਸ੍ਰਵਣ ਕਰਨਾ ਸਚੁ = ਸੱਚੇ ਦਾ ਬੀਜੈ = ਬੀਜਣਾ ਹੈ, ਸੱਚੇ ਦਾ ਮੰਨਣ ਕਰਨਾ ਸਚੁ = ਸੱਚੇ ਦਾ ਉਗਵੈ = ਉੱਗਣਾ ਹੈ ਅਤੇ ਸੱਚੇ ਦਾ ਨਿਧਿਆਸਣ ਕਰਕੇ ਪਰਮੇਸ਼ਰ ਦੀ ਦਰਗਹ = ਨਿਆਏ ਸਭਾ ਵਿਚ ਥਾਉ = ਥਾਂ, ਭਾਵ ਆਦਰ ਪਾਈਐ = ਪਾਈਦਾ ਹੈ।

**ਅਥਵਾ** ਸਚੁ = ਸੱਚੇ ਨਾਮ ਰੂਪੀ ਬੀਜ ਨੂੰ ਬੁੱਧ ਰੂਪ ਧਰਤੀ ਵਿਚ ਬੀਜਣੇ ਕਰਕੇ ਸੱਚਾ ਗਿਆਨ ਉਗਵੈ = ਪੈਦਾ ਹੁੰਦਾ ਹੈ ਅਤੇ ਦਰਗਹ ਵਿਚ ਆਦਰ ਦੇ ਸਹਿਤ ਬੈਠਣ ਲਈ ਥਾਂ ਪਾਉਣਾ ਕਰੀਦਾ ਹੈ।

[ਅੰਗ ੧੨੪੪]

## ਬੇਦੁ ਵਪਾਰੀ, ਗਿਆਨੁ ਰਾਸਿ; ਕਰਮੀ ਪਲੈ ਹੋਇ ॥

ਗਿਆਨ ਰੂਪੀ ਰਾਸਿ = ਪੂੰਜੀ ਦਾ ਬੇਦ ਵਪਾਰੀ ਹੈ, ਪਰ ਗਿਆਨ ਰੂਪੀ ਪੂੰਜੀ ਦਾ ਖ਼ਜ਼ਾਨਾ ਕਿਸੇ ਕਰਮੀ = ਕਰਮਾਂ ਵਾਲੇ ਪੁਰਖ ਦੇ ਅੰਤਹਕਰਨ ਰੂਪੀ ਪੱਲੇ ਵਿਚ ਪ੍ਰਾਪਤ ਹੁੰਦਾ ਹੈ **ਅਥਵਾ** ਜਿਹੜੇ ਵੇਦ ਨੂੰ ਪੜ੍ਹਨ ਵਾਲੇ ਜਗਿਆਸੂ ਰੂਪ ਵਪਾਰੀ ਹਨ, ਉਨ੍ਹਾਂ ਕੋਲ ਜੋ ਗਿਆਨ ਦੀ ਪ੍ਰਾਪਤੀ ਵਾਲੀ ਸ਼ਰਧਾ ਰੂਪੀ ਪੂੰਜੀ ਹੈ, ਉਹ ਅੰਤਹਕਰਨ ਰੂਪੀ ਪੱਲੇ ਵਿਚ ਵੱਡੇ ਕਰਮਾਂ ਕਰਕੇ ਪ੍ਰਾਪਤ ਹੁੰਦੀ ਹੈ **ਅਥਵਾ** ਜੋ ਅਧਿਕਾਰੀ ਵੇਦਾਂ ਦੇ ਵਪਾਰੀ ਭਾਵ ਪੜ੍ਹਨ ਵਾਲੇ ਹਨ, ਉਹ ਪਹਿਲਾਂ ਨਿਸ਼ਕਾਮ ਕਰਮ ਕਰਦੇ ਹਨ, ਫੇਰ ਉਪਾਸਨਾ ਕਰਦੇ ਹਨ, ਫੇਰ ਜਦੋਂ ਉਨ੍ਹਾਂ ਪਾਸ ਵਿਵੇਕ ਵੈਰਾਗ, ਖਟ ਸੰਪਤੀ, ਮੋਖ ਇੱਛਾ, ਸ੍ਰਵਣ ਮੰਨਣ, ਨਿਧਿਆਸਣ ਤੇ

ਤਤ ਤੂੰ ਦੇ ਸੰਸ਼ੋਧਨ ਰੂਪੀ ਗਿਆਨ ਦੀ ਰਾਸਿ = ਪੂੰਜੀ ਪ੍ਰਾਪਤੀ ਹੁੰਦੀ ਹੈ, ਤਦੋਂ ਉਨ੍ਹਾਂ ਕਰਮੀ = ਅਧਿਕਾਰੀਆਂ ਦੇ ਅੰਤਹਕਰਨ ਰੂਪੀ ਪੱਲੇ ਵਿਚ ਆਤਮ ਗਿਆਨ ਪ੍ਰਾਪਤ ਹੁੰਦਾ ਹੈ।

## ਨਾਨਕ, ਰਾਸੀ ਬਾਹਰਾ; ਲਦਿ ਨ ਚਲਿਆ ਕੋਇ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪੁਰਖ ਸ਼ਰਧਾ ਰੂਪੀ ਰਾਸੀ = ਪੂੰਜੀ ਤੋਂ ਬਾਹਰਾ = ਬਗ਼ੈਰ ਹਨ, ਉਨ੍ਹਾਂ ਵਿੱਚੋਂ ਕੋਇ = ਕੋਈ ਆਪਣੇ ਅੰਤਹਕਰਣ ਰੂਪੀ ਗੱਡੇ ਉੱਤੇ ਗਿਆਨ ਰੂਪੀ ਰਾਸ ਨੂੰ ਲੱਦ ਕੇ ਨ = ਨਹੀਂ ਚਲਿਆ, ਭਾਵ ਸ਼ਰਧਾ ਤੋਂ ਹੀਣਿਆਂ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

## ਪਉੜੀ ॥
## ਨਿੰਮੁ ਬਿਰਖੁ ਬਹੁ ਸੰਚੀਐ; ਅੰਮ੍ਰਿਤ ਰਸੁ ਪਾਇਆ ॥

ਜੇਕਰ ਨਿੰਮ ਦੇ ਬਿਰਖੁ = ਬ੍ਰਿਛ ਨੂੰ ਖੰਡ ਦਾ ਸ਼ਰਬਤ ਬਣਾ ਕੇ ਬਹੁ = ਬਹੁਤਾ ਸੰਚੀਐ = ਸਿੰਜੀ ਜਾਈਏ ਅਤੇ ਫੇਰ ਉਸ ਵਿੱਚੋਂ ਅੰਮ੍ਰਿਤ ਰਸ ਨੂੰ ਪਾਇਆ = ਪਾਉਣਾ ਚਾਹੀਏ ਤਾਂ ਪ੍ਰਾਪਤੀ ਨਹੀਂ ਹੋ ਸਕਦੀ।

**ਅਥਵਾ** ਜੇਕਰ ਨਿੰਮ ਦੇ ਬ੍ਰਿਛ ਨੂੰ ਅੰਮ੍ਰਿਤ ਰਸ ਪਾਇਆ = ਪਾ ਕੇ ਬਹੁਤਾ ਸਿੰਜਨਾ ਕਰੀਏ ਤਾਂ ਵੀ ਉਸ ਦਾ ਕੌੜਾਪਣ ਨਹੀਂ ਜਾਂਦਾ।

ਇਸੇ ਪ੍ਰਕਾਰ ਜੇਕਰ ਨਿੰਮ ਰੁੱਖ ਵਤ ਕੌੜੇ ਸੁਭਾਅ ਵਾਲੇ ਪੁਰਖ ਨੂੰ ਬਹੁਤੇ ਵੈਰਾਗ, ਵਿਵੇਕ ਰੂਪੀ ਮਿਠਾਸ ਵਾਲੇ ਬਚਨਾਂ ਰੂਪੀ ਪਾਣੀ ਨਾਲ ਸਿੰਜੀ ਜਾਈਏ ਅਤੇ ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਵਾਲੇ ਜਾਂ ਪ੍ਰੇਮ ਰੂਪੀ ਅੰਮ੍ਰਿਤ ਰਸ ਵਾਲੇ ਬਚਨ ਉਸਦੇ ਰਿਦੇ ਵਿਚ ਪਾਉਣਾ ਕਰੀਏ ਤਾਂ ਵੀ ਉਸ ਦਾ ਵਿਸ਼ਿਆਂ ਰੂਪੀ ਕੁੜੱਤਣ ਵਾਲਾ ਸੁਭਾਅ ਨਹੀਂ ਜਾਂਦਾ।

## ਬਿਸੀਅਰੁ ਮੰਤ੍ਰਿ ਵਿਸਾਹੀਐ; ਬਹੁ ਦੂਧੁ ਪੀਆਇਆ ॥

ਜੇਕਰ ਬਿਸੀਅਰੁ = ਸੱਪ ਉੱਤੇ ਮੰਤਰ ਪੜ੍ਹ ਕੇ ਉਸ ਉੱਤੇ ਵਿਸਾਹੀਐ = ਭਰੋਸਾ (ਇਤਬਾਰ) ਕਰ ਲਈਏ ਅਤੇ ਜੇ ਬਹੁ = ਬਹੁਤਾ ਦੂਧੁ = ਦੁੱਧ ਵੀ ਪੀਆਇਆ = ਪਿਲਾਉਣਾ ਕਰੀਏ, ਫੇਰ ਵੀ ਉਹ ਜ਼ਹਿਰ ਨੂੰ ਤਿਆਗਦਾ ਨਹੀਂ ਹੈ, ਸਗੋਂ ਦੁੱਧ ਪੀਣ ਕਰਕੇ ਉਸ ਦੀ ਜ਼ਹਿਰ ਹੋਰ ਵੱਧ ਜਾਂਦੀ ਹੈ। ਜੈਸਾ ਕਿ :

**ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੯॥** *(ਸੂਹੀ ਮ: ੩, ਅੰਗ ੭੫੫)*

ਇਸੇ ਪ੍ਰਕਾਰ ਜੇਕਰ ਸੱਪ ਦੀ ਨਿਆਈਂ ਕਾਮੀ ਪੁਰਖ ਨੂੰ ਗੁਰ ਮੰਤਰ = ਉਪਦੇਸ਼ ਦੇ ਕੇ ਭਰੋਸਾ ਕਰ ਲਈਏ ਕਿ ਉਹ ਸਾਡਾ ਪਿਆਰਾ ਬਣ ਜਾਵੇਗਾ ਤਾਂ ਉਹ ਨਹੀਂ ਬਣੇਗਾ ਅਤੇ ਜੇਕਰ ਉਸ ਨੂੰ ਬਹੁਤਾ ਨਿਸ਼ਕਾਮ ਕਰਮਾਂ ਰੂਪ ਦੁੱਧ ਪਿਲਾਉਣਾ ਕਰੀਏ, ਫੇਰ ਉਹ ਉਪਦੇਸ਼ ਗ੍ਰਹਿਣ ਨਹੀਂ ਕਰਦਾ **ਵਾ:** ਸਾਧਨਾ ਰੂਪੀ ਬਹੁਤਾ ਦੁੱਧ ਪਿਲਾਉਣਾ ਕਰੀਏ, ਫੇਰ ਉਹ ਸਾਧਨਾ ਦਾ ਫਲ ਨਹੀਂ ਸਮਝਦੇ, ਭਾਵ ਉਹ ਪੁਰਖ ਆਪਣਾ ਖੋਟਾ ਸੁਭਾਅ ਨਹੀਂ ਛੱਡਦਾ।

## ਮਨਮੁਖੁ ਅਭਿੰਨੁ ਨ ਭਿਜਈ; ਪਥਰੁ ਨਾਵਾਇਆ ॥

ਮਨਮੁਖ ਅਭਿੰਨ = ਭਿੱਜਣ ਤੋਂ ਰਹਿਤ ਹੈ, ਉਸ ਦਾ ਚਿੱਤ ਕਦੇ ਵੀ ਸ਼ਾਸਤਰ ਗਿਆਨ ਰੂਪੀ ਪਾਣੀ ਨਾਲ ਭਿਜਈ = ਭਿੱਜਦਾ ਨ = ਨਹੀਂ ਹੈ, ਜਿਵੇਂ ਪੱਥਰ ਨੂੰ ਨਾਵਾਇਆ = ਇਸ਼ਨਾਨ ਕਰਾ ਦੇਈਏ, ਫੇਰ ਵੀ ਸੁੱਕਾ ਹੀ ਰਹਿੰਦਾ ਹੈ।

**ਵਾ:** ਇਸੇ ਪ੍ਰਕਾਰ ਜੇਕਰ ਪੱਥਰ ਵਰਗੇ ਕਠੋਰ ਚਿੱਤ ਵਾਲੇ ਪੁਰਖਾਂ ਨੂੰ ਜੇਕਰ ਸ਼ਾਸਤਰ ਗਿਆਨ ਰੂਪੀ ਪਾਣੀ ਨਾਲ ਭਿਉਣਾ ਕਰੀਏ ਤਾਂ ਵੀ ਉਹ ਭਿੱਜਦਾ ਨਹੀਂ ਹੈ।

## ਬਿਖੁ ਮਹਿ ਅੰਮ੍ਰਿਤੁ ਸਿੰਚੀਐ; ਬਿਖੁ ਕਾ ਫਲੁ ਪਾਇਆ ॥

ਜੇਕਰ ਬਿਖੁ = ਜ਼ਹਿਰ ਵਾਲੇ ਤੁੰਮੇ ਮਹਿ = ਵਿਚ ਦੇਵਤਿਆਂ ਕੋਲੋਂ ਅੰਮ੍ਰਿਤ ਲਿਆ ਕੇ ਸਿੰਚੀਐ = ਸਿੰਜ ਦੇਣਾ ਕਰੀਏ ਤਾਂ ਉਸ ਤੋਂ ਬਿਖੁ = ਜ਼ਹਿਰ ਕਾ = ਦਾ ਫਲ ਹੀ ਪਾਇਆ = ਪ੍ਰਾਪਤ ਹੁੰਦਾ ਹੈ, ਅੰਮ੍ਰਿਤ ਫਲ ਨਹੀਂ ਲੱਗਦਾ।

ਇਸੇ ਪ੍ਰਕਾਰ ਭਾਵੇਂ ਵਿਸ਼ਿਆਂ ਰੂਪੀ ਜ਼ਹਿਰ ਵਾਲੇ ਮਨਮੁਖ ਦੇ ਰਿਦੇ ਵਿਚ ਅੰਮ੍ਰਿਤ ਗਿਆਨ ਦੇ ਬਚਨ ਸਿੰਜ ਦੇਣਾ ਕਰੀਏ, ਫੇਰ ਵੀ ਉਹ ਵਿਸ਼ਿਆਂ ਰੂਪੀ ਜ਼ਹਿਰ ਦੀ ਵਾਸ਼ਨਾ ਕਾ = ਦਾ ਫਲ ਹੀ ਪਾਉਣਾ ਕਰਦਾ ਹੈ **ਵਾ:** ਜੰਮਣ ਮਰਨ ਦਾ ਫਲ ਪਾਉਣਾ ਕਰਦਾ ਹੈ।

## ਨਾਨਕ, ਸੰਗਤਿ ਮੇਲਿ ਹਰਿ; ਸਭ ਬਿਖੁ ਲਹਿ ਜਾਇਆ ॥੧੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਨੂੰ ਹਰਿ = ਪਰਮੇਸ਼ਰ ਗੁਰਾਂ ਦੀ ਸੰਗਤ ਨਾਲ ਮੇਲਿ = ਮੇਲਣਾ ਕਰਦਾ ਹੈ, ਉਸ ਦੀ ਸਭ = ਸਾਰੀ ਵਿਸ਼ਿਆਂ ਰੂਪੀ ਬਿਖੁ = ਜ਼ਹਿਰ ਲਹਿ = ਉਤਰ ਜਾਇਆ = ਜਾਂਦੀ ਹੈ ॥੧੯॥

## ਸਲੋਕ ਮਃ ੧ ॥

ਇਕ ਵਾਰ ਸਤਿਗੁਰਾਂ ਦੇ ਪਾਸ ਸਿੱਖਾਂ ਨੇ ਜ਼ਿਕਰ ਕੀਤਾ ਕਿ ਸਤਿਗੁਰੂ ਜੀ ਕਈ ਜੋਤਸ਼ੀ ਲੋਕ ਕਹਿੰਦੇ ਹਨ ਕਿ ਜਿਸ ਰਸਤੇ ਉੱਤੇ ਜਾਣਾ ਹੋਵੇ, ਪਹਿਲਾਂ ਉਸ ਰਸਤੇ ਬਾਰੇ ਪੁੱਛ ਲੈਣਾ ਚਾਹੀਦਾ ਹੈ ਕਿ ਕਿਤੇ ਉਸ ਰਸਤੇ ਕਾਲਜੋਗਣੀਆਂ ਨਾ ਚਿੰਬੜ ਜਾਣ ਜਾਂ ਭੂਤ-ਪ੍ਰੇਤ ਨਾ ਚਿੰਬੜ ਜਾਣ। ਇਹ ਸੁਣ ਕੇ ਸਤਿਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਉਪਦੇਸ਼ ਦਿੰਦਿਆਂ ਅਤੇ ਬ੍ਰਾਹਮਣਵਾਦ ਦਾ ਭਰਮ ਦੂਰ ਕਰਦੇ ਹੋਏ ਵੈਰਾਗਮਈ ਸ਼ਬਦ ਉਚਾਰਨ ਕੀਤਾ।

## ਮਰਣਿ ਨ ਮੂਰਤੁ ਪੁਛਿਆ; ਪੁਛੀ ਥਿਤਿ ਨ ਵਾਰੁ ॥

ਹੇ ਭਾਈ! ਮਰਨ ਵੇਲੇ ਕਿਸੇ ਨੇ ਵੀ ਮੂਰਤੁ = ਮਹੂਰਤ ਨ = ਨਹੀਂ ਪੁੱਛਿਆ ਕਿ ਅੱਜ ਚੰਗਾ ਲਗਨ ਹੈ ਜਾਂ ਮਾੜਾ ਲਗਨ ਹੈ, ਨਾ ਹੀ ਕਿਸੇ ਨੇ ਵਾਰੁ = ਦਿਨ ਪੁੱਛਿਆ ਹੈ ਤੇ ਨਾ ਹੀ ਕਿਸੇ ਨੇ ਏਕਮ ਦੂਜਾ ਆਦਿ ਥਿੱਤ ਪੁਛੀ = ਪੁੱਛਣਾ ਕੀਤੀ ਹੈ।

## ਇਕਨੀ ਲਦਿਆ, ਇਕਿ ਲਦਿ ਚਲੇ; ਇਕਨ੍ਹੀ ਬਧੇ ਭਾਰ ॥

ਇਕਨੀ = ਕਈ ਜੀਵਾਂ ਨੇ ਤਾਂ ਮਰਨ ਰੂਪ ਭਾਰ ਲਦਿਆ = ਲੱਦ ਲਿਆ ਹੈ ਭਾਵ ਦੁਨੀਆਂ ਤੋਂ ਜਾਣ ਲਈ ਤਿਆਰੀ ਕਰ ਰਹੇ ਹਨ, ਇਕਿ = ਕਈ ਲੱਦ, ਕੂਚ ਕਰ ਕੇ ਦੁਨੀਆਂ ਤੋਂ ਚਲੇ ਗਏ ਹਨ, ਇਕਨ੍ਹੀ = ਕਈ ਪੁਰਖਾਂ ਨੇ ਪਦਾਰਥਾਂ ਦੇ ਭਾਰ, ਪਾਪਾਂ-ਪੁੰਨਾਂ ਰੂਪ **ਵਾ:** ਬਿਰਧ ਅਵਸਥਾ ਰੂਪ ਭਾਰ ਬਧੇ = ਬੰਨ੍ਹ ਲਏ ਹਨ।

## ਇਕਨਾ ਹੋਈ ਸਾਖਤੀ; ਇਕਨਾ ਹੋਈ ਸਾਰ ॥

ਇਕਨਾ = ਕਈ ਪੁਰਖਾਂ ਉੱਤੇ ਦਰਗਾਹ ਵਿਚ ਸਾਖਤੀ = ਸਖ਼ਤੀ (ਤਾੜਨਾ) ਹੋਈ = ਹੁੰਦੀ ਹੈ, ਇਕਨਾ = ਕਈ ਪੁਰਖਾਂ ਦੀ ਸਾਰ = ਸੰਭਾਲ ਹੋਈ = ਹੁੰਦੀ ਹੈ।

## ਲਸਕਰ ਸਣੈ ਦਮਾਮਿਆ; ਛੁਟੇ ਬੰਕ ਦੁਆਰ ॥

ਲਸਕਰ = ਫ਼ੌਜਾਂ ਸਣੈ = ਸਮੇਤ ਵੱਡੇ-ਵੱਡੇ ਦਮਾਮਿਆ = ਧੌਂਸੇ ਅਤੇ ਬੰਕ = ਸੁੰਦਰ ਦੁਆਰ = ਦਰਵਾਜ਼ੇ ਆਦਿ ਸਭ ਕੁਝ ਇਥੇ ਹੀ ਛੁਟੇ = ਛੁੱਟ, ਰਹਿ ਜਾਂਦੇ ਹਨ।

## ਨਾਨਕ, ਢੇਰੀ ਛਾਰੁ ਕੀ; ਭੀ ਫਿਰਿ ਹੋਈ ਛਾਰ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪੰਜਾਂ ਤੱਤਾਂ ਰੂਪੀ ਛਾਰੁ = ਸੁਆਹ ਕੀ = ਦੀ ਦੇਹ ਰੂਪੀ ਢੇਰੀ ਹੈ, ਭੀ = ਪੁਨਾ ਇਹ ਫਿਰਿ = ਮੁੜ ਕੇ ਫੇਰ ਛਾਰ = ਸੁਆਹ (ਮਿੱਟੀ) ਹੋਈ = ਹੋ ਜਾਣੀ ਹੈ ॥੧॥

### ਦੂਸਰਾ ਅਰਥ

**ਮਰਣਿ ਨ ਮੂਰਤੁ ਪੁਛਿਆ; ਪੁਛੀ ਥਿਤਿ ਨ ਵਾਰੁ ॥**

ਹੇ ਜੀਵ! ਤੂੰ ਆਪਣੇ ਮਰਨ ਦਾ ਮਹੂਰਤ ਕਦੇ ਪੁੱਛਿਆ ਹੀ ਨਹੀਂ, ਅਤੇ ਕਿਹੜੀ ਥਿੱਤ ਤੇ ਕਿਹੜੇ ਦਿਨ ਨੂੰ ਮਰਨਾ ਹੈ, ਇਹ ਗੱਲ ਵੀ ਕਦੇ ਪੁੱਛਣਾ ਨਹੀਂ ਕੀਤੀ, ਭਾਵ ਕਦੇ ਵੈਰਾਗ ਧਾਰਨ ਹੀ ਨਹੀਂ ਕੀਤਾ।

**ਇਕਨੀ ਲਦਿਆ, ਇਕਿ ਲਦਿ ਚਲੇ; ਇਕਨ੍ਹੀ ਬਧੇ ਭਾਰ ॥**

ਇਕਨੀ = ਇਕਨਾਂ ਜੀਵਾਂ ਨੇ ਪਾਪਾਂ ਦੇ ਭਾਰ ਨੂੰ ਸਰੀਰ ਉੱਤੇ ਲੱਦ ਲਿਆ ਹੈ ਭਾਵ ਸੰਸਾਰ ਤੋਂ ਜਾਣ ਦੀ ਤਿਆਰੀ ਕਰ ਲਈ ਹੈ, ਇਕਿ = ਕਈ ਅੰਤਹਕਰਣ ਰੂਪੀ ਗੱਡੇ ਉੱਤੇ ਪਾਪਾਂ ਦਾ ਭਾਰ ਲੱਦ ਕੇ ਦੁਨੀਆਂ ਤੋਂ ਕੂਚ ਕਰ ਕੇ ਪ੍ਰਲੋਕ ਨੂੰ ਚਲੇ ਗਏ ਹਨ, ਇਕਨ੍ਹੀ = ਇਕਨਾਂ ਨੇ ਪਾਪਾਂ ਦੇ ਭਾਰ ਅੱਗੇ ਵਾਸਤੇ ਹੋਰ ਬੰਨ੍ਹ ਲਏ ਹਨ।

**ਇਕਨਾ ਹੋਈ ਸਾਖਤੀ; ਇਕਨਾ ਹੋਈ ਸਾਰ ॥**

ਜਿਨ੍ਹਾਂ ਨੇ ਇਥੇ ਨਿਰਦੋਸ਼ ਜੀਵਾਂ 'ਤੇ ਸਖ਼ਤੀ ਕੀਤੀ ਹੈ, ਉਨ੍ਹਾਂ ਕਈ ਪੁਰਖਾਂ 'ਤੇ ਅੱਗੇ ਪ੍ਰਲੋਕ ਵਿਚ ਸਾਖਤੀ = ਸਖ਼ਤੀ ਹੋਈ ਹੈ **ਵਾ:** ਜਿਨ੍ਹਾਂ ਨੇ ਸਾਧਨਾ ਦੀ ਸਾਖਤੀ = ਤਿਆਰੀ ਕੀਤੀ ਹੈ, ਉਨ੍ਹਾਂ ਕਈ ਪੁਰਖਾਂ ਦੀ ਉਪਾਸ਼ਨਾ ਕਰਨ ਦੀ ਤਿਆਰੀ ਹੋਈ ਹੈ, ਉਨ੍ਹਾਂ ਇਕਨਾਂ ਦੀ ਸਾਰ = ਸੰਭਾਲ ਹੋਈ ਹੈ, ਜਿਨ੍ਹਾਂ ਨੇ ਭਗਤੀ ਕੀਤੀ ਹੈ।

**ਲਸਕਰ ਸਣੈ ਦਮਾਮਿਆ; ਛੁਟੇ ਬੰਕ ਦੁਆਰ ॥**

ਉਨ੍ਹਾਂ ਦੇ ਅਗਿਆਨ ਰੂਪੀ ਲਸਕਰ = ਫ਼ੌਜ ਦੇ ਸਣੈ = ਸਮੇਤ ਬੋਲ-ਚਾਲ ਰੂਪ ਧੌਂਸੇ ਅਤੇ ਬੰਕ = ਸੁੰਦਰ ਇੰਦਰਿਆਂ ਰੂਪੀ ਦੁਆਰਿਆਂ ਦੇ ਵਿਸ਼ੇ ਵੀ ਛੁੱਟ ਗਏ ਹਨ।

**ਨਾਨਕ, ਢੇਰੀ ਛਾਰੁ ਕੀ; ਭੀ ਫਿਰਿ ਹੋਈ ਛਾਰ ॥੧॥**

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਦੇਹ ਸੁਆਹ ਦੀ ਢੇਰੀ ਹੈ, ਜਿਨ੍ਹਾਂ ਨੇ ਇਹ ਨਿਸਚਾ ਕੀਤਾ ਹੈ ਕਿ ਇਹ ਮੁੜ ਫੇਰ ਸੁਆਹ ਦੀ ਢੇਰੀ ਹੋ ਜਾਣੀ ਹੈ, ਉਨ੍ਹਾਂ ਨੇ ਇਸ ਦੇਹ ਦਾ ਮੋਹ ਛੱਡ ਦਿੱਤਾ ਹੈ ॥੧॥

## ਮਃ ੧ ॥

## ਨਾਨਕ, ਢੇਰੀ ਢਹਿ ਪਈ; ਮਿਟੀ ਸੰਦਾ ਕੋਟੁ ॥

(**ਮਿੱਟੀ** ਉਚਾਰਣ ਹੈ)

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਰੀਰ ਰੂਪੀ ਢੇਰੀ ਢਹਿ = ਡਿੱਗ ਪਈ ਹੈ ਜੋ ਪੰਜਾਂ ਤੱਤਾਂ ਦੀ ਮਿਟੀ ਸੰਦਾ = ਦਾ ਕੋਟੁ = ਕਿਲ੍ਹਾ ਬਣਾਇਆ ਹੋਇਆ ਸੀ।

## ਭੀਤਰਿ, ਚੋਰੁ ਬਹਾਲਿਆ; ਖੋਟੁ ਵੇ ਜੀਆ ਖੋਟੁ ॥੨॥

ਜਿਨ੍ਹਾਂ ਨੇ ਇਸ ਦੇਹੀ ਭੀਤਰਿ = ਵਿਚ ਕਾਮ ਕ੍ਰੋਧ ਆਦਿ ਵਿਕਾਰਾਂ ਰੂਪੀ ਚੋਰ ਬਹਾਲਿਆ = ਬਿਠਾਇਆ ਹੋਇਆ ਹੈ **ਵਾ:** ਮਨ ਰੂਪ ਚੋਰ ਵਿਕਾਰਾਂ ਦੀ ਚੋਰੀ ਕਰਨ ਲਈ ਬਿਠਾਇਆ ਹੈ, ਖੋਟ = ਖੋਟੇ ਕਾਮਾਦਿ ਵਿਕਾਰਾਂ ਕਰਕੇ ਵੇ = ਉਨ੍ਹਾਂ ਜੀਆ = ਜੀਵਾਂ ਦੇ ਹਿਰਦੇ ਵਿਚ ਖੋਟੁ = ਖੋਟਤਾਈ ਹੀ ਹੈ **ਵਾ:** ਵੇ = ਉਹ ਖੋਟੇ ਪੁਰਖ ਦ੍ਵੈਤ ਕਰਕੇ ਹੋਰਨਾਂ ਨਾਲ ਵੀ ਖੋਟੁ = ਖੋਟਤਾਈ ਹੀ ਕਰਦੇ ਰਹਿੰਦੇ ਹਨ।

ਹੇ ਭਾਈ! ਉਨ੍ਹਾਂ ਪੁਰਖਾਂ ਦੇ ਮਨ ਵਿਚ ਵੀ ਖਟਿਆਈ ਹੈ ਤੇ ਬਾਹਰੋਂ ਵੀ ਹੋਰਨਾਂ ਨਾਲ ਖਟਿਆਈ ਹੀ ਕਰਦੇ ਰਹਿੰਦੇ ਹਨ। ਵੇ = ਹੇ ਭਾਈ! ਜਿਹੜੇ ਪੁਰਖ ਹੋਰਨਾਂ ਜੀਆ = ਜੀਵਾਂ ਨਾਲ ਖਟਿਆਈ ਕਰਦੇ ਹਨ, ਉਹਨਾਂ ਦੀ ਪ੍ਰਲੋਕ ਵਿਚ ਖੋਟੇ ਹੋਣ ਕਰਕੇ ਨਿਰਾਦਰੀ ਹੁੰਦੀ ਹੈ॥੨॥

## ਪਉੜੀ ॥

## ਜਿਨ੍ ਅੰਦਰਿ ਨਿੰਦਾ ਦੁਸਟੁ ਹੈ; ਨਕ ਵਢੇ ਨਕ ਵਢਾਇਆ ॥

ਜਿਨ੍ = ਜਿਨ੍ਹਾਂ ਦੇ ਹਿਰਦੇ ਅੰਦਰਿ = ਵਿਚ ਨਿੰਦਾ = ਅਪਕੀਰਤੀ ਕਰਨ ਵਾਲਾ ਦੁਸਟੁ = ਭੈੜਾ ਸੁਭਾਅ ਹੈ, ਉਨ੍ਹਾਂ ਦੇ ਇਸ ਲੋਕ ਵਿਚ ਵੀ ਅਪਜੱਸ ਹੋਣ ਰੂਪ ਨੱਕ ਵਢੇ = ਕੱਟੇ ਗਏ ਹਨ ਤੇ ਉਨ੍ਹਾਂ ਨੇ ਪ੍ਰਲੋਕ ਵਿਚ ਵੀ ਅਪਜੱਸ ਹੋਣ ਰੂਪ ਨੱਕ ਵਢਾਇਆ = ਵਢਾਉਣਾ ਕੀਤਾ ਹੈ।

## ਮਹਾ ਕਰੂਪ ਦੁਖੀਏ ਸਦਾ; ਕਾਲੇ ਮੁਹ ਮਾਇਆ ॥

ਉਹ ਮਹਾ ਕਰੂਪ = ਬੜੇ ਭੈੜੇ ਰੂਪ ਵਾਲੇ ਹਨ, ਭਾਵ ਦਿਲ ਦੀ ਸਫ਼ਾਈ ਰੂਪੀ ਰੂਪ ਤੋਂ ਰਹਿਤ ਹਨ, ਸਦਾ = ਹਮੇਸ਼ਾ ਕਿਸੇ ਨੂੰ ਸੁਖੀ ਦੇਖ ਕੇ ਈਰਖਾ ਨਾਲ ਦੁਖੀਏ = ਦੁਖੀ ਹੁੰਦੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਮਾਇਆ ਦੇ ਮੋਹ ਵਿਚ ਲੱਗਣੇ ਕਰਕੇ ਵਿਸ਼ਿਆਂ ਰੂਪੀ ਕਾਲਖ ਦੇ ਨਾਲ ਮੁਹ = ਮੂੰਹ ਕਾਲੇ ਹੋਏ ਪਏ ਹਨ।

## ਭਲਕੇ ਉਠਿ ਨਿਤ, ਪਰ ਦਰਬੁ ਹਿਰਹਿ; ਹਰਿ ਨਾਮੁ ਚੁਰਾਇਆ ॥

ਨਿਤ = ਨਿਤਾਪ੍ਰਤੀ ਭਲਕੇ = ਸਵੇਰੇ ਉੱਠ ਕੇ ਪਰ = ਪਰਾਏ ਦਰਬੁ = ਧਨ ਨੂੰ ਹਿਰਹਿ = ਚੁਰਾਉਂਦੇ ਹਨ ਅਤੇ ਹਰਿ = ਪਰਮੇਸ਼ਰ ਦੇ ਨਾਮ ਜਪਣ ਵੱਲੋਂ ਮਨ ਨੂੰ ਚੁਰਾਇਆ = ਚੁਰਾ ਕੇ ਰੱਖਦੇ ਹਨ ਭਾਵ ਪ੍ਰਭੂ ਦੀ ਭਜਨ ਬੰਦਗੀ ਨਹੀਂ ਕਰਦੇ।

## ਹਰਿ ਜੀਉ, ਤਿਨ ਕੀ ਸੰਗਤਿ ਮਤ ਕਰਹੁ; ਰਖਿ ਲੇਹੁ ਹਰਿ ਰਾਇਆ ॥

ਹੇ ਹਰਿ = ਪਰਮੇਸ਼ਰ ਜੀਉ = ਜੀ ਦੇ ਪਿਆਰੇ ਸੰਤ ਜਨੋਂ! ਤਿਨ = ਉਨ੍ਹਾਂ ਪੁਰਖਾਂ ਕੀ = ਦੀ ਸੰਗਤ ਮਤ = ਮਤਾਂ ਕਰਹੁ = ਕਰੋ ਅਤੇ ਪਰਮੇਸ਼ਰ ਦੇ ਸਨਮੁਖ ਇਉਂ ਬੇਨਤੀ ਕਰੋ ਕਿ ਹੇ ਰਾਇਆ = ਰਾਜਾ ਰੂਪ ਹਰਿ = ਪਰਮੇਸ਼ਰ! ਇਹੋ ਜਿਹੇ ਕੁਸੰਗੀਆਂ ਦੀ ਸੰਗਤ ਵੱਲੋਂ ਸਾਨੂੰ ਰੱਖ ਲੇਹੁ = ਲਵੋ।

## ਨਾਨਕ, ਪਇਐ ਕਿਰਤਿ ਕਮਾਵਦੇ; ਮਨਮੁਖਿ ਦੁਖੁ ਪਾਇਆ ॥੧੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮਨਮੁਖ ਪੁਰਖ ਦੇ ਕੀਤੇ ਹੋਏ ਪੂਰਬਲੇ ਮੰਦ ਕਰਮਾਂ ਦੀ ਲਿਖਤ ਅਨੁਸਾਰ ਮੰਦ ਕਿਰਤਿ = ਕਰਮ ਕਮਾਵਦੇ = ਕਮਾਉਂਦੇ ਹਨ, ਇਸੇ ਕਰਕੇ ਮਨਮੁਖ ਪੁਰਖਾਂ ਨੇ ਪ੍ਰਤੱਖ **ਵਾ:** ਜੰਮਣ ਮਰਨ ਦੇ ਦੁੱਖ ਨੂੰ ਪਾਇਆ = ਪਾਉਣਾ ਕੀਤਾ ਹੈ। ॥੧੭॥

## ਸਲੋਕ ਮਃ ੪ ॥

## ਸਭੁ ਕੋਈ ਹੈ ਖਸਮ ਕਾ; ਖਸਮਹੁ ਸਭੁ ਕੋ ਹੋਇ ॥

ਸਭ ਕੋਈ ਖਸਮ = ਮਾਲਕ ਪਰਮੇਸ਼ਰ ਕਾ = ਦਾ ਬਣਾਇਆ ਹੋਇਆ ਹੈ, ਕਿਉਂਕਿ ਸਭ ਕੋਈ ਖਸਮਹੁ = ਮਾਲਕ ਦੇ ਹੁਕਮ ਤੋਂ ਹੀ ਪ੍ਰਾਲਬਧ ਅਨੁਸਾਰ ਪੈਦਾ ਹੋਇ = ਹੁੰਦਾ ਹੈ **ਵਾ:** ਸਭਨਾਂ ਦੇ ਤਾਈਂ ਪਰਮੇਸ਼ਰ ਵੱਲੋਂ ਚੰਗੇ ਮੰਦੇ ਕਰਮਾਂ ਦਾ ਫਲ ਪ੍ਰਾਪਤ ਹੁੰਦਾ ਹੈ।

## ਹੁਕਮੁ ਪਛਾਣੈ ਖਸਮ ਕਾ; ਤਾ ਸਚੁ ਪਾਵੈ ਕੋਇ ॥

ਜਦ ਕੋਈ ਖਸਮ = ਮਾਲਕ ਪਰਮੇਸ਼ਰ ਕਾ = ਦਾ ਹੁਕਮ ਮੰਨਣਾ ਪਛਾਣੈ = ਪਛਾਣਦਾ ਹੈ, ਤਾ = ਤਦ ਹੀ ਕੋਇ = ਕੋਈ ਸੱਚ ਸਰੂਪ ਨੂੰ ਪਾਵੈ = ਪਾਉਣਾ ਕਰਦਾ ਹੈ।

## ਗੁਰਮੁਖਿ ਆਪੁ ਪਛਾਣੀਐ; ਬੁਰਾ ਨ ਦੀਸੈ ਕੋਇ ॥

ਗੁਰਮੁਖਾਂ ਦੀ ਸੰਗਤ ਕਰਕੇ ਜਾਂ ਗੁਰਮੁਖਿ = ਮੁਖੀ ਗੁਰਾਂ ਦੇ ਉਪਦੇਸ਼ ਦੁਆਰਾ ਆਪੁ = ਆਪਣੇ ਆਤਮ ਸਰੂਪ ਦੀ ਪਛਾਣੀਐ = ਪਹਿਚਾਣ ਕਰੀਏ, ਫੇਰ ਕੋਇ = ਕੋਈ ਵੀ ਬੁਰਾ = ਭੈੜਾ ਨ = ਨਹੀਂ ਦੀਸੈ = ਦਿਸੇਗਾ।

## ਨਾਨਕ, ਗੁਰਮੁਖਿ ਨਾਮੁ ਧਿਆਈਐ; ਸਹਿਲਾ ਆਇਆ ਸੋਇ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਮੁਖ ਬਣ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਈਐ = ਧਿਆਉਣਾ ਕਰੀਏ, ਜੋ ਨਾਮ ਨੂੰ ਧਿਆਉਂਦਾ ਹੈ, ਸੋਇ = ਉਹ ਪੁਰਖ ਸਹਿਲਾ (ਸਹਿ + ਲਾ) ਸਹਿਤ ਲਾਭ ਦੇ ਸੰਸਾਰ ਵਿਚ ਆਇਆ ਹੋਇਆ ਹੈ **ਵਾ:** ਉਸ ਦਾ ਸੰਸਾਰ ਵਿਚ ਆਇਆ = ਆਉਣਾ ਸਹਿਲਾ = ਸਫਲਾ ਹੈ ॥੧॥

## ਮਃ ੪ ॥

## ਸਭਨਾ ਦਾਤਾ ਆਪਿ ਹੈ; ਆਪੇ ਮੇਲਣਹਾਰੁ ॥

ਸਭਨਾ = ਸਾਰਿਆਂ ਦਾ ਦਾਤਾ ਇਕ ਪਰਮੇਸ਼ਰ ਆਪ ਹੀ ਹੈ ਅਤੇ ਆਪੇ = ਆਪ ਹੀ ਗੁਰਾਂ ਦੁਆਰਾ ਆਪਣੇ ਸਰੂਪ ਨਾਲ ਮੇਲਣਹਾਰੁ = ਮੇਲਣ ਵਾਲਾ ਹੈ।

## ਨਾਨਕ, ਸਬਦਿ ਮਿਲੇ ਨ ਵਿਛੁੜਹਿ; ਜਿਨਾ ਸੇਵਿਆ ਹਰਿ ਦਾਤਾਰੁ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਦਾਤਾਰੁ = ਦਾਤਾਂ ਦੇਣ ਵਾਲੇ ਹਰਿ = ਪਰਮੇਸ਼ਰ ਨੂੰ ਸੇਵਿਆ = ਸੇਵਨਾ ਕੀਤਾ ਹੈ, ਉਹ ਸਬਦਿ = ਬ੍ਰਹਮ ਵਿਚ ਮਿਲੇ = ਅਭੇਦ ਹੋਏ ਕਦੇ ਵੀ ਵਿਛੁੜਹਿ = ਵਿੱਛੜਦੇ ਨਹੀਂ ਹਨ **ਵਾ:** ਗੁਰਾਂ ਦੇ ਸਬਦਿ = ਉਪਦੇਸ਼ ਵਿਚ ਮਿਲੇ ਹੋਏ ਵਾਹਿਗੁਰੂ ਨਾਲੋਂ ਕਦੇ ਵੀ ਵਿੱਛੜਦੇ ਨਹੀਂ ਹਨ ॥੨॥

## ਪਉੜੀ ॥

## ਗੁਰਮੁਖਿ ਹਿਰਦੈ ਸਾਂਤਿ ਹੈ; ਨਾਉ ਉਗਵਿ ਆਇਆ ॥

ਗੁਰਮੁਖ ਜਨਾਂ ਦੇ ਹਿਰਦੈ = ਚਿੱਤ ਵਿਚ ਆਤਮਿਕ ਸਾਂਤਿ = ਸ਼ਾਂਤੀ ਹੁੰਦੀ ਹੈ ਕਿਉਂਕਿ ਉਹਨਾਂ ਦੇ ਅੰਦਰ

ਪਰਮੇਸ਼ਰ ਦੇ ਨਾਉ = ਨਾਮ ਦਾ ਮੰਨਣਾ ਕਰਨਾ ਉਗਵਿ = ਉੱਗ ਆਇਆ ਹੈ **ਵਾ:** ਪਰਮੇਸ਼ਰ ਦਾ ਨਾਮ ਹਿਰਦੇ ਵਿਚ ਉਗਵਿ = ਪ੍ਰਗਟ ਹੋ ਆਇਆ ਹੈ, ਅਤੇ :

## ਜਪ ਤਪ ਤੀਰਥ ਸੰਜਮ ਕਰੇ; ਮੇਰੇ ਪ੍ਰਭ ਭਾਇਆ ॥

ਉਨ੍ਹਾਂ ਗੁਰਮੁਖ ਜਨਾਂ ਨੇ ਜਪ, ਤਪ, ਤੀਰਥ ਯਾਤਰਾ, ਸੰਜਮ = ਇੰਦਰੀਆਂ ਦਾ ਦਮਨ ਆਦਿ ਸਾਰੇ ਸਾਧਨ ਕਰੇ = ਕਰ ਲਏ ਹਨ, ਭਾਵ ਉਨ੍ਹਾਂ ਨੂੰ ਇਹਨਾਂ ਸਭ ਸਾਧਨਾਂ ਦਾ ਫਲ ਪਰਮੇਸ਼ਰ ਦੇ ਨਾਮ ਦਾ ਮੰਨਣ ਕਰਕੇ ਹੀ ਪ੍ਰਾਪਤ ਹੋ ਗਿਆ ਹੈ ਕਿਉਂਕਿ ਮੇਰੇ ਪ੍ਰਭ = ਪਰਮੇਸ਼ਰ ਨੂੰ ਨਾਮ ਦਾ ਮੰਨਣ ਕਰਨ ਵਾਲੇ ਹੀ ਭਾਇਆ = ਭਾਉਂਦੇ ਹਨ।

## ਹਿਰਦਾ ਸੁਧੁ ਹਰਿ ਸੇਵਦੇ; ਸੋਹਹਿ ਗੁਣ ਗਾਇਆ ॥

ਗੁਰਮੁਖ ਜਨਾਂ ਦਾ ਹਿਰਦਾ = ਚਿੱਤ ਸੁਧੁ = ਨਿਰਮਲ ਹੁੰਦਾ ਹੈ ਕਿਉਂਕਿ ਉਹ ਹਰ ਵਕਤ ਹਰਿ = ਪਰਮੇਸ਼ਰ ਦਾ ਸੇਵਦੇ = ਸੇਵਨ ਕਰਦੇ ਰਹਿੰਦੇ ਹਨ ਅਤੇ ਉਹ ਪਰਮੇਸ਼ਰ ਦੇ ਜੱਸ ਰੂਪ ਗੁਣਾਂ ਨੂੰ ਗਾਇਆ = ਗਾਉਂਦੇ ਹੋਏ ਸੋਹਹਿ = ਸ਼ੋਭਨੀਕ ਹੁੰਦੇ ਹਨ।

## ਮੇਰੇ ਹਰਿ ਜੀਉ ਏਵੈ ਭਾਵਦਾ; ਗੁਰਮੁਖਿ ਤਰਾਇਆ ॥

ਮੇਰੇ ਹਰਿ = ਪਰਮੇਸ਼ਰ ਜੀਉ = ਜੀ ਨੂੰ ਏਵੈ = ਇਸ ਪ੍ਰਕਾਰ ਕਰਨਾ ਹੀ ਭਾਵਦਾ = ਭਾਉਂਦਾ ਹੈ ਕਿ ਉਸ ਨੇ ਗੁਰਮੁਖ ਜਨਾਂ ਨੂੰ ਗੁਰ ਉਪਦੇਸ਼ ਦੁਆਰਾ ਆਪਣਾ ਨਾਮ ਜਪਾ ਕੇ ਸੰਸਾਰ-ਸਮੁੰਦ੍ਰ ਤੋਂ ਤਰਾਇਆ = ਤਰਾਉਣਾ ਕੀਤਾ ਹੈ **ਵਾ:** ਗੁਰਮੁਖ ਜਨ ਆਪ ਤਾਂ ਤਰਦੇ ਹਨ, ਉਨ੍ਹਾਂ ਨੇ ਹੋਰਨਾਂ ਜੀਵਾਂ ਨੂੰ ਵੀ ਜਹਾਜ਼ ਦੀ ਨਿਆਈਂ ਬਣ ਕੇ ਸੰਸਾਰ-ਸਮੁੰਦ੍ਰ ਤੋਂ ਤਰਾ ਦਿੱਤਾ ਹੈ।

## ਨਾਨਕ, ਗੁਰਮੁਖਿ ਮੇਲਿਅਨੁ; ਹਰਿ ਦਰਿ ਸੋਹਾਇਆ ॥੧੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਆਪ ਗੁਰਾਂ ਦੁਆਰਾ ਗੁਰਮੁਖ ਜਨਾਂ ਨੂੰ ਆਪਣੇ ਸਰੂਪ ਨਾਲ ਮੇਲਿਅਨੁ = ਮੇਲਣਾ ਕਰਦਾ ਹੈ, ਇਸ ਕਰਕੇ ਉਹ ਹਰਿ = ਪਰਮੇਸ਼ਰ ਦੇ ਦਰਿ = ਦੁਆਰੇ, ਦਰਬਾਰ ਵਿਚ ਸੋਹਾਇਆ = ਸ਼ੋਭਨੀਕ ਹੋ ਰਹੇ ਹਨ ॥੧੮॥

## ਸਲੋਕ ਮਃ ੧ ॥

## ਧਨਵੰਤਾ ਇਵ ਹੀ ਕਹੈ; ਅਵਰੀ ਧਨ ਕਉ ਜਾਉ ॥

ਧਨਵੰਤਾ = ਧਨਵਾਨ ਪੁਰਖ ਇਵ = ਇਸ ਪ੍ਰਕਾਰ ਹੀ ਕਹੈ = ਕਹਿੰਦਾ ਹੈ ਕਿ ਮੈਂ ਅਵਰੀ = ਹੋਰ ਧਨ ਕਉ = ਨੂੰ ਲੈਣ ਵਾਸਤੇ ਜਾਉ = ਜਾਵਾਂ।

## ਨਾਨਕੁ, ਨਿਰਧਨੁ ਤਿਤੁ ਦਿਨਿ; ਜਿਤੁ ਦਿਨਿ ਵਿਸਰੈ ਨਾਉ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੀਵ ਤਿਤੁ = ਉਸੇ ਦਿਨ ਹੀ ਨਿਰਧਨੁ = ਕੰਗਾਲ ਹੋ ਜਾਂਦਾ ਹੈ, ਜਿਤੁ = ਜਿਸ ਦਿਨ ਜੀਵ ਨੂੰ ਪਰਮੇਸ਼ਰ ਦਾ ਨਾਉ = ਨਾਮ ਵਿਸਰੈ = ਭੁੱਲ ਜਾਂਦਾ ਹੈ ॥੧॥

## ਮਃ ੧ ॥

## ਸੂਰਜੁ ਚੜੈ ਵਿਜੋਗਿ; ਸਭਸੈ ਘਟੈ ਆਰਜਾ ॥

ਸੂਰਜ ਦੇ ਚੜੈ = ਚੜ੍ਹਨ ਤੇ ਵਿਜੋਗਿ = ਵਿੱਛੜਨ ਭਾਵ ਛਿਪਣੇ ਕਰਕੇ (ਦਿਨ ਰਾਤ ਬਤੀਤ ਹੋ ਜਾਣ ਕਰਕੇ) ਸਭਸੈ = ਸਾਰਿਆਂ ਦੀ ਆਰਜਾ = ਉਮਰ ਘਟੈ = ਘਟਦੀ ਜਾ ਰਹੀ ਹੈ।

## ਤਨੁ ਮਨੁ ਰਤਾ ਭੋਗਿ; ਕੋਈ ਹਾਰੈ, ਕੋ ਜਿਣੈ ॥

ਜੀਵਾਂ ਦਾ ਤਨੁ = ਸਰੀਰ ਤੇ ਮਨੁ = ਚਿੱਤ ਹਰ ਵਕਤ ਭੋਗਿ = ਭੋਗਾਂ ਦੇ ਭੋਗਣ ਵਿਚ ਰਤਾ = ਰੰਗਿਆ ਹੋਇਆ ਹੈ, ਭੋਗਾਂ ਵਿਚ ਫਸਣ ਵਾਲਾ ਕੋਈ ਜੀਵ ਇਸ ਦੁਨੀਆਂ ਤੋਂ ਮਨੁੱਖਾ ਜਨਮ ਦੀ ਬਾਜ਼ੀ ਹਾਰੈ = ਹਾਰ ਕੇ ਜਾਂਦਾ ਹੈ ਅਤੇ ਭੋਗਾਂ ਤੋਂ ਵੈਰਾਗ ਕਰਨ ਵਾਲਾ ਕੋ = ਕੋਈ ਜੀਵ ਇਸ ਸੰਸਾਰ ਤੋਂ ਮਨੁੱਖਾ ਜਨਮ ਦੀ ਬਾਜ਼ੀ ਨੂੰ ਜਿਣੈ = ਜਿੱਤ ਕੇ ਜਾਂਦਾ ਹੈ।

## ਸਭੁ ਕੋ ਭਰਿਆ ਫੂਕਿ; ਆਖਣਿ ਕਹਣਿ ਨ ਥੰਮ੍ੀਐ ॥

ਸਭ ਕੋ = ਕੋਈ ਪ੍ਰਾਣਾਂ ਰੂਪੀ ਫੂਕਿ = ਫੂਕਣੀ ਨਾਲ ਭਰਿਆ ਹੋਇਆ ਹੈ, ਆਖਣਿ = ਅਖਿਆਣਾਂ ਦੇ ਕਹਣਿ = ਕਥਨ ਕਰਨ ਨਾਲ ਜਾਂ ਆਖਣ ਵਾਲੇ ਹੋ ਕੇ ਵਾਕਾਂ ਨੂੰ ਕਹਿਣ ਨਾਲ ਵੀ ਸੁਆਸਾਂ ਰੂਪੀ ਫੂਕਣੀ ਨ = ਨਹੀਂ ਥੰਮ੍ੀਐ = ਰੁਕਦੀ ਭਾਵ ਜਾਗ੍ਰਤ, ਸੁਪਨ, ਸੁਖੋਪਤ ਤਿੰਨੇ ਅਵਸਥਾ ਵਿਚ ਚੱਲਦੀ ਹੀ ਰਹਿੰਦੀ ਹੈ।

## ਨਾਨਕ ਵੇਖੈ ਆਪਿ; ਫੂਕ ਕਢਾਏ ਢਹਿ ਪਵੈ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੇਰਾ ਪਰਮੇਸ਼ਰ ਆਪ ਹੀ ਵੇਖੈ = ਦੇਖ ਰਿਹਾ ਹੈ, ਜਦੋਂ ਉਹ ਜੀਵ ਦੀ ਸੁਆਸਾਂ ਰੂਪੀ ਫੂਕ ਜਮਾਂ ਦੇ ਪਾਸੋਂ ਕਢਾਏ = ਕਢਾਉਣਾ ਕਰਦਾ ਹੈ, ਤਦੋਂ ਜੀਵ ਦਾ ਸਰੀਰ ਮੁਰਦਾ ਹੋ ਕੇ ਢਹਿ = ਡਿੱਗ ਪਵੈ = ਪੈਂਦਾ ਹੈ, ਭਾਵ ਨਾਸ਼ ਹੋ ਜਾਂਦਾ ਹੈ।

**ਅਥਵਾ** ਸਭ ਕੋਈ ਹੰਕਾਰ ਰੂਪੀ ਫੂਕਣੀ ਦੇ ਨਾਲ ਭਰਿਆ ਹੋਇਆ ਹੈ, ਬਹੁਤੇ ਆਖਣਿ = ਅਖਿਆਣਾਂ ਦੇ ਕਥਨ ਕਰਨ ਨਾਲ ਵੀ ਹੰਕਾਰ ਰੂਪੀ ਫੂਕਣੀ ਰੁਕਦੀ ਨਹੀਂ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਦ ਮੇਰਾ ਪਰਮੇਸ਼ਰ ਆਪ ਕਿਰਪਾ ਦ੍ਰਿਸ਼ਟੀ ਕਰ ਕੇ ਜੀਵ ਵੱਲ ਵੇਖ ਲੈਣਾ ਕਰੇ, ਫੇਰ ਜੀਵ ਗੁਰਾਂ ਦੇ ਚਰਨਾਂ ਉੱਤੇ ਉਪਦੇਸ਼ ਲੈਣ ਲਈ ਡਿੱਗ ਪੈਂਦਾ ਹੈ ਅਤੇ ਗੁਰਾਂ ਦੁਆਰਾ ਆਪਣੇ ਹਿਰਦੇ ਵਿਚ ਹੰਕਾਰ ਰੂਪੀ ਫੂਕਣੀ ਨੂੰ ਬਾਹਰ ਕਢਾਏ = ਕਢਾ ਲੈਂਦਾ ਹੈ॥੨॥

## ਪਉੜੀ ॥

## ਸਤਸੰਗਤਿ ਨਾਮੁ ਨਿਧਾਨੁ ਹੈ; ਜਿਥਹੁ ਹਰਿ ਪਾਇਆ ॥

ਸਤਿਸੰਗਤ ਦੇ ਵਿਚ ਪ੍ਰਭੂ ਪ੍ਰਾਪਤੀ ਵਾਲਾ ਨਾਮ ਰੂਪੀ ਨਿਧਾਨੁ = ਖ਼ਜ਼ਾਨਾ ਹੈ, ਜਿਥਹੁ = ਜਿਥੋਂ ਹਰਿ = ਪਰਮੇਸ਼ਰ ਨੂੰ ਪਾਇਆ ਜਾਂਦਾ ਹੈ।

[ਅੰਗ ੧੨੪੫]

## ਗੁਰਪਰਸਾਦੀ ਘਟਿ ਚਾਨਣਾ; ਆਨ੍ੇਰੁ ਗਵਾਇਆ ॥

ਗੁਰ = ਸਤਿਗੁਰੂ ਦੀ ਪਰਸਾਦੀ = ਕਿਰਪਾ ਕਰ ਕੇ ਘਟਿ = ਹਿਰਦੇ ਵਿਚ ਗਿਆਨ ਦਾ ਚਾਨਣਾ = ਪ੍ਰਕਾਸ਼

ਹੁੰਦਾ ਹੈ ਅਤੇ ਗੁਰੂ ਸਾਹਿਬ ਜੀ ਨੇ ਅਗਿਆਨ ਰੂਪ ਆਨੇ੍ਰੁ = ਹਨੇਰਾ ਵੀ ਅੰਦਰੋਂ ਗਵਾਇਆ = ਗਵਾ ਦਿੱਤਾ ਹੈ।

## ਲੋਹਾ ਪਾਰਸਿ ਭੇਟੀਐ; ਕੰਚਨੁ ਹੋਇ ਆਇਆ ॥

ਜਿਵੇਂ ਲੋਹਾ ਪਾਰਸ ਦੇ ਨਾਲ ਭੇਟੀਐ = ਮਿਲਣੇ ਕਰਕੇ ਕੰਚਨੁ = ਸੋਨਾ ਹੋਇ = ਹੋ ਆਇਆ = ਆਉਂਦਾ ਹੈ, ਇਸੇ ਪ੍ਰਕਾਰ ਲੋਭੀ ਪੁਰਖ ਦਾ ਮਨ ਰੂਪੀ ਲੋਹਾ ਗੁਰੂ ਉਪਦੇਸ਼ ਰੂਪੀ ਪਾਰਸ ਦੇ ਨਾਲ ਮਿਲ ਕੇ ਕੰਚਨ ਵਤ ਸ਼ੁਧ ਬ੍ਰਹਮ ਦਾ ਰੂਪ ਹੋ ਆਉਂਦਾ ਹੈ।

## ਨਾਨਕ, ਸਤਿਗੁਰਿ ਮਿਲਿਐ, ਨਾਉ ਪਾਈਐ; ਮਿਲਿ ਨਾਮੁ ਧਿਆਇਆ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਸੇ ਤਰ੍ਹਾਂ ਪੂਰੇ ਸਤਿਗੁਰਾਂ ਦੇ ਨਾਲ ਮਿਲਿਐ = ਮਿਲਣੇ ਕਰਕੇ ਨਾਉ = ਨਾਮ ਅੰਮ੍ਰਿਤ ਨੂੰ ਪਾਈਏ = ਪਾਉਣਾ ਕਰੀਦਾ ਹੈ ਅਤੇ ਗੁਰਾਂ ਨਾਲ ਮਿਲ ਕੇ ਹੀ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕਰੀਦਾ ਹੈ **ਵਾ:** ਜੋ ਪੁਰਖ ਗੁਰਾਂ ਨਾਲ ਮਿਲਿਆ ਹੈ, ਉਸ ਨੇ ਪ੍ਰਭੂ ਨਾਮ ਨੂੰ ਧਿਆਉਣਾ ਕੀਤਾ ਹੈ **ਵਾ:** ਜਿਸ ਨੇ ਪੂਰੇ ਸਤਿਗੁਰਾਂ ਨਾਲ ਮਿਲ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਉਸ ਦਾ ਮਨ ਰੂਪੀ ਲੋਹਾ ਗੁਰ ਉਪਦੇਸ਼ ਰੂਪੀ ਪਾਰਸ ਨਾਲ ਮਿਲ ਕੇ ਕੰਚਨ ਵਤ ਸ਼ੁੱਧ ਹੋ ਆਉਂਦਾ ਹੈ।

## ਜਿਨ ਕੈ ਪੋਤੈ ਪੁੰਨੁ ਹੈ; ਤਿਨੀ ਦਰਸਨੁ ਪਾਇਆ ॥੧੯॥

ਜਿਨ = ਜਿਨ੍ਹਾਂ ਕੈ = ਦੇ ਰਿਦੇ ਰੂਪੀ ਪੋਤੈ = ਖ਼ਜ਼ਾਨੇ ਜਾਂ ਬੁੱਧ ਰੂਪੀ ਪੋਤੈ = ਪੱਲੇ ਵਿਚ ਪੂਰਬਲੇ ਨਿਸ਼ਕਾਮ ਕਰਮ ਜਮ੍ਹਾਂ ਹੈ = ਹਨ, ਤਿਨੀ = ਉਨ੍ਹਾਂ ਨੇ ਮਨੁੱਖਾ ਜਨਮ ਪਾ ਕੇ ਪਰਮੇਸ਼ਰ ਦੇ ਦਰਸਨੁ = ਦੀਦਾਰ ਨੂੰ ਪਾਇਆ = ਪਾਉਣਾ ਕੀਤਾ ਹੈ ॥੧੯॥

## ਸਲੋਕ ਮਃ ੧ ॥

**ਉਥਾਨਕਾ** : ਜਿਸ ਵਕਤ ਸਾਤਿਗੁਰੂ ਸਾਹਿਬ ਜੀ ਸੁਲਤਾਨਪੁਰ ਸਾਹਿਬ ਵਿਚ ਮੋਦੀਖ਼ਾਨਾ ਲੁਟਾ ਕੇ ਆਪ ਮਸਾਣਾਂ ਵਿਚ ਜਾ ਬੈਠੇ ਸਨ, ਤਦ ਕੁਝ ਪੁਰਖਾਂ ਨੇ ਨਵਾਬ ਕੋਲ ਜਾ ਕੇ ਕਿਹਾ ਕਿ ਹੁਣ ਮੋਦੀਖ਼ਾਨੇ ਵਿਚ ਬਹੁਤ ਘਾਟਾ ਹੋ ਗਿਆ ਹੈ, ਜੈ ਰਾਮ ਜੀ ਨੂੰ ਬੁਲਾ ਕੇ ਉਨ੍ਹਾਂ ਕੋਲੋਂ ਹਰਜਾਨਾ ਭਰਵਾਉ। ਨਵਾਬ ਨੇ ਉਸੇ ਵੇਲੇ ਆਪਣੇ ਨੌਕਰ ਭੇਜ ਕੇ ਜੈ ਰਾਮ ਨੂੰ ਆਪਣੇ ਕੋਲ ਬੁਲਾਇਆ ਅਤੇ ਕਹਿਣ ਲੱਗਾ ਕਿ ਮੋਦੀਖ਼ਾਨੇ ਦਾ ਹਿਸਾਬ ਪੂਰਾ ਕਰ ਕੇ ਵਿਖਾਉ।

ਜੈ ਰਾਮ ਨੇ ਕਿਹਾ ਕਿ ਮੈਂ ਇਕ ਵਾਰ ਨਾਨਕ ਕੋਲ ਜਾ ਆਵਾਂ, ਫੇਰ ਮੈਂ ਆ ਕੇ ਹਿਸਾਬ ਦਿੰਦਾ ਹਾਂ। ਜਦ ਜੈ ਰਾਮ ਜੀ ਨੇ ਸਤਿਗੁਰਾਂ ਦੇ ਕੋਲ ਆ ਕੇ ਮੋਦੀਖ਼ਾਨੇ ਦੇ ਹਿਸਾਬ ਦਾ ਜ਼ਿਕਰ ਕੀਤਾ ਤਾਂ ਗੁਰੂ ਜੀ ਨੇ ਜੈ ਰਾਮ ਦੇ ਨਾਲ ਆ ਕੇ ਨਵਾਬ ਨੂੰ ਕਿਹਾ, "ਨਵਾਬ ਜੀ, ਆਪਣੇ ਮੁਨਸ਼ੀ ਨੂੰ ਕੋਲ ਬੁਲਾ ਕੇ ਹਿਸਾਬ ਕਰ ਲਵੋ।"

ਜਦ ਹਿਸਾਬ ਕੀਤਾ ਤਾਂ ੭੬੦ ਰੁਪਏ ਸਤਿਗੁਰਾਂ ਦਾ ਨਵਾਬ ਵੱਲ ਬਕਾਇਆ ਨਿਕਲ ਆਇਆ, ਉਸ ਵਕਤ ਜੈ ਰਾਮ ਜੀ ਬੜੇ ਪ੍ਰਸੰਨ ਹੋਏ, ਫਿਰ ਜਦ ਨਵਾਬ ਸਤਿਗੁਰਾਂ ਨੂੰ ੭੬੦ ਰੁਪਏ ਦੇਣ ਲੱਗਿਆ ਤਾਂ ਸਤਿਗੁਰਾਂ ਨੇ ਕਿਹਾ ਕਿ ਹੇ ਨਵਾਬ! ਇਹ ਪਰਮੇਸ਼ਰ ਦੀ ਅਮਾਨਤ ਹੈ, ਇਸ ਲਈ ਇਨ੍ਹਾਂ ਰੁਪਿਆਂ ਨਾਲ ਫ਼ਕੀਰਾਂ ਲਈ ਲੰਗਰ ਚਲਾ ਦੇਣਾ ਜਾਂ ਫ਼ਕੀਰਾਂ ਨੂੰ ਵੰਡ ਦੇਣੇ। ਇਤਨੀ ਗੱਲ ਕਹਿ ਕੇ ਸਤਿਗੁਰੂ ਜੀ ਫੇਰ ਮਸਾਣਾਂ ਵਿਚ ਜਾ ਬੈਠੇ, ਜਦ ਇਹ ਖ਼ਬਰ ਸਤਿਗੁਰਾਂ ਦੇ ਸਹੁਰੇ ਮੂਲ ਚੰਦ ਨੇ ਸੁਣੀ ਤਾਂ ਉਸ ਨੇ ਨਵਾਬ

ਦੇ ਕੋਲ ਆ ਕੇ ਫ਼ਰਿਆਦ ਕੀਤੀ ਕਿ ਜਿਹੜਾ ਮੋਦੀਖ਼ਾਨੇ ਵਿੱਚੋਂ ਹਿਸਾਬ ਕਿਤਾਬ ਕਰ ਕੇ ੭੬੦ ਰੁਪਏ ਦਾ ਵਾਧਾ ਨਿਕਲਿਆ ਹੈ, ਉਹ (ਗੁਰੂ) ਨਾਨਕ ਦੇ ਪੁੱਤਰਾਂ ਨੂੰ ਦਿੱਤਾ ਜਾਵੇ।

ਇਹ ਸੁਣ ਕੇ ਨਵਾਬ ਨੇ ਪੁੱਛਿਆ, "ਤੂੰ ਕੌਣ ਹੈਂ ?"

ਮੂਲ ਚੰਦ ਕਹਿਣ ਲੱਗਾ ਕਿ ਮੈਂ ਤੇਰੇ ਮੋਦੀ ਨਾਨਕ ਦਾ ਸਹੁਰਾ ਹਾਂ।

ਤਦ ਨਵਾਬ ਕਹਿਣ ਲੱਗਿਆ, "ਹੇ ਮੂਲ ਚੰਦ! ਮੇਰੇ ਮੋਦੀ ਨਾਨਕ ਨੇ ਤਾਂ ਉਹ ਰੁਪਏ ਫ਼ਕੀਰਾਂ ਨੂੰ ਖੁਵਾਉਣ ਵਾਸਤੇ ਮੇਰੇ ਕੋਲ ਅਮਾਨਤ ਵਜੋਂ ਰੱਖੇ ਹਨ, ਇਸ ਲਈ ਮੈਂ ਤੈਨੂੰ ਉਹ ਰੁਪਏ ਕਿਸ ਤਰ੍ਹਾਂ ਦੇ ਦੇਵਾਂ ?"

ਅੱਗੋਂ ਮੂਲ ਚੰਦ ਕਹਿਣ ਲੱਗਾ, "ਨਵਾਬ ਜੀ, ਨਾਨਕ ਤਾਂ ਹੁਣ ਬਾਵਰਾ ਹੋ ਕੇ ਸੰਸਾਰ ਤੋਂ ਉਪਰਾਮ ਹੋ ਕੇ ਮਸਾਣਾਂ ਵਿਚ ਜਾ ਬੈਠਾ ਹੈ। ਉਸ ਨੇ ਆਪਣੇ ਪਰਿਵਾਰ ਵਾਸਤੇ ਕੁਝ ਵੀ ਨਹੀਂ ਬਣਾਇਆ। ਇਹ ਗੱਲ ਸੁਣ ਕੇ ਨਾਵਬ ਚਿੰਤਾਵਾਨ ਹੋ ਕੇ ਸੋਚਣ ਲੱਗਾ ਅਤੇ ਆਪਣੇ ਸਲਾਹਕਾਰਾਂ ਨੂੰ ਪੁੱਛਣ ਲੱਗਾ ਕਿ ਹੁਣ ਕੀ ਕਰਨਾ ਚਾਹੀਦਾ ਹੈ। ਨਵਾਬ ਦੇ ਕੋਲ ਬੈਠੇ ਇਕ ਯਾਰ ਖ਼ਾਂ ਨੇ ਕਿਹਾ ਕਿ ਜੇਕਰ ਨਾਨਕ ਬਾਵਰਾ ਹੋ ਗਿਆ ਹੈ ਜਾਂ ਉਸ ਨੂੰ ਭੂਤਨਾ ਚਿੰਬੜਿਆ ਹੋਇਆ ਹੈ ਤਾਂ ਇਸ ਗੱਲ ਦੇ ਨਿਸਚੇ ਹੋ ਜਾਣ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਧਨ ਦੇ ਦੇਣਾ ਚਾਹੀਦਾ ਹੈ, ਜੇਕਰ ਨਾਨਕ ਬੁੱਧੀ ਦੇ ਸਹਿਤ ਹੈ ਤਾਂ ਉਸ ਨੂੰ ਪੁੱਛ ਲੈਣਾ ਚਾਹੀਦਾ ਹੈ। ਇਹ ਗੱਲ ਸੁਣ ਕੇ ਨਵਾਬ ਨੇ ਕਾਜ਼ੀ ਤੇ ਮੁੱਲਾਂ ਨੂੰ ਆਪਣੇ ਕੋਲ ਬੁਲਾ ਕੇ (ਗੁਰੂ) ਨਾਨਕ ਵੱਲ ਭੇਜਿਆ, ਜਦ ਮੁੱਲਾਂ ਗੁਰੂ ਜੀ ਵੱਲ ਚੱਲਿਆ ਤਾਂ ਸ਼ਹਿਰ ਦੇ ਲੋਕ ਵੀ ਨਾਲ ਹੀ ਚੱਲ ਪਏ ਕਿ ਨਾਨਕ ਵਿਚ ਭੂਤ ਵੜਿਆ ਹੋਇਆ ਹੈ, ਕਾਜ਼ੀ ਤੇ ਮੁੱਲਾਂ ਨੇ ਸਤਿਗੁਰਾਂ ਦੇ ਕੋਲ ਆ ਕੇ ਜੰਤਰ-ਮੰਤਰ ਪੜ੍ਹ ਕੇ ਵੱਟੀ ਆਦਿ ਵੱਟ ਕੇ ਜਦ ਅੱਗ ਲਾ ਕੇ ਗੁਰੂ ਸਾਹਿਬ ਜੀ ਦੇ ਨੱਕ ਕੋਲ ਧੂੰਆਂ ਦੇਣਾ ਕੀਤਾ, ਤਦ ਸਤਿਗੁਰਾਂ ਦੀ ਸਮਾਧੀ ਖੁੱਲ੍ਹੀ ਅਤੇ ਸਤਿਗੁਰਾਂ ਨੇ ਮੁੱਲਾਂ ਤੇ ਕਾਜ਼ੀ ਨੂੰ ਉਪਦੇਸ਼ ਦਿੰਦਿਆਂ ਅਨੇਕਾਂ ਸ਼ਬਦ ਉਚਾਰਨ ਕੀਤੇ, ਜਿਨ੍ਹਾਂ ਵਿੱਚੋਂ ਇਕ ਇਹ ਸ਼ਬਦ ਵੀ ਹੈ।

## ਧ੍ਰਿਗੁ ਤਿਨਾ ਕਾ ਜੀਵਿਆ; ਜਿ ਲਿਖਿ ਲਿਖਿ ਵੇਚਹਿ ਨਾਉ ॥

ਤਿਨਾ = ਉਨ੍ਹਾਂ ਪੁਰਖਾਂ ਕਾ = ਦਾ ਜੀਵਿਆ = ਜਿਉਣਾ ਧ੍ਰਿਗੁ = ਧ੍ਰਿਕਾਰਯੋਗ ਹੈ ਜਿ = ਜਿਹੜੇ ਕਾਗ਼ਜ਼ਾਂ ਉੱਤੇ ਜੰਤਰਾਂ-ਮੰਤਰਾਂ ਦੇ ਰੂਪ ਵਿਚ ਲਿਖ ਲਿਖ ਕੇ ਪਰਮੇਸ਼ਰ ਦੇ ਨਾਉ = ਨਾਮ ਨੂੰ ਵੇਚਹਿ = ਵੇਚਦੇ ਹਨ।

## ਖੇਤੀ ਜਿਨ ਕੀ ਉਜੜੈ; ਖਲਵਾੜੇ ਕਿਆ ਥਾਉ ॥

ਜਿਨ = ਜਿਨ੍ਹਾਂ ਕੀ = ਦੀ ਪ੍ਰਤੱਖ ਖੇਤੀ ਉਜੜੈ = ਉੱਜੜ ਜਾਂਦੀ ਹੈ, ਉਨ੍ਹਾਂ ਦੇ ਖਲਵਾੜਿਆਂ ਨੂੰ ਕਿਆ = ਕਿਹੜੀ ਥਾਉ = ਥਾਂ ਹੈ।

ਇਸੇ ਪ੍ਰਕਾਰ ਜਿਨ੍ਹਾਂ ਦੀ ਸ਼ੁਭ ਗੁਣਾਂ ਰੂਪੀ **ਵਾ:** ਸ਼ਰਧਾ ਰੂਪੀ ਖੇਤੀ ਉੱਜੜ ਗਈ ਹੈ, ਭਾਵ ਲੋਕਾਂ ਨੂੰ ਜੰਤਰ-ਮੰਤਰ ਦੇ ਰੂਪ ਵਿਚ ਨਾਮ ਨੂੰ ਵੇਚ ਦਿੱਤਾ ਹੈ, ਉਨ੍ਹਾਂ ਨੂੰ ਪ੍ਰਲੋਕ ਰੂਪੀ ਖਲਵਾੜੇ ਵਿਚ ਕੀ ਥਾਂ ਮਿਲੇਗੀ, ਭਾਵ ਨਹੀਂ ਮਿਲੇਗੀ।

## ਸਚੈ ਸਰਮੈ ਬਾਹਰੇ; ਅਗੈ ਲਹਹਿ ਨ ਦਾਦਿ ॥

ਜਿਹੜੇ ਪੁਰਖ ਸਚੈ = ਸੱਚੇ ਪਰਮੇਸ਼ਰ ਦੀ ਸਰਮੈ = ਲੱਜਾ **ਵਾ:** ਸੱਚੇ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਸਰਮੈ = ਵੈਰਾਗ ਤੋਂ ਬਾਹਰੇ = ਬਗ਼ੈਰ ਹਨ, ਉਹ ਅਗੈ = ਪ੍ਰਲੋਕ ਵਿਚ ਜਾ ਕੇ ਦਾਦਿ = ਇਨਸਾਫ਼ ਅਨੁਸਾਰ ਸੁਖ ਨਹੀਂ ਲਹਹਿ = ਲੈ, ਪ੍ਰਾਪਤ ਕਰ ਸਕਦੇ **ਵਾ:** ਭਾਵੇਂ ਉਹ ਦੇਵੀ-ਦੇਵਤਿਆਂ ਦੇ ਅੱਗੇ ਫ਼ਰਿਆਦ ਕਰਦੇ ਰਹਿਣ, ਫੇਰ ਵੀ ਦਾਤਿ = ਨਿਆਂ (ਇਨਸਾਫ਼) ਨ = ਨਹੀਂ ਲਹਹਿ = ਲੈ, ਪ੍ਰਾਪਤ ਕਰ ਸਕਦੇ।

## ਅਕਲਿ ਏਹ ਨ ਆਖੀਐ; ਅਕਲਿ ਗਵਾਈਐ ਬਾਦਿ ॥

ਇਹ ਅਕਲ ਨਹੀਂ ਆਖੀਐ = ਕਹੀਦੀ, ਜੋ ਅਕਲਿ = ਮੱਤ ਬਾਦਿ = ਝਗੜਿਆਂ ਜਾਂ ਬਾਦਿ = ਬੇਅਰਥ ਕਾਰਜਾਂ ਵਿਚ ਗਵਾਈਐ = ਗੁਆ ਲਈਦੀ ਹੈ।

## ਅਕਲੀ ਸਾਹਿਬੁ ਸੇਵੀਐ; ਅਕਲੀ ਪਾਈਐ ਮਾਨੁ ॥

ਜਿਸ ਅਕਲੀ = ਮੱਤੀ ਦੇ ਨਾਲ ਸਾਹਿਬੁ = ਮਾਲਕ ਪਰਮੇਸ਼ਰ ਦਾ ਸੇਵੀਐ = ਸੇਵਨ, ਸਿਮਰਨ ਕਰੀਦਾ ਹੈ ਅਤੇ ਜਿਸ ਅਕਲੀ = ਮੱਤੀਂ ਨਾਲ ਪਰਮੇਸ਼ਰ ਦੇ ਸੱਚਖੰਡ ਰੂਪੀ ਦਰਬਾਰ ਵਿਚ ਮਾਨੁ = ਆਦਰ ਪਾਈਐ = ਪਾਉਣਾ ਕਰੀਦਾ ਹੈ, ਉਹੋ ਹੀ ਅਸਲੀ ਮੱਤੀ ਹੈ ਜਾਂ ਆਤਮ ਵਿਸ਼ੈਣੀ ਮਤੀ ਹੈ।

## ਅਕਲੀ ਪੜ੍ਹਿ ਕੈ ਬੁਝੀਐ; ਅਕਲੀ ਕੀਚੈ ਦਾਨੁ ॥

ਇਹ ਅਸਲ ਮੱਤੀ ਹੈ, ਜਿਸ ਅਕਲੀ = ਮੱਤੀ ਦੇ ਨਾਲ ਬੇਦਾਂ-ਸ਼ਾਸਤਰਾਂ ਨੂੰ ਪੜ੍ਹ ਕੈ = ਕਰਕੇ ਸਿਧਾਂਤ ਸਰੂਪ ਨੂੰ ਬੁਝੀਐ = ਬੁੱਝਣਾ, ਸਮਝਣਾ ਕਰੀਦਾ ਹੈ ਅਤੇ ਜਿਸ ਅਕਲੀ = ਮੱਤੀ ਦੇ ਨਾਲ ਧਰਮ ਦੀ ਕਿਰਤ ਕਮਾਈ ਵਿੱਚੋਂ ਗ਼ਰੀਬਾਂ ਨੂੰ ਦਾਨ ਕੀਚੈ = ਕਰੀਦਾ ਹੈ।

## ਨਾਨਕੁ ਆਖੈ, ਰਾਹੁ ਏਹੁ; ਹੋਰਿ ਗਲਾਂ ਸੈਤਾਨੁ ॥੧॥

ਸਤਿਗੁਰੂ ਸਾਹਿਬ ਜੀ ਆਖੈ = ਕਥਨ ਕਰਦੇ ਹਨ ਕਿ ਏਹੁ = ਇਹ ਅਸੀਂ ਪਰਮੇਸ਼ਰ ਦੀ ਪ੍ਰਾਪਤੀ ਦਾ ਰਾਹੁ = ਰਸਤਾ ਦੱਸਿਆ ਹੈ, ਹੋਰ ਜੰਤਰ-ਮੰਤਰ ਰੂਪ ਵਿਚ ਨਾਮ ਵੇਚਣ ਜਾਂ ਬੁੱਧੀ ਦੀਆਂ ਸਿਆਣਪਾਂ ਵਾਲੀਆਂ ਗੱਲਾਂ ਸ਼ੈਤਾਨੀ ਵਾਲੀਆਂ ਹੀ ਹਨ॥੧॥

## ਮਃ ੨ ॥

ਦੂਸਰੇ ਸਤਿਗੁਰੂ ਸਾਹਿਬ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਜੀ ਪਹਿਲੇ ਸਤਿਗੁਰਾਂ ਨੇ ਪਰਮੇਸ਼ਰ ਦੇ ਨਾਮ ਨੂੰ ਜੰਤਰਾਂ-ਮੰਤਰਾਂ ਦੇ ਰੂਪ ਵਿਚ ਲਿਖ ਲਿਖ ਕੇ ਵੇਚਣ ਵਾਲਿਆਂ ਨੂੰ ਧ੍ਰਿਕਾਰ ਕਿਹਾ ਹੈ, ਕੀ ਐਸਾ ਕਰਨ ਵਾਲੇ ਪੁਰਖਾਂ ਦੀ ਕੁਝ ਨਾ ਕੁਝ ਤਾਂ ਕਰਣੀ ਜ਼ਰੂਰ ਹੁੰਦੀ ਹੋਵੇਗੀ, ਜਿਸ ਕਰਕੇ ਉਨ੍ਹਾਂ ਨੂੰ ਕੁਝ ਨਾ ਕੁਝ ਤਾਂ ਕਹਾਉਣਾ ਹੀ ਚਾਹੀਦਾ ਹੈ, ਇਹ ਸੁਣ ਕੇ ਸਤਿਗੁਰਾਂ ਨੇ ਮਹਲਾ ਉਚਾਰਨ ਕੀਤਾ :

## ਜੈਸਾ ਕਰੈ ਕਹਾਵੈ ਤੈਸਾ; ਐਸੀ ਬਨੀ ਜਰੂਰਤਿ ॥

ਜੇਕਰ ਕਿਤੇ ਐਸੀ = ਅਜਿਹੀ ਜਰੂਰਤਿ = ਲੋੜ ਬਨੀ = ਬਣ ਵੀ ਗਈ ਹੋਵੇ ਤਾਂ ਜੈਸਾ = ਜਿਹੋ ਜਿਹਾ ਕਰਮ ਕਰੈ = ਕਰਦਾ ਹੋਵੇ, ਤੈਸਾ = ਉਹੋ ਜਿਹਾ ਹੀ ਆਪਣੇ ਆਪ ਨੂੰ ਕਹਾਵੈ = ਕਹਾਉਣਾ ਕਰੇ।

## ਹੋਵਹਿ ਲਿੰਙ, ਝਿੰਙ ਨਹ ਹੋਵਹਿ; ਐਸੀ ਕਹੀਐ ਸੂਰਤਿ ॥

ਉਹ ਲਿੰਙ = ਲੱਖਣਾਂ ਦੇ ਸਹਿਤ ਹੋਵੇ, ਸਚਿਆਈ ਵੱਲੋਂ ਝਿੰਙ = ਝੜਿਆ ਨਹ = ਨਾ ਹੋਵਹਿ = ਹੋਵੇ **ਵਾ:** ਲਿੰਙ = ਮਰਦ ਭਾਵ ਸੂਰਮਾ ਹੋਵੇ, ਝਿੰਙ = ਹੀਜੜਾ ਭਾਵ ਕਾਇਰ ਨਾ ਹੋਵੇ **ਵਾ:** ਸ਼ੁਭ ਗੁਣਾਂ ਰੂਪੀ ਲਿੰਙ = ਚਿੰਨ੍ਹ ਵਾਲਾ ਹੋਵੇ ਤੇ ਝਿੰਙ = ਨਿਊਨ ਭਾਵ ਗੁਣਾਂ ਤੋਂ ਹੀਣਾ ਨਾ ਹੋਵੇ **ਵਾ:** ਸ੍ਰਵਣ ਦੇ ਖਟ ਲਿੰਙ = ਲਿੰਗਾਂ ਸਹਿਤ ਹੋਵੇ, ਝਿੰਙ = ਝੜਿਆ ਭਾਵ ਝਗੜੇ ਪਾਉਣ ਵਾਲਾ ਨਾ ਹੋਵੇ **ਵਾ:** ਸ੍ਰਵਣ ਗਿਆਨ, ਮੰਨਣ ਗਿਆਨ, ਨਿਧਿਆਸਣ ਗਿਆਨ ਅਤੇ ਤੱਤ ਤ੍ਵੰ ਦੇ ਸੰਸ਼ੋਧਨ ਗਿਆਨ ਦੇ ਲਿੰਙ = ਚਿੰਨ੍ਹਾਂ, ਲਖਣਾਂ

ਵਾਲਾ ਹੋਵੇ, ਝਿੰਝੁ = ਝੜਿਆ ਨਾ ਹੋਵੇ ਭਾਵ ਰਾਜਸੀ, ਤਾਮਸੀ, ਸਾਂਤਕੀ ਜਾਂ ਮਿਸ਼ਰਤ ਗੁਣਾਂ ਦੇ ਸਹਿਤ ਨਾ ਹੋਵੇ, ਅਗਿਆਨੀ ਨਾ ਹੋਵੇ, ਐਸੀ = ਅਜਿਹੀ ਕਰਣੀ ਵਾਲਾ ਜਾਂ ਗਿਆਨਵਾਨ ਪੁਰਖ ਸੁੰਦਰ ਸੂਰਤਿ = ਸ਼ਕਲ ਵਾਲਾ ਕਹੀਐ = ਆਖੀਦਾ ਹੈ।

## ਜੋ ਓਸੁ ਇਛੇ, ਸੋ ਫਲੁ ਪਾਏ; ਤਾਂ ਨਾਨਕ ਕਹੀਐ ਮੂਰਤਿ ॥੨॥

ਜੋ = ਜਿਹੜਾ ਕੋਈ ਹੋਰ ਪੁਰਖ ਉਸ ਗਿਆਨਵਾਨ ਮਹਾਤਮਾ (ਪੁਰਖ) ਕੋਲੋਂ ਇਛੇ = ਇੱਛਾ ਕਰ ਕੇ ਫਲ ਮੰਗਣਾ ਕਰਦਾ ਹੈ, ਸੋ = ਉਹ ਫਲ ਪਾਏ = ਪਾ ਲੈਂਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਤਾਂ ਹੀ ਉਹ ਗਿਆਨਵਾਨ ਮਹਾਤਮਾ (ਪੁਰਖ) ਈਸ਼ਰ ਦੀ ਮੂਰਤਿ = ਸੂਰਤ ਵਾਲਾ ਕਹੀਐ = ਕਹੀਦਾ ਹੈ **ਵਾ**: ਬ੍ਰਹਮ ਦਾ ਮੂਰਤਿ = ਸਰੂਪ ਹੀ ਕਹੀਦਾ ਹੈ ॥੨॥

## ਪਉੜੀ ॥

## ਸਤਿਗੁਰੁ ਅੰਮ੍ਰਿਤ ਬਿਰਖੁ ਹੈ; ਅੰਮ੍ਰਿਤ ਰਸਿ ਫਲਿਆ ॥

ਪੂਰਾ ਸਤਿਗੁਰੂ ਨਾਮ ਅੰਮ੍ਰਿਤ ਦਾ ਬਿਰਖੁ = ਬ੍ਰਿਛ ਹੈ, ਜੋ ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਕਰਕੇ ਫਲਿਆ ਹੋਇਆ ਹੈ **ਵਾ**: ਜਿਸ ਨੂੰ ਬ੍ਰਹਮਾਨੰਦ ਜਾਂ ਵੈਰਾਗ ਬਿਬੇਕ, ਗਿਆਨ ਰੂਪੀ ਅੰਮ੍ਰਿਤ ਰਸ ਫਲਿਆ = ਫਲ ਲੱਗਿਆ ਹੋਇਆ ਹੈ।

## ਜਿਸੁ ਪਰਾਪਤਿ ਸੋ ਲਹੈ; ਗੁਰ ਸਬਦੀ ਮਿਲਿਆ ॥

ਜਿਸ ਨੂੰ ਪੂਰੇ ਗੁਰੂ ਸਾਹਿਬ ਜੀ ਦਾ ਸੰਗ ਪ੍ਰਾਪਤ ਹੁੰਦਾ ਹੈ ਸੋ = ਉਹ ਗੁਰਾਂ ਦੇ ਪਾਸੋਂ ਨਾਮ, ਬ੍ਰਹਮਾਨੰਦ ਰੂਪੀ ਅੰਮ੍ਰਿਤ ਫਲ ਨੂੰ ਲਹੈ = ਪਰਾਪਤ ਕਰਦਾ ਹੈ, ਉਹੋ ਪੁਰਖ ਹੀ ਗੁਰ ਸਬਦੀ = ਉਪਦੇਸ਼ ਨਾਲ ਮਿਲਿਆ ਹੋਇਆ ਜਾਂ ਗੁਰ ਉਪਦੇਸ਼ ਦੁਆਰਾ ਪਰਮੇਸ਼ਰ ਨਾਲ ਮਿਲਿਆ ਹੋਇਆ ਹੈ।

## ਸਤਿਗੁਰ ਕੈ ਭਾਣੈ ਜੋ ਚਲੈ; ਹਰਿ ਸੇਤੀ ਰਲਿਆ ॥

ਜੋ = ਜਿਹੜਾ ਪੁਰਖ ਸਤਿਗੁਰਾਂ ਕੈ = ਦੇ ਭਾਣੈ = ਹੁਕਮ ਵਿਚ ਚਲੈ = ਚੱਲਦਾ ਹੈ, ਉਹ ਹਰਿ = ਪਰਮੇਸ਼ਰ ਦੇ ਸਰੂਪ ਸੇਤੀ = ਨਾਲ ਰਲਿਆ = ਮਿਲ ਗਿਆ ਹੈ।

## ਜਮਕਾਲੁ ਜੋਹਿ ਨ ਸਕਈ; ਘਟਿ ਚਾਨਣੁ ਬਲਿਆ ॥

ਉਸ ਵੱਲ ਜਮਕਾਲੁ = ਕਾਲ (ਮਾਰਨ ਵਾਲਾ) ਜਮ ਜੋਹਿ = ਤਕ ਵੀ ਨਾ = ਨਹੀਂ ਸਕਈ = ਸਕਦਾ **ਵਾ**: ਜਮਕਾਲ ਜੋਹਿ = ਤਾੜਨਾ ਨਹੀਂ ਕਰ ਸਕਦਾ, ਕਿਉਂਕਿ ਉਸਦੇ ਘਟਿ = ਹਿਰਦੇ ਵਿਚ ਬ੍ਰਹਮ ਗਿਆਨ ਰੂਪੀ ਚਾਨਣੁ = ਪ੍ਰਕਾਸ਼ ਵਾਲਾ ਦੀਵਾ ਬਲਿਆ = ਜਲ (ਬਲ) ਆਇਆ ਹੈ, ਪ੍ਰਕਾਸ਼ ਹੋ ਆਇਆ ਹੈ।

## ਨਾਨਕ, ਬਖਸਿ ਮਿਲਾਇਅਨੁ; ਫਿਰਿ ਗਰਭਿ ਨ ਗਲਿਆ ॥੨੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਨੂੰ ਪਰਮੇਸ਼ਰ ਨੇ ਆਪ ਗੁਰਾਂ ਦੁਆਰਾ ਨਾਮ ਦੀ ਬਖਸਿ = ਬਖ਼ਸ਼ਿਸ਼ ਦੇ ਕੇ ਆਪਣੇ ਸਰੂਪ ਨਾਲ ਮਿਲਾਇਅਨੁ = ਮਿਲਾਉਣਾ ਕੀਤਾ ਹੈ **ਵਾ**: ਜਿਸ ਦੇ ਪਾਪ ਕਰਮ ਬਖ਼ਸ਼ ਕੇ ਆਪਣੇ ਨਾਲ ਮਿਲਾਉਣਾ ਕੀਤਾ ਹੈ, ਉਹ ਫਿਰਿ = ਮੁੜ ਮਾਤਾ ਦੇ ਗਰਭਿ = ਪੇਟ ਵਿਚ ਪੈ ਕੇ ਗਲਿਆ = ਗਲਦਾ ਨ = ਨਹੀਂ ਹੈ ॥੨੦॥

## ਸਲੋਕ ਮਃ ੧ ॥

ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਸ ਕਰਤਾਰਪੁਰ ਸਾਹਿਬ ਇਕ ਪੰਡਤ ਆ ਕੇ ਕਹਿਣ ਲੱਗਾ ਕਿ ਸਤਿਗੁਰੂ ਜੀ ਤੁਸੀਂ ਆਪਣੇ ਸਿੱਖਾਂ ਤੋਂ ਇਕਾਦਸ਼ੀ ਆਦਿ ਦੇ ਵਰਤ ਰਖਾਇਆ ਕਰੋ ਅਤੇ ਤੀਰਥਾਂ ਉੱਤੇ ਇਸ਼ਨਾਨ ਵੀ ਕਰਨ ਲਈ ਆਖਿਆ ਕਰੋ। ਇਹ ਸੁਣ ਕੇ ਸਤਿਗੁਰਾਂ ਨੇ ਇਹ ਸਲੋਕ ਉਚਾਰਨ ਕੀਤਾ:

## ਸਚੁ ਵਰਤੁ, ਸੰਤੋਖੁ ਤੀਰਥੁ; ਗਿਆਨੁ ਧਿਆਨੁ ਇਸਨਾਨੁ ॥

ਹੇ ਭਾਈ! ਅਸੀਂ ਸਚੁ = ਸੱਚਾ ਨਾਮ ਜਪਣ ਰੂਪ ਸਿੱਖਾਂ ਕੋਲੋਂ ਵਰਤ ਰਖਾਉਣਾ ਕਰਦੇ ਹਾਂ, ਸਿੱਖਾਂ ਨੂੰ ਸੰਤੋਖ ਰੂਪੀ ਤੀਰਥ ਯਾਤਰਾ ਕਰਾਉਂਦੇ ਹਾਂ, ਸੱਚ ਸਰੂਪ ਦੇ ਧਿਆਨ ਲਾਉਣ ਰੂਪ ਜਲ ਵਿਚ ਗਿਆਨ ਰੂਪੀ ਇਸ਼ਨਾਨ ਕਰਾਉਂਦੇ ਹਾਂ **ਵਾ:** ਨਿਰਗੁਣ ਸਰੂਪ ਦੇ ਗਿਆਨ ਰੂਪੀ ਪਾਣੀ ਵਿਚ ਧਿਆਨ ਰੂਪੀ ਇਸ਼ਨਾਨ ਕਰਾਉਂਦੇ ਹਾਂ।

***ਪ੍ਰਸ਼ਨ :*** *ਹੇ ਸਤਿਗੁਰੂ ਜੀ! ਦੇਵਤਿਆਂ ਦਾ ਪੂਜਨ ਕਰਾਇਆ ਕਰੋ ਤੇ ਤੁਲਸੀ ਆਦਿ ਦੀ ਮਾਲਾ ਵੀ ਆਪਣੇ ਸਿੱਖਾਂ ਨੂੰ ਜਪਣ ਲਈ ਦਿਆ ਕਰੋ।*

***ਗੁਰ-ਉੱਤਰ :***

## ਦਇਆ ਦੇਵਤਾ, ਖਿਮਾ ਜਪਮਾਲੀ; ਤੇ ਮਾਣਸ ਪਰਧਾਨ ॥

ਜਿਸ ਪੁਰਖ ਕੋਲ ਜੀਵਾਂ ਉੱਤੇ ਦਇਆ = ਤਰਸ ਕਰਨ ਰੂਪ ਦੇਵਤੇ ਦਾ ਪੂਜਣ ਹੈ, ਕਿਸੇ ਦੇ ਔਗੁਣ ਖਿਮਾ = ਮੁਆਫ਼ ਕਰਨ ਰੂਪ ਜਪਮਾਲੀ = ਜਪਣ ਵਾਲੀ ਮਾਲਾ ਹੈ, ਤੇ = ਉਹ ਮਾਣਸ = ਪੁਰਖ ਸਾਰਿਆਂ ਤੋਂ ਪਰਧਾਨ = ਮੁਖੀ ਹੈ।

## ਜੁਗਤਿ ਧੋਤੀ, ਸੁਰਤਿ ਚਉਕਾ; ਤਿਲਕੁ ਕਰਣੀ ਹੋਇ ॥

ਅਭੇਦ ਦੀਆਂ ਸਾਧਕ ਤੇ ਭੇਦ ਦੀਆਂ ਬਾਧਕ ਜੁਗਤੀਆਂ ਇਹ ਧੋਤੀ ਹੈ **ਵਾ:** ਪਰਮੇਸ਼ਰ ਦੇ ਨਾਮ ਵਿਚ ਹਰ ਵੇਲੇ ਜੁਗਤਿ = ਜੁੜਿਆ ਰਹਿਣ ਰੂਪ ਧੋਤੀ ਹੈ, ਪਰਮੇਸ਼ਰ ਦੇ ਨਾਮ ਵਿਚ ਸੁਰਤਿ = ਸੁਰਤੀ ਟਿਕਾਉਣ ਰੂਪ ਚੌਂਕਾ ਹੈ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਕਰਨ ਰੂਪ ਚੌਂਕਾ ਹੈ **ਵਾ:** ਅੰਤਹਕਰਣ ਵਿਚ ਬ੍ਰਹਮ ਦੀ ਸੁਰਤਿ = ਗਿਆਤ ਹੋਣ ਰੂਪ ਚੌਂਕਾ ਹੈ, ਨਿਸ਼ਕਾਮ ਕਰਮਾਂ ਰੂਪੀ ਕਰਣੀ ਇਹ ਤਿਲਕ ਹੋਇ = ਹੋਵੇ **ਵਾ:** ਕਾਮਨਾ ਤੋਂ ਰਹਿਤ ਹੋਇ = ਹੋ ਕੇ ਸ੍ਰੇਸ਼ਟ ਕਮਾਈ ਕਰਨ ਰੂਪ ਤਿਲਕ ਲਾਉਣਾ ਕੀਤਾ ਹੈ।

## ਭਾਉ ਭੋਜਨੁ ਨਾਨਕਾ; ਵਿਰਲਾ ਤ ਕੋਈ ਕੋਇ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਭਾਉ = ਪ੍ਰੇਮ, ਗਿਆਨ ਰੂਪੀ ਭੋਜਨ ਹੈ **ਵਾ:** ਸ੍ਵੈ ਸਰੂਪ, ਸੱਚ ਸਰੂਪ ਦਾ ਰਿਦੇ ਵਿਚ ਭਾਉ = ਪ੍ਰਕਾਸ਼ ਹੋਣਾ ਇਹ ਭੋਜਨ ਹੈ, ਕੋਈ ਕੋਇ = ਕੋਈ ਵਿਰਲਾ = ਟਾਵਾਂ ਅਧਿਕਾਰੀ ਹੀ ਬ੍ਰਹਮ ਗਿਆਨੀ ਤ = ਤੋਂ ਗਿਆਨ ਰੂਪੀ ਭੋਜਨ ਪਾ ਕੇ ਤ੍ਰਿਪਤ ਹੁੰਦਾ ਹੈ॥੧॥

## ਮਹਲਾ ੩ ॥

ਤੀਸਰੇ ਸਤਿਗੁਰਾਂ ਦੇ ਕੋਲ ਇਕ ਕਰਮ-ਕਾਂਡੀ ਪੰਡਤ ਆ ਕੇ ਕਹਿਣ ਲੱਗਾ ਕਿ ਮਹਾਰਾਜ ਜੀ! ਮੈਂ ਰਾਮ ਨੌਮੀ ਆਦਿਕਾਂ ਦੇ ਵਰਤ ਰੱਖਣਾ ਕਰਦਾ ਹਾਂ, ਕੀ ਵਰਤ ਰੱਖਣੇ ਚਾਹੀਦੇ ਹਨ ਕਿ ਨਹੀਂ ਰੱਖਣੇ ਚਾਹੀਦੇ, ਤਦ ਸਤਿਗੁਰੂ ਸਾਹਿਬ ਜੀ ਨੇ ਇਹ ਮਹਲਾ ਉਚਾਰਨ ਕੀਤਾ।

## ਨਉਮੀ; ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ; ਉਚਰੈ ॥

(**ਉ-ਚਰੈ** ਦਾ ਉਚਾਰਣ ਡੈਸ਼ ਲਗਾ ਕੇ ਹੈ)

ਜੇ = ਜੇਕਰ ਜੀਵ ਸੱਚ ਬੋਲਣ ਰੂਪ ਨੇਮੁ = ਨਿਯਮ ਕਰੈ = ਕਰ ਲਵੇ, ਇਹੋ ਹੀ ਨਉਮੀ = ਨੌਮੀ ਦਾ ਵਰਤ ਹੈ **ਵਾ**: ਜੇਕਰ ਜੀਵ ਨਉਮੀ = ਨੌਂ ਗੋਲਕਾਂ ਦੇ ਵਿਸ਼ਿਆਂ ਦਾ ਨਿਰੋਧ ਕਰਨ ਦਾ ਸੱਚਾ ਨੇਮੁ = ਨਿਯਮ ਕਰ ਲਵੇ **ਵਾ**: ਸੱਚੇ ਪਰਮੇਸ਼ਰ ਦੀ ਨਉਮੀ = ਨਵਧਾ ਭਗਤੀ ਕਰਨ ਦਾ ਨਿਯਮ ਕਰ ਲਵੇ **ਵਾ**: ਨੌਂ ਗੋਲਕਾਂ ਵਾਲੀ ਦੇਹ ਦਾ ਹੰਕਾਰ ਮੇਟਣ ਲਈ ਸੱਚੇ ਨਾਮ ਨੂੰ ਜਪਣ ਦਾ ਨਿਯਮ ਕਰ ਲਵੇ, ਇਹੋ ਨੌਮੀ ਦਾ ਵਰਤ ਰੱਖਣਾ ਹੈ।

ਕਾਮ = ਮੰਦ ਵਾਸ਼ਨਾ, ਕ੍ਰੋਧ = ਗ਼ੁੱਸਾ ਤੇ ਰਸਾਂ-ਕਸਾਂ ਦੀ ਤ੍ਰਿਸ਼ਨਾ ਨੂੰ (ਉ + ਚਰੈ) ਉ = ਵਿਸ਼ੇਸ਼ ਕਰਕੇ ਚਰੈ = ਚਰ ਜਾਵੇ, ਨਾਸ਼ ਕਰ ਦੇਵੇ।

## ਦਸਮੀ, ਦਸੇ ਦੁਆਰ ਜੇ ਠਾਕੈ; ਏਕਾਦਸੀ ਏਕੁ ਕਰਿ ਜਾਣੈ ॥

ਦਸਮੀ ਦਾ ਵਰਤ ਰੱਖਣਾ ਇਹੋ ਹੈ ਕਿ ਜੇ = ਜੇਕਰ ਦਸੇ ਇੰਦਰੀਆਂ ਰੂਪੀ ਦੁਆਰਿਆਂ ਨੂੰ ਵਿਸ਼ਿਆਂ ਵੱਲੋਂ ਠਾਕੈ = ਰੋਕ ਰੱਖੇ, ਇਕਾਦਸ਼ੀ ਦਾ ਵਰਤ ਇਹੋ ਹੈ ਜੋ ਏਕੁ = ਇਕ ਪਰਮੇਸ਼ਰ ਨੂੰ ਸਭ ਥਾਵਾਂ ਵਿਚ ਵਿਆਪਕ ਕਰਿ = ਕਰ ਕੇ ਜਾਣੈ = ਜਾਨਣਾ ਹੈ।

## ਦੁਆਦਸੀ, ਪੰਚ ਵਸਗਤਿ ਕਰਿ ਰਾਖੈ; ਤਉ ਨਾਨਕ ਮਨੁ ਮਾਨੈ ॥

ਦੁਆਦਸੀ (ਚੰਦਰਮਾ ਦੇ ਪੱਖ ਦੀ ਬਾਰ੍ਹਵੀਂ ਤਿਥਿ) ਦਾ ਵਰਤ ਇਹੋ ਰੱਖਣਾ ਹੈ, ਜੋ ਪੰਚ = ਪੰਜੇ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰਾਂ ਦੀ (ਵਸ + ਗਤਿ) ਗਤਿ = ਗਤੀ (ਚਾਲ) ਨੂੰ ਵਸ = ਅਧੀਨ ਕਰਿ = ਕਰ ਕੇ ਰਾਖੈ = ਰੱਖਣਾ ਹੈ **ਵਾ**: ਦੁਆਦਸੀ (ਦੋ + ਦਸ = ੧੨) ਪੰਜੇ ਗਿਆਨ ਇੰਦਰੇ, ਪੰਜੇ ਕਰਮ ਇੰਦਰੇ, ਮਨ ਤੇ ਬੁੱਧ ਇਨ੍ਹਾਂ ਨੂੰ ਪੰਜੇ ਵਿਕਾਰਾਂ ਵੱਲ ਜਾਣ ਤੋਂ ਵਸਗਤਿ = ਵਸੀਕਾਰ ਕਰਕੇ ਰੱਖਣਾ ਹੈ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਉ = ਤਦ ਮੇਰਾ ਮਨੁ = ਚਿੱਤ ਤੁਹਾਡੇ ਵਰਗੇ ਪੰਡਤ ਲੋਕਾਂ ਉੱਤੇ ਮੰਨਦਾ, ਪਤੀਜਦਾ ਹੈ ਕਿ ਤੁਸੀਂ ਵਰਤ ਰੱਖਣ ਵਾਲੇ ਹੋ **ਵਾ**: ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਉ = ਤਦ ਸਾਡਾ **ਵਾ**: ਜੀਵ ਦਾ ਪਰਮੇਸ਼ਰ ਉੱਤੇ ਮਨੁ = ਚਿੱਤ ਮਾਨੈ = ਮੰਨਦਾ ਹੈ।

## ਐਸਾ ਵਰਤੁ ਰਹੀਜੈ ਪਾਡੇ; ਹੋਰ ਬਹੁਤੁ ਸਿਖ ਕਿਆ ਦੀਜੈ ॥੨॥

ਹੇ ਪਾਡੇ = ਪੰਡਤ **ਵਾ**: ਪਾਡੇ = ਪੰਡਾ ਬੁੱਧੀ ਵਾਲੇ ਪੁਰਖ, ਐਸਾ = ਇਹੋ ਜਿਹਾ ਅੰਤਰੀਵ ਵਰਤ ਰਹੀਜੈ = ਰੱਖਣਾ ਕਰ, ਹੋਰ ਬਹੁਤੀ ਸਿਖ = ਸਿੱਖਿਆ ਕਿਆ = ਕੀ ਦੀਜੈ = ਦੇਣੀ ਹੈ ॥੨॥ ਜੈਸਾ ਕਿ :

**ਅੰਬ ਸਵਾ ਸੌ ਚੂਪ ਸਾਤ ਸੌ ਆੜੂ ਖਾਏ। ਖਖੜੀਆਂ ਕਈ ਹਜ਼ਾਰ ਖੀਰਿਆਂ ਦੇ ਖੇਤ ਮੁਕਾਏ।**
**ਦਹੀਂ ਕਟੋਰੇ ਚਾਰ ਘੜੇ ਦੋ ਰਸ ਕੇ ਪੀਏ। ਮਿਠਿਆਈ ਖੌਂਚੇ ਚਾਰ ਪੰਜ ਸੌ ਪੇੜੇ ਲੀਏ।**
**ਇਨ ਭਈਓਂ ਇਹ ਭਾਂਤਿ ਸੁਨੋ ਸੰਤ ਇਕਾਦਸੀ। ਚੁਪ ਕਰਕੇ ਸਉਂ ਰਹੌ ਭੌਰ ਹੋਇਗੀ ਦੁਆਦਸੀ।**

## ਪਉੜੀ ॥

## ਭੂਪਤਿ ਰਾਜੇ ਰੰਗ ਰਾਇ; ਸੰਚਹਿ ਬਿਖੁ ਮਾਇਆ ॥

ਭੂਪਤਿ = ਪ੍ਰਿਥਵੀ ਦੇ ਪਤੀ (ਮਾਲਕ) ਕਹਾਉਣ ਵਾਲੇ ਚੱਕਰਵਰਤੀ ਪਾਤਸ਼ਾਹ, ਰਾਜੇ = ਰਜਵਾੜਿਆਂ ਦੇ ਮਾਲਕ, ਰਾਇ = ਟਿੱਕਾ ਰੂਪ ਕਹਾਉਣ ਵਾਲੇ ਲੋਕ ਜਾਂ ਰਾਏ ਦੇ ਖ਼ਿਤਾਬ ਵਾਲੇ ਪੁਰਖ ਅਤੇ ਰੰਗ = ਕੰਗਾਲ ਪੁਰਖ ਆਦਿ ਸਾਰੇ ਬਿਖੁ = ਜ਼ਹਿਰ ਰੂਪ ਮਾਇਆ ਨੂੰ ਸੰਚਹਿ = ਇਕੱਤਰ ਕਰਦੇ ਰਹਿੰਦੇ ਹਨ।

## ਕਰਿ ਕਰਿ ਹੇਤੁ ਵਧਾਇਦੇ; ਪਰ ਦਰਬੁ ਚੁਰਾਇਆ ॥

ਮਾਇਆ ਨੂੰ ਇਕੱਤਰ ਕਰ ਕਰ ਕੇ ਇਸ ਨਾਲ ਹੇਤੁ = ਮੋਹ ਵਧਾਇਦੇ = ਵਧਾਉਂਦੇ ਰਹਿੰਦੇ ਹਨ, ਇਥੋਂ ਤਕ ਕਿ ਪਰ = ਪਰਾਇਆਂ ਦਾ ਦਰਬੁ = ਧਨ ਵੀ ਚੁਰਾਇਆ = ਚੁਰਾ ਲੈਂਦੇ ਹਨ।

## ਪੁਤ੍ਰ ਕਲਤ੍ਰ ਨ ਵਿਸ ਹਹਿ; ਬਹੁ ਪ੍ਰੀਤਿ ਲਗਾਇਆ ॥

ਆਪਣੇ ਪੁੱਤਰ ਤੇ ਕਲਤ੍ਰ = ਇਸਤਰੀ ਉੱਤੇ ਵੀ ਵਿਸਹਹਿ = ਭਰੋਸਾ ਨ = ਨਹੀਂ ਕਰਦੇ, ਧਨ ਨਾਲ ਬਹੁ = ਬਹੁਤੀ ਪ੍ਰੀਤਿ = ਪ੍ਰੀਤੀ ਲਗਾਇਆ = ਲਗਾਉਂਦੇ ਹਨ ।

## ਵੇਖਦਿਆ ਹੀ ਮਾਇਆ ਧੁਹਿ ਗਈ; ਪਛੁਤਹਿ ਪਛੁਤਾਇਆ ॥

ਜਦ ਵੇਖਦਿਆਂ ਵੇਖਦਿਆਂ ਹੀ ਮਾਇਆ ਜੀਵਾਂ ਦੇ ਤਾਈਂ ਧੁਹਿ = ਧੋਖਾ ਦੇ ਕੇ ਜਾਂ ਛਲ ਕੇ ਚਲੀ ਗਈ, ਤਦ ਜੀਵਾਂ ਦੇ ਪਛੁਤਹਿ = ਪਛਤਾਵਾ ਹੀ ਪਛੁਤਾਇਆ = ਪਛਤਾਵਾ ਪੱਲੇ ਰਹਿ ਜਾਂਦਾ ਹੈ **ਵਾ:** ਜਦ (ਪਛੁ + ਤਾਇਆ) ਪਛੁ = ਪਿੱਛੋਂ ਨਰਕਾਂ ਵਿਚ ਤਾਇਆ = ਤਪਾਇਆ ਜਾਂਦਾ ਹੈ, ਫੇਰ ਜੀਵ ਪਛੁਤਹਿ = ਪਸ਼ਤਾਤਾਪ ਕਰਦੇ ਹਨ।

## ਜਮ ਦਰਿ ਬਧੇ ਮਾਰੀਅਹਿ; ਨਾਨਕ ਹਰਿ ਭਾਇਆ ॥੨੧॥

ਐਸੇ ਮਾਇਆ ਇਕੱਤਰ ਕਰਨ ਵਾਲੇ ਪੁਰਖ ਅੱਗੇ ਪ੍ਰਲੋਕ ਵਿਚ ਜਮ ਦਰਿ = ਜਮਾਂ ਦੇ ਦਰ ਉੱਤੇ ਬਧੇ = ਬੰਨ੍ਹੇ ਹੋਏ ਮਾਰੀਅਹਿ = ਮਾਰੀਦੇ ਹਨ, ਕੁੱਟਾਂ ਖਾਂਦੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਰਿ = ਪਰਮੇਸ਼ਰ ਨੂੰ ਇਸੇ ਤਰ੍ਹਾਂ ਹੀ ਭਾਇਆ = ਭਾਉਂਦਾ ਹੈ॥੨੧॥

## ਸਲੋਕ ਮਃ ੧ ॥

**ਉਥਾਨਕਾ :** ਜਿਸ ਵਕਤ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਰਾਵੀ ਦੇ ਕਿਨਾਰੇ ਸੰਗਤਾਂ ਨੂੰ ਦਰਸ਼ਨ ਦੇ ਕੇ ਤੇ ਉਪਦੇਸ਼ ਦੇ ਕੇ ਨਿਹਾਲ ਕਰ ਰਹੇ ਸਨ, ਉਥੇ ਇਕ ਦਿਨ ਸਤਿਗੁਰਾਂ ਦੇ ਪਾਸ ਇਕ ਗਵੱਈਏ ਨੇ ਆ ਕੇ ਬਿਸਨਪਦਾ, ਗੀਤ ਗਾਉਣਾ ਕੀਤਾ, ਜਿਸ ਨੂੰ ਸੁਣ ਕੇ ਸੰਗਤ ਬਹੁਤ ਪ੍ਰਸੰਨ ਹੋਈ ਕਿ ਇਸ ਨੇ ਬਹੁਤ ਸੁੰਦਰ ਗਾਉਣਾ ਕੀਤਾ ਹੈ, ਇਤਨੇ ਨੂੰ ਇਕ ਜੋਗੀ ਪੁਰਖ ਆਇਆ, ਉਸ ਨੇ ਸਤਿਗੁਰਾਂ ਕੋਲ ਆ ਕੇ ਕਿਹਾ ਕਿ ਜੋਗ ਕਮਾਉਣਾ ਚੰਗਾ ਹੈ, ਇਤਨੇ ਨੂੰ ਇਕ ਮੁੱਲਾਂ ਵੀ ਆ ਗਿਆ, ਉਹ ਕਹਿਣ ਲੱਗਾ ਕਿ ਮਸੀਤ ਵਿਚ ਜਾ ਕੇ ਨਮਾਜ਼ ਪੜ੍ਹਨੀ ਯੋਗ ਹੈ। ਇਹ ਸੁਣ ਕੇ ਸਤਿਗੁਰਾਂ ਨੇ ਸਾਰਿਆਂ ਨੂੰ ਸਾਂਝਾ ਉਪਦੇਸ਼ ਦਿੰਦਿਆਂ ਇਹ ਸਲੋਕ ਉਚਾਰਨ ਕੀਤਾ :

## ਗਿਆਨ ਵਿਹੂਣਾ; ਗਾਵੈ ਗੀਤ ॥ ਭੁਖੇ ਮੁਲਾਂ; ਘਰੇ ਮਸੀਤਿ ॥

ਪਹਿਲਾਂ ਉਸ ਗਵੱਈਏ ਦੇ ਪ੍ਰਥਾਏ ਕਥਨ ਕਰਦੇ ਹਨ ਕਿ ਹੇ ਭਾਈ ! ਜੋ ਪਰਮੇਸ਼ਰ ਦੇ ਸਰੂਪ ਦੇ ਗਿਆਨ ਤੋਂ ਵਿਹੂਣਾ = ਬਗ਼ੈਰ ਗੀਤਾਂ ਦਾ ਗਾਵੈ = ਗਾਉਣਾ ਹੈ, ਉਹ ਗਾਉਣਾ ਨਿਸਫਲ ਹੈ।

ਇਕ ਤੁਕ ਮੁੱਲਾਂ ਦੇ ਪ੍ਰਥਾਇ ਕਹਿੰਦੇ ਹਨ ਕਿ ਹੇ ਭਾਈ ! ਪਦਾਰਥਾਂ ਜਾਂ ਮਾਇਆ ਦੀ ਪ੍ਰਾਪਤੀ ਦੇ ਵਾਸਤੇ ਭੁੱਖੇ ਮੁੱਲਾਂ = ਮੌਲਵੀ ਆਪਣੇ ਘਰੇ = ਘਰਾਂ ਵਿਚ ਹੀ ਮਸੀਤ ਬਣਾ ਕੇ ਬੈਠ ਜਾਂਦੇ ਹਨ।

ਅਰਥਾਤ ਜਿਸ ਪ੍ਰਕਾਰ ਬਹੁਤੇ ਮੌਲਵੀ ਇੱਕੋ ਮਸੀਤ ਦੇ ਸਾਂਝੀਵਾਲ ਸਨ, ਜੋ ਆਪਸ ਵਿਚ ਪੂਜਾ ਦਾ ਧਨ ਵੰਡ ਲੈਂਦੇ ਸਨ, ਇਕ ਵਾਰ ਇਕ ਮੌਲਵੀ ਨੂੰ ਦੂਸਰੇ ਮੌਲਵੀਆਂ ਨੇ ਉਸ ਦੇ ਹਿੱਸੇ ਦਾ ਧਨ ਨਾ

ਦਿੱਤਾ, ਉਸ ਭੁੱਖ ਦੇ ਮਾਰੇ ਹੋਏ ਮੌਲਵੀ ਨੇ ਆਪਣੇ ਘਰ ਦੇ ਵਿਚ ਹੀ ਕੁਝ ਇੱਟਾਂ ਰੱਖ ਕੇ ਮਸੀਤ ਬਣਾ ਲਈ ਅਤੇ ਲੋਕਾਂ ਨੂੰ ਕਹਿਣ ਲੱਗਾ ਕਿ ਮੁਹੰਮਦ ਦੇ ਫ਼ਰੇਸ਼ਤੇ ਨੇ ਮੈਨੂੰ ਦਰਸ਼ਨ ਦੇ ਕੇ ਕਿਹਾ ਹੈ ਕਿ ਤੂੰ ਆਪਣੇ ਘਰ ਵਿਚ ਮਸੀਤ ਬਣਾ ਲੈਣਾ ਕਰ ਜੋ ਖ਼ੁਦਾ ਨੂੰ ਪ੍ਰਵਾਨ ਹੈ, ਇਉਂ ਭੁੱਖੇ ਮੁੱਲਾਂ ਨੇ ਆਪਣੇ ਘਰ ਵਿਚ ਹੀ ਮਸੀਤ ਬਣਾ ਲਈ ਸੀ।

## ਮਖਟੂ ਹੋਇ ਕੈ; ਕੰਨ ਪੜਾਏ ॥ ਫਕਰੁ ਕਰੇ; ਹੋਰੁ ਜਾਤਿ ਗਵਾਏ ॥

ਜੋ ਸਾਰਿਆਂ ਕੰਮਾਂ ਤੋਂ ਮਖਟੂ = ਮਨਖੱਟੂ (ਅਖੱਟੂ) ਹੋਇ = ਹੋ ਕੈ = ਕਰਕੇ ਭਾਵ ਬਿਨਾਂ ਕੁਝ ਖੱਟਣ ਤੋਂ ਜਾਂ ਕਾਰ-ਵਿਹਾਰਾਂ ਤੋਂ ਨਿਕਾਰਾ ਹੋ ਕੇ ਆਪਣੇ ਜੋਗੀਆਂ ਕੋਲੋਂ ਕੰਨ ਪੜਾਏ = ਪੜਵਾ ਕੇ ਜੋਗੀ ਬਣ ਗਿਆ ਤੇ ਗ੍ਰਿਹਸਥੀਆਂ ਦੇ ਘਰੋਂ ਅੰਨ ਮੰਗ ਮੰਗ ਕੇ ਖਾਣ ਲੱਗ ਗਿਆ ਹੈ, ਉਸ ਦਾ ਜੋਗੀ ਬਣਨਾ ਨਿਸਫਲ ਹੈ।

ਜੇਕਰ ਪੁੱਛੀਏ ਕਿ ਤੇਰੀ ਕੀ ਜਾਤ ਹੈ ਤਾਂ ਆਪਣੇ ਆਪ ਨੂੰ ਫਕਰੁ = ਫ਼ਕੀਰ ਕਹਾਉਣਾ ਕਰੇ = ਕਰਦਾ ਹੈ ਅਤੇ ਹੋਰ ਜਾਤਿ = ਜਾਤੀ ਗਵਾਏ = ਗਵਾ ਦਿੰਦਾ ਹੈ, ਭਾਵ ਜੇਕਰ ਕੋਈ ਪੁੱਛੇ ਕਿ ਤੇਰੀ ਜਾਤ ਕੀ ਹੈ ਤਾਂ ਆਖਦਾ ਹੈ ਕਿ ਫ਼ਕੀਰਾਂ ਦੀ ਕੋਈ ਜਾਤ-ਪਾਤ ਨਹੀਂ ਹੁੰਦੀ।

## ਗੁਰੁ ਪੀਰੁ ਸਦਾਏ; ਮੰਗਣ ਜਾਇ ॥ ਤਾ ਕੈ; ਮੂਲਿ ਨ ਲਗੀਐ ਪਾਇ ॥

ਜੋ ਆਪਣੇ ਆਪ ਨੂੰ ਗੁਰੂ ਪੀਰ ਸਦਾਏ = ਅਖਵਾਉਂਦਾ ਹੈ **ਵਾ:** ਹਿੰਦੂਆਂ ਦਾ ਗੁਰੂ ਤੇ ਮੁਸਲਮਾਨਾਂ ਦਾ ਪੀਰ ਅਖਵਾਉਂਦਾ ਹੈ ਅਤੇ ਘਰਾਂ-ਘਰਾਂ ਵਿਚ ਪਦਾਰਥ ਮੰਗਣ ਜਾਇ = ਜਾਂਦਾ ਹੈ।

ਤਾ = ਉਸ ਪਖੰਡੀ ਪੁਰਖ ਕੈ = ਦੇ ਮੂਲਿ = ਕਦਾਚਿਤ ਵੀ ਪਾਇ = ਪੈਰੀਂ ਨ = ਨਹੀਂ ਲਗੀਐ = ਲੱਗਣਾ ਚਾਹੀਦਾ।

## ਘਾਲਿ ਖਾਇ; ਕਿਛੁ ਹਥਹੁ ਦੇਇ ॥ ਨਾਨਕ; ਰਾਹੁ ਪਛਾਣਹਿ ਸੇਇ ॥੧॥

ਜਿਹੜਾ ਪੁਰਖ ਮਿਹਨਤ ਦੀ ਘਾਲਿ = ਕਮਾਈ ਕਰ ਕੇ ਆਪ ਖਾਇ = ਖਾਂਦਾ ਹੈ ਤੇ ਉਸ ਧਰਮ ਦੀ ਕਿਰਤ ਵਿੱਚੋਂ ਕਿਛੁ = ਕੁਝ ਆਪਣੇ ਹਥਹੁ = ਹੱਥੋਂ ਹੋਰਨਾਂ ਨੂੰ ਵੀ ਦੇਇ = ਦਿੰਦਾ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੇਇ = ਉਹ ਪੁਰਖ ਪਰਮਾਰਥ ਦੇ ਰਾਹੁ = ਰਸਤੇ ਨੂੰ ਪਛਾਣਹਿ = ਪਛਾਣ ਸਕਦਾ ਹੈ ॥੧॥

[ਅੰਗ ੧੨੪੬]

## ਮਃ ੧ ॥

## ਮਨਹੁ ਜਿ ਅੰਧੇ ਕੂਪ; ਕਹਿਆ ਬਿਰਦੁ ਨ ਜਾਣਨੀ ॥

ਜਿ = ਜਿਹੜੇ ਪੁਰਖ ਮਨਹੁ = ਮਨ ਕਰਕੇ ਅੰਧੇ = ਅਗਿਆਨ **ਵਾ:** ਦੇਹ ਅਧਿਆਸ ਰੂਪੀ ਕੂਪ = ਖੂਹ ਵਿਚ ਡਿੱਗੇ ਹੋਏ ਹਨ, ਉਹ ਗੁਰਾਂ ਦਾ ਨਾਮ, ਦਾਨ ਦਾ ਕਹਿਆ = ਆਖਿਆ ਹੋਇਆ ਬਿਰਦੁ = ਧਰਮ ਰੂਪ ਬਚਨ ਨ = ਨਹੀਂ ਜਾਣਨੀ = ਜਾਣਦੇ **ਵਾ:** ਧਾਰਮਿਕ ਗ੍ਰੰਥਾਂ ਦਾ ਕਹਿਆ ਹੋਇਆ ਬਿਰਦੁ = ਨਿਤਨੇਮ ਆਦਿ ਨਹੀਂ ਜਾਣਦੇ **ਵਾ:** ਗੁਰਾਂ ਦਾ ਕਹਿਆ ਹੋਇਆ ਬਿਰਦ ਬਾਣੇ ਦਾ ਬਚਨ ਨਹੀਂ ਜਾਣਦੇ।

## ਮਨਿ ਅੰਧੈ, ਊਂਧੈ ਕਵਲਿ; ਦਿਸਨਿ ਖਰੇ ਕਰੂਪ ॥

ਉਹ ਬੇਸਮਝ ਪੁਰਖ ਮਨ ਕਰਕੇ ਅੰਧੈ = ਅੰਨ੍ਹੇ ਹਨ **ਵਾ:** ਮਨ ਦੇ ਅੰਧੈ = ਅਗਿਆਨੀ ਹਨ ਤੇ ਉਨ੍ਹਾਂ

ਦਾ ਰਿਦੇ ਰੂਪੀ ਕਵਲਿ = ਕੌਲ ਊਂਧੈ = ਮੂਧਾ (ਉਲਟਾ) ਹੈ, ਇਸ ਕਰਕੇ ਉਹ ਖਰੇ ਕਰੂਪ = ਬਹੁਤੇ ਕੋਝੇ ਦਿਸਨਿ = ਦਿੱਸਦੇ ਹਨ ਭਾਵ ਦਿਲ ਦੀ ਸਫ਼ਾਈ ਤੋਂ ਰਹਿਤ ਦਿੱਸਦੇ ਹਨ।

## ਇਕਿ ਕਹਿ ਜਾਣਹਿ, ਕਹਿਆ ਬੁਝਹਿ; ਤੇ ਨਰ ਸੁਘੜ ਸਰੂਪ ॥

ਇਕਿ = ਕਈ ਗੁਰਾਂ ਦਾ ਕਹਿ = ਕਥਨ ਕੀਤਾ ਹੋਇਆ ਵਾਕ ਜਾਣਹਿ = ਜਾਣ ਲੈਂਦੇ ਹਨ ਤੇ ਕਈ ਗੁਰਾਂ ਦੇ ਕਹਿਆ = ਕਥਨ ਕੀਤੇ ਹੋਏ ਉਪਦੇਸ਼ ਦੁਆਰਾ ਸੱਚ ਸਰੂਪ ਦੇ ਤਾਈਂ ਬੁਝਹਿ = ਬੁੱਝ ਲੈਂਦੇ ਹਨ ਤੇ = ਉਹ ਨਰ = ਪੁਰਖ ਸੁਘੜ = ਸ੍ਰੇਸ਼ਟ ਘੜਤਾਂ ਨੂੰ ਘੜਨ ਵਾਲੇ ਤੇ ਸੁੰਦਰ ਸਰੂਪ ਵਾਲੇ ਹਨ ਭਾਵ ਦਿਲ ਦੀ ਸਫ਼ਾਈ ਵਾਲੇ ਹਨ।

**ਅਥਵਾ** ਜਿਹੜੇ ਕਈ ਪੁਰਖ ਗੁਰੂ ਸਾਹਿਬ ਜੀ ਦੇ ਕਹੇ ਹੋਏ ਵਾਕਾਂ ਨੂੰ ਜਾਣ ਲੈਂਦੇ ਹਨ ਤੇ ਜੋ ਗੁਰਾਂ ਦੇ ਕਹੇ ਹੋਏ ਵਾਕਾਂ ਜਾਂ ਉਪਦੇਸ਼ ਨੂੰ ਬੁੱਝ ਕੇ ਨਾਮ ਦਾ ਮੰਨਣ ਕਰ ਲੈਂਦੇ ਹਨ **ਵਾ**: ਜੋ ਕੋਈ ਗੁਰਮੁਖ ਜਨ ਗੁਰਾਂ ਦੇ ਬਚਨਾਂ ਨੂੰ ਕਹਿਣਾ ਜਾਣਦੇ ਹਨ ਤੇ ਜੋ ਕਈ ਕਹੇ ਹੋਏ ਉਪਦੇਸ਼ ਨੂੰ ਰਿਦੇ ਵਿਚ ਸਮਝ, ਧਾਰਨ ਕਰ ਲੈਂਦੇ ਹਨ, ਉਹ ਸੁਘੜ = ਚਤੁਰ ਪੁਰਖ ਸੱਚ ਸਰੂਪ ਦੀ ਪ੍ਰਾਪਤੀ ਵਾਲੇ ਹੋ ਜਾਂਦੇ ਹਨ।

## ਇਕਨ੍ਾ ਨਾਦ ਨ ਬੇਦ, ਨ ਗੀਅ ਰਸੁ; ਰਸ ਕਸ ਨ ਜਾਣੰਤਿ ॥

ਇਕਨ੍ਾ = ਕਈਆਂ ਨੂੰ ਨਾਦ = ਵਾਜਾ ਵੀ ਨ = ਨਹੀਂ ਵਜਾਉਣਾ ਆਉਂਦਾ, ਬੇਦ ਵੀ ਨਹੀਂ ਪੜ੍ਹਨਾ ਆਉਂਦਾ, ਰਸਦਾਇਕ ਗੀਅ = ਗੀਤ ਵੀ ਨ = ਨਹੀਂ ਗਾਉਣਾ ਆਉਂਦਾ **ਵਾ**: ਕਈਆਂ ਨੂੰ ਨਾਦ = ਬ੍ਰਹਮ ਦਾ ਤੇ ਬੇਦ ਸ਼ਾਸਤਰਾਂ ਦਾ ਗਿਆਨ ਨ = ਨਹੀਂ ਹੈ, ਪਰਮੇਸ਼ਰ ਦਾ ਰਸੁ = ਪ੍ਰੇਮ ਨਾਲ ਜੱਸ ਗਾਉਣ ਦੀ ਗੀਅ = ਗਿਆਤ ਵੀ ਨਹੀਂ ਹੈ **ਵਾ**: ਪਰਮੇਸ਼ਰ ਦੇ ਜੱਸ ਰੂਪੀ ਗੀਅ = ਗੀਤ ਗਾਉਣ ਦਾ ਰਸੁ = ਪ੍ਰੇਮ ਵੀ ਨਹੀਂ ਹੈ (ਹੋਰ ਦੁਨੀਆਂ ਦੇ ਰਸਾਂ-ਕਸਾਂ ਦੇ ਸੁਆਦਾਂ ਨੂੰ ਵੀ ਨ = ਨਹੀਂ ਜਾਣੰਤਿ = ਜਾਣਦੇ) **ਵਾ**: ਆਪਣੇ ਇੰਦਰਿਆਂ ਨੂੰ ਦੁਨੀਆਂ ਦੇ ਵਿਸ਼ੇ ਰਸ ਵੱਲੋਂ ਕਸ = ਖਿੱਚਣਾ ਵੀ ਨਹੀਂ ਜਾਣਦੇ **ਵਾ**: ਇੰਦਰਿਆਂ ਨੂੰ ਵਿਸ਼ਿਆਂ ਵੱਲੋਂ ਕਸ = ਖਿੱਚ ਕੇ ਪ੍ਰਭੂ ਪ੍ਰਾਪਤੀ ਵਾਲੇ ਰਸ = ਪ੍ਰੇਮ ਦੇ ਸਹਿਤ ਕਰਨਾ ਵੀ ਨਹੀਂ ਜਾਣਦੇ।

## ਇਕਨਾ ਸੁਧਿ ਨ ਬੁਧਿ, ਨ ਅਕਲਿ ਸਰ; ਅਖਰ ਕਾ ਭੇਉ, ਨ ਲਹੰਤਿ ॥

ਇਕਨਾ = ਕਈਆਂ ਦੀ ਸਰੀਰਕ ਸੁਧਿ = ਪਵਿੱਤਰਤਾ ਵੀ ਨ = ਨਹੀਂ ਹੈ ਭਾਵ ਵਿਸ਼ਿਆਂ ਤੋਂ ਸੁਤੰਤਰ ਨਹੀਂ ਹਨ, ਨਾ ਹੀ ਸ਼ਾਸਤਰ ਗਿਆਨ ਵਾਲੀ ਬੁੱਧੀ ਹੈ **ਵਾ**: ਕਈਆਂ ਨੂੰ ਤ੍ਵੰ ਪਦ ਦੇ ਲਖ ਅਰਥ (ਆਤਮਾ) ਦੀ ਸੁਧਿ = ਗਿਆਤ ਨਹੀਂ ਹੈ **ਵਾ**: ਤੱਤ ਪਦ ਦੇ ਲਖ ਅਰਥ ਦੀ ਬੁੱਧੀ ਵਿਚ ਗਿਆਤ ਨਹੀਂ ਹੈ, ਸ੍ਰੇਸ਼ਟ ਅਕਲ ਦੇ ਸਰ = ਸਰੋਵਰ ਵੀ ਨਹੀਂ ਹਨ **ਵਾ**: ਵਿਵਹਾਰਕ ਤੇ ਪਰਮਾਰਥ ਅਕਲ ਦੇ ਸਰੋਵਰ ਵੀ ਨਹੀਂ ਹਨ **ਵਾ**: ਬ੍ਰਹਮ ਵਿਦਿਆ ਦੀ ਪ੍ਰਾਪਤੀ ਵਾਲੀ ਅਕਲ ਦੇ ਸਰੋਵਰ ਵੀ ਨਹੀਂ ਹਨ, ਊੜਾ, ਐੜਾ ਆਦਿ ਅੱਖਰ ਕਾ = ਦਾ ਭੇਉ = ਭੇਤ ਵੀ ਨ = ਨਹੀਂ ਲਹੰਤਿ = ਜਾਣਦੇ **ਵਾ**: ਅਖਰ = ਖਰਨ ਤੋਂ ਰਹਿਤ ਪਰਮੇਸ਼ਰ ਦੀ ਪ੍ਰਾਪਤੀ ਕਾ = ਦਾ ਭੇਤ ਵੀ ਨਹੀਂ ਜਾਣਦੇ।

## ਨਾਨਕ, ਸੇ ਨਰ ਅਸਲਿ ਖਰ; ਜਿ ਬਿਨੁ ਗੁਣ ਗਰਬੁ ਕਰੰਤਿ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੇ = ਉਹ ਨਰ = ਪੁਰਖ ਤਿੰਨਾਂ ਲੋਕਾਂ ਵਿਚ ਅਸਲਿ = ਅਸਲੀ ਖਰ = ਖੋਤੇ ਹਨ **ਵਾ**: ਅਸਲੀ ਮੁਲਤਾਨੀ ਖੋਤਿਆਂ ਵਤ ਹਨ ਜਿ = ਜਿਹੜੇ ਬਿਨੁ = ਬਗ਼ੈਰ ਗੁਣਾਂ ਤੋਂ ਹੀ ਗਰਬੁ = ਹੰਕਾਰ ਕਰੰਤਿ = ਕਰਦੇ ਹਨ, ਤਰਕਾਂ ਰੂਪੀ ਟੀਟਨੇ ਮਾਰਦੇ ਰਹਿੰਦੇ ਹਨ ਅਤੇ ਹੰਕਾਰ ਕਰਨ ਰੂਪ ਹੀਂਗਦੇ ਰਹਿੰਦੇ ਹਨ॥੨॥

## ਪਉੜੀ ॥

## ਗੁਰਮੁਖਿ ਸਭ ਪਵਿਤੁ ਹੈ; ਧਨੁ ਸੰਪੈ ਮਾਇਆ ॥

ਧਨੁ = ਰੋਕੜੀ, ਸੰਪੈ = ਹਾਥੀ, ਘੋੜੇ ਆਦਿ ਸੰਪਦਾ ਅਤੇ ਮਾਇਆ ਆਦਿ ਗੁਰਮੁਖ ਜਨਾਂ ਦਾ ਸਭ = ਸਾਰਾ ਕੁਝ ਪਵਿੱਤਰ ਹੈ **ਵਾ:** ਗੁਰਮੁਖ ਜਨਾਂ ਦਾ ਕੀਤਾ ਹੋਇਆ ਹਰੇਕ ਕਰਮ ਪਵਿੱਤਰ ਹੀ ਹੁੰਦਾ ਹੈ ਅਤੇ ਉਨ੍ਹਾਂ ਦਾ ਧਨ, ਸੰਪਦਾ ਅਤੇ ਮਾਇਆ ਵੀ ਪਵਿੱਤਰ ਹੈ। ਕਿਉਂਕਿ :

## ਹਰਿ ਅਰਥਿ ਜੋ ਖਰਚਦੇ; ਦੇਂਦੇ ਸੁਖੁ ਪਾਇਆ ॥

ਗੁਰਮੁਖ ਜਨ ਜੋ ਵੀ ਖ਼ਰਚਦੇ ਹਨ ਉਹ ਹਰਿ = ਪਰਮੇਸ਼ਰ ਦੇ ਅਰਥਿ = ਨਮਿੱਤ ਹੀ ਖ਼ਰਚਦੇ ਹਨ ਅਤੇ ਹੋਰਨਾਂ ਲੋੜਵੰਦਾਂ ਨੂੰ ਦੇਂਦੇ = ਦੇ ਦੇ ਕੇ ਸੁਖੁ = ਅਨੰਦ ਪਾਇਆ = ਪਾਉਣਾ ਕਰਦੇ ਹਨ **ਵਾ:** ਉਹ ਹੋਰਨਾਂ ਲੋੜਵੰਦਾਂ ਨੂੰ ਦੇਂਦੇ = ਦਿੰਦੇ ਹਨ ਜਿਸ ਕਰਕੇ ਆਪ ਵੀ ਸੁਖ ਪਾਉਂਦੇ ਹਨ ਤੇ ਹੋਰ ਲੈਣ ਵਾਲੇ ਸੁਖ ਪਾਉਣਾ ਕਰਦੇ ਹਨ।

## ਜੋ ਹਰਿ ਨਾਮੁ ਧਿਆਇਦੇ; ਤਿਨ੍ ਤੋਟਿ ਨ ਆਇਆ ॥

ਜੋ = ਜਿਹੜੇ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਇਦੇ = ਧਿਆਉਂਦੇ ਹਨ, ਤਿਨ੍ = ਉਨ੍ਹਾ ਨੂੰ ਕਦੇ ਵੀ ਤੋਟਿ = ਘਾਟਾ ਨ = ਨਹੀਂ ਆਇਆ = ਆਉਂਦਾ, ਭਾਵ ਪਰਮੇਸ਼ਰ ਉਨ੍ਹਾਂ ਦੇ ਅੰਦਰ ਰਿਧੀਆਂ ਸਿਧੀਆਂ ਦੀ ਤਾਕਤ ਹੋਰ ਵਧਾ ਦਿੰਦਾ ਹੈ।

## ਗੁਰਮੁਖਾਂ ਨਦਰੀ ਆਵਦਾ; ਮਾਇਆ ਸੁਟਿ ਪਾਇਆ ॥

ਗੁਰਮੁਖਾਂ ਦੀ ਨਦਰੀ = ਦ੍ਰਿਸ਼ਟੀ ਵਿਚ ਇਹੋ ਆਵਦਾ = ਆਉਂਦਾ ਹੈ ਕਿ ਮਾਇਆ ਇਥੇ ਹੀ ਰਹਿ ਜਾਣੀ ਹੈ, ਇਸ ਲਈ ਉਨ੍ਹਾਂ ਨੇ ਮਾਇਆ ਦੇ ਮੋਹ ਨੂੰ ਸੁੱਟ ਕੇ ਪਰਮੇਸ਼ਰ ਦੇ ਅਨੰਦ ਨੂੰ ਪਾਇਆ = ਪਾਉਣਾ ਕੀਤਾ ਹੈ।

## ਨਾਨਕ, ਭਗਤਾਂ ਹੋਰੁ ਚਿਤਿ ਨ ਆਵਈ; ਹਰਿ ਨਾਮਿ ਸਮਾਇਆ ॥੨੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਭਗਤਾਂ ਦੇ ਹੋਰ ਦ੍ਵੈਤ ਵਾਲੀਆਂ ਜਾਂ ਮਲ ਵਿਖੇਪ ਪੈਦਾ ਕਰਨ ਵਾਲੀਆਂ ਗੱਲਾਂ ਚਿਤਿ = ਚੇਤੇ ਹੀ ਨ = ਨਹੀਂ ਆਵਈ = ਆਉਂਦੀਆਂ, ਕਿਉਂਕਿ ਉਨ੍ਹਾਂ ਦਾ ਚਿੱਤ ਹਰ ਵਕਤ ਹਰਿ = ਪਰਮੇਸ਼ਰ ਦੇ ਨਾਮ ਵਿਚ ਸਮਾਇਆ = ਮਿਲਿਆ ਹੋਇਆ ਹੈ ॥੨੨॥

## ਸਲੋਕ ਮਃ ੪ ॥

## ਸਤਿਗੁਰੁ ਸੇਵਨਿ; ਸੇ ਵਡਭਾਗੀ ॥

ਹੇ ਭਾਈ ! ਜਿਹੜੇ ਸਤਿਗੁਰੁ = ਸੱਚੇ ਗੁਰੂ ਨੂੰ ਸੇਵਨਿ = ਸੇਵਨਾ (ਪੂਜਣਾ) ਕਰਦੇ ਹਨ, ਸੇ = ਉਹ ਵਡਭਾਗੀ = ਵੱਡਿਆਂ ਭਾਗਾਂ ਵਾਲੇ ਪੁਰਖ ਹਨ।

## ਸਚੈ ਸਬਦਿ; ਜਿਨਾ੍ ਏਕ ਲਿਵ ਲਾਗੀ ॥

ਸਚੈ = ਸੱਚੇ ਗੁਰਾਂ ਦੇ ਸਬਦਿ = ਉਪਦੇਸ਼ ਕਰਕੇ ਜਿਨ੍ਹਾਂ ਦੀ ਏਕ = ਇਕ ਵਾਹਿਗੁਰੂ ਦੇ ਵਿਚ ਬ੍ਰਹਮਾਕਾਰ ਹੋ ਕੇ ਚਿੱਤ ਦੀ ਲਿਵ = ਬਿਰਤੀ ਲਾਗੀ = ਲੱਗੀ ਰਹਿੰਦੀ ਹੈ।

## ਗਿਰਹ ਕੁਟੰਬ ਮਹਿ; ਸਹਜਿ ਸਮਾਧੀ ॥

ਉਨ੍ਹਾਂ ਦੀ ਗਿਰਹ = ਗ੍ਰਿਹਸਥ ਤੇ ਕੁਟੰਬ = ਇਸਤਰੀ ਤੋਂ ਵਧੇ ਪਰਿਵਾਰ ਮਹਿ = ਵਿਚ ਰਹਿੰਦਿਆਂ ਹੋਇਆਂ ਵੀ ਸਹਜਿ = ਸ਼ਾਂਤੀ ਰੂਪੀ ਸਮਾਧੀ ਲੱਗੀ ਰਹਿੰਦੀ ਹੈ **ਵਾ:** ਉਹ ਸਰੀਰ ਰੂਪੀ ਗਿਰਹ = ਘਰ ਵਿਚ ਕੁਟੰਬ = ਸ਼ਾਂਤੀ ਰੂਪੀ ਇਸਤਰੀ ਤੋਂ ਵਧੇ ਹੋਏ ਦੈਵੀ ਸੰਪਦਾ ਰੂਪੀ ਪਰਿਵਾਰ ਦੇ ਸਮੇਤ ਰਹਿੰਦੇ ਹਨ ਅਤੇ ਉਨ੍ਹਾਂ ਦੀ ਸਹਜਿ = ਸੁਤੇ-ਸਿੱਧ ਹੀ ਸਮਾਧੀ ਲੱਗੀ ਰਹਿੰਦੀ ਹੈ।

## ਨਾਨਕ, ਨਾਮਿ ਰਤੇ; ਸੇ ਸਚੇ ਬੈਰਾਗੀ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਸੱਚੇ ਪਰਮੇਸ਼ਰ ਦੇ ਨਾਮ ਵਿਚ ਰਤੇ = ਰੰਗੇ ਹੋਏ ਹਨ, ਸੇ = ਉਹ ਸੱਚੇ ਬੈਰਾਗੀ = ਵੈਰਾਗਵਾਨ ਪੁਰਖ ਹਨ ॥੧॥

## ਮਃ ੪ ॥

## ਗਣਤੈ ਸੇਵ ਨ ਹੋਵਈ; ਕੀਤਾ ਥਾਇ ਨ ਪਾਇ ॥

ਗਣਤੈ = ਗਿਣਤੀਆਂ ਮਿਣਤੀਆਂ ਕਰਨ ਵਾਲੇ ਪੁਰਖ ਤੋਂ ਸੇਵ = ਟਹਿਲ ਨ = ਨਹੀਂ ਹੋਵਈ = ਹੋ ਸਕਦੀ ਅਤੇ ਉਸ ਦਾ ਕੀਤਾ ਕਰਮ ਵਾਹਿਗੁਰੂ ਦੇ ਦਰ ਵਿਚ ਥਾਇ = ਥਾਂ, ਲੇਖੇ ਵਿਚ ਨ = ਨਹੀਂ ਪਾਇ = ਪੈਂਦਾ **ਵਾ:** ਉਹ ਕੀਤੇ ਹੋਏ ਸਕਾਮ ਕਰਮਾਂ ਨਾਲ ਸਰੂਪ ਰੂਪੀ ਥਾਇ = ਥਾਂ ਨੂੰ ਨਹੀਂ ਪਾਇ = ਪਾ ਸਕਦਾ।

## ਸਬਦੈ ਸਾਦੁ ਨ ਆਇਓ; ਸਚਿ ਨ ਲਗੋ ਭਾਉ ॥

ਗਿਣਤੀ ਮਿਣਤੀ ਕਰਨ ਵਾਲੇ ਪੁਰਖ ਨੂੰ ਗੁਰ ਸਬਦੈ = ਉਪਦੇਸ਼ ਦਾ ਸਾਦੁ = ਰਸ (ਸੁਆਦ) ਨ = ਨਹੀਂ ਆਇਓ = ਆਉਂਦਾ ਅਤੇ ਉਸ ਦਾ ਸੱਚ ਸਰੂਪ ਨਾਲ ਭਾਉ = ਪ੍ਰੇਮ ਵੀ ਨ = ਨਹੀਂ ਲਗੋ = ਲੱਗਦਾ।

## ਸਤਿਗੁਰੁ ਪਿਆਰਾ ਨ ਲਗਈ; ਮਨਹਠਿ ਆਵੈ ਜਾਇ ॥

ਉਸ ਨੂੰ ਸਤਿਗੁਰੂ ਜਾਂ ਗੁਰੂ ਸਾਹਿਬ ਜੀ ਦਾ ਉਪਦੇਸ਼ ਪਿਆਰਾ ਨ = ਨਹੀਂ ਲਗਈ = ਲੱਗਦਾ, ਉਹ ਮਨ = ਚਿੱਤ ਦੇ ਹੱਠ ਕਰਕੇ ਕਦੇ ਸਤਿਸੰਗਤ ਵਿਚ ਆਵੈ = ਆ ਜਾਂਦਾ ਹੈ ਤੇ ਕਦੇ ਚਲਿਆ ਜਾਇ = ਜਾਂਦਾ ਹੈ **ਵਾ:** ਮਨ ਦੇ ਹੱਠ ਕਰਕੇ ਆਵੈ = ਆਉਂਦਾ ਜਾਇ = ਜਾਂਦਾ, ਭਾਵ ਜੰਮਦਾ ਮਰਦਾ ਰਹਿੰਦਾ ਹੈ।

## ਜੇ ਇਕ ਵਿਖ ਅਗਾਹਾ ਭਰੇ; ਤਾਂ ਦਸ ਵਿਖਾਂ ਪਿਛਾਹਾ ਜਾਇ ॥

ਜੇ = ਜੇਕਰ ਉਹ ਪੁਰਖ ਇਕ ਵਿਖ = ਕਦਮ ਸ੍ਰੇਸ਼ਟ ਕਰਮ ਜਾਂ ਜਪ ਤਪ ਕਰਨ ਲਈ ਅਗਾਹਾ = ਅੱਗੇ ਭਰੇ = ਭਰਦਾ ਹੈ ਤਾਂ ਉਸ ਦਾ ਮਨ ਦਸ ਵਿਖਾਂ = ਕਦਮਾਂ ਪਿਛਾਹਾ = ਪਿੱਛੇ ਵੱਲ ਨੂੰ ਜਾਇ = ਜਾਂਦਾ ਹੈ।

**ਅਥਵਾ** ਜੇਕਰ ਥੋੜ੍ਹੀ ਬਹੁਤੀ ਦਿਖਾਵੇ ਮਾਤਰ ਲੋਕਾਂ ਨੂੰ ਸ਼ਰਧਾ ਦਿਖਾ ਕੇ ਇਕ ਕਦਮ ਸਤਿਗੁਰਾਂ ਦੀ ਸ਼ਰਨ ਵੱਲ ਨੂੰ ਕਰ ਵੀ ਲਵੇ ਤਾਂ ਫੇਰ ਦਸ ਕਦਮ ਵਿਸ਼ਿਆਂ ਵੱਲ ਨੂੰ ਪਿੱਛੇ ਹਟ ਜਾਂਦਾ ਹੈ।

## ਸਤਿਗੁਰ ਕੀ ਸੇਵਾ ਚਾਕਰੀ; ਜੇ ਚਲਹਿ ਸਤਿਗੁਰ ਭਾਇ ॥

ਦੁਨਿਆਵੀ ਚਾਕਰੀ = ਨੌਕਰੀ ਵਾਂਗ ਸਤਿਗੁਰਾਂ ਕੀ = ਦੀ ਕੀਤੀ ਹੋਈ ਸੇਵਾ = ਟਹਿਲ ਉਨ੍ਹਾਂ ਦੀ ਸਫਲੀ ਹੈ, ਜੇ = ਜਿਹੜੇ ਸਤਿਗੁਰਾਂ ਦੇ ਭਾਇ = ਅਨੁਸਾਰ ਹੋ ਕੇ ਜਾਂ ਭਾਣੇ ਵਿਚ ਚਲਹਿ = ਚੱਲਦੇ ਹਨ।

**ਵਾ:** ਸਤਿਗੁਰਾਂ ਕੀ = ਦੀ ਚਾਕਰੀ = ਚਾਅ ਨਾਲ ਕੀਤੀ ਹੋਈ ਸੇਵਾ ਉਨ੍ਹਾਂ ਦੀ ਸਫਲੀ ਹੈ ਜਿਹੜੇ ਸਤਿਗੁਰਾਂ ਦੇ ਭਾਇ = ਭਾਣੇ ਵਿਚ ਚੱਲਦੇ ਹਨ **ਵਾ:** ਸਤਿਗੁਰਾਂ ਦੀ ਸੇਵਾ ਰੂਪੀ ਚਾਕਰੀ ਇਹੋ ਹੈ ਜੋ ਗੁਰਾਂ ਦੇ ਭਾਣੇ ਵਿਚ ਚੱਲਣਾ ਹੈ।

## ਆਪੁ ਗਵਾਇ, ਸਤਿਗੁਰੂ ਨੋ ਮਿਲੈ; ਸਹਜੇ ਰਹੈ ਸਮਾਇ ॥

ਜਿਹੜੇ ਆਪੁ = ਆਪਾ-ਭਾਵ (ਹੰਕਾਰ) ਗਵਾਇ = ਗੁਆ ਕੇ ਸੱਚੇ ਸਤਿਗੁਰੂ ਸਾਹਿਬ ਜੀ ਨੋ = ਨੂੰ ਮਿਲੈ = ਮਿਲਦੇ ਹਨ, ਉਹ ਸਹਜੇ = ਸੁਤੇ-ਸਿੱਧ ਹੀ ਵਾਹਿਗੁਰੂ ਦੇ ਸਰੂਪ ਵਿਚ ਸਮਾਇ = ਲੀਨ ਹੋਏ ਰਹੈ = ਰਹਿੰਦੇ ਹਨ।

## ਨਾਨਕ, ਤਿਨਾ ਨਾਮੁ ਨ ਵੀਸਰੈ; ਸਚੇ ਮੇਲਿ ਮਿਲਾਇ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਿਨਾ = ਉਨ੍ਹਾਂ ਨੂੰ ਸੱਚੇ ਪਾਤਸ਼ਾਹ ਦਾ ਨਾਮ ਨ = ਨਹੀਂ ਵੀਸਰੈ = ਵਿਸਰਦਾ, ਜਿਨ੍ਹਾਂ ਨੂੰ ਸੱਚੇ ਪਾਤਸ਼ਾਹ ਨੇ ਆਪਣੇ ਸਰੂਪ ਦੇ ਮੇਲ ਵਿਚ ਮਿਲਾਇ = ਮਿਲਾ ਲਿਆ ਹੈ ॥੨॥

## ਪਉੜੀ ॥

## ਖਾਨ ਮਲੂਕ ਕਹਾਇਦੇ; ਕੋ ਰਹਣੁ ਨ ਪਾਈ ॥

ਜੋ ਆਪਣੇ ਆਪ ਨੂੰ ਖਾਨ = ਪਠਾਣਾਂ ਦੇ ਸਰਦਾਰ ਤੇ ਮਲੂਕ = ਬਾਦਸ਼ਾਹ ਕਹਾਇਦੇ = ਅਖਵਾਉਂਦੇ ਹਨ, ਇਨ੍ਹਾਂ ਵਿੱਚੋਂ ਕੋ = ਕੋਈ ਵੀ ਸੰਸਾਰ ਵਿਚ ਰਹਣੁ = ਰਹਿਣਾ ਨ = ਨਹੀਂ ਪਾਈ = ਪਾਉਣਾ ਕਰੇਗਾ।

## ਗੜ੍ਹ ਮੰਦਰ ਗਚਗੀਰੀਆ; ਕਿਛੁ ਸਾਥਿ ਨ ਜਾਈ ॥

ਜਿਹੜੇ, ਗੜ੍ਹ = ਕਿਲ੍ਹੇ ਤੇ ਸੋਹਣੇ ਮੰਦਰ = ਮਕਾਨ ਗਚਗੀਰੀਆ = ਚੂਨੇ ਗਚ ਬਣਾਉਣੇ ਕੀਤੇ ਹਨ **ਵਾ:** ਚੂਨੇ ਦੀ ਪਕੜ ਵਾਲੇ ਬਣਾਉਣੇ ਕੀਤੇ ਹਨ, ਇਨ੍ਹਾਂ ਪਦਾਰਥਾਂ ਵਿੱਚੋਂ ਕਿਛੁ = ਕੁਝ ਵੀ ਸਾਥਿ = ਨਾਲ ਨ = ਨਹੀਂ ਜਾਈ = ਜਾਂਦਾ।

## ਸੋਇਨ ਸਾਖਤਿ ਪਉਣ ਵੇਗ; ਧ੍ਰਿਗੁ ਧ੍ਰਿਗੁ ਚਤੁਰਾਈ ॥

ਜੋ ਸੋਇਨ = ਸੋਨੇ ਦੀ ਸਾਖਤਿ = ਦੁਮਚੀ ਵਾਲੇ ਅਤੇ ਪਉਣ = ਹਵਾ ਵਾਂਗ ਵੇਗ = ਤੇਜ਼ ਰਫ਼ਤਾਰ ਨਾਲ ਚੱਲਣ ਵਾਲੇ ਘੋੜੇ ਹੁੰਦੇ ਹਨ, ਉਨ੍ਹਾਂ ਦੀ ਚਤੁਰਾਈ ਨਾਲ ਅਸਵਾਰੀ ਕਰਨ ਵਾਲੇ ਪੁਰਖ ਦੀ ਚਤੁਰਤਾ ਨੂੰ ਇਸ ਲੋਕ ਵਿਚ ਵੀ ਧ੍ਰਿਗੁ = ਧ੍ਰਿਕਾਰ ਹੈ ਤੇ ਪ੍ਰਲੋਕ ਵਿਚ ਵੀ ਧ੍ਰਿਕਾਰ ਹੈ।

## ਛਤੀਹ ਅੰਮ੍ਰਿਤ ਪਰਕਾਰ ਕਰਹਿ; ਬਹੁ ਮੈਲੁ ਵਧਾਈ ॥

ਜੋ ਛੱਤੀ ਪ੍ਰਕਾਰ ਦੇ ਅੰਮ੍ਰਿਤ ਵਰਗੇ ਮਿੱਠੇ ਭੋਜਨ ਖਾਣਾ ਕਰਹਿ = ਕਰਦੇ ਹਨ, ਉਨ੍ਹਾਂ ਨੇ ਪਦਾਰਥਾਂ ਖਾ ਕੇ ਸਰੀਰ ਵਿਚ ਬਹੁ = ਬਹੁਤੀ ਮੈਲੁ = ਗੰਦਗੀ ਹੀ ਵਧਾਈ = ਵਧਾਉਣਾ ਕੀਤੀ ਹੈ **ਵਾ:** ਸਰੀਰ ਦੀ ਮੈਲ ਹੀ ਵਧਾਉਣਾ ਕੀਤੀ **ਵਾ:** ਸਰੀਰ ਵਿਚ ਬਹੁਤ ਮੈਲ = ਮੈਲਾ (ਖ਼ੂਨ) ਹੀ ਵਧਾਉਣਾ ਕੀਤਾ ਹੈ।

## ਨਾਨਕ, ਜੋ ਦੇਵੈ ਤਿਸਹਿ ਨ ਜਾਣਨੀ; ਮਨਮੁਖਿ ਦੁਖੁ ਪਾਈ ॥੨੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ = ਜਿਹੜਾ ਪਰਮੇਸ਼ਰ ਦਾਤਾਂ ਦੇਵੈ = ਦਿੰਦਾ ਹੈ,

ਤਿਸਹਿ = ਉਸ ਨੂੰ ਅਗਿਆਨੀ ਪੁਰਖ ਹੰਗਤਾ ਕਰਕੇ ਜਾਣਨ੍ਹੀ = ਜਾਣਦੇ ਨ = ਨਹੀਂ ਹਨ, ਇਸੇ ਕਰਕੇ ਮਨਮੁਖ ਪੁਰਖ ਦੁਖ ਪਾਈ = ਪਾਉਣਾ ਕਰਦੇ ਹਨ ॥੨੩॥

## ਸਲੋਕ ਮਃ ੩ ॥

ਤੀਸਰੇ ਸਤਿਗੁਰਾਂ ਦੇ ਕੋਲ ਸ੍ਰੀ ਗੋਇੰਦਵਾਲ ਸਾਹਿਬ ਬੇਣੀ ਨਾਮੇ ਪੰਡਤ ਆ ਕੇ ਕਹਿਣ ਲੱਗਾ ਕਿ ਸਤਿਗੁਰੂ ਜੀ ! ਜੇਕਰ ਤੁਸੀਂ ਆਗਿਆ ਕਰੋ ਤਾਂ ਮੈਂ ਸਿੱਖਾਂ ਨੂੰ ਵਿੱਦਿਆ ਪੜ੍ਹਾ ਦਿਆ ਕਰਾਂ, ਤੁਹਾਡੇ ਸਿੱਖ ਵੀ ਵਿਦਿਆ ਪੜ੍ਹ ਕੇ ਵਿਦਵਾਨ ਬਣ ਜਾਣਗੇ। ਇਹ ਸੁਣ ਕੇ ਸਤਿਗੁਰੂ ਸਾਹਿਬ ਬੇਣੀ ਪੰਡਤ ਨੂੰ ਕਹਿਣ ਲੱਗੇ ਕਿ ਸਿੱਖ ਜਿਹੜੀ ਨਾਮ ਬਾਣੀ ਦੀ ਪੜ੍ਹਾਈ ਪੜ੍ਹਦੇ ਹਨ, ਇਹੋ ਸਾਨੂੰ ਪਸੰਦ ਹੈ, ਵੇਦਾਂ, ਸ਼ਾਸਤਰਾਂ ਦੀ ਪੜ੍ਹਾਈ ਤੇ ਮੋਨ ਧਾਰਨ ਵਾਲਿਆਂ ਦੀ ਹਾਲਤ ਤਾਂ ਇਉਂ ਹੈ।

## ਪੜਿ ਪੜਿ ਪੰਡਿਤ ਮੋੁਨੀ ਥਕੇ; ਦੇਸੰਤਰ ਭਵਿ ਥਕੇ ਭੇਖਧਾਰੀ ॥

ਹੇ ਭਾਈ ! ਵੇਦਾਂ, ਸ਼ਾਸਤਰਾਂ ਦੀਆਂ ਪੜ੍ਹਾਈਆਂ ਪੜ੍ਹ ਪੜ੍ਹ ਕੇ ਪੰਡਿਤ = ਵਿਦਵਾਨ ਲੋਕ ਥਕੇ = ਥੱਕ, ਹਾਰ ਗਏ ਹਨ, ਮੋੁਨੀ = ਮੋਨ ਧਾਰਨ ਵਾਲੇ ਪੁਰਖ ਮੋਨ ਧਾਰ ਕੇ ਭਾਵ ਬੁੱਲ੍ਹਾਂ ਨੂੰ ਘੁੱਟ ਘੁੱਟ ਕੇ ਥੱਕ, ਹਾਰ ਗਏ ਹਨ, ਭੇਖਧਾਰੀ = ਭੇਖਾਂ ਨੂੰ ਧਾਰਨ ਵਾਲੇ ਪੁਰਖ ਦੇਸੰਤਰ = ਦੇਸ਼ਾਂ ਦੇ ਅੰਦਰ ਭਵਿ = ਭ੍ਰਮਣ, ਵਿਚਰ ਵਿਚਰ ਕੇ ਥਕੇ = ਥੱਕ, ਹਾਰ ਗਏ ਹਨ।

## ਦੂਜੈ ਭਾਇ ਨਾਉ ਕਦੇ ਨ ਪਾਇਨਿ; ਦੁਖੁ ਲਾਗਾ ਅਤਿ ਭਾਰੀ ॥

ਦੂਜੈ = ਦ੍ਵੈਤ ਭਾਇ = ਭਾਵ ਵਾਲੇ ਪੁਰਖ ਕਦੇ = ਕਦਾਚਿਤ ਵੀ ਪਰਮੇਸ਼ਰ ਦੇ ਨਾਉ = ਨਾਮ ਨੂੰ ਨ = ਨਹੀਂ ਪਾਇਨਿ = ਪਾ ਸਕਦੇ, ਇਸ ਕਰਕੇ ਉਨ੍ਹਾਂ ਨੂੰ ਅਗਿਆਨ ਕਾਰਨ ਜੰਮਣ ਮਰਨ ਦਾ ਅਤਿ = ਅਤਿਅੰਤ ਭਾਰੀ ਦੁਖੁ ਲਾਗਾ = ਲੱਗ ਰਿਹਾ ਹੈ।

## ਮੂਰਖ ਅੰਧੇ ਤ੍ਰੈ ਗੁਣ ਸੇਵਹਿ; ਮਾਇਆ ਕੈ ਬਿਉਹਾਰੀ ॥

ਉਹ ਮੂਰਖ = ਬੇਸਮਝ ਅੰਧੇ = ਅਗਿਆਨੀ ਪੁਰਖ ਤ੍ਰੈਗੁਣ = ਤਿੰਨਾਂ ਗੁਣਾਂ ਦਾ ਸੇਵਹਿ = ਸੇਵਨ ਕਰਦੇ ਰਹਿੰਦੇ ਹਨ ਭਾਵ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਦੀ ਉਪਾਸ਼ਨਾ ਕਰਦੇ ਰਹਿੰਦੇ ਹਨ ਅਤੇ ਮਾਇਆ ਕੈ = ਦੇ ਬਿਉਹਾਰੀ = ਵਪਾਰੀ ਹਨ **ਵਾ:** ਮਾਇਆ ਕੈ = ਵਿਹਾਰ ਵਾਸਤੇ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਰਹਿੰਦੇ ਹਨ।

## ਅੰਦਰਿ ਕਪਟੁ ਉਦਰੁ ਭਰਣ ਕੈ ਤਾਈ; ਪਾਠ ਪੜਹਿ ਗਾਵਾਰੀ ॥

ਹਿਰਦੇ ਅੰਦਰਿ = ਵਿਚ ਕਪਟੁ = ਛਲ ਹੈ ਤੇ ਉਦਰੁ = ਪੇਟ ਭਰਨ ਕੈ = ਦੇ ਤਾਈ = ਵਾਸਤੇ ਗਾਵਾਰੀ = ਬੇਸਮਝ ਪੁਰਖ ਵੇਦਾਂ ਸ਼ਾਸਤਰਾਂ ਦਾ ਪਾਠ ਪੜਹਿ = ਪੜ੍ਹਦੇ ਰਹਿੰਦੇ ਹਨ **ਵਾ:** ਲੋਕਾਂ ਨੂੰ ਪੜ੍ਹ ਪੜ੍ਹ ਕੇ ਸੁਣਾਉਂਦੇ ਹਨ।

## ਸਤਿਗੁਰੁ ਸੇਵੇ, ਸੋ ਸੁਖੁ ਪਾਏ; ਜਿਨ ਹਉਮੈ ਵਿਚਹੁ ਮਾਰੀ ॥

ਜਿਨ = ਜਿਨ੍ਹਾਂ ਨੇ ਦੇਹ ਦੀ ਹਉਮੈ = ਹੰਗਤਾ ਹਿਰਦੇ ਦੇ ਵਿਚਹੁ = ਅੰਦਰੋਂ ਮਾਰੀ = ਮਾਰ ਦਿੱਤੀ ਹੈ ਤੇ ਸਤਿਗੁਰਾਂ ਦਾ ਸੇਵੇ = ਸੇਵਨ ਕਰਦੇ ਹਨ, ਸੋ = ਉਹ ਪੁਰਖ ਆਤਮਿਕ ਸੁਖੁ = ਅਨੰਦ ਨੂੰ ਪਾਏ = ਪਾਉਣਾ ਕਰਦੇ ਹਨ।

## ਨਾਨਕ, ਪੜਣਾ ਗੁਨਣਾ ਇਕੁ ਨਾਉ ਹੈ; ਬੂਝੈ ਕੋ ਬੀਚਾਰੀ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਵੇਦਾਂ ਸ਼ਾਸਤਰਾਂ ਦੀ ਵਿੱਦਿਆ ਦਾ ਪੜ੍ਹਨਾ ਤੇ ਵਿਦਿਆ ਦਾ ਗੁਨਣਾ = ਵਿਚਾਰਨਾ ਇਕ ਪਰਮੇਸ਼ਰ ਦਾ ਨਾਉ = ਨਾਮ ਹੀ ਹੈ, ਭਾਵ ਧਾਰਨ ਕਰਨਾ, ਮੰਨਣ ਕਰਨਾ, ਕਮਾਈ ਕਰਨੀ ਇਹੋ ਹੀ ਨਾਮ ਦਾ ਵਿਚਾਰਨਾ ਹੈ, ਪਰ ਇਸ ਬੀਚਾਰੀ = ਵਿਚਾਰ ਨੂੰ ਕੋ = ਕੋਈ ਵਿਰਲਾ ਪੁਰਖ **ਵਾ:** ਬੀਚਾਰੀ = ਵਿਚਾਰਵਾਨ ਮਹਾਤਮਾ ਹੀ ਬੂਝੈ = ਸਮਝਦਾ ਹੈ ॥੧॥

## ਮः ੩ ॥

## ਨਾਂਗੇ ਆਵਣਾ, ਨਾਂਗੇ ਜਾਣਾ; ਹਰਿ ਹੁਕਮੁ ਪਾਇਆ, ਕਿਆ ਕੀਜੈ ॥

ਜੀਵ ਨੇ ਇਸ ਸੰਸਾਰ ਵਿਚ ਜਨਮ ਧਾਰ ਕੇ ਆਉਣ ਵੇਲੇ ਨਾਂਗੇ = ਬਸਤਰਾਂ ਤੋਂ ਹੀਣਾ ਹੋ ਕੇ ਹੀ ਆਵਣਾ = ਆਉਣਾ ਕੀਤਾ ਹੈ ਅਤੇ ਦੁਨੀਆਂ ਤੋਂ ਕੂਚ ਕਰਨ ਵੇਲੇ ਵੀ ਨਾਂਗੇ = ਬਸਤਰਾਂ ਤੋਂ ਹੀਣਾ ਹੋ ਕੇ ਹੀ ਜਾਣਾ ਕੀਤਾ ਹੈ ਕਿਉਂਕਿ ਜੋ ਹਰਿ = ਪਰਮੇਸ਼ਰ ਨੇ ਜੀਵਾਂ ਦੇ ਕਰਮਾਂ ਅਨੁਸਾਰ ਹੁਕਮ ਪਾਇਆ = ਪਾਉਣਾ ਕੀਤਾ ਹੈ, ਉਸ ਅੱਗੇ ਅਲਪੱਗ ਜੀਵ ਕਿਆ = ਕੀ ਕੀਜੈ = ਕਰ ਸਕਦਾ ਹੈ।

## ਜਿਸ ਕੀ ਵਸਤੁ, ਸੋਈ ਲੈ ਜਾਇਗਾ; ਰੋਸੁ ਕਿਸੈ ਸਿਉ ਕੀਜੈ ॥

ਜਿਸ ਪਰਮੇਸ਼ਰ ਕੀ = ਦੀ ਜੀਵ ਨੂੰ ਜਿੰਦ, ਚੇਤਨ ਸੱਤਾ ਰੂਪੀ ਵਸਤੁ = ਚੀਜ਼ ਦਿੱਤੀ ਹੋਈ ਹੈ, ਸੋਈ = ਉਹੋ ਹੀ ਅੰਤ ਨੂੰ ਸਥੂਲ ਸਰੀਰ ਵਿੱਚੋਂ ਖਿੱਚ ਕੇ ਲੈ ਜਾਇਗਾ = ਜਾਣਾ ਕਰੇਗਾ, ਇਸ ਲਈ ਰੋਸੁ = ਗ਼ੁੱਸਾ ਕਿਸੈ = ਕਿਸ ਨਾਲ ਕੀਜੈ = ਕਰਨਾ ਹੈ।

## ਗੁਰਮੁਖਿ ਹੋਵੈ, ਸੁ ਭਾਣਾ ਮੰਨੇ; ਸਹਜੇ ਹਰਿ ਰਸੁ ਪੀਜੈ ॥

ਜੋ ਗੁਰਮੁਖ ਜਨ ਹੋਵੈ = ਹੁੰਦੇ ਹਨ, ਸੁ = ਉਹ ਪਰਮੇਸ਼ਰ ਦਾ ਭਾਣਾ = ਹੁਕਮ ਮੰਨੇ = ਮੰਨਦੇ ਹਨ ਅਤੇ ਸਹਜੇ = ਸੁਤੇ-ਸਿੱਧ ਹੀ ਹਰਿ = ਪਰਮੇਸ਼ਰ ਦੇ ਪ੍ਰੇਮ, ਨਾਮ ਰਸ ਨੂੰ ਪੀਜੈ = ਪੀਣਾ ਕਰਦੇ ਹਨ।

## ਨਾਨਕ, ਸੁਖਦਾਤਾ ਸਦਾ ਸਲਾਹਿਹੁ; ਰਸਨਾ ਰਾਮੁ ਰਵੀਜੈ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ਸੁਖਦਾਤਾ = ਸੁੱਖਾਂ ਦੇ ਦੇਣ ਵਾਲੇ ਪਰਮੇਸ਼ਰ ਨੂੰ ਸਦਾ = ਹਮੇਸ਼ਾ ਸਲਾਹਿਹੁ = ਸਲਾਹੁਣਾ ਕਰੋ ਅਤੇ ਰਸਨਾ = ਜੀਭਾ ਨਾਲ ਵੀ ਉਸ ਰਾਮੁ = ਪਰਮੇਸ਼ਰ ਦੇ ਨਾਮ ਨੂੰ ਰਵੀਜੈ = ਉਚਾਰਦੇ ਰਿਹਾ ਕਰੋ ॥੨॥

[ਅੰਗ ੧੨੪੭]

## ਪਉੜੀ ॥

## ਗੜਿ ਕਾਇਆ ਸੀਗਾਰ; ਬਹੁ ਭਾਂਤਿ ਬਣਾਈ ॥

ਇਹ ਜੀਵ ਕਾਇਆ = ਦੇਹ ਰੂਪੀ ਗੜਿ = ਕਿਲ੍ਹੇ ਉੱਪਰ ਬਹੁ = ਬਹੁਤ ਭਾਂਤਿ = ਤਰ੍ਹਾਂ ਦੇ ਸ਼ਿੰਗਾਰ ਬਣਾਈ = ਬਣਾਉਣਾ ਕਰਦਾ ਹੈ **ਵਾ:** ਇਸ ਜੀਵ ਨੇ ਦੇਹ ਸੀਗਾਰ = ਸੁਹੱਪਣ ਸਮੱਗਰੀ ਦੇ ਨਾਲ ਚੰਗੀ ਬਣਾਈ = ਬਣਾ ਲਈ ਤੇ ਬਹੁਤ ਤਰ੍ਹਾਂ ਦੇ ਕਿਲ੍ਹੇ ਵੀ ਬਣਾਉਂਦਾ ਹੈ।

## ਰੰਗ ਪਰੰਗ ਕਤੀਫਿਆ; ਪਹਿਰਹਿ ਧਰ ਮਾਈ ॥

ਰੰਗਾਂ ਤੇ ਪਰੰਗ = ਮਿਸ਼ਰਤ ਰੰਗਾਂ ਦੇ ਕਤੀਫਿਆ = ਬਸਤਰ, ਪੁਸ਼ਾਕਾਂ ਪਹਿਰਹਿ = ਪਹਿਨ ਕੇ ਮਾਈ = ਮਾਇਆ ਨੂੰ ਧਰ = ਧਾਰਨ ਕਰਦਾ ਹੈ, ਭਾਵ ਮਾਇਆ ਦੇ ਨਾਲ ਜੇਬਾਂ ਭਰੀ ਰੱਖਦਾ ਹੈ।

## ਲਾਲ ਸੁਪੇਦ ਦੁਲੀਚਿਆ; ਬਹੁ ਸਭਾ ਬਣਾਈ ॥

ਲਾਲ ਰੰਗ ਦੇ ਤੇ ਸੁਪੇਦ = ਚਿੱਟੇ ਰੰਗ ਦੇ ਦੁਲੀਚਿਆ = ਗਲੀਚੇ ਥੱਲੇ ਵਿਛਾ ਕੇ ਬਹੁ = ਬਹੁਤ ਭਾਰੀ ਤੇ ਸੁੰਦਰ ਸਭਾ = ਕਚਹਿਰੀ ਬਣਾਈ ਬੈਠਾ ਹੈ, ਭਾਵ ਹਾਕਮ ਬਣ ਕੇ ਬੈਠ ਜਾਂਦਾ ਹੈ।

## ਦੁਖੁ ਖਾਣਾ ਦੁਖੁ ਭੋਗਣਾ; ਗਰਬੈ ਗਰਬਾਈ ॥

ਕਿਸੇ ਨੂੰ ਦੁੱਖ ਦੇ ਕੇ ਹੀ (ਭਾਵ ਕਿਸੇ ਦਾ ਹੱਕ ਖੋਹ ਕੇ) ਭੋਜਨ ਖਾਣਾ = ਖਾਂਦਾ ਹੈ, ਕਿਸੇ ਨੂੰ ਦੁੱਖ ਦੇ ਕੇ ਭੋਗਾਂ ਨੂੰ ਭੋਗਣਾ ਕਰਦਾ ਹੈ, ਆਪਣੇ ਗੁਣਾਂ ਦਾ ਗਰਬੈ = ਹੰਕਾਰ ਕਰਦਾ ਹੈ ਅਤੇ ਬਹੁਤੇ ਧਨ ਕਰਕੇ ਗਰਬਾਈ = ਹੰਕਾਰੀ ਬਣਿਆ ਬੈਠਾ ਹੈ।

## ਨਾਨਕ, ਨਾਮੁ ਨ ਚੇਤਿਓ; ਅੰਤਿ ਲਏ ਛਡਾਈ ॥੨੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਮਨਮੁਖ ਪੁਰਖ ਨੇ ਪਰਮੇਸ਼ਰ ਦਾ ਨਾਮ ਚੇਤਿਓ = ਚੇਤੇ ਨ = ਨਹੀਂ ਕੀਤਾ, ਜੋ ਅੰਤਿ = ਅਖ਼ੀਰ ਨੂੰ ਜਮਾਂ ਤੋਂ ਛਡਾਈ = ਛੁਡਾ ਲਏ = ਲੈਂਦਾ ਹੈ ॥੨੪॥

## ਸਲੋਕ ਮਃ ੩ ॥

## ਸਹਜੇ ਸੁਖਿ ਸੁਤੀ; ਸਬਦਿ ਸਮਾਇ ॥

ਜਿਸ ਮਹਾਤਮਾ ਦੀ ਬਿਰਤੀ ਗੁਰ ਸਬਦਿ = ਉਪਦੇਸ਼ ਵਿਚ ਸਮਾਇ = ਸਮਾਅ, ਲੀਨ ਹੋ ਗਈ ਹੈ, ਉਸ ਦੀ ਬਿਰਤੀ ਸਹਜੇ = ਸੁਤੇ-ਸਿੱਧ ਹੀ ਨਿਰਵਿਕਲਪ ਸਮਾਧੀ ਦੇ ਸੁਖ ਵਿਚ ਸੁਤੀ = ਬਿਰਾਜੀ ਹੈ।

## ਆਪੇ ਪ੍ਰਭਿ ਮੇਲਿ ਲਈ; ਗਲਿ ਲਾਇ ॥

ਪ੍ਰਭਿ = ਪਰਮੇਸ਼ਰ ਨੇ ਆਪ ਹੀ ਅਭੇਦ ਨਿਸਚੇ ਰੂਪੀ ਗਲਿ = ਕੰਠ ਨਾਲ ਲਾਇ = ਲਾ ਕੇ ਉਸ ਮਹਾਤਮਾ ਦੀ ਬਿਰਤੀ ਆਪਣੇ ਨਾਲ ਬ੍ਰਹਮਾਕਾਰ ਕਰਕੇ ਮੇਲ ਲਈ ਹੈ।

## ਦੁਬਿਧਾ ਚੂਕੀ; ਸਹਜਿ ਸੁਭਾਇ ॥ ਅੰਤਰਿ ਨਾਮੁ ਵਸਿਆ; ਮਨਿ ਆਇ ॥

ਸਹਜਿ = ਸ਼ਾਂਤੀ ਸੁਭਾਇ = ਸੁਭਾਅ ਧਾਰਨ ਕਰਕੇ ਦੁਬਿਧਾ = ਦੁਚਿਤੀ ਵੀ ਅੰਦਰੋਂ ਚੂਕੀ = ਚੁੱਕੀ, ਨਵਿਰਤ ਹੋ ਗਈ ਹੈ **ਵਾ**: ਦੁਚਿਤਾਪੁਣਾ ਚੁੱਕਿਆ ਗਿਆ ਹੈ ਤੇ ਸਹਜਿ = ਸੁਤੇ-ਸਿੱਧ ਹੀ ਸੁਭਾਇ = ਪ੍ਰਕਾਸ਼ ਸਰੂਪ ਬ੍ਰਹਮ ਪ੍ਰਗਟ ਹੋ ਗਿਆ ਹੈ, ਕਿਉਂਕਿ ਉਸ ਦੇ ਮਨਿ = ਚਿੱਤ ਅੰਤਰਿ = ਵਿਚ ਪਰਮੇਸ਼ਰ ਦਾ ਨਾਮ ਆਇ = ਆ ਕੇ ਵਸਿਆ = ਵੱਸ ਗਿਆ ਹੈ **ਵਾ**: ਜਦ ਮਨ ਵਿਚ ਨਾਮ ਆ ਕੇ ਵੱਸ ਗਿਆ, ਤਦ ਅੰਤਰਿ = ਅੰਦਰੋਂ ਹੀ ਪਰਮੇਸ਼ਰ ਪ੍ਰਗਟ ਹੋ ਗਿਆ।

## ਸੇ ਕੰਠਿ ਲਾਏ; ਜਿ ਭੰਨਿ ਘੜਾਇ ॥

ਸੇ = ਉਨ੍ਹਾਂ ਗੁਰਮੁਖ ਜਨਾਂ ਨੂੰ ਪਰਮੇਸ਼ਰ ਨੇ ਆਪਣੇ ਅਭੇਦ ਨਿਸਚੇ ਰੂਪੀ ਕੰਠਿ = ਗਲੇ ਨਾਲ

ਲਾਏ = ਲਾਉਣਾ ਕੀਤਾ ਹੈ, ਜਿ = ਜਿਨ੍ਹਾਂ ਨੇ ਆਪਣੇ ਅੰਦਰੋਂ ਕਾਮ ਕ੍ਰੋਧ ਲੋਭ ਆਦਿ ਆਸੁਰੀ ਸੰਪਦਾ ਭੰਨ ਦਿੱਤੀ ਹੈ ਤੇ ਗੁਰਾਂ ਪਾਸੋਂ ਸ਼ੁਭ ਗੁਣਾਂ ਦੀ **ਵਾ:** ਦੈਵੀ ਸੰਪਦਾ ਦੀ ਘਾੜਤ ਘੜਾਇ = ਘੜਾਅ ਲਈ ਹੈ।

## ਨਾਨਕ, ਜੋ ਧੁਰਿ ਮਿਲੇ; ਸੇ ਹੁਣਿ ਆਨਿ ਮਿਲਾਇ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ = ਜਿਹੜੇ ਧੁਰਿ = ਆਦੋਂ, ਜਨਮ ਤੋਂ ਲਾ ਕੇ ਗੁਰ ਸ਼ਬਦ ਨਾਲ ਮਿਲੇ ਹਨ, ਸੇ = ਉਨ੍ਹਾਂ ਨੂੰ ਹੁਣ ਇਸ ਮਨੁੱਖਾ ਜਨਮ ਵਿਚ ਜਾਂ ਗੁਰਾਂ ਦੀ ਸ਼ਰਨ ਵਿਚ ਆਨਿ = ਲਿਆ ਕੇ ਪਰਮੇਸ਼ਰ ਨੇ ਆਪਣੇ ਨਾਲ ਮਿਲਾਇ = ਮਿਲਾ ਲਿਆ ਹੈ॥੧॥

## ਮਃ ੩ ॥

## ਜਿਨੀ ਨਾਮੁ ਵਿਸਾਰਿਆ; ਕਿਆ ਜਪੁ ਜਾਪਹਿ ਹੋਰਿ ॥

ਜਿਨੀ = ਜਿਨ੍ਹਾਂ ਨੇ ਪਰਮੇਸ਼ਰ ਦੇ ਨਾਮ ਨੂੰ ਵਿਸਾਰਿਆ = ਭੁਲਾ ਦਿੱਤਾ ਹੈ, ਉਹ ਕਿਆ = ਕਿਸ ਲਈ ਹੋਰਿ = ਹੋਰਨਾਂ ਦੇਵੀ ਦੇਵਤਿਆਂ ਦੇ ਮੰਤਰ ਦੇ ਜਪੁ = ਜਾਪ ਨੂੰ ਜਾਪਹਿ = ਜਪਦੇ ਹਨ।

## ਬਿਸਟਾ ਅੰਦਰਿ ਕੀਟ ਸੇ; ਮੁਠੇ ਧੰਧੈ ਚੋਰਿ ॥

ਜਿਹੜੇ ਧੰਧੈ = ਧੰਦਿਆਂ ਰੂਪੀ ਚੋਰਾਂ ਕਰਕੇ ਮੁਠੇ = ਠੱਗੇ ਗਏ ਹਨ, ਸੇ = ਉਹ ਬਿਸਟਾ = ਗੰਦਗੀ ਦੇ ਅੰਦਰਿ = ਵਿਚ ਕੀਟ = ਕੀੜੇ ਪੈਦਾ ਕੀਤੇ ਜਾਂਦੇ ਹਨ।

**ਵਾ:** ਜੋ ਵਿਕਾਰਾਂ ਰੂਪੀ ਚੋਰਾਂ ਦੇ ਧੰਦਿਆਂ ਵਿਚ ਲੱਗ ਕੇ ਲੁੱਟੇ ਗਏ ਹਨ, ਸੇ = ਉਹ ਗੰਦਗੀ ਵਿਚ ਰਹਿਣ ਵਾਲੇ ਕੀੜਿਆਂ ਵਾਂਗ ਵਿਸ਼ਿਆਂ ਦੇ ਕੀੜੇ ਹੀ ਬਣੇ ਰਹਿੰਦੇ ਹਨ, ਭਾਵ ਹਰ ਵਕਤ ਵਿਸ਼ਿਆਂ ਨੂੰ ਹੀ ਭੋਗਦੇ ਰਹਿੰਦੇ ਹਨ।

## ਨਾਨਕ, ਨਾਮੁ ਨ ਵੀਸਰੈ; ਝੂਠੇ ਲਾਲਚ ਹੋਰਿ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ (ਗੁਰਾਂ ਅੱਗੇ ਇਉਂ ਬੇਨਤੀ ਕਰੋ ਕਿ) ਸਾਨੂੰ ਪਰਮੇਸ਼ਰ ਦਾ ਨਾਮ ਨ = ਨਹੀਂ ਵੀਸਰੈ = ਭੁੱਲਣਾ ਚਾਹੀਦਾ, ਕਿਉਂਕਿ ਹੋਰ = ਹੋਰਨਾਂ ਝੂਠੇ = ਮਿਥਿਆ ਪਦਾਰਥਾਂ ਦੇ ਲਾਲਚ = ਲੋਭ ਵਿਚ ਲੱਗਣ ਕਰਕੇ ਟੇਢੀਆਂ ਜੂਨਾਂ ਵਿਚ ਹੀ ਜਾਣਾ ਪੈਂਦਾ ਹੈ॥੨॥

## ਪਉੜੀ ॥

## ਨਾਮੁ ਸਲਾਹਨਿ, ਨਾਮੁ ਮੰਨਿ; ਅਸਥਿਰੁ ਜਗਿ ਸੋਈ ॥

ਜੋ ਪਰਮੇਸ਼ਰ ਦੇ ਨਾਮ ਨੂੰ ਗੁਰਾਂ ਦੁਆਰਾ ਸਲਾਹਨਿ = ਸਲਾਹੁੰਦੇ ਹਨ ਤੇ ਨਾਮ ਦਾ ਮੰਨਿ = ਮੰਨਣ ਕਰਦੇ ਹਨ, ਸੋਈ = ਉਹ ਜਗਿ = ਸੰਸਾਰ ਵਿਚ ਅਸਥਿਰੁ = ਇਸਥਿਤ ਰਹਿਣ ਵਾਲੇ ਮਹਾਤਮਾ ਹਨ **ਵਾ:** ਜਗਿ = ਬ੍ਰਹਮ ਦੇ ਸਰੂਪ ਵਿਚ ਇਸਥਿਤ ਹੋ ਗਏ ਹਨ।

## ਹਿਰਦੈ ਹਰਿ ਹਰਿ ਚਿਤਵੈ; ਦੂਜਾ ਨਹੀ ਕੋਈ ॥

ਉਹ ਹਰ ਵਕਤ ਹਿਰਦੈ = ਚਿੱਤ ਵਿਚ ਸਭ ਨੂੰ ਹਰਿ = ਹਰੇ-ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਚਿਤਵੈ = ਚਿਤਵਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਦੁਨੀਆਂ ਵਿਚ ਪਰਮੇਸ਼ਰ ਤੋਂ ਬਗ਼ੈਰ ਹੋਰ ਦੂਜਾ = ਦੂਸਰਾ ਕੋਈ ਵੀ ਨਹੀਂ ਪ੍ਰਤੀਤ ਹੁੰਦਾ।

## ਰੋਮਿ ਰੋਮਿ ਹਰਿ ਉਚਰੈ; ਖਿਨੁ ਖਿਨੁ ਹਰਿ ਸੋਈ ॥

ਉਹ ਰੋਮਿ ਰੋਮਿ = ਵਾਲ ਵਾਲ ਦੁਆਰਾ ਹਰਿ = ਪਰਮੇਸ਼ਰ ਦੇ ਨਾਮ ਨੂੰ ਉਚਰੈ = ਉਚਾਰਨ ਕਰਦੇ ਹਨ, ਖਿਨੁ ਖਿਨੁ = ਛਿਨ ਛਿਨ ਕਾਲ ਵਿਚ ਨਾਮ ਜਪ ਕੇ ਸੋਈ = ਉਸ ਹਰਿ = ਪਰਮੇਸ਼ਰ ਦਾ ਰੂਪ ਹੀ ਹੋ ਜਾਂਦੇ ਹਨ **ਵਾ**: ਖਿਨ ਖਿਨ ਕਾਲ ਵਿਚ ਉਸ ਪਰਮੇਸ਼ਰ ਦਾ ਨਾਮ ਜਪਦੇ ਰਹਿੰਦੇ ਹਨ।

## ਗੁਰਮੁਖਿ ਜਨਮੁ ਸਕਾਰਥਾ; ਨਿਰਮਲੁ ਮਲੁ ਖੋਈ ॥

ਉਨ੍ਹਾਂ ਗੁਰਮੁਖ ਜਨਾਂ ਦਾ ਮਨੁੱਖਾ ਜਨਮ ਸਕਾਰਥਾ = ਸਫਲਾ ਹੈ, ਜੋ ਪਾਪਾਂ ਦੀ ਮਲੁ = ਮੈਲ ਨੂੰ ਖੋਈ = ਖੋ (ਗੁਆ) ਕੇ ਨਿਰਮਲੁ = ਉੱਜਲ ਸਰੂਪ ਹੋ ਗਏ ਹਨ।

## ਨਾਨਕ, ਜੀਵਦਾ ਪੁਰਖੁ ਧਿਆਇਆ; ਅਮਰਾ ਪਦੁ ਹੋਈ ॥੨੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਜੀਵਦਾ = ਜਿਉਂਦੇ, ਜੀਵਨ ਰੂਪ ਅਕਾਲ ਪੁਰਖ ਨੂੰ ਧਿਆਇਆ = ਧਿਆਉਣਾ ਕੀਤਾ ਹੈ **ਵਾ**: ਜਿਨ੍ਹਾਂ ਨੇ ਜੀਵਦਾ = ਜਿਉਂਦਿਆਂ ਜਿਉਂਦਿਆਂ ਪੁਰਖੁ = ਪੂਰਨ ਪਰਮੇਸ਼ਰ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਉਨ੍ਹਾਂ ਨੂੰ ਅਮਰਾ ਪਦੁ = ਅਮਰ ਪਦਵੀ ਭਾਵ ਕੈਵਲ ਮੋਖ ਦੀ ਪ੍ਰਾਪਤੀ ਹੋਈ = ਹੋ ਜਾਂਦੀ ਹੈ ॥੨੫॥

## ਸਲੋਕੁ ਮਃ ੩ ॥

## ਜਿਨੀ ਨਾਮੁ ਵਿਸਾਰਿਆ; ਬਹੁ ਕਰਮ ਕਮਾਵਹਿ ਹੋਰਿ ॥

ਜਿਨੀ = ਜਿਨ੍ਹਾਂ ਪੁਰਖਾਂ ਨੇ ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਵਿਸਾਰਿਆ = ਭੁਲਾ ਦਿੱਤਾ ਹੈ, ਤੇ ਹੋਰ ਬਹੁ = ਬਹੁਤੇ ਨਿਤ, ਨਮਿੱਤ ਆਦਿ ਕਰਮਾਂ ਨੂੰ ਕਮਾਵਹਿ = ਕਮਾਉਂਦੇ ਹਨ।

## ਨਾਨਕ, ਜਮ ਪੁਰਿ ਬਧੇ ਮਾਰੀਅਹਿ; ਜਿਉ ਸੰਨੀ ਉਪਰਿ ਚੋਰ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਜਮਪੁਰਿ = ਜਮਾਂ ਦੀ ਪੁਰੀ ਵਿਚ ਬਧੇ = ਬੰਨ੍ਹੇ ਹੋਏ ਇਉਂ ਮਾਰੀਅਹਿ = ਮਾਰੀ ਦੇ, ਕੁੱਟੀਦੇ ਹਨ, ਜਿਉ = ਜਿਵੇਂ ਸੰਨੀ = ਸੰਨ੍ ਉਪਰਿ = ਉੱਤੇ ਫੜਿਆ ਚੋਰ ਮਾਰਾਂ ਖਾਂਦਾ ਹੈ ॥੧॥

## ਮਃ ੫ ॥

## ਧਰਤਿ ਸੁਹਾਵੜੀ ਆਕਾਸੁ ਸੁਹੰਦਾ; ਜਪੰਦਿਆ ਹਰਿ ਨਾਉ ॥

ਉਹ ਧਰਤਿ = ਧਰਤੀ ਵੀ ਸੁਹਾਵੜੀ = ਸ਼ੋਭਨੀਕ ਹੈ, ਉਹ ਅਕਾਸ਼ ਵੀ ਸੁਹੰਦਾ = ਸ਼ੋਭਨੀਕ ਹੈ, ਜਿਥੇ ਹਰਿ = ਪਰਮੇਸ਼ਰ ਦਾ ਨਾਉ = ਨਾਮ ਜਪੰਦਿਆ = ਜਪਿਆ ਜਾਂਦਾ ਹੈ।

**ਵਾ**: ਉਹ ਬੁੱਧ ਰੂਪ ਧਰਤੀ ਵੀ ਸ਼ੋਭਨੀਕ ਹੈ, ਰਿਦੇ ਰੂਪੀ ਅਕਾਸ਼ ਵੀ ਸ਼ੋਭਨੀਕ ਹੈ **ਵਾ**: ਉਹ ਔਗੁਣਾਂ ਨੂੰ ਬਖ਼ਸ਼ਣ ਵਾਲੀ ਖਿਮਾ ਰੂਪੀ ਧਰਤੀ ਵੀ ਸ਼ੋਭਨੀਕ ਹੈ **ਵਾ**: ਨਿਸਚਾ ਕਰਨ ਵਾਲੀ ਬੁੱਧ ਰੂਪ ਧਰਤੀ ਵੀ ਸ਼ੋਭਨੀਕ ਹੈ **ਵਾ**: ਪਹਿਲੀ ਦੂਜੀ ਆਦਿ ਭੂਮਿਕਾ ਵੀ ਸ਼ੋਭਨੀਕ ਹੈ ਤੇ ਉਹ ਚਿਦਾਕਾਸ਼ ਰੂਪੀ ਬ੍ਰਹਮ ਵਿਚ ਮਿਲਣ ਵਾਲੇ ਮਹਾਤਮਾ ਵੀ ਸ਼ੋਭਨੀਕ ਹਨ, ਜਿਨ੍ਹਾਂ ਨੇ ਪਰਮੇਸ਼ਰ ਦਾ ਨਾਮ ਜਪਿਆ ਹੈ।

## ਨਾਨਕ ਨਾਮ ਵਿਹੂਣਿਆ; ਤਿਨ ਤਨ ਖਾਵਹਿ ਕਾਉ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜੇ ਪੁਰਖ ਪਰਮੇਸ਼ਰ ਦੇ ਨਾਮ ਤੋਂ ਵਿਹੂਣਿਆ = ਬਗ਼ੈਰ ਹਨ, ਤਿਨ = ਉਨ੍ਹਾਂ ਦੇ ਤਨ = ਸਰੀਰ ਨੂੰ ਪ੍ਰਤੱਖ ਕਾਉ = ਕਾਂ ਖਾਵਹਿ = ਖਾਂਦੇ ਹਨ[1] **ਵਾ:** ਕਾਮ ਕ੍ਰੋਧ ਆਦਿ ਵਿਕਾਰਾਂ ਰੂਪੀ ਕਾਂ ਖਾਂਦੇ ਹਨ **ਵਾ:** ਕਾਲ ਰੂਪੀ ਕਾਂ ਖਾ ਜਾਂਦਾ ਹੈ ॥੨॥

## ਪਉੜੀ ॥

## ਨਾਮੁ ਸਲਾਹਨਿ ਭਾਉ ਕਰਿ; ਨਿਜ ਮਹਲੀ ਵਾਸਾ ॥

ਜਿਹੜੇ ਪੁਰਖ ਪਰਮੇਸ਼ਰ ਦਾ ਭਾਉ = ਪ੍ਰੇਮ ਕਰਿ = ਕਰਕੇ ਨਾਮ ਸਲਾਹਨਿ = ਸਲਾਹੁੰਦੇ ਹਨ, ਉਹ ਨਿਜ = ਆਪਣੇ, ਤੁਰੀਆ ਪਦ ਰੂਪੀ ਮਹਲੀ = ਸਰੂਪ ਵਿਚ ਵਾਸਾ = ਨਿਵਾਸ ਪਾਉਂਦੇ ਹਨ।

## ਓਇ ਬਾਹੁੜਿ ਜੋਨਿ ਨ ਆਵਨੀ; ਫਿਰਿ ਹੋਹਿ ਨ ਬਿਨਾਸਾ ॥

ਓਇ = ਉਹ ਬਾਹੁੜਿ = ਮੁੜ ਕੇ ਹੋਰ ਜੋਨਿ = ਜੂਨਾਂ ਵਿਚ ਨ = ਨਹੀਂ ਆਵਨੀ = ਆਉਂਦੇ, ਫਿਰਿ = ਪੁਨਾ ਉਹ ਕਦੇ ਬਿਨਾਸਾ = ਨਾਸ਼ ਵੀ = ਨਹੀਂ ਹੋਹਿ = ਹੁੰਦੇ **ਵਾ:** ਉਨ੍ਹਾਂ ਦਾ ਮੁੜ ਕੇ ਜੰਮਣਾ ਮਰਨਾ ਨਹੀਂ ਹੁੰਦਾ **ਵਾ:** ਨਾਸ਼ ਨਹੀਂ ਹੁੰਦਾ।

## ਹਰਿ ਸੇਤੀ ਰੰਗਿ ਰਵਿ ਰਹੇ; ਸਭ ਸਾਸ ਗਿਰਾਸਾ ॥

ਉਹ ਹਰਿ = ਪਰਮੇਸ਼ਰ ਦੇ ਸੇਤੀ = ਨਾਲ ਰੰਗਿ = ਪ੍ਰੇਮ ਸਹਿਤ ਰਵਿ = ਮਿਲੇ ਰਹੇ = ਰਹਿੰਦੇ ਹਨ ਅਤੇ ਸਭ = ਸਾਰੇ ਆਉਂਦੇ ਸਾਸ = ਸੁਆਸਾਂ ਨਾਲ ਤੇ ਗਿਰਾਸਾ = ਭੋਜਨ ਦੀ ਗਰਾਹੀ ਖਾਂਦਿਆਂ ਵੀ ਪਰਮੇਸ਼ਰ ਦਾ ਨਾਮ ਜਪਦੇ ਰਹਿੰਦੇ ਹਨ।

## ਹਰਿ ਕਾ ਰੰਗੁ ਕਦੇ ਨ ਉਤਰੈ; ਗੁਰਮੁਖਿ ਪਰਗਾਸਾ ॥

ਉਨ੍ਹਾਂ ਦੇ ਰਿਦੇ ਵਿੱਚੋਂ ਹਰਿ = ਪਰਮੇਸ਼ਰ ਕਾ = ਦਾ ਰੰਗੁ = ਪ੍ਰੇਮ ਰੰਗ ਕਦੇ = ਕਦਾਚਿਤ ਵੀ ਨ = ਨਹੀਂ ਉਤਰੈ = ਉਤਰਦਾ, ਕਿਉਂਕਿ ਉਨ੍ਹਾਂ ਗੁਰਮੁਖ ਜਨਾਂ ਦੇ ਹਿਰਦੇ ਵਿਚ ਗਿਆਨ ਦਾ ਪਰਗਾਸਾ = ਪ੍ਰਕਾਸ਼ ਹੋ ਗਿਆ ਹੈ।

## ਓਇ ਕਿਰਪਾ ਕਰਿ ਕੈ ਮੇਲਿਅਨੁ; ਨਾਨਕ ਹਰਿ ਪਾਸਾ ॥੨੯॥

ਓਇ = ਉਹ ਪਰਮੇਸ਼ਰ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰ ਕੇ ਆਪਣੇ ਸਰੂਪ ਦੇ ਨਾਲ ਮੇਲਿਅਨੁ = ਮੇਲੁ ਲਏ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਹਰਿ = ਪਰਮੇਸ਼ਰ ਨੂੰ ਹਰ ਵਕਤ ਪਾਸਾ = ਕੋਲ ਹੀ ਜਾਣਿਆ ਹੈ **ਵਾ:** ਜਿਨ੍ਹਾਂ ਦੀ ਪਰਮੇਸ਼ਰ ਨੇ ਜਮਾਂ, ਵਿਕਾਰਾਂ ਦੀ ਪਾਸਾ = ਫਾਹੀ ਹਰਿ = ਹਰ, ਨਾਸ਼ ਕਰ ਦਿੱਤੀ ਹੈ ॥੨੯॥

## ਸਲੋਕ ਮਃ ੩ ॥

## ਜਿਚਰੁ ਇਹੁ ਮਨੁ ਲਹਰੀ ਵਿਚਿ ਹੈ; ਹਉਮੈ ਬਹੁਤੁ ਅਹੰਕਾਰੁ ॥

ਜਿਚਰੁ = ਜਿਤਨਾ ਚਿਰ ਜੀਵ ਦਾ ਇਹ ਮਨੁ = ਚਿੱਤ ਆਸਾ ਤ੍ਰਿਸ਼ਨਾ ਰੂਪ, ਵਾਸ਼ਨਾ ਰੂਪ, ਵਿਕਾਰਾਂ

---

੧. ਜੈਸਾ ਕਿ : **ਜਿਹ ਸਿਰਿ ਰਚਿ ਰਚਿ ਬਾਧਤ ਪਾਗ ॥ ਸੋ ਸਿਰੁ ਚੁੰਚ ਸਵਾਰਹਿ ਕਾਗ ॥੧॥** *(ਅੰਗ ੩੩੦)*

ਰੂਪ ਲਹਰੀ = ਲਹਿਰਾਂ ਵਿਚਿ = ਅੰਦਰ ਤਾਰੀਆਂ ਮਾਰਦਾ ਰਹਿੰਦਾ ਹੈ, ਉਤਨਾ ਚਿਰ ਇਸਨੂੰ ਦੇਹ ਦੀ ਹਉਮੈ = ਹੰਗਤਾ ਤੇ ਗੁਣਾਂ ਦਾ ਬਹੁਤੁ = ਅਤਿਅੰਤ ਅਹੰਕਾਰ ਹੈ।

## ਸਬਦੈ ਸਾਦੁ ਨ ਆਵਈ; ਨਾਮਿ ਨ ਲਗੈ ਪਿਆਰੁ ॥

ਇਸ ਨੂੰ ਗੁਰ ਸਬਦੈ = ਉਪਦੇਸ਼ ਜਾਂ ਸਬਦੈ = ਬ੍ਰਹਮ ਦੇ ਨਾਮ ਦਾ ਸਾਦੁ = ਸੁਆਦ ਨ = ਨਹੀਂ ਆਵਈ = ਆਉਂਦਾ ਅਤੇ ਨਾ ਹੀ ਪਰਮੇਸ਼ਰ ਦੇ ਨਾਮ ਨਾਲ ਪਿਆਰੁ = ਪ੍ਰੇਮ ਲਗੈ = ਲੱਗਦਾ ਹੈ।

## ਸੇਵਾ ਥਾਇ ਨ ਪਵਈ ਤਿਸ ਕੀ; ਖਪਿ ਖਪਿ ਹੋਇ ਖੁਆਰੁ ॥

ਤਿਸ ਕੀ = ਉਸ ਦੀ ਸੇਵਾ = ਟਹਿਲ ਕੀਤੀ ਹੋਈ ਥਾਇ = ਥਾਂ ਸਿਰ, ਪ੍ਰਵਾਨਗੀ ਵਿਚ ਨ = ਨਹੀਂ ਪਵਈ = ਪੈਂਦੀ, ਐਵੇਂ ਵਾਸ਼ਨਾ ਵਿਚ ਖਪਿ ਖਪਿ = ਖਚ ਖਚ ਕੇ ਖੁਆਰੁ = ਖ਼ਰਾਬ ਹੀ ਹੋਇ = ਹੁੰਦਾ ਰਹਿੰਦਾ ਹੈ।

## ਨਾਨਕ, ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋਈ = ਉਹ ਪਰਮੇਸ਼ਰ ਦਾ ਅਸਲੀ ਸੇਵਕੁ = ਦਾਸ ਆਖੀਐ = ਕਹੀਦਾ ਹੈ, ਜੋ = ਜਿਹੜਾ ਸਤਿਗੁਰਾਂ ਦੇ ਅੱਗੇ ਆਪਣਾ ਸਿਰੁ = ਸੀਸ ਉਤਾਰ ਕੇ ਧਰੇ = ਧਰ ਦੇਵੇ, ਭਾਵ ਗੁਰਾਂ ਦੇ ਅੱਗੇ ਆਪਣਾ ਆਪ ਅਰਪ ਦੇਣਾ ਕਰੇ **ਵਾ:** ਜੋ ਹੰਕਾਰ ਰੂਪੀ ਸਿਰ ਉਤਾਰ ਕੇ ਸਤਿਗੁਰਾਂ ਅੱਗੇ ਧਰ ਦੇਣਾ ਕਰੇ।

## ਸਤਿਗੁਰ ਕਾ ਭਾਣਾ ਮੰਨਿ ਲਏ; ਸਬਦੁ ਰਖੈ ਉਰ ਧਾਰਿ ॥੧॥

ਸਤਿਗੁਰੂ ਸਾਹਿਬ ਜੀ ਕਾ = ਦਾ ਭਾਣਾ = ਹੁਕਮ ਹਿਰਦੇ ਵਿਚ ਮੰਨ ਲਏ = ਲੈਣਾ ਕਰਦਾ ਹੈ ਅਤੇ ਗੁਰ ਸਬਦੁ = ਉਪਦੇਸ਼ ਨੂੰ ਹਰ ਵਕਤ ਉਰ ਧਾਰਿ = ਹਿਰਦੇ ਵਿਚ ਧਾਰਨ ਕਰਕੇ ਰੱਖਦਾ ਹੈ, ਉਹ ਅਸਲ ਸੇਵਕ ਹੈ ॥੧॥

## ਮਃ ੩ ॥

## ਸੋ ਜਪੁ ਤਪੁ ਸੇਵਾ ਚਾਕਰੀ; ਜੋ ਖਸਮੈ ਭਾਵੈ ॥

ਸੋ = ਉਹੋ ਹੀ ਬਾਣੀ ਕਰਕੇ ਜਪੁ = ਜਾਪ ਕਰਨਾ, ਚਿੱਤ ਦੀ ਇਕਾਗਰਤਾ ਰੂਪੀ ਤਪ ਕਰਨਾ ਜਾਂ ਸਰੀਰ ਕਰਕੇ ਸੇਵਾ ਰੂਪ ਤਪ ਕਰਨਾ ਅਤੇ ਭਗਤੀ ਰੂਪੀ ਚਾਕਰੀ = ਨੌਕਰੀ ਕਰਨੀ ਸਫਲੀ ਹੈ ਜਾਂ ਨੌਕਰੀ ਵਾਂਗ ਭਗਤੀ ਕੀਤੀ ਹੋਈ ਸਫਲੀ ਹੈ, ਜੋ = ਜਿਹੜੀ ਖਸਮੈ = ਮਾਲਕ ਪਰਮੇਸ਼ਰ ਨੂੰ ਭਾਵੈ = ਭਾਉਂਦੀ ਹੈ।

## ਆਪੇ ਬਖਸੇ ਮੇਲਿ ਲਏ; ਆਪਤੁ ਗਵਾਵੈ ॥

(**ਆਪਤੁ** ਦਾ ਉਚਾਰਣ ਅੱਧਕ ਰਹਿਤ ਹੈ)

ਜਿਨ੍ਹਾਂ ਨੇ ਗੁਰ ਉਪਦੇਸ਼ ਦੁਆਰਾ ਆਪਣੇ ਅੰਦਰੋਂ ਆਪਤੁ = ਅਪਣੱਤ, ਆਪਾ-ਭਾਵ ਗਵਾਵੈ = ਗਵਾਉਣਾ ਕੀਤਾ ਹੈ, ਉਨ੍ਹਾਂ ਨੂੰ ਆਪੇ = ਆਪ ਹੀ ਪਰਮੇਸ਼ਰ ਗੁਰਾਂ ਦੁਆਰਾ ਨਾਮ ਦੀ ਬਖ਼ਸ਼ ਦੇ ਕੇ ਆਪਣੇ ਸਰੂਪ ਨਾਲ ਮੇਲ ਲਏ = ਲੈਂਦਾ ਹੈ **ਵਾ:** ਆਪ ਹੀ ਸ੍ਰਵਣ, ਮੰਨਣ, ਨਿਧਿਆਸਣ ਤੱਤ ਤ੍ਵੰ ਦੇ ਸੰਸ਼ੋਧਨ ਦਾ ਗਿਆਨ ਬਖ਼ਸ਼ ਕੇ ਆਪਣੇ ਸਰੂਪ ਨਾਲ ਮੇਲ ਲੈਂਦਾ ਹੈ **ਵਾ:** ਆਪ ਹੀ ਬਖਸੇ = ਕਿਰਪਾ ਕਰ ਕੇ ਆਪਣੇ ਨਾਲ ਮੇਲ ਲੈਂਦਾ ਹੈ **ਵਾ:** ਆਪ ਹੀ ਦੁਨੀਆਂ ਦੀ ਰੱਖਿਆ ਵਾਸਤੇ ਭੇਜੇ ਸਤਿਗੁਰਾਂ ਦੁਆਰਾ ਨਾਮ ਦੀ ਬਖ਼ਸ਼ਿਸ਼ ਕਰ ਕੇ ਆਪਣੇ ਨਾਲ ਮੇਲ ਲੈਂਦਾ ਹੈ।

## ਮਿਲਿਆ ਕਦੇ ਨ ਵੀਛੁੜੈ; ਜੋਤੀ ਜੋਤਿ ਮਿਲਾਵੈ ॥

ਉਹ ਮਿਲਿਆ ਹੋਇਆ ਗੁਰਮੁਖ ਜਨ ਫੇਰ ਕਦੇ = ਕਦਾਚਿਤ ਵੀ ਵਾਹਿਗੁਰੂ ਨਾਲੋਂ ਵੀਛੁੜੈ = ਵਿੱਛੜਦਾ ਨ = ਨਹੀਂ ਹੈ, ਜਿਸ ਦੀ ਪ੍ਰਤਕ ਜੋਤ ਜੋਤੀ = ਪ੍ਰਕਾਸ਼ ਸਰੂਪ ਬ੍ਰਹਮ ਆਪਣੀ ਜੋਤ ਵਿਚ ਮਿਲਾਵੈ = ਮਿਲਾ ਲੈਂਦਾ ਹੈ।

## ਨਾਨਕ, ਗੁਰਪਰਸਾਦੀ ਸੋ ਬੁਝਸੀ; ਜਿਸੁ ਆਪਿ ਬੁਝਾਵੈ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰੰਤੂ ਗੁਰਪਰਸਾਦੀ = ਗੁਰੂ ਦੀ ਕਿਰਪਾ ਨਾਲ ਇਸ ਗੱਲ ਨੂੰ ਸੋ = ਉਹੋ ਪੁਰਖ ਹੀ ਬੁਝਸੀ = ਬੁੱਝਦਾ, ਸਮਝਦਾ ਹੈ ਜਿਸ ਨੂੰ ਪਰਮੇਸ਼ਰ ਆਪ ਗੁਰਾਂ ਦੁਆਰਾ ਬੁਝਾਵੈ = ਬੁਝਾਉਂਦਾ, ਸਮਝਾਉਂਦਾ ਹੈ ॥੨॥

## ਪਉੜੀ ॥
## ਸਭੁ ਕੋ ਲੇਖੇ ਵਿਚਿ ਹੈ; ਮਨਮੁਖੁ ਅਹੰਕਾਰੀ ॥

ਸਭ ਕੋਈ ਕਰਮਾਂ ਧਰਮਾਂ ਦੇ ਲੇਖੇ = ਹਿਸਾਬ-ਕਿਤਾਬ ਵਿਚਿ = ਅੰਦਰ ਹੈ, ਪਰ ਮਨਮੁਖ ਪੁਰਖ ਅਹੰਕਾਰੀ = ਹੰਕਾਰੀ ਹੋ ਰਿਹਾ ਹੈ ਭਾਵ ਹੰਕਾਰ ਦੇ ਸਹਿਤ ਕਹਿੰਦਾ ਹੈ ਕਿ ਮੇਰੇ ਵਰਗਾ ਕੋਈ ਵੀ ਨਹੀਂ ਹੈ ਮੈਂ ਇਤਨੇ ਕਰਮ ਧਰਮ ਕਰ ਲਏ ਹਨ।

## ਹਰਿ ਨਾਮੁ ਕਦੇ ਨ ਚੇਤਈ; ਜਮਕਾਲੁ ਸਿਰਿ ਮਾਰੀ ॥

ਮਨਮੁਖ ਪੁਰਖ ਕਦੇ = ਕਦਾਚਿਤ ਵੀ ਹਰਿ = ਪਰਮੇਸ਼ਰ ਦੇ ਨਾਮ ਨੂੰ ਚੇਤਈ = ਯਾਦ ਨ = ਨਹੀਂ ਕਰਦਾ, ਇਸੇ ਕਰਕੇ ਜਮਕਾਲੁ = ਕਾਲ ਕਰਨ ਵਾਲਾ ਜਮ ਮਨਮੁਖ ਦੇ ਸਿਰ ਉੱਤੇ ਚੋਟਾਂ ਮਾਰੀ = ਮਾਰਦਾ ਹੈ।

[ਅੰਗ ੧੨੪੮]

## ਪਾਪ ਬਿਕਾਰ ਮਨੂਰ ਸਭਿ; ਲਦੇ ਬਹੁ ਭਾਰੀ ॥

ਜੋ ਸਭਿ = ਸਾਰੇ ਪਾਪ = ਗੁਨਾਹ ਤੇ ਕਾਮ ਆਦਿਕ ਵਿਕਾਰ ਮਨੂਰ = ਲੋਹੇ ਦੀ ਮੈਲ ਵਤ ਨਿੱਗਰ ਹਨ, ਇਨ੍ਹਾਂ ਔਗੁਣਾਂ ਦੇ ਲਦੇ = ਲੱਦਣੇ ਕਰਕੇ ਮਨਮੁਖ ਦੀ ਰੂਹ ਬਹੁ = ਬਹੁਤੀ ਭਾਰੀ ਹੋ ਰਹੀ ਹੈ **ਵਾ:** ਇਨ੍ਹਾਂ ਔਗੁਣਾਂ ਦੇ ਭਾਰ ਨਾਲ ਮਨਮੁਖ ਨੇ ਆਪਣੇ ਰਿਦੇ ਰੂਪੀ ਗੱਡੇ ਨੂੰ ਬਹੁਤਾ ਲੱਦ ਲਿਆ ਹੈ।

## ਮਾਰਗੁ ਬਿਖਮੁ ਡਰਾਵਣਾ; ਕਿਉ ਤਰੀਐ ਤਾਰੀ ॥

ਪ੍ਰਲੋਕ, ਜਮਾਂ ਦਾ ਮਾਰਗੁ = ਰਸਤਾ ਬਿਖਮੁ = ਬੜਾ ਕਠਿਨ ਤੇ ਡਰਾਵਣਾ = ਡਰ ਦੇਣ ਵਾਲਾ ਹੈ ਅਤੇ ਬੈਤਰਨੀ ਨਦੀ ਤਾਰੀ ਮਾਰ ਕੇ ਕਿਉ = ਕਿਵੇਂ ਤਰੀਐ = ਤਰੀ ਜਾਵੇਗੀ ਭਾਵ ਨਹੀਂ ਤਰੀ ਜਾਵੇਗੀ।

## ਨਾਨਕ, ਗੁਰਿ ਰਾਖੇ, ਸੇ ਉਬਰੇ; ਹਰਿ ਨਾਮਿ ਉਧਾਰੀ ॥੨੭॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਗੁਰੂ ਸਾਹਿਬ ਜੀ ਰਾਖੇ = ਰਖਵਾਲੇ ਹੋਏ ਹਨ, ਸੇ = ਉਹ ਪਾਪਾਂ, ਵਿਕਾਰਾਂ ਰੂਪੀ ਭਾਰ ਉਠਾਉਣ ਤੋਂ ਉਬਰੇ = ਬਚੇ ਹਨ ਅਤੇ ਗੁਰਾਂ ਨੇ ਉਨ੍ਹਾਂ ਨੂੰ ਹਰਿ = ਪਰਮੇਸ਼ਰ ਦਾ ਨਾਮ ਦੇ ਕੇ ਸੰਸਾਰ-ਸਮੁੰਦ੍ਰ ਤੋਂ ਉਧਾਰੀ = ਉੱਧਾਰ ਦਿੱਤਾ ਹੈ **ਵਾ:** ਉਹ ਗੁਰਾਂ ਦੁਆਰਾ ਪਰਮੇਸ਼ਰ ਦਾ ਨਾਮ ਜਪ ਕੇ ਸੰਸਾਰ-ਸਮੁੰਦ੍ਰ ਤੋਂ ਉੱਧਰ ਗਏ ਹਨ ॥੨੭॥

## ਸਲੋਕ ਮਃ ੩ ॥

## ਵਿਣੁ ਸਤਿਗੁਰ ਸੇਵੇ, ਸੁਖੁ ਨਹੀ; ਮਰਿ ਜੰਮਹਿ ਵਾਰੋ ਵਾਰ ॥

ਸਤਿਗੁਰਾਂ ਦੀ ਸੇਵੇ = ਟਹਿਲ ਕੀਤੀ ਤੋਂ ਵਿਣੁ = ਬਗ਼ੈਰ ਕਿਸੇ ਨੂੰ ਆਤਮਿਕ ਸੁਖੁ = ਅਨੰਦ ਦੀ ਪ੍ਰਾਪਤੀ ਨਹੀਂ ਹੁੰਦੀ, ਮੌਤ ਦੇ ਮਰਿ = ਮਾਰੇ ਹੋਏ ਜੀਵ ਜੰਮਹਿ = ਜੰਮਦੇ ਰਹਿੰਦੇ ਹਨ ਤੇ ਵਾਰੋ ਵਾਰ = ਮੁੜ-ਮੁੜ ਕੇ ਜੂਨਾਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ।

## ਮੋਹ ਠਗਉਲੀ ਪਾਈਅਨੁ; ਬਹੁ ਦੂਜੈ ਭਾਇ ਵਿਕਾਰ ॥

ਇਸ ਮਾਇਆ ਨੇ ਜੀਵਾਂ ਉੱਤੇ ਮੋਹ ਰੂਪ ਠਗਉਲੀ = ਠੱਗ ਬੂਟੀ ਪਾਈਅਨੁ = ਪਾਈ ਹੋਈ ਹੈ, ਇਸੇ ਕਰਕੇ ਜੀਵ ਬਹੁ = ਬਹੁਤੀ ਦੂਜੈ ਭਾਇ = ਦ੍ਵੈਤ ਭਾਵਨਾ ਵਿਚ ਤੇ ਵਿਕਾਰਾਂ ਨੂੰ ਭੋਗਣ ਵਿਚ ਲੱਗੇ ਹੋਏ ਹਨ **ਵਾ:** ਦ੍ਵੈਤ-ਭਾਵ ਤੇ ਬਹੁਤੇ ਵਿਕਾਰ = ਮੰਦ ਕਰਮ ਕਰਦੇ ਹਨ।

## ਇਕਿ ਗੁਰਪਰਸਾਦੀ ਉਬਰੇ; ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥

ਇਕਿ = ਕਈ ਗੁਰਮੁਖ ਜਨ ਗੁਰਪਰਸਾਦੀ = ਗੁਰਾਂ ਦੀ ਕਿਰਪਾ ਕਰਕੇ ਵਿਕਾਰਾਂ ਜਾਂ ਮਾਇਆ ਦੀ ਮੋਹ ਰੂਪ ਠੱਗ ਬੂਟੀ ਤੋਂ ਉਬਰੇ = ਬਚੇ ਹੋਏ ਹਨ, ਜੋ ਜੋ ਬਚਿਆ ਹੈ, ਤਿਸੁ = ਉਸ ਗੁਰਮੁਖ ਕਉ = ਨੂੰ ਸਭਿ = ਸਾਰੇ ਨਮਸਕਾਰ = ਬੰਦਨਾ ਕਰਹਿ = ਕਰਦੇ ਹਨ।

## ਨਾਨਕ ਅਨ ਦਿਨੁ ਨਾਮੁ ਧਿਆਇ ਤੂ, ਅੰਤਰਿ; ਜਿਤੁ ਪਾਵਹਿ, ਮੋਖ ਦੁਆਰ ॥੧॥

(ਦੂਸਰਾ ਪਾਠ **ਮੋਖਦੁਆਰ** ਇਕੱਠਾ ਹੈ)

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਜੀਵ! ਹਿਰਦੇ ਦੇ ਅੰਤਰਿ = ਵਿੱਚੋਂ ਤੂੰ ਅਨ ਦਿਨੁ = ਰਾਤ ਦਿਨੇ ਪਰਮੇਸ਼ਰ ਦੇ ਨਾਮ ਨੂੰ ਧਿਆਇ = ਧਿਆਉਣਾ ਕਰ, ਜਿਤੁ = ਜਿਸ ਕਰਕੇ ਤੂੰ ਮੋਖ = ਮੁਕਤੀ ਦਾ ਦੁਆਰਾ = ਦਰਵਾਜ਼ਾ ਬ੍ਰਹਮ ਗਿਆਨ ਪਾਵਹਿ = ਪਾ ਲਵੇਂਗਾ **ਵਾ:** ਦੁਆਰਿਆਂ ਵਾਲੇ ਸੰਸਾਰ ਜਾਂ ਸਰੀਰ ਤੋਂ ਮੁਕਤੀ ਪਾ ਲਵੇਂਗਾ॥੧॥

## ਮਃ ੩ ॥

## ਮਾਇਆ ਮੋਹਿ ਵਿਸਾਰਿਆ; ਸਚੁ ਮਰਣਾ ਹਰਿ ਨਾਮੁ ॥

ਹੇ ਜੀਵ! ਤੂੰ ਮਾਇਆ ਦੇ ਮੋਹ ਵਿਚ ਲੱਗ ਕੇ ਇਹ ਚੀਜ਼ਾਂ ਨੂੰ ਵਿਸਾਰਿਆ = ਭੁਲਾ ਦਿੱਤਾ ਹੈ।

***ਪ੍ਰਸ਼ਨ :*** *ਕੀ ਭੁਲਾ ਦਿੱਤਾ ਹੈ?*

***ਗੁਰ-ਉੱਤਰ :*** ਇਕ ਜੋ ਮਰਣਾ ਸੱਚ ਹੈ ਅਤੇ ਇਕ ਸੱਚੇ ਹਰਿ = ਪਰਮੇਸ਼ਰ ਦਾ ਨਾਮ ਇਹ ਭੁਲਾ ਦਿੱਤਾ ਹੈ **ਵਾ:** ਸੱਚੇ ਪਰਮੇਸ਼ਰ ਦਾ ਨਾਮ ਤੇ ਮਰਨਾ ਵਿਸਾਰ ਦਿੱਤਾ ਹੈ **ਵਾ:** ਹੇ ਜੀਵ! ਤੂੰ ਸਚੁ = ਸੱਚੇ ਮਰਣੇ ਤੇ ਹਰਿ = ਪਰਮੇਸ਼ਰ ਦੇ ਨਾਮ ਨੂੰ ਮਾਇਆ ਦੇ ਮੋਹ ਵਿਚ ਲੱਗ ਕੇ ਵਿਸਾਰਿਆ = ਭੁਲਾ ਦਿੱਤਾ ਹੈ।

**ਸਾਖੀ—ਮੂਲੇ ਖੱਤਰੀ ਦੀ :** ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੁਨੀਆਂ ਨੂੰ ਤਾਰਦੇ ਹੋਏ ਸਿਆਲਕੋਟ ਪਹੁੰਚੇ। ਬਾਹਰ ਬੈਠਿਆਂ ਨੂੰ ਕੁਝ ਸਮਾਂ ਬੀਤਿਆ। ਮਰਦਾਨੇ ਨੂੰ ਇਕ ਸੋਨੇ ਦਾ ਟਕਾ ਦੇ ਕੇ ਭੇਜਿਆ ਕਿ ਜਾਹ! ਇਸ ਟਕੇ ਦਾ ਸੱਚ ਤੇ ਝੂਠ ਖ਼ਰੀਦ ਕੇ ਲਿਆ। ਮਰਦਾਨਾ ਸ਼ਹਿਰ ਵਿਚ ਜਾ ਕੇ ਦੁਕਾਨਾਂ 'ਤੇ ਫਿਰਨ

ਲੱਗਾ ਅਤੇ ਜਿਸ ਦੁਕਾਨਦਾਰ ਕੋਲ ਜਾਵੇ, ਉਹੀ ਕਹੇ—ਫ਼ਕੀਰਾ, ਸੌਦਾ ਦੁਕਾਨ ਵਿਚ ਹੋਣਾ ਤਾਂ ਇਕ ਪਾਸੇ ਰਿਹਾ, ਇਹ ਤਾਂ ਕਦੀ ਸੁਣਿਆ ਵੀ ਨਹੀਂ। ਬਹੁਤੀਆਂ ਥਾਵਾਂ ਤੋਂ ਇਹੀ ਜਵਾਬ ਮਿਲਿਆ। ਅਖ਼ੀਰ ਇਕ ਖੱਤਰੀ, ਜਿਸ ਦਾ ਨਾਮ ਮੂਲਾ ਸੀ, ਉਸ ਨੇ ਕਿਹਾ ਕਿ ਇਹ ਸੌਦਾ ਮੇਰੇ ਪਾਸ ਹੈ। ਮਰਦਾਨਾ ਖ਼ੁਸ਼ ਹੋਇਆ ਕਿ ਇਹ ਸੌਦਾ ਕਿਸ ਤਰ੍ਹਾਂ ਦਾ ਹੋਵੇਗਾ। ਸੋਨੇ ਦਾ ਟਕਾ ਰੱਖ ਕੇ ਇਕ ਕਾਗ਼ਜ਼ ਦੇ ਟੁਕੜੇ ਉਪਰ ਲਿਖ ਦਿੱਤਾ ਕਿ 'ਮਰਨਾ ਸੱਚ, ਜਿਊਣਾ ਝੂਠ'। ਇਹ ਕਾਗ਼ਜ਼ ਦਾ ਟੁਕੜਾ ਲੈ ਕੇ ਮਰਦਾਨਾ ਜਦੋਂ ਸਤਿਗੁਰੂ ਜੀ ਕੋਲ ਪੁੱਜਾ ਤਾਂ ਗੁਰੂ ਜੀ ਨੇ ਕਿਹਾ ਕਿ ਸੌਦਾ ਤਾਂ ਠੀਕ ਹੈ ਪਰ ਹੁਣ ਦੇਣ ਵਾਲੇ ਨੂੰ ਬੁਲਾ ਕੇ ਲਿਆ। ਮਰਦਾਨਾ ਮੂਲੇ ਖੱਤਰੀ ਦੀ ਦੁਕਾਨ 'ਤੇ ਗਿਆ ਤੇ ਉਸ ਨੂੰ ਗੁਰੂ ਜੀ ਦੇ ਕੋਲ ਬੁਲਾ ਕੇ ਲੈ ਆਂਦਾ। ਤਾਂ ਸਤਿਗੁਰੂ ਜੀ ਨੇ ਮੂਲੇ ਨੂੰ ਪੁੱਛਿਆ ਕਿ ਇਹ ਗੱਲ ਤੂੰ ਐਵੇਂ ਹੀ ਬਣਾ ਕੇ ਲਿਖ ਦਿੱਤੀ ਜਾਂ ਫੇਰ ਤੇਰਾ ਇਸ ਦੇ ਉਪਰ ਨਿਸਚਾ ਵੀ ਹੈ? ਜੈਸਾ ਕਿ:

**ਜੀਵਣ ਝੂਠ ਮਰਣ ਸਚੁ ਜਾਤਾ। ਕਿਧੌਂ ਬਨਾਇ ਲਿਖੀ ਇਹ ਬਾਤਾ॥੧੮॥**

*(ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ, ਅਧਿ: ੩੧)*

ਤਾਂ ਮੂਲੇ ਨੇ ਹੱਥ ਜੋੜ ਕੇ ਕਿਹਾ ਕਿ ਹੇ ਪਰਮੇਸ਼ਰ ਸਰੂਪ ਸਤਿਗੁਰੂ ਜੀ! ਤੁਹਾਡੇ ਦਰਸ਼ਨ ਕਰ ਕੇ ਮੇਰਾ ਹਿਰਦਾ ਪਵਿੱਤਰ ਹੋ ਗਿਆ ਹੈ। ਮੈਂ ਹੁਣ ਝੂਠ ਬੋਲ ਕੇ ਮੈਲਾ ਨਹੀਂ ਕਰਨਾ ਚਾਹੁੰਦਾ। ਸੱਚ ਤਾਂ ਇਹ ਹੈ ਕਿ ਮੈਂ ਉਸ ਵੇਲੇ ਧਨ ਦੇ ਲਾਲਚ ਵਿਚ ਅੱਖਰ ਲਿਖ ਕੇ ਦਿੱਤੇ ਹਨ, ਪਰ ਹੁਣ ਤੁਹਾਡੇ ਦਰਸ਼ਨ ਕਰ ਕੇ ਇਸ ਤੁਕ 'ਤੇ ਨਿਸਚਾ ਕਰਨ ਨੂੰ ਦਿਲ ਕਰਦਾ ਹੈ। ਪਰ ਮੈਥੋਂ ਆਪ ਨਹੀਂ ਹੋਣਾ, ਤੁਸੀਂ ਆਪ ਹੀ ਕਿਰਪਾ ਕਰ ਦੇਵੋ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਜੇ ਨਿਸਚਾ ਕਰਨਾ ਚਾਹੁੰਦਾ ਹੈਂ ਤਾਂ ਆ ਸਾਡੇ ਨਾਲ, ਇਹ ਕੂੜ ਦਾ ਵਪਾਰ ਛੱਡ ਕੇ ਸੱਚ ਨਾਮ ਦਾ ਵਣਜ ਕਰ। ਜਦੋਂ ਮੂਲਾ ਕੁਝ ਚਿਰ ਗੁਰੂ ਜੀ ਦੇ ਨਾਲ ਵਿਚਰਿਆ ਤਾਂ ਇਕ ਦਿਨ ਸਤਿਗੁਰੂ ਜੀ ਨੇ ਕਿਹਾ ਕਿ ਹੇ ਮੂਲਿਆ! ਤੇਰੇ ਇਕ ਵਿਰੋਧੀ ਨੇ ਤੇਰੀ ਘਰਵਾਲੀ ਨੂੰ ਇਹ ਗ਼ਲਤ ਨਿਸਚਾ ਕਰਵਾ ਦਿੱਤਾ ਹੈ ਕਿ ਮੂਲਾ ਮਰ ਗਿਆ ਹੈ। ਉਸ ਨੇ ਕਿਹਾ ਕਿ ਮੈਂ ਇਕ ਚੰਗੇ ਬੰਦੇ ਤੋਂ ਇਹ ਸੁਣ ਕੇ ਆਇਆ ਹਾਂ ਕਿ ਉਹ ਜੰਗਲਾਂ ਵਿਚ ਪ੍ਰਾਣ ਤਿਆਗ ਗਿਆ ਹੈ। ਹੁਣ ਕਦੇ ਵੀ ਘਰ ਨਹੀਂ ਆਵੇਗਾ। ਗੁਰੂ ਜੀ ਨੇ ਕਿਹਾ ਕਿ ਤੇਰੀ ਘਰਵਾਲੀ ਤੇਰੇ ਵਿਜੋਗ ਵਿਚ ਜਿਉਂਦੀ ਚਿਖਾ 'ਤੇ ਸੜਨ ਲਈ ਤਿਆਰ ਹੋ ਗਈ ਹੈ। ਜੇ ਤੂੰ ਅੱਜ ਘਰ ਪਹੁੰਚੇਂ ਤਾਂ ਤੇਰਾ ਘਰ ਵੱਸਦਾ ਰਹਿ ਸਕਦਾ ਹੈ। ਇਹ ਸੁਣ ਕੇ ਮੂਲਾ ਬਹੁਤ ਦੁਖੀ ਹੋਇਆ ਤੇ ਕਹਿਣ ਲੱਗਾ ਕਿ ਮੇਰਾ ਘਰ ਤਾਂ ਇਥੋਂ ਬਹੁਤ ਦੂਰ ਹੈ, ਮੈਂ ਕਿਵੇਂ ਜਾ ਸਕਦਾ ਹਾਂ। ਆਪ ਕਿਰਪਾ ਕਰ ਕੇ ਮੇਰਾ ਘਰ ਵੱਸਦਾ ਰੱਖੋ। ਸਤਿਗੁਰੂ ਜੀ ਨੇ ਕਿਹਾ ਕਿ ਕਰਤਾਰ 'ਤੇ ਭਰੋਸਾ ਰੱਖ। ਅੱਖਾਂ ਬੰਦ ਕਰ ਕੇ ਵਾਹਿਗੁਰੂ ਕਹਿ। ਜਦੋਂ ਵਾਹਿਗੁਰੂ ਕਹਿ ਕੇ ਅੱਖਾਂ ਖੋਲ੍ਹੀਆਂ ਤਾਂ ਆਪਣੇ ਆਪ ਨੂੰ ਆਪਣੇ ਘਰ ਵਿਚ ਦੇਖਿਆ ਤੇ ਘਰਵਾਲੀ ਸੱਚਮੁੱਚ ਹੀ ਸੜਨ ਨੂੰ ਤਿਆਰ ਹੋ ਰਹੀ ਸੀ। ਉਸ ਨੂੰ ਬਚਾਅ ਲਿਆ। ਕੁਝ ਸਮੇਂ ਬਾਅਦ ਦੁਬਾਰਾ ਸਤਿਗੁਰੂ ਜੀ ਸਿਆਲਕੋਟ ਨਗਰ ਵਿਚ ਪਧਾਰੇ ਤਾਂ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ:

**ਹੇ ਬਾਲਾ! ਇਸ ਨਗਰ ਮਝਾਰਾ। ਸੰਸਾਰੀ ਇਕ ਮੀਤ ਹਮਾਰਾ।**
**ਪੂਰਬ ਗਮਨਯੋ ਜੋ ਸੰਗਾਰਾ। ਮੂਲਾ ਨਾਮ ਸੁ ਇਹਾਂ ਅਗਾਰਾ॥੬੦॥**

*(ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ, ਅਧਿ: ੩੮)*

ਇਥੇ ਇਕ ਸਾਡਾ ਸੰਸਾਰੀ ਮਿੱਤਰ ਹੈ, ਉਸ ਦੇ ਘਰ ਜ਼ਰੂਰ ਜਾਣਾ ਚਾਹੀਦਾ ਹੈ। ਸਤਿਗੁਰੂ ਜੀ ਉਸ ਦੇ ਦਰਵਾਜ਼ੇ 'ਤੇ ਖੜੇ ਹੋਏ ਤਾਂ ਉਸ ਦੀ ਪਤਨੀ ਨੇ ਦੇਖ ਲਿਆ ਕਿ ਇਹ ਤਾਂ ਉਹੀ ਮਹਾਤਮਾ ਫਿਰ ਆ ਗਏ ਹਨ, ਜਿਨ੍ਹਾਂ ਨੇ ਮੇਰੇ ਘਰਵਾਲੇ ਨੂੰ ਬਹੁਤ ਦੇਰ ਤਕ ਘਰ ਮੁੜਨ ਨਹੀਂ ਦਿੱਤਾ ਸੀ। ਸੜ ਕੇ ਮਰਦੀ

ਨੂੰ ਬਚਾਉਣ ਦਾ ਉਪਕਾਰ ਤਾਂ ਕੀ ਜਾਨਣਾ ਸੀ, ਸਗੋਂ ਉਸ ਨੇ ਜਦੋਂ ਮੂਲੇ ਨੂੰ ਦੱਸਿਆ ਕਿ ਉਹੀ ਮਹਾਤਮਾ ਫਿਰ ਆ ਗਏ ਹਨ, ਮੂਲੇ ਨੂੰ ਕਿਹਾ ਕਿ ਤੂੰ ਪਾਥੀਆਂ ਦੇ ਗਹੀਰੇ ਵਿਚ ਲੁਕ ਜਾ। ਘਰਵਾਲੀ ਅਤੇ ਮਾੜੇ ਕਰਮਾਂ ਦਾ ਪ੍ਰੇਰਿਆ ਹੋਇਆ ਪਾਥੀਆਂ ਵਿਚ ਜਾ ਲੁਕਿਆ। ਹਾਲਾਂਕਿ ਨਾਲ ਰਹਿ ਕੇ ਗੁਰੂ ਜੀ ਦੀਆਂ ਸਾਰੀਆਂ ਬਰਕਤਾਂ ਨੂੰ ਜਾਣ ਚੁੱਕਾ ਸੀ, ਪਰ ਮਾੜੇ ਕਰਮਾਂ ਨੇ ਬੇਮੁੱਖ ਕਰ ਦਿੱਤਾ। ਉਧਰ ਗੁਰੂ ਜੀ ਨੇ ਬੂਹੇ ਦੇ ਅੱਗੇ ਖਲੋ ਕੇ ਆਵਾਜ਼ ਦਿੱਤੀ। ਜੈਸਾ ਕਿ :

**ਸ੍ਰੀ ਨਾਨਕ ਜਾਨੀ ਬਿਧਿ ਸਾਈ। ਮੂਲੇ ਮੂਲੇ ਊਚ ਆਲਾਈ॥੬੫॥**

*(ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ, ਅਧਿ: ੩੮)*

ਜਦੋਂ ਇਸ ਦਾ ਨਾਮ ਲੈ ਕੇ ਆਵਾਜ਼ਾਂ ਮਾਰੀਆਂ ਤਾਂ ਇਸ ਦੀ ਘਰਵਾਲੀ ਨੇ ਕਿਹਾ ਕਿ ਜਿਸ ਨੂੰ ਆਵਾਜ਼ਾਂ ਮਾਰਦੇ ਹੋ, ਉਹ ਘਰ ਨਹੀਂ ਹੈ। ਉਹ ਕਿਸੇ ਕੰਮ ਲਈ ਕਿਸੇ ਹੋਰ ਪਿੰਡ ਗਿਆ ਹੋਇਆ ਹੈ, ਤਾਂ ਸਤਿਗੁਰੂ ਜੀ ਨੇ ਜਾਣ ਲਿਆ ਕਿ ਇਸ ਨੇ ਚੰਗਾ ਨਹੀਂ ਕੀਤਾ। ਇਕ ਲੁਕਿਆ, ਦੂਸਰਾ ਘਰਵਾਲੀ ਨੇ ਝੂਠ ਬੋਲਿਆ, ਉਸ ਵਕਤ ਸਤਿਗੁਰਾਂ ਨੇ ਇਹ ਸ਼ਬਦ ਉਚਾਰਨ ਕੀਤਾ। ਜੈਸਾ ਕਿ :

**ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥**
**ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥** *(ਅੰਗ ੧੪੧੨)*

ਜਦੋਂ ਸਤਿਗੁਰੂ ਜੀ ਇਹ ਕਹਿ ਕੇ ਅੱਗੇ ਤੁਰ ਪਏ ਤਾਂ ਇਕ ਕਾਲੇ ਨਾਗ ਨੇ ਪਾਥੀਆਂ ਵਿੱਚੋਂ ਨਿਕਲ ਕੇ ਮੂਲੇ ਦੇ ਡੰਗ ਮਾਰਿਆ। ਸੱਪ ਇਤਨਾ ਜ਼ਹਿਰੀਲਾ ਸੀ ਕਿ ਮੂਲਾ ਤੁਰੰਤ ਹੀ ਹਾਏ-ਹਾਏ ਕਰਦਾ ਡਿੱਗ ਪਿਆ। ਜ਼ਹਿਰ ਚੜ੍ਹਨ ਲੱਗ ਪਈ ਤੇ ਨਾਲੇ ਆਪਣੀ ਘਰਵਾਲੀ ਨੂੰ ਕਹਿਣ ਲੱਗਾ ਕਿ ਤੂੰ ਮੈਨੂੰ ਗੁਰਾਂ ਤੋਂ ਬੇਮੁੱਖ ਕਰ ਦਿੱਤਾ ਹੈ। ਜਲਦੀ ਕਰ, ਮੈਨੂੰ ਹੁਣ ਵੀ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਲੈ ਜਾਣਾ ਕਰ, ਮੈਂ ਆਪਣੀ ਭੁੱਲ ਬਖ਼ਸ਼ਾ ਲੈਣਾ ਕਰਾਂ। ਇਹ ਕਹਿੰਦਾ ਹੋਇਆ ਮੂਲਾ ਬੇਹੋਸ਼ ਹੋ ਗਿਆ ਤੇ ਪ੍ਰਾਣ ਨਿਕਲ ਗਏ, ਜੈਸਾ ਕਿ :

**ਕਰਮਹੀਨ ਤੈਂ ਮੋ ਕੋ ਮਾਰਯੋ। ਚਢੀ ਸੀਸ ਮਮ ਜੀਵ ਬਿਦਾਰਯੋ॥੭੦॥**

*(ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ, ਅਧਿ: ੩੮)*

ਅੱਗ ਦੀ ਤਰ੍ਹਾਂ ਸਾਰੇ ਲੋਕਾਂ ਵਿਚ ਇਹ ਗੱਲ ਫੈਲ ਗਈ ਕਿ ਸਤਿਗੁਰਾਂ ਤੋਂ ਬੇਮੁੱਖ ਹੋ ਕੇ ਮੂਲਾ ਮਾਰਿਆ ਗਿਆ। ਜਦੋਂ ਪਤਾ ਕੀਤਾ ਕਿ ਗੁਰੂ ਜੀ ਕਿਸ ਰਸਤੇ ਗਏ ਹਨ ਤਾਂ ਪਤਾ ਚੱਲਿਆ ਕਿ ਉਹ ਨਗਰ ਤੋਂ ਬਾਹਰ ਕਿਸੇ ਰਮਣੀਕ ਜਗ੍ਹਾ ਉਪਰ ਬੈਠੇ ਹੋਏ ਹਨ। ਸਿਆਣੇ ਪੁਰਖਾਂ ਨੇ ਮੂਲੇ ਨੂੰ ਪਲੰਘ 'ਤੇ ਪਾ ਕੇ ਭੁੱਲ ਬਖ਼ਸ਼ਾਉਣ ਲਈ ਗੁਰੂ ਜੀ ਦੇ ਕੋਲ ਲੈ ਆਂਦਾ ਤਾਂ ਗੁਰੂ ਜੀ ਦੇ ਚਰਨਾਂ ਵਿਚ ਪਲੰਘ ਰੱਖ ਕੇ ਮੂਲੇ ਨੂੰ ਚੁੱਕ ਕੇ ਗੁਰੂ ਜੀ ਦੇ ਚਰਨਾਂ ਵਿਚ ਪਾਇਆ ਤੇ ਸਾਰੇ ਲੋਕਾਂ ਨੇ ਮਿਲ ਕੇ ਬੇਨਤੀ ਕੀਤੀ ਕਿ ਹੇ ਗੁਰੂ ਜੀ ! ਇਸ ਨੂੰ ਜਿਉਂਦਾ ਕਰ ਦੇਵੋ ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਇਸ ਨੂੰ ਕਰਤਾਰ ਦੀ ਡਾਢੀ ਮਾਰ ਪੈ ਗਈ ਹੈ, ਇਸ ਲਈ ਇਹ ਜਿਉਂਦਾ ਨਹੀਂ ਹੋਵੇਗਾ, ਅਸੀਂ ਇਸ ਦਾ ਭਲਾ ਕਰਨ ਲਈ ਆਏ ਸੀ, ਇਸ ਦੇ ਸੁਆਸ ਤਾਂ ਸਿਰਫ਼ ਇਤਨੇ ਹੀ ਸਨ, ਜੇਕਰ ਮੂਲਾ ਮਿਲ ਜਾਂਦਾ ਤਾਂ ਇਹ ਜੰਮਣ-ਮਰਨ ਤੋਂ ਰਹਿਤ ਹੋ ਜਾਂਦਾ, ਪਰ ਇਸ ਨੇ ਅੰਤ ਸਮੇਂ ਸਾਨੂੰ ਯਾਦ ਕੀਤਾ ਹੈ ਤੇ ਹੁਣ ਤੁਸੀਂ ਇਸ ਦਾ ਸਰੀਰ ਲਿਆ ਕੇ ਸਾਡੇ ਚਰਨੀਂ ਪਾਇਆ ਹੈ, ਇਸ ਦਾ ਫਲ ਇਸ ਨੂੰ ਇਹ ਮਿਲੇਗਾ ਕਿ ਜਦੋਂ ਅਸੀਂ ਦਸਵਾਂ ਜਾਮਾ ਧਾਰਨ ਕਰਾਂਗੇ, ਉਦੋਂ ਇਸ ਨੂੰ ਲੱਭ ਕੇ ਮੁਕਤ ਕਰ ਦਿਆਂਗੇ, ਉਤਨੀ ਦੇਰ ਤਕ ਇਸ ਦਾ ਜੀਵ ਟੇਢੀਆਂ ਜੂਨਾਂ ਵਿਚ ਭਟਕਦਾ ਫਿਰੇਗਾ।

ਜਦੋਂ ਦਸਵੇਂ ਸਰੂਪ ਵਿਚ ਹਜ਼ੂਰ ਸਾਹਿਬ ਗੋਦਾਵਰੀ ਦੇ ਕਿਨਾਰੇ ਗੁਰਦੁਆਰਾ ਸ਼ਿਕਾਰ ਘਾਟ ਸਾਹਿਬ ਵਾਲੀ ਜਗ੍ਹਾ ਸਹੇ ਦੀ ਜੂਨ ਵਿਚ ਮੂਲੇ ਨੂੰ ਵੇਖਿਆ ਤਾਂ ਆਪਣੇ ਤੀਰ ਨਾਲ ਇਸ ਦਾ ਸ਼ਿਕਾਰ ਕਰ ਕੇ ਇਸ ਦੀ ਕਲਿਆਣ ਕੀਤੀ, ਇਸ ਦੀ ਜੀਵ ਆਤਮਾ ਸਹੇ ਦੇ ਸਰੀਰ ਵਿੱਚੋਂ ਨਿਕਲ ਕੇ ਬਿਬਾਨ ਵਿਚ ਬੈਠ ਕੇ ਸੱਚਖੰਡ ਪਧਾਰੀ ਤੇ ਜਾਂਦਿਆਂ ਸਤਿਗੁਰਾਂ ਦਾ ਸ਼ੁਕਰਾਨਾ ਕੀਤਾ। ਭਾਈ ਦਇਆ ਸਿੰਘ ਆਦਿਕ ਸਿੱਖਾਂ ਦੇ ਪੁੱਛਣ ਤੋਂ ਗੁਰੂ ਜੀ ਨੇ ਪਹਿਲੇ ਜਾਮੇ ਦੀ ਸਾਖੀ ਸੁਣਾ ਕੇ ਨਿਸਚਾ ਕਰਵਾਇਆ ਕਿ ਮੂਲਾ ਖੱਤਰੀ ਉਦੋਂ ਦਾ ਵਿੱਛੜਿਆ ਹੋਇਆ ਅਨੇਕ ਜੂਨਾਂ ਭੋਗ ਕੇ ਹੁਣ ਮੁਕਤ ਹੋਇਆ ਹੈ। ਕਿਉਂਕਿ ਅਸੀਂ ਪਹਿਲੇ ਜਾਮੇ ਵਿਚ ਇਸ ਨਾਲ ਵਾਅਦਾ ਕੀਤਾ ਸੀ ਕਿ ਦਸਵੇਂ ਜਾਮੇ ਵਿਚ ਤੇਰੀ ਮੁਕਤੀ ਕਰਾਂਗੇ, ਅੱਜ ਅਸੀਂ ਉਹ ਬਚਨ ਪੂਰਾ ਕੀਤਾ ਹੈ। ਇਸ ਪ੍ਰਕਾਰ ਮੂਲੇ ਨੇ ਆਪਣੇ ਪਰਿਵਾਰ ਦੇ ਮੋਹ ਕਰਕੇ ਸਤਿਗੁਰਾਂ ਨੂੰ ਭੁਲਾ ਦਿੱਤਾ ਸੀ।

## ਧੰਧਾ ਕਰਤਿਆ ਜਨਮੁ ਗਇਆ; ਅੰਦਰਿ ਦੁਖੁ ਸਹਾਮੁ ॥

ਹੇ ਜੀਵ ! ਤੇਰਾ ਸੰਸਾਰਕ ਧੰਧਾ = ਕਾਰੋ-ਵਿਹਾਰ ਕਰਤਿਆ = ਕਰਦਿਆਂ ਮਨੁੱਖਾ ਜਨਮ ਗੁਜ਼ਰ ਗਿਆ ਹੈ, ਇਸ ਕਰਕੇ ਮਨ ਅੰਦਰਿ = ਵਿਚ ਦੁੱਖਾਂ ਨੂੰ ਸਹਾਮੁ = ਸਹਾਰਦਾ ਹੈਂ **ਵਾ:** ਦੁੱਖ ਹੀ ਸਹਾਮੁ = ਦੁੱਖ ਮਨ ਅੰਦਰ ਸਹਾਰਦਾ ਹੈਂ।

## ਨਾਨਕ, ਸਤਿਗੁਰੁ ਸੇਵਿ, ਸੁਖੁ ਪਾਇਆ; ਜਿਨ ਪੂਰਬਿ ਲਿਖਿਆ ਕਰਾਮੁ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੇ ਸਤਿਗੁਰੂ ਸਾਹਿਬ ਜੀ ਦੀ ਸੇਵਿ = ਟਹਿਲ ਕਰ ਕੇ ਆਤਮਿਕ ਸੁਖੁ = ਅਨੰਦ ਪਾਇਆ = ਪਾਉਣਾ ਕੀਤਾ ਹੈ, ਜਿਨ = ਜਿਨ੍ਹਾਂ ਦੇ ਮੱਥੇ ਉੱਤੇ ਪੂਰਬਿ = ਪੂਰਬਲੇ ਨਿਸ਼ਕਾਮ ਕਰਾਮੁ = ਕਰਮਾਂ ਦਾ ਲੇਖ ਲਿਖਿਆ ਹੋਇਆ ਹੈ **ਵਾ:** ਪੂਰਬਲੇ ਕਰਮਾਂ ਅਨੁਸਾਰ ਗੁਰੂ ਸ਼ਰਨ ਆਉਣ ਦਾ ਲੇਖ ਲਿਖਿਆ ਹੋਇਆ ਹੈ॥੨॥

## ਪਉੜੀ ॥

## ਲੇਖਾ ਪੜੀਐ ਹਰਿ ਨਾਮੁ; ਫਿਰਿ ਲੇਖੁ ਨ ਹੋਈ ॥

ਜੇਕਰ ਹਰਿ = ਪਰਮੇਸ਼ਰ ਦੇ ਨਾਮ ਦਾ ਲੇਖਾ = ਹਿਸਾਬ-ਕਿਤਾਬ ਪੜੀਐ = ਪੜ੍ਹਨਾ ਕਰੀਏ, ਫਿਰਿ = ਮੁੜ ਕੇ ਕਰਮਾਂ ਦੀ ਲੇਖੁ = ਲਿਖਤ ਨ = ਨਹੀਂ ਹੋਈ = ਹੋਵੇਗੀ ਜਾਂ ਧਰਮਰਾਜੇ ਦੀ ਕਚਹਿਰੀ ਵਿਚ ਲੇਖਾ ਨਹੀਂ ਹੋਵੇਗਾ।

## ਪੁਛਿ ਨ ਸਕੈ ਕੋਇ; ਹਰਿ ਦਰਿ ਸਦ ਢੋਈ ॥

ਜਮਦੂਤਾਂ ਤੋਂ ਕੋਇ = ਕੋਈ ਵੀ ਕਰਮਾਂ ਦਾ ਹਿਸਾਬ-ਕਿਤਾਬ ਨ = ਨਹੀਂ ਪੁੱਛ ਸਕੈ = ਸਕੇਗਾ, ਹਰਿ = ਪਰਮੇਸ਼ਰ ਦੇ ਦਰ ਵਿਚ ਸਦ = ਹਮੇਸ਼ਾ ਵਾਸਤੇ ਢੋਈ = ਆਸਰਾ ਮਿਲੇਗਾ।

## ਜਮਕਾਲੁ ਮਿਲੈ ਦੇ ਭੇਟ; ਸੇਵਕੁ ਨਿਤ ਹੋਈ ॥

ਜਮਕਾਲੁ = ਕਾਲ ਕਰਨ ਵਾਲਾ ਜਮ ਵੀ ਭੇਟ = ਭੇਟਾ ਦੇ ਕੇ ਮਿਲੈ = ਮਿਲਦਾ ਹੈ ਤੇ ਨਿਤ = ਨਿਤਾਪ੍ਰਤੀ ਸੇਵਕੁ = ਦਾਸ ਹੋਈ = ਹੋ ਕੇ ਰਹਿੰਦਾ ਹੈ ਭਾਵ ਸੇਵਕ ਬਣ ਜਾਂਦਾ ਹੈ।

## ਪੂਰੇ ਗੁਰ ਤੇ ਮਹਲੁ ਪਾਇਆ; ਪਤਿ ਪਰਗਟੁ ਲੋਈ ॥

ਜਿਸ ਨੇ ਪੂਰੇ = ਪੂਰਨ ਗੁਰ = ਸਤਿਗੁਰੂ ਸਾਹਿਬ ਜੀ ਤੇ = ਤੋਂ ਉਪਦੇਸ਼ ਲੈ ਕੇ ਸੱਚਖੰਡ ਰੂਪੀ ਮਹਲੁ = ਸਰੂਪ ਜਾਂ ਤੁਰੀਆਪਦ ਰੂਪੀ ਮਹਲ ਨੂੰ ਪਾਇਆ = ਪਾਉਣਾ ਕੀਤਾ ਹੈ, ਉਸ ਦੀ ਸਾਰਿਆਂ ਲੋਈ = ਲੋਕਾਂ ਵਿਚ ਪਤਿ = ਇੱਜ਼ਤ ਪਰਗਟੁ = ਪ੍ਰਸਿੱਧ ਹੋ ਗਈ ਹੈ।

## ਨਾਨਕ, ਅਨਹਦ ਧੁਨੀ ਦਰਿ ਵਜਦੇ; ਮਿਲਿਆ ਹਰਿ ਸੋਈ ॥੨੮॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਦੇ ਹਿਰਦੇ ਦਰਿ = ਵਿਚ ਅਨਹਦ = ਇਕ-ਰਸ ਸਤਿਨਾਮ ਦੀ ਧੁਨੀ ਵਾਲੇ ਵਾਜੇ ਵੱਜਦੇ ਹਨ ਅਤੇ ਫੇਰ ਸੋਈ = ਉਹ ਹਰਿ = ਪਰਮੇਸ਼ਰ ਨੂੰ ਆ ਕੇ ਮਿਲਿਆ = ਮਿਲਦਾ ਹੈ **ਵਾ:** ਫੇਰ ਉਹ ਪਰਮੇਸ਼ਰ ਨਾਲ ਮਿਲ ਜਾਂਦਾ ਹੈ॥੨੮॥

## ਸਲੋਕ ਮਃ ੩ ॥

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਸ੍ਰੀ ਗੋਇੰਦਵਾਲ ਸਾਹਿਬ ਦੀਵਾਨ ਲੱਗਿਆ ਹੋਇਆ ਸੀ, ਸਾਰੀਆਂ ਸੰਗਤਾਂ ਸਤਿਗੁਰਾਂ ਦੇ ਭਾਵਨਾ ਸਹਿਤ ਦਰਸ਼ਨ ਕਰ ਕੇ ਨਿਹਾਲ ਹੋ ਰਹੀਆਂ ਸਨ, ਉਸ ਵੇਲੇ ਸਿੱਖਾਂ ਦੀ ਭਾਵਨਾ ਜਾਣ ਕੇ ਸਤਿਗੁਰਾਂ ਨੇ ਇਹ ਪਰਮ ਪਵਿੱਤਰ ਉਪਦੇਸ਼ ਦਿੰਦਿਆਂ ਸਲੋਕ ਉਚਾਰਨ ਕੀਤਾ :

## ਗੁਰ ਕਾ ਕਹਿਆ ਜੇ ਕਰੇ; ਸੁਖੀ ਹੂ ਸੁਖੁ ਸਾਰੁ ॥

ਗੁਰ = ਸਤਿਗੁਰੂ ਸਾਹਿਬ ਜੀ ਕਾ = ਦਾ ਜੀਵਾਂ ਦੀ ਕਲਿਆਣ ਵਾਸਤੇ ਕਹਿਆ = ਕਥਨ ਕੀਤਾ ਹੋਇਆ ਭਾਉ-ਭਗਤੀ **ਵਾ:** ਨਾਮ ਬਾਣੀ ਦਾ ਉਪਦੇਸ਼ ਜੇ = ਜੇਕਰ ਅਧਿਕਾਰੀ ਬਣ ਕੇ ਜੀਵ ਧਾਰਨ ਕਰੇ = ਕਰ ਲਵੇ, ਉਹ ਹੂ = ਨਿਸਚੇ ਕਰ ਕੇ ਸਾਰੁ = ਸਿਧਾਂਤ ਰੂਪ ਬ੍ਰਹਮ ਦੀ ਪ੍ਰਾਪਤੀ ਦਾ ਸੁਖ ਪਾ ਕੇ ਸੁਖੀ ਹੋ ਜਾਂਦਾ ਹੈ **ਵਾ:** ਸਾਰਿਆਂ ਸੁੱਖਾਂ ਵਿੱਚੋਂ ਸਾਰੁ = ਸ੍ਰੇਸ਼ਟ ਆਤਮਿਕ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ।

## ਗੁਰ ਕੀ ਕਰਣੀ ਭਉ ਕਟੀਐ; ਨਾਨਕ ਪਾਵਹਿ ਪਾਰੁ ॥੧॥

ਗੁਰ = ਸਤਿਗੁਰੂ ਸਾਹਿਬ ਜੀ ਕੀ = ਦੀ ਕਰਣੀ = ਭਗਤੀ ਕਰ ਕੇ ਜੀਵ ਦਾ ਸੱਤ ਪ੍ਰਕਾਰ ਦਾ ਭਉ = ਡਰ ਕਟੀਐ = ਕੱਟਿਆ ਜਾਂਦਾ ਹੈ ਅਤੇ ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੀਵ ਸੰਸਾਰ-ਸਮੁੰਦ੍ਰ ਤੋਂ ਪਾਰ ਹੋਣਾ ਪਾਵਹਿ = ਪਾਉਂਦਾ ਹੈ **ਵਾ:** ਸੰਸਾਰ-ਸਮੁੰਦ੍ਰ ਤੋਂ ਪਾਰ ਹੋ ਕੇ ਮੁਕਤੀ ਰੂਪ ਕਿਨਾਰੇ ਨੂੰ ਪਾ ਲੈਂਦਾ ਹੈ॥੧॥

## ਮਃ ੩ ॥

## ਸਚੁ ਪੁਰਾਣਾ ਨਾ ਥੀਐ; ਨਾਮੁ ਨ ਮੈਲਾ ਹੋਇ ॥

ਸਚੁ = ਸੱਚ ਪਰਮੇਸ਼ਰ ਜਾਂ ਸੱਚਾ ਨਾਮ ਕਦੇ ਵੀ ਪੁਰਾਣਾ ਨਾ = ਨਹੀਂ ਥੀਐ = ਹੁੰਦਾ, ਨਾ ਹੀ ਸੱਚਾ ਨਾਮ ਮੈਲਾ ਹੋਇ = ਹੁੰਦਾ ਹੈ ਭਾਵ ਨਾਮ ਚੌਹਾਂ ਜੁਗਾਂ ਦੇ ਜੀਵਾਂ ਦੇ ਪਾਪਾਂ ਨੂੰ ਮੇਟ ਕੇ ਵੀ ਸਦਾ ਨਿਰਮਲ ਹੀ ਰਹਿੰਦਾ ਹੈ **ਵਾ:** ਉਸ ਦਾ ਸੱਚਾ ਨਾਮ ਜਪਣ ਵਾਲਾ ਪੁਰਖ ਵੀ ਪਾਪਾਂ ਰੂਪੀ ਮੈਲ ਕਰਕੇ ਮੈਲਾ ਨਹੀਂ ਹੁੰਦਾ।

## ਗੁਰ ਕੈ ਭਾਣੈ ਜੇ ਚਲੈ; ਬਹੁੜਿ ਨ ਆਵਣੁ ਹੋਇ ॥

ਗੁਰ = ਸਤਿਗੁਰੂ ਸਾਹਿਬ ਜੀ ਕੈ = ਦੇ ਭਾਣੈ = ਹੁਕਮ ਵਿਚ ਜੇ = ਜੇਕਰ ਜੀਵ ਚਲੈ = ਚੱਲਣਾ ਕਰੇ

ਤਾਂ ਬਹੁੜਿ = ਮੁੜ ਕੇ ਜੀਵ ਦਾ ਸੰਸਾਰ ਵਿਚ ਆਵਣੁ = ਆਉਣਾ ਜਾਣਾ ਨ = ਨਹੀਂ ਹੋਇ = ਹੋਵੇਗਾ ਜਾਂ ਹੋਇ = ਹੁੰਦਾ।

## ਨਾਨਕ, ਨਾਮਿ ਵਿਸਾਰਿਐ; ਆਵਣ ਜਾਣਾ ਦੋਇ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜਾ ਜੀਵ ਪਰਮੇਸ਼ਰ ਦੇ ਨਾਮ ਨੂੰ ਵਿਸਾਰਿਐ = ਭੁਲਾ ਦਿੰਦਾ ਹੈ, ਉਸ ਦਾ ਆਵਣ = ਆਉਣਾ ਜਾਣਾ ਭਾਵ ਜੰਮਣਾ ਮਰਨਾ ਇਹ ਦੋਇ = ਦੋਵੇਂ ਬਣੇ ਰਹਿੰਦੇ ਹਨ **ਵਾ:** ਦੋਇ = ਦੋ, ਜੀਵ ਈਸ ਦਾ ਭੇਦ ਗਿਆਨ ਕਰਕੇ ਆਉਣਾ ਜਾਣਾ ਬਣਿਆ ਰਹਿੰਦਾ ਹੈ **ਵਾ:** ਦੋ, ਦੁੱਖ ਤੇ ਸੁਖ **ਵਾ:** ਪਾਪ-ਪੁੰਨ, ਮਿੱਤਰ-ਸ਼ੱਤਰੂ ਜਾਂ ਰਾਗ ਦਵੈਖ ਕਰਕੇ ਆਉਣਾ ਜਾਣਾ ਬਣਿਆ ਰਹਿੰਦਾ ਹੈ॥੨॥

## ਪਉੜੀ ॥

## ਮੰਗਤ ਜਨੁ ਜਾਚੈ ਦਾਨੁ; ਹਰਿ ਦੇਹੁ ਸੁਭਾਇ ॥

ਹੇ ਪਰਮੇਸ਼ਰ! ਮੈਂ ਸੇਵਕ ਜਨ ਮੰਗਤ = ਜਾਚਕ ਹੋ ਕੇ ਇਕ ਦਰਸ਼ਨਾਂ ਦੀ ਦਾਨੁ = ਖ਼ੈਰਾਤ ਜਾਚੈ = ਮੰਗਦਾ ਹਾਂ, ਹੇ ਸੁਭਾਇ = ਪ੍ਰਕਾਸ਼ ਸਰੂਪ ਹਰਿ = ਪਰਮੇਸ਼ਰ! ਮੈਨੂੰ ਆਪਣੇ ਦਰਸ਼ਨਾਂ ਦੀ ਖ਼ੈਰਾਤ ਬਖ਼ਸ਼ ਦੇਹੁ = ਦੇਣਾ ਕਰੋ **ਵਾ:** ਹੇ ਹਰੀ! ਆਪ ਜੀ ਸੁਭਾਇ = ਸੁਭਾਵਿਕ ਹੀ ਦਰਸ਼ਨਾਂ ਦਾ ਦਾਨ ਮੈਨੂੰ ਦੇਣਾ ਕਰੋ।

## ਹਰਿ ਦਰਸਨ ਕੀ ਪਿਆਸ ਹੈ; ਦਰਸਨਿ ਤ੍ਰਿਪਤਾਇ ॥

ਹੇ ਹਰਿ = ਪਰਮੇਸ਼ਰ! ਮੇਰੇ ਅੰਦਰ ਤੇਰੇ ਦਰਸਨ = ਦੀਦਾਰਾਂ ਕੀ = ਦੀ ਪਿਆਸ = ਤ੍ਰੇਹ ਲੱਗੀ ਹੋਈ ਹੈ, ਕਿਉਂਕਿ ਮੇਰਾ ਮਨ ਤੇਰੇ ਦਰਸਨਿ = ਦੀਦਾਰ ਕਰ ਕੇ ਹੀ ਤ੍ਰਿਪਤਾਇ = ਤ੍ਰਿਪਤ ਹੋ ਸਕਦਾ ਹੈ।

## ਖਿਨੁ ਪਲੁ ਘੜੀ ਨ ਜੀਵਊ; ਬਿਨੁ ਦੇਖੇ ਮਰਾਂ ਮਾਇ ॥

ਮੈਂ ਪਰਮੇਸ਼ਰ ਦੇ ਦੀਦਾਰਾਂ ਤੋਂ ਬਗ਼ੈਰ ਇਕ ਖਿਨੁ = ਛਿਨ ਪਲ ਤੇ ਘੜੀ ਮਾਤਰ ਵੀ ਜੀਵਊ = ਜੀਵਤ ਨ = ਨਹੀਂ ਰਹਿ ਸਕਦਾ, ਕਿਉਂਕਿ ਹੇ ਮਾਇ = ਮਾਤਾ ਪਿਤਾ ਰੂਪ ਸੰਤ ਜਨੋਂ! ਪਰਮੇਸ਼ਰ ਦੇ ਦੀਦਾਰ ਦੇਖੇ = ਵੇਖੇ ਤੋਂ ਬਿਨੁ = ਬਗ਼ੈਰ ਮੇਰਾ ਮਰਾਂ = ਮਰਨਾ ਹੁੰਦਾ ਹੈ।

## ਸਤਿਗੁਰਿ ਨਾਲਿ ਦਿਖਾਲਿਆ; ਰਵਿ ਰਹਿਆ ਸਭ ਥਾਇ ॥

ਸਤਿਗੁਰਾਂ ਨੇ ਕਿਰਪਾ ਕਰ ਕੇ ਉਹ ਪਰਮੇਸ਼ਰ ਨਾਲਿ = ਸਾਥ ਹੀ ਦਿਖਾਲਿਆ = ਵਿਖਾ ਦਿੱਤਾ ਹੈ, ਜੋ ਸਭ = ਸਾਰਿਆਂ ਥਾਇ = ਥਾਵਾਂ ਵਿਚ ਰਵਿ = ਵਿਆਪਕ ਹੋ ਰਿਹਾ ਹੈ।

## ਸੁਤਿਆ ਆਪਿ ਉਠਾਲਿ ਦੇਇ; ਨਾਨਕ ਲਿਵ ਲਾਇ ॥੨੯॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਸਰੂਪ ਵਿਚ ਚਿੱਤ ਦੀ ਲਿਵ = ਬਿਰਤੀ ਲਾਇ = ਲਾ ਕੇ ਸਤਿਗੁਰੂ ਜੀ ਆਪ ਹੀ ਅਗਿਆਨ ਰੂਪੀ ਨੀਂਦ ਵਿਚ ਸੁੱਤੇ ਹੋਏ ਜੀਵਾਂ ਨੂੰ ਗਿਆਨ ਅਵਸਥਾ ਵਿਚ ਉਠਾਲਿ = ਉਠਾ (ਜਗਾ) ਦਿੰਦੇ ਹਨ॥੨੯॥

## ਸਲੋਕ ਮਃ ੩ ॥

## ਮਨਮੁਖ ਬੋਲਿ ਨ ਜਾਣਨੀ; ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥

ਮਨਮੁਖ ਗੁਰਮੁਖਾਂ ਵਾਂਗ ਮਿੱਠੇ, ਪਿਆਰ ਵਾਲੇ ਦਾ ਸ਼ਾਂਤੀ ਦੇਣ ਵਾਲੇ, ਸਿੱਖਿਆ ਜਾਂ ਸਚਿਆਈ

ਨੂੰ ਪ੍ਰਗਟ ਕਰਨ ਵਾਲੇ ਬਚਨ ਬੋਲਿ = ਬੋਲਣਾ ਨ = ਨਹੀਂ ਜਾਣਨੀ੍ = ਜਾਣਦੇ ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਕਾਮ, ਕ੍ਰੋਧ ਤੇ ਅਹੰਕਾਰ ਆਦਿ ਵਿਕਾਰ ਹਨ।

## ਥਾਉ ਕੁਥਾਉ ਨ ਜਾਣਨੀ੍; ਸਦਾ ਚਿਤਵਹਿ ਬਿਕਾਰ ॥

ਮਨਮੁਖ ਪੁਰਖ ਚੰਗਾ ਥਾਉ = ਥਾਂ ਤੇ ਕੁਥਾਉ = ਮੰਦਾ ਥਾਂ ਨ = ਨਹੀਂ ਜਾਣਨੀ੍ = ਜਾਣਦੇ **ਵਾ:** ਥਾਉ ਕੁਥਾਉ = ਸੰਗਤ ਕੁਸੰਗਤ, ਬੁਰਾ-ਭਲਾ ਨਹੀਂ ਜਾਣਦੇ **ਵਾ:** ਸੁੱਧ ਸਤੋਗੁਣ ਦੀ ਪ੍ਰਧਾਨਤਾ ਦੇ ਸਹਿਤ **ਵਾ:** ਦੈਵੀ ਗੁਣਾਂ ਦੇ ਸਹਿਤ ਹੋ ਕੇ ਸਰੂਪ ਦੀ ਪ੍ਰਾਪਤੀ ਵਾਲੇ ਥਾਉ = ਥਾਂ ਤੇ ਆਸੁਰੀ ਸੰਪਦਾ ਦੇ ਸਹਿਤ ਹੋ ਕੇ ਕੁਸੰਗਤ ਵਾਲੇ ਥਾਂ ਨੂੰ ਨਹੀਂ ਜਾਣਦੇ **ਵਾ:** ਥਾਉ ਭਾਵ ਗਿਆਨਵਾਨਾਂ ਦੀ ਸੰਗਤ, ਕੁਥਾਉ = ਅਗਿਆਨੀ ਪੁਰਖਾਂ ਦੀ ਕੁਸੰਗਤ ਨਹੀਂ ਜਾਣਦੇ, ਸਦਾ = ਹਮੇਸ਼ਾ ਵਿਕਾਰਾਂ ਨੂੰ ਹੀ ਚਿਤਵਹਿ = ਚਿਤਵਦੇ ਰਹਿੰਦੇ ਹਨ।

## ਦਰਗਹ ਲੇਖਾ ਮੰਗੀਐ; ਓਥੈ ਹੋਹਿ ਕੂੜਿਆਰ ॥

ਐਸੇ ਮਨਮੁਖ ਪੁਰਖਾਂ ਦੇ ਕੋਲੋਂ ਸੱਚੀ ਦਰਗਹ = ਕਚਹਿਰੀ ਵਿਚ ਲੇਖਾ = ਹਿਸਾਬ-ਕਿਤਾਬ ਮੰਗੀਐ = ਮੰਗਣਾ ਕਰੀਦਾ ਹੈ ਅਤੇ ਓਥੈ = ਉਥੇ ਉਹ ਕੂੜਿਆਰ = ਝੂਠ ਦੀ ਪ੍ਰਾਪਤੀ ਵਾਲੇ ਹੋਹਿ = ਹੁੰਦੇ ਹਨ।

## ਆਪੇ ਸ੍ਰਿਸਟਿ ਉਪਾਈਅਨੁ; ਆਪਿ ਕਰੇ ਬੀਚਾਰੁ ॥

ਪਰਮੇਸ਼ਰ ਨੇ ਆਪੇ = ਆਪ ਹੀ ਸ੍ਰਿਸਟਿ = ਸ੍ਰਿਸ਼ਟੀ ਉਪਾਈਅਨੁ = ਪੈਦਾ ਕੀਤੀ ਹੈ ਅਤੇ ਆਪ ਹੀ ਜੀਵਾਂ ਦੇ ਪਾਪਾਂ ਪੁੰਨਾਂ ਦਾ ਨਿਰਣਾ ਕਰਨ ਰੂਪ ਬੀਚਾਰ ਕਰੇ = ਕਰਦਾ ਹੈ।

## ਨਾਨਕ, ਕਿਸਨੋ ਆਖੀਐ; ਸਭੁ ਵਰਤੈ ਆਪਿ ਸਚਿਆਰੁ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਕਿਸਨੋ = ਕਿਸ ਨੂੰ ਜਾ ਕੇ ਆਖੀਐ = ਕਹਿਣਾ ਕਰੀਏ, ਕਿਉਂਕਿ ਸਭੁ = ਸਾਰਿਆਂ ਵਿਚ ਉਹ ਸਚਿਆਰੁ = ਸੱਚਾ ਪਰਮੇਸ਼ਰ ਆਪ ਹੀ ਵਰਤੈ = ਵਰਤਦਾ ਹੈ ॥੧॥

## ਮਃ ੩ ॥

## ਹਰਿ ਗੁਰਮੁਖਿ ਤਿਨੀ੍ ਅਰਾਧਿਆ; ਜਿਨ ਕਰਮਿ ਪਰਾਪਤਿ ਹੋਇ ॥

ਤਿਨੀ੍ = ਉਨ੍ਹਾਂ ਗੁਰਮੁਖ ਜਨਾਂ ਨੇ ਹਰਿ = ਪਰਮੇਸ਼ਰ ਨੂੰ ਗੁਰਾਂ ਦੁਆਰਾ ਅਰਾਧਿਆ = ਯਾਦ ਕੀਤਾ ਹੈ, ਜਿਨ = ਜਿਨ੍ਹਾਂ ਨੂੰ ਪੂਰਬਲੇ ਨਿਸ਼ਕਾਮ ਕਰਮਾਂ ਕਰਕੇ **ਵਾ:** ਪਰਮੇਸ਼ਰ ਦੀ ਕਰਮਿ = ਕਿਰਪਾ ਸਦਕਾ ਗੁਰੂ ਸਾਹਿਬ ਜੀ ਪ੍ਰਾਪਤ ਹੋਏ ਹਨ **ਵਾ:** ਜਿਨ੍ਹਾਂ ਨੂੰ ਗੁਰਾਂ ਦੀ ਕਰਮਿ = ਬਖ਼ਸ਼ਿਸ਼ ਕਰਕੇ ਸਰੂਪ ਦੀ ਪ੍ਰਾਪਤੀ ਹੋ ਗਈ ਹੈ।

## ਨਾਨਕ, ਹਉ ਬਲਿਹਾਰੀ ਤਿਨ੍ ਕਉ; ਜਿਨ੍ ਹਰਿ ਮਨਿ ਵਸਿਆ ਸੋਇ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹਉ = ਅਸੀਂ ਤਿਨ੍ = ਉਨ੍ਹਾਂ ਪੁਰਖਾਂ ਕਉ = ਦੇ ਉਪਰੋਂ ਬਲਿਹਾਰੀ = ਕੁਰਬਾਨ ਜਾਂਦੇ ਹਾਂ, ਜਿਨ = ਜਿਨ੍ਹਾਂ ਦੇ ਮਨਿ = ਹਿਰਦੇ ਵਿਚ ਸੋਇ = ਉਹ ਹਰਿ = ਪਰਮੇਸ਼ਰ ਵੱਸਿਆ ਹੋਇਆ ਹੈ **ਵਾ:** ਸੋਇ = ਤੱਤ ਪਦ ਦਾ ਲੱਖ ਅਰਥ ਰੂਪ ਪਰਮੇਸ਼ਰ ਮਨ ਦੇ ਵਿਚ ਵੱਸ ਗਿਆ ਹੈ ॥੨॥

## ਪਉੜੀ ॥

## ਆਸ ਕਰੇ ਸਭੁ ਲੋਕੁ; ਬਹੁ ਜੀਵਣੁ ਜਾਣਿਆ ॥

ਦੁਨੀਆਂ ਦੇ ਸਭੁ = ਸਾਰੇ ਲੋਕੁ = ਜੀਵ ਆਸ = ਆਸਾਂ ਕਰੇ = ਕਰਦੇ ਹਨ ਅਤੇ ਇਹ ਜਾਣਿਆ = ਜਾਨਣਾ

ਕਰਦੇ ਹਨ ਕਿ ਅਸੀਂ ਬਹੁ = ਬਹੁਤ ਜੀਵਣੁ = ਜਿਊਣਾ ਹੈ **ਵਾ:** ਬਹੁ = ਬਹੁਤਾ ਜੀਵਨਾ ਜਾਣਿਆ, ਸਮਝਿਆ ਹੈ।

## ਨਿਤ ਜੀਵਣ ਕਉ ਚਿਤੁ; ਗੜ੍ ਮੰਡਪ ਸਵਾਰਿਆ ॥

ਨਿਤ = ਨਿਤਾਪ੍ਰਤੀ ਜੀਵਣ = ਜਿਉਣ ਕਉ = ਵਾਸਤੇ ਚਿਤੁ = ਮਨ ਲੋਚਦਾ ਰਹਿੰਦਾ ਹੈ, ਇਸੇ ਕਰਕੇ ਵੱਡੇ ਵੱਡੇ ਆਕੀ ਗੜ੍ = ਕਿਲ੍ਹੇ ਤੇ ਮੰਡਪ = ਮਹਲ ਸਵਾਰਿਆ = ਸੰਵਾਰਨਾ (ਬਣਾਉਣਾ) ਕੀਤੇ ਹਨ **ਵਾ:** ਵੱਡੇ ਵੱਡੇ ਮੰਡਪ = ਮਮਟੀਆਂ (ਗੁੰਮਚੀਆਂ) ਵਾਲੇ ਗੜ੍ = ਕਿਲ੍ਹੇ ਸੰਵਾਰਨਾ, ਬਣਾਉਣਾ ਕੀਤੇ ਹਨ।

## ਵਲ ਵੰਚ ਕਰਿ ਉਪਾਵ; ਮਾਇਆ ਹਿਰਿ ਆਣਿਆ ॥

ਜੀਵ ਵਲ = ਛਲ ਕਰ ਕੇ ਵੰਚ = ਠੱਗੀ ਮਾਰ ਕਰਕੇ **ਵਾ:** ਵਲਵੰਚ = ਠੱਗੀਆਂ ਮਾਰ ਕਰਕੇ ਤੇ ਹੋਰ ਬਹੁਤ ਸਾਰੇ ਉਪਾਵ = ਯਤਨ ਕਰਿ = ਕਰ ਕੇ ਦੂਸਰਿਆਂ ਦੀ ਮਾਇਆ ਹਿਰਿ = ਚੁਰਾ ਕੇ ਆਣਿਆ = ਲਿਆਉਂਦਾ ਹੈ।

## ਜਮਕਾਲੁ ਨਿਹਾਲੇ ਸਾਸ; ਆਵ ਘਟੈ ਬੇਤਾਲਿਆ ॥

ਜਮਕਾਲੁ = ਕਾਲ ਕਰਨ ਵਾਲਾ ਜਮਦੂਤ ਉਨ੍ਹਾਂ ਦੇ ਸਾਸ = ਸੁਆਸਾਂ ਵੱਲ ਨਿਹਾਲੇ = ਵੇਖਦਾ ਹੈ ਕਿ ਕਦੋਂ ਪੂਰੇ ਹੋਣ ਤੇ ਮੈਂ ਇਨ੍ਹਾਂ ਨੂੰ ਪਕੜ ਲਵਾਂ, ਇਉਂ ਸੰਸਾਰ ਵਿਚ ਬੇਤਾਲਿਆ = ਭੂਤਨਿਆਂ ਦੀ ਨਿਆਈਂ ਤੁਰੇ ਫਿਰਦਿਆਂ ਦੀ ਆਵ = ਉਮਰ ਘਟੈ = ਘਟਦੀ ਜਾਂਦੀ ਹੈ **ਵਾ:** ਜਿਵੇਂ ਭੂਤ-ਪ੍ਰੇਤ ਪੌਣ ਬਣ ਕੇ ਕਦੇ ਕਿਸੇ ਦੇ ਅੰਦਰ, ਕਦੇ ਕਿਸੇ ਹੋਰ ਦੇ ਅੰਦਰ ਪ੍ਰਵੇਸ਼ ਹੋ ਜਾਂਦੇ ਹਨ, ਇਉਂ ਬੇਤਾਲਿਆ = ਭੂਤਨਿਆਂ ਦੀ ਨਿਆਈਂ ਜੀਵ ਕਦੇ ਕਿਸੇ ਦੇਵੀ-ਦੇਵਤੇ ਦੇ ਦਰ ਉੱਤੇ, ਕਦੇ ਹੋਰ ਕਿਸੇ ਦੇਵੀ-ਦੇਵਤੇ ਦੇ ਦਰ ਉੱਤੇ ਤੁਰੇ ਫਿਰਦੇ ਹਨ **ਵਾ:** (ਬੇ + ਤਾਲਿਆ) ਤਾਲਿਆ = ਸਰੂਪ ਦੀ ਪ੍ਰਾਪਤੀ ਤੋਂ ਬੇ = ਰਹਿਤ ਹਨ **ਵਾ:** ਬੇ = ਦ੍ਵੈਤ ਦੇ ਤਾਲਿਆ = ਤਾਲਾਂ ਨੂੰ ਪਿੱਟਣ ਵਾਲੇ ਹਨ।

[ਅੰਗ ੧੨੪੯]

## ਨਾਨਕ, ਗੁਰ ਸਰਣਾਈ ਉਬਰੇ; ਹਰਿ ਗੁਰ ਰਖਵਾਲਿਆ ॥੩੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਗੁਰਮੁਖ ਜਨ ਗੁਰ = ਸਤਿਗੁਰਾਂ ਦੀ ਸਰਣਾਈ = ਸ਼ਰਨ ਵਿਚ ਪਏ ਹਨ, ਉਹ ਉਬਰੇ = ਬਚੇ ਹਨ ਕਿਉਂਕਿ ਉਨ੍ਹਾਂ ਗੁਰਮੁਖ ਜਨਾਂ ਦੀ ਹਰਿ = ਪਰਮੇਸ਼ਰ ਦਾ ਸਰੂਪ ਗੁਰ = ਸਤਿਗੁਰੂ ਨਾਨਕ ਸਾਹਿਬ ਜੀ ਰਖਵਾਲਿਆ = ਰੱਖਿਆ ਕਰਨ ਵਾਲੇ ਹਨ॥੩੦॥

## ਸਲੋਕ ਮਃ ੩ ॥

ਇਹ ਸਲੋਕ ਵੀ ਸਤਿਗੁਰੂ ਸਾਹਿਬ ਜੀ ਬੇਣੀ ਪੰਡਤ ਨੂੰ ਉਪਦੇਸ਼ ਦਿੰਦਿਆਂ ਉਚਾਰਨ ਕਰਦੇ ਹਨ।

## ਪੜਿ ਪੜਿ ਪੰਡਿਤ ਵਾਦੁ ਵਖਾਣਦੇ; ਮਾਇਆ ਮੋਹ ਸੁਆਇ ॥

ਪੰਡਤ ਲੋਕ ਵੇਦਾਂ ਸ਼ਾਸਤਰਾਂ ਦੀ ਪੜ੍ਹਾਈ ਨੂੰ ਪੜ੍ਹ ਪੜ੍ਹ ਕੇ ਵਾਦੁ = ਝਗੜਿਆਂ ਨੂੰ ਹੀ ਵਖਾਣਦੇ = ਕਥਨ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਕੇਵਲ ਮਾਇਆ ਦੇ ਮੋਹ ਦਾ ਹੀ ਸੁਆਇ = ਪ੍ਰਯੋਜਨ ਹੁੰਦਾ ਹੈ **ਵਾ:** ਮਾਇਆ ਦੇ ਮੋਹ ਦੇ ਸੁਆਇ = ਸੁਆਦ ਵਿਚ ਪਏ ਹੋਏ ਹਨ।

## ਦੂਜੈ ਭਾਇ ਨਾਮੁ ਵਿਸਾਰਿਆ; ਮਨ ਮੂਰਖ ਮਿਲੈ ਸਜਾਇ ॥

ਦੂਜੈ = ਦ੍ਵੈਤ ਭਾਇ = ਭਾਵ ਵਿਚ ਲੱਗੇ ਹੋਇਆਂ ਨੇ ਪਰਮੇਸ਼ਰ ਦੇ ਨਾਮ ਨੂੰ ਵਿਸਾਰਿਆ = ਭੁਲਾ ਦਿੱਤਾ

ਹੈ, ਇਸ ਲਈ ਅੰਤ ਨੂੰ ਮਨ ਕਰਕੇ ਮੂਰਖ = ਬੇਸਮਝਾ ਤੇ ਬਾਹਰੋਂ ਪੰਡਤ ਅਖਵਾਉਣ ਵਾਲੇ ਪੁਰਖਾਂ ਨੂੰ ਭਾਰੀ ਸਜਾਇ = ਸਜ਼ਾ ਮਿਲੈ = ਮਿਲਦੀ ਹੈ **ਵਾ:** ਮਨ ਦੇ ਮੂਰਖਾਂ ਤੇ ਧਰਮ ਤੋਂ ਹੀਣਿਆਂ ਨੂੰ ਕਾਮ ਆਦਿ ਵਿਕਾਰਾਂ ਕਰਕੇ ਸਜਾਇ = ਦੰਡ ਮਿਲੈ = ਮਿਲਦਾ ਹੈ **ਵਾ:** ਪ੍ਰਤੱਖ ਬਾਦਸ਼ਾਹਾਂ ਦੀ **ਵਾ:** ਜਮਾਂ ਦੀ ਕਚਹਿਰੀ ਵਿਚ ਸਜ਼ਾ ਮਿਲਦੀ ਹੈ।

## ਜਿਨਿ੍ ਕੀਤੇ, ਤਿਸੈ ਨ ਸੇਵਨੀ੍; ਦੇਦਾ ਰਿਜਕੁ ਸਮਾਇ ॥

ਜਿਨਿ੍ = ਜਿਸ ਵਾਹਿਗੁਰੂ ਦੇ ਪੈਦਾ ਕੀਤੇ ਹੋਏ ਹਨ, ਤਿਸੈ = ਉਸ ਨੂੰ ਸੇਵਨੀ੍ = ਸੇਂਵਦੇ ਨ = ਨਹੀਂ ਹਨ, ਜਿਹੜਾ ਸਭਨਾਂ ਨੂੰ ਰਿਜਕੁ = ਰੋਜ਼ੀ ਸਮਾਇ = ਅਪੜਾ ਦਿੰਦਾ ਹੈ।

## ਜਮ ਕਾ ਫਾਹਾ, ਗਲਹੁ ਨ ਕਟੀਐ; ਫਿਰਿ ਫਿਰਿ ਆਵਹਿ ਜਾਇ ॥

ਜਮ = ਯਮਰਾਜ ਕਾ = ਦਾ ਫਾਹਾ ਉਨ੍ਹਾਂ ਦੇ ਗਲਹੁ = ਗਲੋਂ ਕਟੀਐ = ਕੱਟਿਆ ਨ = ਨਹੀਂ ਜਾਂਦਾ, ਇਸ ਲਈ ਫਿਰਿ ਫਿਰਿ = ਮੁੜ ਮੁੜ ਕੇ ਆਵਹਿ = ਆਉਂਦੇ ਜਾਇ = ਜਾਂਦੇ ਰਹਿੰਦੇ ਹਨ **ਵਾ:** ਮੁੜ ਮੁੜ ਕੇ ਚੌਰਾਸੀ ਦੇ ਫੇਰਿਆਂ ਵਿਚ ਜਨਮ ਧਾਰ ਕੇ ਆਉਂਦੇ ਤੇ ਮਰ ਮਰ ਕੇ ਸੰਸਾਰ ਤੋਂ ਜਾਇ = ਜਾਂਦੇ ਹਨ।

## ਜਿਨ੍ ਕਉ ਪੂਰਬਿ ਲਿਖਿਆ; ਸਤਿਗੁਰੁ ਮਿਲਿਆ ਤਿਨ੍ ਆਇ ॥

ਜਿਨ੍ = ਜਿਨ੍ਹਾਂ ਕਉ = ਦੇ ਪੂਰਬਿ = ਪੂਰਬਲੇ ਨਿਸ਼ਕਾਮ ਕਰਮਾਂ ਨੂੰ ਵੇਖ ਕੇ ਈਸ਼ਰ ਨੇ ਗੁਰਾਂ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੈ, ਤਿਨ੍ = ਉਨ੍ਹਾਂ ਨੂੰ ਮਨੁੱਖਾ ਜਨਮ ਦੇ ਵਿਚ ਆਇ = ਆ ਕੇ ਸਤਿਗੁਰੂ ਸਾਹਿਬ ਜੀ ਮਿਲਿਆ ਹੈ।

## ਅਨਦਿਨੁ ਨਾਮੁ ਧਿਆਇਦੇ; ਨਾਨਕ ਸਚਿ ਸਮਾਇ ॥੧॥

ਉਹ ਗੁਰਾਂ ਦੁਆਰਾ ਅਨਦਿਨੁ = ਰਾਤ ਦਿਨੇ ਪਰਮੇਸ਼ਰ ਦੇ ਨਾਮ ਨੂੰ ਧਿਆਇਦੇ = ਧਿਆਉਂਦੇ ਹਨ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ, ਇਸ ਕਰਕੇ ਉਨ੍ਹਾਂ ਦਾ ਮਨ ਸਚਿ = ਸੱਚੇ ਨਾਮ ਵਿਚ ਸਮਾਇ = ਸਮਾਅ ਜਾਂਦਾ ਹੈ **ਵਾ:** ਉਹ ਸੱਚ ਸਰੂਪ ਵਿਚ ਸਮਾਅ ਜਾਂਦੇ ਹਨ॥੧॥

## ਮਃ ੩ ॥

## ਸਚੁ ਵਣਜਹਿ, ਸਚੁ ਸੇਵਦੇ; ਜਿ ਗੁਰਮੁਖਿ ਪੈਰੀ ਪਾਹਿ ॥

ਜਿ = ਜਿਹੜੇ ਗੁਰਮੁਖ ਜਨਾਂ ਦੇ **ਵਾ:** ਮੁਖੀ ਗੁਰਾਂ ਦੇ ਪੈਰੀ = ਚਰਨੀਂ ਪਾਹਿ = ਪੈਂਦੇ ਹਨ, ਉਹ ਸਚੁ = ਸੱਚੇ ਉਪਦੇਸ਼ ਨੂੰ ਵਣਜਹਿ = ਖ਼ਰੀਦਦੇ ਹਨ ਤੇ ਸਚੁ = ਸੱਚੇ ਦਾ ਸੇਵਦੇ = ਸੇਵਨ ਕਰਦੇ ਹਨ ਭਾਵ ਸ੍ਵਨ, ਮੰਨਣ ਨਿਧਿਆਸਣ ਕਰਦੇ ਹਨ।

## ਨਾਨਕ, ਗੁਰ ਕੈ ਭਾਣੈ ਜੇ ਚਲਹਿ; ਸਹਜੇ ਸਚਿ ਸਮਾਹਿ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇ = ਜਿਹੜੇ ਗੁਰਮੁਖ ਜਨ ਗੁਰ = ਸਤਿਗੁਰੂ ਸਾਹਿਬ ਜੀ ਕੈ = ਦੇ ਭਾਣੈ = ਹੁਕਮ ਵਿਚ ਚਲਹਿ = ਚੱਲਦੇ ਹਨ, ਉਨ੍ਹਾਂ ਦਾ ਮਨ ਸਹਜੇ = ਸੁਤੇ-ਸਿੱਧ, ਨਿਰਯਤਨ ਹੀ ਸਚਿ = ਸੱਚੇ ਵਿਚ ਸਮਾਹਿ = ਸਮਾਅ, ਲੀਨ ਹੋ ਜਾਂਦਾ ਹੈ **ਵਾ:** ਸਹਜੇ = ਸੁਤੇ-ਸਿੱਧ ਸੱਚ ਸਰੂਪ ਦੀ ਪ੍ਰਾਪਤੀ ਦਾ ਸਮਾਹਿ = ਅਨੰਦ ਪ੍ਰਾਪਤ ਹੁੰਦਾ ਹੈ॥੨॥

## ਪਉੜੀ ॥

## ਆਸਾ ਵਿਚਿ ਅਤਿ ਦੁਖੁ ਘਣਾ; ਮਨਮੁਖਿ ਚਿਤੁ ਲਾਇਆ ॥

ਦੁਨੀਆਂ ਦੀ ਆਸਾ ਵਿਚ ਲੱਗਣ ਕਰਕੇ ਅਤਿ = ਅਤਿਅੰਤ, ਬਹੁਤਾ ਭਾਰੀ ਜੰਮਣ-ਮਰਣ ਦਾ ਦੁੱਖ ਭੋਗਣਾ ਪੈਂਦਾ ਹੈ, ਪਰ ਮਨਮੁਖ ਨੇ ਇਸ ਦੁਨੀਆਂ ਦੀ ਆਸਾ ਵਿਚ ਆਪਣਾ ਚਿਤੁ ਲਾਇਆ = ਲਗਾਇਆ ਹੋਇਆ ਹੈ।

## ਗੁਰਮੁਖਿ ਭਏ ਨਿਰਾਸ; ਪਰਮ ਸੁਖੁ ਪਾਇਆ ॥

ਜਿਹੜੇ ਗੁਰਮੁਖ ਜਨ ਦੁਨੀਆਂ ਦੀ ਆਸਾ ਵੱਲੋਂ ਨਿਰਾਸੇ ਭਏ = ਹੋ ਗਏ ਹਨ, ਉਨ੍ਹਾਂ ਨੇ ਪਰਮ = ਵੱਡਾ ਆਤਮਾਨੰਦ ਦੀ ਪ੍ਰਾਪਤੀ ਦਾ ਸੁਖ ਪਾਇਆ = ਪਾ ਲਿਆ ਹੈ।

## ਵਿਚੇ ਗਿਰਹ ਉਦਾਸ; ਅਲਿਪਤ ਲਿਵ ਲਾਇਆ ॥

ਉਹ ਗਿਰਹ = ਗ੍ਰਿਹਸਥ ਵਿਚ ਰਹਿੰਦੇ ਹੋਏ ਦੁਨੀਆਂ ਵੱਲੋਂ ਉਦਾਸ = ਉਪਰਾਮ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੇ ਅਲਿਪਤ = ਨਿਰਲੇਪ ਪਰਮੇਸ਼ਰ ਵਿਚ ਆਪਣੇ ਚਿੱਤ ਦੀ ਲਿਵ = ਬਿਰਤੀ ਨੂੰ ਲਾਇਆ = ਲਗਾਉਣਾ ਕੀਤਾ ਹੈ **ਵਾ:** ਜਿਵੇਂ ਜਲ ਵਿਚ ਕਮਲ ਨਿਰਲੇਪ ਰਹਿੰਦਾ ਹੈ ਇਉਂ ਗੁਰਮੁਖ ਜਨ ਪਰਮੇਸ਼ਰ ਵਿਚ ਲਿਵ ਲਾ ਕੇ ਪਦਾਰਥਾਂ ਤੋਂ ਨਿਰਲੇਪ ਰਹਿੰਦੇ ਹਨ **ਵਾ:** ਜਿਵੇਂ ਮੁਰਗਾਈ ਦੇ ਪਾਣੀ ਵਿਚ ਖੰਭ ਨਹੀਂ ਭਿੱਜਦੇ, ਇਉਂ ਗੁਰਮੁਖ ਜਨਾਂ ਦਾ ਚਿੱਤ ਰੂਪੀ ਖੰਭ ਪਦਾਰਥਾਂ ਰੂਪੀ ਪਾਣੀ ਵਿਚ ਨਹੀਂ ਭਿੱਜਦਾ ਭਾਵ ਪਦਾਰਥਾਂ ਤੋਂ ਨਿਰਲੇਪ ਰਹਿੰਦਾ ਹੈ।

## ਓਨਾ ਸੋਗੁ ਵਿਜੋਗੁ ਨ ਵਿਆਪਈ; ਹਰਿ ਭਾਣਾ ਭਾਇਆ ॥

ਓਨਾ = ਉਨ੍ਹਾਂ ਨੂੰ ਪਦਾਰਥਾਂ ਦੇ ਵਿਜੋਗ = ਵਿਛੋੜੇ ਕਰਕੇ ਕਿਸੇ ਵੀ ਪ੍ਰਕਾਰ ਦਾ ਸੋਗੁ = ਗ਼ਮ ਨ = ਨਹੀਂ ਵਿਆਪਈ = ਵਿਆਪਦਾ (ਲੱਗਦਾ) **ਵਾ:** ਉਨ੍ਹਾਂ ਨੂੰ ਨਾ ਹੀ ਵਿਛੋੜਾ ਤੇ ਨਾ ਹੀ ਗ਼ਮ ਲੱਗਦਾ ਹੈ ਕਿਉਂਕਿ ਉਨ੍ਹਾਂ ਨੂੰ ਹਰਿ = ਪਰਮੇਸ਼ਰ ਦਾ ਭਾਣਾ = ਹੁਕਮ ਮੰਨਣਾ ਭਾਇਆ = ਚੰਗਾ ਲੱਗਦਾ ਹੈ।

## ਨਾਨਕ, ਹਰਿ ਸੇਤੀ ਸਦਾ ਰਵਿ ਰਹੇ; ਧੁਰਿ ਲਏ ਮਿਲਾਇਆ ॥੩੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਹ ਪੁਰਖ ਹਰਿ = ਪਰਮੇਸ਼ਰ ਦੇ ਸੇਤੀ = ਨਾਲ ਸਦਾ = ਹਮੇਸ਼ਾ ਰਵਿ = ਮਿਲੇ ਰਹੇ = ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਧੁਰਿ = ਮੁੱਢ ਰੂਪ ਪਰਮੇਸ਼ਰ ਨੇ ਆਪਣੇ ਸਰੂਪ ਨਾਲ ਮਿਲਾਇਆ = ਮਿਲਾ ਲਏ = ਲਿਆ ਹੈ ॥੩੧॥

## ਸਲੋਕ ਮਃ ੩ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਆਪ ਜੀ ਨੇ ਗੁਰਤਾ-ਗੱਦੀ ਪੁੱਤਰਾਂ ਨੂੰ ਛੱਡ ਕੇ ਆਪਣੇ ਦਾਮਾਦ (ਸੇਵਾਦਾਰ) ਗੁਰੂ ਰਾਮਦਾਸ ਜੀ ਨੂੰ ਬਖ਼ਸ਼ ਦਿੱਤੀ ਹੈ, ਪੁੱਤਰਾਂ ਨੂੰ ਕਿਉਂ ਨਹੀਂ ਬਖ਼ਸ਼ੀ ਤਾਂ ਸਤਿਗੁਰਾਂ ਨੇ ਉੱਤਰ ਵਿਚ ਕਿਹਾ ਕਿ ਇਹ ਤਾਂ ਅਧਿਕਾਰੀ ਦੀ ਵਸਤੂ ਹੈ, ਆਦਿ ਤੋਂ ਹੀ ਕਰਤਾ ਪੁਰਖ ਦੀ ਰਜ਼ਾ ਅਨੁਸਾਰ ਜਿਸ ਦੀ ਵਸਤੂ ਹੈ, ਉਸੇ ਨੂੰ ਸੌਂਪੀ ਜਾਂਦੀ ਹੈ ਅਤੇ ਉਸੇ ਨੂੰ ਸੌਂਪ ਕੇ ਹੀ ਸੁਖ ਹੋਇਆ ਕਰਦਾ ਹੈ ਅਤੇ ਇਹ ਸਲੋਕ ਉਚਾਰਣ ਕੀਤਾ:

## ਪਰਾਈ ਅਮਾਣ ਕਿਉ ਰਖੀਐ; ਦਿਤੀ ਹੀ ਸੁਖੁ ਹੋਇ ॥

ਹੇ ਭਾਈ! ਇਹ ਗੁਰਤਾ-ਗੱਦੀ ਰੂਪ ਪਰਾਈ = ਬਿਗਾਨੀ ਅਮਾਣ = ਅਮਾਨਤ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਬਖ਼ਸ਼ਿਸ਼ ਹੋਣੀ ਸੀ, ਇਸ ਨੂੰ ਅਸੀਂ ਆਪਣੀ ਕੁੱਲ ਵਿਚ ਸੰਭਾਲ ਕੇ ਕਿਉ = ਕਿਵੇਂ ਰਖੀਐ = ਰੱਖਣਾ ਕਰੀਏ, ਇਸ ਨੂੰ ਦਿੱਤੀ = ਦੇਣ ਕਰਕੇ ਹੀ ਸੁਖ ਪ੍ਰਾਪਤ ਹੋਇ = ਹੁੰਦਾ ਹੈ।[੧]

**ਅਥਵਾ** ਹੇ ਭਾਈ! ਇਹ ਜ਼ਿੰਦਗੀ ਬਿਗਾਨੀ ਅਮਾਨਤ ਹੈ, ਭਾਵ ਸੂਖਮ ਤੇ ਅਸਥੂਲ ਸਰੀਰ ਪਰਮੇਸ਼ਰ ਦੀ ਅਮਾਨਤ ਹੈ, ਇਸ ਨੂੰ ਅਸੀਂ ਕਿਵੇਂ ਆਪਣੇ ਕੋਲ ਸੰਭਾਲ ਕੇ ਰੱਖ ਸਕਦੇ ਹਾਂ ਭਾਵ ਸਦਾ ਜਿਉਂਦੇ ਨਹੀਂ ਰਹਿ ਸਕਦੇ, ਅੰਤ ਨੂੰ ਪ੍ਰਾਲਬਧ ਪੂਰੀ ਹੋਈ ਤੋਂ ਇਹ ਪਰਮੇਸ਼ਰ ਨੂੰ ਦੇਣੇ ਕਰਕੇ ਹੀ ਸੁਖ ਪ੍ਰਾਪਤ ਹੋਵੇਗਾ।

**ਅਥਵਾ** ਹੇ ਭਾਈ! ਮਾਇਆ ਜਾਂ ਪਦਾਰਥ ਰੂਪ ਪਰਾਈ = ਬਿਗਾਨੀ ਅਮਾਨਤ ਨੂੰ ਅਸੀਂ ਕਿਵੇਂ ਰੱਖ ਸਕਦੇ ਹਾਂ, ਉਸ ਪਰਮੇਸ਼ਰ ਨੂੰ ਦਿੱਤਿਆਂ ਭਾਵ ਭੇਟਾ ਕਰਿਆਂ ਹੀ ਸੁਖ ਪ੍ਰਾਪਤ ਹੁੰਦਾ ਹੈ।

## ਗੁਰ ਕਾ ਸਬਦੁ, ਗੁਰ ਥੈ ਟਿਕੈ; ਹੋਰ ਥੈ ਪਰਗਟੁ ਨ ਹੋਇ ॥

ਜਿਹੜਾ ਗੁਰ = ਸਤਿਗੁਰੂ ਸਾਹਿਬ ਜੀ ਕਾ = ਦਾ ਸਬਦੁ = ਉਪਦੇਸ਼ ਹੈ, ਉਹ ਗੁਰੂ ਸਾਹਿਬ ਦੁਆਰਾ ਹੀ ਜਗਿਆਸੂਆਂ ਦੇ ਹਿਰਦੇ ਰੂਪੀ ਥੈ = ਥਾਂ ਵਿਚ ਟਿਕੈ = ਟਿਕ ਸਕਦਾ ਹੈ, ਸਤਿਗੁਰਾਂ ਦੇ ਉਪਦੇਸ਼ ਤੋਂ ਬਗ਼ੈਰ ਹੋਰ ਕਿਸੇ ਵੀ ਯਤਨ ਨਾਲ ਰਿਦੇ ਰੂਪੀ ਥੈ = ਥਾਂ ਵਿਚ ਬ੍ਰਹਮ ਦੇ ਸਰੂਪ ਦੀ ਪਰਗਟੁ = ਸਖਿਆਤਤਾ ਨ = ਨਹੀਂ ਹੋਇ = ਹੁੰਦੀ।

## ਅੰਨੇ੍ ਵਸਿ ਮਾਣਕੁ ਪਇਆ; ਘਰਿ ਘਰਿ ਵੇਚਣ ਜਾਇ ॥

ਜਿਵੇਂ ਅੰਨ੍ਹੇ ਪੁਰਖ ਦੇ ਵਸਿ = ਅਧੀਨ ਕੀਮਤੀ ਮਾਣਕ ਪਇਆ = ਪੈ ਜਾਵੇ, ਉਸ ਨੂੰ ਮਾਣਕ ਦੇ ਜੌਹਰ ਤਾਂ ਦਿੱਸਦੇ ਨਹੀਂ, ਉਸ ਮਾਣਕ ਨੂੰ ਉਹ ਘਰਿ ਘਰਿ = ਘਰਾਂ ਘਰਾਂ ਵਿਚ ਵੇਚਣ ਜਾਇ = ਜਾਂਦਾ ਹੈ।

## ਓਨਾ ਪਰਖ ਨ ਆਵਈ; ਅਢੁ ਨ ਪਲੈ ਪਾਇ ॥

ਅੱਗੇ ਓਨਾ = ਉਨ੍ਹਾਂ ਖ਼ਰੀਦਣ ਵਾਲੇ ਪੁਰਖਾਂ ਨੂੰ ਵੀ ਮਾਣਕ ਦੀ ਪਰਖ ਨ = ਨਹੀਂ ਆਵਈ = ਆਉਂਦੀ, ਇਸ ਕਰਕੇ ਉਸ ਅੰਨ੍ਹੇ ਪੁਰਖ ਦੇ ਅਢੁ = ਅੱਧੀ ਦਮੜੀ ਵੀ ਪਲੈ = ਪੱਲੇ ਨ = ਨਹੀਂ ਪਾਇ = ਪੈਂਦੀ।

**ਅਥਵਾ** ਇਸੇ ਪ੍ਰਕਾਰ ਮਨ ਬੁੱਧ ਰੂਪ ਨੇਤਰਾਂ ਵਿਚ ਬੀਚਾਰ ਰੂਪੀ ਨਿਗ੍ਹਾ ਤੋਂ ਹੀਣੇ ਅਗਿਆਨੀ ਪੁਰਖਾਂ ਦੇ ਵੱਸ ਮਾਣਕ ਵਤ ਅਮੋਲਕ ਪਰਮੇਸ਼ਰ ਦਾ ਨਾਮ **ਵਾ:** ਸ੍ਵਣ, ਮੰਨਣ, ਨਿਧਿਆਸਣ ਗਿਆਨ ਰੂਪੀ ਮਾਣਕ ਪੈ ਗਿਆ ਹੈ, ਉਹ ਘਰਾਂ ਘਰਾਂ ਵਿਚ ਵੇਚਣ ਵਾਸਤੇ ਜਾਂਦੇ ਹਨ ।

ਅੱਗੇ ਉਨ੍ਹਾਂ ਖ਼ਰੀਦਣ ਵਾਲੇ ਅਣ-ਅਧਿਕਾਰੀ ਪੁਰਖਾਂ ਨੂੰ ਵੀ ਉੱਕਾ ਹੀ ਪਰਖ ਨਹੀਂ ਆਉਂਦੀ ਕਿ ਇਹ ਪਰਮੇਸ਼ਰ ਦਾ ਕੀਮਤੀ ਮਾਣਕ ਸ੍ਵਣ, ਮੰਨਣ ਨਿਧਿਆਸਣ ਰੂਪੀ ਗਿਆਨ ਹੈ, ਅੱਧੀ ਦਮੜੀ ਦੀ ਨਿਆਈਂ ਵੀ ਉਨ੍ਹਾਂ ਪੁਰਖਾਂ ਦੇ ਪੱਲੇ ਸੁਖ ਨਹੀਂ ਪੈਂਦਾ, ਪਦਾਰਥ ਪੱਲੇ ਨਹੀਂ ਪੈਂਦੇ।

## ਜੇ ਆਪਿ ਪਰਖ ਨ ਆਵਈ; ਤਾਂ ਪਾਰਖੀਆ ਥਾਵਹੁ ਲਇਓ ਪਰਖਾਇ ॥

ਜੇ = ਜੇਕਰ ਆਪ ਪਰਖ ਨ = ਨਹੀਂ ਆਵਈ = ਆਉਂਦੀ ਹੋਵੇ ਤਾਂ ਪਾਰਖੀਆ = ਪਰਖ ਕਰਨ

---

**੧. ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ। ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।**
**ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ। ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।**
*(ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੭)*

ਵਾਲੇ ਗੁਰਮੁਖ ਜਨਾਂ ਦੇ ਥਾਵਹੁ = ਪਾਸੋਂ ਗੁਰੂ ਸਾਹਿਬ ਜੀ ਦੇ ਸ਼ਬਦ ਪਰਖਾਇ = ਪਰਖ ਕਰਾ ਲਇਓ = ਲੈਣਾ ਕਰੋ।

## ਜੇ ਓਸੁ ਨਾਲਿ ਚਿਤੁ ਲਾਏ, ਤਾਂ ਵਥੁ ਲਹੈ; ਨਉ ਨਿਧਿ ਪਲੈ ਪਾਇ ॥

ਜੇ = ਜੇਕਰ ਕੋਈ ਗੁਰਮੁਖਾਂ ਦੀ ਸੰਗਤ ਦੁਆਰਾ ਉਸ ਗੁਰ ਸ਼ਬਦ ਦੇ **ਵਾ:** ਪਰਮੇਸ਼ਰ ਦੇ ਨਾਮ ਅੰਮ੍ਰਿਤ ਨਾਲਿ = ਸਾਥ ਚਿਤੁ = ਹਿਰਦਾ ਲਾਏ = ਲਾਉਣਾ ਕਰੇ ਤਾਂ = ਤਦ ਆਤਮਾਨੰਦ ਰੂਪੀ ਵਥੁ = ਵਸਤੂ ਨੂੰ ਲਹੈ = ਲਖ, ਪ੍ਰਾਪਤ ਕਰ ਸਕਦਾ ਹੈ ਅਤੇ ਨਉਨਿਧਿ = ਨੌਂ ਨਿਧੀਆਂ ਵੀ ਰਿਦੇ ਰੂਪੀ ਪਲੈ = ਪੱਲੇ ਵਿਚ ਪਾਇ = ਪਾ ਲੈਂਦਾ ਹੈ **ਵਾ:** ਨੌਂ ਨਿਧੀਆਂ ਦੇ ਖ਼ਜ਼ਾਨੇ ਦਾਤੇ ਪਰਮੇਸ਼ਰ ਨੂੰ ਪਾ ਲੈਂਦਾ ਹੈ।

## ਘਰਿ ਹੋਂਦੈ ਧਨਿ, ਜਗੁ ਭੁਖਾ ਮੁਆ; ਬਿਨੁ ਸਤਿਗੁਰ ਸੋਝੀ ਨ ਹੋਇ ॥

ਘਰ ਵਿਚ ਧਨ ਦੇ ਹੋਂਦੈ = ਹੁੰਦਿਆਂ ਹੀ ਜਗੁ = ਸੰਸਾਰੁ ਭੁਖਾ ਮੁਆ = ਮਰ ਰਿਹਾ ਹੈ **ਵਾ:** ਇਸੇ ਪ੍ਰਕਾਰ ਰਿਦੇ ਰੂਪੀ ਘਰ ਦੇ ਵਿਚ ਨਾਮ ਰੂਪੀ ਧਨ ਦੇ ਹੁੰਦਿਆਂ ਹੀ ਜਗੁ = ਸੰਸਾਰ, ਜੀਵ ਬ੍ਰਹਮਾਨੰਦ ਰੂਪੀ ਭੋਜਨ ਤੋਂ ਬਗ਼ੈਰ ਭੁੱਖਾ ਹੀ ਮਰ ਰਿਹਾ ਹੈ। ਸਤਿਗੁਰਾਂ ਤੋਂ ਬਗ਼ੈਰ ਸੱਚ ਸਰੂਪ ਦੀ ਸੋਝੀ = ਗਿਆਤ ਨਹੀਂ ਹੋਇ = ਹੁੰਦੀ।

**ਸਾਖੀ—ਸ਼ਾਹੂਕਾਰ ਦੇ ਲੜਕੇ ਦੇ ਕੰਗਾਲ ਹੋਣ ਦੀ :** ਬਹੁਤ ਪੁਰਾਣੇ ਸਮੇਂ ਦੀ ਗੱਲ ਹੈ ਕਿ ਕਿਸੇ ਨਗਰ ਵਿਚ ਇਕ ਬਹੁਤ ਅਮੀਰ ਸ਼ਾਹੂਕਾਰ ਸੀ, ਜਿਸ ਦੀ ਬਾਜ਼ਾਰ ਵਿਚ ਬਹੁਤ ਵੱਡੀ ਦੁਕਾਨ ਸੀ। ਜਦੋਂ ਉਸ ਨੂੰ ਆਪਣਾ ਅੰਤ ਦਾ ਸਮਾਂ ਨੇੜੇ ਆਉਂਦਾ ਦਿੱਸਿਆ ਤਾਂ ਉਸ ਨੇ ਆਪਣੇ ਲੜਕੇ ਨੂੰ ਕੋਲ ਬੁਲਾ ਕੇ ਕੰਮ-ਕਾਰ ਬਾਰੇ ਸਮਝਾਇਆ ਕਿ ਬੇਟਾ! ਰੋਜ਼ ਮਿੱਠਾ ਖਾਇਆ ਕਰੀਂ, ਛਾਵੇਂ-ਛਾਵੇਂ ਹੀ ਦੁਕਾਨ 'ਤੇ ਜਾਇਆ ਕਰੀਂ, ਕਿਸੇ ਉਧਾਰ ਲੈਣ ਆਏ ਗ੍ਰਾਹਕ ਨੂੰ ਮੋੜਿਆ ਨਾ ਕਰੀਂ, ਜੇ ਧਨ ਦੀ ਲੋੜ ਪਵੇ ਤਾਂ ਸਵਾ ਪਹਿਰ ਦਿਨ ਚੜ੍ਹੇ ਮਸੀਤ 'ਚੋਂ ਪੁੱਟ ਲਈਂ ਤੇ ਹੋਰ ਜ਼ਿਆਦਾ ਧਨ ਦੀ ਜ਼ਰੂਰਤ ਹੋਵੇ ਤਾਂ ਫਿਰ ਥੰਮ੍ਹ ਸ਼ਾਹ ਕੋਲੋਂ ਲੈ ਲਵੀਂ। ਇਸ ਤੋਂ ਪਹਿਲਾਂ ਕਿ ਪੁੱਤਰ ਕੋਈ ਹੋਰ ਗੱਲ ਪੁੱਛਦਾ, ਉਤਨੇ ਚਿਰ ਨੂੰ ਸ਼ਾਹੂਕਾਰ ਗੁਜ਼ਰ ਗਿਆ, ਉਸ ਦੇ ਗੁਜ਼ਰ ਜਾਣ ਤੋਂ ਮਗਰੋਂ ਆਪਣੇ ਪਿਤਾ ਦੇ ਕਹੇ ਹੋਏ ਬਚਨਾਂ ਦਾ ਭੇਤ ਨਾ ਸਮਝ ਸਕਿਆ ਤੇ ਉਸ ਤੋਂ ਉਲਟਾ ਕੰਮ ਕਰਨ ਲੱਗ ਪਿਆ ਭਾਵ ਪਿਤਾ ਵੱਲੋਂ ਮਿੱਠਾ ਖਾਣ ਲਈ ਆਗਿਆ ਕੀਤੀ ਸੀ, ਤਾਂ ਇਸ ਨੇ ਹਰ ਰੋਜ਼ ਘਰ ਵਿਚ ਮਿੱਠੇ-ਮਿੱਠੇ ਪਕਵਾਨ ਬਣਵਾ ਕੇ ਖਾਣੇ ਸ਼ੁਰੂ ਕਰ ਦਿੱਤੇ। ਛਾਵੇਂ-ਛਾਵੇਂ ਜਾਣ ਲਈ ਦੁਕਾਨ ਤੋਂ ਘਰ ਤਕ ਕਨਾਤਾਂ (ਸ਼ਾਮਿਆਨੇ) ਲਾ ਲਈਆਂ ਤੇ ਜੇ ਕੋਈ ਗ੍ਰਾਹਕ ਉਧਾਰ ਸੌਦਾ ਲੈ ਜਾਵੇ ਤਾਂ ਉਸ ਤੋਂ ਪੈਸਾ ਨਾ ਮੰਗਿਆ ਕਰੇ। ਇਉਂ ਥੋੜ੍ਹੇ ਸਮੇਂ ਵਿਚ ਕੰਗਾਲ ਹੋ ਗਿਆ। ਫਿਰ ਇਸ ਨੂੰ ਆਪਣੇ ਪਿਤਾ ਦੀ ਗੱਲ ਯਾਦ ਆਈ ਕਿ ਪਿਤਾ ਜੀ ਨੇ ਕਿਹਾ ਸੀ ਕਿ ਜੇ ਧਨ ਦੀ ਜ਼ਰੂਰਤ ਪਵੇ ਤਾਂ ਸਵਾ ਪਹਿਰ ਦਿਨ ਚੜ੍ਹੇ ਮਸੀਤੋਂ ਪੁੱਟ ਲਵੀਂ। ਇਸ ਅਨੁਸਾਰ ਉਹ ਮਸੀਤ ਨੂੰ ਪੁੱਟਣ ਲੱਗ ਪਿਆ, ਤਦੋਂ ਉਥੋਂ ਦੇ ਮੁਸਲਮਾਨਾਂ ਨੇ ਬਹੁਤ ਕੁੱਟਿਆ, ਕੁੱਟ ਖਾ ਕੇ ਵਾਪਸ ਆ ਗਿਆ ਅਤੇ ਥੰਮ੍ਹ ਸ਼ਾਹ ਦਾ ਇਸ ਨੂੰ ਪਤਾ ਹੀ ਨਾ ਲੱਗਿਆ।

ਇਕ ਦਿਨ ਇਸ ਦੇ ਪਿਤਾ ਦਾ ਇਕ ਪੁਰਾਣਾ ਮਿੱਤਰ ਇਸ ਦੇ ਘਰ ਵਿਚ ਆਇਆ ਤੇ ਘਰ ਦੀ ਹਾਲਤ ਵੇਖ ਕੇ ਹੈਰਾਨ ਹੋਇਆ ਤੇ ਕੰਗਾਲ ਹੋਣ ਦਾ ਕਾਰਨ ਪੁੱਛਿਆ, ਤਦੋਂ ਇਸ ਨੇ ਆਪਣੀ ਸਾਰੀ ਵਾਰਤਾ ਕਹਿ ਸੁਣਾਈ।

ਫਿਰ ਉਹ ਕਹਿਣ ਲੱਗਾ ਕਿ ਤੂੰ ਆਪਣੇ ਪਿਤਾ ਦੇ ਕਹੇ ਬਚਨਾਂ ਦਾ ਭੇਤ ਨਹੀਂ ਸਮਝ ਸਕਿਆ। ਤੈਨੂੰ ਮੈਂ ਸਮਝਾਉਂਦਾ ਹਾਂ, ਜੋ ਤੇਰੇ ਪਿਤਾ ਨੇ ਕਿਹਾ ਸੀ ਕਿ ਮਿੱਠਾ ਖਾਇਆ ਕਰ, ਇਸ ਦਾ ਮਤਲਬ ਸੀ

ਕਿ ਜਦੋਂ ਪੂਰੀ ਭੁੱਖ ਲੱਗੇ, ਉਦੋਂ ਭੋਜਨ ਖਾਈਂ ਕਿਉਂਕਿ ਉਦੋਂ ਬੇਹਾ ਭੋਜਨ ਵੀ ਸਵਾਦਿਸ਼ਟ ਲੱਗਦਾ ਹੈ। ਦੂਸਰਾ ਕਿ ਛਾਵੇਂ-ਛਾਵੇਂ ਜਾਇਆ ਕਰੀਂ, ਇਸ ਦਾ ਮਤਲਬ ਸੀ ਕਿ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਦੁਕਾਨ 'ਤੇ ਜਾਵੀਂ ਤੇ ਸ਼ਾਮ ਨੂੰ ਸੂਰਜ ਛਿਪੇ ਤੋਂ ਬਾਅਦ ਘਰ ਆਵੀਂ, ਭਾਵ ਕਿ ਕੋਈ ਗਾਹਕ ਨਾ ਮੁੜ ਜਾਵੇ। ਤੀਸਰਾ ਸੀ ਕਿ ਕਿਸੇ ਗਾਹਕ ਤੋਂ ਉਧਾਰ ਨਾ ਮੰਗੀਂ, ਇਸ ਦਾ ਮਤਲਬ ਸੀ ਕਿ ਪਹਿਲਾਂ ਉਨ੍ਹਾਂ ਕੋਲੋਂ ਕੋਈ ਗਹਿਣਾ ਆਦਿ ਗਿਰਵੀ ਰੱਖ ਲਵੀਂ, ਤੈਨੂੰ ਮੰਗਣ ਦੀ ਲੋੜ ਨਾ ਪਵੇ, ਉਹ ਆਪੇ ਦੇ ਜਾਣਗੇ। ਜੋ ਮਸੀਤ ਪੁੱਟਣ ਬਾਰੇ ਕਿਹਾ ਸੀ, ਉਹ ਤੈਨੂੰ ਸਵੇਰੇ ਦੱਸਾਂਗਾ। ਅਗਲੇ ਦਿਨ ਜਦੋਂ ਸਵਾ ਪਹਿਰ ਦਿਨ ਚੜ੍ਹ ਗਿਆ ਤਦੋਂ ਘਰ ਦੇ ਵਿਹੜੇ ਵਿਚ ਜਿਥੇ ਮਸੀਤ ਦਾ ਪਰਛਾਵਾਂ ਪੈ ਰਿਹਾ ਸੀ, ਉਥੋਂ ਪੁੱਟਣ ਲਈ ਕਿਹਾ। ਜਦੋਂ ਪੁੱਟਿਆ ਤਾਂ ਕਾਫ਼ੀ ਧਨ ਪ੍ਰਾਪਤ ਹੋ ਗਿਆ। ਫਿਰ ਥੰਮ੍ਹ ਸ਼ਾਹ ਬਾਰੇ ਪੁੱਛਿਆ, ਤਦੋਂ ਉਸ ਨੇ ਘਰ ਦੇ ਥੰਮ੍ਹਲਿਆਂ ਨੂੰ ਵੇਖਿਆ ਤੇ ਜੋ ਥੰਮ੍ਹਲਾ ਪੋਲਾ ਸੀ, ਉਸ ਨੂੰ ਫੋਲਣ ਲਈ ਕਿਹਾ। ਜਦੋਂ ਫੋਲ ਕੇ ਵੇਖਿਆ ਤਾਂ ਉਸ ਵਿੱਚੋਂ ਮੋਹਰਾਂ ਦੀਆਂ ਥੈਲੀਆਂ ਨਿਕਲ ਆਈਆਂ। ਇਸ ਪ੍ਰਕਾਰ ਉਹ ਸ਼ਾਹੂਕਾਰ ਦਾ ਪੁੱਤਰ ਆਪਣੇ ਘਰ ਵਿੱਚੋਂ ਹੀ ਧਨ ਪ੍ਰਾਪਤ ਕਰ ਕੇ ਫਿਰ ਸੁਖੀ ਹੋ ਗਿਆ ਸੀ।

ਇਸੇ ਪ੍ਰਕਾਰ ਇਸ ਜੀਵ ਨੇ ਧਰਮ ਦੀ ਕਿਰਤ ਕਰਨ ਰੂਪ ਮਿੱਠਾ ਖਾਣਾ ਸੀ, ਦੂਸਰਾ ਕਿਸੇ ਨੂੰ ਦੇ ਕੇ ਲੈਣਾ ਨਹੀਂ, ਇਸ ਦਾ ਮਤਲਬ ਇਹ ਹੈ ਕਿ ਜੀਵ ਪਰਮੇਸ਼ਰ ਦਾ ਦਿੱਤਾ ਹੋਇਆ ਧਨ ਪਦਾਰਥ ਜਾਣ ਕੇ ਲੋੜਵੰਦਾਂ ਨੂੰ ਵਰਤਾਉਣਾ ਸੀ, ਫੇਰ ਕਦੇ ਵੀ ਘਾਟਾ ਨਹੀਂ ਹੁੰਦਾ, ਸਦਾ ਅਟੁੱਟ ਖ਼ਜ਼ਾਨਾ ਰਹਿੰਦਾ ਹੈ, ਸਵਾ ਪਹਿਰ ਦਿਨ ਚੜ੍ਹਨ ਤੋਂ ਮਸੀਤ ਦੇ ਪਰਛਾਵੇਂ ਪੈਣ ਵਾਲੇ ਥਾਂ ਪੁੱਟਣ ਵਤ ਇਸੇ ਪ੍ਰਕਾਰ ਸਵਾ ਪਹਿਰ ਦਿਨ ਚੜ੍ਹਦੇ ਤਕ ਇਸ ਦੇਹ ਨੂੰ ਮਸੀਤ ਜਾਣ ਕੇ ਇਸ ਵਿਚ ਬੈਠੇ ਮਨ ਨਾਲ ਪਰਮੇਸ਼ਰ ਦਾ ਸਿਮਰਨ ਕਰਨ ਲਈ ਕਿਹਾ ਸੀ ਅਤੇ ਥੰਮ੍ਹ ਦੀ ਨਿਆਈਂ ਪ੍ਰਤਕ ਚੇਤਨ ਹੈ, ਜਿਸ ਵਿਚ ਪਰਮੇਸ਼ਰ ਦੀ ਚੇਤਨ ਸੱਤਾ ਦਾ ਆਸਰਾ ਹੈ, ਜਿਸ ਵਿੱਚੋਂ ਨਾਮ ਰੂਪੀ ਦੌਲਤ ਮਿਲਣੀ ਸੀ, ਪਰ ਇਸ ਜੀਵ ਨੇ ਸ਼ੁਭ ਗੁਣਾਂ ਤੇ ਨਾਮ ਰੂਪੀ ਧਨ ਦਾ ਆਸਰਾ ਨਹੀਂ ਲਿਆ, ਇਸੇ ਕਰਕੇ ਨਾਮ ਰੂਪੀ ਧਨ ਤੋਂ ਬਗ਼ੈਰ ਕੰਗਾਲ ਹੋ ਰਿਹਾ ਹੈ।

## ਸਬਦੁ ਸੀਤਲੁ ਮਨਿ ਤਨਿ ਵਸੈ; ਤਿਥੈ ਸੋਗੁ ਵਿਜੋਗੁ ਨ ਕੋਇ ॥

ਜਿਸ ਦੇ ਮਨ ਤੇ ਤਨ ਵਿਚ ਗੁਰੂ ਸਾਹਿਬ ਜੀ ਦਾ ਆਤਮਿਕ ਸੀਤਲੁ = ਠੰਢ ਦੇਣ ਵਾਲਾ ਸਬਦੁ = ਉਪਦੇਸ਼ ਵਸੈ = ਵੱਸਦਾ ਹੈ, ਤਿਥੈ = ਉਥੇ ਉਸ ਦੇ ਹਿਰਦੇ ਵਿਚ ਪਦਾਰਥਾਂ ਦੇ ਵਿਜੋਗੁ = ਵਿਛੋੜੇ ਕਰਕੇ ਜਾਂ ਸਰੀਰਾਂ ਦੇ ਵਿੱਛੜਨੇ ਕਰਕੇ ਕੋਇ = ਕਿਸੇ ਪ੍ਰਕਾਰ ਸੋਗੁ = ਗ਼ਮ ਨ = ਨਹੀਂ ਹੁੰਦਾ **ਵਾ:** ਪਰਮਾਰਥ ਵੱਲੋਂ ਵਿੱਛੜਦਾ ਨਹੀਂ ਤੇ ਨਾ ਹੀ ਕਿਸੇ ਪ੍ਰਕਾਰ ਦਾ ਸੋਗੁ = ਸੋਕ ਹੁੰਦਾ ਹੈ।

## ਵਸਤੁ ਪਰਾਈ, ਆਪਿ ਗਰਬੁ ਕਰੇ; ਮੂਰਖੁ ਆਪੁ ਗਣਾਏ ॥

ਜੋ ਪਰਾਈ = ਬਿਗਾਨੀ ਮਾਇਆ **ਵਾ:** ਚੇਤਨ ਸੱਤਾ ਰੂਪੀ ਵਸਤੁ = ਚੀਜ਼ ਹੈ, ਜੀਵ ਇਸ ਨੂੰ ਆਪਿ = ਆਪਣੀ ਮੰਨ ਕੇ ਗਰਬੁ = ਹੰਕਾਰ ਕਰੇ = ਕਰਦਾ ਹੈ, ਇਉਂ ਜੀਵ ਆਪਣੇ ਆਪ ਨੂੰ ਮੂਰਖ ਗਣਾਏ = ਗਣਾਉਂਦਾ, ਜਤਾਉਂਦਾ ਹੈ **ਵਾ:** ਮੂਰਖ ਜੀਵ ਆਪਣੇ ਆਪ ਨੂੰ ਵੱਡਾ ਜਤਾਉਂਦਾ ਹੈ।

## ਨਾਨਕ, ਬਿਨੁ ਬੂਝੇ ਕਿਨੈ ਨ ਪਾਇਓ; ਫਿਰਿ ਫਿਰਿ ਆਵੈ ਜਾਏ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰਾਂ ਦੇ ਉਪਦੇਸ਼ ਬੂਝੇ = ਸਮਝੇ ਤੋਂ ਬਿਨੁ = ਬਗ਼ੈਰ ਕਿਨੈ = ਕਿਸੇ ਨੇ ਵੀ ਪਰਮਾਰਥ ਦੇ ਰਸਤੇ ਨੂੰ ਨ = ਨਹੀਂ ਪਾਇਓ = ਪਾਉਣਾ ਕੀਤਾ, ਇਸ ਲਈ ਮੂਰਖ ਜੀਵ ਫਿਰਿ ਫਿਰਿ = ਮੁੜ ਮੁੜ ਕੇ ਜੂਨਾਂ ਵਿਚ ਆਵੈ = ਆਉਂਦਾ ਜਾਏ = ਜਾਂਦਾ ਹੈ ॥੧॥

## ਮਃ ੩ ॥

## ਮਨਿ ਅਨਦੁ ਭਇਆ, ਮਿਲਿਆ ਹਰਿ ਪ੍ਰੀਤਮੁ; ਸਰਸੇ ਸਜਣ ਸੰਤ ਪਿਆਰੇ ॥

ਜਦੋਂ ਦਾ ਪ੍ਰੀਤਮ = ਪਿਆਰਾ ਹਰਿ = ਪਰਮੇਸ਼ਰ ਮਿਲਿਆ = ਮਿਲ ਗਿਆ ਹੈ, ਤਦੋਂ ਦਾ ਮਨ ਦੇ ਵਿਚ ਅਨੰਦ ਪ੍ਰਾਪਤ ਭਇਆ = ਹੋਇਆ ਹੈ ਤੇ ਮਨ, ਬਾਣੀ, ਸਰੀਰ ਦੇ ਪਿਆਰੇ ਸੱਜਣ ਸੰਤ ਜਨ ਵੀ ਸਰਸੇ = ਪ੍ਰਸੰਨ ਹੋ ਗਏ ਹਨ **ਵਾ:** (ਸ + ਰਸੇ) ਸ = ਸਹਿਤ ਪ੍ਰੇਮ ਰਸ ਦੇ ਹੋ ਗਏ ਹਨ **ਵਾ:** ਸਤ, ਸੰਤੋਖ, ਦਇਆ, ਧਰਮ, ਵੀਚਾਰ ਰੂਪ ਸੰਤ ਸ੍ਰਵਣ, ਮੰਨਣ, ਨਿਧਿਆਸਣ ਰੂਪ ਸੱਜਣ ਤੇ ਸਰੂਪ ਦੀ ਸਖਿਆਤਤਾ ਵਾਲੇ ਪਿਆਰੇ ਸਾਧਨ ਆਦਿ ਸਾਰੇ ਹੀ ਸਰਸੇ = ਸਹਿਤ ਰਸ ਦੇ ਹੋ ਕੇ ਕ੍ਰਿਤ ਕ੍ਰਿਤ ਹੋ ਗਏ ਹਨ ਕਿ ਅੱਜ ਅਸੀਂ ਸਫਲੇ ਹੋ ਗਏ ਹਾਂ।

## ਜੋ ਧੁਰਿ ਮਿਲੇ, ਨ ਵਿਛੁੜਹਿ ਕਬਹੂ; ਜਿ ਆਪਿ ਮੇਲੇ ਕਰਤਾਰੇ ॥

ਜੋ = ਜਿਹੜੇ ਧੁਰਿ = ਆਦੋਂ ਪਰਮੇਸ਼ਰ ਦੇ ਨਾਲ ਮਿਲੇ = ਮਿਲ ਗਏ ਹਨ, ਉਹ ਕਬਹੂ = ਕਦੇ ਵੀ ਪਰਮੇਸ਼ਰ ਦੇ ਨਾਲੋਂ ਵਿਛੁੜਹਿ = ਵਿਛੜਦੇ ਨ = ਨਹੀਂ ਹਨ, ਪਰੰਤੂ ਉਹ ਮਿਲੇ ਹਨ, ਜਿ = ਜਿਨ੍ਹਾਂ ਨੂੰ ਆਪ ਕਰਤਾਰੇ = ਪਰਮੇਸ਼ਰ ਨੇ ਗੁਰਾਂ ਦੁਆਰਾ ਆਪਣੇ ਸਰੂਪ ਦੇ ਨਾਲ ਮੇਲੇ = ਮੇਲ ਲਿਆ ਹੈ।

## ਅੰਤਰਿ ਸਬਦੁ ਰਵਿਆ ਗੁਰੁ ਪਾਇਆ; ਸਗਲੇ ਦੂਖ ਨਿਵਾਰੇ ॥

ਜਿਨ੍ਹਾਂ ਨੇ ਹਿਰਦੇ ਅੰਤਰਿ = ਵਿਚ ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਨੂੰ ਰਵਿਆ = ਉਚਾਰਨ ਕਰਕੇ ਗੁਰੁ = ਚੇਤਨ ਸਰੂਪ ਬ੍ਰਹਮ ਨੂੰ ਪਾਇਆ = ਪਾਉਣਾ ਕੀਤਾ ਹੈ, ਉਨ੍ਹਾਂ ਦੇ ਸਗਲੇ = ਸਾਰੇ ਅਗਿਆਨ ਦੇ ਦੂਖ = ਦੁੱਖ ਨਿਵਾਰੇ = ਨਵਿਰਤ ਹੋ ਗਏ ਹਨ ਅਤੇ ਉਹ ਇਹੋ ਹੀ ਗੁਰਾਂ ਅੱਗੇ ਅਰਦਾਸ ਕਰਦੇ ਰਹਿੰਦੇ ਹਨ ਕਿ :

## ਹਰਿ ਸੁਖਦਾਤਾ ਸਦਾ ਸਲਾਹੀ; ਅੰਤਰਿ ਰਖਾਂ ਉਰ ਧਾਰੇ ॥

ਮੈਂ ਸੁਖਦਾਤਾ = ਸੁੱਖਾਂ ਨੂੰ ਦੇਣ ਵਾਲੇ ਹਰਿ = ਪਰਮੇਸ਼ਰ ਨੂੰ ਸਦਾ = ਹਮੇਸ਼ਾਂ ਸਲਾਹੀ = ਸਲਾਹੁੰਦਾ ਰਹਾਂ, ਅਤੇ ਉਰ = ਹਿਰਦੇ ਦੇ ਅੰਤਰਿ = ਵਿਚ ਧਾਰੇ = ਧਾਰਨ, ਵਸਾ ਕਰਕੇ ਰਖਾਂ = ਰੱਖਣਾ ਕਰਾਂ।

## ਮਨਮੁਖੁ, ਤਿਨ ਕੀ ਬਖੀਲੀ ਕਿ ਕਰੇ; ਜਿ ਸਚੈ ਸਬਦਿ ਸਵਾਰੇ ॥

ਮਨਮੁਖ ਪੁਰਖ ਤਿਨ = ਉਨ੍ਹਾਂ ਕੀ = ਦੀ ਬਖੀਲੀ = ਚੁਗ਼ਲੀ, ਈਰਖਾ ਕਿ = ਕੀ ਕਰੇ = ਕਰ ਸਕਦੇ ਹਨ **ਵਾ:** ਜੱਸ ਕਰਨ ਵੱਲੋਂ ਸ਼ੂਮਤਾਈ ਕੀ ਕਰ ਸਕਦੇ ਹਨ, ਜਿ = ਜਿਨ੍ਹਾਂ ਦੇ ਸਚੈ = ਸੱਚੇ ਪਰਮੇਸ਼ਰ ਨੇ ਗੁਰ ਸਬਦਿ = ਉਪਦੇਸ਼ ਦੁਆਰਾ ਜੀਵਨ ਸਵਾਰੇ = ਸੰਵਾਰ ਦਿੱਤੇ ਹਨ।

## ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ; ਸਰਣਾਗਤਿ ਪਏ ਗੁਰ ਦੁਆਰੇ ॥

ਜਿਹੜੇ ਗੁਰ = ਗੁਰੂ ਸਾਹਿਬ ਜੀ ਦੇ ਸਤਿਸੰਗਤ ਰੂਪੀ ਦੁਆਰੇ ਦੀ ਸਰਣਾਗਤਿ = ਸ਼ਰਨ ਵਿਚ ਪਏ ਹਨ, ਮੇਰਾ ਪਿਆਰਾ ਪਰਮੇਸ਼ਰ ਓਨਾ = ਉਨ੍ਹਾਂ ਦੀ ਆਪ ਲੋਕ-ਪ੍ਰਲੋਕ ਪਤਿ = ਇੱਜ਼ਤ ਰਖਸੀ = ਰੱਖਦਾ ਹੈ।

## ਨਾਨਕ, ਗੁਰਮੁਖਿ ਸੇ ਸੁਹੇਲੇ ਭਏ; ਮੁਖ ਊਜਲ ਦਰਬਾਰੇ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੇ = ਉਹ ਗੁਰਮੁਖ ਜਨ ਸੁਹੇਲੇ = ਸੁਖੀ ਭਏ = ਹੋਏ ਹਨ ਅਤੇ ਉਨ੍ਹਾਂ ਦਾ ਸੱਚਖੰਡ, ਸਾਧਸੰਗਤ ਰੂਪੀ ਦਰਬਾਰ ਵਿਚ ਵੀ ਮੁਖ = ਮੁਖੜਾ ਊਜਲ = ਉੱਜਲਾ ਹੁੰਦਾ ਹੈ ॥੨॥

## ਪਉੜੀ ॥

## ਇਸਤਰੀ ਪੁਰਖੈ ਬਹੁ ਪ੍ਰੀਤਿ; ਮਿਲਿ ਮੋਹੁ ਵਧਾਇਆ ॥

ਇਸਤਰੀ = ਔਰਤ ਤੇ ਪੁਰਖੈ = ਮਰਦ ਦੀ ਆਪੋ ਵਿਚ ਬਹੁ = ਬਹੁਤ ਪ੍ਰੀਤਿ = ਪ੍ਰੀਤੀ ਹੁੰਦੀ ਹੈ ਅਤੇ ਮਿਲਿ ਕਰਕੇ (ਮਿਲਣ ਦਾ) ਬਹੁਤ ਮੋਹੁ = ਸਨੇਹ ਵਧਾਇਆ = ਵਧਾਉਣਾ ਕਰਦੇ ਹਨ।

## ਪੁਤ੍ਰੁ ਕਲਤ੍ਰੁ ਨਿਤ ਵੇਖੈ; ਵਿਗਸੈ ਮੋਹਿ ਮਾਇਆ ॥

ਨਿਤ = ਨਿਤਾਪ੍ਰਤੀ ਪੁੱਤਰ ਤੇ ਕਲਤ੍ਰ = ਇਸਤਰੀ ਆਦਿ ਸੰਬੰਧੀਆਂ ਵੱਲ ਵੇਖੈ = ਵੇਖਦੇ ਰਹਿੰਦੇ ਹਨ ਅਤੇ ਮਾਇਆ ਦੇ ਮੋਹ ਵਿਚ ਪਏ ਹੋਏ ਬਹੁਤੇ ਵਿਗਸੈ = ਖਿੜੇ ਰਹਿੰਦੇ ਹਨ।

## ਦੇਸਿ ਪਰਦੇਸਿ ਧਨੁ ਚੋਰਾਇ; ਆਣਿ ਮੁਹਿ ਪਾਇਆ ॥

ਪੁਰਖ ਦੇਸ਼ਾਂ ਪ੍ਰਦੇਸ਼ਾਂ ਤੋਂ ਧਨ ਚੋਰਾਇ = ਚੁਰਾ ਕੇ ਲਿਆਉਂਦਾ ਹੈ, ਉਹ ਧਨ ਆਣਿ = ਲਿਆ ਕੇ ਆਪਣੇ ਪੁੱਤਰ, ਇਸਤਰੀ ਆਦਿ ਸੰਬੰਧੀਆਂ ਦੇ ਮੁਹਿ = ਮੂੰਹ ਵਿਚ ਪਾਇਆ = ਪਾਉਣਾ ਕਰਦਾ ਹੈ ਭਾਵ ਉਨ੍ਹਾਂ ਨੂੰ ਚੰਗੇ ਚੰਗੇ ਪਦਾਰਥ ਲਿਆ ਕੇ ਖਵਾਉਂਦਾ ਹੈ।

[ਅੰਗ ੧੨੫੦]

## ਅੰਤਿ ਹੋਵੈ ਵੈਰ ਵਿਰੋਧੁ; ਕੋ ਸਕੈ ਨ ਛਡਾਇਆ ॥

ਅੰਤਿ = ਅਖ਼ੀਰ ਧਨ ਕਾਰਨ, ਆਪਸ ਵਿਚ ਪਰਿਵਾਰ ਦਾ ਬਹੁਤਾ ਵੈਰ-ਵਿਰੋਧ ਹੋਵੈ = ਹੋ ਜਾਂਦਾ ਹੈ, ਹੋਰ ਕੋ = ਕੋਈ ਦੂਸਰਾ ਛਡਾਇਆ = ਛੁਡਾ ਵੀ ਨ = ਨਹੀਂ ਸਕੈ = ਸਕਦਾ **ਅਥਵਾ** ਉਨ੍ਹਾਂ ਸੰਬੰਧੀਆਂ ਵਿੱਚੋਂ ਕੋ = ਕੋਈ ਵੀ ਜੀਵ ਨੂੰ ਜਮਦੂਤਾਂ ਦੇ ਪਾਸੋਂ ਛਡਾਇਆ = ਛਡਾ ਨ = ਨਹੀਂ ਸਕੈ = ਸਕਦਾ, ਜਿਨ੍ਹਾਂ ਸੰਬੰਧੀਆਂ ਲਈ ਇਹ ਜੀਵ ਅੰਤ ਤਕ ਭਾਵ ਮਰਨ ਤਕ ਹੋਰਨਾਂ ਨਾਲ ਵੈਰ-ਵਿਰੋਧ ਕਰਦਾ ਰਹਿੰਦਾ ਹੈ **ਵਾ**: ਵੈਰ-ਵਿਰੋਧ ਦੇ ਸੁਭਾਅ ਵਾਲਾ ਹੁੰਦਾ ਹੈ।

## ਨਾਨਕ, ਵਿਣੁ ਨਾਵੈ ਧ੍ਰਿਗੁ ਮੋਹੁ; ਜਿਤੁ ਲਗਿ ਦੁਖੁ ਪਾਇਆ ॥੩੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਵੈ = ਨਾਮ ਤੋਂ ਵਿਣੁ = ਬਗ਼ੈਰ ਮੋਹ ਕਰਨਾ ਧ੍ਰਿਗੁ = ਧ੍ਰਿਕਾਰਯੋਗ ਹੈ, ਜਿਤੁ = ਜਿਸ ਮੋਹ ਵਿਚ ਲੱਗ ਕੇ ਜੀਵ ਜੰਮਣ ਮਰਨ ਦੇ ਦੁੱਖ ਨੂੰ ਪਾਇਆ ਪਾਉਣਾ ਕਰਦਾ ਹੈ ॥੩੨॥

## ਸਲੋਕ ਮਃ ੩ ॥

## ਗੁਰਮੁਖਿ ਅੰਮ੍ਰਿਤੁ ਨਾਮੁ ਹੈ; ਜਿਤੁ ਖਾਧੈ, ਸਭ ਭੁਖ ਜਾਇ ॥

ਗੁਰਮੁਖ ਜਨਾਂ ਨੇ ਅੰਮ੍ਰਿਤ ਨਾਮ ਨੂੰ ਗੁਰਾਂ ਦੁਆਰਾ ਜਾਣਿਆ ਹੈ **ਵਾ**: ਅੰਮ੍ਰਿਤ = ਅਮਰ ਕਰਨ ਵਾਲੇ

ਨਾਮ ਨੂੰ ਜਪਣਾ ਕੀਤਾ ਹੈ, ਜਿਤੁ = ਜਿਸ ਦੇ ਖਾਧੈ = ਖਾਧਿਆਂ, ਧਾਰਨ ਕੀਤਿਆਂ ਸਭ = ਸਾਰੀ ਆਸਾ ਰੂਪ ਭੁੱਖ ਚਲੀ ਜਾਇ = ਜਾਂਦੀ ਹੈ।

## ਤ੍ਰਿਸਨਾ ਮੂਲਿ ਨ ਹੋਵਈ; ਨਾਮੁ ਵਸੈ ਮਨਿ ਆਇ ॥

ਜਦੋਂ ਪਰਮੇਸ਼ਰ ਦਾ ਨਾਮ ਉਨ੍ਹਾਂ ਦੇ ਮਨਿ = ਚਿੱਤ ਵਿਚ ਆਇ = ਆ ਕੇ ਵਸੈ = ਵੱਸ ਜਾਂਦਾ ਹੈ, ਤਦੋਂ ਉਨ੍ਹਾਂ ਨੂੰ ਰਸਾਂ ਕਸਾਂ ਦੀ ਤ੍ਰਿਸਨਾ ਮੂਲਿ = ਕਦਾਚਿ ਵੀ ਨ = ਨਹੀਂ ਹੋਵਈ = ਹੁੰਦੀ।

## ਬਿਨੁ ਨਾਵੈ, ਜਿ ਹੋਰੁ ਖਾਣਾ; ਤਿਤੁ ਰੋਗੁ ਲਗੈ ਤਨਿ ਧਾਇ ॥

ਪਰਮੇਸ਼ਰ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਜਿ = ਜਿਹੜਾ ਹੋਰੁ = ਹੋਰਨਾਂ ਪਦਾਰਥਾਂ ਨੂੰ ਖਾਣਾ ਤੇ ਪੀਣਾ ਹੈ, ਤਿਤੁ = ਉਸ ਕਰਕੇ ਤਨਿ = ਸਰੀਰ ਨੂੰ ਧਾਇ = ਦੌੜ ਕਰਕੇ ਰੋਗ ਆ ਲਗੈ = ਲੱਗਦੇ ਹਨ।

## ਨਾਨਕ ਰਸ ਕਸ ਸਬਦੁ ਸਲਾਹਣਾ; ਆਪੇ ਲਏ ਮਿਲਾਇ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੇਕਰ ਦੁਨਿਆਵੀ ਰਸਾਂ ਕਸਾਂ ਨੂੰ ਤਿਆਗ ਕੇ ਗੁਰ ਸਬਦੁ = ਉਪਦੇਸ਼ ਦੁਆਰਾ ਪਰਮੇਸ਼ਰ ਦੀ ਸਲਾਹਣਾ = ਸਿਫ਼ਤਿ ਕਰਨਾ ਕਰੇ **ਵਾ:** ਰਸ = ਪ੍ਰੇਮ ਦੇ ਨਾਲ ਤੇ ਹਿਰਦੇ ਵਿਚ ਪ੍ਰਭੂ ਪ੍ਰਾਪਤੀ ਦੀ ਕਸ = ਖਿੱਚ ਪੈਦਾ ਕਰਕੇ ਗੁਰ ਉਪਦੇਸ਼ ਦੁਆਰਾ ਪਰਮੇਸ਼ਰ ਨੂੰ ਸਲਾਹੁਣਾ ਕਰੇ ਤਾਂ ਉਹ ਪਰਮੇਸ਼ਰ ਆਪ ਹੀ ਆਪਣੇ ਸਰੂਪ ਨਾਲ ਮਿਲਾਇ = ਮਿਲਾ ਲਏ = ਲੈਂਦਾ ਹੈ ॥੧॥

## ਮਃ ੩ ॥

## ਜੀਆ ਅੰਦਰਿ ਜੀਉ ਸਬਦੁ ਹੈ; ਜਿਤੁ ਸਹ ਮੇਲਾਵਾ ਹੋਇ ॥

ਹੇ ਭਾਈ! ਸਾਰਿਆਂ ਜੀਆ = ਜੀਵਾਂ ਦੇ ਹਿਰਦੇ ਅੰਦਰਿ = ਵਿਚ ਜੀਉ = ਜੀਵਣ ਰੂਪ ਗੁਰ ਸਬਦੁ = ਉਪਦੇਸ਼ ਹੈ **ਵਾ:** ਜੀਵਨ ਦਾਨ, ਮੁਕਤੀ ਦੇਣ ਵਾਲਾ ਚੇਤੰਨ ਸਬਦ ਹੈ ਜਿਤੁ = ਜਿਸ ਗੁਰ ਉਪਦੇਸ਼ ਦੁਆਰਾ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਸਹੁ = ਖ਼ਸਮ, ਮਾਲਕ ਪਰਮੇਸ਼ਰ ਦਾ ਮੇਲਾਵਾ = ਮਿਲਾਪ ਹੋਇ = ਹੁੰਦਾ ਹੈ।

## ਬਿਨੁ ਸਬਦੈ, ਜਗਿ ਆਨੇ੍ਰੁ ਹੈ; ਸਬਦੇ ਪਰਗਟੁ ਹੋਇ ॥

ਗੁਰ ਸਬਦੈ = ਉਪਦੇਸ਼ ਨੂੰ ਧਾਰਨ ਕਰੇ ਤੋਂ ਬਿਨੁ = ਬਗ਼ੈਰ ਸਾਰੇ ਜਗਿ = ਸੰਸਾਰ ਵਿਚ ਅਗਿਆਨ ਦਾ ਆਨੇ੍ਰੁ = ਹਨੇਰਾ ਪਿਆ ਹੋਇਆ ਹੈ, ਗੁਰ ਸਬਦੇ = ਉਪਦੇਸ਼ ਨੂੰ ਧਾਰਨ ਕਰਕੇ ਜਾਂ ਗੁਰ ਉਪਦੇਸ਼ ਦੀ ਕਮਾਈ ਕਰਕੇ ਹੀ ਗਿਆਨ ਦਾ ਪ੍ਰਕਾਸ਼ ਪਰਗਟ ਹੋਇ = ਹੁੰਦਾ ਹੈ।

## ਪੰਡਿਤ ਮੋਨੀ ਪੜਿ ਪੜਿ ਥਕੇ; ਭੇਖ ਥਕੇ ਤਨੁ ਧੋਇ ॥

ਪੰਡਿਤ = ਵਿਦਵਾਨ ਲੋਕ ਵਿਦਿਆ ਪੜ੍ਹ ਪੜ੍ਹ ਕੇ ਤੇ ਮੋਨੀ = ਮੋਨਧਾਰੀ ਪੁਰਖ ਮੋਨ ਰੱਖ ਰੱਖ ਕੇ ਥਕੇ = ਥੱਕਤ ਹੋ ਗਏ ਹਨ ਅਤੇ ਭੇਖਧਾਰੀ ਪੁਰਖ ਤੀਰਥਾਂ ਉੱਤੇ ਤਨੁ = ਸਰੀਰ ਨੂੰ ਧੋਇ = ਧੋ ਧੋ ਕੇ ਥਕੇ = ਥੱਕ, ਹਾਰ ਚੁੱਕੇ ਹਨ।

## ਬਿਨੁ ਸਬਦੈ, ਕਿਨੈ ਨ ਪਾਇਓ; ਦੁਖੀਏ ਚਲੇ ਰੋਇ ॥

ਗੁਰ ਸਬਦੈ = ਉਪਦੇਸ਼ ਤੋਂ ਬਿਨੁ = ਬਗ਼ੈਰ ਕਿਨੈ = ਕਿਸੇ ਨੇ ਵੀ ਪਰਮੇਸ਼ਰ ਨੂੰ ਨ = ਨਹੀਂ

ਪਾਇਓ = ਪਾਉਣਾ ਕੀਤਾ, ਸਭ ਅੰਤ ਨੂੰ ਸੰਸਾਰ ਤੋਂ ਦੁਖੀਏ = ਦੁਖੀ ਹੋ ਕੇ ਰੋਇ = ਰੋਂਦੇ ਹੋਏ ਪ੍ਰਲੋਕ ਨੂੰ ਚਲੇ ਗਏ ਹਨ।

## ਨਾਨਕ, ਨਦਰੀ ਪਾਈਐ; ਕਰਮਿ ਪਰਾਪਤਿ ਹੋਇ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤਦੋਂ ਨਦਰੀ = ਮੇਹਰ ਦੀ ਦ੍ਰਿਸ਼ਟੀ ਕਰਨ ਵਾਲਾ ਪਰਮੇਸ਼ਰ ਪਾਈਐ = ਪਾਉਣਾ ਕਰੀਦਾ ਹੈ, ਜਦ ਪੂਰਬਲੇ ਨਿਸ਼ਕਾਮ ਕਰਮਾਂ ਦਾ ਸਦਕਾ ਗੁਰ ਉਪਦੇਸ਼ ਪ੍ਰਾਪਤ ਹੋਇ = ਹੁੰਦਾ ਹੈ ॥੨॥

## ਪਉੜੀ ॥

## ਇਸਤ੍ਰੀ ਪੁਰਖੈ ਅਤਿ ਨੇਹੁ; ਬਹਿ ਮੰਦੁ ਪਕਾਇਆ ॥

ਜਿਨ੍ਹਾਂ ਗੁਰਮੁਖ ਸੁਭਾਅ ਵਾਲੇ ਇਸਤਰੀ ਤੇ ਪੁਰਖੈ = ਪੁਰਖਾਂ ਦਾ ਸਤਿਸੰਗਤ ਦੇ ਨਾਲ ਅਤਿ = ਅਤਿਅੰਤ ਨੇਹੁ = ਪ੍ਰੇਮ ਹੈ, ਉਨ੍ਹਾਂ ਨੇ ਇਕੱਠੇ ਬਹਿ = ਬੈਠ ਕੇ ਇਹ ਮੰਦੁ = ਮੰਤਰ ਪਕਾਇਆ = ਪਕਾਉਣਾ ਕੀਤਾ ਹੈ **ਵਾ:** ਇਸਤਰੀ ਦੀ ਨਿਆਈਂ ਜਗਿਆਸੂ ਰੂਪ ਇਸਤਰੀ ਤੇ ਪੁਰਖੈ = ਪੁਰਸ਼ ਦੀ ਨਿਆਈਂ ਮਹਾਤਮਾ ਜਨਾਂ ਨੇ ਅਤਿਅੰਤ ਪ੍ਰੇਮ ਦੇ ਨਾਲ ਬੈਠ ਕਰਕੇ ਮੰਦੁ = ਮੰਤਰ, ਮਸ਼ਵਰਾ ਪਕਾਉਣਾ ਕੀਤਾ ਹੈ।

## ਦਿਸਦਾ, ਸਭੁ ਕਿਛੁ ਚਲਸੀ; ਮੇਰੇ ਪ੍ਰਭ ਭਾਇਆ ॥

ਜੋ ਸੰਸਾਰਕ ਪਸਾਰਾ, ਆਦਿ ਦਿਸਦਾ = ਦਿੱਸ ਰਿਹਾ ਹੈ, ਇਹ ਸਭੁ = ਸਾਰਾ ਕਿਛੁ = ਕੁਝ ਚਲਸੀ = ਚਲਿਆ ਜਾਵੇਗਾ ਭਾਵ ਪਿਛਲੇ ਪਦਾਰਥ ਹੁਣ ਚਲੇ ਗਏ ਹਨ, ਹੁਣ ਵਾਲੇ ਪਦਾਰਥ ਅੱਗੇ ਨੂੰ ਚਲੇ ਜਾਣਗੇ, ਇਹ ਮੇਰੇ ਪ੍ਰਭ = ਪਰਮੇਸ਼ਰ ਨੂੰ ਇਸੇ ਪ੍ਰਕਾਰ ਹੀ ਭਾਇਆ = ਭਾਉਂਦਾ ਹੈ।

## ਕਿਉ ਰਹੀਐ ਥਿਰੁ ਜਗਿ; ਕੋ ਕਢਹੁ ਉਪਾਇਆ ॥

ਹੇ ਭਾਈ ! ਇਸ ਜਗਿ = ਸੰਸਾਰ ਵਿਚ ਰਹਿੰਦਿਆਂ ਥਿਰੁ = ਇਸਥਿਤ ਰੂਪ ਬ੍ਰਹਮ ਵਿਚ ਕਿਉ = ਕਿਵੇਂ ਟਿਕ ਕੇ ਰਹੀਐ = ਰਹਿਣਾ ਕਰੀਏ, ਇਸ ਵੀਚਾਰ ਦਾ ਕੋ = ਕੋਈ ਉਪਾਇਆ = ਉਪਾਅ ਕਢਹੁ = ਕੱਢੋ, ਭਾਵ ਕੋਈ ਯਤਨ ਪ੍ਰਗਟ ਕਰੋ।

***ਉੱਤਰ :***

## ਗੁਰ ਪੂਰੇ ਕੀ ਚਾਕਰੀ; ਥਿਰੁ ਕੰਧੁ ਸਬਾਇਆ ॥

ਪੂਰੇ = ਪੂਰਿਆਂ ਗੁਰਾਂ ਕੀ = ਦੀ ਸੇਵਾ, ਭਗਤੀ ਰੂਪ ਚਾਕਰੀ = ਨੌਕਰੀ ਵਾਲਾ ਪੁਰਖ ਸੂਖਮ, ਸਥੂਲ, ਕਾਰਨ, ਕਰਨ ਆਦਿ ਸਬਾਇਆ = ਸਾਰਿਆਂ ਕੰਧੁ = ਸਰੀਰ ਵੱਲੋਂ ਥਿਰੁ = ਇਸਥਿਤ ਹੋ ਜਾਂਦਾ ਹੈ **ਵਾ:** ਚੌਰਾਸੀ ਲੱਖ ਜੂਨਾਂ ਦੇ ਸਾਰੇ ਸਰੀਰਾਂ ਵੱਲੋਂ ਇਸਥਿਤ ਹੋ ਜਾਂਦਾ ਹੈ।

## ਨਾਨਕ, ਬਖਸਿ ਮਿਲਾਇਅਨੁ; ਹਰਿ ਨਾਮਿ ਸਮਾਇਆ ॥੩੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੇ ਔਗੁਣ ਬਖ਼ਸ਼ ਕੇ ਪਰਮੇਸ਼ਰ ਨੇ ਆਪਣੇ ਸਰੂਪ ਨਾਲ ਮਿਲਾਇਅਨੁ = ਮਿਲਾਉਣਾ ਕੀਤਾ ਹੈ, ਜਿਨ੍ਹਾਂ ਦਾ ਮਨ ਹਰਿ = ਪਰਮੇਸ਼ਰ ਦੇ ਨਾਮ ਵਿਚ ਸਮਾਇਆ = ਲੀਨ ਹੋ ਗਿਆ ਹੈ ॥੩੩॥

## ਸਲੋਕ ਮः ੩ ॥

## ਮਾਇਆ ਮੋਹਿ ਵਿਸਾਰਿਆ; ਗੁਰ ਕਾ ਭਉ ਹੇਤੁ ਅਪਾਰੁ ॥

ਜੀਵਾਂ ਨੇ ਗੁਰੂ ਕਾ = ਦਾ ਭਉ = ਡਰ ਤੇ ਅਪਾਰੁ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਨਾਲ ਹੇਤੁ = ਪ੍ਰੇਮ ਕਰਨਾ **ਵਾ**: ਪਰਮੇਸ਼ਰ ਦਾ ਡਰ ਤੇ ਸਤਿਗੁਰਾਂ ਨਾਲ ਹੇਤੁ = ਪ੍ਰੇਮ ਕਰਨਾ ਇਹ ਮਾਇਆ ਦੇ ਮੋਹ ਵਿਚ ਲੱਗ ਕੇ ਵਿਸਾਰਿਆ = ਭੁਲਾ ਦਿੱਤਾ ਹੈ।

## ਲੋਭਿ ਲਹਰਿ ਸੁਧਿ ਮਤਿ ਗਈ; ਸਚਿ ਨ ਲਗੈ ਪਿਆਰੁ ॥

ਲੋਭਿ = ਲਾਲਚ ਰੂਪੀ ਲਹਰਿ = ਤਰੰਗ ਕਰਕੇ ਜੀਵ ਦੀ ਸੁਧਿ = ਸ੍ਰੇਸ਼ਟ ਮਤਿ = ਬੁੱਧੀ ਦੂਰ ਚਲੀ ਗਈ ਹੈ, ਇਸੇ ਕਰਕੇ ਜੀਵ ਦਾ ਸਚਿ = ਸੱਚੇ ਵਿਚ ਪਿਆਰੁ = ਸਨੇਹ ਨ = ਨਹੀਂ ਲਗੈ = ਲੱਗਦਾ।

## ਗੁਰਮੁਖਿ ਜਿਨਾ ਸਬਦੁ ਮਨਿ ਵਸੈ; ਦਰਗਹ ਮੋਖ ਦੁਆਰੁ ॥

ਜਿਨ੍ਹਾਂ ਗੁਰਮੁਖ ਜਨਾਂ ਦੇ ਮਨਿ = ਚਿੱਤ ਵਿਚ ਗੁਰੂ ਸਾਹਿਬ ਜੀ ਦਾ ਸਬਦੁ = ਉਪਦੇਸ਼ ਵਸੈ = ਵੱਸ ਜਾਂਦਾ ਹੈ, ਉਹ ਦੁਆਰੁ = ਦੁਆਰਿਆਂ ਵਾਲੇ ਸੰਸਾਰ ਵੱਲੋਂ ਤੇ ਦਰਗਹ ਵਿੱਚੋਂ ਮੋਖ = ਮੁਕਤ ਹੋ ਜਾਂਦੇ ਹਨ **ਵਾ**: ਗਿਆਨ ਰੂਪੀ ਦੁਆਰੇ ਦੀ ਪ੍ਰਾਪਤੀ ਕਰਕੇ ਦਰਗਹ ਵਿੱਚੋਂ ਮੋਖ = ਮੁਕਤ ਹੋ ਜਾਂਦੇ ਹਨ।

## ਨਾਨਕ, ਆਪੇ ਮੇਲਿ ਲਏ; ਆਪੇ ਬਖਸਣਹਾਰੁ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੂੰ ਆਪੇ = ਆਪ ਹੀ ਬਖਸਣਹਾਰੁ = ਬਖ਼ਸ਼ਿਸ਼ ਕਰਨ ਵਾਲਾ ਪਰਮੇਸ਼ਰ ਆਪੇ = ਆਪਣੇ ਸਰੂਪ ਨਾਲ ਮੇਲ ਲਏ = ਲੈਂਦਾ ਹੈ।੧॥

## ਮः ੪ ॥

## ਨਾਨਕ, ਜਿਸੁ ਬਿਨੁ ਘੜੀ ਨ ਜੀਵਣਾ; ਵਿਸਰੇ ਸਰੈ ਨ ਬਿੰਦ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਸ ਵਾਹਿਗੁਰੂ ਤੋਂ ਬਿਨੁ = ਬਗ਼ੈਰ ਇਕ ਘੜੀ ਮਾਤਰ ਵੀ ਭਗਤ ਜਨਾਂ ਦਾ ਜੀਵਣਾ = ਜਿਉਣਾ ਨ = ਨਹੀਂ ਹੁੰਦਾ, ਜੇ ਉਹ ਪਰਮੇਸ਼ਰ ਵਿਸਰੇ = ਭੁੱਲ ਜਾਵੇ ਤਾਂ ਉਨ੍ਹਾਂ ਨੂੰ ਬਿੰਦ ਜਿਤਨਾ ਸਮਾਂ ਵੀ, ਨ = ਨਹੀਂ ਸਰੈ = ਸਰਦਾ ਹੈ।

## ਤਿਸੁ ਸਿਉ ਕਿਉ ਮਨ ਰੂਸੀਐ; ਜਿਸਹਿ ਹਮਾਰੀ ਚਿੰਦ ॥੨॥

ਹੇ ਮਨਾਂ! ਤਿਸੁ = ਉਸ ਪਰਮੇਸ਼ਰ ਦੇ ਸਿਉ = ਨਾਲ ਕਿਉ = ਕਿਸ ਲਈ ਰੂਸੀਐ = ਰੁੱਸਿਆ ਰਹਿੰਦਾ ਹੈਂ ਭਾਵ ਬੇਮੁਖ ਹੋਇਆ ਰਹਿੰਦਾ ਹੈਂ, ਜਿਸਹਿ = ਜਿਸ ਪਰਮੇਸ਼ਰ ਨੂੰ ਹਮਾਰੀ = ਸਾਡੀ, ਤਮਾਮ ਦੀ ਪਾਲਣ ਪੋਸ਼ਣ ਦੀ ਚਿੰਦ = ਚਿੰਤਾ ਹੈ॥੨॥

## ਮः ੪ ॥

## ਸਾਵਣੁ ਆਇਆ ਝਿਮਝਿਮਾ; ਹਰਿ ਗੁਰਮੁਖਿ ਨਾਮੁ ਧਿਆਇ ॥

(ਦੂਸਰਾ ਪਾਠ **ਝਿਮ ਝਿਮਾ** ਵੱਖਰਾ ਹੈ ਜੀ)

ਜਿਵੇਂ ਸਾਵਣੁ = ਸਾਉਣ ਦੇ ਮਹੀਨੇ ਵਿਚ ਝਿਮਝਿਮਾ = ਇਕ-ਰਸ ਬਿਜਲੀ ਦੇ ਚਮਕਾਰਿਆ ਸਮੇਤ

ਬੱਦਲ ਵਰਸਦਾ ਆਇਆ = ਆਉਂਦਾ ਹੈ, ਇਸੇ ਪ੍ਰਕਾਰ ਸ਼ੌਂਕ ਅਵਸਥਾ **ਵਾ:** ਮਨੁੱਖਾ ਜਨਮ ਰੂਪੀ ਸਾਉਣ ਦੇ ਮਹੀਨੇ ਵਿਚ ਇਸ ਰਸ ਸਤੋਗੁਣ ਮਾਇਆ ਬਿਰਤੀ ਰੂਪ ਬਿਜਲੀ ਚਮਕਾਰਿਆ ਸਮੇਤ ਗੁਰ ਉਪਦੇਸ਼ ਰੂਪੀ ਬੱਦਲ ਵਰਸਦਾ ਆਉਂਦਾ ਹੈ, ਇਸ ਕਰਕੇ ਗੁਰਮੁਖਾਂ ਦੀ ਸੰਗਤ ਕਰਕੇ ਜਾਂ ਮੁਖੀ ਗੁਰਾਂ ਦੁਆਰਾ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਇ = ਧਿਆਉਣਾ ਕਰ। ਜਿਵੇਂ ਜਦੋਂ ਝੜੀ ਲਾ ਕੇ ਮੀਂਹ ਵਰਸਦਾ ਹੈ ਤਦੋਂ ਜੀਵਾਂ ਦੇ ਦੁੱਖ ਭੁੱਖ ਆਦਿ ਦੂਰ ਕਰ ਦਿੰਦਾ ਹੈ, ਇਸੇ ਪ੍ਰਕਾਰ :

## ਦੁਖ ਭੁਖ ਕਾੜਾ ਸਭੁ ਚੁਕਾਇਸੀ; ਮੀਹੁ ਵੁਠਾ ਛਹਬਰ ਲਾਇ ॥

ਜਦ ਗੁਰੂ ਰੂਪ ਬੱਦਲ ਛਹਬਰ = ਇਕ-ਰਸ ਝੜੀ ਲਾਇ = ਲਾ ਕੇ ਭਾਵ ਬਹੁਤੇ ਦਿਆਲੂ ਹੋ ਕੇ ਉਪਦੇਸ਼ ਰੂਪੀ ਮੀਹੁ = ਵਰਖਾ ਵੁਠਾ = ਵਰਸਾਉਣਾ ਕਰਨਗੇ, ਤਦ ਤੇਰਾ ਜੰਮਣ ਮਰਣ ਦਾ ਦੁੱਖ, ਆਸਾ ਰੂਪੀ ਭੁੱਖ, ਪਦਾਰਥਾਂ ਦਾ ਕਾੜਾ = ਝੋਰਾ ਆਦਿ ਸਭੁ = ਸਾਰਾ ਕੁਝ ਚੁਕਾਇਸੀ = ਚੁਕਾ ਦੇਣਗੇ।

## ਸਭ ਧਰਤਿ ਭਈ ਹਰੀਆਵਲੀ; ਅੰਨੁ ਜੰਮਿਆ ਬੋਹਲ ਲਾਇ ॥

ਜਦ ਸਭ = ਸਾਰੀ ਧਰਤਿ = ਧਰਤੀ ਹਰੀਆਵਲੀ = ਹਰਿਆਵਲਤਾ ਦੇ ਸਹਿਤ ਭਈ = ਹੋ ਜਾਂਦੀ ਹੈ, ਤਦ ਅੰਨੁ = ਅਨਾਜ ਦੇ ਬਹੁਤਾ ਜੰਮਿਆ = ਉੱਗਣ ਕਰਕੇ ਅੰਨ ਦੇ ਬੋਹਲ = ਢੇਰਾਂ ਦੇ ਢੇਰ ਲਾਇ = ਲੱਗ ਜਾਂਦੇ ਹਨ।

ਇਸੇ ਪ੍ਰਕਾਰ ਜਦ ਸਭ = ਸਾਰੀ ਬੁੱਧ ਰੂਪ ਧਰਤੀ ਸ਼ੁਭ ਗੁਣਾਂ ਦੀ ਹਰਿਆਵਲਤਾ ਦੇ ਸਹਿਤ ਹੋ ਜਾਂਦੀ ਹੈ, ਤਦ ਭਰੋਸੇ ਰੂਪੀ ਅੰਨੁ = ਅਨਾਜ ਦੇ ਉੱਗਣੇ ਕਰਕੇ ਬ੍ਰਹਮਾਨੰਦ ਦੀ ਪ੍ਰਾਪਤੀ ਦਾ ਬੋਹਲ ਰਿਦੇ ਵਿਚ ਆ ਕੇ ਲੱਗ ਜਾਂਦਾ ਹੈ।

## ਹਰਿ ਅਚਿੰਤੁ ਬੁਲਾਵੈ ਕ੍ਰਿਪਾ ਕਰਿ; ਹਰਿ ਆਪੇ ਪਾਵੈ ਥਾਇ ॥

ਜਿਨ੍ਹਾਂ ਨੂੰ ਅਚਿੰਤੁ = ਚਿੰਤਾ ਤੋਂ ਰਹਿਤ ਹਰਿ = ਪਰਮੇਸ਼ਰ ਕ੍ਰਿਪਾ = ਮੇਹਰ ਦੀ ਦ੍ਰਿਸ਼ਟੀ ਕਰਕੇ ਆਪਣੇ ਨਾਮ ਨੂੰ ਅਕਸ ਮਾਤ੍ਰ ਬੁਲਾਵੈ = ਬੁਲਾਉਂਦਾ ਹੈ, ਉਨ੍ਹਾਂ ਨੂੰ ਹਰਿ = ਪਰਮੇਸ਼ਰ ਆਪ ਥਾਇ = ਥਾਂ ਸਿਰ, ਪ੍ਰਵਾਨਗੀ ਵਿਚ ਪਾਵੈ = ਪਾ ਲੈਂਦਾ ਹੈ **ਵਾ:** ਸਰੂਪ ਰੂਪੀ ਥਾਂ ਵਿਚ ਪਾ ਲੈਂਦਾ ਹੈ।

## ਹਰਿ ਤਿਸਹਿ ਧਿਆਵਹੁ, ਸੰਤ ਜਨਹੁ; ਜੁ ਅੰਤੇ ਲਏ ਛਡਾਇ ॥

ਹੇ ਸੰਤ ਜਨਹੁ = ਜਨੋਂ ! ਤਿਸਹਿ = ਉਸ ਪਰਮੇਸ਼ਰ ਨੂੰ ਇਕ ਚਿੱਤ ਹੋ ਕੇ ਧਿਆਵਹੁ = ਧਿਆਉਣਾ ਕਰੋ ਜੁ = ਜਿਹੜਾ ਅੰਤੇ = ਅੰਤ ਦੇ ਵਕਤ ਜਮ ਆਦਿਕਾਂ ਤੋਂ ਛੁਡਾਇ = ਛੁਡਾ ਲਵੇਗਾ ਜਾਂ ਜੀਵਾਂ ਨੂੰ ਛੁਡਾ ਲੈਂਦਾ ਹੈ।

## ਹਰਿ ਕੀਰਤਿ ਭਗਤਿ ਅਨੰਦੁ ਹੈ; ਸਦਾ ਸੁਖੁ ਵਸੈ ਮਨਿ ਆਇ ॥

ਹਰਿ = ਪਰਮੇਸ਼ਰ ਦੀ ਕੀਰਤਿ = ਕੀਰਤਨ ਭਗਤਿ = ਭਗਤੀ ਕਰਨ ਵਿਚ ਹੀ ਅਨੰਦ ਹੈ, ਕਿਉਂਕਿ ਇਸ ਦੇ ਕਰਨ ਨਾਲ ਮਨਿ = ਚਿੱਤ ਵਿਚ ਸਦਾ = ਹਮੇਸ਼ਾਂ ਲਈ ਆਤਮਿਕ ਸੁਖੁ = ਅਨੰਦ ਆਇ = ਆ ਕੇ ਵਸੈ = ਵੱਸਦਾ ਹੈ।

## ਜਿਨਾ ਗੁਰਮੁਖਿ ਨਾਮੁ ਅਰਾਧਿਆ; ਤਿਨਾ ਦੁਖ ਭੁਖ ਲਹਿ ਜਾਇ ॥

ਜਿਨ੍ਹਾਂ ਗੁਰਮੁਖ ਜਨਾਂ ਨੇ ਦਿਲ ਦੀ ਭਾਵਨਾ ਨਾਲ ਪਰਮੇਸ਼ਰ ਦੇ ਨਾਮ ਨੂੰ ਅਰਾਧਿਆ = ਯਾਦ ਕੀਤਾ

ਹੈ, ਤਿਨ੍ਾ = ਉਨ੍ਹਾਂ ਦਾ ਜੰਮਣ ਮਰਨ ਦਾ ਦੁੱਖ, ਆਸਾ ਰੂਪੀ ਭੁੱਖ ਆਦਿ ਸਭ ਕੁਝ ਲਹਿ = ਦੂਰ ਹੋ ਜਾਇ = ਜਾਂਦਾ ਹੈ।

## ਜਨ ਨਾਨਕੁ, ਤ੍ਰਿਪਤੈ ਗਾਇ ਗੁਣ; ਹਰਿ ਦਰਸਨੁ ਦੇਹੁ ਸੁਭਾਇ ॥੩॥

ਸਤਿਗੁਰੂ ਸਾਹਿਬ ਜੀ ਜਨ = ਦਾਸਾ-ਭਾਵ ਧਾਰ ਕੇ ਕਥਨ ਕਰਦੇ ਹਨ ਕਿ ਮੈਂ ਪਰਮੇਸ਼ਰ ਦੇ ਜੱਸ ਰੂਪ ਗੁਣ ਗਾਇ = ਗਾ ਕੇ ਤ੍ਰਿਪਤੈ = ਤ੍ਰਿਪਤ, ਰੱਜਦਾ ਹਾਂ ਅਤੇ ਹਰ ਵਕਤ ਇਉਂ ਬੇਨਤੀ ਕਰਦਾ ਰਹਿੰਦਾ ਹਾਂ ਕਿ ਹੇ ਹਰਿ = ਪਰਮੇਸ਼ਰ! ਮੈਨੂੰ ਆਪਣਾ ਦਰਸਨੁ = ਦੀਦਾਰ ਸੁਭਾਇ = ਸੁਭਾਵਿਕ ਹੀ ਬਖ਼ਸ਼ ਦੇਹੁ = ਦੇਣਾ ਕਰੋ ॥੩॥

## ਪਉੜੀ ॥

## ਗੁਰ ਪੂਰੇ ਕੀ ਦਾਤਿ; ਨਿਤ ਦੇਵੈ ਚੜੈ ਸਵਾਈਆ ॥

ਜੋ ਪੂਰੇ = ਪੂਰਿਆਂ ਗੁਰਾਂ ਕੀ = ਦੀ ਭਗਤੀ, ਬ੍ਰਹਮ ਵਿਦਿਆ, ਨਾਮ ਜਪਣ ਆਦਿ ਦੀ ਦਾਤ ਦਿੱਤੀ ਹੋਈ ਹੈ, ਉਹ ਹੋਰਨਾਂ ਅਧਿਕਾਰੀਆਂ ਨੂੰ ਦੇਵੈ = ਦੇਣ ਨਾਲ ਨਿਤ = ਨਿਤਾਪ੍ਰਤੀ ਸਵਾਈਆ = ਦੂਣੀ ਚਉਣੀ, ਬਹੁਤੀ ਚੜੈ = ਚੜ੍ਹਦੀ, ਵਧਦੀ ਜਾਂਦੀ ਹੈ **ਵਾ:** ਪਹਿਲੀ, ਦੂਜੀ, ਤੀਜੀ ਆਦਿ ਭੂਮਿਕਾ ਰੂਪ ਦੇ ਵਿਚ ਦੂਣੀ ਚਉਣੀ ਅਵਸਥਾ ਚੜ੍ਹਦੀ ਜਾਂਦੀ ਹੈ।

## ਤੁਸਿ ਦੇਵੈ ਆਪਿ ਦਇਆਲੁ; ਨ ਛਪੈ ਛਪਾਈਆ ॥

ਜਿਸ ਨੂੰ ਤੁਸਿ = ਪ੍ਰਸੰਨ ਹੋ ਕੇ ਆਪ, ਦਇਆਲੁ = ਦਿਆਲੂ ਸਤਿਗੁਰੂ ਜੀ ਇਹ ਦਾਤ ਦੇਵੈ = ਦਿੰਦਾ ਹੈਂ, ਉਸ ਤੋਂ ਬ੍ਰਹਮ ਵਿੱਦਿਆ, ਭਗਤੀ ਆਦਿ ਦੀ ਦਾਤ ਛਪੈ = ਲਕੋਈ ਹੋਈ ਛਪਾਈਆ = ਲੁਕਦੀ ਨ = ਨਹੀਂ ਹੈ।

## ਹਿਰਦੈ ਕਵਲੁ ਪ੍ਰਗਾਸੁ; ਉਨਮਨਿ ਲਿਵ ਲਾਈਆ ॥

ਉਸ ਦੇ ਹਿਰਦੈ = ਰਿਦੇ ਰੂਪੀ ਕਵਲੁ = ਕਮਲ ਵਿਚ ਗਿਆਨ ਦਾ ਪ੍ਰਗਾਸੁ = ਪ੍ਰਕਾਸ਼ ਹੋ ਗਿਆ ਹੈ ਅਤੇ ਉਸ ਨੇ ਉਨਮਨਿ = ਤੁਰੀਆ ਪਦ, ਗਿਆਨ ਅਵਸਥਾ ਵਿਚ ਲਿਵ = ਬਿਰਤੀ ਲਾਈਆ = ਲਾਉਣਾ ਕੀਤੀ ਹੈ **ਵਾ:** ਉਸ ਨੇ ਉਨਮਨੀ ਨਾਮੇ ਪੰਜਵੀਂ ਅਵਸਥਾ ਵਿਚ ਆਪਣੀ ਬਿਰਤੀ ਲਾਉਣਾ ਕੀਤੀ ਹੈ।

## ਜੇ ਕੋ ਕਰੇ ਉਸ ਦੀ ਰੀਸ; ਸਿਰਿ ਛਾਈ ਪਾਈਆ ॥

ਜੇ = ਜੇਕਰ ਕੋ = ਕੋਈ ਉਸ ਮਹਾਤਮਾ ਜਨ ਦੀ ਰੀਸ = ਬਰਾਬਰੀ ਕਰੇ = ਕਰਦਾ ਹੈ, ਉਸ ਦੇ ਸਿਰ ਉੱਤੇ ਲਾਹਨਤਾਂ ਰੂਪੀ ਛਾਈ = ਸੁਆਹ ਹੀ ਪਾਈਆ = ਪੈਂਦੀ ਹੈ **ਵਾ:** ਉਸਦੇ ਸਿਰ ਉੱਤੇ ਸ੍ਰਿਸ਼ਟੀ ਲਾਹਨਤਾਂ ਰੂਪੀ ਸੁਆਹ ਹੀ ਪਾਉਣਾ ਕਰਦੀ ਹੈ।

## ਨਾਨਕ, ਅਪੜਿ ਕੋਇ ਨ ਸਕਈ; ਪੂਰੇ ਸਤਿਗੁਰ ਕੀ ਵਡਿਆਈਆ ॥੩੪॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਉਸ ਮਹਾਤਮਾ ਦੇ ਬਰਾਬਰ ਕੋਇ = ਕੋਈ ਵੀ ਅਪੜਿ = ਪਹੁੰਚ ਨ = ਨਹੀਂ ਸਕਈ = ਸਕਦਾ, ਕਿਉਂਕਿ ਉਸ ਨੂੰ ਪੂਰੇ = ਪੂਰਨ ਸਤਿਗੁਰੂ ਜੀ ਕੀ = ਦੀ ਵਡਿਆਈ ਦਿੱਤੀ ਹੋਈ ਹੈ ॥੩੪॥

[ਅੰਗ ੧੨੫੧]

## ਸਲੋਕ ਮਃ ੩ ॥

## ਅਮਰੁ ਵੇਪਰਵਾਹੁ ਹੈ;

## ਤਿਸੁ ਨਾਲਿ ਸਿਆਣਪ ਨ ਚਲਈ; ਨ ਹੁਜਤਿ ਕਰਣੀ ਜਾਇ ॥

ਜੋ ਅਮਰੁ = ਹੁਕਮ ਕਰਨ ਵਾਲਾ ਪਰਮੇਸ਼ਰ ਵੇਪਰਵਾਹੁ = ਬੇਮੁਥਾਜ ਹੈ **ਵਾ:** ਜੋ ਪਰਮੇਸ਼ਰ ਦੀ ਪਾਤਿਸ਼ਾਹੀ ਬੇਪਰਵਾਹ ਹੈ, ਜੋ ਪ੍ਰਭੁ ਅਮਰੁ = ਮਰਨ ਤੋਂ ਰਹਿਤ ਤੇ ਬੇਪਰਵਾਹ ਹੈ **ਵਾ:** ਜਿਸ ਦਾ ਹੁਕਮ ਰੂਪ ਅਮਰੁ = ਰਾਜ ਬੇਮੁਥਾਜ ਹੈ, ਤਿਸੁ = ਉਸ ਵਾਹਿਗੁਰੂ ਦੇ ਨਾਲਿ = ਸਾਥ ਕਿਸੇ ਬੁੱਧੀ ਦੀ ਸਿਆਣਪ = ਚਲਾਕੀ ਨ = ਨਹੀਂ ਚਲਈ = ਚੱਲਦੀ ਅਤੇ ਨ = ਨਾ ਹੀ ਉਸ ਦੇ ਹੁਕਮ ਅੱਗੇ ਕਿਸੇ ਪ੍ਰਕਾਰ ਦੀ ਹੁਜਤਿ = ਤਰਕ ਕਰਣੀ = ਕੀਤੀ ਜਾਇ = ਜਾ ਸਕਦੀ ਹੈ।

## ਆਪੁ ਛੋਡਿ ਸਰਣਾਇ ਪਵੈ; ਮੰਨਿ ਲਏ ਰਜਾਇ ॥

ਜੋ ਪੁਰਖ ਆਪੁ = ਆਪਾ-ਭਾਵ ਛੋਡਿ = ਛੱਡ ਕੇ ਪਰਮੇਸ਼ਰ ਦੀ ਸਰਣਾਇ = ਸ਼ਰਨ ਵਿਚ ਪਵੈ = ਪੈਂਦਾ ਹੈ ਅਤੇ ਉਸ ਦੀ ਰਜਾਇ = ਆਗਿਆ ਨੂੰ ਮੰਨ ਲਏ = ਲੈਂਦਾ ਹੈ।

## ਗੁਰਮੁਖਿ ਜਮ ਡੰਡੁ ਨ ਲਗਈ; ਹਉਮੈ ਵਿਚਹੁ ਜਾਇ ॥

ਉਸ ਗੁਰਮੁਖ ਜਨ ਨੂੰ ਜਮਾਂ ਦਾ ਡੰਡੁ = ਦੰਡ ਨ = ਨਹੀਂ ਲਗਈ = ਲੱਗਦਾ ਅਤੇ ਹਿਰਦੇ ਦੇ ਵਿਚਹੁ = ਅੰਦਰੋਂ ਦੇਹ ਦੀ ਹਉਮੈ = ਹੰਗਤਾ ਵੀ ਚਲੀ ਜਾਇ = ਜਾਂਦੀ ਹੈ।

## ਨਾਨਕ ਸੇਵਕੁ ਸੋਈ ਆਖੀਐ; ਜਿ ਸਚਿ ਰਹੈ ਲਿਵ ਲਾਇ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੋਈ = ਉਹੋ ਹੀ ਪਰਮੇਸ਼ਰ ਦਾ ਅਸਲੀ ਸੇਵਕੁ = ਦਾਸ ਆਖੀਐ = ਕਹੀਦਾ ਹੈ, ਜਿ = ਜਿਹੜਾ ਹਰ ਵਕਤ ਸਚਿ = ਸੱਚ ਨਾਮ ਵਿਚ ਚਿੱਤ ਦੀ ਲਿਵ = ਬਿਰਤੀ ਲਾਇ = ਲਾ ਕੇ, ਜੋੜ ਕੇ ਰਹੈ = ਰਹਿੰਦਾ ਹੈ ॥੧॥

## ਮਃ ੩ ॥

## ਦਾਤਿ ਜੋਤਿ; ਸਭ ਸੂਰਤਿ ਤੇਰੀ ॥ ਬਹੁਤੁ ਸਿਆਣਪ; ਹਉਮੈ ਮੇਰੀ ॥

ਹੇ ਪਰਮੇਸ਼ਰ! ਪਦਾਰਥਾਂ, ਭਗਤੀ, ਨਾਮ, ਬ੍ਰਹਮ ਵਿਦਿਆ ਦੀ ਦਾਤ, ਵੇਦਾਂ ਸ਼ਾਸਤਰਾਂ ਦੀ ਬੁੱਧੀ ਦੇ ਅੰਦਰ ਜੋਤਿ = ਗਿਆਤ ਹੋਣੀ **ਵਾ:** ਤੇਰੇ ਸਰਗੁਣ ਸਰੂਪ ਤੇ ਤੇਰੇ ਨਿਰਗੁਣ ਸਰੂਪ ਦਾ ਬੁੱਧੀ ਅੰਦਰ ਗਿਆਨ ਹੋਣਾ **ਵਾ:** ਸ੍ਰੇਸ਼ਟ ਜੋਤਿ = ਅਕਲ ਦੀ ਪ੍ਰਾਪਤੀ ਹੋਣੀ ਅਤੇ ਸੁੰਦਰ ਸੂਰਤਿ = ਸ਼ਕਲ **ਵਾ:** ਸੁੰਦਰ ਭਗਤੀ ਕਰਕੇ ਸੋਹਣੇ ਮੋਮ ਚਿੱਤ ਵਾਲੀ ਸ਼ਕਲ ਹੋਣੀ ਆਦਿ ਸਭ = ਸਾਰੀ ਤੇਰੀ ਹੀ ਬਖ਼ਸ਼ਿਸ਼ ਹੈ।

ਹੇ ਪਰਮੇਸ਼ਰ! ਪਰ ਇਹ ਜੀਵ ਬੁੱਧੀ ਦੀ ਬਹੁਤੁ = ਅਤਿਅੰਤ ਸਿਆਣਪ = ਚਲਾਕੀ ਨਾਲ ਹਉਮੈ = ਹੰਗਤਾ ਦੇ ਕਰਕੇ ਕਹਿੰਦਾ ਹੈ ਕਿ ਇਹ ਸਾਰੀ ਚੀਜ਼ ਮੇਰੀ ਹੈ **ਵਾ:** ਹੰਗਤਾ ਕਰਕੇ ਪਦਾਰਥ ਦੀ ਮੇਰ ਕਰ ਬੈਠਦਾ ਹੈ।

## ਬਹੁ ਕਰਮ ਕਮਾਵਹਿ, ਲੋਭਿ ਮੋਹਿ ਵਿਆਪੇ; ਹਉਮੈ ਕਦੇ ਨ ਚੂਕੈ ਫੇਰੀ ॥

ਇਹ ਜੀਵ ਬਹੁ = ਬਹੁਤ ਸਾਰੇ ਨਖਿਧ, ਸਕਾਮ ਕਰਮਾਂ ਨੂੰ ਕਮਾਵਹਿ = ਕਮਾਉਂਦੇ ਹਨ, ਲੋਭਿ = ਲਾਲਚ

ਵਿਚ ਰਜੋਗੁਣ ਕਰਕੇ, ਮੋਹ ਵਿਚ ਬਿਬੇਕ ਦੇ ਅਭਾਵ ਹੋਣ ਕਰਕੇ ਵਿਆਪੇ = ਲੱਗੇ ਹੋਏ ਹਨ, ਅਤੇ ਦੇਹ ਦੀ ਹਉਮੈ = ਹੰਗਤਾ ਕਰਕੇ ਕਦੇ = ਕਦਾਚਿਤ ਵੀ ਚੌਰਾਸੀ ਲੱਖ ਜੂਨ ਦੀ ਫੇਰੀ = ਭੁਆਂਟਣੀ (ਘੁੰਮਣਘੇਰੀ) ਚੂਕੈ = ਚੁੱਕੀ ਨ = ਨਹੀਂ ਜਾਂਦੀ, ਭਾਵ ਜੰਮਣ ਮਰਨ ਦਾ ਗੇੜ ਚੁੱਕਿਆ ਨਹੀਂ ਜਾਂਦਾ।

## ਨਾਨਕ, ਆਪਿ ਕਰਾਏ ਕਰਤਾ; ਜੋ ਤਿਸੁ ਭਾਵੈ, ਸਾਈ ਗਲ ਚੰਗੇਰੀ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਗੁਰਮੁਖ ਜਨਾਂ ਤੋਂ ਕਰਤਾ = ਰਚਨਹਾਰ ਪਰਮੇਸ਼ਰ ਆਪ ਆਪਣੀ ਭਗਤੀ ਕਰਾਏ = ਕਰਾਉਂਦਾ ਹੈ, ਉਨ੍ਹਾਂ ਦਾ ਐਸਾ ਨਿਸਚਾ ਹੈ ਕਿ ਜੋ = ਜਿਹੜਾ ਕੁਝ ਤਿਸੁ = ਉਸ ਪਰਮੇਸ਼ਰ ਨੂੰ ਭਾਵੈ = ਭਾਉਂਦਾ ਹੈ, ਸਾਈ = ਉਹੀ ਗੱਲ ਚੰਗੇਰੀ = ਚੰਗੀ ਹੈ ॥੨॥

## ਪਉੜੀ ਮਃ ੫ ॥[੧]

ਅਗਲੀ ਪਉੜੀ ਪੰਜਵੇਂ ਪਾਤਸ਼ਾਹ ਜੀ ਉਚਾਰਨ ਕਰਦੇ ਹਨ।

## ਸਚੁ ਖਾਣਾ ਸਚੁ ਪੈਨਣਾ; ਸਚੁ ਨਾਮੁ ਅਧਾਰੁ ॥

ਜਿਸ ਨੇ ਸਚੁ = ਸੱਚੇ ਨਾਮ ਦਾ ਸ੍ਵਨ ਕਰਨ ਰੂਪ ਭੋਜਨ ਖਾਣਾ ਕੀਤਾ ਹੈ, ਸੱਚੇ ਨਾਮ ਦਾ ਮੰਨਣ ਕਰਨ ਰੂਪ ਬਸਤਰ ਪੈਨਣਾ = ਪਹਿਨਣਾ ਕੀਤਾ ਹੈ ਅਤੇ ਸਚੁ = ਸੱਚੇ ਨਾਮ ਦਾ ਹਿਰਦੇ ਵਿਚ ਅਧਾਰੁ = ਆਸਰਾ ਲੈਣਾ ਕੀਤਾ ਹੈ।

## ਗੁਰਿ ਪੂਰੈ ਮੇਲਾਇਆ; ਪ੍ਰਭੁ ਦੇਵਣਹਾਰੁ ॥

ਉਸ ਨੂੰ ਦਾਤਾਂ ਦੇਵਣਹਾਰੁ = ਦੇਣ ਵਾਲੇ ਪ੍ਰਭੁ = ਪਰਮੇਸ਼ਰ ਦੇ ਨਾਲ ਪੂਰੈ = ਪੂਰਨ ਗੁਰਾਂ ਨੇ ਕਿਰਪਾ ਕਰਕੇ ਮੇਲਾਇਆ = ਮਿਲਾ ਦਿੱਤਾ ਹੈ **ਵਾ:** ਜਿਸ ਨੂੰ ਪੂਰਨ ਗੁਰਾਂ ਨੇ ਕਿਰਪਾ ਕਰਕੇ ਆਪਣੇ ਸ਼ਬਦ ਦੀ ਪ੍ਰੀਤੀ ਨਾਲ ਮਿਲਾ ਲਿਆ ਹੈ, ਉਸ ਨੂੰ ਦਾਤਾਂ ਦੇਣ ਵਾਲੇ ਪਰਮੇਸ਼ਰ ਦੀ ਪ੍ਰਾਪਤੀ ਹੋ ਗਈ ਹੈ।

## ਭਾਗੁ ਪੂਰਾ ਤਿਨ੍ ਜਾਗਿਆ; ਜਪਿਆ ਨਿਰੰਕਾਰੁ ॥

ਤਿਨ੍ = ਉਨ੍ਹਾਂ ਦਾ, ਗੁਰਾਂ ਦੀ ਕਿਰਪਾ ਕਰਕੇ ਪੂਰਾ = ਪੂਰਨ ਭਾਗੁ = ਕਰਮ ਜਾਗਿਆ = ਜਾਗ ਪਿਆ ਹੈ, ਜਿਨ੍ਹਾਂ ਨੇ ਨਿਰੰਕਾਰੁ = ਪਰਮੇਸ਼ਰ ਨੂੰ ਜਪਿਆ = ਜਪਣਾ ਕੀਤਾ ਹੈ।

## ਸਾਧੂ ਸੰਗਤਿ ਲਗਿਆ; ਤਰਿਆ ਸੰਸਾਰੁ ॥

ਜੋ ਪੁਰਖ ਸਾਧੂ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਲੱਗਿਆ ਹੈ, ਉਹ ਪੁਰਖ ਸੰਸਾਰ-ਸਮੁੰਦ੍ਰ ਤੋਂ ਤਰਿਆ = ਤਰ ਗਿਆ ਹੈ।

## ਨਾਨਕ ਸਿਫਤਿ ਸਲਾਹ ਕਰਿ; ਪ੍ਰਭ ਕਾ ਜੈਕਾਰੁ ॥੩੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰੋ **ਵਾ:** ਸਿਫਤਿ = ਸਲਾਹੁਣੇ ਯੋਗ ਪਰਮੇਸ਼ਰ ਦੀ ਸਲਾਹ = ਸ਼ਲਾਘਾ ਕਰੋ **ਵਾ:** ਰਿਦੇ ਦੁਆਰਾ ਪਰਮੇਸ਼ਰ ਦੀ ਸਿਫ਼ਤ

---

੧. ਪਿਛਲੀਆਂ ੩੪ ਪਉੜੀਆਂ ਚੌਥੇ ਸਤਿਗੁਰਾਂ ਦੀਆਂ ਸਨ, ਇਹ ੩੫ਵੀਂ ਪਉੜੀ ਪੰਜਵੇਂ ਪਾਤਸ਼ਾਹ ਜੀ ਦੀ ਉਚਾਰਨ ਕੀਤੀ ਹੋਈ ਹੈ।

ਭਾਵ ਭਗਤੀ ਕਰੋ, ਸਤਿਸੰਗਤ ਵਿਚ ਬੈਠ ਕੇ ਪਰਮੇਸ਼ਰ ਦੀ ਸਲਾਹ ਭਾਵ ਕੀਰਤਨ ਭਗਤੀ ਕਰੋ ਅਤੇ ਪ੍ਰਭ = ਵਾਹਿਗੁਰੂ ਕਾ = ਦਾ ਸਦਾ ਜੈ ਜੈ ਕਾਰ ਕਰਿਆ ਕਰੋ ॥੩੫॥

## ਸਲੋਕ ਮਃ ੫ ॥

ਇਕ ਵਾਰੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਇਲਾਕੇ ਵਿਚ ਵਰਖਾ ਨਾ ਹੋਣ ਕਾਰਨ ਬੜੀ ਭਾਰੀ ਔੜ ਲੱਗ ਗਈ, ਸਤਿਗੁਰਾਂ ਦੇ ਕੋਲ ਗੁਰਸਿੱਖਾਂ ਨੇ ਆ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਵਰਖਾ ਤੋਂ ਬਗ਼ੈਰ ਸਾਰੀਆਂ ਖੇਤੀਆਂ ਸੁੱਕ ਗਈਆਂ ਹਨ, ਆਪ ਜੀ ਕਿਰਪਾ ਕਰੋ ਤਾਂ ਜੋ ਵਰਖਾ ਹੋ ਜਾਵੇ। ਇਹ ਸੁਣ ਕੇ ਸਤਿਗੁਰਾਂ ਨੇ ਬਾਬਾ ਬੁੱਢਾ ਜੀ ਪਾਸੋਂ ਅਰਦਾਸ ਕਰਾਈ। ਜੋ ਬਾਬਾ ਬੁੱਢਾ ਜੀ ਨੇ ਅਰਦਾਸ ਵਿਚ ਬਚਨ ਕਹੇ ਸਨ, ਸਤਿਗੁਰੂ ਸਾਹਿਬ ਜੀ ਉਨ੍ਹਾਂ ਬਚਨਾਂ ਨੂੰ ਇਸ ਸਲੋਕ ਵਿਚ ਉਚਾਰਨ ਕਰਦੇ ਹਨ।

## ਸਭੇ ਜੀਅ ਸਮਾਲਿ; ਅਪਣੀ ਮਿਹਰ ਕਰੁ ॥

ਹੇ ਪਰਮੇਸ਼ਰ! ਆਪਣੀ ਮਿਹਰ = ਦਇਆ ਦ੍ਰਿਸ਼ਟੀ ਕਰਕੇ ਸਭੇ = ਸਾਰਿਆਂ ਜੀਅ = ਜੀਵਾਂ ਨੂੰ ਸਮਾਲਿ = ਸੰਭਾਲਣਾ ਕਰ।

## ਅੰਨੁ ਪਾਣੀ, ਮੁਚੁ ਉਪਾਇ; ਦੁਖ ਦਾਲਦੁ, ਭੰਨਿ ਤਰੁ ॥

ਕਾਲ ਦੇ ਦੁੱਖ ਤੋਂ ਬਚਾਉਣ ਵਾਸਤੇ ਅੰਨੁ = ਅਨਾਜ, ਵਰਖਾ ਦਾ ਪਾਣੀ = ਜਲ ਮੁਚੁ = ਬਹੁਤਾ ਉਪਾਇ = ਪੈਦਾ ਕਰੋ ਅਤੇ ਜੀਵਾਂ ਦਾ ਤਰੁ = ਅਤਿਸ਼ੇ ਕਰਕੇ ਦਾਲਦੁ = ਦਲਿੱਦਰ ਦਾ ਦੁੱਖ ਭੰਨਿ = ਭੰਨਣਾ ਕਰੋ, ਇਤਨੇ ਬਚਨ ਕਹਿਣ ਤੋਂ!

## ਅਰਦਾਸਿ ਸੁਣੀ ਦਾਤਾਰਿ; ਹੋਈ ਸਿਸਟਿ ਠਰੁ ॥

ਜਦ ਦਾਤਾਰਿ = ਦਾਤਾਂ ਦੇਣ ਵਾਲੇ ਪਰਮੇਸ਼ਰ ਨੇ ਅਰਦਾਸ ਸੁਣੀ = ਸੁਣਨਾ ਕੀਤੀ, ਤਦ ਸਾਰੀ ਸਿਸਟਿ = ਦੁਨੀਆਂ ਠਰੁ = ਠੰਢੀ, ਸ਼ਾਂਤ ਹੋਈ = ਹੋ ਗਈ ਭਾਵ ਵਰਖਾ ਪੈ ਗਈ।

## ਲੇਵਹੁ ਕੰਠਿ ਲਗਾਇ; ਅਪਦਾ ਸਭ ਹਰੁ ॥

ਜਿਵੇਂ ਵਰਖਾ ਪੈਣ ਨਾਲ ਸ੍ਰਿਸ਼ਟੀ ਠੰਢੀ ਹੋ ਗਈ ਹੈ, ਇਸੇ ਤਰ੍ਹਾਂ ਹੇ ਪਰਮੇਸ਼ਰ! ਸਾਰਿਆਂ ਨੂੰ ਆਪਣੇ ਅਭੇਦ ਨਿਸਚੇ ਰੂਪੀ ਕੰਠਿ = ਗਲੇ ਨਾਲ ਲਗਾਇ = ਲਗਾ ਲੇਵਹੁ = ਲੈਣਾ ਕਰੋ ਅਤੇ ਜੰਮਣ ਮਰਨ ਦੀ ਸਭ = ਸਾਰੀ ਅਪਦਾ = ਬਿਪਤਾ ਹਰੁ = ਨਾਸ਼, ਮੇਟ ਦੇਣਾ ਕਰੋ।

## ਨਾਨਕ, ਨਾਮੁ ਧਿਆਇ; ਪ੍ਰਭ ਕਾ ਸਫਲੁ ਘਰੁ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਆਪ ਜੀ ਕਾ = ਦਾ ਸਤਿਸੰਗਤ ਰੂਪੀ ਘਰ ਸਫਲਾ ਹੈ **ਵਾ:** (ਸ+ਫਲ) ਸ = ਸਹਿਤ ਗਿਆਨ ਰੂਪੀ ਫਲ ਦੇ ਹੈ, ਜਿਸ ਦੁਆਰਾ ਤੇਰਾ ਨਾਮ ਧਿਆਇ = ਧਿਆ ਕੇ ਤੇਰੇ ਸਰੂਪ ਦੀ ਪ੍ਰਾਪਤੀ ਹੁੰਦੀ ਹੈ।

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਪਰਮੇਸ਼ਰ ਦੇ ਨਾਮ ਨੂੰ ਧਿਆਇ = ਧਿਆਉਣਾ ਕਰੋ, ਜਿਸ ਪ੍ਰਭ = ਪਰਮੇਸ਼ਰ ਕਾ = ਦਾ ਸੱਚਖੰਡ, ਤੁਰੀਆ ਪਦ ਰੂਪੀ ਘਰ ਸਫਲਾ ਹੈ **ਵਾ:** ਜਿਸ ਪਰਮੇਸ਼ਰ ਦਾ ਸਤਿਸੰਗਤ ਰੂਪੀ ਘਰ ਸਹਿਤ ਗਿਆਨ ਰੂਪੀ ਫਲ ਦੇ ਹੈ ॥੧॥

## ਮਃ ੫ ॥

ਇਉਂ ਵਰਖਾ ਪੈਣ ਤੋਂ ਬਾਅਦ ਸਤਿਗੁਰੂ ਜੀ ਵਰਖਾ ਦੇ ਵਰਸਣ ਬਾਬਤ ਕਥਨ ਕਰਦੇ ਹਨ।

## ਵੁਠੇ ਮੇਘ ਸੁਹਾਵਣੇ; ਹੁਕਮੁ ਕੀਤਾ ਕਰਤਾਰਿ ॥

ਜਿਸ ਵਕਤ ਕਰਤਾਰਿ = ਪਰਮੇਸ਼ਰ ਨੇ ਹੁਕਮ ਕੀਤਾ, ਉਸ ਵਕਤ ਸੁਹਾਵਣੇ = ਸ਼ੋਭਨੀਕ ਮੇਘ = ਬੱਦਲ ਆ ਕੇ ਵੁਠੇ = ਵਰਸਣ ਲੱਗੇ **ਵਾ:** ਬੱਦਲ ਵਰਸਦੇ ਹੋਏ ਬੜੇ ਸੁੰਦਰ ਲੱਗਦੇ ਹਨ।

## ਰਿਜਕੁ ਉਪਾਇਓਨੁ ਅਗਲਾ; ਠਾਂਢਿ ਪਈ ਸੰਸਾਰਿ ॥

ਉਸ ਵਰਖਾ ਦੇ ਵਰਸਣੇ ਕਰਕੇ ਅਗਲਾ = ਬਹੁਤ ਸਾਰਾ ਰਿਜ਼ਕ ਉਪਾਇਓਨੁ = ਪੈਦਾ ਹੋ ਗਿਆ ਤੇ ਸਾਰੇ ਸੰਸਾਰਿ = ਜਗਤ ਵਿੱਚੋਂ ਮੀਂਹ ਪੈਣ ਕਾਰਨ ਔੜ ਰੂਪ ਤਪਸ਼ ਦੂਰ ਹੋਣ ਕਰਕੇ ਠਾਂਢਿ = ਠੰਢ ਪੈ ਗਈ ਹੈ।

## ਤਨੁ ਮਨੁ ਹਰਿਆ ਹੋਇਆ; ਸਿਮਰਤ ਅਗਮ ਅਪਾਰ ॥

ਅਗਮ = ਮਨ ਦੀ ਹੰਗਤਾ ਤੋਂ ਰਹਿਤ ਤੇ ਅਪਾਰ = ਬੇਅੰਤ ਪਰਮੇਸ਼ਰ ਨੂੰ ਸਿਮਰਤ = ਸਿਮਰਦਿਆਂ ਗੁਰਮੁਖ ਜਨਾਂ ਦਾ ਤਨ ਤੇ ਮਨ ਪ੍ਰੇਮ ਰੂਪੀ ਹਰਿਆ = ਹਰਿਆਵਲਤਾ ਦੇ ਸਹਿਤ ਹੋਇਆ = ਹੋ ਗਿਆ ਹੈ। ਤੇ ਇਉਂ ਬੇਨਤੀ ਕਰਦੇ ਹਨ ਕਿ :

## ਕਰਿ ਕਿਰਪਾ ਪ੍ਰਭ ਆਪਣੀ; ਸਚੇ ਸਿਰਜਣਹਾਰ ॥

ਹੇ ਜਗਤ ਨੂੰ ਸਿਰਜਣਹਾਰ = ਰਚਣ ਵਾਲੇ ਸੱਚੇ ਪ੍ਰਭ = ਪਰਮੇਸ਼ਰ ! ਤੂੰ ਆਪਣੀ ਕਿਰਪਾ = ਮੇਹਰ ਭਰੀ ਦ੍ਰਿਸ਼ਟੀ ਕਰ।

## ਕੀਤਾ ਲੋੜਹਿ ਸੋ ਕਰਹਿ; ਨਾਨਕ ਸਦ ਬਲਿਹਾਰ ॥੨॥

ਹੇ ਪਰਮੇਸ਼ਰ ! ਜੋ ਤੂੰ ਕੀਤਾ ਭਾਵ ਕਰਨਾ ਲੋੜਹਿ = ਚਾਹੁੰਦਾ ਹੈਂ, ਸੋ = ਉਹੋ ਹੀ ਕਰਹਿ = ਕਰਦਾ ਹੈਂ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਆਪ ਜੀ ਤੋਂ ਸਦ = ਸੈਂਕੜੇ ਵਾਰੀ ਬਲਿਹਾਰ = ਕੁਰਬਾਨ ਜਾਂਦਾ ਹਾਂ ॥੨॥

### ਦੂਸਰਾ ਅਰਥ

**ਸਲੋਕ ਮਃ ੫ ॥ ਸਭੇ ਜੀਅ ਸਮਾਲਿ; ਅਪਣੀ ਮਿਹਰ ਕਰੁ ॥**

ਹੇ ਪਰਮੇਸ਼ਰ ! ਤੂੰ ਆਪਣੀ ਮਿਹਰ = ਦਇਆ ਦ੍ਰਿਸ਼ਟੀ ਕਰਕੇ ਸਭੇ = ਸਭਨਾਂ ਜੀਅ = ਜੀਵਾਂ ਨੂੰ ਭਾਉ-ਭਗਤੀ ਰੂਪੀ ਵਰਖਾ ਦੇ ਨਾਲ ਸਬਜ਼ ਹਰੇ ਕਰਕੇ ਸੰਭਾਲਣਾ ਕਰ।

**ਅੰਨੁ ਪਾਣੀ, ਮੁਚੁ ਉਪਾਇ; ਦੁਖ ਦਾਲਦੁ, ਭੰਨਿ ਤਰੁ ॥**

ਸ਼ੁਭ ਗੁਣਾਂ ਰੂਪੀ ਅੰਨੁ = ਅਨਾਜ ਤੇ ਪ੍ਰੇਮ ਰੂਪੀ ਪਾਣੀ ਬਹੁਤ ਸਾਰਾ ਉਪਾਇ = ਪੈਦਾ ਕਰਨਾ ਕਰੋ, ਤੇ ਤਰੁ = ਅਤਿਸ਼ੇ ਕਰਕੇ ਜੰਮਣ ਮਰਨ ਦਾ ਦੁੱਖ ਤੇ ਅਵਿਦਿਆ ਰੂਪੀ ਦਲਿੱਦਰ ਨੂੰ ਭੰਨਣਾ ਕਰੋ।

**ਅਰਦਾਸਿ ਸੁਣੀ ਦਾਤਾਰਿ; ਹੋਈ ਸਿਸਟਿ ਠਰੁ ॥**

ਜਿਸ ਵਕਤ ਦਾਤਾਰਿ = ਦਾਤਾਂ ਦੇਣ ਵਾਲੇ ਪਰਮੇਸ਼ਰ ਨੇ ਅਰਦਾਸਿ = ਅਰਜ਼ੋਈ ਸੁਣੀ = ਸੁਣ ਲਈ,

ਤਦ ਸਤਿਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਤੇ ਸਾਰੀ ਸ੍ਰਿਸ਼ਟੀ ਠਰੁ = ਠੰਢੀ ਹੋਈ = ਹੋ ਗਈ ਭਾਵ ਸਤਿਗੁਰਾਂ ਨੇ ਨਾਮ ਬਾਣੀ ਦਾ ਉਪਦੇਸ਼ ਦੇ ਕੇ ਸਾਰੀ ਸ੍ਰਿਸ਼ਟੀ ਅੰਦਰ ਸ਼ਾਂਤੀ ਵਰਤਾ ਦਿੱਤੀ। ਸਾਰੀ ਸ੍ਰਿਸ਼ਟੀ ਅਰਦਾਸ ਕਰਦੀ ਸੀ।

**ਲੇਵਹੁ ਕੰਠਿ ਲਗਾਇ; ਅਪਦਾ ਸਭ ਹਰੁ ॥**

ਹੇ ਪਰਮੇਸ਼ਰ ! ਸਾਨੂੰ ਅਭੇਦ ਨਿਸਚੇ ਰੂਪੀ ਗਲੇ ਦੇ ਨਾਲ ਲਗਾ ਲੇਵਹੁ = ਲੈਣਾ ਕਰੋ, ਅਤੇ ਕਲਿਜੁਗ ਦੇ ਜ਼ਮਾਨੇ ਦੀ ਸਾਰੀ ਬਿਪਦਾ ਹਰੁ = ਨਾਸ਼, ਦੂਰ ਕਰ ਦੇਣਾ ਕਰੋ।

**ਨਾਨਕ, ਨਾਮੁ ਧਿਆਇ; ਪ੍ਰਭ ਕਾ ਸਫਲੁ ਘਰੁ ॥੧॥**

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਰੀ ਸੰਗਤ ਉਸ ਪਰਮੇਸ਼ਰ ਦੇ ਨਾਮ ਨੂੰ ਧਿਆਇ = ਧਿਆਉਣਾ ਕਰਦੀ ਹੈ, ਜਿਸ ਪ੍ਰਭ = ਪਰਮੇਸ਼ਰ ਕਾ = ਦਾ ਸਚਖੰਡ, ਸਤਿਸੰਗਤ ਰੂਪੀ ਘਰ ਸਫਲੁ = ਸਹਿਤ ਗਿਆਨ ਰੂਪੀ ਫਲ ਦੇ ਹੈ ॥੧॥

**ਮਃ ੫ ॥ ਵੁਠੇ ਮੇਘ ਸੁਹਾਵਣੇ; ਹੁਕਮੁ ਕੀਤਾ ਕਰਤਾਰਿ ॥**

ਜਿਸ ਕਰਤਾਰਿ = ਪਰਮੇਸ਼ਰ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ, ਉਸ ਪਰਮੇਸ਼ਰ ਦਾ ਸਰੂਪ ਗੁਰੂ ਨਾਨਕ ਸਾਹਿਬ ਜੀ ਸਨ, ਉਸ ਗੁਰੂ ਰੂਪ ਬੱਦਲ ਨੇ ਸ਼ੋਭਨੀਕ ਨਾਮ ਅੰਮ੍ਰਿਤ ਦੀ ਵਰਖਾ ਵਰਸਾਉਣਾ ਕੀਤੀ **ਵਾ:** ਉਹ ਗੁਰੂ ਰੂਪ ਬੱਦਲ ਵਰਗੇ ਹਨ।

**ਅਥਵਾ** ਜਿਸ ਵਕਤ ਪਰਮੇਸ਼ਰ ਨੇ ਹੁਕਮ ਕੀਤਾ, ਉਸ ਵਕਤ ਸ਼ੋਭਨੀਕ ਗੁਰੂ ਰੂਪ ਬੱਦਲ ਵਰਸੇ।

**ਰਿਜਕੁ ਉਪਾਇਓਨੁ ਅਗਲਾ; ਠਾਂਢਿ ਪਈ ਸੰਸਾਰਿ ॥**

ਗੁਰੂ ਰੂਪ ਬੱਦਲ ਦੇ ਵਰਸਣੇ ਕਰਕੇ ਸ਼ੁਭ ਗੁਣਾਂ ਰੂਪੀ ਰਿਜ਼ਕ ਅਗਲਾ = ਬਹੁਤਾ ਉਤਪੰਨ ਹੋ ਗਿਆ ਅਤੇ ਸਾਰੇ ਸੰਸਾਰ ਵਿਚ ਨਾਮ ਰੂਪੀ ਵਰਖਾ ਦੇ ਹੋਣ ਕਾਰਨ ਕਲਿਜੁਗ ਦੀ ਤਪਸ਼ ਰੂਪ ਔੜ ਦੂਰ ਹੋ ਕੇ ਸ਼ਾਂਤੀ ਪੈ ਗਈ।

**ਤਨੁ ਮਨੁ ਹਰਿਆ ਹੋਇਆ; ਸਿਮਰਤ ਅਗਮ ਅਪਾਰ ॥**

ਅਗਮ = ਮਨ ਦੀ ਗੰਮਤਾ ਤੋਂ ਰਹਿਤ ਤੇ ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦਾ ਨਾਮ ਸਿਮਰਦਿਆਂ ਗੁਰਮੁਖ ਜਨਾਂ ਦਾ ਤਨ ਤੇ ਮਨ ਪ੍ਰੇਮ ਰੂਪੀ ਹਰਿਆਵਲਤਾ ਦੇ ਸਹਿਤ ਹਰਾ ਭਰਾ ਹੋ ਗਿਆ ਹੈ।

**ਕਰਿ ਕਿਰਪਾ ਪ੍ਰਭ ਆਪਣੀ; ਸਚੇ ਸਿਰਜਣਹਾਰ ॥**

ਜੋ ਸਚੇ = ਸਤਿ ਸਰੂਪ ਪਰਮੇਸ਼ਰ ਜਗਤ ਨੂੰ ਸਿਰਜਣਹਾਰ = ਰਚਣ ਵਾਲਾ ਹੈ **ਵਾ:** ਸੱਚੇ ਗਿਆਨ ਨੂੰ ਗੁਰੂ ਰੂਪ ਹੋ ਕੇ ਜਗਤ, ਜੀਵ ਦੇ ਹਿਰਦੇ ਵਿਚ ਰਚਣ ਵਾਲਾ ਹੈ, ਉਸ ਪ੍ਰਭ = ਪਰਮੇਸ਼ਰ ਨੇ ਗੁਰਮੁਖ ਜਨਾਂ ਉੱਤੇ ਆਪਣੀ ਕਿਰਪਾ ਦ੍ਰਿਸ਼ਟੀ ਕਰਨਾ ਕੀਤੀ ਹੈ।

**ਕੀਤਾ ਲੋੜਹਿ ਸੋ ਕਰਹਿ; ਨਾਨਕ ਸਦ ਬਲਿਹਾਰ ॥੨॥**

ਜੋ ਪਰਮੇਸ਼ਰ ਕਰਨਾ ਚਾਹੁੰਦਾ ਹੈ, ਉਹ ਕਰਦਾ ਹੈ, ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਉਸ ਪਰਮੇਸ਼ਰ ਤੋਂ ਸਦਾ ਕੁਰਬਾਨ ਜਾਂਦਾ ਹਾਂ ॥੨॥

## ਪਉੜੀ[੧] ॥

## ਵਡਾ ਆਪਿ ਅਗੰਮੁ ਹੈ; ਵਡੀ ਵਡਿਆਈ ॥

ਹੇ ਭਾਈ! ਉਹ ਪਰਮੇਸ਼ਰ ਆਪ ਸਭ ਤੋਂ ਵੱਡਾ ਤੇ ਸ਼ਾਸਤਰਾਂ ਦੀ ਅਗੰਮੁ = ਗਮਤਾ ਤੋਂ ਰਹਿਤ, ਪਰ੍ਹੇ ਹੈ ਅਤੇ ਉਸ ਦੀ ਬ੍ਰਹਮਾ, ਵਿਸ਼ਨੂੰ ਸ਼ਿਵਜੀ ਆਦਿ ਸਭ ਤੋਂ ਵੱਡੀ ਵਡਿਆਈ = ਮਹਿਮਾ ਹੈ।

## ਗੁਰ ਸਬਦੀ ਵੇਖਿ ਵਿਗਸਿਆ; ਅੰਤਰਿ ਸਾਂਤਿ ਆਈ ॥

ਜਿਸ ਗੁਰਮੁਖ ਜਨ ਦਾ ਗੁਰ ਸਬਦੀ = ਉਪਦੇਸ਼ ਦੁਆਰਾ ਚੇਤਨ ਬ੍ਰਹਮ ਨੂੰ ਵੇਖਿ = ਦੇਖ ਕੇ ਚਿੱਤ ਵਿਗਸਿਆ = ਖਿੜ ਆਇਆ ਹੈ, ਅਨੰਦਿਤ ਹੋ ਗਿਆ ਹੈ, ਉਸ ਦੇ ਹਿਰਦੇ ਅੰਤਰਿ = ਵਿਚ ਸਰੂਪ ਦੀ ਪ੍ਰਾਪਤੀ ਕਰਕੇ ਆਤਮਿਕ ਸਾਂਤਿ = ਸ਼ਾਂਤੀ ਆਈ = ਆ ਗਈ ਹੈ।

## ਸਭੁ ਆਪੇ ਆਪਿ ਵਰਤਦਾ; ਆਪੇ ਹੈ ਭਾਈ ॥

ਫੇਰ ਉਸ ਗੁਰਮੁਖ ਜਨ ਦੀ ਐਸੀ ਦ੍ਰਿਸ਼ਟੀ ਹੋ ਜਾਂਦੀ ਹੈ ਕਿ ਸਭੁ = ਸਾਰਿਆਂ ਵਿਚ ਪਰਮੇਸ਼ਰ ਆਪੇ = ਆਪਣਾ ਆਪ ਰੂਪ ਹੋ ਕੇ ਵਰਤਦਾ = ਵਰਤ ਰਿਹਾ ਹੈ ਅਤੇ ਹੇ ਭਾਈ = ਭਰਾਵੋ! ਉਹ ਪਰਮੇਸ਼ਰ ਆਪੇ = ਆਪ ਹੀ ਤਿੰਨੇ ਕਾਲਾਂ ਵਿਚ ਸਤਿ ਸਰੂਪ ਹੈ।

## ਆਪਿ ਨਾਥੁ ਸਭ ਨਥੀਅਨੁ; ਸਭ ਹੁਕਮਿ ਚਲਾਈ ॥

ਪਰਮੇਸ਼ਰ ਆਪ ਹੀ ਮਾਇਆ ਸਬਲ ਹੋ ਕੇ ਸਾਰਿਆਂ ਦਾ ਨਾਥੁ = ਸੁਆਮੀ ਹੈ ਅਤੇ ਉਸ ਨੇ ਆਪ ਹੀ ਸਭ = ਸਾਰੀ ਸ੍ਰਿਸ਼ਟੀ ਨੂੰ ਆਪਣੇ ਅਧੀਨ ਕਰਨ ਰੂਪ ਨਥੀਅਨੁ = ਨੱਥਿਆ ਹੋਇਆ ਹੈ **ਵਾ:** ਸਾਰੀ ਸ੍ਰਿਸ਼ਟੀ ਉਸ ਦੀ ਨਥੀਅਨੁ = ਜਮਾਤ ਹੈ ਅਤੇ ਸਭ = ਸਾਰੀ ਸ੍ਰਿਸ਼ਟੀ ਆਪਣੇ ਹੁਕਮ ਵਿਚ ਚਲਾਈ = ਤੋਰੀ ਹੋਈ ਹੈ।

## ਨਾਨਕ, ਹਰਿ ਭਾਵੈ, ਸੋ ਕਰੇ; ਸਭ ਚਲੈ ਰਜਾਈ ॥੩੬॥੧॥ ਸੁਧੁ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਹਰਿ = ਪਰਮੇਸ਼ਰ ਨੂੰ ਭਾਵੈ = ਭਾਉਂਦਾ ਹੈ, ਸੋ = ਉਹੋ ਹੀ ਕਰੇ = ਕਰਦਾ ਹੈ, ਸਭ = ਸਾਰੀ ਸ੍ਰਿਸ਼ਟੀ ਉਸਦੀ ਰਜਾਈ = ਰਜ਼ਾ, ਆਗਿਆ ਵਿਚ ਚਲੈ = ਚੱਲਦੀ ਹੈ ॥੩੬॥੧॥

**ਸੁਧੁ—**ਇਹ ਵਾਰ ਸੁਧਾ ਗੀਤ ਵਿਚ ਗਾਉਣੀ ਚਾਹੀਦੀ ਹੈ **ਵਾ:** ਇਹ ਵਾਰ ਸ਼ੁੱਧ ਹੈ, ਇਸ ਉੱਤੇ ਕੋਈ ਵੀ ਸਿੱਖ ਆਪਣੀ ਉਕਤ ਮੁਤਾਬਿਕ ਅਦਲਾ ਬਦਲੀ ਨਾ ਕਰੇ, (ਇਹ ਸਾਰੰਗ ਦੀ ਵਾਰ ਦੀ ਬਾਣੀ ਹਿਰਦੇ ਨੂੰ ਸੁਧੁ = ਪਵਿੱਤਰ ਕਰਨ ਵਾਲੀ ਹੈ **ਵਾ:** ਸ਼ੁੱਧ ਸਰੂਪ ਦੀ ਪ੍ਰਾਪਤੀ ਕਰਾਉਣ ਵਾਲੀ ਹੈ।)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਿਮਰਤਾ ਵਿਚ ਆ ਕੇ ਜਿਥੇ ਪਹਿਲੇ ਗੁਰੂਆਂ ਦੀ ਵਾਰ ਰਚੀ ਹੈ, ਉਸ ਨੂੰ ਸ਼ੁੱਧ ਅੱਖਰ ਵਿਚ ਲਿਖ ਕੇ ਭਾਵਨਾ ਪ੍ਰਗਟ ਕਰਦੇ ਹਨ ਕਿ ਇਹ ਬਾਣੀ ਬਿਲਕੁਲ ਸ਼ੁੱਧ ਹੈ, ਜਿਥੇ ਆਪਣੀ ਉਚਾਰਣ ਕੀਤੀ ਵਾਰ ਲਿਖਦੇ ਹਨ, ਉਥੇ ਵੱਡੇ ਗੁਰਾਂ ਨੂੰ ਸਿਮਰਤੀ ਵਿਚ ਲੈ ਕੇ ਨਿਮਰਤਾ ਨਾਲ 'ਸੁਧੁ ਕੀਚੈ' ਅੱਖਰ ਲਿਖਦੇ ਹਨ ਭਾਵ ਕਿ ਹੇ ਸਤਿਗੁਰੂ ਜੀ ਆਪ ਜੀ ਮੇਰੀ ਬਾਣੀ ਨੂੰ ਸ਼ੁੱਧ ਉਚਾਰਣ ਕਰਨ ਦੀ ਸਮਰੱਥਾ ਬਖ਼ਸ਼ੋ।

**ਅਥਵਾ** ਇਕ ਸ਼ੁੱਧ ਰਾਗ ਹੁੰਦੇ ਹਨ, ਇਕ ਸ਼ੁੱਧ ਸੰਕੀਰਣ ਰਾਗ ਹੁੰਦੇ ਹਨ, ਜਿਸ ਵਿਚ ਇਕੱਲਾ ਅਲਾਪ ਹੋਵੇ, ਉਹ ਸ਼ੁੱਧ ਰਾਗ ਹੁੰਦੇ ਹਨ, ਜਿਸ ਵਿਚ ਅਲਾਪ ਤੇ ਵਖਿਆਣ ਹੋਵੇ, ਉਹ ਸ਼ੁੱਧ ਸੰਕੀਰਣ ਰਾਗ ਹੁੰਦੇ ਹਨ, ਇਸੇ ਪ੍ਰਕਾਰ ਜਿਥੇ ਇਕੱਲਾ 'ਸੁਧੁ' ਸ਼ਬਦ ਲਿਖਿਆ ਹੁੰਦਾ ਹੈ, ਉਥੇ ਇਕੱਲਾ ਅਲਾਪ ਹੁੰਦਾ ਹੈ, ਜਿਥੇ 'ਸੁਧੁ ਕੀਚੈ' ਲਿਖਿਆ ਹੁੰਦਾ ਹੈ, ਉਥੇ ਅਲਾਪ ਤੇ ਵਖਿਆਣ ਹੁੰਦਾ ਹੈ॥ ਸੁਧੁ॥

੧. ਇਹ ੩੬ਵੀਂ ਪਉੜੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਵਾਰ ਦੀ ਸਮਾਪਤੀ ਕਰਦਿਆਂ ਉਚਾਰਨ ਕੀਤੀ ਹੈ।

# ਭਗਤ ਬਾਣੀ ਆਰੰਭ

## ਰਾਗੁ ਸਾਰੰਗ, ਬਾਣੀ ਭਗਤਾਂ ਕੀ, ਕਬੀਰ ਜੀ;

## ੧ੴ ਸਤਿਗੁਰ ਪ੍ਰਸਾਦਿ ॥

ਹੁਣ ਰਾਗ ਸਾਰੰਗ ਵਿਚ ਸਤਿਗੁਰੂ ਸਾਹਿਬ ਜੀ ਭਗਤਾਂ ਕੀ = ਦੀ ਬਾਣੀ ਦਰਜ ਕਰਵਾਉਂਦੇ ਹੋਏ ਪਹਿਲਾਂ ਭਗਤ ਕਬੀਰ ਸਾਹਿਬ ਜੀ ਦੀ ਬਾਣੀ ਦਰਜ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਇਕ ਵਾਰ ਭਗਤ ਕਬੀਰ ਜੀ ਦੇ ਕੋਲ ਇਕ ਸਰਦਾਰੀ, ਦੌਲਤਮੰਦ ਪੁਰਖ ਆਇਆ ਅਤੇ ਆ ਕੇ ਆਪਣੀ ਪ੍ਰਭੁਤਾ ਤੇ ਦੌਲਤ ਦਾ ਹੰਕਾਰ ਕਰਨ ਲੱਗਾ ਕਿ ਮੇਰੀ ਇਤਨੀ ਪ੍ਰਭੁਤਾ ਤੇ ਮੇਰੇ ਕੋਲ ਇਤਨਾ ਧਨ ਦੌਲਤ ਹੈ, ਉਸ ਦੇ ਹੰਕਾਰ ਭਰੇ ਬਚਨ ਸੁਣ ਕੇ ਭਗਤ ਜੀ ਨੇ ਉਸ ਨੂੰ ਸਿੱਖਿਆ ਦਿੰਦਿਆਂ ਇਹ ਸ਼ਬਦ ਉਚਾਰਨ ਕੀਤਾ।

## ਕਹਾ ਨਰ ਗਰਬਸਿ; ਥੋਰੀ ਬਾਤ ॥

ਹੇ ਨਰ = ਪੁਰਖਾ ! ਤੂੰ ਕਹਾ = ਕਿਸ ਵਾਸਤੇ ਗਰਬਸਿ = ਹੰਕਾਰ ਕਰਦਾ ਹੈਂ, ਤੇਰੀ ਜ਼ਿੰਦਗੀ ਰੂਪ ਬਾਤ = ਗੱਲ ਥੋਰੀ = ਥੋੜ੍ਹੀ ਜਿਹੀ ਹੀ ਹੈ ਭਾਵ ਪਤਾ ਨਹੀਂ ਅਗਲਾ ਸੁਆਸ ਆਵੇਗਾ ਜਾਂ ਨਹੀਂ ਆਵੇਗਾ **ਵਾ:** ਦੌਲਤ, ਪ੍ਰਭੁਤਾ ਰੂਪ ਥੋੜ੍ਹੀ ਜਿਹੀ ਗੱਲ ਦਾ ਕਿਸ ਵਾਸਤੇ ਹੰਕਾਰ ਕਰਦਾ ਹੈਂ।

## ਮਨ ਦਸ ਨਾਜੁ, ਟਕਾ ਚਾਰਿ ਗਾਂਠੀ; ਐਂਡੌ ਟੇਢੌ ਜਾਤੁ ॥੧॥ਰਹਾਉ॥

ਦਸ ਕੁ ਮਨ = ਮਣ ਨਾਜੁ = ਅਨਾਜ ਜਾਂ ਦਸ ਹਜ਼ਾਰ ਮਣ ਅਨਾਜ ਤੇ ਜੇ ਚਾਰ ਟਕੇ ਤੇਰੇ ਗਾਂਠੀ = ਗੰਠ (ਗੰਢ) ਵਿਚ ਆਉਣ ਲੱਗ ਗਏ ਤਾਂ ਕੀ ਹੋ ਗਿਆ ? ਭਾਵ ਚਾਰ ਦਮੜਿਆਂ ਦਾ ਮਾਲਕ ਹੋ ਗਿਆ ਤਾਂ ਕੀ ਹੋ ਗਿਆ ਅਤੇ ਐਂਡੌ = ਆਕੜ ਕੇ ਟੇਢੌ = ਟੇਢੇ ਮਾਰਗ ਭਾਵ ਹੰਕਾਰੀ ਹੋ ਕੇ ਕੁਸੰਗਤ ਵੱਲ ਜਾਤੁ = ਜਾਣਾ ਕਰਦਾ ਹੈਂ ॥੧॥ਰਹਾਉ॥

## ਬਹੁਤੁ ਪ੍ਰਤਾਪੁ, ਗਾਂਉ ਸਉ ਪਾਏ; ਦੁਇ ਲਖ ਟਕਾ, ਬਰਾਤ ॥

ਜੇਕਰ ਬਹੁਤੁ = ਅਤਿਅੰਤ ਦੁਨੀਆਂ ਵਿਚ ਪ੍ਰਤਾਪੁ = ਜੱਸ ਹੋ ਗਿਆ, ਸਉ = ਸੌ ਕੁ ਗਾਂਉ = ਪਿੰਡ ਪਾਏ = ਪਾ ਲਏ ਭਾਵ ਰਜਵਾੜਿਆਂ ਦਾ ਮਾਲਕ ਬਣ ਗਿਆ ਤਾਂ ਕੀ ਹੋ ਗਿਆ ਅਤੇ ਦੁਇ = ਦੋ ਲੱਖ ਟਕੇ ਦੀ ਤੈਨੂੰ ਬਰਾਤ = ਆਮਦਨ ਜਾਗੀਰ ਆਉਣ ਲੱਗ ਗਈ **ਵਾ:** ਤੈਨੂੰ ਬਰਾਤ = ਉਪਰੋਂ ਮਾਮਲੇ ਆਦਿ ਦੀ ਆਮਦਨ ਆਉਣ ਲੱਗ ਗਈ।

## ਦਿਵਸ ਚਾਰਿ ਕੀ ਕਰਹੁ ਸਾਹਿਬੀ; ਜੈਸੇ ਬਨ ਹਰ ਪਾਤ ॥੧॥

ਹੇ ਭਾਈ ! ਇਹ ਜਿਹੜੀ ਚਾਰ ਕੁ ਦਿਵਸ = ਦਿਨ ਦੀ ਸਾਹਿਬੀ = ਮਾਲਕੀ ਕਰਹੁ = ਕਰਦਾ ਹੈਂ, ਇਹ ਇਉਂ ਨਾਸ਼ ਹੋ ਜਾਣੀ ਹੈ, ਜੈਸੇ = ਜਿਸ ਪ੍ਰਕਾਰ ਬਨ = ਵਣ (ਜੰਗਲ) ਦੇ ਕੱਟੇ ਹੋਏ ਹਰ = ਹਰੇ ਪਾਤ = ਪੱਤਰੇ

ਥੋੜ੍ਹੇ ਸਮੇਂ ਬਾਅਦ ਕੁਮਲਾ ਜਾਂਦੇ ਹਨ **ਵਾ:** ਵਣ ਦੇ ਕੱਟੇ ਹੋਏ ਪੱਤੇ ਹਰ = ਨਾਸ਼ ਹੋ ਜਾਂਦੇ ਹਨ, ਭਾਵ ਥੋੜ੍ਹਾ ਸਮਾਂ ਹੀ ਹਰਿਆਲਵਤਾ ਰਹਿੰਦੀ ਹੈ।

**ਵਾ:** ਇਸੇ ਪ੍ਰਕਾਰ ਹੇ ਭਾਈ ! ਜਦ ਤੂੰ ਮਾਤਾ ਦੇ ਗਰਭ ਰੂਪੀ ਵਣ ਵਿੱਚੋਂ ਹਰੇ ਪੱਤਿਆਂ ਵਾਂਗ ਕੱਟਿਆ ਗਿਆ, ਭਾਵ ਜਨਮ ਲੈ ਕੇ ਸੰਸਾਰ ਵਿਚ ਆ ਗਿਆ, ਤਦ ਥੋੜ੍ਹੇ ਦਿਨ ਹੀ ਜ਼ਿੰਦਗੀ ਰੂਪ ਹਰਿਆਾਵਲਤਾ ਰਹਿੰਦੀ ਹੈ, ਭਾਵ ਅੰਤ ਨੂੰ ਕੁਮਲਾ, ਮਰ ਹੀ ਜਾਣਾ ਹੈ **ਵਾ:** ਵਣ ਦੇ ਕੱਟੇ ਪੱਤਰਿਆਂ ਵਾਂਗ ਨਾਸ਼ ਹੀ ਹੋ ਜਾਣਾ ਹੈ।

**ਵਾ:** ਜਿਵੇਂ ਪਾਤ = ਪੱਤਿਆਂ ਉੱਤੇ ਬਨ = ਪਾਣੀ ਦੀ ਕਣੀ ਡਿੱਗ ਕੇ ਹਰ = ਨਾਸ਼ ਹੋ ਜਾਂਦੀ ਹੈ, ਇਸੇ ਪ੍ਰਕਾਰ ਸਰੀਰ ਰੂਪੀ ਪੱਤਿਆਂ ਦੇ ਉਪਰੋਂ ਪਦਾਰਥਾਂ ਰੂਪੀ ਪਾਣੀ ਦੀ ਕਣੀ ਡਿੱਗ ਕੇ ਨਾਸ਼ ਹੋ ਜਾਂਦੀ ਹੈ, ਭਾਵ ਪੁੰਨ ਨਾਸ਼ ਹੋਣ ਤੋਂ ਪਦਾਰਥ ਹੋਰਨਾਂ ਪੁੰਨੀ ਪੁਰਖਾਂ ਕੋਲ ਚਲੇ ਜਾਂਦੇ ਹਨ।

**ਵਾ:** ਜਿਵੇਂ ਬਸੰਤ ਰੁੱਤ ਆਈ ਤੋਂ ਵਣ ਦੇ ਅੰਦਰ ਪੱਤਰੇ ਹਰੇ ਹਰੇ ਪ੍ਰਤੀਤ ਹੁੰਦੇ ਹਨ ਅਤੇ ਪੱਤਝੜ ਰੁੱਤ ਵਿਚ ਸੁੱਕ ਕੇ ਥੱਲੇ ਡਿੱਗ ਜਾਂਦੇ ਹਨ, ਇਸੇ ਪ੍ਰਕਾਰ ਹੇ ਜੀਵ ! ਤੂੰ ਸੰਸਾਰ ਰੂਪੀ ਵਣ ਦੇ ਅੰਦਰ ਜੁਆਨੀ ਜਾਂ ਜ਼ਿੰਦਗੀ ਰੂਪ ਹਰਿਆਾਵਲਤਾ ਦੇ ਸਹਿਤ ਹੈਂ, ਜਦੋਂ ਮੌਤ ਰੂਪੀ ਪਤਝੜ ਰੁੱਤ ਆ ਗਈ, ਤਦ ਤੂੰ ਝੱਟ ਹੀ ਸੁੱਕ, ਨਾਸ਼ ਹੋ ਜਾਣਾ ਹੈ॥੧॥

## ਨਾ ਕੋਊ, ਲੈ ਆਇਓ ਇਹੁ ਧਨੁ; ਨਾ ਕੋਊ ਲੈ ਜਾਤੁ ॥

ਨਾ ਹੀ ਕੋਊ = ਕੋਈ ਸੰਸਾਰ ਵਿੱਚੋਂ ਇਹੁ = ਇਸ ਧਨ ਨੂੰ ਨਾਲ ਲੈ ਕੇ ਆਇਓ = ਆਇਆ ਹੈ ਅਤੇ ਨਾ ਹੀ ਕੋਊ = ਕੋਈ ਅੱਗੇ ਪ੍ਰਲੋਕ ਨੂੰ ਨਾਲ ਲੈ ਕੇ ਜਾਤੁ = ਜਾਂਦਾ ਹੈ।

## ਰਾਵਨ ਹੂੰ ਤੇ ਅਧਿਕ ਛਤ੍ਰਪਤਿ; ਖਿਨ ਮਹਿ ਗਏ ਬਿਲਾਤ ॥੨॥

ਜੋ ਰਾਵਨ ਤੇ = ਤੋਂ ਵੀ ਅਧਿਕ = ਵੱਡੇ-ਵੱਡੇ ਛਤ੍ਰਪਤਿ = ਚੱਕਰਵਰਤੀ, ਛਤਰਾਂ ਦੇ ਸੁਆਮੀ ਰਾਜੇ ਸਨ, ਉਹ ਇਕ ਖਿਨ = ਛਿਨ ਦੇ ਵਿਚ ਦੁਨੀਆਂ ਤੋਂ ਬਿਲਾਤ = ਚਲੇ ਗਏ ਹਨ **ਵਾ:** ਬਿਲਾਤ = ਛਪ, ਚਲੇ ਗਏ ਹਨ।

ਅਰਥਾਤ ਜਦੋਂ ਰਾਵਣ ਸਹੰਸਰਬਾਹੂ ਦੇ ਕੋਲ ਗਿਆ ਸੀ ਤਾਂ ਉਥੇ ਸਹੰਸਰਬਾਹੂ ਦੇ ਪੁੱਤਰਾਂ ਨੇ ਦੀਪਦੀ ਬਣ ਕੇ ਸਿਰ ’ਤੇ ਦੀਵੇ ਜਗਾ ਕੇ ਇਸ ਨੂੰ ਜ਼ਲੀਲ ਕੀਤਾ ਤਾਂ ਉਥੋਂ ਰਾਵਣ ਦੀਵੇ ਸੁੱਟ ਕੇ ਭੱਜ ਆਇਆ ਸੀ, ਇਸੇ ਪ੍ਰਕਾਰ ਬਾਲੀ ਨੇ ਰਾਵਣ ਨੂੰ ਆਪਣੀ ਕੱਛ ਵਿਚ ਲੈ ਕੇ ਬਲਹੀਨ ਕਰ ਦਿੱਤਾ ਸੀ ਤੇ ਬਲਰਾਜੇ ਨੇ ਰਾਵਣ ਨੂੰ ਗੰਦੀ ਜਗ੍ਹਾ (ਪਖਾਨੇ) ਵਿਚ ਕੈਦ ਕਰ ਦਿੱਤਾ ਸੀ, ਇਉਂ ਰਾਵਣ ਤੋਂ ਵੱਡੇ-ਵੱਡੇ ਸੂਰਮੇ, ਛਤਰਪਤੀ ਰਾਜੇ ਵੀ ਇਕ ਖਿਨ ਦੇ ਵਿਚ ਦੁਨੀਆਂ ਤੋਂ ਕੂਚ ਕਰ ਕੇ ਚਲੇ ਗਏ ਹਨ॥੨॥

[ਅੰਗ ੧੨੫੨]

## ਹਰਿ ਕੇ ਸੰਤ ਸਦਾ ਥਿਰੁ ਪੂਜਹੁ; ਜੋ ਹਰਿ ਨਾਮੁ ਜਪਾਤ ॥

ਜੋ ਸੰਤ ਜਨ ਹਰਿ = ਪਰਮੇਸ਼ਰ ਦੇ ਨਾਮ ਨੂੰ ਆਪ ਜਪਦੇ ਤੇ ਹੋਰਨਾਂ ਤੋਂ ਜਪਾਤ = ਜਪਾਉਂਦੇ ਹਨ, ਉਨ੍ਹਾਂ ਸਦਾ = ਹਮੇਸ਼ਾ ਥਿਰੁ = ਇਸਥਿਤ ਰਹਿਣ ਵਾਲੇ ਹਰਿ = ਪਰਮੇਸ਼ਰ ਕੇ = ਦੇ ਸੰਤ ਜਨਾਂ ਦੇ ਚਰਨਾਂ ਦਾ ਪੂਜਹੁ = ਪੂਜਣ ਕਰੋ।

## ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ; ਤੇ ਸਤਸੰਗਿ ਮਿਲਾਤ ॥੩॥

ਜਿਨ੍ਹਾਂ ਕਉ = ਦੇ ਉੱਤੇ ਗੋਬਿਦੁ = ਪਰਮੇਸ਼ਰ ਕ੍ਰਿਪਾ = ਮਿਹਰ ਦੀ ਦ੍ਰਿਸ਼ਟੀ ਕਰਤ = ਕਰਦਾ ਹੈ, ਤੇ = ਉਹ ਸਤਿਸੰਗਤ ਦੇ ਨਾਲ ਮਿਲਾਤ = ਮਿਲਦੇ ਹਨ॥੩॥

## ਮਾਤ ਪਿਤਾ ਬਨਿਤਾ ਸੁਤ ਸੰਪਤਿ; ਅੰਤਿ ਨ ਚਲਤ ਸੰਗਾਤ ॥

ਮਾਤ = ਮਾਂ, ਪਿਤਾ = ਪਿਓ, ਬਨਿਤਾ = ਇਸਤਰੀ, ਸੁਤ = ਪੁੱਤਰ ਸੰਪਤਿ = ਹਾਥੀ, ਘੋੜੇ ਆਦਿ ਵਿਭੂਤੀ ਇਨ੍ਹਾਂ ਵਿੱਚੋਂ ਕੋਈ ਵੀ ਅੰਤਿ = ਅਖ਼ੀਰ ਵੇਲੇ ਪ੍ਰਲੋਕ ਨੂੰ ਸੰਗਾਤ = ਨਾਲ ਨ = ਨਹੀਂ ਚਲਤ = ਚੱਲਦਾ। ਜੈਸਾ ਕਿ :

**ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥**
**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥** *(ਅੰਗ ੭੦੦)*

## ਕਹਤ ਕਬੀਰੁ, ਰਾਮ ਭਜੁ ਬਉਰੇ; ਜਨਮੁ ਅਕਾਰਥ ਜਾਤ ॥੪॥੧॥

ਭਗਤ ਕਬੀਰ ਸਾਹਿਬ ਜੀ ਕਹਤ = ਕਥਨ ਕਰਦੇ ਹਨ ਕਿ ਹੇ ਬਉਰੇ = ਝੱਲੇ ਜੀਵ ! ਤੂੰ ਧਨ ਦਾ ਹੰਕਾਰ ਛੱਡ ਕੇ ਰਾਮ = ਪਰਮੇਸ਼ਰ ਦਾ ਭਜੁ = ਸਿਮਰਨ ਕਰ, ਕਿਉਂਕਿ ਸਿਮਰਨ ਤੋਂ ਬਗ਼ੈਰ ਤੇਰਾ ਮਨੁੱਖਾ ਜਨਮ ਅਕਾਰਥ = ਨਿਹਫਲ ਹੀ ਤੁਰਿਆ ਜਾਤ = ਜਾਂਦਾ ਹੈ ॥੪॥੧॥

ਪਰਮੇਸ਼ਰ ਦੀ ਅਸਚਰਜਤਾ ਦਾ ਕਥਨ ਕਰਦੇ ਹੋਏ ਸ਼ਬਦ ਵਿਚ ਪ੍ਰਮਾਣਾਂ ਦੁਆਰਾ ਕਥਨ ਕਰਦੇ ਹਨ :

## ਰਾਜਾਸ੍ਰਮ; ਮਿਤਿ ਨਹੀ ਜਾਨੀ ਤੇਰੀ ॥

ਹੇ ਰਾਜਾਸ੍ਰਮ = ਪ੍ਰਕਾਸ਼ ਦੇ ਪਾਤਸ਼ਾਹ ਪਰਮੇਸ਼ਰ ! ਤੇਰੀ ਪ੍ਰਾਪਤੀ ਦੀ **ਵਾ:** ਸ੍ਰਿਸ਼ਟੀ ਦੀ ਰਚਨਾ ਰੂਪ ਮਿਤਿ = ਮਰਯਾਦਾ ਕਿਸੇ ਪਾਸੋਂ ਵੀ ਨਹੀਂ ਜਾਨੀ = ਜਾਣੀ ਜਾ ਸਕਦੀ।

**ਅਥਵਾ** ਹੇ ਪਰਮੇਸ਼ਰ ! ਤੇਰੀ ਰਾਜਾਸ੍ਰਮ = ਰਾਜ ਅਸਥਾਨ ਦੀ ਮਰਯਾਦਾ ਕਿਸੇ ਪਾਸੋਂ ਵੀ ਨਹੀਂ ਜਾਣੀ ਜਾ ਸਕਦੀ **ਵਾ:** ਹੇ (ਰਾਜਾ + ਸ੍ਰਮ) ਰਾਜਾ = ਪ੍ਰਕਾਸ਼ ਸਰੂਪ ਪਰਮੇਸ਼ਰ ! ਅਨੇਕ ਪ੍ਰਕਾਰ ਦੇ ਸਾਧਨਾਂ ਨਾਲ ਸਰੀਰ ਨੂੰ ਸ੍ਰਮ = ਥਕਾਵਟ ਦੇ ਕੇ ਤੇਰੀ ਪ੍ਰਾਪਤੀ ਰੂਪ ਮਰਯਾਦਾ ਨਹੀਂ ਜਾਣੀ ਜਾ ਸਕਦੀ।

## ਤੇਰੇ ਸੰਤਨ ਕੀ; ਹਉ ਚੇਰੀ ॥੧॥ਰਹਾਉ॥

ਹੇ ਪਰਮੇਸ਼ਰ ! ਤੇਰੇ ਸੰਤਨ = ਮਹਾਤਮਾ ਜਨਾਂ ਕੀ = ਦੀ ਹਉ = ਮੈਂ ਆਪਣੀ ਬਿਰਤੀ ਚੇਰੀ = ਦਾਸੀ ਬਣਾਉਣਾ ਕੀਤੀ ਹੈ ॥੧॥ਰਹਾਉ॥

## ਹਸਤੋ ਜਾਇ ਸੁ ਰੋਵਤੁ ਆਵੈ; ਰੋਵਤੁ ਜਾਇ ਸੁ ਹਸੈ ॥

ਹੇ ਪਰਮੇਸ਼ਰ ! ਤੇਰੀ ਅਸਚਰਜ ਗਤੀ ਹੈ ਜੋ ਹਸਤੋ = ਹੱਸਦਾ ਜਾਇ = ਜਾਂਦਾ ਹੈ, ਸੁ = ਉਹ ਰੋਵਤ = ਰੋਂਦਾ ਆਵੈ = ਆਉਂਦਾ ਹੈ, ਜੋ ਰੋਵਤੁ = ਰੋਂਦਾ ਜਾਇ = ਜਾਂਦਾ ਹੈ, ਸੁ = ਉਹ ਹਸੈ = ਹੱਸਦਾ ਆਉਂਦਾ ਹੈ।

**ਸਾਖੀ—ਜੈ ਬਿਜੈ ਦੀ :** ਜਿਸ ਵੇਲੇ ਵਿਸ਼ਨੂੰ ਭਗਵਾਨ ਜੀ ਬੈਕੁੰਠ ਵਿਚ ਬੈਠੇ ਸਨ, ਉਸੇ ਬੈਕੁੰਠ ਵਿਚ ਬੈਠਿਆਂ ਦੇ ਲੱਛਮੀ ਚਰਨਾਂ ਨੂੰ ਝੱਸ ਰਹੀ ਸੀ, ਵਿਸ਼ਨੂੰ ਭਗਵਾਨ ਜੀ ਦੇ ਕੋਲ ਜੈ ਤੇ ਬਿਜੈ ਵੀ ਖਲੋਤੇ ਸਨ, ਵਿਸ਼ਨੂੰ ਜੀ ਨੇ ਜੈ ਤੇ ਬਿਜੈ ਨੂੰ ਆਗਿਆ ਕੀਤੀ ਕਿ ਹੇ ਮੇਰੇ ਡਿਓੜੀਦਾਰੋ, ਤੁਸੀਂ ਦਰਵਾਜ਼ੇ ਕੋਲ ਜਾ ਕੇ ਖਲੋ ਜਾਉ, ਕੋਈ ਵੀ ਮੇਰੇ ਕੋਲ ਨਾ ਆਵੇ, ਮੈਂ ਕੁਝ ਸਮਾਂ ਇਕਾਂਤ ਵਿਚ ਬੈਠਣਾ ਚਾਹੁੰਦਾ ਹਾਂ। ਜੈ ਤੇ ਬਿਜੈ ਆਗਿਆ ਮੰਨ ਕੇ ਦਰਵਾਜ਼ੇ ਅੱਗੇ ਜਾ ਖਲੋਤੇ, ਕੁਝ ਸਮੇਂ ਬਾਅਦ ਬ੍ਰਹਮਾ ਦੇ ਚਾਰੇ ਪੁੱਤਰ ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਇਹ ਦਰਸ਼ਨਾਂ ਨੂੰ ਆਏ ਤਾਂ ਅੱਗੇ ਦਰਵਾਜ਼ੇ ਉੱਤੇ ਜੈ ਤੇ ਬਿਜੈ ਖੜ੍ਹੋਤੇ ਪਹਿਰਾ ਦੇ ਰਹੇ ਸਨ, ਇਨ੍ਹਾਂ ਦੋਵਾਂ ਨੇ ਚਾਰੇ ਭਰਾਵਾਂ ਨੂੰ ਦਰਵਾਜ਼ੇ ਅੱਗੇ ਛੜੀ ਲਾ ਕੇ ਅੰਦਰ ਜਾਣ ਤੋਂ ਰੋਕ ਦਿੱਤਾ।

ਸਨਕ, ਸਨੰਦਨ ਆਦਿ ਬ੍ਰਹਮਾ ਦੇ ਚਾਰੇ ਪੁੱਤਰ ਆਖਣ ਲੱਗੇ ਕਿ ਅਸੀਂ ਜ਼ਰੂਰ ਦੀਦਾਰ ਕਰਨ ਵਾਸਤੇ ਜਾਣਾ ਹੈ, ਫੇਰ ਜੈ ਤੇ ਬਿਜੈ ਕਹਿਣ ਲੱਗੇ ਕਿ ਤੁਸੀਂ ਅੰਦਰ ਨਹੀਂ ਜਾ ਸਕਦੇ। ਇਹ ਸੁਣ ਕੇ ਚਾਰੇ ਭਰਾ ਕਹਿਣ ਲੱਗੇ ਕਿ ਮਾਤਾ-ਪਿਤਾ ਦੇ ਕੋਲ ਬੱਚੇ ਚਲੇ ਹੀ ਜਾਂਦੇ ਹਨ, ਕੋਈ ਵੀ ਰੋਕ ਨਹੀਂ ਹੁੰਦੀ, ਤੁਸੀਂ ਸਾਨੂੰ ਕਿਉਂ ਰੋਕਦੇ ਹੋ, ਤੁਸੀਂ ਸਾਨੂੰ ਨਾ ਰੋਕੋ। ਜੈ ਤੇ ਬਿਜੈ ਨੇ ਫੇਰ ਵੀ ਜਾਣ ਨਾ ਦਿੱਤਾ। ਉਸ ਵੇਲੇ ਚਾਰੇ ਭਰਾ ਜੈ ਤੇ ਬਿਜੈ ਨੂੰ ਕਹਿਣ ਲੱਗੇ ਕਿ ਤੁਸੀਂ ਸਾਨੂੰ ਰੋਕਣ ਵਾਲੇ ਕਿਹੜੇ ਜੰਮ ਪਏ ਹੋ, ਅਸੀਂ ਹਰ ਰੋਜ਼ ਭਗਵਾਨ ਦੇ ਦਰਸ਼ਨ ਕਰਨ ਵਾਸਤੇ ਜਾਂਦੇ ਹਾਂ, ਅੱਜ ਤੁਸੀਂ ਸਾਨੂੰ ਦਰਸ਼ਨਾਂ ਤੋਂ ਵਾਂਝੇ ਰੱਖਣਾ ਚਾਹੁੰਦੇ ਹੋ। ਉਸ ਵੇਲੇ ਚਾਰੇ ਭਰਾਵਾਂ ਨੇ ਗ਼ੁੱਸੇ ਵਿਚ ਆ ਕੇ ਸਰਾਪ ਦਿੱਤਾ ਕਿ ਤੁਸੀਂ ਇਥੇ ਭਗਵਾਨ ਦੇ ਦਰਵਾਜ਼ੇ ਉੱਤੇ ਰਹਿਣ ਦੇ ਅਧਿਕਾਰੀ ਨਹੀਂ ਹੋ ਸਕਦੇ, ਜਾਉ ਤੁਸੀਂ ਮਾਤਲੋਕ ਦੀ ਧਰਤੀ ਉੱਤੇ ਜਾ ਕੇ ਵਿਚਰਨਾ ਕਰੋ।

ਇਉਂ ਜੈ ਤੇ ਬਿਜੈ ਨੇ ਵਿਸ਼ਨੂੰ ਭਗਵਾਨ ਜੀ ਦੀ ਆਗਿਆ ਮੰਨ ਕੇ ਦਰਵਾਜ਼ੇ ਅੱਗੇ ਹੱਸਦੇ ਹੱਸਦੇ ਜਾਣਾ ਕੀਤਾ ਸੀ, ਪਰ ਜਦ ਚਾਰੇ ਭਰਾਵਾਂ ਨੇ ਸਰਾਪ ਦੇ ਦਿੱਤਾ, ਫਿਰ ਉਹ ਦੋਵੇਂ ਰੋਂਦੇ ਰੋਂਦੇ ਵਿਸ਼ਨੂੰ ਭਗਵਾਨ ਕੋਲ ਆਏ ਸੀ ਕਿ ਸਾਨੂੰ ਸਰਾਪ ਮਿਲ ਗਿਆ ਹੈ।

ਫੇਰ ਵਿਸ਼ਨੂੰ ਭਗਵਾਨ ਨੇ ਕਿਹਾ ਕਿ ਸਨਕ, ਸਨੰਦਨ ਆਦਿ ਚਾਰੇ ਭਰਾਵਾਂ ਨੂੰ ਪੁੱਛਣਾ ਕਰੋ ਕਿ ਸਾਡਾ ਛੁਟਕਾਰਾ ਕਿਵੇਂ ਹੋਵੇਗਾ। ਜਦ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਜੇਕਰ ਤੁਸੀਂ ਭਗਤੀ ਕਰੋਗੇ ਤਾਂ ਸੱਤ ਜਨਮਾਂ ਵਿਚ ਤੁਹਾਨੂੰ ਬੈਕੁੰਠ ਦੇ ਦਰ ਦੀ ਪ੍ਰਾਪਤੀ ਹੋਵੇਗੀ, ਜੇਕਰ ਵੈਰ-ਭਾਵ ਕਰੋਗੇ ਤਾਂ ਤਿੰਨ ਜਨਮਾਂ ਵਿਚ ਆਪ ਹੀ ਭਗਵਾਨ ਜੀ ਤੁਹਾਨੂੰ ਆਪਣੇ ਨਾਲ ਮਿਲਾ ਲੈਣਗੇ। ਤਾਂ ਜੈ ਤੇ ਬਿਜੈ ਨੇ ਬੇਨਤੀ ਕੀਤੀ ਕਿ ਹੇ ਭਗਵਾਨ ਜੀ, ਸੱਤ ਜਨਮ ਦਾ ਵਿਛੋੜਾ ਬਹੁਤ ਲੰਮਾ ਹੈ, ਇਸ ਕਰਕੇ ਅਸੀਂ ਤਿੰਨ ਜਨਮ ਦੀ ਗੱਲ ਹੀ ਪ੍ਰਵਾਨ ਕਰਦੇ ਹਾਂ, ਭਾਵੇਂ ਜੁਗਾਂ ਤਕ ਵੈਰ ਕਰਨ ਕਰਕੇ ਲੋਕ ਸਾਡੀ ਨਿੰਦਿਆ ਹੀ ਕਿਉਂ ਨਾ ਕਰਨ। ਸਾਨੂੰ ਨਿੰਦਿਆ ਦਾ ਭੈ ਨਹੀਂ, ਨਰਾਇਣ ਜੀ ਦੇ ਚਰਨਾਂ ਦਾ ਪਿਆਰ ਹੀ ਚਾਹੀਦਾ ਹੈ। ਫੇਰ ਇਨ੍ਹਾਂ ਨੇ ਤਿੰਨ ਜਨਮ ਧਾਰਨ ਕੀਤੇ, ਜੈਸਾ ਕਿ ਹਰਨਕਛਪ, ਹਰਨਾਖ਼ਸ਼, ਰਾਵਣ ਤੇ ਕੁੰਭਕਰਨ, ਕੰਸ ਤੇ ਕੇਸੀ।

**ਅਥਵਾ** ਜਦ ਪ੍ਰਭਾਸ ਛੇਤਰ ਉੱਤੇ ਦੁਰਬਾਸਾ ਰਿਸ਼ੀ ਨੂੰ ਯਾਦਵਾਂ ਨੇ ਮਖ਼ੌਲ ਕੀਤਾ, ਉਹ ਹੱਸਦੇ ਹੱਸਦੇ ਸਾਰੇ ਇਕੱਠੇ ਹੋ ਕੇ ਦੁਰਬਾਸਾ ਜੀ ਪਾਸ ਆਏ ਅਤੇ ਇਕ ਲੜਕੇ ਦੇ ਪੇਟ ਨਾਲ ਤਸਲਾ ਬੰਨ੍ਹ ਕੇ ਭਾਵ ਢਿੱਡ ਵਾਲੀ ਇਸਤਰੀ ਬਣਾ ਕੇ ਪੁੱਛਣ ਲੱਗੇ, ਇਸ ਨੂੰ ਕੀ ਜੰਮੇਗਾ ਤਾਂ ਦੁਰਬਾਸਾ ਰਿਸ਼ੀ ਨੇ ਉਨ੍ਹਾਂ ਨੂੰ ਟਾਲਣਾ ਕੀਤਾ। ਉਹ ਨਾ ਟਲੇ, ਜਦ ਵਾਰ ਵਾਰ ਪੁੱਛੀ ਗਏ ਤਾਂ ਦੁਰਬਾਸਾ ਜੀ ਨੇ ਇਹ ਸਰਾਪ ਦੇ ਦਿੱਤਾ ਕਿ ਉਹ ਜੰਮੇਗਾ ਜੋ ਤੁਹਾਡੀ ਬੰਸ ਦਾ ਨਾਸ਼ ਕਰੇਗਾ। ਇਉਂ ਯਾਦਵ ਹੱਸਦੇ ਹੱਸਦੇ ਗਏ ਸੀ ਪਰ ਸਰਾਪ ਮਿਲਣ ਕਰਕੇ ਰੋਂਦੇ ਵਾਪਸ ਘਰ ਨੂੰ ਆ ਗਏ।

**ਰੋਵਤੁ ਜਾਇ ਸੁ ਹਸੈ ॥**

ਜਿਹੜਾ ਰੋਵਤ = ਰੋਂਦਾ ਜਾਇ = ਜਾਂਦਾ ਸੀ ਸੁ = ਉਹ ਹਸੈ = ਹੱਸਦਾ ਆਉਂਦਾ ਹੈ ਅਰਥਾਤ ਜਿਸ ਵੇਲੇ ਹਰਨਕਛਪ ਤੇ ਹਰਨਾਖ਼ਸ਼ ਨੇ ਸਾਰੇ ਦੇਵਤਿਆਂ ਨੂੰ ਜਿੱਤ ਲਿਆ ਸੀ, ਉਸ ਵੇਲੇ ਦੇਵਤੇ ਬੜੇ ਦੁਖੀ ਹੋਏ ਅਤੇ ਦੇਵਤਿਆਂ ਨੇ ਰੋਂਦੇ ਹੋਇਆਂ ਨੇ ਬੈਕੁੰਠ ਵਿਚ ਵਿਸ਼ਨੂੰ ਭਗਵਾਨ ਕੋਲ ਜਾਣਾ ਕੀਤਾ ਸੀ ਅਤੇ ਵਿਸ਼ਨੂੰ ਭਗਵਾਨ ਦੇ ਚਰਨਾਂ ਵਿਚ ਇਉਂ ਫ਼ਰਿਆਦ ਕੀਤੀ ਸੀ ਕਿ ਸਾਨੂੰ ਦੈਂਤਾਂ ਤੋਂ ਬਚਾਉਣਾ ਕਰੋ। ਜਦ ਭਗਵਾਨ ਨੇ ਰੱਖਿਆ ਬਾਬਤ ਕਿਹਾ ਕਿ ਅਸੀਂ ਹਰਨਾਖ਼ਸ਼ ਦੇ ਘਰ ਆਪਣੇ ਭਗਤ ਪ੍ਰਹਿਲਾਦ ਨੂੰ ਪੈਦਾ ਕਰਾਂਗੇ, ਫੇਰ ਉਸ ਦੀ ਰੱਖਿਆ ਕਰਨ ਵਾਲੇ ਨਰਸਿੰਘ ਰੂਪ ਧਾਰਨ ਕਰ ਕੇ ਦੈਂਤਾਂ ਦਾ ਨਾਸ਼ ਕਰਾਂਗੇ। ਇਉਂ ਦੇਵਤਿਆਂ ਨੇ ਆਪਣੀ ਰੱਖਿਆ ਬਾਬਤ ਸੁਣ ਕੇ ਬੈਕੁੰਠ ਵਿੱਚੋਂ ਉਨ੍ਹਾਂ ਨੇ ਹੱਸਦਿਆਂ ਵਾਪਸ ਆਉਣਾ ਕੀਤਾ ਸੀ।

**ਸਾਖੀ—ਬੀਬੀ ਸੁਲੱਖਣੀ[੧] ਦੀ :** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕੋਲ ਇਕ ਸੁਲੱਖਣੀ ਨਾਮ

---

੧. ਆਮ ਲੋਕ ਇਸ ਬੀਬੀ ਦਾ ਨਾਮ 'ਸੁਲੱਖਣੀ' ਦੱਸਦੇ ਹਨ, ਪਰ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ ਛੇਵੀਂ, ਅੰਸੂ ੫੪ ਵਿਚ ਇਸ ਦਾ ਨਾਮ 'ਦੇਸਾਂ' ਲਿਖਿਆ ਹੋਇਆ ਹੈ।

ਦੀ ਬੀਬੀ ਆਈ, ਜਿਸ ਦੀ ਉਮਰ ਢਲ ਚੁੱਕੀ ਸੀ ਪਰ ਪੁੱਤਰ ਕੋਈ ਨਹੀਂ ਸੀ। ਉਸ ਨੇ ਸਤਿਗੁਰਾਂ ਦੇ ਘੋੜੇ ਅੱਗੇ ਖਲੋ ਕੇ ਇਹ ਸੱਦ ਬੋਲਿਆ। ਜੈਸਾ ਕਿ :

**ਬੀਬੀਏ ਦਾੜ੍ਹੀਏ ਸਸੀਏ ਪੱਗੇ। ਪੇਵਕਾ ਪਟੀ ਤੇ ਸਾਹੁਰੇ ਚੱਬੇ।**
**ਕਹਿਨ ਸੁਲੱਖਣੀ ਸਾਸਰੋਂ ਸੱਬੇ। ਅਫਲ ਜਾਂਦੀ ਨੂੰ ਕੋਈ ਫਲ ਲੱਗੇ।**

ਜਦ ਸਤਿਗੁਰੂ ਸਾਹਿਬ ਜੀ ਨੇ ਇਹ ਸੱਦ ਸੁਣਿਆ ਤਾਂ ਕਹਿਣ ਲੱਗੇ ਕਿ ਬੀਬੀ, ਤੇਰੇ ਲੇਖ ਵਿਚ ਪੁੱਤਰ ਨਹੀਂ ਹੈ, ਤਾਂ ਬੀਬੀ ਸੁਲੱਖਣੀ ਨੇ ਬੇਨਤੀ ਕੀਤੀ ਕਿ ਮਹਾਰਾਜ! ਉਥੇ ਪ੍ਰਲੋਕ ਵਿਚ ਵੀ ਤੁਸੀਂ ਲੇਖ ਲਿਖਣ ਵਾਲੇ ਹੋ ਅਤੇ ਇਥੇ ਵੀ ਤੁਸੀਂ ਹੀ ਕਿਰਪਾ ਕਰਨ ਵਾਲੇ ਹੋ, ਇਸ ਲਈ ਹੁਣ ਪੁੱਤਰ ਪ੍ਰਾਪਤੀ ਦਾ ਲੇਖ ਲਿਖ ਦੇਵੋ। ਇਹ ਕਹਿ ਕੇ ਕਲਮ ਸਤਿਗੁਰਾਂ ਦੇ ਹੱਥ ਵਿਚ ਫੜਾ ਦਿੱਤੀ। ਜਦ ਸਤਿਗੁਰੂ ਸਾਹਿਬ ਜੀ ਕਲਮ ਨਾਲ ਬੀਬੀ ਸੁਲੱਖਣੀ ਦੇ ਹੱਥ ਵਿਚ ਫੜੇ ਕਾਗ਼ਜ਼ ਉੱਤੇ ਏਕਾ ਲਿਖਣ ਲੱਗੇ ਤਾਂ ਘੋੜੇ ਨੇ ਪੈਰ ਚੁੱਕ ਲਿਆ, ਜਿਸ ਕਰਕੇ ਏਕੇ ਦਾ ਮੂੰਹ ਖੁੱਲ੍ਹਾ ਰਿਹਾ ਅਤੇ ਸਾਤਾ ਬਣ ਗਿਆ, ਸਤਿਗੁਰਾਂ ਦੀ ਕਿਰਪਾ ਦੁਆਰਾ ਉਸ ਸੁਲੱਖਣੀ ਨਾਮੇ ਬੀਬੀ ਦੇ ਸੱਤ ਪੁੱਤਰ ਹੋਏ। ਜਿਨ੍ਹਾਂ ਦਾ ਨਗਰ ਚੱਬਾ ਹੁਣ ਤਕ ਆਬਾਦ ਹੈ, ਇਉਂ ਬੀਬੀ ਸੁਲੱਖਣੀ ਜੀ ਅਤਿ ਮਨ ਮਲੀਨ ਰੁਦਨ ਕਰਦੀ ਪੁੱਤਰ ਕਾਮਨਾ ਰੱਖ ਕੇ ਗੁਰੂ ਜੀ ਕੋਲ ਗਈ। ਉਹ ਸੱਤ ਪੁੱਤਰਾਂ ਦਾ ਵਰ ਲੈ ਕੇ ਹੱਸਦੀ ਹੋਈ ਆਈ। ਇਉਂ ਪਰਮੇਸ਼ਰ ਦੀ ਅਗਾਧ ਗਤੀ ਹੈ।

## ਬਸਤੋ ਹੋਇ, ਹੋਇ ਸੋੁ ਊਜਰੁ; ਊਜਰੁ ਹੋਇ ਸੁ ਬਸੈ ॥੧॥

***ਪਹਿਲਾ ਅਰਥ :*** ਜਿਹੜਾ ਪੁਰਖ ਬਸਤੋ = ਵੱਸਦਾ ਹੋਇ = ਹੋਵੇ, ਸੋੁ = ਉਹ ਊਜਰੁ = ਉੱਜੜ ਵਾਲਾ ਹੋਇ = ਹੋ ਜਾਂਦਾ ਹੈ, ਜਿਹੜਾ ਊਜਰੁ = ਉੱਜੜਿਆ ਹੋਇ = ਹੁੰਦਾ ਹੈ, ਸੁ = ਉਹ ਬਸੈ = ਵੱਸਣ ਵਾਲਾ ਹੋ ਜਾਂਦਾ ਹੈ।

ਅਰਥਾਤ ਜਿਵੇਂ ਭਗਵਾਨ ਕ੍ਰਿਸ਼ਨ ਨੇ ਕੈਰਵਾਂ ਤੇ ਪਾਂਡਵਾਂ ਦੇ ਜੰਗ ਹੋਣ ਤੋਂ ਪਹਿਲਾਂ ਹੰਕਾਰੀ ਦੁਰਯੋਧਨ ਨੂੰ ਕਿਹਾ ਸੀ ਕਿ ਤੁਸੀਂ ਪਾਂਡਵਾਂ ਨੂੰ ਪੰਜ ਪਿੰਡ ਹੀ ਦੇ ਦੇਵੋ, ਯੁੱਧ ਨਾ ਕਰੋ, ਪਰ ਹੰਕਾਰੀ ਦੁਰਯੋਧਨ ਨੇ ਕਿਹਾ ਕਿ ਪੰਜ ਪਿੰਡ ਤਾਂ ਇਕ ਪਾਸੇ ਰਹੇ, ਮੈਂ ਤਾਂ ਸੂਈ ਦੇ ਨੱਕੇ ਜਿਤਨੀ ਜਗ੍ਹਾ ਵੀ ਨਹੀਂ ਦੇਵਾਂਗਾ, ਭਾਵ ਦੁਰਯੋਧਨ ਨੇ ਹਕੂਮਤ ਦੇ ਨਸ਼ੇ ਵਿਚ ਆ ਕੇ ਕਿਹਾ ਕਿ ਸੂਈ ਧਰਤੀ ਵਿਚ ਖੁਭੋਣ ਤੋਂ ਬਾਅਦ ਜਿਤਨੀ ਮਿੱਟੀ ਉਸ ਦੀ ਨੋਕ ਨਾਲ ਲੱਗੇਗੀ, ਮੈਂ ਉਤਨੀ ਜ਼ਮੀਨ ਵੀ ਨਹੀਂ ਦਿਆਂਗਾ। ਇਉਂ ਜਿਹੜੇ ਹੰਕਾਰੀ ਕੈਰਵ ਵੱਸਦੇ ਸੀ, ਉਹ ਤਾਂ ਉੱਜੜ ਗਏ ਭਾਵ ਕੈਰਵਾਂ ਦੀਆਂ ਅਠਾਰਾਂ ਖੂਹਣੀਆਂ ਜੰਗ ਹੋਣ ਕਰਕੇ ਨਾਸ਼ ਹੋ ਗਈਆਂ ਸਨ ਅਤੇ ਜਿਹੜੇ ਪਾਂਡਵ ਉੱਜੜੇ ਹੋਏ ਸੀ ਭਾਵ ਜਿਨ੍ਹਾਂ ਨੇ ਬਾਰ੍ਹਾਂ ਸਾਲ ਬਨਵਾਸ ਤੇ ਤੇਰ੍ਹਵਾਂ ਸਾਲ ਅਗਿਆਤਵਾਸ ਵਿਚ ਕੱਟਿਆ ਸੀ, ਉਨ੍ਹਾਂ ਨੇ ਭਗਵਾਨ ਦੀ ਕਿਰਪਾ ਦੁਆਰਾ ਵੱਸਣ ਵਾਲੇ ਹੋ ਕੇ ਛੱਤੀ ਸਾਲ ਮੁਲਕ 'ਤੇ ਰਾਜ ਕੀਤਾ।

***ਦੂਸਰਾ ਅਰਥ :*** ਜੋ ਬਾਲੀ ਰਿਸ਼ਮੁਕ ਪਰਬਤ ਉੱਤੇ ਕਿਸ਼ਕਿੰਧਾ ਨਾਮੇ ਨਗਰੀ ਵਿਚ ਵੱਸਦਾ ਸੀ, ਉਹ ਉੱਜੜ ਗਿਆ ਅਤੇ ਜੋ ਸੁਗ੍ਰੀਵ ਉੱਜੜਿਆ ਹੋਇਆ ਸੀ, ਉਹ ਸ੍ਰੀ ਰਾਮ ਚੰਦਰ ਜੀ ਦੀ ਕਿਰਪਾ ਕਰਕੇ ਆਪਣੇ ਘਰ ਵਿਚ ਵੱਸ ਗਿਆ।

***ਤੀਸਰਾ ਅਰਥ :*** ਜੋ ਦੈਂਤ ਸਵਰਗ ਵਿਚ ਵੱਸਣ ਵਾਲੇ ਹੋ ਰਹੇ ਸਨ, ਉਹ ਉੱਜੜਨ ਵਾਲੇ ਹੋ ਗਏ ਅਤੇ ਜੋ ਉੱਜੜੇ ਹੋਏ ਦੇਵਤੇ ਸਨ, ਉਹ ਭਗਵਾਨ ਦੀ ਕਿਰਪਾ ਕਰਕੇ ਵੱਸਣ ਵਾਲੇ ਹੋ ਗਏ॥੧॥

***ਚੌਥਾ ਅਰਥ :*** ਜੋ ਨਗਰ ਵੱਸਦੇ ਹੁੰਦੇ ਹਨ, ਉਹ ਉੱਜੜਨ ਵਾਲੇ ਹੋ ਜਾਂਦੇ ਹਨ ਅਤੇ ਜੋ ਨਗਰ ਉੱਜੜੇ ਹੁੰਦੇ ਹਨ, ਉਹ ਵਕਤ ਪਾ ਕੇ ਵੱਸ ਜਾਂਦੇ ਹਨ।

ਜਿਵੇਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਵੱਸਦੇ ਹੋਏ

ਸਰਹਿੰਦ ਸ਼ਹਿਰ ਨੂੰ ਉਜਾੜ ਦਿੱਤਾ ਸੀ ਤੇ ਜੋ ਲਾਇਲਪੁਰ ਉੱਜੜਿਆ ਹੋਇਆ ਅਸਥਾਨ ਸੀ, ਉਹ ਇਲਾਕਾ ਸੋਹਣਾ ਵੱਸਣ ਵਾਲਾ ਹੋ ਗਿਆ ਹੈ।

**ਅਥਵਾ** ਜਿਸ ਪ੍ਰਕਾਰ ਮਾਲਵਾ ਦੇਸ਼ ਉੱਜੜਿਆ ਹੋਇਆ ਸੀ, ਭਾਵ ਜ਼ਿਆਦਾਤਰ ਇਲਾਕਾ ਜੰਗਲ ਦਾ ਸੀ, ਉਸ ਨੂੰ ਦਸਮੇਸ਼ ਪਿਤਾ ਜੀ ਨੇ ਵਰ ਦੇ ਕੇ ਵਸਾ ਦਿੱਤਾ, ਆਬਾਦ ਕਰ ਦਿੱਤਾ ਸੀ, ਜਦ ਦਸਮੇਸ਼ ਗੁਰੂ ਜੀ ਮਾਲਵੇ ਦੇਸ਼ ਵੱਲ ਨੂੰ ਗਏ ਸਨ, ਤਦ ਭਾਈ ਡੱਲਾ ਸਿੰਘ ਨੇ ਸਤਿਗੁਰਾਂ ਦੀ ਬੜੀ ਸੇਵਾ ਕੀਤੀ, ਗੁਰੂ ਜੀ ਪ੍ਰਸੰਨ ਹੋ ਕੇ ਭਾਈ ਡੱਲੇ ਨੂੰ ਕਹਿਣ ਲੱਗੇ ਕਿ ਵੇਖ ਡੱਲਿਆ, ਕਿਵੇਂ ਪਾਣੀ ਚਮਕ ਰਿਹਾ ਹੈ, ਨਹਿਰਾਂ ਵਗ ਰਹੀਆਂ ਹਨ। ਡੱਲਾ ਕਹਿਣ ਲੱਗਾ ਕਿ ਸਤਿਗੁਰੂ ਸਾਹਿਬ ਜੀ ਇਹ ਤਾਂ ਮ੍ਰਿਗ ਜਲ ਹੈ, ਰੇਤਾ ਚਮਕ ਰਿਹਾ ਹੈ ਭਾਵ ਥਲ ਹੈ। ਫੇਰ ਸਤਿਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਡੱਲਿਆ, ਵੇਖ ਕਿਵੇਂ ਅੰਬ ਤੇ ਅਨਾਰ ਲਟਕ ਰਹੇ ਹਨ। ਡੱਲੇ ਨੇ ਕਿਹਾ ਕਿ ਸਤਿਗੁਰੂ ਜੀ ਇਥੇ ਅੱਕ ਤੇ ਕਿੱਕਰ ਹਨ। ਸਤਿਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਡੱਲਿਆ, ਤੂੰ ਬਚਨ ਉਲਾਟਿਆ ਹੈ, ਨਹੀਂ ਤਾਂ ਸਭ ਕੁਝ ਹੁਣੇ ਹੀ ਹੋ ਜਾਣਾ ਸੀ, ਹੁਣ ਸਮਾਂ ਪਾ ਕੇ ਇਥੇ ਸਭ ਕੁਝ ਹੋ ਜਾਵੇਗਾ। ਇਉਂ ਜੋ ਮਾਲਵਾ ਉੱਜੜਿਆ ਹੋਇਆ ਸੀ, ਉਹ ਗੁਰੂ ਜੀ ਦੇ ਵਰ ਨਾਲ ਆਬਾਦ ਹੋ ਗਿਆ ਭਾਵ ਮਾਲਵਾ ਦੇਸ਼ ਹੁਣ ਬਾਗ਼ਾਂ ਤੇ ਨਹਿਰਾਂ ਆਦਿਕ ਨਾਲ ਸੁਹਾਵਣਾ ਹੋ ਰਿਹਾ ਹੈ।

## ਜਲ ਤੇ ਥਲ ਕਰਿ, ਥਲ ਤੇ ਕੂਆ; ਕੂਪ ਤੇ ਮੇਰੁ ਕਰਾਵੈ ॥

ਹੇ ਪਰਮੇਸ਼ਰ ! ਤੂੰ ਜਲ = ਪਾਣੀ ਵਾਲੇ ਥਾਵਾਂ ਤੇ = ਤੋਂ ਥਲ = ਖ਼ੁਸ਼ਕ ਥਾਵਾਂ ਕਰ ਦਿੰਦਾ ਹੈਂ, ਥਲ = ਖ਼ੁਸ਼ਕ ਥਾਵਾਂ ਤੇ = ਤੋਂ ਕੂਆ = ਖੂਹ ਬਣਾ ਦਿੰਦਾ ਹੈਂ ਭਾਵ ਪਾਣੀ ਦਾ ਪ੍ਰਵਾਹ ਚਲਾ ਦਿੰਦਾ ਹੈਂ ਅਤੇ ਕੂਪ = ਖੂਹ ਵਾਲੇ ਥਾਵਾਂ ਤੇ = ਤੋਂ ਮੇਰੁ = ਸੁਮੇਰ ਪਰਬਤ ਕਰਾਵੈ = ਕਰਾ ਦਿੰਦਾ ਹੈਂ ਭਾਵ ਬਹੁਤੇ ਡੂੰਘੇ ਥਾਵਾਂ ਉੱਤੇ ਵੱਡੇ ਵੱਡੇ ਪਹਾੜ ਬਣਾ ਦਿੰਦਾ ਹੈਂ।

**ਸਾਖੀ—ਪੰਜਾ ਸਾਹਿਬ ਦੀ :** ਜਲ ਤੋਂ ਥਲ ਅਤੇ ਥਲ ਤੋਂ ਜਲ ਦੀ ਪਰਮੇਸ਼ਰ ਦੀ ਇਸ ਕਲਾ ਦੀਆਂ ਅਨੇਕਾਂ ਕਹਾਣੀਆਂ ਕਥਾਵਾਂ ਪ੍ਰਸਿੱਧ ਹਨ। ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਵੀ ਇਕ ਐਸੀ ਹੀ ਘਟਨਾ ਮੌਜੂਦ ਹੈ। (ਪਾਕਿਸਤਾਨ ਦੇ ਜ਼ਿਲ੍ਹਾ ਅਟਕ ਦਾ ਇਕ ਪਿੰਡ, ਥਾਣਾ ਤੇ ਰੇਲਵੇ ਸਟੇਸ਼ਨ ਵੀ ਏਥੇ ਹੀ ਹੈ, ਜੋ ਹੁਣ ਪੰਜਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੈ) ਜਦੋਂ ਗੁਰੂ ਨਾਨਕ ਦੇਵ ਜੀ ਏਥੇ ਪਧਾਰੇ ਤਾਂ ਏਥੇ ਬਾਬਾ ਹਸਨ ਅਬਦਾਲ ਪੀਰ ਨੇ ਆਪਣੇ ਤਾਲ ਦਾ ਪਾਣੀ ਆਪਣੇ ਕਬਜ਼ੇ ਵਿਚ ਰੱਖਿਆ ਹੋਇਆ ਸੀ। ਮਰਦਾਨੇ ਨੂੰ ਪਿਆਸ ਲੱਗੀ, ਗੁਰੂ ਜੀ ਨੂੰ ਪਾਣੀ ਪੀਣ ਲਈ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਨੇ ਪਹਾੜੀ ਦੇ ਹੇਠਾਂ ਬੈਠਿਆਂ ਉੱਚੇ ਟਿੱਲੇ 'ਤੇ ਰਹਿਣ ਵਾਲੇ, ਜਿਸ ਨੂੰ ਥੋੜ੍ਹੇ ਅੱਖਰਾਂ ਵਿਚ ਵਲੀ ਕੰਧਾਰੀ ਵੀ ਕਿਹਾ ਜਾਂਦਾ ਹੈ, ਉਸ ਪਾਸ ਪਾਣੀ ਪੀਣ ਲਈ ਭੇਜਿਆ ਤਾਂ ਭਾਈ ਮਰਦਾਨਾ ਉੱਚੀ ਪਹਾੜੀ 'ਤੇ ਰਹਿੰਦੇ ਪੀਰ ਕੋਲ ਪਹੁੰਚਿਆ ਤੇ ਪਾਣੀ ਲਈ ਬੇਨਤੀ ਕੀਤੀ ਤਾਂ ਪੀਰ ਨੇ ਸੁਭਾਵਿਕ ਹੀ ਪੁੱਛਿਆ ਕਿ ਤੂੰ ਕਿਥੋਂ ਦਾ ਰਹਿਣ ਵਾਲਾ ਹੈਂ ਅਤੇ ਕੀ ਕੰਮ ਕਰਦਾ ਹੈਂ ਅਤੇ ਤੇਰਾ ਏਥੇ ਕਿਵੇਂ ਆਉਣਾ ਹੋਇਆ। ਇਸ ਨੇ ਉੱਤਰ ਦਿੱਤਾ ਕਿ ਮੈਂ ਰਾਇ ਭੋਇੰ ਦੀ ਤਲਵੰਡੀ ਦਾ ਵਸਨੀਕ ਹਾਂ, ਮੇਰੀ ਜਾਤ ਮਿਰਾਸੀ ਅਤੇ ਮੁਸਲਮਾਨ ਕੌਮ ਵਿੱਚੋਂ ਹਾਂ। ਕੰਮ ਰਬਾਬ ਵਜਾਉਣ ਦਾ ਹੈ। ਮੇਰਾ ਵਲੀ ਪੀਰ ਅੱਲਾਹ ਦਾ ਰੂਪ ਦੇਸਾਂ-ਪ੍ਰਦੇਸਾਂ ਵਿੱਚੋਂ ਵਿਚਰਦਾ ਹੈ, ਅੱਲ੍ਹਾ ਤਆਲਾ ਦੀ ਗੱਲ ਹਰ ਸਮੇਂ ਕਰਦਾ ਹੈ, ਉਸ ਦੇ ਰੱਬੀ ਕਲਾਮ ਦੇ ਨਾਲ ਮੈਂ ਵਜੰਤਰੀ ਹੋ ਕੇ ਅਨੰਦ ਲੈਂਦਾ ਹਾਂ। ਪਾਣੀ ਲਈ ਉਸ ਨੇ ਮੈਨੂੰ ਤੁਹਾਡੇ ਕੋਲ ਭੇਜਿਆ ਹੈ। ਤਾਂ ਪੀਰ ਨੇ ਇਹ ਗੱਲ ਸੁਣ ਕੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਤੇਰੇ ਵਰਗਿਆਂ ਲਈ ਸਾਡੇ ਕੋਲ ਏਥੇ ਕੋਈ ਪਾਣੀ ਨਹੀਂ ਹੈ। ਮਰਦਾਨਾ ਵਾਪਸ ਆਇਆ ਤੇ ਗੁਰੂ ਜੀ ਨੂੰ ਸਾਰੀ ਵਾਰਤਾ ਸੁਣਾਈ ਤਾਂ ਸਤਿਗੁਰੂ ਜੀ ਨੇ ਮਰਦਾਨੇ ਨੂੰ ਕਿਹਾ ਕਿ ਇਕ ਵਾਰੀ ਫੇਰ ਜਾਹ। ਨਿਮਰਤਾ ਨਾਲ ਹੱਥ ਜੋੜ ਕੇ ਬੇਨਤੀ ਕਰ, ਮਰਦਾਨੇ ਨੇ ਫੇਰ ਐਸਾ ਹੀ ਕੀਤਾ ਤਾਂ ਉਸ ਨੇ ਗ਼ੁੱਸੇ ਵਿਚ ਆ ਕੇ ਕਿਹਾ ਕਿ ਤੇਰੇ ਵਰਗੇ ਕਾਫ਼ਰਾਂ ਨੂੰ

ਮੈਂ ਪਾਣੀ ਨਹੀਂ ਦਿੰਦਾ, ਮੁਸਲਮਾਨ ਹੋ ਕੇ ਤੂੰ ਹਿੰਦੂ ਪੀਰ ਦੇ ਟੁਕੜਿਆਂ ਉੱਪਰ ਪਲ ਰਿਹਾ ਹੈਂ। ਇਹ ਕਹਿ ਕੇ ਫੇਰ ਵਾਪਸ ਭੇਜ ਦਿੱਤਾ। ਉਧਰ ਮਰਦਾਨੇ ਦੀ ਪਿਆਸ ਤੇਜ਼ ਹੁੰਦੀ ਗਈ, ਪਾਣੀ ਨਾ ਮਿਲਣ 'ਤੇ ਮਰਦਾਨੇ ਨੂੰ ਥੋੜ੍ਹੀ ਜਿਹੀ ਘਬਰਾਹਟ ਵੀ ਵਧੀ, ਨਿਰਾਸ਼ ਹੋ ਕੇ ਕਿਹਾ ਕਿ ਹੇ ਮਹਾਰਾਜ ਜੀ ! ਉਹ ਪਾਣੀ ਨਹੀਂ ਦਿੰਦਾ। ਮਹਾਰਾਜ ਜੀ ਨੇ ਕਿਹਾ ਕਿ ਇਕ ਵਾਰ ਫੇਰ ਜਾਣਾ ਕਰ। ਤਾਂ ਨਾ ਚਾਹੁੰਦੇ ਹੋਏ ਵੀ ਮਰਦਾਨੇ ਨੇ ਜਾ ਕੇ ਖ਼ੁਦਾ ਦਾ ਵਾਸਤਾ ਪਾ ਕੇ ਪਾਣੀ ਮੰਗਿਆ। ਜਿਥੇ ਮਰਦਾਨੇ ਦੀ ਪਿਆਸ ਵਿਚ ਵਾਧਾ ਹੁੰਦਾ ਗਿਆ, ਉਥੇ ਵਲੀ ਕੰਧਾਰੀ ਦੇ ਹੰਕਾਰ ਵਿਚ ਵੀ ਦੂਣਾ-ਚੌਣਾ ਵਾਧਾ ਹੋਇਆ। ਅਖ਼ੀਰ ਹੰਕਾਰ ਦੇ ਬੋਲ ਬੋਲ ਬੈਠਾ ਕਿ ਜਿਸ ਨੂੰ ਤੂੰ ਅੱਲ੍ਹਾ ਦਾ ਰੂਪ ਦੱਸਦਾ ਹੈਂ, ਉਹ ਤੈਨੂੰ ਪਿਆਸੇ ਨੂੰ ਪਾਣੀ ਤਾਂ ਨਹੀਂ ਦੇ ਸਕਦਾ, ਤੂੰ ਪਾਣੀ ਪੀਣ ਲਈ ਮੇਰੀਆਂ ਮਿੰਨਤਾਂ ਕਰਦਾ ਹੈਂ ਤੇ ਜੱਸ ਉਸ ਦਾ ਕਰਦਾ ਹੈਂ। ਜਾਹ ਤੈਨੂੰ ਪਾਣੀ ਦੀ ਇਕ ਬੂੰਦ ਵੀ ਨਹੀਂ ਮਿਲੇਗੀ। ਜੇਕਰ ਤੇਰਾ ਪੀਰ ਐਡਾ ਬਲੀ ਹੈ ਤਾਂ ਉੱਥੇ ਹੀ ਪਾਣੀ ਪੈਦਾ ਕਰ ਲਵੇ। ਮਰਦਾਨਾ ਵਾਪਸ ਆਇਆ, ਉਸ ਦੇ ਹੰਕਾਰ ਦੇ ਸਾਰੇ ਸ਼ਬਦ ਗੁਰੂ ਸਾਹਿਬ ਜੀ ਨੂੰ ਕਹੇ ਤਾਂ ਸਤਿਗੁਰੂ ਜੀ ਨੇ ਆਪਣੀ ਰੂਹਾਨੀਅਤ ਦੀ ਸ਼ਕਤੀ ਨਾਲ ਉਸ ਦਾ ਸਾਰਾ ਪਾਣੀ ਖਿੱਚ ਲਿਆ। ਆਪਣੇ ਮੁਬਾਰਕ ਚਰਨਾਂ ਨਾਲ ਪਾਣੀ ਦਾ ਚਸ਼ਮਾ ਧਰਤੀ ਵਿਚ ਹੀ ਪ੍ਰਗਟ ਕਰ ਦਿੱਤਾ ਤੇ ਮਰਦਾਨੇ ਦੀ ਪਿਆਸ ਬੁਝਾਈ। ਇਸ 'ਤੇ ਵਲੀ ਕੰਧਾਰੀ ਜ਼ਖ਼ਮੀ ਹੋਏ ਸੱਪ ਦੀ ਤਰ੍ਹਾਂ ਹੰਕਾਰ ਦੇ ਫੱਰਾਟੇ ਮਾਰਨ ਲੱਗਾ। ਉਸ ਨੇ ਇਕ ਪੱਥਰ ਦੀ ਭਾਰੀ ਸਿਲਾ ਆਪਣੀ ਸ਼ਕਤੀ ਨਾਲ ਉਖੇੜ ਕੇ ਗੁਰੂ ਜੀ ਨੂੰ ਮਾਰਨ ਲਈ ਪਹਾੜੀ ਤੋਂ ਹੇਠਾਂ ਰੇੜ੍ਹ ਦਿੱਤੀ, ਜਿਸ ਨੂੰ ਸਤਿਗੁਰੂ ਜੀ ਨੇ ਆਪਣੇ ਮੁਬਾਰਕ ਹੱਥ ਦਾ ਪੰਜਾ ਲਾ ਕੇ ਰੋਕਿਆ, ਜੋ ਅੱਜ ਤਕ ਉਸੇ ਤਰ੍ਹਾਂ ਮੌਜੂਦ ਹੈ। ਪਠਾਣਾਂ ਦੇ ਖਰਾਦਣ ਤੋਂ ਵੀ ਉਹ ਪੰਜਾ ਉਸੇ ਤਰ੍ਹਾਂ ਵਿੱਚੋਂ-ਵਿਚ ਧਸਦਾ ਗਿਆ ਸੀ। ਪੱਥਰ ਦੇ ਉਪਰ ਪੰਜੇ ਦਾ ਨਿਸ਼ਾਨ ਅੱਜ ਵੀ ਮੌਜੂਦ ਹੈ, ਜਿਸ ਕਰਕੇ ਪੰਜਾ ਸਾਹਿਬ ਨਾਮ ਪ੍ਰਸਿੱਧ ਹੋਇਆ। ਇਹ ਬਾਬਾ ਹਸਨ ਅਬਦਾਲ (ਸੱਯਦ) ਸਬਜ਼ਵਾਰ (ਇਲਾਕਾ ਖ਼ੁਰਾਸਾਨ) ਦਾ ਸੀ ਅਤੇ ਭਾਰਤ ਵਿਚ ਮਿਰਜ਼ਾ ਸ਼ਾਹਰੁਖ਼ ਨਾਲ ਆਇਆ ਸੀ। ਇਸ ਦਾ ਦੇਹਾਂਤ ਕੰਧਾਰ ਵਿਚ ਹੋਇਆ ਹੈ। ਸੋ ਜਿਥੇ ਪਾਣੀ ਦਾ ਛੋਟਾ ਤਲਾਅ ਸੀ, ਉਥੇ ਸਤਿਗੁਰੂ ਜੀ ਨੇ ਥਲ ਕਰ ਦਿੱਤਾ ਅਤੇ ਜਿਥੇ ਜ਼ਮੀਨ ਵਿਚ ਹੇਠਾਂ ਖ਼ੁਸ਼ਕੀ ਸੀ, ਉਥੇ ਪਾਣੀ ਦਾ ਚਸ਼ਮਾ ਚਲਾ ਦਿੱਤਾ।

ਹਜ਼ੂਰ ਸਾਹਿਬ (ਨੰਦੇੜ) ਤੋਂ ੧੨੦ ਮੀਲ ਦੂਰ ਗੁਰਦੁਆਰਾ ਸ੍ਰੀ ਨਾਨਕ ਝੀਰਾ ਸਾਹਿਬ ਹੈ ਜੋ ਹੈਦਰਾਬਾਦ ਤੋਂ ੮੦ ਮੀਲ 'ਤੇ ਹੈ ਅਤੇ ਬਿਦਰ ਸਟੇਸ਼ਨ ਤੋਂ ਡੇਢ ਕੁ ਮੀਲ ਫ਼ਾਸਲੇ ਉੱਤੇ ਹੈ, ਜ਼ਿਲ੍ਹਾ ਬਿਦਰ ਹੈ। ਉਸ ਅਸਥਾਨ ਉੱਤੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਚਰਨ ਪਾਏ ਸਨ ਤੇ ਮਰਦਾਨੇ ਨੂੰ ਪਿਆਸ ਲੱਗਣ 'ਤੇ ਉਸ ਨੇ ਪਾਣੀ ਮੰਗਿਆ ਤਾਂ ਸਤਿਗੁਰਾਂ ਨੇ ਕਿਹਾ—ਉਹ ਸਾਹਮਣੇ ਦੋ ਪੀਰ ਬੈਠੇ ਹਨ, ਉਨ੍ਹਾਂ ਕੋਲੋਂ ਪਾਣੀ ਪੀ ਆ। *ਤਵਾਰੀਖ਼ ਗੁਰੂ ਖ਼ਾਲਸਾ* ਵਿਚ ਇਨ੍ਹਾਂ ਦਾ ਨਾਂ ਪੀਰ ਜਲਾਲਦੀਨ ਤੇ ਯਾਕੂਬ ਅਲੀ ਲਿਖਿਆ ਹੈ। ਜਦ ਮਰਦਾਨੇ ਨੇ ਉਨ੍ਹਾਂ ਕੋਲੋਂ ਜਾ ਕੇ ਪਾਣੀ ਮੰਗਿਆ ਤਾਂ ਪੀਰਾਂ ਨੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਥੇ ਪਾਣੀ ਦੀ ਬਹੁਤ ਤੰਗੀ ਸੀ, ਸਾਰਾ ਬਿਦਰ ਸ਼ਹਿਰ ਹੀ ਪਾਣੀ ਤੋਂ ਬਹੁਤ ਦੁਖੀ ਸੀ। ਸੌ-ਸੌ ਫ਼ੁੱਟ ਡੂੰਘੇ ਖੂਹ ਪੁਟਾਏ ਫਿਰ ਵੀ ਪਾਣੀ ਨਾ ਨਿਕਲਿਆ, ਜੇ ਕਿਧਰੋਂ ਪਾਣੀ ਨਿਕਲਿਆ ਵੀ ਤਾਂ ਉਹ ਖਾਰਾ ਹੀ ਨਿਕਲਿਆ, ਪੀਣ ਵਾਸਤੇ ਮਿੱਠਾ ਪਾਣੀ ਕਿਧਰੇ ਵੀ ਨਹੀਂ ਸੀ। ਤਦ ਮਰਦਾਨੇ ਨੇ ਵਾਪਸ ਆ ਕੇ ਕਿਹਾ—ਉਹ ਤਾਂ ਬੜੇ ਹੰਕਾਰੀ ਹਨ, ਉਹਨਾਂ ਨੇ ਪਾਣੀ ਨਹੀਂ ਦਿੱਤਾ, ਆਪ ਕਿਰਪਾ ਕਰਕੇ ਇਥੋਂ ਹੀ ਪਿਲਾਓ। ਇਤਨੇ ਨੂੰ ਬਿਦਰ ਸ਼ਹਿਰ ਦੀ ਸੰਗਤ ਵੀ ਸਤਿਗੁਰਾਂ ਦੇ ਚਰਨਾਂ ਵਿਚ ਆ ਪੁੱਜੀ, ਸਾਰੀ ਸੰਗਤ ਨੇ ਨਿਮਰਤਾ ਸਹਿਤ ਹੱਥ ਜੋੜ ਕੇ ਬੇਨਤੀ ਕੀਤੀ ਕਿ ਗ਼ਰੀਬ ਨਿਵਾਜ਼ ਜੀ, ਪਾਣੀ ਤੋਂ ਬਗ਼ੈਰ ਅਸੀਂ ਬਹੁਤ ਤੰਗ ਹਾਂ, ਆਪ ਸਾਰੇ ਬ੍ਰਹਿਮੰਡਾਂ ਦੇ ਮਾਲਕ ਹੋ, ਨਿਰੰਕਾਰ ਨੇ ਆਪ ਜੀ ਨੂੰ ਭੇਜਿਆ ਹੈ, ਕਿਰਪਾ ਦ੍ਰਿਸ਼ਟੀ ਕਰਕੇ ਸਾਰੇ ਸ਼ਹਿਰ ਨੂੰ ਪਾਣੀ ਦੇ ਦੁੱਖ ਤੋਂ ਦੂਰ ਕਰੋ। ਸਤਿਗੁਰਾਂ ਨੇ ਆਪਣੇ ਚਰਨਾਂ ਵਿਚ ਅੰਗੂਠੇ ਵਾਲੀਆਂ ਖੜਾਵਾਂ ਪਾਈਆਂ ਹੋਈਆਂ ਸਨ, ਸਤਿਗੁਰਾਂ ਨੇ ਆਪਣੇ ਇਕ ਚਰਨ ਦੀ ਖੜਾਂਵ ਪਹਾੜੀ ਵਿਚ ਮਾਰੀ ਤਾਂ ਉਥੋਂ ਪਾਣੀ ਦਾ ਝਰਨਾ ਵਗ ਪਿਆ। ਹੁਣ ਤਕ ਉਥੇ ਨਿਰਮਲ ਤੇ ਮਿੱਠਾ ਪਾਣੀ ਚੱਲ ਰਿਹਾ ਹੈ। ਪੰਦਰਾਂ

ਕੁ ਗਜ਼ ਉੱਤੇ ਉਥੇ ਪੀਰਾਂ ਦੀ ਜਗ੍ਹਾ ਵੀ ਹੈ ਪਰ ਉਥੇ ਪਾਣੀ ਬਿਲਕੁਲ ਨਹੀਂ ਹੈ ਤੇ ਇਥੇ ਨਾਨਕ ਝੀਰੇ ਵਿਚ ਪਾਣੀ ਚੱਲ ਰਿਹਾ ਹੈ, ਇਉਂ ਜਿਥੇ ਪੀਰਾਂ ਕੋਲ ਪਾਣੀ ਸੀ, ਉਥੇ ਥਲ ਕਰ ਦਿੱਤਾ, ਜਿਥੇ ਥਲ ਸੀ, ਉਥੇ ਹੁਣ ਤਕ ਪਾਣੀ ਦੇ ਝਰਨੇ ਚੱਲ ਰਹੇ ਹਨ।

ਉਹ ਜਗ੍ਹਾ ਪਹਿਲਾਂ ਮੁਸਲਮਾਨਾਂ ਦੇ ਕਬਜ਼ੇ ਵਿਚ ਸੀ, ਜਿਸ ਵੇਲੇ ਸਤੰਬਰ ਦੇ ਮਹੀਨੇ ੧੯੪੮ ਵਿਚ ਹੈਦਰਾਬਾਦ ਰਿਆਸਤ ਹਿੰਦੁਸਤਾਨ ਵਿਚ ਮਿਲਾਈ ਗਈ, ਉਸ ਦੌਰਾਨ ਵਿਚ ਖ਼ਾਲਸੇ ਨੇ ਇਸ ਸਥਾਨ ਦੀ ਸੇਵਾ-ਸੰਭਾਲ ਕੀਤੀ ਤੇ ਨਿਸ਼ਾਨ ਸਾਹਿਬ ਲਹਿਰਾਇਆ।

ਹਜ਼ੂਰ ਸਾਹਿਬ ਤੋਂ ਪਹਿਲੀ ਯਾਤਰਾ ੧੦ ਮਈ ੧੯੪੯ ਤੋਂ ਆਰੰਭ ਹੋਈ ਤੇ ਸੰਗਤਾਂ ਦੀ ਆਵਾਜਾਈ ਸ਼ੁਰੂ ਹੋ ਗਈ। ਮੁਸਲਮਾਨਾਂ ਨੇ ਇਸ ਦਾ ਨਾਂ ਸ਼ਾਹਦਾਦ ਚਸ਼ਮਾ ਰੱਖਿਆ ਹੋਇਆ ਸੀ, ਪਰ ਸਿੱਖਾਂ ਨੇ 'ਨਾਨਕ ਝੀਰਾ' ਨਾਂ 'ਤੇ ਇਸ ਚਸ਼ਮੇ ਨੂੰ ਪ੍ਰਸਿੱਧ ਕੀਤਾ। ੧੯੫੦ ਸੰਨ ਵਿਚ ਮੁਕੱਦਮੇ ਦਾ ਫ਼ੈਸਲਾ ਸਿੱਖਾਂ ਦੇ ਹੱਕ ਵਿਚ ਹੋਇਆ ਹੈ। ਇਸ ਕਰਕੇ ਇਹ ਅਸਥਾਨ ਹੁਣ ਸਿੱਖਾਂ ਦੇ ਪ੍ਰਬੰਧ ਵਿਚ ਹੈ। ਸਿੱਖਾਂ ਨੇ ਸ਼ਲਾਘਾ ਯੋਗ ਬੜਾ ਭਾਰੀ ਉੱਦਮ ਕਰ ਕੇ ਉਸ ਜਗ੍ਹਾ ਉੱਤੇ ਸੁੰਦਰ ਅਸਥਾਨ ਉੱਚੇ ਥਾਂ 'ਤੇ ਬਣਾਇਆ ਹੈ ਜੋ ਕਿ ਪੌੜੀਆਂ ਚੜ੍ਹ ਕੇ ਜਾਣਾ ਪੈਂਦਾ ਹੈ ਤੇ ਇਸ ਦੇ ਨਾਲ ਹੀ ਜ਼ਮੀਨ ਉੱਤੇ ਪੌੜੀਆਂ ਹੇਠਾਂ ਉੱਤਰ ਕੇ ਪਾਣੀ ਦਾ ਚਸ਼ਮਾ ਹੈ ਜੋ ਪਹਾੜੀ ਵਿੱਚੋਂ ਨਿਕਲ ਰਿਹਾ ਹੈ, ਜਿਥੋਂ ਲੋਕ ਜਾ ਕੇ ਅੰਮ੍ਰਿਤ ਪਾਣੀ ਨੂੰ ਪੀਂਦੇ ਹਨ, ਉਹ ਸਾਰਾ ਸੰਗਮਰਮਰ ਦਾ ਬਣਿਆ ਹੋਇਆ ਹੈ ਅਤੇ ਯਾਦਗਾਰ ਵਾਸਤੇ ਸੰਗਮਰਮਰ ਦੀ ਖੜਾਂਵ ਬਣੀ ਹੋਈ ਹੈ। ਇਸ ਦੇ ਲੈਵਲ 'ਤੇ ਹੀ ਸੜਕ ਦੇ ਹੇਠੋਂ ਅੰਮ੍ਰਿਤ ਨਿਕਲ ਕੇ ਜਾਂਦਾ ਹੈ। ਕੁਝ ਕੁ ਫ਼ਾਸਲੇ ਉੱਤੇ ਸਰੋਵਰ ਬਣਾਇਆ ਹੋਇਆ ਹੈ ਜੋ ਤਕਰੀਬਨ ੧੨੦ ਫ਼ੁੱਟ ਲੰਮਾ ਅਤੇ ੧੦੦ ਫ਼ੁੱਟ ਚੌੜਾ ਹੈ, ਜਿਸ ਵਿਚ ਸੰਗਤਾਂ ਇਸ਼ਨਾਨ ਕਰਦੀਆਂ ਹਨ। ਸੰਗਤਾਂ ਲਈ ਗੁਰੂ ਕਾ ਲੰਗਰ ਵੀ ਅਤੁੱਟ ਚੱਲ ਰਿਹਾ ਹੈ।

## ਦੂਸਰਾ ਅਰਥ

**ਜਲ ਤੇ ਥਲ ਕਰਿ, ਥਲ ਤੇ ਕੂਆ; ਕੂਪ ਤੇ ਮੇਰੁ ਕਰਾਵੈ ॥**

ਜਿਸ ਪ੍ਰਕਾਰ ਸਿੰਙੀ ਰਿਖੀ ਦਾ ਹਿਰਦਾ ਹਰ ਵਕਤ ਵੇਦਾਂ ਦਾ ਪਾਠ ਪੜ੍ਹਨੇ ਕਰਕੇ ਪ੍ਰੇਮ ਰੂਪੀ ਜਲ ਦਾ ਅਸਥਾਨ ਬਣ ਗਿਆ ਸੀ, ਉਸ ਪ੍ਰੇਮ ਰੂਪੀ ਜਲ ਵਾਲੇ ਅਸਥਾਨ ਤੋਂ ਵਿਸ਼ਿਆਂ ਰੂਪੀ ਥਲ ਵਾਲਾ ਕਰ ਦਿੱਤਾ ਸੀ, ਕਿਉਂਕਿ ਸਿੰਙੀ ਰਿਖੀ ਦੇ ਵੇਸਵਾ ਨਾਲ ਸੰਬੰਧ ਕਰਕੇ ਤੇਰਾਂ ਧੀਆਂ ਪੁੱਤਰ ਪੈਦਾ ਹੋ ਗਏ ਸਨ। ਜੈਸਾ ਕਿ :

**ਦੋਹਿਰਾ ॥ ਸਾਤ ਸੁਤਾ ਆਗੇ ਕਰੀ, ਤੀਨ ਤ੍ਰਿਯਹਿ ਸੁਤ ਲੀਨ।**
**ਇਕ ਕਾਂਧੇ ਇਕ ਕਾਂਖ ਮੈਂ ਖਸਟਮ ਮੁਨਿ ਸਿਰ ਦੀਨ ॥੩॥** *(ਸ੍ਰੀ ਦਸਮ ਗ੍ਰੰਥ, ਪੰਨਾ ੩੭੭)*

ਪੁਨਾ—ਕੁਝ ਸਮੇਂ ਬਾਅਦ ਮੁੜ ਉਸ ਵਿਸ਼ਿਆਂ ਰੂਪੀ ਥਲ ਵਾਲੀ ਜਗ੍ਹਾ ਤੋਂ ਪ੍ਰੇਮ ਰੂਪੀ ਖੂਹ ਭਾਵ ਜਲ ਦਾ ਪ੍ਰਵਾਹ ਚਲਾ ਦਿੱਤਾ ਸੀ, ਜਿਸ ਕਰਕੇ ਮੁੜ ਸਿੰਙੀ ਰਿਖੀ ਜੰਗਲ ਵਿਚ ਜਾ ਕੇ ਭਗਤੀ ਵਿਚ ਲੀਨ ਹੋ ਗਿਆ ਸੀ।

**ਅਥਵਾ** ਪਰਮੇਸ਼ਰ ਜਲ ਦੀ ਨਿਆਈਂ ਨਿਮਰਤਾ ਵਾਲੇ ਸੁਭਾਵ ਤੋਂ ਥਲ ਦੀ ਨਿਆਈਂ ਹੰਕਾਰੀ ਬਣਾ ਦੇਂਦਾ ਹੈ ਅਤੇ ਥਲ ਦੀ ਨਿਆਈਂ ਹੰਕਾਰੀ ਚਿੱਤ ਵਾਲੇ ਪੁਰਖਾਂ ਤੋਂ ਖੂਹ ਵਾਂਗ ਨੀਵੇਂ ਭਾਵ ਨਿਮਰਤਾ ਵਾਲੇ ਬਣਾ ਦਿੰਦਾ ਹੈ **ਵਾ:** ਮਾਰੂਥਲ ਦੀ ਨਿਆਈਂ ਹਰਣਾਖਸ਼ ਦੀ ਕੁਲ ਵਿੱਚੋਂ ਖੂਹ ਵਤ ਨੀਵੇਂ ਨਿਮਰਤਾ ਵਾਲੇ ਪ੍ਰਹਿਲਾਦ ਭਗਤ ਜੀ ਨੂੰ ਪੈਦਾ ਕਰ ਦਿੱਤਾ ਅਤੇ ਖੂਹ ਦੀ ਨਿਆਈਂ ਨੀਵੇਂ, ਨਿਮਰਤਾ ਵਾਲੇ ਪੁਰਖਾਂ ਤੋਂ ਸਮੇਰ ਪਰਬਤ ਵਾਂਗ ਉੱਚੇ ਬਣਾ ਦਿੰਦਾ ਹੈ।

**ਸਾਖੀ—ਇਕ ਰਾਜੇ ਤੇ ਮਹਾਤਮਾ ਦੀ :** ਇਕ ਰਾਜਾ ਸ਼ਿਕਾਰ ਖੇਡਣ ਦਾ ਬਹੁਤਾ ਸ਼ੌਕੀਨ ਸੀ, ਸ਼ਿਕਾਰ ਖੇਡਦਿਆਂ ਉਸ ਨੂੰ ਪਾਣੀ ਦੀ ਤ੍ਰੇਹ ਲੱਗੀ, ਪਰ ਜਲ ਸੇਵਕ ਪਿੱਛੇ ਰਹਿ ਗਿਆ। ਰਾਜੇ ਨੇ ਇਕ ਮਹਾਤਮਾ ਦਾ

ਤਪ ਅਸਥਾਨ ਦੇਖਿਆ, ਉਥੇ ਮਹਾਤਮਾ ਸਮਾਧੀ ਵਿਚ ਬੈਠੇ ਸਨ। ਉਹਨਾਂ ਦੇ ਦਰਸ਼ਨ ਕੀਤੇ, ਉਨ੍ਹਾਂ ਦੇ ਜਲ ਪਾਤਰ ਵਿੱਚੋਂ ਜਲ ਛਕ ਕੇ ਪਿਆਸ ਬੁਝਾਈ। ਜਦੋਂ ਰਾਜੇ ਦਾ ਜਲ ਸੇਵਕ ਆਇਆ ਤਾਂ ਉਸ ਕੋਲ ਗੁਲਾਬ ਦੀ ਸੁਗੰਧੀ ਵਾਲਾ ਪਾਣੀ ਸੀ, ਉਹ ਪਾਣੀ ਮਹਾਤਮਾ ਦੇ ਪਾਤਰ ਵਿਚ ਪਾ ਦਿੱਤਾ। ਬਾਦਸ਼ਾਹ ਚਲਿਆ ਗਿਆ। ਉਸ ਜਲ ਦਾ ਐਸਾ ਅਸਰ ਹੋਇਆ, ਕਿਉਂਕਿ ਜਲ ਉੱਤੇ ਤਪੱਸਵੀ ਮਹਾਤਮਾ ਦੇ ਤਿਆਗ ਦਾ ਪ੍ਰਭਾਵ ਸੀ। ਜਪੀ, ਤਪੀ ਹੋਣ ਕਰਕੇ ਨਾਮ ਦਾ ਪ੍ਰਭਾਵ ਸੀ ਅਤੇ ਬਾਦਸ਼ਾਹ ਦੇ ਪਾਣੀ ਉੱਤੇ ਰਾਜਸੀ ਅਤੇ ਵਿਸ਼ੇ-ਵਿਕਾਰਾਂ ਦਾ ਪ੍ਰਭਾਵ ਸੀ। ਹੁਣ ਦੋਹਾਂ ਨੇ ਬਦਲਿਆ ਹੋਇਆ ਪਾਣੀ ਪੀ ਲਿਆ। ਮਹਾਤਮਾ ਨੇ ਰਾਜੇ ਦਾ ਪਾਇਆ ਹੋਇਆ ਪਾਣੀ ਉਸ ਪਾਤਰ ਵਿੱਚੋਂ ਪੀ ਲਿਆ। ਮਹਾਤਮਾ ਦਾ ਪਾਣੀ ਰਾਜੇ ਨੇ ਪੀਤਾ ਹੋਇਆ ਸੀ। ਮਹਾਤਮਾ ਦੇ ਪਾਣੀ ਦਾ ਰਾਜੇ ਉੱਤੇ ਇਹ ਅਸਰ ਹੋਇਆ ਕਿ ਰਾਜੇ ਨੂੰ ਅਗਲੇ ਦਿਨ ਹੀ ਵੈਰਾਗ ਹੋ ਗਿਆ ਅਤੇ ਉਸੇ ਮਹਾਤਮਾ ਕੋਲ ਰਜੋ ਗੁਣ ਬਿਰਤੀ ਦਾ ਤਿਆਗ ਕਰ ਕੇ ਉਪਦੇਸ਼ ਲੈਣ ਲਈ ਮਹਾਤਮਾ ਦੇ ਚਰਨਾਂ ਵਿਚ ਪਹੁੰਚ ਗਿਆ। ਆ ਕੇ ਕਹਿਣ ਲੱਗਾ ਕਿ ਮੈਨੂੰ ਉਪਦੇਸ਼ ਦਿਉ, ਮੈਂ ਸੰਸਾਰ ਤੋਂ ਬਿਰਕਤ ਹੋ ਕੇ ਆਇਆ ਹਾਂ। ਇਧਰ ਤਪੱਸਵੀ ਮਹਾਤਮਾ ਨੂੰ ਰਾਜੇ ਦਾ ਗੁਲਾਬ ਦੀ ਸੁਗੰਧੀ ਵਾਲਾ ਪਾਣੀ ਪੀਣ ਕਰਕੇ ਰਾਜੇ ਵਾਲੇ ਹੀ ਰਾਜਸੀ ਖ਼ਿਆਲ ਅਤੇ ਵਿਸ਼ੇ-ਵਿਕਾਰ ਫੁਰ ਆਏ ਅਤੇ ਰਾਜ ਕਰਨ ਦੀ ਇੱਛਾ ਪੈਦਾ ਹੋਈ। ਮਹਾਤਮਾ ਨੇ ਰਾਜੇ ਨੂੰ ਦੀਕਸ਼ਾ ਦੇ ਕੇ ਦਕਸ਼ਣਾਂ ਵਿਚ ਸਾਰਾ ਰਾਜ ਹੀ ਮੰਗ ਲਿਆ ਅਤੇ ਰਾਜੇ ਨੇ ਦੀਕਸ਼ਾ ਲੈ ਕੇ ਦਕਸ਼ਣਾ ਵਿਚ ਸਾਰਾ ਰਾਜ ਹੀ ਭੇਟ ਕਰ ਦਿੱਤਾ। ਇਉਂ ਜੋ ਮਹਾਤਮਾ ਜਲ ਵਤ ਨਿਰਮਲ ਚਿੱਤ ਸੀ, ਉਹ ਥਲ ਭਾਵ ਖ਼ੁਸ਼ਕ ਥਾਵਾਂ ਵਤ ਰਾਜ ਭਾਗ ਤੇ ਵਿਸ਼ਿਆਂ ਨੂੰ ਭੋਗਣ ਲੱਗ ਗਿਆ ਤੇ ਜੋ ਰਾਜਾ ਖ਼ੁਸ਼ਕ ਥਾਵਾਂ ਵਤ ਸੀ, ਉਹ ਨਿਮਰਤਾ ਰੂਪ ਜਲ ਦਾ ਖੂਹ ਬਣ ਗਿਆ, ਭਾਵ ਪਰਮੇਸ਼ਰ ਦਾ ਸਿਮਰਨ ਭਜਨ ਕਰਕੇ ਨਿਮਰਤਾ ਵਾਲੇ ਸੁਭਾਅ ਵਾਲਾ ਹੋ ਗਿਆ ਅਤੇ ਮਹਾਤਮਾ ਰਾਜ ਭਾਗ ਦੀ ਪ੍ਰਾਪਤੀ ਕਰਕੇ ਸੁਮੇਰ ਪਰਬਤ ਵਤ ਉੱਚਾ ਭਾਵ ਹੰਕਾਰੀ ਹੋ ਗਿਆ।

**ਅਥਵਾ** ਇਉਂ ਜਲ ਦੀ ਨਿਆਈਂ ਜੋ ਮਹਾਤਮਾ ਜਪ ਤਪ ਵਾਲਾ ਸੀ, ਉਹ ਥਲ ਦੀ ਨਿਆਈਂ ਖ਼ੁਸ਼ਕ ਭਾਵ ਸੰਸਾਰੀ ਬਿਰਤੀ ਵਾਲਾ ਬਣ ਗਿਆ ਅਤੇ ਜਿਹੜਾ ਪਰਮੇਸ਼ਰ ਦੇ ਪ੍ਰੇਮ ਰੂਪੀ ਪਾਣੀ ਵੱਲੋਂ ਥਲ ਦੀ ਨਿਆਈਂ ਖ਼ੁਸ਼ਕ ਸੀ, ਉਹ ਵੈਰਾਗ, ਬਿਬੇਕ ਵਾਲਾ **ਵਾ:** ਪਰਮੇਸ਼ਰ ਦੇ ਪ੍ਰੇਮ ਵਾਲਾ ਅਥਾਹ ਡੂੰਘਾ ਖੂਹ ਬਣ ਗਿਆ।

## ਧਰਤੀ ਤੇ ਆਕਾਸਿ ਚਢਾਵੈ; ਚਢੇ ਅਕਾਸ ਗਿਰਾਵੈ ॥੨॥

ਹੇ ਪਰਮੇਸ਼ਰ ! ਤੂੰ ਧਰਤੀ = ਪ੍ਰਿਥਵੀ ਉੱਤੇ ਵਿਚਰਨ ਵਾਲੇ ਪੁਰਖ ਨੂੰ ਆਕਾਸ਼ ਉੱਤੇ ਚਢਾਵੈ = ਚੜ੍ਹਾਅ ਦਿੰਦਾ ਹੈਂ ਅਤੇ ਅਕਾਸ਼ ਉੱਤੇ ਚਢੇ = ਚੜ੍ਹਿਆਂ ਹੋਇਆਂ ਨੂੰ ਥੱਲੇ ਧਰਤੀ ਉੱਤੇ ਗਿਰਾਵੈ = ਡੇਗ ਦਿੰਦਾ ਹੈਂ, ਜਿਵੇਂ ਨੌਖ ਰਾਜਾ ੧੦੧ ਯੱਗ ਦੇ ਪ੍ਰਤਾਪ ਕਰ ਕੇ ਸਵਰਗ ਵਿਚ ਚੜ੍ਹ ਗਿਆ ਸੀ, ਜਾ ਬੈਠਾ ਸੀ ਪਰ ਕਾਮ ਦੇ ਵੱਸ ਹੋ ਕੇ ਜਾਂ ਹੰਗਤਾ ਕਰਕੇ ਸਵਰਗ ਤੋਂ ਥੱਲੇ ਧਰਤੀ ਉੱਤੇ ਡਿੱਗ ਪਿਆ ਸੀ।

**ਸਾਖੀ—ਰਾਜੇ ਨੌਖ ਦੀ :** ਜਦ ਇੰਦਰ, ਵ੍ਰਿਤਾਸੁਰ (ਬ੍ਰਾਹਮਣ) ਦੇ ਮਾਰਨ ਤੋਂ ਬ੍ਰਹਮ ਹੱਤਿਆ ਦੇ ਭੈਅ ਕਰਕੇ ਕਮਲ-ਨਾਲਿ ਵਿਚ ਲੁਕ ਗਿਆ ਸੀ, ਤਦ ਬ੍ਰਿਹਿਸਪਤੀ ਨੇ ਨੌਖ ਰਾਜੇ ਨੂੰ ਇੰਦਰ ਦੇ ਸਿੰਘਾਸਨ ਉੱਤੇ ਥਾਪਿਆ। ਜਿਸ ਵੇਲੇ ਨੌਖ ਰਾਜੇ ਨੇ ਇੰਦਰ ਪਦਵੀ 'ਤੇ ਬੈਠ ਕੇ (ਸਚੀ) ਭਾਵ ਇੰਦਰ ਦੀ ਘਰਵਾਲੀ ਦਾ ਸੱਤ ਤੋੜਨਾ ਚਾਹਿਆ, ਤਾਂ ਸਚੀ ਨੇ ਬ੍ਰਿਹਸਪਤ ਦੀ ਸਲਾਹ ਲੈ ਕੇ ਨੌਖ ਰਾਜੇ ਨੂੰ ਕਿਹਾ ਕਿ ਜੇ ਤੂੰ ਸੱਤ ਰਿਖੀਆਂ ਪਾਸੋਂ ਆਪਣੀ ਪਾਲਕੀ ਚੁਕਵਾ ਕੇ ਮੇਰੇ ਕੋਲ ਆਵੇਂ, ਤਦ ਮੈਂ ਤੇਰੇ ਨਾਲ ਚੱਲਾਂਗੀ। ਕਾਮ ਵਿਚ ਅੰਨ੍ਹਾ ਹੋਇਆ ਰਾਜਾ ਸੱਤ ਰਿਖੀਆਂ ਕੋਲੋਂ ਆਪਣੀ ਪਾਲਕੀ ਚੁਕਾ ਕੇ ਚੱਲ ਪਿਆ। ਰਿਖੀ ਭਜਨ ਵਿਚ ਮਸਤ ਹੋਏ ਹੌਲੀ ਹੌਲੀ ਤੁਰਨ, ਤਦ ਨੌਖ ਸਰਪ ਸਰਪ ਭਾਵ ਜਲਦੀ ਤੁਰੋ, ਜਲਦੀ ਤੁਰੋ ਕਹਿਣ ਲੱਗ ਪਿਆ। ਇਸ ਕਰਕੇ ਰਿਖੀਆਂ ਨੇ ਗੁੱਸੇ ਵਿਚ ਆ ਕੇ ਕਿਹਾ ਕਿ ਹੇ ਕਾਮੀ ਪੁਰਸ਼ ਸਰਪ ਅਸੀਂ ਨਹੀਂ ਤੂੰ ਸਰਪ ਬਣ ਇਹ ਰਿਖੀਆਂ ਨੇ ਸਰਪ (ਸੱਪ) ਬਣਨ ਦਾ ਸਰਾਪ ਦੇ ਦਿੱਤਾ ਤੇ ਨੌਖ ਰਾਜਾ ਸੱਪ ਬਣ ਕੇ ਸਵਰਗ 'ਚੋਂ ਧਰਤੀ 'ਤੇ ਡਿੱਗਿਆ ਸੀ। ਇਉਂ ਧਰਤੀ ਤੋਂ ਪੁੰਨਾਂ ਦੇ ਪ੍ਰਤਾਪ ਕਰ ਕੇ ਨੌਖ ਰਾਜਾ ਸਵਰਗ ਵਿਚ ਜਾ

ਬੈਠਾ ਸੀ ਤੇ ਰਿਖੀਆਂ ਤੋਂ ਸਰਾਪ ਮਿਲਣ ਕਰਕੇ ਸਵਰਗ 'ਚੋਂ ਧਰਤੀ ਉੱਤੇ ਆ ਕੇ ਸੱਪ ਦੀ ਜੂਨ ਵਿਚ ਆ ਗਿਆ ਸੀ।

## ਭੇਖਾਰੀ ਤੇ ਰਾਜੁ ਕਰਾਵੈ; ਰਾਜਾ ਤੇ ਭੇਖਾਰੀ॥

ਹੇ ਪ੍ਰਭੂ ! ਤੂੰ ਭੇਖਾਰੀ = ਮੰਗਤਿਆਂ ਤੇ = ਤੋਂ ਰਾਜਾ ਬਣਾ ਕੇ ਰਾਜ ਕਰਾਵੈ = ਕਰਵਾ ਦਿੰਦਾ ਹੈਂ ਅਤੇ ਰਾਜਾ = ਪਾਤਸ਼ਾਹ ਤੇ = ਤੋਂ ਭੇਖਾਰੀ = ਮੰਗਤਾ ਬਣਾ ਦਿੰਦਾ ਹੈਂ।

**ਸਾਖੀ—ਲੋਹੀਆ ਅਤੇ ਸੰਦਲੀ[੧] ਦੀ :** ਫੂਲ ਅਤੇ ਸੰਦਲੀ ਨਾਮ ਕਰਕੇ ਦੋ ਲੜਕੇ ਸਨ, ਇਨ੍ਹਾਂ ਦਾ ਪਿਤਾ ਰੂਪ ਚੰਦ ਸਮੇਂ ਅਨੁਸਾਰ ਕਾਲ ਵੱਸ ਹੋ ਗਿਆ। ਇਹ ਦੋਨੋਂ ਬੱਚੇ ਆਪਣੇ ਚਾਚੇ ਕਾਲੇ ਦੇ ਪਾਸ ਰਹਿੰਦੇ ਸਨ। ਜਦ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਮਾਲਵੇ ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਤੇ ਸਿੱਖਾਂ ਨੂੰ ਨਾਮ-ਬਾਣੀ ਦਾ ਉਪਦੇਸ਼ ਦਿੰਦੇ ਹੋਏ ਕਾਲੇ ਦੇ ਕੋਲ ਮਹਿਰਾਜ ਨਗਰ ਪਹੁੰਚੇ ਤਾਂ ਕਾਲੇ ਨੇ ਤਨੋਂ ਮਨੋਂ ਹੋ ਕੇ ਗੁਰੂ ਸਾਹਿਬ ਜੀ ਦੀ ਟਹਿਲ ਕਰ ਕੇ ਅਤਿ ਪ੍ਰਸੰਨਤਾ ਲੈਣਾ ਕੀਤੀ। ਇਕ ਦਿਨ ਦੋਹਾਂ ਬੱਚਿਆਂ ਨੂੰ ਕਾਲਾ ਸਿਖਾ ਕੇ ਆਪਣੇ ਨਾਲ ਲੈ ਕੇ ਇਕ ਬੱਚੇ ਨੂੰ ਚੁੱਕ ਕੇ ਤੇ ਦੂਜੇ ਨੂੰ ਆਪਣੀ ਉਂਗਲ ਫੜਾ ਕੇ ਗੁਰੂ ਸਾਹਿਬ ਜੀ ਕੋਲ ਆਇਆ ਤੇ ਉਨ੍ਹਾਂ ਨੇ ਆਉਂਦਿਆਂ ਹੀ ਸਤਿਗੁਰਾਂ ਨੂੰ ਨਮਸਕਾਰ ਕਰ ਕੇ ਆਪਣਾ ਪੇਟ ਵਜਾਉਣਾ ਅਰਥਾਤ ਪੇਟ 'ਤੇ ਹੱਥ ਮਾਰਨਾ ਸ਼ੁਰੂ ਕਰ ਦਿੱਤਾ। ਬੱਚਿਆਂ ਨੂੰ ਇਸ ਤਰ੍ਹਾਂ ਆਪਣੇ ਪੇਟ 'ਤੇ ਹੱਥ ਫੇਰਦਿਆਂ ਦੇਖ ਕੇ ਸਤਿਗੁਰਾਂ ਨੇ ਪੁੱਛਿਆ ਹੇ ਕਾਲੇ ! ਇਹ ਬੱਚੇ ਕੀ ਆਖਦੇ ਹਨ, ਜੈਸਾ ਕਿ :

**ਦੇਖਿ ਕ੍ਰਿਪਾਲ ਤਿਨਹੁਂ ਕੀ ਢਾਲ। ਬੂਝਯੋ ਕਾਲੇ ਕੋ ਸੁ ਹਵਾਲ।**
**ਇਹ ਬਾਲਿਕ ਦੋਨਹੁਂ ਕਯਾ ਕਰਿਹੀਂ ? ਹਾਥਿ ਪ੍ਰਹਾਰ ਉਦਰ ਪਰ ਧਰਿਹੀ॥੨੯॥**

ਉਸ ਵੇਲੇ ਕਾਲੇ ਨੇ ਹੱਥ ਜੋੜ ਕੇ ਸਤਿਗੁਰਾਂ ਨੂੰ ਕਿਹਾ ਕਿ ਸਤਿਗੁਰੂ ਜੀ ਇਹ ਬੜੇ ਦੀਨ ਹਨ। ਇਨ੍ਹਾਂ ਦੇ ਮਾਤਾ-ਪਿਤਾ ਮ੍ਰਿਤੂ ਹੋ ਚੁੱਕੇ ਹਨ, ਮੇਰੇ ਕੋਲ ਰਹਿ ਕੇ ਪਲ ਰਹੇ ਹਨ, ਇਹ ਵਿਚਾਰੇ ਭੁੱਖੇ ਹਨ। ਇਸ ਲਈ ਪੇਟ 'ਤੇ ਹੱਥ ਮਾਰ ਕੇ ਆਪ ਜੀ ਦੀ ਕਿਰਪਾ ਦੁਆਰਾ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਨ।

ਇਹ ਗੱਲ ਸੁਣ ਕੇ ਹਜ਼ੂਰ ਨੇ ਕਿਰਪਾ ਦੇ ਘਰ ਵਿਚ ਆ ਕੇ ਕਿਹਾ ਕਿ ਜੋ ਛੋਟਾ ਬੱਚਾ ਤੂੰ ਗੋਦੀ ਚੁੱਕਿਆ ਹੋਇਆ ਹੈ, ਇਹ ਵੱਡਿਆਂ ਤੋਂ ਵੱਡਾ ਬਣੇਗਾ। ਇਸ ਦਾ ਬੰਸ ਬਹੁਤ ਵਧੇਗਾ। ਇਹ ਵੱਡਾ ਰਾਜਾ ਬੜੀ ਸੈਨਾ ਵਾਲਾ ਤੇ ਬੜੇ ਪਦਾਰਥਾਂ ਵਾਲਾ ਹੋਵੇਗਾ। ਘੋੜਿਆਂ ਨੂੰ ਜਮਨਾ ਵਿਚ ਜਾ ਕੇ ਪਾਣੀ ਪਿਲਾਵੇਗਾ ਭਾਵ ਜਮਨਾ ਤਕ ਰਾਜ ਕਰੇਗਾ। ਜੈਸਾ ਕਿ :

**ਮਹਿਪਾਲਕ ਬਡ ਸੈਨ ਸਮੇਤਾ। ਸਕਲ ਪਦਾਰਥ ਹੋਹਿਂ ਨਿਕੇਤਾ।**
**ਜਮਨਾ ਮਹਿਂ ਜਲ ਪਾਨ ਕਰਾਵੈ। ਚਢਿ ਤੁਰੰਗ ਨਿਜ ਓਜ ਜਨਾਵੈ॥੩੨॥**

ਦੂਸਰੇ ਲੜਕੇ ਨੂੰ ਸਤਿਗੁਰਾਂ ਨੇ ਇਹ ਬਚਨ ਕੀਤੇ, ਜੈਸਾ ਕਿ :

**ਨੀਚੇ ਬਾਲਿਕ ਜੋ ਅਬਿ ਖਰੋ। ਇਸ ਕੋ ਬੰਸ ਹੋਹਿ ਜਗ ਖਰੋ॥੩੩॥**
**ਰਾਜ ਸਹਿਤ ਚੌਧਰਤਾ ਕਰੇ। ਨਾਮ ਚੌਧਰੀ ਸਭ ਮਹਿਂ ਪਰੇ।**
**ਬਰ ਕੇ ਸਹਿਤ ਗੁਰੂ ਕੇ ਬੈਨ। ਸੁਨਿ ਕਾਲਾ ਪ੍ਰਫੁਲਤਿ ਨੈਨ॥੩੪॥**

---

੧. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਅੰਦਰ ਭਾਈ ਸੰਤੋਖ ਸਿੰਘ ਜੀ ਨੇ ਫੂਲ ਦੀ ਥਾਂ ਲੋਹੀਆ ਨਾਮ ਲਿਖਿਆ ਹੈ।
ਲੋਹੀਆ ਦੂਸਰ ਸੰਧਲੀ ਬਾਲ ਅਵਸਥਾ ਮਾਂਹਿ।
ਕਾਲੇ ਕੇਰ ਭਤੀਜ ਦ੍ਵੈ, ਪਿਤਾ ਮਾਤ ਮ੍ਰਿਤੁ ਤਾਂਹਿ॥੨੪॥
ਅਲਪ ਬੈਸ ਮਹਿਂ ਦੋਨਹੁ ਰਹੇ। ਮਾਤਾ ਪਿਤਾ ਮ੍ਰਿਤੂ ਪਦ ਲਹੇ।
ਕਾਲੇ ਤਬਿ ਹਿਤ ਕਰਿ ਪ੍ਰਤਿਪਾਰੇ। ਨਿਜ ਪੁੱਤ੍ਰਨਿ ਸਮ ਤਿਨਹੁ ਨਿਹਾਰੇ॥੨੫॥ *(ਰਾਸਿ ੧੦, ਅੰਸੂ ੯)*

ਇਉਂ ਜੋ ਕਾਲੇ ਦੇ ਭਤੀਜੇ ਮੰਗਤੇ (ਗ਼ਰੀਬ) ਸਨ, ਉਹ ਸਤਿਗੁਰਾਂ ਦੀ ਬਖ਼ਸ਼ਿਸ਼ ਪਾ ਕੇ ਰਾਜੇ ਮਹਾਰਾਜੇ ਹੋ ਗਏ ਸਨ ਅਤੇ ਰਾਜੇ ਗੋਪੀਚੰਦ ਨੂੰ ਭੇਖਾਰੀ ਕਰ ਦਿੱਤਾ ਸੀ।

ਜਿਸ ਪ੍ਰਕਾਰ ਅੱਗੇ ਇਨ੍ਹਾਂ ਦੀ ਵੰਸ਼ ਚੱਲੀ ਹੈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ:

**ਪ੍ਰਣਾਲੀ :** ਕਾਲੇ ਦੇ ਭਰਾ ਦਾ ਨਾਮ ਰੂਪ ਚੰਦ ਸੀ ਤੇ ਇਨ੍ਹਾਂ ਦੇ ਪਿਤਾ ਦਾ ਨਾਮ ਮੋਹਨ ਸੀ। ਰੂਪ ਚੰਦ ਦੇ ਦੋ ਸਪੁੱਤਰ ਸਨ—੧. ਸੰਦਲੀ, ੨. ਫੂਲ।

ਅੱਗੇ ਫੂਲ ਦੇ ੬ ਪੁੱਤਰ ਹੋਏ ਹਨ। ਫੂਲ ਦੇ ਸਮੇਂ ਦਿੱਲੀ ਦੇ ਤਖ਼ਤ ਉੱਤੇ ਬਾਦਸ਼ਾਹ ਸ਼ਾਹਜਹਾਨ ਸੀ। ਸ਼ਾਹਜਹਾਨ ਨੇ ਹੀ ਇਲਾਕੇ ਦੇ ਹਾਕਮਾਂ ਦੇ ਕਹਿਣ 'ਤੇ ਫੂਲ ਨੂੰ ਇਲਾਕੇ ਦਾ ਚੌਧਰੀ ਬਣਾ ਦਿੱਤਾ ਸੀ। ੧. ਭਾਈ ਤਿਲੋਕਾ, ੨. ਭਾਈ ਰਾਮਾ, ੩. ਰਾਘੂ, ੪. ਚੰਨੂ, ੫. ਝੰਡੂ, ੬. ਤਖ਼ਤ ਮਲ।

ਭਾਈ ਤਿਲੋਕਾ ਤੇ ਭਾਈ ਰਾਮਾ ਇਨ੍ਹਾਂ ਦੋਹਾਂ ਨੇ ਗੁਰੂ ਕੀ ਕਾਂਸ਼ੀ ਸ੍ਰੀ ਦਮਦਮਾ ਸਾਹਿਬ ਦਸਮੇਸ਼ ਪਿਤਾ ਜੀ ਦੀ ਬਹੁਤ ਸੇਵਾ ਕੀਤੀ ਅਤੇ ਸਤਿਗੁਰਾਂ ਦੀ ਹਜ਼ੂਰੀ ਵਿਚ ਰਹਿ ਕੇ ਅੰਮ੍ਰਿਤ ਛਕਿਆ।

ਭਾਈ ਤਿਲੋਕੇ ਦਾ ਨਾਮ ਅੰਮ੍ਰਿਤ ਛਕਣ ਤੋਂ ਬਾਅਦ ਤਿਲੋਕ ਸਿੰਘ ਤੇ ਭਾਈ ਰਾਮੇ ਦਾ ਨਾਮ ਭਾਈ ਰਾਮ ਸਿੰਘ ਹੋਇਆ।

**ਸਾਖੀ—ਇਕ ਮਹਾਤਮਾ ਦੀ ਰਾਜਾ ਬਨਣ ਦੀ :** ਇਕ ਰਾਜਾ ਮਹਾਤਮਾ ਦਾ ਸਤਿਸੰਗੀ ਸੀ ਤੇ ਉਨ੍ਹਾਂ ਦੀ ਬੜੀ ਸ਼ਰਧਾ ਤੇ ਪਿਆਰ ਨਾਲ ਸੇਵਾ ਕਰਦਾ ਸੀ। ਇਕ ਸਮੇਂ ਮਹਾਤਮਾ ਦੇ ਕੋਲੋਂ ਵੈਰਾਗ ਦੇ ਬਚਨ ਸੁਣ ਕੇ ਹਿਰਦਾ ਦ੍ਰਵ ਆਇਆ। ਮਹਾਤਮਾ ਜਨਾਂ ਨੂੰ ਬੇਨਤੀ ਕੀਤੀ ਕਿ ਮਹਾਤਮਾ ਜੀ ਮੈਂ ਕੁਝ ਸਮਾਂ ਜੰਗਲ ਵਿਚ ਤਪੱਸਿਆ ਕਰ ਆਵਾਂ ਤੇ ਉਤਨਾ ਚਿਰ ਤੁਸੀਂ ਮੇਰਾ ਰਾਜ ਭਾਗ ਸੰਭਾਲਣਾ ਕਰੋ। ਮਹਾਤਮਾ ਨੇ ਜਵਾਬ ਦੇ ਦਿੱਤਾ, ਜਦ ਮਹਾਤਮਾ ਨੇ ਇਨਕਾਰ ਕਰ ਦਿੱਤਾ ਤਾਂ ਰਾਜੇ ਨੇ ਮਹਾਤਮਾ ਦੇ ਚਰਨ ਪਕੜ ਲਏ, ਅਖ਼ੀਰ ਮਹਾਤਮਾ ਨੂੰ ਰਾਜ ਦੇ ਕੇ ਰਾਜਾ ਆਪ ਜੰਗਲ ਨੂੰ ਚਲਿਆ ਗਿਆ। ਮਹਾਤਮਾ ਰਾਜਨੀਤੀ ਨੂੰ ਨਹੀਂ ਜਾਣਦੇ ਸਨ।

ਗਵਾਂਢੀ ਰਾਜੇ ਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਪਰਜਾ ਦੇ ਲੋਕ ਤਾਂ ਸੰਤਾਂ ਨੇ ਭਜਨ ਸਿਮਰਨ ਵਿਚ ਜੋੜ ਦਿੱਤੇ ਹਨ, ਰਾਜ ਪ੍ਰਬੰਧ ਕੋਈ ਨਹੀਂ ਕਰਦਾ, ਤਦ ਉਸ ਨੇ ਵਿਚਾਰ ਕੀਤੀ ਕਿ ਮੈਂ ਕਿਉਂ ਨਾ ਚੜ੍ਹਾਈ ਕਰਕੇ ਉਸ ਰਾਜ ਨੂੰ ਆਪਣੇ ਰਾਜ ਵਿਚ ਮਿਲਾ ਲਵਾਂ? ਸੋ ਉਸ ਨੇ ਫ਼ੌਜਾਂ ਸਮੇਤ ਚੜ੍ਹਾਈ ਕਰ ਦਿੱਤੀ। ਇਧਰ ਵਜ਼ੀਰਾਂ ਤੇ ਅਹਿਲਕਾਰਾਂ ਨੂੰ ਪਤਾ ਲੱਗਿਆ ਕਿ ਕੋਈ ਵੈਰੀ ਚੜ੍ਹ ਕੇ ਆ ਰਿਹਾ ਹੈ, ਮਹਾਤਮਾ ਕੋਲ ਜਾ ਕੇ ਬੇਨਤੀ ਕੀਤੀ ਕਿ ਆਪ ਜੀ ਸਾਨੂੰ ਤਿਆਰੀ ਦਾ ਹੁਕਮ ਦਿਓ। ਸੰਤ ਕਹਿਣ ਲੱਗੇ 'ਹਲਵਾ ਤਿਆਰ ਕਰੋ।' ਫਿਰ ਦੂਸਰੇ ਦਿਨ ਬੇਨਤੀ ਕੀਤੀ ਕਿ ਹੁਕਮ ਦਿਓ ਫੌਜ ਤਿਆਰੀ ਕਰੇ। ਮਹਾਤਮਾ ਜਨਾਂ ਫੇਰ ਕਿਹਾ ਕਿ 'ਹਲਵਾ ਬਣਾ ਕੇ ਸਭ ਨੂੰ ਖੁਆਉਣਾ ਕਰੋ।'

ਇਸ ਪ੍ਰਕਾਰ ਚਾਰ ਦਿਨ ਹਲਵਾ ਬਣਦਾ ਰਿਹਾ, ਇਧਰੋਂ ਗਨੀਮ ਰਾਜਾ ਵੀ ਸ਼ਹਿਰ ਦੇ ਕੋਲ ਪੁੱਜ ਗਿਆ। ਫੇਰ ਅਹਿਲਕਾਰਾਂ ਦੇ ਬੇਨਤੀ ਕਰਨ ਉੱਤੇ ਮਹਾਤਮਾ ਜਨਾਂ ਕੋਲੋਂ ਉੱਤਰ ਮਿਲਿਆ ਕਿ 'ਦੱਬ ਕੇ ਹਲਵਾ ਤਿਆਰ ਕਰੋ, ਆਪ ਵੀ ਖਾਵੋ, ਉਸ ਰਾਜੇ ਨੂੰ ਵੀ ਸਾਥੀਆਂ ਸਮੇਤ ਖੁਆਓ।' ਸੋ ਇਸੇ ਤਰ੍ਹਾਂ ਹੀ ਕੀਤਾ ਗਿਆ, ਜਦੋਂ ਵੈਰੀ ਰਾਜਾ ਮਹਾਤਮਾ ਦੇ ਕੋਲ ਆਇਆ ਤਾਂ ਮਹਾਤਮਾ ਨੇ ਆਪਣੀ ਫਟੀ ਹੋਈ ਕੰਬਲੀ ਚੁੱਕ ਕੇ ਕਿਹਾ—'ਲੈ ਭਾਈ! ਚਾਰ ਦਿਨ ਹਲਵਾ ਅਸੀਂ ਖਾ ਲਿਆ ਹੈ, ਹੁਣ ਚਾਰ ਦਿਨ ਤੂੰ ਵੀ ਖਾ ਲੈ।' ਇਤਨਾ ਆਖ ਕੇ ਮਹਾਤਮਾ ਜੀ ਜੰਗਲ ਵੱਲ ਚਲੇ ਗਏ। ਇਉਂ ਪਰਮੇਸ਼ਰ ਦੀ ਅਸਚਰਜ ਖੇਡ ਹੈ, ਪਹਿਲਾਂ ਭਿਖਾਰੀ ਤੋਂ ਰਾਜਾ ਬਣਾਇਆ। ਇਹ ਸਾਖੀ ਸ੍ਰੀ ਮਾਨ ਗਿ: ਭਗਵਾਨ ਸਿੰਘ ਜੀ ਦੀ *ਸਟੀਕ ਭਗਤ ਬਾਣੀ* ਦੇ ੮੪੪ ਪੰਨੇ ਉੱਤੇ ਛਪੀ ਹੋਈ ਹੈ। ਫੇਰ ਰਾਜੇ ਤੋਂ ਭਿਖਾਰੀ ਕਰ ਦਿੱਤਾ।

# ਖਲ ਮੂਰਖ ਤੇ ਪੰਡਿਤੁ ਕਰਿਬੋ; ਪੰਡਿਤ ਤੇ ਮੁਗਧਾਰੀ ॥੩॥

ਹੇ ਪਰਮੇਸ਼ਰ ! ਤੂੰ ਖਲ ਮੂਰਖ = ਅਤਿਅੰਤ ਬੇਸਮਝ (ਮੂਰਖ) **ਵਾ:** ਖਲ = ਬੇਸਮਝ ਮੂਰਖ ਪੁਰਖ ਤੇ = ਤੋਂ ਪੰਡਿਤੁ = ਵਿਦਵਾਨ ਕਰਿਬੋ = ਕਰ ਦਿੰਦਾ ਹੈਂ ਅਤੇ ਪੰਡਿਤ = ਵਿਦਵਾਨ ਤੇ = ਤੋਂ ਮੁਗਧਾਰੀ = ਮੂਰਖ ਕਰ ਦਿੰਦਾ ਹੈਂ ॥੩॥

**ਸਾਖੀ—ਕਾਲੀ ਦਾਸ ਦੀ :** ਇਸੇ ਤੁਕ ਦੇ ਸਿਧਾਂਤ ਨੂੰ ਸੌਖਾ ਸਮਝਣ ਲਈ ਕੁਝ ਅਸਲੀਅਤ ਤੇ ਕੁਝ ਕਲਪਨਾ ਦੇ ਆਧਾਰ 'ਤੇ ਪ੍ਰਚੱਲਿਤ ਗ੍ਰੰਥਾਂ ਵਿਚ ਕਹਾਣੀ ਕਹੀ ਜਾਂਦੀ ਹੈ, ਸਾਡਾ ਮਤਲਬ ਅਰਥ ਨੂੰ ਸੌਖਿਆਂ ਸਮਝਣ ਦਾ ਹੈ ਸਾਖੀ ਦੇ ਸਤ ਜਾਂ ਮਿਥਿਆ ਦਾ ਨਹੀਂ। ਇਕ ਮਹਾਨ ਵਿਦਵਾਨ ਪੰਡਤ ਸੀ, ਉਸ ਦੇ ਘਰ ਇਕ ਦਿਵਯ ਸਰੂਪ ਵਾਲੀ ਕੰਨਿਆ ਪੈਦਾ ਹੋਈ। ਪੁੱਤਰ ਕੋਈ ਨਹੀਂ ਸੀ। ਉਸ ਨੇ ਇਸ ਲੜਕੀ ਨੂੰ ਹੀ ਪੁੱਤਰ ਜਾਣ ਕੇ ਪਾਲਿਆ, ਤੇ ਸਮੇਂ ਅਨੁਸਾਰ ਉਸ ਨੂੰ ਚੰਗਾ ਪੜ੍ਹਾਇਆ। ਜਦ ਵਿਦਿਆ ਵਿਚ ਨਿਪੁੰਨ ਹੋ ਗਈ ਤਾਂ ਉਸ ਦਾ ਨਾਮ ਵੀ 'ਵਿਦਿਆ' ਰੱਖ ਦਿੱਤਾ।

ਇਕ ਦਿਨ ਇਸ ਦਾ ਪਿਤਾ ਕੁਝ ਪਾਠ ਕਰ ਰਿਹਾ ਸੀ, ਵਿਦਿਆ ਪਾਸ ਬੈਠੀ ਸੁਣ ਰਹੀ ਸੀ ਇਕ ਜਗ੍ਹਾ ਉਹ ਭੁੱਲ ਗਿਆ ਤਾਂ ਉਸ ਲੜਕੀ ਨੇ ਹੰਕਾਰ ਦੇ ਸਹਿਤ ਕਿਹਾ—'ਅਸੁਧ ਵਕਤਬਯੰ'।

ਇਤਨੀ ਗੱਲ ਸੁਣ ਕੇ ਪਿਤਾ ਨੂੰ ਗੁੱਸਾ ਆ ਗਿਆ ਕਿ ਇਹ ਮੇਰੀ ਹੀ ਪੜ੍ਹਾਈ ਹੋਈ ਮੈਨੂੰ ਹੀ ਅਸੁੱਧ ਵਕਤਾ ਕਹਿੰਦੀ ਹੈ, ਪੰਡਤ ਬੋਲਿਆ—ਅਰੀ ਮੂਰਖ ! ਤੈਨੂੰ ਆਪਣੀ ਵਿੱਦਿਆ ਦਾ ਹੰਕਾਰ ਹੈ, ਮੈਂ ਤੇਰੀ ਸ਼ਾਦੀ ਮਹਾਂ ਜੜ੍ਹ ਨਿਰਾਖਰ ਭੱਟਾਚਾਰਜ ਦੇ ਨਾਲ ਕਰਾਂਗਾ। ਫੇਰ ਦੇਖਾਂਗਾ ਤੇਰਾ ਹੰਕਾਰ।

ਇਹ ਗੱਲ ਕਹਿ ਕੇ ਮੂਰਖ ਬ੍ਰਾਹਮਣ ਦੀ ਤਲਾਸ਼ ਕਰਨ ਲੱਗ ਪਿਆ। ਕਾਫ਼ੀ ਸਮੇਂ ਦੀ ਖੋਜ ਮਗਰੋਂ ਉਸ ਨੂੰ ਅਤੀ ਮੂਰਖ ਕਾਲੀਦਾਸ ਮਿਲ ਗਿਆ। ਜੋ ਸ਼ਕਲ ਦਾ ਕਾਲਾ ਤੇ ਅਕਲ ਦਾ ਵੀ ਕਾਲਾ ਸੀ। ਉਸ ਨਾਲ ਆਪਣੀ ਕੰਨਿਆਂ ਵਿਆਹ ਦਿੱਤੀ। ਸ਼ਾਦੀ ਤੋਂ ਮਗਰੋਂ ਲੜਕੀ ਆਪਣੇ ਘਰ ਜਾ ਕੇ ਕਾਲੀ ਦਾਸ ਨੂੰ ਪੁੱਛਣ ਲੱਗੀ :

'ਕਸ ਮਨ ਸ਼ਾਸਤਰੋ ਅਧੀਤਾਮ' ਦੋ ਤਿੰਨ ਵਾਰੀ ਪੁੱਛਿਆ ਪਰ ਕਾਲੀ ਦਾਸ ਤਾਂ ਅਤੀ ਮੂਰਖ ਸੀ। ਕੁਝ ਨਾ ਸਮਝਿਆ, ਵਿਦਿਆ ਦੇ ਮੂੰਹ ਵੱਲ ਵੇਖੀ ਜਾਵੇ ਕਿ ਇਹ ਕੀ ਬੋਲਦੀ ਹੈ। ਆਖ਼ਰ ਸ਼ਾਸਤ੍ਰੋ ਪ੍ਰਵਿਰਤੀ ਕੰਨਿਆ ਜਾਣ ਗਈ ਕਿ ਇਹ ਤਾਂ ਅਤੀ ਮੂਰਖ ਹੈ। ਕ੍ਰੋਧ ਨਾਲ ਉਸ ਨੂੰ ਉਪਰੋਂ ਬਾਰੀ ਵਿੱਚੋਂ ਹੇਠਾਂ ਸੁੱਟ ਦਿੱਤਾ। ਹੇਠਾਂ ਦੇਵੀ ਦਾ ਮੰਦਰ ਸੀ, ਕਾਲੀ ਦਾਸ ਉਸ ਦੇ ਉਪਰ ਡਿੱਗਿਆ। ਨੱਕ ਅਤੇ ਮੂੰਹ ਵਿੱਚੋਂ ਖ਼ੂਨ ਵਹਿ ਤੁਰਿਆ। ਇਤਨੇ ਵਿਚ ਹੀ ਦੇਵੀ ਪ੍ਰਸੰਨ ਹੋ ਕੇ ਪ੍ਰਗਟ ਹੋ ਗਈ ਤੇ ਕਹਿਣ ਲੱਗੀ—'ਬਰੰਬਰੂਹ' ਵਰ ਮੰਗ ਤੂੰ ਕੀ ਚਾਹੁੰਦਾ ਹੈਂ ? ਕਾਲੀ ਦਾਸ ਨੇ ਸਮਝਿਆ ਕਿ ਦੇਵੀ ਪੁੱਛਦੀ ਹੈ ਕਿ ਤੈਨੂੰ ਕਿਸ ਨੇ ਮਾਰਿਆ ਹੈ ਉਸ ਨੇ ਕਿਹਾ—ਵਿੱਦਿਆ ਵਿੱਦਿਆ।

ਭਾਵ ਮੈਨੂੰ ਵਿੱਦਿਆ ਨੇ ਧੱਕਾ ਦਿੱਤਾ ਹੈ।

ਦੇਵੀ ਨੇ ਜਾਣਿਆ ਕਿ ਇਹ ਵਿਦਿਆ ਵਾਸਤੇ ਵਰ ਮੰਗਦਾ ਹੈ, ਦੇਵੀ ਨੇ ਕਿਹਾ—'ਤਥਾ ਅਸਤੂ' ਉਸ ਵੇਲੇ ਚੌਦਾਂ ਪ੍ਰਕਾਰ ਦੀ ਜੋ ਵਿਦਿਆ ਹੈ, ਉਹ ਸਾਰੀ ਸਫੁਰਨ ਹੋ ਗਈ।

ਵਿਦਿਆ ਦੇ ਸਫੁਰਨ ਹੋਣ ਨਾਲ ਆਪਣੀ ਘਰਵਾਲੀ ਵਿਦਿਆ ਪਾਸ ਆ ਕੇ ਕਹਿਣ ਲੱਗਾ—

'ਅਪੀ ਪਿਤਾ ਗੁਰੂ ਧਿਕਾਰਨੀ ਪੂਛ ਤਬਯੰ।'

ਵਿਦਿਆ ਹੈਰਾਨ ਹੋ ਕੇ ਪੁੱਛਣ ਲੱਗੀ—ਇਹ ਵਿਦਿਆ ਕਿਥੋਂ ਪਾਈ ਹੈ ? ਤਾਂ ਉਸ ਨੇ ਦੇਵੀ ਦਾ ਵਰ ਦੱਸਿਆ ਕਿ ਦੇਵੀ ਨੇ ਮੈਨੂੰ ਵਿਦਿਆ ਦਾ ਵਰ ਦਿੱਤਾ ਹੈ, ਇਉਂ ਉਹ ਪਰਮੇਸ਼ਰ ਅਤੀਅੰਤ ਮੂਰਖਾਂ ਨੂੰ ਪੰਡਤ ਬਣਾ ਦਿੰਦਾ ਹੈ ਅਤੇ ਕਈਆਂ ਤੋਂ ਚੰਗਾ ਵਿਦਮਾਨ ਪੰਡਿਤ ਅਜਾਮਲ ਸੀ, ਉਸ ਨੂੰ ਵੇਸਵਾ ਦੇ ਸੰਗ ਹੋਣ ਕਰਕੇ ਅਤੀਅੰਤ ਮੂਰਖ ਕਰ ਦਿੱਤਾ।

**ਸਾਖੀ—ਛੱਜੂ ਝੀਵਰ ਦੀ :** ਜਿਸ ਵੇਲੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਿੱਲੀ ਨੂੰ ਜਾ ਰਹੇ ਸਨ। ਜਦੋਂ ਸਤਿਗੁਰੂ ਜੀ ਨਗਰ ਪੰਜੋਖਰਾ ਸਾਹਿਬ ਪਹੁੰਚੇ ਸਨ, ਉਥੇ ਨਗਰ ਤੋਂ ਬਾਹਰ ਉਤਾਰਾ ਕੀਤਾ। ਉਥੇ ਇਕ ਵਿਦਿਆ ਅਭਿਮਾਨੀ ਪੰਡਤ, ਲਾਲ ਚੰਦ ਸੀ ਜਿਹੜਾ ਆਪਣੇ ਸਮਾਨ ਦੂਸਰੇ ਨੂੰ ਗਿਣਦਾ ਨਹੀਂ ਸੀ, ਜਿਸ ਵਿਚ ਦੋ ਅਭਿਮਾਨ ਇਕੱਠੇ ਸਨ, ਇਕ ਤਾਂ ਵਿਦਿਆ ਦਾ ਅਭਿਮਾਨ, ਦੂਜਾ ਜਾਤੀ ਅਭਿਮਾਨ ਕਿ ਮੈਂ ਬ੍ਰਾਹਮਣ ਹਾਂ। ਸੁਭਾਵਿਕ ਹੀ ਉਥੇ ਆ ਪਹੁੰਚਿਆ, ਜਿਥੇ ਸਤਿਗੁਰੂ ਜੀ ਦਾ ਡੇਰਾ ਲੱਗਿਆ ਹੋਇਆ ਸੀ। ਉਸ ਨੇ ਇਕ ਸਿੱਖ ਨੂੰ ਪੁੱਛਿਆ ਕਿ ਇਥੋਂ ਕੌਣ ਉਤਰਿਆ ? ਕਿਥੋਂ ਆਇਆ ਹੈ ? ਕਿਥੇ ਜਾ ਰਿਹੈ ? ਇਸਦਾ ਨਾਮ ਕੀ ਹੈ ? ਤਦ ਸਿੱਖ ਨੇ ਕਿਹਾ ਜੈਸਾ ਕਿ :

**ਕਹਯੋ ਸਿਖ ਨੇ 'ਸਤਿਗੁਰ ਅਹੈਂ॥ ਸ੍ਰੀ ਹਰਿਕ੍ਰਿਸ਼ਨ ਨਾਮ ਜਗ ਕਹੈਂ॥**
**ਸ੍ਰੀ ਨਾਨਕ ਗਾਦੀ ਪਰ ਥਿਤ ਹੈਂ॥ ਹਰਿ ਅਵਤਰੇ ਸ਼ੁਭਤਿ ਜਸ ਚਿਤ ਹੈਂ॥**

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੩੮)*

ਇਹ ਸੁਣ ਕੇ ਪੰਡਤ ਸਤਿਗੁਰਾਂ ਦੀ ਵਡਿਆਈ ਸਹਿਣ ਨਾ ਕਰ ਸਕਿਆ। ਮਨ ਵਿਚ ਖੁਨਸਿਆ, ਹੰਕਾਰ ਦਾ ਅੰਨ੍ਹਾ ਕੀਤਾ ਹੋਇਆ ਕਹਿਣ ਲੱਗਿਆ ਕਿ ਦੁਆਪਰ ਵਿਚ ਈਸ਼ਵਰ ਅਵਤਾਰ ਭਗਵਾਨ ਜੀ ਹੋਏ ਹਨ। ਉਨ੍ਹਾਂ ਨੂੰ ਸਾਰਾ ਜਗ ਕ੍ਰਿਸ਼ਨ ਜੀ ਦੇ ਨਾਮ ਨਾਲ ਜਾਣਦਾ ਹੈ ਪਰ ਇਨ੍ਹਾਂ ਨੇ ਆਪਣਾ ਨਾਮ ਭਗਵਾਨ ਕ੍ਰਿਸ਼ਨ ਤੋਂ ਵੀ ਵੱਡਾ ਰਖਾਇਆ ਹੈ। ਉਨ੍ਹਾਂ ਦਾ ਨਾਮ ਸ੍ਰੀ ਕ੍ਰਿਸ਼ਨ ਤੇ ਇਨ੍ਹਾਂ ਦਾ ਨਾਮ ਸ੍ਰੀ ਹਰਿ ਕ੍ਰਿਸ਼ਨ। ਭਗਵਾਨ ਕ੍ਰਿਸ਼ਨ ਨੇ ਗੀਤਾ ਨਾਮ ਦਾ ਗ੍ਰੰਥ ਬਣਾਇਆ ਹੈ, ਜਿਸ ਨੂੰ ਪੜ੍ਹ ਸੁਣ ਕੇ ਲੋਕ ਗਿਆਨ ਦੇ ਰਸਤੇ ਚੱਲਦੇ ਹਨ। ਗੀਤਾ ਦੇ ਸਲੋਕ ਬੜੇ ਮਹਾਨ ਅਰਥ ਵਾਲੇ ਹਨ। ਬ੍ਰਾਹਮਣ ਸਿੱਖ ਨੂੰ ਕਹਿਣ ਲੱਗਾ ਕਿ ਵੱਡੇ ਵੱਡੇ ਨਾਮ ਧਰਾਉਣੇ ਸੌਖੇ ਹਨ, ਭਗਵਾਨ ਕ੍ਰਿਸ਼ਨ ਦੇ ਉਚਾਰਨ ਕੀਤੇ ਗੀਤਾ ਦੋ ਸਲੋਕ, ਉਨ੍ਹਾਂ ਦੇ ਅਰਥ ਹੀ ਕਰਕੇ ਵਿਖਾ ਦੇਣ, ਫੇਰ ਮੈਂ ਮੰਨ ਜਾਵਾਂਗਾ ਕਿ ਇਨ੍ਹਾਂ ਦਾ ਧਰਾਇਆ ਨਾਮ ਸਾਰਥ ਹੈ। ਨਹੀਂ ਤਾਂ ਨਾਮ ਧਰਾਉਣਾ ਝੂਠ ਹੀ ਹੈ। ਇਸ ਸੁਣ ਕੇ ਸਿੱਖ ਨੇ ਕਿਹਾ ਕਿ ਤੂੰ ਇਥੇ ਹੀ ਖੜ੍ਹਾ ਰਹਿ, ਮੈਂ ਹੁਣੇ ਹੀ ਸਤਿਗੁਰੂ ਜੀ ਤੋਂ ਉੱਤਰ ਲੈ ਕੇ ਆਉਂਦਾ ਹਾਂ। ਗੁਰੂ ਸਮਰੱਥ ਹੈ, ਤੇਰਾ ਉੱਤਰ ਜ਼ਰੂਰ ਦੇਵੇਗਾ। ਇਹ ਕਹਿ ਕੇ ਸਿੱਖ ਗੁਰੂ ਜੀ ਕੋਲ ਗਿਆ, ਸਿਰ ਨਿਵਾ ਕੇ ਬੇਨਤੀ ਕੀਤੀ ਕਿ ਹੰਕਾਰੀ ਬ੍ਰਾਹਮਣ ਆਪ ਜੀ 'ਤੇ ਸ਼ੰਕਾ ਕਰ ਰਿਹਾ ਹੈ। ਕਹਿੰਦਾ ਹੈ ਕਿ ਗੀਤਾ ਦੇ ਅਰਥ ਹੀ ਕਰਕੇ ਵਿਖਾ ਦੇਣ। ਸਤਿਗੁਰੂ ਸਾਹਿਬ ਜੀ ਨੇ ਮੁਸਕਰਾ ਕੇ ਬਚਨ ਕੀਤਾ ਕਿ ਬ੍ਰਾਹਮਣ ਨਿਸ਼ਰਧਕ ਹੈ, ਜੇ ਉੱਤਰ ਚਾਹੁੰਦਾ ਹੈ ਤਾਂ ਮੇਰੇ ਕੋਲ ਆ ਕੇ ਉੱਤਰ ਲਵੇ। ਜਿਵੇਂ ਚਾਹੁੰਦਾ ਹੈ ਉਸੇ ਤਰ੍ਹਾਂ ਉੱਤਰ ਦੇ ਦਿਆਂਗੇ। ਇਹਦੇ ਮਨ ਬੁੱਧ ਰੂਪ ਨੇਤਰਾਂ ਵਿਚ ਹੰਕਾਰ ਰੂਪੀ ਮੋਤੀਆ ਉਤਰਿਆ ਹੋਇਆ ਹੈ। ਇਸ ਦੀ ਦਵਾਈ ਗਿਆਨ ਰੂਪੀ ਸੁਰਮਾ ਹੈ, ਜੋ ਇਸਦੇ ਮਨ ਬੁੱਧ ਰੂਪ ਨੇਤਰਾਂ ਵਿੱਚੋਂ ਹੰਕਾਰ ਰੂਪੀ ਮੋਤੀਆ ਦੂਰ ਕਰਨ ਵਾਲਾ ਹੈ। ਸਿੱਖ ਨੇ ਬ੍ਰਾਹਮਣ ਨੂੰ ਜਾ ਕੇ ਕਿਹਾ ਕਿ ਗੁਰੂ ਜੀ ਕੋਲ ਜਾ ਕੇ ਆਪਣਾ ਉੱਤਰ ਲੈ ਲਵੋ। ਉਤਸ਼ਾਹ ਨਾਲ ਚੱਲਿਆ, ਹੰਕਾਰ ਵਿਚ ਜਾ ਕੇ ਕੋਲ ਬੈਠ ਗਿਆ। ਇਸ ਨੂੰ ਦੇਖ ਕੇ ਸਤਿਗੁਰੂ ਜੀ ਬੋਲੇ ਕਿ ਹੇ ਬ੍ਰਾਹਮਣ ! ਤੂੰ ਕੀ ਜਾਨਣਾ ਚਾਹੁੰਦਾ ਹੈਂ। ਬ੍ਰਾਹਮਣ ਨੇ ਉਹੀ ਗੱਲ ਦੁਹਰਾਈ ਕਿ ਦੁਆਪਰ ਵਿਚ ਭਗਵਾਨ ਕ੍ਰਿਸ਼ਨ ਜੀ ਅਵਤਾਰ ਹੋਏ ਹਨ, ਉਨ੍ਹਾਂ ਨੇ ਗੀਤਾ ਰਚੀ ਹੈ, ਤੁਸੀਂ ਆਪਣਾ ਨਾਮ ਭਗਵਾਨ ਕ੍ਰਿਸ਼ਨ ਤੋਂ ਵੱਡਾ ਹਰਿ ਕ੍ਰਿਸ਼ਨ ਰਖਾਇਆ ਹੈ। ਸੋ ਭਗਵਾਨ ਜੀ ਦੇ ਉਚਾਰਨ ਕੀਤੇ ਗੀਤਾ ਦੇ ਸਲੋਕਾਂ ਦੇ ਅਰਥ ਕਰਕੇ ਵਿਖਾ ਦਿਓ ਤਾਂ ਮੈਂ ਸਮਝਾਂਗਾ ਕਿ ਤੁਹਾਡਾ ਹਰਿਕ੍ਰਿਸ਼ਨ ਨਾਮ ਧਰਾਇਆ ਸਫਲਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਬ੍ਰਾਹਮਣ ਦੀ ਗੱਲ ਸੁਣ ਕੇ ਕਿਹਾ ਕਿ ਅਸੀਂ ਤੈਨੂੰ ਗੀਤਾ ਦੇ ਅਰਥ ਕਰਕੇ ਸੁਣਾ ਦਿੱਤੇ ਤਾਂ ਤੇਰਾ ਸੰਸਾ ਨਵਿਰਤ ਨਹੀਂ ਹੋਵੇਗਾ, ਫੇਰੇ ਤੇਰੇ ਮਨ ਵਿਚ ਇਹ ਸੰਸਾ ਹੋਵੇਗਾ ਕਿ ਗੁਰੂ ਦੇ ਪੁੱਤਰ ਸਨ, ਕਿਸੇ ਵਿਦਵਾਨ ਬ੍ਰਾਹਮਣ ਤੋਂ ਗੀਤਾ ਬਚਪਨ ਵਿਚ ਪੜ੍ਹ ਲਈ ਹੋਵੇਗੀ। ਇਸ ਲਈ ਹੇ ਬ੍ਰਾਹਮਣ ! ਜੇ ਤਸੱਲੀਬਖਸ਼ ਉੱਤਰ ਚਾਹੁੰਦਾ ਹੈਂ ਤਾਂ ਆਪਣੇ ਨਗਰ 'ਚੋਂ ਕੋਈ ਮੂਰਖ ਪੁਰਖ ਲੱਭ ਕੇ ਲਿਆ, ਜਿਸ ਨੂੰ ਤੂੰ ਜਾਣਦਾ ਹੋਵੇਂ ਕਿ ਇਹ ਅਨਪੜ੍ਹ ਤੇ ਮੂਰਖ ਹੈ। ਇਹ ਸੁਣ ਕੇ ਬ੍ਰਾਹਮਣ

ਆਪਣੇ ਨਗਰ ਵਿਚ ਗਿਆ। ਇਕ ਝੀਵਰ, ਛੱਜੂ ਨਾਮ ਦਾ ਦੇਖਿਆ, ਜਿਹੜਾ ਘਰ ਘਰ ਵਿਚ ਪਾਣੀ ਢੋਣ ਦਾ ਕੰਮ ਕਰ ਰਿਹਾ ਸੀ, ਜਿਸ ਨੂੰ ਲੋਕ ਮਹਾਂਮੂਰਖ ਸਮਝਦੇ ਸਨ। ਤਨ ਤੇ ਬਸਤਰ ਪਾਟੇ ਹੋਏ ਸਨ। ਉਸ ਨੇ ਆਪ ਤਾਂ ਕੀ ਪੜ੍ਹਨਾ ਸੀ, ਕਦੇ ਕਿਸੇ ਪੜ੍ਹਦੇ ਨੂੰ ਭੀ ਨਹੀਂ ਦੇਖਿਆ ਸੀ। ਪਸ਼ੂਆਂ ਦੀ ਤਰ੍ਹਾਂ ਇਸ ਦੀ ਬਿਰਤੀ ਸੀ। ਰੰਗ ਦਾ ਕਾਲਾ, ਜ਼ੁਬਾਨ ਤੋਂ ਗੂੰਗਾ, ਕੰਨਾਂ ਤੋਂ ਬਹਿਰਾ, ਕੇਵਲ ਇਸ਼ਾਰਾ ਥੋੜ੍ਹਾ ਬਹੁਤ ਸਮਝਦਾ ਸੀ। ਬ੍ਰਾਹਮਣ ਨੇ ਇਸ਼ਾਰਾ ਕੀਤਾ ਕਿ ਕੁਝ ਸਮਾਂ ਮੇਰੇ ਨਾਲ ਚੱਲ, ਬ੍ਰਾਹਮਣ ਨੇ ਉਸ ਨੂੰ ਸਤਿਗੁਰੂ ਜੀ ਕੋਲ ਲਿਜਾ ਕੇ ਬਿਠਾ ਦਿੱਤਾ। ਚਿੱਤ ਦੇ ਵਿਚ ਪ੍ਰਸ਼ਨ ਗੂੜ੍ਹੇ ਸੋਚ ਲਏ ਅਰ ਸੋਚਿਆ ਕਿ ਇਹ ਤਾਂ ਕੋਈ ਉੱਤਰ ਵਿਦਵਾਨ ਜਲਦੀ ਬੋਲੇ ਤੋਂ ਭੀ ਨਹੀਂ ਦੇ ਸਕਦਾ। ਗੁਰੂ ਹਰਿਕ੍ਰਿਸ਼ਨ ਜੀ ਨੇ ਉਸ ਦੇ ਮਨ ਦੀ ਜਾਣ ਕੇ ਉਸ ਮੂਰਖ ਝੀਵਰ ਦੇ ਸਿਰ 'ਤੇ ਸੋਟੀ ਰੱਖ ਦਿੱਤੀ ਅਤੇ ਹੁਕਮ ਕੀਤਾ ਕਿ ਪੰਡਤ ਦੇ ਸਵਾਲਾਂ ਦੇ ਉੱਤਰ ਦਿਓ। ਇਹ ਬਚਨ ਕਹਿਣ ਦੀ ਦੇਰ ਸੀ ਕਿ ਕੰਨਾਂ ਨੂੰ ਆਵਾਜ਼ ਸੁਣਨ ਲੱਗ ਪਈ, ਜੀਭ ਦਾ ਗੂੰਗਾਪਨ ਦੂਰ ਹੋ ਗਿਆ। ਚਾਰੇ ਬੇਦਾਂ ਦਾ ਬਕਤਾ ਗੁਰੂ ਜੀ ਨੇ ਬਣਾ ਦਿੱਤਾ ਅਤੇ ਉਸ ਨੇ ਕਿਹਾ ਕਿ ਹੇ ਬ੍ਰਾਹਮਣ ! ਤੂੰ ਕਿਹੜਾ ਸ਼ਾਸਤ੍ਰ ਪੜ੍ਹਿਆ ਹੈ, ਜਿਸ ਦੇ ਅਨੁਸਾਰ ਤੈਨੂੰ ਉੱਤਰ ਦਿਆਂ। ਬੋਲ ਹਿੰਦੀ ਵਿਚ ਉੱਤਰ ਦਿਆਂ ਜਾਂ ਸੰਸਕ੍ਰਿਤ ਵਿਚ। ਜੈਸਾ ਕਿ :

**ਦੋਹਰਾ॥ ਸਾਸਤ੍ਰੱਗਯ ਝੀਵਰ ਬਨਯੋ ਸੁਰਬਾਨੀ ਕਹਿ ਤਾਂਹਿ॥**
**ਕਸਮਿਨ ਸਾਸਤ੍ਰ ਪ੍ਰਬ੍ਰਿਤਿ ਦਿਜਾ॥ ਕਹੁ ਪੂਰਬ ਮੁਝ ਪਾਹਿ॥੩੯॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੩੮)*

ਸੋ ਇਸ ਪ੍ਰਕਾਰ ਸੰਸਕ੍ਰਿਤ ਬੋਲਿਆ, ਜਿਤਨੇ ਸੰਸੇ ਸਨ ਬ੍ਰਾਹਮਣ ਦੇ ਚਿੱਤ ਵਿਚ ਸਾਰਿਆਂ ਦੇ ਉੱਤਰ ਦੇ ਦਿੱਤੇ। ਦਸ ਕੁ ਸੰਸੇ ਬ੍ਰਾਹਮਣ ਦੇ ਹਿਰਦੇ ਵਿਚ ਸੀ, ਉਸਨੇ ੨੦ ਦਾ ਉੱਤਰ ਦਿੱਤਾ। ਇਹ ਦੇਖ ਕੇ ਬ੍ਰਾਹਮਣ ਹੈਰਾਨ ਹੋ ਗਿਆ, ਚੁੱਪ ਹੀ ਕਰ ਗਿਆ, ਜਿਤਨਾ ਮਨ ਵਿਚ ਵਿੱਦਿਆ ਦਾ ਹੰਕਾਰ ਸੀ, ਉਹ ਸਾਰਾ ਉਤਰ ਗਿਆ, ਕੋਈ ਪੂਰਬਲਾ ਭਾਗ ਜਾਗਿਆ ਤੇ ਮਨ 'ਚ ਨਿਮਰਤਾ ਆ ਗਈ। ਹੱਥ ਜੋੜ ਲਏ ਤੇ ਲੰਮਾ ਪੈ ਕੇ ਡੰਡਉਤ ਕੀਤੀ ਕਿ ਸਤਿਗੁਰੂ ਜੀ ਮੈਨੂੰ ਬਖਸ਼ ਲਵੋ ਤੁਹਾਡੀ ਮਹਿਮਾ ਅਪਰ ਅਪਾਰ ਹੈ। ਇਉਂ ਸਤਿਗੁਰੂ ਨੇ ਮੂਰਖ ਝੀਵਰ ਤੋਂ ਗੀਤਾ ਦੇ ਅਰਥ ਕਰਵਾ ਕੇ ਉਸ ਨੂੰ ਵਿਦਵਾਨ ਬਣਾ ਦਿੱਤਾ ਸੀ ਤੇ ਵਿਦਵਾਨ ਪੰਡਤ ਨੂੰ ਇਕ ਤਰ੍ਹਾਂ ਦਾ ਮੂਰਖ ਹੀ ਬਣਾ ਦਿੱਤਾ ਸੀ ਜੋ ਉਸ ਨੂੰ ਛੱਜੂ ਝੀਵਰ ਦੇ ਸਾਹਮਣੇ ਕੋਈ ਗੱਲ ਹੀ ਨਾ ਆਈ। ਇਸ ਤੋਂ ਬਾਅਦ ਉਹ ਲਾਲਚੰਦ ਪੰਡਤ ਸ਼ਰਨਾਰਥੀ ਹੋਇਆ ਅਤੇ ਗੁਰੂ ਸਾਹਿਬ ਜੀ ਤੋਂ ਸਿੱਖੀ ਧਾਰਨ ਕੀਤੀ।

**ਸਾਖੀ—ਗਾਂਗੇ ਤੇਲੀ ਕੀ :** ਮੂਰਖ ਤੇ ਪੰਡਤ ਹੋਣ ਦੇ ਅਤੇ ਪੰਡਤ ਤੋਂ ਮੂਰਖ ਹੋਣ ਦੀ ਕੁਦਰਤ ਕਰਿਸ਼ਮੇ ਦੀ ਏਥੇ ਜੋ ਗੱਲ ਕੀਤੀ ਹੈ। ਇਸੇ ਸਿਧਾਂਤ ਨਾਲ ਮਿਲਦੀ ਇਕ ਵਾਰਤਾ ਬਹੁਤ ਪ੍ਰਸਿੱਧ ਹੈ, ਜਿਸਦਾ ਹਵਾਲਾ ਭਾਈ ਗੁਰਦਾਸ ਜੀ ਨੇ ਵੀ ਦਿੱਤਾ ਹੈ।

ਇਕ ਵਾਰ ਰਾਜੇ ਭੋਜ ਦੇ ਦਰਬਾਰ ਵਿਚ ਦਿਗ ਵਿਜੇਤਾ ਪੰਡਿਤ ਆਇਆ, ਜਿਸ ਨੇ ਸਾਰੀਆਂ ਦਿਸ਼ਾਵਾਂ ਦੇ ਵਿਦਵਾਨ ਜਿੱਤ ਲਏ ਸਨ ਕਿਉਂਕਿ ਉਸਨੂੰ ਪਤਾ ਸੀ ਕਿ ਏਥੇ ਵੀ ਬਹੁਤ ਵੱਡੇ ਵੱਡੇ ਵਿਦਵਾਨ ਰਹਿੰਦੇ ਹਨ। ਉਸਨੇ ਆ ਕੇ ਨਗਰੀ ਵਿਚ ਢੰਡੋਰਾ ਫਿਰਵਾ ਦਿੱਤਾ ਕਿ ਏਥੋਂ ਦੇ ਵਿਦਵਾਨ ਜਾਂ ਤਾਂ ਮੇਰੇ ਨਾਲ ਚਰਚਾ ਕਰਕੇ ਮੈਨੂੰ ਹਰਾਉਣ ਜਾਂ ਹਾਰ ਮੰਨ ਕੇ ਸਾਰੇ ਗ੍ਰੰਥ ਮੇਰੀ ਭੇਟਾ ਕਰ ਦੇਣ। ਵਿਦਵਾਨ ਪੰਡਤਾਂ ਨੂੰ ਬਹੁਤ ਫ਼ਿਕਰ ਪਿਆ ਤਾਂ ਇਕ ਸੂਝਵਾਨ ਕਮਾਈ ਵਾਲੇ ਸਤ ਪੁਰਸ਼ ਨੇ ਭਵਿੱਖਤ ਵਾਰਤਾ ਜਾਣਦੇ ਹੋਏ ਉਨ੍ਹਾਂ ਪੰਡਤਾਂ ਨੂੰ ਕਿਹਾ ਕਿ ਜੇਕਰ ਤੁਸੀਂ ਗਾਂਗੇ ਤੇਲੀ ਨੂੰ ਚਰਚਾ ਲਈ ਤਿਆਰ ਕਰਕੇ ਮੂਹਰੇ ਲਾ ਲਵੋ ਤਾਂ ਉਸਦੇ ਰਾਹੀਂ ਤੁਹਾਡੀ ਸਾਰਿਆਂ ਦੀ ਜਿੱਤ ਹੋ ਜਾਵੇਗੀ ਤਾਂ ਸਾਰੇ ਵਿਦਵਾਨ ਪੰਡਿਤ ਇਕੱਠੇ ਹੋ ਕੇ ਗਾਂਗੇ ਤੇਲੀ ਕੋਲ ਜਾ ਕੇ ਪਿਆਰ ਤੇ ਨਿਮਰਤਾ ਨਾਲ ਉਸ ਨੂੰ ਚਰਚਾ ਕਰਨ ਲਈ ਕਿਹਾ ਤਾਂ ਇਹ ਤੇਲੀ ਕੋਈ ਬਹੁਤ ਅਕਲ ਦਾ ਮਾਲਕ ਤਾਂ ਹੈ ਨਹੀਂ ਸੀ, ਜੋ ਸੋਚਦਾ ਕਿ ਇਕ ਵਿਦਵਾਨ ਨਾਲ ਮੇਰਾ ਕੀ ਕੰਮ ਹੈ ਸਾਰੇ ਇਸ ਤੇਲੀ ਨੂੰ ਵੱਡਾ ਮੂਰਖ ਮੰਨਦੇ ਸਨ। ਮੂਰਖ ਬੰਦਾ ਕਿਸੇ ਵੀ ਕਾਰਜ ਦਾ ਪਰਿਣਾਮ ਨਹੀਂ ਸੋਚਦਾ ਕਿ ਇਸ ਦਾ ਅੰਤ ਕੀ ਹੋਵੇਗਾ। ਇਸ ਲਈ

ਇਹ ਝੱਟ ਹੀ ਤਿਆਰ ਹੋ ਗਿਆ। ਪੰਡਤਾਂ ਨੇ ਗਾਂਗੇ ਤੇਲੀ ਨੂੰ ਪਹਿਲਾਂ ਇਸ਼ਨਾਨ ਕਰਵਾਇਆ ਫੇਰ ਅਜਿਹੇ ਵਸਤ੍ਰ ਪਹਿਰਾਏ ਜਿਸ ਕਰਕੇ ਬਾਕੀ ਦੇ ਵਿਦਵਾਨਾਂ ਨਾਲੋਂ ਇਸਦਾ ਵੱਖਰਾ ਪ੍ਰਭਾਵ ਪੈਂਦਾ ਸੀ, ਇਸਦੇ ਤੇੜ ਧੋਤੀ ਮੱਥੇ 'ਤੇ ਟਿੱਕਾ ਹੱਥ ਵਿਚ ਰੁਮਾਲ ਤੇ ਪੈਰਾਂ ਵਿਚ ਨਵੀਂ ਜੁੱਤੀ ਪਹਿਨਾਈ ਇਸ ਤਰ੍ਹਾਂ ਉਸਨੂੰ ਸਜਾ ਕੇ ਆਪਣੇ ਨਾਲ ਲੈ ਗਏ, ਉਧਰ ਰਾਜੇ ਭੋਜ ਨੇ ਜਿਥੇ ਵਿਦਵਾਨਾਂ ਦੇ ਚਰਚਾ ਲਈ ਆਪਣੇ ਕੋਲ ਜਗ੍ਹਾ ਦਾ ਪ੍ਰਬੰਧ ਕੀਤਾ ਹੋਇਆ ਸੀ, ਸਭਾ ਦੇ ਨੇੜੇ ਜਾ ਕੇ ਗਾਂਗੇ ਤੇਲੀ ਨੇ ਜੁੱਤੀ ਦਾ ਭੈ ਕਰਕੇ ਕਿ ਕਿਤੇ ਕੋਈ ਨਵੀਂ ਜੁੱਤੀ ਚੁੱਕ ਕੇ ਨਾਲ ਨਾ ਲੈ ਜਾਵੇ। ਉਸ ਨੇ ਉਹ ਜੁੱਤੀ ਕੱਪੜੇ ਵਿਚ ਚੰਗੀ ਤਰ੍ਹਾਂ ਲਪੇਟ ਕੇ ਆਪਣੀ ਕੱਛ ਵਿਚ ਰੱਖ ਲਈ। ਹੁਣ ਪੰਡਿਤਾਂ ਦੇ ਇਕੱਠ ਵਿਚ ਮੂਹਰੇ ਹੋਇਆ ਗਾਂਗਾ ਤੇਲੀ ਜਿਸ ਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਇਤਨਾ ਸਤਿਕਾਰ ਮਿਲਿਆ ਸੀ, ਉਹ ਬਹੁਤ ਠਾਠ ਨਾਲ ਤੁਰਦਾ ਜਾ ਰਿਹਾ ਸੀ। ਤੇ ਰਾਜੇ ਨੇ ਵੀ ਵਿਦਵਾਨਾਂ ਦਾ ਆਗੂ ਸਮਝ ਕੇ ਦੂਸਰੇ ਚਰਚਾ ਕਰਨ ਆਏ ਪੰਡਿਤ ਦੇ ਬਰਾਬਰ ਬਿਠਾ ਦਿੱਤਾ ਤੇ ਸਭਾ ਵਿਚ ਸਾਰੇ ਇਕ ਬਹੁਤ ਤੀਬਰਤਾ ਨਾਲ ਦੇਖਣ ਲੱਗੇ ਕਿ ਬਹਿਸ ਕਿਥੋਂ ਸ਼ੁਰੂ ਹੋਵੇਗੀ। ਵਜ਼ੀਰ ਨੇ ਰਾਜੇ ਭੋਜ ਤੋਂ ਆਗਿਆ ਲੈ ਕੇ ਚਰਚਾ ਕਰਨ ਆਏ ਪੰਡਤ ਨੂੰ ਕਿਹਾ ਕਿ ਤੁਸੀਂ ਆਪਣੀ ਬਹਿਸ ਸ਼ੁਰੂ ਕਰੋ, ਪੰਡਿਤ ਨੇ ਸੋਚਿਆ ਕਿ ਬਹਿਸ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਸ ਦੇ ਗ੍ਰੰਥ ਦਾ ਪਰੀਚਾ ਲਵਾਂ ਕਿ ਜਿਹੜਾ ਇਹ ਕੱਛ ਵਿਚ ਗ੍ਰੰਥ ਲਈ ਫਿਰਦਾ ਹੈ, ਇਹ ਕਿਹੜਾ ਗ੍ਰੰਥ ਹੈ, ਕਿਉਂਕਿ ਗਾਂਗੇ ਤੇਲੀ ਦੀ ਨਿਰਭੈਤਾ ਅਤੇ ਬਸਤ੍ਰਾਂ ਨੂੰ ਦੇਖ ਕੇ ਉਹ ਪੰਡਿਤ ਬਹੁਤ ਪ੍ਰਭਾਵਿਤ ਹੋ ਚੁੱਕਾ ਸੀ ਕਿ ਇਹ ਭਾਰੀ ਵਿਦਵਾਨ ਲੱਗਦਾ ਹੈ। ਤਾਂ ਉਸ ਨੇ ਪੁੱਛਿਆ ਕਿ ਤੇਰੇ ਕੋਲ ਇਹ ਕਿਹੜੀ ਪੁਸਤਕ ਹੈ (ਕਿੰ ਸ਼ਾਸਤ੍ਰੰ ?) ਤਾਂ ਗਾਂਗੇ ਤੇਲੀ ਕੋਲ ਕੋਈ ਸ਼ਾਸਤ੍ਰ ਤਾਂ ਹੈ ਨਹੀਂ ਸੀ ਤਦ ਉਸੇ ਤਰ੍ਹਾਂ ਦੀ ਬੋਲੀ ਦੀ ਨਕਲ ਕਰਦਿਆਂ ਗਾਂਗੇ ਤੇਲੀ ਨੇ ਕਿਹਾ ਕਿ ਕੰਕਟ ਚੂਰ ਸ਼ਾਸਤ੍ਰ। ਫੇਰ ਪੰਡਿਤ ਨੇ ਵਿਚਾਰਿਆ ਕਿ ਮੈਂ ਅਠਾਰਾਂ ਪੁਰਾਣ ਪੜ੍ਹੇ ਹਨ, ਛੇ ਸ਼ਾਸਤ੍ਰ ਅਤੇ ਸਾਰੀਆਂ ਉਪਨਿਸ਼ਦਾਂ ਪੜ੍ਹੀਆਂ ਹਨ, ਪਰ ਇਹ ਨਾਮ ਪਹਿਲੀ ਵਾਰ ਸੁਣ ਰਿਹਾ ਹਾਂ, ਪੰਡਿਤ ਹੋਰ ਵੀ ਭੈ-ਭੀਤ ਹੋ ਗਿਆ। ਜੋ ਪੰਡਿਤ ਤੇ ਗਾਂਗੇ ਤੇਲੀ ਦੇ ਆਉਂਦਿਆਂ ਪ੍ਰਭਾਵ ਪਿਆ ਸੀ ਕਿ ਇਹ ਕੋਈ ਬਹੁਤ ਵੱਡਾ ਵਿਦਵਾਨ ਹੈ, ਉਸਦੇ ਬੋਲਣ ਤੋਂ ਸਹੀ ਸਾਬਤ ਹੋਣ ਲੱਗਾ। ਪੰਡਿਤ ਨੇ ਆਪਣੀ ਚਰਚਾ ਦਾ ਪੈਂਤੜਾ ਬਦਲ ਦਿੱਤਾ। ਉੱਠ ਕੇ ਰਾਜੇ ਭੋਜ ਨੂੰ ਕਹਿਣ ਲੱਗਾ ਕਿ ਮੇਰੀ ਬੇਨਤੀ ਹੈ ਕਿ ਚਰਚਾ ਸੈਨਤ ਦੀ ਹੋਵੇਗੀ। ਮੈਂ ਸੈਨਤ ਵਿਚ ਪ੍ਰਸ਼ਨ ਕਰਾਂਗਾ ਤੇ ਇਹ ਸੈਨਤ ਵਿਚ ਉੱਤਰ ਦੇਵੇ ਤਾਂ ਗਾਂਗੇ ਤੇਲੀ ਨੂੰ ਪੁੱਛਿਆ ਕਿ ਦੱਸੋ ਤੁਸੀਂ ਸਹਿਮਤ ਹੋ ਤਾਂ ਉਸਨੇ ਕਿਹਾ ਕਿ ਜਿਵੇਂ ਪੰਡਿਤ ਜੀ ਦੀ ਮਰਜ਼ੀ ਹੈ, ਮੈਂ ਬੋਲ ਕੇ ਵੀ ਚਰਚਾ ਕਰਨ ਨੂੰ ਤਿਆਰ ਹਾਂ ਅਤੇ ਸੈਨਤ ਕਰਨ ਦੀ ਚਰਚਾ ਨੂੰ ਵੀ ਤਿਆਰ ਹਾਂ ਪਰ ਇਹ ਪੰਡਿਤ ਅੱਜ ਸੁੱਕਾ ਨਹੀਂ ਜਾਵੇਗਾ ਤਾਂ ਪੰਡਿਤ ਨੇ ਚਰਚਾ ਦੀ ਸੈਨਤ ਵਿਚ ਇਕ ਉਂਗਲ ਖੜੀ ਕੀਤੀ ਤਾਂ ਗਾਂਗੇ ਤੇਲੀ ਨੇ ਦੋ ਉਂਗਲਾਂ ਖੜ੍ਹੀਆਂ ਕਰ ਦਿੱਤੀਆਂ। ਫੇਰ ਪੰਡਿਤ ਨੇ ਪੰਜ ਉਂਗਲਾਂ ਭਾਵ ਪੰਜਾ ਦਿਖਾਇਆ ਤਾਂ ਗਾਂਗੇ ਤੇਲੀ ਨੇ ਅੰਗੂਠੇ ਸਮੇਤ ਘਸੁੰਨ ਵਟ ਕੇ ਚੰਗੀ ਤਰ੍ਹਾਂ ਹੱਥ ਹਿਲਾਇਆ। ਇਸ ਤੋਂ ਅੱਗੇ ਪ੍ਰਸ਼ਨ ਕਰਨ ਵਾਲੇ ਪੰਡਿਤ ਨੂੰ ਕੋਈ ਗੱਲ ਨਾ ਫੁਰੀ ਕਿ ਜੋ ਕੋਈ ਹੋਰ ਗੱਲ ਸੈਨਤ ਨਾਲ ਕਹਿ ਸਕੇ। ਤਦੋਂ ਪੰਡਿਤ ਨੇ ਕਿਹਾ ਕਿ ਇਹ ਮੇਰੇ ਨਾਲੋਂ ਵੱਡਾ ਵਿਦਵਾਨ ਹੈ ਅਤੇ ਇਸਨੇ ਮੈਨੂੰ ਸਹੀ ਉੱਤਰ ਦੇ ਦਿੱਤੇ ਹਨ। ਭਰੀ ਸਭਾ ਵਿਚ ਗਾਂਗੇ ਤੇਲੀ ਦੀ ਜੈ ਜੈਕਾਰ ਦੀ ਧੁਨ ਉੱਠ ਪਈ ਤੇ ਪੰਡਿਤ ਦੇ ਹਾਰਨ ਕਾਰਨ ਉਸਨੂੰ ਨਿਰਾਸ਼ਤਾ ਹੋਈ। ਜਦੋਂ ਸਭਾ ਉੱਠ ਗਈ ਤਾਂ ਰਾਜੇ ਨੇ ਦੋਨਾਂ ਨੂੰ ਵੱਖਰੇ ਵੱਖਰੇ ਕਰਕੇ ਪੁੱਛਿਆ ਕਿ ਤੁਹਾਡੇ ਸਵਾਲ ਜਵਾਬ ਦਾ ਮੈਨੂੰ ਨਹੀਂ ਪਤਾ ਲੱਗਾ ਕਿ ਤੁਸੀਂ ਕੀ ਕਿਹਾ ਹੈ। ਇਸ ਲਈ ਮੈਂ ਜਾਨਣਾ ਚਾਹੁੰਦਾ ਹਾਂ ਕਿ ਤੁਸੀਂ ਕੀ ਪ੍ਰਸ਼ਨ ਕੀਤਾ ਤੇ ਕੀ ਉੱਤਰ ਦਿੱਤਾ। ਤਾਂ ਉਹ ਵਿਦਵਾਨ ਪੰਡਿਤ ਕਹਿਣ ਲੱਗਾ ਕਿ ਮੈਂ ਪਹਿਲਾ ਪ੍ਰਸ਼ਨ ਕੀਤਾ ਸੀ ਕਿ ਇਹ ਸੰਸਾਰ ਨੂੰ ਰਚਨ ਵਾਲਾ ਪਰਮਾਤਮਾ ਇਕ ਹੈ ਤੇ ਮੈਂ ਇਕ ਉਂਗਲ ਖੜ੍ਹੀ ਕੀਤੀ ਸੀ ਤੇ ਗਾਂਗੇ ਤੇਲੀ ਨੇ ਦੋ ਉਂਗਲਾਂ ਖੜ੍ਹੀਆਂ ਕਰਕੇ ਉੱਤਰ ਦਿੱਤਾ ਕਿ ਦੂਸਰੀ ਮਾਇਆ ਵੀ ਹੈ। ਇਸ ਲਈ ਮੈਂ ਚਰਚਾ ਦਾ ਪ੍ਰਸ਼ਨ ਅੱਗੇ ਕਰਨ ਲਈ ਪੰਜਾ ਖੜ੍ਹਾ ਕੀਤਾ ਕਿ ਇਸ ਸੰਸਾਰ ਦੀ ਰਚਨਾ

ਵਿਚ ਪੰਜ ਤੱਤ ਵੀ ਹਨ। ਮਾਇਆ ਇਕੱਲੀ ਕੁਝ ਨਹੀਂ ਕਰ ਸਕਦੀ ਬ੍ਰਹਮ ਦੀ ਸੱਤਾ ਪਾ ਕੇ ਮਾਇਆ ਨੇ ਪੰਜ ਤੱਤਾਂ ਦੀ ਰਚਨਾ ਕਰ ਲਈ। ਇਸ ਨੇ ਮੁੱਕੀ ਵੱਟ ਕੇ ਉੱਤਰ ਦੇ ਦਿੱਤਾ ਕਿ ਇਹ ਇਕੱਲੇ ਇਕੱਲੇ ਤੱਤ ਕੁਝ ਨਹੀਂ ਕਰ ਸਕਦੇ, ਇਹ ਇਕੱਠੇ ਹੋਣ ਤਾਂ ਹੀ ਸੰਸਾਰ ਦੀ ਰਚਨਾ ਹੁੰਦੀ ਹੈ। ਫੇਰ ਇਸ ਤੋਂ ਅੱਗੇ ਮੇਰੇ ਕੋਲ ਕੋਈ ਸਵਾਲ ਹੀ ਨਾ ਰਿਹਾ, ਮੈਂ ਤਾਂ ਪ੍ਰਸ਼ਨ ਸੋਚ ਕੇ ਕਰਦਾ ਸੀ ਪਰ ਇਹ ਤੁਰੰਤ ਹੀ ਉੱਤਰ ਦੇ ਦਿੰਦਾ ਸੀ। ਇਸ ਲਈ ਮੈਂ ਹਾਰ ਮੰਨ ਲਈ। ਫੇਰ ਗਾਂਗੇ ਤੇਲੀ ਨੂੰ ਬੁਲਾਇਆ ਤੇ ਇਹ ਪ੍ਰਸ਼ਨ ਉਸ ਕੋਲੋਂ ਪੁੱਛੇ ਕਿ ਗਾਂਗੇ ਤੇਲੀ ਪੰਡਿਤ ਦੇ ਪ੍ਰਸ਼ਨ ਦਾ ਤੂੰ ਕੀ ਭਾਵ ਸਮਝਿਆ ? ਕੀ ਉੱਤਰ ਦਿੱਤਾ। ਤਾਂ ਉਹ ਕਹਿਣ ਲੱਗਾ ਕਿ ਮਹਾਰਾਜ ਇਹ ਪੜ੍ਹਿਆ ਲਿਖਿਆ ਮੂਰਖ ਹੈ ਇਸ ਨੇ ਮੇਰੀ ਇਕ ਕਾਣੀ ਅੱਖ ਉੱਪਰ ਇਕ ਉਂਗਲ ਉਠਾਈ ਕਿ ਤੇਰੀ ਇਕ ਹੀ ਅੱਖ ਹੈ ਉਹ ਵੀ ਮੈਂ ਇਕ ਉਂਗਲ ਮਾਰ ਕੇ ਭੰਨ ਦੇਵਾਂਗਾ ਤੇ ਤੈਨੂੰ ਅੰਨ੍ਹਾ ਕਰ ਦੇਵਾਂਗਾ ਤਾਂ ਮੈਂ ਉਸਦੇ ਮੁਕਾਬਲੇ ਵਿਚ ਦੋ ਉਂਗਲਾਂ ਖੜ੍ਹੀਆਂ ਕੀਤੀਆਂ ਕਿ ਮੈਂ ਤੇਰੀਆਂ ਦੋਵੇਂ ਹੀ ਭੰਨ ਦੇਵਾਂਗਾ। ਤਾਂ ਫੇਰ ਇਸ ਨੇ ਮੈਨੂੰ ਹੱਥ ਖੋਲ੍ਹ ਕੇ ਚਪੇੜ ਵਿਖਾਈ ਕਿ ਤੇਰੇ ਮੂੰਹ ਉੱਪਰ ਚਪੇੜ ਮਾਰਾਂਗਾ ਤਾਂ ਮੈਂ ਮੁੱਕੀ ਵੱਟ ਕੇ ਉੱਤਰ ਦਿੱਤਾ ਕਿ ਮੈਂ ਤੇਰੀ ਵੱਖੀ ਵਿਚ ਮੁੱਕੀ ਮਾਰ ਕੇ ਵੱਖੀ ਭੰਨ ਦੇਵਾਂਗਾ। ਬਸ ਫੇਰ ਕੀ ਸੀ ਇਸ ਨੇ ਮੇਰੀ ਮੁੱਕੀ ਤੋਂ ਡਰਦੇ ਹੋਏ ਨੇ ਆਪਣੀ ਹਾਰ ਮੰਨ ਲਈ। ਇਹ ਸੁਣ ਕੇ ਰਾਜਾ ਭੋਜ ਖ਼ੁਸ਼ ਹੋਇਆ ਅਤੇ ਸਿਰਜਨਹਾਰ ਤੋਂ ਕੁਰਬਾਨ ਵੀ ਹੋਇਆ ਕਿ ਦਾਤਾ ! ਜੇਕਰ ਤੂੰ ਚਾਹੇ ਤਾਂ ਮਹਾਂਮੂਰਖ ਨੂੰ ਵਿਦਵਾਨ ਬਣਾ ਸਕਦਾ ਹੈਂ ਅਤੇ ਮਹਾਂ ਵਿਦਵਾਨ ਤੋਂ ਮੂਰਖ ਵੀ ਬਣਾ ਸਕਦਾ ਹੈਂ।

## ਨਾਰੀ ਤੇ, ਜੋ ਪੁਰਖੁ ਕਰਾਵੈ; ਪੁਰਖਨ ਤੇ ਜੋ ਨਾਰੀ ॥

ਨਾਰੀ = ਇਸਤਰੀ ਤੇ = ਤੋਂ ਜੋ ਤੂੰ ਪੁਰਖੁ = ਆਦਮੀ ਕਰਾਵੈ = ਕਰਾ ਦਿੰਦਾ ਹੈਂ ਅਤੇ ਪੁਰਖਨ = ਪੁਰਖਾਂ ਤੇ = ਤੋਂ ਜੋ ਤੂੰ ਨਾਰੀ = ਇਸਤਰੀ ਬਣਾ ਦਿੰਦਾ ਹੈਂ।

**ਸਾਖੀ—ਦ੍ਰੁਪਦ ਰਾਜੇ ਦੀ :** ਦ੍ਰੁਪਦ ਰਾਜੇ ਦੇ ਘਰ ਇਕ ਕੰਨਿਆ ਪੈਦਾ ਹੋਈ, ਪਰੰਤੂ ਰਾਜੇ ਨੇ ਉਸ ਨੂੰ ਪੁੱਤਰ ਸਮਝ ਕੇ ਪਾਲਿਆ ਅਤੇ ਉਸ ਦਾ ਨਾਮ ਸਿਖੰਡੀ ਰੱਖਿਆ। ਕੁਝ ਸਮਾਂ ਪਾ ਕੇ ਜਿਸ ਵੇਲੇ ਵੱਡਾ ਹੋਇਆ ਤਾਂ ਉਸ ਲਈ ਨਾਤਾ ਆ ਗਿਆ, ਰਾਜੇ ਦ੍ਰੁਪਦ ਨੇ ਮੋੜਿਆ ਨਾ, ਪੁੱਤਰ ਕਰ ਕੇ ਸਿਖੰਡੀ ਦਾ ਵਿਆਹ ਕਰ ਦਿੱਤਾ।

ਜਦ ਇਸਤਰੀ ਭਰਤਾ ਦੋਨੋਂ ਇਕੱਠੇ ਹੋਏ ਤਾਂ ਲੜਕੀ ਨੂੰ ਪਤਾ ਲੱਗਿਆ ਕਿ ਜਿਸ ਨਾਲ ਮੇਰਾ ਵਿਆਹ ਹੋਇਆ ਹੈ ਉਹ ਤਾਂ ਅੱਗੇ ਹੀ ਲੜਕੀ ਹੈ। ਉਸ ਨੇ ਆਪਣੇ ਮਾਪਿਆਂ ਨੂੰ ਆ ਕੇ ਕਹਿਆ ਕਿ ਜਿਸ ਨੂੰ ਤੁਸੀਂ ਲੜਕਾ ਸਮਝ ਕੇ ਮੇਰਾ ਵਿਆਹ ਕੀਤਾ ਹੈ ਉਹ ਲੜਕਾ ਨਹੀਂ ਲੜਕੀ ਹੈ।

ਉਸ ਵੇਲੇ ਲੜਕੀ ਦੇ ਪਿਤਾ ਨੇ ਆਪਣੇ ਜਵਾਈ (ਸਿਖੰਡੀ) ਦੇ ਸਿਰ ਵੱਢਣ ਦੀ ਯੋਜਨਾ ਬਣਾਈ। ਜਿਸ ਵੇਲੇ ਮਾਰਨ ਨੂੰ ਆਇਆ ਤਾਂ ਸਿਖੰਡੀ ਦੌੜ ਕੇ ਕੁਬੇਰ ਦੇ ਬਾਗ਼ ਵਿਚ ਲੁਕ ਗਿਆ। ਬਾਗ਼ਵਾਨ ਨੂੰ ਆਪਣਾ ਸਾਰਾ ਹਾਲ ਸੁਣਾਇਆ। ਉਸ ਨੂੰ ਦਇਆ ਆਈ ਤੇ ਬਾਗ਼ਵਾਨ ਨੇ ਆਪਣਾ ਪੁਰਖ ਸਰੂਪ ਸਿਖੰਡੀ ਨੂੰ ਦੇ ਦਿੱਤਾ ਤੇ ਉਸ ਦਾ ਨਾਰੀ ਸਰੂਪ ਆਪ ਲੈ ਲਿਆ। ਸਿਖੰਡੀ ਆਪਣੇ ਘਰ ਆ ਕੇ ਆਪਣੀ ਸੁਪਤਨੀ ਨੂੰ ਬੁਲਾ ਕੇ ਸਹੁਰੇ ਦੀ ਪ੍ਰਸੰਨਤਾ ਨਾਲ ਰਹਿਣ ਲੱਗ ਪਿਆ।

ਜਿਸ ਵੇਲੇ ਕੁਬੇਰ ਸੈਰ ਕਰਨ ਨੂੰ ਬਗ਼ੀਚੇ ਵਿਚ ਆਇਆ ਤਾਂ ਮਾਲੀ ਅੱਗੋਂ ਉੱਠਿਆ ਨਾ। ਕੁਬੇਰ ਨੇ ਪੁੱਛਿਆ, ਅੱਜ ਕੀ ਗੱਲ ਹੈ ਅੱਗੇ ਤੂੰ ਹਰ ਰੋਜ਼ ਉੱਠਦਾ ਸੀ ਅੱਜ ਨਹੀਂ ਉੱਠਿਆ ? ਉਸ ਵੇਲੇ ਮਾਲੀ ਨੇ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ, 'ਕਿ ਮੈਂ ਅੱਜ ਇਸਤਰੀ ਰੂਪ ਹੋ ਗਿਆ ਹਾਂ।' ਕੁਬੇਰ ਨੇ ਕਿਹਾ, ਚੰਗਾ ! ਫਿਰ ਤੂੰ ਇਸਤਰੀ ਬਣਿਆ ਰਹਿ ਤੇ ਸਿਖੰਡੀ ਪੁਰਖ ਬਣਿਆ ਰਹੇ ਤਾਂ ਇਸ ਵਿਚ ਤੇਰਾ ਪਰਉਪਕਾਰ ਹੈ।

ਵੇਖੋ ! ਸਿਖੰਡੀ ਤਾਂ ਨਾਰੀ ਤੋਂ ਪੁਰਖ ਹੋ ਗਿਆ ਤੇ ਬਾਗ਼ਵਾਨ ਪੁਰਖ ਤੋਂ ਨਾਰੀ ਹੋ ਗਿਆ।

**ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਲੜਕੀ ਤੋਂ ਲੜਕਾ ਬਣਾਉਣ ਦੀ :** ਜਿਸ ਸਮੇਂ ਭੂਮੀਆ ਚੋਰ ਚੋਰੀ ਛੱਡ ਕੇ ਇਕ ਮਹਾਤਮਾ ਬਣ ਗਿਆ ਸੀ, ਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੱਚਾ ਸੁੱਚਾ ਸਿੱਖ ਸਮਝ ਕੇ ਇਸਦਾ ਪੂਜਣ ਵੀ ਕਰਦੇ ਤੇ ਇਸ ਕੋਲੋਂ ਉਪਦੇਸ਼ ਵੀ ਸੁਣਿਆ ਕਰਦੇ। ਜਿਸ ਰਾਜੇ ਦੇ ਚੋਰੀ ਕਰਕੇ ਧਨ ਪਦਾਰਥ ਲੂਣ ਖਾਣ ਕਰਕੇ ਛੱਡ ਆਇਆ ਸੀ ਉਸ ਨੇ ਸੱਚਾ ਨੇਮੀ ਜਾਣ ਕੇ ਆਪਣਾ ਵਜ਼ੀਰ ਬਣਾਇਆ ਸੀ। ਸਾਰੀ ਸਾਖੀ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ ਮੌਜੂਦ ਹੈ। ਇਸ ਰਾਜੇ ਦੇ ਸੰਤਾਨ ਨਹੀਂ ਸੀ, ਰਾਜੇ ਨੇ ਭਾਈ ਭੂਮੀਏ ਤੋਂ ਸੰਗਤ ਸਮੇਤ ਅਰਦਾਸ ਕਰਵਾਈ ਕਿ ਮੇਰੇ ਘਰ ਲੜਕਾ ਪੈਦਾ ਹੋ ਜਾਵੇ ਕਿਉਂਕਿ ਉਸ ਸਮੇਂ ਲੜਕੀਆਂ ਨੂੰ ਬਰਾਬਰ ਦੇ ਹੱਕ ਨਹੀਂ ਦਿੱਤੇ ਜਾਂਦੇ ਸਨ। ਲੋਕੀਂ ਵਿਤਕਰਾ ਕਰਦੇ ਸਨ। ਪੁੱਤਰ ਹੋਣ ਦੀ ਅਰਦਾਸ ਕਰਵਾਈ। ਸਮਾਂ ਪਾ ਕੇ ਪੁੱਤਰ ਦੇ ਥਾਂ ਪੁੱਤਰੀ ਪੈਦਾ ਹੋਈ, ਪਰ ਰਾਜੇ ਨੇ ਸਿਦਕ ਨਹੀਂ ਹਾਰਿਆ ਉਸਨੇ ਪੁੱਤਰ ਸਮਝ ਕੇ ਹੀ ਖ਼ੁਸ਼ੀਆਂ ਮਨਾਈਆਂ ਤੇ ਨਾਮ ਵੀ ਸ਼ਹਿਜ਼ਾਦੇ ਵਾਲਾ ਰੱਖਿਆ ਤੇ ਉਸ ਨੂੰ ਬਸਤ੍ਰ ਮਰਦਾਂ ਵਾਲੇ ਹੀ ਸ਼ੁਰੂ ਤੋਂ ਪਹਿਨਾਉਂਦੇ ਗਏ। ਜਦੋਂ ਇਹ ਬੱਚਾ ਜੁਆਨ ਹੋਇਆ ਤਾਂ ਕਿਸੇ ਦੂਸਰੇ ਰਾਜੇ ਦੀ ਲੜਕੀ ਨਾਲ ਇਸ ਦੀ ਸਗਾਈ ਹੋ ਗਈ। ਸਮਾਂ ਪਾ ਕੇ ਬਾਰਾਤ ਚੜ੍ਹੀ। ਉਧਰ ਦੂਸਰੇ ਪਾਸੇ ਕਿਸੇ ਚੁਗ਼ਲਖ਼ੋਰ ਨੇ ਚੁਗ਼ਲੀ ਕਰ ਦਿੱਤੀ ਕਿ ਤੂੰ ਆਪਣੀ ਬੇਟੀ ਰਾਜੇ ਦੇ ਸ਼ਹਿਜ਼ਾਦੇ ਨਾਲ ਨਹੀਂ ਬਲਕਿ ਸ਼ਹਿਜ਼ਾਦੀ ਨਾਲ ਵਿਆਹੁਣ ਦਾ ਅਨਰਥ ਕਰ ਰਿਹਾ ਹੈਂ।

ਇਹ ਕੰਮ ਅੱਜ ਤਕ ਅੱਗੇ ਕਦੀ ਨਹੀਂ ਹੋਇਆ। ਇਹ ਸੁਣ ਕੇ ਧੀ ਵਾਲਾ ਬਾਦਸ਼ਾਹ ਬਹੁਤ ਬੇਚੈਨ ਹੋਇਆ ਅਤੇ ਉਸ ਨੇ ਆਪਣਾ ਮਨ ਬਣਾਇਆ ਕਿ ਉਸ ਦੀ ਪ੍ਰੀਖਸ਼ਾ ਕੀਤੀ ਜਾਵੇਗੀ। ਜੇਕਰ ਲੜਕੀ ਸਾਬਤ ਹੋਈ ਤਾਂ ਰਾਜੇ ਨੂੰ ਝੂਠਾ ਸਾਬਤ ਕਰ ਕੇ ਬਰਾਤ ਖ਼ਾਲੀ ਮੋੜ ਦਿੱਤੀ ਜਾਵੇਗੀ। ਆਪ ਹੀ ਝੂਠ ਬੋਲਣ ਵਾਲਾ ਰਾਜਾ ਪਰਜਾ ਵਿਚ ਸ਼ਰਮਸਾਰ ਹੋਵੇਗਾ ਤੇ ਰਾਜੇ ਨੇ ਇਕ ਪ੍ਰੀਖਸ਼ਾ ਸੋਚ ਲਈ ਅਤੇ ਉਧਰ ਦੂਸਰੇ ਪਾਸੇ ਬਰਾਤ ਆਉਂਦਿਆਂ ਇਕ ਸ਼ਿਕਾਰ ਸ਼ਹਿਜ਼ਾਦੇ ਦੇ ਅੱਗੋਂ ਨਿਕਲਿਆ। "ਆਖੇੜ ਬਿਰਤਿ ਰਾਜਨ ਕੀ ਲੀਲਾ॥" (ਅੰਗ ੧੭੯) ਦੇ ਅਨੁਸਾਰ ਪਿਤਾ ਤੋਂ ਆਗਿਆ ਲੈ ਕੇ ਸ਼ਿਕਾਰ ਦੇ ਮਗਰ ਜਾਣਾ ਕੀਤਾ ਤੇ ਸ਼ਿਕਾਰ ਤਾਂ ਜੰਗਲ ਵਿਚ ਕਿਤੇ ਅਲੋਪ ਹੋ ਗਿਆ। ਰਾਜੇ ਦੀ ਸੰਤਾਨ ਦੀ ਸ਼ਰਧਾ ਨੂੰ ਫਲ ਲਾਉਣ ਲਈ ਅੰਤਰਜਾਮੀ ਸ੍ਰੀ ਗੁਰੂ ਨਾਨਕ ਦੇਵ ਜੀ ਬੈਠੇ ਹੋਏ ਸਨ ਤੇ ਉਸ ਸ਼ਹਿਜ਼ਾਦਿਆਂ ਵਾਲੇ ਭੇਜ ਵਿਚ ਸ਼ਹਿਜ਼ਾਦੀ ਨੇ ਜਦੋਂ ਮੱਥਾ ਟੇਕਿਆ ਤਾਂ ਮਹਾਰਾਜ ਜੀ ਨੇ ਬਚਨ ਕੀਤਾ ਕਿ ਆਉ ਰਾਜਕੁਮਾਰ ਕਿਵੇਂ ਆਏ ਹੋ। ਇਸੇ ਬਚਨ ਨਾਲ ਉਸ ਦੇ ਅੰਗ ਪਤੰਗ ਮਰਦਾਂ ਵਾਲੇ ਹੋ ਗਏ। ਫੇਰ ਉਸ ਨੇ ਵਾਪਸ ਆ ਕੇ ਆਪਣੇ ਪਿਤਾ ਨੂੰ ਦੱਸਿਆ। ਫੇਰ ਉਸ ਦਾ ਪਿਤਾ ਵੀ ਆਇਆ ਤੇ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਕੜੇ ਅਤੇ ਕਿਹਾ ਕਿ ਮਹਾਰਾਜ ਜੀ! ਤੁਸੀਂ ਮੇਰੀ ਪੈਜ ਰੱਖ ਲਈ ਹੈ ਤਾਂ ਗੁਰੂ ਜੀ ਨੇ ਕਿਹਾ ਕਿ ਮੇਰੇ ਪਿਆਰੇ ਸਿੱਖ ਭੂਮੀਏ ਅਤੇ ਸੰਗਤ ਦੀ ਕੀਤੀ ਅਰਦਾਸ ਕਦੇ ਵੀ ਵਿਅਰਥ ਨਹੀਂ ਹੋ ਸਕਦੀ। ਮੇਰੀ ਤੇਰੇ ਉੱਪਰ ਖ਼ੁਸ਼ੀ ਹੋਈ, ਰਾਜਾ ਬਾਰਾਤ ਲੈ ਕੇ ਜਦੋਂ ਲੜਕੀ ਵਾਲੇ ਰਾਜੇ ਦੇ ਮਹਿਲਾਂ ਵਿਚ ਪਹੁੰਚਿਆ ਤਾਂ ਅੱਗੋਂ ਉਸ ਨੇ ਜੋ ਪ੍ਰੀਖਿਆ ਦਾ ਢੰਗ ਸੋਚਿਆ ਹੋਇਆ ਸੀ, ਉਸ ਦੇ ਅਨੁਸਾਰ ਪੁੱਤਰ ਵਾਲੇ ਰਾਜੇ ਨੂੰ ਬੇਨਤੀ ਕੀਤੀ ਕਿ ਸਾਡੀ ਕੁਲ ਦੀ ਰੀਤ ਹੈ ਕਿ ਅਸੀਂ ਆਪਣੇ ਮਹਿਲਾਂ ਵਿਚ ਵਿਆਹੁਣ ਆਏ ਲਾੜੇ ਨੂੰ ਬਸਤਰਾਂ ਸਮੇਤ ਇਸ਼ਨਾਨ ਕਰਵਾਉਂਦੇ ਹਾਂ ਅਤੇ ਉਹ ਬਸਤਰ ਅਸੀਂ ਆਪਣੇ ਕੋਲੋਂ ਪਹਿਨਾ ਕੇ ਇਸ਼ਨਾਨ ਤੋਂ ਬਾਅਦ ਲਾੜੇ ਦੇ ਬਸਤਰਾਂ ਦੀ ਯਾਦਗਾਰ ਰੱਖਦੇ ਹਾਂ। ਮਲਮਲ ਦੇ ਬਰੀਕ ਬਸਤਰ ਸ਼ਹਿਜ਼ਾਦੇ ਨੂੰ ਪਹਿਨਾ ਕੇ ਜਦੋਂ ਸ਼ਹਿਜ਼ਾਦੇ ਨੂੰ ਇਸ਼ਨਾਨ ਕਰਵਾਇਆ ਤਾਂ ਉਸ ਦੇ ਮਰਦ-ਚਿੰਨ੍ਹ ਦੀ ਸ਼ਨਾਖ਼ਤ ਹੋਈ ਤੇ ਔਰਤ ਚਿੰਨ੍ਹ ਛਾਤੀ ਦੇ ਦੁੱਧ ਦੇ ਚਸ਼ਮੇ ਨਹੀਂ ਸਨ, ਇਸ ਕਰਕੇ ਰਾਜੇ ਨੇ ਆਪਣੀ ਧੀ ਵਿਆਹੁਣ ਦੇ ਨਾਲ-ਨਾਲ ਖਿਮਾ ਜਾਚਨਾ ਵੀ ਕੀਤੀ ਕਿ ਮੈਨੂੰ ਕਿਸੇ ਚੁਗ਼ਲ ਨੇ ਸ਼ੱਕ ਪਾ ਦਿੱਤਾ ਸੀ, ਜਿਸ ਕਰਕੇ ਤੁਹਾਡੇ ਪੁੱਤਰ ਨੂੰ ਇਸ਼ਨਾਨ ਕਰਵਾਉਣ ਦੀ ਖੇਚਲ ਦਿੱਤੀ। ਇਹ ਸਾਡੀ ਕੋਈ ਕੁਲ ਦੀ ਰੀਤ ਨਹੀਂ ਸੀ। ਇਹ ਮੈਂ ਆਪਣੀ ਤਸੱਲੀ ਲਈ ਕੀਤਾ, ਤੁਸੀਂ ਮੈਨੂੰ

ਮੁਆਫ਼ ਕਰ ਦੇਣਾ ਕਿ ਕਿਸੇ ਦੇ ਕਹਿਣ 'ਤੇ ਮੈਂ ਤੁਹਾਡੇ ਉੱਪਰ ਸ਼ੱਕ ਕੀਤਾ। ਪੁੱਤਰ ਰਾਜੇ ਨੇ ਕਿਹਾ ਕਿ ਚੁਗ਼ਲੀ ਨਹੀਂ, ਇਹ ਵਾਰਤਾ ਸੱਚ ਹੀ ਸੀ ਪਰ ਇਹ ਸਭ ਕੁਝ ਜਗਤ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਸੋਲ੍ਹਾਂ ਸਾਲ ਸ਼ਹਿਜ਼ਾਦੀ ਰਹਿ ਕੇ ਤੇ ਇਕ ਛਿਨ ਵਿਚ ਹੀ ਸ੍ਰੀ ਗੁਰੂ ਨਾਨਕ ਜੀ ਨੇ ਇਸ ਨੂੰ ਸ਼ਹਿਜ਼ਾਦਾ ਬਣਾ ਦਿੱਤਾ। ਇਹ ਗੁਰੂ ਅਤੇ ਗੁਰੂ ਜੀ ਦੀ ਸੰਗਤ ਦੀ ਕਿਰਪਾ ਨਾਲ ਐਸਾ ਹੋਇਆ ਹੈ। ਫੇਰ ਉਹ ਰਾਜਾ ਵੀ ਪਰਿਵਾਰ ਸਮੇਤ ਗੁਰੂ ਦਾ ਸਿੱਖ ਹੋਇਆ। ਉਸ ਪਰਮੇਸ਼ਰ ਦਾ ਧੰਨਵਾਦ ਕਰਨ ਲੱਗੇ ਜੋ ਇਸਤਰੀ ਤੋਂ ਪੁਰਖ ਅਤੇ ਪੁਰਖ ਤੋਂ ਇਸਤਰੀ ਬਣਾ ਦਿੰਦਾ ਹੈ।

## ਕਹੁ ਕਬੀਰ, ਸਾਧੂ ਕੋ ਪ੍ਰੀਤਮੁ; ਤਿਸੁ ਮੂਰਤਿ ਬਲਿਹਾਰੀ ॥੪॥੨॥

ਭਗਤ ਕਬੀਰ ਜੀ ਕਹੁ = ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਤੂੰ ਸਾਧੂ = ਸੰਤ ਜਨਾਂ ਕੋ = ਦਾ ਪ੍ਰੀਤਮੁ = ਪਿਆਰਾ ਹੈਂ, ਮੈਂ ਤਿਸੁ = ਤੇਰੀ ਮੂਰਤਿ = ਹਸਤੀ ਤੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ।

**ਅਥਵਾ** ਜੋ ਪਰਮੇਸ਼ਰ ਸੰਤ ਜਨਾਂ ਦਾ ਪਿਆਰਾ ਹੈ, ਮੈਂ ਤਿਸੁ = ਉਸ ਦੀ ਮੂਰਤਿ = ਹਸਤੀ ਤੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ ॥੪॥੨॥

### ਦੂਸਰਾ ਅਰਥ

**ਰਾਜਾਸ੍ਰਮ; ਮਿਤਿ ਨਹੀ ਜਾਨੀ ਤੇਰੀ ॥**

ਹੇ ਰਾਜਾਸ੍ਰਮ = ਪ੍ਰਕਾਸ਼ ਸਰੂਪ ਬ੍ਰਹਮ ! ਸ਼ਕਤੀ ਵਿਰਤੀ ਕਰਕੇ ਕਿਸੇ ਪਾਸੋਂ ਵੀ ਤੇਰੀ ਪ੍ਰਾਪਤੀ ਰੂਪ ਕੀਮਤ ਨਹੀਂ ਜਾਣੀ ਜਾ ਸਕਦੀ।

**ਤੇਰੇ ਸੰਤਨ ਕੀ; ਹਉ ਚੇਰੀ ॥੧॥ਰਹਾਉ॥**

ਹੇ ਪਰਮੇਸ਼ਰ ! ਜਿਹੜੇ ਸੰਤ ਜਨ ਲਖਣਾਂ ਵਿਰਤੀ ਦੁਆਰਾ ਤੇਰੇ ਨਾਮ ਵਿਚ ਜੁੜੇ ਰਹਿੰਦੇ ਹਨ, ਉਨ੍ਹਾਂ ਤੇਰੇ ਸੰਤਨ = ਸੰਤ ਜਨਾਂ ਕੀ = ਦੀ ਹਉ = ਅਸੀਂ ਆਪਣੀ ਬੁੱਧੀ ਨੂੰ ਚੇਰੀ = ਦਾਸੀ ਬਣਾਉਂਦੇ ਹਾਂ ॥੧॥ਰਹਾਉ॥

**ਹਸਤੋ ਜਾਇ ਸੁ ਰੋਵਤੁ ਆਵੈ; ਰੋਵਤੁ ਜਾਇ ਸੁ ਹਸੈ ॥**

ਜਿਹੜੇ ਪੁਰਖ ਵਿਸ਼ਿਆਂ, ਕੁਸੰਗਤ ਵੱਲ ਹਸਤੋ = ਹੱਸਦੇ ਜਾਇ = ਜਾਂਦੇ ਹਨ, ਉਹ ਰੋਵਤੁ = ਰੋਂਦੇ ਹੋਏ ਆਵੈ = ਆਉਂਦੇ ਹਨ, ਭਾਵ ਜੋ ਇਸ ਸੰਸਾਰ ਦੇ ਅੰਦਰ ਵਿਸ਼ਿਆਂ ਨੂੰ ਭੋਗ ਕੇ ਖ਼ੁਸ਼ੀ ਮਨਾਉਂਦੇ ਹਨ, ਉਹ ਅੰਤ ਨੂੰ ਪ੍ਰਲੋਕ ਵੱਲ ਰੋਂਦੇ ਹੋਏ ਜਾਂਦੇ ਹਨ ਕਿ ਅਸੀਂ ਕੋਈ ਚੰਗਾ ਕੰਮ ਨਹੀਂ ਕੀਤਾ, ਜਿਹੜੇ ਸਤਿਸੰਗਤ ਵਿਚ ਰੋਵਤ = ਰੋਂਦੇ ਜਾਂਦੇ ਹਨ, ਭਾਵ ਵੈਰਾਗ ਧਾਰ ਕੇ ਜਾਂਦੇ ਹਨ, ਉਹ ਗੁਰ ਉਪਦੇਸ਼ ਦੁਆਰਾ ਮੁਕਤੀ ਨੂੰ ਪਾ ਕੇ ਹਸੈ = ਹੱਸਦੇ ਹੋਏ ਪ੍ਰਲੋਕ, ਸੱਚਖੰਡ ਨੂੰ ਜਾਂਦੇ ਹਨ।

**ਬਸਤੋ ਹੋਇ, ਹੋਇ ਸੋੁ ਊਜਰੁ; ਊਜਰੁ ਹੋਇ ਸੁ ਬਸੈ ॥੧॥**

ਜਿਹੜਾ ਜੀਵ ਅਗਿਆਨ, ਵਿਕਾਰਾਂ ਦੀ ਕੁਸੰਗਤ ਕਰ ਕੇ ਆਪਣੇ ਆਪ ਨੂੰ ਵੱਸਦਾ ਹੋਇ = ਹੋਇਆ ਮੰਨਣਾ ਕਰਦਾ ਹੈ, ਉਹ ਅੰਤ ਨੂੰ ਅਗਿਆਨ, ਵਿਕਾਰਾਂ ਦੀ ਕੁਸੰਗਤ ਕਰਕੇ ਉੱਜੜਨ ਵਾਲਾ ਹੋ ਜਾਂਦਾ ਹੈ, ਜਿਹੜਾ ਉੱਜੜਨ ਵਾਲਾ ਹੁੰਦਾ ਹੈ, ਉਹ ਸਤਿ, ਸੰਤੋਖ ਆਦਿ ਸ਼ੁਭ ਗੁਣਾਂ ਦੀ ਸੰਗਤ ਕਰ ਕੇ ਸਰੂਪ ਰੂਪੀ ਥਾਂ ਵਿਚ ਬਸੈ = ਵੱਸਣ ਵਾਲਾ ਹੋ ਜਾਂਦਾ ਹੈ ॥੧॥

**ਜਲ ਤੇ ਥਲ ਕਰਿ, ਥਲ ਤੇ ਕੂਆ; ਕੂਪ ਤੇ ਮੇਰੁ ਕਰਾਵੈ ॥**

ਪਰਮੇਸ਼ਰ ਪ੍ਰੇਮੀ ਪੁਰਖਾਂ ਨੂੰ ਪ੍ਰੇਮ ਰੂਪ ਜਲ ਤੋਂ ਬਗ਼ੈਰ ਕਰ ਕੇ ਥਲ = ਖ਼ੁਸ਼ਕ ਚਿੱਤ ਵਾਲੇ ਕਰ ਦਿੰਦਾ ਹੈ, ਥਲ = ਖ਼ੁਸ਼ਕ ਚਿੱਤ ਵਾਲੇ ਪੁਰਖਾਂ ਤੋਂ ਕੂਆ = ਖੂਹ ਵਤ ਨੀਵੇਂ, ਭਾਵ ਹੰਕਾਰੀ ਪੁਰਖਾਂ ਨੂੰ ਨਿਮਰਤਾ

ਵਾਲੇ ਬਣਾ ਦਿੰਦਾ ਹੈ ਅਤੇ ਕੂਪ = ਖੂਹ ਵਤ ਨਿਮਰਤਾ ਵਾਲੇ ਪੁਰਖਾਂ ਤੋਂ ਮੇਰੁ = ਸੁਮੇਰ ਪਰਬਤ ਵਤ ਉੱਚੇ ਭਾਵ ਸੱਚ ਸਰੂਪ ਦੀ ਪ੍ਰਾਪਤੀ ਵਾਲੇ ਕਰ ਦਿੰਦਾ ਹੈ।

**ਧਰਤੀ ਤੇ ਆਕਾਸਿ ਚਢਾਵੈ; ਚਢੇ ਅਕਾਸ ਗਿਰਾਵੈ ॥੨॥**

ਜੋ ਬੁੱਧ ਰੂਪੀ ਧਰਤੀ ਵਿਚ ਨਿਮਰਤਾ ਧਾਰੀ ਰੱਖਦੇ ਹਨ, ਉਨ੍ਹਾਂ ਦੀ ਵਿਰਤੀ ਪਰਮੇਸ਼ਰ ਚਿਦਾਕਾਸ਼ ਵਿਚ ਚੜ੍ਹਾਅ ਦਿੰਦਾ ਹੈ ਅਤੇ ਜਿਹੜੇ ਹੰਕਾਰ ਰੂਪੀ ਅਕਾਸ਼ ਵਿਚ ਚੜ੍ਹੇ ਰਹਿੰਦੇ ਹਨ, ਉਹਨਾਂ ਦੀ ਜੂਨਾਂ ਵਿਚ ਜਾਣ ਰੂਪ ਗਿਰਾਵਟ ਹੁੰਦੀ ਹੈ॥੨॥

**ਭੇਖਾਰੀ ਤੇ ਰਾਜੁ ਕਰਾਵੈ; ਰਾਜਾ ਤੇ ਭੇਖਾਰੀ ॥**

ਜੋ ਅਲਪੱਗ ਜੀਵ ਰੂਪ ਭਿਖਾਰੀ ਹੈ, ਇਸ ਤੇ = ਤੋਂ ਆਪਣੀਆਂ ਇੰਦਰੀਆਂ ਦਾ ਦਮਨ ਕਰਵਾ ਕੇ ਪਰਮੇਸ਼ਰ ਆਪਣੇ ਰਾਜੁ = ਪ੍ਰਕਾਸ਼ ਸਰੂਪ ਦਾ ਅਨੰਦ ਬਖ਼ਸ਼ ਦਿੰਦਾ ਹੈ **ਵਾ:** ਪਰਮੇਸ਼ਰ ਕਿਰਪਾ ਕਰਕੇ ਅਲਪੱਗ ਜੀਵ ਤੋਂ ਬ੍ਰਹਮ ਗਿਆਨ ਦੀ ਪ੍ਰਾਪਤੀ ਰੂਪ ਰਾਜ ਕਰਾਉਂਦਾ ਹੈ ਅਤੇ ਜੋ ਰਾਜਪੁਣੇ ਦੇ ਹੰਕਾਰ ਵਾਲੇ ਲੋਕ ਸਨ, ਉਨ੍ਹਾਂ ਨੂੰ ਅਲਪੱਗ ਜੀਵ ਰੂਪ ਮੰਗਤਿਆਂ ਨੂੰ ਜੂਨਾਂ ਵਿਚ ਭਰਮਣ ਵਾਲਾ ਬਣਾ ਦਿੰਦਾ ਹੈ।

**ਖਲ ਮੂਰਖ ਤੇ ਪੰਡਿਤੁ ਕਰਿਬੋ; ਪੰਡਿਤ ਤੇ ਮੁਗਧਾਰੀ ॥੩॥**

ਜਿਹੜੇ ਖਲ = ਨਿਸਚੇ ਕਰਕੇ (ਮੂ + ਰਖ) ਮੂ = ਮੂੰਹ ਆਦਿ ਇੰਦਰੀਆਂ ਨੂੰ ਰੋਕ ਕੇ ਰਖ = ਰੱਖਦੇ ਹਨ, ਉਨ੍ਹਾਂ ਨੂੰ ਪਰਮੇਸ਼ਰ ਪੰਡਿਤੁ = ਵਿਦਵਾਨ ਤੱਤਬੇਤੇ, ਬ੍ਰਹਮ ਗਿਆਨੀ ਬਣਾ ਦੇਣਾ ਕਰਿਬੋ = ਕਰਦਾ ਹੈ ਅਤੇ ਜੋ ਪੰਡਿਤ = ਵਿਦਵਾਨਪੁਣੇ ਦਾ ਹੰਕਾਰ ਕਰਦੇ ਹਨ, ਉਹ ਮੁਗਧਾਰੀ = ਮੂਰਖ ਹੋ ਜਾਂਦੇ ਹਨ॥੩॥

**ਨਾਰੀ ਤੇ, ਜੋ ਪੁਰਖੁ ਕਰਾਵੈ; ਪੁਰਖਨ ਤੇ ਜੋ ਨਾਰੀ ॥**

ਜਿਨ੍ਹਾਂ ਦੀ ਬਿਰਤੀ ਰੂਪ ਇਸਤਰੀ ਭਗਤੀ ਕਰਦੀ ਹੈ, ਉਹਨਾਂ ਦੀ ਬਿਰਤੀ ਰੂਪ ਇਸਤਰੀ ਨੂੰ ਪੁਰਖੁ = ਪੂਰਨ ਪਰਮੇਸ਼ਰ ਆਪਣਾ ਸਰੂਪ ਬਣਾ ਲੈਣਾ ਕਰਦਾ ਹੈ, ਜੋ ਪੁਰਖਪੁਣੇ ਦਾ ਹੰਕਾਰ ਕਰਦੇ ਹਨ, ਉਨ੍ਹਾਂ ਨੂੰ ਅਵਿੱਦਿਆ ਰੂਪੀ ਇਸਤਰੀ ਚਮੇੜ ਦਿੰਦਾ ਹੈ।

**ਕਹੁ ਕਬੀਰ, ਸਾਧੂ ਕੋ ਪ੍ਰੀਤਮੁ; ਤਿਸੁ ਮੂਰਤਿ ਬਲਿਹਾਰੀ ॥੪॥੨॥**

ਭਗਤ ਕਬੀਰ ਸਾਹਿਬ ਜੀ ਕਹੁ = ਕਥਨ ਕਰਦੇ ਹਨ ਕਿ ਜੋ ਪਰਮੇਸ਼ਰ ਸਾਧੂ = ਸੰਤ ਜਨਾਂ ਕੋ = ਦਾ ਪ੍ਰੀਤਮੁ = ਪਿਆਰਾ ਹੈ, ਮੈਂ ਤਿਸੁ = ਉਸ ਮੂਰਤਿ = ਹਸਤੀ ਤੋਂ ਬਲਿਹਾਰੀ = ਕੁਰਬਾਨ ਜਾਂਦਾ ਹਾਂ॥੪॥੨॥

# ਸਾਰੰਗ ਬਾਣੀ ਨਾਮਦੇਉ ਜੀ ਕੀ

# ੴ ਸਤਿਗੁਰ ਪ੍ਰਸਾਦਿ ॥

ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਸਾਰੰਗ ਰਾਗ ਦੇ ਵਿਚ ਭਗਤ ਨਾਮਦੇਵ ਜੀ ਕੀ = ਦੀ ਬਾਣੀ ਦਰਜ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਭਗਤ ਨਾਮਦੇਵ ਜੀ ਦੀ ਸੰਗਤ ਕਰਕੇ ਇਕ ਪੁਰਖ ਪਰਮੇਸ਼ਰ ਦੇ ਨਾਮ ਰੰਗ ਵਿਚ ਰੱਤਿਆ ਹੋਇਆ ਸੀ, ਉਸ ਸਤਿਸੰਗੀ ਪੁਰਖ ਦਾ ਲੜਕਾ ਕੁਸੰਗਤ ਵਿਚ ਪੈਣ ਕਰਕੇ ਵਿਕਾਰੀ ਹੋ ਗਿਆ ਸੀ, ਉਹ ਸਤਿਸੰਗੀ ਪੁਰਖ ਆਪਣੇ ਲੜਕੇ ਨੂੰ ਭਗਤ ਨਾਮਦੇਵ ਜੀ ਦੇ ਕੋਲ ਲੈ ਕੇ ਆਇਆ ਅਤੇ ਬੇਨਤੀ ਕੀਤੀ ਕਿ ਜਿਵੇਂ ਤੁਸੀਂ ਮੇਰਾ ਜੀਵਨ ਸੰਵਾਰ ਦਿੱਤਾ ਹੈ, ਉਸੇ ਤਰ੍ਹਾਂ ਮੇਰੇ ਲੜਕੇ ਨੂੰ ਉਪਦੇਸ਼ ਦੇ ਕੇ ਇਸ ਦਾ ਜੀਵਨ

ਵੀ ਵਿਕਾਰਾਂ ਵੱਲੋਂ ਹਟਾ ਕੇ ਸਤਿਸੰਗਤ ਵੱਲ ਲਾਉਣਾ ਕਰੋ। ਭਗਤ ਨਾਮਦੇਵ ਜੀ ਨੇ ਉਸ ਦੇ ਲੜਕੇ ਨੂੰ ਉਪਦੇਸ਼ ਦਿੰਦਿਆਂ ਆਪਣੇ ਮਨ ਨੂੰ ਸੰਬੋਧਨ ਕਰ ਕੇ ਇਹ ਸ਼ਬਦ ਉਚਾਰਨ ਕੀਤਾ :

## ਕਾਏਂ ਰੇ, ਮਨ; ਬਿਖਿਆ ਬਨ ਜਾਇ ॥ ਭੂਲੌ ਰੇ; ਠਗਮੂਰੀ ਖਾਇ ॥੧॥ਰਹਾਉ॥

ਰੇ = ਹੇ ਮਨਾਂ ! ਤੂੰ ਕਾਏਂ = ਕਿਸ ਵਾਸਤੇ ਬਿਖਿਆ = ਵਿਸ਼ਿਆਂ ਰੂਪੀ ਬਨ = ਜੰਗਲ ਵਿਚ ਜਾਇ = ਜਾਂਦਾ ਹੈਂ **ਅਥਵਾ** ਹੇ ਮੇਰੇ ਮਨਾਂ ! ਜਿਵੇਂ ਬਿਖਿਆ = ਜ਼ਹਿਰ ਵਾਲਾ ਬਨ = ਪਾਣੀ ਪੀਣ ਵਾਲਾ ਪੁਰਖ ਖ਼ਤਮ ਹੋ ਜਾਂਦਾ ਹੈ, ਇਸੇ ਪ੍ਰਕਾਰ ਵਿਸ਼ਿਆਂ ਦਾ ਰਸ ਵੀ ਖ਼ਤਮ ਕਰਨ ਵਾਲਾ ਹੈ, ਇਸ ਲਈ ਤੂੰ ਕਿਸ ਵਾਸਤੇ ਵਾਰ-ਵਾਰ ਵਿਸ਼ੇ ਭੋਗਣ ਜਾਂਦਾ ਹੈਂ **ਅਥਵਾ** ਜਿਵੇਂ ਜ਼ਹਿਰ ਵਾਲੇ ਬਗ਼ੀਚੇ ਵਿਚ ਕੋਈ ਪੁਰਖ ਜ਼ਹਿਰ ਵਾਲਾ ਫਲ ਖਾ ਲਵੇ ਤਾਂ ਉਸ ਨੂੰ ਜ਼ਹਿਰ ਚੜ੍ਹ ਜਾਂਦੀ ਹੈ, ਇਸੇ ਪ੍ਰਕਾਰ ਜੋ ਜੀਵ ਵਿਸ਼ਿਆਂ ਰੂਪੀ ਜ਼ਹਿਰ ਨੂੰ ਖਾਣਾ, ਭੋਗਣਾ ਕਰਦਾ ਹੈ, ਉਸ ਜੀਵ ਦੇ ਤਾਈਂ ਵਿਕਾਰਾਂ ਦੀ ਜ਼ਹਿਰ ਚੜ੍ਹ ਜਾਂਦੀ ਹੈ, ਇਸ ਲਈ ਹੇ ਪਿਆਰਿਆ ! ਆਪਣੇ ਮਨ ਨੂੰ ਸਿੱਖਿਆ ਦੇਣਾ ਕਰ ਕਿ ਤੂੰ ਕਿਸ ਵਾਸਤੇ ਸ਼ਬਦ, ਸਪਰਸ਼, ਰੂਪ ਰਸ ਗੰਧ ਰੂਪੀ ਵਿਸ਼ਿਆਂ ਦੇ ਜੰਗਲ ਵਿਚ ਜਾਣਾ ਹੈ।

ਰੇ = ਹੇ ਮਨਾਂ ! ਤੂੰ ਪਰਮੇਸ਼ਰ ਨੂੰ ਇਉਂ ਭੂਲੌ = ਭੁੱਲ ਗਿਆ ਹੈਂ ਜਿਵੇਂ ਕੋਈ ਪੁਰਖ ਠਗਮੂਰੀ = ਠੱਗਾਂ ਦੀ ਬੂਟੀ (ਜ਼ਹਿਰ ਵਾਲੇ ਲੱਡੂ ਆਦਿ ਪਦਾਰਥ) ਖਾਇ = ਖਾ ਕੇ ਆਪਣਾ ਆਪ ਭੁੱਲ ਜਾਂਦਾ ਹੈ, ਭਾਵ ਬੇਹੋਸ਼ ਹੋ ਜਾਂਦਾ ਹੈ **ਅਥਵਾ** ਹੇ ਮਨਾਂ ! ਤੂੰ ਮਾਇਆ, ਵਿਸ਼ਿਆਂ ਰੂਪੀ ਠੱਗਬੂਟੀ ਖਾ ਕੇ ਪਰਮਾਰਥ ਦੇ ਤਾਈਂ ਭੁੱਲ ਗਿਆ ਹੈਂ ॥੧॥ਰਹਾਉ॥

## ਜੈਸੇ; ਮੀਨੁ ਪਾਨੀ ਮਹਿ ਰਹੈ ॥ ਕਾਲ ਜਾਲ ਕੀ; ਸੁਧਿ ਨਹੀ ਲਹੈ ॥

ਜੈਸੇ = ਜਿਸ ਪ੍ਰਕਾਰ ਮੀਨੁ = ਮੱਛੀ ਪਾਨੀ = ਜਲ ਮਹਿ = ਵਿਚ ਰਹੈ = ਰਹਿੰਦੀ ਹੈ।

ਉਹ ਕਾਲ = ਮੌਤ ਰੂਪੀ ਜਾਲ = ਫਾਹੇ ਕੀ = ਦੀ ਸੁਧਿ = ਖ਼ਬਰ ਨਹੀਂ ਲਹੈ = ਲੈਂਦੀ।

ਇਸੇ ਪ੍ਰਕਾਰ ਜੀਵ ਰੂਪ ਮੱਛੀ ਪਦਾਰਥਾਂ ਰੂਪੀ ਪਾਣੀ ਵਿਚ ਰਹਿੰਦੀ ਹੈ, ਜੋ ਮੋਹ ਰੂਪੀ ਜਾਲ ਵਿਚ ਫਸੀ ਹੋਈ ਮੌਤ ਦੀ ਸੁਧਿ = ਗਿਆਤ ਨਹੀਂ ਲੈਂਦੀ।

## ਜਿਹਬਾ ਸੁਆਦੀ; ਲੀਲਿਤ ਲੋਹ ॥
## ਐਸੇ; ਕਨਿਕ ਕਾਮਨੀ ਬਾਧਿਓ ਮੋਹ ॥੧॥

ਜਿਵੇਂ ਮੱਛੀ ਜਿਹਬਾ = ਜੀਭ ਦੇ ਸੁਆਦੀ = ਸੁਆਦ ਪਿੱਛੇ ਭਾਵ ਮਾਸ ਜਾਂ ਆਟਾ ਖਾਣ ਦੇ ਲਾਲਚ ਕਰ ਕੇ ਲੋਹ = ਲੋਹੇ ਦੀ ਕੁੰਡੀ ਨੂੰ ਲੀਲਿਤ = ਨਿਗਲ ਜਾਂਦੀ ਹੈ ਭਾਵ ਪਕੜ ਲੈਂਦੀ ਹੈ।

ਐਸੇ = ਇਸੇ ਪ੍ਰਕਾਰ ਜੀਵ ਕਨਿਕ = ਸੋਨਾ ਆਦਿ ਕੀਮਤੀ ਪਦਾਰਥਾਂ ਤੇ ਕਾਮਨੀ = ਇਸਤਰੀ ਦੇ ਮੋਹ ਵਿਚ ਬਾਧਿਓ = ਬੱਝਾ ਹੋਇਆ ਹੈ ॥੧॥

## ਜਿਉ; ਮਧੁ ਮਾਖੀ ਸੰਚੈ ਅਪਾਰ ॥ ਮਧੁ ਲੀਨੋ; ਮੁਖਿ ਦੀਨੀ ਛਾਰੁ ॥

ਜਿਉ = ਜਿਵੇਂ ਮਾਖੀ = ਮੱਖੀ ਅਪਾਰ = ਬੇਅੰਤ ਮਧੁ = ਸ਼ਹਿਦ ਸੰਚੈ = ਇਕੱਤਰ ਕਰਦੀ ਹੈ।

ਪਰ ਸ਼ਹਿਦ ਚੋਣ ਵਾਲੇ ਪੁਰਖ ਮੱਖੀ ਦੇ ਮੁਖਿ = ਮੂੰਹ ਵਿਚ ਛਾਰੁ = ਕੌੜਾ ਧੂੰਆਂ ਜਾਂ ਸੁਆਹ ਦਾ ਧੂੰਆਂ ਦੀਨੀ = ਦੇ ਕੇ ਮਧੁ = ਸ਼ਹਿਦ ਨੂੰ ਚੋਅ ਲੀਨੋ = ਲੈਣਾ ਕਰਦੇ ਹਨ।

ਇਸੇ ਪ੍ਰਕਾਰ ਇਹ ਜੀਵ ਰੂਪੀ ਮੱਖੀ ਬੇਅੰਤ ਪਦਾਰਥਾਂ ਰੂਪੀ ਸ਼ਹਿਦ ਨੂੰ ਇਕੱਤਰ ਕਰਦੀ ਹੈ ਪਰ ਪਦਾਰਥਾਂ

ਰੂਪੀ ਸ਼ਹਿਦ ਨੂੰ ਚੋਣ, ਚੋਰੀ ਕਰਨ ਵਾਲੇ ਪੁਰਖ ਜੀਵ ਰੂਪੀ ਮੱਖੀ ਦੇ ਮੂੰਹ ਉੱਤੇ ਸੁਆਹ ਦਾ ਤੋਬਰਾ ਦੇ ਕੇ ਭਾਵ ਚਾੜ੍ਹ ਕੇ ਪਦਾਰਥਾਂ ਰੂਪੀ ਸ਼ਹਿਦ ਨੂੰ ਚੋਅ, ਚੋਰੀ ਕਰ ਲੈਣਾ ਕਰਦੇ ਹਨ।

## ਗਊ ਬਾਛ ਕਉ; ਸੰਚੈ ਖੀਰੁ ॥ ਗਲਾ ਬਾਂਧਿ; ਦੁਹਿ ਲੇਇ ਅਹੀਰੁ ॥੨॥

ਜਿਵੇਂ ਗਊ = ਗਾਂ ਆਪਣੇ ਬਾਛ = ਵੱਛੇ ਕਉ = ਵਾਸਤੇ ਘਾਹ ਚੁਗ-ਚੁਗ (ਚਰ-ਚਰ) ਕੇ ਖੀਰੁ = ਦੁੱਧ ਸੰਚੈ = ਇਕੱਤਰ ਕਰਦੀ ਹੈ।

ਪਰੰਤੂ ਉਸ ਵੱਛੇ ਨੂੰ ਗਾਂ ਦੇ ਗਲਾ = ਗਲ ਨਾਲ ਬਾਂਧਿ = ਬੰਨ੍ਹ ਕੇ ਅਹੀਰੁ = ਗੁੱਜਰ ਲੋਕ ਜਾਂ ਗਊਆਂ ਨੂੰ ਚੋਣ ਵਾਲੇ ਗਵਾਲੇ ਦੁੱਧ ਦੁਹਿ = ਚੋ ਲੇਇ = ਲੈਂਦੇ ਹਨ।

ਇਸੇ ਪ੍ਰਕਾਰ ਜੀਵ ਰੂਪ ਗਾਂ ਆਪਣੇ ਪੁੱਤਰ-ਧੀ ਰੂਪ ਵੱਛੇ ਵਾਸਤੇ ਪਦਾਰਥਾਂ ਰੂਪ ਦੁੱਧ ਨੂੰ ਇਕੱਤਰ ਕਰਦੀ ਹੈ **ਵਾ:** ਜੀਵ ਰੂਪ ਗਾਂ ਆਪਣੇ ਮਨ ਰੂਪ ਵੱਛੇ ਦੇ ਸੁਖ ਵਾਸਤੇ ਪਦਾਰਥਾਂ ਰੂਪ ਦੁੱਧ ਇਕੱਤਰ ਕਰਦੀ ਹੈ ਪਰ ਗੁੱਜਰ ਦੀ ਨਿਆਈਂ ਇਸਤਰੀ, ਪੁੱਤਰ ਆਦਿ ਸਾਰਾ ਪਰਿਵਾਰ ਮੋਹ ਰੂਪੀ ਰੱਸੀ ਨਾਲ ਬੰਨ੍ਹ ਕੇ ਜੀਵ ਰੂਪ ਗਾਂ ਦੇ ਕੋਲੋਂ ਪਦਾਰਥਾਂ ਰੂਪੀ ਦੁੱਧ ਚੋਅ ਭਾਵ ਖੋਹ ਲੈਂਦੇ ਹਨ॥੨॥

## ਮਾਇਆ ਕਾਰਨਿ; ਸ੍ਰਮੁ ਅਤਿ ਕਰੈ ॥ ਸੋ ਮਾਇਆ; ਲੈ ਗਾਡੈ ਧਰੈ ॥

ਇਸੇ ਪ੍ਰਕਾਰ ਇਹ ਜੀਵ ਮਾਇਆ ਦੀ ਪ੍ਰਾਪਤੀ ਕਾਰਨਿ = ਵਾਸਤੇ ਅਤਿ = ਬਹੁਤੀ ਸਾਰੀ ਸ੍ਰਮੁ = ਥਕਾਵਟ ਸਰੀਰ ਨੂੰ ਦੇਣਾ ਕਰੈ = ਕਰਦਾ ਹੈ, ਅਤੇ :

ਸੋ = ਉਸ ਮਾਇਆ ਨੂੰ ਲੈ ਕੇ ਗਾਡੈ ਧਰੈ = ਧਰਤੀ ਵਿਚ ਗਾਡੈ = ਗੱਡ ਦਿੰਦਾ ਹੈ, ਭਾਵ ਡੂੰਘਾ ਟੋਆ ਪੁੱਟ ਕੇ ਧਰਤੀ ਵਿਚ ਦੱਬ ਕੇ ਰੱਖਦਾ ਹੈ। ਜੈਸਾ ਕਿ :

**ਜੈਸੇ ਮਧੁ ਮਾਖੀ ਸੀਚਿ ਸੀਚਿ ਕੈ ਇਕਤ੍ਰ ਕਰੈ, ਹਰੈ ਮਧੁ ਆਇ ਤਾ ਕੇ ਮੁਖ ਛਾਰੁ ਡਾਰਿ ਕੈ।**
**ਜੈਸੇ ਬਛ ਹੇਤ ਗਊ ਸੰਚਤ ਹੈ ਖੀਰੁ, ਤਾਹਿ ਲੇਤ ਹੈ ਅਹੀਰੁ ਦੁਹਿ ਬਛਰੈ ਬਿਡਾਰਿ ਕੈ।**
**ਜੈਸੇ ਧਰ ਖੋਦਿ ਖੋਦਿ ਕਰਿ ਬਿਲ ਸਾਜੈ ਮੂਸਾ, ਪੈਸਤ ਸਰਪ ਧਾਇ ਖਾਇ ਤਾਹਿ ਮਾਰਿ ਕੈ।**
**ਤੈਸੇ ਕੋਟ ਪਾਪ ਕਰਿ ਮਾਇਆ ਜੋਰਿ ਜੋਰਿ ਮੂੜ, ਅੰਤ ਕਾਲਿ ਛਾਡਿ ਚਲੈ ਦੋਨੋ ਕਰ ਝਾਰਿ ਕੈ॥੫੫੪॥**

*(ਕਬਿੱਤ ਸਵੱਯੇ ਭਾਈ ਗੁਰਦਾਸ ਜੀ)*

## ਅਤਿ ਸੰਚੈ; ਸਮਝੈ ਨਹੀ ਮੂੜ੍ ॥ ਧਨੁ ਧਰਤੀ; ਤਨੁ ਹੋਇ ਗਇਓ ਧੂੜਿ ॥੩॥

ਮਾਇਆ ਨੂੰ ਅਤਿ = ਅਤਿਅੰਤ ਸੰਚੈ = ਇਕੱਤਰ ਕਰਦਾ ਹੈ, ਮੂੜ੍ = ਮੂਰਖ ਪੁਰਖ ਉੱਕਾ ਹੀ ਸਮਝੈ = ਸਮਝਦਾ ਨਹੀਂ ਹੈ।

ਉਹ ਧਨ ਤਾਂ ਧਰਤੀ ਵਿਚ ਦੱਬਿਆ ਰਹਿ ਗਿਆ ਤੇ ਤਨੁ = ਸਰੀਰ ਧੂੜਿ = ਸੁਆਹ, ਮਿੱਟੀ ਹੋਇ = ਹੋ ਗਿਆ, ਭਾਵ ਅੰਤ ਨੂੰ ਖ਼ਾਕ ਹੋ ਗਿਆ॥੩॥

## ਕਾਮ, ਕ੍ਰੋਧ; ਤ੍ਰਿਸਨਾ ਅਤਿ ਜਰੈ ॥ ਸਾਧਸੰਗਤਿ; ਕਬਹੂ ਨਹੀ ਕਰੈ ॥

ਕਾਮ, ਕ੍ਰੋਧ ਤੇ ਤ੍ਰਿਸ਼ਨਾ ਰੂਪੀ ਅਗਨੀ ਵਿਚ ਅਤਿ = ਅਤਿਅੰਤ ਜਰੈ = ਸੜਦਾ ਰਹਿੰਦਾ ਹੈ।

ਸਾਧਸੰਗਤਿ = ਸਤਿਸੰਗਤ ਕਬਹੂ = ਕਦੇ ਵੀ ਨਹੀਂ ਕਰੈ = ਕਰਦਾ।

## ਕਹਤ ਨਾਮਦੇਉ; ਤਾ ਚੀ ਆਣਿ ॥ ਨਿਰਭੈ ਹੋਇ; ਭਜੀਐ ਭਗਵਾਨ ॥੪॥੧॥

ਭਗਤ ਨਾਮਦੇਉ = ਨਾਮਦੇਵ ਜੀ ਕਹਤ = ਕਥਨ ਕਰਦੇ ਹਨ ਕਿ ਤਾ = ਉਸ ਪਰਮੇਸ਼ਰ ਚੀ = ਦੀ

ਆਨਿ = ਸ਼ਰਨ ਵਿਚ ਆਪਣੇ ਆਪ ਨੂੰ ਲਿਆਉਣਾ ਕਰੋ **ਵਾ:** ਤੁਹਾਨੂੰ ਉਸ ਪਰਮੇਸ਼ਰ ਦੀ ਆਨਿ = ਸੌਂਹ ਹੈ, ਮਨੁੱਖਾ ਜਨਮ ਧਾਰ ਕੇ ਉਸ ਦਾ ਭਜਨ ਕਰੋ ਕਿਉਂਕਿ ਉਸ ਪਰਮੇਸ਼ਰ ਦਾ ਭਜਨ ਕਰਕੇ ਡਰ ਤੋਂ ਰਹਿਤ ਹੋ ਜਾਈਦਾ ਹੈ।

ਨਿਰਭੈ = ਭੈ ਤੋਂ ਰਹਿਤ ਹੋਇ = ਹੋ ਕੇ ਭਗਵਾਨ = ਪਰਮੇਸ਼ਰ ਨੂੰ ਭਜੀਐ = ਭਜਨਾ ਕਰੋ ਭਾਵ ਉਸ ਦਾ ਸਿਮਰਨ ਕਰੋ ॥੪॥੧॥

ਇਉਂ ਭਗਤ ਨਾਮਦੇਵ ਜੀ ਨੇ ਉਸ ਸਤਿਸੰਗੀ ਪੁਰਖ ਦੇ ਕੁਸੰਗੀ ਪੁੱਤਰ ਨੂੰ ਉਪਦੇਸ਼ ਦੇ ਕੇ ਵਿਕਾਰਾਂ ਵੱਲੋਂ ਹਟਾ ਕੇ ਲਾਇਕ ਜੀਵਨ ਵਾਲਾ ਬਣਾ ਦਿੱਤਾ ਸੀ।

**ਉਥਾਨਕਾ :** ਇਕ ਵਾਰ ਭਗਤ ਨਾਮਦੇਵ ਜੀ ਨੂੰ ਪਰਮੇਸ਼ਰ ਦੇ ਸਰਗੁਣ ਸਰੂਪ ਦੇ ਵਿਚ ਦਰਸ਼ਨ ਕਰਨ ਦੀ ਚਿੱਤ ਵਿਚ ਅਤਿਅੰਤ ਇੱਛਾ ਹੋਈ ਕਿ ਪਰਮੇਸ਼ਰ ਦੇ ਦੀਦਾਰ ਜ਼ਰੂਰ ਕਰਨੇ ਹਨ, ਕਾਫ਼ੀ ਦਿਨ ਬਤੀਤ ਹੋ ਗਏ, ਦਰਸ਼ਨ ਨਾ ਹੋਏ। ਇਕ ਦਿਨ ਭਗਤ ਨਾਮਦੇਵ ਜੀ ਬਿਰਤੀ ਨੂੰ ਇਕਾਗਰ ਕਰ ਕੇ ਸਿਮਰਨ ਕਰ ਰਹੇ ਸਨ। ਭਗਤ ਨਾਮਦੇਵ ਜੀ ਦੀ ਅਤਿਅੰਤ ਸੁਰਤਿ ਟਿਕੀ ਵੇਖ ਕੇ ਅਚਨਚੇਤ ਹੀ ਪਰਮੇਸ਼ਰ ਸਰਗੁਣ ਸਰੂਪ ਧਾਰ ਕੇ ਪ੍ਰਗਟ ਹੋ ਗਏ, ਜਦ ਭਗਵਾਨ ਜੀ ਸਰਗੁਣ ਸਰੂਪ ਵਿਚ ਪ੍ਰਗਟ ਹੋ ਗਏ ਤਦ ਭਗਤ ਨਾਮਦੇਵ ਜੀ ਕਹਿਣ ਲੱਗੇ ਕਿ ਕਿਤਨਾ ਚਿਰ ਤੁਹਾਨੂੰ ਅਰਾਧਦਿਆਂ ਹੋ ਗਿਆ ਹੈ, ਤੁਸੀਂ ਬੜਾ ਤਰਸਾ-ਤਰਸਾ ਕੇ ਦਰਸ਼ਨ ਦਿੱਤੇ ਹਨ, ਉਸ ਵੇਲੇ ਭਗਵਾਨ ਜੀ ਕਹਿਣ ਲੱਗੇ—ਨਾਮਦੇਵ, ਮੈਂ ਸੁਤੰਤਰ ਭਾਵ ਵੱਡਾ ਹਾਂ ਤੇ ਤੁਸੀਂ ਜੀਵ ਪਰਤੰਤਰ ਭਾਵ ਨੀਵੇਂ ਹੋ। ਇਹ ਸੁਣ ਕੇ ਭਗਤ ਨਾਮਦੇਵ ਜੀ ਕਹਿਣ ਲੱਗੇ—ਹੇ ਪਰਮੇਸ਼ਰ ! ਤੂੰ ਮੈਨੂੰ ਅਜੇ ਵੀ ਪਤੰਤਰ ਰੱਖਿਆ ਹੋਇਆ ਹੈ, ਇਉਂ ਕਹਿੰਦਿਆਂ ਸ਼ਬਦ ਉਚਾਰਨ ਕੀਤਾ :

## ਬਦਹੁ ਕੀ ਨ, ਹੋਡ; ਮਾਧਉ ਮੋ ਸਿਉ ॥

(ਦੂਸਰਾ ਪਾਠ 'ਬਦਹੁ ਕੀਨ' ਹੈ)

ਹੇ ਮਾਧਉ = ਮਾਇਆ ਦੇ ਪਤੀ ਪਰਮੇਸ਼ਰ ! ਮੋ = ਮੇਰੇ ਸਿਉ = ਨਾਲ ਤੁਸੀਂ ਹੋਡ = ਸ਼ਰਤ ਕਿ = ਕਿਉਂ ਨ = ਨਹੀਂ ਬਦਹੁ = ਬੰਨ੍ਹ ਲੈਂਦੇ **ਵਾ:** ਮੇਰੇ ਨਾਲ ਸ਼ਰਤ ਬਦਹੁ ਕੀਨ = ਬੰਨ੍ਹਣਾ ਕਰੋ ਭਾਵ ਲਾਵੋ ਕਿ ਤੁਸੀਂ ਵੱਡੇ ਕਿਵੇਂ ਹੋ।

## ਠਾਕੁਰ ਤੇ ਜਨੁ, ਜਨ ਤੇ ਠਾਕੁਰੁ; ਖੇਲੁ ਪਰਿਓ ਹੈ ਤੋ ਸਿਉ ॥੧॥ਰਹਾਉ॥

ਠਾਕੁਰ = ਸੁਆਮੀ ਤੇ = ਤੋਂ ਜਨੁ = ਸੇਵਕ ਜਾਣਿਆ ਜਾਂਦਾ ਹੈ ਅਤੇ ਜਨ = ਸੇਵਕ ਤੇ = ਤੋਂ ਠਾਕੁਰੁ = ਸੁਆਮੀ ਜਾਣਿਆ ਜਾਂਦਾ ਹੈ ਇਹ ਤੋ = ਤੇਰੇ ਸਿਉ = ਨਾਲ ਬਰਾਬਰਤਾ ਦਾ ਖੇਲੁ = ਖੇਡ ਪਰਿਓ = ਪੈ ਰਿਹਾ ਹੈ **ਵਾ:** ਭਗਤੀ ਦਾ ਖੇਡ ਪਿਆ ਹੋਇਆ ਹੈ ॥੧॥ਰਹਾਉ॥

## ਆਪਨ ਦੇਉ, ਦੇਹੁਰਾ ਆਪਨ; ਆਪ ਲਗਾਵੈ ਪੂਜਾ ॥

ਹੇ ਪਰਮੇਸ਼ਰ ! ਉਥੇ ਨਿਰਗੁਣ ਸਰੂਪ ਵਿਚ ਤੂੰ ਆਪਨ = ਆਪ ਹੀ ਦੇਉ = ਦੇਵਤਾ ਰੂਪ ਹੈਂ ਆਪਨ = ਆਪ ਹੀ ਦੇਹੁਰਾ = ਮੰਦਰ ਰੂਪ ਹੈਂ ਅਤੇ ਤੂੰ ਆਪ ਹੀ ਜੀਵਾਂ ਨੂੰ ਪੂਜਾ ਵਿਚ ਲਗਾਵੈ = ਲਗਾਉਣ ਵਾਲਾ ਪੁਜਾਰੀ ਰੂਪ ਹੈਂ।

**ਅਥਵਾ** ਤੂੰ ਆਪ ਹੀ ਪ੍ਰਤਕ ਚੇਤਨ ਰੂਪ ਦੇਵਤਾ ਹੈਂ, ਤੂੰ ਆਪ ਹੀ ਸਰੀਰ ਰੂਪ ਮੰਦਰ ਹੈਂ **ਵਾ:** ਤੂੰ ਆਪ ਸੰਸਾਰ **ਵਾ:** ਸਤਿਸੰਗਤ ਰੂਪੀ ਦੇਹੁਰਾ ਹੈਂ ਅਤੇ ਆਪ ਹੀ ਉਪਾਸ਼ਕ ਹੋ ਕੇ ਆਪਣੇ ਆਪ ਨੂੰ ਭੋਗ ਲਵਾਉਂਦਾ ਹੈਂ **ਵਾ:** ਆਪਣਾ ਪੂਜਣ ਕਰਾਉਂਦਾ ਹੈਂ।

ਇਤਨਾ ਸੁਣ ਕੇ ਭਗਵਾਨ ਜੀ ਨੇ ਕਿਹਾ ਕਿ ਮੈਂ ਸਰਬ ਰੂਪ ਕਿਵੇਂ ਹੋ ਰਿਹਾ ਹਾਂ, ਮੈਂ ਤਾਂ ਤੇਰੇ ਕੋਲ ਵੱਖਰਾ ਬੈਠਾ ਹਾਂ, ਤਦ ਨਾਮਦੇਵ ਜੀ ਨੇ ਕਿਹਾ :

## ਜਲ ਤੇ ਤਰੰਗ, ਤਰੰਗ ਤੇ ਹੈ ਜਲੁ; ਕਹਨ ਸੁਨਨ ਕਉ ਦੂਜਾ ॥੧॥

ਜਿਵੇਂ ਜਲ = ਪਾਣੀ ਤੇ = ਤੋਂ ਤਰੰਗ = ਲਹਿਰ ਉੱਠਦੀ ਹੈ ਅਤੇ ਉਹ ਤਰੰਗ = ਲਹਿਰ ਦੇ ਨਾਸ਼ ਹੋਣ ਤੇ = ਤੋਂ ਮੁੜ ਜਲੁ = ਪਾਣੀ ਹੀ ਹੋ ਜਾਂਦਾ ਹੈ **ਵਾ:** ਮੁੜ ਉਹ ਲਹਿਰ ਪਾਣੀ ਰੂਪ ਹੀ ਹੋ ਜਾਂਦੀ ਹੈ। ਵਾਸਤਵ ਦ੍ਰਿਸ਼ਟੀ ਨਾਲ ਵਿਚਾਰੀਏ ਤਾਂ ਕੇਵਲ ਪਾਣੀ ਹੀ ਪਾਣੀ ਹੈ। ਪਰੰਤੂ ਉਪਾਧੀ ਭੇਦ ਹੋਣ ਕਰਕੇ ਕਹਿਣ ਤੇ ਸੁਣਨ ਕਉ = ਨੂੰ ਦੂਜਾ = ਦੋ ਹਨ।

ਇਸੇ ਪ੍ਰਕਾਰ ਬ੍ਰਹਮ ਰੂਪ ਜਲ ਤੇ ਜੀਵ ਰੂਪ ਤਰੰਗ ਇੱਕੋ ਹੀ ਰੂਪ ਹਨ, ਜੀਵ ਰੂਪ ਤਰੰਗ ਤੋਂ ਮੁੜ ਬ੍ਰਹਮ ਰੂਪ ਜਲ ਹੋ ਜਾਂਦਾ ਹੈ, ਭਾਵ ਵਾਚ ਅਰਥ ਦਾ ਤਿਆਗ ਤੇ ਲੱਖਣਾ ਅਰਥ ਦੁਆਰਾ ਵਿਚਾਰੀਏ ਤਾਂ ਬ੍ਰਹਮ ਰੂਪ ਜਲ ਹੀ ਜਲ ਹੈ ਪਰੰਤੂ ਅਵਿੱਦਿਆ ਦੀ ਉਪਾਧੀ ਹੋਣ ਕਰਕੇ ਦੋ ਨਾਮ ਪਏ ਹੋਏ ਹਨ॥੧॥

## ਆਪਹਿ ਗਾਵੈ, ਆਪਹਿ ਨਾਚੈ; ਆਪਿ ਬਜਾਵੈ ਤੂਰਾ ॥

ਹੇ ਪਰਮੇਸ਼ਰ! ਤੂੰ ਆਪਹਿ = ਆਪ ਹੀ ਗਾਵੈ = ਗਾਉਣ ਵਾਲਾ ਹੈਂ, ਆਪਹਿ = ਆਪ ਹੀ ਨਾਚੈ = ਨਿਰਤਕਾਰੀ ਕਰਨ ਵਾਲਾ ਹੈਂ, ਆਪ ਹੀ ਤੂਰਾ = ਵਾਜਾ ਬਜਾਵੈ = ਵਜਾਉਣ ਵਾਲਾ ਹੈਂ **ਵਾ:** ਤੂੰ ਆਪ ਹੀ ਜਗਿਆਸੂ ਰੂਪ ਹੋ ਕੇ ਆਪਣੇ ਜੱਸ ਨੂੰ ਗਾਉਂਦਾ ਹੈਂ, ਆਪ ਹੀ ਤਤਬੇਤਾ ਰੂਪ ਹੋ ਕੇ ਆਪਣੇ ਸਰੂਪ ਦਾ ਨਾਚੈ = ਨਿਰਣਾ ਕਰਨ ਵਾਲਾ ਹੈਂ ਅਤੇ ਆਪ ਹੀ ਵਾਜਿਆਂ ਨੂੰ ਵਜਾਉਣ ਵਾਲਾ ਕੀਰਤਨੀਆ ਹੈਂ **ਵਾ:** ਆਪ ਹੀ ਸਰੀਰ ਰੂਪੀ ਵਾਜਿਆਂ ਨੂੰ ਵਜਾਉਣ ਵਾਲਾ ਹੈਂ, ਆਪ ਹੀ ਮਹਾਂਵਾਕ ਰੂਪੀ ਵਾਜਿਆਂ ਨੂੰ ਵਜਾਉਣ ਵਾਲਾ ਹੈਂ ਤੇ ਆਪ ਹੀ ਜਗਿਆਸੂ ਰੂਪ ਹੋ ਕੇ ਅਭਿਆਸ ਕਰਨ ਵਾਲਾ ਹੈਂ।

## ਕਹਤ ਨਾਮਦੇਉ, ਤੂੰ ਮੇਰੋ ਠਾਕੁਰੁ; ਜਨੁ ਊਰਾ ਤੂ ਪੂਰਾ ॥੨॥੨॥

ਭਗਤ ਨਾਮਦੇਉ = ਨਾਮਦੇਵ ਕਹਤ = ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਤੂੰ ਮੇਰੋ = ਮੇਰਾ ਠਾਕੁਰ = ਸੁਆਮੀ ਹੈਂ, ਮੈਂ ਤੇਰਾ ਜਨੁ = ਸੇਵਕ ਊਰਾ = ਊਣੇਪਣ ਵਾਲਾ ਹਾਂ ਤੇ ਤੂੰ ਪੂਰੇਪਣ ਵਾਲਾ ਹੈਂ, ਭਾਵ ਜੇ ਅਸੀਂ ਊਣੇ ਹਾਂ ਤਾਂ ਹੀ ਤੁਹਾਡਾ ਨਾਮ ਪੂਰਨ ਪਿਆ ਹੈ, ਜੇ ਅਸੀਂ ਊਣੇ ਨਾ ਹੋਈਏ ਤਾਂ ਤੁਹਾਨੂੰ ਪੂਰਨ ਕੌਣ ਕਹਿਣਾ ਕਰੇਗਾ, ਇਸ ਕਰਕੇ ਆਪਣੀ ਏਕਤਾ ਹੀ ਹੋ ਗਈ ਹੈ। ਇਉਂ ਭਗਤ ਨਾਮਦੇਵ ਜੀ ਆਪਣੀ ਨਿਮਰਤਾ ਵੀ ਵਿਖਾ ਗਏ ਤੇ ਏਕਤਾ ਵੀ ਕਰ ਗਏ॥੨॥੨॥

ਭਗਤ ਨਾਮਦੇਵ ਜੀ ਦੇ ਨਿਮਰਤਾ ਭਰੇ ਏਕਤਾ ਵਾਲੇ ਬਚਨ ਸੁਣ ਕੇ ਪਰਮੇਸ਼ਰ ਜੀ ਬਹੁਤ ਪ੍ਰਸੰਨ ਹੋਏ ਅਤੇ ਜੋ ਭਗਵਾਨ ਜੀ ਨੇ ਪ੍ਰਸੰਨਤਾ ਦੇ ਸਹਿਤ ਆਪਣੀ ਰਸਨਾ ਤੋਂ ਭਗਤ ਨਾਮਦੇਵ ਜੀ ਨੂੰ ਬਚਨ ਕਹੇ, ਉਨ੍ਹਾਂ ਬਚਨਾਂ ਨੂੰ ਭਗਤ ਨਾਮਦੇਵ ਜੀ ਸ਼ਬਦ ਦੁਆਰਾ ਕਥਨ ਕਰ ਕੇ ਦੱਸਦੇ ਹਨ।

## ਦਾਸ ਅਨਿੰਨ; ਮੇਰੋ ਨਿਜ ਰੂਪ ॥

ਜਿਹੜਾ ਦਾਸ = ਸੇਵਕ ਅਨਿੰਨ = ਭੇਦ-ਭਾਵ **ਵਾ:** ਦ੍ਵੈਤ ਤੋਂ ਰਹਿਤ ਹੈ ਜਾਂ ਇਕ-ਰਸ ਭਗਤੀ ਕਰਨ ਵਾਲਾ ਹੈ, ਉਹ ਮੇਰੋ = ਮੇਰਾ ਨਿਜ = ਆਪਣਾ ਹੀ ਰੂਪ = ਸਰੂਪ ਹੈ।

ਜਿਵੇਂ ਪਤੀਬਰਤਾ ਇਸਤ੍ਰੀ ਆਪਣੇ ਪਤੀ ਤੋਂ ਬਗ਼ੈਰ ਹੋਰ ਕਿਸੇ ਦੇ ਰੂਪ ਵੱਲ ਨਹੀਂ ਦੇਖਦੀ, ਹੋਰ ਕਿਸੇ ਦਾ ਜੱਸ ਨਹੀਂ ਸੁਣਦੀ ਅਤੇ ਨਾ ਹੀ ਕਿਸੇ ਹੋਰ ਨਾਲ ਗੁਪਤ ਗੱਲਾਂ ਕਰਦੀ ਹੈ, ਇਸੇ ਪ੍ਰਕਾਰ ਅਨਿੰਨ ਸੇਵਕ ਆਪਣੇ ਪਰਮੇਸ਼ਰ ਤੋਂ ਬਗ਼ੈਰ ਹੋਰ ਕਿਸੇ ਨੂੰ ਵੀ ਰਿਦੇ ਰੂਪੀ ਜਗ੍ਹਾ ਵਿਚ ਨਹੀਂ ਲਿਆਉਂਦਾ, ਨਾ ਹੀ ਕਿਸੇ

ਹੋਰ ਦੇਵੀ-ਦੇਵਤੇ ਦਾ ਜੱਸ ਸੁਣਦਾ ਜਾਂ ਕਰਦਾ ਹੈ ਅਤੇ ਨਾ ਹੀ ਕਿਸੇ ਦੂਸਰੇ ਨੂੰ ਸੰਸਾਰ ਵਿਚ ਪਰਮੇਸ਼ਰ ਦੇ ਬਰਾਬਰ ਜਾਣਦਾ ਹੈ।

## ਦਰਸਨ ਨਿਮਖ, ਤਾਪ ਤ੍ਰਈ ਮੋਚਨ; ਪਰਸਤ ਮੁਕਤਿ ਕਰਤ, ਗ੍ਰਿਹ ਕੂਪ ॥੧॥ਰਹਾਉ॥

ਐਸੇ ਸੇਵਕ ਦਾ ਨਿਮਖ = ਇਕ ਛਿਨ ਮਾਤਰ ਦਰਸਨ = ਦੀਦਾਰ ਕੀਤਾ ਹੋਇਆ ਤ੍ਰਈ = ਤਿੰਨੇ ਤਾਪਾਂ ਤੋਂ ਮੋਚਨ = ਛੁਡਵਾ ਦਿੰਦਾ ਹੈ **ਵਾ:** ਤਿੰਨੇ ਕਾਰਨ, ਸੂਖਮ, ਸਥੂਲ ਦੇਹਾਂ ਦੇ ਮਾਣ ਨੂੰ ਕੱਟ ਦਿੰਦਾ ਹੈ **ਵਾ:** ਤਿੰਨਾਂ ਗੁਣਾਂ ਰੂਪ ਤਾਪਾਂ ਨੂੰ **ਵਾ:** ਤਿੰਨੇ ਵਾਸ਼ਨਾ ਰੂਪ ਤਾਪਾਂ ਨੂੰ ਕੱਟ ਦਿੰਦਾ ਹੈ ਅਤੇ ਗ੍ਰਿਹ = ਗ੍ਰਿਹਸਥ, ਘਰ ਰੂਪੀ ਕੂਪ = ਖੂਹ ਤੋਂ ਵੀ ਐਸੇ ਸੇਵਕ ਦਾ ਪਰਸਤ = ਮਿਲਣਾ **ਵਾ:** ਐਸੇ ਸੇਵਕਾਂ ਦੇ ਚਰਨਾਂ ਦਾ ਪਰਸਣਾ ਮੁਕਤ ਕਰਤ = ਕਰ ਦਿੰਦਾ ਹੈ ॥੧॥ਰਹਾਉ॥

## ਮੇਰੀ ਬਾਂਧੀ, ਭਗਤੁ ਛਡਾਵੈ; ਬਾਂਧੈ ਭਗਤੁ, ਨ ਛੂਟੈ ਮੋਹਿ ॥

ਮੇਰੀ ਬਾਂਧੀ = ਬੰਨ੍ਹੀ ਹੋਈ ਮਰਯਾਦਾ ਨੂੰ ਭਗਤ ਜਨ ਛਡਾਵੈ = ਛੁਡਾ, ਤੋੜ ਦਿੰਦੇ ਹਨ ਅਤੇ ਭਗਤ ਜਨਾਂ ਦੀ ਬਾਂਧੈ = ਬੰਨ੍ਹੀ ਹੋਈ ਮਰਯਾਦਾ ਮੋਹਿ = ਮੇਰੇ ਪਾਸੋਂ ਛੂਟੈ = ਛੁੱਟਦੀ ਨ = ਨਹੀਂ ਹੈ।

੧. ਮੇਰੀ ਸਾਰੀ ਸ੍ਰਿਸ਼ਟੀ ਕਰਮਾਂ ਵਿਚ ਬੰਨ੍ਹੀ ਹੋਈ ਹੈ, ਪਰ ਭਗਤ ਜਨਾਂ ਨੇ ਸ੍ਰਿਸ਼ਟੀ ਤੋਂ ਭਗਤੀ ਕਰਵਾ ਕੇ, ਕਰਮਾਂ ਦੇ ਜਾਲ ਤੋਂ ਛੁਡਵਾ ਕੇ ਮੁਕਤ ਕਰ ਦੇਂਦੇ ਹਨ **ਵਾ:** ਮੇਰੀ ਸਾਰੀ ਸ੍ਰਿਸ਼ਟੀ ਅਗਿਆਨ ਵਿਚ ਬੰਨ੍ਹੀ ਹੋਈ ਸੀ ਪਰ ਭਗਤ ਜਨਾਂ ਨੇ ਸ੍ਰਿਸ਼ਟੀ ਨੂੰ ਗਿਆਨ ਦੇ ਕੇ ਜੰਮਣ ਮਰਨ ਤੋਂ ਛੁਡਵਾ ਦੇਣਾ ਹੈ ਅਤੇ ਇਹ ਭਗਤਾਂ ਦਾ ਛੁਡਾਉਣ ਦਾ ਨਿਯਮ ਬੰਨ੍ਹਿਆ ਹੋਇਆ ਮੇਰੇ ਪਾਸੋਂ ਛੁੱਟਦਾ ਨਹੀਂ ਹੈ ਭਾਵ ਭਗਤ ਜਨਾਂ ਦੀ ਸੰਗਤ ਕਰ ਕੇ ਸ੍ਰਿਸ਼ਟੀ ਨੇ ਮੁਕਤ ਜ਼ਰੂਰ ਹੋ ਜਾਣਾ ਹੈ।

੨. ਜੋ ਮੇਰੀ ਯੁਗਾਂ ਦੇ ਆਉਣ ਦੀ ਮਰਯਾਦਾ ਬੰਨ੍ਹੀ ਹੋਈ ਸੀ, ਭਾਵ ਪਹਿਲਾਂ ਸਤਿਜੁਗ, ਫਿਰ ਦੁਆਪਰ, ਫਿਰ ਤ੍ਰੇਤਾ ਤੇ ਫਿਰ ਕਲਿਜੁਗ ਆਉਣਾ ਸੀ ਪਰ ਭਗਤ ਗੋਤਮ ਰਿਖੀ ਨੇ ਆਪਣੀ ਸੁਪਤਨੀ ਅਹਿੱਲਿਆ ਨੂੰ ਪੱਥਰ ਜੂਨ ਤੋਂ ਜਲਦੀ ਛੁਡਾਉਣ ਵਾਸਤੇ ਯੁਗ ਦਾ ਯੁਗ ਹੀ ਪਲਟਾ ਦਿੱਤਾ ਸੀ ਭਾਵ ਸਤਿਜੁਗ ਤੋਂ ਬਾਅਦ ਦੁਆਪਰ ਯੁਗ ਨੇ ਆਉਣਾ ਸੀ, ਪਰ ਗੌਤਮ ਰਿਖੀ ਨੇ ਦੁਆਪਰ ਦੀ ਥਾਂ ਤ੍ਰੇਤਾ ਯੁਗ ਕਰ ਦਿੱਤਾ ਸੀ। ਇਉਂ ਭਗਤ ਗੋਤਮ ਰਿਖੀ ਦੀ ਬੰਨ੍ਹੀ ਹੋਈ ਮਰਯਾਦਾ ਮੇਰੇ ਕੋਲੋਂ ਛੁੱਟਦੀ ਨਹੀਂ ਹੈ।

੩. ਜੋ ਮੇਰੀ ਸਮੁੰਦਰ ਦਾ ਮਿੱਠਾ ਪਾਣੀ ਹੋਣ ਦੀ ਮਰਯਾਦਾ ਬੰਨ੍ਹੀ ਹੋਈ ਸੀ, ਉਹ ਮਰਯਾਦਾ ਭਗਤ ਅਗਸਤ ਰਿਖੀ ਜੀ ਨੇ ਛੁਡਵਾ ਦਿੱਤੀ ਸੀ, ਇਉਂ ਜੋ ਭਗਤ ਅਗਸਤ ਰਿਖੀ ਜੀ ਦੀ ਮਰਯਾਦਾ ਬੰਨ੍ਹੀ ਹੋਈ ਹੈ ਕਿ ਸਮੁੰਦਰ ਖਾਰਾ ਰਹੇਗਾ, ਉਹ ਹੁਣ ਮੇਰੇ ਪਾਸੋਂ ਛੁੱਟਦੀ ਨਹੀਂ ਹੈ ਭਾਵ ਮੈਂ ਭਗਤਾਂ ਦੀ ਮਰਯਾਦਾ ਨੂੰ ਤੋੜ ਕੇ ਸਮੁੰਦਰ ਦਾ ਪਾਣੀ ਦੁਬਾਰਾ ਮਿੱਠਾ ਨਹੀਂ ਕਰ ਸਕਦਾ।

੪. ਜੋ ਮੇਰੀ ਕ੍ਰਿਸ਼ਨ ਰੂਪ ਵਿਚ ਮਰਯਾਦਾ ਬੰਨ੍ਹੀ ਹੋਈ ਸੀ ਕਿ ਮੈਂ ਮਹਾਂਭਾਰਤ ਦੇ ਜੰਗ ਵਿਚ ਸ਼ਸਤਰ ਨਹੀਂ ਫੜਾਂਗਾ ਪਰ ਉਸ ਮਰਯਾਦਾ ਨੂੰ ਭਗਤ ਭੀਸ਼ਮ ਪਿਤਾਮਾ ਜੀ ਨੇ ਛੁਡਾ ਦਿੱਤਾ ਸੀ ਅਰਥਾਤ ਜੋ ਭਗਤ ਭੀਸ਼ਮ ਪਿਤਾਮਾ ਨੇ ਪ੍ਰਣ ਕੀਤਾ ਸੀ ਕਿ ਮੈਂ ਕ੍ਰਿਸ਼ਨ ਭਗਵਾਨ ਦੇ ਹੱਥ ਵਿਚ ਜ਼ਰੂਰ ਸ਼ਸਤਰ ਫੜਾਵਾਂਗਾ, ਉਹ ਮੇਰੇ ਪਾਸੋਂ ਛੁੱਟਿਆ ਨਹੀਂ ਭਾਵ ਮੈਨੂੰ ਕ੍ਰਿਸ਼ਨ ਰੂਪ ਵਿਚ ਸ਼ਸਤਰ ਜ਼ਰੂਰ ਹੀ ਫੜਨਾ ਪਿਆ। ਹੋਰ ਤਾਂ ਕੁਝ ਨਾ ਲੱਭਿਆ, ਰੱਥ ਦਾ ਪਹੀਆ ਹੀ ਚੁੱਕ ਲਿਆ ਸੀ ਤਾਂ ਭੀਸ਼ਮ ਪਿਤਾਮਾ ਨੇ ਕਿਹਾ ਸੀ ਕਿ ਹੇ ਭਗਵਾਨ ! ਬੱਸ, ਮੈਂ ਤਾਂ ਕੇਵਲ ਆਪ ਜੀ ਦੀ ਪ੍ਰਤਿੱਗਿਆ ਹੀ ਤੋੜਨੀ ਸੀ, ਮੈਂ ਕੋਈ ਅਰਜਨ ਨੂੰ ਮਾਰਨਾ ਨਹੀਂ ਸੀ।

**ਸਾਖੀ—ਭਾਈ ਬੁੱਧੂ ਸ਼ਾਹ ਜੀ ਦੀ :** ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਕ ਪ੍ਰੇਮੀ ਗੁਰਸਿੱਖ ਲਾਹੌਰ ਨਿਵਾਸੀ ਭਾਈ ਬੁੱਧੂ ਸ਼ਾਹ (ਜਾਤੀ ਦਾ ਘੁਮਿਆਰ) ਗੁਰੂ 'ਤੇ ਭਰੋਸਾ ਰੱਖਣ ਵਾਲਾ ਸੀ। ਉਹ ਆਏ-ਗਏ

ਸਿੱਖ, ਸੰਤਾਂ, ਮਹਾਤਮਾਂ ਆਦਿ ਦੀ ਸ਼ਰਧਾ-ਭਾਵਨਾ ਨਾਲ ਸੇਵਾ ਕਰਦਾ ਸੀ। ਧਰਮ ਕਿਰਤ ਨੂੰ ਸਫਲਿਆਂ ਕਰਦਾ। ਇਸ ਨੇ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਹਜ਼ਾਰਾਂ ਰੁਪਏ ਕਰਜ਼ਾ ਚੁੱਕ ਕੇ ਇੱਟਾਂ ਪਕਾਉਣ ਲਈ ਆਵਾ ਤਿਆਰ ਕੀਤਾ। ਇਸੇ ਵਾਰਤਾ ਨੂੰ ਭਾਈ ਸੰਤੋਖ ਸਿੰਘ ਜੀ ਇਉਂ ਲਿਖਦੇ ਹਨ, ਜੈਸਾ ਕਿ :

**ਸਿੱਖਜਨਿ ਕੀ ਬਹੁਤ ਸੇਵਾ ਕਰਿਈ। ਧਰਮ ਕਿਰਤ ਕੀ ਜੀਵਾ ਧਰਿਈ।**
**ਗੁਰੂ ਭਰੋਸੇ ਕਾਰ ਕਰੰਤਾ। ਅਪਨੇ ਸਭਿ ਕਾਰਜ ਨਿਬਹੰਤਾ॥੨॥**

ਭਾਈ ਬੁੱਧੂ ਸ਼ਾਹ ਨੇ ਇੱਟਾਂ ਦਾ ਪੰਜਾਵਾ ਲਾਇਆ। ਬਹੁਤ ਸਾਰਾ ਧਨ ਖ਼ਰਚਿਆ, ਹਜ਼ਾਰਾਂ ਬੰਦੇ ਕੰਮਾਂ-ਕਾਰਾਂ ਵਾਸਤੇ ਲੱਗੇ ਹੋਏ ਸਨ, ਜਿਨ੍ਹਾਂ ਨੂੰ ਸ਼ਾਮ ਦੇ ਵਕਤ ਦਿਹਾੜੀ ਦਿੰਦਾ ਸੀ। ਕੁਝ ਕੁ ਮਹੀਨਿਆਂ ਵਿਚ ਕੱਚੀਆਂ ਇੱਟਾਂ ਦੇ ਚਿਣਨ ਦਾ ਕੰਮ ਸਮਾਪਤ ਹੋਇਆ। ਆਵੇ ਨੂੰ ਅੱਗ ਦੇਣ ਤੋਂ ਪਹਿਲਾਂ ਗੁਰੂ ਜੀ ਦੇ ਚਰਨਾਂ ਵਿਚ ਪਹੁੰਚਿਆ ਕਿ ਮੇਰਾ ਕਾਰਜ ਨਿਰਵਿਘਨਤਾ ਸਹਿਤ ਸੰਪੂਰਨ ਹੋਵੇ। ਇਹ ਸੋਚ ਕੇ ਇਕ ਰਾਤ ਰਸਤੇ ਵਿਚ ਬਤੀਤ ਹੋਈ। ਗੁਰੂ ਰਾਮਦਾਸ ਸਾਹਿਬ ਜੀ ਦੀ ਨਗਰੀ ਪਹੁੰਚਿਆ। ਪਹਿਲਾਂ ਖੂਹ 'ਤੇ ਫਿਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਇਸ਼ਨਾਨ ਕਰ ਕੇ ਸਤਿਗੁਰੂ ਸਾਹਿਬ ਜੀ ਦੀ ਅਸੀਸ ਲੈਣ ਵਾਸਤੇ ਸਤਿਗੁਰੂ ਸਾਹਿਬ ਜੀ ਦੇ ਚਰਨ ਕਮਲਾਂ 'ਤੇ ਭੇਟਾ ਰੱਖ ਕੇ ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਮਹਾਰਾਜ ! ਅਸੀਸ ਬਖ਼ਸ਼ੋ ਤਾਂ ਕਿ ਮੇਰਾ ਆਵਾ ਪੱਕਾ ਨਿਕਲੇ, ਜੋ ਸਤਿਗੁਰੂ ਸਾਹਿਬ ਜੀ ਨੇ ਅੱਗੋਂ ਹੁਕਮ ਕੀਤਾ, ਉਸ ਦਾ ਜ਼ਿਕਰ ਇਤਿਹਾਸ ਵਿਚ ਇਉਂ ਹੈ, ਜੈਸਾ ਕਿ :

**ਕਰੁਨਾ ਭਰੇ ਰਸੀਲੇ ਨੈਨ। ਸੁਨਿ ਇਸ ਕੋ ਪਿਖਿ ਕਰਿ ਕਰਿ ਬੈਨ।**
**ਕਾਰਜ ਤੋਰਿ ਸਿੱਧ ਹੁਇ ਜਾਇ। ਸੇਵਹੁ ਸਿੱਖਯਨ ਕੋ ਮਨ ਲਾਇ॥੧੫॥**
**ਪਾਕ ਈਂਟ ਕਾ ਹੋਵਹਿਂ ਨੀਕੇ। ਕਰਹੁ ਮਨੋਰਥ ਪੂਰਨ ਜੀ ਕੇ।**
**ਇਮਿ ਸੁਨਿ ਕੈ ਤਬਿ ਬੰਦਨ ਠਾਨੀ। ਪੁਨ ਆਯਹੁ ਲਵਪੁਰ ਮਹਾਨੀ॥੧੬॥**

ਗੁਰੂ ਜੀ ਨੇ ਭਾਈ ਬੁੱਧੂ ਸ਼ਾਹ 'ਤੇ ਕਿਰਪਾ ਦ੍ਰਿਸ਼ਟੀ ਕੀਤੀ, ਕਿਰਪਾ ਭਰੇ ਨੇਤਰਾਂ ਨਾਲ ਤੱਕ ਕੇ ਕਿਹਾ ਕਿ ਗੁਰਸਿੱਖਾਂ ਦੀ ਭਾਵਨਾ ਨਾਲ ਸੇਵਾ ਕਰਨ ਤੋਂ ਕੰਮ ਸਿੱਧ ਹੋਵੇਗਾ। ਘਰ ਵਿਚ ਲੰਗਰ ਤਿਆਰ ਕਰ ਕੇ ਸਿੱਖਾਂ ਨੂੰ ਛਕਾਉਣ ਨਾਲ ਗੁਰੂ ਦੀ ਖ਼ੁਸ਼ੀ ਹੋਵੇਗੀ। ਖ਼ਿਆਲ ਰੱਖਣਾ, ਕੋਈ ਸਿੱਖ ਭੁੱਖਾ ਨਾ ਜਾਵੇ। ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਸਤਿ ਬਚਨ ਕਹਿੰਦਾ ਹੋਇਆ ਵਾਪਸ ਪਰਤਿਆ। ਲਾਹੌਰ ਪਹੁੰਚ ਕੇ ਕੱਚੀਆਂ ਇੱਟਾਂ ਨੂੰ ਪਕਾਉਣ ਲਈ ਆਵੇ ਨੂੰ ਅੱਗ ਦਿੱਤੀ ਤੇ ਕੁਝ ਦਿਨਾਂ ਬਾਅਦ ਸਤਿਗੁਰੂ ਸਾਹਿਬ ਜੀ ਦਾ ਬਚਨ ਚੇਤੇ ਕਰ ਕੇ ਕਿ ਮੈਂ ਸਿੱਖਾਂ ਨੂੰ ਲੰਗਰ ਤਿਆਰ ਕਰ ਕੇ ਛਕਾਵਾਂ, ਜਿਸ ਕਰਕੇ ਮੇਰਾ ਕਾਰਜ ਰਾਸ ਹੋਵੇ ਤੇ ਗੁਰੂ ਜੀ ਦੀ ਖ਼ੁਸ਼ੀ ਲਵਾਂ। ਇਸ ਪ੍ਰਕਾਰ ਸਤਿਗੁਰਾਂ ਦੇ ਬਚਨ ਚੇਤੇ ਕਰਦਿਆਂ ਸਿੱਖਾਂ ਨੂੰ ਲੰਗਰ ਛਕਾਉਣਾ ਸ਼ੁਰੂ ਕੀਤਾ। ਭੋਜਨ ਵਰਤਣ ਪਿੱਛੋਂ ਭਾਈ ਲੱਖੂ ਜੀ ਆ ਗਏ ਤੇ ਭੋਜਨ ਬਾਰੇ ਭਾਈ ਬੁੱਧੂ ਸ਼ਾਹ ਜੀ ਨੂੰ ਕਿਹਾ ਕਿ ਸਿੱਖਾਂ ਨੂੰ ਭੋਜਨ ਛਕਾ ਰਿਹਾ ਹੈਂ, ਮੈਂ ਵੀ ਗੁਰੂ ਕਾ ਸਿੱਖ ਹਾਂ, ਮੈਨੂੰ ਵੀ ਭੋਜਨ ਛਕਾ। ਇਸ ਨੇ ਬੇਰੁਖ਼ੀ ਨਾਲ ਉੱਤਰ ਦਿੱਤਾ ਕਿ ਤੈਨੂੰ ਸਮੇਂ ਸਿਰ ਆਉਣਾ ਚਾਹੀਦਾ ਸੀ, ਹੁਣ ਤਾਂ ਲੰਗਰ ਵਰਤ ਚੁੱਕਾ ਹੈ। ਭਾਈ ਲੱਖੂ ਉਥੇ ਹੀ ਖੜਾ ਰਿਹਾ। ਜਦੋਂ ਪ੍ਰਸ਼ਾਦਾ ਛਕ ਕੇ ਇਕ ਸਿੱਖ ਨੇ ਅਰਦਾਸ ਕੀਤੀ ਕਿ ਮਹਾਰਾਜ ਜੀ ! ਭਾਈ ਬੁੱਧੂ ਜੀ ਨੇ ਆਪ ਜੀ ਦੀਆਂ ਸੰਗਤਾਂ ਨੂੰ ਪ੍ਰਸ਼ਾਦਾ ਛਕਾਇਆ ਹੈ। ਇਸ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ ਹੈ, ਇਸ ਦਾ ਆਵਾ ਪੱਕਾ ਨਿਕਲੇ ਤਾਂ ਭਾਈ ਲੱਖੂ ਜੀ ਅਰਦਾਸ ਦੇ ਵਿਚ ਹੀ ਬੋਲ ਪਏ ਕਿ ਸਿੱਖੋ, ਜਿਤਨੀਆਂ ਮਰਜ਼ੀ ਅਰਦਾਸਾਂ ਕਰ ਲਉ, ਬੁੱਧੂ ਸ਼ਾਹ ਦਾ ਆਵਾ ਤਾਂ ਕੱਚਾ ਹੀ ਨਿਕਲੇਗਾ। ਜੈਸਾ ਕਿ :

**ਸੁਨਿ ਸਿਖ ਲਖੂ ਊਚ ਉਬਾਚਾ। ਬੁਧੂ ਰਹਯੋ ਪਚਾਵਾ ਕਾਚਾ।**
**ਹੇਰਿ ਛੁਧਾਤੁਰ ਦਿਯ ਨ ਅਹਾਰਾ। ਨਹਿਂ ਪਾਕਹਿ ਭਾ ਦੋਸ਼ ਉਦਾਰਾ॥੨੪॥**

ਇਹ ਸੁਣ ਕੇ ਬੁੱਧੂ ਸ਼ਾਹ ਨੇ ਕਿਹਾ ਕਿ ਵੱਡਾ ਆਇਆ ਹੈ ਸਿੱਖ ਆਵਾ ਕੱਚਾ ਕਹਿਣ ਵਾਲਾ। ਮੈਨੂੰ ਤਾਂ ਗੁਰੂ ਨੇ ਆਵਾ ਪੱਕਾ ਹੋਣ ਦਾ ਬਚਨ ਦਿੱਤਾ ਹੈ। ਭੋਜਨ ਛਕਣ ਲਈ ਆਪ ਨਹੀਂ ਪਹੁੰਚਿਆ ਤੇ ਉਲਟਾ ਕ੍ਰੋਧ ਵਿਚ ਆ ਕੇ ਆਵਾ ਕੱਚਾ ਰਹਿਣ ਦਾ ਬਚਨ ਕਰ ਰਿਹਾ ਹੈ। ਅੱਗੋਂ ਭਾਈ ਲੱਖੂ ਨੇ ਕਿਹਾ ਕਿ ਮੈਂ ਗੁਰੂ ਦਾ ਨਿਮਾਣਾ ਸਿੱਖ ਹਾਂ, ਤੇਰਾ ਆਵਾ ਕੱਚਾ ਰਹੇਗਾ। ਇਹ ਬਚਨ ਤਿੰਨ ਵਾਰ ਕਹੇ। ਭਾਈ ਬੁੱਧੂ ਸ਼ਾਹ ਦੇ ਮਨ ਵਿਚ ਭਾਵੇਂ ਸ਼ੰਕਾ ਤਾਂ ਉਸੇ ਦਿਨ ਪੈ ਗਈ ਸੀ, ਜਦੋਂ ਭਾਈ ਲੱਖੂ ਨੇ ਆਵਾ ਕੱਚਾ ਹੋਣ ਦਾ ਬਚਨ ਕੀਤਾ ਪਰ ਕੁਝ ਦਿਨਾਂ ਬਾਅਦ ਜਦੋਂ ਜਾ ਕੇ ਆਵਾ ਦੇਖਿਆ ਤਾਂ ਆਵਾ ਸੱਚਮੁੱਚ ਹੀ ਕੱਚਾ ਨਿਕਲਿਆ। ਭਾਈ ਬੁੱਧੂ ਸ਼ਾਹ ਬਹੁਤ ਹੈਰਾਨ ਹੋਇਆ ਤੇ ਬਹੁਤ ਜਲਦੀ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਤੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਤੁਸੀਂ ਤਾਂ ਆਵਾ ਪੱਕਾ ਹੋਣ ਦਾ ਵਰ ਦਿੱਤਾ ਸੀ ਪਰ ਆਵਾ ਕੱਚਾ ਨਿਕਲਿਆ ਹੈ, ਨਫ਼ਾ ਤਾਂ ਕੀ ਹੋਣਾ ਸੀ, ਮੇਰਾ ਤਾਂ ਮੂਲ ਵੀ ਚਲਾ ਗਿਆ ਹੈ। ਤੁਹਾਡੇ ਬਚਨਾਂ ਤੋਂ ਬਿਨਾਂ ਮੇਰਾ ਹੋਰ ਕੋਈ ਆਸਰਾ ਨਹੀਂ ਹੈ। ਮੈਂ ਤਾਂ ਕਰਜ਼ਾ ਦਿੰਦਾ ਹੀ ਮਰ ਜਾਵਾਂਗਾ। ਸਤਿਗੁਰੂ ਜੀ ਨੇ ਕਿਹਾ ਕਿ ਤੂੰ ਗੁਰਸਿੱਖ ਸੰਗਤਾਂ ਨੂੰ ਭੋਜਨ ਛਕਾਇਆ ਸੀ ? ਭਾਈ ਬੁੱਧੂ ਸ਼ਾਹ ਨੇ ਕਿਹਾ ਕਿ ਹਾਂ ਸਤਿਗੁਰੂ ਜੀ! ਆਪ ਜੀ ਦੇ ਕਹੇ ਅਨੁਸਾਰ ਗੁਰਸਿੱਖ ਸੰਗਤਾਂ ਨੂੰ ਭੋਜਨ ਛਕਾ ਕੇ ਸੇਵਾ ਕੀਤੀ ਹੈ। ਸਤਿਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਸਾਨੂੰ ਲੱਗਦਾ ਹੈ ਕਿ ਤੇਰੇ ਭੋਜਨ ਛਕਾਉਣ ਵੇਲੇ ਕੋਈ ਗ਼ਲਤੀ ਹੋਈ ਹੈ। ਕੀ ਸਾਰੇ ਸਿੱਖ ਤੇਰੇ ਘਰੋਂ ਪ੍ਰਸੰਨ ਹੋ ਕੇ ਗਏ ਸਨ ? ਫਿਰ ਭਾਈ ਬੁੱਧੂ ਸ਼ਾਹ ਜੀ ਨੇ ਹੱਥ ਜੋੜ ਕੇ ਕਿਹਾ ਕਿ ਹੋਰ ਤਾਂ ਪ੍ਰਸੰਨ ਹੋ ਕੇ ਛਕ ਗਏ ਸਨ ਪਰ ਭੋਜਨ ਵਰਤੇ ਤੋਂ ਇਕ ਸਿੱਖ ਆਇਆ ਸੀ ਜਿਸ ਨੂੰ ਮੈਂ ਭੋਜਨ ਨਹੀਂ ਦਿੱਤਾ। ਉਸ ਨੇ ਕਿਹਾ ਸੀ ਕਿ ਤੇਰਾ ਆਵਾ ਕੱਚਾ ਰਹੇਗਾ। ਤਾਂ ਮੈਂ ਉਸ ਨੂੰ ਜਵਾਬ ਦਿੱਤਾ ਸੀ ਕਿ ਐਸਾ ਕੌਣ ਹੈ ਜੋ ਸਤਿਗੁਰਾਂ ਦਾ ਬਚਨ ਮੇਟੇ। ਇਹ ਇਕ ਮੇਰੇ ਕੋਲੋਂ ਭੁੱਲ ਹੋਈ ਹੈ, ਪਰ ਹੈਰਾਨੀ ਦੀ ਗੱਲ ਤਾਂ ਸਤਿਗੁਰੂ ਜੀ ਇਹ ਹੈ ਕਿ ਤੁਹਾਡੇ ਬਚਨ ਨੂੰ ਇਕ ਸਿੱਖ ਨੇ ਮੋੜ ਦਿੱਤਾ। ਇਹ ਕੀ ਕਾਰਨ ਹੈ ? ਤਾਂ ਸਤਿਗੁਰੂ ਜੀ ਨੇ ਕਿਹਾ ਕਿ ਬੁੱਧੂ ਸ਼ਾਹ, ਭਾਈ ਲੱਖੂ ਦੀ ਲਿਵ ਜੁੜੀ ਹੋਈ ਹੈ। ਇੱਕੀ ਪਾਠ ਜਪੁਜੀ ਸਾਹਿਬ ਦੇ ਕਰਨੇ ਕਰਕੇ ਉਸ ਦੀ ਰਸਨਾ ਉਪਰ ਬਰਕਤਾਂ ਹੋ ਰਹੀਆਂ ਹਨ। ਇਸ ਲਈ ਗੁਰੂ ਉਸ ਦੀ ਰਸਨਾ ਉਪਰ ਵੱਸਦਾ ਹੈ ਤੇ ਪਰਮਾਤਮਾ ਦਾ ਆਦਿ ਤੋਂ ਹੀ ਇਹ ਸੁਭਾਅ ਚਲਿਆ ਆਉਂਦਾ ਹੈ ਕਿ ਮੇਰੀ ਬੰਨ੍ਹੀ ਹੋਈ ਮਰਯਾਦਾ ਨੂੰ ਭਗਤ ਜਨ ਛੁਡਾ ਦੇਂਦੇ ਹਨ ਤੇ ਭਗਤਾਂ ਦੀ ਬੰਨ੍ਹੀ ਹੋਈ ਮਰਯਾਦਾ ਮੇਰੇ ਕੋਲੋਂ ਨਹੀਂ ਛੁੱਟਦੀ। ਪਰ ਹੇ ਬੁੱਧੂ ਸ਼ਾਹ! ਤੂੰ ਵੀ ਭਾਵਨਾ ਧਾਰ ਕੇ ਗੁਰੂ ਸ਼ਰਨ ਵਿਚ ਆਇਆ ਹੈਂ ਅਤੇ ਗੁਰੂ ਦੀ ਸੰਗਤ ਨੂੰ ਪ੍ਰਸ਼ਾਦਾ ਛਕਾਇਆ ਹੈ, ਇਸ ਲਈ ਗੁਰੂ ਦੋਵੇਂ ਥਾਂ ਰੱਖੇਗਾ। ਸਿੱਖ ਦਾ ਕੀਤਾ ਬਚਨ ਤੇ ਤੇਰੀ ਭਾਵਨਾ ਹੈ, ਜੈਸਾ ਕਿ :

**ਦੋਵੈ ਥਾਵ ਰਖੇ ਗੁਰ ਸੂਰੇ॥** *(ਬਿਲਾਵਲੁ ਮਹਲਾ ੫, ਅੰਗ ੮੨੫)*

ਇੱਟਾਂ ਤਾਂ ਤੇਰੀਆਂ ਆਵੇ ਵਿੱਚੋਂ ਕੱਚੀਆਂ ਹੀ ਨਿਕਲਣਗੀਆਂ, ਇਹ ਬਚਨ ਤਾਂ ਸਿੱਖ ਦਾ ਪੂਰਾ ਹੋਵੇਗਾ, ਪਰ ਵਿਕਣਗੀਆਂ ਪੱਕੀਆਂ ਦੇ ਭਾਅ, ਇਕ ਗੱਲ ਹੋਰ ਕਿ ਅੱਗੇ ਵਾਸਤੇ ਕਿਸੇ ਸਿੱਖ ਦਾ ਨਿਰਾਦਰ ਨਹੀਂ ਕਰਨਾ। ਜੈਸਾ ਕਿ :

**ਕਾਚੀ ਈਂਟ ਪਚਾਵੇ ਜੋਇ। ਬਿਕਹਿਂ ਮੋਲ ਪਾਕੀ ਕੇ ਸੋਇ॥੪੪॥**
**ਰਿਣ ਉਤਰਹਿ ਅਰ ਨਫਾ ਸੁ ਪਾਵੈ। ਸਿਖਨ ਸੇਵਹੁ ਸੁਖੀ ਰਹਾਵੈ।**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੪੯)*

ਭਾਈ ਬੁੱਧੂ ਸ਼ਾਹ 'ਸਤਿ ਬਚਨ' ਕਹਿ ਕੇ ਵਾਪਸ ਆ ਗਿਆ। ਕੁਝ ਸਮੇਂ ਬਾਅਦ ਇਤਨੀ ਬਾਰਸ਼ ਪਈ ਕਿ ਸੰਮਨ ਬੁਰਜ ਵਾਲੀ ਕੰਧ ਢਹਿ ਪਈ। ਇੱਟਾਂ ਦੀ ਲੋੜ ਪਈ ਤੋਂ ਸਰਕਾਰੀ ਕਰਮਚਾਰੀ ਹੋਰ ਕਿਤੇ ਇੱਟਾਂ ਨਾ ਮਿਲਣ ਕਰਕੇ ਭਾਈ ਬੁੱਧੂ ਸ਼ਾਹ ਜੀ ਕੋਲ ਆਏ ਤਾਂ ਭਾਈ ਬੁੱਧੂ ਸ਼ਾਹ ਜੀ ਦੀਆਂ ਕੱਚੀਆਂ ਇੱਟਾਂ ਨੂੰ ਹੀ ਪੱਕੀਆਂ ਦੇ ਭਾਅ ਖ਼ਰੀਦ ਕੇ ਲੈ ਗਏ। ਇਸ ਪ੍ਰਕਾਰ ਕੱਚੀਆਂ ਇੱਟਾਂ ਪੱਕੀਆਂ ਦੇ ਭਾਅ ਵਿਕੀਆਂ।

ਇਉਂ ਜੋ ਪਰਮੇਸ਼ਰ ਨੇ ਗੁਰੂ ਅਰਜਨ ਦੇਵ ਰੂਪ ਹੋ ਕੇ ਮਰਯਾਦਾ ਬੰਨ੍ਹੀ ਸੀ ਕਿ ਆਵਾ ਪੱਕਾ, ਉਹ ਭਗਤ ਲੱਖੂ ਨੇ ਮਰਯਾਦਾ ਛੁਡਾ ਦਿੱਤੀ ਅਤੇ ਜੋ ਭਗਤ ਲੱਖੂ ਜੀ ਨੇ ਮਰਯਾਦਾ ਬੰਨ੍ਹੀ ਸੀ ਕਿ ਆਵਾ ਕੱਚਾ ਹੀ ਰਹੇਗਾ, ਉਹ ਪਰਮੇਸ਼ਰ ਦੇ ਪਾਸੋਂ ਛੁੱਟਦੀ ਨਹੀਂ ਹੈ ਪਰ ਭਾਈ ਬੁੱਧੂ ਸ਼ਾਹ ਨੂੰ ਇਹ ਗੱਲ ਆਖ ਦਿੱਤੀ ਕਿ ਤੇਰੀਆਂ ਕੱਚੀਆਂ ਇੱਟਾਂ ਪੱਕੀਆਂ ਦੇ ਭਾਅ ਵਿਕ ਜਾਣਗੀਆਂ।

[ਅੰਗ ੧੨੫੩]

## ਏਕ ਸਮੈ, ਮੋਕਉ ਗਹਿ ਬਾਂਧੈ; ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥

ਜੇਕਰ ਏਕ = ਇਕ ਸਮੈ = ਵਕਤ ਮੋਕਉ = ਮੈਨੂੰ ਭਗਤ ਜਨ ਪ੍ਰੇਮ ਰੂਪੀ ਰੱਸੇ ਨਾਲ ਗਹਿ = ਪਕੜ ਕੇ ਬਾਂਧੈ = ਬੰਨ੍ਹ ਲੈਣਾ ਕਰਨ, ਤਉ = ਤਦ ਫੁਨਿ = ਫੇਰ ਮੋ = ਮੇਰੇ ਪੈ = ਤੋਂ (ਕੋਲੋਂ) ਕੋਈ ਵੀ ਜਵਾਬ ਨ = ਨਹੀਂ ਹੋਇ = ਹੋਵੇਗਾ ॥੧॥

**ਸਾਖੀ—ਲੋਦੀ ਨਾਮੇ ਬਿਆਧਿ (ਸ਼ਿਕਾਰੀ) ਦੀ :** ਤ੍ਰੇਤੇ ਯੁੱਗ ਵਿਚ ਇਕ ਬਿਆਧਿ (ਸ਼ਿਕਾਰੀ) ਹੋਇਆ ਹੈ, ਜਿਸ ਦਾ ਨਾਮ ਲੋਦੀਆ ਸੀ। ਇਹ ਜੰਗਲ ਵਿਚ ਅਨੇਕਾਂ ਪੰਛੀਆਂ, ਜਾਨਵਰਾਂ ਦਾ ਸ਼ਿਕਾਰ ਕਰ ਕੇ ਕੁਝ ਖਾ ਲੈਂਦਾ ਸੀ ਤੇ ਕੁਝ ਵੇਚ ਆਉਂਦਾ ਸੀ। ਇਕ ਦਿਨ ਇਸ ਨੂੰ ਕੋਈ ਸ਼ਿਕਾਰ ਨਾ ਮਿਲਿਆ। ਜੰਗਲ ਵਿਚ ਫਿਰਦੇ ਹੋਏ ਨੂੰ ਇਕ ਰਿਸ਼ੀ (ਚੰਦ੍ਰਕਮੁਨੀ) ਨੂੰ ਸਮਾਧੀ ਲਾਏ ਬੈਠੇ ਨੂੰ ਵੇਖਿਆ ਤੇ ਉਸ ਦੇ ਚਰਨਾਂ ਉੱਪਰ ਮੱਥਾ ਟੇਕ ਕੇ ਸੁਖਨਾ ਸੁੱਖ ਲਈ ਕਿ ਹੇ ਰਿਸ਼ੀ ਜੀ! ਜੇਕਰ ਮੈਨੂੰ ਅੱਜ ਸ਼ਿਕਾਰ ਮਿਲ ਜਾਣ ਤਾਂ ਚੌਥਾ ਹਿੱਸਾ ਤੁਹਾਡੀ ਭੇਟ ਕਰਾਂਗਾ। ਇਉਂ ਬੇਨਤੀ ਕਰ ਕੇ ਅੱਗੇ ਸ਼ਿਕਾਰ ਕਰਨ ਲਈ ਚਲਿਆ ਗਿਆ ਤੇ ਬਹੁਤ ਸਾਰੇ ਪੰਛੀ ਆਦਿ ਮਾਰ ਕੇ ਲੈ ਆਇਆ ਅਤੇ ਲਿਆ ਕਰਕੇ ਰਿਸ਼ੀ ਦੇ ਸਾਹਮਣੇ ਰੱਖ ਦਿੱਤੇ। ਜਦੋਂ ਰਿਸ਼ੀ ਨੇ ਸਮਾਧੀ ਤੋਂ ਅੱਖਾਂ ਖੋਲ੍ਹੀਆਂ ਤਾਂ ਇਸ ਨੇ ਬੇਨਤੀ ਕੀਤੀ ਕਿ ਮਹਾਰਾਜ! ਆਪ ਜੀ ਕੇ ਕੋਲ ਸੁੱਖੀ ਹੋਈ ਸੁਖਨਾ ਪੂਰੀ ਹੋਈ ਹੈ ਤੇ ਆਪ ਜੀ ਆਪਣਾ ਚੌਥਾ ਹਿੱਸਾ ਵੰਡ ਲਵੋ। ਚੰਦ੍ਰਕਮੁਨੀ ਨੇ ਕਿਹਾ ਕਿ ਤੂੰ ਬੜਾ ਹੀ ਘਾਤਕ ਆਦਮੀ ਹੈਂ, ਤੂੰ ਬਹੁਤ ਪਾਪ ਕੀਤਾ ਹੈ ਤੇ ਇਹ ਬੇਜ਼ੁਬਾਨ ਪੰਛੀਆਂ ਨੂੰ ਮਾਰ ਕੇ ਤੂੰ ਸਾਡੀ ਭੇਟ ਰੱਖਦਾ ਹੈਂ, ਅਸੀਂ ਤੈਨੂੰ ਸਰਾਪ ਦੇ ਦੇਵਾਂਗੇ। ਸ਼ਿਕਾਰੀ ਡਰ ਗਿਆ ਤੇ ਕਹਿਣ ਲੱਗਾ ਕਿ ਮੁਨੀ ਜੀ, ਮੈਨੂੰ ਮੁਆਫ਼ ਕਰ ਦਿਉ, ਸਰਾਪ ਨਾ ਦੇਵੋ। ਤਾਂ ਚੰਦ੍ਰਕਮੁਨੀ ਨੇ ਕਿਹਾ ਕਿ ਜਾਹ ਫਿਰ ਤੂੰ ਸਾਨੂੰ ਚਤੁਰਭੁਜੀ ਜਾਨਵਰ ਫੜ ਕੇ ਲਿਆ ਕੇ ਦੇਣਾ ਕਰ।

ਇਹ ਮੁਨੀ ਜੀ ਦੇ ਬਚਨਾਂ ਉੱਤੇ ਨਿਸਚਾ ਕਰ ਕੇ ਕਹਿਣ ਲੱਗਾ ਕਿ ਹੁਣੇ ਹੀ ਲਿਆ ਦਿੰਦਾ ਹਾਂ, ਪਰ ਮੈਨੂੰ ਮੁਆਫ਼ ਜ਼ਰੂਰ ਕਰ ਦੇਣਾ। ਇਸ ਤਰ੍ਹਾਂ ਕਹਿ ਕਰਕੇ ਜੰਗਲ ਵਿਚ ਚਤੁਰਭੁਜੀ ਜਾਨਵਰ ਨੂੰ ਭਾਲਣ ਚੱਲ ਪਿਆ, ਪਰੰਤੂ ਉਹ ਜਾਨਵਰ ਕਿਤੋਂ ਵੀ ਨਾ ਮਿਲਿਆ। ਅਖ਼ੀਰ ਥੱਕ-ਹਾਰ ਕੇ ਘਰ ਆ ਗਿਆ ਤੇ ਚਿਤਾ ਬਣਾ ਕੇ ਸੜਨ ਲੱਗਾ। ਘਰਵਾਲੀ ਨੇ ਕਿਹਾ ਕਿ ਤੁਹਾਨੂੰ ਤਾਂ ਕਿਸੇ ਰਿਸ਼ੀ ਨੇ ਐਵੇਂ ਹੀ ਬਹਿਕਾ ਦਿੱਤਾ ਹੈ। ਚਤੁਰਭੁਜੀ ਜਾਨਵਰ ਤਾਂ ਕਦੇ ਕਿਸੇ ਨੇ ਵੇਖਿਆ ਵੀ ਨਹੀਂ ਹੋਣਾ। ਤਾਂ ਅੱਗੋਂ ਬਧਿਕ ਕਹਿਣ ਲੱਗਾ ਕਿ ਰਿਸ਼ੀ-ਮੁਨੀ ਕਦੇ ਝੂਠ ਨਹੀਂ ਬੋਲਦੇ, ਮੈਨੂੰ ਉਹਨਾਂ ਦੇ ਬਚਨਾਂ ਉੱਤੇ ਪੂਰਨ ਵਿਸ਼ਵਾਸ ਹੈ। ਇਹ ਕਹਿ ਕੇ ਜਦੋਂ ਸੜਨ ਲੱਗਾ ਤਾਂ ਭਗਵਾਨ ਨੇ ਇਸ ਦਾ ਦ੍ਰਿੜ੍ਹ ਨਿਸਚਾ ਵੇਖ ਕੇ ਚਤੁਰਭੁਜੀ ਜਾਨਵਰ ਦਾ ਰੂਪ ਧਾਰਨ ਕਰ ਲਿਆ ਤੇ ਭਗਵਾਨ ਇਸ ਦੇ ਸਾਹਮਣੇ ਆ ਗਏ। ਇਹ ਉਸ ਵੇਲੇ ਉਸ ਚਤੁਰਭੁਜੀ ਪੰਛੀ ਨੂੰ ਫੜਨ ਲਈ ਉਸ ਦੇ ਮਗਰ ਦੌੜਿਆ ਤਾਂ ਚਤੁਰਭੁਜੀ ਬਣੇ ਭਗਵਾਨ ਜੀ ਕਦੇ ਕਿਸੇ ਪਾਸੇ ਦੌੜ ਜਾਣ, ਕਦੇ ਕਿਸੇ ਪਾਸੇ ਵੱਲ ਚਲੇ ਜਾਣ। ਇਹ ਸ਼ਿਕਾਰੀ ਉਸ ਦੇ ਮਗਰ ਕੰਡਿਆਲੀਆਂ ਝਾੜੀਆਂ ਵਿੱਚੋਂ ਦੀ ਲੰਘਦਾ ਹੋਇਆ ਫੜਦਾ ਹੈ, ਪਰੰਤੂ ਭਗਵਾਨ ਜੀ ਪਕੜੇ ਨਹੀਂ ਜਾਂਦੇ ਅਤੇ ਇਸ ਦਾ ਸਰੀਰ ਵੀ ਕੰਡੇ ਵੱਜਣ ਕਰਕੇ ਲਹੂ-ਲੁਹਾਨ ਹੋ ਗਿਆ। ਅਖ਼ੀਰ ਥੱਕ ਕੇ ਛੁਰਾ ਕੱਢ ਕੇ ਆਪਣੇ ਆਪ ਨੂੰ ਮਾਰਨ ਲੱਗਾ ਤਾਂ ਚਤੁਰਭੁਜੀ

ਪੰਛੀ ਬਣੇ ਭਗਵਾਨ ਆਪ ਹੀ ਇਕ ਝਾੜੀ ਵਿਚ ਅੜ ਕੇ ਖਲੋ ਗਏ। ਇਸ ਨੇ ਝੱਟ ਹੀ ਜਾ ਕੇ ਫੜ ਲਿਆ ਤੇ ਮੋਢੇ ਉੱਪਰ ਚੁੱਕ ਕੇ ਰਿਸ਼ੀ ਦੇ ਕੋਲ ਲੈ ਆਂਦਾ ਤੇ ਕਿਹਾ ਕਿ ਮੁਨੀ ਜੀ! ਜੋ ਆਪ ਜੀ ਨੇ ਕਿਹਾ ਸੀ, ਵੇਖੋ ਤਾਂ ਭਲਾ, ਇਹੋ ਹੀ ਚਤੁਰਭੁਜੀ ਜਾਨਵਰ ਹੈ। ਰਿਸ਼ੀ ਜੀ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ ਕਿ ਤੂੰ ਅੱਜ ਪਰਮੇਸ਼ਰ ਦੇ ਦਰਸ਼ਨ ਕਰਵਾ ਦਿੱਤੇ ਹਨ। ਫਿਰ ਚਤੁਰਭੁਜੀ ਬਣੇ ਜਾਨਵਰ ਦੀ ਜਾਲੀ ਖੋਲ੍ਹੀ ਤੇ ਭਗਵਾਨ ਜੀ ਨੇ ਆਪਣੇ ਸਰੂਪ ਵਿਚ ਪ੍ਰਗਟ ਹੋ ਕੇ ਦਰਸ਼ਨ ਦਿੱਤੇ। ਰਿਸ਼ੀ ਨੇ ਕਿਹਾ ਕਿ ਭਗਵਾਨ ਜੀ, ਤੁਸੀਂ ਇਸ ਸ਼ਿਕਾਰੀ ਦੇ ਹੱਥ ਕਿਵੇਂ ਆ ਗਏ ਤਾਂ ਭਗਵਾਨ ਜੀ ਨੇ ਕਿਹਾ ਕਿ ਹੇ ਰਿਸ਼ੀਵਰ! ਅਸੀਂ ਤੇਰੇ ਦਿੱਤੇ ਹੋਏ ਬਚਨ ਨੂੰ ਪੂਰਾ ਕਰਨ ਲਈ ਹੀ ਇਸ ਦੇ ਹੱਥ ਵਿਚ ਆਏ ਹਾਂ।

ਉਸ ਵੇਲੇ ਬਧਿਕ ਨੂੰ ਸਮਝ ਪਈ ਕਿ ਤੁਸੀਂ ਤਾਂ ਆਪ ਭਗਵਾਨ ਹੋ, ਮੈਨੂੰ ਮੁਆਫ਼ ਕਰ ਦਿਉ ਅਤੇ ਮੇਰਾ ਉੱਧਾਰ ਕਰੋ। ਤਾਂ ਭਗਵਾਨ ਵਿਸ਼ਨੂੰ ਨੇ ਕਿਹਾ ਕਿ ਹੁਣ ਤੂੰ ਤਪ ਕਰ। ਅੱਗੇ ਕਲਿਜੁਗ ਦੇ ਸਮੇਂ ਵਿਚ ਖ਼ੁਦ ਨਿਰੰਕਾਰ ਆਪ ਸਰੂਪ ਧਾਰਨ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਣਗੇ। ਉਨ੍ਹਾਂ ਦੀ ਦਸਵੀਂ ਜੋਤ (ਸ੍ਰੀ ਗੁਰੂ ਗੋਬਿੰਦ ਸਿੰਘ) ਤੇਰਾ ਉੱਧਾਰ ਕਰੇਗੀ।

ਸੋ ਇਹੋ ਬਧਿਕ ਕਲਿਜੁਗ ਵਿਚ ਜਗਨਨਾਥ ਪੁਰੀ ਵਿਚ ਹਿੰਮਤ ਰਾਇ ਦੇ ਸਰੂਪ ਵਿਚ ਪ੍ਰਗਟ ਹੋਇਆ ਤੇ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ, ਪੰਜਾਂ ਪਿਆਰਿਆਂ ਦੇ ਰੂਪ ਵਿਚ ਕਲਗ਼ੀਧਰ ਪਾਤਸ਼ਾਹ ਜੀ ਨੂੰ ਸੀਸ ਭੇਟ ਕਰ ਕੇ ਹਿੰਮਤ ਸਿੰਘ ਜੀ ਦੇ ਸਰੂਪ ਵਿਚ ਸਜਿਆ ਤੇ ਸਤਿਗੁਰਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

## ਮੈ ਗੁਨ ਬੰਧ, ਸਗਲ ਕੀ ਜੀਵਨਿ; ਮੇਰੀ ਜੀਵਨਿ ਮੇਰੇ ਦਾਸ ॥

ਹੇ ਸੰਤ ਜਨੋਂ! ਮੈਂ ਤਿੰਨ ਗੁਣਾਂ ਕਰਕੇ ਸਾਰੇ ਸੰਸਾਰ ਨੂੰ ਬੰਧ = ਬੰਨ੍ਹ ਦਿੱਤਾ ਹੈ **ਵਾ:** ਮੈਂ ਸਤ, ਸੰਤੋਖ, ਦਇਆ, ਧਰਮ ਆਦਿ ਸ਼ੁਭ ਗੁਣਾਂ ਵਾਲੇ ਪੁਰਖ ਦੇ ਪ੍ਰੇਮ ਵਿਚ ਬੱਝ ਜਾਂਦਾ ਹਾਂ ਅਤੇ ਮੈਂ ਸਗਲ = ਸਾਰੇ ਸੰਸਾਰ ਕੀ = ਦੀ ਜੀਵਨਿ = ਜ਼ਿੰਦਗੀ ਰੂਪ ਹਾਂ, ਅਤੇ ਮੇਰੀ ਜੀਵਨਿ = ਜ਼ਿੰਦਗੀ ਮੇਰੇ ਦਾਸ = ਸੇਵਕ ਹਨ ਭਾਵ ਮੈਂ ਆਪਣੇ ਸੇਵਕਾਂ ਨੂੰ ਆਪਣਾ ਜੀਵਨ ਸਮਝਿਆ ਹੋਇਆ ਹੈ।

## ਨਾਮਦੇਵ, ਜਾ ਕੇ ਜੀਅ ਐਸੀ; ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ ਜਾ = ਜਿਸ ਪਰਮੇਸ਼ਰ ਕੇ = ਦੇ ਜੀਅ = ਹਿਰਦੇ ਵਿਚ ਆਪਣੇ ਭਗਤਾਂ, ਪਿਆਰਿਆਂ ਨਾਲ ਐਸੀ = ਅਜਿਹੀ ਪ੍ਰੀਤੀ ਹੈ, ਤਾ = ਉਸ ਪਰਮੇਸ਼ਰ ਕੈ = ਦੇ ਨਾਲ ਤੈਸੋ = ਉਹੋ ਜਿਹਾ ਪ੍ਰੇਮ ਦਾ ਪ੍ਰਗਾਸ = ਪ੍ਰਕਾਸ਼ ਰਿਦੇ ਵਿਚ ਪ੍ਰਗਟ ਕਰਨਾ ਚਾਹੀਦਾ ਹੈ ॥੨॥੩॥

## ਸਾਰੰਗ ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਅਰਜਨ ਦੇਵ ਜੀ ਭਾਈ ਗੁਰਦਾਸ ਜੀ ਦੇ ਪਾਸੋਂ ਸਾਰੰਗ ਰਾਗ ਦੇ ਵਿਚ ਵਸਤੂ ਨਿਰਦੇਸ਼ਕ ਮੰਗਲ ਕਰਦਿਆਂ ਹੁਣ ਭਗਤ ਪਰਮਾਨੰਦ ਜੀ ਦੀ ਬਾਣੀ ਦਰਜ ਕਰਵਾਉਂਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

**ਉਥਾਨਕਾ :** ਭਗਤ ਪਰਮਾਨੰਦ ਜੀ ਦੇ ਸ਼ਰਧਾਲੂ ਭਗਤ ਜੀ ਪਾਸੋਂ ਉਪਦੇਸ਼ ਲੈ ਕੇ ਨਿਹਾਲ ਹੁੰਦੇ ਸਨ, ਇਨ੍ਹਾਂ ਸ਼ਰਧਾਲੂਆਂ ਵਿਚ ਇਕ ਸ਼ਰਧਾਲੂ ਪੁਰਾਣ ਪੜ੍ਹਿਆ ਹੋਇਆ ਸੀ ਅਤੇ ਪੁਰਾਣਾਂ ਨੂੰ ਪੜ੍ਹ ਕੇ ਔਗੁਣ ਕਰਨ ਲੱਗ ਗਿਆ ਅਤੇ ਦੁਰਮਤੀਆਂ ਦੀ ਸੰਗਤ ਕਰਨ ਲੱਗ ਗਿਆ। ਇਉਂ ਉਸ ਦਾ ਜੀਵਨ ਵਿਗੜ ਗਿਆ ਸੀ। ਇਕ ਦਿਨ ਸਾਰੇ ਲੋਕਾਂ ਨੇ ਮਿਲ ਕੇ ਉਸ ਪੁਰਖ ਨੂੰ ਕਿਹਾ ਕਿ ਤੂੰ ਮੰਦੇ ਕਰਮ ਕਰ ਕੇ ਭਗਤ

ਪਰਮਾਨੰਦ ਨੂੰ ਲਾਜ ਲਾਉਣਾ ਕਰਦਾ ਹੈਂ। ਚੱਲ ਤੈਨੂੰ ਭਗਤ ਪਰਮਾਨੰਦ ਜੀ ਦੇ ਕੋਲ ਲੈ ਕੇ ਚੱਲੀਏ। ਸਾਰੇ ਲੋਕ ਉਸ ਪੁਰਖ ਨੂੰ ਭਗਤ ਜੀ ਦੇ ਕੋਲ ਲੈ ਗਏ ਅਤੇ ਉਸ ਬਾਰੇ ਭਗਤ ਜੀ ਨੂੰ ਦੱਸਣਾ ਕੀਤਾ ਕਿ ਇਹ ਕੁਸੰਗਤ ਦੇ ਵਿਚ ਲੱਗਣੇ ਕਰਕੇ ਮਾੜੇ ਕਰਮ ਕਰਦਾ ਹੈ। ਭਗਤ ਜੀ ਨੇ ਇਹ ਸੁਣ ਕੇ ਉਸਨੂੰ ਸਿੱਖਿਆ ਦਿੰਦਿਆਂ ਅਤੇ ਉਸ ਦੇ ਔਗੁਣ ਛੁਡਾਉਣ ਵਾਸਤੇ ਇਹ ਸ਼ਬਦ ਉਚਾਰਨ ਕੀਤਾ।

## ਤੈ ਨਰ; ਕਿਆ ਪੁਰਾਨ ਸੁਨਿ ਕੀਨਾ ॥

ਹੇ ਨਰ = ਪੁਰਖਾ ! ਤੈ = ਤੂੰ ਪੁਰਾਣਾਂ ਨੂੰ ਸੁਨਿ = ਸ੍ਰਵਨ ਕਰ ਕੇ ਕਿਆ = ਕੀ ਲਾਭ ਪ੍ਰਾਪਤ ਕੀਨਾ = ਕੀਤਾ ਹੈ, ਭਾਵ ਕੁਝ ਵੀ ਲਾਭ ਨਹੀਂ ਉਠਾਇਆ। ਜੈਸਾ ਕਿ :

**ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥**
**ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥** *(ਜੈਜਾਵੰਤੀ ਮ: ੯, ਅੰਗ ੧੩੫੨)*

## ਅਨਪਾਵਨੀ ਭਗਤਿ ਨਹੀ ਉਪਜੀ; ਭੂਖੈ ਦਾਨੁ ਨ ਦੀਨਾ ॥੧॥ਰਹਾਉ॥

ਅਨਪਾਵਨੀ = ਉਪਾਇ ਬਿਨਾਸਨੀ ਭਾਵ ਜਗਤ ਨੂੰ ਪੈਦਾ ਤੇ ਨਾਸ਼ ਕਰਨ ਵਾਲੇ ਪਰਮੇਸ਼ਰ ਦੀ **ਵਾ:** ਪਰਮੇਸ਼ਰ ਦੀ ਅਨਪਾਵਨੀ = ਇਕ-ਰਸ **ਵਾ:** ਅਨ = ਨਿਰੰਤਰ ਇਕ-ਰਸ ਪਾਵਨੀ = ਪਵਿੱਤਰ ਕਰਨ ਵਾਲੀ ਭਗਤਿ = ਭਗਤੀ ਤੇਰੇ ਰਿਦੇ ਵਿਚ ਉਪਜੀ = ਪੈਦਾ ਨਹੀਂ ਹੋਈ **ਵਾ:** ਜੋ ਸਾਰਿਆਂ ਦੇ ਮੁੱਖ ਵਿਚ ਅਨ = ਅੰਨ (ਅਨਾਜ) ਪਾਵਨੀ = ਪਾਉਣ ਵਾਲੀ ਬਿਰਤੀ ਹੋਣੀ ਹੈ, ਇਹ ਪਵਿੱਤਰ ਭਗਤੀ ਮੰਨੀ ਹੈ **ਵਾ:** ਜੋ ਅਨਪਾਵਨੀ = ਨਿਹਚਲ, ਇਕ-ਰਸ ਰਹਿਣ ਵਾਲੀ ਪਰਮੇਸ਼ਰ ਦੀ ਪ੍ਰੇਮਾ-ਭਗਤੀ ਹੈ, ਉਹ ਤੇਰੇ ਰਿਦੇ ਵਿਚ ਪੈਦਾ ਨਹੀਂ ਹੋਈ ਅਤੇ ਤੂੰ ਕਿਸੇ ਭੂਖੈ = ਭੁੱਖੇ ਪੁਰਖ ਨੂੰ ਦਾਨ ਵੀ ਨ = ਨਹੀਂ ਦੀਨਾ = ਦਿੱਤਾ ॥੧॥ਰਹਾਉ॥

## ਕਾਮੁ ਨ ਬਿਸਰਿਓ, ਕ੍ਰੋਧੁ ਨ ਬਿਸਰਿਓ; ਲੋਭੁ ਨ ਛੂਟਿਓ ਦੇਵਾ ॥

ਤੇਰੇ ਅੰਦਰੋਂ ਕਾਮੁ = ਮੰਦ ਵਾਸ਼ਨਾ ਦਾ ਫੁਰਨਾ ਵੀ ਬਿਸਰਿਓ = ਭੁੱਲਿਆ ਨਹੀਂ ਹੈ, ਕ੍ਰੋਧੁ = ਤੀਖਣ ਸੁਭਾਅ ਵੀ ਵਿਸਰਿਆ ਨਹੀਂ ਹੈ। ਹੇ ਦੇਵਾ ! ਤੇਰੇ ਅੰਦਰੋਂ ਪਦਾਰਥਾਂ ਦਾ ਲੋਭੁ = ਲਾਲਚ ਵੀ ਨ = ਨਹੀਂ ਛੂਟਿਓ = ਛੁੱਟਿਆ **ਵਾ:** ਹੇ ਭਾਈ ! ਤੇਰੇ ਅੰਦਰੋਂ ਦੇਵਾ = ਰਾਜਿਆਂ ਵਤ ਲੱਗਿਆ ਹੋਇਆ ਪਦਾਰਥਾਂ ਦਾ ਲੋਭ ਵੀ ਨਹੀਂ ਛੁੱਟਿਆ।

## ਪਰ ਨਿੰਦਾ, ਮੁਖ ਤੇ ਨਹੀ ਛੂਟੀ; ਨਿਫਲ ਭਈ ਸਭ ਸੇਵਾ ॥੧॥

ਹੇ ਭਾਈ ! ਪਰ = ਪਰਾਈ ਨਿੰਦਾ = ਅਪਕੀਰਤੀ ਤੇਰੇ ਮੁਖ = ਮੂੰਹ ਤੇ = ਤੋਂ ਛੂਟੀ = ਹਟੀ ਨਹੀਂ ਹੈ, ਨਫ਼ੇ ਦੀ ਜਗ੍ਹਾ ਸਗੋਂ ਤੇਰੀ ਪਿਛਲੀ ਸੇਵਾ = ਟਹਿਲ ਕੀਤੀ ਭਈ = ਹੋਈ ਵੀ ਸਭ = ਸਾਰੀ ਨਿਫਲ = ਨਿਸਫਲ ਹੋ ਗਈ ਹੈ **ਵਾ:** ਦੇਵਤਿਆਂ ਦੀ ਟਹਿਲ ਕੀਤੀ ਹੋਈ ਵੀ ਨਿਸਫਲ ਹੋ ਗਈ ਹੈ ॥੧॥

## ਬਾਟ ਪਾਰਿ, ਘਰੁ ਮੂਸਿ ਬਿਰਾਨੋ; ਪੇਟੁ ਭਰੈ ਅਪ੍ਰਾਧੀ ॥

ਬਾਟ = ਰਸਤਿਆਂ ਨੂੰ ਪਾਰਿ = ਪਾੜ ਕੇ ਰਹਿਣਾ ਭਾਵ ਰਸਤੇ ਵਿਚ ਚੱਲਦੇ ਹੋਏ ਰਾਹੀ ਨੂੰ ਲੁੱਟ ਲੈਣਾ, ਬਿਰਾਨੋ = ਪਰਾਏ ਘਰਾਂ ਨੂੰ ਮੂਸਿ = ਲੁੱਟ ਲੈਣਾ ਆਦਿ ਇਸ ਪ੍ਰਕਾਰ ਹੇ ਅਪ੍ਰਾਧੀ = ਗੁਨਾਹਗਾਰ ਪੁਰਖਾ ! ਤੂੰ ਆਪਣਾ ਪੇਟ ਭਰੈ = ਭਰਦਾ ਹੈਂ **ਵਾ:** ਚੋਰੀ, ਯਾਰੀ, ਪਰਾਏ ਘਰਾਂ ਨੂੰ ਲੁੱਟਣਾ ਆਦਿ ਅਪ੍ਰਾਧੀ = ਗੁਨਾਹਾਂ ਨੂੰ ਕਰ ਕਰ ਕੇ ਆਪਣਾ ਪੇਟ ਭਰਦਾ ਹੈਂ **ਵਾ:** (ਅਪਰ + ਆਧੀ) ਅਪਰ = ਹੋਰਨਾਂ ਦੇਵੀ ਦੇਵਤਿਆਂ ਨੂੰ ਅਰਾਧ ਕੇ ਆਪਣਾ ਪੇਟ ਭਰਦਾ ਹੈਂ।

## ਜਿਹਿ ਪਰਲੋਕ ਜਾਇ, ਅਪਕੀਰਤਿ; ਸੋਈ ਅਬਿਦਿਆ ਸਾਧੀ ॥੨॥

ਜਿਹਿ = ਜਿਸ ਕਾਰਨ ਤੈਨੂੰ ਪਰਲੋਕ ਵਿਚ ਜਾਇ = ਜਾ ਕੇ ਡੰਡ ਮਿਲੇਗਾ ਤੇ ਤੇਰੀ ਇਸ ਲੋਕ ਵਿਚ ਵੀ ਅਪਕੀਰਤਿ = ਬਦਨਾਮੀ (ਨਿੰਦਿਆ) ਹੋਵੇਗੀ, ਸੋਈ = ਉਹੀ ਅਬਿਦਿਆ = ਖੋਟੀ ਵਿੱਦਿਆ **ਵਾ:** ਅਬਿਦਿਆ = ਅਵਰਨ ਦਾ ਪਰਦਾ ਪਾਉਣ ਵਾਲੀ ਤੂੰ ਸਾਧੀ = ਸਾਧਨਾ ਕੀਤੀ ਹੈ **ਵਾ:** ਉਹੋ ਤੂੰ ਅਬਿਦਿਆ = ਅਗਿਆਨਤਾ (ਮੂਰਖਤਾਈ) ਸਾਧੀ = ਕੀਤੀ ਹੈ ॥੨॥

## ਹਿੰਸਾ ਤਉ ਮਨ ਤੇ ਨਹੀ ਛੂਟੀ; ਜੀਅ ਦਇਆ ਨਹੀ ਪਾਲੀ ॥

ਹਿੰਸਾ = ਜੀਵ ਘਾਤ ਕਰਨੀ ਤਉ = ਤੇਰੇ ਮਨ = ਚਿੱਤ ਤੇ = ਤੋਂ ਛੂਟੀ = ਛੱਡੀ ਨਹੀਂ ਗਈ ਅਤੇ ਜੀਅ = ਜੀਵਾਂ ਉੱਤੇ ਦਇਆ = ਮਿਹਰ ਕਰਨੀ ਪਾਲੀ = ਪਾਲਣਾ ਨਹੀਂ ਕੀਤੀ।

## ਪਰਮਾਨੰਦ ਸਾਧ ਸੰਗਤਿ ਮਿਲਿ; ਕਥਾ ਪੁਨੀਤ ਨ ਚਾਲੀ ॥੩॥੧॥੬॥

ਭਗਤ ਪਰਮਾਨੰਦ ਜੀ ਕਥਨ ਕਰਦੇ ਹਨ ਕਿ ਹੇ ਪੁਰਖਾ! ਸਾਧਸੰਗਤਿ = ਸਤਿਸੰਗਤ ਦੇ ਵਿਚ ਮਿਲ ਕਰਕੇ ਪੁਨੀਤ = ਪਵਿੱਤਰ ਕਰਨ ਵਾਲੀ ਭਾਵ ਵਿਕਾਰਾਂ ਤੋਂ ਬਚਾਉਣ ਵਾਲੀ ਕਥਾ ਤੂੰ ਕਦੇ ਵੀ ਚਾਲੀ = ਚਲਾਉਣਾ ਨ = ਨਹੀਂ ਕੀਤੀ **ਵਾ:** ਤੂੰ ਚਾਲੀ = ਮਰਯਾਦਾ ਧਾਰਨ ਨਹੀਂ ਕੀਤੀ **ਵਾ:** ਤੂੰ ਪਵਿੱਤਰ ਕਰਨ ਵਾਲੀ ਕਥਾ ਨੂੰ ਸੋਹਣੀ ਚਾਲੀ ਦੇ ਨਾਲ ਆ ਕੇ ਕਦੇ ਸਤਿਸੰਗਤ ਵਿਚ ਸੁਣਨਾ ਹੀ ਨਹੀਂ ਕੀਤਾ ॥੩॥੧॥੬॥

### ਭਗਤ ਸੂਰਦਾਸ ਜੀ ਦੇ ਜੀਵਨ ਬਾਰੇ ਕੁਝ ਜਾਣਕਾਰੀ ਇਸ ਪ੍ਰਕਾਰ ਹੈ :

ਭਗਤ ਸੂਰਦਾਸ ਜੀ ਦਾ ਪਹਿਲਾ ਨਾਮ ਬਿਲ ਮੰਗਲ ਬ੍ਰਾਹਮਣ (ਮਦਨ ਮੋਹਣ ਬ੍ਰਾਹਮਣ[੧]) ਸੀ ਜੋ ਸੰਮਤ ੧੫੮੬ ਵਿਚ ਪੈਦਾ ਹੋਏ ਅਤੇ ਸੰਸਕ੍ਰਿਤ, ਹਿੰਦੀ, ਫ਼ਾਰਸੀ ਦੇ ਪੂਰਨ ਵਿਦਵਾਨ ਸਨ, ਨਦੀ ਦੇ ਕਿਨਾਰੇ ਇਕ ਠਾਕੁਰ ਦੁਆਰਾ ਸੀ, ਜਿਸ ਦੁਆਰੇ ਵਿਚ ਬਿਲ ਮੰਗਲ ਨਾਮੇ ਬ੍ਰਾਹਮਣ ਹਰ ਰੋਜ਼ ਠਾਕੁਰਾਂ ਦੀ ਪੂਜਾ ਕਰਨ ਵਾਸਤੇ ਜਾਂਦਾ ਸੀ। ਉਸ ਵਕਤ ਬਿਲ ਮੰਗਲ ਨਾਮੇ ਬ੍ਰਾਹਮਣ ਨੌਜਵਾਨ ਅਵਸਥਾ ਵਿਚ ਸੀ। ਇਉਂ ਪੂਜਾ ਕਰਦਿਆਂ ਕਈ ਦਿਨ ਬਤੀਤ ਹੋ ਗਏ। ਇਕ ਦਿਨ ਇਸ ਨੇ ਅਚਾਨਕ ਨਦੀ ਦੇ ਦੂਸਰੇ ਕਿਨਾਰੇ ਵੇਖਿਆ, ਨਦੀ ਦੇ ਦੂਸਰੇ ਕਿਨਾਰੇ ਇਕ ਵੇਸਵਾ ਦੀ ਅਟਾਰੀ ਪਾਈ ਹੋਈ ਸੀ, ਉਸ ਦਾ ਸੁੰਦਰ ਸਰੂਪ ਵੇਖ ਕੇ ਇਸ ਦਾ ਚਿੱਤ ਮੋਹਿਆ ਗਿਆ। ਹਰ ਰੋਜ਼ ਹੀ ਠਾਕੁਰਾਂ ਦੀ ਪੂਜਾ ਬਹਾਨੇ ਆਇਆ ਕਰੇ ਤੇ ਉਸ ਵੇਸਵਾ ਦਾ ਉਤਨਾ ਚਿਰ ਰੂਪ ਦੇਖਦਾ ਰਹਿੰਦਾ, ਜਿਤਨਾ ਚਿਰ ਵੇਸਵਾ ਆਪਣੀ ਛੱਤ 'ਤੇ ਬੈਠੀ ਰਿਹਾ ਕਰੇ। ਇਸ ਤਰ੍ਹਾਂ ਵੇਖਦਿਆਂ ਵੇਖਦਿਆਂ ਉਸ ਵੇਸਵਾ ਨਾਲ ਇਹ ਅੰਦਰੋਂ-ਅੰਦਰੀ ਪ੍ਰੇਮ ਕਰਨ ਲੱਗ ਗਿਆ। ਇਕ ਦਿਨ ਬੱਦਲ ਦੀਆਂ ਕਾਲੀਆਂ ਘਟਾਂ ਆਉਣ ਕਰਕੇ ਵੇਸਵਾ ਆਪਣੇ ਚੁਬਾਰੇ ਤੋਂ ਬਾਹਰ ਨਾ ਨਿਕਲੀ, ਉਸ ਦਿਨ ਬਿਲ ਮੰਗਲ ਬ੍ਰਾਹਮਣ ਬਹੁਤਾ ਵਿਆਕੁਲ ਹੋ ਗਿਆ। ਉਸ ਦੇ ਚੁਬਾਰੇ ਵੱਲ ਵੇਖਦੇ ਵੇਖਦੇ ਨੂੰ ਰਾਤ ਪੈ ਗਈ ਪਰ ਉਹ ਬਾਹਰ ਨਾ ਨਿਕਲੀ। ਜਦ ਬਾਹਰ ਨਾ ਨਿਕਲੀ ਤਾਂ ਇਸ ਨੇ ਆਪ ਜਾ ਕੇ ਵੇਸਵਾ ਨੂੰ ਮਿਲਣ ਬਾਰੇ ਮਨ ਵਿਚ ਸੋਚਿਆ। ਜਦ ਮਿਲਣ ਵਾਸਤੇ ਜਾਣ ਲਈ ਨਦੀ ਦੇ ਕਿਨਾਰੇ 'ਤੇ ਆਇਆ ਤਾਂ ਨਦੀ ਬੜੀ ਠਾਠਾਂ ਮਾਰਦੀ ਹੋਈ ਚੱਲ ਰਹੀ ਸੀ। ਕਾਲੀਆਂ ਘਟਾਵਾਂ ਦੇ ਸਹਿਤ ਭਿਆਨਕ ਤੇ ਹਨੇਰੀ ਰਾਤ ਸੀ।

ਨਦੀ ਤੋਂ ਪਾਰ ਹੋਣ ਲਈ ਕੋਈ ਵੀ ਸਾਧਨ ਨਾ ਮਿਲਿਆ, ਇਕ ਲੋਥ ਛਾਪਿਆ (ਝਾੜੀਆਂ) ਵਿਚ

---

੧. ਇਹ ਨਾਮ *ਮਹਾਨ ਕੋਸ਼* ਵਿਚ ਲਿਖਿਆ ਹੈ।

ਫਸੀ ਹੋਈ ਸੀ, ਕਿਸੇ ਨੇ ਤੁਲਹਾ ਬਣਾ ਕੇ ਉਸ ਉੱਤੇ ਲਾਸ਼ ਰੱਖ ਕੇ ਪਾਣੀ ਵਿਚ ਰੋੜ੍ਹੀ ਹੋਈ ਸੀ, ਜਦੋਂ ਤੁਲਹਾ ਫੜਨ ਲੱਗਾ ਤਾਂ ਲਾਸ਼ ਪਾਣੀ ਵਿਚ ਰੁੜ੍ਹ ਗਈ ਤੇ ਤੁਲਹਾ ਉੱਥੇ ਹੀ ਰਹਿ ਗਿਆ ਜਦ ਇਸ ਨੇ ਵੇਖਿਆ ਤਾਂ ਇਹ ਸਮਝਿਆ ਕਿ ਮੇਰੇ ਵਾਸਤੇ ਤੁਲਹਾ ਭੇਜਿਆ ਹੈ, ਇਹ ਉਸ ਉੱਤੇ ਚੜ੍ਹ ਕੇ ਨਦੀ ਤੋਂ ਪਾਰ ਹੋ ਗਿਆ, ਜਦ ਪਾਰ ਹੋ ਕੇ ਵੇਸਵਾ ਦੇ ਚੁਬਾਰੇ ਕੋਲ ਗਿਆ ਤਾਂ ਅੱਗੋਂ ਵੇਸਵਾ ਦੇ ਚੁਬਾਰੇ ਦਾ ਬੂਹਾ ਬੰਦ ਸੀ, ਜਦ ਦਰਵਾਜ਼ਾ ਬੰਦ ਵੇਖਿਆ ਤਾਂ ਇਹ ਚੁਬਾਰੇ ਦੇ ਆਸ ਪਾਸ ਫਿਰਿਆ, ਅਚਾਨਕ ਇਸ ਦੀ ਨਜ਼ਰ ਇਕ ਭਾਰੀ ਅਸਰਾਲ ਉੱਤੇ ਪਈ ਜੋ ਪਰਨਾਲੇ ਦੇ ਉਪਰੋਂ ਤੋਂ ਥੱਲੇ ਤਕ ਲਮਕਦੀ ਸੀ, ਜਿਸ ਦੀ ਸਿਰੀ ਜਿਥੋਂ ਪਰਨਾਲੇ ਦਾ ਪਾਣੀ ਨਿਕਲਦਾ ਸੀ ਉਥੇ ਸੀ, ਬਿਲ ਮੰਗਲ ਬ੍ਰਾਹਮਣ ਨੇ ਵਿਸ਼ੇ ਵਿਚ ਅੰਨ੍ਹੇ ਹੋਏ ਨੇ ਹਨੇਰੇ ਵਿਚ ਸਮਝਿਆ ਕਿ ਮੇਰੇ ਚੜ੍ਹਨ ਵਾਸਤੇ ਵੇਸਵਾ ਨੇ ਰੱਸਾ ਲਮਕਾਇਆ ਹੋਇਆ ਹੈ, ਇਹ ਉਸ ਅਸਰਾਲ ਦੇ ਸਹਾਰੇ ਚੁਬਾਰੇ ਉੱਤੇ ਚੜ੍ਹ ਗਿਆ, ਕਿਉਂਕਿ ਅਸਰਾਲ ਆਪਣੇ ਸਿਰ ਦੇ ਜ਼ੋਰ ਨਾਲ ਕਾਫ਼ੀ ਜ਼ਿਆਦਾ ਭਾਰ ਸਹਾਰ ਲੈਂਦੀ ਹੈ, ਜਦ ਉਪਰ ਚੜ੍ਹੇ ਤੋਂ ਖੜਕਾ ਹੋਇਆ ਤਾਂ ਵੇਸਵਾ ਨੇ ਆਵਾਜ਼ ਮਾਰ ਕੇ ਪੁੱਛਿਆ ਕਿ ਕੌਣ ਹੈ ਤਾਂ ਇਹ ਕਹਿਣ ਲੱਗਾ ਕਿ ਮੈਂ ਹਰ ਰੋਜ਼ ਦਾ ਤੇਰੇ ਦਰਸ਼ਨਾਂ ਦਾ ਚਾਹਵਾਨ ਹਾਂ, ਅੱਜ ਤੂੰ ਆਪਣੇ ਚੁਬਾਰੇ ਤੋਂ ਮੌਸਮ ਦੇ ਖ਼ਰਾਬ ਹੋਣ ਕਰਕੇ ਬਾਹਰ ਨਹੀਂ ਨਿਕਲੀ ਇਸ ਕਰਕੇ ਮੈਂ ਤੇਰੇ ਦਰਸ਼ਨ ਕਰਨ ਲਈ ਤੇਰੇ ਚੁਬਾਰੇ ਵਿਚ ਹੀ ਆ ਗਿਆ ਹਾਂ, ਵੇਸਵਾ ਬਾਹਰ ਨਿਕਲੀ ਤੇ ਪੁੱਛਣ ਲੱਗੀ ਕਿ ਹੇ ਦਰਸ਼ਨਾਂ ਦੇ ਚਾਹਵਾਨ ਪੁਰਖਾ ਤੂੰ ਉਪਰ ਚੁਬਾਰੇ ’ਤੇ ਕਿਸ ਤਰ੍ਹਾਂ ਆਇਆ ਹੈਂ, ਇਹ ਕਹਿਣ ਲੱਗਾ ਕਿ ਜੋ ਤੂੰ ਮੇਰੇ ਵਾਸਤੇ ਰੱਸਾ ਲਮਕਾਇਆ ਹੈ, ਮੈਂ ਉਸ ਦੇ ਰਾਹੀਂ ਉਪਰ ਚੜ੍ਹ ਕੇ ਆਇਆ ਹਾਂ, ਵੇਸਵਾ ਕਹਿਣ ਲੱਗੀ— ਮੈਂ ਤੇਰੇ ਵਾਸਤੇ ਰੱਸਾ ਕਿਥੇ ਲਮਕਾਇਆ ਹੈ ਜਦ ਉਸ ਨੇ ਪਰਨਾਲੇ ਕੋਲੇ ਦੀਵੇ ਦੀ ਰੌਸ਼ਨੀ ਨਾਲ ਵੇਖਿਆ ਤਾਂ ਪਰਨਾਲੇ ਤੋਂ ਬੜੀ ਭਾਰੀ ਅਸਰਾਲ ਥੱਲੇ ਤਕ ਲਮਕ ਰਹੀ ਸੀ, ਉਸ ਵੇਲੇ ਵੇਸਵਾ ਨੇ ਤਾਅਨੇ ਮਾਰਦਿਆਂ ਕਿਹਾ ਕਿ ਹੇ ਪੁਰਖਾ! ਤੈਨੂੰ ਮੇਰੇ ਗੰਦੇ ਜਿਸਮ ਨੂੰ ਵੇਖਣ ਵਾਸਤੇ ਅਸਰਾਲ ਵੀ ਰੱਸਾ ਪ੍ਰਤੀਤ ਹੋਈ, ਫੇਰ ਕਹਿਣ ਲੱਗੀ ਕਿ ਤੂੰ ਨਦੀ ਤੋਂ ਪਾਰ ਕਿਸ ਤਰ੍ਹਾਂ ਆਇਆ ਹੈਂ ਤਾਂ ਉਹ ਕਹਿਣ ਲੱਗਾ ਕਿ ਮੈਂ ਤੇਰੇ ਭੇਜੇ ਹੋਏ ਤੁਲਹੇ ਰਾਹੀਂ ਨਦੀ ਤੋਂ ਪਾਰ ਹੋ ਕੇ ਆਇਆ ਹਾਂ, ਤਾਂ ਵੇਸ਼ਵਾ ਕਹਿਣ ਲੱਗੀ ਕਿ ਮੇਰੇ ਹੱਡ ਚੰਮ ਦੇ ਬਣੇ ਸਰੀਰ ਦੇ ਮੋਹ ਵਿਚ ਤੈਨੂੰ ਕਿਸੇ ਦਾ ਮੁਰਦੇ ਲਈ ਬਣਾਇਆ ਤੁਲਹਾ ਵੀ ਮੇਰਾ ਭੇਜਿਆ ਪ੍ਰਤੀਤ ਹੋਇਆ ਹੈ। ਜੇਕਰ ਤੂੰ ਇਤਨਾ ਪ੍ਰੇਮ ਪਰਮੇਸ਼ਰ ਦੇ ਨਾਲ ਲਾ ਲੈਂਦਾ ਤਾਂ ਤੂੰ ਮੁਕਤ ਹੋ ਜਾਣਾ ਸੀ, ਇਤਨਾ ਸੁਣ ਕੇ ਬਿਲ ਮੰਗਲ ਨਾਮੇ ਬ੍ਰਾਹਮਣ ਜੰਗਲ ਵੱਲ ਤੁਰ ਪਿਆ, ਵੇਸਵਾ ਨੂੰ ਵੈਰਾਗ ਹੋ ਗਿਆ ਤੇ ਉਹ ਵੀ ਮਨ ਵਿਚ ਪ੍ਰਭੂ ਭਗਤੀ ਕਰਨ ਦਾ ਖ਼ਿਆਲ ਲੈ ਕੇ ਜੰਗਲ ਵੱਲ ਤੁਰ ਪਈ।

ਇਉਂ ਜਦ ਬਿਲ ਮੰਗਲ ਬ੍ਰਾਹਮਣ ਜੰਗਲ ਵੱਲ ਨੂੰ ਤੁਰ ਪਿਆ ਅਤੇ ਇਕਾਂਤ ਜਗ੍ਹਾ ਵੇਖ ਕੇ ਪ੍ਰਭੂ ਦੀ ਭਗਤੀ ਕਰਨ ਲੱਗਾ ਤੇ ਜੰਗਲ ਵਿਚ ਅੱਖਾਂ ਬੰਦ ਕਰਕੇ ਬੈਠ ਗਿਆ, ਇਕ ਸ਼ਾਹੂਕਾਰ ਹਰ ਰੋਜ਼ ਉਸ ਰਸਤੇ ਰਾਹੀਂ ਲੰਘਿਆ ਕਰਦਾ ਸੀ, ਇਕ ਦਿਨ ਉਸ ਨੇ ਸੋਚਿਆ ਕਿ ਇਹ ਕੋਈ ਮਹਾਤਮਾ ਬੰਦਗੀ ਕਰਨ ਵਾਲਾ ਹੈ, ਜੋ ਸ਼ਹਿਰ ਵਿਚ ਅੰਨ ਮੰਗਣ ਵਾਸਤੇ ਵੀ ਨਹੀਂ ਜਾਂਦਾ, ਮੈਂ ਇਨ੍ਹਾਂ ਮਹਾਤਮਾ ਦੇ ਛਕਣ ਲਈ ਅੰਨ ਦੀ ਸੇਵਾ ਕਰਿਆ ਕਰਾਂ, ਜਿਸ ਕਰਕੇ ਮੇਰਾ ਧਨ ਪਦਾਰਥ ਵੀ ਸਫਲਾ ਹੋ ਜਾਵੇਗਾ।

ਉਹ ਸ਼ਾਹੂਕਾਰ ਅੰਨ (ਭੋਜਨ) ਲੈ ਕੇ ਮਹਾਤਮਾ ਦੇ ਕੋਲ ਗਿਆ, ਉਸ ਨੇ ਕੁਝ ਸਮਾਂ ਵੇਖਿਆ ਜਦ ਬਿਲ ਮੰਗਲ ਬ੍ਰਾਹਮਣ ਨੇ ਨੇਤਰ ਨਾ ਖੋਲ੍ਹੇ ਤਾਂ ਭੋਜਨ ਰੱਖ ਕੇ ਵਾਪਸ ਆ ਗਿਆ, ਜਦ ਬਿਲ ਮੰਗਲ ਬ੍ਰਾਹਮਣ ਨੇ ਨੇਤਰ ਖੋਲ੍ਹੇ ਅਤੇ ਆਪਣੇ ਅੱਗੇ ਭੋਜਨ ਵੇਖਿਆ ਤਾਂ ਉਸ ਨੇ ਭੋਜਨ ਛਕ ਲਿਆ, ਸ਼ਾਹੂਕਾਰ ਹਰ ਰੋਜ਼ ਭੋਜਨ ਅੱਗੇ ਰੱਖ ਜਾਂਦਾ ਤੇ ਬਿਲ ਮੰਡਲ ਬ੍ਰਾਹਮਣ ਛਕ ਲਿਆ ਕਰੇ ਇਉਂ ਕਿਸੇ ਮਹਾਤਮਾ ਤੋਂ ਨਾਮ ਦਾ ਉਪਦੇਸ਼ ਲੈ ਕੇ, ਪ੍ਰਭੂ ਦਾ ਚਿੰਤਨ ਕਰਦਾ ਰਿਹਾ ਪਰ ਚਿੱਤ ਵਿੱਚੋਂ ਵਿਸ਼ੇ-ਵਾਸ਼ਨਾ ਨਾ ਮਿਟੀ, ਚਿੱਤ ਵਿਚ ਵਿਸ਼ੇ ਭੋਗਣ ਦੀ ਵਾਸ਼ਨਾ ਬਣੀ ਹੀ ਰਹੀ, ਇਸ ਪ੍ਰਕਾਰ ਕਾਫ਼ੀ ਸਮਾਂ ਬਤੀਤ ਹੋ ਗਿਆ। ਸ਼ਾਹੂਕਾਰ ਦੇ ਘਰੋਂ ਭੋਜਨ ਆਉਂਦਾ

ਰਿਹਾ, ਇਕ ਦਿਨ ਸ਼ਾਹੂਕਾਰ ਨੂੰ ਕੋਈ ਜ਼ਰੂਰੀ ਕੰਮ ਪੈ ਗਿਆ ਤਾਂ ਸ਼ਾਹੂਕਾਰਨੀ ਕਹਿਣ ਲੱਗੀ ਕਿ ਮਹਾਤਮਾ ਵਾਸਤੇ ਭੋਜਨ ਮੈਂ ਲੈ ਜਾਂਦੀ ਹਾਂ ਤੁਸੀਂ ਆਪਣਾ ਕੰਮ ਕਰ ਆਵੋ, ਮੈਂ ਭੋਜਨ ਵੀ ਦੇ ਆਵਾਂਗੀ ਤੇ ਮਹਾਤਮਾ ਦੇ ਦਰਸ਼ਨ ਵੀ ਕਰ ਆਵਾਂਗੀ, ਜਦ ਸ਼ਾਹੂਕਾਰਨੀ ਭੋਜਨ ਲੈ ਕੇ ਪਹੁੰਚੀ, ਉਧਰ ਕਿਤੇ ਸੁਤੇ-ਸਿੱਧ ਹੀ ਬਿੱਲ ਮੰਗਲ ਬ੍ਰਾਹਮਣ ਆਪਣੇ ਨੇਤਰ ਖੋਲ੍ਹੀ ਬੈਠਾ ਸੀ, ਸ਼ਾਹੂਕਾਰਨੀ ਨੇ ਭੋਜਨ ਰੱਖ ਕੇ ਨਮਸਕਾਰ ਕੀਤੀ ਅਤੇ ਭੋਜਨ ਛਕਣ ਲਈ ਕਹਿ ਕੇ ਵਾਪਸ ਆਪਣੇ ਘਰ ਨੂੰ ਮੁੜ ਗਈ, ਇਸ ਨੇ ਭੋਜਨ ਛਕ ਲਿਆ, ਵਿਸ਼ੇ-ਵਾਸ਼ਨਾ ਦੇ ਪ੍ਰਬਲ ਹੋਣ ਕਰਕੇ ਇਸਦਾ ਚਿੱਤ ਸ਼ਾਹੂਕਾਰਨੀ ਦੇ ਰੂਪ ਉੱਤੇ ਡੋਲ ਗਿਆ, ਅਤੇ ਸ਼ਾਹੂਕਾਰਨੀ ਦੇ ਮਗਰ ਹੀ ਤੁਰ ਪਿਆ, ਜਦ ਸ਼ਾਹੂਕਾਰਨੀ ਘਰ ਪਹੁੰਚੀ ਤਾਂ ਸ਼ਾਹੂਕਾਰ ਵੀ ਘਰ ਵਿਚ ਆ ਗਿਆ ਸੀ, ਜਦ ਇਨ੍ਹਾਂ ਨੇ ਵੇਖਿਆ ਕਿ ਮਹਾਤਮਾ ਸਾਡੇ ਘਰ ਵੱਲ ਤੁਰੇ ਆਉਂਦੇ ਹਨ, ਤਾਂ ਸ਼ਾਹੂਕਾਰ, ਆਪਣੀ ਘਰਵਾਲੀ ਨੂੰ ਕਹਿਣ ਲੱਗਿਆ ਕਿ ਤੂੰ ਕੋਈ ਅਵੱਗਿਆ ਤਾਂ ਨਹੀਂ ਕਰ ਦਿੱਤੀ, ਜਿਸ ਕਰਕੇ ਮਹਾਤਮਾ ਤੇਰੇ ਮਗਰ ਆ ਗਏ ਹਨ, ਸ਼ਾਹੂਕਾਰਨੀ ਕਹਿਣ ਲੱਗੀ ਕਿ ਮੈਂ ਕੋਈ ਅਵੱਗਿਆ ਨਹੀਂ ਕੀਤੀ। ਫੇਰ ਸ਼ਾਹੂਕਾਰ ਕਹਿਣ ਲੱਗਿਆ ਕਿ ਚੱਲ ਮਹਾਤਮਾ ਦੀ ਹੋਰ ਸੇਵਾ ਕਰੀਏ, ਬਿੱਲ ਮੰਗਲ ਬ੍ਰਾਹਮਣ ਲਈ ਸ਼ਾਹੂਕਾਰਨੀ ਨੇ ਆਪਣੇ ਵੇਹੜੇ ਵਿਚ ਬੈਠਣ ਵਾਸਤੇ ਸੁੰਦਰ ਆਸਣ ਲਾ ਦਿੱਤਾ, ਜਦ ਬਿਲ ਮੰਗਲ ਬੈਠ ਗਿਆ ਤਾਂ ਸ਼ਾਹੂਕਾਰ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਤਮਾ ਜੀ ਹੋਰ ਦੱਸੋ ਤੁਹਾਡੀ ਕੀ ਸੇਵਾ ਕਰੀਏ, ਜਦ ਸ਼ਾਹੂਕਾਰ ਨੇ ਇਸ ਤਰ੍ਹਾਂ ਬੇਨਤੀ ਕੀਤੀ ਤਾਂ ਇਸ ਦੇ ਮਨ ਵਿਚ ਇਤਨਾ ਵੈਰਾਗ ਹੋ ਗਿਆ ਕਿ ਮੈਂ ਵਿਸ਼ੇ-ਵਾਸ਼ਨਾ ਦੀ ਅਧੀਨ ਹੋ ਕੇ ਕੁਕਰਮ ਕਰਨ ਲਈ ਆਇਆ ਹਾਂ ਇਹ ਮੈਂ ਬਹੁਤ ਵੱਡੀ ਗਲਤੀ ਕੀਤੀ ਹੈ, ਇਉਂ ਮਨ ਵਿਚ ਪਸ਼ਚਾਤਾਪ ਕਰਨ ਲੱਗ ਪਿਆ ਕਿ ਇਹ ਮੇਰੇ ਨੇਤਰਾਂ ਦਾ ਕਸੂਰ ਹੈ ਜੋ ਸ਼ਾਹੂਕਾਰਨੀ ਦੇ ਰੂਪ ’ਤੇ ਲੁਭਾਇਮਾਨ ਹੋਏ ਹਨ, ਇਉਂ ਮਨ ਵਿਚ ਪਸ਼ਚਾਤਾਪ ਕਰਦਿਆਂ ਬਿਲ ਮੰਗਲ ਬ੍ਰਾਹਮਣ ਸ਼ਾਹੂਕਾਰ ਨੂੰ ਕਹਿਣ ਲੱਗਾ ਕਿ ਜੇ ਮੇਰੀ ਸੇਵਾ ਕਰਨੀ ਹੈ ਤਾਂ ਲੋਹੇ ਦੀਆਂ ਸਲਾਈਆਂ ਚੰਗੀ ਤਰ੍ਹਾਂ ਗਰਮ ਕਰਕੇ ਲਿਆਵੋਂ, ਸ਼ਾਹੂਕਾਰ ਕਹਿਣ ਲੱਗਾ ਕਿ ਮਹਾਤਮਾ ਜੀ ਲੋਹੇ ਦੀਆਂ ਸਲਾਈਆਂ ਗਰਮ ਕੀਤੀਆਂ ਤੁਸੀਂ ਕੀ ਕਰਨੀਆਂ ਹਨ, ਬਿਲ ਮੰਗਲ ਬ੍ਰਾਹਮਣ ਕਹਿਣ ਲੱਗਾ ਕਿ ਸਵਾਲ ਨਾ ਪੁੱਛੋ, ਜੋ ਮੈਂ ਕਿਹਾ ਹੈ ਇਹ ਮੇਰਾ ਹੁਕਮ ਮੰਨੋ, ਅਖ਼ੀਰ ਜਦ ਇਸ ਨੇ ਥੋੜ੍ਹਾ ਜਿਹਾ ਕ੍ਰੋਧ ਵਿਚ ਕਿਹਾ ਤਾਂ ਸ਼ਾਹੂਕਾਰ ਡਰਦਾ ਹੋਇਆ ਲੋਹੇ ਦੀਆਂ ਸਲਾਈਆਂ ਗਰਮ ਕਰਕੇ ਲੈ ਆਇਆ, ਇਸ ਨੇ ਆਪਣੇ ਹੱਥਾਂ ਨਾਲ ਗਰਮ ਸਲਾਈਆਂ ਪਕੜ ਕੇ ਆਪਣੇ ਨੇਤਰਾਂ ਵਿਚ ਫੇਰ ਲਈਆਂ ਅਤੇ ਮਨ ਵਿਚ ਕਹਿਣ ਲੱਗਾ ਕਿ ਇਨ੍ਹਾਂ ਨੇਤਰਾਂ ਦਾ ਕਸੂਰ ਹੈ, ਇਨ੍ਹਾਂ ਨੇਤਰਾਂ ਕਰਕੇ ਮੈਂ ਸ਼ਾਹੂਕਾਰ ਦੇ ਘਰ ਮੰਦ ਦ੍ਰਿਸ਼ਟੀ ਲੈ ਕੇ ਆਇਆ, ਫੇਰ ਸ਼ਾਹੂਕਾਰ ਨੂੰ ਕਿਹਾ ਕਿ ਮੈਨੂੰ ਕਿਸੇ ਸੰਘਣੇ ਜੰਗਲ ਵਿਚ ਸਹਾਰਾ ਦੇ ਕੇ ਛੱਡ ਆਵੋ, ਇਉਂ ਸ਼ਾਹੂਕਾਰ ਜੰਗਲ ਵਿਚ ਛੱਡ ਆਇਆ, ਇਸ ਪ੍ਰਕਾਰ ਬਿਲ ਮੰਗਲ ਬ੍ਰਾਹਮਣ ਤੋਂ ਨਾਮ ਸੂਰਦਾਸ ਪੈ ਗਿਆ ਸੀ।

ਇਉਂ ਇਹ ਜੰਗਲ ਵਿਚ ਪਰਮੇਸ਼ਰ ਦਾ ਨਾਮ ਜਪਣ ਲੱਗ ਗਿਆ। ਇਕ ਦਿਨ ਇਸਨੂੰ ਅਤੀਸਾਰ (ਮਰੋੜੇ) ਲੱਗ ਗਏ, ਅਤੀਸਾਰ ਲੱਗਣ ਕਰਕੇ ਸਰੀਰ ਦੀ ਆਪਣੇ ਆਪ ਸਫਾਈ ਨਾ ਹੋਵੇ, ਜਦ ਇਸ ਤਰ੍ਹਾਂ ਦੀ ਹਾਲਤ ਹੋਈ ਤਾਂ ਪਰਮੇਸ਼ਰ ਨੇ ਆਪਣਾ ਬਿਰਦ ਪਾਲਦਿਆਂ, ਸੂਰਦਾਸ ਜੀ ਦੀ ਆਪ ਆ ਕੇ ਸੇਵਾ ਸੰਭਾਲ ਕਰਨੀ ਸ਼ੁਰੂ ਕਰ ਦਿੱਤੀ। ਇਉਂ ਕੁਝ ਸਮਾਂ ਬਤੀਤ ਹੋਣ ਤੋਂ ਬਾਅਦ ਅਤੀਸਰ ਹੱਟ ਗਏ, ਸੂਰਦਾਸ ਕਹਿਣ ਲੱਗਾ ਕਿ ਤੁਸੀਂ ਕੌਣ ਹੋ ਜੋ ਮੇਰੀ ਸੇਵਾ ਸੰਭਾਲ ਕਰਦੇ ਹੋ, ਉਸ ਵਕਤ ਪਰਮੇਸ਼ਰ ਜੀ ਕਹਿਣ ਲੱਗੇ ਕਿ ਤੈਨੂੰ ਕੀ, ਮੈਂ ਭਾਵੇਂ ਕੋਈ ਵੀ ਹੋਵਾਂ, ਪਰ ਤੇਰੀ ਸੇਵਾ ਸੰਭਾਲ ਤਾਂ ਠੀਕ ਹੋ ਰਹੀ ਹੈ, ਇਹ ਕਹਿ ਕੇ ਚਲੇ ਗਏ। ਜਦ ਇਤਨੇ ਬਚਨ ਕਹਿ ਕੇ ਚਲੇ ਗਏ, ਤਾਂ ਸੂਰਦਾਸ ਕਹਿਣ ਲੱਗਾ ਕਿ ਤੁਸੀਂ ਮੇਰੇ ਦਿਲ ਵਿੱਚੋਂ ਕਿਵੇਂ ਨਿਕਲ ਜਾਵੋਗੇ, ਮੈਨੂੰ ਦਰਸ਼ਨ ਦੇਣਾ ਕਰੋ, ਉਸ ਵਕਤ ਪਰਮੇਸ਼ਰ ਜੀ ਨੇ ਸੂਰਦਾਸ ਜੀ ਨੂੰ ਦਰਸ਼ਨ ਦੇਣ ਵਾਸਤੇ ਆਪਣੇ ਨੇਤਰ ਸੂਰਦਾਸ ਜੀ ਦੇ ਲਾ ਦਿੱਤੇ ਤੇ ਆਪ ਸੂਰਮੇ ਬਣ ਕੇ ਬੈਠ ਗਏ, ਜਦ ਸੂਰਦਾਸ ਜੀ ਨੇ ਦਰਸ਼ਨ ਕੀਤੇ ਤਾਂ ਅਤੀਅੰਤ ਪ੍ਰਸੰਨਤਾ ਦੇ ਸਹਿਤ ਹੋ ਗਿਆ ਅਤੇ ਕਹਿਣ ਲੱਗਿਆ ਕਿ ਪਰਮੇਸ਼ਰ

ਜੀ ਤੁਹਾਨੂੰ ਕੋਈ ਘਾਟਾ ਸੀ ਤੁਸੀਂ ਮੇਰੇ ਹੋਰ ਨੇਤਰ ਲਾ ਦਿੰਦੇ ਆਪਣੇ ਨੇਤਰ ਕਿਉਂ ਲਾ ਦਿੱਤੇ, ਤਦ ਪਰਮੇਸ਼ਰ ਜੀ ਕਹਿਣ ਲੱਗੇ—ਸੂਰਦਾਸ ਇਕ ਹੋਰ ਜਨਮ ਧਾਰਨਾ ਪ੍ਰਵਾਨ ਕਰ ਲੈ, ਫੇਰ ਤੇਰੇ ਹੋਰ ਨੇਤਰ ਲਾ ਦਿੰਦੇ ਹਾਂ, ਕਿਉਂਕਿ ਤੂੰ ਆਪਣੇ ਆਪ ਨੇਤਰਾਂ ਵਿਚ ਸਲਾਈਆਂ ਫੇਰ ਲਈਆਂ ਹਨ, ਤੂੰ ਨੇਤਰ ਪਰਾਏ ਘਰਾਂ ਵੱਲ ਤੱਕਣ ਤੋਂ ਰੋਕ ਕੇ ਨਹੀਂ ਰੱਖੇ, ਸਗੋਂ ਇਨ੍ਹਾਂ ਨੂੰ ਡੰਡ ਦੇਣਾ ਕੀਤਾ ਹੈ ਇਹ ਯੋਗ ਨਹੀਂ ਹੈ, ਸੂਰਦਾਸ ਕਹਿਣ ਲੱਗਿਆ ਕਿ ਪਰਮੇਸ਼ਰ! ਮੈਨੂੰ ਬਖ਼ਸ਼ ਲਵੋ, ਮੈਨੂੰ ਹੋਰ ਜਨਮ ਨਾ ਧਾਰਨਾ ਪਵੇ, ਮੈਂ ਨੇਤਰਾਂ ਤੋਂ ਬਗ਼ੈਰ ਹੀ ਠੀਕ ਹਾਂ, ਇਉਂ ਭਗਤ ਸੂਰਦਾਸ ਜੀ ਪ੍ਰਭੂ ਦਾ ਸਿਮਰਨ ਕਰਕੇ ਪ੍ਰਭੂ ਵਿਚ ਲੀਨ ਹੋ ਗਏ ਸਨ।

ਸਤਿਗੁਰੂ ਸਾਹਿਬ ਜੀ ਨੇ ਭਗਤ ਪਰਮਾਨੰਦ ਜੀ ਦੀ ਬਾਣੀ ਦਰਜ ਕਰਵਾਉਣ ਤੋਂ ਬਾਅਦ ਭਗਤ ਸੂਰਦਾਸ ਜੀ ਨੂੰ ਕਿਹਾ ਕਿ ਤੁਸੀਂ ਆਪਣੀ ਬਾਣੀ ਸੁਣਾਓ। ਤਦ ਭਗਤ ਜੀ ਨੇ ਇਹ ਇਕ ਪੰਗਤੀ ਉਚਾਰਨ ਕੀਤੀ :

## ਛਾਡਿ ਮਨ; ਹਰਿ ਬਿਮੁਖਨ ਕੋ ਸੰਗੁ ॥

ਹੇ ਮੇਰੇ ਮਨਾਂ! ਹਰਿ = ਪਰਮੇਸ਼ਰ ਤੋਂ ਬਿਮੁਖਨ = ਬੇਮੁਖ ਪੁਰਖਾਂ ਕੋ = ਦਾ ਸੰਗੁ = ਸਾਥ ਛਾਡਿ = ਛੱਡ ਦੇਣਾ ਕਰ।

ਜਦ ਭਗਤ ਸੂਰਦਾਸ ਜੀ ਨੇ ਇਹ ਤੁਕ ਉਚਾਰਨ ਕੀਤੀ, ਤਦ ਭਗਤ ਜੀ ਦੀ ਸਮਾਧੀ ਲੱਗ ਗਈ। ਇਹ ਤੁਕ ਉਚਾਰਨ ਤੋਂ ਬਾਅਦ ਜਦ ਭਗਤ ਜੀ ਅੱਗੇ ਨਾ ਬੋਲੇ ਤਾਂ ਸਤਿਗੁਰਾਂ ਨੇ ਭਗਤ ਸੂਰਦਾਸ ਜੀ ਵੱਲ ਵੇਖਣਾ ਕੀਤਾ, ਭਗਤ ਜੀ ਨੂੰ ਸਤਿਗੁਰਾਂ ਨੇ ਪ੍ਰੇਮ ਵਿਚ ਲੀਨ ਹੋਇਆਂ ਤੇ ਸਮਾਧੀ ਵਿਚ ਇਸਥਿਤ ਹੋਇਆਂ ਵੇਖ ਕੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਇਨ੍ਹਾਂ ਨੂੰ ਸਮਾਧੀ ਤੋਂ ਉਥਾਨ ਨਹੀਂ ਕਰਨਾ, ਇਨ੍ਹਾਂ ਦੇ ਨਾਮ 'ਤੇ ਅਸੀਂ ਆਪ ਸ਼ਬਦ ਉਚਾਰਨ ਕਰਦੇ ਹਾਂ, ਇਉਂ ਫੇਰ ਸਤਿਗੁਰਾਂ ਨੇ ਇਹ ਇਕ ਤੁਕ ਭਗਤ ਜੀ ਦੀ ਦਰਜ ਕਰ ਕੇ ਸਾਰਾ ਸ਼ਬਦ ਆਪ ਉਚਾਰਨ ਕੀਤਾ।

## ਸਾਰੰਗ ਮਹਲਾ ੫ ਸੂਰਦਾਸ ੴ ਸਤਿਗੁਰ ਪ੍ਰਸਾਦਿ ॥

ਸਾਰੰਗ ਰਾਗ ਦੇ ਅੰਦਰ ਮਹਲਾ ੫ = ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਭਗਤ ਸੂਰਦਾਸ ਜੀ ਨੂੰ ਸਿਰੋਪਾਓ ਦਿੰਦੇ ਹੋਏ ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦਿਆਂ ਸ਼ਬਦ ਉਚਾਰਨ ਕਰਦੇ ਹਨ।

੧ = ਅਦੁੱਤੀ ਪਰਮੇਸ਼ਰ, ੴ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਕੇ ਸੰਗ; ਬਸੇ ਹਰਿ ਲੋਕ ॥

ਹਰਿ = ਪਰਮੇਸ਼ਰ ਕੇ = ਦੇ ਲੋਕ = ਭਗਤ ਜਨ ਹਰਿ = ਪਰਮੇਸ਼ਰ ਦੇ ਸੰਗ = ਨਾਲ ਹੀ ਬਸੇ = ਵੱਸਦੇ ਹਨ ਭਾਵ ਪਰਮੇਸ਼ਰ ਦੇ ਭਗਤ ਜਨ ਹਰ ਵਕਤ ਪਰਮੇਸ਼ਰ ਵਿਚ ਅਭੇਦ ਹੋ ਕੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਗਿਆਨ ਸਰੂਪ ਦਾ ਪ੍ਰਕਾਸ਼ ਹੋ ਆਇਆ ਹੈ।

## ਤਨੁ ਮਨੁ ਅਰਪਿ, ਸਰਬਸੁ ਸਭੁ ਅਰਪਿਓ;
## ਅਨਦ ਸਹਜ ਧੁਨਿ ਝੋਕ ॥੧॥ਰਹਾਉ॥

ਉਨ੍ਹਾਂ ਭਗਤ ਜਨਾਂ ਨੇ ਆਪਣਾ ਤਨ ਤੇ ਮਨ ਪਰਮੇਸ਼ਰ ਨੂੰ ਅਰਪਿ = ਭੇਟਾ ਕਰ ਦਿੱਤਾ ਹੈ ਅਤੇ ਆਪਣਾ ਸਭੁ = ਸਾਰਾ ਸਰਬਸੁ = ਸਰਬੰਸ ਵੀ ਅਰਪਿਓ = ਅਰਪ ਦੇਣਾ ਕੀਤਾ **ਵਾ:** ਪਰਮੇਸ਼ਰ ਨੇ ਉਨ੍ਹਾਂ ਨੂੰ ਆਪਣਾ

ਸਾਰਾ ਰਿਧੀਆਂ ਸਿਧੀਆਂ ਰੂਪ ਸਰਬੰਸ ਅਰਪ ਦੇਣਾ ਕੀਤਾ ਹੈ ਇਸੇ ਕਰਕੇ ਉਨ੍ਹਾਂ ਦੀ ਸਹਜ = ਸੁਤੇ-ਸਿੱਧ ਹੀ ਅਨੰਦ ਸਰੂਪ **ਵਾ:** ਸਹਜ = ਗਿਆਨ ਸਰੂਪ ਦੇ ਅਨੰਦ ਦੀ ਧੁਨਿ = ਧੁਨੀ ਵਿਚ ਇਕ-ਰਸ ਝੋਕ ਭਾਵ ਸਮਾਧੀ **ਵਾ:** ਝੋਕ = ਬਿਰਤੀ ਲੱਗੀ ਹੋਈ ਹੈ ॥੧॥ਰਹਾਉ॥

## ਦਰਸਨੁ ਪੇਖਿ, ਭਏ ਨਿਰਬਿਖਈ; ਪਾਏ ਹੈ ਸਗਲੇ ਥੋਕ ॥

ਸੂਰਦਾਸ ਵਰਗੇ ਭਗਤ ਜਨ ਪਰਮੇਸ਼ਰ ਦੇ ਦਰਸਨੁ = ਦੀਦਾਰ ਪੇਖਿ = ਵੇਖ ਕਰਕੇ ਨਿਰਬਿਖਈ = ਵਿਸ਼ਿਆਂ ਤੋਂ ਰਹਿਤ ਭਏ = ਹੋਏ ਹਨ ਅਤੇ ਉਨ੍ਹਾਂ ਨੇ ਸਗਲੇ = ਸਾਰੇ, ਧਰਮ, ਅਰਥ, ਕਾਮ, ਮੋਖ ਆਦਿ ਥੋਕ = ਪਦਾਰਥ ਵੀ ਪਾਏ = ਪਾ ਲੈਣਾ ਕੀਤੇ ਹੈ = ਹਨ।

## ਆਨ ਬਸਤੁ ਸਿਉ ਕਾਜੁ ਨ ਕਛੂਐ; ਸੁੰਦਰ ਬਦਨ ਅਲੋਕ ॥੧॥

ਪਰਮੇਸ਼ਰ ਦੇ ਸੁੰਦਰ = ਸੋਹਣੇ ਸਰਗੁਣ ਸਰੂਪ ਦਾ ਬਦਨ = ਮੂੰਹ, ਚੇਹਰਾ ਅਲੋਕ = ਵੇਖ ਕੇ **ਵਾ:** ਅਸਚਰਜ ਅਲੋਕ = ਕੌਤਕ ਵੇਖ ਕੇ ਉਨ੍ਹਾਂ ਦਾ ਆਨ = ਹੋਰ ਬਸਤੁ = ਵਸਤੂਆਂ ਦੇ ਸਿਉ = ਨਾਲ ਕਛੂਐ = ਕੁਝ ਵੀ ਕਾਜੁ = ਕੰਮ ਨ = ਨਹੀਂ ਹੁੰਦਾ ॥੧॥

## ਸਿਆਮ ਸੁੰਦਰ ਤਜਿ, ਆਨ ਜੁ ਚਾਹਤ; ਜਿਉ ਕੁਸਟੀ ਤਨਿ ਜੋਕ ॥

ਸਿਆਮ = ਸਾਂਵਲੇ ਰੰਗ ਵਾਲੇ ਸੁੰਦਰ = ਸੋਹਣੇ ਪਰਮੇਸ਼ਰ ਨੂੰ ਤਜਿ = ਤਿਆਗ ਕੇ ਜੁ = ਜਿਹੜੇ ਪੁਰਖ ਆਨ = ਹੋਰਨਾਂ ਪਦਾਰਥਾਂ ਨੂੰ ਚਾਹਤ = ਚਾਹੁੰਦੇ ਹਨ, ਉਹ ਇਉਂ ਦੁਖੀ ਹੋ ਕੇ ਮਰਦੇ ਹਨ, ਜਿਉ = ਜਿਵੇਂ ਕੁਸਟੀ = ਕੋਹੜੀ ਪੁਰਖ ਦੇ ਤਨਿ = ਸਰੀਰ ਨੂੰ ਜੋਕ ਲੱਗ ਕੇ ਦੁਖੀ ਹੋ ਕੇ ਮਰਦੀ ਹੈ, ਭਾਵ ਕੋਹੜੀ ਪੁਰਖ ਦੇ ਸਰੀਰ ਵਿੱਚੋਂ ਖ਼ੂਨ ਪੀ ਕੇ ਮਰ ਜਾਂਦੀ ਹੈ।

## ਸੂਰਦਾਸ ਮਨੁ ਪ੍ਰਭਿ ਹਥਿ ਲੀਨੋ; ਦੀਨੋ ਇਹੁ ਪਰਲੋਕ ॥੨॥੧॥੮॥

ਸਤਿਗੁਰੂ ਸਾਹਿਬ ਜੀ ਭਗਤ ਸੂਰਦਾਸ ਜੀ ਨੂੰ ਸਿਰੋਪਾਓ ਦਿੰਦੇ ਹੋਏ ਕਥਨ ਕਰਦੇ ਹਨ ਕਿ ਮੇਰਾ ਮਨੁ = ਚਿੱਤ ਪ੍ਰਭਿ = ਪਰਮੇਸ਼ਰ ਨੇ ਪ੍ਰਤੱਖ ਆਪਣੇ ਹੱਥਾਂ **ਵਾ:** ਕਿਰਪਾ ਰੂਪੀ ਹੱਥਾਂ ਵਿਚ ਪਕੜ ਲੀਨੋ = ਲਿਆ ਹੈ, ਅਤੇ ਮੇਰਾ ਇਹ ਲੋਕ ਤੇ ਪ੍ਰਲੋਕ ਵੀ ਸਫਲਾ ਕਰ ਦੀਨੋ = ਦਿੱਤਾ ਹੈ।

**ਵਾ** : ਇਸ ਲੋਕ ਦਾ ਤੇ ਪ੍ਰਲੋਕ ਦਾ ਸੁਖ ਦੇਣਾ ਕੀਤਾ ਹੈ **ਵਾ:** ਇਸ ਆਤਮਾ ਤੇ ਪਰਲੋਕ = ਪਰਾ ਰੂਪ ਬ੍ਰਹਮ ਭਾਵ ਆਤਮਾ ਤੇ ਬ੍ਰਹਮ ਦੋਹਾਂ ਦੀ ਅਭੇਦਤਾ ਦਾ ਅਨੰਦ ਦੇਣਾ ਕੀਤਾ ਹੈ।

ਜਦੋਂ ਸੂਰਦਾਸ ਭਗਤ ਨੇ 'ਛਾਡਿ ਮਨ; ਹਰਿ ਬਿਮੁਖਨ ਕੋ ਸੰਗੁ ॥' ਇਹ ਇਕ ਤੁਕ ਉਚਾਰਨ ਕੀਤੀ ਤਾਂ ਸਮਾਧੀ ਵਿਚ ਇਸਥਿਤ ਹੋ ਗਏ, ਬਾਕੀ ਦੀਆਂ ਤੁਕਾਂ ਨਾ ਉਚਾਰੀਆਂ। ਸਤਿਗੁਰੂ ਜੀ ਨੇ ਸੂਰਦਾਸ ਜੀ ਦੇ ਨਾਮ ਉੱਤੇ ਆਪਣੇ ਵੱਲੋਂ ਇਹ ਉਪ੍ਰੋਕਤ ਸ਼ਬਦ ਉਚਾਰਿਆ। ਜਦੋਂ ਭਗਤ ਜੀ ਦੀ ਸਮਾਧੀ ਖੁੱਲ੍ਹੀ, ਉਦੋਂ ਸਤਿਗੁਰੂ ਜੀ ਦਾ ਮਲਾਰ ਰਾਗ ਪ੍ਰਾਰੰਭ ਕੀਤਾ ਹੋਇਆ ਸੀ, ਅਗਲੀਆਂ ਤੁਕਾਂ ਭਾਈ ਬੰਨੋ ਜੀ ਨੇ ਆਪਣੀ ਬੀੜ ਵਿਚ ਲਿਖੀਆਂ ਹਨ, ਜੈਸਾ ਕਿ :

**ੴ ਸਤਿਗੁਰ ਪ੍ਰਸਾਦਿ ॥ ਸਾਰਗ ਸੂਰਦਾਸ ਜੀ ॥**
**ਛਾਡਿ ਮਨ ਹਰਿ ਬਿਮੁਖਨਿ ਕੋ ਸੰਗੁ ॥**
**ਜਾ ਕੈ ਮਿਲੈ ਕੁਬੁਧਿ ਉਪਜਤ ਹੈ, ਪਰਤ ਭਜਨ ਮੇ ਭੰਗੁ ॥੧॥ਰਹਾਉ॥**
**ਕਹਾ ਭਏ ਪੀ ਪਾਇ ਪੀਆਏ, ਬਿਖੁ ਨ ਤਜੈ ਭੁਅੰਗ ॥**
**ਕਾਗਾ ਕਹਾ ਕਪੂਰ ਚੁਗਾਏ, ਸੁਆਨ ਨਵਾਏ ਗੰਗ ॥**

**ਖਰ ਕਉ ਕਹਾਂ ਅਗਰ ਕਉ ਲੇਪਨ, ਮਰਕਟ ਭੂਖਨ ਅੰਗ॥**
**ਪਾਹਨ ਪਤਿਤ ਬਾਨ ਨਹੀ ਬੇਧੇ ਰੀਤੇ ਹੋਇ ਨਿਖੰਗ॥**
**ਸੂਰਦਾਸ ਓਇ ਕਾਰੀ ਕਮਰੀ ਚੜਤ ਨ ਦੂਸਰ ਰੰਗ॥੨॥**

***ਅਰਥ :*** ਹੇ ਪਿਆਰੇ ਮਨਾਂ! ਪਰਮੇਸ਼ਰ ਤੋਂ ਬੇਮੁਖ ਪੁਰਖਾਂ ਦਾ ਸਾਥ ਤਿਆਗ ਦੇਣਾ ਕਰ। ਜਾ = ਜਿਨਾ ਕੈ = ਦੇ ਨਾਲ ਮਿਲੈ = ਮਿਲਣ ਕਰਕੇ ਕੁਬੁਧਿ = ਖੋਟੀ ਬੁੱਧੀ ਉਪਜਤ = ਪੈਦਾ ਹੁੰਦੀ ਹੈ ਅਤੇ ਪਰਮੇਸ਼ਰ ਦੇ ਭਜਨ = ਸਿਮਰਨ ਦੇ ਮੋ = ਵਿਚ ਭੰਗੁ = ਵਿਘਨ ਪਰਤ = ਪੈ ਜਾਂਦਾ ਹੈ।

ਪਿਆਲੇ ਵਿਚ ਪੀ = ਦੁੱਧ ਪਾਇ = ਪਾ ਕੇ ਸੱਪ ਨੂੰ ਪੀਆਏ = ਪਿਆਉਣੇ ਕਰਕੇ ਕਹਾ = ਕੀ ਭਏ = ਹੋਵੇਗਾ? ਭਾਵ ਕੋਈ ਫਲ ਨਹੀਂ ਹੋਵੇਗਾ, ਸਗੋਂ ਵਿਹੁ ਹੀ ਵਧਦੀ ਹੈ, ਦੁੱਧ ਪੀ ਕੇ ਭੁਅੰਗ = ਸੱਪ ਭਿਖੁ = ਜ਼ਹਿਰ ਨੂੰ ਨ = ਨਹੀਂ ਤਜੈ = ਤਿਆਗਦਾ।

ਇਸੇ ਪ੍ਰਕਾਰ ਨਿਸ਼ਕਾਮ ਕਰਮਾਂ ਦਾ ਉਪਦੇਸ਼ ਸੁਣ ਕੇ ਵੀ ਮਨਮੁਖ ਪੁਰਖ ਨਿੰਦਿਆ ਕਰਨੇ ਰੂਪੀ ਜਾਂ ਵਿਸ਼ਿਆਂ ਰੂਪੀ ਜ਼ਹਿਰ ਨੂੰ ਨਹੀਂ ਤਿਆਗਦਾ।

ਕਾਗਾ = ਕਾਂ ਨੂੰ ਕਪੂਰ, ਮੋਤੀ, ਹੀਰੇ ਆਦਿ ਚੁਗਾਉਣ ਦਾ ਕਹਾ = ਕੀ ਲਾਭ ਹੈ? ਭਾਵ ਕੋਈ ਲਾਭ ਨਹੀਂ, ਸੁਆਨ = ਕੁੱਤੇ ਨੂੰ ਗੰਗਾ ਉੱਤੇ ਨਵਾਏ = ਇਸ਼ਨਾਨ ਕਰਾਉਣ ਦਾ ਕੀ ਲਾਭ ਹੈ, ਭਾਵ ਕੋਈ ਲਾਭ ਨਹੀਂ ਹੁੰਦਾ।

ਖਰ = ਗਧੇ ਕਉ = ਨੂੰ ਅਗਰ ਚੰਦਨ ਕਉ = ਦਾ ਲੇਪਨ ਕਰਨ ਦਾ ਕੀ ਲਾਭ ਹੈ? ਭਾਵ ਗਧਾ ਅਗਰ ਚੰਦਨ ਦੇ ਲੇਪਨ ਨਾਲ ਸੀਤਲ ਨਹੀਂ ਹੁੰਦਾ ਜਾਂ ਭਾਵ ਕੋਈ ਲਾਭ ਨਹੀਂ ਹੈ, ਕਿਉਂਕਿ ਉਸ ਨੇ ਰੂੜੀਆਂ ਆਦਿ ਉੱਤੇ ਲੇਟਣਾ ਹੀ ਹੁੰਦਾ ਹੈ।

ਮਰਕਟ = ਬਾਂਦਰ ਦੇ ਅੰਗਾਂ ਉੱਤੇ ਭੂਖਨ = ਗਹਿਣੇ ਪਾਉਣ ਦਾ ਕੀ ਲਾਭ ਹੈ? ਭਾਵ ਕੋਈ ਲਾਭ ਨਹੀਂ ਹੈ।

ਬਾਣਾਂ ਦੇ ਪਤਿਤ = ਪੈਣ ਨਾਲ ਪਾਹਨ = ਪੱਥਰ ਬੇਧੇ = ਵਿੰਨ੍ਹਿਆ ਨਹੀਂ ਜਾਂਦਾ ਭਾਵੇਂ ਸਾਰੇ ਨਿਖੰਗ = ਭੱਥੇ ਰੀਤੇ = ਖ਼ਾਲੀ ਹੋ ਜਾਣ।

ਭਗਤ ਸੂਰਦਾਸ ਜੀ ਕਥਨ ਕਰਦੇ ਹਨ ਕਿ ਹੇ ਪੁਰਖਾ! ਜਿਵੇਂ ਉਹ ਕਾਰੀ = ਕਾਲੀ ਕਮਰੀ = ਕੰਬਲੀ ਨੂੰ ਦੂਸਰ = ਦੂਜਾ ਰੰਗ ਨ = ਨਹੀਂ ਚੜਤ = ਚੜ੍ਹਦਾ, ਇਸੇ ਪ੍ਰਕਾਰ ਪਰਮੇਸ਼ਰ ਤੋਂ ਬੇਮੁਖ ਆਦਮੀਆਂ ਨੂੰ ਸਤਸੰਗ ਅਤੇ ਨਾਮ ਦਾ ਰੰਗ ਨਹੀਂ ਚੜ੍ਹਦਾ, ਇਸ ਕਰਕੇ ਉਨ੍ਹਾਂ ਦਾ ਤਿਆਗ ਕਰਨਾ ਹੀ ਸ੍ਰੇਸ਼ਟ ਹੈ॥੨॥੧॥

## ਸਾਰੰਗ ਕਬੀਰ ਜੀਉ

## ੧ਓ ਸਤਿਗੁਰ ਪ੍ਰਸਾਦਿ॥

ਸਾਰੰਗ ਰਾਗ ਦੇ ਅੰਦਰ ਸਤਿਗੁਰੂ ਸਾਹਿਬ ਜੀ ਭਗਤ ਕਬੀਰ ਜੀਉ = ਜੀ ਦੀ ਬਾਣੀ ਪਹਿਲਾਂ ਮੰਗਲ ਕਰਦਿਆਂ ਦਰਜ ਕਰਵਾਉਂਦੇ ਹਨ।

੧ = ਅਦੁੱਤੀ ਪਰਮੇਸ਼ਰ, ਓ = ਸਰਬ ਦਾ ਪ੍ਰਕਾਸ਼ਕ, ਜੋ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਬਿਨੁ; ਕਉਨੁ ਸਹਾਈ ਮਨ ਕਾ॥

ਹੇ ਭਾਈ! ਹਰਿ = ਪਰਮੇਸ਼ਰ ਤੋਂ ਬਿਨੁ = ਬਗ਼ੈਰ ਇਸ ਮਨ = ਜੀਵ ਆਤਮਾ ਕਾ = ਦਾ ਕਉਨੁ = ਕੌਣ ਸਹਾਈ = ਸਹਾਇਕ ਹੈ, ਭਾਵ ਕੋਈ ਵੀ ਸਹਾਇਕ ਨਹੀਂ ਹੈ।

## ਮਾਤ ਪਿਤਾ ਭਾਈ ਸੁਤ ਬਨਿਤਾ; ਹਿਤੁ ਲਾਗੋ ਸਭ ਫਨਕਾ ॥੧॥ਰਹਾਉ॥

ਮਾਤ = ਮਾਂ, ਪਿਤਾ = ਪਿਓ, ਭਾਈ = ਭਰਾ ਸੁਤ = ਪੁੱਤਰ, ਬਨਿਤਾ = ਇਸਤਰੀ ਆਦਿ ਸਾਰੇ ਸੰਬੰਧੀਆਂ ਨਾਲ ਜੋ ਚਿੱਤਦਾ ਹਿਤੁ = ਪ੍ਰੇਮ ਲਾਗੋ = ਲੱਗ ਰਿਹਾ ਹੈ, ਇਹ ਸਭ = ਸਾਰਾ ਫਨਕਾ = ਫ਼ਨਾਹ, ਭਾਵ ਨਾਸ਼ ਹੋ ਜਾਣ ਵਾਲਾ ਹੈ ॥੧॥ਰਹਾਉ॥

## ਆਗੇ ਕਉ, ਕਿਛੁ ਤੁਲਹਾ ਬਾਂਧਹੁ; ਕਿਆ ਭਰਵਾਸਾ ਧਨ ਕਾ ॥

ਇਸ ਸੰਸਾਰ-ਸਮੁੰਦ੍ਰ ਤੋਂ **ਵਾ:** ਆਸਾ ਰੂਪ ਨਦੀ **ਵਾ:** ਰਾਗ ਦਵੈਖ ਰੂਪੀ ਨਾਲਿਆਂ ਤੋਂ ਪਾਰ ਹੋਣ ਲਈ ਆਗੇ = ਅੱਗੇ ਪ੍ਰਲੋਕ ਵਿਚ ਜਾਣ ਕਉ = ਵਾਸਤੇ ਕਿਛੁ = ਕੁਝ ਜਪ ਤਪ ਰੂਪੀ **ਵਾ:** ਭਜਨ ਸਿਮਰਨ ਰੂਪੀ **ਵਾ:** ਪ੍ਰੇਮ ਰੂਪੀ ਤੁਲਹਾ ਬਾਂਧਹੁ = ਬੰਨ੍ਹਣਾ ਕਰੋ, ਜਿਸ ਧਨ ਪਦਾਰਥ ਪਿੱਛੇ ਤੁਸੀਂ ਲੱਗ ਰਹੇ ਹੋ, ਇਸ ਧਨ ਕਾ = ਦਾ ਕਿਆ = ਕੀ ਭਰਵਾਸਾ = ਭਰੋਸਾ ਹੈ ਭਾਵ ਕੋਈ ਭਰੋਸਾ ਨਹੀਂ ਹੈ।

## ਕਹਾ ਬਿਸਾਸਾ ਇਸ ਭਾਂਡੇ ਕਾ; ਇਤਨਕੁ ਲਾਗੈ ਠਨਕਾ ॥੧॥

ਇਸ ਸਰੀਰ ਰੂਪੀ ਭਾਂਡੇ ਕਾ = ਦਾ ਕਹਾ = ਕੀ ਬਿਸਾਸਾ = ਭਰੋਸਾ ਹੈ, ਭਾਵ ਕੋਈ ਭਰੋਸਾ ਨਹੀਂ ਹੈ, ਇਸ ਨੂੰ ਇਤਨਕੁ = ਤਨਕ ਮਾਤਰ (ਰੰਚਕ ਮਾਤਰ) ਰੋਗ ਰੂਪੀ ਠਨਕਾ = ਠੋਲਾ ਲਾਗੈ = ਲੱਗਣ ਕਰਕੇ ਸਮਾਪਤ ਹੋ ਜਾਣਾ ਹੈ ॥੧॥

## ਸਗਲ ਧਰਮ ਪੁੰਨ ਫਲ ਪਾਵਹੁ; ਧੂਰਿ ਬਾਂਛਹੁ ਸਭ ਜਨ ਕਾ ॥

ਸਗਲ = ਸਾਰਿਆਂ ਧਰਮਾਂ ਦੇ ਤੇ ਪੁਨਾਂ ਦੇ ਫਲ ਪਾਵਹੁ = ਪਾ ਲੈਣਾ ਕਰੋਗੇ, ਜੇਕਰ ਤੁਸੀਂ ਹਿਰਦੇ ਵਿਚ ਭਾਵਨਾ ਨਾਲ ਪਰਮੇਸ਼ਰ ਦੇ ਸਭ = ਸਾਰੇ ਜਨ = ਪਿਆਰਿਆਂ ਕਾ = ਦਾ ਦਾਸ ਹੋ ਕੇ ਉਨ੍ਹਾਂ ਦੀ ਚਰਨ ਧੂਰਿ = ਧੂੜੀ ਬਾਂਛਹੁ = ਚਾਹੁਣਾ ਕਰੋ।

## ਕਹੈ ਕਬੀਰੁ, ਸੁਨਹੁ ਰੇ ਸੰਤਹੁ; ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥੯॥

ਭਗਤ ਕਬੀਰ ਸਾਹਿਬ ਜੀ ਕਹੈ = ਕਥਨ ਕਰਦੇ ਹਨ ਕਿ ਰੇ = ਹੇ ਸੰਤਹੁ = ਸੰਤ ਜਨੋਂ ! ਇਕਾਗਰ ਚਿੱਤ ਹੋ ਕੇ ਇਸ ਵੀਚਾਰ ਨੂੰ ਸੁਨਹੁ = ਸੁਣਨਾ ਕਰੋ, ਇਹ ਮਨੁ = ਜੀਵ-ਆਤਮਾ ਰੂਪੀ ਸੰਸਾਰ ਰੂਪੀ ਬਨ = ਜੰਗਲ ਕਾ = ਦਾ ਉਡਨ = ਉੱਡ ਜਾਣ ਵਾਲਾ ਪੰਖੇਰੂ = ਪੰਛੀ ਹੈ ॥੨॥੧॥੯॥

[ਰਾਗੁ ਸਾਰੰਗ ਸਮਾਪਤੰ]